ਸ੍ਰੀ

ਦਸਮ ਗ੍ਰੰਥ ਸਮਤੁਕਾਰ

ਕਵਿਚੂੜਾਮਣਿ ਭਾਈ ਸੰਤੋਖ ਸਿੰਘ ਜੀ ਰਚਿਤ

ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ

ਤਵਾਰੀਖ ਗੁਰੂ ਖਾਲਸਾ

ਤਿੰਨ ਹਿੱਸੇ (ਹਿੱਸਾ ਤੀਜਾ)

ਗਿਆਨੀ ਗਿਆਨ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸੱਭ ਹੱਕ ਪ੍ਰਕਾਸ਼ਕ ਦੇ ਹਨ ।

ਇਤਿਹਾਸਕ ਗ੍ਰੰਥ

ਸ੍ਰੀ

ਦਸਮ ਗ੍ਰੰਥ ਚਮਤਕਾਰ

ਕਵਿਚੂੜਾਮਣਿ ਭਾਈ ਸੰਤੋਖ ਸਿੰਘ ਜੀ ਰਚਿਤ

ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ

ਜਿਸ ਵਿਚ ਸੂਰਜਪ੍ਰਕਾਸ਼ ਦੀਆਂ ਛੇ ਰੁਤਾਂ, ਦੋ ਐਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੇ ਸਾਹਿਬਜ਼ਾਦਿਆਂ ਦਾ ਹਾਲ ਦਰਜ ਹੈ।

—ਅਰਥਾਤ—

ਤਵਾਰੀਖ ਗੁਰੂ ਖਾਲਸਾ

ਤਿੰਨ ਹਿੱਸੇ (ਹਿੱਸਾ ਤੀਜਾ)

ਗਿਆਨੀ ਗਿਆਨ ਸਿੰਘ ਜੀ

ਸੰਗ੍ਰਹਿ ਕਰਤਾ—ਗਿਆਨੀ ਤ੍ਰਿਲੋਕ ਸਿੰਘ ਜੀ

ਪ੍ਰਕਾਸ਼ਕ—

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋਃ

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਛੋਟਾ ੧੮) ਰੁਪੈ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਧੰਨਵਾਦ

ਅਕਾਲ ਪੁਰਖ ਤੇ ਸਤਿਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਨਾਲ ਅੱਜ ਗੁਰ ਇਤਿਹਾਸ ਦੀ ਚੌਥੀ ਜਿਲਦ ਸਮਾਪਤ ਹੋਈ ਹੈ। ਸਤਿਗੁਰਾਂ ਨੇ ਹੀ ਪਰੇਰਨਾ ਕਰਕੇ ਦਾਸ ਨੂੰ ਇਸ ਸੇਵਾ ਤੇ ਲਾਇਆ ਸੀ। ਇਸ ਮਹਾਨ ਕੰਮ ਦੇ ਆਰੰਭ ਕਰਨ ਸਮੇਂ ਬੜਾ ਭੈ ਲਗਦਾ ਸੀ ਕਿ ਇਹ ਮਹਾਨ ਕੰਮ ਕਿਵੇਂ ਸਿਰੇ ਚੜੇਗਾ। ਇਹ ਤਾਂ ਅਨਤਾਰੂ ਦੇ ਦਰਿਆ ਤਰਨ ਵਾਲੀ ਗਲ ਹੈ ਪਰ ਅੱਜ ਲਖ ਲਖ ਸ਼ੁਕਰ ਹੈ, ਸਤਿਗੁਰਾਂ ਦੀ ਦਯਾ ਦ੍ਰਿਸ਼ਟੀ ਦਾ ਮਿਠਾ ਫ਼ਲ ਹੈ ਕਿ ਦਸਾਂ ਹੀ ਪਾਤਸ਼ਾਹੀਆਂ ਦਾ ਜਸ ਉਚਾਰਨ ਕੀਤਾ ਗਿਆ ਹੈ।

ਸਤਿਗੁਰਾਂ ਦੀ ਉਸਤਤ ਵਿਚ ਅਗੇ ਵੀ ਕਈ ਗਰੰਥ ਰਚੇ ਗਏ ਹਨ। ਉਨ੍ਹਾਂ ਵਿਚ ਕੁਝ ਤਰੁਟੀਆਂ ਸਨ ਅਤੇ ਕਿਤੇ ੨ ਗੁਰਮਤ ਸਿਧਾਂਤ ਦੇ ਵਿਰੁਧ ਗਲਾਂ ਸਨ। ਦਾਸ ਨੇ ਯਤਨ ਕੀਤਾ ਹੈ ਕਿ ਗੁਰਮਤਿ ਦੇ ਸਿਧਾਤਾਂ ਨੂੰ ਸਾਹਮਣੇ ਰਖ ਕੇ ਹਰ ਇਕ ਸਾਖੀ ਤੇ ਇਤਿਹਾਸਕ ਘਟਨਾ ਨੂੰ ਵਿਚਾਰ ਕੇ ਲਿਖਿਆ ਜਾਵੇ। ਬੋਲੀ ਠੇਠ ਪੰਜਾਬੀ ਰਖੀ ਹੈ, ਤਾਂ ਕਿ ਆਮ ਸ਼ਰਧਾਲੂਆਂ, ਗੁਰ ਸਿਖੀ ਦੇ ਭੌਰਿਆਂ ਨੂੰ ਲਾਭ ਪੁਜ ਸਕੇ। ਅਕਾਲ ਪੁਰਖ ਤੇ ਸਤਿਗੁਰ ਨੇ ਮੇਹਰ ਕੀਤੀ ਤਾਂ 'ਗੁਰੂ ਪੰਥ' ਦਾ ਇਤਿਹਾਸ ਬੰਦੇ ਬਹਾਦਰ ਦੇ ਸਮੇਂ ਤੋਂ ੧੯੫੪ ਤਕ ਵੀ ਲਿਖ ਕੇ ਛਪਾਇਆ ਜਾਵੇਗਾ।

ਸਰਦਾਰ ਜਵਾਹਰ ਸਿੰਘ ਜੀ, ਮਾਲਕ ਫਰਮ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ, ਦਾ ਵੀ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦਾ। ਕਿਉ ਕਿ ਜੇ ਆਪ ਉਪਰਾਲਾ ਨਾ ਕਰਦੇ ਤਾਂ ਇਹ ਮਹਾਨ ਗਰੰਥ ਸਿਖ ਸੰਗਤਾਂ ਤਕ ਨਹੀਂ ਸੀ ਪੁਜ ਸਕਦਾ। ਆਪ ਨੇ ਇਸ ਮੰਦਵਾੜੇ ਦੇ ਸਮੇਂ ਸਿਖੀ ਨਾਲ ਪਰੇਮ ਕਰਦਿਆਂ ਹੋਇਆਂ ਕਈ ਹਜ਼ਾਰ ਰੁਪਿਆ ਇਸ ਗਰੰਥ ਛਪਵਾਉਣ ਤੇ ਤਿਆਰ ਕਰਨ ਵਿਚ ਖਰਚ ਕੀਤਾ। ਵਾਹਿਗੁਰੂ ਤੇ ਸਤਿਗੁਰੂ ਹੋਰ ਮੇਹਰ ਕਰਨ ਕਿ ਆਪ ਏਸੇ ਤਰਾਂ ਗੁਰਸਿਖੀ ਤੇ ਗੁਰ ਇਤਿਹਾਸ ਦੇ ਗਰੰਥ ਛਾਪਦੇ ਤੇ ਤਿਆਰ ਕਰਵਾਉਂਦੇ ਰਹਿਣ।

੧੯੪੦ ਤੋਂ ਲੈਕੇ ਦਾਸ ਨੇ ਹੁਣ ਤਕ ਕਈ ਗਰੰਥ ਸਿਖ ਇਤਿਹਾਸ ਬਾਰੇ ਲਿਖੇ ਹਨ। ਗੁਰ ਸਿਖੀ ਦਾ ਪਰਚਾਰ ਕਰਨ ਦਾ ਨਿਸ਼ਾਨਾ ਹੈ। ਸਤਿਗੁਰੂ ਮੇਹਰ ਦਾ ਹਥ ਸਿਰ ਤੇ ਰਖਣ ਤਾਂ ਕਿ ਏਸੇ ਤਰ੍ਹਾਂ ਸਤਿਗੁਰੂ ਤੇ ਸਤਿਗੁਰੂ ਦੇ ਖਾਲਸਾ ਪੰਥ ਦੀ ਸੇਵਾ ਕਰਦਾ ਰਹਾਂ।

੨੮-੧੦-੧੯੫੩
ਕਾਲਾ ਘਣੂੰਪੁਰ
ਅੰਮ੍ਰਿਤਸਰ।

ਖਾਲਸਾ ਪੰਥ ਦਾ ਦਾਸ
ਗਿਆਨੀ ਤ੍ਰਿਲੋਕ ਸਿੰਘ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਤਕਰਾ

੧ ਸਤਿਗੁਰੂ ਜੀ ਦੇ ਪੂਰਬਲੇ ਜਨਮ ਦੀ ਕਥਾ	੧੧
੨ ਸਤਿਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਭਾਰਤ ਦੀ ਦਸ਼ਾ	੧੬
੩ ਸਤਿਗੁਰੂ ਜੀ ਦਾ ਅਵਤਾਰ ਧਾਰਨਾ	੧੮
੪ ਬਚਪਨ ਦੇ ਨਿਰਾਲੇ ਕੌਤਕ	੨੧
੫ ਪੰਡਤ ਸ਼ਿਵ ਦੱਤ ਦੀ ਸਾਖੀ	੨੫
੬ ਰਾਜੇ ਫਤਹ ਚੰਦ ਮੈਨੀ ਦਾ ਪ੍ਰਸੰਗ	੨੮
੭ ਹੰਕਾਰ ਦਾ ਸਿਰ ਨੀਵਾਂ ਕੀਤਾ	੩੫
੮ ਗੁਰੂ ਤੇਗ ਬਹਾਦਰ ਜੀ ਦਾ ਪੰਜਾਬੋਂ ਸੁਨੇਹਾ ਮਿਲਣਾ	੪੧
੯ ਸ਼ਰਧਾ ਦੀ ਖਿਚੜੀ ਤੇ ਹਾਂਡੀਂ ਵਾਲੀ ਸੰਗਤ	੪੬
੧੦ ਤੀਰਥਾਂ ਦੀ ਯਾਤਰਾ	੪੮
੧੧ ਲਖਨੌਰ ਪੁਜਣਾ	੫੧
੧੨ ਪੀਰ ਆਰਫ ਦੀਨ ਨੂੰ ਖੁਦਾ ਦਾ ਨੂਰ ਦਿਸਿਆ	੫੫
੧੩ ਸਯਦ ਭੀਖਨ ਸ਼ਾਹ	੫੮
੧੪ ਸਿਖ ਸੰਗਤ ਦਾ ਲਖਨੌਰ ਵਿਚ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਨ ਆਉਣਾ	੬੧
੧੫ ਗਰ ਜੀ ਦਾ ਅਨੰਦਪਰ ਪਜਣਾ	੬੨
੧੬ ਵਿਦਿਆ ਤੇ ਵਿਵਾਹ	੬੫
੧੭ ਸਾਹਿਬਜ਼ਾਦੇ ਗੋਬਿੰਦ ਰਾਇ ਦੀ ਪਹਿਲੀ ਸ਼ਾਦੀ	੬੭
੧੮ ਗੁਰਗੱਦੀ ਉਤੇ ਬੈਠਣਾ	੬੯
੧੯ ਦੁਲਚੇ ਮਸੰਦ ਦਾ ਸੁਧਾਰ	੭੦
੨੦ ਸਤਿਗੁਰੂ ਜੀ ਦਾ ਨਿਤ ਕ੍ਰਿਆ ਕਰਮ	੭੩
੨੧ ਜੋਧਿਆਂ ਦਾ ਸਤਿਕਾਰ ਕਰਨਾ	੭੪
੨੨ ਰਿੱਛ ਦਾ ਪ੍ਰਸੰਗ	੭੬
੨੩ ਸਿਖ ਸੰਗਤਾਂ ਦਾ ਸਤਿਗੁਰੂ ਜੀ ਨਾਲ ਪਰੇਮ	੭੯
੨੪ ਰਾਜਾ ਰਤਨ ਰਾਇ ਨੇ ਅਨੰਦ ਪੁਰ ਆਉਣਾ	੮੧
੨੫ ਭਾਈ ਗਗਨੀ ਮੱਲ ਦਾ ਗੁਰੂ ਘਰ ਨਾਲ ਪਿਆਰ	੮੭
੨੬ ਰਣਜੀਤ ਨਗਾਰਾ	੮੯
੨੭ ਰਾਜੇ ਭੀਮ ਚਦ ਦਾ ਪ੍ਰਸੰਗ	੯੩
੨੮ ਰਾਜਾ ਭੀਮ ਚੰਦ ਦੀ ਖੋਟੀ ਨੀਤ	੯੯
੨੯ ਰਾਜੇ ਭੀਮ ਚੰਦ ਦੀ ਰਾਣੀ ਨੇ ਰੋਕਣਾ	੧੦੬
੩੦ ਰਾਜ ਭੀਮ ਚਦ ਨੇ ਸਤਿਗੁਰੂ ਜੀ ਵਲ ਚਿਠੀ ਭੇਜਣੀ	੧੧੦
੩੧ ਸਤਿਗੁਰੂ ਜੀ ਦਾ ਨਾਹਣ ਜਾਣਾ	੧੧੬
੩੨ ਰਾਜੇ ਮੇਦਨੀ ਪ੍ਰਕਾਸ਼ ਨੂੰ ਨਿਹਾਲ ਕਰਨਾ	੧੨੧

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੩੩ ਰਾਜੇ ਮੇਦਨੀ ਪ੍ਰਕਾਸ਼ ਨਾਲ ਸ਼ਿਕਾਰ ਖੇਡਣ ਜਾਣਾ ੧੨੪
੩੪ ਕਿਲੇ ਦੀ ਉਸਾਰੀ ਤੇ ਫਤਹਸ਼ਾਹ ਦੇ ਵਜ਼ੀਰ ਨੇ ਗੁਰੂ ਜੀ ਦੇ ਹਜ਼ੂਰ ਆਉਣਾ ੧੨੬
੩੫ ਰਾਜੇ ਫਤਹ ਸ਼ਾਹ ਤੇ ਰਾਜ਼ਾ ਮੇਦਨੀ ਪ੍ਰਕਾਸ਼ ਦਾ ਸਮਝੌਤਾ ਕਰਾਉਣਾ ੧੨੯
੩੬ ਸਤਿਗੁਰੂ ਦੀ ਨੇ ਸ਼ੇਰ ਮਾਰਨਾ ੧੩੫
੩੭ ਬੁਧੂ ਸ਼ਾਹ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ੧੩੮

ਰੁਤ ੨

੧ ਰਾਮਰਾਇ ਜੀ ਦਾ ਸਤਿਗੁਰੂ ਜੀ ਨੂੰ ਮਿਲਣਾ ੧੪੧
੨ ਪਠਾਣ ਭਰਤੀ ਕਰਨੇ ੧੪੫
੩ ਰਾਜਾ ਫਤਹ ਸ਼ਾਹ ਦੀ ਧੀ ਦਾ ਵਿਆਹ ੧੪੮
੪ ਭੰਗਾਣੀ ਦਾ ਯੁੱਧ ੧੫੬
੫ ਸੰਸਕ੍ਰਿਤ ਸਹਿਤ ਨਾਲ ਪਿਆਰ ਤੇ ਵਿਦਵਾਨਾਂ ਦੀ ਕਦਰ ਕਰਨੀ ੧੬੮
੬ ਰਾਮਰਾਇ ਜੀ ਦਾ ਚਲਾਣਾ ਤੇ ਮਸੰਦਾਂ ਨੂੰ ਸਜ਼ਾ ਦੇਣੀ ੧੭੧
੭ ਵੈਰੀ ਫਿਰ ਮਿਤਰ ਬਣ ਗਏ ੧੭੬
੮ ਪਾਉਂਟਾ ਸਾਹਿਬ ਤੋਂ ਤਿਆਰੀ ੧੭੯
੯ ਰਾਇਪੁਰ ਦੀ ਰਾਣੀ ਦਾ ਪ੍ਰਸੰਗ ੧੮੧
੧੦ ਢਕੋਲੀ ਖੂਹ ਲਵਾਉਣਾ ੧੮੬
੧੧ ਪਠਾਣਾਂ ਨੂੰ ਨਿਹਾਲ ਕਰਨਾ ੧੮੮
੧੨ ਸ੍ਰੀ ਅਨੰਦਪੁਰ ਪੁਜਣਾ ੧੯੧
੧੩ ਨਾਨਕੀ ਜੀ ਦਾ ਚਲਾਣਾ ੧੯੨
੧੪ ਅਨੰਦਪੁਰ ਵਿਚ ਰੌਣਕਾਂ ੧੯੩
੧੫ ਰਾਜਾ ਭੀਮ ਚੰਦ ਕਹਿਲੂਰੀਆ ੧੯੭
੧੬ ਚੋਰ ਬ੍ਰਾਹਮਣ ੨੧੦
੧੭ ਬੈਰਾਗੀਆਂ ਦੇ ਭਰਮ ਦੂਰ ਕਰਨੇ ੨੧੩
੧੮ ਕਾਕੇ ਸਿੰਘ ਨੂੰ ਉਪਦੇਸ਼ ੨੨੦
੧੯ ਇਕ ਕਵੀ ਦਾ ਹੰਕਾਰ ਦੂਰ ਕਰਨਾ ੨੨੭
੨੦ ਭਾਰਤ ਦੀ ਰਾਜਸੀ ਦਸ਼ਾ ਤੇ ਇਕ ਝਾਤ ੨੩੩
੨੧ ਅਲਫ਼ ਖਾਨ ਦੀ ਪਹਾੜੀ ਰਾਜਿਆਂ ਨਾਲ ਲੜਾਈ ੨੩੪
੨੨ ਨਦੌਣ ਦਾ ਯੁੱਧ ੨੪੨
੨੩ ਦਿਲਾਵਰ ਖਾਂ ਦੀ ਗੁਰੂ ਘਰ ਨਾਲ ਈਰਖਾ ੨੪੭
੨੪ ਹੁਸੈਨੀ ਦਾ ਯੁੱਧ ੨੫੨
੨੫ ਸ਼ਾਹਜ਼ਾਦਾ ਮੁਅੱਜ਼ਮ ਦਾ ਪੰਜਾਬ ਆਉਣਾ ੨੬੮

ਰੁਤ ੩

੧ ਭਾਈ ਨੰਦ ਲਾਲ ਦਾ ਮੁੜ ਕੇ ਅਨੰਦਪੁਰ ਆਉਣਾ ੨੭੦

Sri Satguru Jagjit Singh Ji eLibrary NamdhariElibrary@gmail.com

੨ ਨਕਲੀ ਤੇ ਅਸਲੀ ਲੰਗਰ ੨੭੬
੩ ਹੋਲਾ ਮਹੱਲਾ ੨੮੨
੪ ਕੇਸ ਰੱਖਣ ਦਾ ਹੁਕਮ ਦੇਣਾ ੨੮੨
੫ ਭੇਖੀ ਸੰਨਿਆਸੀ ਤੇ ਰੋਡਾ ਜਲਾਲੀ ਫਕੀਰ ੨੮੪
੬ ਬਜਰੂੜ ਤੇ ਰੰਘੜਾਂ ਦੀ ਸੁਧਾਈ ੨੮੭
੭ ਮਸੰਦਾਂ ਦੀ ਨਕਲ ਸਤਿਗੁਰੂ ਜੀ ਨੇ ਦੇਖਣੀ ੨੮੯
੮ ਹੁਕਮ ਮੰਨਣਾ ੨੯੭
੯ ਭਾਈ ਨੰਦ ਚੰਦ ਮਸੰਦ ਦੀ ਮੌਤ ੨੯੮
੧੦ ਸੰਮਤ ੧੭੫੫ ਤੇ ਸਤਿਗੁਰੂ ਜੀ ੩੦੧
੧੧ ਯੱਗ ਕਰਮ ਤੇ ਸਤਿਗੁਰੂ ਜੀ ੩੦੮
੧੨ ਸਤਿਗੁਰੂ ਜੀ ਨੇ ਸਿਰਾਂ ਦੀ ਮੰਗ ਕਰਨੀ ੩੧੨
੧੩ ਪੰਜ ਪਿਆਰੇ ੩੧੯
੧੪ ਅੰਮ੍ਰਿਤ ਤਿਆਰ ਕਰਨਾ ੩੨੧
੧੫ ਉਚੀਆਂ ਜ਼ਾਤੀਆਂ ਦਾ ਰੁਸਣਾ ੩੨੫
੧੬ ਸਿੱਖਾਂ ਦੀਆਂ ਸਾਖੀਆਂ ੩੨੭
੧੭ ਬੀਬੀ ਦੀਪ ਕੌਰ ਦੀ ਬਹਾਦਰੀ ੩੩੬
੧੮ ਇਕ ਸਰਵਰੀਆ ਸਿਧ ੩੩੮
੧੯ ਭਾਈ ਹਾਮ ਕੌਰ ਜੀ ਦਾ ਪ੍ਰਸੰਗ ੩੪੧

ਰੁਤ ੪

੧ ਅਮਨ ਭੰਗ ਕਰਨ ਦੇ ਯਤਨ ੩੪੬
੨ ਦੀਨਾ ਬੇਗ ਦੀ ਅਨੰਦ ਪੁਰ ਤੇ ਚੜ੍ਹਾਈ ੩੫੨
੩ ਪਹਾੜੀਆਂ ਨਾਲ ਲੜਾਈ ੩੫੬
੪ ਅਨੰਦ ਪੁਰ ਵਿਚ ਮਸਤ ਹਾਥੀ ਦਾ ਪ੍ਰਸੰਗ ੩੬੦
੫ ਭਾਈ ਬਚਿਤ੍ਰ ਸਿੰਘ ਨੇ ਮਸਤ ਹਾਥੀ ਨਾਲ ਯੁਧ ਕਰਨਾ ੩੬੪
੬ ਰਾਜਾ ਘਮੰਡ ਚੰਦ ਦਾ ਹੰਕਾਰ ਤੋੜਨਾ ੩੬੭
੭ ਪਹਾੜੀ ਰਾਜਿਆਂ ਦੀ ਦੇਸ਼ ਧਰੋਹੀ ੩੭੦
੮ ਬਸੀ ਦੇ ਪਠਾਣਾਂ ਨੂੰ ਸੋਧਣਾ ੩੭੧
੯ ਹਿੰਦੂ ਰਾਜਿਆਂ ਦਾ ਫਰੇਬ ੩੭੩
੧੦ ਸਤਿਗੁਰੂ ਜੀ ਦਾ ਬਸਾਲੀ ਜਾਣਾ ੩੭੭
੧੧ ਸਤਿਗਰ ਜੀ ਰਵਾਲਸਰ ਵਿਚ ੩੮੧
੧੨ ਇਕ ਮਾਈ ਦਾ ਲੜਕਾ ਰਾਜੀ ਕਰਨਾ ੩੮੪
੧੩ ਸਿੱਖਾਂ ਦੇ ਹੁਕਮ ਮੰਨਣ ਦੀ ਕਥਾ ੩੮੭
੧੪ ਕਿਰਤ ਕਮਾਈ ਦੀ ਮਹਾਨਤਾ ੩੮੮
੧੫ ਇਕ ਮੁਸਲਮਾਨ ਇਸਤਰੀ ਦੀ ਕਥਾ ੩੮੯
੧੬ ਸੱਜਦ ਬੇਗ ਦਾ ਪ੍ਰਸੰਗ ੩੯੧
੧੭ ਮਾਮਲਾ ਵਧਦਾ ਹੀ ਗਿਆ ੩੯੫
੧੮ ਜਰਨੈਲ ਰਮਜ਼ਾਨ ਖਾਂ ਦਾ ਅਨੰਦਪੁਰ ਉਤੇ ਹਮਲਾ ੩ ੮
੧੯ ਸਾਹਿਬਜ਼ਾਦੇ ਅਜੀਤ ਸਿੱਘ ਜੀ ਨੇ ਮੁਗਲਾਂ ਉਤੇ ਹੱਲਾ ਕਰਨਾ ੩੯੬

Sri Satguru Jagjit Singh Ji eLibrary NamdhariElibrary@gmail.com

੨੦ ਔਰੰਗਜ਼ੇਬ ਦਾ ਕਰੋਧ ੪੦੧
੨੧ ਸਿੰਘਾਂ ਦਾ ਅਨੰਦਪੁਰ ਵਿਚ ਇਕੱਠਿਆਂ ਹੋਣਾ ੪੦੫
੨੨ ਛੋਟੀਆਂ ੨ ਲੜਾਈਆਂ ਤੇ ਮਸੰਦਾਂ ਦਾ ਘਬਰਾਉਣਾ ੪੦੭
੨੩ ਭਾਈ ਘਨੱਈਆ ਜੀ ਦਾ ਪ੍ਰਸੰਗ ੪੧੨
੨੪ ਸਤਿਗੁਰੂ ਜੀ ਦਾ ਤੀਰ ੪੧੭
੨੫ ਸ਼ਰਫ ਅਲੀ ਦੀ ਮੌਤ ੪੨੦
੨੬ ਤੰਗੀ ਦਾ ਵਧ ਜ਼ਾਣਾ ੪੨੩
੨੭ ਧੌਖੇ ਵਾਲਾ ਸਮਝੌਤਾ ਗਊ ਤੇ ਕੁਰਾਨ ਦੀ ਸੁਗੰਧ ੪੨੬

ਰੁਤ ੫

੧ ਤੁਰਕਾਂ ਦੀ ਪਹਿਲੀ ਬੇਈਮਾਨੀ ੪੨੯
੨ ਅਨੰਦਪੁਰ ਨੂੰ ਛਡਣਾ ੪੩੧
੩ ਤੁਰਕਾਂ ਨਾਲ ਭਿਆਨਕ ਯੁੱਧ ੪੩੪
੪ ਸਰਸਾ ਨਦੀ ਦੀ ਕਠੋਰਤਾ ੪੩੬
੫ ਸਤਿਗੁਰ ਜੀ ਦਾ ਚਮਕੌਰ ਪੁਜ਼ਣਾ ੪੩੯
੬ ਚਮਕੌਰ ਨੂੰ ਘੇਰਾ ਤੇ ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ੪੪੨
੭ ਗੁਰੂ ਜੀ ਨ ਚਮਕੌਰ ਨੂੰ ਛਡਣਾ ਤੇ ਖਾਲਸੇ ਨੂੰ ਗੁਰਿਆਈ ਬਖਸ਼ਣੀ ੪੪੬
੮ ਸਤਿਗੁਰੂ ਜੀ ਦਾ ਮਾਛੀਵਾੜੇ ਦੇ ਜੰਗਲਾ ਵਿਚ ੪੫੪
੯ ਸਤਿਗੁਰੂ ਜੀ ਦਾ ਸਿੰਘਾਂ ਨਾਲ ਮੇਲ ੪੫੬
੧੦ ਭਾਈ ਗੁਲਾਬੇ ਦਾ ਪ੍ਰਸੰਗ ੪੬੧
੧੧ ਮਾਈ ਗੁਰਦੇਵੀ ਦਾ ਪਰਮ ੪੬੨
੧੨ ਗਨੀ ਖਾਂ ਤੇ ਨਬੀ ਖਾਂ ਦਾ ਪਰੇਮ ੪੬੪
੧੩ ਆਪਣੇ ਪਰਾਏ ਤੇ ਪਰਾਏ ਆਪਣੇ ੪੬੮
੧੪ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ੪੭੧
੧੫ ਮੁਗਲਾਂ ਦੀ ਜੜ੍ਹ ਪੁਟਣ ਦਾ ਸਰਾਪ ਦੇਣਾ ੪੮੭
੧੬ ਸਤਿਗੁਰੂ ਜੀ ਦੀਨੇ ਵਿਚ ੪੮੮
੧੭ ਭਾਈ ਧਰਮ ਸਿੰਘ ਦਾ ਸਤਿਗੁਰਾਂ ਪਾਸ ਆ ਜੁੜਨਾ ੪੯੧
੧੮ ਮੰਦਭਾਗਾ ਸ਼ਮੀਰ ੪੯੩
੧੯ ਸਾਧੂ ਦਿਆਲ ਪੁਰੀ ੪੯੫
੨੦ ਜ਼ਫਰਨਾਮੇ ਦਾ ਉਚਾਰਨਾ ੪੯੬
੨੧ ਦੀਨੇ ਤੋਂ ਰਵਾਨਗੀ ੪੯੯

ਰੁਤ ੬

੧ ਪਾਪੀਆਂ ਨੂੰ ਤਾਰਨਾ ਤੇ ਸ਼ਿਕਾਰ ਖੇਡਣਾ ੫੦੩
੨ ਚੌਧਰੀ ਕਪੂਰੇ ਦਾ ਪ੍ਰਸੰਗ ੫੦੮

Sri Satguru Jagjit Singh Ji eLibrary NamdhariElibrary@gmail.com

ਅੰਸ ੧

੧ ਨੀਲੇ ਬਸਤ੍ਰ ਉਤਾਰਨੇ	੪੧੩
੨ ਰਪੂਰੇ ਦਾ ਮੁਆਫੀ ਮੰਗਣਾ ਤੇ ਗੁਰੂ ਦੀ ਦਾ ਢਿਲਵਾਂ ਤੋਂ ਅਗੇ ਜਾਣਾ	੪੧੭
੩ ਚਾਲੀ ਮੁਕਤੇ ਤੇ ਮੁਕਤਸਰ ਤੀਰਥ	੪੨੧
੪ ਜੋਗੀ ਨਾਲ ਮੇਲ	੪੩੨
੫ ਭਾਈ ਦਾਨੇ ਦਾ ਸਿਖੀ ਪਰੇਮ	੪੩੮
੬ ਸੰਮੂ ਫੱਤੂ ਦੀਆਂ ਟਾਹਲੀਆਂ	੪੪੨
੭ ਲਖੀ ਜੰਗਲ ਵਿਚ ਰੰਙਕਾਂ	੪੪੪
੮ ਸੂਮੇ ਚੌਧਰੀ ਦੀ ਕਥਾ	੪੫੦
੯ ਸੱਯਦ ਵਹਿਮੀ ਸਿਖ ਬਣ ਗਿਆ	੪੫੨
੧੦ ਭਾਈ ਕੰਟ ਅੰਮ੍ਰਿਤ ਪਰਚਾਰ	੪੫੪
੧੧ ਬਾਜਕ ਨਗਰ ਦੀ ਸੰਗਤ ਦਾ ਪਾਰ ਉਤਾਰਾ ਕਰਨਾ	੪੫੭
੧੨ ਦੀਵਾਨੇ ਸਾਧਾਂ ਦੀ ਕਥਾ	੪੬੧
੧੩ ਭਾਈ ਡੱਲੇ ਨੂੰ ਸਤਿਗੁਰੂ ਜੀ ਦੇ ਦਰਸ਼ਨ ਹੋਣੇ	੪੬੬
੧੪ ਦਮਦਮਾ ਸਾਹਿਬ ਦਾ ਪ੍ਰਗਟ ਹੋਣਾ	੪੬੭
੧੫ ਡੱਲੇ ਦੀ ਪ੍ਰੀਖਿਆ	੪੭੩
੧੬ ਇਕ ਬੀਬੀ ਨੂੰ ਪੁਤਰਾਂ ਦਾ ਵਰ ਦੇਣਾ	੪੭੮
੧੭ ਸਤਿਗੁਰੂ ਜੀ ਦੇ ਮਹਿਲਾਂ ਦਾ ਤਲਵੰਡੀ ਪੁਜਣਾ	੪੮੦
੧੮ ਭਾਈ ਰਾਮੇ ਤੇ ਤਿਲੋਕੇ ਦਾ ਪ੍ਰਸੰਗ	੪੮੩
੧੯ ਦਮਦਮੇ ਸਾਹਿਬ ਨੂੰ ਵਰ	੪੮੬
੨੦ ਦਮਦਮੇ ਤੋਂ ਕੂਚ ਕਰਨਾ	੪੯੨
੨੧ ਭਾਈ ਦਿਆਲ ਨੂੰ ਨਿਹਾਲ ਕਰਨਾ	੪੯੪
੨੨ ਬਠਿੰਡੇ ਦੇ ਵਸਨੀਕਾ ਦੇ ਦੁਖ ਦੂਰ ਕਰਨੇ	੪੯੮
੨੩ ਮਾਈ ਭਾਗੋ ਨੇ ਸਤਿਗੁਰੂ ਜੀ ਦੇ ਸਾਥ ਜਾਣਾ	੫੦੨
੨੪ ਮਾਈਆਂ ਦਾ ਦਿੱਲੀ ਨੂੰ ਮੁੜ ਜਾਣਾ	੫੦੩
੨੫ ਸਤਿਗੁਰੂ ਜੀਂ ਦਾ ਸਰਾਏ ਪੁਜਣਾ	੫੦੭
੨੬ ਜ਼ੈਨੀਆਂ ਨੂੰ ਉਪਦੇਸ਼ ਕਰਨਾ	੫੧੧

ਅੰਸ ੨

੧ ਸਤਿਗੁਰੂ ਜੀ ਦਾ ਅਜਮੇਰ ਪੁਜ਼ਣਾ	੫੧੬
੨ ਸਤਿਗੁਰੂ ਜੀ ਨੇ ਬਘੇਰ ਜਾਣਾ	੫੨੦
੩ ਔਰੰਗਜ਼ੇਬ ਦੀਂ ਮੌਤ	੫੨੩
੪ ਭਾਈ ਨੰਦ ਲਾਲ ਜੀ ਦਾ ਸਤਿਗੁਰੂ ਪਾਸ ਆਉਣਾ	੫੨੭

Sri Satguru Jagjit Singh Ji eLibrary NamdhariElibrary@gmail.com

੫ ਸਤਿਗੁਰੂ ਜੀ ਦਾ ਆਗਰ ਪੁੱਜਣਾ	੬੩੩
੬ ਸਤਿਗੁਰੂ ਜੀ ਤੇ ਬਹਾਦਰ ਸ਼ਾਹ ਦੇ ਬਚਨ ਬਿਲਾਸ	੬੩੭
੭ ਸਤਿਗੁਰੂ ਜੀ ਦਾ ਦਿੱਲੀ ਨੂੰ ਜਾਣਾ	੬੪੦
੮ ਸਤਿਗੁਰੂ ਜੀ ਦਾ ਦਿੱਲੀ ਪਹੁੰਚਣਾ	੬੪੫
੯ ਬਹਾਦਰ ਸ਼ਾਹ ਨਾਲ ਮੇਲ	੬੪੯
੧੦ ਭਾਗਾਂ ਵਾਲੀ ਜਮਨਾ	੬੫੭
੧੧ ਦਿਲੀ ਵਿਚ ਸਿੱਖੀ ਪ੍ਰਚਾਰ	੬੫੪
੧੨ ਕਾਜ਼ੀਆਂ ਦੀ ਈਰਖਾ	੬੫੭
੧੩ ਜਵਾਹਰ ਸਿੰਘ ਦੀ ਕੰਨਿਆਂ ਦਾ ਪ੍ਰਸੰਗ	੬੬੦
੧੪ ਵਜ਼ੀਰ ਖਾਂ ਸਰਹੰਦ ਦਾ ਬਹਾਦਰ ਸ਼ਾਹ ਨੂੰ ਮਿਲ਼ਣਾ	੬੬੫
੧੫ ਸਤਿਗੁਰੂ ਜ਼ੀ ਦਾ ਦੱਖਣ ਨੂੰ ਜਾਣਾ	੬੬੬
੧੬ ਆਗਰੇ ਵਿਚ ਸਤੀ ਨੂੰ ਉਪਦੇਸ਼	੬੬੮
੧੭ ਸਤਿਗੁਰੂ ਜੀ ਦਾ ਆਗਰੇ ਤੋਂ ਕੂਚ	੬੭੨
੧੮ ਸਤਿਗੁਰੂ ਜ਼ੀ ਦੇ ਕੌਤਕ	੬੭੪
੧੯ ਸਤਿਗੁਰੂ ਜੀ ਤੇ ਬਹਾਦਰ ਸ਼ਾਹ ਦਾ ਅੱਡ ਹੋਣਾ	੬੭੭
੨੦ ਜੀਵਨ ਦਾਸ ਜੋਗੀ ਦਾ ਆਉਣਾ	੬੭੮
੨੧ ਜੇਤੂ ਰਾਮ ਨਾਲ ਬਚਨ ਬਿਲਾਸ	੬੮੦
੨੨ ਸਤਿਗੁਰੂ ਜੀ ਨੇ ਦੱਖਣ ਦੌਰਾ ਕਰਨਾ	੬੮੪
੨੩ ਸਤਿਗੁਰੂ ਜੀ ਨੇ ਲਛਮਣ ਦੇਵ ਬੈਰਾਗੀ ਦੇ ਡੇਰੇ ਪਹੁੰਚਣਾ	੬੮੭
੨੪ ਸਤਿਗੁਰੂ ਜੀ ਦਾ ਗੋਦਾਵਰੀ ਕਿਨਾਰੇ ਰਹਿਣਾ	੭੦੧
੨੫ ਨਗੀਨਾ ਘਾਟ ਦੀ ਕਥਾ	੭੦੨
੨੬ ਹੀਰਾ ਘਾਟ ਤੇ ਬਹਾਦਰ ਸ਼ਾਹ ਮਿਲਾਪ	੭੦੪
੨੭ ਸਤਿਗੁਰੂ ਜੀ ਦਾ ਸਿਖਾਂ ਨੂੰ ਉਪਦੇਸ਼	੭੧੪
੨੮ ਬਹਾਦਰ ਸ਼ਾਹ ਦੀ ਬੇਈਮਾਨੀ	੭੧੬
੨੯ ਇਕ ਸਿਖ ਦੀ ਸਾਖੀ	੭੧੯
੩੦ ਪਠਾਣ ਬੱਚੇ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਣਾ	੭੨੩
੩੧ ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਨੂੰ ਮੁੜਨਾ	੭੨੫
੩੨ ਪਠਾਣ ਬੱਚੇ ਨੇ ਸਤਿਗੁਰੂ ਸੀ ਤੇ ਵਾਰ ਕਰਨਾ	੭੨੬
੩੩ ਜ਼ਖਮਾਂ ਦੇ ਤੋਪਿਆਂ ਦਾ ਟੁੱਟਣਾ	੭੨੯
੩੪ ਸਤਿਗੁਰੂ ਜੀ ਦਾ ਅੰਤਮ ਉਪਦੇਸ਼	੭੩੧
੩੫ ਜੋਤੀ ਜੋਤਿ ਸਮਾਉਣਾ	੭੩੩
੩੬ ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਗੋਬਿੰਦ ਸਿੰਘ ਜੀ	੭੩੮

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਮਹਾਰਾਜ

(੧੬੬੬ ਤੋਂ ੧੭੦੮ ਬੀਸਵੀ)

ਮੁਰ ਪਿਤ ਪੂਰਬ ਕੀਯਸਿ ਪਯਾਨਾ ॥ ਭਾਂਤਿ ਭਾਂਤਿ ਕੇ ਤੀਰਥ ਨਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ॥ ੧ ॥
ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਣਾ ਸ਼ਹਿਰ ਬਿਖੈ ਭਵ ਲਯੋ ॥
ਮਦ੍ ਦੇਸ ਹਮ ਕੋ ਲੈ ਆਏ ॥ ਭਾਂਤਿ ਭਾਂਤਿ ਦਾਈਅਨ ਦੁਲਰਾਏ ॥ ੨ ॥
ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
ਜਬ ਹਮ ਧਰਮ ਕਰਮ ਮੋ ਆਏ ॥ ਦੇਵਲੋਕ ਤਬ ਪਿਤਾ ਸਿਧਾਏ ॥ ੩ ॥

(ਬਚਿਤ੍ ਨਾਟਕ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰੂ ਪ੍ਰਸਾਦਿ ॥

੧. ਸਤਿਗੁਰ ਜੀ ਦੇ ਪੂਰਬਲੇ ਜਨਮ ਦੀ ਕਥਾ

ਦਸਮ ਗ੍ਰੰਥ ਵਿਚ ਇਕ ਕਾਂਡ ਬਚਿੱਤ੍ਰ ਨਾਟਕ ਹੈ, ਜੋ ਸਤਿਗੁਰੂ ਜੀ ਦੀ ਆਪਣੀ ਕਲਮਨਾਲ ਲਿਖੀ ਹੋਈ ਆਪਣੀ ਜਨਮਕਥਾਹੈ।ਇਹਲਿਖਤ ਬਹੁਮੁਲੀ ਇਤਿਹਾਸਕ ਹੈ। ਆਪਣੇ ਪੂਰਬਲੇ ਜਨਮ ਬਾਰੇ ਸਾਹਿਬ ਫੁਰਮਾਉਂਦੇ ਹਨ—

ਅਬ ਮੈ ਅਪਨੀਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥ ੧ ॥
ਸਪਤ ਸ੍ਰਿੰਗਤਿਹ ਨਾਮ ਕਹਾਵਾ ॥ ਪੰਡ ਰਾਜ ਜਹ ਜੋਗ ਕਮਾਵਾ ॥
ਤਬ ਹਮਅਧਿਕ ਤਪੱਸਿਆ ਸਾਧੀ ॥ ਮਹਾਕਾਲ ਕਾਲਕਾ ਅਰਾਧੀ॥੨॥

ਤਿਸਦਾ ਪ੍ਰਮਾਰਥ—ਹੁਣ ਅਸੀਂ ਆਪਣੀ ਜੀਵਨ ਕਥਾਦਸਦੇ ਹਾਂਜਿਸ ਦਾ ਸਬੰਧ ਪੂਰਬਲੇ ਜਨਮ ਨਾਲ ਹੈ। ਪੂਰਬਲੇ ਜਨਮ ਵਿਚਅਸੀਂ ਤਪੱਸਵੀ ਸੀ ਤਪੱਸਿਆ ਕਰ ਰਹੇ ਸਾਂ ਕਿ ਅਸਾਂ ਨੂੰ ਅਕਾਲ ਪੁਰਖ ਨੇ ਸੱਦ ਮੰਗਵਾਇਆ। (ਤਪੱਸਿਆ ਕਿਸ ਅਸਥਾਨ ਉਤੇ ਕਰਦੇ ਸੀ ?) ਬਰਫ ਦੇ ਘਰ ਹਿਮਾਲਿਯ ਪਰਬਤ ਤੇ ਉਸਦਾ ਇਕ ਹਿੱਸਾ ਸਪਤ ਸ੍ਰਿੰਗ (ਸੱਤਾਂ ਚੋਟੀਆਂ ਵਾਲੇ ਛੋਟੇ ਪਹਾੜਾਂ ਦੀ ਬਰਫਾਨੀ ਵਾਦੀ) ਅਖਵਾਉਂਦਾ ਹੈ। ਇਹ ਟੀਸੀ ਗੜਵਾਲ ਉਤਰ ਪ੍ਰਦੇਸ ਦੇਪਹਾੜੀ ਇਲਾਕੇਵਿਚ ਹੈ। ਭਾਰਤ ਦੇ ਮਸ਼ਹੂਰ ਤੀਰਥ ਬਦਰੀਨਾਥ ਤੋਂ ਅਗੇ ਗੰਗੋਤਰੀ ਦੇ ਨੇੜੇ ਇਹ ਅਸਥਾਨ ਹੈ। ਏਥੋਂ ਦੀ ਉਚਾਈ ਤਕਰੀਬਨ ਚੋਟੀਆਂ ਦੀ ੨੮ ਹਜ਼ਾਰ ਫੁਟ ਤੋਂਉਪਰ ਹੈਤੇ ਵਾਦੀ ਦੀ ਉਚਾਈ ੧੮–੧੯ ਹਜ਼ਾਰ ਫੁਟ ਦੇ ਲਗ ਪਗ ਹੈ। ਨਵੀਨ ਖੋਜ ਨੇ ਇਸ ਅਸਥਾਨ ਤੇ ਇਕ ਗੁਰਦੁਆਰਾ ਵੀਕਾਇਮ ਕੀਤਾਹੈ,ਜਿਸਦਾ ਨਾਮ ਗੁਰਦੁਆਰਾਹੇਮ-ਕੁੰਟ ਰਖਿਆ ਹੈ। ਇਸ ਵਾਦੀ ਵਿਚ ਕੋਹਾਂ ਤਕ ਚਿੱਟੀ ਬਰਫ ਰਹੰਦੀ। ਸਿਰਫ ਅਗਸਤ ਸਤੰਬਰ ਦਮਹੀਨੇ ਬਰਫ ਘਟਦੀ ਹੈਤਾਂ ਯਾਤਰੂ ਬਦਰੀ ਨਾਥ ਤੇ ਗੁਰਦੁਆਰਾ ਹੇਮਕੁੰਟਦੀ ਯਾਤਰਾ ਕਰਨਜਾਂਦੇ ਹਨ। ਸਾਹਿਬ ਫੁਰਮਾਉਂਦੇ ਹਨ ਸੱਤ ਬਰਫਾਨੀ

Sri Satguru Jagjit Singh Ji eLibrary NamdhariElibrary@gmail.com

ਚੋਟੀਆਂ ਦੀਆਂ ਸੁੰਦਰ ਪਹਾੜੀਆਂ ਹਨ, ਜੋ ਮਾਨੋ ਸਤ ਰਿਖੀ ਬੈਠੇ ਤਪੱਸਿਆ ਕਰ ਰਹੇ ਹਨ। ਇਹ ਓਹੋ ਪਵਿਤ੍ਰ ਤੇ ਸੁਹਾਵਣਾ ਅਸਥਾਨ ਹੈ ਜਿਥੇ ਪੰਜਾਂ ਪਾਂਡਵਾਂ ਨੇ ਕਦੀ ਜੋਗ ਕਮਾਇਆ ਸੀ। ਮਹਾਂਭਾਰਤ ਦੀ ਲੜਾਈ ਦੇ ਪਿਛੋਂ ਏਸੇ ਅਸਥਾਨ ਤੋਂ ਪਾਂਡਵ ਬ੍ਰਹਮ ਲੋਕ ਨੂੰ ਗਏ ਸਨ। ਐਸੇ ਨਿਰ-ਮਨੁਖ ਅਸਥਾਨ ਉਤੇ ਅਸਾਂ ਨੇ ਬਹੁਤ ਘੋਰ ਤਪੱਸਿਆ ਕੀਤੀ। ਐਸੇ ਤਪੱਸਿਆ ਦੇ ਬਲ ਨਾਲ ਮਹਾਂ ਕਾਲੀ (ਬ੍ਰਹਮ ਸ਼ਕਤੀ) ਦੀ ਅਰਾਧਨਾ ਭਗਤੀ ਪੂਜਾ ਕੀਤੀ।

ਇਹ ਬਿਧ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
ਤਾਤ ਮਾਤ ਗੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥

ਐਸੀ ਅਰਾਧਨਾ ਤੇ ਤਪੱਸਿਆ ਕੀਤੀ ਕਿ ਦਵੈਖ ਦਾ ਅੰਤ ਹੋ ਗਿਆ, ਦੋ ਤੋਂ ਇਕ ਰੂਪ ਹੋ ਨਿਬੜੇ (ਪੁਰਖ ਤੇ ਪ੍ਰਮਾਤਮਾ ਵਿਚ ਕੋਈ ਫ਼ਰਕ ਨਾ ਰਿਹਾ)। ਦੂਸਰੇ ਪਾਸੇ ਮੇਰੇ ਮਾਤਾ ਪਿਤਾ ਜੀ (ਸਤਿਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੂਜਰੀ ਜੀ) ਨੇ ਪ੍ਰਮਾਤਮਾ ਦੀ ਭਗਤੀ ਕੀਤੀ। ਵਡੇ ਪ੍ਰਮਾਤਮਾ ਦੀ ਭਗਤੀ ਕਰਦਿਆਂ ਹੋਇਆਂ ਕਈਪ੍ਰਕਾਰ ਦੇਯੋਗ ਕਮਾਏ ਤੇ ਸਾਧਨਾ(ਤਪਸਿਆ) ਕੀਤੀਆਂ। ਉਨ੍ਹਾਂ ਦੇ ਘਰ ਪੁਤ੍ਰ ਨਹੀਂ ਸੀ, ਵਾਹਿਗੁਰੂ ਪ੍ਰਸੰਨ ਹੋਇਆ—

ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭਜਬ ਆਇਸ ਮੁਹਿ ਦੀਆ॥ਤਬ ਹਮ ਜਨਮ ਕਲੂ ਮਹਿ ਲੀਆ॥੪॥
ਚਿਤ ਨ ਭਯੋ ਮਮ ਆਵਨਿ ਕਹਿ ॥ ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ॥

ਵਾਹਿਗੁਰੂ ਨੇ ਪ੍ਰਸੰਨ ਹੋਕੇ ਇਕ ਪਾਸੇ ਤਾਂ ਮਾਤਾ ਗੂਜਰੀ ਜੀ ਦੀ ਕੁੱਖ ਰਾਹੀਂਅਸਾਂ ਦੇ ਸੰਸਾਰ ਤੇ ਆਉਣ ਦਾ ਵਸੀਲਾ ਸੋਚਿਆ ਤੇਦੂਸਰੇ ਪਾਸੇ ਅਸਾਂ ਨੂੰਕਿਹਾ—'ਤੁਸੀਂ ਕਲਯੁਗ ਦੇ ਸਮੇਂ ਮਾਤ ਲੋਕ ਵਿਚ ਜਾਵੋ।' ਸੋ ਵਾਹਿਗੁਰੂ ਦੇ ਹੁਕਮ ਅਨੁਸਾਰ ਅਸਾਂ ਕਲਯੁਗ ਵਿਚ ਜਨਮ ਲੈ ਲਿਆ, ਪਰ ਮਾਤਲੋਕ ਵਿਚ ਆਉਣ ਨੂੰਚਿਤ ਨਹੀਂ ਸੀ ਕਰਦਾ ਕਿਉਂਕਿ ਸੁਰਤੀ ਵਾਹਿਗੁਰੂ ਦੇਚਰਨਾਂ ਨਾਲ ਜੁੜੀ ਹੋਈ ਅਨੰਦ ਹੀ ਅਨੰਦ ਸੀ। ਸਦੀਵਕਾਲ ਦੇ ਅਨੰਦਾਂ ਨੂੰ ਛਡਕੇ ਨਹੀਂ ਸੀ ਆਇਆ ਜਾਂਦਾ ਪਰ ਮਜਬੂਰਨ ਵਾਹਿਗੁਰੂ ਦਾ ਹੁਕਮ ਮੰਨਕੇ ਤਦੋਂ ਆਉਣਾ ਹੀ ਪਿਆ। ਤਦੋਂ ਵਾਹਿਗੁਰੂ ਮਾਲਿਕ ਨੇ ਅਸਾਂ ਨੂੰ ਇਸਤਰਾਂ ਸਮਝਾਇਆ—

Sri Satguru Jagjit Singh Ji eLibrary NamdhariElibrary@gmail.com

ਜਿਉ ਤਿਉ ਪ੍ਰਭ ਹਮ ਕੋ ਸਮਝਾਯੋ। ਇਮ ਕਹਿ ਕੈ ਇਹ ਲੋਕ ਪਠਾਯੋ।

ਮਾਲਕ ਅਕਾਲ ਪੁਰਖ ਨੇ ਅਸਾਂ ਨੂੰ ਸ੍ਰਿਸ਼ਟੀ ਰਚਨਾ, ਦੇਵਤਿਆਂ ਦੇ ਬਣਾਉਣ, ਜੀਵਾਂ ਵਿਚ ਜਾਨ ਪਾਉਣ ਦੀ ਲੰਮੀ ਕਥਾ ਸੁਣਾਕੇ ਆਖਿਆ— ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨੁ ਅਵਰੁ ਨਾ ਠਾਕਰ ਦੂਜਾ ॥

ਮਾਤ ਲੋਕ ਵਿਚ ਮੇਰੀ ਹੀ ਪੂਜਾ ਕਰਨੀ ਮੇਰੇ ਤੋਂ ਬਿਨਾਂ ਹੋਰ ਦੂਸਰਾ ਮਾਲਕ (ਜਗਤ ਦਾ ਕਰਤਾ) ਕੋਈ ਨਹੀਂ ਜਿਨ੍ਹਾਂ ਪੁਰਖਾਂ ਨੂੰ ਮੈਂ ਬਣਾਇਆ ਉਨ੍ਹਾਂ ਵਿਚੋਂ ਕਈ ਸਿਆਣੇ ਨਿਕਲੇ ਤੇ ਉਨ੍ਹਾਂ ਨੇ ਆਪਣੇ ਆਪਣੇ ਧਰਮ ਚਲਾ ਦਿਤੇ, ਮੈਨੂੰ ਭੁਲਾ ਹੀ ਦਿਤਾ, ਲੋਕਾਂ ਨੂੰ ਜਾਣ ਬੁਝਕੇ ਕੁਰਾਹੇ ਪਾਇਆ, ਐਸਾ ਕਲ-ਜੁਗ ਵਰਤਿਆ ਕਿ-ਪਰਮਪੁਰਖ ਕਿਨ ਹੂੰ ਨਹਿ ਪਾਯੋ॥ ਬੈਰ ਬਾਦ ਅਹੰਕਾਰ ਬੈਢਾਯੋ॥

ਪੇਡ ਪਾਤ ਆਪਨ ਤੇ ਜਲੈ ॥ ਪ੍ਰਭ ਕੈ ਪੰਥ ਨ ਕੋਈ ਚਲੈ ॥

ਅਕਾਲ ਪੁਰਖ ਨੂੰ ਤਾਂ ਕੋਈ ਚੇਤੇ ਨਹੀਂ ਕਰਦਾ, ਵੈਰ ਵਿਰੋਧ, ਲੜਾਈਆਂ ਝਗੜਿਆਂ ਤੇ ਹੰਕਾਰ ਵਿਚ ਸਭ ਰੁਝੇ ਹਨ। ਜਿਵੇਂ ਤੌੜੀ ਉਬਲ ਕੇ ਆਪਣੇ ਕੰਢੇ ਸਾੜ ਲੈਂਦੀ ਹੈ ਤਿਵੇਂ ਮਨੁਖ ਈਰਖਾ ਹੰਕਾਰ ਨਾਲ ਆਪਣੀ ਆਤਮਾ ਨੂੰ ਸਾੜ ਕੇ ਸਵਾਹ ਕਰ ਰਹੇ ਹਨ। ਵਾਹਿਗੁਰੂ ਦੇ ਦਸੇ ਰਸਤੇ ਕੋਈ ਨਹੀਂ ਚਲਦਾ ਵਾਹਿਗੁਰੂ ਦਾ ਸਿਮਰਨ ਨਹੀਂ ਕਰਦਾ ਤੇ ਵਾਹਿਗੁਰੂ ਤੇ ਭਰੋਸਾ ਕੋਈ ਨਹੀਂ ਰਖਦਾ ਬਹੁਤ ਮਾੜੀ ਦਸ਼ਾ ਹੋ ਗਈ ਹੈ—

ਜਿਨ ਜਿਨ ਤਨਿਕ ਸਿਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰਤੇ ਭਯੋ ਦਿਵਾਨਾ ॥
ਪਰਮ ਤਤ ਕਿਨਹੂ ਨਾ ਪਛ ਨਾ ॥ ਆਪ ਆਪ ਭੀਤਰਿ ਉਰਝਾਨਾ ॥.....
ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥

ਗਲ ਕੀ, ਲੋਕ ਵਾਹਿਗੁਰੂ ਦੀ ਭਗਤੀ ਭੁਲਕੇ ਕੁਰਾਹੇ ਤੁਰ ਪਏ ਸਨ ਜੇ ਕਿਸੇ ਨੇ ਤਤਾ ਕੁ ਵੀ ਸਿਧੀ ਪ੍ਰਾਪਤ ਕਰ ਲਈ ਸੀ ਤਾਂ ਉਹ ਵਡਾ ਸਿਧ ਬਣ ਕੇ ਆਪ ਰਬ ਬਣ ਬੈਠਾ ਸੀ। ਦੂਸਰਿਆਂ ਨਾਲ ਲੜਦਾ ਤੇ ਦੂਸਰਿਆਂ ਨੂੰ ਜਿੱਤਣ ਵਿਚ ਹੀ ਜੀਵਨ ਮੁਕਤੀ ਸਮਝਦਾ ਸੀ। ਮਨੁਖ ਨਾਲ ਮਨੁਖ ਘਿਰਣਾ ਕਰਨ ਲਗ ਪਿਆ ਸੀ।ਸਾਰੇ ਜਗਤ ਤੇ ਅਗਿਆਨਤਾ ਦਾ ਹਨੇਰਾ ਛਾ ਗਿਆ ਸੀ

Sri Satguru Jagjit Singh Ji eLibrary NamdhariElibrary@gmail.com

ਐਸੀ ਦਸ਼ਾ ਵਿਚ ਵਾਹਿਗੁਰੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੁਕਮ ਦਿਤਾ—

ਮੈ ਆਪਣਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥ ਕਬਧਿ ਕਰਨ ਤੇ ਲੋਕ ਹਟਾਇ ॥

ਵਾਹਿਗੁਰੂ ਨੇ ਕਿਹਾ--'ਅਸੀਂ ਆਪਣੀ ਸ਼ਕਤੀ ਤੁਸਾਂ ਨੂੰ ਬਖਸ਼ਦੇ ਹਾਂ ਤੁਸੀਂ ਇਕ ਨਵਾਂ ਜੀਵਨ ਰਾਹ ਚਲਾਓ, ਜਿਸ ਰਾਹੇ ਤੁਰਦਾ ਹੋਇਆ ਮਨੁਖ ਮਾੜੇ ਕਰਮ ਕਰਨ ਤੋਂ ਰੁਕ ਜਾਵੇ ਅਤੇ ਧਰਮ ਦਾ ਰਾਜ ਹੋਵੇ ਤੇ ਥਾਂ ਥਾਂ ਧਰਮ ਪ੍ਰਚਾਰ ਕਰੋ ਕਿਉਂਕਿ ਲੋਕ ਕੁਕਰਮ ਕਰਕੇ ਮਨੁਖਾ ਜੀਵਨ ਨੂੰ ਨਸ਼ਟ ਕਰ ਰਹੇ ਹਨ। ਉਨ੍ਹਾਂ ਨੂੰ ਗਿਆਨ ਹੀ ਨਹੀਂ ਕਿ ਉਹ ਕਿਉਂ ਮਾਤ ਲੋਕ ਵਿਚ ਭੇਜੇ ਗਏ ਹਨ ? ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਪੰਡਤ ਆਪਣੇ ਜੀਵਨ ਮਿਸ਼ਨ ਨੂੰ ਭੁਲ ਗਿਆ ਹੈ ਤੇ ਸਾਧਨਾਂ ਦਾ ਉਦੇਸ਼ ਯਾਦ ਨਹੀਂ ਰਿਹਾ।

ਅਕਾਲ ਪੁਰਖ ਦੇ ਐਸੇ ਬਚਨਾਂ ਨੂੰ ਸੁਣਕੇ ਉਸ ਵੇਲੇ ਸ਼ਾਂਤ ਹਿਰਦੇ ਨਾਲ ਸਤਿਗੁਰੂ ਜੀ ਨੇ ਇਉਂ ਉਤਰ ਦਿਤਾ--

ਠਾਂਢ ਭਯੋ ਮੈ ਜੋਰ ਕਰ ਬਚਨ ਕਹਾ ਸਿਰ ਨਯਾਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹ ਸਹਾਇ ॥

(ਅਸਾਂ ਨੇ) ਸ਼ਾਂਤ ਹਿਰਦੇ ਨਾਲ ਦੋਵੇਂ ਹਥ ਜੋੜਕੇ ਅਤੇ ਸੀਸ ਨਿਵਾਕੇ ਉਤਰ ਦਿਤਾ—ਹੇ ਅਕਾਲ ਪੁਰਖ ! ਆਪ ਜੇਕਰ ਸਹਾਇਤਾ ਕਰੋਗੇ ਤਾਂ ਜ਼ਰੂਰ ਜਗਤ ਵਿਚ ਐਸਾ ਪੰਥ ਚਲੇਗਾ, ਜਿਸਦਾ ਆਪ ਹੁਕਮ ਕਰਰਹੇ ਹੋ। ਇਹ ਸੁਣ ਕੇ ਵਾਹਿਗੁਰੂ ਬਹੁਤ ਪ੍ਰਸੰਨ ਹੋਇਆ ਤੇ ਹੁਕਮ ਕੀਤਾ ਜਗਤ ਵਿਚ ਜਾਓ।

ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੇ ਤਿਮ ਕਹਿਹੌਂ ॥ ਔਰ ਕਿਸੂ ਤੇ ਬੈਰ ਨ ਗਿਹਹੌਂ ॥
ਜੇ ਹਮ ਕੋ ਪਰਮੇਸਰ ਉਚਿਰ ਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥
ਮੋ ਕੋ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥
ਮੈ ਹੌਂ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥

ਇਹ ਵਿਚਾਰਕੇ ਅਕਾਲ ਪੁਰਖ ਨੇ ਅਸਾਂ ਨੂੰ ਜਗਤ ਵਿਚ ਭੇਜਿਆ ਫਿਰ ਅਸਾਂ ਜਗਤ ਵਿਚ ਜਨਮ ਲਿਆ। ਜਿਸ ਤਰਾਂ ਅਕਾਲ ਪੁਰਖ ਨੇ ਕਿਹਾ

Sri Satguru Jagjit Singh Ji eLibrary NamdhariElibrary@gmail.com

ਸੀ ਓਸੇ ਤਰਾਂ ਅਸਾਂ ਦਸਿਆ ਹੈ ਤੇ ਓਸੇਤਰਾਂ ਹੀ ਕਰਾਂਗੇ,ਅਸਾਡਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਜੋ ਅਸੀਂ ਵਾਧੂ ਬਦਨ ਕਰੀਏ। ਪਰ ਇਕ ਸ਼ਰਤ ਜ਼ਰੂਰ ਹੈ,ਸਾਰੇ ਸਿਖ [ਮਾਈ ਭਾਈ] ਸੁਣ ਲਵੋ, ਉਹ ਇਹ ਕਿ--ਜੋਹੜਾ ਅਸਾਂ ਨੂੰ ਪ੍ਰਮੇਸ਼ਰ-ਅਕਾਲ ਪੁਰਖ ਸਮਝੇਗਾ ਉਹ ਜ਼ਰੂਰ ਨਰਕ ਕੁੰਡ ਵਿਚ ਪਵੇਗਾ ਕਿਉਂਕਿ ਅਸੀਂ ਤਾਂ ਉਸ ਅਕਾਲ ਪੁਰਖ ਦੇ [ਦਾਸ] ਸੇਵਕ ਹਾਂ ਉਹ ਜਗਤ ਦਾ ਕਰਤਾ ਹਰਤਾ ਅਸਾਂ ਨੂੰ ਜਨਮ ~~ਦੇਣ~~ ਵਾਲਾ। ਉਸ ਦਾ ਰਚਿਆ ਹੋਇਆ ਜੀਵ ਉਸਦੀ ਬਰਾਬਰਤਾ ਕਿਵੇਂ ਕਰ ਸਕਦਾ ਹੈ ਅਸਾਂ ਦਾ ਇਸ ਗਲ ਵਿਚ ਰਤਾ ਝੂਠ ਨਹੀਂ। ਅਸੀਂਉਹਦੇ ਸੇਵਕਉਹਦੇ ਰਚੇ ਜਗਤ ਦੇ ਤਮਾਸ਼ੇ ਨੂੰ ਉਸਦੀ ਕ੍ਰਿਪਾ ਲਾਲ ਦੇਖਣ ਆਏ ਹਾਂ। ਜੋ ਹੁਕਮ ਕਰਦਾ ਜਾਵੇਗਾ ਸੋ ਕਰੀ ਜਾਵਾਂਗੇ। ਓਹਦਾ ਸਿਮਰਨ ਕਰਨਾ ਤੇ ਓਹਦੇ ਹੁਕਮ ਵਿਚ ਰਹਿਣਾ ਹੈ—'ਕਹਿਓ ਪ੍ਰਭੂ ਸੁ ਭਾਖਿ ਹੌਂ ॥ ਕਿਸੂ ਨ ਕਾਨ ਰਾਖਿ ਹੌਂ ॥...ਨ ਕਾਨ ਕਾਹੂ ਕੀ ਧਰੌ ॥ ਕਹਿਓ ਪ੍ਰਭੂ ਸੁ ਮੈ ਕਰੌ ॥ ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥ ਨ ਜਾਪ ਆਨਕੋ ਜਪੋ' ॥ ਇਸਤਰ੍ਹਾਂ ਦੀ ਅਸਾਂ ਦੀਪ੍ਰਤਗਿਆ ਹੈ। ਦੂਸਰੀ ਪ੍ਰਤਗਿਆ ਹੈ ਅਕਾਲ ਪੁਰਖ ਦਾ ਸਿਮਰਨ ਕਰਨਾ। ਉਹਦੇ ਬੇਅੰਤ ਨਾਮ ਲੈ ਲੈ ਕੇ ਉਸਨੂੰ ਯਾਦ ਕਰਨਾ 'ਬੇਅੰਤ ਨਾਮੁ ਧਿਆਇ ਹੌ। ਪਰਮ ਜੋਤਿ ਪਾਇਹੌ॥ ਨ ਧਿਆਨ ਆਨ ਕੋ ਧਰੌ ॥ ਨ ਨਾਮੁ ਆਨ ਉਚਰੌਂ॥' ਕਿਉਂਕਿ ਵਾਹਿਗੁਰੂ ਦਾ ਨਾਮਬੇਅੰਤ ਪਾਪਾਂ ਨੂੰ ਖੰਡਨ ਕਰਨ ਵਾਲਾ ਹੈ। ਅਨੰਤ ਪਾਪ ਟਾਰੀਅੰ।

ਸਤਿਗੁਰੂ ਜੀ ਨੇ ਫੁਰਮਾਇਆ ਕਿ ਜਗਤ ਵਿਚ ਆਉਣ ਦਾ ਤੀਸਰਾ ਨਿਸ਼ਾਨਾ ਹੈ ਕਿ ਭਾਰਤ ਵਿਚ ਜੋ ਮੁਗਲ ਹਕੂਮਤ ਹਿੰਦੂ ਭਰਮੀਆਂ ਨੂੰ ਦੁਖ ਦੇ ਰਹੀ ਹੈਅਤੇ ਉਹਦੇ ਕਰਮਚਾਰੀ ਲੋਕਾਂਨੂੰ ਦੁਖੀ ਕਰ ਰਹੇ ਹਨ,ਉਨ੍ਹਾਂ ਨੂੰ ਸੋਧਣਾ ਉਨ੍ਹਾਂ ਨੂੰ ਸਿਧੇਰਾਹੇ ਪਾਉਣਾ, ਉਹ ਤਦ ਹੀ ਸਿਧੇ ਰਾਹ ਪੈ ਸਕਦ ਹਨ ਜੇਕਰ ਸ਼ਕਤੀ ਨੂੰ ਸੁਰਜੀਤ ਕੀਤਾ ਜਾਵੇ। ਲੋਹੇ ਨੂੰ ਲੋਹਾ ਕਟ ਸਕਦਾ ਹੈ। ਦੁਸ਼ਟਾਂ ਨੂੰ ਸੋਧਨ ਵਾਸਤੇ ਸ਼ਕਤੀ ਸੁਰਜੀਤ ਕੀਤੀ ਜਾਵੇਗੀ।

ਜਹਾ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਤਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥

Sri Satguru Jagjit Singh Ji eLibrary NamdhariElibrary@gmail.com

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਆਪ ਆਪਣੇ ਪੂਰਬਲੇ ਜਨਮ ਤੇ ਜਗਤ ਵਿਚ ਆਉਣ ਦੇ ਨਿਸ਼ਾਨੇ ਦੀ ਸਾਰੀ ਕਥਾ ਆਪ ਸਿਖ ਸੇਵਕਾਂ ਨੂੰ ਸੁਣਾਈ। ਜਗਤ ਵਿਚ ਕੋਈਅਵਤਾਰ ਜਾਂ ਪੈਗੰਬਰਨਹੀਂਹੋਇਆ ਜੋ ਮਨੁਖਤਾਦੀ ਭਲਾਈ ਵਾਸਤੇ ਐਨਾ ਉਚਾਰ ਜੀਵਨ ਨਿਸ਼ਾਨਾ ਲੈਕੇ ਜਗਤ ਵਿਚ ਆਇਆ ਹੋਵੇਹਰ ਇਕ ਨੇ ਜਗਤਵਿਚ ਆਕੇਆਪਣੀ ਪੂਜਾਕਰਵਾਈ ਤੇ ਆਪਨੂੰਭਗਵਾਨਦਾ ਰੂਪ ਅਖਵਾਇਆ ਤੇ ਮਜ਼ਬੀਤਅੱਸਬ ਦਾ ਰੰਗਚਾੜਿਆਧਰਮ ਤੇ ਮਨੁਖਤਾਵਾਸਤੇ ਸਾਂਝਾ ਕੋਈ ਕਦਮ ਨਾ ਚੁਕਿਆ। ਧੰਨ ਹਨ ਮੇਰੇ ਕਲਗੀਧਰਪਿਤਾ ਜੀਜਿਨ੍ਹਾਂ ਨੇ ਤਨ,ਮਨ,ਧਨ ਤੇ ਪ੍ਰਵਾਰ ਸਭ ਕੁਝ ਲੋਕਭਲਾਈ ਵਾਸਤੇ ਕੁਰਬਾਨ ਕਰਦਿਤਾ। ਹਿੰਦੂਤੇ ਮੁਸਲਮਾਨ ਵੀ ਉਨ੍ਹਾਂਦੇ ਸੇਵਕ ਬਣੇ ਆਪਨੇ ਸਚ ਦਾ ਪ੍ਰਕਾਸ਼ ਕੀਤਾ।

ਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਭਾਰਤ ਦੀ ਦਸ਼ਾ

ਸਤਿਗੁਰੂ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਔਰੰਗਜੇਬ ਹਿੰਦੁਸਤਾਨ ਦਾ ਬਾਦਸ਼ਾਹ ਬਣ ਚੁਕਾ ਸੀ। ਉਸਨੇ ਰਾਜਸੀਸ਼ਕਤੀ ਵਧਾਉਣ ਤੇ ਇਸਲਾਮ ਦੇ ਵਾਧੇ ਵਾਸਤੇ ਜੀਵਨ ਬਾਜੀ ਲਾ ਦਿਤੀ ਸੀ।ਏਸੇ ਸਮੇਂ (੧੬੬੭ ਈਸਵੀ) ਵਿਚ ਨੇਕ ਹਿੰਦੂ ਰਾਜੇ ਜੈਸਿੰਘ ਤੇ ਜਸਵੰਤ ਸਿੰਘ ਵਰਗੇ ਪਰਲੋਕ ਗਮਨ ਕਰ ਚੁਕੇਸਨ।ਕਾਜੀਆਂ ਤੇ ਮੌਲਾਣਿਆਂ ਦੇ ਹਥ ਹਿੰਦ ਦੀ ਵਾਗਡੋਰਚਲੀ ਗਈ ਸੀ। ਉਨ੍ਹਾਂ ਦੇ ਅਸਰ ਰਸੂਖ ਦੇ ਕਾਰਨ ਹਿੰਦੂਆਂ ਉਤੇ ਜੁਰਮਾਨੇ ਤੇ ਜ਼ੁਲਮ ਹੋਣਲਗੇ ਸਨ। ਭਾਰੀ ਜੇਜ਼ੀਏ (ਟੈਕਸ) ਲਾਏ ਗਏ ਸਨ। ਵਡੇ ਵਡੇ ਪੰਡਤ ਤੇ ਸਾਧੂ ਪੁਸਤਕਾਂ ਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਚੁਕ ਕੇ ਪਹਾੜਾਂ ਨੂੰ ਜਾ ਚੁਕੇ ਸਨ। ਰਾਜ ਦੀ ਮਾੜੀਨੀਤੀ ਦੇ ਕਾਰਨ ਲੋਕਾਂ ਦੀ ਆਰਥਕ ਦਸ਼ਾ ਬਹੁਤਭੈੜੀ ਹੋ ਗਈ ਸੀ। ਨਾ ਕੋਈ ਚਿਤ ਲਾ ਕੇ ਕਾਰੋਬਾਰ ਕਰਦਾ ਸੀ ਤੇ ਨਾ ਕ੍ਰਿਸਾਨੀ ਕਿਰਤ ਹੁੰਦੀ ਸੀ। ਹਰ ਵਕਤ ਹਿੰਦੂ ਨੂੰ ਜਾਨ ਦੀ ਚਿੰਤਾ ਰਹਿੰਦੀ। ਜਦੋਂ ਰਜਕੇ ਕਮਾਈ ਨਾ ਕੀਤੀ ਤਾਂ ਆਮਦਨੀ ਜ਼ਰੂਰ ਘਟ ਜਾਣੀ ਸੀ। ਜਦੋਂ ਆਮਦਨੀ ਘਟ ਜਾਵੇ ਤਾਂ ਗਰੀਬੀਆਈ।ਗਰੀਬੀਸਮੇਂ ਆਦਮੀ ਦੀ ਸਮਾਜਿਕ

Sri Satguru Jagjit Singh Ji eLibrary NamdhariElibrary@gmail.com

ਦਸ਼ਾ ਭੀ ਮਾੜੀ ਹੋ ਜਾਂਦੀ ਹੈ। ਆਰਥਿਕ ਮੰਦਰਵਾੜੇ ਨੇ ਸਮਾਜਿਕ ਦਸ਼ਾ ਖਰਾਬ ਕਰ ਦਿਤੀ ਹੈ। ਹਾਕਮ ਪਰਜਾ ਨੂੰ ਪਾੜ ਖਾਣ ਵਾਲੇ ਬਘਿਆੜ ਬਣ ਚੁਕੇ ਸਨ। ਉਹ ਜਿਥੇ ਧਨ ਜੇਵਰ ਤੇ ਅੰਨ ਹਿੰਦੂਆਂ ਦਾ ਲੁਟਦੇ ਸਨ, ਓਹ ਹਿੰਦੂ ਨਾਰੀਆਂ ਦੀ ਇਜ਼ਤ ਉਤੇ ਵੀ ਡਾਕਾ ਮਾਰਦੇ ਸਨ। ਅਨਖੀਲੇ ਲੋਕ ਜਾਂ ਤਾਂ ਧੀਆਂ ਨੂੰ ਮਾਰਨ ਲਗ ਪਏ ਸਨ ਤੇ ਜਾਂ ਧੀ ਦਾ ਛੋਟੀ ਉਮਰ ਵਿਚ ਵਿਆਹ ਕਰਨ ਲਗੇ। ਬਚਪਨ ਦੀਆਂ ਸ਼ਾਦੀਆਂ ਦਾ ਮਹਾਂ ਰੋਗ ਭਾਰਤੀ ਸਮਾਜ ਨੂੰ ਉਸ ਸਮੇਂ ਲਗਾ ਜਦੋਂ ਉਹ ਰੋਗ ਹੌਲੀ ਹੌਲੀ ਇਕ ਪੁੰਨ ਦਾ ਰੂਪ ਧਾਰਨ ਕਰ ਗਿਆ। ਲੋਕਾਂ ਦੇ ਮਨ ਉਤੇ ਇਹ ਵਿਚਾਰ ਉਕਰਿਆ ਗਿਆ ਕਿ ਜੋ ਕੰਨਿਆਂ ਨੂੰ ਛੋਟੀ ਉਮਰੇ ਵਿਆਹੇਗਾ ਉਸਨੂੰ ਬਹੁਤ ਪੁੰਨ ਲਗਦਾ ਹੈ 'ਕੰਨਿਆ ਦਾਨ' ਪਵਿਤ੍ਰ ਹੁੰਦਾ ਹੈ। ਗਲ ਕੀ ਕਈਆਂ ਪਹਿਲੂਆਂ ਵਿਚ ਹਿੰਦੂ ਜਾਤੀ ਦੀ ਸਮਾਜਿਕ, ਰਾਜਸੀ ਤੇ ਆਰਥਿਕ ਜ਼ਿੰਦਗੀ ਨਸ਼ਟ ਹੋ ਗਈ। ਬਹੁਤਿਆਂ ਨੂੰ ਦੰਗੇ ਜੀਵਨ ਦਾ ਅਹਿਸਾਸ ਹੀ ਨਾ ਰਿਹਾ।ਅਗਿਆਨਤਾ,ਗਰੀਬੀ ਤੇ ਡਰਦੇ ਦਬਾ ਨਾਲ ਉਹ ਐਨੇ ਗਿਰਾਵਟ ਵਿਚ ਆ ਗਏ ਕਿ ਸੋਚ ਦਾ ਦ੍ਰਿਸ਼ਟੀਕੋਨ ਹੀ ਬਦਲ ਗਿਆ। ਉਹ ਹਰ ਬਿਪਤਾ ਤੇ ਗਿਰਾਵਟ ਨੂੰ 'ਭਗਵਾਨ ਦੀ ਇਛਾ' ਆਖ ਕੇ ਸਹਿਣ ਲਗੇ ਤੇ ਬਕਰੀਆਂ ਦੀ ਤਰ੍ਹਾਂ ਜੀਵਨ ਬਿਤਾਉਣ ਲਗੇ।

ਇਨੀਂ ਦਿਨੀਂ (੧੬੬੬ ਈ:) ਵਿਚ ਪਛਮੀ ਲੋਕ ਅੰਗ੍ਰੇਜ਼ ਤੇ ਪੁਰਤਗੇਜ਼ੀ ਭਾਰਤ ਵਿਚ ਬਿਉਪਾਰੀਆਂ ਦੇ ਰੂਪ ਵਿਚ ਆਉਣੇ ਸ਼ੁਰੂ ਹੋਏ ਸਨ। ਉਨ੍ਹਾਂ ਨੇ ਸੂਰਤ ਵਿਚ ਚੰਗਾ ਅੱਡਾ ਕਾਇਮ ਕਰ ਲਿਆ ਸੀ, ਹਿੰਦ ਦੀ ਸੁਤੰਤ੍ਰਤਾ ਨੂੰ ਖਾਣ ਵਾਸਤੇ ਇਹ ਦੁਸਰਾ ਘੁਣ ਦਾ ਕੀੜਾ ਲਗਾ ਜੋ ਵਧਦਾ ਵਧਦਾ ਔਰੰਗਜ਼ੇਬ ਦੀ ਮੌਤ ਦੇ ਨਾਲ ਦਖਣੀ ਤੇ ਪੂਰਬੀ ਹਿੰਦ ਦੀਆਂ ਸਮੁੰਦਰੀ ਬੰਦਰਗਾਹਾਂ ਨੂੰ ਮਲ ਬੈਠੇ ਸਨ। ਸਮਝੋ ਹਿੰਦ ਦੇ ਲੁਟੇਰਿਆਂ ਵਿਚ ਵਾਧਾ ਹੋ ਗਿਆ ਸੀ।

ਮੁਗਲ ਬਾਦਸ਼ਾਹ ਦੇ ਪੁਰਜ਼ਿਆਂ ਨੇ ਲੋਕਾਂ ਨੂੰ ਐਨਾ ਭੈ-ਭੀਤ ਕੀਤਾ ਹੋਇਆ ਸੀ ਕਿ ਓਹ ਰਾਜ ਦੇ ਵਿਰੁਧ ਉਭਾਸ਼ਰਦੇ ਨਹੀਂ ਸਨ। ਚੁਪ ਚਾਪ ਹਰ ਪ੍ਰਕਾਰ ਦੇ ਦੁਖ ਝੱਲੀ ਜਾਂਦੇ ਸਨ। ਸਿਰਫ ਤਰਲੇ-ਬਨਤੀ ਦਾ ਇਕੋ ਹਥਿਆਰ ਵਰਤਦੇ ਸਨ,ਇਹ ਹਥਿਆਰ ਕਦੀ ਕੰਮ ਦੇਂਦਾ ਤੇ ਕਦੀ ਨਿਕੰਮਾ ਹੋ ਜਾਂਦਾ ਸੀ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੇ ਜੁਆਨ ਹੋਣ ਤਕ ਹਿੰਦੂ ਜਾਤੀ ਦੀ ਦਸ਼ਾ ਬਹੁਤ ਹੀ ਤਰਸ ਜੋਗ ਸੀ। ਕਈ ਇਲਾਕੇ ਯੂ. ਪੀ. ਬਿਹਾਰ ਤੇ ਉੜੀਸਾ ਆਦਿਕ, ਦੇ ਤਾਂ ਸਾਰੇ ਆਦਮੀ ਘਸਿਆਰੇ ਬਣ ਗਏ ਸਨ। ਧਰਮ, ਅਣਖ, ਹਿੰਮਤ ਤੇ ਪਿਆਰ ਉਨ੍ਹਾਂ ਕੋਲ ਨਹੀਂ ਸਾ ਰਿਹਾ। ਹਰ ਪਾਸੇ ਅਨਿਆਇ, ਅਧਰਮ, ਪਾਪ ਤੇ ਜ਼ੁਲਮ ਦੀ ਕਾਲੀ ਰਾਤ ਭਾਰਤ ਦੇ ਅਸਮਾਨ ਤੇ ਛਾ ਗਈ ਸਾ।

੧. ਸਤਿਗੁਰ ਜੀ ਦਾ ਅਵਤਾਰ ਧਾਰਨਾ

ਗੰਗਾ ਦਰਿਆ ਦੇ ਕਿਨਾਰੇ ਪਟਨਾ ਸ਼ਹਿਰ ਹੈ। ਅਜ ਕਲ ਇਹ ਸ਼ਹਿਰ ਸੂਬਾ ਬਿਹਾਰ ਦੀ ਰਾਜਧਾਨੀ ਹੈ। ਪੂਜਯ ਦਰਿਆ ਗੰਗਾ ਕਿਨਾਰੇ ਹੋਣ ਕਰਕੇ ਇਹ ਸ਼ਹਿਰ ਆਰੀਆ ਯੁਗ ਦਾ ਹੈ। ਸ਼ਹਿਰ ਦੇ ਅੰਦਰ ਤੇ ਚੌਗਿਰਦੇ ਅਨੇਕਾਂ ਪ੍ਰਾਚੀਨ ਕਾਲ ਦੀਆਂ ਨਿਸ਼ਾਨੀਆਂ ਅਜੇ ਤਕ ਕਾਇਮ ਹਨ। ਕਦੀ ਇਹ ਸ਼ਹਿਰ ਹਿੰਦੂ ਸਭਿਅਤਾ ਦਾ ਕੇਂਦਰ ਰਿਹਾ ਹੈ। ਦਿਲੀ ਤੋਂ ਦੂਰ ਹੋਣ ਕਰਕੇ ਸਤਾਰ੍ਹਵੀਂ ਸਦੀ ਵਿਚ ਮੁਸਲਮਾਨਾਂ ਦੇ ਤਅੱਸਬੀ ਤੂਫਾਨ ਤੋਂ ਬਚਿਆ ਰਿਹਾ ਸੀ।

ਪਟਨਾ ਅਜ ਸਿਖ ਧਰਮ ਦਾ ਚੌਥਾ ਤਖਤ ਹੈ। ਸਾਰਾ ਸਿਖ ਜਗਤ ਇਸਦੇ ਦਰਸ਼ਨਾਂ ਨੂੰ ਲੋਚਦਾ ਹੈ। ਇਹ ਅਸਥਾਨ ਪੂਜਨੀਕ ਇਸ ਵਾਸਤੇ ਹੈ ਕਿ ਅਕਾਲ ਪੁਰਖ ਦੇ ਹੁਕਮ ਨਾਲ ਮਹਾਂ ਯੋਗੀ ਤੇ ਤਪੱਸਵੀ ਦਸਮੇਸ਼ ਪਿਤਾ ਜੀ ਨੇ ਮਾਤਾ ਗੁਜਰੀ ਜੀ ਦੀ ਕੁਖੋਂ ਪੋਹ ਸੁਦੀ ਸਤਵੀਂ ਮੰਗਲਵਾਰ ਮਾਘ ਸੰਮਤ ੧੭੨੩ ਬਿਕ੍ਰਮੀ ਮੁਤਾਬਿਕ ੧੬੬੬ ਈਸਵੀ ਨੂੰ ਸਤਿਗੁਰੂ ਤੇਗਬਹਾਦਰ ਜੀ ਦੇ ਘਰ ਅਵਤਾਰ ਧਾਰਿਆ ਸੀ। ਇਹ ਸਮਾਂ ਉਹ ਸੀ ਜਦੋਂ ਮੁਗਲਾਂ ਦੇ ਜ਼ੁਲਮਾਂ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਸੀ।

ਪੁਤ੍ਰ ਜਨਮ ਦੀ ਖੁਸ਼ੀ ਨੇ ਮਾਤਾ ਗੁਜਰੀ ਨੂੰ ਅਨੰਦ ਦਾ ਹੁਲਾਰਾ ਲਿਆਂਦਾ, ਉਨ੍ਹਾਂ ਨੂੰ ਸਾਰੀਆਂ ਜਨਣ ਪੀੜਾਂ ਭੁਲ ਗਈਆਂ। ਉਨ੍ਹਾਂ ਦੇ ਨੈਣ ਕੰਵਲ ਫੁਲ ਵਾਂਗ ਖਿੜਕੇ ਸੁੰਦਰ ਬਾਲਕ ਦਾ ਮੂੰਹ ਦੇਖਣ ਲਗੇ। ਹਿਰਦਾ ਬਾਗ ਬਾਗ ਹੋ ਗਿਆ, ਪਿਛਲੀ ਉਮਰੇ ਤਰਸੇਵਿਆਂ ਤੇ ਵਾਹਿਗੁਰੂ ਅਗੇ ਤਰਲੇ ਕਰਦਿਆਂ ਨੂੰ ਬਾਲਕ ਦੇ ਦਰਸ਼ਨ ਹੋਏ। ਖੁਸ਼ੀਆਂ ਦੀ ਸੀਤਲ ਹਵਾ ਤੇ ਚਾਵਾਂ ਦਾ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਸਾਰੇ ਘਰ ਵਿਚ ਖਿਲਰ ਗਏ। ਓਹੋ ਘਰ ਜਿਥੇ ਕਦੀ ਸਤਿਗੁਰੂ ਨਾਨਕ ਦੇਵ ਜੀ ਜਗਤ ਦੇ ਚਾਨਣ ਬੈਠੇ ਸਨ। ਜਿਥੇ ਕਦੀ ਸਾਲਸ ਰਾਏ ਨੂੰ ਨਿਹਾਲ ਕੀਤਾ ਗਿਆ ਸੀ। ਓਥੇ ਹਿੰਦ ਵਿਚ, ਹਿੰਦੂ ਨੂੰ ਤਿਲਕ ਦੇ ਰਖਵਾਲੇ ਨੇ ਅਵਤਾਰ ਲਿਆ, ਜਗਤ ਵਿਚ ਰੌਸ਼ਨੀ ਹੋਈ। ਸਭ ਨੇ ਕਿਹਾ, 'ਪਟਨੇ ਵਿਚ ਚੰਨ ਚੜ੍ਹਿਆ ਹੈ।'

ਮਾਤਾ ਨਾਨਕੀ ਜੀ ਗੁਲਾਬ ਦੀਆਂ ਪੱਤੀਆਂ ਨਾਲੋਂ ਸੁੰਦਰ ਮੁਖੜੇ ਵਾਲੇ ਪੋਤਰੇ ਨੂੰ ਦੇਖ ਦੇਖਕੇ ਰਜਦੇ ਨਹੀਂ ਸਨ। ਉਹ ਪੰਝੀ ਛੱਬੀ ਸਾਲ ਤੋਂ ਪੋਤਰੇ ਦਾ ਮੁਖੜਾ ਦੇਖਣ ਦੀ ਉਡੀਕ ਕਰ ਰਹੇ ਸਨ ਉਡੀਕਾਂ ਕਰਦਿਆਂ ਨੂੰ ਆਖਰ ਓਹ ਘੜੀ ਆ ਪੁਜੀ ਜਦੋਂ ਸ਼ਹੀਦਾਂ ਦੇ ਸਿਰਤਾਜ ਮੁਨੀਆਂ ਦੇ ਮੁਨੀ ਅਤੇ ਅਵਤਾਰਾਂ ਦੇ ਅਵਤਾਰ ਨੇ ਪੋਤਰੇ ਰੂਪ ਵਿਚ ਦਰਸ਼ਨ ਦਿਤੇ। ਦਰਸ਼ਨ ਕਰਕੇ ਅੱਖਾਂ ਨਿਹਾਲ ਹੋ ਗਈਆਂ ਹਿਰਦਾ ਸ਼ਾਂਤ ਹੋ ਗਿਆ ਤੇ ਬੁਢੇਪੇ ਵਾਲੇ ਸਰੀਰ ਦੇ ਅੰਗਾਂ ਵਿਚੋਂ ਕਮਜ਼ੋਰੀ ਦੂਰ ਹੋ ਗਈ। ਇਕ ਦਮ ਹਵਾ ਦਾ ਰੂਪ ਧਾਰਨ ਕਰਕੇ ਬਲ ਦੀ ਲਹਿਰ ਦੌੜ ਗਈ।

ਓਸ ਵੇਲੇ ਦਾਈ ਨੇ ਰੌਲਾ ਪਾ ਦਿਤਾ—'ਪੁਤ੍ਰ ਨੇ ਜਨਮ ਲਿਆ ਹੈ, ਚੰਨ ਵਰਗਾ ਪੁਤ੍ਰ! ਪੁਤ੍ਰ ਵੇ ਲੋਕੋ ਨਿਰਾ ਨੂਰ ਮੁਸਕਰਾਉਂਦਾ! ਮੈਂ ਤਾਂ ਦਰਸ਼ਨ ਕਰਕੇ ਨਿਹਾਲ ਹੋ ਗਈ, ਝੱਲੀ ਹੋ ਗਈ, ਮੇਰੇ ਮਨ ਨੂੰ ਸੋਹਣਾ ਲਗਦਾ ਹੈ। ਐਸਾ ਬਾਲਕ ਮੈਂ ਪਹਿਲਾਂ ਕਦੀ ਨਹੀਂ ਜੇ ਦੇਖਿਆ ਜੋ ਕਿਸੇ ਮਾਤਾ ਨੇ ਜਨਮਿਆਂ ਹੋਵੇ। ਕੋਈ ਅਵਤਾਰ ਹੈ ਅਵਤਾਰ।'

ਮਾਤਾ ਨਾਨਕੀ ਜੀ ਨੇ ਓਸੇ ਵੇਲੇ ਵਾਜੇਵਾਲਿਆਂ ਨੂੰ ਸਦਿਆ ਤੇ ਆਖਿਆ, 'ਵਾਜਾ ਵਜਾਓ, ਗੀਤ ਗਾਓ, ਖੁਸ਼ੀਆਂ ਮਨਾਓ ਤੇ ਮੂੰਹੋਂ ਮੰਗੇ ਦਾਨ ਪਾਓ।' ਮਾਤਾ ਜੀ ਦੇ ਹਿਰਦੇ ਦੀ ਸਚੀ ਸੱਦ ਸੁਣਕੇ ਵਾਜਿਆਂ, ਢੋਲਾਂ, ਭੇਰੀਆਂ ਵਾਲੇ ਆ ਪੁਜੇ ਢੋਲਕੀਆਂ ਤੇ ਛੈਣਿਆਂ ਨਾਲ ਸਾਰਾ ਵਾਯੂ ਮੰਡਲ ਗੂੰਜਣ ਲਗਾ। ਪਟਣੇ ਦੇ ਨਰ-ਨਾਰੀ ਪੰਛੀ ਤੇ ਪਸ਼ੂ ਵੀ ਕਹਿਣ ਲਗੇ—'ਧੰਨ ਸਤਿਗੁਰੂ ਜੀ! ਮਾਤਾ ਜੀ ਵਧਾਈ ਹੋਵੇ! ਲੱਖ ਲੱਖ ਵਧਾਈ ਹੋਵੇ! ਮਹਾਂ ਸ਼ਕਤੀ ਨੇ ਪੁਰਖ ਰੂਪ ਵਿਚ ਆਪ ਦੇ ਘਰ ਜਨਮ ਲਿਆ ਹੈ। ਸਾਰੇ ਕਲਕਲੇਸ਼ ਕਟਣਗੇ। ਤਪਦੇ ਹਿਰਦੇ ਠਾਰਣਗੇ। ਮਾਤਾ ਗੂਜਰੀ ਧੰਨ ਹੈ। ਸਫਲ ਜਨਮ ਹੈ ਮਾਤਾ ਗੂਜਰੀ ਜੀ ਦਾ।

ਪੁੰਨ ਦਾਨ ਹੋਣੇ ਸ਼ੁਰੂ ਹੋਏ ਗਰੀਬਾਂ ਵਾਸਤੇ ਲੰਗਰ ਲਾਏ ਗਏ ਲਾਗੀਆਂ

Sri Satguru Jagjit Singh Ji eLibrary NamdhariElibrary@gmail.com

ਨੂੰ ਕਪੜੇ ਰੁਪੈ ਤੇ ਦਾਣੇ ਖੁਲੇ ਦਿਲ ਦਿਤੇ ਗਏ। ਸਾਰੇ ਹਿਰਦੇ ਗੁਣ ਗਾਉਣ ਲਗੇ ਤੇ ਖ਼ੁਸ਼ੀਆਂ ਮਨਾਉਣ ਲਗੇ।

ਉਸ ਵੇਲੇ ਧਰਤੀ ਹਿੱਲੀ, ਸ਼ਾਇਦ ਓਹ ਪ੍ਰਸੰਨ ਹੋਈ ਓਹਦੇ ਉਪਰ ਜੋ ਜ਼ੁਲਮ ਦਾ ਭਾਰ ਹੈ ਉਸ ਨੂੰ ਘਟਾਉਣ ਵਾਲੇ ਨੇ ਅਵਤਾਰ ਧਾਰਿਆ ਹੈ। ਧਰਤੀ ਦੇ ਹਿਲਣ ਨਾਲ ਜ਼ਾਲਮਾਂ ਦੇ ਦਿਲ ਹਿਲ ਗਏ। ਸੂਬੇਦਾਰ ਤੇ ਬਾਦਸ਼ਾਹ ਨੂੰ ਡਰ ਆਇਆ। ਉਨ੍ਹਾਂ ਨੇ ਬਹੁਤ ਭਿਆਨਕ ਸੁਪਨੇ ਦੇਖੇ, ਉਨ੍ਹਾਂ ਨੇ ਦੇਖਿਆ ਬਹੁਤ ਵਡਾ ਸ਼ੇਰ ਉਨ੍ਹਾਂ ਦੇ ਮਹਿਲਾਂ ਵਿਚ ਆ ਵੜਿਆ ਸੀ। ਪਹਿਰੇਦਾਰ ਰੋਕਦੇ ਰਹੇ,ਪਰ ਉਸਨੂੰ ਕੋਈ ਨਾ ਰੋਕ ਸਕਿਆ ਓਹਦੀ ਬਾਦਸ਼ਾਹੀ ਦੀ ਚਿੱਕ ਤੇ ਚੜ੍ਹਨ ਦੀ ਢਿੱਲ ਸੀ ਕਿ ਅੱਖਾਂ ਖੁਲ੍ਹ ਗਈਆਂ। ਸੂਬੇਦਾਰ ਨੇ ਦੇਖਿਆ ਓਹ ਸ਼ਾਹੀ ਬਾਗ ਫੁਲਵਾੜੀ ਵਿਚ ਹਰੇ ਘਾਹ ਉਤੇ ਬੈਠੇ ਹਨ। ਉਨ੍ਹਾਂ ਦੇ ਦੇਖਦਿਆਂ ਦੇਖਦਿਆਂ ਬਿਨਾ ਜਲ ਤੋਂ ਹੀ ਕਿਤਿਓਂ ਮਗਰ ਮੱਛ ਆ ਗਿਆ ਤੇ ਉਨ੍ਹਾਂ ਨੂੰ ਖਾ ਜਾਣ ਵਾਸਤੇ ਅਗੇ ਵਧਿਆ। ਓਹ ਡਾਡਾਂ ਮਾਰਦੇ ਹੋਏ ਉਠਕੇ ਨੱਠ ਉਠੇ ਉਨ੍ਹਾਂ ਕੋਲੋਂ ਨਠਿਆ ਨਹੀਂ ਸੀ ਜਾਂਦਾ। ਡਿੱਗ ਡਿੱਗ ਕੇ ਲੱਤਾਂ ਗੋਡੇ ਭਨਾਈ ਜਾਂਦੇ ਸਨ ਐਸੀ ਹਾਲਤ ਵਿਚ ਹੀ ਉਨ੍ਹਾਂ ਦੀ ਨੀਂਦ ਖੁਲ੍ਹ ਗਈ। ਓਹਨਾਂ ਨੇ ਓਸੇ ਵੇਲੇ ਰਮਲੀਆਂ ਤੇ ਹਕੀਮਾਂ ਨੂੰ ਕੋਲ ਸਦਿਆ। ਰਮਲੀਆਂ ਕੋਲੋਂ ਸੁਪਨੇ ਦਾ ਫਲ ਪੁਛਿਆ ਤਾ ਉਨ੍ਹਾਂ ਨੇ ਜਿਹਾ—'ਕਿਸੇ ਐਸੇ ਮਹਾਂ ਬਲੀ ਨੇ ਜਨਮ ਲਿਆ ਹੈ ਜੋ ਮੁਗਲ ਹਕੂਮਤ ਨਾਲ ਟੱਕਰ ਲਵੇਗਾ। ਇਹ ਨਹੀਂ ਕਿਹਾ ਜਾ ਸਕਦਾ ਕਿ ਓਹ ਕਿਥੇ ਕਦੋਂ ਤੇ ਕਿਸ ਦੇ ਘਰ ਜਨਮਿਆਂ ਹੈ ? ਇਹ ਜ਼ਰੂਰ ਕੋਈ ਹਿੰਦੂ ਹੋਵੇਗਾ। ਭਾਲ ਕਰਨੀ ਚਾਹੀਦੀ ਹੈ।' ਰਮਲੀਆਂ ਦੇ ਇਹ ਬੋਲ ਸੁਣ ਕੇ ਸੂਬੇਦਾਰ ਹੋਰੀਂ ਭੈ ਭੀਤ ਹੋ ਗਏ।

ਓਸੇ ਵੇਲੇ ਸਾਧੂਆਂ, ਫਕੀਰਾਂ ਤੇ ਜਰਿਆਸੂਆਂ ਦੇ ਹਿਰਦੇ ਵਿਚ ਸ਼ਾਂਤੀ ਆਈ। ਉਨ੍ਹਾਂ ਨੂੰ ਚੰਗੇ ਸੁਪਨੇ ਆਏ। ਉਨ੍ਹਾਂ ਦੇ ਮੂੰਹੋਂ ਮਲੋ ਮਲੀ ਪਟਨਾ ਸ਼ਹਿਰ ਵਲ ਹੋ ਗਏ ਤੇ ਸਿਰ ਨਿਵਾ ਕੇ ਨਮਸ਼ਕਾਰਾਂ ਕਰਨ ਲਗੇ। ਗਲ ਕੀ ਸੰਸਾਰ ਦੀ ਮਹਾਨ ਸ਼ਕਤੀ ਦਾ ਸੂਰਜ ਪ੍ਰਗਟ ਹੋਇਆ, ਜਿਸ ਦੀ ਮੇਹਰ ਨਾਲ ਹਿੰਦ ਤੇ ਸੰਸਾਰ ਦਾ ਇਤਿਹਾਸ ਹੀ ਬਦਲ ਗਿਆ।

Sri Satguru Jagjit Singh Ji eLibrary NamdhariElibrary@gmail.com

੪. ਬਚਪਨ ਦੇ ਨਿਰਾਲੇ ਕੌਤਕ

ਬਚਪਨ ਹਰ ਬਾਲਕ ਦਾ ਸ਼ਾਹੀ ਜੀਵਨ ਹੁੰਦਾ ਹੈ ਪਰ ਕਈਆਂ ਮਹਾਂ ਪੁਰਖਾਂ ਦਾ ਬਚਪਨ ਜੀਵਨ ਤਾਂ ਬਹੁਤ ਹੀ ਵਿਸਮਾਦ ਕਰਣ ਵਾਲਾ ਹੁੰਦਾ ਹੈ। ਸਮਾਂ ਆਪਣੀ ਇਕ-ਸਾਰਤਾ ਵਾਲੀ ਮਧੁਰ ਚਾਲ ਨਾਲ ਤੁਰਿਆ ਗਿਆ, ਜਿਉਂ ਜਿਉਂ ਸਮਾਂ ਅਗੇ ਤੁਰਿਆ ਤਿਉਂ ਤਿਉਂ ਸਾਹਿਬਜ਼ਾਦੇ 'ਗੋਬਿੰਦਰਾਏ' ਜੀ ਵਡੇ ਹੁੰਦੇ ਗਏ। ਪਹਿਲਾਂ ਮਾਤਾ ਗੂਜਰੀ ਜੀ, ਮਾਤਾ ਨਾਨਕੀ ਜੀ ਅਤੇ ਦਾਸੀਆਂ ਦੀਆਂ ਗੋਦਾਂ ਵਿਚ ਤੇ ਉਨ੍ਹਾਂ ਦੇ ਪ੍ਰੀਤ ਥਰਥਰਾਂਦੇ ਹਥਾਂ ਉਪਰ ਖੇਡੇ, ਫਿਰ ਸਾਫ ਸੁਥਰੇ ਗਲੀਚਿਆਂ ਵਾਲੇ ਫਰਸ਼ਾਂ ਉਪਰ ਰਿੜ੍ਹਨ ਲਗੇ। ਰਿੜ੍ਹਦੇ ਰਿੜ੍ਹਦੇ ਹੀ ਉਠਕੇ ਖਲੋਣ ਲਗੇ। ਇਕ ਸਾਲ ਦੇ ਹੋ ਗਏ ਮਾਤਾ ਜੀ ਨੇ ਖੁਸ਼ੀਆਂ ਕੀਤੀਆਂ ਪੁੰਨ ਦਾਨ ਕੀਤੇ। ਤੋਤਲੀ ਜੀਭਾਂ ਨਾਲ ਮਿਠੇ ਬਚਨ ਕਰਨ ਲਗੇ। ਜੇਹੜੇ ਮੱਥੇ ਲਗਦਾ ਅਤੇ ਜੋ ਦਰਸ਼ਨ ਪੌਂਦਾ ਤੇ ਬਚਨ ਸੁਨਦਾ ਓਹੋ ਹੀ ਨਿਹਾਲ ਹੋ ਜਾਂਦਾ। ਉਸ ਪਾਪੀ ਜੀਊੜੇ ਦੇ ਸਾਰੇ ਪਾਪ ਇਉਂ ਕਟੇ ਜਾਂਦੇ ਜਿਵੇਂ ਤੇਜ਼ ਕਰਦ ਨਾਲ ਖਰਬੂਜਾ ਕਟਿਆ ਜਾਂਦਾ ਹੈ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਜਗਿਆਸੂ ਸ਼ਰਧਾਲੂ, ਸਿਖ ਅਤੇ ਮਾਈਆਂ ਬੀਬੀਆਂ ਧਰਮਸਾਲਾ ਦੇ ਬੂਹੇ ਅਗੇ ਆ ਖਲੋਂਦੀਆਂ ਕਿ ਸਾਹਿਬਾਂ ਦੇ ਕਿਵੇਂ ਨਾ ਕਿਵੇਂ ਦਰਸ਼ਨ ਹੋ ਜਾਨ ਜੋ ਰੋਗੀ ਨੇ ਦੀਦਾਰ ਪਾਇਆ ਤਾਂ ਉਹ ਅਰੋਗ ਹੋ ਗਿਆ, ਜੇ ਜੋਗੀ ਨੇ ਦਰਸ਼ਨ ਕੀਤਾ ਤਾਂ ਉਹ ਮੁਕਤ ਹੋ ਗਿਆ ਤੇ ਜੇ ਭੋਗੀ ਨੇ ਦਾਤੇ ਨੂੰ ਦੇਖਿਆ ਤਾ ਉਹ ਭਗਤ ਹੋ ਗਿਆ। ਮਮਤਾ ਕੁਠੀਆਂ ਮਾਵਾਂ ਆਪਣੇ ਪੁਤ੍ਰਾਂ ਨੂੰ ਕੁਛੜ ਚੁਕੀ ਇਸ ਤਰ੍ਹਾਂ ਨੱਠੀਆਂ ਆਉਂਦੀਆਂ ਜਿਵੇਂ ਗਊ ਹਰੇ ਪਠਿਆਂ ਤੇ ਵੱਛੇ ਵਲ ਜਾਂਦੀ ਹੈ। ਉਹ ਆਪਣੇ ਪੁਤ੍ਰਾਂ ਸਮੇਤ ਬਾਲ ਗੁਰੂ ਜੀ ਦੇ ਦਰਸ਼ਨ ਦੀਦਾਰੇ ਕਰਦੀਆਂ ਸਨ।

ਸਤਵਾਦੀ ਸਤਿਗੁਰੂ ਜੀ ਦੇ ਮੁਖੋਂ ਜੋ ਬਚਨ ਨਿਕਲਦਾ ਉਹ ਸਤ ਹੁੰਦਾ ਜੇ ਕਿਸੇ ਨੂੰ ਆਖਦੇ ਤੂੰ ਧਨੀ ਹੈਂ ਤਾਂ ਉਹ ਦੌਲਤ ਮੰਦ ਹੋ ਜਾਂਦਾ, ਕਿਸੇ ਨੂੰ ਕਹਿੰਦੇ ਕਿ ਤੂੰ ਭਗਤ ਹੈਂ ਤਾਂ ਉਹ ਸਚਮੁਚ ਭਗਤੀ ਕਰਨੀ ਲਗ ਪੈਂਦਾ। ਮੋਤਸ਼ੀਆਂ ਤੇ ਵੈਦਾਂ ਦੇ ਘਰਾਂ ਦੀ ਤਰ੍ਹਾਂ ਮਾਤਾ ਗੂਜਰੀ ਦੇ ਘਰ ਅਗੇ ਵੀ ਸਵੇਰ

Sri Satguru Jagjit Singh Ji eLibrary NamdhariElibrary@gmail.com

ਤੋਂ ਸ਼ਾਮ ਤਕ ਭੀੜ ਰਹਿੰਦੀ।

ਸੁਗੰਧੀ ਵਾਂਗ ਇਹ ਖਬਰ ਸਾਰੇ ਪਟਨੇ ਵਿਚ ਖਿਲਰ ਗਈ ਕਿ ਪਟਨੇ ਦੇ ਸਾਲਸਰਾਏ ਦੀ ਧਰਮਸਾਲਾ ਵਿਚ ਮਦਰ ਦੇਸ (ਪੰਜਾਬ ਤੋਂ) ਆਏ ਸਤਿਗੁਰੂ ਤੇਗ ਬਹਾਦਰ ਜੀ ਦੇ ਘਰ ਐਸੇ ਬਾਲਕ ਨੇ ਜਨਮ ਲਿਆ ਹੈ ਜੋ ਬਚਪਨ ਤੋਂ ਹੀ ਰਿਧੀਆਂ ਸਿਧੀਆਂ ਦਾ ਮਾਲਕ ਹੈ।

ਇਹ ਕੰਨਸੋ ਇਕ ਐਸੀਮਾਤਾ ਨੇਸੁਣੀ ਜਿਸਦਾ ਪੁਤ੍ਰ ਦੰਦੇ ਤਾਪ ਨਾਲ ਰੋਗੀ ਸੀ। ਦਸ ਸਾਲ ਦੇ ਬੱਚੇ ਦਾ ਲਹੂ ਤਾਪ ਨੇ ਇਸ ਤਰਾਂ ਪੀ ਲਿਆ ਸੀ ਜਿਵੇਂ ਜੇਠ ਦੇ ਦਿਨਾਂ ਦਾ ਰਾਹੀ ਠੰਢੇ ਜਲ ਦੀ ਸਾਰੀ ਮਸ਼ਕ ਪੀ ਜਾਂਦਾ ਹੈ। ਲਹੂ ਪੀ ਕੇ ਬੱਚੇ ਨੂੰ ਹੱਡੀਆਂ ਦੀ ਮੁਠ ਕਰਕੇ ਵੀ ਤਾਪ ਉਸਦਾ ਪਿਛਾ ਨਹੀਂ ਸੀ ਛਡਦਾ। ਨੈਣਾਂ ਵਿਚ ਅਥਰੂ ਤੇ ਦਿਲ ਵਿਚ ਸ਼ਰਧਾ ਰਖਕੇ ਓਹ ਮਾਤਾ ਆਪਣੇ ਬੱਚੇ ਨੂੰ ਲੈ ਆਈ। ਉਸਨੇ ਪੁਤ੍ਰ ਦਾ ਮੰਜਾ ਧਰਮਸਾਲਾ ਦੇ ਬਾਹਰ ਰਖ ਦਿਤਾ। ਓਹ ਉਡੀਕ ਕਰਨ ਲਗੀ ਕਿ ਕਦੋਂ ਧਰਮਸਾਲਾ ਦਾ ਬੂਹਾ ਖੁਲ੍ਹਦਾ ਹੈ ਤੇ ਕਦੋਂ ਮਾਲਕ ਰੂਪ ਗੁਰੂ ਗੋਬਿੰਦਰਾਇ ਜੀ ਬਾਹਰ ਆਉਂਦੇ ਹਨ। ਜਿਉਂ ਹੀ ਬਾਹਰ ਆਉਨਗੇ,ਤਿਉਂ ਹੀ ਓਹ ਬੇਨਤੀ ਕਰੇਗੀ। ਪੁਤ੍ਰ ਵਾਸਤੇ ਜੀਵਨ ਦਾਨ ਮੰਗੇਗੀ।

ਸੂਰਜ ਚੜਨ ਦੇ ਨਾਲ ਹੀ ਧਰਮਸਾਲਾ ਦਾ ਦਰਵਾਜਾ ਖੁਲ੍ਹਿਆ, ਦਰਵਾਜੇ ਦੇ ਖੁਲ੍ਹਣ ਪਿਛੋਂ ਦਾਸੀ ਦੀ ਉਂਗਲੀ ਲੱਗਕੇ ਮੇਹਰਾਂ ਦੇ ਦਾਤੇ ਬਾਹਰ ਆਏ। ਉਨ੍ਹਾਂ ਨ ਗੰਗਾ ਕਿਨਾਰੇ ਫਿਰਨ ਵਾਸਤੇ ਜਾਣਾ ਸੀ। ਸਾਹਿਬਾ ਨੂੰ ਦੇਖਕੇ ਬੀਮਾਰ ਬੱਚੇ ਦੀ ਮਾਤਾ ਨੇ ਦੋਵੇਂ ਹਥ ਜੋੜ ਬੇਨਤੀ ਕੀਤੀ—'ਹੇ ਦਾਤਾ ਮੇਹਰ ਕਰੋ, ਕ੍ਰਿਪਾ ਦ੍ਰਿਸ਼ਟੀ ਨਾਲ ਮੇਰੇ ਬਚੇ ਨੂੰ ਅਰੋਗਤਾ ਬਖਸ਼ੋ। ਦੇਖੋ ਕਿਵੇਂ ਮੌਤ ਨਾਲ ਘੁਲ ਰਿਹਾ ਹੈ। ਨਿਰਾ ਹੱਡੀਆਂ ਦੀ ਮੁਠ ਰਹਿ ਗਿਆ ਹੈ, ਕਰੋ ਕ੍ਰਿਪਾ ! ਇਕ ਤੁਸਾਂ ਦਾ ਆਸਰਾ ਹੈ। ਹੋਰ ਸਾਰੇ ਟੁਟ ਗਏ ਹਨ। ਦਇਆ ਕਰੋ ! ਮੂੰਹ ਵਿਚ ਘਾਹ ਲੈਕੇ ਬੇਨਤੀਆਂ ਕਰ ਰਹੀ ਹਾਂ। ਆਪ ਸਰਬ ਕਲਾ ਸੰਪੂਰਨ ਦਾਤਾ ਹੋ, ਦਇਆ ਦੇ ਸਾਗਰ ਹੋ।'

ਸਾਹਿਬ ਰੁਕ ਗਏ, ਇਕ ਮਾਤਾ ਦੇ ਅੱਥਰੂ ਨਾ ਦੇਖ ਸਕੇ। ਉਹਦੇ ਹਿਰਦੇ ਦੀ ਪੁਕਾਰ ਨੂੰ ਸੁਣਿਆ ਤੇ ਮੰਜੀ ਦੇ ਲਾਗੇ ਹੋਕੇ ਬਚਨ ਕੀਤਾ—'ਹੇ ਮਾਤਾ!

Sri Satguru Jagjit Singh Ji eLibrary NamdhariElibrary@gmail.com

ਧੀਰਜ ਕਰ ਤੇਰਾ ਪੁਤ੍ਰ ਰਾਜ਼ੀ ਹੈ। ਇਸਦੀ ਉਮਰ ਵੱਡੀ ਏ। ਇਹ ਬਚਨ ਕਰਕੇ ਸਾਹਿਬ ਮੁਸਕਰਾਂਦੇ ਹੋਏ ਅਗੇ ਨਿਕਲ ਗਏ।

ਸਤਿਗੁਰੂ ਜੀ ਦਾ ਬਚਨ ਸੁਣ ਕੇ ਮਾਤਾ ਨੂੰ ਹੌਂਸਲਾ ਹੋਇਆ ਉਸਨੇ ਬੱਚੇ ਦੀ ਮੰਜੀ ਚੁਕਵਾਈ ਤੇ ਘਰ ਲੈ ਆਈ। ਪੂਰੇ ਪੰਦਰਾਂ ਦਿਨਾਂ ਪਿਛੋਂ ਬੱਚਾ ਤੁਰਨ ਫਿਰਨ ਲਗ ਪਿਆ। ਹੌਲੀ ਹੌਲੀ ਨੌ-ਬਰ-ਨੌ ਹੋ ਗਿਆ। ਖੁਸ਼ੀਆਂ ਕੀਤੀਆਂ ਬਹੁਤ ਸਾਰਾ ਧਨ-ਪਦਾਰਥ ਲੈਕੇ ਮਾਤਾ ਗੂਜਰੀ ਜੀ ਪਾਸ ਆਈ। ਮਾਤਾ ਜੀ ਨੂੰ ਅਤੇ ਸਾਹਿਬਜ਼ਾਦੇ ਗੋਬਿੰਦਰਾਇ ਜੀ ਨੂੰ ਮੱਥਾ ਟੇਕਿਆ ਬੱਚੇ ਨੂੰ ਮੱਥਾ ਟਿਕਾਇਆ ਤੇ ਨਿਹਾਲ ਨਿਹਾਲ ਹੋ ਗਈ। ਉਸਦਾ ਪੁਤ੍ਰ ਬਹੁਤ ਵਡੀ ਉਮਰ ਵਾਲਾ ਹੋਇਆ ਹੈ। ਇਸ ਤਰਾਂ ਦਾਤੇ ਨੇ ਹਜਾਰਾਂ ਨੂੰ ਤਾਰਿਆ।

ਸਮਾਂ ਬੀਤਦਾ ਗਿਆ, (ਸਤਿਗੁਰੂ) ਗੋਬਿੰਦਰਾਇ ਜੀ ਸੁੰਦਰ ਬਸਤ੍ਰ ਗਹਿਣੇ ਤੇ ਨਿਕੇ ਨਿਕੇ ਪੈਰੀਂ ਮੌਜੇ ਪਹਿਨਕੇ ਠੁਮਕ ਠੁਮਕ ਕਰਦੇ ਹੋਏ ਬਚਿਆ ਨਾਲ ਖੇਡਣ ਜਾਣ ਲਗੇ। ਮਨਮੋਹਣੇ ਸਨ, ਹਰ ਪਾਸੇ ਸਤਿਕਾਰੇ ਜਾਣ ਲਗੇ। ਹਾਣੀ ਬਾਲ ਉਨ੍ਹਾਂ ਨੂੰ ਆਪਣਾ ਸਰਦਾਰ ਸਮਝਦੇ ਸਨ। ਏਡਾਂ ਦਾ ਢੰਗ ਬਚਪਨ ਤੋਂ ਹੀ ਨਿਰਾਲਾ ਸੀ। ਬਸ ਸ਼ਸਤ੍ਰ ਵਿਦਿਆ ਸਿਖਣ ਤੇ ਯੁਧ ਕਰਨ ਦੇ ਸਾਰੇ ਪੈਂਤੜੇ ਸਨ। ਸਾਰੇ ਬਚਿਆਂ ਨੂੰ ਦੋਹਾਂ ਟੋਲੀਆਂ ਵਿਚ ਵੰਡ ਲੈਂਦੇ ਤੇ ਫਿਰ ਫਰਜੀ ਲੜਾਈ ਲੜਦੇ ਦੇਖਦੇ।

ਉਸ ਸਮੇਂ ਪਟਨੇ ਦਾ ਹਾਕਮ ਮੁਸਲਮਾਨ ਨਵਾਬ ਸੀ। ਓਹ ਨਵਾਬ ਜਦੋਂ ਆਪਣੇ ਮਹਿਲਾਂ ਵਿਚੋਂ ਬਾਹਰ ਆਉਂਦਾ ਤਾ ਓਹਦੇ ਨਾਲ ਬਹੁਤ ਸਾਰੇ ਅਹਿਲਕਾਰ ਤੇ ਨੌਕਰ ਚਾਕਰ ਹੁੰਦੇ। ਸਾਰੇ ਸ਼ਹਿਰ ਦੇ ਨਰ ਨਾਰੀ (ਬਾਲ ਬੁਢੇ) ਉਸਨੂੰ ਝੁਕ ਝੁਕਕੇ ਸਲਾਮ ਕਰਦੇ। ਜਿਨ੍ਹਾਂ ਨੇ ਕੋਈ ਫਰਿਆਦ ਕਰਨੀ ਹੁੰਦੀ ਓਹ ਤਾਂ ਰਾਹ ਵਿਚ ਲੇਟ ਹੀ ਜਾਂਦੇ। ਇਹ ਰਵਾਜ ਤੁਰਿਆ ਆਉਂਦਾ ਸੀ ਜੇਕਰ ਕਿਸੇ ਨਾ ਕਿਸੇ ਕਾਰਨ ਕੋਈ ਨਵਾਬ ਨੂੰ ਸਲਾਮ ਨਾ ਕਰੇ ਤਾਂ ਉਸਦੀ ਜਵਾਬ ਤਲਬੀ ਹੁੰਦੀ ਸੀ। ਕਈਆਂ ਨੂੰ ਬਹੁਤ ਕਰੜੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ, ਖਾਸ ਕਰਕੇ ਹਿੰਦੂਆਂ ਨੂੰ ਜਰੂਰ ਹੀ ਝੁਕਕੇ ਸਲਾਮ ਕਰਨਾ ਪੈਂਦਾ ਮੁਸਲਮਾਨਾਂ ਨਾਲੋਂ ਹਿੰਦੂਆਂ ਉਤੇ ਸਖਤੀ ਸੀ।

Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਐਸਾ ਸਬੱਬ ਬਣਿਆ ਕਿ ਨਵਾਬ ਆ ਰਿਹਾ ਸੀ। ਉਹਦੇ ਆਉਣ ਤੋਂ ਪਹਿਲਾਂ ਸਤਿਗੁਰੂ ਜੀ ਆਪਣੇ ਹਾਣੀਆਂ ਤੇ ਆਪ ਤੋਂ ਵਡੇ ਬਾਲਕਾਂ ਨਾਲ ਖੇਡ ਰਹੇ ਸਨ। ਸਾਹਿਬਾਂ ਨੇ ਜਦੋਂ ਦੇਖਿਆ ਕਿ ਨਵਾਬ ਆ ਰਿਹਾ ਤਾਂ ਸਾਹਿਬਾਂ ਨੇ ਸਾਥੀ ਮੁੰਡਿਆਂ ਨੂੰ ਹੁਕਮ ਦਿਤਾ—'ਕੋਈ ਨਵਾਬ ਨੂੰ ਸਲਾਮ ਨਾ ਕਰੇ,ਸਗੋਂ ਮਖੌਲ ਕੀਤਾ ਜਾਵੇ। ਅਸੀਂ ਕਿਸੇ ਦੇ ਅਧੀਨ ਨਹੀਂ ਭਰਿਓ ਨਾਂਹ।'

ਨਵਾਬ ਨੇੜੇ ਆਇਆ, ਉਸਦੇ ਅਹਿਲਕਾਰ ਉਹਦੇ ਅਗੇ ਅਗੇ ਸਨ। ਉਹ ਸਾਰਿਆਂ ਨੂੰ ਦਸੀ ਜਾਂਦੇ ਸਨ—ਨਵਾਬ ਸਾਹਿਬ ਦੀ ਸੁਆਰੀ ਆ ਰਹੀ ਹੈ। ਉਠ ਕੇ ਖਲੋ ਜਾਵੋ, ਸਲਾਮ ਕਰੋ। ਅਹਿਲਕਾਰ ਦੀ ਜ਼ਬਾਨੋਂ ਇਹ ਸ਼ਬਦ ਸੁਣਕੇ ਮੁੰਡੇ ਕਠੇ ਹੋਕੇ ਖਲੋ ਗਏ। ਨਵਾਬ ਪੂਰੀ ਸ਼ਾਨ ਨਾਲ ਆ ਰਿਹਾ ਸੀ। ਜਦੋਂ ਦਰੋਬਰ ਤੇ ਆਇਆ ਤਾਂ ਹੋਰ ਸਾਰਿਆਂ ਸਲਾਮ ਕੀਤੀ ਪਰ ਮੁੰਡਿਆਂ ਨੇ ਸਲਾਮ ਨਾ ਕੀਤੀ, ਉਹ ਅਗੋਂ ਹਸਣ ਲਗ ਪਏ। ਉਸ ਹਾਸੇ ਨੂੰ ਮਖੌਲ ਸਮਝਿਆ। ਪਰ ਸਤਿਗੁਰੂ ਜੀ ਦੇ ਚਿਹਰੇ ਦਾ ਐਸਾ ਪ੍ਰਭਾਵ ਪਿਆ ਕਿ ਨਵਾਬ ਤੇ ਨਵਾਬ ਦੇ ਅਹਿਲਕਾਰਾਂ ਨੂੰ ਹੌਸਲਾ ਨਾ ਪਿਆ ਕਿ ਉਹ ਕੁਝ ਕਹਿਣ ਮਨ ਵਿਚ ਹੀ ਸੜਦੇ ਕੁੜਦੇ ਅਗੇ ਚਲੇ ਗਏ। ਉਸ ਸਮੇਂ ਹਿੰਦੂ ਮਾਪਿਆਂ ਦੇ ਮਨਾਂ ਉਤੇ ਮੁਗਲ ਰਾਜ ਦਾ ਬੜਾ ਰੋਅਬ ਸੀ। ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਦੇ ਪੁਤ੍ਰਾਂ ਨੇ ਅਜ ਨਵਾਬ ਸਾਹਿਬ ਨੂੰ ਸਲਾਮ ਨਹੀਂ ਕੀਤਾ ਤੇ ਨਵਾਬ ਦੀ ਕਰੋਪੀ ਦਾ ਸ਼ਿਕਾਰ ਉਨ੍ਹਾਂ ਨੂੰ ਹੋਣਾ ਪਵੇਗਾ ਤਾਂ ਉਹ ਘਬਰਾ ਗਏ। ਹਰ ਇਕ ਮਾਂ ਬਾਪ ਨੇ ਆਪਣੇ ਪੁਤ੍ਰ ਨੂੰ ਝਿੜਕਿਆ ਕਈਆਂ ਨੇ ਗੁਸੇ ਵਿਚ ਆਕੇ ਮਾਰਿਆ ਵੀ ਕਿ ਉਸ ਨੇ ਨਵਾਬ ਸਾਹਿਬ ਨੂੰ ਸਲਾਮ ਕਿਉਂ ਨਹੀਂ ਕੀਤਾ ? ਪਰ ਮੁੰਡੇ ਅਗੋਂ ਉਤ੍ਰ ਦੇਂਦੇ ਰਹੇ—'ਅਸਾਂ ਨੂੰ ਬਾਬਾ ਜੀ' (ਸਾਹਿਬਜ਼ਾਦੇ) ਨੇ ਰੋਕਿਆ ਸੀ। ਉਹ ਆਖਦੇ ਹਨ ਤੁਰਕ ਹਾਕਮ ਨੂੰ ਸਲਾਮ ਨਹੀਂ ਕਰਨਾ ਚਾਹੀਦਾ।

ਸਚਾਈ ਦੀ ਫਤਹ ਹੋਈ। ਹੌਲੀ ਹੌਲੀ ਅਗਿਆਨੀ ਤੇ ਗੁਲਾਮ ਮਪਿਆਂ ਨੂੰ ਪਤਾ ਲਗ ਗਿਆ ਕਿ ਉਹ ਗਲਤੀ ਤੇ ਹਨ ਤੇ ਉਨ੍ਹਾਂ ਦੇ ਮੁੰਡੇ ਸਚਾਈ ਤੇ ਹਨ। ਸਚਮੁਚ ਹੀ ਤੁਰਕ ਹਾਕਮ ਨੂੰ ਸਲਾਮ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਜ਼ੁਲਮ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

੫. ਪੰਡਤ ਸ਼ਿਵਦੱਤ ਦੀ ਸਾਖੀ

ਗੰਗਾ ਕਿਨਾਰੇ (ਪਟਨੇ ਵਿਚ) ਅਨੇਕਾ ਛੋਟੇ ਛੋਟੇ ਮੰਦਰ ਸਨ। ਉਨ੍ਹਾਂ ਮੰਦਰਾਂ ਦੇ ਵਿਚ ਠਾਕਰਾਂ ਦੀਆਂ ਮੂਰਤਾਂ ਸਨ। ਉਨ੍ਹਾਂ ਮੂਰਤਾਂ ਦੀ ਪੂਜਾ ਕਰਨ ਵਾਲੇ ਅਨੇਕਾਂ ਪੰਡਿਤ ਸਨ। ਭੋਲੇ ਲੋਕ ਸਮਝਦੇ ਸਨ ਕਿ ਠਾਕਰਾਂ ਦੇ ਪੁਜਾਰੀ ਪੰਡਤਾਂ ਨੇ ਭਗਵਾਨ ਦੇ ਦਰਸ਼ਨ ਕਰ ਲਏ ਹਨ ਤੇ ਇਹ ਕਲਿਆਣ ਪ੍ਰਾਪਤ ਕਰ ਚੁਕੇ ਹਨ ਪਰ ਉਨ੍ਹਾਂ ਨੂੰ ਨਾਂ ਭਗਵਾਨ ਦੇ ਦਰਸ਼ਨ ਹੋਏ ਸਨ ਤੇ ਨਾ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ ਸੀ। ਓਹ ਤਾਂ ਪਥਰਾਂ ਦੀ ਪੂਜਾ ਕਰ ਕਰਕੇ ਹਿਰਦੇ ਨੂੰ ਪੱਥਰ ਬਣਾ ਚੁਕੇ ਸਨ।

ਐਸੇ ਪੰਡਤਾਂ ਵਿਚ ਇਕ ਸ਼ਿਵਦਤ ਪੰਡਤ ਸੀ। ਇਹ ਪੰਡਤਾਂ ਵੇਦਾਂ ਸ਼ਾਸਤ੍ਰਾਂ ਦਾ ਪਠੀ, ਪੂਜਾ ਤੇ ਕਿਰਿਆ-ਕਰਮ ਵਾਲਾ ਸੀ। ਇਸਦੀ ਕਥਾ ਸੁਣਕੇ ਇਸ ਦੀ ਕੀਤੀ ਪੂਜਾ ਨੂੰ ਦੇਖਕੇ ਅਤੇ ਇਸਦੀ ਮੰਦਰਾਂ ਵਿਚ ਸਮਾਧੀ ਤੌਰ ਤੇ ਸੂਰਤ ਨੂੰ ਤਕਕੇ ਲੋਕ ਅਨੁਭਵ ਕਰਦੇ ਸਨ ਕਿ ਸ਼ਿਵਦੱਤ ਹੁਣ ਖੁਦ ਭਗਵਾਨ ਰੂਪ ਹੋ ਚੁਕਾ ਹੈ ਭੋਲੇ ਲੋਕੀਂ ਓਹਦੇ ਕੋਲੋਂ ਮੁਰਾਦਾਂ ਹਾਸਲ ਕਰਨ ਵਾਸਤੇ ਆਉਂਦੇ ਸਨ ਪਰ ਓਹਦੇ ਮਨ ਦੀ ਅਵਸਥਾ ਨਿਰਾਲੀ ਸੀ। ਓਹ ਤਾਂ ਸ਼ਾਂਤੀ ਤੇ ਭਗਵਾਨ ਦੇ ਦਰਸ਼ਨ ਕਰਨ ਵਾਸਤੇ ਤੜਫਦਾ ਰਹਿੰਦਾ ਸੀ। ਉਸਨੂੰ ਨਾ ਰਾਤ ਨੀਂਦ ਆਉਂਦੀ ਸੀ ਤੇ ਨਾ ਦਿਨੇ ਮਨ ਨੂੰ ਸ਼ਾਂਤੀ ਹੁੰਦੀ ਸੀ। ਓਹ ਸ੍ਰੀ ਕ੍ਰਿਸ਼ਨ ਤੇ ਸ੍ਰੀ ਰਾਮਚੰਦ੍ਰ ਜੀ ਦੀਆਂਮੂਰਤੀਆਂ ਦਾ ਧਿਆਨਧਰਕੇ ਬੈਠਦਾ। ਦੋਹਾਂ ਰੂਪਾਂ ਦੇ ਵਿਚ ਭਗਵਾਨ ਉਸਨੂੰ ਦਰਸ਼ਨ ਨਾ ਦੇਂਦਾਉਹਵਿਆਕੁਲਚਿਤਰਹਿੰਦਾ।

ਇਕ ਦਿਨ ਓਹ ਠਾਕਰ ਪੂਜਾ ਕਰਨ ਪਿਛੋਂ ਗੰਗਾ ਦੇ ਕਿਨਾਰੇ ਸਮਾਧੀ ਲਾਕੇ ਬੈਠ ਗਿਆ। ਸਵੇਰ ਦਾ ਵੇਲਾ ਸੀ। ਪੂਰਬ ਵਲੋਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਓਹਦੇ ਚੇਹਰੇ ਉਤੇ ਪੈਂਦੀਆਂ ਸਨ। ਉਸਨੇ ਮਨ ਹੀ ਮਨ ਫੈਸਲਾ ਕੀਤਾ ਸੀ ਕਿ ਸ੍ਰੀ ਕ੍ਰਿਸ਼ਨ ਰੂਪ ਵਿਚ ਜ਼ਰੂਰ ਭਗਵਾਨ ਦੇ ਦਰਸ਼ਨ ਕਰੇਗਾ। ਉਸਨੇ ਚਿਤ ਜੋੜਨ ਦਾ ਯਤਨ ਕੀਤਾ। ਭਗਵਾਨ ਨੇ ਉਸਤੇ ਦਇਆ ਦ੍ਰਿਸ਼ਟੀ ਕੀਤੀ। ਉਸਦੀ ਮਨੋਕਾਮਨਾ ਪੂਰਨ ਕਰਨ ਵਾਸਤੇ ਨਵਾਂ ਹੀ ਕੌਤਕ ਰਚ ਦਿਤਾ।

Sri Satguru Jagjit Singh Ji eLibrary NamdhariElibrary@gmail.com

ਓਹ ਕੌਤਕ ਇਹ ਕਿ ਬਾਲ ਰੂਪ ਸਾਹਿਬਜ਼ਾਦੇ ਗੋਬਿੰਦਰਾਇ ਜੀ ਦੇ ਮਾਸੂਮ ਤੇ ਪਰੇਮਭਰੇ ਮਨ ਨੂੰ ਪਰੇਰਨਾਕੀਤੀ ਕਿ ਓਹ ਸ਼ਿਵਦੱਤ ਨੂੰ ਸ੍ਰੀਕ੍ਰਿਸ਼ਨ ਜੀਦਾ ਰੂਪ ਧਾਰਨਕਰਕੇ ਦਰਸ਼ਨ ਦੇਣ ਓਸੇਤਰਾਂ ਦਰਸ਼ਨ ਹੋਣ ਜਿਵੇਂ ਇੰਦਰਾਬਨ ਤੇ ਗੋਕਲ ਦੇ ਵਾਸੀਆਂ ਨੂੰ ਬਾਲਕ ਰੂਪ ਕ੍ਰਿਸ਼ਨ ਜੀ ਦੇ ਦਰਸ਼ਨ ਹੋਇਆ ਕਰਦੇ ਸਨ।

ਸਾਹਿਬ ਘਰੋਂ ਨਿਕਲੇ, ਦੋਂਹ ਬਾਲਕਾਂ ਨੂੰ ਨਾਲ ਲਿਆ ਤੇ ਕਿਹਾ—'ਚਲੋ ਗੰਗਾ ਇਸ਼ਨਾਨ ਕਰੀਏ ! ਖੇਡੀਏ ਤੇ ਮੌਜਾਂ ਕਰੀਏ ।' ਇਹ ਆਖਕੇ ਨਸੇ ਨਸੇ ਗੰਗਾ ਕਿਨਾਰੇ ਚਲੇਗਏ। ਸਾਹਿਬਾਂ ਨੂੰ ਇੰਝਪ੍ਰਤੀਤ ਹੋਇਆ ਜਿਵੇਂ ਕੋਈ ਉਨ੍ਹਾਂ ਨੂੰ ਅਵਾਜਾਂ ਮਾਰਕੇ ਆਖ ਰਿਹਾ ਸੀ--'ਛਤੀਆਓ!ਦੇਰ ਨਾ ਕਰੋ,ਆਓ!ਛੇਤੀਆਓ!'

ਇਹ ਅਗੰਮੀ ਅਵਾਜ ਪੰਡਤ ਸ਼ਿਵਦੱਤ ਦੇ ਹਿਰਦੇ ਦੀ ਸੀ। ਓਹ ਦਰਸ਼ਨ ਵਾਸਤੇ ਤੜਪ ਰਿਹਾ ਸੀ। ਪ੍ਰਮੇਸ਼ਵਰ ਅਜ ਪੰਡਤਾਂ ਦੀਆਂ ਮਨੋਂ ਕਾਮਨਾ ਪੂਰੀਆਂ ਕਰਨ ਤੇ ਤੁਲੇ ਹੋਏ ਹਨ। ਸਾਹਿਬ ਖੇਡਦੇ ਖੇਡਦੇ ਇਕੱਲੇ ਹੀ ਉਸ ਪਾਸੇ ਨੂੰ ਚਲੇ ਗਏ ਜਿਧਰ ਪੰਡਤ ਸ਼ਿਵਦੱਤ ਜੀ ਸਨ, ਉਨ੍ਹਾਂ ਦੇ ਕੋਲ ਹੀ ਜਾ ਪੁਜੇ।

ਪੰਡਤ ਸ਼ਿਵਦੱਤ ਨੇ ਸਮਾਧੀ ਲਾਈ ਹੋਈ ਸੀ। ਉਹਦੇ ਨੈਣ ਮੂੰਦੇ ਹੋਏ ਸਨ ਤੇ ਓਹ ਇਕੱਲਾ ਬੈਠਾ ਹੋਇਆ ਸੀ। ਸਤਿਗੁਰੂ ਜੀ ਉਸ ਦੇ ਕੋਲ ਚਲੇ ਗਏ। ਕੋਲ ਜਾ ਕੇ ਓਹਦੇ ਕੰਨ ਵਿਚ ਕਹਿਣ ਲਗੇ—'ਪੰਡਤ ਜੀ !'

ਉਸ ਇਕ ਸ਼ਬਦ 'ਪੰਡਤ ਜੀ' ਨੇ ਉਨ੍ਹਾਂ ਦੇ ਸਾਰੇ ਤਨ ਨੂੰ ਥਰਰਾ ਦਿਤਾ। ਉਸਨੂੰ ਅਨੁਭਵ ਹੋਇਆ ਕਿ ਭਗਵਾਨ ਜੀ ਆ ਪੁਜੇ ਹਨ। ਜਿਸ ਵੇਲੇ ਦੀ ਉਡੀਕ ਸੀ ਉਹ ਆ ਗਿਆ । ਅਜੇ ਉਨ੍ਹਾਂ ਨੈਣ ਨਹੀਂ ਸਨ ਖੋਹਲੇ ਕਿ ਸਾਹਿਬਾਂ ਨੇ ਫਿਰ ਕਿਹਾ--'ਪੰਡਤ ਜੀ ਝਾਅ !'

ਹੁਣ ਨੈਣ ਮੂੰਦੇ ਨਾ ਰਹੇ ਕੌਲ ਫੁਲ ਤੇ ਸੂਰਜ ਮੁਖੀ ਫੁਲ ਵਾਂਗ ਖੁਲ੍ਹ ਗਏ। ਖੁਲੇ ਨੈਣਾਂ ਨਾਲ ਸਾਹਮਣੇ ਦੇਖਿਆ ਤਾਂ ਕੁਝ ਵੀ ਨਹੀਂ ਸੀ ਛੇਤੀ ਨਾਲ ਪਿਛੇ ਮੁੜਕੇ ਦੇਖਿਆ। ਪਿਛਲੇ ਪਾਸੇ ਸਤਿਗੁਰੂ ਜੀ ਖਲੋਤੇ ਮੁਸਕਰਾ ਰਹੇ ਸਨ। ਪ੍ਰਭੂ ਨੇ ਮਾਯਾ ਦਾ ਐਸਾ ਪਸਾਰਾ ਕੀਤਾ ਕਿ ਪੰਡਤ ਜੀ ਨੂੰ ਸ੍ਰੀ ਕ੍ਰਿਸ਼ਨ ਦਾ ਪ੍ਰਤੱਖ ਦਰਸ਼ਨ ਹੋਇਆ ਜਮਨਾ ਕਿਨਾਰੇ ਜਿਵੇਂ ਕਦੀ ਓਹ ਬੰਸੀ ਹਥ ਵਿਚ ਫੜਕੇ ਤੇ ਜੰਗਲੀ ਫੁਲਾਂ ਦੀ ਫੂਲ ਮਾਲਾ ਪਾ ਕੇ ਮੁਸਕਰਾਇਆ ਕਰਦੇ ਸਨ। ਪੰਡਤ

Sri Satguru Jagjit Singh Ji eLibrary NamdhariElibrary@gmail.com

ਨਿਹਾਲ ਹੋ ਗਿਆ। ਉਠ ਕੇ ਚਰਨਾਂ ਉਪਰ ਮੱਥਾ ਟੇਕਿਆ। ਖ਼ੁਸ਼ੀਆਂ ਦੇ ਹੁਲਾਰੇ ਆਏ। ਉਨ੍ਹਾਂ ਹੁਲਾਰਿਆਂ ਨੇ ਓਹਦੇ ਮਨ ਤਨ ਨੂੰ ਨਚਾ ਦਿਤਾ।

'ਹੇ ਭਗਵਾਨ! ਮੇਰੇ ਤੇ ਮੇਹਰ ਕਰੋ, ਦਇਆ ਕਰੋ, ਮੈਂ ਇਕ ਪਾਪੀ ਜੀਵ ਹਾਂ। ਮੇਰੀ ਕਲਿਆਣ ਹੋਵੇ। ਦਿਮਾਗ ਵਿਚ ਗਿਆਨ ਦਾ ਪ੍ਰਕਾਸ਼ ਹੋਵੇ।' ਸ਼ਿਵਦੱਤ ਦੇ ਤਰਲੇ ਸਨ।

ਪ੍ਰਭੂ ਦੇ ਹੁਕਮ ਵਿਚ ਸਾਰੇ ਕਾਰਜ ਕਰਣ ਵਾਲੇ ਬਾਲਾ-ਪ੍ਰੀਤਮ ਜੀ ਮੁਸਕਰਾਉਂਦੇ ਹਸਦੇ ਤੇ ਉਛਲਦੇ ਹੋਏ ਆਪਣੇ ਸਾਥੀਆਂ ਵਲ ਨਠ ਆਏ। ਸ਼ਿਵਦੱਤ ਨੇ ਜਦੋਂ ਦੇਖਿਆ ਕਿ ਓਹਦਾ ਭਗਵਾਨ ਓਹਦੇ ਕੋਲੋਂ ਜਾ ਰਿਹਾ ਹੈ ਤਾਂ ਓਹ ਵੀ ਆਸਣ ਛਡਕੇ ਪਿਛੇ ਤੁਰ ਪਿਆ। ਉਸਨੇ ਅਗੇ ਹੋਕੇ ਫਿਰ ਚਰਨ ਫੜ ਲਏ।

'ਪੰਡਤ ਜੀ! ਤੁਸੀਂ ਨਿਹਾਲ ਹੋਏ।' ਸਤਿਗੁਰੂ ਜੀ ਦਾ ਬਚਨ ਸੀ।

'ਮੈਂ ਨਿਹਾਲ ਹੋਇਆ ਨਿਹਾਲ! ਸਚਮੁਚ ਮੈਂ ਨਿਹਾਲ ਹੋਇਆ। ਇਉਂ ਕਹਿੰਦਾ ਹੋਇਆ ਉਹ ਪ੍ਰਭੂ ਜਸ ਕਰਨ ਲਗਾ। ਉਸਨੇ ਬਾਲ ਸਤਿਗੁਰੂ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ।

ਪਟਨੇ ਦੇ ਨਰ ਨਾਰੀ ਹੈਰਾਨ ਹੋਏ। ਕਈਆ ਭੁਲੜਾਂ ਤੇ ਅਗਿਆਨੀਆਂ ਨੇ ਤਾਂ ਕਿਹਾ--'ਪੰਡਤ ਸ਼ਿਵਦੱਤ ਪਾਗਲ ਹੋ ਗਿਆ। ਇਕ ਮਾਸੂਮ ਬੱਚੇ ਨੂੰ ਆਪਣਾ ਗੁਰੂ ਤੇ ਭਗਵਾਨ ਸਮਝਣ ਲਗ ਪਿਆ ਹੈ। ਵਾਹ ਰੇ ਪੰਡਤ ਵਾਹ! ਵੇਦ ਪੜ੍ਹਕੇ ਮਤ ਮਾਰੀ ਗਈ।' ਪਰ ਜੋਹੜੇ ਦੰਗੋਰੀ ਸੂਝ ਬੂਝ ਵਾਲੇ ਸਨ, ਉਹ ਪ੍ਰਸੰਨ ਸਨ, ਉਨ੍ਹਾਂ ਵਿਚੋਂ ਕਈ ਬਚਨ ਕਰਦੇ ਸਨ--'ਸ਼ਿਵਦਤ ਨੇ ਆਖਰ ਕੋਈ ਨਾ ਕੋਈ ਰੋਸ਼ਨੀ ਤੇ ਸ਼ਕਤੀ ਦੇਖੀ ਜਰੂਰ ਹੈ। ਜੋ ਇਕ ਬਾਲਕ ਦੀ ਪੂਜਾ ਕਰਨ ਲਗ ਪਿਆ ਹੈ। ਜਿਸਨੇ ਪੱਥਰ ਦੇ ਠਾਕੁਰਾਂ ਦੀ ਪੂਜਾ ਛਡ ਦਿਤੀ ਹੈ। ਜੋ ਬਾਲਰੂਪ ਸਾਹਿਬਜ਼ਾਦੇ ਨੂੰ ਮੱਥਾ ਟੇਕਦਾ ਤੇ ਉਨ੍ਹਾਂ ਦੇ ਪਿਛੇ ਪਿਛੇ ਨੱਠਾ ਫਿਰਦਾ ਹੈ।

ਜਿਵੇਂ ਨਾਵੇਂ ਪਾਤਸ਼ਾਹ ਨੂੰ ਮਖਣ ਸ਼ਾਹ ਲੁਬਾਣੇ ਨੇ ਪਰਗਟ ਕੀਤਾ ਸੀ ਤਿਵੇਂ ਸ਼ਿਵਦੱਤ ਨੇ ਸਾਰੇ ਪਟਨੇ ਵਿਚ ਢੰਡੋਰਾ ਫੇਰ ਦਿਤਾ--'ਓ ਭੁਲੀਲੋਕਾਈ ਪੱਥਰ ਦੇ ਠਾਕੁਰ ਵਿਚ ਕੁਝ ਨਹੀਂ। ਓਹ ਨਿਰੇ ਪੱਥਰ ਹਨ। ਆਓ ਜੇ ਕਲਿਆਣ ਚਾਹੁੰਦੇ ਹੋ ਤਾਂ ਛੇਤੀ ਨੱਠਕੇ ਆਓ, ਮੈਂ ਤੁਸਾਂ ਨੂੰ ਭਗਵਾਨ ਦੇ ਕੋਲ ਲੈ ਚਲਾਂ।

Sri Satguru Jagjit Singh Ji eLibrary NamdhariElibrary@gmail.com

ਮੈਂ ਦਰਸ਼ਨ ਕਰਾ ਦੇਵਾਂ।'

ਪੰਡਤ ਸ਼ਿਵਦੱਤ ਦਾ ਇਹ ਨਾਹਰਾ ਸੁਣ ਕੇ ਲੋਕ ਸਾਲਸਰਾਏ ਦੀ ਧਰਮਸਾਲਾ ਸਾਹਮਣੇ ਹਰ ਰੋਜ਼ ਇਕੱਠੇ ਹੋਣ ਲਗੇ ਕਿ ਓਹ ਸਾਹਿਬਜ਼ਾਦੇ (ਸਤਿਗੁਰੂ) ਦੇ ਦਰਸ਼ਨ ਕਰਕੇ ਆਪਣਾ ਜਨਮ ਮਰਨ ਸਵਾਰ ਲੈਣ। ਪੰਡਤ ਸ਼ਿਵਦੱਤ ਤਨੋਂ ਮਨੋਂ ਤੇ ਧਨੋਂ ਸਤਿਗੁਰੂ ਜੀ ਦਾ ਹੋ ਗਿਆ, ਉਸਨੂੰ ਸਿਖੀ ਮਾਰਗ ਦੀ ਪ੍ਰਾਪਤੀ ਹੋ ਗਈ।

੬. ਰਾਜੇ ਫਤਹ ਚੰਦ ਮੈਨੀ ਦਾ ਪ੍ਰਸੰਗ

ਪਟਨੇ ਸ਼ਹਿਰ ਜੋ ਜੀਊੜੇ ਰਹਿੰਦੇ ਸਨ। ਓਹ ਕੋਈ ਮਾਮੂਲੀ ਬੰਦੇ ਨਹੀਂ ਸਨ, ਸਗੋਂ ਰਾਜਾ ਤੇ ਰਾਣੀ। ਰਾਜੇ ਨੂੰ ਸਾਰੇ ਫਤਹ ਚੰਦ ਮੈਨੀ ਆਖਦੇ ਸਨ। ਅਕਾਲਪੁਰਖ ਦੀ ਅਪਾਰ ਕਿਰਪਾ ਨੂੰ ਕੋਈ ਨਹੀਂ ਜਾਣਦਾ। ਉਸ ਦੇ ਕੌਤਕ ਬਹੁਤ ਨਿਰਾਲੇ ਹਨ। ਉਸਨੇ ਮਨੁਖ ਦੀ ਰਚਨਾ ਕੀਤੀ ਹੈ। ਭਾਗ ਲਿਖੇ ਹਨ ਪਰ ਪੂਰਨ ਸੁਖ ਕਿਸੇ ਨੂੰ ਨਹੀਂ ਦਿਤਾ। ਕਿਸੇ ਕੋਲ ਕੋਈ ਨਾ ਕੋਈ ਊਣਤਾਈ ਜ਼ਰੂਰ ਹੈ। ਜੇ ਕਿਸੇ ਨੂੰ ਉਲਾਦ ਦਾ ਸੁਖ ਹੈ ਤਾਂ ਉਸ ਨੂੰ ਧਨ ਦਾ ਸੁਖ ਨਹੀਂ, ਜੇ ਧਨ ਤੇ ਜਸ ਬੇਅੰਤ ਹੈ ਤਾਂ ਉਲਾਦ ਦਾ ਸੁਖ ਨਹੀਂ, ਜ ਉਲਾਦ ਤੇ ਧਨ ਦਾ ਹੈ ਤਾਂ ਤਨ ਮਨ ਸੁਖੀ ਨਹੀਂ ਗਲ ਕੀ ਹਰ ਇਕ ਨਰ ਨਾਰੀ ਕਿਸੇ ਨਾ ਕਿਸੇ ਮਾਨਸਿਕ ਜਾਂ ਆਤਮਿਕ ਦੁਖ ਵਿਚ ਫਸਿਆ ਜ਼ਰੂਰ ਹੁੰਦਾ ਹੈ।

ਰਾਜਾ ਫਤਹ ਚੰਦ ਮੈਨੀ ਪਟਨੇ ਦਾ ਇਕ ਅਮੀਰ ਜਗੀਰਦਾਰ ਸੀ। ਓਹਦੇ ਕੋਲ ਦਾਸ ਦਾਸੀਆਂ, ਧਨ ਪਦਾਰਥ ਅਤੇ ਇਕ ਤਕੜਾ ਰਾਜ ਭਵਨ ਰਹਿਣ ਵਾਸਤੇ ਸੀ। ਚਿੜੀਆਂ ਦੇ ਦੁਧ ਬਿਨਾਂ ਓਸਦੇ ਕੋਲ ਸਾਰੇ ਪਦਾਰਥ ਸਨ, ਪਰ ਧੀ ਪੁਤ੍ਰ ਕੋਈ ਨਹੀਂ ਸੀ। ਸਾਰਾ ਦਿਨ ਤਾਂ ਰਾਜ ਕਾਜ ਦੇ ਕੰਮਾਂ ਤੇ ਦਾਸ ਦਾਸੀਆਂ ਨਾਲ ਗੱਲਾਂ ਕਰਦਿਆਂ ਹੋਇਆਂ ਬਤੀਤ ਹੋ ਜਾਂਦਾ ਪਰ ਜਦੋਂ ਰਾਤ ਪੈਂਦੀ, ਰਾਜਾ ਰਾਣੀ ਇਕੱਲੇ ਮਖਮਲੀ ਸੇਜ ਉਤੇ ਲੇਟਦੇ ਤਾਂ ਦੋਹਾਂ ਦੇ ਦਿਲ ਘੁਟੇ ਜਾਂਦੇ, ਚੇਹਰਿਆਂ ਉਤੋਂ ਪ੍ਰਕਾਸ਼ ਉਡ ਜਾਂਦਾ। ਬੁਲ੍ਹਾਂ ਤੇ ਮੁਸਕਰਾਹਟ ਨਾ ਰਹਿੰਦੀ। ਬਸ ਓਹ ਚੁਪ ਕਰਕੇ ਲੇਟ ਜਾਂਦੇ ਤੇ ਨੀਂਦ ਨੂੰ ਅਵਾਜ਼ਾਂ ਮਾਰਦੇ ਪਰ

Sri Satguru Jagjit Singh Ji eLibrary NamdhariElibrary@gmail.com

ਚੰਦਰੀ ਨੀਂਦ ਵੀ ਉਨ੍ਹਾਂ ਨਾਲ ਧੋਖਾ ਕਰਦੀ। ਓਹ ਵੀ ਨਾ ਆਉਂਦੀ,ਮਖਮਲੀ ਸੇਜ, ਸੁੰਦਰ ਰਾਜ ਭਵਨ, ਛੱਤੀ ਪ੍ਰਕਾਰ ਦੇ ਭੋਜਨ ਅਤੇ ਦਾਸ ਦਾਸੀਆਂ ਆਦਿਕ ਸੁਖਾਂ ਦੇ ਸਾਧਨ ਸਾਰੇ ਭੁਲ ਜਾਂਦੇਓਹ ਬਹੁਤ ਦੁਖੀ ਹੁੰਦੇ,ਆਪਣੇ ਦੁਖ ਨੂੰ ਪ੍ਰਗਟ ਕਰਣ ਵਾਸਤੇ ਇਕ ਦੂਸਰੇ ਨੂੰ ਧੀਰਜ ਦੇਂਦੇ ਪਰ ਦਿਲ ਦੋਹਾਂ ਦੇ ਅਧੀਨ ਸਨ।

ਇਕ ਰਾਤ ਰਾਣੀ ਨੇ ਰਾਜੇ ਨੂੰ ਕਿਹਾ—'ਰਾਜ ਸੁਖ ਵੀ ਦੁਖ ਬਣ ਗਏ ਹਨ। ਕਿਸੇ ਪੂਰਬਲੇ ਜਨਮ ਦੇ ਕਰਮ ਦਾ ਫਲ ਹੈ ਜੋ ਸਾਰੇ ਸੁਖ ਹੁੰਦਿਆਂ, ਹੋਇਆਂ ਵੀ ਇਕ ਪੁਤਰ ਬਿਨਾਂ ਆਤਮਾ ਦੁਖੀ ਹੈ। ਕੀ ਰਾਜ ਵੈਚਿਆਂ ਵੀ ਪੁਤਰ ਸੁਖ ਪ੍ਰਾਪਤ ਨਹੀਂ ਹੋ ਸਕਦਾ ?'

ਇਹ ਸੁਖ ਪ੍ਰਮਾਤਮਾਂ ਦੀ ਇਛਾ ਹੈ। ਰਾਜ ਭਾਗ ਦੇ ਵਟਾਂਦਰੇ ਤੋਂ ਪ੍ਰਾਪਤ ਨਹੀਂ ਹੋ ਸਕਦਾ ?

'ਪੰਡਤ ਸ਼ਿਵਦਤ ਭਗਵਾਨ ਦੇ ਦਰਸ਼ਨ ਕਰ ਚੁਕੇ ਹਨ ਉਨ੍ਹਾਂ ਦੇ ਚਰਨਾਂ ਉਪਰ ਮੱਥਾ ਟੇਕਿਆ ਜਾਵੇ ਸ਼ਾਇਦ ਓਹ ਭਗਵਾਨ ਅਗੇ ਅਰਦਾਸ ਕਰਨ। ਸੁਣਿਆਂ ਹੈ ਭਗਤਾਂ ਦੀ ਅਰਦਾਸ ਭਗਵਾਨ ਪਰਵਾਨ ਕਰਦਾ ਹੈ।

'ਗੱਲ ਤਾਂ ਤੇਰੀ ਠੀਕ ਹੈ ਮੇਰਾ ਵੀ ਚਿਤ ਕਈਆਂ ਚਿਰਾਂ ਤੋਂ ਇਹੋ ਸੋਚ ਰਿਹਾ ਹੈ ਕਿਸੇ ਦੇ ਚਰਨ ਫੜਾਂ। ਪੁਤ੍ਰ ਪ੍ਰਾਪਤੀ ਦਾ ਯਗ ਕਰਾਂ, ਘਰ-ਖਜਾਨਾ ਤੇ ਜਮੀਨ ਸਭ ਕੁਝ ਵਾਰਨ ਨੂੰ ਤਿਆਰ ਹਾਂ। ਪਰ ਕੋਈ ਢੋਅਹੀ ਨਹੀਂ ਢੁਕਦਾ। ਪਤਾ ਨਹੀਂ ਪ੍ਰਭੂ ਦੀ ਕੀ ਇਛਾ ਹੈ। ਸ਼ਾਇਦ ਅਸਾਂ ਦੀ ਗਤੀ ਨਾ ਹੋਣੀ ਹੋਵੇ।'

'ਧਰਮ ਸ਼ਾਸਤ੍ਰ ਅਨੁਸਾਰ ਪੁਤ੍ਰ ਦੇ ਬਿਨਾਂ ਨਰਨਾਰੀ ਦੀ ਗਤੀ ਨਹੀਂ ਹੁੰਦੀ ਪੰਡਤ ਕਥਾ ਕਰਦਾ ਹੋਇਆ ਕਹਿੰਦਾ ਸੀ।

'ਇਹ ਸਭ ਕੁਝ ਠੀਕ ਹੈ ਤਦ ਹੀ ਤਾਂ ਤਰਲੇ ਲੈ ਰਹੇ ਹਾਂ।'

'ਸਵੇਰੇ ਫਿਰ ਪੰਡਤ ਜੀ ਦੇ ਚਰਨ ਫੜੋ।'

'ਜਿਵੇਂ ਤੂੰ ਆਖੇਂ।'

ਮੈਂ ਤਾਂ ਇਹੋ ਆਖਦੀ ਹਾਂ ਮੇਰੇ ਕਲੇਜੇ ਵਿਚ ਤਾਂ ਇਕ ਹੂਕ ਉਠਦੀ ਹੈ। ਮੈਂ ਤਾਂ ਵਿਆਕੁਲ ਹੋ ਜਾਂਦੀ ਹਾਂ। ਇਸ ਜੀਵਨ ਨਾਲੋਂ ਮੌਤ ਚੰਗੀ ਹੈ। ਹਿਰਦਾ ਸਦਾ ਬੇਚੈਨ ਰਹਿੰਦਾ ਹੈ।'

Sri Satguru Jagjit Singh Ji eLibrary NamdhariElibrary@gmail.com

ਧੀਰਜ ਕਰੋ, ਭਗਵਾਨ ਜ਼ਰੂਰ ਹਿਰਦਿਆਂ ਨੂੰ ਸ਼ਾਂਤੀ ਬਖਸ਼ੇਗਾ। ਜਰੂਰ ਮਨੋਕਾਮਨਾ ਪੂਰੀਆਂ ਹੋਣਗੀਆਂ।

'ਇਹੋ ਕੁਝ ਤੁਸੀਂ ਕਦੋਂ ਤੋਂ ਕਹਿੰਦੇ ਹੋ ਮੈਂ ਤਾਂ ਸੁਣ ਸੁਣ ਕੇ ਵੀ ਅੱਕ ਗਈ ਹਾਂ।'

'ਸਵੇਰੇ ਜਰੂਰ ਚਲਾਂਗੇ।'

ਇਉਂ ਵਿਚਾਰਾਂ ਕਰਦੇ ਹੋਏ ਰਾਜਾ-ਰਾਣੀ ਸਾਰੀ ਰਾਤ ਜਾਗਦੇ ਰਹੇ। ਮਨਾਂ ਵਿਚ ਸੈਂਕੜੇ ਉਤਰਾ-ਚੜ੍ਹਾ ਆਏ। ਪਾਣੀ ਦੇ ਬੁਲਬੁਲੇ ਵਾਂਗ ਉਨ੍ਹਾਂ ਦੇ ਵਿਚਾਰਾਂ ਦੀ ਉਮਰ ਬਹੁਤ ਥੋੜੀ ਸੀ। ਜਾਗਦਿਆਂ ਹੀ ਕੁਕੜ ਨੇ ਬਾਂਗ ਦੇ ਦਿਤੀ ਤੇ ਥੋੜੇ ਚਿਰ ਪਿਛੋਂ ਪੰਛੀ ਬੋਲਣੇ ਸ਼ੁਰੂ ਹੋ ਗਏ। ਪੰਛੀਆਂ ਦੀ ਅਵਾਜ ਸੁਣਕੇ ਦੋਵੇਂ ਸੇਜ ਤੋਂ ਉਠ ਬੈਠੇ।

ਗੰਗਾ ਕਿਨਾਰੇ ਬੈਠਾ ਹੋਇਆ ਪੰਡਤ ਸ਼ਿਵਦੱਤ ਪ੍ਰਭੂ ਦਾ ਜਸ ਕਰ ਰਿਹਾ ਸੀ। ਓਹਦੇ ਨੈਣਾਂ ਵਿਚ ਬਾਲ-ਪ੍ਰੀਤਮ (ਸਤਿਗੁਰੂ ਜੀ) ਦੀ ਤਸਵੀਰ ਸੀ। ਉਹ ਵਿਸਮਾਦ ਦੇ ਵਾਯੂ-ਮੰਡਲ ਵਿਚ ਜਾ ਪੁਜਾ ਸੀ ਕਿ ਰਾਜਾ ਫਤਹ ਚੰਦ ਆਪਣੀ ਰਾਣੀ ਨੂੰ ਨਾਲ ਲੈਕੇ ਉਸ ਅਸਥਾਨ ਤੇ ਜਾ ਪੁਜਾ, ਜਾ ਚਰਨਾਂ ਉਪਰ ਮੱਥਾ ਟੇਕਿਆ, ਲਾਗੇ ਬੈਠ ਗਏ। ਹੱਥ ਜੋੜਕੇ ਉਡੀਕ ਕਰਦੇ ਰਹੇ ਕਿ ਕਦੋਂ ਉਸਦੀ ਸਮਾਧੀ ਖੁਲੇ ਤਾਂ ਓਹ ਬੇਨਤੀ ਕਰਨ, ਕੋਈ ਵੀਹ ਕੁ ਮਿੰਟ ਉਡੀਕਣ ਪਿਛੋਂ ਪੰਡਤ ਦੇ ਨੈਣ ਖੁਲੇ ਤੇ ਉਸਨੇ ਦੇਖਿਆ ਸਾਹਮਣੇ ਰਾਜਾ ਰਾਣੀ ਬੈਠੇ ਹੋਏ ਹਨ।

'ਮੇਰੇ ਧੰਨਭਾਗ ਰਾਜੇ ਰਾਣੀ ਨੇ ਦਰਸ਼ਨ ਦਿਤੇ ਹਨ!' ਸ਼ਿਵਦੱਤ ਨੇ ਬੜੇ ਪਰੇਮ ਤੇ ਮਿਠੇ ਸ਼ਬਦਾਂ ਵਿਚ ਆਖਿਆ।

'ਦਰਸ਼ਨ ਦਿਤੇ ਨਹੀਂ, ਅਸੀਂ ਪਾਪੀ ਜੀਵ ਦਰਸ਼ਨ ਕਰਨ ਵਾਸਤੇ ਆਏ ਹਾਂ। ਅਸਾਂ ਤੇ ਦਇਆ ਕਰੋ ਦਿਲ ਵਿਚ ਇਕ ਵੇਦਨ ਹੈ।' ਰਾਜੇ ਤੇ ਰਾਣੀ ਨੇ ਇਕ ਜਬਾਨ ਕਿਹਾ।

'ਅਸਾਂ ਦੀ ਵੇਦਨਾ ਦੂਰ ਕਰੋ।

ਰਾਣੀ ਤਾਂ ਚੁਪ ਕਰ ਗਈ, ਪਰ ਰਾਜਾ ਬੋਲੀ ਗਿਆ।

Sri Satguru Jagjit Singh Ji eLibrary NamdhariElibrary@gmail.com

'ਤੁਸਾਂ ਦੇ ਹਿਰਦੇ ਨੂੰ ਕੈਸੀ ਵੇਦਨਾ ਹੈ ? ਪ੍ਰਮੇਸ਼ਰ ਦਾ ਦਿਤਾ ਤੁਸਾਂ ਕੋਲ ਬਹੁਤ ਕੁਝ ਹੈ।' ਸ਼ਿਵਦੱਤ ਦਾ ਉਤਰ ਸੀ।

'ਮਹਾਰਾਜ ! ਸ਼ਾਸਤ੍ਰਾਂ ਵਿਚ ਲਿਖਿਆ ਹੈ ਕਿ ਜੇਕਰ ਕੋਈ ਪੁਰਸ਼ ਬਿਨਾਂ ਪੁਤ੍ਰ ਦੇ ਮਰ ਜਾਵੇ ਤਾਂ ਉਸਦੀ ਕਲਿਆਣ ਨਹੀਂ ਹੁੰਦੀ। ਮੈਂ ਨਪੁਤਾ ਹਾਂ, ਅਗਲੇ ਲੋਕ ਵਿਚ ਮੇਰੀ ਗਤੀ ਕਿਵੇਂ ਹੋਵੇਗੀ। ਹਿਰਦਾ ਬੈਚੈਨ ਰਹਿੰਦਾ ਹੈ। ਮਹਾਂ ਭਿਆਨਕ ਚਿੰਤਾ ਰੋਗ ਲਗਾ ਹੈ। ਰਾਣੀ ਵੀ ਚਿੰਤਾ ਨਾਲ ਵਿਆਕੁਲ ਰਹਿੰਦੀ ਹੈ। ਇਕ ਬੱਚੇ ਦਾ ਮੂੰਹ ਦੇਖਣ ਵਾਸਤੇ ਇਹ ਮੱਛੀ ਵਾਂਗ ਤੜਪਦੀ ਹੈ। ਅਸਾਂ ਤੇ ਦਇਆ ਕਰੋ, ਤੁਸਾਂ ਭਗਵਾਨ ਦੇ ਦਰਸ਼ਨ ਕੀਤੇ ਹਨ। ਭਗਤ ਭਗਵਾਨ ਦੇ ਮੇਲੀ ਹੁੰਦੇ ਹਨ। ਅਸਾਂ ਦਾ ਬੇੜਾ ਬੰਨੇ ਲਾਓ। ਭਵਸਾਗਰ ਵਿਚ ਜੀਵਨ ਬੇੜੀ ਗੋਤੇ ਖਾ ਰਹੀ ਹੈ। ਦਇਆ ਦੇ ਸਾਗਰੋ ! ਮੇਹਰ ਕਰੋ !

ਰਾਜੇ ਦਾ ਤਰਲਾ ਸੁਣਕੇ ਬ੍ਰਹਮ ਗਿਆਨੀ ਤੇ ਸਤਿਗੁਰੂ ਜੀ ਦੇ ਚਰਨਾਂ ਦਾ ਭੌਰਾ ਪੰਡਤ ਸ਼ਿਵਦਤ ਬਹੁਤ ਹੈਰਾਨ ਹੋਇਆ। ਪਰ ਹੈਰਾਨੀ ਨੂੰ ਪਰਗਟ ਨਾ ਹੋਣ ਦਿਤਾ ਤੇ ਇਉਂ ਆਖਿਆ–'ਹੇ ਰਾਜਨ ! ਧੀਰਜ ਕਰੋ, ਸਭ ਕਾਰਜ ਦਾ ਕਰਤਾ ਭਗਵਾਨ ਹੈ। ਉਸਨੂੰ ਧਿਆਨ ਕਰੋ, ਉਹ ਪਿਆਰ ਨਾਲ ਮਿਲਦਾ ਹੈ। ਭਗਵਾਨ ਦਾ ਸਚਾ ਸਰੂਪ ਏਥੇ ਪਟਨੇ ਵਿਚ ਹੀ ਹੈ।

'ਕੌਣ ? ਰਾਣੀ ਨੇ ਪੂਰੀ ਗਲ ਸੁਣਨ ਤੋਂ ਪਹਿਲਾਂ ਹੀ ਪੁਛਿਆ।

ਸਾਲਸਰਾਇ ਦੀ ਧਰਮਸਾਲਾਂ ਵਿਚ ਰਹਿੰਦਾ ਹੈ 'ਗੋਬਿੰਦ ਰਾਇ' ਵਾਹਵਾ! ਕਿੰਨਾ ਪਿਆਰਾ ਨਾਮ ਹੈ ਗੋਬਿੰਦ ਰਾਇ। ਉਹ ਆਪ, ਪ੍ਰਮੇਸ਼ਰ ਮੈਂ ਸਦਕੇ ਜਾਵਾਂ। ਦਰਸ਼ਨ ਕੀਤਿਆਂ ਪਾਪ ਝੜਦੇ ਹਨ। ਹਿਰਦਾ ਸੁਧ ਤੇ ਸ਼ਾਂਤ ਹੁੰਦਾ ਹੈ। ਪਰ ਏਹ ਭਗਵਾਨ ਦਰਸ਼ਨ ਉਸਨੂੰ ਦੇਂਦੇ ਹਨ ਜੋਹੜੇ ਉਹਨਾਂ ਨਾਲ ਸੁਧ ਹਿਰਦੇ ਨਾਲ ਪ੍ਰੇਮ ਕਰੇ। ਮਨ ਵਿਚ ਸ਼ਰਧਾ ਰਖਕੇ ਦਿਨ ਰਾਤ ਧਿਆਨ ਧਰੇ,ਘਰ ਬੈਠੋ ਉਹ ਜ਼ਰੂਰ ਤੁਸਾਂ ਦੇ ਘਰ ਆਉਣਗੇ, ਨਿਹਾਲ ਕਰਨਗੇ, ਤੁਸਾਂ ਦੀਆਂ ਸਾਰੀਆਂ ਮਨੋ ਕਾਮਨਾਵਾਂ ਪੂਰੀਆਂ ਹੋਣਗੀਆਂ, ਜਨਮ ਮਰਨ ਸੌਰ ਜਾਵੇਗਾ। ਜਾਓ ਘਰ

ਪੰਡਤ ਸ਼ਿਵਦਤ ਆਪ ਮੁਕਤ ਹੋ ਚੁਕਾ ਸੀ ਤੇਂ ਹੋਰਨਾਂ ਨੂੰ ਸੱਚਾ ਮੁਕਤੀ ਮਾਰਗ ਦਸਦਾ ਸੀ। ਸਤਿਗੁਰੂ ਜੀ ਤੇਂ ਬਿਨਾਂ ਉਨ੍ਹਾਂ ਨੂੰ ਕੋਈ ਭਗਵਾਨ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ ਦਿਸਦਾ ਉਹ ਓਹਨਾਂ ਨੂੰ ਹੀ ਭਗਵਾਨ ਸਮਝਕੇ ਸ਼ਾਂਤੀ ਪਰਾਪਤ ਕਰ ਰਹੇ ਸਨ । ਉਸਦੇ ਬਚਨ ਸੁਣਕੇ ਰਾਜੇ ਤੇ ਰਾਣੀ ਨੂੰ ਕੁਝ ਸ਼ਾਂਤੀ ਹੋਈ, ਉਨ੍ਹਾਂ ਦੋਹਾਂ ਜੀਆਂ ਨੇ ਪੰਡਤ ਜੀ ਦੇਚਰਨਾਂ ਉਪਰ ਮੱਥਾ ਟੇਕਿਆਤੇ ਰਾਜਭਵਨ ਵਲਆਗਏ।

ਘਰ ਆਕੇ ਰਾਜੇ ਰਾਣੀ ਨੇਸਤਿਗੁਰੂ ਜੀਦਾ ਧਿਆਨ ਧਰਨਾ ਅਰੰਭਿਆ। ਉਨ੍ਹਾਂ ਨੂੰ ਪਤਾ ਲਗਾ ਕਿ ਸਤਿਗੁਰੂ ਜੀ ਜਦੋਂ ਕਿਸੇ ਦੇ ਘਰ ਜਾਂਦੇ ਹਨ ਤਾਂ ਕੁਝ ਖਾਣ ਨੂੰ ਵੀ ਮੰਗਦੇ ਹਨ। ਰਾਣੀ ਨੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਜਿਵੇਂ ਸ਼ਿਵਦਤ ਨੇ ਦਸਿਆ ਸੀ ਤਿਵੇਂ ਯਾਦ ਕੀਤਾ। ਸਾਰਾ ਦਿਨ ਬੀਤ ਗਿਆ ਪਰ ਸਾਹਿਬ ਉਸ ਬਾਜ਼ਾਰ ਵਿਚ ਨਾ ਗਏ।

ਰਾਜਾ ਤੇ ਰਾਣੀ ਘਬਰਾ ਗਏ ਉਨ੍ਹਾਂ ਨੇ ਸਮਝਿਆ ਕਿ ਉਨ੍ਹਾਂ ਦੀ ਸ਼ਰਧਾ ਵਿਚ ਊਣਤਾਈ ਹੈ, ਪਿਆਰ ਵਿਚ ਕਮੀ ਹੈ ਹਿਰਦੇ ਨਿਰਮਲ ਨਹੀਂ ਹੋਏ, ਹੰਕਾਰ ਦੀਮੈਲ ਦਾ ਕਿਤੇ ਨਿਸ਼ਾਨ ਹੈ। ਓਹ ਦੋਵੇਂ ਸਮਾਧੀਆਂ ਲਾਕੇ ਬੈਠ ਗਏ ਉਨ੍ਹਾਂ ਦੀਆਂਅੱਖਾਂ ਅਗੇਸਤਿਗੁਰੂ ਜੀਦਾ ਚਿਤ੍ਰ ਸੀ। 'ਸਤਿਨਾਮ-ਵਾਹਿਗੁਰੂ'ਦਾ ਸਿਮਰਨ ਹਿਰਦਾ ਕਰਦਾ ਸੀ ਕਿਉਂਕਿ ਪੰਡਤ ਸ਼ਿਵਦਤ ਨੇਉਨ੍ਹਾਂਨੂੰ ਇਹੋ ਕੁਝਦਸਿਆਸੀ।

ਸੱਚਾ ਪਿਆਰ ਦੂਸਰੇ ਦੇਹਿਰਦੇਨੂੰ ਖਿੱਚਪਾਉਂਦਾਹੈ। ਭਗਤ ਦੇਭਗਵਾਨ ਤਾਂ ਪਿਆਰ ਡੋਰੀ ਨਾਲ ਖਿਚੇ ਹੋਏ ਦੂਰ ਦੂਰ ਚਲੇ ਜਾਂਦੇ ਹਨ। ਪ੍ਰਹਿਲਾਦ ਨੇ ਯਾਦ ਕੀਤਾ ਤਾਂ ਥੰਮ੍ਹ ਪਾੜਕੇ ਨਰਸਿੰਘ ਦਾ ਅਵਤਾਰ ਧਾਰ ਲਿਆ ਸੀ। ਬਾਲਾ ਪ੍ਰੀਤਮ ਭਲਾ ਕਿਉਂ ਨਾ ਖਿਚਿਆ ਜਾਂਦਾ ? ਹਥ ਵਿਚ ਖੁੰਡੀ ਲੈਕੇ ਖੇਡਦੇ ਹੋਏ ਦਾਤਾਰ ਸਾਥੀਆਂ ਸਮੇਤ ਰਾਣੀ ਦੇ ਰਾਜਭਵਨ ਅਗੇ ਜਾ ਪੁਜੇ। ਝੱਕੇ ਨਹੀਂ, ਰੁਕੇ ਨਹੀਂ,ਨਿਡਰ ਮਸਤ ਹਾਥੀ ਵਾਂਗ ਝੂੰਮਦੇ ਹੋਏ ਅੰਦਰ ਚਲੇ ਗਏ। ਡਿਉੜੀ ਬਰਾਂਡੇ ਤੇ ਵੇਹੜੇ ਲੰਘਦੇ ਹੋਏ ਉਸ ਅਸਥਾਨ ਤੇ ਜਾ ਪੁਜੇ ਜਿਥੇ ਰਾਣੀ ਕੁਸ਼ਾ ਦਾ ਆਸਣ ਵਿਛਾਕੇ ਬੈਠੀ ਹੋਈ ਇਕਾਗਰ ਚਿਤ ਸਮਾਧੀ ਵਿਚ ਸੀ। ਸੁਰਤ ਬਾਲੇ ਪ੍ਰੀਤਮ ਦੇ ਚਰਨਾਂ ਨਾਲ ਜੁੜੀ ਹੋਈ ਸੀ। ਉਸ ਨੂੰ ਨਹੀਂ ਪਤਾ ਲਗਾ ਕਿ ਜਿਸਦੀ ਢੂੰਡ ਕਰ ਰਹੀ ਹੈ, ਜਿਸਨੂੰ ਘਰ ਸੱਦਣ ਵਾਸਤੇ ਤਰਲੇ ਮੱਛੀ ਹੋ ਰਹੀ ਹੈ, ਉਹ ਆਪ ਹੀ ਘਰ ਆ ਪੁਜੇ ਹਨ।

ਅੰਤਰਯਾਮੀ ਸਤਿਗੁਰੂ ਜੀ ਨੇ ਰਾਜ ਭਵਨ ਦੀਆਂ ਦਾਸੀਆਂ ਨੂੰ ਕੁਝ ਨਹੀਂ

Sri Satguru Jagjit Singh Ji eLibrary NamdhariElibrary@gmail.com

ਕਿਹਾ, ਉਹ ਸਿਧੇ ਰਾਣੀ ਦੇ ਪਾਸ ਗਏ ਤੇ ਮਲਕੜੇ ਜਿਹੇ ਨਿਕੇ ਨਿਕੇ ਹਥਾਂ ਨਾਲ ਰਾਣੀ ਦੇ ਨੇਤ੍ਰ ਮੂੰਦ ਦਿਤੇ। ਨੇਤ੍ਰਾਂ ਉਤੇ ਕਰ ਕੰਵਲਾਂ ਦਾ ਟਿਕਣਾ ਸੀ ਕਿ ਰਾਣੀ ਸਵਾਦੋ ਸਵਾਦ ਹੋ ਗਈ, ਉਸਦੇ ਹਿਰਦੇ ਦੀ ਧੜਕਣ ਮੱਠੀ ਹੋਈ। ਓਹਦੇ ਹਿਰਦੇ ਨੇ ਅਵਾਜ਼ ਦਿਤੀ—'ਭੋਲੀ ਰਾਣੀਏਂ ! ਉਹ ਆ ਗਏ। ਉਹ ਆ ਗਏ।' ਨਿਰਾਲੇ ਕੌਤਕ ਕਰਣ ਵਾਲੇ ਬਾਲੇ ਪ੍ਰੀਤਮ ਨੇ ਕੰਨ ਵਿਚ ਕਿਹਾ 'ਮਾਤਾ ਜੀ !'

'ਮਾਤਾ ਜੀ' ਸ਼ਬਦ ਰਾਣੀ ਵਾਸਤੇ ਦੁਰਲਭ ਸੀ। ਉਸ ਨੇ 'ਰਾਣੀ ਜੀ, ਸਰਕਾਰ !' ਸ਼ਬਦ ਸੁਣੇ ਸਨ ਪਰ ਕਿਸੇ ਨੇ ਉਸਨੂੰ 'ਮਾਤਾ ਜੀ' ਨਹੀਂ ਸੀ ਕਿਹਾ। ਏਸੇ ਸ਼ਬਦ ਦੇ ਸੁਣਨ ਬਦਲੇ ਤਾਂ ਉਹ ਵਿਆਕੁਲ ਹੋ ਰਹੀ ਸੀ ਉਸਨੇ ਕਿਹਾ--'ਮੇਰੇ ਧੰਨ ਭਾਗ ! ਕੀ ਮੈਂ ਸੁਪਨਾ ਤਾਂ ਨਹੀਂ ਦੇਖ ਰਹੀ ? ਕੀ ਸਚਮੁਚ ਮੈਨੂੰ ਹੀ 'ਮਾਤਾ ਜੀ ਕਿਹਾ ਗਿਆ ? ਇਹ ਆਖ ਕੇ ਸਤਿਗੁਰੂ ਜੀ ਦੇ ਨਿੱਕੇ ਨਿਕੇ ਤੇ ਫੁਲਾਂ ਦੀਆਂ ਪਤੀਆਂ ਨਾਲੋਂ ਨਰਮ ਕੋਮਲ ਹਥਾਂ ਨੂੰ ਫੜ ਲਿਆ। ਆਪਣੇ ਹਥਾਂ ਵਿਚ ਐਸਾ ਘੁਟਿਆ ਕਿ ਸਾਰਾ ਸਰੀਰ ਥਰਥਰਾ ਗਿਆ।

'ਮੈਂ ਵਾਰੀ ! ਮੈਂ ਘੋਲੀ ! ਮੇਰਾ ਜੀਵਨ ਆ ਗਿਆ, ਪ੍ਰਮੇਸ਼ਰ ਆ ਗਿਆ ਈਸੀ ਵਾਲਾ ਪਿਆਰਾ ਕ੍ਰਿਸ਼ਨ ਆ ਪੁਜਾ। ਇਉਂ ਪ੍ਰਸੰਨਤਾ ਨਾਲ ਉਹਦਾ ਹਿਰਦਾ ਗਦ ਗਦ ਹੋ ਗਿਆ, ਉਸਨੇ ਅੱਖਾਂ ਖੋਲ੍ਹੀਆਂ। ਅੱਖਾਂ ਖੋਲ੍ਹ ਕੇ ਦੇਖਿਆ ਤਾਂ ਓਹਦਾਸਿਰਚਕਰਾ ਗਿਆ ਖੁਸ਼ੀ ਤੇ ਆਸ ਪੂਰੀ ਹੋਣ ਦੀ ਝਾਕੀ ਨਾ ਦੇਖਸਕੀ।

ਅੰਮ੍ਰਿਤਾ ਜੀਵਨ ਦਾਤੇ ਨੇ ਓਸੇ ਵੇਲੇ ਮੁਸਕਰਾਂਦਿਆਂ ਹੋਇਆਂ ਕਿਹਾ--'ਮਾਤਾ ਜੀ !' ਮੈਨੂੰ ਭਖ ਲਗੀ ਹੈ।

'ਮੇਰੇ ਲਾਲ ਨੂੰ ਭੁਖ ਲਗੀ ਹੈ !' ਮੇਰਾ ਬੇਟਾ ਭੁਖਾ ਹੈ ? ਮੇਰੇ ਧੰਨ ਭਾਗ ! ਮੈਂ ਹੁਣੇ ਹੀ ਮਠਿਆਈ ਪੂੜੀਆਂ ਮੰਗਵਾਉਂਦੀ ਹਾਂ। ਰਜ ਰਜਕੇ ਖਾਵੋ ਤੇ ਮੇਰੀ ਭੁਖ ਨੂੰ ਦੂਰ ਕਰੋ।

ਮੈਂ ਮਠਿਆਈ ਨਹੀਂ ਖਾਣੀ। ਘੁੰਘਣੀਆਂ ਖਾਣੀਆਂ ਹਨ ਤੇ ਦੁਧ ਦੀਆਂ ਪੂੜੀਆਂ। ਬਸ ਇਸ ਤੋਂ ਬਿਨਾਂ ਹੋਰ ਕੁਝ ਨਹੀਂ। ਇਹ ਚੀਜ਼ਾਂ ਮੈਨੂੰ ਬਹੁਤ ਸ਼ਵਾਦ ਲਗਦੀਆਂ ਹਨ।

ਘੁੰਗਣੀਆਂ ਦਾ ਨਾਮ ਸੁਣਕੇ ਰਾਣੀ ਨੂੰ ਪੰਡਤ ਸ਼ਿਵਦੱਤ ਜੀ ਦੇ ਬਚਨ

Sri Satguru Jagjit Singh Ji eLibrary NamdhariElibrary@gmail.com

ਚੇਤੇ ਆਏ ਉਸ ਨੇ ਖਿਆਲ ਕੀਤਾ ਕਿ ਓਹਦੀ ਆਸ ਪੂਰੀ ਹੋ ਗਈ। ਪ੍ਰਮਾਤਮਾਂ ਵਲੋਂ ਹੁਕਮ ਆਗਿਆ ਕਿ ਓਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਣ ਗੀਆਂ ਓਹ ਪਰੇਮ ਦੀਵਾਨੀ ਛੇਤੀਨਾਲਉਠੀ ਤੇ ਘੁੰਘਣੀਆਂ ਲੈਆਈਉਨ੍ਹਾਂਘੁੰਘਣੀਆਂ ਨੂੰ ਦੇਖਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਅਸੀਂ ਆਪਣੇ ਸਾਥੀਆਂ ਨੂੰ ਸੱਦ ਲਿਆਈਏ, ਓਹ ਇਨ੍ਹਾਂ ਘੁੰਘਣੀਆਂ ਦੇ ਹਿਸੇਦਾਰ ਹਨ।'

'ਤੁਸੀਂ ਬੈਠੋ, ਮੈਂ ਹੁਣੇ ਅਵਾਜ ਦੇਂਦੀ ਹਾਂਦਾਸੀਆਂ ਨੂੰਲਿਆਉਂਦੀਆਂ ਹਨ। ਤੁਸੀਂ ਖੇਚਲ ਨਾ ਕਰੋ, ਤੁਸਾਂ ਨੂੰ ਭੁਖ ਲਗੀ ਹੈ।' ਇਹ ਆਖਕੇ ਰਾਣੀ ਨੇ ਦਾਸੀਆਂ ਨੂੰ ਅਵਾਜ਼ ਦਿਤੀ। ਅਵਾਜ਼ ਸੁਣਦੇ ਸਾਰ ਦਾਸੀਆਂ ਆਈਆਂ ਤੇ ਹੁਕਮ ਸੁਣਕੇ ਮੁੜਦੀ ਪੈਰੀਂ ਚਲੀਆਂ ਗਈਆਂ। ਓਹ ਖੋਟੇ ਰੁਪੈ ਵਾਗ ਛੇਤੀ ਵਾਪਸ ਮੁੜਦੀਆਂ ਹੋਈਆਂ ਸਤਿਗੁਰੂ ਜੀ ਦੇ ਬਾਲ-ਸਾਥੀਆਂ ਨੂੰ ਆਪਣੇ ਨਾਲ ਲੈ ਆਈਆਂ। ਉਨ੍ਹਾਂ ਸਾਥੀਆਂ ਦੇ ਨਾਲ ਬੈਠਕੇ ਰਾਣੀ ਦੀਆਂ ਤਿਆਰ ਕੀਤੀਆਂ ਹੋਈਆਂ ਘੁੰਘਣੀਆਂ ਬੜੇ ਸਵਾਦ ਨਾਲ ਖਾਧੀਆਂ ਤੇ ਰਾਣੀ ਨੂੰ ਨਿਹਾਲ ਕੀਤਾ। ਓਹਦੇ ਦਿਲ ਦੀ ਵੇਦਨਾ ਦੂਰ ਹੋ ਗਈ।

'ਅਸੀਂ ਰੋਜ ਆਇਆ ਕਰਾਂਗੇ। ਸਤਿਗੁਰੂ ਜੀ ਨੇ ਫੁਰਮਾਇਆ--ਘੁੰਘਣੀਆਂ ਤੇ ਦੁਧ ਦੀਆਂ ਪੁੜੀਆਂ ਤਿਆਰ ਰਿਹਾ ਕਰਣ।

'ਮੇਰੇ ਧੰਨ ਭਾਗ! ਮੈਂ ਤਾਂ ਸਾਰੀ ਜੀਵਨ ਪੂੰਜੀ ਵਾਰਨ ਨੂੰ ਤਿਆਰ ਹਾਂ। ਆਓ! ਮੈਂ ਰੋਜ ਉਡੀਕਾਂਗੀ, ਬੇਸਬਰੀ ਨਾਲ ਉਡੀਕਾਂਗੀ। ਮੇਰੇ ਉਤੇ ਭਗਵਾਨ ਦੀ ਦਇਆ ਰਹੇ।' ਰਾਣੀ ਦਾ ਉਤਰ ਸੀ। ਇਹ ਉਤਰ ਦੇਂਦਿਆਂ ਹੋਇਆਂ ਉਸਨੇ ਬਾਲ ਗੁਰੂ ਜੀ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਚੁਕਕੇ ਘੁਟ ਘੁਟਕੇ ਸੀਨੇ ਨਾਲ ਲਾਇਆ। ਓਹ ਜਿਉਂ ਜਿਉਂ ਗੁਰੂ ਜੀ ਨੂੰ ਹਿਕ ਨਾਲ ਘੁਟਦੀ ਤਿਉਂ ਤਿਉਂ ਓਹਦੀ ਪੁਤ੍ਰ ਪ੍ਰਾਪਤੀ ਦੀ ਇਛਾ ਮੁਕਦੀ ਜਾਂਦੀ ਸੀ ਓਹਦਾ ਹਿਰਦਾ ਠੰਢਾ ਹੁੰਦਾ ਜਾਂਦਾ ਸੀ। ਓਹਦਾ ਲੂੰ ਲੂੰ ਕਹਿੰਦਾ ਸੀ—ਧੰਨ ਸਤਿਗੁਰ। ਧੰਨ ਕਰਤਾਰ।

ਰਾਣੀ ਨੂੰ ਨਿਹਾਲ ਕਰਕੇ ਸਤਿਗੁਰੂ ਜੀ ਸਾਥੀਆਂ ਸਮੇਤ ਬਾਜਾਰ ਵਿਚ ਆਏ ਪੈ ਬਾਜਾਰ ਵਿਚੋਂ ਘਰ। ਰਾਜਾ ਰਾਣੀ ਪ੍ਰਸੰਨ ਹੋ ਗਏ। ਉਨ੍ਹਾਂ ਨੂੰ ਪੁਤ੍ਰ-ਵਰ

Sri Satguru Jagjit Singh Ji eLibrary NamdhariElibrary@gmail.com

ਮੰਗਣਾ ਭੁਲ ਗਿਆ। ਸਰਬ ਸ਼ਕਤੀਵਾਨ ਸਤਿਗੁਰੂ ਜੀ ਨੇ ਆਪ ਹੀ ਓਨ੍ਹਾਂ ਦੀ ਸੱਧਰ ਪੂਰੀ ਕਰ ਦਿਤੀ--'ਮਾਤਾ ਜੀ। ਮੈਂ ਤੁਸਾਂ ਦਾ ਪੁਤਰ ਹਾਂ। ਮੈਨੂੰ ਹੀ ਪੁਤ੍ਰ ਸਮਝੋ ਛੱਡੋ ਖਾਂ, ਦਾਤੇ ਨੇ ਫੁਰਮਾਇਆ ਸੀ, ਬਚਨ ਸੱਤਯ ਹੋ ਗਿਆ। ਰਾਜਾ ਰਾਣੀ ਸਤਿਗੁਰੂ ਜੀ ਨੂੰ ਹੀ ਪੁਤ੍ਰ ਮੰਨ ਬੈਠੇ। ਤਨ ਮਨ ਤੇ ਧਨ ਨਾਲ ਗੁਰੂ ਜੀ ਤੇ ਗੁਰੂ ਘਰ ਦੀ ਸੇਵਾ ਕਰਨ ਲਗੇ। ਚਵੀ ਘੰਟੇ ਨਾਮ ਸਿਮਰਨ ਵਿਚ ਰੁਝ ਗਏ। ਸਤਿਗੁਰੂ ਜੀ ਵੀ ਸਵੇਰੇ ਓਨ੍ਹਾਂ ਨੂੰ ਦਰਸ਼ਨ ਦੇ ਆਉਂਦੇ ਤੇ ਪਰੇਮ ਸ਼ਰਧਾ ਦੀਆਂ ਘੁੰਘਣੀਆਂ ਖਾ ਆਉਂਦੇ ਰਹੇ, ਹੌਲੀ ਹੌਲੀ ਰਾਜੇ ਰਾਣੀ ਦਾ ਮਨ ਨਾਮ ਸਿਮਰਨ ਵਿਚ ਐਸਾ ਲਗਾ ਕਿ ਸਾਰੀਆਂ ਵਾਸ਼ਨਾਵਾਂ ਦਾ ਅੰਤ ਹੋ ਗਿਆ। ਓਹ ਰਬ ਰੰਗ ਰਤੇ ਜੀਊੜੇ ਬਣ ਗਏ। ਉਨ੍ਹਾਂ ਦੇ ਬਾਲ ਪ੍ਰੀਤਮ ਨੇ ਪਰੇਮ ਨਾਲ ਉਨ੍ਹਾਂ ਦੇ ਹਿਰਦੇ ਨੂੰ ਜਿਤ ਲਿਆ, 'ਧੰਨ ਸਤਿਗੁਰ। ਧੰਨ ਸਤਿਗੁਰ।' ਦੀ ਧੁਨ ਓਹਨਾਂ ਦੇ ਬੁਲਾਂ ਤੋਂ ਸਦਾ ਪਰਗਟ ਹੁੰਦੀ।

੭. ਹੰਕਾਰ ਦਾ ਸਿਰ ਨੀਵਾਂ ਕੀਤਾ

ਰਹੀਮ ਬਖਸ਼ ਤੇ ਕਰੀਮ ਬਖਸ਼ ਦੋ ਭਰਾ ਸਨ। ਥੋੜੀ ਜਹੀ ਜਗੀਰ ਹੋਣ ਕਰਕੇ ਉਨ੍ਹਾਂ ਨੂੰ 'ਨਵਾਬ, ਕਹਿੰਦੇ ਸਨ। ਇਹ ਨਵਾਬ ਬੜੇ ਹੰਕਾਰੀ ਸਨ। ਹਿੰਦੂਆਂ ਨੂੰ ਤੰਗ ਕਰਦੇ ਤੇ ਮੁਸਲਮਾਨਾਂ ਨੂੰ ਨਿਵਾਜਦੇ ਸਨ। ਇਕ ਦਿਨ ਉਨ੍ਹਾਂ ਦਾ ਮੇਲ ਸਤਿਗੁਰੂ ਜੀ ਨਾਲ ਹੋ ਗਿਆ। ਉਸ ਵੇਲੇ ਸਾਹਿਬ ਬਾਲਕਾਂ ਨਾਲ ਖੇਡ ਰਹੇ ਸਨ। ਨਵਾਬ ਰਹੀਮ ਬਖਸ਼ ਉਨ੍ਹਾਂ ਦੇ ਲਾਗਿਓਂ ਦੀ ਲੰਘਿਆ ਤਾਂ ਕਿਸੇ ਮੁੰਡੇ ਨੇ ਉਸ ਨੂੰ ਸਲਾਮ ਨਾ ਕੀਤਾ, ਸਗੋਂ ਕਈਆਂ ਮਨਚਲਿਆਂ ਨੇ ਮਖੌਲ ਕੀਤਾ। ਉਸ ਮਖੌਲ ਤੋਂ ਨਵਾਬ ਚਿੜ ਗਿਆ ਤੇ ਉਸ ਨੇ ਪੁਛਿਆ, 'ਇਹ ਬਾਲਕ ਕਿਸਦੇ ਹਨ? ਓਸ ਵੇਲੇ ਗੁਰੂ ਜੀ ਅਗੇ ਹੋਏ ਤੇ ਕਹਿਣ ਲਗੇ, 'ਅਸੀਂ ਬਾਲਕ ਆਪਣੇ ਮਾਲਕਾਂ ਦੇ। ਦਸੋ। ਤੁਸਾਂ ਕੀ ਆਖਣਾ ਹੈ? ਅਸੀਂ ਤੁਸਾਂ ਕੋਲੋਂ ਨਹੀਂ ਡਰਦੇ, ਅਸੀਂ ਕਿਸੇ ਦੀ ਪਰਵਾਹ ਨਹੀਂ ਕਰਦੇ।'

ਹਛਾ। ਤੁਸੀਂ ਕਿਸੇ ਦੀ ਪਰਵਾਹ ਨਹੀਂ ਕਰਦੇ ਠੀਕ ਹੈ, ਤੁਸੀਂ ਕਿਸੇ ਦੀ ਪਰਵਾਹ ਨਹੀਂ ਕਰਦੇ ਤਾਂ ਕਲ ਦੇਖਿਆ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਰਹੀਮ ਨੇ ਕਰੋਧ ਨਾਲ ਆਖਿਆ ਤੇ ਅਰੇ ਤੁਰ ਗਿਆ। ਓਹਦੇ ਜਾਣ ਪਿਛੋਂ ਲੜਕੇ ਫਿਰ ਖੇਡ ਵਿਚ ਰੁਝ ਗਏ।

ਨਵਾਬ ਰਹੀਮ ਬਖਸ਼ ਨੇ ਘਰ ਪੁਜਦੇ ਸਾਰ ਹੀ ਆਪਣੇ ਨਫਰਾਂ (ਨੌਕਰਾਂ) ਨੂੰ ਹੁਕਮ ਦਿਤਾ ਕਿ ਸਾਲਸਰਾਇ ਦੀ ਧਰਮਸਾਲਾ ਵਾਲੇ ਮਹਲੇ ਦੇ ਸਾਰੇ ਹਿੰਦੂਆਂ ਨੂੰ ਸਵੇਰੇ ਸਦਿਆ ਜਾਵੇ ਉਨ੍ਹਾ ਦੇ ਮੁੰਡਿਆਂ ਨੇ ਅਜ ਓਹਦੀ ਨਿਰਾਦ੍ਰੀ ਕੀਤੀ ਹੈ। ਹਿੰਦੂ ਮੁਸਲਮਾਨ ਦੀ ਨਿਰਾਦਰੀ ਕਿਉਂ ਕੋਈ ਕਰੇ ?

ਰਾਤ ਹੁਕਮ ਦਿਤਾ। ਸਵੇਰੇ ਹਿੰਦੂਆਂ ਨੇ ਆਉਣਾ ਸੀ ਪਰ ਰਾਤ ਨੂੰ ਹੀ ਵਾਹਿਗੁਰੂ ਨੇ ਇਕ ਭਾਣਾ ਵਰਤਾਦਿਤਾ,ਵਾਹਿਗੁਰੂ ਨੂੰ ਹੰਕਾਰਨਹੀਂ ਭਾਉਂਦਾ ਓਹ ਸਦਾ ਸੰਤਾਂ ਤੇ ਨਿਰਵੈਰਾਂ ਦੀ ਰਖਿਆ ਕਰਦਾ ਹੈ। ਓਹ ਭਾਣਾ ਇਉਂ ਵਰਤਿਆ ਕਿ ਰਾਤ ਨੂੰ ਜਦੋਂ ਨਵਾਬ ਰਹੀਮਬਖਸ਼ ਸੁਤਾ ਤਾਂ ਉਸਨੂੰਬਹੁਤਭਿਆਨਕ ਸੁਫਨਾ ਆਇਆ, ਉਸਨੇ ਦੇਖਿਆ ਕਿ ਕੋਈ ਗੈਬੀ ਸ਼ਕਤੀ ਦਾ ਬੁਤ ਹੈ ਜੋ ਪਛਾਣਿਆਂ ਨਹੀਂ ਜਾਂਦਾ ਸੀ ਓਹ ਬੁਤ ਨਵਾਬ ਦੀ ਛਾਤੀ ਉਤੇ ਆ ਚੜਿਆ। ਉਸਦੇ ਭਾਰ ਪੈਣ ਨਾਲ ਨਵਾਬ ਵਿਆਕੁਲ ਹੋ ਕੇ ਤੜਪ ਉਠਿਆ, ਪਰ ਉਸ ਕੋਲੋਂ ਬੋਲਿਆ ਨਾ ਗਿਆ। ਓਹ ਭੀ ਭੈ ਭੀਤ ਹੋ ਕੇ ਗੁੰਮ ਹੋ ਗਿਆ।

ਸਵੇਰ ਹੋਈ ਓਹ ਮੰਜੇ ਤੋਂ ਨਾ ਉਠ ਸਕਿਆ,ਓਹਦਾ ਅੰਗਅੰਗ ਟੁਟਦਾ ਸੀ। ਜਦੋਂ ਉਸ ਨੇ ਅੱਖਾਂ ਝਮਕੀਆਂ ਤਾਂ ਉਸ ਨੂੰ ਕੁਝ ਦਿਖਾਈ ਨਾ ਦਿਤਾ। ਓਹ ਘਾਬਰ ਗਿਆ ਉਸਨੇ ਕੂਕ ਮਾਰੀ--'ਮੈਂ ਅੰਨ੍ਹਾ ਹੋ ਗਿਆ ! ਮੈਨੂੰ ਕੁਝ ਨਹੀਂ ਦਿਸਦਾ ਮੈਂ ਅੰਨ੍ਹਾ ਹੋ ਗਿਆ।

ਉਸਦੀ ਇਹ ਹਾਲਤ ਦੇਖਕੇ ਓਹਦੇ ਘਰ ਵਿਚ ਹਲਚਲੀ ਮਚ ਗਈ। ਇਸਤ੍ਰੀ ਤੇ ਬੱਚੇ ਓਹਦੇ ਕੋਲ ਆਏ। ਓਸੇ ਵੇਲੇ ਹਕੀਮਾਂ ਨੂੰ ਬੁਲਾਇਆ ਗਿਆ। ਹਕੀਮਾਂ ਨੇ ਅੱਖਾਂ ਦੇਖੀਆਂ ਉਹ ਸਾਫ ਸਨ। ਉਨ੍ਹਾਂ ਵਿਚ ਕੋਈ ਨੁਕਸ ਜਾਂ ਰੋਗ ਨਜਰ ਨਹੀਂ ਸੀ ਆਉਂਦਾ। ਪਰ ਨਵਾਬ ਰਹੀਮ ਬਖਸ਼ ਨੂੰ ਕੁਝ ਨਜ਼ਰ ਨਹੀਂ ਸੀ ਆਉਂਦਾ। ਓਹਦੇ ਭਾ ਦੀ ਤਾਂ ਦਿਨੇ ਕਾਲੀ ਰਾਤ ਪੈ ਗਈ। ਅੱਖਾਂ ਕੁਦਰਤ ਦੀ ਮਹਾਨ ਸ਼ਕਤੀ ਹਨ ਜੋ ਮਾਨੁਖ ਨੂੰ ਪਰਾਪਤ ਹਨ। ਇਸਦੇ ਇਕ ਪਲ ਗੁਆਚਣ ਨਾਲ ਹਨੇਰ ਛਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਨਵਾਬ ਨੂੰ ਦੁਖ ਲਗਾ, ਦੁਖਵੀ ਨਿਰਾਲਾ ਤੇ ਭਿਆਨਕ, ਫਿਰ ਘਰ ਦੇ ਤੇ ਅੰਤਾਸਾਕ ਕਿਵੇਂ ਸਬਰ ਕਰਨ? ਉਨ੍ਹਾਂ ਨੇ ਹਕੀਮਾਂ ਦੇ ਨਾਲ ਜਾਦੂਗਰ, ਰਮਲੀਏ ਤੇ ਧਾਰੀ ਤਵੀਤ ਕਰਣ ਵਾਲੇ ਲੋਕਾਂਨੂੰ ਸਦਿਆ। ਸਾਰਿਆਂ ਨੇ ਆਪੋ ਆਪਣੀ ਵਿਦਿਆ ਤੇ ਚਮਤਕਾਰ ਦਿਖਾਉਣ ਦਾ ਯਤਨ ਕੀਤਾ ਪਰ ਸਫਲਤਾ ਕਿਸੇਨੂੰ ਪ੍ਰਾਪਤ ਨਾ ਹੋਈ। ਜਿਨ੍ਹਾਂ ਨੌਕਰਾਂ ਨੂੰ ਰਾਤੀਂ ਹੁਕਮ ਹੋਇਆ ਸੀ ਕਿ ਹਿੰਦੂਆਂ ਨੂੰ ਬੁਲਾਇਆ ਜਾਵੇ, ਉਨ੍ਹਾਂ ਨੌਕਰਾਂਨੂੰ ਮਾਲਕ ਦਾ ਹੁਕਮ ਹੀ ਭੁਲ ਗਿਆ। ਉਹ ਤਾਂ ਘਬਰਾਏ ਹੋਏ ਪਾਂਡਿਆਂ ਵਾਲੀ ਹਵੇਲੀ ਦੇ ਵਿਚ ਬੈਠਕੇ ਰੋਣ ਲਗੇ, ਨਵਾਬ ਕੋਲੋਂ ਉਨ੍ਹਾਂ ਨੂੰ ਪੈਸੇ ਤੇ ਭੋਜਨ ਪਰਾਪਤੀ ਦੇ ਸੁਖ ਸਨ। ਉਹ ਤਾਂ ਇਹੋ ਬੇਨਤੀਆਂ ਕਰਨ ਲਗੇ ਕਿ ਕਿਵੇਂ ਨਾ ਕਿਵੇਂ ਨਵਾਬ ਦੀਆਂ ਅੱਖਾਂ ਠੀਕ ਹੋ ਜਾਣ ਤੇ ਉਸਦਾ ਡਰ ਦੂਰ ਹੋ ਜਾਵੇ। ਮਸੀਤਾਂ ਵਿਚ ਨਮਾਜਾਂ ਪੜ੍ਹੀਆਂ ਗਈਆਂ, ਨਿਆਜ਼ਾਂ ਵੰਡੀਆਂ ਗਈਆਂ ਪਰ ਨਵਾਬ ਦਾ ਡਰ ਦੂਰ ਨਾ ਹੋਇਆ, ਉਹ ਡਰਦਾ ਹੀ ਰਿਹਾ ਤੇ ਨੀਂਦ ਆ ਗਈ।

ਕਮਰੇ ਵਿਚ ਉਹ ਇਕੱਲਾ ਨਾ ਰਿਹਾ। ਫਨੂਸਾਂ ਸੀ ਰੌਸ਼ਨੀ ਵਿਚ ਪਹਿਰੇਦਾਰ ਕੋਲ ਬੈਠਾਕੇ ਉਹ ਆਪਣੇ ਮੰਜੇ ਉਤੇ ਲੇਟਿਆ। ਨੀਂਦ ਆਈ, ਨੀਂਦ ਆਉਣ ਦੀ ਢਿੱਲ ਸੀ ਕਿ ਸੁਪਨਾ ਆਇਆ ਜੋ ਪਹਿਲੀ ਰਾਤ ਆਇਆ ਸੀ, ਓਹੋ ਹੀ ਕਾਲਾ ਧੂਤ ਥੰਮ ਵਰਗਾ ਬੰਦਾ ਜਿਸਨੂੰ ਪਛਾਣਿਆ ਨਾ ਜਾ ਸਕੇ ਉਹ ਨਵਾਬ ਦੀ ਛਾਤੀ ਉਤੇ ਆ ਬੈਠਾ। ਨਵਾਬ ਡਰਕੇ ਉਸ ਦੇ ਭਾਰ ਨਾਲ ਐਸਾ ਭੈ ਭੀਤ ਹੋਇਆ ਕਿ ਉਹਦੀ ਜ਼ਬਾਨ ਨਾ ਹਿਲ ਸਕੀ। ਬੁਲ੍ਹ ਨਾ ਫਰਕ ਸਕੇ, ਉਹ ਚੀਕ ਵੀ ਨਾ ਮਾਰ ਸਕਿਆ। ਉਸਨੂੰਦਿਨੇ ਤਾਂ ਕੁਝ ਦਿਸਿਆ ਨਹੀਂ ਸੀ। ਪਰ ਸੁਪਨੇ ਵਿਚ ਉਸਨੂੰ ਸਭ ਕੁਝ ਦਿੱਸਦਾ ਸੀ, ਓਹਦਿਸ ਗਲੋਂ ਵੀ ਹੈਰਾਨ ਸੀ।

ਵਾਹਵਾ ਚਿਰ ਓਸਦੀ ਹਿੱਕ ਉਤੇ ਕਾਲਾ ਦਿਓ ਬੈਠਾ ਰਿਹਾ ਤਾਂ ਨਵਾਬ ਕੀ ਦੇਖਦਾ ਹੈ ਕਿ ਓਹੋ ਮੁੰਡਿਆਂ ਦੀ ਟੋਲੀ ਜਿਨਾਂ ਦਾ ਸਰਦਾਰ ਸਤਿਗੁਰੂ ਸੀ ਤੇ ਜਿਨ੍ਹਾਂ ਨੇ ਖੇਡਦਿਆਂ ਹੋਇਆਂ ਨਵਾਬ ਨੂੰ ਮਖੌਲ ਕੀਤਾ ਸੀ ਓਹਦੇ ਕੋਲ ਆ ਪੁਜਦੀ ਹੈ। ਮੁੰਡਿਆਂ ਦੇ ਸਰਦਾਰ (ਸਤਿਗੁਰੂ ਗੋਬਿੰਦਰਾਇ ਜੀ) ਕਾਲ ਦਿਓ ਦੇ ਕੋਲ ਹੋ ਜਾਂਦਾ ਹੈ ਤੇ ਉਸਨੂੰ ਨਿਕੇ ਨਿਕੇ ਹਥਾਂ ਨਾਲ ਐਸੇ ਘਸੁੰਨ ਮਾਰਦਾ ਹੈ ਕਿ ਨਵਾਬ ਦੀ ਹਿੱਕ ਉਤੋਂ ਪਰੇ ਧਰਤੀ ਉਤੇ ਡਿੱਗ ਪੈਂਦਾ ਹੈ। ਡਿੱਗਦੇ

Sri Satguru Jagjit Singh Ji eLibrary NamdhariElibrary@gmail.com

ਮਾਰ ਦਿਓ ਚੀਕਾਂ ਮਾਰਦਾ ਹੋਇਆ ਨੱਸ ਜਾਂਦਾ ਹੈ ਪਰ ਸਰਦਾਰ ਸਮੇਤ ਲੜਕੇ ਨਵਾਬ ਦੀ ਨਿਰਬਲਤਾ ਦੀ ਹਾਸੀ ਉਡਾਉਂਦੇ ਹਨ। ਨਵਾਬ ਇਕ ਖਤਰੇ ਤੋਂ ਬਚਦਾ ਹੈ ਤੇ ਸ਼ਰਮਿੰਦਗੀ ਦੇ ਖਤਰੇ ਨਾਲ ਦੁਖੀ ਹੁੰਦਾ ਹੈ। ਓਹਦੀ ਨੀਂਦ ਖੁਲ ਗਈ. ਮੰਜੇ ਉਤੇ ਬੈਠ ਗਿਆ ਅੱਖਾਂ ਨਾਲ ਮਲ ਮਲ ਕੇ ਦੇਖਣ ਲਗਾ ਪਰ ਉਸਨੂੰ ਨਜ਼ਰ ਕੁਝ ਨਾ ਆਇਆ, ਓਹ ਨਿਦਾਨ ਅੰਨ੍ਹਾਂ ਸੀ ਉਸ ਨੇ ਕਾਹਲੀ ਨਾਲ ਰਾਖਿਆਂ ਨੂੰ ਪੁਛਿਆ--'ਓ ਜਮਾਲ ! ਫਤੂ !

'ਸਰਕਾਰ !' ਫਤੂ ਤੇ ਜਮਾਲ ਨੇ ਇਕਦਮ ਸਾਂਝੀ ਜਬਾਨ ਵਿਚ ਉਤਰ ਦਿਤਾ।

'ਦੀਵੇਂ ਕਿਉਂ ਗੁਲ ਕੀਤੇ ਹਨ ? ਕੀ ਤੁਸਾਂ ਨੂੰ ਮੇਰਾ ਡਰ ਨਹੀਂ ਰਿਹਾ।

'ਜਹਾਂ ਪਨਾਹ ! ਆਪ ਦਾ ਡਰ ਬਹੁਤ ਹੈ ਅਸਾਂ ਦੀਵੇ ਨਹੀਂ ਬੁਝਾਏ, ਦੀਵੇ ਜਗਦੇ ਹਨ ਦਿਨ ਵਰਗਾ ਚਿੱਟਾ ਚਾਨਣ ਹੈ, ਪਰ ਖੁਦਾ ਨੇ ਆਪ ਦੇ ਤਨ ਦੇ ਦੀਵੇ ਗੁਲ ਕਰ ਦਿਤੇ ਹਨ। ਆਪ ਦੇਖ ਨਹੀਂ ਸਕਦੇ ਅਸਾਂ ਦਾ ਕੋਈ ਕਸੂਰ ਨਹੀਂ।'

ਨਵਾਬ ਸ਼ਰਮਿੰਦਾ ਹੋ ਗਿਆ। ਉਸਨੂੰ ਆਪਣੀ ਭੁਲ ਚੇਤੇ ਆਈ ਉਫ ! ਮੈਂ ਅੰਨ੍ਹਾਂ ਹਾਂ। ਛੇਤੀ ਕਰੋ ਹਾਜੀ ਰਹਿਮਾਨ ਨੂੰ ਮੇਰੇ ਪਾਸ ਲਿਆਓ ਮੈਂ ਉਸਨੂੰ ਪੁਛਾਂ ਮੈਂ ਕਿਉਂ ਅੰਨ੍ਹਾਂ ਹੋ ਗਿਆ ? ਜੋ ਕੁਝ ਮੈਂ ਸੁਫਨੇ ਵਿਚ ਦੇਖਿਆ ਹੈ ਉਸਦਾ ਕੀ ਮਤਲਬ। ਮੈਨੂੰ ਕਿਉਂ ਭੈੜੇ ਡਰਾਉਣੇ ਸੁਫਨੇ ਆਉਂਦੇ ਹਨ। ਜਾਓ। ਛੇਤੀ ਜਾਓ ਤੇ ਛਤੀ ਮੁੜੋ।'

ਨੌਕਰ ਓਸੇ ਵੇਲੇ ਨੱਠ ਗਏ। ਓਹ ਹਾਜੀ ਰਹਿਮਾਨ ਨੂੰ ਸੱਦ ਕੇ ਲੈ ਆਏ। ਹਾਜੀ ਨਵਾਬ ਦੀ ਹਵੇਲੀ ਵਿਚ ਹੀ ਇਕ ਕਮਰੇ ਵਿਚ ਰਹਿੰਦੇ ਸਨ। ਓਹ ਕਾਹਲੀ ਕਾਹਲੀ ਨਵਾਬ ਸਾਹਿਬ ਦੇ ਕੋਲ ਆਇਆ । ਉਸ ਨੇ ਆਉਂਦਿਆਂ ਹੀ ਪੁਛਿਆ--'ਸੁਣਾਓ ਨਵਾਬ ਸਾਹਿਬ ਕੀ ਮਾਮਲਾ ਹੈ।'

'ਹਾਜੀ ਜੀ ! ਮੈਂ ਕੀ ਮਾਮਲਾ ਦਸਾਂ। ਮੈਂ ਬਹੁਤ ਤੰਗ ਹਾਂ, ਮੇਰੀ ਰਾਖੀ ਕਰੋ, ਮੈਨੂੰ ਡਰ ਬਹੁਤ ਆਉਂਦਾ ਹੈ। ਇਸ ਦੇ ਪਿਛੋਂ ਉਸਨੇ ਰਾਤ ਦਾ ਸਾਰਾ ਸੁਪਨਾ ਬਿਆਨ ਕਰ ਦਿਤਾ। ਸੁਪਨੇ ਦੀ ਕਹਾਣੀ ਨੂੰ ਸੁਣਕੇ ਹਾਜੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ--'ਨਵਾਬ ਸਾਹਿਬ। ਜੇ ਨੇਕ ਸਲਾਹ ਤੇ ਅਮਲ ਕਰਨਾ ਹੋਵੇ ਤਾਂ ਮੈਂ ਕੁਝ ਅਰਜ਼ ਕਰਾਂ।

ਹਾਂ। ਹਾਂ। ਜਰੂਰ ਕੋਈ ਸਲਾਹ ਦਸੋ। ਨਵਾਬ ਦਾ ਕਹਿਣਾ ਸੀ।

ਚੰਗਾ ਤਾਂ ਇਹ ਹੈ ਕਿ ਉਸ ਬਾਲ-ਗੁਰੂ ਦੇ ਚਰਨੀਂ ਜਾ ਲਗੋ। ਓਹ ਖੁਦਾ ਦਾ ਰੂਪ ਬੇਪਰਵਾਹ ਵਲੀ ਹੈ। ਇਉਂ ਮਲੂਮ ਹੁੰਦਾ ਹੈ ਕਿ ਉਨ੍ਹਾਂ ਬਾਰੇ ਜਾਂ ਉਨ੍ਹਾ ਦੀਸ਼ਾਨ ਦੇਵਿਰੁਧ ਤੁਸਾਂ ਕੋਈ ਮੰਦਾ ਵਿਚਾਰ ਚਿਤਵਿਆ ਹੋਣਾ ਹੈ, ਜਿਸਦਾ ਫਲ ਇਹ ਮਿਲਿਆ ਹੈ। ਉਨ੍ਹਾਂ ਦੇ ਕਰਾਮਾਤੀ ਹੋਣ ਦੀ ਚਰਚਾ ਬਾਰੇ ਸ਼ਹਿਰ ਵਿਚ ਹੈ।

'ਉਨ੍ਹਾਂ ਨੇ ਮੇਰਾ ਨਿਰਾਦਰ ਕੀਤਾ ਸੀ। ਮੈਂ ਫੈਸਲਾ ਕੀਤਾ ਸੀ ਕਿ ਹਿੰਦੂ ਮੁੰਡਿਆਂ ਦੇ ਮਾਪਿਆਂ ਨੂੰ ਸਦਕੇ ਡਾਂਟਾ। ਬਸ ਬੀਮਾਰ ਹੋ ਗਿਆ, ਓਸੇ ਰਾਤ ਦਾ ਮੈਨੂੰ ਡਰ ਆ ਰਿਹਾ ਹੈ। ਜਿਵੇਂ ਸਮਝੋ ਤਿਵੇਂ ਕਰੋ ਪਰ ਜੋ ਕਰਨਾ ਹੈ ਛੇਤੀ ਕਰੋ।

'ਅਜੇ ਅਧੀ ਰਾਤ ਹੈ ਨਵਾਬ ਸਾਹਿਬ। ਅਰਾਮ ਕਰੋ ਸਵੇਰ ਹੋਣ ਤੇ ਸਭ ਕੁਝ ਠੀਕ ਹੋ ਜਾਵੇਗਾ। ਸਵੇਰੇ ਤੁਸਾਂ ਮੇਰੇ ਨਾਲ ਚਲਣਾ। ਮੈਂ ਖੁਦਾ ਦੇ ਬੰਦੇ ਅਗੇ ਤੁਸਾਂ ਬਦਲੇ ਅਰਜ ਕਰਾਂਗਾ, ਜਰੂਰ ਖਿਮਾਂ ਕਰਨਗੇ, ਖੁਦਾ ਦੇ ਪਿਆਰਿਆਂ ਨੂੰ ਕੁਝ ਨਹੀਂ ਕਹਿਣਾ ਚਾਹੀਏ।

ਇਸ ਤਰਾਂ ਨਵਾਬ ਨੂੰ ਹਾਜੀ ਨੇ ਸਮਝਾਇਆ, ਉਸ ਨੂੰ ਕੁਝ ਹੌਂਸਲਾ ਹੋਇਆ, ਓਹ ਸੁਤਾ ਨਹੀਂ ਸਾਰੀ ਰਾਤ ਗੱਲਾਂ ਹੀ ਕਰਦਾ ਰਿਹਾ।

ਦਿਨ ਚੜ੍ਹਿਆ ਹਾਜੀ ਰਹਿਮਾਨ ਨੇ ਨਵਾਬ ਨੂੰ ਨਾਲ ਲਿਆ ਤੇ ਨਾਲ ਨਵਾਬ ਦਾ ਭਰਾ ਕਰੀਮ ਬਖਸ਼ ਹੋ ਤੁਰਿਆ। ਸਾਰੇ ਰਲਕੇ ਸਾਲਸਰਾਇ ਦੀ ਧਰਮਸਾਲਾ ਵਿਚ ਪੁਜੇ। ਸਬੱਬ ਨਾਲ ਅਗੇ ਸਤਿਗੁਰੂ ਜੀ ਬਾਹਰ ਖੰਡਣ ਜਾਣ ਲਈ ਤਿਆਰ ਹੋ ਰਹੇ ਸਨ। ਮਾਤਾ ਗੁਜਰੀ ਜੀ ਉਹਨਾਂ ਨਾਲ ਪਿਆਰ ਦੇ ਬਚਨ ਬਿਲਾਸ ਕਰ ਰਹੇ ਸਨ। ਉਸ ਵੇਲੇ ਹਾਜੀ ਰਹਿਮਾਨ ਨੇ ਅਗੇ ਹੋਕੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕੀਤੀ। ਪਿਆਰ ਬਦਲੇ ਪਿਆਰ ਬਖਸ਼ਨ ਵਾਲੇ ਸਾਹਿਬਾਂ ਨੇ ਹਾਜੀ, ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਵਲ ਮੇਹਰ ਦੀ ਨਿਗਾਹ ਕਰਕੇ ਦੇਖਿਆ। ਉਨ੍ਹਾਂ ਨੂੰ ਪੁਛਿਆ--ਨਵਾਬ ਸਾਹਿਬ ਕਿਵੇਂ ਆਏ ਹਨ।

'ਆਪ ਦੇ ਦਰਸ਼ਨ ਕਰਨ ਵਾਸਤੇ, ਖਿਮਾਂ ਕਰੋ! ਮੇਹਰ ਕਰੋ।' ਹਾਜੀ

Sri Satguru Jagjit Singh Ji eLibrary NamdhariElibrary@gmail.com

ਰਹਿਮਾਨ ਨੇ ਦੋਵੇਂ ਹਥ ਜੋੜਕੇ ਬੇਨਤੀ ਕੀਤੀ–'ਨਵਾਬ ਸਾਹਿਬ ਕੋਲੋਂ ਭੁਲ ਹੋਈ। ਨਵਾਬੀ। ਅਭਿਮਾਨ ਨੇ ਨਵਾਬ ਸਾਹਿਬ ਪਾਸੋਂ ਭੁਲ ਕਰਾਈ। ਜੀਵ ਭੁਲਣਹਾਰ ਹੈ, ਸਦਾ ਭੁਲਾਂ ਕਰਦਾ ਰਹਿੰਦਾ ਹੈ। ਖਿਮਾਂ ਕਰੋ,ਦਇਆ ਕਰੋ,ਆਪ ਵਾਲੀਹੋਏਚਾ ਨੇਆਪਨੂੰ ਏਅੰਤ ਬਖਸ਼ਿਸ਼ਾਂ ਕੀਤੀਆਂ ਹੋਈਆਂ ਹਨ। ਦਇਆ ਕਰੋ।

'ਹਾਜੀ ਜੀ। ਅਸਾਂ ਨਵਾਬ ਸਾਹਿਬ ਨੂੰ ਕੁਝ ਨਹੀਂ ਕਿਹਾ ਤੇ ਇਨ੍ਹਾਂ ਅਸਾਂਨੂੰ ਕੁਝ ਨਹੀਂ ਕਿਹਾ, ਫਿਰ ਖਿਮਾਂ ਕਿਸ ਗਲ ਦੀ। ਇਹ ਭਲੇ ਪੁਰਸ਼ ਹਨ।' ਸਤਿਗੁਰੂ ਜੀ ਨੇ ਸਹਿਜ ਸੁਭਾ ਗੰਭੀਰਤਾ ਨਾਲ ਬਚਨ ਕੀਤਾ।

ਇਹ ਬਚਨ ਸੁਣਕੇ ਨਵਾਬ ਰਹੀਮ ਬਖਸ਼ ਦੇ ਹਿਰਦੇ ਨੂੰ ਸ਼ਾਂਤ ਆਈ, ਓਹ ਅਗੇ ਹੋਕੇ ਸਤਿਗੁਰੂ ਜੀ ਦੇ ਚਰਨਾਂ ਵਲ ਵਧਿਆ ਪਰ ਉਸ ਨੂੰ ਦਿਸਦਾ ਕੁਝ ਨਹੀਂ ਸੀ ਸੂਹ ਨਾਲ ਓਹ ਅਗੇ ਵਧਿਆ। 'ਮੈਂ--ਮੈਂ ਮਨ ਵਿਚ ਪਾਪ ਚਿਤਵਿਆ ਸੀ। ਮੈਂ ਤੁਸਾਂ (ਸਤਿਗੁਰੂ ਜੀ) ਦੇ ਮਖੌਲ ਕਰਣ ਤੇ ਸਲਾਮ ਨਾ ਕਰਣ ਤੇ ਕ੍ਰੋਧਵਾਨ ਹੋ ਗਿਆ ਸਾਂ। ਮੈਂ ਮਨ ਹੀ ਮਨ ਫੈਸਲਾ ਕੀਤਾ ਸੀ ਕਿ ਸਾਲਸਰਾਇ ਦੀ ਧਰਮਸਾਲਾ ਦੇ ਸਾਰੇ ਮਹਲੇ ਦੇ ਸਾਰੇ ਹਿੰਦੂਆਂ ਨੂੰ ਸਦਕੇ ਸਜਾ ਦੇਵਾਂਗਾ ਕਿ ਉਨ੍ਹਾਂ ਦੇ ਪੁਤ੍ਰ ਕਿਉਂ ਨਹੀਂ ਡਰਦੇ, ਮੈਂ ਹੁਕਮ ਵੀ ਦੇ ਦਿਤਾ ਸੀ, ਪਰ ਰਾਤ ਨੂੰ ਮੈਂ ਅੰਨ੍ਹਾਂ ਹੋ ਗਿਆ। ਮੈਨੂੰ ਭਿਆਨਕ ਸੁਫਨਾ ਆਇਆ ਉਸ ਸੁਫਨੇ ਪਿਛੋਂ ਮੈਂ ਅੰਨ੍ਹਾਂ ਹੋ ਗਿਆ ਐਸਾ ਹੋਇਆ ਕਿ ਚੇਤਾ ਹੀ ਭੁਲ ਗਿਆ ਕਿ ਮੈਂ ਹਿੰਦੂਆਂ ਨੂੰ ਸਜ਼ਾ ਦੇਣੀ ਹੈ। ਹੁਣ ਮੈਂ ਆਪ ਦੇ ਚਰਨਾਂ ਦੀ ਖਾਕ ਲੈਕੇ ਮਥੇ ਨੂੰ ਲਾਉਣਾ ਚਾਹੁੰਦਾ ਹਾਂ, ਬਸ ਇਹੋ ਮੇਰੀ ਇਛਾ ਹੈ। ਮੈਂ ਬਹੁਤ ਪਸ਼ੇਮਾਨ ਹਾਂ ਕਿ ਮੈਂ ਖੁਦਾ ਦੇ ਪਿਆਰਿਆਂ ਮਾਸੂਮ ਬਚਿਆਂ ਦੀ ਭੋਲੀ ਭਾਲੀ ਹਤਕਤ ਉਤੇ ਕਰੋਧ ਕੀਤਾ। ਮੇਰੇ ਹੰਕਾਰ ਨੇ ਮੈਨੂੰ ਅੰਨ੍ਹਿਆਂ ਕੀਤਾ, ਮੈਂ ਮੁਆਫੀ ਮੰਗਦਾ ਹਾਂ। ਮੇਹਰ ਕਰੋ, ਤੁਸੀਂ ਖੁਦਾ ਦਾ ਰੂਪ ਹੋ, ਹਾਜੀ ਜੀ ! ਮੈਨੂੰ ਚਰਨਾਂ ਪਾਸ ਕਰੋ, ਮੈਂ ਚਰਨਾਂ ਦੀ ਖਾਕ ਮਥੇ ਤੇ ਲਾਵਾਂ।

ਨਵਾਬ ਦੀ ਆਤਮਾ ਹੁਣ ਨਿਰਮਲ ਹੋ ਚੁਕੀ ਸੀ। ਨਵਾਬੀ ਬਲ ਦਾ ਹੰਕਾਰ ਦੂਰ ਹੋ ਚੁਕਾ ਸੀ। ਦਾਤੇ ਨੂੰ ਦਇਆ ਆਈ। ਵਾਹਿਗੁਰੂ ਨੇ ਸਤਿਗੁਰੂ ਜੀ ਦਾ ਜਸ ਪ੍ਰਤਾਪ ਵਧਾਉਣਾ ਸੀ, ਇਸ ਕਰਕੇ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਗੰਭੀਰਤਾ ਨਾਲ ਖਲੋਤੇ ਰਹੇ। ਹਾਜੀ ਨੇ ਨਵਾਬ ਨੂੰ ਫੜਕੇ ਅਗੇ ਕੀਤਾ। ਨਵਾਬ ਕੰਗਾਲਾਂ, ਭਗਤਾਂ ਤੇ ਬਾਲਾਂ ਵਾਂਗ ਬਾਲ-ਗੁਰੂ ਜੀ ਦੇ ਚਰਨੀ ਡਿਗ ਪਿਆ। ਚਰਨਾਂ ਦੀ ਧੂੜ ਮਥੇ ਤੇ ਅੱਖਾਂ ਨੂੰ ਲਾਈ। ਜਿਉਂ ਹੀ ਮਥਾ ਚਰਨਾਂ ਨਾਲ ਛੋਹਿਆ ਤੇ ਅੱਖਾਂ ਤੇ ਚਰਨਾਂ ਦੀ ਧੂੜ ਲਾਈ ਤਾਂ ਉਸਦਾ ਅੰਨਾ-ਪਨ ਦੂਰ ਹੋ ਗਿਆ। ਸਤਿਗੁਰੂ ਜੀ ਦੇ ਚਰਨ ਸਾਫ ਦਿਖਾਈ ਦਿਤੇ। ਉਪਰ ਦੇਖਿਆ ਤਾਂ ਕੱਦ ਅਤੇ ਗੁਰੂ ਜੀ ਦਾ ਦੇਹਰਾ ਦਿਸਿਆ। ਬਸ ਫੇਰ ਕੀ ਸੀ, ਹਰ ਚੀਜ ਨਜ਼ਰ ਆਈ, ਪ੍ਰਸੰਨ ਹੋ ਗਿਆ। ਲੱਗਾ ਸਤਿਗੁਰੂ ਜੀ ਦਾ ਜਸ ਕਰਨ। ਜਿਉਂ ਜਿਉਂ ਨਵਾਬ ਜਸ ਕਰਦਾ ਗਿਆ ਤਿਉਂ ਤਿਉਂ ਓਹਦੇ ਪਾਪ ਝੜਦੇ ਗਏ। ਹੰਕਾਰ ਦਾ ਨਾਸ਼ ਹੁੰਦਾ ਗਿਆ। ਓਹ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਓਹਦਾ ਭਰਾ ਕਰੀਮ ਬਖਸ਼ ਤਾਂ ਇਹ ਕੌਤਕ ਵੇਖਕੇ ਹੈਰਾਨ ਹੀ ਨਾ ਰਿਹਾ ਸਗੋਂ ਸਤਿਗੁਰੂ ਜੀ ਦੀ ਚਰਨੀ ਲਗਾ। ਓਸੇ ਵੇਲੇ ਗੁਰੂ ਘਰ ਦੇ ਨਾਮ ਆਪਣੀ ਜਮੀਨ ਵਿਚੋਂ ਦੋ ਖੂਹ ਲਾਦਿਤੇ ਅਤੇਅਗੇ ਨੂੰ ਸਤਿਗੁਰੂ ਜੀਦੇ ਹੁਕਮਅਨੁਸਾਰ ਚਲਣ ਦਾ ਬਚਨ ਦਿਤਾ।

ਸਾਰੇ ਸ਼ਹਿਰ ਵਿਚ ਚਰਚਾ ਖਿੱਲਰ ਗਈ ਕਿ ਸਾਲਸ ਰਾਇ ਦੀ ਧਰਮਸਾਲਾ ਵਿਚ ਰਹਿਣ ਵਾਲੇ ਗੁਰੂ ਸਾਹਿਬਜਾਦੇ ਨੇ ਨਵਾਬ ਸਾਹਿਬ ਦੇ ਅੰਨੇ-ਪਣ ਨੂੰ ਦੂਰ ਕੀਤਾ ਹੈ। ਇਹ ਬਾਲਕ ਵਡਾ ਕਰਾਮਾਤੀ ਹੈ, ਰਿਧੀਆਂ ਸਿਧੀਆਂ ਵਾਲਾ ਭਗਵਾਨ ਦਾ ਅਵਤਾਰ ਹੈ ਚਲੋ ਦਰਸ਼ਨ ਕਰੀਏ, ਧੰਨ ਹਨ ਸਤਿਗੁਰੂ ਤੇ ਉਨ੍ਹਾਂ ਦੇ ਵਡੇ ਕੀਤੇ ਕੌਤਕ।

੮. ਗੁਰੂ ਤੇਗਬਹਾਦਰ ਜੀ ਦਾ ਪੰਜਾਬੋਂ ਸੁਨੇਹਾ ਮਿਲਣਾ

ਪਿਛਲੇ ਹਿਸੇ ਵਿਚ ਪਾਠਕ ਪੜ੍ਹ ਆਏ ਹਨ ਕਿ ਸਤਿਗੁਰੂ ਤੇਗ ਬਹਾਦਰ ਜੀ ਅਸਾਮ ਤੇ ਬੰਗਾਲ ਦਾ ਦੌਰਾ ਕਰਕੇ ਪੰਜਾਬ ਵਾਪਸ ਆ ਗਏ ਸਨ ਤੇ ਮਾਤਾ ਗੂਜਰੀ, ਸਾਹਿਬਜਾਦੇ, ਆਪਣੀ ਮਾਤਾ ਨਾਨਕੀ ਜੀ ਅਤੇ ਸੇਵਕਾਂ ਨੂੰ ਪਟਨਾ ਸ਼ਹਿਰ ਛੱਡ ਆਏ ਸਨ। ਪੰਜਾਬ ਆਕੇ ਜਦੋਂ ਸਾਹਿਬਾਂ ਦੇਖਿਆ ਕਿ ਅਨੰਦਪੁਰ ਦੀ ਹਾਲਤ ਚੰਗੀ ਹੈ ਸੋਢੀਆਂ ਦੀ ਈਰਖਾ ਕੁਝ ਨਹੀਂ ਵਿਗਾੜ ਸਕਦੀ ਤਾਂ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਉਨ੍ਹਾਂ ਨੇ ਪਟਨੇ ਸ਼ਹਿਰ ਵਲ ਸੇਵਾਦਾਰ ਨੂੰ ਤੋਰਿਆ ਕਿ ਓਹ ਜਾ ਕੇ ਸਾ ਪਰਵਾਰ ਨੂੰ ਅਨੰਦਪੁਰ ਨੂੰ ਲੈ ਆਵੇ, ਉਹ ਸਮੇਂ ਅਜ ਵਰਗੇ ਨਹੀਂ ਸਨ ਜਦੋਂ ਦੂਸਰੇ ਦਿਨ ਪਟਨੇ ਵਿਚ ਪਹੁੰਚ ਜਾਈਦਾ ਹੈ। ਓਸ ਸਮੇਂ ਤਾਂ ਹੌਲੀ ੨ ਗਡਿਆਂ ਤੇ ਜਾਈਦਾ ਸੀ। ਵੀਹ ਤੋਂ ਤੀਹ ਕੋਹ ਦਾ ਮਸਾਂ ਸਫਰ ਹੁੰਦਾ ਸੀ। ਤਕਰੀਬਨ ਨੌ ਸੌ ਮੀਲ ਦਾ ਸਫਰ ਪੈਦਲ ਕਰਨਾ ਸੀ, ਰਾਹ ਖਤਰਿਆਂ ਨਾਲ ਭਰਿਆ ਹੋਇਆ ਸੀ ਉਸ ਸਮੇਂ ਡਕੈਤੀਆਂ ਵੀ ਹੁੰਦੀਆਂ ਸੀ ਜੰਗਲ ਬਹੁਤ ਹੁੰਦੇ ਸਨ। ਦਰਿਆਵਾਂ ਤੇ ਬੇੜੀਆਂ ਪੈਂਦੀਆਂ ਸਨ ਪੁਲ ਕੋਈ ਨਹੀਂ ਸਨ ਹੁੰਦੇ।

ਰਾਤ ਦਿਨ ਇਕ ਕਰਕੇ ਅਤੇ ਸਤਿਗੁਰੂ ਜੀ ਦੀ ਮਿਹਰ ਦਾ ਸਦਕਾ ਸਿਖ ਮੰਜਲੋ ਮੰਜਲੀ ਸ੍ਰੀ ਅਨੰਦਪੁਰ ਤੋਂ ਪਟਨੇ ਪਹੁੰਚਿਆ, ਉਸ ਨੇ ਮਾਮੇ ਕ੍ਰਿਪਾਲ ਚੰਦ ਜੀ ਤੇ ਮਾਤਾ ਗੁਜਰੀ ਨੂੰ ਜਾ ਦਸਿਆ ਕਿ ਸਤਿਗੁਰੂ ਜੀ ਨੇ ਯਾਦ ਕੀਤਾ ਹੈ। ਛੇਤੀ ਤੋਂ ਛੇਤੀ ਤਿਆਰੀ ਕਰਕੇ ਪਟਨੇ ਤੋਂ ਤੁਰਨਾ ਚਾਹੀਦਾ ਹੈ, ਪੰਜਾਬ ਕਾਬਲ ਕੰਧਾਰ ਦੀਆਂ ਸਿਖ ਸੰਗਤਾਂ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਵਾਸਤੇ ਮਛਲੀ ਵਤ ਤੜਫ ਰਹੀਆਂ ਹਨ। ਉਸ ਸਿਖ ਨੇ ਇਹ ਵੀ ਕਿਹਾ—'ਮਾਤਾ ਜੀ! ਜਦੋਂ ਮੈਂ ਤੁਰਨ ਲਗਾ ਸਾਂ ਤਦੋਂ ਬਹੁਤ ਸਾਰੇ ਸਿਖ ਮੇਰੇ ਪਾਸ ਆਏ ਸਨ, ਹਰ ਇਕ ਨੇ ਇਹ ਪਕੀ ਕੀਤੀ ਸੀ ਕਿ ਸਾਹਿਬਜ਼ਾਦੇ ਜੀ ਨੂੰ ਛੇਤੀ ਤੋਂ ਛੇਤੀ ਨਾਲ ਲੈ ਕੇ ਜਰੂਰ ਆਉਨਾ। ਸਾਰਿਆਂ ਦੀਆਂ ਅੱਖਾਂ ਪੂਰਬ ਵਲ ਰਹਿੰਦੀਆਂ ਹਨ। ਪਟਨੇ ਦਾ ਚੰਦ ਵੇਖਣਾ ਚਾਹੁੰਦੇ ਹਨ। ਉਸੇ ਤਰਾਂ ਉਡੀਕ ਰਹੇ ਹਨ ਜਿਵੇਂ ਈਦ ਦੇ ਚੰਦ ਨੂੰ ਦੇਖਣ ਵਾਸਤੇ ਮੁਸਲਮਾਨ ਉਡੀਕ ਕਰਦੇ ਤੇ ਪਬਾਂ ਭਾਰ ਹੋ ਹੋਕੇ ਦੇਖਦੇ ਹਨ।

ਸਤਿਗੁਰੂ ਜੀ ਦੇ ਹੁਕਮ ਨੂੰ ਭਲਾ ਕੌਣ ਟਾਲੇ, ਨਾਲੇ ਸਾਰੇ ਪੰਜਾਬ ਜਾਣ ਨੂੰ ਤਿਆਰ ਸਨ, ਇਸ ਵਾਸਤੇ ਓਸੇ ਵੇਲੇ ਖੁਸ਼ੀਆਂ ਦੇ ਵਾਜੇ ਵਜ ਗਏ। ਤੁਰਨ ਦੀਆਂ ਤਿਆਰੀਆਂ ਹੋਣ ਲਗੀਆਂ। ਉਨ੍ਹਾਂ ਦੀ ਤਿਆਰੀ ਖੁਸ਼ੀ ਦੀ ਸੀ ਪਰ ਜਦੋਂ ਲੋਕਾਂ ਨੇ ਸੁਣਿਆਂ ਤਾਂ ਓਹ ਉਦਾਸ ਹੋ ਗਏ, ਓਹ ਸਾਲਸਰਾਏ ਦੀ ਧਰਮਸਾਲਾ ਦੇ ਬੂਹੇ ਅਗੇ ਆ ਖਲੋਤੇ। ਹਰ ਇਕ ਦੇ ਹਿਰਦੇ ਦੀ ਅਵਾਜ਼ ਸੀ—'ਜੀਵਨ ਦਾਤਾ ਨਾ ਜਾਵੇ। ਪਟਨੇ ਦੀ ਜਾਨ ਤੇ ਰੌਣਕ ਨਾ ਜਾਵੇ, ਬਾਲ-ਗੁਰੂ ਜੀ ਦੇ ਅਵਤਾਰ ਧਾਰਨ ਤੇ ਮੁਸਕਰਾਉਣ ਨਾਲ ਸਾਰੇ ਸ਼ਹਿਰ ਵਿਚੋਂ ਕੰਗਾਲੀ, ਈਰਖਾ,

Sri Satguru Jagjit Singh Ji eLibrary NamdhariElibrary@gmail.com

ਰੋਗ, ਦਲਿਦਰ ਆਦਿਕ ਚੰਦਰੇ ਕਰਮ ਨੱਸ ਗਏ ਹਨ। ਸਾਰੇ ਜੀਵ ਖੁਸ਼ੀ ਤੇ ਪਿਆਰ ਨਾਲ ਵਸ ਰਹੇ ਹਨ।'

ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੂੰ ਪਤਾ ਲਗਾ ਤਾਂ ਉਹ ਦੋਵੇਂ ਭਾਈ ਸਮੇਤ ਬੇਗਮਾਂ ਦੇ ਨਸ ਆਏ। ਸਤਿਗੁਰੂ ਜੀ ਦੇ ਚਰਨ ਫੜ ਕੇ ਤਰਲਾ ਕਰਨ ਲਗੇ—'ਹੇ ਖੁਦਾ ਦੇ ਨੂਰ ਵਲੀ ਅੱਲਾ! ਨਾ ਜਾਓ। ਅਸੀਂ ਤਾਂ ਤੁਸਾਂ ਦੇ ਦੀਦਾਰ ਕਰਕੇ ਜੀਉਂਦੇ ਹਾਂ, ਅਸੀਂ ਤਾਂ ਵਿਛੋੜੇ ਵਿਚ ਮਰ ਜਾਵਾਂਗੇ। ਦੋ ਜਹਾਨ ਦੇ ਵਾਲੀ ਅਸਾਂ ਉਤੇ ਦਇਆ ਕਰੋ ਤੇ ਨਾ ਜਾਵੋ। ਜਾਗੀਰ, ਘਰ, ਹਾਥੀ ਘੋੜੇ ਜੋ ਚਾਹੋ ਲਵੋ। ਅਸਾਂ ਦਾ ਮਨ, ਤਨ ਤੇ ਧਨ ਸਭ ਕੁਝ ਤੁਸਾਂ ਦਾ ਹੈ। ਅਸੀਂ ਤਾਂ ਆਪਣਾ ਕੁਝ ਨਹੀਂ ਸਮਝਦੇ। ਉਨ੍ਹਾਂ ਦੀ ਅਰਜ (ਬੇਨਤੀ) ਸੁਣਕੇ ਮਾਮੇ ਕ੍ਰਿਪਾਲ ਚੰਦ ਜੀ ਨੇ ਸਾਰਿਆਂ ਨੂੰ ਸਮਝਾਯਾ ਕਿ ਸਤਿਗੁਰੂ ਜੀ ਦਾ ਪੰਜਾਬ ਜਾਣਾ ਬਹੁਤ ਜ਼ਰੂਰੀ ਹੈ। ਸਤਿਗੁਰੂ ਜੀ ਦੇ ਦੂਰ ਰਹਿਣ ਤੇ ਵੀ ਜੇ ਤੁਸਾਂ ਦੇ ਹਿਰਦੇ ਵਿਚ ਪਿਆਰ ਹੈ ਨੇਕੀ ਕਰਦੇ ਹੋਏ ਧਰਮ ਕਿਰਤ ਰਾਹੀਂ ਜੀਵਨ ਬਤੀਤ ਕਰੋਗੇ ਅਤੇ ਵਾਹਿਗੁਰੂ ਦਾ ਸਿਮਰਨ ਕਰੋਗੇ ਤਾ ਤੁਸਾ ਨੂੰ ਕੋਈ ਦੁਖ ਤਕਲੀਫ ਨਹੀਂ ਹੋਵੇਗੀ ਤੇ ਨਾ ਸਤਿਗੁਰੂ ਜੀ ਦਾ ਵਿਛੋੜਾ ਦੁਖੀ ਕਰੇਗਾ। ਜਦੋ 'ਯਾਦ ਕਰੋਗੇ ਤਦੋਂ ਦੀਦਾਰੇ ਹੋ ਜਾਇਆ ਕਰਨਗੇ। ਇਨ੍ਹਾਂ ਨੇ ਜਗਤ ਜੀਵਾਂ ਨੂੰ ਤਾਰਨਾਹੈ।'

ਮਾਮਾ ਕ੍ਰਿਪਾਲ ਚੰਦ ਜੀ ਸਮਝਾ ਹੀ ਰਹੇ ਸਨ ਕਿ ਬਾਲ-ਗੁਰੂ ਮਨ ਦੀ ਮੌਜ ਨਾਲ ਮੁਸਕਰਾਂਦੇ ਹੋਏ ਕੋਲ ਆ ਗਏ। ਸਾਰਿਆਂ ਨੇ ਨਿਮਸ਼ਕਾਰ ਕੀਤੀ ਸਭ ਦੇ ਨੈਣਾਂ ਵਿਚ ਹੰਝੂ ਸਨ, ਸਾਰੇ ਉਦਾਸ ਸਨ, ਉਨ੍ਹਾਂ ਦੀ ਐਸੀ ਦਸ਼ਾ ਦੇਖਕੇ ਸਾਹਿਬਜ਼ਾਦੇ ਜੀ ਨੇ ਸਿਆਣਿਆਂ ਵਾਂਗ ਬਚਨ ਕੀਤਾ—'ਕੋਈ ਚਿੰਤਾ ਨਾ ਕਰੋ ਪੰਜਾਬ ਜਾ ਕੇ ਮੈਂ ਤੁਸਾਂ ਨੂੰ ਨਹੀਂ ਭੁਲਾਂਗਾ।'

ਰਾਜਾ ਛਤਹ ਚੰਦ ਮੈਨੀ ਤੇ ਉਸਦੀ ਰਾਣੀ ਨੂੰ ਵੀ ਕਿਸੇ ਜਾ ਕਿਹਾ—'ਹੇ ਰਾਜਨ! ਹੇ ਰਾਣੀ! ਤੁਸਾਂ ਦੋਹਾ ਦਾ ਧਰਮੀ ਪੁਤਰ ਬਾਲਾ ਪ੍ਰੀਤਮ ਜਾ ਰਿਹਾ ਹੈ, ਜਾ ਵੀ ਬਹੁਤ ਦੂਰ ਰਿਹਾ ਹੈ, ਕਈਆਂ ਦਰਿਆਵਾਂ ਤੋਂ ਪਾਰ। ਉਹ ਕਦੋਂ ਮਿਲੇਗਾ? ਕਿਵੇਂ ਮਿਲੇਗਾ? ਕੋਈ ਪਤਾ ਨਹੀਂ। ਜਾਓ ਜਾ ਕੇ ਦਰਸ਼ਨ ਕਰ ਲਵੋ ਮੈਂ ਹੁਣੇ ਆ ਰਹੀ ਹਾਂ ਤਿਆਰੀਆਂ ਹੋ ਰਹੀਆਂ ਹਨ, ਹੋਰ ਘੜੀ ਪਲ ਨੂੰ

Sri Satguru Jagjit Singh Ji eLibrary NamdhariElibrary@gmail.com

ਜ਼ਰੂਰ ਤੁਰ ਜਾਣਗੇ, ਛੇਤੀ ਕਰੋ। ਤੁਸਾਂ ਵਲ ਨੱਠੀ ਆਉਂਦੀ ਦੀਆਂ ਵੱਖੀਆਂ ਵੀ ਚੜ ਗਈਆਂ ਦੇ ਵਾਰ ਡਿੱਗਣ ਵੀ ਲਗੀ ਸਾਂ। ਕਿੰਨਾ ਚੰਗਾ ਪ੍ਰੀਤਮ ਅਸਾਂ ਕੋਲੋਂ ਵਿਛੜ ਰਿਹਾ ਹੈ। ਜਦੋਂ ਦਾ ਅਵਤਾਰ ਲਿਆ ਤਦੋਂ ਤੋਂ ਪਟਨੇ ਵਿਚ ਠੰਢ ਰਹੀ। ਰੋਗਾਂ ਨੇ ਕਿਸੇ ਨੂੰ ਦੁਖੀ ਨਹੀਂ ਕੀਤਾ। ਵੈਰੀ ਕੋਈ ਚੜਕੇ ਨਹੀਂ ਆਇਆ ਤੇ ਭੁਖਾ ਕੰਗਾਲ ਕੋਈ ਨਹੀਂ। ਓਹ ਅਜ ਜਾ ਰਿਹਾ ਹੈ।

ਰਾਜੇ ਰਾਣੀ ਨੂੰ ਇਹ ਖਬਰ ਦਸਣ ਵਾਲੀ ਉਨ੍ਹਾਂ ਦੀ ਵਫਾਦਾਰ ਦਾਸੀ ਸੀ, ਦਾਸੀ ਵੀ ਐਸੀ ਜੋ ਖੁਦ ਸਤਿਗੁਰੂ ਜੀ ਦ ਦਰਸ਼ਨ ਕਰਕੇ ਨਿਹਾਲ ਹੁੰਦੀ ਸੀ, ਰੱਬੀ ਰੂਪ ਦੀ ਆਪ ਪਰੇਮਣ ਸੀ। ਉਸਦੀ ਜ਼ਬਾਨੋਂ ਇਹ ਖਬਰ ਸੁਣਕੇ ਰਾਣੀ ਦਾ ਤਾਂ ਕਲੇਜਾ ਕੰਬ ਉਠਿਆ ਉਸ ਨੇ ਕਾਹਲੀ ਨਾਲ ਕਿਹਾ, 'ਕੀ ਓਹ ਜਾ ਰਹੇ ਹਨ ?

'ਹਾਂ ਰਾਣੀ ਜੀ ! ਉਹ ਜਾ ਰਹੇ ਹਨ।'

'ਮੈਂ ਲੁਟੀ ਜਾਵਾਂਗੀ !' ਮੈਂ ਨਹੀਂ ਜਾਣ ਦਿਆਂਗੀ, ਓਹਨਾਂ ਬਿਨਾਂ ਮੈਂ ਨਹੀਂ ਜੀਉਂਦੀ ਰਹਿ ਸਕਦੀ। ਓਹ ਮੇਰੇ ਪੁਤ੍ਰ ! ਮੇਰੀਆਂ ਅੱਖਾਂ ਦੇ ਚਾਨਣ ਮੇਰੀ ਆਤਮਾ !' ਇਉਂ ਆਖਦੀ ਰਾਣੀ ਰਾਜ ਭਵਨ ਵਿਚੋਂ ਨਿਕਲਕੇ ਨੱਠ ਉਠੀ। ਓਹ ਛੇਤੀ ਤੋਂ ਛੇਤੀ ਸਾਲਸ ਰਾਇ ਦੀ ਧਰਮਸਾਲਾ ਪਹੁੰਚਣਾ ਚਾਹੁੰਦੀ ਸੀ। ਆਖਰ ਪੁਜੀ ਉਸਦੇ ਪਿਛੇ ਸੀ ਰਾਜਾ ਤੇ ਰਾਜੇ ਦੇ ਪਿਛੇ ਸਨ ਦਾਸੀਆਂ। ਅਗੇ ਸਚਮੁਚ ਤਿਆਰੀਆਂ ਹੋ ਰਹੀਆਂ ਸਨ। ਸੇਵਾਦਾਰ ਘਰ ਦਾ ਸਾਮਾਨ ਬੰਨ੍ਹ ਰਹੇ ਸਨ। ਗਾਡੀਵਾਨ ਗਡੇ ਨੂੰ ਠੀਕ ਕਰ ਰਿਹਾ ਸੀ। ਪਾਲਕੀਆਂ ਸਜਾਈਆਂ ਜਾ ਰਹੀਆਂ ਸਨ, ਘੋੜਿਆਂ ਉਤੇ ਕਾਠੀਆਂ ਪੈ ਰਹੀਆਂ ਸਨ। ਊਠ ਤੇ ਘੋੜੇ ਨਿਹਾਰੀਆਂ ਖਾ ਰਹੇ ਸਨ।

'ਦੁਪਹਿਰ ਤੋਂ ਪਹਿਲਾਂ ਪਹਿਲਾਂ ਪਟਨੇ ਸ਼ਹਿਰ ਨੂੰ ਛਡ ਦਿਤਾ ਜਾਵੇਗਾ ਸਤਿਗੁਰੂ (ਤੇਗ ਬਹਾਦਰ) ਜੀ ਦਾ ਹੁਕਮ ਆਇਆ ਹੈ, ਉਹਨਾਂ ਦੇ ਹੁਕਮ ਦੀ ਉਲੰਘਣਾ ਨਹੀਂ ਹੋ ਸਕਦੀ।' ਰਾਜੇ ਨੂੰ ਮਾਮੇ ਕ੍ਰਿਪਾਲ ਚੰਦ ਜੀ ਨੇ ਉਤਰ ਦਿਤਾ ਸੀ।

ਰਾਣੀ ਨੇ ਸਾਹਿਬਜਾਦੇ ਨੂੰ ਗੋਦ ਵਿਚ ਚੁਕ ਲਿਆ ਸੀ। ਓਹ ਓਹਦੇ

Sri Satguru Jagjit Singh Ji eLibrary NamdhariElibrary@gmail.com

ਨਾਲ ਪਰੇਮ ਕਰੀ ਜਾਂਦੀ ਸੀ ਓਹਦੇ ਦਿਲ ਦੀ ਧੜਕਣ ਸਰੋਂ ਵਧੀ ਜਾਂਦੀ ਸੀ। ਆਪਣੇ ਬਾਲ ਪ੍ਰੀਤਮ ਦਾ ਚਿਹਰਾ ਦੇਖ ਦੇਖ ਕੇ ਨਹੀਂ ਸੀ ਰਜਦੀ ਓਹ ਸ਼ੁਦਾਇਣਾਂ ਵਾਂਗ ਪੁਛੀ ਜਾਂਦੀ ਸੀ 'ਸਚਮੁਚ ਜਾ ਰਹੇ ਹੋ? ਕਦੋਂ ਮਿਲੋਗੇ? ਵਿਛੋੜੇ ਵਿਚ ਕੀ ਮੈਂ ਜੀਊਂਦੀ ਰਹਾਂਗੀ? ਕੀ ਤੁਸੀਂ ਏਥੇ ਨਹੀਂ ਰਹਿ ਸਕਦੇ?'

'ਮਾਂ ਜੀ! ਜਗਤ ਦੇ ਮਾਲਕ ਨੇ ਬਚਨ ਕੀਤਾ ਏ ਜਾਣਾ ਜਰੂਰ ਹੈਪਿਤਾ ਜੀ ਨੇ ਬੁਲਾਇਆ ਹੈ ਅਸੀਂ ਹੁਕਮ ਦੇ ਬੰਦੇ ਹਾਂ, ਤੁਸੀਂ ਧੀਰਜ ਕਰੋ। ਤੁਸਾਂ ਨੂੰ ਅਸਾਂ ਦੇ ਦਰਸ਼ਨ ਹੋਜਾਇਆ ਕਰਨਗੇ। ਜਰੂਰ ਦਰਸ਼ਨ ਹੋ ਜਾਇਆ ਕਰਨਗੇ।'

'ਉਹ ਕਿਵੇਂ?' ਰਾਣੀ ਨੇ ਕਾਹਲੀ ਨਾਲ ਪੁਛਿਆ।

'ਬਸ ਲੂਣ ਵਾਲੀਆਂ ਘੁੰਘਣੀਆਂ ਰੋਜ ਉਬਾਲੀਆਂ, ਦੁਧ ਘਿਓ ਦੀਆਂ ਪੂਰੀਆਂ ਕਢੀਆਂ ਤੇ ਮੇਰੇ ਹਾਣੀ ਤੇ ਸਾਥੀ ਮੁੰਡਿਆਂ ਨੂੰ ਹਰ ਰੋਜ਼ ਲੌਂਦੇ ਵੇਲੇ ਵੰਡ ਦਿਆ ਕਰਨੀਆਂ। ਜਦੋਂ ਇਹ ਦੋਵੇਂ ਪਦਾਰਥ ਵੰਡਿਆ ਕਰੋਗੇ ਤਦੋਂ ਤੁਸਾਂ ਨੂੰ ਅਸਾਂ ਦੇ ਪਰਤਖ ਦਰਸ਼ਨ ਹੋਇਆ ਕਰਨਗੇ। ਇਹ ਦੋਵੇਂ ਪਦਾਰਥ ਅਸੀਂ ਖਾਂਦੇ ਹੋਏ ਤੁਸਾਂ ਨੂੰ ਦਿਸਿਆ ਕਰਾਂਗੇ। ਦੂਸਰਾ ਵਾਹਿਗੁਰੂ ਦੇ ਨਾਮ ਦਾ ਸਿਮਰਨ ਸਵਾਸ ਸਵਾਸ ਕਰਿਆ ਕਰਣਾ। ਜੋ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਹੈ ਓਸਦਾ ਕਲਿਆਣ ਹੁੰਦਾ ਹੈ। ਨਾਮ ਹੀ ਹੈ ਜੋ ਦਰਗਾਹੇ ਸਹਾਈ ਹੁੰਦਾ ਹੈ ਤੇ ਜਗਤ ਵਿਚ ਨਾਂ ਅਮਰ ਰਖਦਾ ਹੈ।'

ਸਤਿਗੁਰੂ ਜੀ ਨੇ ਬ੍ਰਹਮ ਸ਼ਕਤੀ ਦੀ ਰੰਗਣ ਵਾਲੀ ਦ੍ਰਿਸ਼ਟੀ ਨਾਲ ਤੁਰਦਿਆਂ ਹੋਇਆਂ ਇਹ ਬਚਨ ਕੀਤੇ। ਇਨ੍ਹਾਂ ਬਚਨਾਂ ਨੂੰ ਸੁਣ ਸੁਣਕੇ ਰਾਣੀ ਦਾ ਵੈਰਾਗ ਮਠਾ ਹੋ ਗਿਆ ਓਹਦੇ ਹਿਰਦੇ ਦੀ ਧੜਕਨ ਮੱਠੀ ਹੋਈ ਤੇ ਉਹ ਪਰੇਮ ਦੀ ਮੂਰਤ ਵਿਸਮਾਦ ਦੇ ਵਾਯੂ ਮੰਡਲ ਵਿਚ ਇਸ ਤਰਾਂ ਉਡਾਰੀਆਂ ਲਾਉਣ ਲਗੀ ਜਿਵੇਂ ਪੰਛੀ ਅਕਾਸ਼ ਵਿਚ ਉਡਾਰੀਆਂ ਲਾਉਂਦਾ ਹੈ। ਉਸਦੇ ਨੈਣਾਂ ਵਿਚ ਸਤਿਗੁਰੂ ਜੀ ਦੀ ਤਸਵੀਰ ਚਿਤ੍ਰੀ ਗਈ ਉਹ ਜਿਧਰ ਨਿਗਾਹ ਕਰਨ ਲਗੀ ਉਧਰ ਹੀ ਸਤਿਗੁਰੂ ਜੀ ਬਾਲ ਵਰਸ ਵਿਚ ਮੁਸਕਰਾਉਂਦੇ ਹੋਏ ਦਿਸੇ। ਮਮਤਾ ਦਾ ਜੋਸ਼ ਨਵਾਂ ਰੂਪ ਧਾਰਨ ਕਰ ਬੈਠਾ!

ਹੌਲੀ ਹੌਲੀ ਸਾਰੇ ਸ਼ਹਿਰਨੂੰ ਪਤਾ ਲਗ ਗਿਆ। ਸ੍ਰੀ ਰਾਮਚੰਦ੍ਰ ਲਛਮਣ

Sri Satguru Jagjit Singh Ji eLibrary NamdhariElibrary@gmail.com

ਤੇ ਸੀਤਾ ਦੇ ਬਨਵਾਸ ਤੁਰਨ ਸਮੇਂ ਜਿਵੇਂ ਕਦੀ ਅਜੁਧਿਆ ਨਗਰੀ ਵਿਚ ਹੜਤਾਲ ਹੋ ਗਈ, ਜਿਵੇਂ ਲੋਕਾਂ ਨੇ ਚਲਿਆਂ ਵਿਚ ਅੱਗ ਨਹੀਂ ਸੀ ਬਾਲੀ ਤੇ ਤਿੰਨਾਂ ਦੇ ਦਰਸ਼ਨ ਕਰਣ ਵਾਸਤੇ ਲੋਕਾਈ ਰਾਜ-ਭਵਨ ਅਗੇ ਆ ਖਲੋਤੀ ਸੀ। ਤਿਵੇਂ ਪਟਨੇ ਦੇ ਲੋਕ ਦੁਕਾਨਾਂ ਬੰਦ ਕਰਕੇ ਘਰਾਂ ਦੇ ਬੂਹੇ ਬੰਦ ਕਰਕੇ ਸਾਲਸਰਾਇ ਦੀ ਧਰਮਸਾਲਾ ਅਗੇ ਆ ਖਲੋਤੇ। ਸਾਰਾ ਬਾਜ਼ਾਰ ਭਰ ਗਿਆ। ਕੋਠਿਆਂ ਦੀਆਂ ਛੱਤਾਂ ਟੁਟਣੀਆਂ ਆ ਗਈਆਂ। ਸਾਰੇ ਬਾਲ ਪ੍ਰੀਤਮ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਸਭਨਾਂ ਦੇ ਹਿਰਦਿਆਂ ਵਿਚ ਇਕ ਨਿਰਾਲੀ ਕਿਸਮ ਦੀ ਖੋਹ ਪੈ ਰਹੀ ਸੀ ਤੇ ਅੱਖਾਂ ਬੇਸਬਰੀ ਨਾਲ ਦੇਖ ਰਹੀਆਂ ਸਨ।

ਸਾਰਾ ਸਾਮਾਨ ਬੰਨ੍ਹਕੇ ਗੱਡਿਆਂ ਉਤੇ ਰਖਿਆ ਗਿਆ। ਪਾਲਕੀਆਂ ਤਿਆਰ ਹੋ ਗਈਆਂ। ਮਾਤਾ ਗੂਜਰੀ ਤੇ ਮਾਤਾ ਨਾਨਕੀ ਜੀ ਪਾਲਕੀਆਂ ਵਿਚ ਬੈਠ ਗਈਆਂ। ਮਾਮੇ ਕ੍ਰਿਪਾਲ ਚੰਦ ਜੀ ਨੇ ਸਤਿਗੁਰੂ ਜੀ ਨੂੰ ਆਪਣੇ ਘੋੜੇ ਉਤੇ ਬੈਠਾ ਲਿਆ ਤਾਂਕਿ ਲੋਕ ਦਰਸ਼ਨ ਕਰ ਲੈਣ ਤੇ ਸ਼ਹਿਰੋਂ ਬਾਹਰ ਜਾਕੇ ਰਥ ਵਿਚ ਬੈਠਾ ਦਿਤਾ ਜਾਵੇਗਾ। ਹੌਲੀ ਹੌਲੀ ਭੀੜ ਨੂੰ ਚੀਰਦੇ ਹੋਏ ਸਾਰੇ ਤੁਰੇ। ਸ਼ਰਧਾ ਤੇ ਵੈਰਾਗ ਦੇ ਹੰਝੂ ਸਾਰਿਆਂ ਦੇ ਨੈਣਾਂ ਵਿਚ ਸਨ। ਸਾਰੀ ਲੋਕਾਈ ਪਟਨੇ ਸ਼ਹਿਰ ਤੋਂ ਤਿੰਨ ਮੀਲ ਬਾਹਰ ਤਕ ਨਾਲ ਤੋਰਨ ਆਈ। ਆਖਰ ਮਾਮੇ ਕ੍ਰਿਪਾਲ ਚੰਦ ਜੀ ਸਤਿਗੁਰੂ ਤੇ ਮਾਤਾ ਗੂਜਰੀ ਜੀ ਨੇ ਸਾਰਿਆਂ ਨੂੰ ਗਿਆਨ ਉਪਦੇਸ਼ ਬਖਸ਼ਕੇ ਤੇ ਸਮਝਾਕੇ ਵਾਪਸ ਵਿਦਾ ਕੀਤਾ ਤੇ ਆਪ ਪੰਜਾਬ ਵਲ ਤੁਰ ਪਏ। ਇਕ ਛੋਟੇ ਜਹੇ ਕਾਫ਼ਲੇ ਦੀ ਸੂਰਤ ਵਿਚ ਸਾਰਾ ਵਹੀਰ ਜਾਣ ਲਗਾ।

੯. ਸ਼ਰਧਾ ਦੀ ਖਿਚੜੀ ਤੇ ਹਾਂਡੀ ਵਾਲੀ ਸੰਗਤ

ਪਟਨੇ ਤੋਂ ਸਤਿਗੁਰੂ ਜੀ ਸੰਮਤ ੧੭੨੮ ਬਿ: ਵਿਚ ਤੁਰੇ। ਸੰਗਤਾਂ ਦੇ ਪਰੇਮ ਕਰਕੇ ਤੁਰਦਿਆਂ ਤੁਰਦਿਆਂ ਦੇਰ ਹੋ ਗਈ। ਬਹੁਤ ਕਾਹਲ ਕਰਨ ਤੇ ਵੀ ਮੁਸ਼ਕਲ ਨਾਲ ਦਾਨਾਪੁਰ ਤਕ ਆਏ। ਰਾਤ ਸਿਰ ਆਈ ਦੇਖਕੇ ਫੈਸਲਾ ਕਰ ਲਿਆ ਕਿ ਪਹਿਲੀ ਮੰਜ਼ਲ ਦਾ ਪਹਿਲਾ ਪੜਾਅ ਦਾਨਾਪੁਰ ਹੀ ਕੀਤਾ ਜਾਵੇ। ਪਟਨੇ ਸ਼ਹਿਰ ਦੇ ਸੇਠ ਜਗਤ ਰਾਮ ਦੇ ਨੌਕਰ ਨਾਲ ਨਾਲ ਸਨ। ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਨੇ ਬਜਾਰੋਂ ਰਾਸ਼ਨ ਖਰੀਦਕੇ ਗੁਰੂ ਕਾ ਲੰਗਰ ਤਿਆਰ ਕੀਤਾ। ਸਤਿਗੁਰੂ ਜੀ ਦੇ ਵਹੀਰ ਤੋਂ ਬਿਨਾਂ ਬਹੁਤ ਸਾਰੇ ਹੋਰ ਵੀ ਦਰਸ਼ਕ ਨਾਲ ਸਨ। ਇਸ ਕਰਕੇ ਗੁਰੂ ਕਾ ਲੰਗਰ ਤਿਆਰ ਕਰਕੇ ਅਰਦਾਸ ਕੀਤੀ ਗਈ ਤੇ ਸਾਰੀ ਸੰਗਤ ਨੂੰ ਖੁਲ੍ਹਾ ਲੰਗਰ ਵਰਤਾਇਆ ਗਿਆ।

ਉਸ ਨਗਰ ਵਿਚ ਇਕ ਬਿਰਧ ਮਾਈ ਸੀ। ਓਹ ਵਿਚਾਰੀ ਮਾਲੀ ਤੌਰਤੇ ਗਰੀਬਣੀ ਸੀ ਪਰ ਦਿਲ ਦੀ ਅਮੀਰ ਸੀ। ਗੁਰੂ ਘਰ ਨਾਲ ਸ਼ਰਧਾ ਸੀ। ਉਸ ਦਾ ਚਿਤ ਕੀਤਾ ਕਿ ਓਹ ਸੰਗਤਾਂ ਦੀ ਸੇਵਾ ਕਰੇ। ਉਸਨੇ ਇਕ ਕੱਚੀ ਹਾਂਡੀ (ਤੌੜੀ) ਵਿਚ ਖਿਚੜੀ ਰਿੰਨ੍ਹ ਲਈ ਤੇ ਸਤਿਗੁਰੂ ਜੀ ਦੇ ਹਜੂਰ ਓਹ ਹਾਂਡੀ ਚੁਕਕੇ ਜਾ ਪੁਜੀ। ਹਜੂਰ ਦੇ ਦਰਬਾਰ ਵਿਚ ਪਹੁੰਚਕੇ ਉਸਨੇ ਬੇਨਤੀ ਕੀਤੀ, ਦਾਤਾ! ਮੇਰੇ ਪਾਸ ਇਹੋ ਕੁਝ ਹੈ ਮੈਂ ਇਸ ਖਿਚੜੀ ਨਾਲ ਸੰਗਤਾਂ ਦੀ ਸੇਵਾ ਕਰਨਾ ਚਾਹੁੰਦੀ ਹਾਂ, ਮੇਰੇ ਚਿਤ ਦੀ ਅਭਿਲਾਸ਼ਾ ਹੈ। ਮਰੇ ਉਤੇ ਮੇਹਰ ਕਰੋ, ਮੇਰੇ ਜਨਮ ਮਰਨ ਦੇ ਸ਼ੰਕਟ ਕਟੋ, ਅਗੇ ਦਾ ਡਰ ਭੈ ਭੀਤ ਹਰ ਰਿਹਾ ਹੈ। ਮੇਰੇ ਚੰਗੇ ਭਾਗ ਹਨ ਜੋ ਆਪ ਏਸੇ ਰਾਹੇ ਆ ਪੁਜੇ ਭੀਲਣੀ ਦੀ ਤਰਾਂ ਮੈਨੂੰ ਨਿਵਾਜਿਆ ਹੈ। ਹਾਂ, ਮੇਰੀ ਇਕ ਹੋਰ ਇਛਾ ਹੈ। ਓਹ ਇਹ ਕਿ ਮੈਂ ਆਪ ਦੇ ਦਰਸ਼ਨ ਕਰਨਾ ਚਾਹੁੰਦੀ ਹਾਂ, ਓਹ ਕਿਵੇਂ ਹੋਇਆ ਕਰਨਗੇ?

ਮਾਈ ਦੀਆਂ ਸਾਰੀਆਂ ਬੇਨਤੀਆਂ ਸੁਣਕੇ ਜਗਤ ਦੇ ਮਾਲਕ ਨੇ ਇਉਂ ਫੁਰਮਾਇਆ, 'ਹੇ ਮਾਤਾ ਜੀ! ਤੇਰੀ ਘਾਲ ਥਾਇ ਪਈ। ਇਹ ਖਿਚੜੀ ਸੰਗਤ ਵਿਚ ਵਰਤਾ ਦੇਹ, ਤੇਰਾ ਜਨਮ ਮਰਨ ਕਟਿਆ ਜਾਵੇਗਾ। ਜੇਕਰ ਅਸਾਂ ਦੇ ਦਰਸ਼ਨ ਕਰਨਾ ਚਾਹੁੰਦੀ ਹੈਂ ਤਾਂ ਏਸੇ ਹਾਂਡੀ ਵਿਚ ਵਿਤ ਅਨੁਸਾਰ ਖਿਚੜੀ ਰਿੰਨ੍ਹ ਕੇ ਸੰਗਤ ਨੂੰ ਵਰਤਾ ਦਿਆ ਕਰ, ਬਸ ਅਸਾਂ ਦੇ ਦਰਸ਼ਨ ਹੋ ਜਾਇਆ ਕਰਨਗੇ। ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਿਆ ਕਰ।'

ਸੇਵਾਦਾਰਾਂ ਨੇ ਅਰਦਾਸ ਕਰਕੇ ਹਾਂਡੀ ਵਿਚੋਂ ਖਿਚੜੀ ਵਰਤਾ ਦਿਤੀ। ਰਾਂਡੀ ਨੂੰ ਸਤਿਗੁਰੂ ਜੀ ਦੀ ਅਮਾਨਤ ਸਮਝਕੇ ਮਾਈ ਘਰ ਨੂੰ ਚੁਕ ਕੇ ਲੈ ਗਈ। ਉਸਨੇ ਘਰ ਪੁਜਦਿਆਂ ਹੀ ਆਪਣੇ ਘਰ ਨੂੰ ਧਰਮਸ਼ਾਲਾ ਬਣਾ ਦਿੱਤਾ। ਸਾਧ ਸੰਗਤ ਦੀ ਸੇਵਾ ਕਰਨ ਲਗੀ ਤੇ ਆਏ ਗਏ ਸਾਧੂ ਤੇ ਲੋੜਵੰਦ ਬੰਦੇ ਦੀ ਸੇਵਾ

Sri Satguru Jagjit Singh Ji eLibrary NamdhariElibrary@gmail.com

ਕਰਨ ਲਗੀ। ਹਾਂਡੀ ਵਿਚ ਖਿਚੜੀ ਰਿੰਨ੍ਹਕੇ ਜਦੋਂ ਅਰਦਾਸ ਕਰਦੀ ਤਾਂ ਉਸ ਨੂੰ ਸਚਮੁਚ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਂਦੇ। ਨਗਰ ਵਾਸੀ ਵੀ ਮਾਤਾ ਦੀ ਸਹਾਇਤਾ ਕਰਣ ਲਗੇ। ਉਨ੍ਹਾਂ ਦੀ ਸਹਾਇਤਾ ਤੇ ਅਕਾਲ ਪੁਰਖ ਦੀ ਮੇਹਰ ਨਾਲ ਮਾਤਾ ਦਾ ਘਰ ਇਕ ਸਾਧੂ ਸਮਾਜ ਦਾ ਅੱਡਾ ਬਣ ਗਿਆ। ਸਾਰੇ ਉਸ ਨੂੰ 'ਹਾਂਡੀ ਵਾਲੀ ਸੰਗਤ ਆਖਕੇ ਯਾਦ ਕਰਨ ਲਗੇ। ਉਹ ਨਗਰ ਤੇ ਮਾਤਾ ਦਾ ਘਰ ਪਵਿਤਰ ਹੋ ਗਿਆ। ਭਾਗਾਂ ਵਾਲਾ ਅਸਥਾਨ ਅਜ ਤਕ ਪੂਜਿਆ ਜਾਂਦਾ ਹੈ। ਗੁਰਧਾਮ ਹੈ। ਜੋ ਸਤਿਗੁਰੂ ਜੀ ਦੀ ਸੇਵਾ ਕਰਦੇ ਹਨ, ਓਹ ਆਪ ਤਰ ਜਾਂਦੇ ਹਨ ਤੇ ਪਿਛਲਿਆਂ ਨੂੰ ਤਾਰ ਜਾਂਦੇ ਹਨ ।

੧੦. ਤੀਰਥਾਂ ਦੀ ਯਾਤਰਾ

ਭਾਰਤ ਦਾ ਸੂਬਾ ਉਤਰ ਪ੍ਰਦੇਸ਼ (ਯੂ.ਪੀ) ਪ੍ਰਾਚੀਨ ਸਭਿਅਤਾ ਤੇ ਧਰਮਾਂ ਦਾ ਕੇਂਦਰ ਹੈ। ਇਸ ਵਿਚ ਅਨੇਕਾਂ ਤੀਰਥ ਹਨ। ਪ੍ਰਾਚੀਨਕਾਲ ਵਿਚ ਆਰੀਆ ਲੋਕ ਦਰਿਆ ਗੰਗਾ ਤੇ ਜਮਨਾ ਕਿਨਾਰੇ ਬਹੁਤ ਰਹੇ ਸਨ। ਇਸ ਕਾਰਨ ਥਾਂ ਥਾਂ ਤੀਰਥ ਕਾਇਮ ਹੋ ਗਏ ਸਨ। ਬਨਾਰਸ, ਅਜੁਦਿਆ, ਪ੍ਰਯਾਗ, ਹਰਿਦਵਾਰ ਤੇ ਮਥਰਾ ਆਦਿਕ ਸੰਸਾਰ ਪ੍ਰਸਿਧ ਤੀਰਥ ਏਸੇ ਪ੍ਰਾਂਤ ਵਿਚ ਹਨ। ਮਾਤਾ ਨਾਨਕੀ ਜੀ ਤੇ ਮਾਤਾ ਗੂਜਰ ਜੀ ਤੀਰਥਾਂ ਦੇ ਦਰਸ਼ਨ ਕਰਨ ਦੇ ਇਛਾਵਨ ਸਨ ਉਨ੍ਹਾਂ ਨੇ ਫੈਸਲਾ ਕੀਤਾ ਕਿ ਤੀਰਥਾਂ ਦੀ ਯਾਤਰਾ ਕਰਦਿਆਂ ਹੋਇਆ ਜਾਣਾ ਚਾਹੀਦਾ ਹੈ ਇਕ ਤਾਂ ਪੰਧ ਸੌਖਾ ਹੋ ਜਾਵੇਗਾ ਦੂਸਰਾ ਰਾਹ ਵਿਚ ਯਾਤਰੂ ਵਹੀਰ ਨਾਲ ਮਿਲ ਜਾਇਆ ਕਰਨਗੇ ਤੇ ਰਾਹ ਦਾ ਖਤਰਾ ਟਲ ਜਾਇਆ ਕਰੇਗਾ ।ਤੀਸਰਾ ਜੀਵਨ ਦਾ ਕੀ ਭਰੋਸਾ ਹੈ ਫਿਰ ਖਬਰੇ ਏਧਰ ਆਉਣਾ ਹੈ ਕਿ ਨਹੀਂ,ਇਸ ਵਾਸਤੇ ਮਾਮੇ ਕ੍ਰਿਪਾਲ ਚੰਦ ਜੀ ਨੂੰ ਹੁਕਮ ਹੋਇਆ ਕਿ ਉਹ ਡੇਰੇ ਨੂੰ ਤੀਰਥਾਂ ਰਾਹੀਂ ਪੰਜਾਬ ਨੂੰ ਲਿਜਾਣ। ਸਭ ਤੋਂ ਪਹਿਲਾਂ ਤੀਰਥ ਰਾਹਵਿਚ ਬਨਾਰਸ ਆਇਆ, ਬਨਾਰਸ ਦਾ ਦੂਸਰਾ ਨਾਮ ਕਾਂਸ਼ੀਹੈ ਜਿਸਕਾਂਸ਼ੀ ਵਿਚ ਇਕ ਦੋ ਨਹੀਂ ਸਗੋਂ ਹਜਾਰਾਂਮੰਦਰਹਨ ਜਿਥੇ ਭਗਤਾਂਨੇ ਭਗਤੀਕੀਤੀ ਤੈਰਾਜੇ ਹਰੀ ਚੰਦ ਵਰਗੇ ਧਰਮੀ ਬੰਦੇ ਵਿਕੇ ਸਨ। ਗੰਗਾਦੇ ਕਿਨਾਰੇਵੈਸ਼ਾਂਲ ਮੰਦਰਾਂ ਵਿਚਸਵੇ ਸ਼ਾਮਨੂੰ ਭਗਵਾਨਦੀਪੂਜਾਹੁੰਦੀਹੈ।

Sri Satguru Jagjit Singh Ji eLibrary NamdhariElibrary@gmail.com

ਬਾਲ-ਉਮਰ ਵਿਚ ਸਤਿਗੁਰੂ ਜੀ ਬਨਾਰਸ ਪੁਜੇ, ਗੰਗਾ ਕਿਨਾਰੇ ਇਕ ਧਰਮਸਾਲਾ ਵਿਚ ਡੇਰਾ ਲਾਇਆ ਗਿਆ। ਸਤਿਗੁਰੂ ਜੀ ਦੇ ਚੇਹਰੇ ਦਾ ਨੂਰ ਦੇਖਕੇ ਅਤੇ ਗੁਰਸਿਖਾਂ ਤੇ ਗੁਰੂ ਘਰ ਪ੍ਰੇਮੀਆਂ ਦੀ ਸ਼ਰਧਾ ਦੇਖਕੇ ਪੰਡਤ ਲੋਕ ਦਰਸ਼ਨ ਕਰਨ ਆਏ ਉਨ੍ਹਾਂ ਦੇ ਮਨੋਂ ਵਿਚਾਰ ਵਖਰੇ ਵਖਰੇ ਸਨ। ਕੋਈ ਇਸ ਭਾਵਨਾ ਨਾਲ ਆਇਆ ਕਿ ਉਹ ਦੇਖੇ ਕਿ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਵਿਚ ਕਿੰਨੀ ਕੁ ਬ੍ਰਹਮ ਸ਼ਕਤੀ ਹੈ। ਕੋਈ ਇਸ ਵਿਚਾਰ ਨਾਲ ਆਇਆ ਕਿ ਉਹ ਗਿਆਨ ਚਰਚਾ ਕਰਕੇ ਲੋਕਾਂ ਨੂੰ ਦਸੇ ਕਿ ਕਾਂਸ਼ੀ ਦੇ ਪੰਡਤ ਬਹੁਤੇ ਵਿਦਵਾਨ ਹਨ। ਜੋ ਕੋਈ ਸਤਿਗੁਰੂ ਜੀ ਦੇ ਸਨਮੁਖ ਜੈਸੀ ਭਾਵਨਾ ਚਿਤ ਵਿਚ ਲੈਕੇ ਆਇਆ ਤੈਸਾ ਹੀ ਉਹ ਫਲ ਪਾਉਂਦਾ ਗਿਆ। ਅਕਾਲ ਪੁਰਖ ਦੀ ਪਰੇਰਨਾ ਨਾਲ ਸਤਿਗੁਰੂ ਜੀ ਜਗਤ ਉਤੇ ਆਏ ਸਨ, ਉਨ੍ਹਾਂ ਨੂੰ ਜਗਤ ਦੇ ਹੰਕਾਰੀ ਲੋਕ ਕਿਵੇਂ ਜਿਤ ਸਕਦੇ ਸਨ। ਸਭ ਨੂੰ ਮੂੰਹ ਦੀ ਖਾਣੀ ਪਈ, ਸਾਰੇ ਹੈਰਾਨ ਹੋਏ। ਇਕ ਪੰਡਤ ਵੇਦ ਵਿਆਕਰਣ ਦਾ ਪੰਡਿਤ ਸੀ, ਉਸਨੇ ਕੁਝ ਸਲੋਕ ਪੜੇ ਤੇ ਸਤਿਗੁਰੂ ਜੀ ਅਗੇ ਸਵਾਲ ਕੀਤੇ। ਸਤਿਗੁਰਾਂ ਨੇ ਸੰਸਕ੍ਰਿਤੀ ਸਲੋਕਾਂ ਦੇ ਅਰਥ ਕਰ ਦਿਤੇ, ਇਹ ਦੇਖ ਸੁਣਕੇ ਪੰਡਿਤ ਦੰਗ ਰਹਿ ਗਿਆ। ਉਸ ਦੇ ਦੰਦ ਤੇ ਬੁਲ੍ਹ ਜੁੜ ਗਏ ਉਸਨੂੰ ਕੁਝ ਹੋਰ ਪੁਛਣ ਦਾ ਹੌਸਲਾ ਨਾ ਪਿਆ। ਕੁਝ ਦਿਨ ਕਾਂਸ਼ੀ ਰਹਿਕੇ ਸਤਿਗੁਰੂ ਜੀ ਅਗੇ ਤੁਰੇ। ਜਿਥੇ ਵੀ ਪੜਾਅ ਕਰਦੇ ਓਥੇ ਹੀ ਮਾਤ ਲੋਕ ਦੇ ਕਲਜੁਗੀ ਜੀਵਾਂ ਨੂੰ ਤਾਰਦੇ। ਹੌਲੀ ਹੌਲੀ ਪ੍ਰਯਾਗ (ਵਰਤਮਾਨ ਅਲਾਹਬਾਦ) ਪਹੁੰਚ ਗਏ। ਤ੍ਰਿਬਣੀ ਤੀਰਥ ਦੀ ਯਾਤਰਾ ਕੀਤੀ, ਪੁੰਨ ਦਾਨ ਕੀਤੇ, ਅਗੇ ਤੁਰੇ। ਹੌਲੀ ਹੌਲੀ ਸਾਰੇ ਤੀਰਥਾਂ ਦੇ ਦਰਸ਼ਨ ਕਰਦੇ ਹੋਏ ਮਥਰਾ ਬਿੰਦਰਾਬਨ ਪਹੁੰਚ ਗਏ। ਮਥਰਾ ਤੇ ਬਿੰਦਰਾਬਨ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਬਾਲ-ਲੀਲ੍ਹਾ ਦੀ ਅਮਰ ਯਾਦਗਾਰ ਹੈ। ਸਤਿਗੁਰੂ ਜੀ ਦੇ ਪ੍ਰਕਾਸ਼ ਮਈ ਪ੍ਰਭਾਵਸ਼ਾਲੀ ਚੇਹਰੇ ਨੂੰ ਜਿਸ ਵੀ ਸਿਆਣੇ ਪੁਰਸ਼ ਨੇ ਦੇਖਿਆ ਓਸੇ ਹੀ ਕਿਹਾ 'ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕ੍ਰਿਸ਼ਨ ਜੀ ਨੇ ਮੁੜਕੇ ਜਨਮ ਲਿਆ ਹੈ।'

ਬਹੁਤ ਲੋਕਾਈ ਦਰਸ਼ਨ ਕਰਨ ਵਾਸਤੇ ਆਈ। ਨਰ ਨਾਰੀ ਸਭ ਸਤਿਗੁਰੂ ਜਾ ਦੇ ਚੇਹਰੇ ਨੂੰ ਦੇਖ ਦੇਖਕੇ ਕੀਲੇ ਗਏ। ਸਭ ਦੇ ਹਥ ਜੁੜ

Sri Satguru Jagjit Singh Ji eLibrary NamdhariElibrary@gmail.com

ਗਏ ਬੁਲ੍ਹਾਂ ਵਿਚੋਂ ਵਾਰ ਵਾਰ ਇਹ ਸ਼ਬਦ ਨਿਕਲਣ ਲਗਾ--'ਧੰਨ ਸਤਿਗੁਰੂ ਧੰਨ ਸ੍ਰੀ ਕ੍ਰਿਸ਼ਨ ਜੀ !

ਆਪੋ ਆਪਣੀ ਸਮਝ ਤੇ ਭਗਤੀ ਦੇ ਅਸਰ ਹੇਠ ਇਉਂ ਕਹਿੰਦੇ--'ਕਲਜੁਗ ਦੇ ਪਾਪਾਂ ਨੂੰ ਖੰਡਨ ਵਾਸਤੇ ਅਤੇ ਤੁਰਕਾਂ ਦਾ ਨਾਸ਼ ਕਰਨ ਵਾਸਤੇ ਕ੍ਰਿਸ਼ਨ ਜੀ ਨੇ ਮੁੜ ਕੇ ਅਵਤਾਰ ਧਾਰਿਆ। ਅਵਤਾਰ ਧਾਰਦੇ ਵੀ ਕਿਉਂ ਨਾ ਮਲੇਛਾਂ (ਤੁਰਕਾਂ ਮੁਗਲਾਂ) ਨੇ ਸਾਰੇ ਦੇਵ ਮੰਦਰ ਢਾਹ ਢੇਰੀ ਕੀਤੇ ਹਨ। ਧਰਮ ਦੀ ਹਾਨੀ ਹੋ ਰਹੀ ਹੈ। ਸ਼ੈਤਾਨ ਸ਼ਕਤੀਆਂ ਓਸੇ ਤਰਾਂ ਹੀ ਵਧ ਰਹੀਆਂ ਹਨ ਜਿਵੇਂ ਕਦੀ ਪਾਂਡਵਾਂ ਸਮੇਂ ਕੌਰਵ ਵਧੇ ਸਨ। ਉਸ ਵੇਲੇ ਦਰੋਪਤੀ ਦੀ ਨਿਰਾਦਰੀ ਹੋਈ ਸੀ ਪਰ ਅਜ ਲੱਖਾਂ ਦ੍ਰੋਪਤੀਆਂ ਦੇ ਚੀਰ ਹਰੇ ਜਾ ਰਹੇ ਹਨ। ਲੱਖਾਂ ਨਗਨ ਕਰਕੇ ਪ੍ਰਦੇਸਾਂ ਦੀਆਂ ਮੰਡੀਆਂ ਵਿਚ ਵੇਚੀਆਂ ਜਾ ਰਹੀਆਂ ਹਨ। ਦੇਵ ਪੂਜਾ ਕਰਨ ਨਹੀਂ ਦਿਤੀ ਜਾਦੀ, ਮਲੇਸ਼ ਧਰਮ ਦਾ ਬੋਲ ਬਾਲਾ ਹੈ। ਠੀਕ ਹੈ ਸ੍ਰੀਕ੍ਰਿਸ਼ਨਜੀਮਹਾਰਾਜ ਨੇ ਅਵਤਾਰ ਧਾਰਿਆ ਹੈ। ਪੂਜੋ ! ਸਤਕਾਰ ਕਰੋ!'

ਮਥਰਾ, ਬਿਦਰਾਬਨ ਅਤੇ ਚੌਗਿਰਦੇ ਦੇ ਸਾਰੇ ਇਸਤਰੀ ਪੁਰਸ਼ਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਕਾਰ ਭੇਟ ਚੜਾਈ ਤੇ ਦਸ ਦਿਨ ਰਖਿਆ। ਇਕ ਵਾਰ ਸਾਰੇ ਬਿੰਦਰਬਨ ਦੀ ਧਰਤੀ ਮੌਲ ਉਠੀ। ਪ੍ਰਸੰਨਤਾ ਹੀ ਪ੍ਰਸੰਨਤਾ ਹਰ ਪਾਸੇ ਦਿਖਾਈ ਦੇਣ ਲਗੀ, ਮੰਦਰ ਦੇ ਟਲ ਆਪਣੇ ਆਪ ਖੜਕਣ ਲਗ ਪਏ। ਠੰਢੀਆਂ ਹਵਾਵਾ ਆਈਆਂ, ਲੋਕਾਂ ਨੂੰ ਚੰਗੇ ਸੁਪਨੇ ਆਏ। ਦੇਵ ਮੂਰਤੀਆਂ ਮਸਤੀ ਵਿਚ ਝੂਮੀਆਂ। ਲੋਕਾਂ ਨੇ ਅਨੇਕ ਗੈਰ-ਕੁਦਰਤੀ ਘਟਨਾਵਾਂ ਦੇਖੀਆ ਜੋਤਸ਼ੀਆ ਨੇ ਜੋਤਸ਼ ਲਗਾ ਕੇ ਕਿਹਾ, 'ਇਹ ਧਰਮ ਦੀ ਰਖਿਆ ਕਰਨ ਵਾਲਾ ਮਹਾਂ ਮੁਰਖ ਪ੍ਰਗਟਿਆ ਹੈ ਧਰਮ ਦਾ ਝੰਡਾ ਉਚਾ ਹੋਵੇਗਾ, ਇਸ ਦੀ ਸ਼ਕਤੀ ਵਧੇਗੀ ਤੇ ਮਲੇਸ਼ ਸ਼ਕਤੀ ਘਟੇਗੀ ਅਰ ਤੀਸਰਾ ਪੰਥ ਚਲੇਗਾ।'

ਮਥਰਾ ਵਿਚ ਸੰਤਾਂ ਸੰਗਤਾਂ ਤੇ ਗ੍ਰਿਹਸਤੀਆਂ ਜੀਉੜਿਆਂ ਨੂੰ ਦਰਸ਼ਨ ਦੇ ਕੇ ਅਗੇ ਡੇਰਾ ਤੁਰਿਆ। ਮਥਰਾ ਤੋਂ ਸਿਧੇ ਰਿਵਾੜੀ ਨੂੰ ਆ ਗਏ। ਰਿਵਾੜੀ ਤੋਂ ਅਗੇ ਪੰਜਾਬ ਸ਼ੁਰੂ ਹੋ ਗਿਆ

* * *

Sri Satguru Jagjit Singh Ji eLibrary NamdhariElibrary@gmail.com

੧੧. ਲਖਨੌਰ ਪੁਜਣਾ

ਹੌਲੀ ਹੌਲੀ ਕਾਫਲਾ ਜ਼ਿਲੇ ਅੰਬਾਲੇ ਦੇ ਲਖਨੌਰ ਨਗਰ ਵਿਚ ਪਹੁੰਚ ਗਿਆ। ਓਥੇ ਅਟਕਿਆਂ ਅਜੇ ਇਕ ਦਿਨ ਹੀ ਹੋਇਆ ਸੀ ਕਿ ਸਤਿਗੁਰੂ ਤੇਗ ਬਹਾਦਰ ਜੀ ਦਾ ਸੁਨੇਹਾ ਪੁਜਾ. 'ਲਖਨੌਰ ਵਿਚ ਓਨਾ ਚਿਰ ਅਟਕਿਆ ਜਾਵੇ ਜਿੰਨਾ ਚਿਰ ਅਸੀਂ ਆਪ ਅਨੰਦਪੁਰ ਵਲ ਆਉਣ ਦੀ ਆਗਿਆ ਨਾ ਦੇਵੀਏ ਆਗਿਆ ਦਾ ਪਾਲਣ ਕਰਨਾ ਜ਼ਰੂਰੀ ਹੈ।

ਰਾਹ ਵਿਚ ਰੁਕਣ ਦੀ ਆਗਿਆ ਸਤਿਗੁਰੂ ਜੀ ਨੇ ਦਿਤੀ ? ਇਸ ਦਾ ਭੇਦ ਓਹੋ ਹੀ ਜਾਣਨ, ਪਰ ਇਸ ਸੰਦੇਸ਼ ਨੂੰ ਸੁਣਕੇ ਮਾਤਾ ਗੂਜਰੀ ਤੇ ਮਾਤਾ ਨਾਨਕੀ ਜੀ ਬਹੁਤ ਹੈਰਾਨ ਹੋਏ, ਉਹਨਾਂ ਦਿਲ ਧੜਕਣ ਲਗ ਗਿਆ ਉਨ੍ਹਾਂ ਨੇ ਖਿਆਲ ਕੀਤਾ ਸ਼ਾਇਦ ਸੋਢੀਆਂ ਨੇ ਕੋਈ ਉਪਦਰ ਕੀਤਾ ਹੋਵੇ ਜਿਸ ਸੇਵਾਦਾਰ ਨੇ ਸਤਿਗੁਰੂ ਜੀ ਦਾ ਸੰਦੇਸ਼ ਸੁਣਾਇਆ ਸੀ ਉਸ ਉਤੇ ਬਹੁਤ ਸਵਾਲ ਕਰਕੇ ਮਾਤਾ ਜੀ ਨੇ ਪਤਾ ਕਰਨ ਦਾ ਯਤਨ ਕੀਤਾ ਪਰ ਸਫਲਤਾ ਪ੍ਰਾਪਤ ਨਾ ਹੋਈ। ਸੇਵਾਦਾਰ ਇਕ ਗਲ ਆਖੀ ਗਿਆ, 'ਮੈਨੂੰ ਕੁਝ ਪਤਾ ਨਹੀਂ ਸਚੇ ਪਾਤਸ਼ਾਹ ਜੀ ਹੀ ਜਾਨਣ ਕਿ ਕਿਉਂ ਰੁਕਣ ਵਾਸਤੇ ਹੁਕਮ ਦਿਤਾ ਹੈ। ਅਨੰਦ ਪੁਰ ਵਿਚ ਸੁਖ ਸ਼ਾਂਤੀ ਹੈ ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ ਸਤਿਗੁਰੂ ਜੀ ਕਸ਼ਮੀਰ ਵਲੋਂ ਆਏ ਹਨ।'

ਸਾਹਿਬਜ਼ਾਦੇ ਗੋਬਿੰਦਰਾਏ ਜੀ ਨੇ ਆਪਣੇ ਪਿਤਾ ਜੀ ਦੇ ਦਰਸ਼ਨ ਨਹੀਂ ਸਨ ਕੀਤੇ ਉਨ੍ਹਾਂ ਨੂੰ ਪਿਤਾ ਜੀ ਦੇ ਦਰਸ਼ਨ ਕਰਨ ਦੀ ਬਹੁਤ ਰੀਝ ਸੀ ਉਹ ਰੀਝ ਇਕ ਤੜਪ ਬਣ ਕੇ ਤੰਗ ਕਰ ਰਹੀ ਸੀ। ਉਹ ਛੇਤੀ ਤੋਂ ਛੇਤੀ ਚੰਗੇ ਪਿਤਾ ਜੀ ਦਾ ਦਰਸ਼ਨ ਕਰਕੇ ਜੀਵਨ ਸਫਲ ਕਰਨਾ ਚਾਹੁੰਦੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲਗਾਕਿ ਉਨ੍ਹਾਂ ਦੇ ਪਿਤਾ ਜੀ ਵਲੋਂ ਹੁਕਮ ਆਇਆ ਹੈ ਕਿ ਅਟਕਿਆ ਜਾਵੇ ਤਾਂ ਉਹ ਕੁਝ ਉਦਾਸ ਹੋਏ। ਪਰ ਉਹ ਉਦਾਸੀ ਬਹੁਤਾ ਚਿਰ ਨਾ ਰਹੀ। ਅੰਤਰਯਾਮੀ ਤੇ ਘਟ ਘਟ ਦੀ ਜਾਨਣਹਾਰ ਸਭ ਕੁਝ ਜਾਣ ਗਏ। ਪ੍ਰਸੰਨ ਚਿਤ ਜੀਵਾਂ ਨੂੰ ਨਿਹਾਲ ਕਰਨ ਲਗੇ। ਜਿਵੇਂ ਪਟਨਾ ਸ਼ਹਿਰ ਵਿਚ ਛੋਟੇ ਬਚਿਆਂ ਨਾਲ

Sri Satguru Jagjit Singh Ji eLibrary NamdhariElibrary@gmail.com

ਮਿਲਕੇ ਕੌਤਕ ਕਰਦੇ ਤੇ ਖੇਡਦੇ ਸਨ ਤਿਵੇਂ ਏਥੇ ਖੇਡਣ ਲਗੇ। ਸੁਚਜੇ ਸਾਫ ਸੁਥਰੇ ਤੇ ਨੇਕ ਬਾਲਾਂ ਨਾਲ ਦੂਸਰੇ ਬਚੇ ਸਦਾ ਖੇਡਣ ਵਾਸਤੇ ਤਿਆਰ ਰਹਿੰਦੇ ਹਨ। ਬੇਪਰਵਾਹ ਪਾਤਸ਼ਾਹ ਨੂੰ ਹਾਣੀ ਮਿਲ ਗਏ, ਉਨ੍ਹਾਂ ਨਾਲ ਖੇਡਣਾ ਆਰੰਭ ਦਿਤਾ। ਖੇਡਣ ਵੇਲੇ ਕਈ ਅਸਚਰਜ ਕੌਤਕ ਵੀ ਕਰਦੇ ਜਿਨ੍ਹਾਂ ਕੌਤਕਾਂ ਨੂੰ ਦੇਖਣ ਵਾਲੇ ਹੈਰਾਨ ਹੋ ਜਾਂਦੇ ਤੇ ਕਰਾਮਾਤੀ ਜਾਂ ਵਡਾ ਮਹਾਂ ਪੁਰਖ ਸਮਝਕੇ ਸਿਰ ਨਿਵਾ ਦੇਂਦੇ।

ਲਖਨੌਰ ਦੇ ਲੋਕਾਂ ਨੇ ਪਹਿਲਾਂ ਤਾਂ ਬਹੁਤੀ ਸ਼ਰਧਾ ਨਾ ਪਰਗਟ ਕੀਤੀ ਪਰ ਇਕ ਘਟਨਾ ਵਾਪਰਨ ਪਿਛੋਂ ਤਾਂ ਸਾਰਾ ਲਖਨੌਰ ਸਤਿਗੁਰੂ ਜੀ ਦਾ ਸੇਵਕ ਬਣ ਗਿਆ। ਉਹ ਘਟਨਾ ਇਉਂ ਵਾਪਰੀ ਸੀ ਕਿ ਸਤਿਗੁਰੂ ਜੀ ਦੇ ਸਾਥ ਖੇਡਣ ਵਾਲੇ ਮੁੰਡਿਆਂ ਵਿਚੋਂ ਇਕ ਮੁੰਡਾ ਰਾਮਨਾਥ ਸੀ। ਉਸ ਦੀ ਮਾਤਾ ਕਿਸੇ ਭਿਆਨਕ ਰੋਗ ਨਾਲ ਰੋਗਣ ਸੀ ਜਿਵੇਂ ਲੱਕੜੀ ਨੂੰ ਘਣ ਦਾ ਕੀੜਾ ਖਾਂਦਾ ਹੈ, ਤਿਵੇਂ ਉਸਦੇ ਸਰੀਰ ਨੂੰ ਰੋਗ ਖਾ ਰਿਹਾ ਸੀ। ਉਹ ਮੰਜੀ ਉਤੋਂ ਉਠਕੇ ਤੁਰ ਫਿਰ ਨਹੀਂ ਸੀ ਸਕਦੀ। ਸਬੱਬ ਨਾਲ ਸਤਿਗੁਰੂ ਜੀ ਉਸ ਦੇ ਘਰ ਚਲੇ ਗਏ। ਰਾਮਨਾਥ ਨੂੰ ਕਹਿਣ ਲਗੇ 'ਰਾਮ ! ਖੇਡਣ ਨਹੀਂ ਚਲਣਾ ?'

ਮੈਂ ਕਿਵੇਂ ਜਾਵਾਂ ? ਮੇਰੀ ਮਾਂ ਬਹੁਤ ਬੀਮਾਰ ਹੈ, ਇਸ ਦੇ ਕੋਲ ਕੋਈ ਨਹੀਂ। ਰਾਮਨਾਥ ਨੇ ਉਤਰ ਦਿਤਾ ਸੀ। ਇਹ ਸੁਣਕੇ ਦਇਆ ਦੇ ਸਾਗਰ ਸਤਿਗੁਰੂ ਜੀ ਦੇ ਹਿਰਦੇ ਵਿਚ ਦਇਆ ਆ ਗਈ। ਅਕਾਲ ਪੁਰਖ ਪ੍ਰਸੰਨ ਹੋ ਗਿਆ। ਰੋਗਣ ਦੇ ਭਾਗ ਜਾਗ ਪਏ, ਜਮ ਜੋ ਉਸ ਨੂੰ ਲੈਣ ਵਾਸਤੇ ਘੜੀ ਮੁੜੀ ਆਉਂਦੇ ਸਨ ਉਹ ਵੀ ਸ਼ਰਮਿੰਦੇ ਹੋਕੇ ਪਿਛੇ ਮੁੜ ਗਏ। ਸਾਹਿਬਾਂ ਨੇ ਬਚਨ ਕੀਤਾ 'ਤੇਰੀ ਮਾਂ ਤਾਂ ਰਾਜ਼ੀ ਹੈ, ਆ ਖੇਡੀਏ, ਆਪੇ ਉਠਕੇ ਬੈਠ ਜਾਵੇਗੀ। ਘਰ ਦਾ ਕੰਮ ਕਰੇਗੀ ਤੇ ਘਰ ਦੀ ਰਾਖੀ ਰਖੇਗੀ।'

ਇਹ ਬਚਨ ਕਰਕੇ ਸਤਿਗੁਰੂ ਜੀ ਨੇ ਰਾਮਨਾਥ ਦੀ ਬਾਂਹ ਫੜ ਲਈ ਉਸਨੂੰ ਬਾਹਰ ਨੂੰ ਧੂਹ ਤੁਰੇ। ਜਿਉਂ ਹੀ ਸਤਿਗੁਰੂ ਜੀ ਬੂਹੇ ਤੋਂ ਬਾਹਰ ਹੋਏ ਤਾਂ ਰਾਮ ਨਾਥ ਦੀ ਮਾਤਾ ਨੂੰ ਇਕ ਜ਼ੋਰ ਦੀ ਕੰਬਣੀ ਆਈ। ਉਸ ਕੰਬਣੀ ਨਾਲ ਓਹਦੇ ਤਨ ਦੀ ਨਾੜ ਨਾੜ ਹਿਲ ਗਈ। ਖੂਨ ਉਬਲ ਪਿਆ। ਉਸ

Sri Satguru Jagjit Singh Ji eLibrary NamdhariElibrary@gmail.com

ਨੂੰ ਇੰਦ ਪਰਤੀਤ ਹੋਇਆ ਜਿਵੇਂ ਓਹਦੇ ਸਰੀਰ ਵਿਚੋਂ ਰੋਗ ਦਾ ਭੂਤ ਉਡੰਤਰ ਹੋ ਗਿਆ। ਉਸਨੂੰ ਦੋ ਨਿੱਛਾਂ ਆਈਆਂ। ਉਨ੍ਹਾਂ ਨਿੱਛਾਂ ਨੇ ਸਿਰ ਹੌਲਾ ਕਰ ਦਿਤਾ। ਓਹ ਆਪਣੇ ਆਪ ਉਠਕੇ ਬੈਠ ਗਈ ਤੇ ਬੈਠੀ ਬੈਠੀ ਮਨ ਹੀ ਮਨ ਕਹਿਣ ਲਗੀ, 'ਇਹ ਬਾਲਕ ਕੋਈ ਕਰਾਮਾਤੀ ਬਾਲਕ ਹੈ। ਭਗਵਾਨ ਦਾ ਰੂਪ ਹੈ। ਮੇਰੇ ਧੰਨ ਭਾਗ ਮੇਰੇ ਘਰ ਪ੍ਰਮੇਸ਼ਰ ਆਇਆ। ਮੈਨੂੰ ਮੋਈ ਨੂੰ ਜਿਵਾ ਗਿਆ। ਮੈਂ ਵਾਰੀ ! ਐਸੇ ਬਾਲਕ ਰੂਪ ਪ੍ਰਮੇਸ਼ਰ ਦੇ ਦਰਸ਼ਨ ਕਰਾਂ। ਹੇ ਰਾਮ !' ਉਸਨੂੰ ਤਰੇਹ ਲਗੀ, ਓਹ ਉਠੀ ਤੇ ਮੰਜੇ ਤੋਂ ਉਤਰ ਕੇ ਪਾਣੀ ਪੀਣ ਦੀ ਉਸ ਨੇ ਇੱਛਾ ਕੀਤੀ। ਜਿਉਂ ਹੀ ਉਸਨੇ ਧਰਤੀ ਉਤੇ ਪੈਰ ਰਖੇ ਤਿਉਂ ਹੀ ਉਸ ਨੂੰ ਅਨੁਭਵ ਹੋਇਆ ਕਿ ਉਸਦਾ ਰੋਗ ਦੂਰ ਹੋ ਗਿਆ ਹੈ। ਉਸਦੇ ਪੈਰ ਨਾ ਕੰਬੇ, ਲੱਤਾਂ ਨੇ ਸਰੀਰ ਦਾ ਭਾਰ ਝੱਲ ਲਿਆ, ਓਹ ਕਾਹਲੀ ਕਦਮ ਪੁਟਕੇ ਘੜੇ ਦੇ ਕੋਲ ਗਈ। ਘੜੇ ਵਿਚੋਂ ਪਾਣੀ ਛੰਨੇ ਵਿਚ ਪਾਇਆ ਤੇ ਗਟ ਗਟ ਪੀ ਗਈ। ਪੂਰੇ ਸਾਲ ਪਿਛੋਂ ਉਸਨੇ ਆਪ ਹਥੀਂ ਪਾਣੀ ਪਾਕੇ ਪੀਤਾ ਸੀ। ਉਸ ਪਾਣੀ ਦੇ ਪੀਣ ਨਾਲ ਓਹਦੇ ਸਰੀਰ ਵਿਚ ਸ਼ਕਤੀ ਆ ਗਈ। ਓਹ ਪਾਣੀ ਕੀ ਸੀ ? ਅੰਮ੍ਰਿਤ ਸੀ। ਪਾਣੀ ਨੂੰ ਪੀਕੇ ਉਸ ਨੇ ਅੰਗੜਾਈ ਲਈ। ਓਹਦੀਆਂ ਅੱਖਾਂ ਵਿਚ ਪੂਰੀ ਜੋਤਨਾ ਸੀ। ਓਹਨੇ ਘਰ ਦੀ ਹਰ ਇਕ ਵਸਤੂ ਵਲ ਧਿਆਨ ਨਾਲ ਦੇਖਿਆ, ਸਾਰੀਆਂ ਵਸਤੂਆਂ ਜੋ ਦੋ ਘੜੀ ਪਹਿਲਾਂ ਉਸ ਨੂੰ ਡਰਾਉਣੀਆਂ ਲਗਦੀਆਂ ਸਨ, ਓਹ ਚੰਗੀਆਂ ਲਗੀਆਂ, ਘਰ ਪਿਆਰਾ ਲਗਾ, ਨਵਾਂ ਜੀਵਨ ਪ੍ਰਾਪਤ ਹੋਇਆ। ਇਸਤ੍ਰੀ ਤੋਂ ਬਿਨਾਂ ਘਰ ਡਰਾਉਣਾ ਬਣ ਜਾਂਦਾ ਹੈ। ਕੋਈ ਸਫਾਈ ਨਹੀਂ ਕਰਦਾ, ਕੋਈ ਥਾਂ ਸਿਰ ਚੀਜ਼ਾਂ ਨਹੀਂ ਰਖਦਾ। ਓਸਨੇ ਝਾੜੂ ਫੜਿਆ ਥਾਂ ਸਾਫ ਕੀਤੀ, ਓਹ ਝਾੜੂ ਦੇ ਰਹੀ ਸੀ ਕਿ ਉਸਦੀ ਗੁਆਂਢਣ ਆ ਗਈ। ਓਸਨੂੰ ਝਾੜੂ ਦੇਂਦੀ ਦੇਖਕੇ ਬਹੁਤ ਹੈਰਾਨੀ ਹੋਈ। ਓਹ ਤਾਂ ਸਮਝਦੀ ਸੀ ਕਿ ਰਾਮਨਾਥ ਦੀ ਮਾਂ ਦੋ ਚਾਰ ਦਿਨਾਂ ਦੀ ਪ੍ਰਾਹੁਣੀ ਹੈ ਪਰ ਓਹ ਅਰੋਗ ਇਸਤ੍ਰੀਆਂ ਵਾਂਗ ਘਰ ਦੇ ਕੰਮਾਂ ਵਿਚ ਲਗੀ ਦੇਖਕੇ ਓਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਓਸਨੇ ਕਾਹਲੀ ਨਾਲ ਪੁਛਿਆ, 'ਸੀਤਾ ! ਨੀ ਸੀਤਾ ! ਤੂੰ ਰਾਜੀ ਹੋ ਗਈ ! ਤੈਨੂੰ ਕੌਣ ਵੈਦ ਮਿਲਿਆ ? ਓਹ ਕੌਣ ਹੈ ਜਿਸਨੇ ਰਾਤ ਰਾਤ

Sri Satguru Jagjit Singh Ji eLibrary NamdhariElibrary@gmail.com

ਤੈਨੂੰ ਨੌ-ਬਰ ਨੌ ਕਰ ਦਿਤਾ ਹੈ ?

'ਇਕ ਭਗਵਾਨ ਦੀ ਕ੍ਰਿਪਾ ! ਓਸੇ ਦੀ ਨਜ਼ਰ ਸਵੱਲੀ ਹੋਈ ਹੈ।' ਰਾਮਨਾਥ ਦੀ ਮਾਤਾ ਸੀਤਾ ਨੇ ਉਤਰ ਦਿਤਾ। ਗਵਾਂਢਣ ਦੇ ਬੁਤ ਸਾਰਾ ਪੁਛਣ ਤੇ ਉਸਨੇ ਸਤਿਗੁਰੂ ਜੀ ਦੇ ਬਚਨ ਕਰਨ ਦੀ ਕਥਾ ਸੁਣਾ ਦਿਤੀ। ਅੰਤ ਵਿਚ ਕਿਹਾ, 'ਬਸ ! ਉਨ੍ਹਾਂ ਦੇ ਜਾਣ ਪਿਛੋਂ ਮੇਰਾ ਰੋਗ ਦੂਰ ਹੋ ਗਿਆ ਹੈ। ਓਹ ਜ਼ਰੂਰ ਪ੍ਰਮਾਤਮਾ ਦਾ ਰੂਪ ਹਨ। ਕੋਈ ਅਵਤਾਰ ਹਨ।'

ਗਵਾਂਢਣ ਓਹਦੇ ਘਰੋਂ ਨਿਕਲ ਤੁਰੀ ਤੇ ਉਸ ਨੇ ਗਲੀ ਮਹਲੇ ਵਿਚ ਫਿਰਕੇ ਸਾਰੀਆਂ ਇਸਤ੍ਰੀਆਂ ਨੂੰ ਦਸ ਦਿਤਾ ਸੀ ਕਿ ਸੀਤਾ ਦੇ ਸਾਰੇ ਰੋਗ ਕਟੇ ਗਏ, ਕਟੇ ਵੀ ਪਾਠ ਵਿਚ ਹੀ ਗਏ ਹਨ। ਬਿਨਾ ਕਿਸੇ ਦਵਾਦਾਰੂ ਦੇ (ਸਤਿਗੁਰੂ) ਗੋਬਿੰਦ ਰਾਇ ਇਕ ਬਾਲ ਆਇਆ ਹੈ। ਉਸ ਨੇ ਬਚਨ ਕੀਤਾ ਤਾ ਰਾਜੀ ਹੋ ਗਈ। ਓਹ ਰਿਧੀਆਂ ਸਿਧੀਆਂ ਦਾ ਮਾਲਕ ਹੈ। ਓਹ ਜਿਸ ਵਲ ਦਇਆ ਦ੍ਰਿਸ਼ਟੀ ਕਰੇ ਓਹੋ ਹੀ ਤਰ ਜਾਂਦਾ ਹੈ। ਆਓ ਦੇਖੋ ਸੀਤਾ ਨੂੰ ਓਹ ਕਿੰਨੀ ਪ੍ਰਸੰਨ ਤੇ ਸ਼ਕਤੀਵਾਨ ਹੈ। ਉਸਨੇ ਲੋਕਾਂ ਨੂੰ ਇਹ ਵੀ ਕਿਹਾ, 'ਆਓ ! ਬਾਲ ਰੂਪ ਭਗਵਾਨ ਅਵਤਾਰ ਦੇ ਵੀ ਦਰਸ਼ਨ ਕਰੀਏ।'

ਬਸ ਫੇਰ ਕੀ ਸੀ, ਸਾਰਾ ਪਿੰਡ ਸੀਤਾ ਨੂੰ ਦੇਖਣ ਆਇਆ ਤੇ ਸੀਤਾ ਨੂੰ ਦੇਖਣ ਪਿਛੋਂ ਸਤਿਗੁਰੂ ਜੀ ਦੇ ਚਰਨ ਕੰਵਲਾਂ ਉਤੇ ਮੱਥਾ ਟੇਕਦਾ ਰਿਹਾ ਕਿਸੇ ਸੁਖ ਮੰਗਿਆ, ਕਿਸੇ ਨੇ ਜਨਮ ਮਰਨ ਦੇ ਬੰਧਨ ਕਟਵਾਏ। ਸ਼ਵੇਰ ਤੋਂ ਸ਼ਾਮ ਤਕ ਉਸ ਅਸਥਾਨ ਤੇ ਮੇਲਾ ਲਗਣ ਲੱਗਾ, ਜਿਥੇ ਸਤਿਗੁਰੂ ਜੀ ਦਾ ਡੇਰਾ ਸੀ, ਮਾਤਾ ਗੂਜਰੀ ਜੀ ਤੇ ਮਾਤਾ ਨਾਨਕੀ ਜੀ ਦੀ ਖੂਬ ਸੇਵਾ ਹੋਣ ਲਗੀ, ਭੰਡਾਰਿਆਂ ਵਿਚ ਅੰਨ, ਬਸਤ੍ਰ ਅਤੇ ਮਾਯਾ ਦੇ ਗੱਫੇ ਬੇਅੰਤ ਆਉਣ ਲਗੇ। ਮਾਮਾ ਕ੍ਰਿਪਾਲ ਚੰਦ ਜੀ ਤੇ ਹੋਰ ਸੇਵਕ ਖੁਲੇ ਦਿਲ ਨਾਲ ਗੁਰੂ ਕਾ ਲੰਗਰ ਚਲਾਕੇ ਆਏ ਗਏ ਦਾ ਸਤਕਾਰ ਕਰਨ ਲਗੇ। ਰਾਮਨਾਥ ਤੇ ਉਸ ਦੀ ਮਾਤਾ ਸੀਤਾ ਤਾਂ ਹੋ ਹੀ ਗੁਰੂ ਘਰ ਦੇ ਗਏ। ਸੀਤਾ ਦੀ ਤਾਂ ਜ਼ਬਾਨ ਸਵਾਸ ਸਵਾਸ 'ਵਾਹਿਗੁਰੂ ! ਵਾਹਿਗੁਰੂ ਤੇ ਧੰਨ ਸਤਿਗੁਰੂ' ਦਾ ਜਾਪ ਕਰਦੀ ਸੀ।

Sri Satguru Jagjit Singh Ji eLibrary NamdhariElibrary@gmail.com

੧੨. ਪੀਰ ਆਰਫ਼ਦੀਨ ਨੂੰ ਖੁਦਾ ਦਾ ਨੂਰ ਦਿਸਿਆ

ਈਸਵੀ ਸਤਾਰਵੀਂ ਸਦੀ ਵਿਚ ਜੋ ਜ਼ੁਲਮ ਤੇ ਪਾਪ ਬਹੁਤਾ ਸੀ ਤਾਂ ਭਗਤਾਂ ਦਾ ਵੀ ਘਾਟਾ ਨਹੀਂ ਸੀ, ਪਰ ਓਹ ਭਗਤੀ ਲੋਕਾਂ ਦਾ ਭਲਾ ਨਹੀਂ ਸੀ ਕਰਦੀ। ਭਲਾ ਕਰਨ ਦੀ ਥਾਂ ਲੋਕਾਂ ਨੂੰ ਭਰਮ ਵਹਿਮ ਪਾਕੇ ਲੁਟਦੀ ਸੀ। ਸਾਧੂ ਸੰਤ ਹਿੰਦੂ ਤਾਂ ਘਬਰਾਏ ਹੋਏ ਦਿਨ ਕਟਦੇ ਸਨ ਪਰ ਮੁਸਲਮਾਨ ਫਕੀਰ ਮੌਜਾਂ ਨਾਲ ਦਿਨ ਗੁਜ਼ਾਰਦੇ ਸਨ। ਇਸ ਦਾ ਕਾਰਨ ਇਹ ਸੀ ਕਿ ਮੁਗ਼ਲ ਰਾਜ ਵਿਚ ਮੁਸਲਮਾਨ ਫਕੀਰਾਂ ਨੂੰ ਪੂਰਨ ਆਜ਼ਾਦੀ ਸੀ ਕਿ ਓਹ ਜਿਵੇਂ ਚਾਹੁਣ ਜਨਤਾ ਨੂੰ ਲੁਟਣ, ਪਰ ਇਸਲਾਮ ਦਾ ਪਰਚਾਰ ਜ਼ਰੂਰ ਕਰਨ। ਫਕੀਰ ਸ਼ਾਹੀ ਠਾਠ ਬਾਠ ਨਾਲ ਏਧਰ ਓਧਰ ਵਿਚਰਦੇ ਰਹਿੰਦੇ ਸਨ।

ਪੀਰ ਆਰਫ਼ਦੀਨ ਪੂਰਬੀ ਪੰਜਾਬ (ਸਰਹੰਦ ਤੇ ਅੰਬਾਲੇ ਦੇ ਇਲਾਕੇ) ਵਿਚ ਬਹੁਤ ਮਸ਼ਹੂਰ ਮੁਸਲਮਾਨ ਫ਼ਕੀਰ ਸੀ। ਇਸਦੇ ਨਾਲ ਪੰਜਾਹ ਕੁ ਚੇਲੇ ਤੇ ਸੇਵਕ ਰਿਹਾ ਕਰਦੇ ਸਨ। ਸਾਰੇ ਇਸ ਨੂੰ ਕਰਾਮਾਤੀ ਫਕੀਰ ਆਖਿਆ ਕਰਦੇ ਸਨ ਉਸ ਵਿਚ ਗੁਣ ਬਹੁਤੇ ਸਨ ਤੇ ਔਗੁਣ ਥੋੜੇ। ਓਹ ਮਾਯਾ, ਬਸਤ੍ਰ ਤੇ ਅੰਨ ਚਾਰਾ ਤਾਂ ਧੌਂਸੇ ਨਾਲ ਪ੍ਰਾਪਤ ਕਰਦਾ ਪਰ ਹਿੰਦੂ ਮੁਸਲਮਾਨ ਮਨੁਖਾਂ ਨੂੰ ਜਾਣਦਾ ਇਕੋ ਜਿਹਾ ਸੀ। ਓਹ ਸਦਾ ਦੌਰੇ ਹੀ ਕਰਦਾ ਰਹਿੰਦਾ ਉਸ ਦੀ ਬਹੁਤ ਮਾਨਤਾ ਹੁੰਦੀ ਸੀ।

ਫਿਰਦਾ ਫਿਰਾਂਦਾ ਪੀਰ ਆਰਫ਼ਦੀਨ ਲਖਨੌਰ ਵਲ ਆ ਗਿਆ ਲੌਂਢਾ ਵੇਲਾ ਸੀ ਪਿੰਡ ਤੋਂ ਬਾਹਰ ਸੁਹਾਵਣੀ ਥਾਂ ਤੇ ਖੁਲ੍ਹੀ ਹਵਾ ਵਿਚ ਸਤਿਗੁਰੂ ਗੋਬਿੰਦ ਰਾਇ ਜੀ ਆਪਣੇ ਸਾਥੀਆਂ ਨਾਲ ਖੇਡ ਰਹੇ ਸਨ। ਪੀਰ ਘੋੜੇ ਉਤੇ ਚੜ੍ਹਿਆ ਆਉਂਦਾ ਸੀ ਦੂਰੋਂ ਹੀ ਉਸਦੀ ਨਿਗਾਹ ਲੜਕਿਆਂ ਤੇ ਪਈ। ਉਸ ਨੇ ਦੇਖਿਆ ਸੂਰਜ ਦੀਆਂ ਕਿਰਨਾਂ ਨਾਲੋਂ ਵੀ ਤੇਜ ਕਿਰਨ ਵਾਲਾ ਇਕ ਚੇਹਰਾ ਲੜਕਿਆਂ ਵਿਚ ਹੈ। ਮੂਸੇ ਨੇ ਜਿਵੇਂ ਕੋਹਤੂਰ ਉਪਰ ਖੁਦਾ ਦੇ ਦਰਸ਼ਨ ਕੀਤੇ ਸਨ ਤੇ ਸਤੇ ਸੁਧਾਂ ਭਲ ਗਈਆਂ ਸਨ ਤਿਵੇਂ ਪੀਰ ਆਰਫ਼ਦੀਨ ਵੀ ਹੈਰਾਨੀ ਨਾਲ ਘਬਰਾ ਗਿਆ ਉਸਦੀ ਆਤਮਾ ਨੇ ਅਵਾਜ ਦਿਤੀ, 'ਆਰਫ਼ਦੀਨ!

Sri Satguru Jagjit Singh Ji eLibrary NamdhariElibrary@gmail.com

ਘੋੜੇ ਤੋਂ ਹੇਠਾਂ ਉਤਰ ! ਖੁਦਾ ਦੇ ਦਰਸ਼ਨ ਕਰ ਲੈ।' ਇਸ ਅਵਾਜ ਨੂੰ ਸੁਣ ਕੇ ਘੋੜੇ ਤੋਂ ਉਤਰ ਬੈਠਾ ਚੇਲੇ ਬਹੁਤ ਹੈਰਾਨ ਹੋਏ। ਜਦੋਂ ਓਹ ਪੈਦਲ ਤੁਰਨ ਲਗ ਪਏ। ਤਾਂ ਚੇਲੇ ਉਸਨੂੰ ਪੁਛਣੋਂ ਨਾ ਰਹਿ ਸਕੇ। ਉਨ੍ਹਾਂ ਨੇ ਪੁਛਿਆ, 'ਪੀਰ ਜੀ ! ਧਰਤੀ ਉਤੇ ਕਿਉਂ ਤੁਰਨ ਲਗ ਪਏ।'

'ਅਗੇ ਖੁਦਾ ਦਾ ਨੂਰ ਹੈ, ਨਿਰਾਦਰ ਨਾ ਹੋਵੇ।' ਆਰਫ਼ਦੀਨ ਨੇ ਉਤਰ ਦਿਤਾ ਪਰ ਅੱਖਾਂ ਸਤਿਗੁਰੂ ਜੀ ਵਲ ਰਹੀਆਂ। ਅਖਾਂ ਦੀ ਡੋਰ ਸਤਿਗੁਰੂ ਜੀ ਦੇ ਚੇਹਰੇ ਦੇ ਨੂਰ ਨਾਲ ਜੁੜ ਗਈ ਜਿਵੇਂ ਠੱਗ-ਨਾਗ ਦੀਆਂ ਅਖਾਂ ਮਨੁਖ ਨੂੰ ਕੀਲਕੇ ਆਪਣੇ ਵਲ ਖਿਚ ਲੈਂਦੀਆਂ ਹਨ ਤਿਵੇਂ ਸਤਿਗੁਰੂ ਜੀ ਦੇ ਨੂਰ ਨੇ ਖਿਚ ਲਿਆ। ਹੌਲੀ ਹੌਲੀ ਪੈਰ ਪੁਟਦਾ ਹੋਇਆ ਆਰਫ਼ਦੀਨ ਤੁਰਿਆ ਗਿਆ, ਆਖਰ ਓਹ ਮੁੰਡਿਆਂ ਦੇ ਨੇੜੇ ਜਾ ਪੁਜਾ।

ਪੀਰ ਦਾ ਸ਼ਾਹੀ ਠਾਠ-ਬਾਠ ਦੇਖਕੇ ਲੜਕੇ ਵੀ ਹੈਰਾਨ ਹੋਏ ਤੇ ਖੇਡਣੋਂ ਹਟਕੇ ਉਨ੍ਹਾਂ ਵਲ ਦੇਖਣ ਲਗ ਪਏ।

ਸਤਿਗੁਰੂ ਜੀ ਸਭ ਤੋਂ ਅਗੇ ਸਨ। ਅੰਤਰਜਾਮੀ ਸਤਿਗੁਰੂ ਜੀ ਵੀ ਜਾਣ ਗਏ ਕਿ ਪੀਰ ਉਨ੍ਹਾਂ ਕਾਰਨ ਹੀ ਅਟਕਿਆ ਹੈ। ਸਾਹਿਬ ਮੁਸਕਰਾ ਪਏ। ਉਸ ਮੁਸਕਰਾਹਟ ਨੇ ਪੀਰ ਨੂੰ ਐਸਾ ਜਾਦੂ ਕੀਤਾ ਕਿ ਓਹਦਾ ਸਿਰ ਝੁਕ ਗਿਆ। ਅਗੇ ਵਧਕੇ ਚਰਨਾਂ ਨੂੰ ਹਥ ਲਾਏ, ਚਰਨਾਂ ਦੀ ਚਰਨ ਧੂੜ ਮਥੇ ਨੂੰ ਲਾਈ ਤੇ ਉਚੀ ਸਾਰੀ ਕਿਹਾ 'ਸਚਮੁਚ ਖੁਦਾ ਦੇ ਦੀਦਾਰੇ ਹੋ ਗਏ। ਖੁਦਾ ! ਖੁਦਾ ! ਆਪ ਖੁਦਾ ਆ ਗਿਆ।'

ਪੀਰ ਦੇ ਚੇਲੇ ਹੋਰ ਹੈਰਾਨ ਹੋਏ ਤੇ ਈਰਖਾ ਦੀ ਅਗ ਨਾਲ ਗਰਮ ਵੀ ਹੋਏ। ਉਨ੍ਹਾਂ ਦੇ ਮੁਖੀਏ ਨੇ ਅਗੇ ਹੋਕੇ ਕਿਹਾ—'ਪੀਰ ਜੀ ਹੋਸ਼ ਕਰੋ ! ਇਕ ਹਿੰਦੂ ਦੇ ਲੜਕੇ ਅਗੇ ਸਿਰ ਝੁਕਾ ਕੇ ਪੀਰੀ ਤੇ ਇਸਲਾਮ ਦੀ ਤੌਹੀਨ ਕਿਉਂ ਕਰਦੇ ਹੋ ? ਬਾਦਸ਼ਾਹ ਸਲਾਮਤ ਨੂੰ ਪਤਾ ਲਗ ਗਿਆ ਤਾਂ ਓਹ ਕਤਲ ਕਰਵਾ ਦੇਵੇਗਾ। ਹੋਸ਼ ਕਰੋ, ਕਾਫਰ ਕਦੀ ਖੁਦਾ ਨਹੀਂ ਹੋ ਸਕਦਾ।'

'ਮੇਰੇ ਮਾਹੀ ਨੂੰ ਕੁਝ ਨਾ ਆਖੋ ! ਮੇਰਾ ਪ੍ਰੀਤਮ ! ਮੇਰਾ ਖੁਦਾ ! ਤੁਸੀਂ ਤੌਹੀਨ ਕਰ ਰਹੇ ਹੋ ਮੇਰੇ ਖੁਦਾ ਦੀ ! ਜਾ ! ਕਾਫਰੋ ਜਾਓ ! ਮੇਰੇ ਪ੍ਰੀਤਮ ਨੂੰ

Sri Satguru Jagjit Singh Ji eLibrary NamdhariElibrary@gmail.com

ਮੇਰੇ ਮਾਹੀ ਖ਼ੁਦਾ ਨੂੰ ਕਾਫ਼ਰ ਆਖਦੇ ਹੋ ?' ਪੀਰ ਆਰਫ਼ਦੀਨ ਦੀਵਾਨਾ ਹੋ ਗਿਆ। ਉਹ ਅਝਮਕ ਅੱਖਾਂ ਨਾਲ ਸਤਿਗੁਰੂ ਜੀ ਵਲ ਦੇਖੀ ਗਿਆ, 'ਮੈਂ ਸੱਚ ਆਖਦਾ ਹਾਂ' ਪੀਰ ਚੁਪ ਨਾ ਰਹਿ ਸਕਿਆ। 'ਮੈਨੂੰ ਖ਼ੁਦਾ ਦਾ ਰੂਪ ਨਜ਼ਰ ਆ ਰਿਹਾ ਹੈ ਉਹ ਨਿਰਾ ਰੂਪ ਖ਼ੁਦਾ ਦਾ ਹੈ। ਅੱਖਾਂ ਅਗੋਂ ਤਅੱਸਬ ਦੀ ਪੱਟੀ ਲਾਹ ਕੇ ਪਰੇ ਕਰ ਦੇਵੋ ਮਜਹਬੀ ਈਰਖਾ ਦਾ ਤਿਆਗ ਕਰੋ।'

ਪੀਰ ਦੇ ਚੇਲਿਆਂ ਦੇ ਤਨ ਮਨ ਗਰਮ ਹੋ ਗਏ, ਮੁੜ੍ਹਕਾ ਆ ਗਿਆ। ਉਹ ਤਾਂ ਪੀਰ ਨੂੰ ਵੀ ਗਰਮ ਕਰਨ ਨੂੰ ਤਿਆਰ ਸਨ। ਜਿਵੇਂ ਚੰਦਨ ਦੇ ਬ੍ਰਿਛ ਕੋਲ ਬਾਂਸ ਰਹਿੰਦਾ ਹੋਇਆ ਸੁਗੰਧੀ ਨੂੰ ਪ੍ਰਾਪਤ ਨਹੀਂ ਕਰ ਸਕਦਾ ਤਿਵੇਂ ਪੀਰ ਕੋਲੋਂ ਪਿਆਰ, ਸਚਾਈ ਤੇ ਖ਼ੁਦਾਈ ਗੁਣ ਚੇਲਿਆਂ ਨੇ ਨਾ ਸਿਖੇ। ਉਹ ਨਹੀਂ ਸਨ ਸਮਝਦੇ। ਉਨ੍ਹਾਂ ਨੇ ਪੀਰ ਨੂੰ ਬਾਂਹ ਥੀਂ ਫੜ ਕੇ ਪਰੇ ਕੀਤਾ ਤੇ ਨਾਲ ਹੀ ਆਖਿਆ, 'ਅਸੀਂ ਇਹ ਨਹੀਂ ਸਹਿ ਸਕਦੇ ਕਿ ਅਸਾਂ ਦਾ ਪੀਰ ਇਕ ਹਿੰਦੂ ਬਾਲਕ ਨੂੰ ਸਲਾਮ ਕਰੇ ਇਹ ਇਸਲਾਮ ਦੀ ਤੌਹੀਨ ਹੈ। ਬਾਦਸ਼ਾਹੀ ਕਰੋਪੀ ਨੂੰ ਅਵਾਜ਼ ਮਾਰਨੀ ਹੈ ! ਅਗੇ ਤੁਰੋ, ਘੋੜੇ ਉਤੇ ਚੜ੍ਹੋ।

'ਮੇਰੇ ਚੇਲਿਓ ! ਤੁਸੀਂ ਮੇਰੇ ਨਾਲ ਦੁਸ਼ਮਨੀ ਕਰ ਰਹੇ ਹੋ. ਆਪਣੇ ਆਪ ਨਾਲ ਦੁਸ਼ਮਨੀ ਕਰ ਰਹੇ ਹੋ, ਮੈਨੂੰ ਦੀਦਾਰ ਕਰ ਲੈਣ ਦਿਓ, ਮੈਨੂੰ ਖ਼ੁਦਾ ਕੋਲੋਂ ਦੂਰ ਨਾ ਕਰੋ।

ਸਤਿਗੁਰੂ ਜੀ ਹਸੇ ਨਹੀਂ, ਉਹ ਗੰਭੀਰਤਾ ਨਾਲ ਮੁਸਕਰਾਉਂਦੇ ਰਹੇ, ਉਹ ਧਿਆਨ ਨਾਲ ਦੇਖਦੇ ਰਹੇ। ਚਕੋਰ ਦੇ ਪਰੇਮ ਨੂੰ ਚੰਦ ਨੇ ਅਪਨਾ ਲਿਆ, ਮਿਹਰ ਦੀ ਨਿਗਾਹ ਕਰਕੇ ਨਿਹਾਲ ਕਰ ਦਿਤਾ, ਪਰ ਮਾਯਾਵਾਦੀ ਜਗਤ ਦੇ ਬੰਦਿਆਂ ਦੀਆਂ ਅੱਖਾਂ ਅਗੇ ਅਗਿਆਨਤਾ ਤੇ ਮਜ਼ਹਬੀ ਈਰਖਾ ਦੀ ਪਟੀ ਸੀ ਉਹ ਅੰਨ੍ਹੇ ਸਨ, ਉਨ੍ਹਾਂ ਨੂੰ ਸਤਿਗੁਰੂ ਜੀ ਦੇ ਖ਼ੁਦਾਈ ਗੁਣ ਨਹੀਂ ਸਨ ਦਿਸਦੇ। ਪ੍ਰਮਾਤਮਾਂ ਦੀ ਦਇਆ ਨਾਲ ਮਹਾਨ ਸ਼ਕਤੀਆਂ ਪ੍ਰਾਪਤ ਕਰਕੇ ਆਏ ਹੋਏ ਸਤਿਗੁਰੂ ਜੀ ਨੂੰ ਉਹ ਸਮਝ ਨਾ ਸਕੇ। ਉਨ੍ਹਾਂ ਦੀ ਨਿਗਾਹ ਵਿਚ ਸਾਹਿਬ ਇਕ ਬਾਲਕ ਸਨ ਤੇ ਉਹ ਵੀ ਹਿੰਦੂ ਬਾਲਕ। ਮੁਸਲਮਾਨ ਦੇ ਮੁਗਲ ਬਾਦਸ਼ਾਹ ਦੀ ਨਿਗਾਹ ਤੇ ਵਿਚਾਰ ਵਿਚ ਜਿਸ ਨੂੰ ਜੀਉਣ ਦਾ ਵੀ ਹੱਕ ਨਹੀਂ ਸੀ, ਉਨ੍ਹਾਂ ਨੇ

Sri Satguru Jagjit Singh Ji eLibrary NamdhariElibrary@gmail.com

ਪੀਰ ਨੂੰ ਦੋਹਾਂ ਬਾਹੀਂ ਤੋਂ ਫੜਕੇ ਖਿਚ ਲਿਆ ਉਸ ਨੂੰ ਘੋੜੇ ਉਤੇ ਚੜ੍ਹਾਉਂਦੇ ਰਹੇ ਪਰ ਓਹ ਨਾ ਚੜ੍ਹਿਆ। ਜਿੰਨਾ ਚਿਰ ਸਤਿਗੁਰੂ ਜੀ ਉਸ ਨੂੰ ਦਿਸਦੇ ਰਹੇ ਉੱਨਾ ਚਿਰ ਓਹ ਪੈਦਲ ਤੇ ਪੁਠੀ ਪੈਰੀਂ ਤੁਰਿਆ ਗਿਆ, ਜਬਾਨੋਂ ਇਹੋ ਕਹਿੰਦਾ ਗਿਆ, 'ਖੁਦਾ ਦੇ ਦੀਦਾਰੇ ਹੋਏ ਮੈਂ ਨਿਹਾਲ ਹੋ ਗਿਆ।'

੧੩. ਸੱਯਦ ਭੀਖਣ ਸ਼ਾਹ

ਖੁਦਾ ਦਾ ਪਿਆਰਾ ਇਕ ਮੁਸਲਮਾਨ ਫਕੀਰ ਸੱਯਦ ਭੀਖਣ ਸ਼ਾਹ ਸੀ। ਪੂਰਬੀ ਪੰਜਾਬ ਤੇ ਸਹਾਰਨਪੁਰ ਦੇ ਇਲਾਕੇ ਵਿਚ ਇਸਦੀ ਫਕੀਰੀ ਤੇ ਇਸ ਦੀਆਂ ਕਰਾਮਾਤਾਂ ਦੀ ਬਹੁਤ ਪ੍ਰਸਿੱਧਤਾ ਸੀ। ਜਦੋਂ ਇਹ ਕਿਤੇ ਜਾਂਦਾ ਆਉਂਦਾ ਤਾਂ ਇਸ ਦੇ ਨਾਲ ਬਹੁਤ ਸਾਰੇ ਇਹਦੇ ਚੇਲੇ ਰਹਿੰਦੇ ਸਨ।

ਭੀਖਣ ਸ਼ਾਹ ਨਾਹਨ ਦੇ ਪਹਾੜੀ ਇਲਾਕੇ ਵਲੋਂ ਫਿਰਦਾ ਹੋਇਆ ਥੋੜੇ ਦਿਨਾਂ ਵਾਸਤੇ ਮੈਦਾਨੀ ਇਲਾਕੇ ਵਲ ਆਇਆ। ਉਸਨੂੰ ਇਹ ਵੀ ਪਤਾ ਨਾ ਲਗਾ ਕਿ ਓਹ ਕਿਉਂ ਮੈਦਾਨਾਂ ਨੂੰ ਜਾ ਰਿਹਾ ਹੈ ? ਪਰ ਓਹਦੇ ਮਨ ਤਨ ਤੇ ਦਿਮਾਗ ਵਿਚ ਕਾਹਲ ਆਈ। ਹਿਰਦਾ ਖੁਸਿਆ ਜਿਵੇਂ ਕੋਈ ਬਹੁਤ ਪਿਆਰੀ ਚੀਜ ਚਿਰਾਂ ਦੀ ਵਿਛੜੀ ਹੋਈ ਹੁੰਦੀ ਹੈ ਤੇ ਸਬੱਬ ਨਾਲ ਮਿਲਣ ਦੀ ਆਸ ਹੁੰਦੀ ਹੈ, ਤਿਵੇਂ ਓਹ 'ਛੇਤੀ ਚਲੋ ! ਲਖਨੌਰ ਜਾਣਾ ਹੈ ਛੇਤੀ ਚਲੋ ! ਰਾਹ ਵਿਚ ਨਹੀਂ ਰੁਕਣਾ, ਬਸ ਚਲੋ ਚਲੋ !' ਚੇਲਿਆਂ ਨੂੰ ਹੁਕਮ ਦੇਕੇ ਤੋਰੀ ਆਇਆ। ਦੋ ਮੰਜ਼ਲਾਂ ਦੀ ਇਕ ਮੰਜ਼ਲ ਕਰਕੇ ਓਹ ਲਖਨੌਰ ਪਹੁੰਚਾ ਲੌਂਢਾ ਵੇਲਾ ਹੋ ਗਿਆ ਸੀ। ਲਖਨੌਰ ਦੇ ਨੇੜੇ ਜਾਕੇ ਚੇਲਿਆਂ ਨੇ ਪੁਛਿਆ, 'ਪੀਰ ਜੀ ਭਲਾ ਇਹ ਤਾਂ ਦਸੋ ਕਿ ਐਨੀ ਕਾਹਲ ਨਾਲ ਕਿਉਂ ਲਖਨੌਰ ਆਏ ਹੋ ?'

'ਮੈਨੂੰ ਖੁਦ ਪਤਾ ਨਹੀਂ !' ਸੱਯਦ ਭੀਖਣ ਸ਼ਾਹ ਨੇ ਉਤਰ ਦਿਤਾ। ਕੋਈ ਗੈਬੀ ਸ਼ਕਤੀ ਮੈਨੂੰ ਲਖਨੌਰ ਵਲ ਖਿਚੀ ਲਈ ਜਾ ਰਹੀ ਹੈ। ਮੇਰੀ ਆਤਮਾ ਏਹੋ ਪੁਕਾਰ ਰਹੀ ਹੈ ਕਿ ਲਖਨੌਰ ਛੇਤੀ ਪਹੁੰਚਣਾ ਚਾਹੀਦਾ ਹੈ। ਮਿਲਣਾ ਹੈ ਦਰਸ਼ਨ ਦੀਦਾਰੇ ਕਰਨੇ ਹਨ ਕੋਈ ਆਇਆ ਹੈ ਜਰੂਰ ਆਇਆ ਹੈ। ਲਖਨੌਰ ਵਿਚ ਕੋਈ ਦੂਸਰਾ ਚੰਦ ਚੜ੍ਹਿਆ ਹੈ। ਬ੍ਰਹਮ ਗਿਆਨ ਹਮਦਰਦੀ ਤੇ ਪਿਆਰ

Sri Satguru Jagjit Singh Ji eLibrary NamdhariElibrary@gmail.com

ਦਾ ਚੰਦ ਚੜ੍ਹਿਆ ਹੈ। ਕਈਆਂ ਚਿਰਾਂ ਤੋਂ ਉਸ ਚੰਦ ਦੀ ਰੌਸ਼ਨੀ ਮੈਨੂੰ ਦਿੱਸਦੀ ਹੈ ਬਸ ਚਲੇ ਆਓ।'

ਲਖਨੌਰ ਵਿਚ ਸਾਰੇ ਦਾਖਲ ਹੋਏ, ਲਖਨੌਰ ਦੇ ਵਸਨੀਕ ਮੁਸਲਮਾਨ ਤੇ ਹਿੰਦੂਆਂ ਨੇ ਸੱਯਦ ਦਾ ਸਤਕਾਰ ਕੀਤਾ। ਕਈਆਂ ਨੇ ਏਨਤੀਆਂ ਕੀਤੀਆਂ ਕਿ ਸੱਯਦ ਸਾਹਿਬ ਜੇ ਪਲ ਅਟਕ ਜਾਣ ਤਾਂ ਉਨ੍ਹਾਂ ਦੀ ਕੋਈ ਸੇਵਾ ਕੀਤੀ ਜਾਵੇ ਪਰ ਸੱਯਦ ਸਾਹਿਬ ਨ ਅਟਕੇ। ਉਨ੍ਹਾਂ ਦੀਆਂ ਅੱਖਾਂ ਕਿਸੇ ਦੀ ਢੂੰਡ ਕਰ ਰਹੀਆਂ ਸਨ ਓਹ ਤਾਂ ਪੁਛ ਰਹੀਆਂ ਸਨ ਕਿ ਓਹ ਕਿਥੇ ਹੈ ? ਪਰ ਕੌਣ ਕਿਥੇ ਹੈ ? ਇਹ ਕੋਈ ਪਤਾ ਨਹੀਂ ਸੀ।

ਚੋਜੀ ਪ੍ਰੀਤਮ ਸਭ ਦਾ ਪਿਆਰਾ ਬਾਲਕ (ਸਤਿਗੁਰੂ) ਗੋਬਿੰਦਰਾਇ ਆਪਣੇ ਸਾਥੀਆਂ ਸਮੇਤ ਖੇਡ ਰਿਹਾ ਸੀ। ਸੱਯਦ ਭੀਖਣ ਸ਼ਾਹ ਪਾਲਕੀ ਵਿਚ ਇਸ ਤਰ੍ਹਾਂ ਬੈਠਾ ਸੀ ਜਿਵੇਂ ਕੋਈ ਮਹਾਰਾਜ ਜਾਂ ਬਾਦਸ਼ਾਹ ਹੁੰਦਾ ਹੈ। ਓਹਦੇ ਚੇਲੇ ਓਹਦੀ ਪਾਲ ਚੁਕੀ ਜਾਂਦੇ ਸਨ। ਪਾਲਕੀ ਵਿਚੋਂ ਹੀ ਉਸਨੇ ਦੇਖਿਆ ਕਿ ਛੋਟੇ ਬਾਲ ਖੇਡ ਰਹੇ ਹਨ, ਉਨ੍ਹਾਂ ਵਿਚ (ਸਤਿਗੁਰੂ) ਗੋਬਿੰਦ ਰਾਇ ਜੀ ਨੂੰ ਦੇਖਿਆ ਦੇਖਦੇ ਸਾਰ ਹੈਰਾਨ ਹੋਇਆ। ਅੰਦਰੋਂ ਅਵਾਜ਼ ਆਈ, 'ਪੀਰ ਜੀ ! ਇਹੋ ਹੈ ! ਏਥੇ ਉਤਰਕੇ ਦੀਦਾਰ ਕਰੋ। ਇਹੋ ਹੈ ! ਖੁਦਾ ਦਾ ਬੰਦਾ ! ਨਹੀਂ ਖੁਦਾ ਖੁਦਾ ! ਦੂਰੋਂ ਏਸੇ ਦੇ ਦਰਸ਼ਨ ਕਰਨ ਆਏ ਹੋ ਕਰੋ ਦਰਸ਼ਨ ! ਛੇਤੀ ਕਰੋ ਖੁਦਾ ਧਰਤੀ ਉਤੇ ਖਲੋਤਾ ਹੋਵੇ ਤੇ ਤੁਸੀਂ ਪਾਲਕੀ ਵਿਚ ? ਪਿਆਰੇ ਦੀ ਐਨੀ ਨਿਰਾਦਰੀ ! ਇਹ ਨਹੀਂ ਹੋ ਸਕਦਾ।'

ਆਤਮਾ ਦੀ ਪੁਕਾਰ ਨੂੰ ਸੁਣਕੇ ਓਸੇ ਵੇਲੇ ਭੀਖਣ ਸ਼ਾਹ ਨੇ ਹੁਕਮ ਦਿੱਤਾ, 'ਪਾਲਕੀ ਹੇਠਾਂ ਰਖੋ।' ਓਸੇ ਵੇਲੇ ਹੁਕਮ ਦੀ ਪਾਲਣਾ ਹੋਈ। ਪਾਲਕੀ ਧਰਤੀ ਉਤੇ ਰਖੀ ਗਈ, ਸੱਯਦ ਭੀਖਣ ਸ਼ਾਹ ਪਾਲਕੀ ਵਿਚੋਂ ਉਤਰੇ, ਪੈਰੀਂ ਜੋੜਾ ਨਹੀਂ ਪਾਇਆ ਨੰਗੇ ਪੈਰ ਧਰਤੀ ਉਤੇ ਰਖੇ। ਮਹਿੰਦੀ ਰੰਗੇ ਰੇਸ਼ਮ ਵਰਗੇ ਕੂਲੇ ਪੈਰ ਚਿਰਾਂ ਪਿਛੋਂ ਪਹਿਲੀ ਵਾਰ ਖੁਰਦ੍ਰੀ ਧਰਤੀ ਉਤੇ ਟਿਕੇ। ਓਹ ਪੈਰ ਜਿਨ੍ਹਾਂ ਦੀਆਂ ਮਾਲਸ਼ਾਂ ਰੋਜ਼ ਹੁੰਦੀਆਂ ਸਨ, ਜਿਨ੍ਹਾਂ ਪੈਰਾਂ ਨੂੰ ਚੇਲੇ ਚੁੰਮਦੇ ਸਨ, ਉਹ ਪੈਰ ਸੁਨਹਿਰੀ ਜੋੜਾ ਨ ਪਹਿਨ ਸਕੇ। ਚੇਲੇ ਹੈਰਾਨ ਹੋਏ ਜਦੋਂ ਪੀਰ ਦੇ ਦੋਵੇਂ

Sri Satguru Jagjit Singh Ji eLibrary NamdhariElibrary@gmail.com

ਹਥ ਜੁੜ ਗਏ। ਹਿੰਦੂ ਮਰਯਾਦਾ ਅਨੁਸਾਰ ਖੜੇ, ਜਿਵੇਂ ਕਿਸੇ ਬਾਦਸ਼ਾਹ ਦੇ ਦਰਬਾਰ ਵਿਚ ਬਾਦਸ਼ਾਹ ਦੇ ਪੇਸ਼ ਹੋਣ ਵਾਸਤੇ ਓਹਦੇ ਤਖਤ ਵਲ ਵਧੀ ਦਾ ਹੈ। ਹਰ ਹਰਕਤ ਤੋਂ ਸੰਕੋਚ ਕਰੀ ਦਾ ਹੈ ਕਿ ਨਿਰਾਦਰੀ ਨਾ ਹੋ ਜਾਵੇ।

ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ। ਪਿਆਰ ਪਿਆਰੇ ਨੂੰ ਮਿਲਣ ਵਾਸਤੇ ਆਪ ਹੀ ਅਗੇ ਵਧਦਾ ਹੈ ਅਗੇ ਹੋਕੇ ਸਤਿਕਾਰ ਕਰਦਾ ਹੈ। (ਸਤਿਗੁਰੂ) ਗੋਬਿੰਦਰਾਇ ਜੀ ਜਾਣ ਗਏ ਕਿ ਮੁਸਲਮਾਨਾਂ ਦਾ ਮਸ਼ਹੂਰ ਪੀਰ ਭੀਖਣ ਸ਼ਾਹ ਉਨ੍ਹਾਂ ਵਲ ਆ ਰਿਹਾ ਹੈ। ਅਗਲੀ ਸਾਂਝ ਹੈ, ਚਿਰਾਂ ਪਿਛੋਂ ਮੇਲ ਹੋਣ ਲਗਾ ਹੈ, ਓਹ ਖੇਡ ਵਲੋਂ ਚਿਤ ਹਟਾਕੇ ਭੀਖਣ ਵਲ ਨੇਤਰ ਕਰਕੇ ਖਲੋ ਗਏ। ਘਟ ਘਟ ਦੀ ਜਾਨਣਹਾਰ ਮਾਹੀ ਨੇ ਪਿਆਰ ਦੀ ਡੋਰ ਸੁਟੀ। ਨੇਤ੍ਰਾਂ ਦੀ ਪੂਰਨ ਜੋਤਨਾ ਨਾਲ ਭੀਖਣ ਸ਼ਾਹ ਵਲ ਦੇਖਿਆ ਤੇ ਬਸ ਨਿਹਾਲ ਕਰ ਦਿਤਾ। ਓਹ ਨਾ ਹਿਲਿਆ, ਪਿਆਰ ਦੇ ਜਾਦੂ ਨਾਲ ਕੀਲਿਆ ਗਿਆ। ਅਝਮਕ ਨੇਤ੍ਰਾਂ ਨਾਲ ਦੋਵੇਂ ਇਕ ਦੂਸਰੇ ਵਲ ਦੇਖਦੇ ਰਹੇ ਜਿਵੇਂ ਪੂਰਬਲੀਆਂ ਸਾਂਝਾ ਸੁਰਜੀਤ ਕਰ ਰਹੇ ਸਨ। ਪੀਰ ਦੇ ਚੇਲੇ ਤੇ ਸਤਿਗੁਰੂ ਜੀ ਦੇ ਸਾਥੀ ਹੈਰਾਨ ਪਰੇਸ਼ਾਨ ਸਨ, ਉਨ੍ਹਾਂ ਦੇ ਪੈਰਾਂ ਹੇਠੋਂ ਤਦੋਂ ਮਿਟੀ ਨਿਕਲ ਗਈ ਜਦੋਂ ਉਨ੍ਹਾਂ ਨੇ ਦੇਖਿਆ ਕਿ ਪੀਰ ਸੱਯਦ ਭੀਖਣ ਸ਼ਾਹ ਨੇ ਛੋਟੇ ਜਿਹੇ ਬਾਲਕ ਨੂੰ ਨਿਮਸ਼ਕਾਰ ਕਰ ਦਿਤੀ। ਬਾਲਕ ਰੂਪ ਸਤਿਗੁਰੂ ਜੀ ਦੇ ਚਰਨਾਂ ਦੀ ਧੂੜੀ ਲੈਕੇ ਅੱਖਾਂ ਨੂੰ ਲਾਈ। ਏਥੇ ਹੀ ਬਸ ਨਹੀਂ ਉਚੀ ਸਾਰੀ ਜ਼ਬਾਨੋਂ ਆਖਿਆ, 'ਮੇਰੇ ਧੰਨ ਭਾਗ! ਅਜ ਖੁਦਾ ਨੇ ਮੈਨੂੰ ਨਿਹਾਲ ਕੀਤਾ ਹੈ।'

'ਜਾਓ! ਦੋ ਦੁਧ ਦੇ ਕਟੋਰੇ ਲਿਆਵੋ।' ਭੀਖਣ ਸ਼ਾਹ ਨੇ ਚੇਲਿਆਂ ਨੂੰ ਹਕਮ ਕੀਤਾ।

ਚੇਲੇ ਗਏ ਓਹ ਦੋ ਕਟੋਰੇ ਦੁਧ ਦੇ ਲੈ ਆਏ* । ਭੀਖਣਸ਼ਾਹ ਨੇ ਦੋਵੇਂ ਕਟੋਰੇ ਸ ਗੁਰੂ ਜੀ ਅਗੇ ਰਖ ਦਿਤੇ। ਘਟ ਘਟ ਦੀ ਜਾਨਣਹਾਰ ਪ੍ਰਭੂ ਝਟ ਸਮਝ ਗਏ ਕਿ ਦੋਹ ਕਟੋਰਿਆਂ ਤੋਂ ਭੀਖਣ ਸ਼ਾਹ ਜਾਨਣਾ ਚਾਹੁੰਦ ਹਨ

*ਕਈਆਂ ਗਰੰਥਾਂ ਵਿਚ ਲਿਖਿਆ ਹੈ ਕਿ ਹਿੰਦੂ ਤੇ ਮੁਸਲਮਾਨਾਂ ਦੋਹਾਂ ਦੀਆਂ ਦੁਕਾਨਾ ਤੋਂ ਦੋਹਾਂ ਡਨਿਆਂ ਵਿਚ ਮਠਿਆਈ ਲਿਆਂਦੀ ਤੇ ਸਤਿਗੁਰੂ ਜੀ ਅਗੇ ਰਖੀ।

Sri Satguru Jagjit Singh Ji eLibrary NamdhariElibrary@gmail.com

ਕਿ ਸਤਿਗੁਰੂ ਜੀ ਕੀ ਹਿੰਦੂ ਧਰਮ ਜਾਂ ਇਸਲਾਮ ਮਤ ਦੇ ਰਾਖੇ ਆਏ ਹਨ ਜਾਂ ਕੋਈ ਤੀਸਰਾ ਮਜ਼ਹਬ ਸੰਸਾਰ ਵਿਚ ਉਤਪਨ ਕਰਨਗੇ। ਸਤਿਗੁਰੂ ਜੀ ਨੇ ਬੈਠਕੇ ਦੋਹਾਂ ਕਟੋਰਿਆਂ ਵਲ ਦੇਖਿਆ ਤੇ ਆਖਿਆ—ਇਕ ਕਟੋਰਾ ਹੋਰ ਹੋਣਾ ਚਾਹੀਦਾ ਹੈ।' ਓਸੇ ਵੇਲੇ ਇਕ ਕਟੋਰਾ ਹੋਰ ਆ ਗਿਆ ਉਸ ਉਤੇ ਹਥ ਰਖਕੇ ਦੋਹਾਂ ਕਟੋਰਿਆਂ ਵਿਚੋਂ ਦੁਧ ਲਿਆ ਤੇ ਤੀਸਰਾ ਕਟੋਰਾ ਭਰਕੇ ਰਖ ਦਿਤਾ। ਇਹ ਦੇਖਕੇ ਭੀਖਣ ਸ਼ਾਹ ਨੇ ਕਿਹਾ—'ਇਸਦਾ ਇਹ ਮਤਲਬ ਹੋਇਆ ਕਿ ਪਹਿਲੇ ਦੋਵੇਂ ਮਤ ਵੀ ਕਾਇਮ ਰਹਿਣਗੇ ਤੇ ਤੀਸਰਾ ਮਤ ਤੁਸੀਂ ਹੋਰ ਚਲਾਓਗੇ ? ਹਛਾ ! ਮੇਰੀ ਇਛਾ ਹੈ ਕਿ ਇਕ ਕਟੋਰਾ ਦੁਧ ਦਾ ਪੀ ਜਾਵੋ।'

ਇਹ ਸੁਣਕੇ ਪ੍ਰਭੂ ਗਟਾ ਗਟ ਦੁਧ ਦਾ ਪਿਆਲਾ ਪੀ ਗਏ। ਇਕ ਭੀਖਣ ਸ਼ਾਹ ਨੂੰ ਦੇ ਦਿਤਾ। ਜਦੋਂ ਉਸ ਨੇ ਦੁਧ ਪੀਤਾ ਤਾਂ ਓਹਦੀ ਆਤਮਾ ਨਿਹਾਲ ਹੋ ਗਈ। ਬਜਰ ਕਪਾਟ ਖੁਲ੍ਹ ਗਏ।ਅਮਰ ਹੋਕੇ ਆਤਮਾ ਪ੍ਰਸੰਨਤਾਨਾਲ ਝੂੰਮਣ ਲਗੀ। ਖਸ਼ੀ ਵਿਚ ਨੱਚ ਉਠੀ ਤੇ ਗੀਤ ਗਾਉਣ ਲਗੀ। ਭੀਖਣ ਸ਼ਾਹ ਦੇ ਚੇਲਿਆਂ ਨੂੰ ਤੀਸਰਾ ਦੁਧ ਕਟੋਰਾ ਦੇ ਦਿਤਾ। ਉਨ੍ਹਾਂ ਨੇ ਪੀਤਾ ਤਾਂ ਉਹ ਵੀ ਦਵੈਖ ਨੂੰ ਭੁਲ ਗਏ। ਸਾਰੇ ਮਨੁਖ ਉਨ੍ਹਾਂ ਨੂੰ ਭਾਈ ਭਾਈ ਦਿਸਣ ਲਗੇ। ਉਹ ਵੀ ਬਾਲ ਸਤਿਗੁਰੂ ਜੀ ਦੇ ਚਰਨੀ ਲਗਕੇਨਿਹਾਲ ਹੋਏ। ਭੀਖਣਸ਼ਾਹ ਦਾ ਸਦਾ ਵਾਸਤੇ ਸਤਿਗੁਰੂ ਜੀ ਦਾ ਮੁਰੀਦ ਬਣ ਗਿਆ।ਸੇਵਾ ਕਰਨ ਦੀ ਲਗਨ ਲਗਗਈ।

੧੪.—ਸਿਖ ਸੰਗਤ ਦਾ ਲਖਨੌਰ ਵਿਚ ਸਾਹਿਬਜ਼ਾਦੇ ਜੀ ਦੇ ਦਰਸ਼ਨ ਕਰਨ ਆਉਣਾ

ਜਿਵੇਂ ਚੜ੍ਹਿਆ ਹੋਇਆ ਸੂਰਜ ਕਿਸੇ ਤਰ੍ਹਾਂ ਕਜਿਆ ਨਹੀਂ ਜਾਂਦਾ ਤਿਵੇਂ ਸਾਹਿਬਜ਼ਾਦੇ ਦਾ ਪੰਜਾਬ ਆਉਣਾ ਗੁਪਤ ਨਾ ਰਹਿ ਸਕਿਆ। ਗੁਰੂ ਘਰ ਦੇ ਪਰੇਮੀਆਂ ਸਿਖਾਂ ਤੇ ਸ਼ਰਧਾਲੂਆਂ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਲਖਨੌਰ ਪਹੁੰਚ ਗਏ ਹਨ। ਜਿਸ ਵੀ ਸੁਣਿਆ ਓਹ ਹੀ ਦਰਸ਼ਨ ਕਰਨ ਵਾਸਤੇ ਲਖਨੌਰ ਨੂੰ ਤੁਰ ਪਿਆ। ਥੋੜੇ ਦਿਨਾਂ ਵਿਚ ਹੀ ਲਖਨੌਰ ਵਿਚ ਬਾਹਰੋਂ ਆਈ ਸੰਗਤ ਦੀ ਭੀੜ ਰਹਿਣ ਲਗੀ। ਬਚਪਨ ਵਿਚ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਦਾ ਚੇਹਰਾ ਬਹੁਤ ਸੁੰਦਰ ਸੀ। ਚੇਹਰੇ ਦੇ ਨਕਸ਼ੇ ਤਿਖੇ ਸਨ। ਮੋਟੇ ਨੈਣ ਤਾਂ ਹਰ ਇਕ ਨੂੰ ਮੋਹ ਲੈਂਦੇ ਸਨ। ਉਨ੍ਹਾਂ ਦੇ ਦਰਸ਼ਨ ਕਰ ਕਰਕੇ ਸੰਗਤ ਨਿਹਾਲ ਹੁੰਦੀ ਜਾਦੀ ਤੇ ਕਈ ਵਰ ਪ੍ਰਾਪਤ ਕਰਦੇ ਅਤੇ ਕਈ ਸੇਵਾ ਕਰਕੇ ਆਪਣਾ ਜਨਮ ਤੇ ਹਥ ਪੈਰ ਸਫਲ ਕਰਦੇ ਰਹੇ।

ਏਥੇ ਹੀ ਸਤਿਗੁਰੂ ਜੀ ਨੇ ਮਾਮੇ ਕ੍ਰਿਪਾਲ ਚੰਦ ਜੀ ਦੀ ਸਹਾਇਤਾ ਨਾਲ ਘੋੜੇ ਉਤੇ ਸਵਾਰੀ ਕਰਨੀ ਸਿਖੀ। ਘੋੜੇ ਦੀ ਕਾਠੀ ਉਤੇ ਬੈਠਕੇ ਤੇ ਲਗਾਮ ਦੀਆਂ ਵਾਗਾਂ ਫੜਕੇ ਸਿਆਣਿਆਂ ਵਾਂਗ ਘੋੜੇ ਨੂੰ ਨਸਾਉਂਦੇ। ਉਹ ਕਦੀ ਨਾ ਡਰਦੇ, ਦੋ ਦੋ ਕੋਹ ਤਕ ਘੋੜੇ ਨੂੰ ਨਸਾਈ ਜਾਂਦੇ, ਨਾਲ ਨਾਲ ਜਾਂਦੇ ਹੋਏ ਸੇਵਾਦਾਰ ਉਨ੍ਹਾਂ ਨੂੰ ਬਹੁਤ ਰੋਕਦੇ ਪਰ ਸਾਹਿਬ ਨਾ ਰੁਕਦੇ।

ਸੰਗਤਾਂ ਨੂੰ ਤਾਰਦਿਆਂ, ਹਾਣੀਆਂ ਨਾਲ ਖੇਡਦਿਆਂ ਤੇ ਸ਼ਿਕਾਰ ਖੇਡਣ ਦੀ ਜਾਚ ਸਿਖਦਿਆਂ ਹੋਇਆਂ ਸਾਹਿਬਾਂ ਨੇ ਲਖਨੌਰ ਵਿਚ ਚੰਗੇ ਦਿਨ ਕਟੇ। ਸਾਰਿਆਂ ਨਾਲ ਹਿਲ ਮਿਲ ਕੇ ਪਿਆਰ ਪਾ ਲਿਆ ਦੋਖੇ ਦਿਨ ਕੱਟਣ ਤੇ ਵੀ ਇਉਂ ਪ੍ਰਤੀਤ ਹੋਇਆ ਜਿਵੇਂ ਹੁਣੇ ਹੀ ਆਏ ਹਨ ਤੇ ਕਲ ਪਰਸੋਂ ਨੂੰ ਅਗੇ ਤੁਰ ਜਾਣਾ ਹੈ। ਇਕ ਦਿਨ ਉਹ ਸ਼ੁਭ ਘੜੀ ਵੀ ਆ ਪੁਜੀ ਜਦੋਂ ਸ੍ਰੀ ਅਨੰਦਪੁਰ ਤੋਂ ਸਤਿਗੁਰੂ ਤੇਗਬਹਾਦਰ ਜੀਦਾ ਨਵਾਂ ਸੰਦੇਸ਼ਮਿਲਿਆ ਕਿਛੇਤੀਤੋਂ ਛੇਤੀ ਸਾਰੇ ਅਨੰਦਪੁਰ ਪਹੁੰਚ ਜਾਣ। ਸੰਦੇਸ਼ ਮਿਲਦੇ ਸਾਰ ਤੁਰਨ ਦੀ ਤਿਆਰੀ ਕਰ ਦਿਤੀ।

੧੫. ਗੁਰੂ ਜੀ ਦਾ ਅਨੰਦਪੁਰ ਪੁਜਣਾ

ਲਖਨੌਰ ਤੋਂ ਸਾਹਿਬਜ਼ਾਦੇ ਦੇ ਤੁਰਨ ਵੇਲੇ ਉਥੋਂ ਦੀ ਸੰਗਤ ਬਹੁਤ ਵਿਆਕੁਲ ਹੋਈ। ਸਭ ਨੇ ਮਾਤਾ ਨਾਨਕੀ ਜੀ ਤੇ ਕ੍ਰਿਪਾਲ ਚੰਦ ਜੀ ਅਗੇ ਬੇਨਤੀਆਂ ਕੀਤੀਆ ਕਿ ਕੁਝ ਦਿਨ ਹੋਰ ਰਿਹਾ ਜਾਵੇ। ਮਾਤਾ ਜੀ ਨੇ ਸਭ ਨੂੰ ਧੀਰਜ ਦਿਤੀ, ਉਪਦੇਸ਼ ਦੇ ਕੇ ਕਿਹਾ, 'ਅਸੀਂ ਤੁਸਾਂ ਦੇ ਨੇੜੇ ਹੀ ਤਾਂ ਹਾਂ ਫਿਰ ਦਰਸ਼ਨ ਹੋ ਜਾਇਆ ਕਰਣਗੇ। ਅਨੰਦਪੁਰ ਕੋਈ ਦੂਰ ਨਹੀਂ ਸਾਹਿਬਜ਼ਾਦੇ ਦਾ ਅਨੰਦਪੁਰ ਜਾਣਾ ਬਹੁਤ ਜ਼ਰੂਰੀ ਹੈ। ਇਸਤਰਾਂ ਉਪਦੇਸ਼ ਤੇ ਹੌਂਸਲਾ ਦੇਕੇ ਮਾਤਾ ਜੀ ਨੇ ਸਾਰਿਆਂ ਨੂੰ ਸ਼ਾਂਤ ਕੀਤਾ। ਰਾਮਨਾ ਨਾਲ ਹੀ ਤੁਰ ਪਿਆ ਉਸਨੇ

Sri Satguru Jagjit Singh Ji eLibrary NamdhariElibrary@gmail.com

ਕਿਹਾ—'ਮੈਂ ਤਾਂ ਅਨੰਦਪੁਰ ਹੀ ਜਾਵਾਂਗਾ ਤੇ ਓਥੇ ਹੀ ਰਹਾਂਗਾ ਮੈਂ ਇਨ੍ਹਾਂ (ਸਤਿਗੁਰੂ ਜੀ) ਨਾਲੋਂ ਨਹੀਂ ਵਿਛੜਨਾ।' ਉਸਦੀ ਮਾਤਾ ਨੇ ਉਸਨੂੰ ਬਹੁਤ ਆਖਿਆ ਪਰ ਉਹ ਨਾ ਰੁਕਿਆ ਆਖਰ ਉਹ ਸਤਿਗੁਰੂ ਜੀ ਦੇ ਨਾਲ ਹੀ ਤੁਰ ਪਿਆ।

ਲਖਨੌਰ ਤੋਂ ਤੁਰਕੇ ਰਾਣੇ ਮਾਜਰੇ ਜਾ ਰਹੇ, ਏਥੇ ਵੀ ਸਿਖ ਸੰਗਤਾਂ ਨੇ ਬਹੁਤ ਉਤਸ਼ਾਹ ਪ੍ਰਗਟ ਕੀਤਾ, ਰਜਕੇ ਦਰਸ਼ਨ ਕੀਤੇ ਤੇ ਸੇਵਾ ਕੀਤੀ। ਕਈਆਂ ਰੋਗੀਆਂ ਦੇ ਰੋਗ ਦੂਰ ਹੋਏ, ਕਈਆਂ ਨੇ ਵਰ ਪ੍ਰਾਪਤਕੀਤੇ। ਓਥੋਂ ਤੁਰਕੇ ਮੰਜ਼ਲੇ ਮੰਜ਼ਲੀ ਡੇਰਾ ਰੋਪੜ ਆ ਪੁਜਾ। ਰੋਪੜ ਤੋਂ ਕੀਰਤਪੁਰ. ਕੀਰਤਪੁਰ ਬਹੁਤ ਰੌਣਕ ਸੀ। ਅਨੰਦਪੁਰ ਤੋਂ ਬਹੁਤ ਸਾਰੇ ਮਸੰਦ ਤੇ ਸਿਖ ਪੁਜੇ ਹੋਏ ਸਨ ਸਾਰਿਆਂ ਨੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਜੀ ਦੇ ਦਰਸ਼ਨ ਕੀਤੇ। ਸਾਰੀ ਸੰਗਤ ਨੇ ਸਾਹਿਬਜ਼ਾਦੇ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ, ਸਾਹਿਬਾਂ ਦੇ ਦਰਸ਼ਨ ਕਰਕੇ ਸਾਰੇ ਪ੍ਰਸੰਨ ਹੋਏ। ਸਾਰਿਆਂ ਨੇ ਕਾਰ ਭੇਟਾ ਚੜ੍ਹਾਈ ਨਜ਼ਰਾਨੇ ਦਿਤੇ ਅਤੇ ਨਿਹਾਲ ਹੋਏ ਦੋ ਦਿਨ ਕੀਰਤਪੁਰ ਹੀ ਉਤਸ਼ਾਹ ਪੁਰਬ ਮਨਾਇਆ ਜਾਂਦਾ ਰਿਹਾ। ਤੀਸਰੇ ਦਿਨ ਕੀਰਤਪੁਰ ਤੋਂ ਸਾਰਿਆਂ ਨੇ ਅਨੰਦਪੁਰ ਵਲ ਤਿਆਰੇ ਕੀਤੇ।

ਸਾਹਿਬਜਾਦੇ ਜੀ ਨੂੰ ਘੋੜੇ ਉਤੇ ਚੜ੍ਹਾਇਆ ਗਿਆ ਉਨ੍ਹਾਂ ਦੇ ਗਲ ਵਿਚ ਫੁਲਾਂ ਦੇ ਹਾਰ ਤੇ ਸਿਰ ਪੁਰ ਛਤਰ ਕੀਤਾ, ਨਾਲ ਨਾਲ ਸੇਵਾਦਾਰ ਸਨ। ਮਾਤਾ ਗੂਜਰੀ ਜੀ ਤੇ ਮਾਤਾ ਨਾਨਕੀ ਜੀ ਰਥਾਂ ਵਿਚ ਬਿਰਾਜਮਾਨ ਸਨ ਤੇ ਉਨ੍ਹਾਂ ਦੇ ਪਿਛੇ ਪੈਦਲ ਸੰਗਤ ਸੀ। ਸਾਰੀ ਸੰਗਤ ਗੁਰਬਾਣੀ ਦੇ ਸ਼ਬਦਾਂ ਨੂੰ ਬੜੇ ਪਰੇਮ ਨਾਲ ਪੜ੍ਹਦੀ ਜਾਣ ਲਗੀ। ਜੋ ਸਬਦ ਨਹੀਂ ਸਨ ਪੜਦੇ ਉਹ ਸਤਿਨਾਮੁ ਵਾਹਿਗੁਰੂ ਦਾ ਜਾਪ ਜਪੀ ਜਾਂਦੇ ਸਨ। ਅਗੇ ਅਗੇ ਢੋਲ, ਵਾਜੇ, ਭੇਰੀਆਂਆਦਿਕ ਸਨ। ਪਾਤਸ਼ਾਹੀ ਜਲੂਸ ਦੀ ਤਰਾਂ ਸਾਹਿਬਜਾਦੇ ਦਾ ਅਨੰਦਪੁਰ ਪ੍ਰਵੇਸ਼ ਕਰਨ ਦੀ ਖੁਸ਼ੀ ਦਾ ਜਲੂਸ ਸੀ, ਹਵਾ, ਪੰਛੀ, ਪਸ਼ੂ ਤੇ ਨਰ ਨਾਰੀ ਦਿਲੋਂ ਪ੍ਰਸੰਨਤਾ ਕਰ ਰਹੇ ਸਨ। ਸ਼ਰਧਾ ਤੇ ਭਗਤੀ ਨਾਲ ਸਾਰਿਆਂ ਦੇ ਮਨ ਫੁਲੇ ਨਹੀਂ ਸਨ ਸਮਾਉਂਦੇਜਿਉਂ ਜਿਉਂ ਜਲੂਸ ਅਗੇ ਅਗੇ ਤੁਰਿਆ ਗਿਆ ਤਿਉਂ ਤਿਉਂ ਸੰਗਤ ਦੀ ਭੀੜ ਵਧਦੀ ਗਈ। ਅਨੰਦਪੁਰ ਲਾਗੇ ਜਾ ਕੇ ਤਾਂ ਭੀੜ ਵਿਚ ਐਨਾ ਵਾਧਾ

Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਤਿਲ ਸੁਟਿਆਂ ਭੁੰ ਤੇ ਨਹੀਂ ਸੀ ਪੈਂਦਾ। ਸਾਰੇ ਅਗੇ ਵਧ ਵਧ ਕੇ ਸਾਹਿਬਜ਼ਾਦੇ ਦੇ ਦਰਸ਼ਨ ਕਰਦੇ ਤੇ ਕਾਰ ਭੇਟਾਂ ਚੜ੍ਹਾਉਂਦੇ ਸਨ।

ਜਿਸ ਸਮੇਂ ਜਲੂਸ ਸ਼ਹਿਰ ਦੇ ਅੰਦਰ ਗਿਆ ਤਾਂ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਆਪ ਆਕੇ ਮਿਲੇ। ਜਿਉਂ ਹੀ ਸਤਿਗੁਰੂ ਜੀ ਸਾਹਿਬਜ਼ਾਦੇ ਦੇ ਨੇੜੇ ਹੋਏ ਤੇ ਮਾਮੇ ਕ੍ਰਿਪਾਲ ਚੰਦ ਨੇ ਸਾਹਿਬਜ਼ਾਦੇ ਜੀ ਨੂੰ ਦਸ ਦਿਤਾ ਕਿ ਉਨ੍ਹਾਂ ਦੇ ਪਿਤਾ ਜੀ ਆਏ ਹਨ ਤਾਂ ਸਾਹਿਬਜ਼ਾਦਾ ਜੀ ਘੋੜੇ ਤੋਂ ਉਛਲਕੇ ਆਪਣੇ ਪਿਤਾ ਸਤਿਗੁਰੂ ਤੇਗ ਬਹਾਦਰ ਜੀ ਦੇ ਗਲ ਚੰਬੜ ਗਏ। ਵੈਰਾਗ ਨਾਲ ਮਿਲੇ, ਖੁਸ਼ੀ ਨਾਲ ਅੱਖਾਂ ਵਿਚੋਂ ਹੰਝੂ ਡਿਗ ਪਏ। ਚੰਗੇ ਪਿਉ ਪੁਤ੍ਰ ਦੇ ਮਿਲਾਪ ਨੂੰ ਦੇਖਕੇ ਦੇਵਤੇ ਵੀ ਪ੍ਰਸੰਨ ਹੋਏ। ੨੧ ਮਾਘ ਸੰਮਤ ੧੭੨੯ ਬਿ: ਨੂੰ ਸਾਹਿਬਜ਼ਾਦਾ ਗੋਬਿੰਦਰਾਇ ਜੀ ਆਪਣੇ ਵਤਨ ਅਨੰਦ ਪੁਰ ਵਿਚ ਪੁਜੇ। ਅਨੰਦ ਪੁਰ ਦੀ ਅਨੰਦ ਮਈ ਸਾਰੀ ਧਰਤੀ ਬਾਗ ਬਾਗ ਹੋ ਗਈ। ਸਤਿਗੁਰੂ ਜੀ ਵਲੋਂ ਗਰੀਬਾਂ ਨੂੰ ਦਾਨ ਦਿਤੇ ਗਏ। ਗੁਰੂ ਕਾ ਲੰਗਰ ਅਤੁਟ ਵਰਤਾਉਣ ਦਾ ਹੁਕਮ ਦਿਤਾ, ਜੋ ਜੀਵ ਆਵੇ ਸੋ ਰਾਜੀ ਜਾਵੇ।

ਸਾਹਿਬਜ਼ਾਦੇ ਦੇ ਅਨੰਦ ਪੁਰ ਪੁਜਣ ਦੀ ਖਬਰ ਅਗਲੇ ਦਿਨ ਹੀ ਅਨੰਦ ਪੁਰ ਦੇ ਚੌਗਿਰਦੇ ਹਵਾ ਵਾਂਗ ਫਿਰ ਗਈ। ਖਬਰ ਸੁਣਦ ਸਾਰ ਸੰਗਤ ਦਰਸ਼ਨ ਵਾਸਤੇ ਵਹੀਰਾਂ ਘਤ ਆਈ। ਜਿਹੜਾ ਸਿਖ ਦਰਸ਼ਨ ਕਰਕੇ ਜਾਂਦਾ ਓਹੋ ਹੀ ਦਸਾਂ ਸਿਖਾਂ ਹੋਰਨਾਂ ਨੂੰ ਦਸਦਾ ਕਿ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਅਨੰਦ ਪੁਰ ਪਹੁੰਚ ਗਏ ਹਨ। ਉਨ੍ਹਾਂ ਦੇ ਦਰਸ਼ਨ ਕੀਤਿਆਂ ਭੁਖ ਲੱਥਦੀ ਹੈ। ਬਸ ਸੁਣਨ ਵਾਲਾ ਓਸੇ ਵੇਲੇ ਘਰ ਜਾਂਦਾ ਤੇ ਪਰਵਾਰ ਨੂੰ ਸਾਥ ਲੈਕੇ ਸ੍ਰੀ ਅਨੰਦਪੁਰ ਦੇ ਰਾਹ ਤੁਰ ਪੈਂਦਾ।

ਪੰਜਾਬ ਦੇ ਪੱਛਮ ਉਤਰ ਦੇ ਦੱਖਣ ਵਲ ਖਬਰਾਂ ਪਹੁੰਚ ਗਈਆਂ, ਜਾਂ ਪੁਜੀਆਂ ਖਬਰਾਂ ਕਾਬਲ ਤੇ ਕੰਧਾਰ, ਬਸ ਫੇਰ ਕੀ ਸੀ ਵਡੇ ਵਡੇ ਬਸਤ੍ਰਾਂ ਸ਼ਸਤ੍ਰਾਂ ਘੋੜਿਆਂ ਅਤੇ ਰੁਪਿਆਂ ਦੀ ਕਾਰ ਭੇਟਾ ਨਾਲ ਸਾਰੇ ਖਜਾਨੇ ਭਰਪੂਰ ਹੋਣ ਲਗੇ। ਅਨੰਦਪੁਰ ਦੀਆਂ ਰੌਣਕਾਂ ਵਿਚ ਕਈ ਗੁਣਾ ਬਹੁਤ ਵਾਧਾ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

੧੬. ਵਿਦਿਆ ਤੇ ਵਿਆਹ

ਮਾਂ ਬਾਪ ਦਾ ਪਹਿਲਾ ਫਰਜ਼ ਹੈ ਕਿ ਓਹ ਆਪਣੀ ਉਲਾਦ ਨੂੰ ਪਾਲਣ ਦੇ ਨਾਲ ਨਾਲ ਲਿਖਾਉਂਦੇ ਪੜ੍ਹਾਉਂਦੇ ਤੇ ਚੱਜ ਅਚਾਰ ਵੀ ਸਿਖਾਉਂਦੇ ਹਨ ਤਾਂਕਿ ਉਨਾਂ ਦੀ ਉਲਾਦ ਜੀਵਨ ਸੰਗ੍ਰਾਮ ਵਿਚ ਹਿਸਾ ਲੈ ਸਕੇ। ਸਾਹਿਬਜ਼ਾਦੇ ਦੀ ਆਯੂ ਤਕਰੀਬਨ ਸਤ ਸਾਲ ਦੀ ਹੋ ਗਈ ਸੀ। ਉਨ੍ਹਾਂ ਦੀ ਇਹ ਸਤ ਸਾਲਾ ਆਯੂ ਲਿਖਣ ਪੜ੍ਹਨ ਤੇ ਘੋੜ ਸਵਾਰੀ ਕਰਨ ਦੇ ਯੋਗ ਸੀ। ਇਨ੍ਹਾਂ ਕੰਮਾਂ ਵਲ ਸਤਿਗੁਰੂ ਤੇਗ ਬਹਾਦਰ ਜੀ ਨੇ ਧਿਆਨ ਦਿਤਾ। ਸਿਆਣੇ ਸਿਖਾਂ ਤੇ ਮੁਖੀ ਮਸੰਦਾਂ ਨਾਲ ਸਲਾਹ ਕਰਕੇ ਸਾਹਿਬਜ਼ਾਦੇ ਜੀ ਨੂੰ ਪੜ੍ਹਾਉਣ ਦਾ ਪ੍ਰਬੰਧ ਕੀਤਾ।

ਜਿਸ ਵੇਲੇ ਸਾਹਿਬਜ਼ਾਦਾ ਜੀ ਲਖਨੌਰ ਸਨ, ਗੁਰਮੁਖੀ ਦੀ ਪੜ੍ਹਾਈ ਉਸ ਵੇਲੇ ਹੀ ਅਰੰਭ ਕਰ ਦਿਤੀ ਸੀ ਮੁਨਸ਼ੀ ਸਾਹਿਬ ਚੰਦ ਪੜ੍ਹਾਉਣ ਲਗੇ ਸਨ। ਇਕ ਮਹੀਨੇ ਵਿਚ ਸਾਹਿਬਜਾਦਾ ਜੀ ਨੇ ਗੁਰਮੁਖੀ ਅੱਖਰਾਂ ਤੇ ਮਾਤਰਾਂ ਦੀ ਪਛਾਣ ਕਰਨ ਦੇ ਸਾਥ ਉਨ੍ਹਾਂ ਦੇ ਸ਼ੁਧ ਉਚਾਰਨ ਵੀ ਲਿਖ ਲਏ ਸਨ। ਜੋੜ ਕਰਕੇ ਕਈਆਂ ਸ਼ਬਦਾਂ ਨੂੰ ਉਠਾਉਣ ਲਗ ਪਏ ਸਨ। ਮੁਨਸ਼ੀ ਜੀ ਮੇਹਨਤ ਕਰਾਉਂਦੇ ਰਹੇ। ਉਸ ਸਮੇਂ ਦੇ ਰਵਾਜ ਅਨੁਸਾਰ ਗੁਰਮੁਖੀ ਅੱਖਰਾਂ ਤੇ ਮਾਤ੍ਰਾਂ ਦੀ ਪਛਾਣ ਕਰਾਉਣ ਪਿਛੋਂ ਗੁਰਬਾਣੀ ਦੀਆਂ ਪੋਥੀਆਂ ਪੜ੍ਹਾਈਆਂ ਜਾਂਦੀਆਂ ਸਨ ਕਿਉਂਕਿ ਹੋਰ ਕੋਈ ਪੁਸਤਕ ਹੁੰਦੀ ਹੀ ਨਹੀਂ ਸੀ। ਉਸਦੇ ਪਿਛੋਂ ਹੋਰ ਸ਼ਬਦਾਂ ਦੀਆਂ ਪੋਥੀਆਂ। ਗੁਰਮੁਖੀ ਵਿਚ ਲਿਖਣ ਦਾ ਵੀ ਰਵਾਜ ਪੈ ਚੁਕਾ ਸੀ।

ਉਸ ਵੇਲੇ ਦੇਸ਼ ਦੀਆਂ ਰਾਜਸੀ ਤੇ ਧਾਰਮਿਕ ਬੋਲੀਆਂ ਫਾਰਸੀ ਤੇ ਸੰਸਕ੍ਰਿਤ ਸਨ। ਰਾਜ ਦਾ ਸਾਰਾ ਕੰਮ ਫਾਰਸੀ ਵਿਚ ਹੁੰਦਾ ਸੀ ਤੇ ਧਰਮ ਸੰਸਕ੍ਰਿਤ ਵਿਚ। ਭਾਸ਼ਾ (ਹਿੰਦੀ) ਤੇ ਪੰਜਾਬੀ ਨੂੰ ਗੁਵਾਰ ਬੋਲੀ ਸਮਝਿਆ ਜਾਂਦਾ ਸੀ। ਭਾਵੇਂ ਕਈਆਂ ਕਵੀਆਂ ਤੇ ਸੂਫ਼ੀ ਫਕੀਰਾਂ, ਭਗਤਾਂ ਨੇ ਪੰਜਾਬੀ ਤੇ ਭਾਸ਼ਾ ਵਿਚ ਉਚੀ ਕਵਿਤਾ (ਬਾਣੀ) ਰਚਕੇ ਲੋਕਾਂ ਦੇ ਭਰਮ ਨੂੰ ਦੂਰ ਕੀਤਾ ਸੀ ਕਿ ਇਹ ਦੋਵੇਂ ਬੋਲੀਆਂ ਗੁਵਾਰ ਬੋਲੀਆਂ ਨਹੀਂ ਸਗੋਂ ਜਨਤਾ ਦੀਆਂ ਹਨ, ਫਿਰ ਵੀ ਸਿਆਣੇ ਸਿਆਣੇ ਵਿਦਵਾਨਾਂ ਨੂੰ ਫਾਰਸੀ ਤੇ ਸੰਸਕ੍ਰਿਤ ਜ਼ਰੂਰ ਪੜਨੀ ਪੈਂਦੀ ਸੀ। ਕਿਉਂਕਿ

Sri Satguru Jagjit Singh Ji eLibrary NamdhariElibrary@gmail.com

ਵਿਆਕਰਣ, ਪਿੰਗਲ, ਕਵਿਤਾ, ਇਤਿਹਾਸ, ਨੀਤੀ ਅਤੇ ਧਰਮ ਦੇ ਸਾਰੇ ਗ੍ਰੰਥ ਦੋਹਾਂ ਜ਼ਬਾਨਾਂ ਵਿਚ ਹੀ ਸਨ।

ਐਸੇ ਵਿਚਾਰ ਕਰਕੇ ਸਤਿਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਵਿਚ ਇਕ ਪਾਠਸ਼ਾਲਾਜਾਰੀ ਕਰਵਾਈਜਿਸ ਵਿਚ ਫਾਰਸੀ.ਹਿੰਦੀ ਤੇ ਸੰਸਕ੍ਰਿਤ ਪੜਾਈ ਜਾਵੇ। ਸਾਹਿਬਜ਼ਾਦੇ ਗੋਬਿੰਦਰਾਇ ਜੀ ਦੇ ਜਿੰਨੇ ਹਾਣੀ ਬਚੇ ਸਨ ਜਿਵੇਂ ਸ਼ਾਮਦਾਸ, ਗੁਲਾਬ ਰਾਇ, ਗੁਰਸਰਨ, ਨੰਦ ਚੰਦ, ਮੰਘਾ ਤੇ ਬੀਬੀ ਵੀਰੋ ਦਾ ਪੁਤ੍ਰ ਮੋਹਰੀ ਚੰਦ, ਸੰਗੋ,ਮਨੀਰਾਮ(ਪਿਛੋਂ ਮਨੀ ਸਿੰਘ ਜੀ ਸ਼ਹੀਦ)ਤਾਰਾ,ਆਲਮ ਅਤੇ ਕੀਰਤੀਆ ਆਦਿਕ ਸਨ। ਇਹ ਪਹਿਲੀ ਜਮਾਤ ਸੀ। ਪਾਤਸ਼ਾਹ ਦੇ ਪਹਿਲੇ ਇਨਚਾਰਜ ਮੁਨਸ਼ੀ ਸਾਹਿਬ ਚੰਦ ਸਨ। ਗੁਰਮੁਖੀ ਤੇ ਧਰਮ ਦੀ ਵਿਦਿਆ ਵਿਚ ਬਹੁਤ ਗਿਆਨੀ ਸਨ। ਉਨ੍ਹਾਂ ਦੇ ਨਾਲ ਫ਼ਾਰਸੀ ਪੜਾਉਣ ਵਾਸਤੇ ਮੁਨਸ਼ੀ ਪੀਰ ਮੁਹੰਮਦ ਨੂੰ ਮੁਕਰਰ ਕੀਤਾ। ਮੁਨਸ਼ੀ ਜੀ ਦੀ ਨੌਕਰੀ ਬਾਰੇ ਭਾਵੇਂ ਕਈਆਂ ਸਿਖਾਂ ਨੇ ਵਿਰੋਧਤਾ ਕੀਤੀ ਕਿ ਨਹੀਂ ਲਾਉਣਾ ਚਾਹੀਦਾ, ਪਰ ਸਤਿਗੁਰੂ ਜੀ ਨੇ ਸਭ ਨੂੰ ਸਮਝਾਇਆ ਕਿ ਕਿਸੇ ਬੋਲੀ ਨੂੰ ਓਹੋ ਸਮਝਾ ਸਕਦਾ ਹੈ ਜੋਹੜਾ ਉਸ ਵਿਚ ਗਿਆਨੀ ਹੋਵੇ।

ਹੋਰ ਵਿਦਿਆਰਥੀਆਂ ਦੇ ਨਾਲ ਬਾਲਾ ਪ੍ਰੀਤਮ (ਸਾਹਿਬਜ਼ਾਦੇ) ਜੀ ਪੜ੍ਹਨ ਵਾਸਤੇ ਪਾਠਸ਼ਾਲਾ ਪੁਜੇ। ਮੁਨਸ਼ੀ ਸਾਹਿਬ ਚੰਦ ਜੀ ਬੜੇ ਪ੍ਰਸੰਨ ਹੋਏ ਜਦੋਂ ਸਾਹਿਬਜਾਦਾ ਸੀ ਸਾਰਿਆਂ ਨਾਲੋਂ ਚੰਗਾ ਪੜ੍ਹਨ ਲਗਪਏ। ਖੇਡਣ ਵੇਲੇ ਖੇਡਦੇ ਤੇ ਪੜ੍ਹਨ ਵੇਲੇ ਪੜ੍ਹਦੇ ਸਨ। ਉਨ੍ਹਾਂ ਦੇ ਗੁਣਾ ਦਾ ਵਰਨਣ ਨਹੀਂ ਹੋ ਸਕਦਾ। ਸਾਲ ਵਿਚ ਭਾਸ਼ਾ, ਗੁਰਮੁਖੀ ਤੇ ਸੰਸਕ੍ਰਿਤ ਪੜ ਗਏ। ਪਹਿਲੇ ਸਾਲ ਹੀ ਸੰਸਕ੍ਰਿਤ ਦਾ ਵਿਆਕਰਣ ਤੇ ਪਿੰਗਲ ਸਮਝਣਲਗ ਪਏ। ਫਾਰਸੀ ਦੀ ਪਹਿਲੀ ਕਿਤਾਬ ਪੜ੍ਹੀ। ਕਿਉਂਕਿ ਸਾਹਿਬ ਜੀਵਨ ਦਾ ਨਿਸ਼ਾਨਾ ਉਚਾ ਲੈ ਕੇ ਆਏ ਸਨ, ਇਸ ਵਾਸਤੇ ਹਰ ਕੰਮ ਨੂੰ ਕਰਨ ਲਗੇ ਪੂਰਾ ਧਿਆਨ ਦੇਂਦੇ।

ਪੜ੍ਹਨ ਲਿਖਣ ਦੇ ਨਾਲ ਸ਼ਾਮ ਨੂੰ ਸਾਹਿਬਜ਼ਾਦਾ ਜੀ ਸ਼ਸਤ੍ਰ ਵਿਦਿਆ ਦਾ ਵੀ ਅਭਿਆਸ ਕਰਦੇ। ਘੋੜੇ ਦੀ ਸਵਾਰੀ ਕਰਦੇ ਅਤੇ ਤਲਵਾਰ ਚਲਾਉਣੀ ਸਿਖਦੇ ਸਨ। ਇਕ ਸਤਿਗੁਰੂ ਜੀ ਦੇ ਸਾਹਿਬਜਾਦੇ ਦੂਸਰਾ ਹਸਮੁਖ ਸੁੰਦਰ ਬਾਲ

Sri Satguru Jagjit Singh Ji eLibrary NamdhariElibrary@gmail.com

ਤੇ ਤੀਸਰੀ ਬਾਲ ਉਮਰ, ਓਹ ਸਭ ਦੇ ਪਿਆਰੇ ਸਨ। ਸੈਂਕੜੇ ਨਰ ਨਾਰੀ ਓਹਨਾਂ ਦੇ ਦਰਸ਼ਨ ਹੀ ਕਰਦੇ ਰਹਿੰਦੇ। ਬਿਹਾਰ ਵਿਚ ਰਹਿਣ ਕਰਕੇ ਬੰਗਲਾ ਬੋਲਣੀ ਸਿਖ ਗਏ ਸਨ ਇਸ ਕਰਕੇ ਬਹੁਤ ਸਿਖ ਲਾਡ ਨਾਲ ਆਪ ਪਾਸੋਂ ਬੰਗਲਾ ਬੋਲੀ ਸੁਣਦੇ ਰਹਿੰਦੇ। ਇਸ ਤਰਾਂ ਕੌਤਕ ਕਰਦਿਆਂ ਤੇ ਵਿਦਿਆ ਪੜਦਿਆ ਹੋਇਆਂ ਵਾਹਵਾ ਸਮਾਂ ਬਤੀਤ ਹੋਣ ਲਗਾ।

੧੭.ਸਾਹਿਬਜ਼ਾਦੇ ਗੋਬਿੰਦ ਰਾਇ ਜੀ ਦੀ ਪਹਿਲੀ ਸ਼ਾਦੀ

ਪ੍ਰਥਮ ਬਿਵਾਹਿ ਸੋ ਸਤਾਰਾਂ ਤੀਸ ਸੰਮਤ ਹੂੰ, ਜੇਠ ਪੰਦਰਵੀਂ, ਨੌਮੀ ਸਾਹਿਬ ਕੇ ਗਾਈ ਹੈ :
ਨੌਮੀ ਪਾਤਸ਼ਾਹੀ ਹੇਤੇ ਜੀਤੋ ਜੀ ਮਹਿਲ ਆਈ, ਭਿੱਖੀਆਂ ਖਤ੍ਰੀਆਂ ਕੇ ਘਰੋਂ, ਏ ਅਲਾਈ ਹੈ।
ਵਾਸੀ ਭੀ ਲਾਹੌਰ ਕੀ ਅਨੰਦਪੁਰ ਕੇ ਨਿਕਟ, ਕਲਪ ਲਾਹੌਰ ਚਿਤ ਫਰੇ ਭਏ ਭਾਈ ਹੈ।
ਜੀਤੋ ਜੀ ਕਾ ਪਿਤਾ ਕਹੇ,ਮੈਲਾ ਹੌਰ ਫੇਰੇ ਦਣ,ਗੁਰੂ ਜੀ ਨੇ ਕਿਹਾ ਲਾਹੌਰ ਇਹੋ ਹੀ ਸੁਹਾਈ ਹੈ।
(ਗੁਰ-ਪਰਨਾਲੀ ਕਵਿ ਗੁਲਾਬ ਸਿੰਘ ਲਿਖਤ)

ਸੰਮਤ ੧੭੩੦ ਬਿ: ਦੀ ਵਿਸਾਖੀ ਦਾ ਮੇਲਾ ਆਇਆ। ਤੀਸਰੀ ਪਾਤਸ਼ਾਹੀ ਤੋਂ ਵਿਸਾਖੀ ਤੇ ਦੀਵਾਲੀ ਦੇ ਮੇਲਿਆ ਉਤੇ ਗੁਰੂ ਘਰ ਵਿਚ ਭਾਰੀ ਇਕੱਠ ਕੀਤੇ ਜਾਂਦੇ ਸਨ। ਇਸ ਮੇਲੇ ਉਤੇ ਬਹੁਤ ਸਾਰੇ ਸਿਖ ਦੂਰੋਂ ਦੂਰੋਂ ਆਏ। ਕਾਬਲ, ਕੰਧਾਰ, ਪਛਮੀ ਤੇ ਪੂਰਬੀ ਪੰਜਾਬ ਤੇ ਹਿੰਦੁਸਤਾਨ ਤੋਂ ਵੀ ਸਿਖ ਆਏ ਸਨ। ਬਹੁਤ ਭਾਰੀ ਮੇਲਾ, ਖੁਲੇ ਸ਼ਬਦ ਕੀਰਤਨ ਤੇ ਦੀਵਾਨ ਲਗੇ।

ਇਸ ਸ਼ੁਭ ਤੇ ਮਹਾਨ ਦਿਹਾੜੇ ਲਾਹੌਰ ਤੋਂ ਇਕ ਹਰਜਸ ਨਾਮ ਦਾ ਖੱਤ੍ਰੀ ਆਇਆ, ਉਸਦੀ ਰੋਤ ਸੁਭਿਖਿਆ ਸੀ ਓਹ ਪਰਵਾਰ ਸਮੇਤ ਸਤਿਗੁਰੂ ਜੀ ਦੇ ਦਰਸ਼ਨ ਕਰਣ ਵਾਸਤੇ ਆਇਆ। ਉਸਦੀ ਕੰਨਿਆਂ ਬੀਬੀ ਜੀਤੋ ਜਵਾਨ ਤੇ ਸੁੰਦਰ ਸੀ। ਉਸਦੇ ਹਥਾਂ ਦੀਆਂ ਉਂਗਲੀਆਂ ਪਤਲੀਆਂ ਲੰਮੀਆਂ ਤੇ ਉਂਗਲੀਆ ਦੇ ਪੋਟੇ ਲੰਮੇ ਸਨ, ਜਿਨ੍ਹਾਂ ਤੋਂ ਪ੍ਰਗਟ ਹੁੰਦਾ ਸੀ ਕਿ ਓਹ ਇਕ ਧਰਮਾਤਮਾ, ਸਤਵੰਤੀ ਤੇ ਪਿਆਰ ਭਰੇ ਦਿਲ ਵਾਲੀ ਸੀ।

ਉਹ ਵੇਲੇ ਰਵਾਜ ਹੁੰਦਾ ਸੀ ਕਿ ਰਾਜਿਆਂ, ਸਰਦਾਰਾਂ ਤੇ ਸਤਿਗੁਰੂ ਆਦਿਕਾਂ ਦੇ ਲੜਕੇ ਲੜਕੀਆਂ ਛੋਟੀ ਉਮਰ ਵਿਚ ਹੀ ਵਿਆਹੇ ਜਾਂਦੇ ਸਨ। ਗੁਰੂ ਘਰ ਵਿਚ ਰਵਾਜ ਸੀ ਕਿ ਮਲੋਮਲੀ ਧੀਆਂ ਦੇ ਰਿਸ਼ਤੇ ਸਾਹਿਬਜਾਦਿਆਂ

Sri Satguru Jagjit Singh Ji eLibrary NamdhariElibrary@gmail.com

ਦੇਂਦੇ ਸਨ। ਭਰੇ ਦੀਵਾਨ ਵਿਚ ਭਾਈ ਹਰਜਸ ਨੇ ਵੀ ਦੋਵੇਂ ਹਥ ਜੋੜਕੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਉਹ ਆਪਣੀ ਕੰਨਿਆ ਜੀਤੋ ਜੀ ਦੀ ਕੁੜਮਾਈ ਸਾਹਿਬਜਾਦੇ ਗੋਬਿੰਦਰਾਇ ਜੀ ਨਾਲ ਕਰਨ ਦਾ ਪ੍ਰਣ ਕਰ ਚੁਕੇ ਹਨ, ਇਹ ਵੀ ਉਨ੍ਹਾਂ ਪ੍ਰਣ ਕੀਤਾ ਹੋਇਆ ਹੈ ਕਿ ਕੁੜਮਾਈ ਦੇ ਪਿਛੋਂ ਵਿਆਹ ਲਾਹੌਰ ਸ਼ਹਿਰ ਵਿਚ ਹੋਵੇ। ਜੰਞ ਜਾਵੇ ਸਾਰੀਆਂ ਰੀਤਾ ਸ਼ਾਨ ਨਾਲ ਕੀਤੀਆਂ ਜਾਣ। ਉਹ ਆਪਣੀ ਕੰਨਿਆ ਦੀ ਸ਼ਾਦੀ ਬੜੇ ਸਤਿਕਾਰ ਤੇ ਜਸ ਨਾਲ ਕਰਨਾ ਚਾਹੁੰਦਾ ਹੈ।

ਸਤਿਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ ਸ਼ਗਨ ਲਾਇਆ ਗਿਆ ਤੇ ਵਿਆਹ ਦਾ ਦਿਹਾੜਾ ੧੦ ਜੇਠ ਸੰਮਤ ੧੭੩੦ ਬਿ: ਦਾ ਮੁਕੱਰਰ ਹੋਇਆ। ਲਾਹੌਰ ਬਰਾਤ ਜਾਣ ਵਾਲੀ ਸ਼ਰਤ ਬਾਰੇ ਸਾਹਿਬਾਂ ਨੇ ਕਿਹਾ—'ਲਹੌਰ ਜਾ ਕੇ ਸ਼ਾਦੀ ਹੋਣੀ ਔਖੀ ਹੈ।ਏਥੇ ਹੀ ਤਿੰਨ ਕੋਹ ਦੂਰ ਨਵਾਂ ਲਾਹੌਰ ਵਸਾਕੇ ਤੁਸਾਂ ਦਾ ਪ੍ਰਣ ਪੂਰਾ ਕੀਤਾ ਜਾਵੇਗਾ। ਲਾਵਾਂ ਅਨੰਦਪੁਰ (ਮਾਖੋਵਾਲ) ਕੀਤੀਆਂ ਜਾਣਗੀਆਂ।' ਇਹ ਬਚਨ ਸੁਣਕੇ ਭਾਈ ਹਰਜਸ ਬਹੁਤ ਪ੍ਰਸੰਨ ਹੋਇਆ। ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ।

ਅਨੰਦਪੁਰ ਦੀ ਉਤ੍ਰੀ ਦਿਸ਼ਾ ਵਲ ਤਿੰਨ ਕੋਹ ਦੀ ਵਾਟ ਉਤੇ ਇਕ ਸੁੰਦ੍ ਅਸਥਾਨ 'ਗੁਰੂ ਕਾ ਲਾਹੌਰ ਹੈ।' ਇਹ ਅਸਥਾਨ ਨੈਣਾਂ ਦੇਵੀ ਦੇ ਪਰਬਤ ਅਤੇ ਰਿਆਸਤ ਕਹਿਲੂਰ ਦੇ ਸਰਹੱਦੀ ਪਰਬਤ ਦੇ ਹੇਠਾਂ ਨੀਵੇਂ ਥਾਂ ਹੈ। ਨਿਰਮਲ ਜਲ ਦੇ ਅਮਰ ਝਰਨੇ ਹਨ। ਉਚੀ ਥਾਂ ਤੇ ਗੁਰਦੁਵਾਰਾ ਹੈ ਜਿਥੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਦਾ ਰਹਿੰਦਾ ਹੈ। ਲਾਗੇ ਮਾਸੂਮ ਤੇ ਨਿਰਵੈਰ ਆਤਮਾਵਾਂ ਵਾਲੇ ਪਹਾੜੀ ਪੰਛੂਆਂ ਦੀ ਵਸੋਂ ਹੈ। ਚਾਰ ਚੌਫੇਰੇ ਹਰਿਆਵਲ ਹੈ,ਉਤਰ ਤੇ ਪੂਰਬ ਦਿਸ਼ਾ ਵਲ ਉਚੇ ਪਰਬਤ ਦੀ ਕੁਖ ਵਿਚ ਚੀਲ ਤੇ ਦੇਵਦਾਰ ਦੇ ਹਰੇ ਭਰੇ ਬ੍ਰਿਛ ਹਨ। ਏਸੇ ਅਸਥਾਨ ਉਤੇ ੧੫ ਜੇਠ ਸੰਮਤ ੧੭੩੦ ਬਿ: ਨੂੰ ਸ਼ਾਹਿਬਜ਼ਾਦੇ ਗੋਬਿੰਦਰਾਇ ਜੀ ਤੇ (ਮਾਤਾ) ਜੀਤੋ ਜੀ ਦਾ ਅਨੰਦ ਕਾਰਜ ਹੋਇਆ। ਅਨੰਦਪੁਰ ਤੋਂ ਜੰਞ ਗਈ ਸਾਰੀਆਂ ਗ੍ਰਿਸਤੀ ਸਮਾਜ ਵਾਲੀਆਂ ਕਰਕੇ ਭਾਈ ਹਰਜਸ ਦੇ ਕੀਤੇ ਪ੍ਰਣ ਨੂੰ ਪੂਰਿਆਂ ਕੀਤਾ। ਅਗਲੇ ਦਿਨ ਡੋਲੀ ਅਨੰਦਪੁਰ ਆਈ। ਮਾਤਾ ਗੂਜਰੀਜੀਤੇ ਮਾਤਾ ਨਾਨਕੀ ਜੀਨੇ ਪ੍ਰਸੰਨ ਚਿਤ ਸ਼ਗਨ

Sri Satguru Jagjit Singh Ji eLibrary NamdhariElibrary@gmail.com

ਸਾਰਥ ਕੀਤੇ। ਇਸ ਸਮੇਂ ਸਾਹਿਬਜ਼ਾਦੇ ਦੀ ਆਯੂ ਕੇਈ ਸੱਤ ਕੁ ਸਾਲ ਦੀ ਸੀ।

੧੮. ਗੁਰਗੱਦੀ ਉਤੇ ਬੈਠਣਾ

ਜਿਵੇਂ ਪਿਛਲੇ ਹਿਸੇ ਵਿਚ ਦਸਿਆ ਗਿਆ ਹੈ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਔਰੰਗਜ਼ੇਬ ਦੇ ਜ਼ੁਲਮ ਕਾਰਨ ਸ਼ਹੀਦ ਹੋ ਗਏ ਸਨ। ਉਨ੍ਹਾਂ ਦਾ ਸੀਸ ਭਾਈ ਜੀਉਣ ਨੇ ਅਨੰਦਪੁਰ ਲੈ ਆਂਦਾ ਸੀ। ਸੀਸ ਦੇ ਦਰਸ਼ਨ ਕਰਕੇ ਸਾਰੇ ਵੈਰਾਗਵਾਨ ਹੋਏ ਸਨ। ਜਗਤ ਨੂੰ ਥਿਰ ਮੰਨਣ ਵਾਲੇ ਅਗਿਆਨੀ ਪੁਰਖਾਂ ਨੇ ਤਾਂ ਰੋ ਰੋ ਧਾਹੀਂ ਮਾਰੀਆਂ ਤੇ ਸਤਿਗੁਰੂ ਜੀ ਨੂੰ ਯਾਦ ਕੀਤਾ, ਪਰ ਮਾਮਾ ਕ੍ਰਿਪਾਲ ਚੰਦ ਜੀ ਸਾਹਿਜਾਦੇ ਗੋਬਿੰਦਰਾਏ ਜੀ ਤੇ ਹੋਰ ਸਿੱਖਾਂ ਦੇ ਸਮਝਾਉਣ ਤੇ ਉਪਦੇਸ਼ ਕਰਨ ਤੇ ਸਾਰਿਆਂ ਦਾ ਵੈਰਾਗ ਥੰਮਿਆ। ਸੀਸ ਦਾ ਸਸਕਾਰ ਕੀਤਾ ਗਿਆ, ਸਸਕਾਰ ਹੋਣ ਦੇ ਕੁਝ ਦਿਨ ਪਿਛੋਂ ਹੌਲੀ ਹੌਲੀ ਉਦਾਸੀ ਦੂਰ ਹੋ ਗਈ। ਭਾਣੇ ਨੂੰ ਸਬਰ ਤੇ ਸੰਤੋਖ ਨਾਲ ਮੰਨਿਆਂ ਤੇ ਭਵਿਖਤ ਬਾਰੇ ਸੋਚਿਆ। ਕੁਝ ਮਹੀਨੇ ਸੰਗਤ ਦੀ ਆਵਾਜਾਈ ਵਿਚ ਬੀਤ ਗਏ।

ਸੰਮਤ ੧੭੩੦ ਦੀ ਵਿਸਾਖੀ ਦਾ ਦਿਹਾੜਾ ਆ ਗਿਆ। ਵਿਸਾਖੀ ਦੇ ਇਸ ਪੂਰਬ ਉਤੇ ਬਹੁਤ ਸੰਗਤ ਆਈ। ਇਕ ਸਤਿਗੁਰੂ ਜੀ ਦੀ ਸ਼ਹੀਦੀ ਦੇ ਕਾਰਨ ਤੇ ਦੂਸਰਾ ਸਾਹਿਬਜਾਦੇ ਨੇ ਗੁਰਗੱਦੀ ਉਤੇ ਬੈਠਣਾ ਸੀ। ਹੁਕਮਨਾਮੇ ਸਾਰੇ ਭੇਜੇ ਜਾ ਚੁਕੇ ਸਨ। ਦੇਸ਼ ਦੇ ਸਾਰੇ ਮਸੰਦਾਂ ਨੂੰ ਸਦਿਆ ਗਿਆ ਸੀ ਤਾਂਕਿ ਉਹ ਨਵੀਆਂ ਹਦਾਇਤਾਂ ਲੈ ਜਾਣ। ਇਸ ਵਾਸਤੇ ਸਾਰੇ ਦੇਸ ਦੇ ਹਰ ਹਿਸੇ ਵਿਚੋਂ ਮਸੰਦ ਆਏ ਤੇ ਨਾਲ ਸੰਗਤ ਵੀ ਲਿਆਏ। ਸੰਗਤ ਕਾਰ ਭੇਟਾ ਵੀ ਲਿਆਈ ਕਾਰ ਭੇਟਾ ਵਿਚ ਹੋਰ ਪਦਾਰਥਾਂ ਤੋਂ ਬਿਨਾਂ ਘੋੜੇ ਵੀ ਸਨ ਘੋੜੇ ਵੀ ਕਾਬਲ ਤੇ ਕੰਧਾਰ ਦੇ ਵਧੀਆ ਸਨ। ਸਾਹਿਬਜਾਦਾ ਜੀ ਹੁਣ 'ਸਤਿਗੁਰੂ' ਬਣ ਗਏ ਸਿੰਘਾਸਣ ਉਤੇ ਬੈਠਕੇ ਉਪਦੇਸ਼ ਕਰਨ ਲਗੇ। ਆਯੂ ਭਾਵੇਂ ਛੋਟੀ ਸੀ ਪਰ ਗਿਆਨ, ਸੂਝ-ਬੂਝ ਅਤੇ ਆਤਮਿਕ ਸ਼ਕਤੀ ਬਹੁਤ ਸੀ ਰਿਧੀਆਂ ਸਿਧੀਆਂ ਦੇ ਮਾਲਕ ਸਨ ਜਦੋਂ ਉਪਦੇਸ਼ ਕਰਦੇ ਤਾਂ ਬਾਲਕ ਪਰਤੀਤ ਨਾ ਹੁੰਦੇ।

ਵਿਸਾਖੀ ਵਾਲੇ ਦਿਹਾੜੇ ਗੁਰਗੱਦੀ ਉਤੇ ਬੈਠਾ ਦਿਤੇ ਗਏ। ਪਾਤਸ਼ਾਹ

Sri Satguru Jagjit Singh Ji eLibrary NamdhariElibrary@gmail.com

ਦੀ ਤਰਾਂ ਮਸਤਕ ਤੇ ਕਲਗੀ ਲਾਈ ਗਈ, ਸ਼ਸਤ੍ਰ ਸਜਾਏ ਗਏ। ਜਦੋਂ ਗੁਰਿਆਈ ਦੀ ਰਸਮ ਪੂਰੀ ਹੋ ਗਈ ਤਾਂ ਸਤਿਗੁਰੂ ਜੀ ਨੇ ਮਾਮੇ ਕ੍ਰਿਪਾਲ ਚੰਦ ਜੀ ਦੇ ਨਾਲ ਵਿਚਾਰ ਕਰਕੇ ਗੁਰੂ ਘਰ ਵਿਚ ਰਹਿਣ ਵਾਲੇ ਤੇ ਗੁਰੂ ਘਰ ਦੇ ਪਰੇਮੀਆਂ ਨੂੰ ਭੰਡਾਰੇ ਵਿਚੋਂ ਸ਼ਸਤ੍ਰ ਵੰਡ ਦਿਤੇ। ਬਹੁਤ ਸਾਰਿਆਂ ਨੂੰ ਘੋੜੇ ਬਖਸ਼ੇ। ਇਸਤਰਾਂ ਫ਼ੌਜੀ ਢੰਗ ਦੇ ਨੌਜਵਾਨਾਂ ਦਾ ਇਕ ਦਸਤਾ ਬਣ ਗਿਆ ਇਨ੍ਹਾਂ ਨੂੰ ਸਤਿਗੁਰੂ ਜੀ ਨੇ ਹੁਕਮ ਦਿਤਾ, 'ਸ਼ਸਤ੍ਰ ਵਿਦਿਆ ਦਾ ਅਭਿਆਸ ਕਰੋ। ਸ਼ਿਕਾਰ ਖੇਡੋ ਤੇ ਵੈਰੀਆਂ ਨਾਲ ਲੜਨਾ ਸਿਖੋ। ਧਰਮ ਦੇ ਵੈਰੀਆਂ ਨੂੰ ਨਾਸ ਕੀਤਾ ਜਾਵੇਗਾ ਤਿਆਰੀ ਕਰੋ।'

ਸਤਿਗੁਰੂ ਜੀ ਦੇ ਇਸ ਹੁਕਮ ਨੂੰ ਸੁਣਕ ਪੁਰਾਨੇ ਸਿਖਾਂ ਨੇ ਆਖਿਆ, 'ਇਹ ਜਰੂਰ ਆਪਣੇ ਬਾਬੇ (ਸਤਿਗੁਰੂ ਹਰਗੋਬਿੰਦ ਸਾਹਿਬ) ਜੀ ਵਾਂਗ ਜ਼ਾਲਮ ਤੁਰਕਾਂ ਨਾਲ ਯੁਧਕਰੇਗਾ। ਬਹੁਤ ਵਡਾ ਪ੍ਰਤਾਪੀ ਜੋਧਾ ਹੋਵੇਗਾ, ਕੋਈ ਅਰੰਮੜਾ ਮਰਦ ਹੈ।'

ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸਾਰੀ ਸੰਗਤ ਸਤਿਗੁਰੂ ਜੀ ਦਾ ਉਪਦੇਸ਼ ਸੁਣਕੇ ਤੇ ਦਰਸ਼ਨ ਕਰਕੇ ਨਿਹਾਲ ਹੋ ਗਈ।

੧੯. ਦੁਲਚੇ ਮਸੰਦ ਦਾ ਸੁਧਾਰ

ਵਿਸਾਖੀ ਪਿਛੋਂ ਸੰਮਤ ੧੭੩੩ ਦੀ ਦੀਵਾਲੀ ਆਈ। ਦੀਵਾਲੀ ਦੇ ਪੁਰਬ ਉਤੇ ਵੀ ਬੇਅੰਤ ਸੰਗਤ ਇਕੱਤ੍ਰ ਹੋਈ। ਦੀਵਾਨ ਲਗੇ ਤੇ ਬਾਲ ਸਤਿਗੁਰੂ ਜੀ ਨੇ ਉਪਦੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਨੇਕਾਂ ਕੌਤਕ ਵੀ ਕੀਤੇ ਜਿਨ੍ਹਾਂ ਵਿਚੋਂ ਇਕ ਕੌਤਕ ਏਥਾਂ ਲਿਖਿਆ ਜਾਂਦਾ ਹੈ।

ਸਤਿਗੁਰੂ ਤੇਗ ਬਹਾਦਰ ਜੀ ਦੇ ਵਲੇ ਦਾ ਦੁਲਚਾ ਨਾਮੀ ਇਕ ਮਸੰਦ ਸੀ ਇਹ ਲਾਲਚੀ ਤੇ ਕੁਝ ਬੇਈਮਾਨ ਸੀ, ਪਰ ਉਪਰੋਂ ਬਹੁਤ ਭੋਲਾ ਭਾਲਾ ਬਣਿਆ ਰਹਿੰਦਾ ਸੀ। ਸਿੱਖ ਸੰਗਤ ਜੋ ਕਾਰ ਭੇਟ ਸਤਿਗੁਰੂ ਜੀ ਵਾਸਤੇ ਇਸਨੂੰ ਦੇਂਦੀ ਉਸ ਵਿਚੋਂ ਇਹ ਚੋਖਾ ਹਿਸਾ ਆਪ ਰਖ ਲੈਂਦਾ ਬਹੁਤਾ ਇਹ ਕੀਮਤੀ ਵਸਤ੍ਰਾਂ ਨੂੰ ਪੈਂਦਾ। ਇਸ ਦੀ ਮਾੜੀ ਦਸ਼ਾ ਉਤੇ ਸਤਿਗੁਰੂ ਜੀ ਨੂੰ ਤਰਸ ਆਇਆ ਸੱਚੇ ਪਾਤਸ਼ਾਹ ਨੇ ਦੁਲਚੇ ਦਾ ਸੁਧਾਰ ਕਰਨ ਦੀ ਇਛਾ ਕਰ ਲਈ।

ਅੰਤਰਜਾਮੀ ਸਤਿਗੁਰੂ ਜੀ ਨੂੰ ਤਾਂ ਤ੍ਰੈਕਾਲ ਦਾ ਗਿਆਨ ਸੀ ਭਲਾ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਕੋਲੋਂ ਚੋਰੀ ਕੋਈ ਵਸਤੂ ਕੌਣ ਰਖ ਸਕੇ। ਦੀਵਾਨ ਲੱਗਾ ਹੋਇਆ ਸੀ ਸਾਹਿਬ ਸਿੰਘਾਸਣ ਪਰ ਬਿਰਾਜਮਾਨ ਸਨ, ਸੰਗਤ ਬੈਠੀ ਹੋਈ ਕੀਰਤਨ ਸਰਵਨ ਕਰ ਰਹੀ ਸੀ। ਦੁਲਚਾ ਮਸੰਦ ਆਇਆ ਉਹ ਬੜਾ ਉਚੇ ਲੰਮੇ ਕੱਦ ਦਾ ਭਾਰੀ ਰੋਗੜ ਵਾਲਾ ਬੰਦਾ ਸੀ। ਉਹ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਸਿੰਘਾਸਣ ਦੇ ਨੇੜੇ ਹੀ ਬੈਠ ਗਿਆ। ਸਾਹਿਬਾਂ ਨੇ ਉਸ ਵਲ ਤਕਿਆ ਦੋ ਵਾਰ ਤਕਕੇ ਸਾਹਿਬ ਮੁਸਕਰਾ ਪਏ। ਉਹ ਮੁਸਕ੍ਰਾਹਟ ਨਿਰਾਲੀ ਸੀ ਉਸ ਮੁਸਕ੍ਰਾਹਟ ਵਿਚ ਦਇਆ ਤੇ ਕ੍ਰੋਧ ਮਿਲੇ ਹੋਏ ਸਨ। ਸਿਖਾਂ ਨੂੰ ਕੀ ਪਤਾ ਕਿ ਸਾਹਿਬ ਕਿਉਂ ਮੁਸਕਰਾ ਰਹੇ ਹਨ? ਉਹ ਤਾਂ ਅਜ ਦੁਲਚੇ ਦਾ ਸੁਧਾਰ ਕਰਨਾ ਚਾਹੁੰਦੇ ਸਨ ਉਨ੍ਹਾਂ ਨੇ ਦੁਲਚੇ ਕੋਲੋਂ ਪੁਛਿਆ, 'ਸੁਣਾ ਭਾਈ ਦੁਲਚਾ!' ਗੁਰੂ ਘਰ ਵਾਸਤੇ ਸੰਗਤਾਂ ਵਲੋਂ ਦਿੱਤੀ ਹੋਈ ਕੋਈ ਚੀਜ ਤੇਰੇ ਕੋਲ ਤਾਂ ਨਹੀਂ?'

ਸਤਿਨਾਮੁ! ਸਚੇ ਪਾਤਸ਼ਾਹੋ! ਕੀ ਗਲ ਕਰਦੇ ਹੋ! ਮੈਂ ਗੁਰੂ ਘਰ ਦੀ ਕੋਈ ਵਸਤੂ ਕਿਵੇਂ ਕੋਲ ਰਖ ਸਕਦਾ ਹਾਂ। ਸੰਗਤ ਦੀ ਭੇਟਾ ਕੀਤੀ ਹੋਈ ਹਰ ਇਕ ਵਸਤੂ ਅਸਾਂ ਕੋਲ ਅਮਾਨਤ ਹੁੰਦੀ ਹੈ. ਅਮਾਨਤ ਨੂੰ ਖਾ ਜਾਣਾ ਪਾਪ ਹੈ। ਮੈਂ ਤਾਂ ਕਦੀ ਪਾਪ ਕਰਨ ਨੂੰ ਤਿਆਰ ਨਹੀਂ।' ਦੁਲਚੇ ਨੇ ਉਤਰ ਦਿੱਤਾ।

'ਭਾਈ ਗਲ ਤਾਂ ਤੇਰੀ ਠੀਕ ਹੈਫਿਰ ਵੀ ਮਨੁਖ ਭੁਲਣਹਾਰ ਜੀਊੜਾ ਹੈ ਇਹ ਬਹੁਤ ਛੇਤੀ ਭੁਲ ਜਾਂਦਾ ਹੈ, ਬਹੁਤ ਕੰਮਾਂ ਵਿਚ ਭੁਲ ਹੋ ਸਕਦੀ ਹੈਚੇਤਾ ਕਰ ਲਵੋ।'

ਸਚੇ ਪਾਤਸ਼ਾਹੋ! ਇਉਂ ਪਰਤੀਤ ਹੁੰਦਾ ਹੈ ਕਿ ਕਿਸੇ ਦੁਸ਼ਟ ਨੇ ਤੁਸਾਂ ਕੋਲ ਮੇਰੀ ਚੁਗਲੀ ਖਾਧੀ ਹੈ, ਪਰ ਮੈਂ ਮਾੜਾ ਬੰਦਾ ਨਹੀਂ ਮੈਂ ਤਾਂ ਹਰ ਵਸਤੂ,ਜੋ ਗੁਰੂ ਘਰ ਵਾਸਤੇ ਵਸੂਲ ਕਰਦਾ ਹਾਂ ਉਹ ਜਿਉਂ ਦੀ ਤਿਉਂ ਤੁਸਾਂ ਦੇ ਹਜ਼ੂਰ ਆ ਪੇਸ਼ ਕਰਦਾ ਹਾਂ। ਨਿੰਦਕ ਤੇ ਚੁਗਲ ਬੁਰੀ ਬਲਾ ਹੁੰਦੇ ਨੇ ਉਹ ਖਾਹਮੁਖਾਹ ਕੋਈ ਝਗੜਾ ਉਤਪੰਨ ਕਰ ਦੇਂਦੇ ਹਨ। ਸੰਗਤ ਦੇ ਵਿਚ ਤੁਸਾਂ ਕੱਲੋਂ ਮੇਰੇ ਵਰਗੇ ਈਮਾਨਦਾਰ ਬੰਦੇ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ।

ਦੁਲਚੇ ਦਾ ਇਹ ਬਿਆਨ ਸੁਣਕੇ ਦੋਹਾਂ ਜਹਾਨਾਂ ਦਾ ਮਾਲਕ ਹਸ ਪਿਆ। ਹਸਿਆ ਵੀ ਐਸਾ ਜੋਰ ਤੇ ਭਾਰੀ ਅਵਾਜ਼ ਵਿਚ ਜਿਸ ਨੂੰ ਸੁਣਕ ਸਿੱਖ ਸੰਗਤ ਹੈਰਾਨ ਹੋ ਗਈ। ਹਸਣ ਪਿਛੋਂ ਗੰਭੀਰ ਹੋਕੇ ਸਾਹਿਬਾਂ ਨੇ ਬਚਨ ਕੀਤਾ, 'ਦੁਲਚੇ!

Sri Satguru Jagjit Singh Ji eLibrary NamdhariElibrary@gmail.com

ਤੇਰੀ ਈਮਾਨਦਾਰੀ ਬਹੁਤ ਚੰਗੀ ਹੈ, ਤੂੰ ਤਾਂ ਐਵੇਂ ਹੀ ਤੱਤਾ ਹੋ ਗਿਆ ਅਸਾਂ ਤਾਂ ਸਰਸਰੀ ਗਲ ਕੀਤੀ ਹੈ ਕਿਤੇ ਤੈਨੂੰ ਕੋਈ ਗਲਤੀ ਤਾਂ ਨਹੀਂ ਹੋਈ ਪਰ ਤੂੰ ਐਵੇਂ ਹੀ ਤਤਾ ਹੁੰਦਾ ਹੈਂ। ਸਚਸਚ ਰਹਿੰਦਾ ਹੈ ਤੇ ਕੂੜ ਕੂੜ ! ਕਿਉਂ ਘਬਰਾਉਂਦਾ ਹੈ।

ਇਸ ਤਰਾਂ ਬਚਨ ਕਰਦਿਆਂ ਹੋਇਆਂ ਚੋਜੀ ਪ੍ਰੀਤਮ ਜੀ ਨੇ ਹਥਲੀ ਸੋਟੀ ਨਾਲ ਦੁਲਚੇ ਮਸੰਦ ਦੀ ਪੱਗ ਨੂੰ ਹਲਾਇਆ, ਬ੍ਰਹਮ ਸ਼ਕਤੀ ਦੇ ਨਾਲ ਸੋਟੀ ਲਗਾਣਸਾਰ ਪੱਗੜੀ ਸਿਰ ਤੋਂ ਹੇਠਾਂ ਡਿਗ ਪਈ। ਪੱਗੜੀ ਦੇ ਪੇਚ ਖੁਲ੍ਹ ਗਏ. ਪੇਚ ਖੁਲ੍ਹਨ ਦੀ ਢਿੱਲ ਸੀ ਕਿ ਉਸ ਵਿਚੋਂ ਇਕ ਕੜਿਆਂ ਦੀ ਜੋੜੀ ਜੋ ਸੋਨੇ ਦੀ ਜੜਾਊ ਸੀ. ਡਿਗ ਪਈ। ਉਸਦੇ ਪ੍ਰਗਟ ਹੋਣ ਨਾਲ ਦੁਲਚੇ ਦੇ ਤਾਂ ਮਾਪੇ ਮਰ ਗਏ। ਉਸਦੇ ਸਿਰ ਪਾਣੀ ਪੈ ਗਿਆ ਤੇ ਉਸਦਾ ਲਹੂ ਠੰਡਾ ਹੋ ਗਿਆ। ਉਹ ਭੁਲੜ ਪੁਰਸ਼ ਇਹ ਸਮਝਦਾ ਸੀ ਕਿ ਨਵੇਂ ਸਤਿਗੁਰੂ ਜੀ ਇਹ ਬਾਲਕ ਹਨ, ਇਨ੍ਹਾਂ ਨੂੰ ਜਗਤ ਦੀਆਂ ਹੇਰਾ ਫੇਰੀਆਂ ਦਾ ਕੀ ਗਿਆਨ ਸੀ ? ਪਾਪੀ ਤੇ ਲਾਲਚੀ ਪਾਪ ਕਰਨ ਲੱਗਾ ਨਹੀਂ ਝਿਜਕਦਾ ਜਦੋਂ ਉਹਦਾ ਪਾਪ ਨੰਗਾ ਹੁੰਦਾ ਹੈ ਤਾਂ ਭੈਭੀਤ ਹੋ ਜਾਂਦਾ ਹੈ ਫਿਰ ਭਰੀ ਸੰਗਤ ਵਿਚ ਪਾਜ ਖੁਲ੍ਹਣਾ ਤਾਂ ਵੈਸੇ ਹੀ ਖਤਰਨਾਕ ਹੁੰਦਾ ਹੈ। ਉਸ ਵੇਲੇ ਉਸਨੂੰ ਧਰਤੀ ਵਿਹਲ ਨਾ ਦੇਵੇ। ਉਹ ਬਹੁਤ ਡਰ ਗਿਆ।

ਸਿੱਖ ਸੰਗਤ ਦੀ ਮਨ ਬਿਰਤੀ ਵੀ ਓਹਦੇ ਵਲ ਖਿਚੀ ਗਈ। ਸਾਰੀ ਸੰਗਤ ਹੈਰਾਨ ਹੋਈ, ਦੁਲਚੇ ਦੀ ਕਰਤੂਤ ਦੇਖਕੇ ਸੰਗਤ ਨੂੰ ਕ੍ਰੋਧ ਸੀ ਸਤਿਗੁਰੂ ਜੀ ਦਾ ਆਤਮਿਕ ਬਲ ਅਤੇ ਗਿਆਨਦੇਖਕੇ ਪ੍ਰਸੰਨਤਾ ਸੀ ਉਨ੍ਹਾਂਦੇ ਹਿਰਦੇ ਆਪ ਮੁਹਰੇ ਕਹਿਣ ਲਗ ਪਏ ਸਨ, 'ਧੰਨ ਸੱਚਾ ਪਾਤਸ਼ਾਹ ! ਪਾਪੀਆਂ ਦੇਪਾਪ ਖੰਡਣਹਾਰ।' ਪਰ ਨਾਲ ਹੀ ਦੁਲਚੇ ਬਾਰੇ ਕਹਿ ਰਹੇ ਸਨ, 'ਇਹ ਕਰਮ ਬਹੁਤ ਮਾੜਾ ਕੀਤਾ।'

ਦੁਲਚੇ ਨੇ ਓਸੇ ਵੇਲੇ ਸਤਿਗੁਰੂ ਜੀ ਦੇ ਚਰਨ ਫੜ ਲਏ। ਧਾਹੀ ਮਾਰ ਕੇ ਰੋਣ ਲੱਗ ਪਿਆ। ਉਸਦਾ ਰੋਣਾ ਉਸਦੇ ਮਨ ਦੀ ਮੈਲ ਨੂੰ ਦੂਰ ਕਰਨ ਵਾਲਾ ਸੀ। ਓਹ ਰੋਂਦਾ ਹੋਇਆ ਬੋਲਿਆ, 'ਸਚੇ ਪਾਤਸ਼ਾਹ ! ਪਤਿਤ ਪਾਵਨ ਦੁਖ ਹਰਨ, ਘਟ ਘਟ ਦੀ ਜਾਨਣਹਾਰ ਪ੍ਰਭੂ ਮੈਨੂੰ ਬਖਸ਼ੋ ! ਮੈਂ ਵੱਡਾ ਪਾਪੀ ਹਾਂ। ਮੈਂ ਭੁਲ ਗਿਆ। ਭੁਲ ਬਖਸ਼ੋ ! ਸੋਨੇ ਉਤ ਮੇਰਾ ਮਨ ਬੇਈਮਾਨ ਹੋ ਗਿਆ। ਮੈਂ ਪਛਤਾ ਰਿਹਾ ਹਾਂ। ਮੇਰੇ ਘਰ ਵੀ ਬਹੁਤ ਸਾਰੀਆਂ ਵਸਤੂਆਂ ਹਨ। ਮੈਂ ਉਹ

Sri Satguru Jagjit Singh Ji eLibrary NamdhariElibrary@gmail.com

ਸਾਰੀਆਂ ਆਪਦੀ ਭੇਟਾ ਲਿਆ ਦੇਂਦਾ ਹਾਂ। ਮੇਰੇ ਤੇ ਦਇਆ ਕਰੋ। ਮੇਹਰ ਕਰੋ।

ਛੇ ਫੁਟ ਉਚੀ ਲੋਥ ਸਤਿਗੁਰੂ ਜੀ ਦੇ ਚਰਨਾਂ ਉਪਰ ਇਉਂ ਡਿਗੀ ਹੋਈ ਪਛਤਾਵਾ ਕਰਦੀ ਰਹੀ। ਸਾਹਿਬਾਂ ਨੇ ਹੁਕਮ ਕੀਤਾ—'ਜਾਹ ਸਿਖਾਂ ਨੂੰ ਨਾਲ ਲੈ ਜਾਹ ਤੇ ਘਰੋਂ ਸਾਰੀਆਂ ਵਸਤੂਆਂ ਚੁਕਵਾਕੇ ਲੈ ਆ। ਅਗੇ ਨੂੰ ਸੰਭਲਕੇ ਤੁਰੀਂ।'

ਦਲਚਾ ਉਠਿਆ ਅੱਖਾਂ ਨੀਵੀਆਂ ਕਰੀ ਓਹ ਦੀਵਾਨ ਵਿਚੋਂ ਬਾਹਰ ਚਲਿਆ ਗਿਆ। ਉਸਦੇ ਪਿਛੇ ਪਿਛੇ ਸਤਿਗੁਰੂ ਜੀ ਨੇ ਦੋ ਸੇਵਾਦਾਰ ਭੇਜੇ। ਉਹ ਘਰ ਗਿਆ, ਜਿੰਨੀਆਂ ਵਸਤੂਆਂ ਚੋਰੀ ਕਰਕੇ ਰਖੀਆਂ ਹੋਈਆਂ ਸਨ, ਓਹ ਸਾਰੀਆਂ ਹੀ ਘਰੋਂ ਚੁਕਕੇ ਲੈ ਆਇਆ ਤੇ ਸਤਿਗੁਰੂ ਜੀ ਦੀ ਭੇਟਾ ਕਰ ਦਿਤੀਆਂ। ਸਤਿਗੁਰੂ ਜੀ ਨੇ ਦਇਆ ਕਰਕੇ ਉਸ ਨੂੰ ਖਿਮਾਂ ਬਖਸ਼ੀ ਤੇ ਅਗੋਂ ਨੂੰ ਨੇਕ ਬਣਕੇ ਰਹਿਣ ਦੀ ਸਿਖਿਆ ਦਿਤੀ।

੨੦. ਸਤਿਗੁਰੂ ਜੀ ਦਾ ਨਿਤ ਦਾ ਕ੍ਰਿਆ ਕਰਮ

ਸੰਸਾਰ ਦੀਆ ਜਿੰਨੀਆਂ ਵੀ ਮਹਾਨ ਮਨੁਖ ਹਸਤੀਆਂ ਹੋਈਆਂ ਹਨ ਉਨ੍ਹਾਂ ਦੇ ਜੀਵਨ ਚਰਿਤ੍ਰ ਨੂੰ ਵਿਚਾਰੀਏ ਤਾਂ ਇਸ ਗਲ ਦਾ ਪਤਾ ਲਗਦਾ ਹੈ ਕਿ ਸਾਰੇ ਕਿਸੇ ਮਰਯਾਦਾ ਜਾਂ ਨੇਮ ਨਾਲ ਜੀਵਨ ਦੇ ਕੰਮਾਂ ਨੂੰ ਕਰਦੇ ਸਨ। ਨੇਮ ਨਾਲ ਕੀਤੇ ਕੰਮ ਸਦਾ ਸੰਪੂਰਨ ਹੁੰਦੇ ਹਨ ਅਤੇ ਓਹਨਾਂ ਦੇ ਕਰਨ ਵਿਚ ਕੋਈ ਔਕੜ ਵੀ ਪੇਸ਼ ਨਹੀਂ ਸੀ ਆਉਂਦੀ।

ਸਤਿਗੁਰੂ ਗੋਬਿੰਦ ਰਾਇ ਜੀ ਮਹਾਰਾਜ ਛੋਟੀ ਉਮਰ ਤੋਂ ਹੀ ਪਹਿਲੇ ਸਤਿਗੁਰੂ ਸਾਹਿਬਾਨ ਦੇ ਸਮਾਨ ਹਰ ਕਰਮ ਨੂੰ ਮਰਯਾਦਾ ਨਾਲ ਕਰਨ ਲਗੇ। ਅੰਮ੍ਰਿਤ ਵੇਲੇ ਉਠਦੇ ਅਤੇ ਥੋੜਾ ਚਿਰ ਬਾਹਰ ਫਿਰਕੇਇਸ਼ਨਾਨ ਕਰਦੇ ਤੇ ਪਦਮ ਆਸਣ ਕਰਕੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਰਹਿੰਦੇ। ਪਾਰਬ੍ਰਹਮ ਦਾ ਧਿਆਨ ਧਰਨ ਪਿਛੋਂ ਸ੍ਰੀ ਜਪੁਜੀ ਸਾਹਿਬ ਤੇ ਹੋਰ ਬਾਣੀਆਂ ਦਾ ਪਾਠ ਕਰਕੇ ਬਸਤ੍ਰ ਬਦਲਦੇ, ਸ਼ਸਤ੍ਰ ਤੇ ਭੂਖਣ ਸਜਾਕੇ ਦੀਵਾਨ ਵਿਚ ਬਿਰਾਜਮਾਨ ਆ ਹੁੰਦੇ। ਰਾਗੀ ਸਿਖ ਗੁਰਬਾਣੀ ਦਾ ਅਖੰਡ ਕੀਰਤਨ ਕਰਦੇ। ਸਾਹਿਬ ਕੀਰਤਨ ਸਰਵਣ ਕਰਦੇ ਰਹਿੰਦੇ। ਕੀਰਤਨ ਦੇ ਭੋਗ ਪਿਛੋਂ ਸਿਖੀ ਦੀ ਪਾਹੁਲ ਬਖਸ਼ੀ

Sri Satguru Jagjit Singh Ji eLibrary NamdhariElibrary@gmail.com

ਜਾਂਦੀ, ਜੋ ਨਵੇਂ ਪ੍ਰਾਣੀ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਨੂੰ ਧਾਰਨ ਕਰਨ ਵਾਸਤੇ ਆਉਂਦੇ, ਉਨ੍ਹਾਂ ਨੂੰ ਉਪਦੇਸ਼ ਦਿਤਾ ਜਾਂਦਾ। ਦੁਪਹਿਰ ਦਾ ਲੰਗਰ ਤਿਆਰ ਹੋ ਜਾਂਦਾ। ਨਗਾਰਾ ਵਜਾਕੇ ਲੰਗਰ ਵਰਤਾਇਆ ਜਾਂਦਾ। ਉਸ ਦੇ ਪਿਛੋਂ ਸਾਹਿਬ ਮਹਿਲਾ ਵਿਚ ਚਲੇ ਜਾਂਦੇ ਤੇ ਥੋੜਾ ਚਿਰ ਅਰਾਮ ਕਰਨ ਪਿਛੋਂ ਸ਼ਿਕਾਰ ਖੇਡਣ ਚਲੇ ਜਾਂਦੇ। ਰਹਿਰਾਸ ਦੇ ਸਮੇਂ ਤੋਂ ਪਹਿਲਾਂ ਸ਼ਿਕਾਰ ਤੋਂ ਵਾਪਸ ਆ ਜਾਂਦੇ। ਰਹਿਰਾਸ ਦੇ ਪਾਠ ਪਿਛੋਂ ਵਿਦਿਆ ਪੜ੍ਹਨ ਲਿਖਣ ਦਾ ਅਭਿਆਸ ਹੁੰਦਾ। ਕਿੰਨੀ ਰਾਤ ਗਈ ਤਕ ਇਕਾਂਤ ਵਿਚ ਗ੍ਰੰਥਾਂ ਨੂੰ ਵਿਚਾਰਦੇ ਰਹਿੰਦੇ। ਫ਼ਾਰਸੀ ਦੀਆਂ ਵਡੀਆਂ ਕਿਤਾਬਾਂ ਤੋਂ ਬਿਨਾਂ ਹਿੰਦੂ ਧਰਮ ਤੇ ਇਤਿਹਾਸ ਦੇ ਗ੍ਰੰਥਾਂ ਨੂੰ ਬਹੁਤ ਚਾਹ ਨਾਲ ਪੜਦੇ। ਬਚਪਨ ਤੋਂ ਹੀ ਸਤਿਗੁਰੂ ਜੀ ਦਾ ਜੀਵਨ ਐਸਾ ਨੁਝੇਵੇਂ ਵਾਲਾ ਸੀ ਕਿ ਘੜੀ ਪਲ ਅਰਾਮ ਕਰਨ ਤੋਂ ਬਿਨਾਂ ਸਾਹਿਬ ਕਦੀ ਵੇਹਲੇ ਨਹੀਂ ਸਨ ਰਹਿੰਦੇ। ਨੰਮ ਬਹੁਤੇ ਸਨ ਤੇ ਦਿਨ ਛੋਟੇ। ਜੁਵਾਨਾਂ ਨੂੰ ਵਿਦਿਆ ਤੇ ਸ਼ਸਤ੍ਰ ਵਿਦਯਾ ਸਿਖਾਉਣ ਦਾ ਵੀ ਪੂਰਾ ਪ੍ਰਬੰਧ ਕਰ ਰਹੇ ਸਨ। ਹਿੰਦੁਸਤਾਨ ਦੇ ਇਤਿਹਾਸ, ਪੁਰਾਣ, ਵੇਦ ਆਦਿਕ ਗਰੰਥਾਂ ਨੂੰ ਚੰਗੀ ਤਰ੍ਹਾਂ ਪੜ੍ਹਨ ਦੀ ਤੀਬਰ ਇਛਾ ਤੇ ਕਾਹਲ ਸੀ। ਪਿਛਲੇ ਸਤਿਗੁਰੂ ਸਾਹਿਬਾਂ ਦਾ ਜੀਵਨ ਇਤਿਹਾਸ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਣਨਾ ਤੇ ਵਿਚਾਰਨਾ ਸੀ। ਮੁਰਦਾ ਹੋ ਚੁਕੇ ਹਿੰਦ ਦੇ ਨੌਜੁਆਨ ਵਿਚ ਬਹਾਦਰੀ ਤੇ ਅਣਖ ਵਾਸਤੇ ਰੂਹ ਫੂਕਣੀ ਸੀ। ਜੀਵਨ ਨਿਸ਼ਾਨੇ ਵਿਚ ਸਫਲਤਾ ਪ੍ਰਾਪਤ ਕਰਨ ਵਾਸਤੇ ਸਾਹਿਬ ਸਮੇਂ ਦੇ ਨਿਕੇ ਨਿਕੇ ਹਿਸੇ ਨੂੰ ਵੀ ਕੀਮਤੀ ਸਮਝਦੇ ਸਨ। ਸਿਆਣੇ ਪੁਰਖ ਸਦਾ ਸਮੇਂ ਦੀ ਕਦਰ ਤੇ ਸਮੇਂ ਨੂੰ ਐਵੇਂ ਨਹੀਂ ਗੁਵਾਉਂਦੇ, ਜੇਹੜੇ ਸਮੇਂ ਦਾ ਸਤਕਾਰ ਨਹੀਂ ਕਰਦੇ ਉਨ੍ਹਾਂ ਦਾ ਸਤਕਾਰ ਲੋਕ ਨਹੀਂ ਕਰਦੇ।

੨੧. ਯੋਧਿਆਂ ਦਾ ਸਤਕਾਰ ਕਰਨਾ

ਸਤਿਗੁਰੂ ਜੀ ਦੀ ਆਯੂ ਬਾਰਾਂ ਕੁ ਸਾਲ ਹੋ ਗਈ। ਪਰ ਅਰੋਗ ਸਰੀਰ ਉਮਰ ਤੋਂ ਵਡੇਰਾ ਲਗਣ ਲਗਾ। ਦਿਨੋਂ ਦਿਨ ਸ਼ਿਕਾਰ ਦਾ ਪ੍ਰੇਮ ਵੀ ਬਹੁਤ ਵਧਦਾ ਗਿਆ। ਜਿੰਨਾਂ ਵੀ ਸਮਾਂ ਹੋਰ ਕੰਮਾਂ ਤੋਂ ਬਚਦਾ ਓਹ ਸ਼ਿਕਾਰ ਖੇਡਣ

Sri Satguru Jagjit Singh Ji eLibrary NamdhariElibrary@gmail.com

ਤੇ ਘੋੜੇ ਦੀ ਸੁਆਰੀ ਕਰਣ ਵਿਚ ਖਰਚ ਹੁੰਦਾ। ਸ਼ਿਕਾਰ ਖੇਡਣ ਦੇ ਨਾਲ ਨਾਲ ਸਾਹਿਬਾਂ ਨੇ ਅਨੁਭਵ ਕੀਤਾ ਕਿ ਸਾਰੇ ਦੇਸ਼ ਵਿਚੋਂ ਪਿਛਲੇ ਸਿਖਾਂ ਦੇ ਬਹਾਦਰ ਸਪੁਤ੍ਰਾਂ ਨੂੰ ਸਦਕੇ ਇਕ ਫੌਜੀ ਦਸਤਾ ਤਿਆਰ ਕਰਨਾ ਜ਼ਾਹੀਏ। ਨਾਲ ਹੀ ਜੋ ਜੁਧ ਸ਼ਸਤ੍ਰ ਵਿਦਯਾ ਦੇ ਜਾਣੂ ਸਿਖ ਆਉਣਗੇ ਓਹ ਹੋਰ ਸਿਖਾਂ ਨੂੰ ਅਭਿਆਸ ਕਰਾਉਣਗੇ। ਇਕਦਿਨ ਐਸਾ ਆਵੇਗਾ ਕਿ ਚੋਖੇ ਸਿਖ ਸ਼ਸਤ੍ਰ ਧਾਰੀ ਬਣ ਜਾਣਗੇ ਤੇ ਧਰਮ ਦੀ ਰਾਖੀ ਕਰਣਗੇ।

ਵਿਚਾਰ ਕਰਕੇ ਸਤਿਗੁਰੂ ਜੀ ਨੇ ਸਾਰੇ ਮਸੰਦਾਂ ਵਲ ਹੁਕਮਨਾਮੇ ਭੇਜੇ ਕਿ ਓਹ ਉਨ੍ਹਾਂ ਸਿਖ ਖਾਨਦਾਨਾ ਦਾ ਪਤਾ ਕਰਨ ਜੇੜੇ ਸਿਖ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਤਿਗੁਰਾਂ ਦੇ ਨਾਲ ਜੁਧਾਂ ਵਿਚ ਸ਼ਾਮਲ ਹੁੰਦੇ ਰਹੇ ਹਨ। ਉਨ੍ਹਾਂ ਦੇ ਪੁਤ੍ਰਾਂ ਨੂੰ ਛੇਤੀ ਅਨੰਦਪੁਰ ਭੇਜਿਆ ਜਾਵੇ। ਜੇਕਰ ਕੋਈ ਉਸ ਸਮੇਂ ਦਾ ਸਿਖ ਹੋਵੇ ਜਿਸ ਜੁਧਾਂ ਵਿਚ ਆਪ ਹਿਸਾ ਲਿਆ ਹੋਵੇ, ਉਸ ਨੂੰ ਵੀ ਭੇਜ ਦਿਤਾ ਜਾਵੇ। ਸਾਰੇ ਦੇਸ਼ ਵਿਚੋਂ ਸੰਗਤਾਂ ਪਾਸੋਂ ਘੋੜੇ ਤੇ ਸ਼ਸਤ੍ਰ ਭੇਟਾ ਵਜੋਂ ਲਏ ਜਾਣ। ਜੇਹੜਾ ਸਿਖ ਨੌਜਵਾਨ ਅਨੰਦਪੁਰ ਰਹਿਣਾ ਚਾਹੇ ਉਸ ਨੂੰ ਰਖਿਆ ਜਾਵੇਗਾ ਤੇ ਓਹਦੇ ਖਰਚ ਗੁਰੂ ਕੇ ਭੰਡਾਰੇ ਵਿਚੋਂ ਹੋਣਗੇ।

ਇਹ ਹੁਕਮਨਾਮਾਂ ਸਾਰੇ ਮਸੰਦਾਂ, ਗੁਰੂ ਘਰ ਦੇ ਪਰੇਮੀਆ ਤੇ ਹੋਰ ਸਿਖਾਂ ਵਲ ਭੇਜ ਦਿਤਾ। ਜਦੋਂ ਸਤਿਗੁਰੂ ਜੀ ਦਾ ਹੁਕਮਨਾਮਾ ਮਿਲਿਆ ਤਾਂ ਸਾਰੇ ਪੜ੍ਹਕੇ ਪ੍ਰਸੰਨ ਹੋਏ। ਜਿਹੜੇ ਗਭਰੂ ਯੁਧ ਦਾ ਚਾਅ ਰਖਦੇ ਸਨ, ਉਨ੍ਹਾਂ ਦਾ ਤਾਂ ਕਹਿਣਾ ਹੀ ਕਾ ਹੈ, ਉਹ ਪੁਠੀਆਂ ਛਾਲਾਂ ਮਾਰਨ ਲਗੇ। ਕਈਆਂ ਨੇ ਓਸੇ ਵੇਲੇ ਪਿਉ ਦਾਦੇ ਦੀਆਂ ਤਲਵਾਰਾਂ ਨੂੰ ਮਾਂਜਕੇ ਲਿਸ਼ਕਾਉਣਾ ਆਰੰਭ ਦਿਤਾ। ਅਣਖੀਲੇ ਤੇ ਨਿਰਭੈ ਜੋਧੇ ਅਨੰਦਪੁਰ ਪੌਂਹਚਣ ਲਗੇ। ਸੋਢੀ ਸੂਰਜ ਮਲ ਦਾ ਪੋਤਾ ਸਿਆਮ ਦਾਸ, ਗੁਲਾਬ ਰਾਏ, ਨੰਦ ਚੰਦ, ਪਰੋਹਤ ਦਯਾ ਰਾਮ, ਸੰਘਾ, ਦਲਜੀਤ ਤੇ ਬਲਜੀਤ, ਜੀਤ ਮਲ ਆਦਿਕ ਮੁਖੀ ਜੋਧੇ ਵੀ ਆ ਗਏ।

ਸਤਿਗੁਰੂ ਜੀ ਨੇ ਸਾਰੇ ਆਏ ਜੋਧਿਆਂ ਦਾ ਬੜਾ ਸਤਕਾਰ ਕੀਤਾ, ਉਨ੍ਹਾਂ ਖਾਲੀ ਥਾਂ ਵਿਚ ਤੰਬੂ ਲਵਾ ਦਿਤੇ ਗਏ ਤੇ ਬਸਤ੍ਰ ਸ਼ਸਤ੍ਰ ਦਾ ਪੂਰਾ ਪ੍ਰਬੰਧ ਕਰ ਦਿਤਾ। ਸਾਰੇ ਜੁਧ ਦਾ ਅਭਿਆਸ ਕਰਦੇ ਹੋਏ ਸਰੀਰ ਨੂੰ ਕਮਾਉਣ ਲਗੇ।

Sri Satguru Jagjit Singh Ji eLibrary NamdhariElibrary@gmail.com

ਸਾਰਿਆਂ ਨੂੰ ਹੁਕਮ ਹੋਇਆ ਕਿ ਉਹ ਸੌਂਚੀ ਖੇਡਣ, ਘੋਲ ਕਰਨ ਤੇ ਗਤਕਾ ਆਦਿ ਦਾ ਹੁਨਰ ਸਿਖਣ। ਘਿਓ ਦੁਧ ਜਵਾਨਾਂ ਨੂੰ ਮੂੰਹ ਮੰਗਿਆ ਮਿਲੇਗਾ। ਸਰੀਰ ਦੀ ਕਸਰਤ ਕਰਣ ਵਾਸਤੇ ਇਕ ਵਿਆਮਸ਼ਾਲਾ ਵੀ ਖੋਲ੍ਹ ਦਿਤੀ ਗਈ।

੨੨. ਰਿੱਛ ਦਾ ਪ੍ਰਸੰਗ

ਦਿਨ ਦਾ ਪਿਛਲਾ ਪਹਿਰ ਸੀ ਸਤਿਗੁਰੂ ਜੀ ਸ਼ਿਕਾਰ ਜਾਣ ਨੂੰ ਤਿਆਰ ਸਨ ਕਿ ਇਕ ਕਲੰਦਰ ਆ ਪੁਜਾ। ਉਸ ਕਲੰਦਰ ਦੇ ਕੋਲ ਇਕ ਤਕੜਾ ਪਲਿਆ ਹੋਇਆ ਰਿੱਛ ਸੀ। ਓਹ ਰਿਛ ਦੇ ਨਕੇਲ ਪਾ ਕੇ ਉਸਨੂੰ ਨਚਾਉਂਦਾ ਫਿਰਦਾ ਤੇ ਪੈਸੇ ਮੰਗਦਾ ਸੀ ਉਸਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਉਸਦੇ ਰਿੱਛ ਦਾ ਤਮਾਸ਼ਾ ਦੇਖਿਆ ਜਾਵੇ।

ਸਤਿਗੁਰੂ ਜੀ ਅਟਕ ਗਏ, ਕਲੰਦਰ ਰਿਛ ਦਾ ਤਮਾਸ਼ਾ ਕਰਣ ਲਗਾ ਤਮਾਸ਼ਾ ਦੇਖਿਆ, ਦੇਖਦਿਆਂ ਸਤਿਗੁਰੂ ਜੀ ਨੇ ਭਾਈ ਕੀਰਤੀਏ ਵਲ ਦੇਖਿਆ। ਭਾਈ ਕੀਰਤੀਆ ਸਤਿਗੁਰੂ ਜੀ ਨੂੰ ਚੌਰ ਕਰ ਰਿਹਾ ਸੀ ਉਹ ਹਜੂਰੀਆ ਸੇਵਕ ਸੀ ਸਾਹਿਬਾਂ ਨੇ ਉਸਨੂੰ ਕਿਹਾ—'ਭਾਈਕੀਰਤੀਆ! ਜਾਣਦਾ ਹੈਂ ਇਹ ਰਿਛ ਕੌਣ ਹੈ?'

'ਸਚੇ ਪਾਤਸ਼ਾਹ ! ਮੈਂ ਕੀ ਜਾਣਾ ਆਪ ਦੀ ਲੀਲ੍ਹਾ ਅਪਰ ਅਪਾਰ ਹੈ। ਭਾਈ ਕੀਰਤੀਏ ਨੇ ਅਗੋਂ ਉਤਰ ਦਿਤਾ।

'ਇਹ ਰਿਛ ਤੇਰਾ ਬਾਪ ਸੋਭਾ ਰਾਮ ਹੈ !' ਸਤਿਗੁਰੂ ਜੀ ਨੇ ਮੁਸਕਰਾ ਕੇ ਆਖਿਆ।

ਹੈਂ ! ਮੇਰੇ ਪਿਤਾ ਜੀ ! ਓਹ ਰਿਛ ਦੀ ਜੂਨੇ ! ਇਹ ਗਲ ਤਾਂ ਹੈਰਾਨ ਕਰਨ ਵਾਲੀ ਹੈ ਮੈਂ ਨਹੀਂ ਮੰਨ ਸਕਦਾ।' ਭਾਈ ਕੀਰਤੀਏ ਨੂੰ ਚੌਰ ਕਰਨਾ ਭੁਲ ਗਿਆ। ਓਹ ਰਿਛ ਵਲ ਦੇਖਣ ਲਗ ਪਿਆ। ਓਹ ਬਹੁਤ ਇਸ ਗਲੋਂ ਹੈਰਾਨ ਸੀ ਕਿ ਉਹਦਾਪਿਤਾ ਸੋਭਾਰਾਮ ਤਾਂ ਗੁਰੂ ਘਰ ਦਾ ਬਹੁਤਪਰੇਮੀ ਅਣਥਕ ਸੇਵਕ ਅਤੇ ਭਗਤ ਆਦਮੀ ਸੀ। ਭਾਈ ਕੀਰਤੀਏ ਨੇ ਦੇਰ ਕਿਹਾ--'ਸਚੇ ਪਾਤਸ਼ਾਹੋ ! ਮੇਰੇ ਪਿਤਾ ਨੇ ਸਾਰਾ ਉਮਰ ਗੁਰੂ ਘਰ ਦੀ ਸੇਵਾ ਕੀਤੀ ਸੀ। ਸਤਵੇਂ ਅਠਵੇਂ ਅਤੇ ਨਾਵੇਂ ਪਾਤਸ਼ਾਹ ਕੋਲ ਰਹੇ ਤੇ ਗੁਰਸੰਗਤ ਵਿਚ ਬੈਠਕੇ ਗੁਰਬਾਣੀ

Sri Satguru Jagjit Singh Ji eLibrary NamdhariElibrary@gmail.com

ਦਾ ਕੀਰਤਨ ਵੀ ਸੁਣਿਆਂ ਕਰਦਾ ਸੀ। ਕੀ ਗੁਰੂ ਘਰ ਦੀ ਸੇਵਾ ਦਾ ਇਹੋ ਫਲ ਮਿਲਦਾ ਹੈ? ਕੀ ਮੈਂ ਵੀ ਰਿੱਛ ਦੀ ਜੂਨੇ ਪਵਾਂਗਾ?'

ਇਹ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ ਉਨ੍ਹਾਂ ਨੇ ਫੁਰਮਾਇਆ, 'ਮਨਖ ਕਰਮ ਦਾ ਖਟਿਆ ਖਾਂਦਾ ਹੈ। ਜੈਸਾ ਕੋਈ ਕਰਮ ਕਰਦਾ ਹੈ ਤੈਸਾ ਹੀ ਫਲ ਭੋਗਦਾ ਹੈ। ਸਾਰੀ ਵਾਰਤਾ ਸੁਣ, ਇਹ ਰਿੱਛ ਬਣਿਆਂ ਕਿਵੇਂ?'

ਗੁਰੂ ਜੀ ਦੇ ਸਾਥ ਚੋਖੇ ਸਿਖ ਸਨ ਕੁਝ ਲੋਕ ਤਮਾਸ਼ਾ ਦੇਖਣ ਵਾਸਤੇ ਆ ਗਏ ਸਨ। ਸਤਿਗੁਰੂ ਜੀ ਦੇ ਬਚਨਾਂ ਨੇ ਸਾਰਿਆਂ ਨੂੰ ਹੈਰਾਨ ਕਰ ਦਿਤਾ ਸੀ। ਸਾਹਿਬਾਂ ਨੇ ਇਉਂ ਰਿਛ ਦੇ ਪੂਰਬਲੇ ਜਨਮ ਦੀ ਕਥਾ ਸੁਣਾਉਣੀ ਅਰੰਭੀ, 'ਭਾਈ ਕੀਰਤੀਆ! ਇਹ ਰਿਛ ਤੇਰਾ ਪਿਤਾ ਸੋਭਾ ਰਾਮ ਹੈ। ਇਹ ਠੀਕ ਹੈ ਗੁਰਮੁਖ ਸੀ ਤੇ ਗੁਰੂ ਘਰ ਦੀ ਸੇਵਾ ਕਰਿਆ ਕਰਦਾ ਸੀ, ਪਰ ਇਸ ਨੇ ਇਕ ਵਡੀ ਭੁਲ ਕੀਤੀ ਸੀ, ਜਿਸ ਕਾਰਨ ਇਸਨੂੰ ਇਹ ਜੂਨ ਪ੍ਰਾਪਤ ਹੋਈ।'

ਸਤਿਗੁਰੂ ਜੀ ਕਥਾ ਸੁਣਾਈ ਗਏ, 'ਇਕ ਦਿਨ ਭਾਈ ਸੋਭਾ ਰਾਮ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ ਸੰਗਤ ਚੋਖੀ ਹੋਣ ਕਰਕੇ ਭੀੜ ਬਹੁਤ ਸੀ। ਉਸ ਸਮੇਂ ਭਾਈ ਧੰਨਾ ਜ਼ਿਮੀਂਦਾਰ ਪ੍ਰਸ਼ਾਦ ਲੈਣ ਵਾਸਤੇ ਆ ਗਿਆ। ਭਾਈ ਧੰਨਾ ਬਹੁਤ ਧਰਮੀ ਤੇ ਨੇਕ ਪੁਰਸ਼ ਸੀ ਉਸਨੇ ਕਦੀ ਕਿਸੇ ਦੀ ਚੀਜ ਨਹੀਂ ਸੀ ਚੁਕੀ ਤੇ ਨਾ ਕਿਸੇ ਦਾ ਬੁਰਾ ਤਕਿਆ ਸੀ ਉਹ ਚੁਗਲੀ ਨਿੰਦਾ ਵੀ ਨਹੀਂ ਸੀ ਕਰਦਾ ਹੰਕਾਰ ਤਾਂ ਕਦੀ ਉਸਦੇ ਲਾਗਿਓਂ ਨਹੀਂ ਸੀ ਲੰਘਿਆ। ਉਹ ਕਣਕ ਦਾ ਗੱਡਾ ਲੈਕੇ ਆਇਆ ਸੀ ਓਹਦੇ ਲੀੜੇ ਮੈਲੇ ਸਨ, ਓਹਦੇ ਦਾਹੜੇ ਵਿਚ ਘੱਟਾ ਪਿਆ ਹੋਇਆ ਸੀ, ਪਗ ਢਿਲਕੀ ਹੋਈ ਸੀ ਤੇ ਅਣਧੋਤੇ ਵਾਲ ਖਿਲਰੇ ਹੋਏ ਸਨ। ਉਹ ਜਦੋਂ ਪ੍ਰਸ਼ਾਦ ਲੈਣ ਵਾਸਤੇ ਅਗੇ ਵਧਿਆ ਤਾਂ ਬਹੁਤ ਭੀੜ ਸੀ ਉਸਨੇ ਨਿਮਰਤਾ ਨਾਲ ਭਾਈ ਸੋਭਾ ਰਾਮ ਅਗੇ ਬੇਨਤੀ ਕੀਤੀ ਕਿ ਉਸ ਨੂੰ ਪਹਿਲੇ ਪ੍ਰਸ਼ਾਦ ਦਿਤਾ ਜਾਵੇ ਤਾ ਕਿ ਉਹ ਗਡ ਦੇ ਨਾਲ ਜਾ ਸਕੇ ਉਸ ਦਾ ਗੱਡਾ ਸੁੰਞਾ ਹੈ ਪਰ ਸੋਭਾ ਰਾਮ ਨੇ ਓਹਦੀ ਬੇਨਤੀ ਨੂੰ ਅਨਸੁਣਿਆਂ ਕਰ ਦਿਤਾ। ਸਗੋਂ ਬੜੇ ਕ੍ਰੋਧ ਨਾਲ ਕਿਹਾ, 'ਕਿਉਂ ਰਿਛ ਵਾਂਗ ਭੂਤਰਦਾ ਤੇ ਨਾਸਾਂ ਚੜ੍ਹਾਉਂਦਾ ਹੈਂ। ਪਰੇ ਰਹੋ, ਪ੍ਰਸ਼ਾਦ ਮਿਲ ਜਾਵੇਗਾ। ਆਪਣੀ ਸੂਰਤ ਨਹੀਂ ਵੇਖਦਾ ਜੋ ਰਿਛ

Sri Satguru Jagjit Singh Ji eLibrary NamdhariElibrary@gmail.com

ਵਾਂਗ ਹੈ ਤੇ ਅੰਨੇਵਾਹ ਕੜਾਹ ਪ੍ਰਸ਼ਾਦ ਲੈਣ ਵਾਸਤੇ ਅਰੇ ਵਧ ਰਿਹਾ ਹੈਂ ਘੜੀ ਭਰ ਸਬਰ ਵੀ ਨਹੀਂ ਹੁੰਦਾ।'

ਧੰਨੇ ਨੇ ਗੁਸਾ ਨਹੀਂ ਕੀਤਾ ਓਹ ਧਰਤੀ ਉਤੇ ਡਿੱਗਾ ਹੋਇਆ ਕੜਾਹ ਪ੍ਰਸ਼ਾਦ ਦਾ ਕਿਣਕਾ ਚਕਕੇ ਤੁਰ ਗਿਆ। ਤੁਰਦਾ ਹੋਇਆ ਉਹ ਸਿਰਫ ਇਹੋ ਕਹਿ ਗਿਆ, 'ਤੂੰ ਹੀ ਰਿੱਛ ਹੋ।' ਧਰਮੀ ਸਿਖ ਦਾ ਬਚਨ ਸਤ ਹੋਇਆ। ਅੱਠ ਸਾਲ ਹੋਏ ਨੇ ਸੋਭਾ ਰਾਮ ਨੇ ਕਾਂਸ਼ੀ ਦੇ ਨੇੜੇ ਜਾਕੇ ਪਰਲੋਕ ਗਮਨ ਕੀਤਾ ਤੇ ਰਿੱਛ ਦੀ ਜੂਨ ਪ੍ਰਾਪਤ ਹੋਈ ਹੁਣ ਇਹ ਜੂਨ ਭੁਗਤ ਰਿਹਾ ਹੈ।

ਇਹ ਸੁਣਕੇ ਕਲੰਦਰ ਝਟ ਬੋਲ ਪਿਆ, 'ਸੱਤ ਸਾਲ ਹੋਏ ਸਨ. ਜੀ ਮੈਂ ਇਸ ਨੂੰ ਕਾਂਸ਼ੀ ਦੇ ਜੰਗਲਾਂ ਵਿਚੋਂ ਫੜਿਆ ਸੀ ਤਦੋਂ ਇਸ ਦੀ ਉਮਰ ਮਸਾਂ ਇਕ ਸਾਲ ਦੀ ਸੀ ਆਪ ਦੇ ਬਚਨ ਸਤ ਹਨ। ਇਹ ਜਿਥੇ ਸਤਿਸੰਗ ਹੋਵੇ ਉਧਰ ਬਹੁਤ ਜਾਂਦਾ ਹੈ ਤੇ ਚੁਪ ਚਾਪ ਖਲੋਤਾ ਰਹਿੰਦਾ ਹੈ।'

ਸਤਿਗੁਰੂ ਜੀ ਨੇ ਬਚਨ ਕੀਤਾ, 'ਸਤਿ ਸੰਗਤ ਵਿਚ ਜੋ ਵੀ ਪੁਰਸ਼ ਜਾਂ ਨਾਰੀ ਆ ਬੈਠੇ ਓਹ ਸਾਰੇ ਦੇਵਤਾ ਰੂਪ ਹੋ ਜਾਂਦੇ ਹਨ। ਚੋਰ, ਸਾਧ, ਠੱਗ, ਪਾਪੀ ਤੇ ਨਿੰਦਕ ਸਭ ਇਕ ਸਮਾਨ ਹੁੰਦੇ ਹਨ। ਕਿਸੇ ਨੂੰ ਮਾੜਾ ਨਹੀਂ ਜਾਨਣਾ ਚਾਹੀਦਾ। ਜਿਸ ਵੇਲੇ ਸੰਗਤ ਨੂੰ ਪ੍ਰਸ਼ਾਦ ਵਰਤਾਇਆ ਜਾਵੇ ਤਦੋਂ ਕਿਸੇ ਨੂੰ ਮੰਦਾ ਸ਼ਬਦ ਨਹੀਂ ਬੋਲਣਾ ਚਾਹੀਦਾ, ਕਿਸੇ ਦੀ ਨਿੰਦਾ ਨਹੀਂ ਕਰਨੀ ਚਾਹੀਦੀ, ਜੋ ਨਿੰਦਾ ਕਰਦਾ ਹੈ, ਸੋ ਮਾੜਾ ਫਲ ਪਾਉਂਦਾ ਹੈ।'

ਭਾਈ ਕੀਰਤੀਆ ਨੇ ਬੇਨਤੀ ਕੀਤੀ—'ਸਚੇ ਪਾਤਸ਼ਾਹੋ ! ਅਸੀਂ ਭੁਲੇ ! ਜੀਵ ਭੁਲਣਹਾਰ ਹੈ, .ਕ੍ਰਿਪਾ ਕਰੋ ਹੁਣ ਮੇਰੇ ਪਿਤਾ ਨੂੰ ਰਿੱਛ ਤੋਂ ਮੁਕਤ ਕਰਾਓ। ਇਸਦਾ ਦੁਖ ਮੈਂ ਨਹੀਂ ਦੇਖ ਸਕਦਾ। ਮੇਰਾ ਹਿਰਦਾ ਪਾਟ ਰਿਹਾ ਹੈ ਮੇਨੂੰ ਧਰਤੀ ਵੇਹਲ ਨਹੀਂ ਦੇਂਦੀ। ਦਾਤਾਂ ਦਇਆ ਕਰੋ ! ਹੇ ਕ੍ਰਿਪਾ ਦੇ ਸਾਗਰੋ ! ਕ੍ਰਿਪਾ ਦ੍ਰਿਸ਼ਟੀ ਕਰੋ। ਇਸਦੀ ਕਲਿਆਣ ਹੋਵੇ।'

ਭਾਈ ਕੀਰਤੀਏ ਦੇ ਨੈਣ ਭਰ ਆਏ। ਓਹ ਸਚਮੁਚ ਹੀ ਰੋ ਪਿਆ ਉਸ ਦੀ ਐਸੀ ਦਸ਼ਾ ਵੇਖਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਅਕਾਲ ਪੁਰਖ ਦੀ ਕਿਰਪਾ ਤੇਰੇ ਬਾਪ ਉਤੇ ਹੋ ਚੁਕੀ ਹੈ। ਓਹ ਇਸ ਕਰਕੇ ਕਿ ਇਹ ਬਹੁਤ

Sri Satguru Jagjit Singh Ji eLibrary NamdhariElibrary@gmail.com

ਪਛਤਾਇਆ ਹੈ। ਦੂਸਰਾ ਸਤ ਸੰਗਤ ਨੂੰ ਇਸਨੇ ਵਿਸਾਰਿਆ ਨਹੀਂ। ਅਜ ਇਹ ਏਸੇ ਕਰਕੇ ਏਥੇ ਪੁਜਾ ਹੈ ਕਿ ਇਹ ਰਿੱਛ ਜੂਨ ਵਿਚੋਂ ਹੁਕਮ ਹੋ ਜਾਵੇ। ਜਾਓ ! ਧਰਮਸਾਲਾ ਵਿਚੋਂ ਕੜਾਹ ਪ੍ਰਸ਼ਾਦਿ ਲਿਆਵੋ। ਹੁਣੇ ਹੀ ਇਹ ਮੁਕਤ ਹੋ ਜਾਵੇਗਾ।

ਭਾਈ ਕੀਰਤੀਆ ਭਾਈ ਤੇਜੇ ਨੂੰ ਚੌਰ ਫੜਾਕੇ ਆਪ ਧਰਮਸਾਲਾ ਨੂੰ ਨੱਸ ਗਿਆ। ਓਥੋਂ ਕੜਾਹ ਪ੍ਰਸ਼ਾਦ ਲੈ ਆਇਆ। ਸਤਿਗੁਰੂ ਜੀ ਨੇ ਉਸ ਨੂੰ ਹੁਕਮ ਦਿਤਾ, 'ਸਤਿਨਾਮ ਵਾਹਿਗੁਰੂ ਆਖਕੇ ਇਸ (ਰਿੱਛ) ਨੂੰ ਖੁਵਾ ਦੇਹ।'

ਭਾਈ ਕੀਰਤਨੀਏ ਨੇ ਰਿੱਛ ਨੂੰ ਪ੍ਰਸ਼ਾਦ ਛਕਾ ਦਿਤਾ। ਜਿਉਂ ਹੀ ਕੜਾਹ ਪ੍ਰਸ਼ਾਦ ਅੰਦਰ ਗਿਆ, ਆਤਮਾ ਨਾਲ ਲਗਾ ਤਾਂ ਓਸੇ ਵੇਲੇ ਰਿੱਛ ਦਾ ਪੰਜ ਭੂਤਕ ਸਰੀਰ ਧਰਤੀ ਉਤੇ ਡਿੱਗ ਪਿਆ। ਉਸ ਸਰੀਰ ਵਿਚੋਂ ਸੋਭਾ ਰਾਮ ਦੀ ਰੂਹ ਉਡੀ ਤੇ ਪੁਰਖ ਰੂਪ ਧਾਰਕੇ ਅਕਾਸ਼ ਮੰਡਲ ਵਲ ਚਲੀ ਗਈ। ਉਸਨੂੰ ਜਾਂਦਿਆਂ ਹੋਇਆਂ ਕੁਝ ਗੁਰਮੁਖਾਂ ਨੇ ਦੇਖਿਆ। ਸਾਰੇ ਸਤਿਗੁਰੂ ਜੀ ਦਾ ਜਸ ਗਾਉਣ ਲਗੇ।

ਰਿੱਛ ਗਰੀਬ ਕਲੰਦਰ ਦੀ ਰੋਜੀ ਕਮਾਉਣ ਦਾ ਆਸਰਾ ਸੀ। ਰਿੱਛ ਮਰਿਆ ਦੇਖਕੇ ਓਹ ਧਾਹੀਂ ਮਾਰਨ ਲਗ ਪਿਆ। ਉਸਨੇ ਰੋਂਦਿਆਂ ਹੋਇਆਂ ਸਤਿਗੁਰੂ ਜੀ ਅਗੇ ਬੇਨਤੀ ਕੀਤੀ, 'ਹੇ ਦਾਤਾ ! ਮੈਂ ਲੁਟਿਆ ਗਿਆ, ਮੇਰਾ ਨਿੱਕਾ ਨਿੱਕਾ ਬਾਲ ਬੱਚਾ ਭੁੱਖਾ ਮਰ ਜਾਵੇਗਾ, ਕੀ ਕਰਾਂ ?'

ਸਤਿਗੁਰੂ ਜੀ ਨੇ ਕਲੰਦਰ ਨੂੰ ਉਪਦੇਸ਼ ਦਿਤਾ ਤੇ ਨਾਲ ਹੀ ਗੁਰੂ ਭੰਡਾਰੇ ਵਿਚੋਂ ਕੁਝ ਮਾਯਾ ਦਿਵਾਕੇ ਪ੍ਰਸੰਨ ਕੀਤਾ। ਓਹ ਸਤਿਗੁਰੂ ਜੀ ਦੇ ਗੁਣ ਗਾਉਂਦਾ ਹੋਇਆ ਆਪਣੇ ਵਤਨ ਨੂੰ ਚਲਿਆ ਗਿਆ।'

੨੩. ਸਿੱਖ ਸੰਗਤਾ ਦਾ ਸਤਿਗੁਰੂ ਜੀ ਨਾਲ ਪ੍ਰੇਮ

ਸਤਿਗੁਰੂ ਜੀ ਪੰਦਰਾਂ ਸਾਲ ਦੀ ਆਯੂ ਵਿਚ ਸੁੰਦਰ ਜਵਾਨ ਹੋ ਗਏ ਚਿਹਰੇ ਦਾ ਨੂਰ ਝਲਿਆ ਨਹੀਂ ਸੀ ਜਾਂਦਾ। ਪੂਰੇ ਵਿਦਵਾਨ ਤੇ ਪੂਰੇ ਸ਼ਸਤ੍ਰ ਧਾਰੀ ਬਣ ਗਏ ਸਨ। ਫਾਰਸੀ ਤੇ ਭਾਸ਼ਾ ਵਿਚ ਕਵਿਤਾ ਦਾ ਉਚਾਰਨ ਵੀ

Sri Satguru Jagjit Singh Ji eLibrary NamdhariElibrary@gmail.com

ਕਰਨ ਲਗੇ ਪਏ ਸਨ। ਘੋੜੇ ਤੇ ਸਵਾਰ ਹੋਕੇ ਜਿਗਾ ਕਲਗੀ ਸਜਾਕੇ ਦੀਨ ਦੁਨੀਆਂ ਦੇ ਸਚੇ ਪਾਤਸ਼ਾਹ ਅਨੰਦਪੁਰ ਦੇ ਚੌਗਿਰਦੇ ਦੀਆਂ ਪਹਾੜੀਆਂ ਵਿਚ ਸ਼ਿਕਾਰ ਖੇਡਣ ਜਾਂਦੇ। ਦਿਨੋ ਦਿਨ ਪਰਤਾਪ ਵਧਦਾ ਜਾਂਦਾ ਸੀ। ਤਿੰਨ ਸਾਲਾਂ ਦੇ ਸਮੇਂ ਵਿਚ ਸਤਿਗੁਰੂ ਜੀ ਪਾਸ ਤਕਰੀਬਨ ਪੰਜ ਸੌ ਜੁਆਨ ਐਸਾ ਤਿਆਰ ਹੋ ਗਿਆ ਜੋ ਲੋਹੂ ਪੈਣ ਤੇ ਦੁਸ਼ਮਨ ਨਾਲ ਲੋਹਾ ਲੈ ਸਕਦਾ ਸੀ। ਉਹਨਾਂ ਦੀਆਂ ਬਰਦੀਆਂ ਸੰਤ ਸਿਪਾਹੀਆਂ ਵਰਗੀਆਂ ਸਨ। ਇਕ ਹਥ ਮਾਲਾ ਤੇ ਦੂਸਰੇ ਹਥ ਤਲਵਾਰ ਸੀ। ਗੋਲ ਦਸਤਾਰਾ ਉਤੇ ਚਕਰ ਬਿਜਲੀ ਦੀ ਨਿਆਈਂ ਲਿਸ਼ਕਦੇ ਸਨ। ਜਿਸ ਸਮੇਂ ਸਾਰੇ ਜੁਆਨ ਘੋੜਿਆਂ ਤੇ ਸਵਾਰ ਹੋਕੇ ਦੋ ਦੋ ਦੀ ਕਤਾਰ ਵਿਚ ਚਲਦੇ ਤਾਂ ਧਰਤੀ ਦਾ ਦਿਲ ਧੜਕਦਾ। ਲੋਕ ਦੇਖਕੇ ਹੈਰਾਨ ਹੁੰਦੇ ਸਨ।

ਗਲ ਕੀ ਅਕਾਲ ਪੁਰਖ ਦੀ ਮੇਹਰ ਨਾਲ ਸਤਿਗੁਰੂ ਜੀ ਦਾ ਪਰਤਾਪ ਦਿਨ ਬਦਿਨ ਵਧਦਾ ਜਾਂਦਾ ਸੀ। ਕਵੀ, ਵਿਦਵਾਨ, ਰਾਗੀ, ਸੰਤ ਅਤੇ ਸੂਰਬੀਰ ਜੋਧੇ ਦੂਰ ਦੂਰ ਤੋਂ ਆਉਂਦੇ ਤੇ ਸਤਿਗੁਰੂ ਜੀ ਪਾਸ ਰਹਿੰਦੇ ਜਾਂਦੇ ਸਨ। ਸੰਗਤਾਂ ਬਹੁਤ ਹੀ ਪ੍ਰੇਮ ਕਰਦੀਆਂ ਸਨ। ਕਾਬਲ ਦੀ ਸੰਗਤ ਆਈ, ਸੰਗਤ ਵਿਚ ਇਕ ਦੁਨੀ ਚੰਦ ਅਮੀਰ ਸਿੱਖ ਸੀ। ਉਸਨੇ ਸਤਿਗੁਰੂ ਜੀ ਵਾਸਤੇ ਇਕ ਤੰਬੂ ਤਿਆਰ ਕਰਵਾਕੇ ਲਿਆਂਦਾ ਜਿਸ ਨਾਲ ਦਾ ਤੰਬੂ ਸ਼ਾਇਦ ਕਿਸ ਰਾਜੇ ਮਹਾਰਾਜੇ ਪਾਸ ਵੀ ਨਹੀਂ ਸੀ। ਉਸ ਤੰਬੂ ਨੂੰ ਖੁਲੇ ਮੈਦਾਨ ਵਿਚ ਲਾ ਕੇ ਦੇਖਿਆ ਗਿਆ। ਜਿਸ ਨੇ ਵੀ ਤੰਬੂ ਦੇ ਦਰਸ਼ਨ ਕੀਤੇ ਓਹੋ ਹੀ ਦੰਗ ਰਹਿ ਗਿਆ। ਉਸ ਤੰਬੂ ਉਤੇ ਜਾਨਵਰਾਂ ਦੀਆਂ ਤਸਵੀਰਾਂ ਸੂਈ ਧਾਗੇ ਨਾਲ ਕੱਢੀਆਂ ਹੋਈਆਂ ਸਨ।

ਸੰਗਤ ਬਹੁਤੀ ਆਉਣ ਤੇ ਨਿਤ ਦਿਨ ਅਨੰਦਪੁਰ ਰਹਿਣ ਲਗ ਪਈ, ਜਿਸ ਕਰਕੇ ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਖੁਲ੍ਹੀਆਂ ਇਮਾਰਤਾਂ ਉਸਾਰੀਆਂ ਜਾਣ। ਹੁਕਮ ਦੇਨ ਦੀ ਢਿੱਲ ਸੀ, ਉਸੇ ਵੇਲੇ ਭਠੇ ਚੜ੍ਹ ਗਏ ਚੂਨੇ ਪੀਸਣੇ ਸ਼ੁਰੂ ਹੋ ਗਏ ਤੇ ਰਾਜ ਮਜਦੂਰ ਪ੍ਰੇਮ ਸੇਵਾ ਕਰਨ ਵਾਸਤੇ ਆ ਪੁਜੇ। ਹਰ ਇਕ ਦੇ ਹਿਰਦੇ ਵਿਚ ਇਹ ਤੀਬਰ ਇਛਾ ਸੀ ਕਿ ਓਹ ਗੁਰੂ ਘਰ ਤੇ ਸੰਗਤ ਦੀ ਸੇਵਾ

Sri Satguru Jagjit Singh Ji eLibrary NamdhariElibrary@gmail.com

ਕਰਕੇ ਤਨ ਤੇ ਮਨ ਸਫਲ ਕਰਨ। ਅਨੇਕਾਂਸਿਖ ਐਸੇ ਆ ਪੁਜੇ ਜੋ ਸਤਿਗੁਰੂ ਜੀ ਤੇ ਸਿਖਾਂ ਦੇ ਘੋੜਿਆਂ ਵਾਸਤੇ ਹਰਿਆ ਹਰਿਆ ਘਾਹ ਖੋਤਕੇ ਲਿਆਉਣ ਲਗ ਪਏ। ਹਰਪ੍ਰਕਾਰ ਦਾ ਪਦਾਰਥ ਅਨੰਦਪੁਰ ਦੀ ਨਗਰੀਵਿਚੋਂ ਪ੍ਰਾਪਤ ਹੋਣਲਗਾ।

ਅਨੰਦਪੁਰ ਦੇ ਉਤਰ--ਪੂਰਬ ਵਲ ਪਹਾੜੀ ਹਿੰਦੂ ਰਿਆਸਤਾਂ ਸਨ। ਨਿਕੇ ਨਿਕੇ ਬਾਈ ਦੇ ਕਰੀਬ ਰਾਜੇ ਸਨ। ਓਹ ਸਾਰੇ ਮੁਗ਼ਲ ਬਾਦਸ਼ਾਹ ਪਾਸੋਂ ਬਹੁਤ ਡਰਦੇ ਸਨ।

੨੪. ਰਾਜੇ ਰਤਨ ਰਾਇ ਨੇ ਅਨੰਦਪੁਰ ਆਉਣਾ

ਨਾਵੇਂ ਪਾਤਸ਼ਾਹ ਆਸਾਮ ਗਏ ਸਨ ਤੇ ਰਾਮਰਾਇ ਜਾਂ ਰਾਮ ਰਾਜਾ ਨੂੰ ਮਿਲੇ ਸਨ ਤੇ ਪੁਤ੍ਰ ਹੋਣ ਦਾ ਵਰ ਦੇ ਆਏ ਸਨ। ਅਕਾਲ ਪੁਰਖ ਦੀ ਮੇਹਰ ਸਦਕਾ ਰਾਜਾ ਰਾਮਰਾਇ ਦੇ ਘਰਪੁਤ੍ਰਹੋ ਗਿਆ ਉਸਦਾ ਨਾਮ ਰਤਨਰਾਇਰਖਿਆ ਗਿਆ ਸੀ। ਰਤਨਰਾਇ ਬਹੁਤ ਹੀ ਸੁੰਦਰ ਤੇ ਹੋਣਹਾਰ ਬਾਲਕ ਜਨਮਿਆ ਸੀ। ਬਾਲਕ ਦਾ ਚੰਦ ਵਰਗਾ ਮੁਖੜਾ ਦੇਖਕੇ ਰਾਣੀ ਬਹੁਤ ਪ੍ਰਸੰਨ ਹੋਈ ਉਸਨੇ ਮਨ ਆਇਆ ਪੁੰਨਦਾਨ ਕੀਤਾ ਅਤੇ ਲਾਡਾਂ ਤੇ ਪਿਆਰਨਾਲਪੁਤ੍ਰ ਨੂੰ ਪਾਲਿਆ।

ਭਾਣਾ ਕਰ੍ਤਾਰ ਦਾ ਰਤਨਰਾਇ ਅਜੇ ਬਾਲ ਵਰੇਸ਼ ਵਿਚ ਹੀ ਸੀ ਕਿ ਰਾਜੇ ਰਾਮ ਰਾਇ ਦਾ ਦਿਹਾਂਤ ਹੋ ਗਿਆ। ਜਦੋਂ ਰਾਜਾ ਮੌਤ ਦੇ ਮੰਜੇ ਉਤੇ ਲੇਟਿਆ ਹੋਇਆ ਸੀ ਤਦੋਂ ਉਸਨੇ ਆਪਣੀ ਰਾਣੀ ਨੂੰ ਕੋਲ ਸਦਿਆ ਤੇ ਕਿਹਾ--

'ਮੇਰੇ ਪਿਛੋਂ ਮੇਰੇ ਮਨ ਦੀ ਇਕ ਸੱਧਰ ਪੂਰੀ ਕਰਨੀ,ਓਹ ਸੱਧਰ ਇਹ ਹੈ ਕਿ ਜਦੋਂ ਮੇਰਾ ਪੁਤ੍ਰ ਜੁਆਨ ਹੋ ਜਾਵੇ ਤਾਂ ਇਸਨੂੰ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰ ਕਰਾ ਲਿਆਵੀਂ। ਜਿਨ੍ਹਾਂ ਸਤਿਗੁਰਾਂ ਦੀ ਕਿਰਪਾ ਨਾਲ ਇਸ ਬਚੇ ਦਾ ਜਨਮ ਹੋਇਆ ਹੈ, ਉਨ੍ਹਾਂ ਦੇ ਦਰਸ਼ਨ ਕਰਨੇ ਇਸ ਵਾਸਤੇ ਅਤੀ ਜ਼ਰੂਰੀ ਹਨ ਕਿ ਉਹ ਆਪ ਪ੍ਰਮੇਸ਼ਰ ਹਨ--ਇਕ ਗਲ ਇਹ ਵੀ ਚੇਤੇ ਰਖਣੀ,ਓਹ ਗਲ ਇਹ ਕਿ ਜਦੋਂ ਮੇਰਾ ਲਾਲ ਸਤਿਗੁਰੂ ਜੀ ਦੇ ਦਰਸ਼ਨ ਕਰਣ ਜਾਵੇ ਤਾਂ ਉਨ੍ਹਾਂ ਵਾਸਤੇ ਵਧੀਆ ਸੁਗਾਤਾਂ ਲੈ ਜਾਵੇ। ਸਤਿਗੁਰਾਂ ਜੀ ਦੀ ਸੇਵਾ ਕਰਦਿਆਂ ਹੋਇਆਂ ਰਾਜ ਕੁਰਬਾਨ ਕਰਣਾ ਪਵੇ ਤਾਂ ਵੀ ਕਦੀ ਨਾ ਝਿਜਕਣਾ। ਮੇਰੀ ਪਿਆਰੀ ਰਾਣੀ ! ਕਰਤਾਰ ਦੇ

Sri Satguru Jagjit Singh Ji eLibrary NamdhariElibrary@gmail.com

ਭਾਣੇ ਨੂੰ ਕੋਈ ਨਹੀਂ ਮੇਟ ਸਕਦਾ। ਮੇਰੇ ਮਨ ਦੀਆਂ ਰੀਝਾਂ ਮਨ ਵਿਚ ਰਹਿ ਗਈਆਂ। ਪੁਤ੍ਰ ਨਾਲ ਪਿਆਰ ਕਰਨ ਦਾ ਮੌਕਾ ਨਾ ਮਿਲਿਆ, ਮੈਨੂੰ ਸੁਖੀ ਨਾ ਕਰ ਸਕਿਆ ਤੇ ਗੁਰੂ ਘਰ ਦੀ ਸੇਵਾ ਨਾ ਹੋਈ। ਕਾਲਮਹਾਂਬਲੀ ਹੈ ਆ ਹੀਪੁਜਾ।

ਰਾਜੇ ਦੀਆਂ ਸਾਰੀਆਂ ਗਲਾਂ ਸੁਣਦੀ ਹੋਈ ਰਾਣੀ ਨੇ ਹੰਝੂਆਂ ਦੀ ਝੜੀ ਵਿਚ ਆਪਣੇ ਪਤੀ ਪਿਆਰੇ ਰਾਜੇ ਰਾਮ ਨੂੰ ਬਚਨ ਦਿਤਾ ਕਿ ਉਹ ਉਨ੍ਹਾਂ ਦੀਆਂ ਸਧਰਾਂ ਨੂੰ ਪੂਰਿਆਂ ਕਰੇਗੀ। ਓਹ ਸਤਿਗੁਰੂ ਜੀ ਦੇ ਦਰਸ਼ਨ ਪੰਜਾਬ ਜਾਕੇ ਜ਼ਰੂਰ ਕਰੇਗੀ। ਸੁਗਾਤਾਂ ਵੀ ਐਸੀਆਂ ਭੇਟਾ ਕਰੇਗੀ ਜੋ ਕਦੀ ਦੇਖਣ ਸੁਨਣ ਵਿਚ ਨਾ ਆਈਆਂ ਹੋਣ।

ਰਾਜਾ ਚਲਾਣਾ ਕਰ ਗਿਆ ਰਾਣੀ ਵਿਧਵਾ ਹੋ ਗਈ ਉਹ ਸਤਵੰਤੀ ਨਾਰ ਪਤੀ ਦੇ ਪਿਆਰ ਵਿਚ ਦਿਨ ਕਟਣ ਲਗੀ। ਪਤੀ ਦੀ ਇਛਾ ਅਨੁਸਾਰ ਉਸ ਦੀ ਨਿਸ਼ਾਨੀ ਤੇ ਆਪਣੇ ਦਿਲ ਦੇ ਟੁਕੜੇ ਨੂੰ ਪਾਲਦੀ ਰਹੀ।

ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ ਉਹ ਆਪਣੀ ਚਾਲੇ ਆਪੇ ਤੁਰਿਆ ਜਾਂਦਾ ਹੈ ਜਿਉਂ ਜਿਉਂ ਸਮਾਂ ਤੁਰਿਆ ਗਿਆ ਤਿਉਂ ਤਿਉਂ ਰਾਜਕੁਮਾਰ ਰਤਨ ਰਾਇ ਉਮਰ ਵਿਚ ਵਡੇਰਾ ਹੁੰਦਾ ਗਿਆ। ਬਾਰਾਂ ਸਾਲ ਦਾ ਹੋ ਗਿਆ ਆਖਰ ਇਕ ਦਿਨ ਰਾਣੀ ਨੇ ਆਪਣੇ ਲਾਲ ਰਤਨ ਰਾਇ ਨੂੰ ਉਸਦੇ ਜਨਮ ਦੀ ਸਾਰੀ ਕਥਾ ਸੁਣਾ ਹੀ ਦਿਤੀ। ਕਥਾ ਸੁਨਾਉਣ ਪਿਛੋਂ ਰਾਣੀ ਨੇ ਕਿਹਾ--'ਬੇਟਾ! ਸਤਿਗੁਰ ਤੇਗ ਬਹਾਦਰ ਜੀ ਤਾਂ ਸ਼ਹੀਦ ਹੋ ਚੁਕੇ ਹਨ ਉਨ੍ਹਾ ਦੇ ਸਾਹਿਬਜ਼ਾਦੇ ਪੰਜਾਬ ਵਿਚ ਹਨ ਉਨ੍ਹਾਂ ਦੇ ਦਰਸ਼ਨ ਕਰਨ ਜਾਣਾ ਹੈ। ਸਤਿਗੁਰਾਂ ਦੀ ਭੇਟਾ ਕਰਨ ਵਾਸਤੇ ਜਿਨ੍ਹਾਂ ਸੁਗਾਤਾਂ ਦੀ ਲੋੜ ਹੈ ਓਹ ਮੈਂ ਵਜ਼ੀਰ ਨੂੰ ਆਖ ਕੇ ਤਿਆਰ ਕਰਵਾਉਂਦੀ ਹਾਂ।

ਜਿਵੇਂ ਆਪਦੀ ਆਗਿਆ ਮਾਤਾ ਜੀ! ਮੈਂ ਤਿਵੇਂ ਕਰਨ ਨੂੰ ਤਿਆਰ ਹਾਂ ਐਸੇ ਚੰਗੇ ਸਤਿਗੁਰੂ ਜੀ ਦੇ ਮੈਂ ਜਰੂਰ ਦਰਸ਼ਨ ਕਰਾਂਗਾ ਛੇਤੀ ਚਲਣ ਦੀ ਤਿਆਰੀ ਕਰੋ।' ਰਾਜੇ ਰਤਨ ਰਾਇ ਨੇ ਅਗੋਂ ਉਤਰ ਦਿਤਾ।

ਰਾਣੀ ਨੇ ਓਸੇ ਵੇਲੇ ਵਜ਼ੀਰ ਨੂੰ ਸਦਿਆ ਤੇ ਹੁਕਮ ਦਿਤਾ ਤੁਸਾਂ ਦੇ ਰਾਜਾ ਸਾਹਿਬ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣਾ ਹੈ ਸਤਿਗੁਰੂ ਜੀ ਦੀ ਭੇਟਾ

Sri Satguru Jagjit Singh Ji eLibrary NamdhariElibrary@gmail.com

ਵਾਸਤੇ ਕੋਈ ਨਿਰਾਲੀਆਂ ਤੇ ਅਲੌਕਿਕ ਵਸਤੂਆਂ ਚਾਹੀਦੀਆਂ ਹਨ ਜਿਵੇਂ ਕਿਵੇਂ ਹੋਵੇ ਪ੍ਰਾਪਤ ਕਰੋ।

'ਰਾਣੀ ਜੀ ਦੀ ਆਗਿਆ ਦਾ ਪਾਲਣ ਕੀਤਾ ਜਾਵੇਗਾ।' ਇਹ ਆਖਕੇ ਵਜ਼ੀਰਚਲਿਆਗਿਆ ਤੇ ਸਾਰੇ ਰਾਜ ਵਿਚ ਚੰਗੀਆਂਸੁਗਾਤਾਂ ਦੀ ਢੂੰਡਕਰਨਲਗਾ।

ਰਾਣੀ ਦੀ ਸਲਾਹ ਨਾਲ ਵਜ਼ੀਰ ਨੇ ਇਕ ਪੰਜ ਕਲਾ ਹਥਿਆਰ ਤਿਆਰ ਕਰਵਾਂਇਆ ਜਿਸ ਕਾਰੀਗਰ ਨੇ ਹਥਿਆਰ ਤਿਆਰ ਕੀਤਾ ਸੀ ਉਸ ਨੂੰ ਬਹੁਤ ਸਾਰਾ ਇਨਾਮ ਦਿਤਾ ਗਿਆ।

ਪੰਥ ਕਲਾ ਇਕ ਸ਼ਸਤ੍ਰ ਅਜਾਇਬ ॥ ਤਯਾਰ ਕਰਾਯਹੁ ਅਰਪਨ ਸਾਹਿਬ ॥
ਜਹੇ ਗਾਤਰੇ ਬਨਯੋ ਕ੍ਰਿਪਾਨ ॥ ਤੀਖਨ ਧਾਰ ਕਰਹਿ ਰਿਪ ਹਾਨ ॥
ਕਲ ਦਾਬੇ ਬਰਛੀ ਹੁਇ ਜਾਇ ॥ ਸਨਮੁਖ ਪਰ ਕੋ ਹਤਹਿ ਬਨਾਇ ॥
ਪੁਨ ਕਲ ਦਾਬੇ ਬਨਹਿ ਤਮਾਚਾ ॥ ਗਲਕਾ ਜਾਰ ਹਤਹਿ ਰਣਮਾਚਾ ॥
ਤੀਖਨ ਪੁਨ ਕਟਾਰ ਬਨ ਜਾਇ ॥ ਰਿਪ ਢਿਗ ਪਾਹੁਚੇ ਉਦਰ ਧਸਾਇ ॥
(ਸੂਰਜ ਪ੍ਰਕਾਸ਼ ਰੁਤ ਪਹਿਲੀ)

ਉਸ ਪੰਚ ਕਲਾ ਸ਼ਸਤ੍ਰ ਵਿਚ ਇਹ ਹੈਰਾਨ ਕਰਨ ਵਾਲਾ ਗੁਣ ਸੀ ਕਿ ਉਸ ਵਿਚ ਪੰਜ ਹਥਿਆਰ ਸਨ। ਉਹ ਪੰਜੇ ਇਕ ਇਕ ਸਮੇਂ ਕੰਮ ਦੇਂਦੇ ਸਨ ਅਤੇ ਝਟ ਰੂਪ ਬਦਲ ਦੇਂਦੇ ਸਨ। ਗਾਤਰੇ ਵਿਚ ਪਾਈ ਕ੍ਰਿਪਾਨ ਲਗਦੀ ਸੀ। ਜਦੋਂ ਉਹ ਦੁਸ਼ਮਨ ਨੂੰ ਮਾਰੀ ਜਾਵੇ ਤਾਂ ਉਸ ਕੋਲੋਂ ਕੋਈ ਬਚ ਨਹੀਂ ਸੀ ਸਕਦਾ ਬਿਜਲੀ ਦੇ ਸੁਵਿਚ ਵਿਚ ਬਟਨਾ ਵਾਂਗ ਬਟਨ ਲਗੇ ਹੋਏ ਸਨ, ਜੇ ਇਕ ਬਟਨ ਨਪੀਏ ਤਾਂ ਓਹੋ ਕ੍ਰਿਪਾਨ ਬਰਛੀ ਦਾ ਰੂਪ ਧਾਰ ਲੈਂਦੀ ਸੀ। ਮੁੜ ਕੇ ਬਟਨ ਨਪਨ ਨਾਲ ਤਮਾਚਾ (ਪਸਤੌਲ) ਬਣ ਜਾਂਦਾ ਸੀ। ਬੰਦੂਕ ਤੇ ਕਟਾਰ ਦਾ ਰੂਪ ਵੀ ਧਾਰ ਲੈਂਦੀ ਸੀ। ਐਸਾ ਅਸਚਰਜ ਪੰਜ ਰੂਪ ਧਾਰਨ ਵਾਲਾ ਸ਼ਸਤ੍ਰ ਅਰੋ ਕਿਸੇ ਰਾਜੇ ਮਹਾਰਾਜੇ ਪਾਸ ਨਹੀਂ ਸੀ।

ਦੂਸਰੀਆਂ ਦੋ ਚੀਜਾਂ ਹੋਰ ਹੈਰਾਨ ਕਰਨ ਵਾਲੀਆਂ ਹਨ—

ਪੁਨ ਇਕ ਚੌਕੀਲਈਅਜਾਇਬ ॥ਕਰਨ ਪ੍ਰਸੇਨਸਜਿਗੁਰੂ ਸਾਹਿਬ ॥!
ਜਬ ਇਸ ਕੀ ਕਲ ਦਾਬਨ ਕਰੈ ॥ ਪੁਤਜੀ ਚਰੂ ਨਿਕਸ ਤਹਿ ਧਰ ।
ਚੌਪਰ ਕੋ ਬਿਛਾਇ ਤਿਨ ਆਗੇ ॥ ਡਲ ਕੋ ਗਹਿ ਸੋ ਖੇਡਨ ਲਾਗੇ ॥

Sri Satguru Jagjit Singh Ji eLibrary NamdhariElibrary@gmail.com

ਪੁਨ ਲੀਨਸ ਇਕ ਜਾਮ ਕਟੇਰਾ ॥ ਇਨ ਹਿਤ ਦਰਬ ਦੀਜੋ ਨਹਿ ਥੋਰਾ ॥
(ਸੂਰਜ ਪ੍ਰਕਾਸ਼)

ਫਿਰ ਇਕ ਅਸਚਰਜ ਚੌਂਕੀ ਤਿਆਰ ਕਰਵਾਈ ਉਹ ਜਾਦੂ ਦੀ ਚੌਂਕੀ ਸੀ। ਉਸਦੀ ਕਲਾ ਨੂੰ ਨੱਪਦੇ ਤਾਂ ਚੌਂਕੀ ਵਿਚੋਂ ਪੁਤਲੀਆਂ ਪ੍ਰਗਟ ਹੋ ਜਾਦੀਆਂ ਓਹ ਚੌਪੜ ਵਿਛਾਕੇ ਖੇਡਣ ਲਗ ਜਾਂਦੀਆਂ। ਡਲਾਂ ਨੂੰ ਸੁਟਦੀਆਂ ਜਿਵੇਂ ਲਹੂ ਮਾਂਸ ਦੇ ਬਣੇਂ ਹੋਏ ਮਨੁਖ ਡਲਾਂ ਨੂੰ ਸੁਟਕੇ ਚੌਪੜ ਖੇਡਦੇ ਹਨ। ਇਹ ਖੇਡ ਦੇਖਕੇ ਉਸ ਸਮੇਂ ਦੇ ਮਨੁਖਾਂ ਦੀ ਅਕਲ ਚਕਰਾ ਜਾਂਦੀ ਸੀ। ਜਿਸਨੇ ਇਹ ਚੰਦਨ ਚੌਂਕੀ ਤਿਆਰ ਕੀਤੀ ਸੀ ਉਸਨੂੰ ਬਹੁਤ ਇਨਾਮ ਦਿਤਾ ਗਿਆ ਸੀ। ਇਨ੍ਹਾਂ ਤੋਂ ਬਿਨਾਂ ਇਕ ਹਾਥੀ ਸੀ, ਉਸ ਹਾਥੀ ਉਤੇ ਇਕ ਚਿਟੀ ਕਾਲੀ ਧਾਰੀ ਸੀ, ਉਹ ਬਹੁਤ ਸਿਆਣਾ ਹਾਥੀ ਸੀ ਉਸਨੂੰ ਦੇਖਕੇ ਲੋਕ ਕੁਦਰਤ ਦੀ ਉਸਤਤਿ ਕਰਣ ਲਗ ਪੈਂਦੇ ਸਨ । ਉਸ ਦਾ ਨਾਮ ਪਰਸਾਦੀ ਹਾਥੀ ਸੀ। ਮੋਤੀਆਂ ਦੀ ਮਾਲਾ ਤੇ ਕਲਗੀ ਆਦਿਕ ਵਸਤੂਆ ਵੀ ਸਾਥ ਤਿਆਰ ਕੀਤੀਆਂ।

ਸਭ ਵਸਤੂਆਂ (ਸੁਗਾਤਾਂ) ਤਿਆਰ ਹੋ ਗਈਆਂ ਤਾਂ ਰਾਣੀ ਨੇ,ਆਪਣੇ ਸਪੁਤ੍ਰ ਰਾਜਾ ਰਤਨ ਰਾਇ ਨੂੰ ਚਲਣ ਵਾਸਤੇ ਤਿਆਰ ਕੀਤਾ। ਰਾਜ ਦਾ ਕੰਮ ਵਜੀਰ ਨੂੰ ਸੰਭਾਲ ਕੇ ਰਾਣੀ ਤੁਰੀ। ਉਸ ਨੇ ਨਾਲ ਥੋੜੇ ਜਹੇ ਸਿਪਾਹੀ ਤੇ ਸੇਵਾਦਾਰ ਲਏ। ਗਡਿਆਂ ਉਤੇ ਰਾਹ ਦਾ ਖਰਚ ਰਖ ਲਿਆ ਅਤੇ ਪਰਸਾਦੀ ਹਾਥੀ ਅਗੇ ਅਗੇ ਤੋਰ ਲਿਆ। ਸਤਿਗੁਰੂ ਜੀ ਦੀ ਅਮਾਨਤ ਸਮਝ ਕੇ ਹਾਥੀ ਉਤੇ ਚੜ੍ਹਿਆ ਕੋਈ ਨਹੀਂ। ਹੌਲੀ ਹੌਲੀ ਅਸਾਮ ਦੀਆਂ ਹਦਾਂ ਤੋਂ ਟਪਕੇ ਉਤਰ ਪ੍ਰਦਸ਼ ਵਿਚ ਆ ਗਏ ਤੇ ਤੀਰਥਾਂ ਦੀ ਯਾਤਰਾ ਵੀ ਕਰੀ ਆਏ। ਧਨ ਪਦਾਰਥਾਂ ਦੀ ਕਮੀ ਕੋਈ ਨਹੀਂ ਸੀ। ਰਾਣੀ ਨੇ ਖੁਲੇ ਦਿਲ ਨਾਲ ਪੁੰਨ ਦਾਨ ਕੀਤਾ, ਪਰ ਮੁਖ ਸ਼ਰਧਾ ਤੇ ਪਿਆਰ ਗੁਰੂ ਘਰ ਨਾਲ ਸੀ। ਸਾਰੀਆਂ ਉਤਮ ਵਸਤੂਆਂ ਸਤਿਗੁਰੂ ਜੀ ਵਾਸਤੇ ਰਖੀਆਂ ਹੋਈਆਂ ਸਨ। ਉਹ ਸਤਿਗੁਰੂ ਜੀ ਦੀ ਹੀ ਭੇਟਾ ਹੋਣੀਆਂ ਸਨ।

ਚਲਦੇ ਚਲਦੇ ਰੋਪੜ ਆ ਪੁਜੇ। ਦੀਵਾਲੀ ਦਾ ਪੁਰਬ ਨੇੜੇ ਆਇਆ ਹੋਇਆ ਸੀ। ਦੱਖਣੀ ਪੰਜਾਬ (ਮਾਲਵੇ) ਦੀ ਸੰਗਤ ਅਨੰਦਪੁਰ ਨੂੰ ਜਾ ਰਹੀ

Sri Satguru Jagjit Singh Ji eLibrary NamdhariElibrary@gmail.com

ਸੀ। ਗਡਿਆਂ ਦੀਆਂ ਕਤਾਰਾਂ ਦੀਆਂ ਕਤਾਰਾਂ ਦੂਰ ਤਕ ਲਗੀਆਂ ਹੋਈਆਂ ਦਿਖਾਈ ਦੇਂਦੀਆਂ ਸਨ। ਸਤਿਗੁਰੂ ਜੀ ਦੇ ਦਰਸ਼ਨ ਵਾਸਤੇ ਸੰਗਤ ਵਹੀਰ ਘਤੀ ਜਾ ਰਹੀ ਸੀ। ਸੰਗਤ ਵਿਚ ਜਿੰਨੇ ਭੀ ਪਰਾਣੀ ਸਨ ਉਨੇ ਹੀ ਵਾਹਿਗੁਰੂ ਵਾਹਿਗੁਰੂ ਜਪਦੇ ਸਨ। ਹਰ ਇਕ ਦੀ ਰਸਨਾ--

'ਧੰਨ ਸਤਿਗਰ ਨਾਨਕ ਜਿਨੇ ਜਗ ਤਾਰਿਆ।'

ਜਪ ਰਹੀ ਸੀ, ਕਿਤੇ ਢੋਲਕੀਆਂ ਛੈਣੇ ਵਜ ਰਹੇ ਸਨ। ਰਾਣੀ ਤੇ ਰਾਜ ਕੁਮਾਰ ਸੰਗਤਾਂ ਦਾ ਗੁਰੂ ਨਾਲ ਪਿਆਰ ਦੇਖਕੇ ਹੈਰਾਨ ਤੇ ਗਦ ਗਦ ਹੋ ਗਏ।

ਸੰਗਤ ਦੇ ਨਾਲ ਰਲਕੇ ਰਾਣੀ ਕੀਰਤਪੁਰ ਪਹੁੰਚੀ, ਗੁਰੂ ਧਾਮ ਦੇ ਦਰਸ਼ਨ ਕੀਤੇ ਅਤੇ ਏਥੋਂ ਪੈਦਲ ਚਲ ਪਈ। ਕਿਉਂਕਿ ਕੀਰਤਪੁਰ ਤੋਂ ਅਗੇ ਪਿਆਰੇ ਪ੍ਰੀਤਮ ਸਤਿਗੁਰੂ ਜੀ ਦਾ ਦੇਸ਼ ਸੀ। ਰਥ ਵਿਚ ਬੈਠਣਾ ਚੰਗਾ ਨਾ ਜਾਤਾ। ਨਾ ਕੋਈ ਸਿਖ ਘੋੜੇ, ਗੱਡੇ ਤੇ ਰਥ ਉਤੇ ਬੈਠਕ ਗੁਰੂ ਘਰ ਵਲ ਜਾਂਦਾ ਹੋਇਆ ਦਿਖਾਈ ਦੇਂਦਾ ਸੀ। ਸਾਰੇ ਪੈਦਲ ਜਾ ਰਹੇ ਸਨ ਪੈਦਲ ਵੀ ਫਿਰ ਬਹੁਤ ਨੰਗੀਂ ਪੈਰੀਂ।

ਰਾਣੀ ਆਪਣੇ ਦਿਲ ਦੇ ਟੁਕੜੇ ਨੂੰ ਉਂਗਲੀ ਲਾਈ ਪਰੇਮ ਤੇ ਸ਼ਰਧਾ ਨਾਲ ਤੁਰੀ ਗਈ। ਆਖਰ ਗੁਰੂ ਦੀ ਨਗਰੀ ਦਿੱਸਣ ਲਗ ਪਈ। ਜਿਉਂ ਹੀ ਗੁਰੂ ਕੀ ਨਗਰੀ ਦੇ ਦਰਸ਼ਨ ਹੋਏ ਤਿਉਂ ਹੀ ਸਿਰ ਝੁਕ ਗਿਆ। ਪੈਰਾਂ ਤੋਂ ਜੁਤੀਆਂ ਲਾਹਕੇ ਸੇਵਕਾਂ ਨੂੰ ਫੜਾ ਦਿੱਤੀਆਂ। ਆਪ ਨੰਗੀ ਪੈਰੀਂ ਤੁਰ ਪਈ, ਸੁਰਤ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜ ਗਈ ਅਤੇ ਅੱਖਾਂ ਅਨੰਦਪੁਰੀ ਨੂੰ ਦੇਖਣ ਲਗੀਆਂ।

ਸਤਿਗੁਰੂ ਜੀ ਦੇ ਮਸੰਦਾਂ ਦੇ ਮੁਖੀ ਸਿੱਖਾਂ ਨੂੰ ਪਤਾ ਲਗ ਗਿਆ ਕਿ ਅਸਾਮ ਦੀ ਰਾਣੀ ਆ ਰਹੀ ਹੈ ਉਹ ਸਵਾਗਤ ਵਾਸ਼ਤੇ ਅਗੇ ਆ ਖਲੋਤੇ। ਗੁਰੂ ਘਰ ਵਲੋਂ ਜੀ ਆਇਆਂ ਨੂੰ ਆਖਿਆ ਤੇ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ 'ਗੁਰੂ ਗੁਰੂ' ਜਪਦੇ ਹੋਏ ਸਾਰੇ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਏ। ਅਗੇ ਚੜ੍ਹਦੀ ਜਵਾਨੀ, ਦਾਹੜੀ ਮੁਛ ਦੀ ਲੂੰਈਂ ਪੁੰਗਰਨ ਤੋਂ ਪਹਿਲਾਂ ਸ੍ਰੀ ਕ੍ਰਿਸ਼ਨ ਜੀ ਸਮਾਨ ਸਰਬ ਕਲਾ ਸੰਪੂਰਨ ਸਤਿਗੁਰੂ ਜੀ ਸਿੰਘਾਸਣ ਉਤੇ ਬਿਰਾਜਮਾਨ ਸਨ। ਰਬੀ ਨੂਰ ਦਾ ਪ੍ਰਕਾਸ਼ ਇਕ ਚਕਰ ਦੀ ਸੂਰਤ ਵਿਚ

Sri Satguru Jagjit Singh Ji eLibrary NamdhariElibrary@gmail.com

ਚੇਹਰੇ ਉਤੇ ਸੀ ਓਸੇ ਤਰਾਂ ਜਿਵੇਂ ਸੂਰਜ ਦੀਆਂ ਕਿਰਨਾਂ ਹੁੰਦੀਆਂ ਸਨ। ਰਿਧੀਆਂ ਸਿਧੀਆਂ ਦੇ ਮਾਲਕ ਸਤਿਗੁਰੂ ਜੀ ਬਿਰਾਜਮਾਨ ਸਨ। ਰਾਣੀ ਤੇ ਰਾਜਾ ਰਤਨ ਰਾਇ ਨੇ ਸਤਿਗੁਰੂ ਜੀ ਦੇ ਚਰਨ ਕਮਲਾਂ ਉਪਰ ਜਾ ਸਿਰ ਰਖੇ। ਸਤਿਗੁਰੂ ਜੀ ਨੇ ਦੋਹਾਂ ਦੇ ਸਿਰਾਂ ਉਪਰ ਹਥ ਰਖਕੇ ਬਚਨ ਕੀਤਾ, 'ਕਰਤਾਰ ਭਲਾ ਕਰੇ ਨਿਹਾਲ ! ਨਿਹਾਲ !! ਇਨ੍ਹਾਂ ਬਚਨਾਂ ਦੇ ਨਾਲ ਹੀ ਮਾਂ ਪੁਤ ਦਾ ਜਨਮ ਮਰਨ ਸਵਾਰ ਦਿਤਾ। ਅਗੇ ਦੇ ਸਾਰੇ ਡਰ ਦੂਰ ਕਰ ਦਿਤੇ।

ਮੱਥਾ ਟੇਕਣ ਪਿਛੋਂ ਰਾਣੀ ਨੇ ਚੰਦਨ ਦੀ ਚੌਂਕੀ, ਮੋਤੀਆਂ ਦੀ ਮਾਲਾ, ਕਲਗੀ ਆਦਿਕ ਵਸਤੂਆਂ ਸਤਿਗੁਰੂ ਜੀ ਦੇ ਅਗੇ ਰਖੀਆਂ ਹਰ ਇਕ ਵਸਤੂ ਦੇ ਗੁਨ ਪਰਗਟ ਕੀਤੇ। ਗੁਣਾਂ ਨੂੰ ਦੇਖਕੇ ਸਤਿਗੁਰੂ ਜੀ ਪਰਸੰਨ ਹੋਏ ਤੇ ਸਿਖ ਸੰਗਤ ਪ੍ਰਸੰਨਤਾ ਦੇ ਨਾਲ ਹੈਰਾਨ ਵੀ ਹੋਈ। ਪ੍ਰਸਾਦੀ ਹਾਥੀ ਦੀ ਵੀ ਮੇਵੜੇ ਪਾਸੋਂ ਅਰਦਾਸ ਕਰਾਈ। ਜਦੋਂ ਅਰਦਾਸ ਹੋ ਗਈ, ਵਸਤੂਆਂ ਦਿਖਾਈਆਂ ਜਾ ਚੁਕੀਆਂ ਤਾਂ ਰਤਨ ਰਾਇ ਨੇ ਦੋਵੇਂ ਹਥ ਜੋੜਕੇ ਬੇਨਤੀ ਕੀਤੀ—

ਸਦਾ ਦਾਸ ਯਹਿ ਸਤਿਗੁਰ ਘਰ ਕੋ। ਸਿਖੀ ਬਖਸ਼ੁ ਦੇਕਰ ਬਰਕੋ॥
ਸੁਣਤ ਮਹਾਤਮ ਉਪਜਯੋ ਪ੍ਰੇਮ। ਸ੍ਰੀ ਗੁਰ ਦਾਤੇ ਜੇ ਗੁਨ ਛੇਮ॥
ਅਪਨੇ ਜਾਨਹੁ ਜਾਪ ਕਰੀਜੈ। ਚਰਨ ਕਮਲ ਕੀ ਪਾਹੁਲ ਦੀਜੈ॥
ਸੂਰਜ ਪ੍ਰਕਾਸ਼)

ਹੇ ਪ੍ਰਭੂ ! ਮੈਂ ਗੁਰੂ ਘਰ ਦੀ ਸੋਭਾ ਸੁਣਕੇ ਆਇਆ ਹਾਂ, ਸਦਾ ਦਾਸ ਬਣਕੇ ਰਹਾਂਗਾ। ਕ੍ਰਿਪਾਲਤਾ ਕਰੋ ਤੇ ਸਿੱਖੀ ਬਖਸ਼ੋ ! ਕੇਸਾਂ ਸੁਵਾਸਾਂ ਨਾਲ ਸਿਖੀ ਨਿਭੇ ਇਹ ਮੈਨੂੰ ਵਰ ਦੇਵੋ। ਆਪਦੇ ਜਸ ਨੂੰ ਮਾਤਾ ਪਾਸੋਂ ਸੁਣਿਆਂ ਸੀ, ਜਸ ਸੁਣ ਸੁਣਕੇ ਆਪਦੇ ਚਰਨ ਕਮਲਾਂ ਦਾ ਭੌਰਾ ਬਣ ਗਿਆ ਹਾਂ। ਆਪ ਗੁਰਦੇਵ ਹੋ ! ਗੁਣਾਂ ਦੇ ਭੰਡਾਰ ਹੋ। ਆਪ ਦਾ ਅੰਤ ਨਹੀਂ ਪਾਇਆ ਜਾ ਸਕਦਾ। ਦਇਆ ਕਰੋ ! ਵਾਹਿਗੁਰੂ ਦੀ ਭਗਤੀ ਦਾ ਦਾਨ ਬਖਸ਼ੋ ਤੇ 'ਚਰਨ ਪਾਹੁਲ' (ਦੀਖਸ਼ਾ) ਦੇਵੋ। ਮੈਂ ਜੀਵਨ ਭਰ ਆਪਦਾ ਸੇਵਕ ਰਹਾਂਗਾ।

ਰਤਨ ਰਾਇ ਦੀ ਇਹ ਬੇਨਤੀ ਸੁਣਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਰਤਨ ਰਾਇ ਨੂੰ ਨਿਹਾਲ ਕਰ ਦਿੱਤਾ। ਪਾਹੁਲ

Sri Satguru Jagjit Singh Ji eLibrary NamdhariElibrary@gmail.com

ਵੇਖ ਕੇ ਮਿੱਖੀ ਬਖਸ਼ੀ ਨਾਲ ਹੀ ਸੇਵਕਾਂ ਨੂੰ ਹੁਕਮ ਦਿਤਾ ਕਿ ਰਾਜਾ ਰਤਨਰਾਇ ਦੇ ਡੇਰੇ ਨੂੰ ਰਾਸ਼ਨ, ਘਾਹ ਤੇ ਲੋੜੀਂਦਾ ਸਾਮਾਨ ਖੁਲ੍ਹਾ ਦਿਤਾ ਜਾਵੇ। ਕਿਸੇ ਤਰਾਂ ਦੀ ਇਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ। ਹਰ ਤਰਾਂ ਪੂਰੀ ਰਖਵਾਲੀ ਹੋਵੇ। ਰਾਣੀ ਤੇ ਉਸਦਾ ਪੁਤ੍ਰ ਰਾਜਾ ਰਤਨ ਰਾਇ ਸਤਿਗੁਰੂ ਜੀ ਦਾ ਸ਼ਾਹੀ ਪ੍ਰਤਾਪ ਦੇਖ ਕੇ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਵਾਸਤੇ ਉਨ੍ਹਾਂ ਦੇ ਹਿਰਦਿਆਂ ਵਿਚ ਸ਼ਰਧਾ ਕਈ ਗੁਨਾ ਵਧ ਗਈ। ਉਹ ਦੋਵੇਂ ਵੇਲੇ ਕੀਰਤਨ ਸੁਣਕੇ ਅਤੇ ਗੁਰੂ ਕੇ ਲੰਗਰ ਤੇ ਸੰਗਤ ਵਿਚ ਸੇਵਾ ਕਰਕੇ ਤਨ ਮਨ ਸਫਲ ਕਰਨ ਲਗੇ। ਵਾਹਿਗੁਰੂ ਦੇ ਸਿਮਰਨ ਨਾਲ ਉਨ੍ਹਾਂ ਦਾ ਮਨ ਜੁੜ ਗਿਆ।

ਦੀਪਮਾਲਾ ਦਾ ਪੁਰਬ ਮਨਾਕੇ ਅਤੇ ਇਕ ਮਹੀਨਾ ਗੁਰੂ ਘਰ ਦੀ ਸੇਵਾ ਕਰਕੇ ਰਾਣੀ ਆਪਣੇ ਬੇਟੇ ਨੂੰ ਨਾਲ ਲੈਕੇ ਆਪਣੇ ਵਤਨ ਨੂੰ ਮੁੜ ਗਈ।

੨੫. ਭਾਈ ਗਗਨ ਮਲ ਦਾ ਗੁਰੂ ਘਰ ਨਾਲ ਪਿਆਰ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਬਹੁਤ ਦੂਰ ਦੂਰ ਤਕ ਖਿਲਰ ਗਈ ਸੀ। ਸਿੰਧ ਦੇ ਲੋਕ ਵੀ ਗੁਰੂ ਘਰ ਦੇ ਸ਼ਰਧਾਲੂ ਬਣ ਗਏ ਸਨ। ਸਤਿਗੁਰੂ ਜਾਂ ਦੀ ਚੰਗੀ ਕ੍ਰਿਪਾ ਦ੍ਰਿਸ਼ਟੀ ਦੇ ਕਾਰਨ ਉਨ੍ਹਾਂ ਨੂੰ ਭਾਗ ਵੀ ਬਹੁਤ ਲਗਾ ਸੀ, ਮਾਯਾ ਤੇ ਇਜ਼ਤ ਉਨ੍ਹਾਂ ਦੇ ਚਰਨ ਚੁੰਮਦੀ ਫਿਰਦੀ ਸੀ। ਜੋ ਵਾਹਿਗੁਰੂ ਤੇ ਗੁਰੂ ਘਰ ਦਾ ਹੋ ਜਾਂਦਾ ਹੈ ਜਗਤ ਓਹਦਾ ਹੋ ਜਾਂਦਾ ਹੈ ਇਹ ਗਲ ਸਤਜ ਹੈ। ਸਿੰਧੀ ਲੋਕਾਂ ਦਾ ਗੁਰੂ ਘਰ ਨਾਲ ਅਜ ਵੀ ਬਹੁਤ ਪ੍ਰੇਮ ਹੈ, ਤੇ ਉਹ ਅਮੀਰ ਵੀ ਚੰਗੇ ਹਨ।

ਸਿੰਧ ਦੇ ਸ਼ਹਿਰ ਸ਼ਿਕਾਰਪੁਰ ਦਾ ਸ਼ਾਹੂਕਾਰ ਗਗਨ ਮਲ ਸੀ। ਉਹ ਬਿਉਪਾਰੀ ਆਦਮੀ ਸੀ, ਬਿਉਪਾਰ ਵਿਚ ਉਸਨੂੰ ਬਹੁਤ ਲਾਭ ਹੁੰਦਾ ਸੀ, ਉਸਨੂੰ ਲਾਭ ਹੋਣ ਦਾ ਇਹ ਵੀ ਕਾਰਨ ਸੀ ਕਿ ਉਹ ਆਪਣੀ ਕਮਾਈ ਵਿਚੋਂ ਗੁਰੂ ਘਰ ਵਾਸਤੇ ਦਸਵੰਧ ਜ਼ਰੂਰ ਕਢਿਆ ਕਰਦਾ ਸੀ। ਜੇ ਦੱਸ ਹਜ਼ਾਰ ਦਾ ਲਾਭ ਹੋਵੇ ਤਾਂ ਹਜ਼ਾਰ ਰੁਪਿਆ ਪਹਿਲਾਂ ਕੱਢ ਲੈਂਦਾ। ਕੁਝ ਕਾਰਨਾਂ ਦੇ ਕਾਰਨ ਉਹ ਅਨੰਦਪੁਰ ਦਸਵੰਧ ਨਾ ਭੇਜ ਸਕਿਆ ਅਤੇ ਨਾ ਹੀ ਕੋਈ ਮਸੰਦ ਜਾਂ ਸੇਵਕ ਦਸਵੰਧ ਲੈਣ ਵਾਸਤੇ ਗਿਆ। ਰਕਮ ਬਹੁਤ ਸਾਰੀ ਇਕੱਠੀ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਸਾਰੇ ਭਾਰਤ ਵਿਚ ਹੋਲੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਕਦੀ ਇਹ ਤਿਉਹਾਰ ਚੰਗਾ ਹੋਵੇਗਾ ਪਰ ਸਤਾਰਵੀਂ ਸਦੀ ਵਿਚ ਤੇ ਅਜ ਵੀ ਕਿਸੇ ਕਿਸੇ ਇਲਾਕੇ ਵਿਚ ਇਹ ਤਿਉਹਾਰ ਬਹੁਤ ਗੰਦਾ ਹੈ। ਲੋਕਾਂ ਦੇ ਉਤੇ ਮਿਟੀ, ਮੈਲਾ, ਕੋਲੇ, ਸਵਾਹ ਅਤੇ ਗੰਦ ਆਦਿਕ ਸੁਟਕੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਬੁਰਿਆਈ ਤੋਂ ਬਚਾਉਣ ਵਾਸਤੇ ਸਤਿਗੁਰੂ ਜੀ ਨੇ 'ਹੋਲੇ ਮਹੱਲੇ' ਦਾ ਨਾਮ ਰਖਕੇ ਨਵੇਂ ਢੰਗ ਨਾਲ ਹੀ ਇਸ ਤਿਉਹਾਰ ਨੂੰ ਮਨਾਉਣਾ ਸ਼ੁਰੂ ਕੀਤਾ। ਅਨੰਦਪੁਰ ਸੰਗਤ ਨੂੰ ਸਦਿਆ ਗਿਆ। ਪੁੰਨਿਆਂ ਵਾਲੇ ਦਿਨ ਸੰਗਤ ਦਾ ਜਲੂਸ ਕਢਿਆ ਗਿਆ ਤੇ ਉਸ ਜਲੂਸ ਵਿਚ ਨੇਜਾ ਬਾਜੀ, ਘੋੜ ਦੌੜ, ਤਲਵਾਰ ਅਤੇ ਹੋਰ ਅਨੇਕਾਂ ਫਰਜ਼ੀ ਜੁਧ ਆਦਿਕ ਖੇਡਾਂ ਖਿਡਾਈਆਂ ਗਈਆਂ। ਪਹਿਲਾਂ ਦੀਵਾਨ ਕੀਤੇ ਸਨ। ਦੀਵਾਨਾਂ ਦੇ ਵਿਚ ਢਾਡੀ ਤੇ ਰਾਗੀ ਸਿੱਖਾਂ ਨੇ ਬਹਾਦਰਾਂ ਦੀਆਂ ਵਾਰਾਂ ਪੜ੍ਹ ਕੇ ਜੁਆਨਾਂ ਦੇ ਲਹੂ ਨੂੰ ਗਰਮਾਇਆ ਸੀ। ਜੁਸ਼ੀਲੀ ਤੇ ਅਣਖੀਲੀ ਰੂਹ ਫੂਕੀ ਸੀ।

ਇਸ ਹੋਲੇ ਮਹੱਲੇ ਦੇ ਪੁਰਬ ਨੂੰ ਦੇਖਣ ਵਾਸਤੇ ਦੂਰੋਂ ਦੂਰੋਂ ਸਿੱਖ ਸੰਗਤ ਆਈ ਹੋਈ ਸੀ। ਗਗਨ ਮਲ ਵੀ ਏਸੇ ਸੁਨਹਿਰੀ ਮੌਕੇ ਅਨੰਦ ਪੁਰ ਪੁਜਾ। ਉਸਨੇ ਕਈਆਂ ਸਾਲਾਂ ਦੇ ਇਕਠੇ ਹੋਏ ਹੋਏ ਦਸਵੰਧ ਦੀ ਰਕਮ ਸਤਿਗੁਰੂ ਜੀ ਦੀ ਭੇਟਾ ਕੀਤੀ। ਉਹ ਰਕਮ ਦੱਸ ਹਜ਼ਾਰ ਸੀ ਤੇ ਉਸਦੇ ਨਾਲ ਦੁਸ਼ਾਲੇ ਅਤੇ ਘੋੜੇ ਵੀ ਸਨ। ਜਿਸ ਵੇਲੇ ਗਗਨ ਮਲ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਸੀ ਉਸ ਸਮੇਂ ਸਤਿਗੁਰੂ ਜੀ ਪਾਸ ਦੀਵਾਨ ਵਿਚ ਕਈ ਰਾਜੇ ਤੇ ਸਰਦਾਰ ਸਨ। ਓਹ ਸਿੱਖ ਦੀ ਸ਼ਰਧਾ ਭਗਤੀ ਦੇਖਕੇ ਦੰਗ ਰਹਿ ਗਏ। ਸਤਿਗੁਰੂ ਜੀ ਨੇ ਵਰ ਦਿਤੇ ਅਤੇ ਓਹਦੇ ਜਨਮ ਮਰਨ ਦੀ ਫਾਹੀ ਨੂੰ ਕਟਿਆ।

ਹੋਲੇ ਮਹੱਲੇ ਦਾ ਮੇਲਾ ਪੰਜ ਦਿਨ ਰਿਹਾ, ਪੰਜੇ ਦਿਨ ਹੀ ਬਹੁਤ ਰੌਣਕਾਂ ਰਹੀਆਂ। ਸਤਿਗੁਰੂ ਜੀ ਸਿੰਘਾਸਣ ਤੇ ਬਿਰਾਜਮਾਨ ਹੋਕੇ ਸਤਿਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਪ੍ਰਚਾਰ ਕਰਦੇ ਰਹੇ। ਸੰਗਤਾਂ ਧਰਮ ਉਪਦੇਸ਼ ਦੀ ਅੰਮ੍ਰਿਤ ਬੂੰਦ ਪੀਂਦੀਆਂ ਰਹੀਆ।

Sri Satguru Jagjit Singh Ji eLibrary NamdhariElibrary@gmail.com

੨੬. ਰਣਜੀਤ ਨਗਾਰਾ

'ਰਾਜ ਸਾਜ ਹਮ ਪਰ ਜਬ ਆਜੋ ॥ ਜਥਾ ਸ਼ਕਤ ਤਬ ਧਰਮ ਚਲਾਜੋ ॥
ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ ॥ ਮਾਰੇ ਰੀਛ ਰੋਝ ਝੰਖਾਰਾ ॥
(ਬਚਿੱਤ੍ਰ ਨਾਟਕ)

ਸਤਿਗੁਰ ਜੀ ਫੁਰਮਾਉਂਦੇ ਹਨ ਕਿ ਜਦੋਂ ਅਸੀਂ ਰਾਜ ਕਾਜ ਕਰਨ ਲਗੇ (ਜਵਾਨ ਹੋਏ) ਤਾਂ ਆਪਣੇ ਬਲ ਅਨੁਸਾਰ ਅਸਾਂ ਧਰਮ ਚਲਾਇਆ ਅਤੇ ਕਈਆਂ ਜੰਗਲਾਂ ਵਿਚ ਜਾਕੇ ਸ਼ਿਕਾਰ ਵੀ ਖੇਡਿਆ। ਅਨੇਕਾਂ ਰਿੱਛ ਤੇ ਸ਼ੇਰ ਮਾਰੇ।

ਸਾਹਿਬਾਂ ਦਾ ਇਹ ਬਚਨ ਆਪਣਾ ਉਚਾਰਿਆ ਹੋਇਆ ਹੈ। ਸ਼ਿਕਾਰ ਖੇਡਣ ਦਾ ਸ਼ੌਕ ਸ਼ੁਰੂ ਤੋਂ ਸੀ, ਜਿਉਂ ਜਿਉਂ ਜਵਾਨ ਹੁੰਦੇ ਗਏ ਤਿਉਂ ਤਿਉਂ ਸ਼ਿਕਾਰ ਦਾ ਪਰੇਮ ਵਧਦਾ ਗਿਆ ਤੇ ਮੈਨਿਕ ਬਲ ਵਿਚ ਵਾਧਾ ਹੁੰਦਾ ਗਿਆ। ਸੰਮਤ ੧੭੩੯ ਬਿ: ਵਿਚ ਸਤਿਗੁਰੂ ਜੀ ਦੀ ਆਯੂ ਅਠਾਰਾਂ ਸਾਲ ਦੀ ਹੋ ਚੁਕੀ ਸੀ। ਸਾਹਿਬ ਵਿਦਿਆ ਪੜ੍ਹ ਚੁਕੇ ਸਨ, ਹਿੰਦੀ, ਗੁਰਮੁਖੀ, ਸੰਸਕ੍ਰਿਤ ਅਤੇ ਫ਼ਾਰਸੀ ਜਬਾਨਾਂ ਦੇ ਮਾਹਿਰ ਹੋ ਚੁਕੇ ਸਨ। ਆਪ ਨੇ ਕਵਿਤਾ (ਬਾਣੀ) ਉਚਾਰਨੀ ਸ਼ੁਰੂ ਕਰ ਦਿਤੀ ਸੀ, ਬੀਰ ਰਸ ਦਾ ਪ੍ਰਚਾਰ ਕਰਨ ਵਾਸਤੇ ਢਾਡੀ ਤੇ ਕਵੀ ਦੂਰ ਦੂਰ ਤੋਂ ਸੱਦ ਕੇ ਕੋਲ ਰਖੇ ਸਨ।

ਸਾਹਿਬਾਂ ਦਾ ਜੀਵਨ ਨਿਸ਼ਾਨਾ ਬਹੁਤ ਉਚਾ ਸੀ। ਉਹ ਗੁਲਾਮ ਭਾਰਤ ਨੂੰ ਸੁਤੰਤਰ ਕਰਨ ਦੀਆਂ ਵਿਉਂਤਾਂ ਸੋਚ ਰਹੇ ਸਨ। ਹਿੰਦੂਆਂ ਦੇ ਮਨਾ ਉਤੇ ਜੋ ਮੁਗਲਾਂ (ਮੁਸਲਮਾਨਾਂ) ਦਾ ਡਰ ਬੈਠਾ ਹੋਇਆ ਸੀ, ਉਸ ਨੂੰ ਦੂਰ ਕਰਕੇ ਚਿੜੀਆਂ ਤੋਂ ਸ਼ੇਰ ਬਨਵਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਉਚੇ ਪ੍ਰਣ ਕੀਤੇ ਸਨ ਪਰ ਕੀਤਾ ਸਭ ਕੁਝ ਅਕਾਲ ਪੁਰਖ ਦੇ ਆਸਰੇ ਸੀ। ਏਸੇ ਕਰਕੇ ਸਾਹਿਬਾਂ ਨੇ ਅਕਾਲ ਪੁਰਖ ਦੀ ਬਹੁਤ ਉਸਤਤਿ ਕੀਤੀ ਹੈ।

ਸਤਿਗੁਰੂ ਜੀ ਦੇ ਬਚਪਨ ਦੇ ਸਾਥੀ ਜਵਾਨ ਹੋ ਗਏ ਸਨ। ਦੌਲਤ ਦੀ ਕਮੀ ਨਹੀਂ ਸੀ ਰਹੀ। ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਕੇਸਰੀ ਨਿਸ਼ਾਨ ਸਾਹਿਬ ਦੇ ਨਾਲ ਨਗਾਰਾ ਹੋਣਾ ਚਾਹੀਦਾ ਹੈ। ਕਿਲੇ ਵੀ ਬਣਵਾਏ ਜਾਣ

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਕਿਸੇ ਸੁਤੰਤਰ ਰਾਜੇ ਜਾਂ ਬਾਦਸ਼ਾਹ ਪਾਸ ਓਹਦਾ ਆਪਣਾ ਝੰਡਾ, ਆਪਣੀ ਫੌਜ, ਆਪਣਾ ਖਜਾਨਾ, ਕਿਲੇ ਤੇ ਆਪਣਾ ਨਗਾਰਾ ਹੋਣਾਬਹੁਤਜ਼ਰੂਰੀ ਹੈ। ਸਤਿਗੁਰ ਜੀ ਧਰਮ ਦਾ ਰਾਜ ਕਾਇਮ ਕਰਨਾ ਚਾਹੁੰਦੇ ਸਨ, ਇਸ ਵਾਸਤੇ ਪਾਤਸ਼ਾਹੀ ਸਿਲਸਿਲੇ ਕਾਇਮ ਕਰਨ ਦੇ ਪੈਂਤੜੇ ਬੰਨ੍ਹ ਲਏ ਸਨ. ਓਸੇ ਵੇਲੇ ਨੰਦ ਚੰਦ ਜੀ ਦੀ ਡਿਊਟੀ ਲਾਈ ਗਈ ਕਿ ਉਹ ਆਪ ਕੋਲ ਬੈਠਕੇ ਨਗਾਰਾ ਤਿਆਰ ਕਰਵਾਏ। ਨਗਾਰੇ ਦੀ ਲੋਹੇ ਦੀ ਦੇਗ ਦਾ ਲੋਹਾ ਕੱਚਾ ਨਾ ਰਹੇ ਤੇ ਖੱਲ ਚੰਗੀ ਤਰ੍ਹਾਂ ਨਾਲ ਮੜ੍ਹਾਇਆ ਜਾਵੇ, ਕਿਸੇ ਤਰ੍ਹਾਂ ਦੀ ਕਮੀ ਨਾ ਰਹੇ। ਜਦੋਂ ਨਗਾਰਾ ਤਿਆਰ ਹੋਵੇ ਤਾਂ ਓਹਦੀ ਅਵਾਜ਼ ਬੱਦਲ ਵਾਂਗ ਗੂੰਜੇ, ਪਹਾੜ ਕੰਬ ਉਠਣ ਤੇ ਦੁਸ਼ਮਣਾਂ ਦੀ ਨੀਂਦ ਹਰਾਮ ਹੋ ਜਾਵੇ।

ਸਤਿਗੁਰਾਂ ਦੀ ਆਗਿਆ ਦਾ ਪਾਲਣ ਹੋ ਗਿਆ, ਪੂਰੇ ਮਹੀਨੇ ਪਿਛੋਂ ਨਗਾਰਾ ਤਿਆਰ ਹੋਇਆ। ਜਦੋਂ ਓਸ ਨਗਾਰੇ ਉਤੇ ਚੋਟ ਲਾਈ ਗਈ ਤਾਂ ਓਹਦੀ ਆਵਾਜ਼ ਨੇ ਪਰਬਤ ਕੰਬਾ ਦਿਤੇ। ਸ਼ਹਿਰ ਵਾਸੀ ਭੈ ਭੀਤ ਹੋ ਗਏ ਤੇ ਪਹਾੜੀ ਰਿਆਸਤਾਂ ਦੀਆਂ ਸਰਹੱਦਾਂ ਤੇ ਖਲੋਤੇ ਹੋਏ ਉਨ੍ਹਾਂ ਦੇ ਪਹਿਰੇਦਾਰ ਡਰ ਗਏ। ਉਨ੍ਹਾਂ ਸਮਝਿਆ ਸ਼ਾਇਦ ਕਿਸੇ ਪਾਤਸ਼ਾਹੀ ਦੀਆਂ ਫੌਜਾਂ ਰਾਜ ਤੇ ਚੜ੍ਹਕੇ ਆ ਪੁਚੀਆਂ ਹਨ। ਨਗਾਰੇ ਦੀ ਅਵਾਜ਼ ਸੁਣਕੇ ਸਤਿਗੁਰ ਜੀ ਬਹੁਤ ਪ੍ਰਸਨ ਹੋਏ ਤੇ ਉਸਦਾ ਨਾਮ 'ਰਣਜੀਤ ਨਗਾਰਾ' ਰੱਖ ਦਿਤਾ।

ਰਣਜੀਤ ਨਗਾਰੇ ਦੇ ਤਿਆਰ ਹੋਣ ਦੀ ਚਰਚਾ ਬਹੁਤ ਹੋ ਗਈ। ਮਸੰਦ ਮੇਵੜੇ ਅਤੇ ਕੜਾਹ ਪ੍ਰਸ਼ਾਦ ਛਕਣ ਵਾਲੇ ਸਿਖ ਭੈ ਭੀਤ ਹੋ ਗਏ। ਉਨ੍ਹਾਂ ਨੇ ਜਾਕੇ ਮਾਤਾ ਗੁਜਰੀ ਜੀ ਨੂੰ ਕਿਹਾ—'ਮਾਤਾ ਜੀ ! ਇਹ ਬਹੁਤ ਖਤਰਨਾਕ ਗੱਲ ਹੈ ਕਿ ਰਾਜਿਆਂ ਤੇ ਬਾਦਸ਼ਾਹਾਂ ਦੇ ਮੁਕਾਬਲੇ ਰਣਜੀਤ ਨਗਾਰਾ ਬਣਾ ਲਿਆ ਹੈ, ਇਸਨੂੰ ਇਨ੍ਹਾਂ ਪਹਾੜੀਆਂ ਵਿਚ ਨਹੀਂ ਖੜਕਾਉਣਾ ਚਾਹੀਦਾ। ਰਾਜੇ ਨਰਾਜ਼ ਹੋ ਜਾਣਗੇ। ਖਾਹਮਖਾਹ ਵੈਰ ਹੋਵੇਗਾ। ਆਪ ਸਤਿਗੁਰ ਜੀ ਨੂੰ ਸਮਝਾਉਣਾ।'

ਮਾਤਾ ਗੁਜਰੀ ਜੀ ਅਗੇ ਹੀ ਬਹੁਤ ਡਰੇ ਹੋਏ ਸਨ। ਉਨ੍ਹਾਂ ਦੇ ਪਤੀ ਪ੍ਰਮੇਸ਼ਰ (ਸਤਿਗੁਰ ਤੇਗ ਬਹਾਦਰ ਜੀ) ਨੂੰ ਸ਼ਹੀਦ ਕੀਤਾ ਗਿਆ ਸੀ। ਉਸਨੂੰ

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਚੇਤੇ ਆਇਆ। ਓਹ ਡਰ ਗਈ ਕਿ ਕਿਤੇ ਓਹਦੇ ਦਿਲ ਦੇ ਟੁਕੜੇ ਨੂੰ ਭੀ ਅਬੀ ਨਬੀ ਨਾ ਹੋਵੇ। ਜਦੋਂ ਸਤਿਗੁਰ ਜੀ ਘਰ ਪੁਜੇ ਤਾਂ ਮਾਤਾ ਜੀ ਨੇ ਉਨ੍ਹਾਂ ਨੂੰ ਆਖਿਆ—'ਬੇਟਾ ! ਮੈਂ ਇਕ ਗਲ ਆਖਣਾ ਚਾਹੁੰਦੀ ਹਾਂ।'

ਕਹੋ ਮਾਤਾ ਜੀ ! ਇਕ ਨਹੀਂ ਸਗੋਂ ਜਿੰਨੀਆਂ ਗਲਾਂ ਜੀ ਕਹੇ ਕਰੋ, ਤੁਸੀਂ ਮੇਰੇ ਚੰਗੇ ਮਾਤਾ ਜੀ ਹੋ।' ਸਤਿਗੁਰ ਜੀ ਨੇ ਉਤਰ ਦਿੱਤਾ।

'ਬੇਟਾ ! ਪਹਿਲੇ ਤਾਂ ਸ਼ਿਕਾਰ ਖੇਡਣਾ ਛੱਡ ਦੇਵੋ, ਜੇ ਨਹੀ ਛੱਡਣਾ ਤਾਂ ਪਰਬਤ ਵਲ ਨਾ ਜਾਇਆ ਕਰੋ ਤੇ ਰਣਜੀਤ ਨਗਾਰਾ ਨਾ ਵਜਾਇਓ, ਜੇ ਸ਼ਿਕਾਰ ਵੀ ਖੇਡਣਾ ਹੈ ਤੇ ਨਗਾਰਾ ਵੀ ਵਜਾਉਣਾ ਹੈ ਤਾ ਮਾਲਵੇ ਵਲ ਚਲੇ ਜਾਵੋ। ਮਾਲਵੇ ਵਿਚ ਸਿੱਖੀ ਸੇਵਕੀ ਬਹੁਤ ਹੈ। ਏਧਰ ਇਹ ਨਗਾਰਾ ਖੜਕਾ ਕੇ ਰਾਜਿਆਂ ਨਾਲ ਦੁਸ਼ਮਨੀ ਨਾ ਸਹੇੜੀ ਜਾਵੇ।'

ਮਾਤਾ ਜੀ ਤੋਂ ਇਹ ਬਚਨ ਸੁਣਕੇ ਸਤਿਗੁਰੂ ਜੀ ਸਭ ਕੁਝ ਜਾਣਦੇ ਹੋਏ ਤੇ ਮੁਸਕਰਾਉਂਦੇ ਹੋਏ ਕਹਿਣ ਲਗੇ—'ਮਾਤਾ ਜੀ ! ਅਕਾਲ ਪੁਰਖ ਵਲ ਧਿਆਨ ਕਰੋ। ਜੋ ਕੁਝ ਹੋ ਰਿਹਾ ਹੈ, ਸਭ ਕੁਝ ਅਕਾਲ ਪੁਰਖ ਦੀ ਇਛਾ ਨਾਲ ਹੋ ਰਿਹਾ ਹੈ। ਭੈ ਭੀਤ ਹੋਣ ਦੀ ਲੋੜ ਨਹੀਂ। ਇਹ ਪਹਾੜੀ ਰਾਜੇ ਅਸਾਂ ਦਾ ਕੁਝ ਨਹੀਂ ਵਿਗਾੜ ਸਕਦੇ, ਇਹ ਤਾਂ ਖੁਦ ਗਲਾਮ ਹਨ, ਪੱਥਰ ਪੂਜ ਹਨ, ਅਸੀਂ ਅਕਾਲ ਪੁਰਖ ਦੀ ਪੂਜਾ ਕਰਨ ਵਾਲੇ, ਓਹ ਪੱਥਰ ਦੇ ਪੁਜਾਰੀ। ਚੰਗੇ ਮਾਤਾ ਜੀ ! ਅਜੇ ਤਾਂ ਇਕ ਰਣਜੀਤ ਨਗਾਰਾ ਹੈ, ਅਸਾਂ ਤਾਂ ਕਈ ਹੋਰ ਨਗਾਰੇ ਤਿਆਰ ਕਰਨੇ ਹਨ। ਕਿਲੇ ਉਸਾਰੇ ਜਾਣੇ ਹਨ ਤੇ ਘੋੜਿਆਂ ਦੀਆਂ ਟਾਪਾਂ ਨਾਲ ਪਰਬਤਾਂ ਨੂੰ ਕੰਬਾਇਆ ਜਾਣਾ ਹੈ। ਤੋਰ, ਢਾਲ, ਨੇਜਾ ਤੇ ਬੰਦੂਕ, ਤੋਪਾਂ ਦੇ ਕਾਰਖਾਨੇ ਬਣਾਏ ਜਾਣੇ ਹਨ। ਫੌਜਾਂ ਦੀਆਂ ਕਵਾਇਦਾਂ ਹੋਣੀਆਂ ਹਨ। ਮਾਤਾ ਜੀ ! ਅਜੇ ਰਣਜੀਤ ਨਗਾਰੇ ਨੂੰ ਵੇਖਕੇ ਘਬਰਾ ਗਏ ? ਤਨ, ਮਨ ਤੇ ਧਨ ਵਾਰਨਾ ਪੈਣਾ ਹੈ। ਸਬਰ ਸੰਤੋਖ ਦੇ ਪਿਆਲੇ ਗਟਾ ਗਟ ਪੀਣੇ ਪੈਣੇ ਹਨ। ਜੋ ਮਸੰਦ ਜਾਂ ਨਿਰਬਲ ਦਿਲ ਵਾਲੇ ਕਹਿੰਦੇ ਹਨ, ਉਹ ਨਹੀਂ ਸੁਣਨਾ ਚਾਹੀਦਾ।'

ਇਨ੍ਹਾਂ ਬਚਨਾਂ ਨਾਲ ਮਾਤਾ ਜੀ ਦੀ ਤਸੱਲੀ ਨਾ ਹੋਈ, ਉਸਨੇ ਬਹੁਤ

Sri Satguru Jagjit Singh Ji eLibrary NamdhariElibrary@gmail.com

ਸਮਝਾਇਆ ਅਰ ਜਦੋਂ ਦੇਖਿਆ ਕਿ ਗੁਰੂ ਜੀ ਨਜਾਰਾ ਵਜਾਉਣਾ ਬੰਦ ਕਰਨ ਵਾਸਤੇ ਤਿਆਰ ਨਹੀਂ, ਤਾਂ ਮਾਤਾ ਜੀ ਨੇ ਆਪਣੇ ਭਾਈ ਕ੍ਰਿਪਾਲ ਚੰਦ ਜੀ ਨੂੰ ਆਖਿਆ। ਕ੍ਰਿਪਾਲ ਚੰਦ ਜੀ ਨੇ ਵੀ ਗੁਰੂ ਜੀ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਗੁਰੂ ਜੀ ਨੇ ਸਭ ਨੂੰ ਤਸੱਲੀ ਦਿਤੀ ਕਿ ਜਿਵੇਂ ਅਕਾਲ ਪੁਰਖ ਦਾ ਹੁਕਮ ਹੈ ਤਿਵੇਂ ਹੋ ਰਿਹਾ ਹੈ, ਦੇਖੀ ਚਲੋ ! ਅਸਾਂ ਦੇ ਕੋਈ ਵਸ ਦੀ ਗੱਲ ਨਹੀਂ।

ਹਮ ਕੋ ਆਗਿਆ ਪੁਰਖ ਅਕਾਲ ॥ ਬਿਗਰਹਿ ਰਿਪ ਰਣ ਕਰਹਿ ਬਿਸਾਲ ॥
ਪੂਰਬ ਧਰਹਿ ਨ ਕਿਸ ਸੋ ਬੈਰ ॥ ਹੰਕਾਰੀ ਕ ਕਬਹੁ ਨ ਖੈਰ ॥
(ਸੂਰਜ ਪ੍ਰਕਾਸ਼)

ਸਾਰੇ ਸਮਝਾ ਥੱਕੇ, ਸਭ ਨੂੰ ਸਤਿਗੁਰੂ ਜੀ ਨੇ ਤਸੱਲੀ ਦਿਤੀ ਕਿ ਪਹਿਲਾਂ ਕਿਸੇ ਨਾਲ ਵੈਰ ਨਹੀਂ ਪਾਇਆ ਜਾਵੇਗਾ ਤੇ ਜੋ ਹੰਕਾਰੀ ਵੈਰ ਕਰੇਗਾ ਉਸਨੂੰ ਸਜ਼ਾ ਦਿਤੀ ਜਾਵੇਗੀ। ਸ਼ਿਕਾਰ ਜਾਣੋਂ ਸਾਹਿਬ ਨ ਰੁਕੇ। ਜਵਾਨਾਂ ਨੂੰ ਨਾਲ ਲੈਕੇ 'ਰਣਜੀਤ ਨਗਾਰੇ' ਨੂੰ ਸਭ ਤੋਂ ਮੋਹਰੇ ਵਜਾਕੇ ਅਨੰਦਪੁਰ ਦੇ ਚੌਗਿਰਦੇ ਦੇ ਪਰਬਤਾਂ ਵਿਚ ਸਾਹਿਬ ਸ਼ਿਕਾਰ ਖੇਡਣ ਲਗੇ। ਰੋਜ਼ ਕਵਾਇਦਾਂ ਹੋਣ ਲਗੀਆਂ।

ਫ਼ੌਜੀ ਜਥੇਬੰਦੀ ਤੋਂ ਬਿਨਾਂ ਸਤਿਗੁਰ ਜੀ ਨੇ ਜੀਵਨ ਦੇ ਦੂਸਰੇ ਹਿਸਿਆਂ ਵਲ ਵੀ ਖਿਆਲ ਦਿਤਾ। ਦੀਵਾਨ ਲਾਉਣ ਤੇ ਧਰਮ ਦਾ ਪ੍ਰਚਾਰ ਕਰਨ ਵਾਸਤੇ ਰਾਗੀ, ਕੀਰਤਨੀਏ ਤੇ ਢਾਡੀ ਰਖੇ। ਸਾਹਿਤ ਲਿਖਣ ਲਿਖਾਉਣ ਵਾਸਤੇ ਵਿਦਵਾਨ ਤੇ ਕਵੀਆਂ ਨੂੰ ਸੱਦਾ ਦਿਤਾ। ਸਤਿਗੁਰ ਜੀ ਦੇ ਪਰ ਕਵੀ ਮਸ਼ਹੂਰ ਹਨ। ਸਤਿਗੁਰ ਜੀ ਆਪ ਵੀ ਬੀਰ ਰਸ ਦੀ ਕਵਿਤਾ ਉਚਾਰਨ ਲਗੇ। ਹਰ ਕੰਮ ਤੇ ਲਿਖਤ ਦੇ ਪ੍ਰਾਰੰਭ ਕਰਨ ਦੇ ਪਹਿਲੇ ਅਕਾਲ ਪੁਰਖ ਦੀ ਉਸਤਤ ਜਰੂਰ ਕਰ ਲੈਂਦੇ। 'ਦਸਮ ਗ੍ਰੰਥ' ਨੂੰ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਅਕਾਲ ਪੁਰਖ ਦੀ ਉਸਤਤ ਤੇ ਜਸ ਵਿਚ ਆਪ ਨੇ ਬਹੁਤ ਬਾਣੀ ਉਚਾਰੀ ਹੈ। ਆਪ ਨੇ ਪ੍ਰਮਾਤਮਾਂ ਦੇ ਅਨੇਕਾਂ ਨਾਮ ਵਰਨਣ ਕੀਤੇ ਹਨ। ਅਕਾਲ ਪੁਰਖ (ਹਰੀ) ਹਰ ਥਾਂ ਵੱਸਦਾ ਹੈ, ਹਰ ਵਸਤੂ ਵਿਚ ਵਾਸਤਾ ਰਖਦਾ ਹੈ। ਆਪ ਫੁਰਮਾਉਂਦੇ ਹਨ—

Sri Satguru Jagjit Singh Ji eLibrary NamdhariElibrary@gmail.com

ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ॥ ਬਨੇ ਹਰੀ ॥
ਗਿਰੇ ਹਰੀ ॥ ਗਫੇ ਹਰੀ ॥ ਛਿਤੇ ਹਰੀ ॥ ਨਭੇ ਹਰੀ ॥
ਈਹਾਂ ਹਰੀ ॥ ਊਹਾਂ ਹਰੀ ॥ ਜਿਮੀ ਹਰੀ ॥ ਜਮਾਂ ਹਰੀ ॥

(ਅਕਾਲ ਉਸਤਤਿ)

ਇਸ ਤਰਾਂ ਆਪਦੀ ਬੇਅੰਤ ਰਚਨਾ ਹੈ, ਜੋ ਪ੍ਰਭੂ ਦੀ ਉਸਤਤਿ ਕਰਦੀ ਹੈ।

---

੨੭. ਰਾਜੇ ਭੀਮ ਚੰਦ ਦਾ ਪ੍ਰਸੰਗ

ਅਨੰਦਪੁਰ ਦੇ ਉਤਰ ਵਲ (ਨੈਣਾਂ ਦੇਵੀ ਦੇ ਪਰਬਤਾਂ ਤੋਂ ਅਗੇ) ਰਿਆਸਤ ਕਹਲੂਰ ਸੀ। ਕਹਲੂਰ ਦੇ ਨਾਲ ਹੀ ਬਿਲਾਸਪੁਰ ਹੈ। ਸਤਿਗੁਰੂ ਜੀ ਦੇ ਸਮੇਂ ਕਹਲੂਰ ਦਾ ਰਾਜਾ ਭੀਮਚੰਦ ਸੀ ਜੋ ਆਪਣੇ ਬਾਪ ਦੀਪ ਚੰਦ ਦੇ ਮਰਨ ਪਿਛੋਂ ਸੰਮਤ ੧੭੨੯ ਬਿ: ਵਿਚ ਰਾਜ ਸਿੰਘਾਸਣ ਉਤੇ ਬੈਠਾ ਸੀ। ਰਾਜਾ ਦੀਪ ਚੰਦ ਨੂੰ ਛੇਵੇਂ ਪਾਤਸ਼ਾਹ ਨੇ ਜਹਾਂਗੀਰ ਦੀ ਕੈਦ (ਗਵਾਲੀਅਰ) ਵਿਚੋਂ ਰਿਹਾ ਕਰਵਾਇਆ ਸੀ। ਜਿੰਨਾ ਚਿਰ ਓਹ ਜੀਉਂਦਾ ਰਿਹਾ. ਓਹ ਗੁਰੂ ਘਰ ਦੀ ਸੇਵਾ ਕਰਦਾ ਰਿਹਾ, ਉਸ ਨੇ ਵਿਰੋਧਤਾ ਨਹੀਂ ਕੀਤੀ ਪਰ ਭੀਮਚੰਦ ਦਾ ਸੁਭਾਉ ਹੋਰ ਤਰਾਂ ਦਾ ਸੀ ਇਹ ਲਾਲਚੀ ਨਿੰਦਕ ਤੇ ਈਰਖਾ ਕਰਨ ਵਾਲਾ ਸੀ। ਇਹਦੇ ਸਲਾਹਕਾਰ ਵੀ ਮਾੜੇ ਸਨ।

ਇਕ ਦਿਨ ਉਸਨੇ 'ਰਣਜੀਤ ਨਗਾਰੇ' ਦੀ ਬਦਲ ਗੰਜਾਊ ਅਵਾਜ਼ ਸੁਣੀ, ਓਹਦਾ ਹਿਰਦਾ ਕੰਬ ਗਿਆ। ਉਸ ਨੇ ਆਪਣੇ ਆਦਮੀਆਂ ਨੂੰ ਪੁਛਿਆ 'ਇਹ ਅਵਾਜ ਕਿਸ ਚੀਜ ਦੀ ਹੈ ? ਕੀ ਕੋਈ ਦੁਸ਼ਮਨ ਚੜ੍ਹਕੇ ਆਇਆ ਹੈ ?'

ਸਤਿਗੁਰੂ ਜੀ ਦੇ ਦਰਬਾਰ ਦੇ ਭੇਤੀ ਨੇ ਦਸਿਆ—'ਹੇ ਰਾਜਨ ! ਇਹ ਨਗਾਰੇ ਦੀ ਅਵਾਜ਼ ਹੈ। ਮਾਖੋਵਾਲ ਦੇ ਥੇਹ ਉਤੇ ਜੋ ਸਤਿਗੁਰੂ ਰਹਿੰਦਾ ਹੈ, ਜੇਹੜਾ ਨਾਵੇਂ ਸਤਿਗੁਰੂ ਤੇਗ ਬਹਾਦਰ ਦਾ ਸਪੁਤ੍ਰ ਹੈ, ਉਸ ਨੇ ਇਕ ਵਡਾ ਨਗਾਰਾ ਤਿਆਰ ਕਰਵਾਇਆ ਹੈ। ਉਸਦਾ ਨਾਮ 'ਰਣਜੀਤ ਨਗਾਰਾ' ਰਖਿਆ ਹੈ ਇਸ ਗੁਰੂ ਨੇ ਫੌਜ ਤਿਆਰ ਕੀਤੀ ਹੈ। ਘੋੜੇ, ਰਥ ਹਾਥੀ ਸ਼ਸਤ੍ਰ ਅਤੇ ਲੜਾਈ ਦੀਆਂ ਹੋਰ ਵਸਤੂਆਂ ਬਹੁਤਸਾਰੀਆਂ ਇਨ੍ਹਾਂ ਦੇ ਕੋਲ ਹਨ। ਓਹ ਤਾਂ ਰਾਜਾ ਬਣਨ

Sri Satguru Jagjit Singh Ji eLibrary NamdhariElibrary@gmail.com

ਦੀਆਂ ਤਿਆਰੀਆਂ ਕਰ ਰਹੇ ਸਨ। ਅਜੇ ਉਮਰ ਮਸਾਂ ਅਠਾਰਾਂ ਸਾਲ ਦੀਹੈ ਪਰ ਭਵਿਖਤ ਉਜਲਾ ਕਰਨ ਵਾਸਤੇ ਓਹ ਸਿਆਣਿਆਂ ਨਾਲੋਂ ਚੰਗਾ ਸੋਚ ਰਹੇਹਨ।'

ਆਪਣੇ ਆਦਮੀਆਂ ਪਾਸੋਂ ਐਸਾ ਸੁਣਕੇ ਭੀਮ ਚੰਦ ਦੇ ਮਨ ਚਾਅ ਆਇਆ ਕਿ ਓਹ ਸਤਿਗੁਰੂ ਜੀ ਦੇ ਦਰਸ਼ਨ ਕਰੇ। ਸਾਰਾ ਦਿਨ ਤੇ ਸਾਰੀ ਰਾਤ ਓਹਦੇ ਕੰਨਾਂ ਵਿਚ ਰਣਜੀਤ ਨਗਾਰੇ ਦਾ ਬੱਦਲ ਗੁੰਜਾਊ ਸ਼ਬਦ ਸੁਣੀਦਾ ਰਿਹਾ। ਓਹ ਬੇਚੈਨ ਰਿਹਾ, ਓਸਦੇ ਬੇਚੈਨ ਹੋਣ ਦਾ ਕਾਰਨ ਇਹ ਸੀ ਕਿ ਉਸਨੇ ਸੁਣਿਆ ਸੀ--'ਸਤਿਗੁਰ ਜੀ ਪਾਸ ਐਸੀਆ ਅਸਚਰਜ ਵਸਤੂਆਂ ਆਈਆਂ ਹਨ ਜੋ ਕਿਸੇ ਰਾਜੇ ਪਾਸ ਨਹੀਂ। ਦੁਨੀ ਚੰਦ ਸੁਦਾਗਰ ਦੀ ਭੇਟਾ ਕੀਤੀ ਹੋਈ ਚਾਂਦਨੀ ਤੇ ਓਹਦਾ ਦਿਤਾ ਹੋਇਆ ਤੰਬੂ ਐਸਾ ਹੈ ਕਿ ਦੇਖਿਆਂ ਭੁਖ ਲਹਿੰਦੀ ਹੈ। ਪ੍ਰਸਾਦੀ ਹਾਥੀ ਤਾਂ ਕੁਦਰਤ ਨੇ ਉਨ੍ਹਾਂ ਵਾਸਤੇ ਉਚੇਚਾ ਬਣਾਇਆ ਹੈ। ਦੂਸਰੀ ਬੈਚੇਨੀ ਸੀ ਓਹਦੇ ਰਾਜ ਤੇ ਰੁਵਾਂਢ ਰਾਜਸੀ ਸ਼ਕਤੀ ਦਾ ਵਧਣਾ ਓਹਦੇ ਵਾਸਤੇ ਖਤਰੇ ਤੋਂ ਖਾਲੀ ਨਹੀਂ ਸੀ। ਓਹ ਦੇਖਕੇ ਸਾਰੇ ਹਾਲਤ ਦਾ ਜਾਨੂ ਹੋਣਾ ਚਾਹੁੰਦਾ ਸੀ। ਮਾਖੋਵਾਲ ਓਹਦੀ ਰਿਆਸਤ ਦਾ ਹਿਸਾ ਸੀ। ਭਾਵੇਂ ਸਤਿਗੁਰੂ ਤੇਗ ਬਹਾਦਰ ਜੀ ਨੇ ਪਿੰਡ ਖਰੀਦਿਆ ਸੀ ਪਰ ਫਿਰ ਵੀ ਰਾਜ ਕਹਿਲੂਰ ਦਾ ਸੀ।

ਅਗਲੇ ਦਿਨ ਹੀ ਭੀਮਚੰਦ ਨੇ ਆਪਣਾ ਆਦਮੀ ਅਨੰਦ ਪੁਰ ਭੇਜਿਆ, ਓਹਦੇ ਆਦਮੀ ਨੇ ਸਤਿਗੁਰ ਜੀ ਅਗੇ ਬੇਨਤੀ ਕੀਤੀ ਕਿ ਰਾਜਾ ਭੀਮਚੰਦ ਦਰਸ਼ਨ ਕਰਨਾ ਚਾਹੁੰਦਾ ਹੈ ਤਾਂ ਸਤਿਗੁਰੂ ਜੀ ਨੇ ਉੱਤਰ ਦਿਤਾ--'ਸਤਿਗੁਰੂ ਨਾਨਕ ਦੇਵ ਜੀ ਦਾ ਦਰ ਸਾਰਿਆਂ ਵਾਸਤੇ ਖੁਲ੍ਹਾ ਹੈ ਜੋ ਜੀਅ ਆਵੇ ਸੋ ਰਾਜੀ ਜਾਵੇ। ਜੈਸੀ ਕੋਈ ਮਨ ਵਿਚ ਭਾਵਨਾ ਏਥੇ ਲੈਕੇ ਆਉਂਦਾ ਹੈ ਤੈਸਾ ਹੀ ਫਲ ਪਾਉਂਦਾ ਹੈ। ਅਸਾਂ ਨੂੰ ਕਿਸੇ ਤਰਾਂ ਦਾ ਨਾ ਖਤਰਾ ਹੈ ਤੇ ਨਾ ਭੈ। ਇਸ ਦਰ ਉਤੇ ਬਾਦਸ਼ਾਹ ਵੀ ਆਉਂਦੇ ਹਨ ਤੇ ਕੰਗਾਲ ਵੀ।'

ਇਹ ਸੁਣਕੇ ਰਾਜਦੂਤ ਖੁਸ਼ੀ ਖੁਸ਼ੀ ਵਾਪਸ ਚਲਿਆ ਗਿਆ ਤੇ ਉਸਨੇ ਕਹਿਲੂਰ ਰਾਜ ਦੀ ਰਾਜਧਾਨੀ ਵਿਚ ਪੁਜ ਕੇ ਰਾਜੇ ਭੀਮਚੰਦ ਨੂੰ ਸਾਰੀ ਗੱਲ ਦਸ ਦਿਤੀ। ਗੱਲ ਦੱਸਣ ਤੋਂ ਬਿਨਾਂ ਉਸਨੇ ਸਤਿਗੁਰੂ ਜੀ ਦਾ ਪਰਤਾਪ, ਚੜ੍ਹਾਵਾ, ਸੰਗਤਾਂ ਦਾ ਆਉਣਾ ਜਾਣਾ ਤੇ ਕਿਲ੍ਹਿਆਂ ਦੀਆਂ ਵਿਉਂਤਾਂ ਆਦਿਕ

Sri Satguru Jagjit Singh Ji eLibrary NamdhariElibrary@gmail.com

ਦਾ ਪਤਾ ਜੋ ਕੀਤਾ ਹੋਇਆ ਸੀ, ਉਹ ਵੀ ਬਿਆਨ ਕੀਤਾ। ਉਸਨੇ ਇਹ ਵੀ ਦਸਿਆ ਕਿ ਸਤਿਗੁਰ ਜੀ ਨੇ ਉਸਨੂੰ ਸਿਰੋਪਾਓ ਦੇਕੇ ਤੋਰਿਆ ਹੈ। ਸਤਿਗੁਰ ਜੀ ਚੰਗੇ ਮਹਾਂ ਪੁਰਖ ਸਨ।

ਰਾਜਦੂਤ ਰੂਪ ਵਕੀਲ ਦੀਆਂ ਗੱਲਾਂ ਸੁਣਕੇ ਭੀਮਚੰਦ ਦਾ ਮਨ ਹੋਰ ਖਿਚਿਆ ਗਿਆ। ਉਸ ਨੇ ਓਸੇ ਵੇਲੇ ਹੁਕਮ ਦਿਤਾ ਕਿ ਜਿੰਨੀ ਛੇਤੀ ਹੋਵੇ ਤਿਆਰੀ ਕੀਤੀ ਜਾਵੇ ਓਹ ਉਸੇ ਦਿਨ ਅਨੰਦਪੁਰ ਪੁਜਣਾ ਚਾਹੁੰਦਾ ਹੈ। ਰਾਜੇ ਦੀ ਆਗਿਆ ਦਾ ਪਾਲਣ ਓਸੇ ਵੇਲੇ ਹੋ ਗਿਆ। ਘੋੜੇ ਤੇ ਸਵਾਰ ਹੋਕੇ ਨਾਲ ਥੋੜੇ ਜਹੇ ਜਵਾਂਨ ਲੈਕੇ ਭੀਮਚੰਦ ਅਨੰਦਪੁਰ ਪੁਜਾ। ਮਸੰਦੀ ਤੇ ਮੇਵੜਿਆਂ ਨੇ ਉਸਦਾ ਸਵਾਗਤ ਕੀਤਾ । ਸਾਰੀ ਰੱਲ ਦਾ ਪਤਾ ਕਰਕੇ ਕਿ ਰਾਜੇ ਨੇ ਕਿਉਂ ਦਰਸ਼ਨ ਦਿਤੇ ਹਨ ? ਚੰਗੀ ਥਾ ਡੇਰਾ ਲਵਾਇਆ ਤੇ ਦਸਿਆ ਕਿ ਓਸੇ ਦਿਨ ਸ਼ਾਮ ਨੂੰ ਸਤਿਗੁਰ ਜੀ ਦੇ ਦਰਸ਼ਨ ਹੋ ਜਾਣਗੇ, ਓਸ ਵੇਲੇ ਸਾਹਿਬ ਸ਼ਿਕਾਰ ਖੇਡਣ ਗਏ ਹੋਏ ਸਨ।

ਰਹਿਰਾਸ ਤੋਂ ਪਹਿਲਾਂ ਸਤਿਗੁਰ ਜੀ ਬਾਹਰੋਂ ਆਏ। ਸਿਖ ਸੰਗਤ ਦਰਸ਼ਨ ਕਰਨ ਵਾਸਤੇ ਰਾਹ ਵਿਚ ਖਲੋਤੀ ਸੀ । ਅਨੰਦਪੁਰ ਦੇ ਵਾਸੀ, ਨਰ ਨਾਰੀ ਤੇ ਬਾਲ ਦਰਸ਼ਨ ਕਰਨ ਵਾਸਤੇ ਕੋਠਿਆਂ ਤੇ ਚੜ੍ਹਕੇ ਖ਼ਲੋਤੇ ਹੋਏ ਸਨ । ਸਾਹਿਬ ਬਾਹਰੋਂ ਆ ਰਹੇ ਸਨ ਤੇ ਇਕ ਚੰਗੇ ਜਲੂਸ ਦੀ ਸ਼ਕਲ ਵਿਚ ਸਨ। ਅਗੇ ਅਗੇ ਰਣਜੀਤ ਨਗਾਰਾ ਵਜਦਾ ਆਉਂਦਾ ਸੀ ਤੇ ਪਿਛੇ ਕੁਝ ਘੋੜ ਸਵਾਰ ਸਨ। ਵਿਚਾਲੇ ਸ਼ਤਿਗੁਰੂ ਜੀ ਪ੍ਰਸਾਦੀ ਹਾਥੀ ਉਤੇ ਸਵਾਰ ਸਨ। ਹਾਥੀ ਦੇ ਪਿਛੇ ਕੁੰਡੀਆ ਮੁਛਾਂ ਵਾਲੇ ਸੂਰਬੀਰ ਯੋਧੇ ਘੋੜਿਆਂ ਉਤੇ ਸਵਾਰ ਸਨ। ਹਰ ਇਕ ਦੇ ਚੇਹਰੇ ਉਤੇ ਲਾਲੀਆਂ ਭਖਦੀਆਂ ਸਨ। ਕਾਬਲ ਤੇ ਕੰਧਾਰ ਦੇ ਉਚੇ ਘੋੜੇ ਜਿਨ੍ਹਾਂ ਦੇ ਸੁੰਬਾਂ ਨਾਲ ਧਰਤੀ ਥਰਥਰਾਂਦੀ ਸੀ, ਸੁੰਦਰ ਲਿਬਾਸ, ਗੋਲ ਦਸਤਾਰੇਆਦਿਕ ਦੇਖਕੇ ਭੀਮਚੰਦ ਦਾ ਤਾਂ ਸਾਹ ਉਤਾਂਹ ਹੀ ਰਹਿ ਗਿਆ। ਜੈਸਾ ,ਪ੍ਰਤਾਪ ਉਸਨੇ ਸਤਿਗੁਰ ਜੀ ਦਾ ਦੇਖਿਆ ਵੈਸਾ ਤਾਂ ਕਿਸੇ ਰਾਜੇ ਦਾ ਵੀ ਨਹੀਂ ਸੀ। ਲੋਕ ਰਾਹ ਵਿਚ ਅੱਖਾਂ ਵਿਛਾਉਂਦੇ ਸਨ। ਹਰ ਇਕ ਪੁਰਖ ਨਵੇਂ ਹੀ ਉਤਸ਼ਾਹ ਪਰੇਮ ਤੇ ਚਾਅ ਨਾਲ ਮਸਤ ਸੀ, ਇਸਤ੍ਰੀਆਂ ਦੀਵਾਨੀਆਂ ਜਹੀਆਂ ਹੋਈਆਂ ਏਧਰ

Sri Satguru Jagjit Singh Ji eLibrary NamdhariElibrary@gmail.com

ਉਧਰ ਫਿਰ ਰਹੀਆਂ ਤੇ ਬਾਹਰੋਂ ਆ ਰਹੇ ਸਤਿਗੁਰੂ ਜੀ ਦੇ ਦਰਸ਼ਨ ਕਰਦੀਆਂ ਹੋਈਆਂ ਚੜ੍ਹਾਵੇ ਚਾੜ ਰਹੀਆਂ ਸਨ। ਪ੍ਰਸਾਦੀ ਹਾਥੀ ਸਭ ਦੇ ਚੜ੍ਹਾਵੇ ਆਪਣੇ ਸੁੰਡ ਨਾਲ ਫੜਕੇ ਉਪਰ ਮਹਾਵਤ ਤੇ ਮੇਵੜੇ ਨੂੰ ਫੜਾਈ ਜਾਂਦਾ ਸੀ। ਰਾਜਾ ਭੀਮ ਚੰਦ ਐਸੀ ਸ਼ਰਧਾ ਤੇ ਭਗਤੀ ਦੇਖਕੇ ਇਹ ਨਾ ਜਾਣ ਸਕਿਆ ਕਿ ਗੁਰੂ ਜੀ ਇੰਦਰ ਦਾ ਅਵਤਾਰ ਹਨ ਜਾਂ ਕਿਸੇ ਵਡੀ ਰਿਆਸਤ ਦੇ ਰਾਜੇ ਹਨ, ਉਹ ਅੱਖਾਂ ਮਲ ਮਲ ਕੇ ਝਮਕ ਝਮਕ ਕੇ ਦੇਖਦਾ ਰਿਹਾ ਹੈ।

ਰਹਿਰਾਸ ਦਾ ਭੋਗ ਪਿਆ ਭੋਗ ਦੇ ਪਿਛੋਂ ਸ਼ਾਮ ਦਾ ਦੀਵਾਨ ਸਜਿਆ ਉਸ ਦੀਵਾਨ ਵਿਚ ਵਜ਼ੀਰ ਸਮੇਤ, ਰਾਜਾ ਭੀਮ ਚੰਦ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ। ਵਜ਼ੀਰ ਦੇ ਕਹਿਣ ਤੇ ਨਿਮਸ਼ਕਾਰ ਕੀਤੀ, ਸਤਿਗੁਰੂ ਜੀ ਦੇ ਨੂਰੀ ਚੇਹਰੇ ਦਾ ਪ੍ਰਭਾਵ ਐਸਾ ਪਿਆ ਕਿ ਓਹਦੀਆਂ ਸਤੇ ਸੁਧਾਂ ਭੁਲ ਗਈਆਂ। ਓਹ ਜਿਸ ਪੁਰਸ਼ ਵਲ ਵੇਖਦਾ, ਜਿਸ ਪਾਸੇ ਤੇ ਜਿਸ ਵਸਤੂ ਵਲ ਵੇਖਦਾ ਓਹੋ ਹੀ ਹੈਰਾਨ ਕਰਨ ਵਾਲੀ ਸੀ। ਸਿੰਘਾਸਨ ਚੰਦਨ ਚੌਕੀ, ਪੰਜ ਕਲਾ ਸ਼ਸਤ੍ਰ ਅਤੇ ਸਤਿਗੁਰੂ ਜੀ ਦੇ ਬਸਤ੍ਰ ਸਭ ਹੈਰਾਨ ਕਰਨ ਵਾਲੇ ਸਨ।

ਸਤਿਗੁਰੂ ਜੀ ਨੇ ਉਸਨੂੰ ਉਪਦੇਸ਼ ਕੀਤਾ। ਸਤਿਗੁਰੂ ਜੀ ਦਾ ਉਪਦੇਸ਼ ਵੀ ਰਾਜੇ ਵਾਸਤੇ ਨਵੀਂ ਗੱਲ ਸੀ। ਐਸਾ ਉਪਦੇਸ਼ ਜੋ ਉਸ ਨੇ ਕਿਸੇ ਹਿੰਦੂ ਪੰਡਤ ਕੋਲੋਂ ਨਹੀਂ ਸੀ ਸੁਣਿਆ। ਸਤਿਗੁਰੂ ਜੀ ਨੇ ਫੁਰਮਾਇਆ, 'ਹੇ ਰਾਜਨ ! ਦੇਵੀ ਦੇਵਤਿਆਂ ਤੇ ਪੱਥਰਾਂ ਦੀਆਂ ਮੂਰਤੀਆਂ ਦੀ ਪੂਜਾ ਨਹੀਂ ਕਰਨੀ ਚਾਹੀਦੀ ਪੂਜਾ ਸਿਰਫ ਅਕਾਲ ਪੁਰਖ ਦੀ ਹੋ ਸਕਦੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ, ਜੋਹੜਾ ਜਗਤ ਦਾ ਕਰਤਾ ਹਰਤਾ ਹੈ। ਜੋਹੜਾ ਦੇਵੀ ਦੇਵਤਿਆਂ, ਅਵਤਾਰਾਂ, ਰਾਜਿਆਂ ਮਹਾਰਾਜਿਆਂ ਤੇ ਬਲੀ ਬਹਾਦਰਾਂ ਦੇ ਕਾਲ ਨੂੰ ਹਥ ਵਿਚ ਰਖਦਾ ਹੈ। ਪਰਬਤ, ਬਨਾਸਪਤੀ, ਨਦੀਆ, ਦਰਿਆ, ਜੀਵ ਜੰਤੂ ਸਭ ਓਹਦੀ ਇਛਾ ਦੀ ਕਿਰਤ ਹੈ। ਜੋਹੜਾ ਮਨੁਖ ਹਰ ਪ੍ਰਕਾਰ ਦੇ ਲਾਲਚ ਤੇ ਹੰਕਾਰ ਨੂੰ ਤਿਆਗਕੇ ਅਕਾਲ ਪੁਰਖ ਦਾ ਭੈ ਰਖਦਾ ਹੋਇਆ ਉਸਨੂੰ ਧਿਆਉਂਦਾ ਹੈ ਉਸਦੀ ਜ਼ਰੂਰੀ ਕਲਿਆਣ ਹੁੰਦੀ ਹੈ। ਅਕਾਲ ਪੁਰਖ ਤੋਂ ਬਿਨਾਂ ਕਿਸੇ ਦਾ ਭੈ ਭੀਤ ਨਹੀਂ ਮੰਨਣਾ ਚਾਹੀਦਾ ਹੈ।ਪੱਥਰਾਂ ਦੀ ਪੂਜਾ ਕਰਨਵਾਲਿਆਂ ਦੀ ਬੁਧੀ ਵੀ ਪੱਥਰਰੂਪ ਹੋ ਜਾਂਦੀ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਤਰਾਂ ਦੇ ਉਪਦੇਸ਼ ਦੇ ਨਾਲ ਨਾਲ ਸਤਿਗੁਰੂ ਜੀ ਨੇ ਆਪਣੀ ਬਾਣੀ ਨੀ ਸੁਣਾਈ। ਬਾਣੀ ਨੂੰ ਸੁਣਕੇ ਓਹ ਪ੍ਰਸੰਨ ਹੋਇਆ, ਪਰ ਸਦੀਆਂ ਦੀ ਮੈਲ ਉਹਦੇ ਹਿਰਦੇ ਉਤੇ ਜੰਮੀ ਹੋਈਸੀ ਉਹ ਮਾਯਾਵਾਦੀ ਪੁਰਖ ਸੀ ਉਹ ਜਨਮ ਜਨਮ ਦੀ ਮੈਲ ਭਲਾ ਘੜੀ ਪਲ ਦੀ ਸੰਗਤ ਨਾਲ ਕਿਵੇਂ ਲਥੇ। ਨਾਲੇ ਹਰ ਵਸਤੂ ਨੂੰ ਦੇਖ ਦੇਖ ਕ ਓਹਦੇ ਮਨ ਵਿਚ ਈਰਖਾ ਤੇ ਲਾਲਚ ਆਉਂਦਾ ਜਾਂਦਾ ਸੀ। ਈਰਖਾ ਤੇ ਲਾਲਚ ਮਨੁਖ ਆਤਮਾ ਨੂੰ ਮਲੀਨ ਕਰਦੇ ਹਨ।

ਅੰਤਰਯਾਮੀ ਘਟ ਘਟ ਦੀ ਜਾਣਨਹਾਰ ਸਤਿਗੁਰੂ ਜੀ ਨੇ ਰਾਜੇ ਭੀਮਚੰਦ ਦੀ ਮਾਨਸਿਕ ਦਸ਼ਾ ਨੂੰ ਜਾਣ ਲਿਆ। ਸਾਹਿਬਾਂ ਨੇ ਉਸ ਨੂੰ ਸਮਝਾਉਣ ਬਦਲੇ ਇਉਂ ਫੁਰਮਾਇਆ—

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ।
ਬਡੇ ਬਡੇ ਰਾਜਨ ਕੇ ਦਾਬਤ ਫਿਰਤ ਦੇਸ,
ਬਡੇ ਬਡੇ ਰਾਜਨ ਕੇ ਦ੍ਰਪ ਕੇ ਦਲਤ ਹੈਂ।
ਮਾਨ ਸੇ ਮਹੀਪ ਔ ਦਿਲੀਪ ਜੈਸੇ ਛਤ੍ਰਧਾਰੀ.
ਬਡੇ ਅਭਿਮਾਨ ਭੁਜਦੰਡ ਕੋ ਕਰਤ ਹੈਂ।
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,
ਭੋਗ ਭੋਗ ਭੂਮਿ ਅੰਤ ਭੂਮਿ ਸੇ ਮਿਲਤ ਹੈਂ।
ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ.
ਪੋਸਤੀ ਅਨੇਕ ਦਾਉ ਨਿਵਾਵਤ ਹੈਂ ਸੀਸ ਕੋ।
ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ,
ਸੋ ਤੌ ਨ ਡੰਡੌਤ ਅਸ਼ਟਾਂਗ ਅਥਤੀਸ ਕੌ।
ਕਹਾ ਭਇਓ ਰੋਗੀ ਜੋ ਪੈ ਡਾਰਿਓ ਰਹਿਓ ਉਰਧ ਮੁਖ,
ਮਨ ਤੇ ਨ ਮੂੰਡ ਨਿਹਰਾਰਿਓ ਆਦਿ ਈਸ ਕੌ।
ਕਾਮਨਾ ਅਧੀ ਸਦਾ ਦਾਮਨਾ ਪ੍ਰਬੀਨ,
ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ।

Sri Satguru Jagjit Singh Ji eLibrary NamdhariElibrary@gmail.com

ਭੀਮਚੰਦ ਰਾਜੇ ਨੂੰ ਤਿਸਦਾ ਪ੍ਰਮਾਰਥ ਸਮਝਾਉਂਦਿਆਂ ਹੋਇਆਂ ਕਿਹਾ—ਹੇ ਰਾਜਨ ! ਜੋਗੀ ਹੋਵੇ ਜਾਂ ਜਤੀ, ਬ੍ਰਹਮਚਾਰੀ ਜਾਂ ਮਹਾਰਾਜਾ, ਮਹਾਰਾਜਾ ਵੀ ਐਸਾ ਹੋਵੇ, (ਜਿਸਦਾ ਛਤ੍ਰ ਕਈਆਂ ਕੋਹਾਂ ਵਿਚ ਖਿਲਰਿਆ ਹੋਵੇ) ਮਹਾਨ ਵੱਡੇ ਰਾਜੇ ਜੋ ਦੂਸਰੇ ਰਾਜਿਆਂ ਦੇ ਦੇਸਾਂ ਨੂੰ ਮਲਦੇ ਫਿਰਦੇ ਹਨ, ਬਗਾਨੇ ਧਨ ਨੂੰ ਆਪਣਾ ਬਣਾਉਂਦੇ ਹਨ; ਪਰਬਤਾਂ ਵਰਗੇ ਹੌਂਸਲਿਆਂ ਵਾਲੇ ਦਲੀਪ ਵਰਗੇ ਮਹਾਰਾਜੇ, ਬਡੇ ਬਡੇ ਹੰਕਾਰੀਆਂ ਨੂੰ ਭੰਨ ਦੇਣ ਵਾਲੇ ਬਲੀ, ਦਾਰੇ ਤੇ ਦ੍ਰਯੋਧਨ ਵਰਗੇ ਵੀ ਹੋ ਗਏ, ਪਰ ਜੇ ਸੋਚੀਏ ਤਾਂ ਰਾਜਨ ! ਸਾਰੇ ਭੋਗ ਭੋਗਦੇ ਹੋਏ ਧਰਤੀ ਵਿਚ ਹੀ ਖਪਤ ਹੋ ਗਏ। ਕਾਲ ਨੇ ਸਾਰਿਆਂ ਨੂੰ ਖਾ ਲਿਆ।

ਹੇ ਰਾਜਨ ! ਪੋਸਤੀਆਂ ਵਾਂਗ, ਤੋਪਚੀ, ਫੌਜੀ ਜਿਨ੍ਹਾਂ ਨੂੰ ਸਿਰਨਿਵਾਉਂਦੇ ਹਨ ਤੇ ਗਿਣਤੀ ਨਹੀਂ ਆਉਂਦੀ ਓਹ ਵੀ ਨਹੀਂ ਰਹੇ, ਓਹ ਕਿਥੇ ਹਨ ? ਜਿਹੜੇ ਵਡੇ ਵਡੇ ਪਹਿਲਵਾਨ ਸਨ ਤੇ ਨਿਤ ਡੰਡ ਬੈਠਕਾਂ ਕਢਿਆ ਕਰਦੇ ਸਨ? ਓਹ ਤਪੱਸਵੀ ਜਿਹੜੇ ਇਕ ਲੱਤ ਦੇ ਭਾਰ ਖਲੋਕੇ ਹੰਕਾਰ ਨਾਲ ਕਿਹਾ ਕਰਦੇ ਸਨ--'ਅਸੀਂ ਘੋਰ ਤਪਸਿਆ ਕਰ ਰਹੇ ਹਾਂ।' ਓਹ ਜੋਗੀ ਵੀ ਨਹੀਂ ਦਿਸਦੇ ਜੋ ਪੁਠੇ ਲਮਕ ਕੇ ਤਪਸਿਆ ਕਰਦੇ ਕਿਉਂਕਿ ਉਨ੍ਹਾਂ ਦੇ ਮਨ ਤੋਂ ਹੰਕਾਰ ਦੂਰ ਨਹੀਂ ਸੀ ਹੋਇਆ। ਸਾਰੇ ਹੀ ਕਾਮਨਾ ਦੇ ਗਲਾਮ ਰਹਿੰਦੇ ਸਨ ਤੇ ਭਾਵਨਾ ਤੋਂ ਬਿਨਾਂ ਓਹ ਕਦੀ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਪ੍ਰਭੂ ਓਹੋ ਪਾ ਸਕਦਾ ਹੈ ਜਿਸਦੇ ਹਿਰਦੇ ਵਿਚ ਓਹਦੇ ਮਿਲਣ ਦੀ ਸਚੀ ਭਾਵਨਾ ਹੋਵੇ। ਕਿਸੇ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਤੇ ਈਰਖਾ ਤੇ ਲਾਲਚ ਦਾ ਤਿਆਗ ਕਰਨਾ ਚਾਹੀਦਾ ਹੈ।

ਅਗਲੇ ਦਿਨ ਸਤਿਗੁਰ ਜੀਨੇ ਰਾਜੇਭੀਮਚੰਦ ਨੂੰ ਓਹ ਸਾਰੀਆਂ ਵਸਤੂਆਂ ਦਿਖਾਈਆਂ ਜੋ ਰਾਜਾ ਰਤਨ ਰਾਇ ਵਲੋਂ ਭੇਟ ਕੀਤੀਆਂ ਗਈਆਂ ਸਨ। ਚੰਦਨ ਚੌਂਕੀ ਦੀਆਂ ਪੁਤਲੀਆਂ ਨੇ ਨਿਰਾਲੀਆਂ ਖੇਡਾਂ ਕੀਤੀਆਂ ਉਨ੍ਹਾਂ ਖੇਡਾਂ ਨੂੰ ਦੇਖਕੇ ਭੀਮਚੰਦ ਆਪ ਮੁਹਾਰਾ ਆਖਣ ਲਗਾ--'ਵਾਹ ਜੀ ਵਾਹ ! ਅਕਲ ਦਾ ਕਮਾਲ ਹੈ।' ਪ੍ਰਸਾਦੀ ਹਾਥੀ ਦੀ ਸਰੀਰਕ ਸੁੰਦਰਤਾ ਤਾਂ ਮਨਮੋਹਨ ਵਾਲੀ ਸੀ ਓਹਦੀ ਅਕਲ ਦਾ ਜਿਸ ਵੇਲੇ ਦਿਖਾਵਾ ਕੀਤਾ ਗਿਆ ਤਾਂ ਭੀਮਚੰਦ ਚੁਪ ਹੀ ਹੋ ਗਿਆ। ਹੈਰਾਨੀ ਨਾਲ ਉਸਦੇ ਦੰਦ ਜੁੜ ਗਏ।

Sri Satguru Jagjit Singh Ji eLibrary NamdhariElibrary@gmail.com

ਭੀਮਚੰਦ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਆਪਣੇ ਰਾਜ ਵਲ ਤੁਰ ਪਿਆ। ਸਾਰੇ ਰਾਹ ਸਤਿਗੁਰੂ ਜੀ ਦੇ ਵਡੇ ਪ੍ਰਤਾਪ ਬਾਰੇ ਹੀ ਸੋਚਦਾ ਗਿਆ।

---

੨੮. ਰਾਜੇ ਭੀਮ ਚੰਦ ਦੀ ਖੋਟੀ ਨੀਤ

ਰਾਜਾ ਭੀਮਚੰਦ ਆਪਣੇ ਰਾਜ ਭਵਨ ਵਿਚ ਤਾਂ ਪੂਜਾ, ਪਰ ਓਹਦਾ ਮਨ ਭਾਰਾ ਸੀ। ਮਨ ਨਿਰਾ ਭਾਰਾ ਹੀ ਨਹੀਂ ਸੀ ਸਗੋਂ ਅਨੰਦਪੁਰ ਹੀ ਰਹਿ ਗਿਆ ਸੀ। ਪ੍ਰਸਾਦੀ ਹਾਥੀ, ਚੰਦਨ ਚੌਂਕੀ ਤੇ ਪੰਜ ਕਲਾ ਹਥਿਆਰ ਨੂੰ ਨਹੀਂ ਸੀ ਭੁਲਿਆ। ਓਹ ਸੀਨਾ ਚੀਰਕੇ ਆਖਦਾ--'ਪ੍ਰਸਾਦੀ ਹਾਥੀ, ਪੰਜ ਕਲਾਂ ਹਥਿਆਰ, ਚੰਦਨ ਚੌਂਕੀ ਤੇ ਤੰਬੂ ਆਦਿਕ ਵਸਤੂਆਂ ਮੇਰੇ ਪਾਸ ਹੋਣੀਆਂ ਚਾਹੀਦੀਆਂ ਹਨ, ਇਕ ਸਾਧ ਕੋਲ ਨਹੀਂ। ਇਹ ਰਾਜਿਆਂ ਕੋਲ ਸੋਭਾ ਦੇਂਦੀਆਂ ਹਨ। ਮੈਂ ਪ੍ਰਾਪਤ ਕਰਾਂਗਾ ਜ਼ਰੂਰ ਪ੍ਰਾਪਤ ਕਰਾਂਗਾ।'

ਉਸਨੂੰ ਖਾਣਾ ਪੀਣਾ ਭੁੱਲ ਗਿਆ। ਰਾਤ ਨ ਪਈ, ਜੇ ਕਦੀ ਅੱਖ ਲਗੀ ਵੀ ਤਾਂ ਉਨ੍ਹਾਂ ਵਸਤੂਆਂ ਦੇ ਹੀ ਦਰਸ਼ਨ ਹੁੰਦੇ ਰਹੇ। ਉਸ ਨੇ ਵਜ਼ੀਰ ਨੂੰ ਕੋਲ ਸਦਿਆ। ਜਦੋਂ ਵਜ਼ੀਰ ਆਇਆ ਤਾਂ ਉਸ ਪਾਸ ਭੀਮਚੰਦ ਨੇ ਆਪਣੇ ਮਨ ਦੀ ਵਿਆਕੁਲਤਾ ਨੂੰ ਪ੍ਰਗਟ ਕੀਤਾ ਤੇ ਅੰਤ ਵਿਚ ਕਿਹਾ--

ਜੋਕਰ ਸਭ ਵਸਤੂ ਨਹਿ ਪਾਵੇ ॥ ਜਿਯੋ ਕਰ ਕੁੰਚਰ ਅਨਵਾਵੇ ॥
ਪ੍ਰਥਮ ਕਰੈ ਛਲ ਦ੍ਰੁਧ ਬਲ ਪਾਇ ॥ ਬਿਨਾਂ ਬਖੇਰੇ ਪਹੁੰਚਹਿ ਆਇ ॥
ਕਿਸੀ ਬਹਾਨੇ ਕਰਹੁ ਜਾਚੇ ॥ ਭਲੋ ਪੁਰਖ ਆਵਹਿ ਦਿਗ ਤਾਚੇ ॥
ਜਿਉਂ ਕਿਉਂ ਏਕ ਬਾਰ ਜੇ ਪਾਵੈ ॥ ਫਿਰ ਨ ਦੈਹੇ ਗਜਕਰਅਪਨਾਵੈ ॥

(ਸੂਰਜ ਪ੍ਰਕਾਸ਼)

ਦੇਖੋ ਵਜ਼ੀਰ ਜੀ ! ਜੇਕਰ ਸਾਰੀਆਂ ਚੀਜਾਂ ਨਾ ਵੀ ਮਿਲਣ ਤਾਂ ਜਿਵੇਂ ਕਿਵੇਂ ਹਾਥੀ ਜ਼ਰੂਰ ਪ੍ਰਾਪਤ ਕਰ ਲੈਣਾ ਚਾਹੀਦਾ ਹੈ ! ਇਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਵਾਸਤੇ ਪਹਿਲਾਂ ਹੀ ਲੜਾਈ ਕਰਨੀ ਠੀਕ ਨਹੀਂ। ਪਹਿਲਾਂ ਛਲ (ਧੋਖਾ) ਕਰੋ ਕਿਸੇ ਨਾ ਕਿਸੇ ਬਹਾਨੇ ਹਾਥੀ ਲੈ ਆਵੋ। ਜਦੋਂ ਹਾਥੀ ਆ ਜਾਵੇ ਤਾਂ ਵਾਪਸ

Sri Satguru Jagjit Singh Ji eLibrary NamdhariElibrary@gmail.com

ਨਾ ਕਰਨਾ ਉਹ ਇਕ ਸਾਧੂ ਅਸਾਂ ਕੋਲੋਂ ਖੋਹ ਨਹੀਂ ਸਕਦਾ ਕਿਉਂਕਿ ਅਸਾਂ ਕੋਲ ਰਾਜ ਬਲ ਹੈ । ਮੁਗਲ ਬਾਦਸ਼ਾਹੀ ਦੀ ਹਮਾਇਤ ਹੈ। ਬਹੁਤਾ ਉਹ ਪਰਾ ਕਰੇ ਤਾ ਮਾਖੋਵਾਲੋਂ ਕੱਢ ਦੇਵਾਂਗੇ ਤੇ ਜਾਇਦਾਦ ਸਾਰੀ ਮੁਲ ਲਵਾਂਗੇ, ਸੋਚੋ ਬਹਾਨਾ ਕੀ ਕੀਤਾ ਜਾਵੇ ?'

ਸਿਆਣਾ ਵਜ਼ੀਰ ਭੀਮਚੰਦ ਦੀ ਜਬਾਨੋਂ ਉਪਰੋਕਤ ਲੰਮਾ ਬਿਆਨ ਸੁਣਕੇ ਘਬਰਾ ਗਿਆ। ਓਹ ਸਤਿਗੁਰੂ ਜੀ ਉਪਰ ਮਹਾਨ ਸ਼ਰਧਾ ਰਖਦਾ ਸੀ ਓਹ ਜਾਣਦਾ ਸੀ ਭਾਵੇਂ ਸਤਿਗੁਰ ਜੀ ਰਾਜੇ ਨਹੀਂ, ਪਰ ਉਨ੍ਹਾਂ ਪਾਸ ਰਾਜਿਆ ਨਾਲੋਂ ਬਹੁਤ ਸ਼ਕਤੀ ਹੈ । ਉਨ੍ਹਾਂ ਦੇ ਸਿਖ ਉਨ੍ਹਾ ਬਦਲੇ ਹਰ ਵਕਤ ਕੁਰਬਾਨ ਹੋਣ ਵਾਸਤੇ ਤਿਆਰ ਰਹਿੰਦੇ ਹਨ। ਸਾਹਿਬ ਰਿਧੀਆਂ ਸਿਧੀਆਂ ਦੇ ਮਾਲਕ ਤੇ ਆਪ ਪ੍ਰਮੇਸ਼ਰ ਹਨ। ਪ੍ਰਮੇਸ਼ਰ ਨਾਲ ਧੋਖਾ ਕਰਨਾ ਔਖਾ ਹੈ। ਓਹ ਤਾਂ ਹਰ ਇਕ ਦੇ ਹਿਰਦੇ ਦੀਆਂ ਜਾਣਦੇ ਹਨ ਦੂਸਰੇ ਪਾਸੇ ਵਜ਼ੀਰ ਭੀਮਚੰਦ ਦੀ ਜ਼ਿਦ ਨੂੰ ਵੀ ਜਾਣਦਾ ਸੀ। ਉਹ ਦੋਂਹ ਪਾਸਿਆਂ ਫਸ ਗਿਆ। ਝਿਜਕ ਕੇ ਬੋਲਿਆ, 'ਰ ਜਨ ! ਜੋ ਕੁਝ ਤੁਸੀਂ ਸੋਚ ਰਹੇ ਹੋ, ਇਹ ਕੁਝ ਸੋਚਣਾ ਨਹੀਂ ਚਾਹੀਦਾ। ਐਸੇ ਮਹਾਂ ਪੁਰਖ ਨਾਲ ਧੋਖਾ ਕਰਨਾ ਕਠਨ ਹੈ। ਜੇ ਧੋਖਾ ਕਰਨ ਵਿਚ ਕਾਮਯਾਬ ਹੋ ਵੀ ਜਾਈਏ ਤਾਂ ਬਹੁਤ ਮਹਿੰਗਾ ਪਵੇਗਾ।'

'ਦੇਖੋ ! ਜੋ ਮੈਂ ਕਹਿ ਰਿਹਾ ਹਾਂ ਸੋ ਹੋ ਕੇ ਰਹੇਗਾ । ਮੈਂ ਜ਼ਰੂਰ ਉਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹਾਂ, ਹੇਰਾ ਫੇਰੀ ਕਰਨ ਦੀ ਲੋੜ ਨਹੀਂ, ਤੁਸੀਂ ਜਾਓ ਤੇ ਕਹੋ ਕਿ ਰਾਜਾ ਅਜਮੇਰ ਚੰਦ (ਭੀਮਚੰਦ ਦੇ ਪੁਤਰ) ਨੂੰ ਮਾਰ ਦੀ ਮੰਗਣੀ ਹੈ ਇਸ ਵਾਸਤੇ ਪ੍ਰਸਾਦੀ ਹਾਥੀ ਤੇ ਚੰਦਨ ਦੀ ਚੌਂਕੀ ਦੀ ਸਾਨੂੰ ਲੋੜ ਹੈ।'

'ਪਰ ਉਹ ਸਰਬ ਕਲਾ ਸੰਪੂਰਨ ਹਨ, ਓਹ ਪਹਿਲਾਂ ਹੀ ਜਾਣ ਜਾਣਗੇ ਕਿ ਓਨ੍ਹਾਂ ਨਾਲ ਹਥਫੇਰੀ ਤੇ ਜ਼ਬਾਨ ਫੇਰੀ ਕਰ ਰਹੇ ਹਨ। ਉਹ ਚੀਜ਼ ਨਹੀਂ ਦੇਣਗੇ।' ਵਜ਼ੀਰ ਨੇ ਉਤਰ ਦਿਤਾ।

'ਐਨੇ ਉਹ ਪ੍ਰਮੇਸ਼ਰ ਨੇ ਜੋ ਅਸਾਡੇ ਮਨਾਂ ਦੀਆਂ ਬੁਝ ਲੈਣਗੇ ? ਗਲ਼ਕਰੋ ਕੋਈ ਅਕਲ ਦੀ। ਐਵੇਂ ਨਾ ਡਰੋ। ਕਿਤੇ ਨਹੀਂ ਉਹ ਤੁਹਾਨੂੰ ਮੂੰਹ ਪਾ ਲੈਂਦਾ। ਅਜੇ ਕਲ ਦਾ ਬੱਚਾ ਹੈ ਤੁਸੀਂ ਪੁਰਾਣੇ ਨੀਤੀਵੇਤਾ ਹੋ। ਸਮੇਂ ਦੀਆਂ ਕਈ ਤਰਾਂ

Sri Satguru Jagjit Singh Ji eLibrary NamdhariElibrary@gmail.com

ਦੀਆਂ ਠੰਢਾਂ ਤੱਤਾਂ ਦੇਖੀਆਂ ਹੋਈਆਂ ਹਨ। ਘਾਬਰੋ ਨਾ।' ਭੀਮਚੰਦ ਨੇ ਆਪਣੀ ਜ਼ਿਦ ਨਾ ਛੱਡੀ, ਆਖਰ ਫੈਸਲਾ ਹੋ ਗਿਆ ਕਿ ਵਜ਼ੀਰ ਅਨੰਦਪੁਰ ਜਾਵੇਗਾ ਤੇ ਪ੍ਰਸਾਦੀ ਹਾਥੀ ਸਤਿਗੁਰੂ ਜੀ ਪਾਸੋਂ ਮੰਗਣ ਦਾ ਜਤਨ ਕਰੇਗਾ।

ਵਜ਼ੀਰ ਨੂੰ ਪੱਕਿਆਂ ਕਰਕੇ ਅਨੰਦਪੁਰ ਵਲ ਤੋਰ ਦਿਤਾ। ਨੇਕ ਦਿਲ ਵਜ਼ੀਰ ਦੀ ਆਤਮਾ ਡਰਦੀ ਸੀ ਕਿ ਉਹ ਇਕ ਮਹਾਂ ਪੁਰਖ ਪਾਸ ਝੂਠ ਕਿਵੇ ਬੋਲੇਗਾਂ ਪਰ ਦੂਸਰੇ ਪਾਸੇ ਭੀਮ ਚੰਦ ਦੇ ਗੁਸੇ ਦਾ ਸ਼ਿਕਾਰ ਵੀ ਨਹੀਂ ਸੀ ਹੋਣਾ ਚਾਹੁੰਦਾ। ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਗਲ ਸੀ, ਜੇ ਉਹ ਖਾਵੇ ਤਾਂ ਅੰਨ੍ਹਾ ਜੇ ਛੱਡੇ ਤਾਂ ਕੋਹੜੀ। ਮਨ ਨਾਲ ਕਈ ਵਿਉਂਤਾਂ ਸੋਚਦਾ ਹੋਇਆ ਉਹ ਅਨੰਦ ਪੁਰ ਦੀ ਜੂਹ ਵਿਚ ਪਹੁੰਚ ਹੀ ਪਿਆ। ਨਦੀ ਪਾਰ ਕਰਨ ਲੱਗਿਆਂ ਉਹਦੀ ਆਤਮਾ ਡਹਿਲ ਗਈ। ਅੰਦਰੋਂ ਅਵਾਜ਼ ਆਈ—'ਸਤਿਗੁਰੂ ਜੀ ਦੇ ਚਰਨਾਂ ਵਿਚ ਝੂਠ ਨਹੀਂ ਬੋਲਣਾ ਚਾਹੀਦਾ। ਰਾਜੇ ਨੂੰ ਜਾਕੇ ਸਾਫ ਸਾਫ ਕਹਿ ਦੇਣਾ ਚਾਹੀਦਾ ਹੈ ਕਿ ਇਹ ਕੰਮ ਮੈਥੋਂ ਨਹੀਂ ਹੋ ਸਕਦਾ।" ਪਰ ਉਹ ਪਿਛੇ ਮੁੜ ਨਾ ਸਕਿਆ। ਹੌਲੀ ਹੌਲੀ ਧੜਕਦੇ ਦਿਲ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਹੀ ਪਿਆ।

ਸ਼ਾਮ ਦੇ ਦੀਵਾਨ ਵਿਚ ਹਾਜਰ ਹੋਇਆ, ਦੋਵੇਂ ਹੱਥ ਜੋੜ ਕੇ ਚਰਨਾਂ ਉਪਰ ਮੱਥਾ ਟੇਕਕੇ ਬੈਠ ਗਿਆ। ਸਾਹਿਬਾਂ ਨੇ ਸੁਖ ਸਾਂਦ ਪੁੱਛਣ ਪਿਛੋਂ ਔਣ ਦਾ ਕਾਰਨ ਪੁੱਛਿਆ ਤਦੋਂ ਵਜ਼ੀਰ ਨੇ ਉੱਤਰ ਦਿੱਤਾ—"ਆਪ ਦੀ ਸਭ ਦਇਆ ਹੈ। ਆਪ ਦੇ ਪ੍ਰਤਾਪ ਅਗੇ ਤਾਂ ਸਾਰੀ ਦੁਨੀਆਂ ਦੇ ਦੇਵੀ ਦੇਵਤੇ ਝੁਕਦ ਹਨ ਬੰਦਿਆ ਦਾ ਕੀ ਕਹਿਣਾ ਹੈ ਅਸਾਡਾ ਰਾਜਾ (ਭੀਮਚੰਦ) ਤਾਂ ਆਪ ਦਾ ਤਨੋ ਮਨੋ ਸੇਵਕ ਹੋ ਗਿਆ ਹੈ। ਉਹ ਚਵੀ ਘੰਟੇ ਆਪ ਨੂੰ ਯਾਦ ਰਖਣ ਲਗ ਪਿਆ ਹੈ। ਥੋੜੇ ਦਿਨਾਂ ਨੂੰ ਦਰਸ਼ਨ ਕਰਨ ਵਾਸਤੇ ਆਵੇਗਾ। ਆਉਣਾ ਤਾਂ ਉਸਨੇ ਪਹਿਲਾਂ ਹੀ ਸੀ, ਪਰ ਉਹਦੇ ਰਾਜਕੁਮਾਰ ਅਜਮੇਰ ਚੰਦ ਦੀ ਕੁੜਮਾਈ ਹੋਣ ਵਾਲੀ ਹੈ। ਕੁੜਮਾਈ ਵੀ ਬਹੁਤ ਸ਼ਾਨ ਤੇ ਧੂਮ-ਧਾਮ ਨਾਲ ਹੋਣੀ ਹੈ।

'ਬਹੁਤ ਖੁਸ਼ੀ ਦੀ ਗਲ ਹੈ ਕਿ ਰਾਜਕੁਮਾਰ ਦੀ ਮੰਗਣੀ ਹੋ ਰਹੀ ਹੈ। ਅਸੀਂ ਕੀ ਸੇਵਾ ਜਾਂ ਸਹਾਇਤਾ ਕਰ ਸਕਦੇ ਹਾਂ?' ਸਤਿਗੁਰੂ ਜੀ ਨੇ ਵਜ਼ੀਰ ਦੇ ਮਨੋਭਾਵਾਂ ਨੂੰ ਜਾਣਦਿਆਂ ਹੋਇਆਂ ਬਚਨ ਕੀਤਾ। ਜੋ ਕੁਝ ਵਜ਼ੀਰ ਕਹਿਣਾ

Sri Satguru Jagjit Singh Ji eLibrary NamdhariElibrary@gmail.com

ਚਾਹੁੰਦਾ ਸੀ, ਉਹ ਕੁਝ ਸਿੱਧਾ ਨਹੀਂ ਸੀ ਕਹਿ ਸਕਦਾ।

'ਸਭ ਕਾਰਜ ਆਪ ਨੇ ਹੀ ਕਰਨੇ ਹਨ ਆਪ ਦੀ ਦਇਆ ਦ੍ਰਿਸ਼ਟੀ ਦੀ ਲੋੜ ਹਰ ਘੜੀ ਰਹਿੰਦੀ ਹੈ। ਆਪ ਤਾਂ ਵਿਸ਼ਨੂੰ ਅਵਤਾਰ ਹੋਏ ਮੇਹਰ ਨਖਣੀ। ਕੋਈ ਭੁਲ ਚੁਕ ਹੋ ਜਾਵੇ ਤਾ ਖਿਮਾ ਕਰਨਾ, ਅਸੀਂ ਪਾਪੀ ਜੀਵ ਸਦਾ ਭੁਲਾਂ ਕਰਨ ਵਾਲੇ ਹਾਂ। ਮਲੋ ਮਲੀ ਕੂੜੀ ਕਰਮ ਹੋ ਜਾਂਦੇ ਹਨ। ਰਾਜੇ ਭੀਮਚੰਦ ਨੇ ਬੜੀ ਅਧੀਨਗੀ ਤੇ ਸ਼ਰਧਾ ਪਰੇਮ ਨਾਲ ਬੇਨਤੀ ਹੈ।'

'ਕੈਸੀ ਬੇਨਤੀ ਹੈ ?' ਸਤਿਗੁਰੂ ਜੀ ਨੇ ਜਾਣ ਬੁਝਕੇ ਮੁਸਕਰਾ ਕੇ ਪੁਛਿਆ।

'ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਰਾਜਕੁਮਾਰ ਅਜਮੇਰ ਚੰਦ ਦੀ ਮੰਗਣੀ ਹੋ ਰਹੀ ਹੈ। ਸਗਾਈ ਤੇ ਮਹਿਮਾਨਾਂ ਨੇ ਆਉਣਾ ਹੈ। ਇਹ ਤਾਂ ਜਾਣਦੇ ਹੀ ਹੋ ਕਿ ਧੀਆਂ ਵਾਲੇ ਲੜਕੇ ਵਾਲੇ ਘਰ ਦੀ ਬਹੁਤ ਸ਼ਾਨ ਦੇਖਦੇ ਹਨ। ਜਿੱਡੇ ਸਿਰ ਉੱਡੀਆਂ ਸਲਾਮਾਂ, ਰਾਜਕੁਮਾਰਾਂ ਦੀਆਂ ਮੰਗਣੀਆਂ ਤੇ ਸ਼ਾਦੀਆਂ ਵ ਬਹੁਤ ਖਿਲਾਰ ਵਾਲੀਆਂ ਹੁੰਦੀਆਂ ਹਨ। ਰਾਜਾ ਭੀਮਚੰਦ ਚਾਹੁੰਦਾ ਹੈ ਕਿ ਬਣਨ ਵਾਲੇ ਕੁੜਮਾਂ ਨੂੰ ਬਹੁਤ ਸ਼ਾਨ ਦਿਖਾਈ ਜਾਵੇ। ਦਿਖਾਵੇ ਨੂੰ ਪ੍ਰਭਾਵਸ਼ਾਲੀ ਬਨਾਉਣ ਬਦਲੇ ਉਹਨਾਂ ਨੇ ਬੇਨਤੀ ਕੀਤੀ ਹੈ ਕਿ ਥੋੜੇ ਦਿਨਾਂ ਵਾਸਤੇ ਆਪ ਆਪਣਾ ਪ੍ਰਸਾਦੀ ਹਾਥੀ ਤੇ ਚੰਦਨ ਚੌਂਕੀ ਦੇਵੋ ਦੇਵੋ. ਜਦੋਂ ਮਹਿਮਾਨ ਆਉਣਗੇ ਤਦੋਂ ਦਿਖਾਵਾ ਕੀਤਾ ਜਾਵੇ, ਘੜੀ ਪਲ ਸ਼ੋਭਾ ਹੋ ਜਾਵੇਗੀ। ਪ੍ਰਾਹੁਣਿਆਂ ਦੇ ਜਾਣ ਪਿਛੋਂ ਦੇਵੇਂ ਵਸਤੂਆਂ ਵਾਪਸ ਕਰ ਦਿਤੀਆਂ ਜਾਣਗੀਆਂ। ਇਨ੍ਹਾਂ ਵਸਤੂਆ ਦੇ ਮੰਗਣ ਵਿਚ ਕੋਈ ਮਾੜੀ ਨੀਤੀ ਦੀ ਝਲਕ ਨਹੀਂ।

'ਚੰਗੀ ਤੇ ਮਾੜੀ ਨੀਤ ਬਾਰੇ ਅਸੀਂ ਤਾਂ ਕੁਝ ਸੋਚਦੇਹੀ ਨਹੀਂ', ਸਤਿਗੁਰੂ ਜੀ ਨੇ ਬਚਨ ਕੀਤਾ—'ਸਿਰਫ ਇਹ ਗੱਲ ਹੈ ਕਿ ਜੋ ਵਸਤੂ ਗੁਰੂ ਘਰ ਵਿਚ ਆਉਂਦੀ ਹੈ, ਜੋ ਕੋਈ ਚੜ੍ਹਾਵਾ ਚੜ੍ਹਦਾ ਹੈ ਉਹ ਗੁਰ-ਗੱਦੀ ਨੂੰ ਆਉਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਪ੍ਰਮੇਸ਼ਰ ਦੀ ਮੇਹਰ ਨਾਲ ਅਮਰ ਹੈ। ਗੁਰ-ਗੱਦੀ ਦੀ ਮਾਲਕੀ ਅਸਾਂ ਦੀ ਮਾਲਕੀ ਨਹੀਂ ਅਸੀਂ ਤਾਂ ਗੁਰ-ਗੱਦੀ ਦੇ ਸੇਵਕ ਹਾਂ। ਅਸਲ ਇਹ ਹੈ ਕਿ ਗੁਰ-ਗੱਦੀ ਦੀ ਭੇਟ ਹੋਈ ਕੋਈ ਵਸਤੂ

Sri Satguru Jagjit Singh Ji eLibrary NamdhariElibrary@gmail.com

ਗੁਰੂ ਘਰ ਤੋਂ ਬਾਹਰ ਨਹੀਂ ਜਾ ਸਕਦੀ। ਭੇਟਾ ਕਰਨ ਵਾਲੇ ਦੀ ਵੀ ਇਹੋ ਸ਼ਰਧਾ ਹੈ। ਪ੍ਰਸਾਦੀ ਹਾਥੀ ਤੇ ਚੰਦਨ ਚੌਂਕੀ, ਪੰਜ ਕਲਾ ਸ਼ਸਤ੍ਰ ਇਹ ਸਭ ਕੁਝ ਕਾਮ ਰੂਪ ਦੀ ਰਾਣੀ ਤੇ ਉਸਦਾ ਸਪੁਤ੍ਰ ਰਾਜਾ ਰਤਨ ਰਾਇ ਭੇਟਾ ਕਰ ਗਏ ਹਨ। ਉਹਨਾਂ ਦੀ ਵੀ ਇਹੋ ਇੱਛਾ ਸੀ ਕਿ ਇਹ ਵਸਤੂਆਂ ਗੁਰੂ ਘਰ ਤੋਂ ਬਾਹਰ ਨਾ ਜਾਣ, ਇਸ ਵਾਸਤੇ ਇਹ ਵਸਤੂਆਂ ਦੇਣੀਆਂ ਕਠਨ ਹਨ।'

ਵਜ਼ੀਰ ਨੂੰ ਜੋ ਉਤਰ ਮਿਲਣ ਦੀ ਆਸ ਸੀ ਉਹੋ ਹੀ ਉਤਰ ਮਿਲਿਆ। ਸਤਿਗੁਰੂ ਜੀ ਜਾਣ ਗਏ ਕਿ ਰਾਜਾ ਭੀਮਚੰਦ ਨੇਕ ਨੀਤੀ ਨਾਲ ਇਹ ਵਸਤੂਆਂ ਨਹੀਂ ਮੰਗ ਰਿਹਾ, ਉਹ ਧੋਖਾ ਕਰਨਾ ਚਾਹੁੰਦਾ ਹੈ। ਪੱਥਰ ਪੂਜ ਨੂੰ ਕੀ ਪਤਾ ਕਿ ਅਕਾਲ ਪੁਰਖ ਦੇ ਸੇਵਕ ਨਿਰਭੈ ਤੇ ਨਿਰਮਲ ਆਤਮਾ ਹੁੰਦੇ ਹਨ। ਵਜ਼ੀਰ ਨੰਦ ਚੰਦ ਨੇ ਮਾਲਕ ਭੀਮ ਚੰਦ ਦੇ ਹੁਕਮ ਨੂੰ ਪੂਰਾ ਕਰਨ ਵਾਸਤੇ ਕਿਹਾ—'ਰਾਜਾ ਜੀ ਨੇ ਤਾਂ ਮੈਨੂੰ ਪੱਕੀ ਕਰਕੇ ਭੇਜਿਆ ਸੀ ਕਿ ਜ਼ਰੂਰ ਹਾਥੀ ਲੈਕੇ ਹੀ ਆਉਣਾ। ਮੈਂ ਫਿਰ ਕੀ ਉੱਤਰ ਜਾਕੇ ਦੇਵਾਂਗਾ ?'

'ਏਹੋ ਉੱਤਰ ਕਿ ਗੁਰੂ ਘਰੋਂ ਕੋਈ ਵਸਤੂ ਤੁਸਾਂ ਨੂੰ ਨਹੀਂ ਮਿਲ ਸਕਦੀ।' ਸਤਿਗੁਰੂ ਜੀ ਨੇ ਨਿਰਭੈਤਾ ਨਾਲ ਉੱਤਰ ਦਿਤਾ।

ਵਜ਼ੀਰ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਸਤਿਗੁਰੂ ਜੀ ਦੇ ਦਰਬਾਰ ਵਿਚੋਂ ਦੂਰ ਪਿਆ। ਇਕ ਮੰਜ਼ਲ ਵਿਚ ਭੀਮ ਚੰਦ ਕੋਲ ਜਾ ਪੁਜਾ। ਅਗੇ ਭੀਮ ਚੰਦ ਬੇਚੈਨ ਬੈਠਾ ਸੀ। ਉਸਨੇ ਜਦੋਂ ਵਜ਼ੀਰ ਨੂੰ ਉਦਾਸ ਤੇ ਇਕੱਲਾ ਦੇਖਿਆ ਤਾਂ ਉਹ ਸਮਝ ਗਿਆ ਕਿ ਸਤਿਗੁਰੂ ਜੀ ਨੇ ਵਸਤੂਆਂ ਨਹੀਂ ਦਿਤੀਆ, ਹਾਥੀ ਨਹੀਂ ਆਇਆ। ਫਿਰ ਵੀ ਉਸਨੇ ਪੁਛਿਆ—'ਕਿਉਂ ਕੀ ਉੱਤਰ ਲਿਆਇਆ ਹੈਂ ?'

'ਸਤਿਗੁਰੂ ਜੀ ਨੇ ਬਚਨ ਕੀਤਾ ਹੈ ਕਿ ਗੁਰੂਗੱਦੀ ਭੇਟਾ ਕੀਤੀ ਹੋਈ ਕੋਈ ਵਸਤੂ ਘਰੋਂ ਬਾਹਰ ਕਿਸੇ ਵਾਸਤੇ ਨਹੀਂ ਜਾ ਸਕਦੀ।' ਵਜ਼ੀਰ ਨੇ ਉੱਤਰ ਦਿਤਾ।

'ਇਸਦਾ ਸਿੱਧਾ ਤੇ ਸਾਫ ਮਤਲਬ ਹੈ ਕਿ ਉਹ ਕੋਈ ਚੀਜ਼ ਨਹੀਂ ਦੇਣਗੇ।'

Sri Satguru Jagjit Singh Ji eLibrary NamdhariElibrary@gmail.com

'ਬਿਲਕੁਲ ਨਹੀਂ !'

'ਬਹੁਤ ਅੱਛਾ ! ਮੇਰਾ ਨਾਮ ਵੀ ਭੀਮਚੰਦ ਹੈ, ਮੇਰੇ ਕ੍ਰੋਧ ਦਾ ਜ਼ਿਕਾਰ ਹੋਕੇ ਕੋਈ ਬਚ ਨਹੀਂ ਸਕਦਾ । ਇਕ ਸਾਧੂ ਨਾਲੇ ਸਾਡੀ ਦੂਹ ਵਿਚ ਰਹੇ, ਨਾਲੇ ਆਕੜੇ, ਨਾਲੇ ਹਿੰਦੂ ਧਰਮ ਦੀ ਵਿਰੋਧਤਾ ਕਰੇ, ਨਿਕੀਆਂ ਜਾਤਾਂਵਾਲਿਆਂ ਦਾ ਤਾਂ ਆਦਰ-ਸਤਕਾਰ ਕਰੇ ਪਰ ਅਸਾ ਰਾਜਿਆਂ ਨੂੰ ਅੱਖਾਂ ਦਿਖਾਵੇ ਮੈਂ ਦੇਖਾਂਗਾ ।' ਸੱਪ ਵਾਂਗ ਗੁਸੇ ਦੀ ਵਿਸ ਘੋਲਦਿਆਂ ਹੋਇਆਂ ਭੀਮ ਚੰਦ ਨੇ ਆਖਿਆ। ਉਸ ਵੇਲੇ ਉਹਦੀ ਮਾਨਸਿਕ ਹਾਲਤ ਬਹੁਤ ਬੁਰੀ ਸੀ ਉਹ ਕ੍ਰੋਧ ਨਾਲ ਧਰਤੀ ਉਤੇ ਪੈਰ ਮਾਰੀ ਗਿਆ। ਓਹਦੀ ਦਸ਼ਾ ਨੂੰ ਦੇਖਕੇ ਵਜੀਰ ਨੇ ਕਿਹਾ—

'ਰਾਜਨ ! ਹੌਂਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਹਰ ਗਲ ਵਿਚ ਕਾਹਲ ਨਹੀਂ ਕਰਨੀ ਚਾਹੀਦੀ ਏਹ ਕਾਹਲ ਦਾ ਫਲ ਹੈ ਕਿ ਨਾਂਹ ਹੋਈ। ਅਸਾਂ ਕੁਝ ਸਮਾਂ ਨਾਂ ਦਿਤਾ ਇਕ ਦਿਨ ਮਿਲੇ ਤੇ ਕੀਮਤੀ ਵਸਤੂਆ ਮੰਗਣ ਚਲੇ ਗਏ। ਕੋਈ ਕਦਮ ਗਲਤ ਨਾ ਚੁਕਣਾ। ਰਾਜਕੁਮਾਰ ਦੀ ਕੁੜਮਾਈ ਹੋਣ ਵਾਲੀ ਹੈ ਦੂਸਰਾ ਸਤਿਗੁਰੂ ਜੀ ਦੀ ਸ਼ਕਤੀ ਮਹਾਨ ਹੈ।

'ਕੀ ਸ਼ਕਤੀ ਮਹਾਨ ? ਏਹੋ ਕੀ ਮੈਂ ਰਾਜਾ ਹਾਂ ਓਹ ਸਾਧ ਹੈ। ਮੇਰੀ ਸਹਾਇਤਾ ਮੁਗਲ ਸਾਮਰਾਜ ਕਰ ਰਿਹਾ ਹੈ ਤੇ ਓਹਦੀ ਸਹਾਇਤਾ ਕਰਨ ਵਾਲੇ ਸਾਰੇ ਕਮੀਨੇ ਹਨ, ਓਹ ਲੋਕ ਜਿਨ੍ਹਾਂ ਦਾ ਸਮਾਜ ਵਿਚ ਸਤਕਾਰ ਨਹੀਂ ਜੋ ਭੁਖੇ ਮਰ ਰਹੇ ਹਨ, ਮੈਨੂੰ ਕੋਈ ਪਰਵਾਹ ਨਹੀਂ, ਮੈਂ ਲੜਾਈ ਕਰਾਂਗਾ ਓਹਦਾ ਡੇਰਾ ਸਦਾ ਵਾਸਤੇ ਚੁਕਵਾ ਦਿਆਂਗਾ। ਮੇਰੇ ਹੁਕਮ ਨੂੰ ਮੋੜਨ ਵਾਲਾ ਇਸ ਬਾਹਰੇ ਵਿਚ ਇਉਂ ਸੁਖੀ ਨਹੀਂ ਰਹਿ ਸਕਦਾ।'

ਵਜੀਰ ਚੁਪ ਨਾ ਰਹਿ ਸਕਿਆ। ਉਸਨੇ ਬੜੀ ਨਿੰਮ੍ਰਤਾ ਨਾਲ ਭੀਮਚੰਦ ਨੂੰ ਸਮਝੌਣ ਦਾ ਯਤਨ ਕੀਤਾ--'ਹੇ ਰਾਜਨ ! ਬਿਨਾ ਸੋਚੇ ਸਮਝੇ ਤੇ ਕੁਝ ਦੇਖੇ ਦੇ ਕ੍ਰੋਧ ਕਰਨਾ ਯੋਗ ਨਹੀਂ। ਉਹ ਪੂਰਨ ਮਹਾਂ ਪੁਰਖ ਤੇ ਸਰਬ ਸ਼ਕਤੀਵਾਨ ਹਨ। ਉਹਨਾਂ ਨਾਲ ਲੜਾਈ ਕਰਨੀ ਯੋਗ ਨਹੀਂ। ਉਨ੍ਹਾ ਦੀ ਨਿੰਦਾ ਕਰਨੀ ਤੇ ਨਿਰਾਦਰ ਕਰਨਾ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੈ। ਹਠ ਨੂੰ ਛਡੋ ਚੰਗਾ ਹੈ ਕਿ ਉਨ੍ਹਾਂ ਦੇ ਚਰਨੀ ਲਗੋ, ਉਹਨਾਂ ਨਾਲ ਪਰੇਮ ਕਰੋ ਤੇ ਪਰੇਮ ਲਵੋ।'

Sri Satguru Jagjit Singh Ji eLibrary NamdhariElibrary@gmail.com

ਜਦੋਂ ਪੁਰਸ਼ ਹੰਕ ਰ ਨਾਲ ਅੰਨ੍ਹਾ ਹੋ ਜਾਂਦਾ ਹੋ ਜਾਵੇ ਤਾਂ ਉਸਨੂੰ ਨਾ ਆਪ ਕੁਝ ਦਿਸਦਾ ਹੈ ਤੇ ਨਾਂ ਕਿਸੇ ਦੀ ਉਹ ਨੇਕ ਸਲ ਹ ਲੈ ਦਾ ਹੈ। ਭੀਮਚੰਦ ਨੇ ਵਰਜ ਦੀਆਂ ਗਲਾਂ ਵਲ ਕੋਈ ਧਿਆਨ ਨਾ ਦਿਤਾ ਸਗੋਂ ਉਲਟਾ ਉਸ ਨੂੰ ਡਾਂਟ ਕੇ ਬ ਹਰ ਕੱਢ ਦਿਤਾ ਤੇ ਦੂਸਰੇ ਸਲਾਹਕਾਰ ਚਤਰੂ ਨੂੰ ਸੱਦਿਆ।

ਚਤਰੂ ਬੜਾ ਗਾਲੜੀ ਤੇ ਪਤੇਬਾਜ ਪੰਡਤ ਸੀ। ਉਹ ਗਲਾਂ ਗਲਾਂ ਨਾਲ ਹੀ ਲੋਕਾਂ ਦੇ ਕੰਨ ਕੁਤਰ ਲੈਂਦਾ ਸੀ, ਉਸਨੂੰ ਭੀਮਚੰਦ ਨੇ ਤਿਆਰ ਕੀਤਾ ਕਿ ਉਹ ਸਤਿਗੁਰੂ ਜੀ ਪਾਸ ਜਾਵੇ ਤੇ ਕਿਸੇ ਨਾ ਕਿਸੇ ਤਰਾਂ ਹਾਥੀ ਮੰਗਤੇ ਲਿਆਵੇ।

ਮੂਰਖ ਚਤਰੂ (ਚਤਰਦਾਸ) ਸਤਿਗੁਰੂ ਜੀ ਵਲ ਤੁਰ ਪਿਆ। ਰਾਹ ਵਿਚ ਅਨੇਕਾਂ ਵਿਚਾਰਾਂ ਵਿਚਾਰਦਾ, ਪਹਾੜ ਨਾਲ ਟੱਕਰ ਲੈਣ ਵਲਿਆ। ਗਿਆਨ ਦੇ ਭੰਡਾਰੇ, ਵਿਦਿਆ ਦੇ ਖਜ਼ਾਨੇ, ਨਿਤੀ ਨਿਪੁੰਨ ਸਤਿਗੁਰੂ ਜੀ ਅਗੇ ਅਕਲਾਂ ਦੁੜਾਉਣ ਉਸੇ ਤਰਾਂ ਚਲਿਆ ਜਿਵੇਂ ਕਦੀ ਸ੍ਰੀ ਰਾਮ ਚੰਦਰ ਜੀ ਦੇ ਪਾਸ ਰਾਵਣ ਦੇ ਆਦਮੀ ਜਾਂਦੇ ਸਨ। ਆਪ ਪ੍ਰਮੇਸ਼ਰ ਨੂੰ ਗੱਲਾਂ ਨਾਲ ਕੌਣ ਜਿਤੇ? ਸੱਚ ਦੇ ਸੂਰਜ ਅਗੇ ਝੂਠ ਤੇ ਠੱਗੀ ਦਾ ਉਲੂ ਕਿਵੇਂ ਅੱਖਾਂ ਖੋਹਲ ਸਕਦਾ ਹੈ?

ਚਤਰੂ ਅਨੰਦਪੁਰ ਪੁਜਾ। ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਨਮਸ਼ਕਾਰ ਕਰਕੇ ਬਗਲੇ ਭਗਤ ਦੀ ਤਰਾਂ ਬੜੀ ਨਿਮ੍ਰਤਾ ਨਾਲ ਧੋਖੇ ਦੀਆਂ ਗਲਾਂ ਕਰਨ ਲੱਗਾ। ਸਾਹਿਬ ਉਸ ਦੀਆਂ ਸੁਣਦੇ ਰਹੇ ਤੇ ਮਨ ਹੀ ਮਨ ਓਹਦੀ ਮੂਰਖਤਾ ਉਤੇ ਹੱਸਦੇ ਰਹੇ। ਜਦੋਂ ਓਹ ਬਹੁਤ ਕੁਝ ਕਹਿ ਚੁਕਿਆ ਤਾਂ ਸਤਿਗੁਰੂ ਜੀ ਨੇ ਮੁਸਕਰਾਕੇ ਕਿਹਾ—'ਭਾਈ ਚਤਰਦਾਸ! ਜਿਨੀਆਂ ਗੱਲਾਂ ਤੂੰ ਕੀਤੀਆਂ ਹਨ ਓਹਨਾਂ ਸਾਰੀਆਂ ਵਿਚ ਕੂੜ ਹੀ ਕੂੜ ਹੈ। ਅਸਾਂ ਨੂੰ ਤਾਂ ਇਹ ਆਖ ਰਿਹਾ ਹੈਂ ਕਿ ਹਾਥੀ ਮੋੜ ਦਿਤਾ ਜਾਵੇਗਾ, ਪਰ ਤੁਰਨ ਲੱਗਾ ਜੋ ਕੁਝ ਰਾਜੇ ਭੀਮ ਚੰਦ ਨੂੰ ਆਖ ਕੇ ਆ ਇਆ ਹੈਂ ਓਹ ਵੀ ਯਾਦ ਕਰ, ਕੀ ਹੈ? ਜੋ ਤੂੰ ਤੇ ਰਾਜੇ ਨੇ ਰਾਜਭਾਨ ਵਿਚ ਬੈਠਕੇ ਇਕੱਲਿਆਂ ਸਲਾਹ ਕੀਤੀ ਹੈ ਉਸਨੂੰ ਯਾਦ ਕਰ। ਕੀ ਤੇਰੀ ਜਬਾਨ ਤੇ ਆਤਮਾ ਸੱਚੀ ਹੈ। ਕੀ ਤੂੰ ਤੇ ਰਾਜੇ ਨੇ ਇਹ ਸਲਾਹ ਨਹੀਂ ਕੀਤੀ ਕਿ ਹਾਥੀ ਬਹਾਨੇ ਨਾਲ ਲੈ ਆਈਏ ਤੇ ਮੁੜ ਨਾ ਮੋੜੀਏ, ਗੁਰੂ ਅਸਾਂ ਦਾ ਕੀ ਵਿਗਾੜ ਲਵੇਗਾ?

Sri Satguru Jagjit Singh Ji eLibrary NamdhariElibrary@gmail.com

ਇਹ ਸੱਚੇ ਬਚਨ ਸੁਣਕੇ ਚਤਰੂ ਨੂੰ ਸਾਰੀਆਂ ਚਤਰਾਈਆਂ ਭੁਲ ਗਈਆਂ, ਉਹ ਡਰਪੋਂਦਾ ਹੋ ਗਿਆ। ਉਸਦੀਆਂ ਅੱਖਾਂ ਨੀਵੀਆਂ ਹੋ ਗਈਆਂ। ਸਤਿਗੁਰੂ ਜੀ ਨੇ ਉਸਦੀ ਮਾਨਸਿਕ ਦਸ਼ਾ ਅਨੁਭਵ ਕਰਕੇ ਉਸਨੂੰ ਕਿਹਾ-'ਵਾਪਸ ਜਾਕੇ ਆਪਣੇ ਰਾਜੇ ਨੂੰ ਆਖਦੇਹ ਕਿ ਉਸਨੂੰ ਹਾਥੀ ਕਿਸੇ ਕੀਮਤ ਤੇ ਵੀ ਨਹੀਂ ਮਿਲ ਦਾ ਕਿਉਂਕਿ ਉਸਦੀ ਨੀਤ ਭੈੜੀ ਹੈ। ਉਸਨੇ ਆਰੰਭ ਤੋਂ ਹੀ ਚਿਤ ਵਿਚ ਮੰਦਾ ਵਿਚਾਰ ਵਿਚਾਰਿਆ ਹੈ।'

ਚਤਰੂ ਚਲਿਆ ਗਿਆ ਤੇ ਉਸ ਨੇ ਜਾ ਕੇ ਭੀਮ ਚੰਦ ਨੂੰ ਬਹੁਤ ਗਰਮ ਕਰ ਦਿਤਾ। ਸਤਿਗੁਰੂ ਜੀ ਨੇ ਅਸਲ ਸੁਨੇਹੇ ਨੂੰ ਸੁਨਾਉਣ ਦੀ ਥਾਂ ਮਨੋ ਬਣਾ ਕੇ ਕਈ ਗਲਾਂ ਕਰ ਦਿਤੀਆਂ। ਰਾਜੇ ਭੀਮਚੰਦ ਨੇ ਉਸੇ ਵੇਲੇ ਸੈਨਾ ਨੂੰ ਲੜਾਈ ਦਾ ਹੁਕਮ ਦਿਤਾ 'ਮੈਂ ਲੜ ਕੇ ਸਾਰੀਆਂ ਵਸਤੂਆਂ ਖੋਹ ਲਵਾਂਗਾ।' ਉਹਦੇ ਮਨ ਦਾ ਜੋਸ਼ ਸੀ

੨੯, ਰਾਜੇ ਭੀਮ ਚੰਦ ਦੀ ਰਾਣੀ ਨੇ ਉਸਨੂੰ ਰੋਕਨਾ

ਦੋਹਰਾ-ਮੰਦ ਭਾਗ ਕੀ ਮਤ ਫਿਰੀ, ਗੁਰਸਿਖੀ ਨਹਿ ਭਾਇ ॥
ਜਿਮ ਚਾਹੇ ਪ੍ਰਭ ਤਿਠ ਕਰੈ, ਤਜੈ ਕਿਧੌ ਅਪਨਾਇ ॥
(ਸੂਰਜ ਪ੍ਰਕਾਸ਼)

ਰਾਜੇ ਭੀਮ ਦੀ ਰਾਣੀ ਕੁਝ ਵਾਹਿਗੁਰੂ ਦੇ ਭੈ ਵਾਲੀ ਇਸਤ੍ਰੀ ਸੀ ਉਹ ਦੇਵੀ ਦੇਵਤਿਆ ਤੇ ਸਾਧੂ ਸੰਤਾ ਦੀ ਕ੍ਰੋਪੀ ਪਾਸੋਂ ਬਹੁਤ ਡਰਦੀ ਸੀ। ਉਸ ਨੂੰ ਜਦੋਂ ਪਤਾ ਲੱਗਾ ਕਿ ਉਸਦਾ ਪਤੀ ਖਾਹ-ਮੁਖਾਹ ਸਤਿਗੁਰੂ ਜੀ ਨਾਲ ਲੜਾਂਈ ਕਰਨ ਲੱਗਾ ਹੈ ਅਤੇ ਉਹਦੇ ਲੜਕੇ ਦੀ ਮੰਗਣੀ ਵਿਚ ਵਿਘਨ ਪੈਣ ਲੱਗਾ ਹੈ ਤਾਂ ਉਹ ਤੜਪ ਉਠੀ। ਉਸ ਨੇ ਉਸੇ ਵੇਲੇ ਰਾਜੇ ਨੂੰ ਪਾਸ ਸਦਿਆ ਤੇ ਬੇਨਤੀ ਕੀਤੀ 'ਹੇ ਰਾਜਨ! ਜੋ ਕੁਝ ਮੈਂ ਸੁਣ ਰਹੀ ਹਾਂ, ਜੇ ਇਹ ਸਭ ਕੁਝ ਠੀਕ ਹੈ ਤਾਂ ਮਾੜੀ ਗੱਲ ਹੈ। ਤੁਸੀਂ ਸਤਿਗੁਰੂ ਨਾਲ ਯੁਧ ਨਾ ਕਰੋ। ਯਾਦ ਕਰੋ ਉਹਨਾਂ ਦੇ ਬਜ਼ੁਰਗਾਂ ਨੇ ਤੁਸਾਂ ਦੇ ਪਿਤਾ ਜੀ ਨੂੰ ਕੈਦ ਵਿਚੋਂ ਸੁਤੰਤ੍ਰ ਕਰਾਇਆ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਬਹੁਤ ਬਰਕਤ ਤੇ ਰਿਧੀਆਂ ਸਿਧੀਆਂ

Sri Satguru Jagjit Singh Ji eLibrary NamdhariElibrary@gmail.com

ਵਾਲੀ ਗੱਦੀ ਹੈ। ਬਿਨਾਂ ਸੋਚੇ ਸਮਝੇ ਤੇ ਬਿਨਾਂ ਕਾਰਨ ਦੇ ਜੁਧ ਕੀਤਿਆਂ ਕਿਤੇ ਨੈਣੇ ਦੇ ਦੇਣੇ ਨਾ ਪੈ ਜਾਣ। ਦੂਸਰਾ ਰਾਜਕੁਮਾਰ ਦੀ ਮੰਗਣੀ ਦੇ ਦਿਹਾੜੇ ਨੇੜੇ ਹਨ। ਮੰਗਣੀ ਹੋ ਜਾਣ ਦਿਓ। ਮੈਂ ਚਾਹੁੰਦੀ ਹਾਂ ਕਿ ਮੇਰੇ ਲਾਲ ਦੀ ਮੰਗਣੀ ਖੁਸੀ ਸਾਂਦੀ ਬਹੁਤ ਖੁਸ਼ੀ ਨਾਲ ਹੋਵੇ। ਖੁਸ਼ੀ ਦੇ ਮੰਗਲਾਚਾਰ ਗਾਏ ਜਾਣ।

'ਹਾਥੀ ਲਏ ਬਿਨਾਂ ਮੈਂ ਕਿਸੇ ਕੀਮਤ ਤੇ ਵੀ ਜੁਧ ਕਰਨੋਂ ਨਹੀਂ ਰੁਕ ਸਕਦਾ। ਉਸ ਸੰਤ ਨੇ ਮੇਰੀ ਨਿਰਾਦਰੀ ਕੀਤੀ ਹੈ। ਮੇਰੇ ਰਾਜ ਵਿਚ ਵਸ ਕੇ ਮੈਨੂੰ ਹੀ ਨਾਂਹ ਕਰੇ। ਇਹ ਮੈਂ ਨਹੀਂ ਸਹਿ ਸਕਦਾ। ਕਲ ਨੂੰ ਸਾਰੀ ਪਰਜਾ ਬਗਾਵਤ ਕਰ ਦੇਵੇਗੀ।' ਰਾਜੇ ਭੀਮ ਚੰਦ ਨੇ ਬੜੇ ਗੁਸੇ ਨਾਲ ਆਖਿਆ।

'ਮੈਂ ਕੇਸਰੀ ਸਿੰਘ ਨੂੰ ਭੇਜਦੀ ਹਾਂ, ਉਹ ਸਤਿਗੁਰੂ ਜੀ ਪਾਸ ਜਾ ਕੇ ਉਹਨਾਂ ਅਗੇ ਬੇਨਤੀ ਕਰਨਗੇ, ਹੋ ਸਕਦਾ ਹੈ ਕਿ ਸਤਿਗੁਰੂ ਜੀ ਬੇਨਤੀ ਪਰਵਾਨ ਕਰ ਲੈਣ ਤੇ ਜੁਧ ਤਕ ਨੌਬਤ ਨਾ ਪੁਜੇ।' ਰਾਣੀ ਨੇ ਸਲਾਹ ਦਿਤੀ।

'ਭੇਜ ਕੇ ਦੇਖ ਲੈ, ਉਹਨਾਂ ਮੰਨਣਾ ਕਦੀ ਨਹੀਂ, ਮੈਂ ਬਾਕੀ ਰਾਜਿਆਂ ਨਾਲ ਸਲਾਹ ਕਰਦਾ ਹਾਂ।'

ਇਹ ਆਖ ਕੇ ਰਾਜਾ ਭੀਮ ਚੰਦ ਆਪਣੀ ਰਾਣੀ ਕੋਲੋਂ ਬਾਹਰ ਆ ਗਿਆ ਤੇ ਕੁਟਣਨੀਤ ਵਜ਼ੀਰਾਂ ਨਾਲ ਸਲਾਹ ਮਸ਼ਵਰੇ ਕਰਨ ਲੱਗਾ ਕਿ ਕਿਵੇਂ ਉਸ ਨੂੰ ਪ੍ਰਸਾਦੀ ਹਾਥੀ ਮਿਲੇ।

ਰਾਣੀ ਨੇ ਆਪਣੇ ਭਰਾ ਕੇਸਰੀ ਸਿੰਘ ਨੂੰ ਸਦਿਆ ਤੇ ਸਮਝਾ ਬੁਝਾ ਕੇ ਸਤਿਗੁਰੂ ਜੀ ਵਲ ਭੇਜਿਆ। ਤੁਰਨ ਲਗਿਆਂ ਬਹੁਤ ਪਕੀਆਂ ਕੀਤੀਆਂ ਕਿ ਜੁਧ ਨੂੰ ਟਾਲਣ ਦਾ ਪੂਰਾ ਯਤਨ ਕਰਨਾ।

ਕੇਸਰੀ ਸਿੰਘ ਸਿਆਣਾ ਪੁਰਸ਼ ਸੀ। ਉਹ ਸਤਿਗੁਰੂ ਜੀ ਦੇ ਦਰਬਾਰ ਵਿਚ ਪੁਜਿਆ, ਬੜੀ ਨਿੰਮ੍ਰਤਾ ਨਾਲ ਉਸਨੇ ਗੁਰੂ ਘਰ ਦੀ ਮਰਯਾਦਾ ਨੂੰ ਪੂਰਾ ਨਿਭਾਹਿਆ ਤੇ ਸਤਿਕਾਰ ਕਰਕੇ ਸਤਿਗੁਰੂ ਜੀ ਦੇ ਚਰਨਾ ਉਪਰ ਮੱਥਾ ਟੇਕਿਆ। ਕੁਝ ਭੇਟ ਵੀ ਚੜ੍ਹਾਈ। ਮੇਵੜਿਆਂ ਨੇ ਰਾਣੀ ਦੇ ਨਾਮ ਦੀ ਅਰਦਾਸ ਕੀਤੀ ਤੇ ਅਰਦਾਸ ਦੇ ਪਿਛੋਂ ਉਸ ਨੇ ਬੇਨਤੀ ਕੀਤੀ--'ਸਚੇ ਪਾਤਸ਼ਾਹ! ਰਾਣੀ ਵਲੋਂ

Sri Satguru Jagjit Singh Ji eLibrary NamdhariElibrary@gmail.com

ਬੇਨਤੀ ਹੈ ਕਿ ਥੋਹੜੇ ਚਿਰ ਵਾਸਤੇ ਹਾਥੀ ਦਿਤਾ ਜਾਵੇ ਤਾਂ ਵਾਪਸ ਕੀਤਾ ਜਾਵੇ। ਜੇ ਹਾਥੀ ਨਾ ਦਿਤਾ ਗਿਆ ਤਾਂ ਜੁਧ ਦੇ ਹੋ ਜਾਣ ਦਾ ਭੈ ਹੈ, ਇਸ ਵਾਸਤੇ ਜੁਧ ਨਹੀਂ ਹੋਣਾ ਚਾਹੀਦਾ।'

ਕੇਸਰੀ ਸਿੰਘ ਦੀ ਬੇਨਤੀ ਸੁਣਕੇ ਸਤਿਗੁਰੂਜੀ ਮੁਸਕਰਾ ਪਏ ਤੇ ਉਸਨੂੰ ਕਹਿਣ ਲਗੇ-'ਰਾਣੀ ਭੋਲੀ ਹੈ, ਉਹ ਨਹੀਂ ਜਾਣਦੀ ਉਸ ਦਾ ਪਤੀ ਉਸ ਨੂੰ ਧੋਖਾ ਦੇ ਰਿਹਾ ਹੈ। ਹਾਥੀ ਮੰਗਵਾ ਨਹੀਂ ਮੰਗਿਆ ਜਾ ਰਿਹਾ ਸਗੋਂ ਆਣ ਵਸਤੂ ਬਨਾਉਣ ਵਾਸਤੇ ਫਰੇਬ ਨੀਤੀ ਤੋਂ ਕੰਮ ਲਿਆ ਜਾ ਰਿਹਾ ਹੈ। ਅਸੀਂ ਸਮਝ ਗਏ ਹਾਂ ਕਿ ਰਾਜਾ ਭੀਮਚੰਦ ਅਸਾਂ ਨਾਲ ਧੋਖਾ ਕਰਨਾ ਚਾਹੁੰਦਾ ਹੈ। ਜੇਕਰ ਉਸਦੀ ਦੇਖੇ ਦੀ ਨੀਤ ਨਾ ਹੁੰਦੀ ਤਾਂ ਹੋਰ ਗਲ ਸੀ। ਹੁਣ ਉਸਨੂੰ ਕਿਸੇ ਕੀਮਤ ਉਤੇ ਵੀ ਹਾਥੀ ਨਹੀਂ ਮਿਲ ਸਕਦਾ। ਬਾਕੀ ਰਹੀ ਲੜਾਈ ਦੀ ਗਲਾਂ, ਇਸ ਕੋਲੋਂ ਅਸੀਂ ਭੈ ਭੀਤ ਨਹੀਂ ਹੁੰਦੇ। ਲੜਾਈ ਦਾ ਨਾਮ ਸੁਣ ਕੇ ਹੀ ਅਸਾਂ ਨੂੰ ਚਾਅ ਚੜ੍ਹ ਜਾਂਦਾ ਹੈ ਉਸੇ ਤਰ੍ਹਾਂ ਜਿਵੇਂ ਮਹਾਂ ਭਾਰਤ ਸਮੇਂ ਅਰਜਨ ਤੇ ਉਹਦੇ ਭਾਈਆਂ ਨੂੰ ਚਾਅ ਚੜ੍ਹਿਆ ਸੀ. ਪਰ ਅਸਾਂ ਦੀ ਨੀਤੀ ਸ੍ਰੀ ਕ੍ਰਿਸ਼ਨ ਜੀ ਵਰਗੀ ਹੈ ਪਹਿਲਾਂ ਕਿਸੇ ਨੂੰ ਛੇੜਨਾ ਨਹੀਂ ਤੇ ਜੋ ਨੇਕੀ ਤੇ ਨੇਕ ਗਲਾਂ ਨਾ ਸਮਝੇ ਤੇ ਮੂਰਖ ਬਣ ਕੇ ਮਲੋ ਮਲੀ ਗਲ ਪਵੇ ਤਾਂ ਉਸ ਨੂੰ ਤਲਵਾਰ ਨਾਲ ਸੋਧਣਾ ਹੈ। ਰਾਣੀ ਦੇਵੀ ਹੈ, ਉਹ ਨੇਕ ਹੈ, ਪਰ ਕਿਉਂ ਕਿ ਉਸਨੂੰ ਧੋਖਾ ਦਿਤਾ ਜਾ ਰਿਹਾ ਹੈ ਇਸ ਵਾਸਤੇ ਅਸਾਂ ਨੂੰ ਖਿਮਾਂ ਕਰੋ ਅਸੀਂ ਉਸ ਦੇ ਬਚਨ ਨਹੀਂ ਮੰਨਦੇ।'

ਸਤਿਗੁਰੂ ਜੀ ਦਾ ਇਹ ਉੱਤਰ ਸੁਣ ਕੇ ਕੇਸਰੀ ਸਿੰਘ ਨਿਰਾਸ ਨਹੀਂ ਹੋਇਆ ਪਰ ਉਹਦੇ ਚਿਹਰੇ ਤੇ ਗੰਭੀਰਤਾ ਜ਼ਰੂਰ ਆ ਗਈ। ਉਸ ਨੂੰ ਇਹ ਅਫਸੋਸ ਹੋਇਆ ਕਿ ਰੱਬ ਰੂਪ ਮਹਾਂ ਪੁਰਖਾਂ ਨਾਲ ਰਾਜਾ ਭੀਮ ਚੰਦ ਦ ਸਬੰਧ ਮਾੜੇ ਹੋ ਰਹੇ ਹਨ ਤੇ ਕੇਸਰੀ ਸਿੰਘ ਨੂੰ ਭੀਮ ਚੰਦ ਦੀ ਸਹਾਇਤਾ ਕਰਨੀ ਪੈਣੀ ਸੀ। ਉਸ ਨੇ ਵਾਧੂ ਗਲਾਂ ਨਾ ਕੀਤੀਆਂ, ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਅਤੇ ਆਪਣੇ ਰਾਹ ਪਿਆ। ਤਰਕਾਲਾਂ ਨੂੰ ਕਹਿਲੂਰ ਪਹੁੰਚ ਗਿਆ।

Sri Satguru Jagjit Singh Ji eLibrary NamdhariElibrary@gmail.com

ਕੇਸਰੀ ਸਿੰਘ ਨੂੰ ਆਇਆ ਦੇਖ ਕੇ ਰਾਜਾ ਭੀਮ ਚੰਦ ਉਹਦੇ ਕੋਲ ਆਇਆ ਤੇ ਉਸ ਨੂੰ ਪੁਛਣ ਲਗਾ ਕਿ ਕੀਹ ਉੱਤਰ ਮਿਲਿਆ ਹੈ ? ਤਾਂ ਕੇਸਰ ਸਿੰਘ ਨੇ ਨਿਰਾਸ ਹੋ ਕੇ ਸਾਰਾ ਮਾਮਲਾ ਬਿਆਨ ਕਰ ਦਿਤਾ ਜਿਸ ਨੂੰ ਸੁਣ ਕੇ ਰਾਜਾ ਭੀਮ ਚੰਦ ਦੇ ਮਨ ਨੂੰ ਅੱਗ ਲਗ ਗਈ। ਉਹ ਕ੍ਰੋਧ ਨਾਲ ਕੰਬਣ ਲਗ ਪਿਆ।

ਰਾਜਾ ਭੀਮ ਚੰਦ ਕ੍ਰੋਧ ਨਾਲ ਕੰਬ ਤਿਹਾ ਸੀ ਪੰਮਾਂ ਪਰੋਹਤ ਆ ਪੁਜਾ। ਪੰਮਾ ਰਾਜ ਗੁਰੂ ਸੀ। ਰਾਜ ਦੀਆਂ ਸਾਰੀਆਂ ਧਾਰਮਿਕ ਰਸਮਾਂ ਉਹੋ ਕਰਦਾ ਸੀ। ਉਸ ਨੇ ਆਉਂਦਿਆਂ ਹੀ ਜਾਣ ਲਿਆ ਕਿ ਕੇਸਰੀ ਸਿੰਘ ਨਿਰਾਸ ਮੁੜ ਆਇਆ ਹੈ। ਉਸ ਨੇ ਬੜੀ ਗਰਮ ਜੋਸ਼ੀ ਨਾਲ ਰਾਜੇ ਨੂੰ ਸੰਬੋਧਨ ਕਰ ਕੇ ਆਖਿਆ-- ਚਿੰਤਾ ਕਿਉਂ ਕਰਦੇ ਹੋ ਤੁਸੀਂ ਰਾਜੇ ਜੇ. ਰਾਜੇ ਦਾ ਧਰਮ ਹੈ ਰਾਜ ਧਰੋਹੀ ਤੇ ਬਾਗੀ ਨੂੰ ਕੁਚਲਨਾ। ਇਕ ਸਾਧੂ ਤੁਸਾਂ ਦੇ ਸਾਹਮਣੇ ਆਕੜੇ, ਇਹ ਕਿਵੇਂ ਹੋ ਸਕਦਾ ਹੈ। ਹੁਣੇ ਹੀ ਸੈਨਾ ਨੂੰ ਕੂਚ ਦਾ ਹੁਕਮ ਦੇਵੋ। ਅਜ ਉਹ (ਸਤਿਗੁਰੂ ਜੀ) ਹਾਥੀ ਦੇਣ ਤੋਂ ਵੇਹਰਿਆ ਹੈ ਕਲ ਨੂੰ ਸੈਨਾ ਇਕੱਠੀ ਕਰ ਕੇ ਰਾਜ ਉਤ ਹਮਲਾ ਕਰ ਦੇਵੇਗਾ। ਉਹ ਤਾ ਬ੍ਰਹਮਣ ਧਰਮ ਦਾ ਵੀ ਅੰਤ ਕਰਨ ਉਤੇ ਤੁਲਿਆ ਹੈ ਮੈਂ ਤਾਂ ਉਹਦੀ ਨੀਤੀ ਨੂੰ ਸ਼ੁਰੂ ਤੋਂ ਸਮਝ ਗਿਆ ਸਾਂ। ਕੇਸਰੀ ਸਿੰਘ ਤੇ ਰਾਣੀ ਜੀ ਹਠ ਕਰਦੇ ਸਨ ਇਹਨਾਂ ਵੀ ਦੇਖ ਲਿਆ ਹੁਣ ਕੋਈ ਸ਼ਕ ਦੀ ਗਲ ਨਹੀਂ।

'ਮੈਂ ਹੁਣੇ ਹੀ ਸੈਨਾ ਨੂੰ ਤਿਆਰੀ ਦਾ ਹੁਕਮ ਦੇਂਦਾ ਹਾਂ, ਮੈਂ ਨਹੀਂ ਰੁਕਣਾ ਭਾਵੇਂ ਕੁਝ ਹੋਵੇ।' ਰਾਜਾ ਭੀਮ ਚੰਦ ਨੇ ਗੁਸੇ ਨਾਲ ਆਖਿਆ।

ਕੇਸਰੀ ਸਿੰਘ ਚੁਪ ਨਾ ਰਹਿ ਸਕਿਆ ਉਸ ਨੇ ਲੜਾਈ ਨੂੰ ਮਠਿਆ ਕਰਨ ਦੀ ਹੋਰ ਵਿਉਂਤ ਸੋਚੀ ਉਸ ਨੇ ਆਖਿਆ-,'ਰਾਜਾ ਸਾਹਿਬ ! ਬੇਸ਼ਕ ਤੁਸੀਂ ਲੜਾਈ ਲੜੋ ਪਰ ਨਾਲ ਦੇ ਰਾਜਿਆਂ ਨਾਲ ਸਲਾਹ ਕਰ ਲਵੋ ਕਲਿਆਂ ਲੜਾਈ ਕਰਨੀ ਠੀਕ ਨਹੀਂ। ਹੋ ਸਕਦਾ ਹੈ ਕਿ ਕੋਈ ਹੋਰ ਰਾਜਾ ਉਹਨਾਂ ਸਤਿਗੁਰੂ ਜੀ) ਦੀ ਸਹਾਇਤਾ ਕਰੇ, ਨਾਲ ਅਜਮੇਰ ਦੀ ਚੜਾਈ ਬਾਰੇ ਵੀ ਸੋਚਣਾ ਹੈ ਕਿਤੇ ਫਤਹਿ ਚੰਦ ਹੀ ਗੁਸੇ ਨਾ ਹੋ ਜਾਵੇ।'

Sri Satguru Jagjit Singh Ji eLibrary NamdhariElibrary@gmail.com

ਪੰਮਾ ਚੁਪ ਨਾ ਖਲੋ ਸਕਿਆ ਉਹ ਮੱਛੀ ਵਾਂਗ ਉਛਲ ਕੇ ਬੋਲਿਆ—'ਕੋਈ ਪਹਾੜੀ ਹਿੰਦੂ ਰਾਜਾ ਉਸ (ਸਤਿਗੁਰੂ ਜੀ) ਦੀ ਸਹਾਇਤਾ ਨਹੀਂ ਕਰੇਗਾ ਕਿਉਂਕਿ ਉਹ ਗੁਰੂ ਤਾਂ ਹਿੰਦੂ ਧਰਮ ਦੇ ਵਿਰੁਧ ਪਰਚਾਰ ਕਰਦਾ ਹੈ। ਦੇਵੀ ਦੇਵਤਿਆਂ ਦਾ ਸਤਿਕਾਰ ਨਹੀਂ ਕਰਦਾ ਉਹ ਤਾਂ ਮੁਸਲਮਾਨਾਂ ਵਾਂਗ ਮੰਦਰਾਂ ਵਿਚੋਂ ਕੇਵਲ ਮੂਰਤੀਆਂ ਤੋੜਨ ਤੇ ਤੁਲਿਆ ਹੈ। ਉਹ ਨਵਾਂ ਹੀ ਕੋਈ ਧਰਮ ਚਲਾਉਣਾ ਚਾਹੁੰਦਾ ਹੈ। ਬਸ ਉਠਦੇ ਵੈਰੀ ਨੂੰ ਪਹਿਲਾਂ ਨੱਪਣਾ ਨੀਤੀ ਦੀ ਪਹਿਲੀ ਸਿਖਿਆ ਹੈ। ਕੋਈ ਲੋੜ ਨਹੀਂ ਕਿਸੇ ਨਾਲ ਵਿਚਾਰ ਕਰਨ ਦੀ।'

ਪੰਮੇ ਨੇ ਭਾਵੇਂ ਰਾਜੇ ਨੂੰ ਬਹੁਤ ਚੁਕਿਆ ਪਰ ਫਿਰ ਵੀ ਕੇਸਰੀ ਸਿੰਘ ਦਾ ਤੇ ਰਾਣੀ ਦਾ ਜ਼ੋਰ ਪੈ ਗਿਆ। ਉਹਨਾਂ ਨੇ ਰਾਜੇ ਨੂੰ ਮਨਾ ਲਿਆ ਕਿ ਦੂਸਰੇ ਰਾਜਿਆਂ ਨਾਲ ਲੜਾਈ ਦੀ ਸਲਾਹ ਕੀਤੀ ਜਾਵੇ। ਭਾਵੇਂ ਸਤਿਗੁਰੂ ਜੀ ਦੀ ਸ਼ਕਤੀ ਬਹੁਤੀ ਨਹੀਂ ਫਿਰ ਵੀ ਤਕੜੀ ਮਜਬੂਤੀ ਨਾਲ ਚੜ੍ਹਾਈ ਕੰਤਾ ਜਾਵੇ। ਉਸੇ ਵੇਲੇ ਭੀਮ ਚੰਦ ਨੇ ਦੂਸਰੇ ਰਾਜਿਆਂ ਵਲ ਦੂਤ ਭੇਜ ਦਿਤਾ।

੩੦. ਰਾਜੇ ਭੀਮ ਚੰਦ ਨੇ ਸਤਿਗੁਰੂ ਜੀ ਵਲ ਚਿੱਠੀ ਭੇਜਨੀ

ਪਹਾੜ ਦੇ ਵਿਚ ਥਾਂਈ ਦੇ ਕਰੀਬ ਹਿੰਦੂ ਰਾਜੇ ਸਨ। ਉਹਨਾਂ ਵਿਚ ਅੱਠ ਕੁ ਰਾਜੇ ਮੁਖੀ ਸਨ ਪਰ ਰਾਜਾ ਭੀਮ ਚੰਦ ਨੂੰ ਸਾਰੇ ਆਪਣਾ ਮੁਖੀ ਸਮਝਦੇ ਹੋਏ ਇਸ ਦਾ ਹੁਕਮ ਮੰਨਦੇ ਸਨ। ਜਦੋਂ ਉਹਦਾ ਹੁਕਮ ਪੁਜਾ ਕਿ ਛੇਤੀ ਪੁਜੋ ਤਾਂ ਸਾਰੇ ਨਿਕੇ ਵਡੇ ਰਾਜੇ ਪੁਜ ਗਏ।

ਪਰ ਰਾਣੀ ਤੇ ਕੇਸਰੀ ਸਿੰਘ ਦੀ ਨੀਤੀ ਸੀ ਕਿ ਲੜਾਈ ਨੂੰ ਟੋਕਣਾਂ ਤਾਂ ਕਿ ਅਜਮੇਰ ਚੰਦ ਦੀ ਕੁੜਮਾਈ ਵਿਚ ਕੋਈ ਵਿਘਨ ਨਾ ਪਵੇ। ਰਾਣੀ ਤੇ ਕੇਸਰੀ ਸਿੰਘ ਨੇ ਆਏ ਰਾਜਿਆਂ ਨੂੰ ਪਹਿਲਾਂ ਸਮਝਾ ਦਿਤਾ ਕਿ ਭੀਮ ਚੰਦ ਨੂੰ ਲੜਾਈ ਦੀ ਸਲਾਹ ਨਾ ਦੇਣ। ਜੇ ਲੜਾਈ ਹੋ ਗਈ ਤਾਂ ਰਾਜਕੁਮਾਰ ਦੀ ਮੰਗਣੀ ਨਹੀਂ ਹੋ ਸਕੇਗੀ। ਰਾਣੀ ਨੂੰ ਰਾਜ ਕੁਮਾਰ ਨਾਲ ਬਹੁਤ ਪਰੇਮ

Sri Satguru Jagjit Singh Ji eLibrary NamdhariElibrary@gmail.com

ਸੀ ਉਹ ਪੁਤਰ ਦੀ ਮੰਗ ਨੂੰ ਵਾਰਤੇ ਸਾਰੇ ਸੁਖਾਂ ਨੂੰ ਵਾਰ ਦੇਣਾ ਚਾਹੁੰਦੀ ਸੀ।

ਰਾਜਾ ਭੀਮਚੰਦ ਦੀ ਰਾਜ ਸਭਾ ਵਿਚ ਸਾਰੇ ਰਾਜੇ ਬੈਠੇ ਰਾਜਾ ਭੀਮ ਚੰਦ ਨੇ ਸਤਿਗੁਰ ਜੀ ਦੇ ਦਰਬਾਰ ਵਿਚ ਹਾਜਰ ਹੋਣ ਤੋਂ ਲਗਾ ਕੇ ਕੇਸਰੀ ਸਿੰਘ ਦੇ ਵਾਪਸ ਆਉਣ ਤਕ ਦਾ ਸਾਰਾ ਹਾਲ ਦਸਿਆ । ਪੰਮਾ ਪਰੋਹਤ ਨੇ ਜੋਸ਼ੀਲੀ ਤਕਰੀਰ ਕਰਕੇ ਰਾਜਿਆਂ ਨੂੰ ਗਰਮ ਕੀਤਾ ਕਿ ਸਤਿਗੁਰੂ ਜੀ ਹਿੰਦੂ ਧਰਮ ਦੇ ਵਿਰੁਧ ਹਨ। ਉਹ ਦੇਵੀਆਂ ਦੇ ਮੰਦਰਾਂ ਨੂੰ ਢਾਹ ਢੱਰੀ ਕਰਨਾ ਚਾਹੁੰਦਾ ਹੈ। ਓਹ ਫੌਜ ਤਿਆਰ ਕਰ ਰਿਹਾ ਹੈ ਤੇ ਇਕ ਦਿਨ ਆਵੇਗਾ ਕਿ ਆਪਣੇ ਚੇਲਿਆਂ ਨਾਲ ਇਕ ਇਕ ਕਰਕੇ ਸਾਰੇ ਪਹਾੜੀ ਰਾਜਿਆਂ ਨੂੰ ਖਾ ਜਾਵੇਗਾ। ਇਸ ਵਾਸਤੇ ਹਮਲਾ ਕਰਕੇ ਓਹਨਾਂ ਦੀ ਸ਼ਕਤੀ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।

ਰਾਜੇ ਕ੍ਰਿਪਾਲ ਚੰਦ ਨੇ ਕਿਹਾ—ਪਹਿਲਾਂ ਚਿੱਠੀ ਲਿਖੋ ਕਿ ਉਹ ਈਨ ਮੰਨ ਲਵੇ ਤੇ ਲੋੜੀਂਦੀਆਂ ਚੀਜ਼ਾਂ ਭੇਜ ਦੇਵੇ। ਸੈਨਾ ਦੀ ਭਰਤੀ ਬੰਦ ਕੀਤੀ ਜਾਵੇ। ਅਗੇ ਨੂੰ 'ਰਣਜੀਤ ਨਗਾਰ' ਨਾ ਵਜਾਇਆ ਜਾਵੇ। ਇਸ ਤਰ੍ਹਾਂ ਦੀ ਚਿੱਠੀ ਭੇਜੋ। ਜੇ ਹੋਰ ਲਿਖਣਾ ਹੋਵੇ ਤਾਂ ਲਿਖੋ ਉਹ ਮਾਖੋਵਾਲ ਨੂੰ ਛਡ ਜਾਣ। ਜੇ ਕੋਈ ਸਰਤ ਵੀ ਨਾ ਮੰਨਣ ਤਾਂ ਰਾਜਕੁਮਾਰ ਦੀ ਮੰਗਣੀ ਤੋਂ ਵੇਹਲਿਆ ਹੋ ਕੇ ਲੜਾਈ ਕੀਤੀ ਜਾਵੇ।

ਰਾਜਾ ਕ੍ਰਿਪਾਲ ਚੰਦ ਦੇ ਨਾਲ ਦੂਸਰੇ ਰਾਜੇ ਵੀ ਸਹਿਮਤ ਹੋ ਗਏ ਆਖਰ ਰਾਜਾ ਭੀਮ ਚੰਦ ਨੇ ਸਤਿਗੁਰੂ ਜੀ ਵਲ ਇਕ ਲੰਮੀ ਚਿੱਠੀ ਲਿਖੀ। ਉਸ ਚਿੱਠੀ ਵਿਚ ਲਿਖਿਆ-'ਆਪ ਦੀਆਂ ਸਾਰੀਆਂ ਹਰਕਤਾਂ ਨੂੰ ਗੁਪਤ ਢੰਗ ਨਾਲ ਦੇਖਿਆ ਗਿਆ ਹੈ ਕਿ ਆਪ ਸੈਨਾ ਇਕੱਤਰ ਕਰਕੇ ਪਹਾੜੀ ਰਿਆਸਤਾਂ ਉਤੇ ਕਬਜ਼ਾ ਕਰਨਾ ਚਾਹੁੰਦੇ ਹੋ। ਅਸਾਂ ਨੂੰ ਸ਼ੱਕ ਨਹੀਂ ਸਗੋਂ ਸਚਾਈ ਪਰਗਟ ਹੋ ਰਹੀ ਹੈ ਇਸ ਵਾਸਤੇ ਹੇਠਾਂ ਲਿਖਿਆਂ ਗਲਾਂ ਉਤੇ ਅਮਲ ਕਰੋ--

ਜਿਹੜੀਆਂ ਵਸਤੂਆਂ ਰਾਜਾ ਭੀਮ ਚੰਦ ਨੇ ਮੰਗੀਆਂ ਹਨ ਉਹ ਛੇਤੀ ਭੇਜ ਦਿਤੀਆਂ ਜਾਣ, ਖਾਸ ਕਰਕੇ ਪ੍ਰਸਾਦੀ ਹਾਥੀ ਤੇ ਦੰਦਨ ਚੌਂਕੀ-ਜੋ ਰਾਜਾ ਰਤਨ ਰਾਇ ਵਲੋਂ ਭੇਟਾ ਕੀਤੀਆਂ ਗਈਆਂ ਹਨ। 'ਰਣ ਜੀਤ ਨਗਾਰਾ ਵਜਾਉਣਾ ਬੰਦ ਕੀਤਾ ਜਾਏ, ਸੈਨਾ ਦੀ ਭਰਤੀ ਨਾ ਹੋਵੇ। ਮਾਖੋਵਾਲ ਪਿੰਡ ਕਹਿਲੂਰ ਰਾਜ ਦੇ

Sri Satguru Jagjit Singh Ji eLibrary NamdhariElibrary@gmail.com

ਵਿਚ ਹੈ ਇਸ ਵਾਸਤੇ ਤੁਸੀਂ ਕਹਿਲੂਰ ਰਾਜ ਦੀ ਪਰਜਾ ਬਣੋ। ਰਾਜੇ ਦਾ ਹੁਕਮ ਮੰਨਣਾ ਤੁਸਾਂ ਵਾਸਤੇ ਜਰੂਰੀ ਹੈ। ਜੇ ਇਹ ਗਲਾਂ ਨਾ ਮੰਨੇ ਤਾਂ ਲੜਨ ਵਾਸਤੇ ਤਿਆਰ ਰਹੋ।

ਚਿਠੀ ਲਿਖ ਕੇ ਪੰਮੇ ਪਰੋਹਤ ਦੇ ਹਥ ਦਿਤੀ ਤੇ ਉਹ ਚਿੱਠੀ ਨੂੰ ਲੈ ਕੇ ਅਨੰਦਪੁਰ ਪੁਜ ਗਿਆ। ਉਸ ਵੇਲੇ ਸਤਿਗੁਰੂ ਜੀ ਦਰਬਾਰ ਵਿਚ ਬੈਠੇ ਹੋਏ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ। ਪੰਮੇ ਨੇ ਜਾਦਿਆਂ ਹੀ ਬਿਨਾਂਸਤਿਗੁਰੂ ਜੀ ਨੂੰ ਨਮਸਕਾਰ ਕਰਨ ਦੇ ਹੰਕਾਰ ਨਾਲ ਛਾਤੀ ਤੇ ਧੌਣ ਉਚੀ ਕਰਕੇ ਖਲੋ ਗਿਆ। ਸਾਰੀ ਸੰਗਤ ਹੈਰਾਨ ਸੀ ਕਿ ਇਹ ਪੰਮਾ ਇਸਤਰਾਂ ਆਣਕੇ ਕਿਉਂ ਆਕੜ ਕੇ ਖਲੋ ਗਿਆ ਹੈ। ਕਈ ਸਿਖਾਂ ਨੇ ਤਾਂ ਇਹ ਵੀ ਖਿਆਲ ਕੀਤਾ ਕਿ ਇਸ ਨੂੰ ਮਾਰ ਕੁਟ ਕੇ ਦਰਬਾਰ ਵਿਚੋਂ ਬਾਹਰ ਕੱਢ ਦਿਤਾ ਜਾਵੇ ਪਰ ਓਹ ਸਤਿਗੁਰੂ ਜੀ ਪਾਸੋਂ ਡੈ ਖਾਂਦੇ ਹੋਏ ਚੁਪ ਚਾਪ ਬੈਠੇ ਰਹੇ।

ਸਤਿਗੁਰ ਜੀ ਨੇ ਪੰਮੇ ਨੂੰ ਆਖਿਆ—ਕਹੋ ਪੰਡਤ ਜੀ! ਕਿਵੇਂ ਆਉਣਾ ਹੋਇਆ?

'ਨੂੰ! ਮੈਂ ਰਾਜਾ ਭੀਮ ਚੰਦ ਦਾ ਪਰੋਹਤ ਪੰਮਾ ਰਾਮ ਹਾਂ। ਰਾਜਦੂਤ ਹੋ ਕੇ ਆਇਆ ਹਾਂ, ਮੈਨੂੰ ਪਾਸ ਚਿੱਠੀ ਹੈ, ਸੁਣਾਂਦਾ ਹਾਂ। ਇਸ ਦਾ ਜਵਾਬ ਅੱਜ ਹੀ ਦੇਣਾ ਹੋਵੇਗਾ।'

ਇਹ ਆਖ ਕੇ ਉਸ ਨੇ ਚਿੱਠੀ ਪੜ੍ਹੀ। ਚਿੱਠੀ ਨੂੰ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਪੰਮੇ ਨੂੰ ਕਹਿਣ ਲਗੇ—'ਪੰਡਤ ਜੀ! ਤੁਸੀਂ ਰਾਜਦੂਤ ਹੋਕ ਆਏ ਹੋ ਰਾਜਦੂਤ ਨੂੰ ਮਾਰਨਾ ਧਰਮ ਨਹੀਂ, ਮਹਾਨ ਨੀਤੀ ਹੈ। ਤੁਸੀਂ ਜਾਓ ਤੇ ਚਿੱਠੀ ਦਾ ਜਵਾਬ ਅਸੀਂ ਕਲ ਲਿਖ ਕੇ ਭੇਜ ਦੇਵਾਂਗੇ। ਰਾਜਾ ਭੀਮ ਚੰਦ ਹਨੇਰੇ ਵਿਚ ਹਥ ਪੈਰ ਮਾਰ ਰਿਹਾ ਹੈ ਉਹਦੀਆਂ ਅੱਖਾਂ ਅਗੇ ਹੰਕਾਰ ਦੀ ਕਾਲੀ ਪੱਟੀ ਹੈ। ਛੇਤੀ ਹੀ ਉਹਨੂੰ ਹੋਸ਼ ਆ ਜਾਵੇਗੀ, ਚਿੰਤਾ ਨਾ ਕਰੋ, ਜਾਓ।'

ਪੰਮੇ ਨੇ ਭਾਂਡਿਆ ਸਾਰੇ ਸੂਰਬੀਰ ਸਿਖ ਕਰੋਧ ਨਾਲ ਲਾਲ ਹੋ ਗਏ ਨੇ, ਸਾਰਿਆਂ ਦੇ ਨੈਣਾ ਵਿਚੋਂ ਅੱਗ ਦੇ ਚੰਗਿਆੜੇ ਨਿਕਲਣ ਲਗ ਪਏ ਹਨ, ਇਸ ਕਰਕੇ ਉਸਨੇ ਉਥੋਂ ਖਿਸਕਣਾ ਹੀ ਚੰਗਾ ਜਾਣਿਆ, ਉਹ ਦਰਬਾਰ

Sri Satguru Jagjit Singh Ji eLibrary NamdhariElibrary@gmail.com

ਵਿਚੋਂ ਬਾਹਰ ਨਿਕਲਿਆ ਤੇ ਆਪਣੇ ਰਾਹ ਪੈ ਪਿਆ।

ਰਾਜਾ ਭੀਮ ਚੰਦ ਤੇ ਹੋਰਨਾਂ ਰਾਜਿਆਂ ਵਲੋਂ ਲਿਖੀ ਹੋਈ ਚਿੱਠੀ ਸਤਿਗੁਰੂ ਜੀ ਦੇ ਚਰਣਾਂ ਵਿਚ ਪੜ੍ਹੀ ਗਈ, ਸੁਣਾਈ ਹੰਕਾਰੀ ਪੰਮੇ ਨੇ, ਜਿਸਨੂੰ ਹੰਕਾਰ ਸੀ ਕਿ ਉਸਦੇ ਪਿਛੇ ਬਾਈ ਧਾਰ ਦੇ ਰਾਜਿਆਂ ਦਾ ਬਲ ਹੈ। ਇਸ ਚਿੱਠੀ ਦੇ ਭਾਵ ਦਾ ਅਸਰ ਸਤਿਗੁਰੂ ਜੀ ਦੇ ਬਹਾਦਰ ਸਿਖਾਂ ਦੇ ਮਨਾਂ ਉਤੇ ਤਾਂ ਮਾੜਾ ਨਾ ਪਿਆ ਪਰ ਮਸੰਦਾਂ, ਮੇਵੜਿਆਂ ਅਤੇ ਕੜਾਹ ਦੇ ਛਕਣ ਛਕਾਉਣ ਵਾਲਿਆਂ ਉਤੇ ਬਹੁਤ ਬੁਰਾ ਪਿਆ। ਓਹ ਤਾਂ 'ਲੜਾਈ ! ਲੜਾਈ !' ਆਖ ਕੇ ਕੁਰਲਾ ਉਠੇ। ਉਹਨਾਂ ਦਾ ਲਹੂ ਠੰਡਾ ਹੋ ਗਿਆ। ਓਹ ਬੋਲਣ ਜੋਗੇ ਨਾ ਰਹੇ। ਓਹਨ ਨੂੰ ਖਾਣਾ ਪੀਣਾ ਭੁਲ ਗਿਆ। ਉਹ ਕਾਹਲੀ ਨਾਲ ਨਸੇ ਨਸੇ ਮਾਤਾ ਗੁਜਰੀ ਜੀ ਪਾਸ ਪੁਜੇ। ਉਹਨਾਂ ਨੇ ਜਾਂਦਿਆਂ ਹੀ ਆਖਿਆ–'ਮਾਤਾ ਜੀ ! ਹਨੇਰ ਹੋ ਗਿਆ ! ਆਖਰ ਉਹੋ ਗਲ ਹੋਈ ਜੋ ਅਸੀਂ ਕਹਿੰਦੇ ਸਾਂ। ਸਤਿਗੁਰੂ ਜੀ ਜਵਾਨ ਉਮਰ ਵਿਚ ਹਨ। ਇਹ ਦੁਰੰਦੇਸ਼ੀ ਸੋਚਦੇ ਨਹੀਂ। ਰਾਜੇ ਭੀਮ ਚੰਦ ਵਲੋਂ ਲਿਖਿਆ ਆ ਗਿਆ ਹੈ, ਬਸ ਜੇ ਉਸਦਾ ਠੀਕ ਉਤਰ ਨਾ ਦਿਤਾ ਗਿਆ ਤਾਂ ਲੜਾਈ ਜ਼ਰੂਰ ਹੋ ਪਵੇਗੀ। ਵਾਹਿਗੁਰੂ ਦਾ ਨਾਮ ਜਪਣ ਵਾਲੇ ਸਾਧੂ ਸੰਤ, ਲੜਾਈ ਕਰਨ ਨਾਲ ਅਤਾਂ ਦਾ ਕੀਕੰਮ। ਸਤਿਗੁਰੂ ਜੀ ਨੂੰ ਸਮਝਾਵੋ ਨਹੀਂ ਤੇ ਏਦੇ ਲਹੂ ਦੀਆਂ ਨਦੀਆਂ ਵਹਿ ਜਾਣਗੀਆਂ। ਸ਼ਾਇਦ ਇਸ ਅਸਥਾਨ ਨੂੰ ਛਡਣਾ ਪਵੇ ਕਿਉਂਕਿ ਉਹ ਰਾਜੇ ਹਨ।

ਮਸੰਦਾਂ ਦੀ ਜਬਾਨੋਂ ਲੜਾਈ ਦਾ ਸ਼ਬਦ ਸੁਣ ਕੇ ਮਾਤਾ ਗੁਜਰੀ ਜੀ ਘਬਰਾ ਗਏ। ਸਬੱਬ ਨਾਲ ਉਸ ਸਮੇਂ ਸਤਿਗੁਰੂ ਜੀ ਉਹਨਾਂ ਦੇ ਪਾਸ ਆ ਗਏ ਜਦੋਂ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਮੱਥਾ ਟੇਕ ਲਿਆ ਤਾਂ ਮਾਤਾ ਜੀ ਨੇ ਸਤਿਗੁਰੂ ਜੀ ਨੂੰ ਆਪਣੇ ਕੋਲ ਬਿਠਾ ਲਿਆ। ਕੋਲ ਬਿਠਾ ਕੇ ਪਰੇਮ ਨਾਲ ਪੁਛਿਆ–'ਬੇਟਾ ! ਕੀ ਕੋਈ ਚਿੱਠੀ ਰਾਜਾ ਭੀਮ ਚੰਦ ਵਲੋਂ ਆਈ ਹੈ ? ਜੇ ਆਈ ਹੈ ਤਾਂ ਉਸ ਵਿਚ ਕੀ ਲਿਖਿਆ ਹੋਇਆ ਹੈ ?

ਸਤਿਗੁਰੂ ਜੀ ਸਮਝ ਗਏ ਕਿ ਉਹਨਾਂ ਤੋਂ ਪਹਿਲਾਂ ਮਸੰਦਾਂ ਨੇ ਘਰ ਆ ਦਸਿਆ ਹੈ, ਉਹਨਾਂ ਨੇ ਸੁਰਜ ਮੁਖੀ ਫੁਲ ਦੇ ਸ਼ਸਤ੍ਰ ਮੁਸਕਰਾਉਂਦਿਆਂ ਹੋਇਆਂ

Sri Satguru Jagjit Singh Ji eLibrary NamdhariElibrary@gmail.com

ਬਚਨ ਕੀਤਾ--'ਹਾਂ, ਮਾਤਾ ਜੀ ਚਿਠੀ ਆਈ ਹੈ। ਉਹ ਕਲਤ ਰਾਜੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਨੂੰ ਡਰਾਉਂਦੇ ਹਨ। ਉਹ ਸਿਖ ਮੁਸੀਆਂ ਵਲੋਂ ਚੜ੍ਹਾਈ ਹੋਈ ਵਸਤੂਆਂ ਨੂੰ ਮੰਗਦੇ ਹਨ। ਉਹਨਾਂ ਨੇ ਲੜਾਈ ਦੀ ਧਮਕੀ ਦਿਤੀ ਹੈ। ਅਸੀਂ ਨਹੀਂ ਡਰਦੇ ਤੇ ਅਜ ਹੀ ਚਿੱਠੀ ਲਿਖਾਂਗੇ ਕਿ ਅਸੀਂ ਕਿਸੇ ਦੀ ਪਰਜਾ ਨਹੀਂ, ਸੁਤੰਤਰ ਹਾ। ਅਕਾਲ ਪੁਰਖ ਸਹਾਇਤਾ ਕਰਰਿਹਾਹੈ। ਮਾਤਾ ਜੀ! ਰਾਜਸੀ ਮਾਮਲੇ ਐਸੇ ਹੋਇਆ ਹੀ ਕਰਦੇ ਹਨ, ਘਬਰਾਉਣਦੀਲੋੜਨਹੀਂ, ਚਿੰਤਾ ਨਾ ਕਰੋ. ਅਕਾਲ ਪੁਰਖ ਤੇ ਭਰੋਸਾ ਰਖੋ ਉਹ ਸਭ ਦੇ ਕਰਤਾਹਰਤਾ ਹਨ।ਉਹਨਾ ਦੇ ਹੁਕਮ ਤੋਂ ਬਿਨਾ ਕਿਸੇ ਦਰਖਤ ਦਾ ਪੱਤਾ ਨਹੀਂ ਹਿਲਦਾ। ਪੰਛੀਆਂ ਦੇ ਪਰ ਨਹੀਂ ਖੁਲ੍ਹਦੇ। ਜਿਵੇਂ ਉਸਦਾ ਭਾਣਾ ਹੈ ਤਿਵੇਂ ਹੋਕੇ ਰਹਿਣਾ ਹੈ। ਬਸ ਚਿੰਤਾ ਨਾ ਕਰੋ। ਅਸੀਂ ਜੋ ਲਿਖਾਂਗੇ ਠੀਕ ਲਿਖਾਂਗੇ।'

'ਬੇਟਾ ! ਚਿੱਠੀ ਪਰੇਮ ਦੀ ਲਿਖਣੀ ਚਾਹੀਦੀਹੈ। ਗੁਸੇ ਦੀ ਨਹੀਂ,ਜਰਤ ਵਿਚ ਹਰ ਇਕ ਨੂੰ ਪਰੇਮ ਨਾਲ ਜਿੱਤਨਾ ਚਾਹੀਦਾ ਹੈ, ਤਲਵਾਰ ਨਾਲ ਨਹੀਂ।' ਮਾਤਾ ਜੀ ਨੇ ਬਚਨ ਕੀਤਾ।

ਸਤਿਗੁਰੂ ਜੀ ਬੋਲੇ--'ਮਾਤਾ ਜੀ ! ਜੋ ਕੁਝ ਆਖਦੇ ਹੋ ਠੀਕ ਹੈ, ਪਰੇਮ ਨਾਲ ਹੰਕਾਰੀਆਂ ਤੇ ਸ਼ੈਤਾਨ ਸ਼ਕਤੀਆਂ ਦੇ ਪੁਜਾਰੀਆਂ ਦਾ ਜਿੱਤਣਾ ਅੱਜ ਕਲ ਔਖਾ ਹੈ। ਅੱਜ ਨਿਰੀ ਭਗਤੀ ਦੀ ਲੋੜ ਨਹੀਂ ਸਗੋਂ ਸ਼ਕਤੀ ਦੀ ਵੀ ਲੋੜ ਹੈ। ਹੁਣ ਭਗਤੀ ਦੀ ਰਾਖੀ ਵਾਸਤੇ ਸ਼ਕਤੀ ਮੈਦਾਨ ਵਿਚ ਆਵੇਗੀ। ਕਾਮ ਕ੍ਰੋਧ, ਹੰਕਾਰ ਤੇ ਲਾਲਚ ਨੇ ਜਗਤ ਜੀਵਾਂ ਨੂੰ ਤੰਗ ਕੀਤਾ ਹੈ। ਮੁਗਲ ਸਰਕਾਰ ਹਿੰਦੂਆਂ ਨੂੰ ਭੇਡਾਂ ਬਕਰੀਆਂ ਸਮਝਦੀ ਹੈ। ਇਹ ਪਹਾੜੀ ਰਾਜੇ ਪੱਥਰ ਪੂਜ ਹਨ ਇਹਨਾਂ ਦੀ ਮਤ ਮਾਰੀ ਹੋਈ ਹੈ। ਮਾਯਾ ਦੇ ਪੁਜਾਰੀ, ਬਗਾਨੀਆਂ ਚੀਜ਼ਾਂ ਦੇਖਕੇ ਧਰਮ ਦਾ ਤਿਆਗ ਕਰ ਦੇਂਦੇ ਹਨ। ਨੀਤੀ ਦੀ ਪਰਵਾਹ ਨਹੀਂ ਕਰਦੇ। ਐਸੀ ਹਾਲਤ ਵਿਚ ਕਦੀ ਨਹੀਂ ਹੋ ਸਕਦਾ ਕਿ ਇਹਨਾਂ ਅਗੇ ਝੁਕਿਆ ਜਾਵੇ। ਅਕਾਲ ਪੁਰਖ ਦੇ ਹੁਕਮ ਨਾਲ ਅਸੀਂ ਤਾਂ ਐਸੀ ਸ਼ਕਤੀ ਪੈਦਾ ਕਰਨੀ ਚਾਹੁੰਦੇ ਹਨ ਜਿਸ ਨਾਲ ਦੁਸ਼ਟਾਂ ਦਾ ਨਾਸ ਕੀਤਾ ਜਾਇਆ ਕਰੇ। ਅਜੇ ਤਾਂ ਮਾਤਾ ਜੀ ਕਈ ਨਿਰਾਲੇ ਮਾਮਲੇ ਪੈਣੇ ਹਨ ਅੱਜ ਆਪ ਹੀ ਘਬਰਾ ਗਏ ਓ ! ਚੰਗੇ ਮਾਤਾ ਜੀ ! ਆਪਣੇ

Sri Satguru Jagjit Singh Ji eLibrary NamdhariElibrary@gmail.com

ਬੈਠੇ ਨੂੰ ਸਨੇਂ ਹੌਂਸਲਾ ਦੇਵੋ ਕਿ ਉਹ ਮੈਦਾਨ-ਜੰਗ ਵਿਚ ਜਾ ਕੇ ਦੁਸ਼ਟਾਂ ਦਾ ਨਾਸ ਕਰੇ। ਜਿਨ੍ਹਾਂ ਲੋਕਾਂ ਨੇ ਇਹ ਜਗਤ ਵਿਚ ਵੈਰ ਮਚਾਇਆ ਹੈ ਉਹਨਾਂ ਦਾ ਅੰਤ ਕਰੇ।'

ਮਾਤਾ ਜੀ ਨੂੰ ਸਮਝਾ ਕੇ ਸਤਿਗੁਰੂ ਜੀ ਨੇ ਭੀਮ ਚੰਦ ਵਲ ਇਕ ਲੰਮੀ ਚਿੱਠੀ ਲਿਖੀ। ਉਸ ਵਿਚ ਲਿਖਿਆ—'ਹੇ ਰਾਜਨ! ਅਸੀਂ ਨਹੀਂ ਸਾਂ ਚਾਹੁੰਦੇ ਕਿ ਆਂਢ ਗੁਆਂਢ ਵਗਾੜ ਪਾਈਏ, ਪਰ ਤੁਸਾਂ ਦੇ ਲਾਲਚੀ ਮਨ ਦੀ ਮਾੜੀ ਦਸ਼ਾ ਨੇ ਹੋਰ ਹੀ ਹਾਲਤ ਪੈਦਾ ਕਰ ਦਿਤੇ ਹਨ। ਅਸੀਂ ਕਿਸੇ ਦੁਨਿਆ ਵੀ ਰਾਜੇ ਦੀ ਪਰਜਾ ਨਹੀਂ ਅਸਾਂ ਦਾ ਮਾਲਕ ਅਕਾਲ ਪੁਰਖ ਹੈ। ਇਹ ਅਸਥਾਨ ਮਾਖੋਵਾਲ ਮੁਲ ਖਰੀਦਿਆ ਹੈ ਕਿਸੇ ਪਾਸੋਂ ਮੰਗ ਕੇ ਨਹੀਂ ਲਿਆ। ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਸੁਤੰਤਰ ਹੈ ਕੂੜ ਤੇ ਲਾਲਚ ਵਾਲੇ ਰਾਜਿਆਂ ਦੀ ਈਨ ਮੰਨਣ ਨੂੰ ਤਿਆਰ ਨਹੀ। ਪ੍ਰਸਾਦੀ ਹਾਥੀ ਤੇ ਚੰਦਨ ਚੌਂਕੀ ਨਹੀਂ ਦਿਤੀ ਜਾਵੇਗੀ। ਟਕਰ ਤੁਸਾਂ ਨੂੰ ਤਲਵਾਰ ਉਤੇ ਹੰਕਾਰ ਹੈ ਤੇ ਤਾ ਤਲਵਾਰ ਦੀ ਖੇਡ ਖੇਡ ਕੇ ਵੇਖ ਲਵੋ। ਚੰਗਾ ਤਾਂ ਇਹ ਹੈ ਕਿ ਮੋਹ ਮਾਇਆ ਹੰਕਾਰ ਲਾਲਚ ਦਾ ਤਿਆਗ ਕਰ ਕੇ ਮਨੁਖ ਬਣੋ ਆਖਰ ਇਕ ਦਿਨ ਹਿਸਾਬ ਹੋਣਾ ਹੈ। ਅਕਾਲ ਪੁਰਖ ਦੀ ਕਚਹਿਰੀ ਵਿਚ ਸਭ ਨੂੰ ਹਾਜਰ ਹੋਣਾ ਪੈਣਾ ਹੈ। ਸਚਾ ਧਰਮ ਤੇ ਚੰਗੀ ਨੀਤੀ ਨੂੰ ਹਥੋਂ ਨਹੀਂ ਛਡਣਾ ਚਾਹੀਦਾ। ਕੀ ਰਾਜਿਆਂ ਦਾ ਕੰਮ ਪਰਜਾ ਕੋਲੋ ਚੰਗੀਆ ਚੀਜਾਂ ਡਾਕੂਆਂ ਦਾ ਰੂਪ ਧਾਰ ਕੇ ਖੋਹਣੀਆਂ ਚਾਹੀਦੀਆਂਹਨ? ਜੇ ਵਾੜ ਖੇਤ ਨੂੰ ਖਾਣ ਲਗ ਪਵੇ ਤਾਂ ਰਾਖੀ ਕੌਣ ਕਰੇਗਾ? ਤੁਸਾਂ ਦੇ ਇਹ ਲੱਛਣ ਚੰਗੇ ਨਹੀਂ ਇਸ ਵਾਸਤੇ ਅਸੀਂ ਤੁਸਾਂ ਦੀ ਕੋਈ ਗਲ ਮੰਨਣ ਨੂੰ ਤਿਆਰ ਨਹੀਂ। ਲੜਾਈ ਪਾਸੋਂ ਅਸੀਂ ਕਦੀ ਨਹੀਂ ਡਰਦੇ।'

ਐਸੀ ਪੱਤ੍ਰਕਾ ਲਿਖ ਕੇ ਸਤਿਗੁਰੂ ਜੀ ਨੇ ਇਕ ਸਿਖ ਦੇ ਹੱਥ ਰਾਜੇ ਭੀਮ ਚੰਦ ਵਲ ਭੇਜ ਦਿਤੀ। ਪੱਤ੍ਰਕਾ ਨੂੰ ਲਿਜਾਣ ਵਾਲਾ ਸਿਖ ਬਹੁਤ ਹਿੰਮਤੀ ਤੇ ਦਲੇਰ ਤੇ ਚੰਗੀ ਸੂਝ ਬੂਝ ਵਾਲਾ ਸੀ। ਉਹ ਘੋੜੇ ਉਤੇ ਸਵਾਰ ਹੋ ਕੇ ਰਾਜੇ ਭੀਮ ਚੰਦ ਦੇ ਪਾਸ ਪੁਜ ਗਿਆ। ਸਤਿਗੁਰੂ ਜੀ ਦਾ ਹੁਕਮ ਸੀ ਕਿ ਪੱਤ੍ਰਕਾ ਰਾਜੇ ਭੀਮ ਚੰਦ ਤੋਂ ਬਿਨਾ ਕਿਸੇ ਨੂੰ ਨਾ ਮਿਲੇ।

Sri Satguru Jagjit Singh Ji eLibrary NamdhariElibrary@gmail.com

ਜਿਸ ਵੇਲੇ ਭੀਮ ਚੰਦ ਨੇ ਦਿੱਠੀ ਪੜ੍ਹੀ ਤਾਂ ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਹ ਕਰੋਧ ਨਾਲ ਕੰਬਣ ਲਗ ਪਿਆ। 'ਅੱਜ ਹੀ ਚੜ੍ਹਾਈ ਕਰਾਂਗਾ!' ਇਹ ਉਸਦੀ ਪਹਿਲੀ ਅਵਾਜ਼ ਸੀ ਪਰ ਛੇਤੀ ਹੀ ਉਸ ਨੂੰ ਚੇਤਾਂ ਆਇਆ ਕਿ ਦੂਸਰੇ ਰਾਜਿਆਂ ਨਾਲ ਵੀ ਸਲਾਹ ਕੀਤੀ ਹੋਈ ਹੈ, ਉਹਨਾਂ ਦੀ ਮਰਜੀ ਤੋਂ ਬਿਨਾਂ ਕਦਮ ਚੁਕਨਾ ਠੀਕ ਨਹੀਂ। ਆਖਰ ਉਸ ਨੇ ਗੁਸੇ ਨੂੰ ਪੀਤਾ ਤੇ ਦੂਸਰੇ ਰਾਜਿਆਂ ਨੂੰ ਦੂਸਰੀ ਇਕੱਤ੍ਰਤਾ ਵਾਸਤੇ ਸੱਦਾ ਦਿਤਾ। ਉਹ ਰਾਜੇ ਇਕੱਤਰ ਹੋਏ। ਉਹਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਸਤਿਗੁਰੂ ਜੀ ਨੇ ਅਨੰਦਪੁਰ ਤੋਂ ਬਾਹਰ ਕੱਢ ਦਿਤਾ ਜਾਵੇ। ਪਰ ਇਸ ਛੋੜ ਨੂੰ ਰਾਜਕੁਮਾਰ ਅਜਮੇਰ ਚੰਦ ਦੀ ਕੁੜਮਾਈ ਪਿਛੋਂ ਛੇੜਿਆ ਜਾਵੇ। ਜੇ ਇਹ ਮਾਮਲਾ ਪਹਿਲਾਂ ਸ਼ੁਰੂ ਹੋਇਆ ਤਾਂ ਜ਼ਰੂਰੀ ਹੈ ਕਿ ਅਜਮੇਰ ਚੰਦ ਦੀ ਕੁੜਮਾਈ ਵਿਚ ਵਿਘਨ ਪਵੇ। ਸਾਇਦ ਲੜਾਈ ਕੱਚੀ ਲੱਸੀ ਵਾਂਗ ਵਧ ਜਾਵੇ, ਮੁੜਕੇ ਵੇਲਾ ਨਾ ਸੰਭਾਲਿਆ ਜਾਵੇ। ਰਾਜਾ ਭੀਮ ਚੰਦ ਦੀ ਰਾਣੀ ਤੇ ਕੇਸਰੀ ਸਿੰਘ ਵੀ ਇਹੋ ਚਾਹੁੰਦੇ ਸਨ, ਇਸ ਵਾਸਤੇ ਉਹਨਾਂ ਨੇ ਵੀ ਇਸ ਫੈਸਲੇ ਦੇ ਕਰਾਉਣ ਵਿਚ ਬਹੁਤ ਸਹਾਇਤਾ ਕੀਤੀ, ਇਉਂ ਜੰਗ ਦਾ ਪਹਿਲਾ ਹੱਲਾ ਰੁਕ ਗਿਆ।

੩੧. ਸਤਿਗੁਰੂ ਜੀ ਦਾ ਨਾਹਣ ਜਾਣਾ

ਪਹਾੜੀ ਰਿਆਸਤ ਨਾਹਣ ਹੈ ਇਹ ਜਗਾਧਰੀ ਦੇ ਉਤਰ ਪੂਰਬ ਵਲ ਤੇ ਸਹਾਰਨ ਪੁਰ ਦੇ ਉਤਰ ਵਿਚ ਜਮਨਾ ਕਿਨਾਰੇ ਹੈ। ਹਿਮਾਲਯ ਪਰਬਤ ਦੇ ਚਰਨਾਂ ਵਿਚ ਸਹਾਣੀ ਪਹਾੜੀ ਥਾਂ ਹੈ ਏਥੇ ਹਰਿਆਵਲ ਬੇਅੰਤ ਹੈ। ਮਿਠੇ ਪਾਣੀ ਦੇ ਝਰਨੇ ਅਤੇ ਫਲਾਂ ਵਾਲੇ ਦਰਖਤਾ ਦਾ ਅੰਤ ਨਹੀਂ। ਅੱਜ ਇਹ ਰਿਆਸਤ ਹਿਮਾਚਲ ਪਰਦੇਸ਼ ਦਾ ਇਕ ਹਿੱਸਾ ਹੈ।

ਸਤਿਗੁਰੂ ਜੀ ਦੇ ਸਮੇਂ ਨਾਹਣ ਦਾ ਰਾਜਾ ਮੇਦਨੀ ਪ੍ਰਕਾਸ਼ ਸੀ, ਇਹ ਬਹੁਤ ਧਰਮੀ ਆਦਮੀ ਸੀ ਪਰਜਾ ਨਾਲ ਪਿਆਰ ਕਰਦਾ ਤੇ ਪਰਜਾ ਦੀ ਖੁਸ਼ਹਾਲੀ ਵਲ ਖਿਆਲ ਰਖਦਾਸੀ, ਉਹ ਸਦਾ ਨਿਰਵੈਰਤਾ ਦੇ ਪੁਜਾਰੀ ਸਨ। ਪਰ ਸਬੱਬ ਨਾਲ ਉਹਨਾਂ ਦਾ ਝਗੜਾ ਰਾਜਾ ਫਤਿਹ ਚੰਦ ਨਾਲ ਹੋ ਗਿਆ

Sri Satguru Jagjit Singh Ji eLibrary NamdhariElibrary@gmail.com

ਫਤਹ ਚੰਦ ਸ੍ਰੀ ਨਗਰ ਰਿਆਸਤ ਦਾ ਰਾਜਾ ਸੀ (ਇਹ ਸ੍ਰੀ ਨਗਰ ਕੁਲੂ ਦੇ ਲਾਗੇ ਰਿਆਸਤ ਸੀ ਕਸ਼ਮੀਰ ਵਾਲਾ ਸ੍ਰੀ ਨਗਰ ਨਹੀਂ।) ਇਹੋ ਫਤਹਚੰਦਰਾਜਾਂ ਭੀਮ ਚੰਦ ਦਾ ਕੁੜਮ ਬਣਨਾ ਚਾਹੁੰਦਾ ਸੀ।

ਫਤਹ ਚੰਦ ਬਹੁਤਾ ਬੁਰਾ ਨਹੀਂ ਸੀ ਪਰ ਕੁਝ ਲਾ-ਪ੍ਰਵਾਹ ਜ਼ਰੂਰ ਸੀ, ਉਸ ਦੀ ਲਾ-ਪ੍ਰਵਾਹੀ ਦੇ ਕਾਰਨ ਰਾਜੇ ਮੇਦਨੀ ਪ੍ਰਕਾਸ਼ ਨਾਲ ਮਾਮਲਾ ਵਧ ਗਿਆ ਸੀ, ਏਸੇ ਭੈ ਦੇ ਕਾਰਨ ਹੀ ਫਤਹ ਚੰਦ ਧੀ ਦਾ ਸਾਕ ਦੇ ਕੇ ਰ ਜੇ ਭੀਮ ਚੰਦ ਨਾਲ ਸਿੱਟਾ ਪਾਉਣਾ ਚਾਹੁੰਦਾ ਸੀ ਤਾਂ ਕਿ ਲੜਾਈ ਦੇ ਸਮੇਂ ਉਸ ਨੂੰ ਸਹਾਇਤਾ ਮਿਲ ਜਾਵੇ ਕਿਉਂ ਕਿ ਉਸ ਸਮੇਂ ਪਹਾੜੀ ਦੁਨੀਆਂ ਵਿਚ ਰਾਜੇ ਭੀਮ ਚੰਦ ਦਾ ਬਹੁਤ ਰੋਹਬ ਦਾਬ ਸੀ। ਉਸ ਦੇ ਸਾਥੀ ਰਾਜਾ ਕ੍ਰਿਪ ਲ ਚੰਦ ਵਰਗੇ ਸਨ, ਜਿਹੜੇ ਸਦਾ ਲੜਨ ਵਾਸਤੇ ਤਿਆਰ ਰਹਿੰਦੇ ਸਨ।

ਰਾਜਾ ਭੀਮ ਚੰਦ ਤੇ ਫਤਹ ਚੰਦ ਦਾ ਗੱਠ-ਜੋੜ ਹੁੰਦਾ ਦੇਖ ਕੇ ਮੇਦਨੀ ਪ੍ਰਕਾਸ਼ (ਰਾਜਾ ਨਾਹਣ) ਡਰ ਗਿਆ, ਉਸਨੇ ਆਪਣੇ ਵਜ਼ੀਰਾਂ ਤੇ ਸਲਾਹਕਾਰਾਂ ਨਾਲ ਸ਼ਲਾਹ ਕੀਤੀ ਕਿ ਉਹ ਕੀ ਕਰੇ? ਦੂਸਰਾ ਉਹ ਗੁਰੂ ਘਰ ਦਾ ਪਰਮੀ ਸੀ ਉਸ ਨੇ ਇਹ ਵੀ ਵਜ਼ੀਰ ਨੂੰ ਪੁਛਿਆ—'ਕੀ ਮੈ ਸਤਿਗੁਰੂ ਜੀ ਦੀ ਸ਼ਰਨ ਦਾ ਆਸਰਾ ਨਾ ਲਵਾਂ?'

'ਇਸ ਨਾਲੋਂ ਹੋਰ ਕੀ ਚੰਗਾ ਹੋ ਸਕਦਾ ਹੈ। ਸਤਿਗੁਰੂ ਜੀ ਰਿਧੀਆ ਸਿਧੀਆਂ ਤੇ ਮਹਾਂ ਸ਼ਕਤੀਆਂ ਦੇ ਮਾਲਕ ਹਨ, ਸਾਰੇ ਦੇਸ਼ ਵਿਚ ਉਹਨਾਂਦੀਸਿੱਧੀ ਖਿਲਰੀ ਹੈ। ਰਾਜੇ ਸਾਹੂਕਾਰ ਅਤੇ ਦੇਸ਼ ਦੇ ਚੋਣਵੇਂ ਬਹਾਦਰ ਗਭਰੂ ਉਹਨਾਂ ਦੇ ਸੇਵਕ ਹਨ। ਆਪ ਮਹਾਂ ਕਵੀ, ਵਿਦਵਾਨ, ਮਹਾਂਬਲੀ ਨਿਰਭੈ ਯੋਧ ਅਤ ਪ੍ਰਭੂ ਭਗਤ ਹਨ। ਉਹਨਾਂ ਦੀ ਸਰਨ ਜਾਣਾ ਚੰਗਾ ਹੈ।' ਸਿਆਣੇ ਵਜ਼ੀਰ ਨੇ ਉੱਤਰ ਦਿਤਾ।

ਰਾਜਾ ਮੇਦਨੀ ਪ੍ਰਕਾਸ਼ ਪ੍ਰਸੰਨ ਹੋ ਗਿਆ, ਉਹਦਾ ਹਿਰਦਾ ਪਹਿਲਾਂ ਹੀ ਨਿਰਮਲ ਤੇ ਵੈਰ ਰਹਿਤ ਸੀ, ਉਸਨੇ ਸਤਿਗੁਰੂ ਜੀ ਦਾ ਧਿਆਨ ਧਰਕੇਅਰਦਾਸ ਕੀਤੀ ਤੇ ਗੁਰੂ ਚਰਨਾ ਨਾਲ ਪ੍ਰੀਤ ਕਰਲਈ। ਰਾਤਦਿਨਸਤਿਗੁਰੂ ਜੀਦਾਸਿਮਰਨ ਕਰਨ ਲੱਗਾ, ਉਹ ਯਾਦ ਦੀ ਇਕ ਜਪਮਾਲਾਂ ਬਣਾ ਬੈਠਾ। ਮੰਦਰ ਵਿਚ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਤਾਂ ਮੰਦਰ ਮੂਰਤੀ ਉਸਨੂੰ ਗੁਰੂ ਰੂਪ ਪ੍ਰਤੀਤ ਹੁੰਦੀ ਉਹ ਧਿਆਨ ਧਰ ਕੇ ਬੈਠਾ ਰਹਿੰਦਾ। ਜਦੋਂ ਪ੍ਰੀਤ ਨਾਲ ਬਹੁਤਾ ਵਿਆਕੁਲ ਹੋ ਗਿਆ ਤਾਂ ਉਸ ਨੇ ਆਪਣੇ ਵਜੀਰ ਨੂੰ ਅਨੰਦਪੁਰ ਵਲ ਤੋਰਿਆ। ਵਜੀਰ ਦੇ ਤੁਰਨ ਵੇਲੇ ਉਸ ਨੂੰ ਬਹੁਤ ਸਾਰੇ ਪਦਾਰਥ ਦਿਤੇ ਜੋ ਸਤਿਗੁਰੂ ਜੀ ਦੀ ਭੇਟਾ ਕੀਤੇ ਜਾ ਸਕਣ। ਨਾਲ ਹੀ ਹਥ ਜੋੜ ਕੇ ਬੇਨਤੀ ਕਰਨ ਵਾਸਤੇ ਸਮਝਾਇਆ ਕਿ ਸਤਿਗੁਰੂ ਜੀ ਨਾਹਰ ਪੁਜ ਕੇ ਰਾਜੇ ਨੂੰ ਦਰਸ਼ਨ ਦੇਣ। ਰਾਜਾ ਦਰਸ਼ਨ ਕਰਨ ਵਾਸਤੇ ਮੱਛੀ ਵਾਂਗ ਤੜਪ ਰਿਹਾ ਹੈ ਉਹ ਚਾਹੁੰਦਾ ਹੈ ਜੀਵਨ ਸਫਲ ਹੋਵੇ। ਦਰਸ਼ਨਾਂ ਨਾਲ ਜਨਮ ਮਰਨ ਦੇ ਬੰਧਨ ਕਟੇ ਜਾਣ, ਲੋਕ ਪ੍ਰਲੋਕ ਸੁਧਰ ਜਾਵੇ। ਵਡੇ ਮਾਲਕ ਦਾ ਆਸਰਾ ਲਿਆ ਸਾਰ ਭੀ ਦੂਰ ਹੋ ਜਾਂਦੇ ਹਨ।'

ਵਜ਼ੀਰ ਮੰਜਲੋ ਮੰਜਲੀ ਅਨੰਦਪੁਰ ਜਾ ਪੁਜਾ, ਉਸ ਨੇ ਜਦੋਂ ਅਨੰਦਪੁਰ ਨੂੰ ਦੇਖਿਆ ਤਾਂ ਘੋੜੇ ਦੀ ਕਾਠੀ ਉਤੋਂ ਉਤਰ ਬੈਠਾ ਤੇ ਪੈਦਲ ਚਲ ਪਿਆ। ਧਰਮਸਾਲਾ ਦੇ ਨੇੜੇ ਜਾ ਕੇ ਪੈਰਾਂ ਤੋਂ ਜੋੜਾ ਵੀ ਉਤਾਰ ਦਿਤਾ, ਨੰਗੀ ਪੈਰੀਂ ਹਥ ਜੋੜੀ ਸਤਿਗੁਰੂ ਜੀ ਦੇ ਦਰਬਾਰ ਜਾ ਪੁਜਾ। ਦੂਰੋਂ ਹੀ ਫਿਰ ਨਿਵਾ ਕੇ ਪਹਿਲਾ ਨਮਸ਼ਕਾਰ ਕੀਤੀ, ਫਿਰ ਡੰਡਵਤ ਬੰਦਨਾ ਕੀਤੀ ਤੇ ਅੰਤ ਸਤਿਗੁਰੂ ਜੀ ਦੇ ਚਰਨਾਂ ਦੀ ਧੂੜੀ ਪਰਾਪਤ ਕਰਕੇ ਅੱਖਾਂ ਤੇ ਮਥੇ ਨੂੰ ਲਾਈ। ਨਮਸ਼ਕਾਰ ਕਰਨ ਦੀ ਮੁਰਾਦਾ ਨੂੰ ਪੂਰਿਆਂ ਕਰਕੇ ਜਦੋਂ ਸਤਿਗੁਰੂ ਜੀ ਦੇ ਸਨਮੁਖ ਬੈਠ ਗਿਆ ਤਾਂ ਆਪਣੀ ਜਾਣ ਪਛਾਣ ਸਤਿਗੁਰੂ ਜੀ ਨੂੰ ਕਰਾਈ ਸਾਹਿਬ ਭਾਵੇਂ ਸਭਕੁਝ ਜਾਣਦੇ ਸਨ ਫਿਰ ਵੀ ਦੁਨਿਆਵੀ ਚਾਲ ਦਾ ਤਿਆਗ ਨਹੀਂ ਸਨ ਕਰਦੇ।

'ਸਤਿਗੁਰੂ ਜੀ ! ਰਾਜਾ ਮੇਦਨੀ ਪ੍ਰਕਾਸ਼ ਬੜੀ ਨਿੰਮ੍ਰਤਾ ਨਾਲ ਦੋਵੇਂ ਹਥ ਜੋੜ ਕੇ ਬੇਨਤੀ ਕਰਦਾ ਹੈ ਕਿ ਸਾਹਿਬ ਇਕ ਵਾਰ ਨਾਹਣ ਦੀ ਧਰਤੀ ਨੂੰ ਚਰਨ ਪਾ ਕੇ ਪਵਿਤਰ ਕਰਨ। ਰਾਜਾ ਦਰਸ਼ਨ ਵਾਸਤੇ ਵਿਆਕੁਲ ਹੈ, ਇਹ ਵਸਤੂਆਂ ਗੁਰੂ ਘਰ ਵਾਸਤੇ ਭੇਜੀਆਂ ਹਨ ਇਹਨਾਂ ਨੂੰ ਪ੍ਰਵਾਨ ਕਰੋ ਤੇ ਨਾਂਹਣ ਚਲਣ ਦੀ ਤਿਆਰੀ ਕਰੋ। ਹਜ਼ਾਰਾਂ ਜੀਵ ਆਪਦੇ ਦਰਸ਼ਨ ਕਰਨ ਵ ਸਤੇਪਖੀਹੇ ਵਾਂਗ ਤਰਸ ਰਹੇ ਹਨ। ਭਗਵਾਨ ਨੇ ਮੇਹਰ ਕੀਤੀ ਹੈ ਜੋਆਪ ਵਿਸ਼ਨੂੰ ਰੂਪ ਜਗਤ ਤੇ ਆਏ ਤੇ ਦੁਸਟਾਂਦੋਖੀਆਂ ਦਾ ਨਾਸ਼ ਕਰ ਰਹੇਹੋ ਜੀਵਾਂਨੂੰ ਪੰਜਾਂ ਦੁਸ਼ਮਣਾਂ ਪਾਸੋਂ ਬਚਾ ਰਹੇ ਹੋ

Sri Satguru Jagjit Singh Ji eLibrary NamdhariElibrary@gmail.com

ਆਪ ਦੀ ਮਹਿਮਾ ਵਰਨਣ ਨਹੀਂ ਹੋ ਸਕਦੀ। ਹੇਕ ਨਪ ਬ੍ਰਿਛ! ਆਪ ਪਾਸੋਂ ਸਾਰੇ ਜੀਵ ਮਨ ਮੰਗੀਆਂ ਮੁਰਾਦਾਂ ਪਾਉਂਦੇ ਹਨ। ਮੇਹਰ ਕਰੋ ਤੇ ਅਸਾਂ ਦੇ ਰਾਜੇ ਨੂੰ ਵੀ ਦਰਸ਼ਨ ਬਖਸ਼ ਕੇ ਨਿਹਾਲ ਕਰੋ। ਜਿਸ ਤਰਾਂ ਬੱਚਾ ਮਾਂ ਬਾਪ ਦੇ ਦੇਖਣ ਨੂੰ ਤੜਪਦਾ ਹੈ, ਏਸੇ ਤਰਾਂ ਰਾਜਾ ਮੇਦਨੀ ਪ੍ਰਕਾਸ਼ ਦੀ ਆਤਮਾ ਆਪ ਦੇ ਚਰਨਾਂ ਦੀ ਧੂੜੀ ਵਾਸਤੇ ਤੜਪ ਰਹੀ ਹੈ ਦਰਸ਼ਨ ਤੇ ਨਾਮ ਰੂਪੀ ਸਵਾਂਤੀ ਬੂੰਦ ਬਖਸ਼ ਕੇ ਨਿਹਾਲ ਕਰੋ।

ਵਜ਼ੀਰ ਦੀ ਜਬਾਨੋਂ ਰਾਜੇਮੇਦਨੀਪ੍ਰਕਾਸ਼ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿਤਾ--'ਰਾਜਾ ਮੇਦਨੀ ਪ੍ਰਕਾਸ਼ ਵਲੋਂ ਪਰੇਮ ਸੱਦਾ ਆਉਣ ਤੇ ਅਸਾਨੂੰ ਪ੍ਰਸੰਤਾ ਹੈ ਪਰ ਮਾਮਲਾ ਇਹ ਹੈ ਕਿ ਰਾਜਾ ਭੀਮ ਚੰਦ ਕਹਿਲੂਰ ਨੇ ਅਸਾ ਨੂੰ ਜੰਗ ਦੀ ਧਮਕੀ ਦਿਤੀ ਹੈ। ਧਮਕੀ ਦੀ ਚਿੱਠੀ ਦਾ ਉੱਤਰ ਲਿ ਖਿਆ ਅਜੇਹੜੇ ਦਿਨ ਹੀ ਹੋਏ ਸਨ। ਅਜ ਜੇ ਅਸੀਂ ਅਨੰਦਪੁਰਨੂੰ ਛਡ ਜ ਈਏ ਤਾਂ ਸਾਰੇ ਪ੍ਰਬਤਾਂ ਵਿਚ ਰੌਲਾ ਪੇ ਜਾਵੇਗਾ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ 'ਗੁਰੂ' ਡਰਦਾਨਸ ਗਿਆ ਤ ਰਾਜਿਆਂ ਦੀ ਚੜ ਮਚ ਜਾਵੇਗੀ ਅਤੇ ਸਿਖੀ ਨੂੰ ਬਹੁਤ ਮੱਟ ਵਜੇਗੀ। ਅਸੀਂ ਕਿਸੇ ਨਾਲ ਯੁਧ ਨਹੀਂ ਕਰਨਾ ਚਾਹੁੰਦੇ ਪਰ ਜਿਹੜਾ ਮਲੋਮਲੀ ਗਲ ਪਵੇ ਅਤੇ ਸਤਿਗੁਰੂ ਜੀ ਦੀ ਸਿੱਖੀ ਨੂੰ ਨੁਕਸਾਨ ਪਹੁੰਚਾਵੇ ਉਸ ਨੂੰ ਅਸੀਂ ਕਦੀ ਖਿਮਾ ਕਰਨ ਨੂੰ ਤਿਆਰ ਨਹੀਂ।'

ਵਜ਼ੀਰ ਬੜਾ ਅਕਲਮੰਦ ਸੀ ਉਸ ਨੇ ਫਿਰ ਸਤਿਗੁਰੂ ਜੀ ਨੂੰ ਆਖਿਆ-'ਰਾਜਾ ਜੀ ਨੇ ਤਾਂ ਇਹ ਵੀ ਆਖਿਆ ਹੈ ਕਿ ਪਰਬਤਾਂ ਦੀ ਇਹ ਵਾਦੀ ਬਹੁਤ ਸੁੰਦਰ ਹੈ, ਕੁਦਰਤੀ ਨਜਾਰੇ ਬਹੁਤ ਹਨ, ਦਰਿਆ ਜਮਨਾ ਦੀ ਨੀਲ-ਧਾਰਾ ਦਾ ਸੀਤਲ ਜਲ ਹਜਾਰਾਂ ਰੋਗੀਆਂ ਦਾ ਰੋਗ ਕਟਦਾ ਤੇ ਨਵਾਂ ਜੀਵਨ ਦਾਨ ਦੇਂਦਾ ਹੈ। ਉਹਨਾ ਨੇ ਤਾਂ ਐਨੀ ਪੱਕੀ ਕੀਤੀ ਹੈ ਕਿ ਜਰੂਰ ਹੀ ਆਵੋ। ਮੈਂ ਹਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜਰੂਰ ਚਲੋ। ਆਪ ਮਹਾਂ ਪੁਰਸ ਹੋ। ਆਪ ਇਸ ਜਗਤ ਵਿਚ ਕੇਵਲ ਫੁਲ ਦੀ ਨਿਆਂਈ ਨਿਰਲੇਪ ਹੋ, ਆਪ ਨੂੰ ਕੋਈ ਦੋਸ਼ ਨਹੀਂ ਲੱਗ ਸਕਦਾ। ਮਾਇਆ ਵਾਦੀ ਜਗਤ ਪਾਰਬ੍ਰਮ ਦੇ ਸੇਵਕਾਂ ਦੀ ਨਿੰਦਿਆ ਕਰਦਾ ਹੈ ਪਰ ਉਹ ਨਿੰਦਕ ਆਪ ਹੀ ਝਖ ਮਾਰ ਕੇ ਮਾਰਦਾ ਹੈ। ਰਾਜਾ ਭੀਮ

Sri Satguru Jagjit Singh Ji eLibrary NamdhariElibrary@gmail.com

ਚੰਦ ਆਪ ਦਾ ਕੁਝ ਨਹੀਂ ਵਿਗਾੜ ਸਕਦਾ । ਉਸ ਦੇ ਕੋਲ ਕੌਣ ਸ਼ਕਤੀ ਹੈ ? ਆਪ ਦੇ ਕੋਲ ਤਾਂ ਮਹਾਨ ਦ੍ਰੁਹਮ ਸ਼ਕਤੀ ਹੈ, ਇਕ ਦਿਨ ਵਿਚ ਹੀ ਆਪ ਇਹਨਾਂ ਸਾਰੇ ਪਰਬਤਾਂ ਨੂੰ ਪਾਣੀ ਵਾਂਗ ਪਿਘਲਾ ਸਕਦੇ ਹੋ। ਹੇ ਕ੍ਰਿਪਾਲੂ ! ਮੇਹਰਾਂ ਦੇ ਦਾਤੇ ! ਕਲਜੁਗੀ ਜੀਵਾਂ ਤੇ ਗਰੀਬਾਂ ਦੇ ਆਸਰੇ ਬੇਨਤੀ ਪਰਵਾਨ ਕੀਤੀ ਜਾਵੇ।'

ਇਸ ਤਰਾਂ ਕੁਝ ਚਿਰ ਚਰਚਾ ਹੁੰਦੀ ਰਹੀ, ਆਖਰ ਇਹ ਮਾਮਲਾ ਮਾਤਾ ਜੀ ਕੋਲ ਪੁਜਾ, ਮਾਤਾ ਜੀ ਨੂੰ ਮਸੰਦਾ ਨੇ ਕਿਹਾ—ਜੇ ਜੰਗ ਨਹੀਂ ਸਨ ਚਾਹੁੰਦੇ ਜੋ ਡਰਦੇ ਸਨ। ਮਾਤਾ ਜੀ ਨੇ ਉਸੇ ਵੇਲੇ ਸੰਗੋ ਸ਼ਾਹ, ਨੰਦ ਚੰਦ ਅਤੇ ਸਤਿਗੁਰੂ ਜੀ ਦੇ ਮਾਮੇ ਕ੍ਰਿਪਾਲ ਚੰਦ ਜੀ ਨੂੰ ਕੋਲ ਸੱਦਕੇ ਸਮਝਾਇਆ ਕਿ ਉਹ ਸਤਿਗੁਰੂ ਜੀ ਅਗੇ ਬੇਨਤੀ ਕਰਨ ਕਿ ਸਤਿਗੁਰੂ ਜੀ ਨਾਹਣ ਰਾਜ ਵਿਚ ਚਲੇ ਚਲਣ। ਨਾਹਣ ਵਿਚ ਜਾ ਰਹਿਣਗੇ ਤਾਂ ਜੰਗ ਦਾ ਖਤਰਾ ਟਲ ਜਾਵੇਗਾ, ਨਾਲ ਹੀ ਰਾਜ ਭੀਮ ਚੰਦ ਵੀ ਰਾਜ ਕੁਮਾਰ ਦੀ ਮੰਗਣੀ ਤੇ ਸ਼ਾਦੀ ਵਿਚ ਰੁਝ ਜਾਵੇਗਾ। ਹੌਲੀ ਹੌਲੀ ਹੋ ਸਕਦਾ ਹੈ ਕਿ ਦੋਹਾਂ ਧਿਰਾਂ ਦੇ ਸਬੰਧ ਠੀਕ ਹੋਜਾਣ।ਮਾਤਾ ਜੀਦੀ ਇਸ ਵਿਉਂਤ ਨੂੰ ਸੰਗੋ ਸ਼ਾਹ ਤੇ ਹੋਰ ਮੁਖੀ ਸਿਖਾਂ ਨੇ ਸਤਿਗੁਰੂ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ--'ਸਚੇ ਪਾਤਿਸ਼ਾਹ ! ਮਾਤਾ ਜੀ ਦਾ ਵਿਚਾਰ ਹੈਕਿ ਨਾਹਣ ਜ਼ਰੂਰ ਜਾਇਆ ਜਾਵੇ, ਇਸ ਵਿਚ ਕੋਈ ਹਾਨੀ ਨਹੀਂ, ਨਾਲ ਹੀ ਕੋਈ ਵੈਰੀ ਚੜ੍ਹਾਈ ਕਰਕੇ ਤੇ ਆਇਆ ਨਹੀਂ । ਜ ਰਾਜੇ ਭੀਮ ਚੰਦ ਨੂੰ ਸੋਧਣਾ ਹੈ ਤਾਂ ਉਹ ਮੁੜਕੇਵੀ ਸੋਧਿਆ ਜਾ ਸਕਦਾ ਹੈ। ਐਸੀ ਕਿਹੜੀ ਔਕੜ ਹੈ, ਹੁਣ ਉਹਦੇ ਆਦਮੀਆਂ ਨੇ ਕੋਈ ਵਸਤੂ ਮੰਗਣ ਤੇ ਆਉਣਾ ਹੀ ਨਹੀਂ। ਰਾਜਾ ਮੇਦਨੀ ਪ੍ਰਕਾਸ਼ ਬੇਨਤੀਆਂ ਕਰਦਾ ਹੈ। ਨਾਲ ਹੀ ਉਸ ਪਹਾੜੀ ਵਿਚ ਬਹੁਤ ਸਾਰਾ ਸਿਖੀ ਪ੍ਰਚਾਰ ਹੋਵੇਗਾ। ਨਾਲ ਹੀ ਮਾਤਾ ਜੀ ਦੇ ਬਚਨ ਮੰਨਣੇ ਜ਼ਰੂਰੀ ਹਨ, ਇਹਨਾਂ ਦੇ ਬਚਨਾਂ ਵਿਰੁਧ ਜਾਣਾ ਭਲਾ ਨਹੀਂ।'

ਸਤਿਗੁਰੂ ਜੀ ਇਹ ਬਚਨ ਸੁਣਕੇ ਸ਼ਾਂਤ ਚਿਤ ਰਹੇ, ਉਹਨਾਂ ਨੇ ਬਚਨ ਕੋਈ ਨਹੀਂ ਕੀਤਾ। ਦਸ ਪੰਦਰਾਂ ਮਿੰਟ ਚੁਪ ਚਾਪ ਬੈਠੇ ਰਹੇ, ਫਿਰ ਸਾਹਿਬਾਂ ਨੇ ਕਿਹਾ--'ਹੱਛਾ ! ਜੇ ਤੁਸਾਂ ਸਾਰੇ ਆਖਦੇ ਹੋ, ਜੇ ਮਾਤਾ ਜੀ ਦੀ ਇਹ ਇਛਾ ਹੈ

Sri Satguru Jagjit Singh Ji eLibrary NamdhariElibrary@gmail.com

ਤਾਂ ਅਸੀਂ ਨਾਹਣ ਚਲੇ ਚਲਦੇ ਹਾਂ ਜੇ ਮਾਮਲਾ ਵਧਿਆ ਤਾਂ ਮੁੜਆਵਾਂਗੇਤੇਆਕੇ ਇਸ ਦਾ ਦਿਮਾਗ ਠੀਕ ਕਰਾਂਗੇ।

ਸਤਿਗੁਰੂ ਜੀ ਦਾ ਚਿਤ ਤਾਂ ਨਹੀਂ ਸੀ ਮੰਨਦਾ ਪਰ ਮਾਤਾ ਜੀ ਨੂੰ ਨਰਾਜ ਕਰਨਾ ਵੀ ਔਖਾ ਸੀ । ਕੁਝ ਵਾਹਿਗੁਰੂ ਦਾ ਭਾਣਾ ਐਸਾ ਸੀ ਇਸ ਬਹਾਨੇ ਨਵੀਆਂ ਜੀਵਾਂ ਦਾ ਉਧਾਰ ਕਰਨਾ ਸੀ । ਅਨੇਕਾਂ ਸਿਖ ਬਨਾਉਣੇ ਸਨ ਤੇ ਕਈਆਂ ਦੇ ਹਿਰਦੇ ਵਿਚੋਂ ਵੈਰ ਭਾਵ ਦਾ ਅੰਤ ਕਰਨਾ ਸੀ। ਜਮਨਾਦਾ ਨਿਰਮਲ ਜਲ ਸਦੀਆਂ ਤੋਂ ਚਰਨ ਪਰਸਨ ਵਾਸਤੇ ਤੜਪ ਰਿਹਾਸੀ।ਅਕਾਲਪੁਰਖਦੇ ਭਾਣੇ ਅਨੁਸਾਰ ਮੁਖੀ ਸਿੱਖਾਂ ਤੇ ਮਾਤਾ ਜੀਦੇ ਬਚਨਾਂ ਨੂੰ ਮੰਨਕੇ ਹੁਕਮ ਕੀਤਾ—'ਨਾਹਣ ਵਲ ਜਾਣ ਦੀ ਤਿਆਰ ਕੀਤੀ ਜਾਵੇ ਪਰ ਪੰਜ ਸੌ ਉਦਾਸੀ ਸਾਧੂ ਤੇਘੋੜ ਸਵਾਰ ਜਵਾਨ ਸਾਥ ਚਲਣ।' ਸਤਿਗੁਰੂ ਜੀ ਦਾ ਇਹ ਹੁਕਮ ਸੁਣ ਕੇ ਸਾਰਿਆਂ ਨੇ ਖੁਸ਼ੀ ਮਨਾਈ।

੩੨. ਰਾਜੇ ਮੇਦਨੀ ਪ੍ਰਕਾਸ਼ ਨੂੰ ਨਿਹਾਲ ਕਰਨਾ

ਸਾਲ ੧੭੪੧ ਬਿਕ੍ਰਮੀ ਦੇ ਵੈਸਾਖ ਮਹੀਨੇ ਦੇ ਦਿਨ ਜਦੋਂ ਸਤਿਗੁਰੂ ਜੀ ਅਨੰਦਪੁਰੋਂ ਪਹਿਲੀ ਵਾਰ ਡੇਰੇ ਸਮੇਤ ਬਾਹਰ ਚਲੇ, ਉਸ ਵੇਲੇ ਸਾਹਿਬ ਦੀ ਆਯੂ ਅਠਾਰਾਂ ਬਰਸ ਸੀ ਤੇ ਚੇਹਰੇ ਉਤੇ ਨਿਕਾ ਨਿਕਾਦਾਹੜਾਆਇਆਹੋਯਾ ਸੀ। ਲੰਮਾ ਕਦ, ਫੁਰਤੀਲੇ ਅੰਗ ਤੇ ਸੁੰਦਰ ਗੋਰਾ ਰੰਗ ਸੀ, ਗੋਲ ਦਸਤਾਰ ਤੇ ਉਪਰ ਕਲਗੀ ਬਹੁਤ ਫਬਦੀ। ਗਹਿਣੇ ਤੇ ਬਸਤ੍ਰ ਤਾਂ ਬਹੁਤ ਹੀ ਸੋਹਣੇ ਲਗਦੇ ਸਨ। ਗਲ ਲੰਮਾ ਚੋਗਾ ਤੇ ਤੇੜ ਘੁਟਵਾਂ ਚਿੱਟਾ ਪਜਾਮਾ ਅਤੇ ਤਿੱਲੇਦਾਰ ਜੁੱਤੀ, ਲਕ ਕਮਰ ਕੱਸਾ ਹੁੰਦਾ ਸੀ। ਤੀਰ ਕਮਾਨ ਤੇ ਤਲਵਾਰ ਦਾ ਵਸਾਹ ਨਹੀਂਸਨ ਖਾਂਦੇ। ਘੋੜੇ ਉਤੇ ਸਵਾਰ ਹੋ ਕੇ ਤੁਰਦੇ ਤਾਂ ਪਿਛੇ ਸੇਵਾਦਾਰ ਚੌਰ ਕਰਦੇ ਜਾਂਦੇ ਜਿਵੇਂ ਉਸ ਸਮੇਂ ਦੇ ਰਵਾਜ ਅਨੁਸਾਰ ਬਾਦਸ਼ਾਹਾ ਤੇ ਮਹਾਰਾਜਿਆਂ ਨੂੰ ਚੌਰ ਕੀਤਾ ਜਾਂਦਾ ਸੀ।

ਅਨੰਦਪੁਰ ਤੋਂ ਤੁਰਨ ਵੇਲੇ ਸਤਿਗੁਰੂ ਜੀ ਨਾਲ ਵਹੀਰ ਤੋਂ ਬਿਨਾ ਲੜਾਕਾ ਜਵਾਨ ਸੀ। ਸਮਾਨ ਘੋੜਿਆ ਤੇ ਗੱਡਿਆਂ ਉਤੇ ਸੀ।

Sri Satguru Jagjit Singh Ji eLibrary NamdhariElibrary@gmail.com

ਆਪ ਸਾਹਿਬ ਪ੍ਰਸਾਦੀ ਹਾਥੀ ਉਤੇ ਸਵਾਰ ਸਨ। ਹਾਥੀ ਬਹੁਤ ਪ੍ਰਸੰਨ ਸੀ ਕਿਉਂਕਿ ਦੋਹਾਂ ਜਗਤਾਂ ਦੇ ਮਾਲਕ ਸਤਿਗੁਰੂ ਜੀ ਨੇ ਉਸ ਨੂੰ ਸਤਕਾਰਿਆ ਸੀ। ਪਹਿਲੀ ਮੰਜ਼ਲ ਕੀਰਤਪੁਰ ਆਏ। ਆਪਣੇ ਬਜ਼ੁਰਗਾਂ ਦਾ ਅਸਥਾਨ ਜਾਣ ਕੇ ਸਾਹਿਬ ਇਕ ਦਿਨ ਵਾਸਤੇ ਰੁਕ ਗਏ ਕੜਾਹ ਪ੍ਰਸ਼ਾਦਿ ਕਰਾ ਕੇ ਸਾਰਿਆਂ ਗੁਰਦੁਵਾਰਿਆਂ ਵਿਚ ਚੜ੍ਹਾਇਆ ਤੇ ਸੰਗਤਾਂ ਨੂੰ ਵੰਡਿਆ।

ਕੀਰਤਪੁਰ ਤੋਂ ਚਲ ਕੇ ਰੋਪੜ ਆਏ। ਰੋਪੜ ਉਸ ਵੇਲੇ ਤਕੜਾ ਕਸਬਾ ਸੀ, ਸੰਗਤ ਦਸ਼ਰਨ ਕਰਨ ਵਾਸਤੇ ਆਈ। ਦੁਖੀਆਂ ਨੇ ਖਦੁਾਂ ਦਾ ਇਲਾਜ ਪੁਛਿਆ ਭੁਖਿਆਂ ਨੇ ਅੰਨ ਤੇ ਨੰਗਿਆਂ ਨੇ,ਕਪੜੇ ਦੀ ਮੰਗ ਕੀਤੀ। ਕਿਸੇ ਦੁਧ ਤੇ ਕਿਸੇ ਪੁਤ ਮੰਗਿਆ, ਕਿਸੇ ਨੇ ਚੌਰਾਸੀ ਲੱਖ ਦੇ ਗੇੜ ਤੋਂ ਬਚਨ ਲਈ ਬੇਨਤੀ ਕੀਤੀ ਤੇ ਜਨਮ ਮਰਨ ਦੇ ਬੰਧਨ ਤੁੜਵਾਏ। ਸਾਹਿਬਾਂ ਨੇ ਨਿਹਾਲ ਹੋ ਕੇ ਸਾਰਿਆ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ। ਇਸ ਤੋਂ ਅਗੇ ਸਾਹਿਬ ਹੋਰ ਨਗਰਾਂ ਦੇ ਵਿਚ ਦੀ ਹੁੰਦੇ ਹੋਏ ਨਾਹਣ ਰਾਜ ਵਿਚ ਜਾ ਦਾਖਲ ਹੋਏ। ਉਸ ਵੇਲੇ ਨਾਹਣ ਦੀ ਰਾਜਧਾਨੀ ਨਾਹਣ ਸ਼ਹਿਰ ਹੀ ਸੀ। ਭਾਵੇਂ ਇਕ ਹੋਰ ਸ਼ਹਿਰ ਸਿਰਮੌਰ ਵੀ ਸੀ ਪਰ ਰੌਣਕ ਬਹੁਤੀ ਨਾਹਣ ਸ਼ਹਿਰ ਵਿਚ ਰਹਿੰਦੀ ਸੀ।

ਜਦ ਰਾਜੇ ਮੇਦਨੀ ਪ੍ਰਕਾਸ਼ ਨੇ ਸੁਣਿਆ ਕਿ ਸਤਿਗੁਰੂ ਜੀ ਨਾਹਣ ਦੀ ਹੱਦ ਵਿਚ ਆ ਦਾਖਲ ਹੋਏ ਹਨ ਤਾਂ ਉਹ ਰਾਜ ਭਵਨ ਨੂੰ ਛਡ ਕੇ ਰਾਹ ਵਿਚ ਅਗੋਂ ਸਵਾਗਤ ਕਰਨ ਵਾਸਤੇ ਪੈਦਲ ਚਲ ਕੇ ਆਇਆ। ਆਉਂਦਾ ਹੀ ਸਤਿਗੁਰੂ ਜੀ ਦੀ ਚਰਨੀ ਲੱਗਾ। ਸਾਹਿਬਾਂ ਦੇ ਦਰਸ਼ਨ ਕਰਕੇ ਨਿਹਾਲ ਹੋਇਆ, ਚਰਨਾਂ ਦੀ ਧੂੜੀ ਮਥੇ ਤੇ ਅੱਖਾਂ ਨੂੰ ਲਾਈ ਤਾਂ ਨਿਗਾਹ ਵਿਚ ਤਬਦੀਲੀ ਆ ਗਈ। ਉਹ ਪਿਆਰ ਦਾ ਰੂਪ ਹੋ ਗਿਆ।

'ਮੇਰੇ ਧੰਨ ਭਾਗ ! ਜਗਤ ਦਾ ਵਾਲੀ ਆ ਗਿਆ ! ਮੇਰਾ ਪਿਆਰਾ ਆ ਗਿਆ। ਮੈਂ ਵਾਰੀ ਘੋਲਾਂ ਮੈਂ ਬਲਿਹਾਰ ਜਾਵਾਂ। ਸਭ ਕੁਝ ਵਾਰ ਦੇਵਾ ਇਸ ਭਗਵਾਨ ਦੇ ਰੂਪ ਉਤੋਂ ! ਜਮਨਾ ਨੂੰ ਪਵਿਤ੍ਰ ਕਰਨ ਵਾਸਤੇ ਤਪਦਿਆਂ ਹਿਰਦਿਆਂ ਨੂੰ ਠਾਰਨ ਵਾਸਤੇ, ਆ ਗਿਆ ਸ੍ਰੀ ਕ੍ਰਿਸ਼ਨ ਮੁਰਾਰੀ ! ਪਿਆਰਾ ਰਾਮ ! ਰਾਵਨ ਦਾ ਅੰਤ ਕਰਨ ਵਾਲਾ। ਕਿੰਨਾ ਚੰਗਾ ਨਰ ਸਿੰਘ ਅਵਤਾਰ ਪ੍ਰਹਿਲਾਦ ਨੂੰ

Sri Satguru Jagjit Singh Ji eLibrary NamdhariElibrary@gmail.com

ਬਚਾਉਣ ਵਾਲਾ । ਮੇਰੇ ਧੰਨ ਭਾਗ ! ਮੈਂ ਉਹਨਾਂ ਰਾਹਾਂ ਤੋਂ ਬਲਿਹਾਰੇ ਜਾਵਾਂ ਜਿਹਨਾਂ ਰਾਹਾਂ ਰਾਹੀਂ ਮੇਰਾ ਸਤਿਗੁਰੂ ਸੱਚਾ ਪਾਤਿਸ਼ਾਹ ਦੀਨ ਦੁਨੀ ਦਾ ਵਾਲੀ ਆਇਆ ਹੈ।' ਇਉਂ ਰਾਜਾ ਸ਼੍ਰੀ ਨਾਲ ਦੀਵਾਨਾ ਹੋ ਕੇ ਸਤਿਗੁਰੂ ਜੀ ਦਾ ਜਸ ਕਰਦਾ ਰਿਹਾ।

ਸਤਿਗੁਰੂ ਜੀ ਰਾਜੇ ਦਾ ਪਰੇਮ ਉਸਾਰੂ ਨਿਰਮਲ ਹਿਰਦਾ ਅਤੇ ਧਰਮੀ ਜੀਵਨ ਦੇਖ ਕੇ ਬਹੁਤ ਪ੍ਰਸੰਨ ਹੋਏ। ਉਹਨਾਂ ਨੇ 'ਨਿਹਾਲ ! ਰਾਜਨ ਨਿਹਾਲ !' ਦਾ ਬਚਨ ਕਰ ਦਿਤਾ ਮੇਦਨੀ ਪ੍ਰਕਾਸ਼ (ਜਗਤ ਦਾ ਚਾਨਣ) ਜਿਸ ਦਾ ਪਹਿਲਾ ਹੀ ਨਾਮ ਸੀ ਉਸ ਨੂੰ ਸਚ ਮੁਚ ਸਾਰੇ ਜਗਤ ਦੀ ਰੌਸ਼ਨੀ ਹੋ ਗਈ। ਉਸ ਨੂੰ ਵਨਾਸਪਤੀ, ਮਨੁਖ ਅਤੇ ਪਸੂ ਪੰਛੀ ਚੰਗੇ ਦਿਸਣ ਲਗ ਪਏ । ਹੰਕਾਰ ਅਗਿਆਨਤਾ ਦੀ ਅੰਸ਼ ਜੋ ਰਤਾ ਮਾਸਾ ਸੀ ਤਾਂ ਉਹ ਦੂਰ ਹੋ ਗਈ ਉਸ ਦੇ ਚਿਤ ਨੇ ਉਬਾਲਾ ਖਾਧਾ ਕਿ ਉਹ ਰਾਜ ਤਾਗ ਹੀ ਦੰਤੇ ਦੇ ਰਖਵਾਲੇ ਕਰ ਦੇਵੇ ਤੇ ਆਪ ਵਰਨ ਸੇਵਕ ਹੋ ਜਾਵੇ।

ਰਾਜੇ ਦਾ ਹੁਕਮ ਸੀ ਕਿ ਜਦੋਂ ਪਿਆਰਾ ਸਤਿਗੁਰੂ ਸ਼ਹਿਰ ਵਿਚ ਦਾਖਲ ਹੋਵੇ ਤਾਂ ਫੁਲਾਂ ਦੀ ਵਰਖਾ ਕਰਨੀ। ਬਜਾਰਾਂ ਦੇ ਦੋਹੀਂ ਪਾਸੀਂ ਕਤਾਰਾਂ ਬੰਨ੍ਹ ਕੇ ਸਵਾਗਤ ਕਰਨਾ । ਪਰਜਾ ਨੇ ਉਸੇ ਤਰਾਂ ਕੀਤਾ। ਭਟਾ ਨੇ ਕਵਿੱਤ ਗਾਏ ਨਾਰੀਆਂ ਨੇ ਮੰਗਲਾਚਾਰ ਦੇ ਗੀਤ ਗਾਏ ਅਤੇ ਆਤਸ਼ਬਾਜਾਂ ਨੇ ਆਤਸ਼ਬਾਜੀ ਚਲਾਈ। ਨਰ ਨਾਰੀ ਨੇ ਫੁਲਾ ਦੀ ਵਰਖਾ ਕੀਤੀ । ਸ਼ਹਿਰ ਦੀ ਹਰ ਵਸਤੂ ਤੇ ਹਰ ਜੀਵ ਨੇ ਖੁਸ਼ੀ ਮਨਾਈ । ਆਖਰ ਸਤਿਗੁਰੂ ਜੀ ਰਾਜ ਭਵਨ ਵਿਚ ਜਾ ਪੁਜੇ।

ਰਾਜ ਭਵਨ ਵਿਚ ਪੂਰੀ ਸਜਾਵਟ ਕੀਤੀ ਗਈ ਸੀ। ਰਾਣੀਆਂਤੇਦਾਸੀਆ ਨੇ ਅਰਤੀ ਹੋ ਕੇ ਮਥੇ ਟੇਕੇ। ਸਾਰਾ ਰਾਜ ਭਵਨ ਜਗਮਗਾ ਉਠਿਆ। ਖੁਸ਼ੀ ਵਿਚ ਦੀਵਾਨੇ ਹੋਏ। ਮੇਦਨੀ ਪ੍ਰਕਾਸ਼ ਨੇ ਭੰਡਾਰਿਆਂ, ਨਜ਼ੀਰਾਂ ਤੇ ਸਲਾਹਕਾਰਾਂ ਨੂੰ ਆਖਿਆ—ਰਜ ਕੇ ਸੇਵਾ ਕਰੋ । ਸੈਨਕਾਂ ਦੇ ਤੰਬੂ ਲਗਾਓ। ਜਿੰਨਾ ਚਿਰ ਅਭੂ ਰਹਿਣ ਉਤਨਾ ਚਿਰ ਖੁਲੇ ਦਿਲ ਸੇਵਾ ਕਰ ਕੇ ਜਨਮ ਸਫਲ ਕਰ ਲਵੋ।

Sri Satguru Jagjit Singh Ji eLibrary NamdhariElibrary@gmail.com

ਜਦੋਂ ਰਾਜੇ ਦਾ ਹੁਕਮ ਹੋ ਗਿਆ ਫਿਰ ਕੌਣ ਘਟ ਕਰੇ? ਬਸ ਦਬਾ ਦਬ ਸੇਵਾ ਹੋਣ ਲਗੀ ਜਿਥੇ ਤਿੰਨ ਮਣ ਵਸਤੂ ਦੀ ਲੋੜਸੀ ਉਥੇ ਚਾਰ ਮਣ ਆਉਣ ਲੱਗੀ। ਸਤਿਗੁਰੂ ਜੀ ਦੇ ਮਿਸ਼ਨ ਅਨੁਸਾਰ ਗਰੀਬਾਂ ਵਾਸਤੇ ਲੰਗਰਜਾਰੀ ਕੀਤੇ ਗਏ ਤੇ ਕਪੜਾ ਸਾਧੂਆਂ ਨੂੰ ਵੰਡਿਆ ਗਿਆ। ਸਾਰੀ ਨਗਰੀ ਵਿਚ ਖੁਸ਼ੀਆਂ ਹੀ ਖੁਸ਼ੀਆਂ ਨਜ਼ਰ ਆਉਣ ਲੱਗੀਆਂ, ਜਿਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਬਨਵਾਸ ਤੋਂ ਵਾਪਸ ਆਉਣ ਤੇ ਅਜੁਧਿਆ ਨਗਰੀ ਉਤੇ ਬਸੰਤ ਬਹਾਰ ਆਈ ਸੀ। ਬਾਗ ਤੇ ਬਨ ਹਰਿਆਲ ਹੋ ਗਏ ਸਨ। ਹਰ ਪਾਸੇ ਜੀਵਨ ਨੱਚਣ ਲਗ ਪਿਆ ਸੀ।

ਰਾਜੇ ਤੇ ਨਾਹਣ ਰਾਜ ਦੇ ਲੋਕਾਂ ਦਾ ਪਰੇਮ ਦੇਖਕੇ ਸਤਿਗੁਰੂ ਜੀ ਪ੍ਰਸੰਨ ਹੋਏ ਪ੍ਰਸੰਨਤਾ ਵਿਚਅਕਾਲਪੁਰਖਦੀ ਉਸਤਤ ਕਰਨ ਲਗਪਏ ਕਿਉਂਕਿ ਸਾਹਿਬ ਸਮਝਦੇ ਸਨ ਕਿ ਜੋ ਕੁਝ ਹੋ ਰਿਹਾ ਹੈ ਸਭ ਕੁਝ ਅਕਾਲ ਪੁਰਖ ਦੀ ਮਹਰ ਨਾਲ ਹੈ ਉਹੋ ਸਭ ਕੁਝ ਕਰਨਹਾਰ ਹੈ।

੩੩. ਰਾਜੇ ਮੇਦਨੀਪ੍ਰਕਾਸ਼ਨਾਲ ਸ਼ਿਕਾਰ ਖੇਡਣ ਜਾਣਾ

ਲੈ ਕੇ ਨਾਹਣੰਸ ਗੁਰੂ ਜਗਤੇਸ ਹੂ ਕੋ,
ਖੇਲਬੇ ਅਖੇਰ ਕੇ ਬਹਾਨੇ ਬਨ ਗਾਹਈ।
ਫਿਰੈ ਦੂਰ ਦੂਰ ਲੌ ਹਜੂਰ ਸੋ ਬਖਾਨੈ ਬਾਕ,
ਹੋਰੋ ਪ੍ਰਭ ਪੂਰਨ ਜਹਾ ਕੋ ਚਿਤ ਚਾਹਈ।
ਹੋਇ ਸਭ ਰੀਤ ਸੂਖ ਕੋਈ ਰੁਤ ਮੈ ਨ ਦੁਖ,
ਦੀਜੈ ਫੁਰਮਾਇ ਮੁਖ ਈਹਾਂ ਨਿਰਬਾਹਈ।
ਤਿਹਾਂ ਘਾਲ ਡੇਰਾ ਕਰੋ ਆਨੰਦ ਬਸੇਰਾ,
ਨਿਤ ਨਗਰ ਬਡੇਰਾ ਬਨੈ ਆਪਜੇਉਮਾਹਈ।
ਉਚ ਨੀਚ ਥਾਨ ਫਿਰੋ ਗੁਰੂ ਭਗਵਾਨ ਬਹੁ,
ਮਨ ਮੈਂ ਬਿਲੰਦਹੀ ਪਸਿੰਦ ਕੋ ਨ ਆਵਈ।

Sri Satguru Jagjit Singh Ji eLibrary NamdhariElibrary@gmail.com

ਬਿਚਰਤ ਗਏ ਰੰਮ ਜਮਨਾ ਪੂਵਾਂਹ ਜਹਾ
ਹੇਰ ਹਰਖਾਨੇ ਨੀਰ ਅਧੀਕ ਸੁਹਾਵਚੀ
ਦੀਰਘ ਜੋ ਦੂਨ ਤਾਕੀ ਦੂਤ ਕੋ ਚਊਨ ਕਰੈ,
ਲੋਕਨ ਤੇ ਸੂਨ ਬਨ ਜਹਾਂ ਦਿਸ ਆਵਈ।
ਸਬਜੀ ਕੇ ਹਾਰ ਹੈ ਕਿ ਸਬਜੀ ਬਹਾਰ ਹੈ,
ਸਮੁੰਜਸ ਬਿਹਾਰ ਹੈ ਅਨੰਦ ਉਪਜਾਵਈ।

ਸਤਿਗੁਰੂ ਜੀ ਨੂੰ ਸ਼ਿਕਾਰ ਖੇਡਣ ਤੇ ਸੰਘਣੇ ਬਨ ਦੇਖਣ ਦਾ ਬਹੁਤ ਸ਼ੌਕ ਸੀ, ਨਾਹਣ ਰਾਜ ਜੰਗਲਾਂ ਦਾ ਘਰ ਸੀ। ਜਮਨਾ ਕਿਨਾਰੇ ਉੱਚੀਆਂ ਨੀਵੀਆਂ ਥਾਵਾਂ ਉਤੇ ਚੀਲ, ਕੈਲ, ਦਿਉਦਾਰ ਤੋਂ ਬਿਨਾਂ ਹੋਰ ਭੀ ਅਨੇਕ ਪ੍ਰਕਾਰ ਦੇ ਉਚੇ ਨਿਵੇਂ ਬ੍ਰਿਛ ਸਨ। ਜਮਨਾ ਦੇ ਕਿਨਾਰੇ ਅਨੇਕਾਂ ਉਚੀਆਂ ਨੀਵੀਆਂ ਥਾਵਾਂ ਸਨ ਜਿਹਨਾਂ ਨੂੰ ਦੇਖਦਿਆਂ ਭੁਖ ਲੱਥਦੀ ਸੀ।

ਸਤਿਗੁਰੂ ਜੀ ਨੇ ਮੇਦਨੀ ਪ੍ਰਕਾਸ਼ ਨੂੰ ਨਾਲ ਲਿਆ ਤੇ ਸ਼ਿਕਾਰ ਖੇਡਣਾ ਸ਼ੁਰੂ ਕੀਤਾ। ਸ਼ਿਕਾਰ ਖੇਡਦੇ ਹੋਏ ਏਧਰ ਉਧਰ ਦੂਰ ਦੂਰ ਤਕ ਨਿਕਲ ਜਾਂਦੇ ਸਨ। ਸਵੇਰੇ ਸ਼ਾਮ ਨੂੰ ਦੀਵਾਨ ਲਾਉਂਦੇ ਤੇ ਸੰਗਤਾਂ ਨੂੰ ਉਪਦੇਸ਼ ਕਰਦੇ ਅਤੇ ਬਾਕੀ ਸਮਾਂ ਸ਼ਿਕਾਰ ਵੇਖਣ ਵਿਚ ਬਤੀਤ ਕਰਦੇ। ਨਾਹਣ ਦੀ ਧਰਤੀ ਸਤਿਗੁਰੂ ਜੀ ਨੂੰ ਬਸੰਤ ਬਹਾਰ ਵਾਂਗ ਬਹੁਤ ਸੁੰਦਰ ਲੱਗੀ। ਜਿਧਰ ਜਾਂਦੇ ਉਧਰ ਹੀ ਕੁਦਰਤੀ ਮਨੋਰੰਜਕ ਵਸੀਲੇ ਬਹੁਤ ਸਨ। ਕਈ ਐਸੀਆਂ ਢੇਰੀਆਂ ਸਨ ਜਿਥੇ ਸੁੰਦਰ ਸ਼ਹਿਰ ਵਸ ਸਕਦੇ ਸਨ।

ਜੰਗਲਾਂ ਵਿਚ ਸ਼ੇਰਾ ਤੇ ਹਰਨਾਂ ਆਦਿਕਾਂ ਦਾ ਸ਼ਿਕਾਰ ਕਰਕੇ ਉਹਨਾਂ ਨੂੰ ਪਸ਼ੂਆਂ ਨੂੰ ਮੁਕਤ ਕੀਤਾ। ਇਕ ਦਿਨ ਫਿਰਦੇ ਹੋਏ ਸਤਿਗੁਰੂ ਜੀ ਐਸੇ ਅਸਥਾਨ ਤੇ ਪੁਜੇ ਜਿਸ ਅਸਥਾਨ ਨੂੰ ਅਜ ਕਲ ਪਾਉਂਟਾ ਸਾਹਿਬ ਆਖਿਆ ਜਾਂਦਾ ਹੈ। ਇਸ ਅਸਥਾਨ ਨੂੰ ਦੇਖ ਕੇ ਸਤਿਗੁਰੂ ਜੀ ਥੋੜਾ ਚਿਰ ਸੋਚਦੇ ਰਹੇ। ਸਾਹਿਬਾਂ ਦਾ ਚੇਹਰਾ ਗੰਭੀਰ ਦੇਖ ਕੇ ਰਾਜੇ ਮੇਦਨੀ ਪਰਕਾਸ਼ ਨੇ ਪੁਛਿਆ-

'ਹੇ ਦੀਨ ਦਇਆਲ! ਆਪ ਕੀ ਸੋਚ ਰਹੇ ਹੋ?'

Sri Satguru Jagjit Singh Ji eLibrary NamdhariElibrary@gmail.com

'ਸੱਚ ਰਹੇ ਹਾਂ ਕਿ ਏਥੇ ਕੁਝ ਚਿਰ ਰਹਿਣ ਵਾਸਤੇ ਕਿਲਾ ਰੂਪ ਮਕਾਨ ਤਿਆਰ ਕੀਤਾ ਜਾਵੇ। ਇਸ ਸੁੰਦਰ ਥਾਂ ਤੇ ਬਾਣੀ ਰਚੀ ਜਾਵੇ ਤੇ ਪ੍ਰਾਚੀਨ ਰੀਤਾਂ ਨੂੰ ਵਿਚਾਰਿਆਂ ਜਾਵੇ। ਇਹ ਅਸਥਾਨ ਵਿਦਿਆ ਪੜ੍ਹਨ ਲਿਖਨ ਵਾਂਸਤੇ ਬਹੁਤ ਸੁੰਦਰ ਹੈ।' ਸਤਿਗੁਰੂ ਜੀ ਨੇ ਬਚਨ ਕੀਤਾ—'ਕੋਈ ਪੂਰਬਲੇ ਜਨਮ ਦੀ ਪ੍ਰੀਤ ਤੇ ਸਾਂਝ ਅਸਾਂ ਨੂੰ ਖਿਚ ਰਹੀ ਹੈ। ਸ਼ਾਇਦ ਕਦੀ ਏਥੇ ਪਹਿਲਾਂ ਵੀ ਅਸਾਂ ਦਾ ਵਾਸਾ ਰਿਹਾ ਹੋਵੇ'

'ਮੇਰੇ ਧੰਨ ਭਾਗ! ਜੇ ਇਸ ਅਥਸਾਨ ਨੂੰ ਭਾਗ ਲਾਵੋ ਤਾਂ ਇਸ ਤੋਂ ਵਧ ਕੀ ਖੁਸ਼ੀ ਹੋ ਸਕਦੀ ਹੈ। ਬਸ! ਹੁਕਮ ਕਰੋ, ਕੈਸੀ ਇਮਾਰਤ ਕੇਹੋ ਜਿਹਾ ਕਿਲਾ ਚਾਹੀਦਾ ਹੈ, ਅਸੀਂ ਜਰੂਰ ਹੁਣੇ ਤਿਆਰ ਕਰਵਾਉਂਦੇ ਹਾ। ਆਪ ਹੱਥੀਂ ਸੇਵਾ ਕਰਾਂਗੇ ਹਥ ਸਫਲ ਹੋਣਗੇ। ਭਾਰੀ ਪੱਥਰਾਂ ਨੂੰ ਚੁਕ ਚੁਕ ਕੇ ਕੰਧਾਂ ਉਤੇ ਰਖਾਂਗੇ। ਮੇਹੂਰਾ ਹੋ ਗਈਆ ਹਨ ਹੁਣ ਮੈਂ ਰੋਜ ਨਿਹਾਲ ਹੋਇਆ ਕਰਾਂਗਾ ਇਹ ਜੂਨ ਵੀ ਭਾਗਾਂ ਭਰੀ ਹੋ ਜਾਵੇਗੀ।' ਰਾਜੇ ਮੇਦਨੀ ਪ੍ਰਕਾਸ਼ ਨੇ ਪ੍ਰਸੰਨਤਾਂ ਨਾਲ ਉਛਲ ਦਿਆਂ ਹੋਇਆ ਆਖਿਆ।

'ਹੇ ਰਾਜਨ ਐਸਾ ਹੀ ਹੋ ਜਾਵੇਗਾ।' ਸਤਿਗੁਰੂ ਜੀ ਨੇ ਬਚਨ ਕੀਤਾ 'ਸਵੇਰ ਤੋਂ ਹੀ ਇਹ ਅਸਥਾਨ ਸਾਫ ਹੋਣਾ ਅਰੰਭ ਹੋ ਜਾਣਾ ਚਾਹੀਦਾ ਹੈ। ਅਸੀਂ ਕੁਝ ਚਿਰ ਏਥੇ ਡੇਰੇ ਲਾਵਾਂਗੇ ਅਕਾਲ ਪੁਰਖ ਦਾ ਐਸਾ ਹੀ ਹੁਕਮ ਹੈ।'

੩੪. ਕਿਲੇ ਦੀ ਉਸਾਰੀ ਤੇ ਫਤਹ ਸ਼ਾਹ ਦੇ ਵਜ਼ੀਰ ਨੇ ਸਤਿਗੁਰ ਜੀ ਦੇ ਹਜ਼ੂਰ ਆਉਣਾ

ਪਵਟਾ (ਪਾਉਂਟਾ) ਨਾਮ ਦਾ ਨਗਰ ਜਮਨਾ ਦੇ ਕਿਨਾਰੇ ਸੀ। ਇਸ ਨਗਰ ਦੇ ਵੀਹ ਵੀਹ ਮੀਲ ਦੂਰ ਤਕ ਰਾਜਾ ਮੇਦਨੀ ਪ੍ਰਕਾਸ਼ ਨੇ ਸਾਰੇ ਨਗਰ ਸਤਿਗੁਰੂ ਜੀ ਦੀ ਇੱਛਾ ਤੇ ਛਡ ਦਿਤੇ। ਇਹ ਵੀ ਆਖ ਦਿੱਤਾ ਕਿ ਜੇ ਓਹ ਚਾਹੁਣ ਤਾਂ ਏਨੇ ਇਲਾਕੇ ਨਗਰਾਂ ਦਾ ਮਾਮਲਾ ਵੀ ਬੇਸ਼ਕ ਆਪ ਇਕੱਠ ਕਰ ਲਿਆ ਕਰਨ। ਪਰ ਸਤਿਗੁਰੂ ਜੀ ਦੀ ਇੱਛਾ ਕੋਈ ਰਾਜ ਕਰਣ ਦੀ ਨਹੀਂ ਸੀ ਉਹਨਾਂ ਨੂੰ ਤਾਂ ਸਿੱਖ ਸੇਵਕ ਹੀ ਬੇਅੰਤ ਧਨ ਭੇਟਾ ਕਰੀ ਜਾਂਦੇ ਸਨ।

Sri Satguru Jagjit Singh Ji eLibrary NamdhariElibrary@gmail.com

ਜਿਸ ਅਸਥਾਨ ਤੇ ਸਾਹਿਬਾ ਹੁਕਮ ਕੀਤਾ ਸੀ ਉਸ ਅਸਥਾਨ ਉਤੇ ਕਿਲਾ ਉਸਾਰਨਾ ਸ਼ੁਰੂ ਹੋ ਗਿਆ। ਸਾਹਿਬ ਡੇਰਾ ਉਥੇ ਲੈ ਆਏ ਸਾਰੀ ਸੈਨਾ ਵੀ ਨਾਲ ਸੀ। ਸਿੱਖ ਸੇਵਕ ਤੇ ਸੈਨਿਕ, ਸਿਖ ਵੀ ਹੱਥੀਂ ਸੇਵਾ ਕਰਨ ਲੱਗੇ ਕੋਈ ਚੂਨਾ ਤਿਆਰ ਕਰਨ ਲੱਗਾ ਕਿਸੇ ਨੂੰ ਜੰਗਲ ਵਿਚ ਲੱਕੜੀ ਕੱਟਣ ਤੇ ਲਾ ਦਿੱਤਾ।

ਪਵਟਾ ਦੇ ਇਲਾਕੇ ਵਿਚ ਜਮਨਾ ਦੇ ਆਰ ਪਾਰ ਰਾਮਰਾਇ ਦੀ ਸਿੱਖੀ ਸੀ। ਸਾਰੇ ਹਿੰਦੂ (ਜਨਤਾ ਤੇ ਰਾਜੇ) ਉਹਨਾਂ ਨੂੰ ਅਤਿਮਿਕ ਗੁਰੂ ਮੰਨਦੇ ਸੀ। ਰਾਮਰਾਇ ਜੀ ਆਪ ਡੇਹਰਾਦੂਨ ਰਹਿੰਦੇ ਸਨ । ਜਿਥੇ ਆਪ ਦਾ ਮੰਦਰ ਅਜੇ ਤਕ ਕਾਇਮ ਹੈ ਉਸ ਨਾਲ ਲੱਖਾਂ ਰੁਪੈ ਦੀ ਜਾਗੀਰ ਹੈ। ਪਾਉਂਟਾ ਦੇ ਚੌਗਿਰਦੇ ਦੇ ਹਿੰਦੂ ਕੁਝ ਤ੍ਰਬਕ ਗਏ । ਉਹ ਨਠੇ ਨਠੇ ਡੇਹਰਾਦੂਨ ਰਾਮਰਾਇ ਜੀ ਪਾਸ ਪੁਜੇ ਤੇ ਰਾਮ ਰਾਇ ਜੀ ਨੂੰ ਸਾਰਾ ਹਾਲ ਦਸਿਆ । ਜਦੋਂ ਇਹ ਕਿਹਾ–'ਉਹੀ ਅਨੰਦਪੁਰੋਂ ਆਏ ਹਨ ਉਹਨਾਂ ਦਾ ਨਾਮ ਗੋਬਿੰਦਰਾਇ ਜੀ ਹੈ ਤੇ ਸਤਿਗੁਰੂ ਤੇਗ ਬਹਾਦਰ ਜੀ ਦੇ ਸਪੁਤ੍ਰ ਦਸੰਦੇ ਹਨ । ਕਲਗੀ ਉਨ੍ਹਾਂ ਦੇ ਸੀਸ ਤੇ ਹੈ। ਸੁੰਦਰਾਂ ਗਭਰੂ ਤੇ ਰਬੀ ਨੂਰ ਚੇਹਰੇ ਤੇ ਹੈ। ਬਰਕਤਾਂ ਤੇ ਰਿਧੀਆਂ ਸਿਧੀਆਂ ਉਹਨਾਂ ਦਾਂ ਸੇਵਾ ਕਰਦੀਆਂ ਹਨ। ਸਤ ਸੌ ਦੇ ਲਗ ਪਗ ਨਾਲ ਸਿੱਖ ਸੇਵਕ ਹਨ ਜਿਨ੍ਹਾ ਕੋਲ ਘੋੜੇ ਤੇ ਸ਼ਸਤ੍ਰ ਹਨ।' ਤਾਂ ਰਾਮਰਾਇ ਜੀ ਝਟ ਪਟ ਜਾਣ ਗਏ ਕਿ ਉਨ੍ਹ ਦੇ ਭਾਈ ਹੀ ਹਨ। ਉਸ ਵੇਲੇ ਰਾਮਰਾਇ ਦੇ ਚਿਤ ਪਤਾ ਨਹੀਂ ਕੀ ਆਇਆ ਕਿ ਉਹ ਕ੍ਰੋਧਵਾਨ ਨਹੀਂ ਹੋਏ ਉਨ੍ਹਾਂ ਨੇ ਨਿੰਦਾ ਜਾਂ ਘਿਰਨਾ ਨਹੀਂ ਕੀਤੀ ਸਗੋਂ ਪ੍ਰਸੰਨ ਹੋਏ ਤੇ ਮੁਖੀਆਂ ਨੂੰ ਕਿਹਾ–'ਜਾਓ! ਉਨ੍ਹਾਂ ਦੀ ਸੇਵਾ ਕਰੋ । ਉਹ ਕਲਿਆਣ ਕਰਨ ਵਾਲੇ ਹਨ । ਸੇਵਾ ਕਰੋ ਤੇ ਜਨਮ ਸਫਲਾ ਕਰੋ ਉਹਨਾ ਪਾਸੋਂ ਨਾਮ ਦਾਨ ਪ੍ਰਾਪਤ ਕਰੋ, ਉਹ ਮਹਾਂਬਲੀ ਧਰਮ ਰਖਯਕ ਤੇ ਗਿਆਨ ਦਾਤਾ ਹਨ।'

ਜਦੋਂ ਰਾਮਰਾਇ ਜੀ ਨੇ ਸਤਿਗੁਰੂ ਜੀ ਦੀ ਉਸਤਤਿ ਕੀਤੀ ਤਾਂ ਸਾਰੇ ਮੁਖੀਏ ਸਤਿਗੁਰੂ ਜੀ ਦੇ ਸ਼ਰਧਾਲੂ ਬਣਕੇ ਵਾਪਸ ਆ ਗਏ। ਪਾਉਂਟੇ ਪੁਜ ਕੇ ਆਪੋ ਆਪਣੀ ਘਰੀਂ ਨਹੀਂ ਸਗੋਂ ਸਿਧੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜੇ। ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਉਹਨਾਂ ਨੇ ਬੇਨਤੀ ਕੀਤੀ--

Sri Satguru Jagjit Singh Ji eLibrary NamdhariElibrary@gmail.com

'ਸਚੇ ਪਾਤਸ਼ਾਹੋ !' ਅਸਾਂ ਨੂੰ ਰਾਮਰਾਇ ਜੀ ਨੇ ਤੁਸਾਂ ਪਾਸ ਭੇਜਿਆ ਹੈ। ਅੱਜ ਤੋਂ ਤੁਸਾਂ ਦੇ ਚਰਨ ਸੇਵਕ ਹੋਏ, ਅਸਾਂ ਨੂੰ ਨਾਮ ਦਾਨ ਇਸ਼ਨਾਨ ਬਖਸ਼ਕੇ ਸਿੱਖੀ ਮਾਰਗ ਦੇ ਪਾਂਧੀ ਬਣਾਵੋ। ਅਗੇ ਦਾ ਡਰ ਰਾਤ ਦਿਨੇ ਅਰਾਮ ਨਾਲ ਜੀਵਨ ਨਹੀਂ ਕੱਟਣ ਦੇਂਦਾ ਉਹ ਡਰ ਦੂਰ ਕਰੋ, ਨਾਮ ਸਿਮਰਨ ਦੀ ਵਿਧੀ ਦਸੋ, ਨਾਲ ਹੀ ਦਸੋ ਕਿ ਕੀ ਸੇਵਾ ਕਰੀਏ ?'

'ਵਾਹਿਗੁਰੂ ਦਾ ਸਿਮਰਨ ਕਰੋ ਤੇ ਗੁਰੂ ਘਰ ਸੇਵਾ ਕਰੋ ਤੁਸਾਂ ਦੇ ਇਲਾਕੇ ਕਿਲਾ ਤਿਆਰ ਹੋ ਰਿਹਾ ਹੈ ਕਰੋ ਸੇਵਾ।' ਸਤਿਗੁਰੂ ਦੇ ਨੇੜੇ ਬੈਠੇ ਮੁਖੀ ਸਿਖ ਭਾਈ ਸੰਗੋ ਸ਼ਾਹ ਨੇ ਉੱਤਰ ਦਿਤਾ--'ਸੇਵਾ ਤੋਂ ਮੇਵਾ ਮਿਲਦਾ ਹੈ। ਜਿਨ੍ਹਾਂ ਨੇ ਸਤਿਗੁਰੂ ਜੀ ਦੀ ਸੇਵਾ ਕੀਤੀ ਹੈ ਤਿਨ੍ਹਾਂ ਨੇ ਮੂੰਹ ਮੰਗੀਆਂ ਮੁਰਾਦਾਂ ਪ੍ਰਾਪਤ ਕੀਤੀਆ ਹਨ।'

ਸਾਰੀਆਂ ਨੂੰ ਸਤਿਗੁਰੂ ਜੀ ਨੇ ਉਪਦੇਸ ਦੇ ਕੇ ਨਿਹਾਲ ਕੀਤਾ। ਉਹ ਗੁਰੂ ਘਰ ਦੀ ਸੇਵਾ ਕਰਨ ਲਗੇ।

ਸ੍ਰੀ ਨਗਰ ਦਾ ਰਾਜਾ ਫਤਹ ਸ਼ਾਹ ਵੀ ਰਾਮਰਾਇ ਜੀ ਦਾ ਚੇਲਾ ਸੀ। ਉਹ ਜਦੋਂ ਰਾਮਰਾਇ ਜੀ ਨੂੰ ਮਿਲਿਆ ਤਾਂ ਉਸ ਕੋਲ ਵੀ ਰਾਮਰਾਇ ਜੀ ਨੇ ਸਤਿਗੁਰੂ ਜੀ ਦੀ ਬਹੁਤ ਉਸ਼ਤਤਿ ਕੀਤੀ। ਉਹ ਉਸਤਤਿ ਕਰਨ ਦਾ ਇਹ ਫਲ ਹੋਇਆ ਕਿ ਰਾਜਾ ਫਤਹ ਸ਼ਾਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਉਤਾਵਲਾ ਹੋ ਗਿਆ। ਆਪਣੇ ਰਾਜ ਵਿਚ ਪਹੁੰਚ ਕੇ ਉਸਨੇ ਆਪਣੇ ਵਜ਼ੀਰ ਨੂੰ ਸਤਿਗੁਰੂ ਜੀ ਵਲ ਭੇਜਿਆ। ਵਜ਼ੀਰ ਬੜਾ ਸਿਆਣਾ ਸੀ ਉਸਨੇ ਪਹਿਲਾਂ ਮਸੰਦ ਤੇ ਮੇਵੜਿਆਂ ਕੋਲੋਂ ਗੁਰੂ ਘਰ ਦੀ ਮਰਯਾਦਾ ਦਾ ਪਤਾ ਕੀਤਾ ਤੇ ਫਿਰ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਜੋ ਵਸਤੂਆਂ ਭੇਟਾ ਕਰਨ ਵਾਸਤੇ ਲਿਆਦੀਆਂ ਸਨ ਉਹ ਭੇਟਾ ਕੀਤੀਆਂ ਤੇ ਰਾਜੇ ਵਲੋਂ ਇਉਂ ਬੇਨਤੀ ਕੀਤੀ-'ਰਾਜਾ ਫਤਹ ਸ਼ਾਹ ਤੁਸਾਂ ਦੇ ਦਰਸ਼ਨ ਦੀਦਾਰੇ ਕਰਨਾ ਚਾਹੁੰਦਾ ਹੈ। ਕੁਝ ਭਲੇਖੇ ਮਨ ਵਿਚ ਸਨ ਹੁਣ ਉਹ ਦੂਰ ਹੋ ਗਏ ਹਨ। ਖਿਮਾ ਕਰਨੀ ਦਯਾ ਦ੍ਰਿਸ਼ਟੀ ਰਖਣੀ।'

ਇਹ ਸੁਣਕੇ ਸਤਿਗੁਰੂ ਜੀ ਬਚਨ ਕੀਤਾ--'ਅਸੀਂ ਤਾਂ ਪਰੇਮ ਤੇ ਸਿਖੀ ਦੇ ਭੁਖੇ ਹਾਂ। ਅਸਾਂ ਨੂੰ ਨਾ ਰਾਜ ਦੀ ਗਰਜ ਹੈ ਨਾ ਲਾਲਚ ਦੀ। ਸਾਡਾ ਗੁਰੂ ਘਰ

Sri Satguru Jagjit Singh Ji eLibrary NamdhariElibrary@gmail.com

ਦੀ ਦਾਸੀ ਹੈ। ਜਿਹੜਾ ਸਤਿਗੁਰੂ ਨਾਨਕ ਦੇਵ ਜੀ ਦੀ ਰੂਹ-ਰੱਦੀ ਅਤੇ ਅਕਾਲ ਪੁਰਖ ਨਾਲ ਪਿਆਰ ਕਰਦਾ ਹੈ ਅਸੀਂ ਉਸਦੇ ਹਾਂ। ਅਸਾਂ ਦਾ ਜੀਵਨ ਨਿਸ਼ਾਨਾ ਹੈ ਧਰਮ ਦਾ ਪ੍ਰਚਾਰ ਕਰਨਾ ਤੇ ਦੁਸ਼ਟਾਂ ਦਾਂ ਨਾਸ਼ ਕਰਨਾ। ਜੋ ਸਮਾਜ, ਮਨੁੱਖਤਾ ਅਤੇ ਧਰਮ ਦੇ ਵੈਰੀ ਹਨ ਉਹਨਾਂ ਨੂੰ ਅਸਾਂ ਨੇ ਸੋਧਣਾ ਹੈ। ਜੇਹੜੇ ਧਰਮੀਪੁਰਸ਼, ਸੰਤ ਜਨ, ਗੁਣੀ ਤੇ ਵਿਦਵਾਨ ਹਨ ਉਨ੍ਹਾਂ ਦਾ ਆਦਰ ਸਤਿਕਾਰ ਕਰਨਾ ਹੈ। ਇਸ ਵਾਸਤੇ ਤੁਸੀਂ ਰਾਜਾ ਸਾਹਿਬ ਨੂੰ ਕਹਿ ਦੇਣਾ ਕਿ ਅਸੀਂ ਭਲੇ ਪੁਰਸ਼ਾਂ ਦੇ ਸਦਾ ਸੰਗੀ ਹਾਂ। ਰਾਜਾ ਭਗਵਾਨ ਦੇ ਨਾਮ ਦਾ ਸਿਮਰਨ ਕਰੇ ਜਿਸ ਅਕਾਲ ਪੁਰਖ ਨੇ ਉਸਨੂੰ ਰਾਜ ਦਿੱਤਾ ਹੈ। ਰਾਜ ਨਾਲ ਪਿਆਰ ਕਰਨ ਦੀ ਥਾਂ ਰਾਜ ਬਖਸ਼ਣ ਵਾਲੇ ਨੂੰ ਚੇਤੇ ਰਖਣਾ ਚਾਹੀਦਾ ਹੈ।

ਸਿਆਣੇ ਵਜ਼ੀਰ ਨੇ ਸਤਿਗੁਰੂ ਜੀਦੇ ਚਰਨਾਂ ਅਗੇ ਸੀਸ ਝੁਕਾਇਆ ਅਤੇ ਬਹੁਤ ਸਾਰੀ ਰਕਮ ਭੇਟਾ ਕਰਕੇ ਆਪਣੇ ਰਾਜ ਵਲ ਹੌਲੇ ਦਿਲ ਚਲਿਆ ਗਿਆ। ਸਤਿਗੁਰੂ ਜੀ ਕਿਲੇ ਨੂੰ ਤਿਆਰ ਕਰਵਾਉਂਦੇ ਰਹੇ ਤੇ ਜੀਵਾ ਦਾ ਉਧਾਰ ਕਰਦੇ ਰਹੇ। ਪਹਾੜ ਦੀਆਂ ਕੁਖਾਂ ਵਿਚ ਵਸਣ ਵਾਲੇ ਗਰੀਬ ਤੇ ਭੋਲੇ ਭਾਲੇ ਲੋਕ ਆ ਕੇ ਗੁਰੂ ਘਰ ਦੇ ਸ਼ਰਧਾਲੂ ਬਣਨ ਲਗੇ।

੩੫. ਰਾਜੇ ਫਤਹ ਸ਼ਾਹ ਤੇ ਰਾਜਾ ਮੇਦਨੀ ਪ੍ਰਕਾਸ਼ ਦਾ ਸਮਝੌਤਾ ਕਰਾਉਣਾ

ਜਿਵੇਂ ਅਸੀਂ ਪਿਛੇ ਦਸ ਆਏ ਹਾਂ ਕਿ ਰਾਜਾ ਮੇਦਨੀ ਪ੍ਰਕਾਸ਼ ਤੇ ਰਾਜਾ ਫਤਹਸ਼ਾਹ ਵਿਚਾਲੇ ਮਾਮੂਲੀ ਗਲਾਂ ਤੋਂ ਵੈਰ ਭਾਵ ਪੈਦਾ ਹੋ ਚੁਕਾ ਸੀ। ਵੈਰ ਵਧਦਾ ਵਧਦਾ ਇਸ ਮੋੜ ਤਕ ਪੁਜ ਚੁਕਾ ਸੀ ਜਿਥੇ ਲੜਾਈ ਹੋ ਜਾਣ ਦੀ ਸੰਭਾਵਨਾ ਜ਼ਰੂਰ ਸੀ। ਸਤਿਗੁਰੂ ਜੀ ਅਮਠ ਦੇ ਦੇਵਤਾ ਸਨ ਉਹ ਨਹੀਂ ਸਨ ਚਾਹੁੰਦੇ ਕਿ ਜੰਗ ਹੋਵੇ। ਹਿੰਦੂ ਰਿਆਸਤਾਂ ਦੀ ਪਾਟੋਧਾੜ ਤੇ ਖਾਨਾਜੰਗੀ ਨੇ ਭਾਰਤ ਦੇਸ਼ ਨੂੰ ਪ੍ਰਦੇਸੀਆਂ ਦਾ ਗੁਲਾਮ ਬਣਾਇਆ ਹੋਇਆ ਸੀ। ਹਿੰਦੂ ਧਰਮ ਨਸ਼ਟ ਹੋ ਰਿਹਾ ਸੀ, ਵੇਦ ਰੀਤੀ ਮੁਕ ਰਹੀ ਸੀ, ਇਸਲਾਮ ਦਾ ਪ੍ਰਚਾਰ ਹੋ ਰਿਹਾ ਸੀ। ਮੁਗਲ ਸ਼ੇਰ ਬਣ ਕੇ ਭਾਰਤ ਦੇ ਅਸਲ ਵਸਨੀਕਾਂ ਨੂੰ ਡਰਾਉਂਦੇ ਸਨ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਐਸੀਆਂ ਸਾਰੀਆਂ ਕਮਜੋਰੀਆਂ ਨੂੰ ਦੂਰ ਕਰਕੇ ਭਾਰਤ ਨੂੰ ਸੁਰਜੀਤ ਕਰਨਾ ਚਾਹੰਦੇ ਸਨ ਉਹ ਭਾਰਤ ਨੂੰ ਸੁਤੰਤਰ ਤੇ ਸਚ ਮੁਚ ਸੋਨੇ ਦੀ ਚਿੜੀਆ ਬਣੀ ਹੋਈ ਦੇਖਣ ਵਾਸਤੇ ਲੜ ਰਹੇ ਸਨ । ਮੁਗਲ ਸਰਕਾਰ ਦੇ ਜੁਲਮ ਅਗੇ ਪਿਤਾ ਜੀ ਦਾ ਬਲੀਦਾਨ ਆਪ ਨੇ ਦਿੱਤਾ । ਰਤਾ ਜਿੰਨੀ ਝਿਜਕ ਨਹੀਂ ਕੀਤੀ, ਨੈਣਾਂ ਵਿਚੋਂ ਇਕ ਹੰਝੂ ਨਹੀਂ ਸੀ ਕਿਰਨ ਦਿਤਾ। ਮੂਰਖ ਹਿੰਦੂ ਰਾਜਿਆਂ ਨੇ ਆਪਦਾ ਸਾਥ ਨਾ ਦਿਤਾ । ਜੇਕਰ ਪੂਰਾ ਸਾਥ ਦੇਂਦੇ ਤਾ ਅਠਾਰਵੀਂ ਸਦੀ ਦੇ ਸ਼ੁਰੂ ਤੋਂ ਹੀ ਹਿੰਦੁਸਤਾਨ ਦਾ ਇਤਿਹਾਸ ਤਬਦੀਲ ਹੋ ਜਾਣਾ ਸੀ। ਸਤਿਗੁਰੂ ਜੀ ਦੇ ਪਿਛੋਂ ਜੋ ਸੌ ਸਾਲ ਸਿੰਘਾਂ ਨੂੰ ਲੜਾਈਆਂ ਲੜਨੀਆਂ ਤੇ ਕੁਰਬਾਨੀਆਂ ਦੇਣੀਆਂ ਪਈਆਂ, ਉਹ ਨਾ ਦੇਣੀਆਂ ਪੈਂਦੀਆਂ ।

ਰਾਜਾ ਮੇਦਨੀ ਪਰਕਾਸ਼ ਨੇ ਵੀ ਮਨੋ-ਭਾਵਾਂ ਨੂੰ ਪ੍ਰਗਟ ਕਰਦਿਆਂਹੋਇਆਂ ਦਸਿਆ ਸੀ ਕਿ ਉਹ ਲੜਾਈ ਨਹੀਂ ਲੜਨਾ ਚਾਹੁੰਦਾ, ਪਰ ਰਾਜਾ ਫਤਹ ਸ਼ਾਹ ਕੁਰਾਹੇ ਤੁਰ ਰਿਹਾ ਸੀ ਉਹ ਮਾੜੇ ਆਦਮੀਆਂ ਦੇ ਆਖੇ ਲਗਕੇ ਬਹੁਤ ਵਾਧੂ ਗਲਾਂ ਕਰਦਾ ਸੀ ।

ਸਤਿਗੁਰੂ ਜੀ ਨੇ ਆਂਪਣੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਤਿਆਰ ਕੀਤਾ ਕਿ ਉਹ ਅਮਨ ਤੇ ਪਰੇਮ ਦਾ ਸੰਦੇਸ਼ ਲੈਕੇ ਰਾਜੇ ਫਤਹ ਸ਼ਾਹ ਕੋਲ ਜਾਣ। ਉਹਨਾਂ ਨੇ ਸਤਿਗੁਰੂ ਜੀ ਵਲੋਂ ਸੁਨੇਹਾ ਦੇਵਣ ਕਿ ਸਤਿਗੁਰੂ ਜੀ ਤੁਸਾਂ ਤੇ ਰਾਜਾ ਮੇਦਨੀ ਪ੍ਰਕਾਸ਼ ਦਾ ਸਮਝੌਤਾ ਕਰਾਉਣਾ ਚਾਹੁੰਦੇ ਹਨ। ਬਾਕੀ ਗੱਲਾਂ ਸਮਝਾ ਦਿਤੀਆਂ।

ਮਾਮਾ ਕ੍ਰਿਪਾਲ ਚੰਦ ਜੀ ਸਤਿਗੁਰੂ ਜੀ ਦਾ ਪਰੇਮ ਸੰਦੇਸ਼ ਲੈਕੇ ਸ੍ਰੀ ਨਗਰ ਸ਼ਹਿਰ ਪਹੁੰਚੇ। ਅਗੇ ਰਾਜਾ ਫਤਹਸ਼ਾਹ ਰਾਜ ਭਵਨ ਵਿਚ ਹੀ ਹੀ ਕਿਉਂਕਿ ਉਹ ਆਪਣੀ ਕੰਨਿਆ ਦਾ ਵਿਆਹ ਕਰਨ ਦੀ ਤਿਆਰੀ ਕਰ ਰਿਹਾ ਸੀ । ਅਰਦਲੀਆਂ ਨੇ ਜਦੋਂ ਉਸਨੂੰ ਦਸਿਆ ਕਿ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਉਹਨਾਂ ਦੇ ਮਾਮਾ ਜੀ ਸੰਦੇਸ ਲੈ ਕੇ ਪੁਜੇ ਹਨ ਤਾਂ ਉਹ ਬਹੁਤ ਪ੍ਰਸੰਨ ਹੋਇਆ। ਉਸ ਨੇ ਮਾਮਾ ਕ੍ਰਿਪਾਲ ਚੰਦ ਜੀ ਦੇ ਚਰਨ ਧੋ ਕੇ ਚਰਨ ਮ੍ਰਿਤ ਲਿਆ ਤੇ ਆਪ ਅਤੇ ਆਪਣੇ ਪ੍ਰਵਾਰ ਨੂੰ ਪੀਣ ਵਾਸਤੇ ਦਿਤਾ। ਰਜ ਕੇ ਸੇਵਾ ਕੀਤੀ ਜਦੋਂ ਸੇਵਾ ਤੇ ਸਵਾਗਤ ਕਰਨ ਦੀ ਮਰਯਾਦਾ ਖਤਮ ਹੋ ਗਈ

Sri Satguru Jagjit Singh Ji eLibrary NamdhariElibrary@gmail.com

ਤਾ ਰਾਜੇ ਨੇ ਕ੍ਰਿਪਾਲ ਚੰਦ ਜੀ ਪਾਸੋਂ ਸਤਿਗੁਰੂ ਜੀ ਦੀ ਸੁਖ ਸਾਂਦ ਪੁਛੀ। ਨਾਲ ਹੀ ਪੁਛਿਆ ਕਿ ਉਸਨੂੰ ਸਤਿਗੁਰੂ ਜੀ ਦਾ ਕੀ ਹੁਕਮ ਹੈ? ਉਹ ਕੀ ਸੇਵਾ ਕਰੇ? ਤਾਂ ਮਾਮਾ ਕ੍ਰਿਪਾਲ ਚੰਦ ਜੀ ਨੇ ਇਉਂ ਬਚਨ ਕੀਤਾ--'ਹੇ ਰਾਜਨ! ਸਤਿਗੁਰੂ ਜੀ ਅਮਨ ਤੇ ਸੁਤੰਤਰਤਾ ਦੇ ਅਵਤਾਰ ਹਨ। ਆਪ ਸਿਰਫ ਅਕਾਲ ਪੁਰਖ ਦੀ ਪੂਜਾ ਕਰਦੇ ਹਨ। ਲੋਕ ਸੇਵਾ ਜੀਵਨ ਮਨੋਰਥ ਹੈ। ਸੋਨੂੰ ਉਹਨਾਂ ਨੇ ਆਪ ਦੇ ਪਾਸ ਭੇਜਿਆ ਹੈ ਪਰੇਮ ਦਾ ਸੰਦੇਸ਼ ਦੇਕੇ।

'ਕੀ ਸੰਦੇਸ ਐਸੇ ਮਹਾਂ ਪੁਰਖ ਦਾ, ਜਿਨ੍ਹਾ ਨੂੰ ਮੈਂ ਖੁਦ ਮਿਲਣਾ ਚਾਹੁੰਦਾ ਸਾਂ?' ਰਾਜਾ ਫਤਹ ਸ਼ਾਹ ਨੇ ਪੁਛਿਆ।

'ਉਹਨਾਂ ਨੇ ਪਰੇਮ ਭਰੇ ਸ਼ਬਦਾਂ ਵਿਚ ਫੁਰਮਾਇਆ ਹੈ। ਕਿ ਆਪ ਰਾਜਾ) ਫਤਹ ਸ਼ਾਹ) ਅਤੇ ਰਾਜਾ ਮੇਦਨੀ ਪ੍ਰਕਾਸ਼ ਦੇ ਵਿਚਾਲੇ ਜੋ ਵੈਰ ਭਾਵ ਹੈ ਉਹ ਨਹੀਂ ਹੋਣਾ ਚਾਹੀਦਾ, ਉਸ ਨੂੰ ਮਿਟਾ ਦਿਤਾ ਜਾਵੇਗਾ ਕਿਉਂਕਿ ਦੇਸ਼ ਦੇ ਰਾਜ ਨੀਤਕ ਹਾਲਾਤ ਬਹੁਤ ਮਾੜੇ ਹਨ। ਮੁਗਲ ਪ੍ਰਦੇਸੀ ਅਸਾਂ ਹਿੰਦੂਆਂ ਉਤੇ ਹਤ੍ਹਮਤ ਕਰਦਾ ਹੈ ਉਹ ਏਸੇ ਵਾਸਤੇ ਕਿ ਅਸੀਂ ਆਪੋ ਵਿਚ ਹੀ ਰਲਕੇ ਬੈਠਣਾ ਛਡ ਦਿਤਾ ਹੈ। ਅਸੀਂ ਸਾਰੇ ਹੀ ਰਾਜਪੂਤ (ਰਾਜਿਆਂ ਦੇ ਪੁਤਰ) ਬਣ ਗਏ, ਇਕ ਦੂਸਰੇ ਆਪਣੇ ਭਰਾ ਭਰਾ ਦਾ ਸਤਿਕਾਰ ਨਹੀਂ ਕਰਦੇ ਅਤੇ ਵੈਰੀ ਨਾਲ ਦੋਸਤੀ ਪਾਉਂਦੇ ਹਾਂ। ਹਿੰਦੂ ਮੰਦਰ ਢਾਹ ਢੇਰੀ ਕੀਤੇ ਜਾ ਰਹੇ ਹਨ। ਦੇਵਲ ਪੂਜਾ ਬੰਦ ਹੋ ਰਹੀ ਹੈ। ਹਿੰਦੂ ਸੰਤ ਤੇ ਹਿੰਦੂ ਨਾਰੀ ਸੁਤੰਤਰਤਾ ਨਾਲ ਬਾਹਰ ਨਹੀਂ ਫਿਰ ਸਕਦੀ। ਮੁਗਲ ਸਰਕਾਰ ਨਵੇਂ ਸੂਰਜ ਜੇਜੀਏ ਲਾਉਂਦੀ ਹੈ। ਹਿੰਦੂ ਨਾਰੀਆਂ ਦੀ ਨਿਤ ਨਿਰਾਦਰੀ ਹੁੰਦੀ ਹੈ। ਜੋ ਅਸੀਂ ਸਾਰੇ ਹਿੰਦੂ ਇਕ ਮੁਠ ਹੋ ਜਾਈਏ ਦੇਸ਼ ਤੇ ਵੀਰਾ ਦਾ ਬੁਰਾ ਨਾ ਤੱਕੀਏ ਅਤੇ ਧਰਮ ਕਰਮ ਵਿਚ ਪੂਰੇ ਰਹੀਏ ਤਾਂ ਪ੍ਰਦੇਸੀ ਕਦੀ ਵੀ ਅਸਾਂ ਉਤੇ ਜ਼ੁਲਮ ਨਹੀਂ ਢਾਹ ਸੱਕਦਾ ਕਿਉਂਕਿ ਉਹ ਗਿਨਤੀ ਵਿਚ ਥੋਹੜਾ ਪ੍ਰਦੇਸੀ ਹੈ। ਬੁਧੀ-ਹੀਨ ਤਲਵਾਰ ਧਾਰੀ ਰਾਕਸ਼ ਹੈ। ਇਹ ਝੂਠ ਤੇ ਪੂਰਾ ਕੂੜ ਹੈ ਕਿ ਹਿੰਦੂ ਮੁਗਲ ਨਾਲੋਂ ਬਲ ਵਿਚ ਕਮਜ਼ੋਰ ਹੈ। ਗੁਲਾਮੀ ਨੇ ਕਮਜ਼ੋਰ ਕੀਤਾ ਹੈ। ਸਤਿਗੁਰੂ ਜੀ ਦੀ ਇੱਛਾ ਹੈ ਕਿ ਨਿਰਬਲ ਹੋ ਚੁਕੀ ਹਿੰਦੂ ਜਾਤੀ ਨੂੰ ਨਵੇਂ ਰੂਪ ਵਿਚ ਜਥੇਬੰਦ ਅਤੇ ਸੁਰਜੀਤ ਕੀਤਾ ਜਾਵੇ।

Sri Satguru Jagjit Singh Ji eLibrary NamdhariElibrary@gmail.com

ਧਰਮ ਤੇ ਅਕਾਲ ਪੁਰਖ (ਭਗਵਾਨ) ਉਤੇ ਪੂਰਾ ਭਰੋਸਾ ਕਰਾਇਆ ਜਾਵੇ ਇਸ ਵਾਸਤੇ ਤਸੀਂ ਰਾਜੇ ਮੇਦਨੀ ਪ੍ਰਕਾਸ਼ ਵਲ ਮਿੱਤ੍ਰਤਾ ਦਾ ਹਥ ਵਧਾਓ। ਉਹ ਨੇਕ ਤੇ ਭਲਾ ਪੁਰਸ਼ ਹੈ। ਉਹ ਵੀ ਇਹੋ ਆਖਦਾ ਹੈ ਕਿ ਉਹ ਕਿਸੇ ਕੀਮਤ ਤੇ ਵੀ ਲੜਨਾ ਨਹੀਂ ਚਾਹੁੰਦਾ।'

ਰਾਜਾ ਫਤਹ ਸ਼ਾਹ ਦਾ ਸਿਰ ਝੁਕ ਗਿਆ ਕਿਉਂਕਿ ਰਾਜੇ ਮੇਦਨੀ ਪ੍ਰਕਾਸ਼ ਨਾਲ ਦੁਸ਼ਮਨੀ ਹੋਣ ਵਿਚ ਵਾਧਾ ਫਤਹ ਸ਼ਾਹ ਦਾ ਸੀ ਉਸ ਨੇ ਮਾਮੇ ਕ੍ਰਿਪਾਲ ਚੰਦ ਨੂੰ ਕਿਹਾ—'ਮੈਂ ਰਾਜੇ ਮੇਦਨੀ ਪ੍ਰਕਾਸ਼ ਨਾਲ ਮਿੱਤ੍ਰਤਾ ਪਾਉਣ ਨੂੰ ਤਿਆਰ ਹਾਂ ਅਸੀਂ ਪਹਿਲਾਂ ਵੀ ਕਦੀ ਭਰਾ ਭਰਾ ਸਾਂ ਤੇ ਹੁਣ ਫੇਰ ਬਣਨ ਨੂੰ ਤਿਆਰ ਹਾਂ। ਜਿਵੇਂ ਸਤਿਗੁਰੂ ਜੀ ਦਾ ਹੁਕਮ ਹੈ ਤਿਵੇਂ ਮੈਂ ਕਰਾਂਗਾ।'

'ਫਿਰ ਆਪ ਨਾਹਣ ਚੱਲਣ ਦੀ ਤਿਆਰੀ ਕਰੋ ਮੈਂ ਤੁਸਾਂ ਨੂੰ ਲੈਣ ਵਾਸਤੇ ਹੀ ਆਇਆ ਹਾਂ।'

ਰਾਜੇ ਫਤਹ ਸ਼ਾਹ ਨੇ ਉਸੇ ਵੇਲੇ ਆਪਣੇ ਵਜ਼ੀਰ ਤੇ ਸੈਨਾਪਤੀ ਨੂੰ ਹੁਕਮ ਦਿਤਾ ਕਿ ਉਹਨਾਂ (ਰਾਜੇ) ਦੇ ਨਾਹਣ ਜਾਣ ਦਾ ਪੂਰਾ ਬੰਦੋਬਸਤ ਕੀਤਾ ਜਾਵੇ। ਨਾਲ ਥੋੜੇ ਜਿਹੇ ਜਵਾਨ ਤੇ ਸੇਵਕ ਚਲਣ। ਅੰਨ, ਕਪੜਾ ਤੇ ਮਾਇਆ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਸਤਿਗੁਰੂ ਜੀ ਦੀ ਭੇਟਾ ਕਰਨ ਵਾਸਤੇ ਚੰਗੀਆਂ ਤੇ ਅਸਚਰਜ ਵਸਤੂਆਂ ਹੋਣੀਆਂ ਚਾਹੀਦੀਆਂ ਹਨ। ਮੈਂ ਆਪਣੇ ਦੇਵਤਾ ਪ੍ਰਭੂ, ਨਹੀਂ ਭਗਵਾਨ ਨੂੰ ਮਿਲਣ ਵਾਸਤੇ ਜਾਣਾ ਹੈ। ਉਹਨਾਂ ਦੇ ਆਦਰ ਸਤਿਕਾਰ ਕਰਨ ਵਿਚ ਕਿਸੇ ਪ੍ਰਕਾਰ ਦੀ ਕੋਈ ਕਮੀ ਨਾ ਰਹਿ ਜਾਵੇ।'

ਰਾਜੇ ਦੀ ਆਗਿਆ ਦਾ ਪਾਲਨ ਹੋ ਗਿਆ। ਪੂਰੀ ਤਿਆਰੀ ਹੋਣ ਤੇ ਸਤਿਗੁਰੂ ਜੀ ਵਲ ਤਿਆਰੀ ਕਰ ਦਿਤੀ। ਮਾਮਾ ਕ੍ਰਿਪਾਲ ਚੰਦ ਤੇ ਰਾਜਾ ਫਤਹ ਸ਼ਾਹ ਘੋੜਿਆਂ ਉਤੇ ਸਵਾਰ ਹੋ ਬੈਠੇ। ਸੁੰਦਰ ਪਰਬਤਾਂ ਦੀਆਂ ਉੱਚੀਆ ਨੀਵੀਂਆ ਥਾਵਾਂ ਉਤੋਂ ਦੀ ਲੰਘਦੇ ਹੋਏ ਅਤੇ ਹਰੇ ਭਰੇ ਬਨਾਂ ਨੂੰ ਦੇਖਦੇ ਹੋਏ ਜਮਨਾ ਕਿਨਾਰੇ ਪਾਉਂਟੇ ਪੁਜ ਗਏ।

ਅਗੇ ਰਾਜਾ ਮੇਦਨੀ ਪ੍ਰਕਾਸ਼ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੀ। ਦੁਨੀ ਚੰਦ ਵਾਲੇ ਸੁੰਦਰ ਤੰਬੂ ਵਿਚ ਸਾਹਿਬਾਂ ਦਾ ਡੇਰਾ ਸੀ, ਧਰਮ ਦਾ ਦੀਵਾਨ

Sri Satguru Jagjit Singh Ji eLibrary NamdhariElibrary@gmail.com

ਲੱਗਾ ਹੋਇਆ ਸੀ। ਧਰਮ ਦਾ ਉਪਦੇਸ਼ ਸਤਿਗੁਰੂ ਜੀ ਆਪ ਕਰ ਰਹੇ ਸਨ। ਮਾਮੇ ਕ੍ਰਿਪਾਲ ਚੰਦ ਜੀ ਦੀ ਦੱਸੀ ਮਰਯਾਦਾ ਅਨੁਸਾਰ ਰਾਜੇ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਸੇਵੜਿਆ ਨੇ ਪ੍ਰਸ਼ਾਦ ਦਿਤਾ ਤੇ ਉਸਦੀਆਂ ਭੇਟਾ ਕੀਤੀਆਂ ਹੋਈਆਂ ਵਸਤੂਆਂ ਦੀ ਅਰਦਾਸ ਕੀਤੀ। ਰਾਜੇ ਮੰਦਨੀ ਪ੍ਰਕਾਸ਼ ਦੇ ਕੋਲ ਬੈਠਾ ਦਿਤਾ ਗਿਆ। ਦੋ ਘੜੀਆਂ ਸਤਿਸੰਗ ਵਿਚ ਬੈਠਣ ਦਾ ਸਮਾਂ ਮਿਲ ਗਿਆ। ਸੰਗਤ ਵਿਚ ਸਦੇ ਪਾਂਤਸ਼ਾਹ ਦੀ ਤੇ ਡੇਰਾ ਪਵਿਤ੍ਰ ਜਮਨਾ ਕਿਨਾਰੇ। ਰਾਜੇ ਫਤਹ ਸ਼ਾਹ ਨੂੰ ਇਉਂ ਜਾਪਿਆ ਜਿਵੇਂ ਉਹ ਸਚਮੁਚ ਸਵਰਗ ਵਿਚ ਪਾਰਬ੍ਰਹਮ ਦੀ ਕਚਹਿਰੀ ਵਿਚ ਆ ਬੈਠਾ ਹੈ, ਜਿਥੇ ਧਰਮ ਦਾ ਨਿਆਏ ਹੋ ਰਿਹਾ ਹੈ। ਜਿਥੇ ਵੈਰ ਵਿਰੋਧ, ਲਾਲਚ, ਹੰਕਾਰ ਕਾਮ ਕ੍ਰੋਧ ਤੇ ਮੋਹ ਦਾ ਪ੍ਰਛਾਵਾਂ ਨਹੀਂ ਸੀ। ਬਸ ਵਾਹਿਗੁਰੂ ਦਾ ਹੀ ਜਸ ਹੋ ਰਿਹਾ ਸੀ 'ਤੂੰ ਹੀ ਤੂੰ' ਦੀ ਧੁਨੀ ਉਤਪਨ ਹੋ ਰਹੀ ਸੀ, ਕੀ ਰਾਜਾ ਤੇ ਕੀ ਕੰਗਾਲ ਸਭ ਜਗਿਆਸੂ ਰੂਪ ਹੋਕੇ ਪ੍ਰੇਮ ਨਾਲ ਬੈਠੇ ਸਨ ਕੋਈ ਵੀ ਕਿਸੇ ਵਲ ਘੂਰਦਾ ਨਹੀਂ ਸੀ ਤੇ ਨਾਂ ਕੋਈ ਕਿਸੇ ਤੇ ਹੁਕਮ ਕਰਨ ਦੀ ਇਛਾ ਕਰਦਾ ਸੀ। ਉਥੋਂ ਦੇ ਵਾਯੂ ਮੰਡਲ ਵਿਚ ਸ਼ਾਂਤੀ ਹੀ ਸ਼ਾਂਤੀ ਸੀ, ਪ੍ਰੀਤ ਹੀ ਪ੍ਰੀਤ ਸੀ। ਰਾਜੇ ਦੇ ਹਿਰਦੇ ਵਿਚੋਂ ਹੰਕਾਰ ਦਾ ਨਾਸ ਹੋ ਗਿਆ। ਉਹਦੀ ਆਤਮਾ ਨਿਰਮਲ ਹੋ ਗਈ।

ਸਾਹਿਬਾਂ ਨੇ ਉਪਦੇਸ਼ ਦਾ ਭੋਗ ਪਾਇਆ ਤਾ ਰਾਜਾ ਫਤਹ ਸ਼ਾਮ ਨੇ ਦੁਬਾਰਾ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਫਰਮਾਇਆ--'ਬਹੁਤ ਖੁਸ਼ੀ ਦੀ ਗੱਲ ਹੈ ਤੁਸੀਂ ਆ ਪੁਜੇ ਅਸਾਂ ਦੇ ਸੱਦਨ ਦਾ ਮਨੋਰਥ ਤਾਂ ਸਮਝ ਹੀ ਗਏ ਹੋਵੋਗੇ, ਇਸ ਵਾਸਤੇ ਰਾਜਾ ਮੰਦਨੀ ਪ੍ਰਕਾਸ਼ ਨਾਲ ਹਥ ਮਿਲਾਵੋ, ਸਕੇ ਵੀਰਾਂ ਵਾਂਗ ਗਲ ਮਿਲੋ ਤੇ ਵੈਰੀ ਤੋਂ ਵੀਰ ਬਣੋ। ਮਿਲਕੇ ਪ੍ਰੇਮ ਭਾਵਨਾ ਨਾਲ ਜਗਤ ਵਿਚ ਰਹਿਣਾ ਹੀ ਜੀਵਨ ਹੈ। ਇਹ ਜਗਤ ਨਾਸ਼ਵੰਤ ਹੈ। ਏਥੇ ਅਨੇਕਾਂ ਰਾਜੇ ਮਹਾਰਾਜੇ ਤੇ ਸੰਸਾਰ ਨੂੰ ਜਿਤਣ ਵਾਲੇ ਹੋ ਗੁਜ਼ਰੇ, ਅੰਤ ਉਹ ਖਾਕ ਵਿਚ ਮਿਲੇ ਅੱਜ ਉਨ੍ਹਾਂ ਦੀ ਕੋਈ ਨਿਸ਼ਾਨੀ ਨਹੀਂ ਮਿਲਦੀ। ਹੰਕਾਰ ਨੂੰ ਛਡਕੇ ਪ੍ਰਭੂ ਦੀ ਭਗਤੀ ਕਰਨੀ ਚਾਹੀਦੀ ਹੈ, ਜੋ ਇਸ ਜੀਵਨ ਦਾ ਮਨੋਰਥ ਹੈ। ਸਾਰੇ ਜੀਵ ਨਿਆਰੇ ਨਿਆਰੇ ਰੂਪ ਵਿਚ ਉਸ

Sri Satguru Jagjit Singh Ji eLibrary NamdhariElibrary@gmail.com

ਪਾਰਬ੍ਰਹਮ ਦੇ ਆਪਣੇ ਰੂਪ ਤੋਂ ਪ੍ਰਗਟ ਹੋਏ ਹਨ ਤੇ ਉਸੇ ਨਾਲ ਜਾ ਮਿਲਣਗੇ—

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੋਇਕੇ ਫੇਰ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿੰਗੇ।
ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਭੈ ਤਾਹੀ ਮੈ ਥਮਾਹਿੰਗੇ।

ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ,
ਕੇਤੇ ਅੱਛ ਵੱਛ ਹੂਇ ਸਪੱਛ ਉਡ ਜਾਹਿੰਗੇ।
ਕੇਤੇ ਲਭ ਬੀਚ ਅੱਛ ਪੱਛ ਕਉ ਕਰੇਂਗੇ ਭੱਛ,
ਕੇਤਕ ਪ੍ਰਤੱਛ ਹੋਇ ਪਚਾਇ ਜਾਹਿੰਗੇ।
ਜਲ ਕਹਾਂ ਥਲ ਕਹਾਂ ਗਗਨ ਕੇ ਗਉਨ ਕਹਾਂ,
ਕਾਲ ਕੇ ਬਨਾਏ ਸਭੇ ਕਾਲ ਹੀ ਚਬਾਹਿੰਗੇ।
ਤੇਜ ਜਿਉਂ ਅਤੇਜ ਮੈ ਅਤੇਜ ਜੈਸੇ ਤੇਜ ਲੀਨ,
ਤਾਹੀ ਤੇ ਉਪਜ ਸਭੈ ਤਾਹੀ ਮੈ ਸਮਾਹਿੰਗੇ।

(ਅਕਾਲਉਸਤਤਿ)

ਇਹ ਬਚਨ ਸੁਣਕੇ ਰਾਜੇ ਫਤਹ ਸਾਹ ਦੇ ਸਾਰੇ ਭੁਲੇਖੇ ਦੂਰ ਹੋ ਗਏ। ਉਸ ਨੇ ਉਠਕੇ ਰਾਜੇ ਮੰਦਨੀ ਪ੍ਰਕਾਸ਼ ਨੂੰ ਜਫੀ ਵਿਚ ਘੁਟ ਲਿਆ ਵਿਛੜੇ ਵੀਰਾਂ ਵਾਂਗ ਦੋਵੇਂ ਮਿਲੇ ਫਿਰ ਦੋਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਨਿਹਾਲ ਹੋਏ।

Sri Satguru Jagjit Singh Ji eLibrary NamdhariElibrary@gmail.com

੩੬. ਸਤਿਗੁਰੂ ਜੀ ਨੇ ਸ਼ੇਰ ਮਾਰਨਾ

ਰਾਜਾ ਫਤਹ ਸ਼ਾਹ ਤੇ ਰਾਜਾ ਮੇਦਨੀ ਪ੍ਰਕਾਸ਼ ਦੋਵੇਂ ਸਿੱਕੂ ਬਣ ਰਏ ਬੜੇ ਪਰੇਮ ਨਾਲ ਇਕੱਠੇ ਰਹਿਣ ਲਗੇ,ਦੋਵੇਂ ਸਤਿਗੁਰੂ ਜੀ ਪਾਸ ਰਹਿੰਦੇ ਸਵੇਰ ਦੀ ਪਾਠ ਪੂਜਾ ਤੋਂ ਵੇਹਲੇ ਹੋ ਕੇ ਤਿੰਨੇ ਸ਼ਿਕਾਰ ਖੇਡਣ ਤੁਰ ਜਾਂਦੇ। ਨਾਹਣ ਦੇ ਜੰਗਲਾਂ ਵਿਚ ਸ਼ੇਰ ਆਮ ਸਨ ਪਰ ਉਹਨੀਂ ਦਿਨੀਂ ਇਕ ਬੱਬਰ ਸ਼ੇਰ (ਕੇਹਰ) ਆ ਗਿਆ। ਉਸ ਦੇ ਕੋਲੋਂ ਪਰਜਾ ਬੇ ਭੀਤ ਹੋ ਗਈ, ਉਹਦੀ ਗਰਜ ਹੀ ਧਰਤ ਨੂੰ ਕੰਬਾਉਣ ਵਾਲੀ ਸੀ।

ਉਸ ਇਲਾਕੇ ਦੇ ਮੁਖੀਏ ਸਤਿਗੁਰੂ ਜੀ ਦੇ ਪਾਸ ਆਏ ਤੇ ਉਹਨਾਂ ਨੇ ਬੇਨਤੀ ਕੀਤੀ ਕਿ ਸਾਹਿਬ ਉਸ ਦਾ ਸਿਕਾਰ ਕਰਨ ਉਹ ਅਨੇਕਾਂ ਜੀਆਂ ਦਾ ਖਨ ਕਰ ਰਿਹਾ ਹੈ ਸਾਰੀ ਬਾਹਰ ਵਿਚ ਹਾਹਾਕਾਰ ਮਚੀ ਹੋਈ ਹੈ। ਉਹਨਾਂ ਦੀ ਪੁਕਾਰ ਸੁਣ ਕੇ ਸਤਿਗੁਰੂ ਜੀ ਨੇ ਅਗਲੇ ਦਿਨ ਰਾਜਾ ਫਤਹ ਸ਼ਾਹ ਤੇ ਰਾਜੇ ਮੇਦਨੀ ਪ੍ਰਕਾਸ਼ ਨੂੰ ਨਾਲ ਲੈ ਕੇ ਉਸ ਸ਼ੇਰ ਨੂੰ ਮਾਰਨ ਦੀ ਤਿਆਰੀ ਕੀਤੀ। ਹਾਥੀ ਉਤੇ ਸਵਾਰ ਹੋ ਕੇ ਜੰਗਲ ਵਿਚ ਪੁਜੇ। ਨਾਲ ਘੋੜਿਆਂ ਉਤੇ ਚੰਗੇ ਜਵਾਨ ਵੀ ਸਨ।

ਸ਼ੇਰ ਦੂਰੋਂ ਆਇਆ ਉਹ ਆਦਮੀਆਂ ਕੋਲੋਂ ਨਹੀਂ ਸੀ ਡਰਦਾ ਉਸਨੇ ਅਨੇਕਾਂ ਸ਼ਿਕਾਰੀ ਮਾਰੇ ਸਨ, ਉਸ ਨੂੰ ਹੌਂਸਲਾ ਬਹੁਤ ਸੀ। ਜਦੋਂ ਉਹ ਸ਼ੇਰ ਸਾਹਮਣੇ ਆਇਆ ਤਾਂ ਸਤਿਗੁਰੂ ਜੀ ਹਾਥੀ ਤੋਂ ਉਤਰ ਬੈਠੇ। ਸਾਰੇ ਬਹੁਤ ਹੈਰਾਨ ਹੋਏ ਕਿਉਂਕਿ ਕੋਈ ਪੁਰਸ਼ ਹੌਂਸਲਾ ਨਹੀਂ ਕਰਦਾ ਸੀ ਉਸ ਦੇ ਸਾਹਮਣੇ ਹੋਣ ਦਾ। ਰਾਜਾ ਮੇਦਨੀ ਪ੍ਰਕਾਸ਼ ਤੇ ਫਤਹ ਸ਼ਾਹ ਰੋਕਣ ਲਗੇ ਕਿ ਸਤਿਗੁਰੂ ਜੀ ਪੈਦਲ ਸ਼ੇਰ ਵਲ ਨਾ ਵਧਣ। ਪਰ ਸਾਹਿਬ ਨਾ ਰੁਕੇ। ਉਹਨਾਂ ਨੂੰ ਸ਼ਾਇਦ ਸ਼ੇਰ ਨੇ ਭਾਖਿਆ ਦੇ ਕੇ ਸਦਿਆਂ ਸੀ। ਸਾਹਿਬ ਤਲਵਾਰ ਨੂੰ ਘੁਮਾਉਂਦੇ ਤੇ ਲਿਸ਼ਕਾਉਂਦੇ ਹੋਏ ਅਗੇ ਵਧੇ। ਸ਼ੇਰ ਵੀ ਅੱਖਾਂ ਵਿਚ ਅੱਖਾਂ ਪਾਈ ਅਗੇ ਵਧਿਆ ਪਰ ਉਹਦਾ ਬਲ ਮੱਠਾ ਹੋ ਗਿਆ। ਉਹ ਤਾਂ ਸਾਇਦ ਜਾਣਕੇ ਮਰਨਾ ਚਾਹੁੰਦਾ ਸੀ ਜਾਂ ਜੂਨ ਦੀ ਉਮਰ ਮੁਕ ਚੁਕੀ ਸੀ। ਸਤਿਗੁਰੂ ਜੀ ਨੇ ਨੇੜੇ ਆਕੇ ਸ਼ੇਰ ਉਪਰ ਨੂੰ ਉਛਲਿਆ

Sri Satguru Jagjit Singh Ji eLibrary NamdhariElibrary@gmail.com

ਜਿਉਂ ਹੀ ਸ਼ੇਰ ਉਛਲਿਆ ਤਿਉਂ ਹੀ ਸਤਿਗੁਰੂ ਜੀ ਨੇ ਝਟਪਟ ਬੀਰ ਆਸਣ ਹੋ ਕੇ ਤਲਵਾਰ ਦਾ ਵਾਰ ਕੀਤ। ਉਹ ਦਾਰ ਖਾਲੀ ਨਾ ਗਿਆ, ਸੀਨੇ ਵਿਚ ਤਲਵਾਰ ਖੁਭਕੇ ਦੁਸਾਰ-ਪਾਰ ਨਿਕਲ ਗਈ। ਸ਼ੇਰ ਕਿਲਰ ਮਾਰ ਕੇ ਉਲਟ ਕੇ ਧਰਤੀ ਉਤੇ ਡਿਗ ਪਿਆ। ਸਹਿਬਾਂ ਨੇ ਤਲਵਾਰ ਖਿਚ ਲਈ ਤੇ ਦੂਸਰਾ ਵਾਰ ਕਰਨਾ ਮੁਨਾਸਬ ਨਾ ਸਮਝਿਆ, ਕਿਉਂਕਿ ਹੋਰ ਹੀ ਕੌਤਕ ਵਰਤ ਗਿਆ।

ਰਾਜਾ ਮੇਦਨੀ ਪ੍ਰਕਾਸ਼ ਤੇ ਫਤਹ ਸ਼ਾਹ ਸਤਿਗੁਰੂ ਜੀ ਦੇ ਹੌਂਸਲੇ ਨੂੰ ਦੇਖ ਕੇ ਬਹੁਤ ਹੈਰਾਨ ਹੋ ਰਹੇ ਸਨ। ਐਸੇ ਹੌਂਸਲੇ ਤੇ ਬਲ ਵਾਲਾ ਪੁਰਸ਼ ਉਹਨਾ ਦੇਖਿਆ ਨਹੀਂ ਸੀ, ਪਰ ਸੁਣਿਆ ਸੀ। ਜਾਂ ਪੁਰਾਣਾਂ ਦੀਆਂ ਕਥਾਵਾਂ ਸੁਣੀਆਂ ਹੋਈਆਂ ਸਨ, ਪਰ ਸਤਿਗੁਰੂ ਜਿਸ ਬਲੀ ਗੁਰੂ ਦੇ ਪੋਤਰੇ ਸਨ ਉਹਨਾਂ ਅਨੇਕਾਂ ਸ਼ੇਰ ਸ਼ਮਸ਼ੀਰ ਨਾਲ ਝਟਕਾਏ ਸਨ। ਪਰ ਦੂਜਾ ਕੌਤਕ ਦੇਖ ਕੇ ਹੈਰਾਨ ਹੋਏ ਕਿ ਬੱਬਰ ਸ਼ੇਰ ਦੇ ਧਰਤ ਉਤੇ ਡਿੱਗਣ ਪਾਰ ਸ਼ੇਰ (ਸਿੰਘ ਰੂਪ ਤੋਂ) ਨੇ ਮਨੁਖ ਰੂਪ ਉਸੇ ਤਰਾਂ ਧਾਰਨ ਕਰ ਲਿਆ ਜਿਵੇਂ ਜਟਾਉ (ਗਿਧ ਰੂਪ ਤੋਂ) ਨੇ ਮਨੁਖ ਰੂਪ ਧਾਰਨ ਕਰਕੇ ਸ੍ਰੀ ਰਾਮ ਚੰਦਰ ਤੇ ਲਛਮਣ ਜੀ ਨੂੰ ਸੀਤਾ ਦਾ ਪਤਾ ਦਿਤਾ ਤੇ ਰਾਵਣ ਨਾਲ ਆਪਣੇ ਹੋਏ ਯੁਧ ਦਾ ਹਾਲ ਦਸਿਆ ਸੀ।

ਸ਼ੇਰ ਦੀ ਆਤਮਾਂ ਨੇ ਇਕ ਪ੍ਰਾਚੀਨ ਰਾਜੇ ਦਾ ਰੂਪ ਧਾਰਨ ਕਰਲਿਆ। ਬਹੁਤ ਸੁੰਦਰ ਸਰੀਰ ਤੇ ਸੀਸ ਉਤੇ ਰਾਜ ਮੁਕਟ ਸੀ। ਸੈਨਕ ਤੇ ਦੋਵੇਂ ਰਾਜੇ ਇਹ ਹਾਲ ਦੇਖਕੇ ਤੇ ਰਾਜੇ ਦਾ ਚਿੱਤ੍ਰ ਦੇਖਕੇ ਐਨੇ ਹੈਰਾਨ ਹੋਏ ਕਿ ਉਹ ਵਿਸਮਾਦ ਦੀ ਹਾਲਤ ਵਿਚ ਪੁਜ ਗਏ। ਉਹਨਾਂ ਦੇ ਬੁਲ੍ਹ ਨਾ ਥਰਕੇ ਤੇ ਉਹ ਅਝੱਮਕ ਅੱਖਾਂ ਨਾਲ ਬਿਟ ਬਿਟ ਤਕਦੇ ਰਹੇ। ਸ਼ੇਰ ਦੀ ਆਤਮਾ ਰੂਪ ਰਾਜੇ ਨੇ ਸਤਿਗੁਰੂ ਜੀ ਅਗੇ ਹੱਥ ਜੋੜ ਕੇ ਨਮਸਕਾਰ ਕੀਤੀ। ਨਮਸ਼ਕਾਰ ਕਰਨ ਪਿਛੋ ਉਸ ਨੇ ਮਨੁਖੀ ਬੋਲੀ ਵਿਚ ਆਖਿਆ—'ਹੇ ਸਤਿਗੁਰੂ ਜੀ ! ਆਪਦੀ ਦਯਾ ਦ੍ਰਿਸ਼ਟੀ ਨਾਲ ਮੇਰੀ ਕਲਿਆਣ ਹੋਈ ਹੈ। ਮੈਂ ਰਾਜਾ ਸਾਂ ਤੇ ਮੇਰਾ ਨਾਮ ਜੇਦਰਥ ਸੀ। ਮਹਾਂ ਭਾਰਤ ਦੇ ਸਮੇ ਪਾਂਡਵਾਂ ਦੇ ਵਿਰੁਧ ਅਤੇ ਕੌਰਵਾ ਦਾ ਹਾਮੀ ਸਾਂ। ਯੁਧ ਭੂਮੀ ਵਿਚ ਮੈਂ ਅਨੇਕਾਂ ਪਰਕਾਰ ਦੇ ਵਲ ਛਲ ਕਰ ਕੇ ਅਮਮੰਨੂੰ ਜੈਸੇ ਧਰਮੀ ਬਲੀਆਂ ਨੂੰ ਮਾਰਿਆਂ ਸੀ। ਨੀਤੀ ਅਨੁਸਾਰ ਯੁਧ ਵਿਚ ਵਲ ਛਲ ਕਰਨੇ ਪਾਪ ਨਹੀਂ ਹਨ।

Sri Satguru Jagjit Singh Ji eLibrary NamdhariElibrary@gmail.com

ਹੰਕਾਰ ਵਿਚ ਵੀ ਮੈਂ ਬਹੁਤ ਸਾਂ। ਆਖਰ ਮੇਰੀ ਮੌਤ ਹੋਈ। ਸ੍ਰੀ ਕ੍ਰਿਸ਼ਨ ਜੀ ਦੇ ਇਸ਼ਾਰੇ ਨਾਲ ਇਕ ਮਹਾਬਲੀ ਨੇ ਮੈਨੂੰ ਮਾਰ ਦਿਤਾ। ਯੁਧ ਵਿਚ ਮਰਨ ਪਿਛੋਂ ਮੈਂ ਅੈਸੀਆ ਜੂਨਾਂ ਵਿਚ ਪਿਆ ਜੋ ਮਾਸਾਹਾਰੀ ਹਨ। ਮਨੁਾਂ ਭਾਰਤ ਤੋਂ ਹਣ ਤਕ ਮੈਂ ਅਨੇਕਾਂ ਜੂਨਾਂ ਵਿਚ ਜਨਮ ਲਿਆ ਹੈ। ਮੈਨੂੰ ਸਰਾਪ ਸੀ ਕਿ ਕਲਜੁਗ ਵਿਚ ਮੇਰੀ ਕਲਿਆਣ ਹੋਵੇਗੀ। ਜਦੋਂ ਕਿ ਭਗਵਾਨ ਕਿਸੇ ਨਾ ਕਿ ਸੇ ਰੂਪ ਵਿਚ ਜਨਮ ਲੈਣਗੇ, ਉਹਨਾਂ ਦੇ ਹਥੋਂ ਪਸ਼ੂ ਜੂਨੀ ਵਿਚੋਂ ਛੁਟਕਾਰਾ ਪਾਵਾਂਗਾ ਮੈਂ ਧੰਨਵਾਦ ਕਰਦਾ ਹਾਂ, ਬਹੁਤ ਮੋਹਰ ਹੋਈ। ਹੁਣ ਮੈਂ ਮੁੜ ਸਵਰਗਪੁਰੀ ਵਿਚ ਜਾਣ ਯੋਗ ਹੋ ਗਿਆ ਹਾਂ। ਪਸ਼ੂ ਜੋਨੀ ਵਿਚ ਬਹੁਤ ਦੁਖ ਉਠਾਏ ਹਨ।'

ਇਹ ਆਖਕੇ ਉਸ ਨੇ ਨਮਸ਼ਕਾਰ ਕੀਤੀ। ਏਨੇ ਨੂੰ ਦੇਵਤੇ ਫੁਲਾਂ ਦਾ ਬਿਬਾਨ ਲੈ ਕੇ ਆ ਗਏ ਤੇ ਉਸ ਵਿਚ ਬੈਠਕੇ ਰਾਜਾ ਜੈਦਰਥ ਸਵਰਗ ਪੁਰੀ ਨੂੰ ਚਲਿਆ ਗਿਆ, ਸਵਰਜ ਪੁਰੀ ਨੂੰ ਜਾਂਦਾ ਹੋਇਆ ਦੂਰ ਤਕ ਸਤਿਗੁਰੂ ਜੀ ਨੂੰ ਨਜ਼ਰ ਆਉਂਦਾ ਰਿਹਾ, ਪਰ ਹੋਰ ਕਿਸੇ ਨੂੰ ਨਾ ਦਿਸਿਆ। ਸਾਰੇ ਕੌਤਕ ਪਿਛੋਂ ਰਾਜੇ ਮੋਦਨੀ ਪ੍ਰਕਾਸ਼ ਤੇ ਰਾਜੇ ਫਤਹ ਸਾਹ ਨੇ ਸਤਿਗੁਰੂ ਜੀ ਅਗੇ ਨਮਸ਼ਕਾਰ ਕੀਤੀ ਤੇ ਆਖਿਆ—'ਹੇ ਦਾਤਾ! ਆਪ ਪ੍ਰਤੱਖ ਭਗਵਨ ਰੂਪ ਹੋ। ਆਪ ਦੀ ਮਹਿਮਾ ਦਾ ਅੰਤ ਨਹੀਂ ਆ ਸਕਦਾ। ਧੰਨ ਹੋ। ਆਪ ਦੀ ਦਇਆ ਦ੍ਰਿਸ਼ਟੀ ਅਸਾਂ ਤੇ ਸਦਾ ਰਹਿਣੀ ਚਾਹੀਦੀ ਹੈ। ਆਪ ਤਾਂ ਪਸ਼ੂਆਂ ਨੂੰ ਤਾਰ ਰਹੇ ਹੋ, ਅਸਾਂ ਨੂੰ ਭਵਸਾਗਰ ਤੋਂ ਪਾਰ ਕਰਨਾ। ਰਾਜ ਕਾਜ ਕਰਦਿਆਂ ਹੋਇਆਂ ਨਵੀਂ ਹੰਕਾਰ ਦੀਆਂ ਗਲ੍ਹਾਂ ਹੋ ਗਈਆਂ ਹੋਣ ਸ਼ਾਇਦ ਕਿਸੇ ਨਾ ਲ ਅਨਿਆਇ ਵੀ ਹੋ ਗਿਆ ਹੋਵੇ। ਇਸ ਵਾਸਤੇ ਅਸਾਂ ਦੀਆ ਭੁਲਾਂ ਬਖਸ਼ ਕੇ ਪਸ਼ੂ-ਪਰੇਤਜੂਨੀ ਤੋਂ ਬਚਾਉਣਾ।

ਸਤਿਗੁਰੂ ਜੀ ਨੇ ਬਚਨ ਕੀਤਾ—'ਸਤਿ ਸੰਗਤ ਵਿਚ ਬੈਠਕੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੋ। ਵਾਹਿਗੁਰੂ ਦਾ ਸਿਮਰਨ ਹੀ ਕਲਿਆਣ ਕਰ ਸਕਦਾ ਹੈ। ਸਾਧ ਸੰਗਤ ਦੀ ਸੇਵਾ ਕਰੋ। ਧਰਮ ਦਾ ਖਿਆਲ ਰਖੋ, ਕਿਸੇ ਨਾਲ ਧੱਕਾ ਤੇ ਅਨਿਆਇ ਨਾ ਕਰੋ।'

ਸਾਹਿਬਾਂ ਦੇ ਹੁਕਮ ਨਾਲ ਕੇਹਰ (ਬੱਬਰ ਸ਼ੇਰ) ਦੀ ਲੋਥ ਨੂੰ ਚੁਕਵਾ

Sri Satguru Jagjit Singh Ji eLibrary NamdhariElibrary@gmail.com

ਲਿਆ ਗਿਆ ਤੇ ਪਾਉਂਟੇ ਲੈ ਆਂਦਾ। ਸਾਰੇ ਬਾਹਰੇ ਦੇ ਪਹਾੜੀਏ ਦੇਖਕੇ ਬਹੁਤ ਪ੍ਰਸੰਨ ਹੋਏ। ਸਤਿਗੁਰੂ ਜੀ ਦੀ ਬਹਾਦਰੀ ਤੇ ਆਤਮਿਕ ਸ਼ਕਤੀ ਦੀ ਬਹੁਤ ਚਰਚਾ ਹੋਣ ਲੱਗੀ।

੩੭. ਪੀਰ ਬੁਧੂ ਸ਼ਾਹ ਨੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ

ਮੁਗਲਾਂ ਦੀ ਹਕੂਮਤ ਹੋਣ ਕਰਕੇ ਮੁਸਲਮਾਨ ਫਕੀਰ ਬਹੁਤ ਸਨ। ਉਨ੍ਹਾਂ ਫਕੀਰਾਂ ਵਿਚੋਂ ਬਹੁ ਗਿਣਤੀ ਤਾ ਰੋਟੀਆਂ ਖਾਣ ਵਾਲਿਆਂ ਦੀ ਸੀ ਤੇ ਥੋੜੀ ਗਿਣਤੀ ਦੇ ਫਕੀਰ ਸਨ ਜੋ ਸੱਚੀ ਖੁਦਾ ਦੀ ਭਗਤੀ ਕਰਨ ਵਾਲੇ ਤੇ ਦੁਨੀਆਂ ਨੂੰ ਖੁਦਾ ਦਾ ਰੂਪ ਸਮਝਣ ਵਾਲੇ ਸਨ। ਨੰਕ ਫਕੀਰਾਂ ਵਿਚ ਬੁਧੂ ਸ਼ਾਹ, ਸਦੋ ਜ ਦਾ ਵਸਨੀਕ ਸੀ। ਇਸਦੀ ਮਾਲੀ ਹਾਲਤ ਬਹੁਤ ਚੰਗੀ ਸੀ, ਕਿਉ ਕਿ ਇਹ ਇਕ ਤਕੜਾ ਜਾਗੀਰਦਾਰ ਸੀ। ਇਸਦੇ ਨਾਲ ਬਹੁਤ ਸਾਰੇ ਦੇਲੇ [ਪੈਰੋਕਾਰ] ਰਹਿੰਦੇ ਸਨ ਜੋ ਬਹੁਤ ਬਲੀ ਤੇ ਸੂਰਮੇ ਲੜਾਕੇ ਸਨ। ਆਪਣੀ ਜਗੀਰ ਦੀ ਰਾਖੀ ਬਦਲੇ ਇਸਨੇ ਚੇਲਿਆਂ ਦੀ ਹੀ ਸੈਨਾ ਰੱਖੀ ਹੋਈ ਸੀ।

ਬੁਧੂ ਸ਼ਾਹ ਨੂੰ ਪਤਾ ਲੱਗਾ ਕਿ ਸਤਿਗੁਰੂ ਨਾਨਕ ਦੇਵ ਜੀ ਜੀ ਤੁਰ-ਤੁੱਦੇ ਉਤੇ ਉਹਨਾਂ ਦਾ ਦਸਵਾਂ ਰੂਪ ਸਤਿਗੁਰੂ ਗੋਬਿੰਦ ਸਿੰਘ ਜੀ ਬੈਠੇ ਹਨ, ਜਿਨ੍ਹੀ ਦੇ ਪਾਸ ਬਰਕਤਾਂ ਤੇ ਰਿਧੀਆਂ ਸਿਧੀਆ ਉਸੇ ਤਰਾ ਹਨ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਦੇ ਪਾਸ ਸਨ। ਉਹ ਗੁਰੂ ਘਰ ਦਾ ਸਰਧਾਲੂ ਸੀ, ਕਿਉਂਕਿ ਸਤਿਗੁਰਾਂ ਦੇ ਸਿਧਾਂਤ ਜਗਤ ਜੀਵਾਂ ਦੇ ਭਲੇ ਵਾਸਤੇ ਹਨ। ਪਿਆਰ, ਲੋਕ ਸੇਵਾ, ਪ੍ਰਮਾਤਮਾ ਦਾ ਸਿਮਰਨ, ਪ੍ਰਮਾਤਮਾਂ ਤੋਂ ਬਿਨਾਂ ਦੇਵੀ ਦੇਵਤਿਆਂ ਨੂੰ ਨਾ ਮੰਨਣਾਂ, ਹਰ ਪ੍ਰਾਣੀ ਨਾਲ ਹਿਤ ਕਰਨਾ ਗੁਰਮਤਿ ਦੇ ਕੁਝ ਕੁ ਮੁਖੀ ਅਸੂਲ ਸਨ।

ਬੁਧੂ ਸ਼ਾਹ ਮਜਹਬੀ ਤੁਅੱਸਬੀ ਆਦਮੀ ਨਹੀਂ ਸੀ, ਓਹ ਹਿੰਦੂ ਪਰਜਾ ਨਾਲ ਵੀ ਬਹੁਤ ਪਰੇਮ ਕਰਦਾ ਸੀ। ਉਸ ਦੇ ਹਥੋਂ ਜਾਂ ਉਸ ਦੀ ਜਬਾਨੋਂ ਕਦੀ ਕਿਸੇ ਹਿੰਦੂ ਨਾਗੀ ਪੁਰਖ ਨੂੰ ਕੋਈ ਦੁਖ ਨਹੀਂ ਸੀ ਮਿਲਿਆ। ਉਹ ਬਹੁਤ ਹੀ ਨੇਕ ਖੁਦਾ ਦਾ ਬੰਦਾ ਸੀ। ਰਾਤ ਦਿਨੇ ਭਗਤੀ ਕਰਦਾ ਰਹਿੰਦਾ ਸੀ।

Sri Satguru Jagjit Singh Ji eLibrary NamdhariElibrary@gmail.com

ਪੀਰ ਬੁਧੂ ਸ਼ਾਹ ਨੂੰ ਪਤਾ ਲਗਾ ਸਤਿਗੁਰੂ ਜੀ ਉਹਨੇ ਨੇੜੇ ਜੀ ਆ ਰਹੇ ਹਨ (ਕਿਉਂ ਕਿ ਸਢੌਰਾ ਨਾਹਣ ਦੇ ਨੇੜੇ ਹੀ ਜ਼ਿਲਾ ਅੰਬਾਲਾ ਵਿਚ ਹੈ। ਉਹ ਮੁਰੀਦ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਢੌਰੇ ਤੋਂ ਚਲ ਪਿਆ ਬੜੀ ਤਾਂਘ ਨਾਲ ਉਹ ਪਾਉਂਟ ਪੁਜਾ। ਅਗੇ ਸਤਿਗੁਰੂ ਜੀ ਸਬੱਬ ਨਾਲ ਜਮਨਾ ਕਿਨਾਰੇ ਖੜੋਤੇ ਹੋਏ ਜਮਨਾ ਦੀਆਂ ਰੰਗ-ਬ-ਰੰਗੀਆਂ ਲਹਿਰ ਵਲ ਵੇਖ ਰਹੇ ਸਨ। ਪੀਰ ਜੀ ਨੇ ਜਾ ਨਮਸ਼ਕਾਰ ਕੀਤੀ । ਸਤਿਗੁਰੂ ਜੀ ਨੇ ਅਗੋਂ ਪ੍ਰਸੰਨਤਾ ਨਾਲ ਬਚਨ ਕੀਤਾ—

'ਆਓ ਪਿਆਰਿਓ ! ਚਿਰਾਂ ਦੇ ਵਿਛੜੇ ਸਬੱਬ ਨਾਲ ਮਿਲੇ ਹਾਂ। ਪਿਆਰ ਅਮਰ ਹੈ । ਇਸ ਦਾ ਅੰਤ ਜੀਵਨ ਦੇ ਬਦਲਣ ਨਾਲ ਵੀ ਨਹੀਂ ਹੁੰਦਾ।'

ਪੀਰ ਬੁਧੂ ਸ਼ਾਹ ਇਸ ਭਾਵ ਨੂੰ ਸਮਝ ਗਿਆ । ਪਰ ਓਹਦੇ ਮੁਰੀਦ ਨਾ ਸਮਝੇ। ਉਨ੍ਹਾਂ ਦਾ ਗਿਆਨ ਥੋੜਾ ਸੀ। ਉਨ੍ਹਾਂ ਦੀਆਂ ਅੱਖਾਂ ਅਗੇ ਤੁਅੱਸਬ ਦੀਆਂ ਐਨਕਾਂ ਸਨ। ਓਹ ਰੋਜ਼ ਸੁਣਦੇ ਸਨ ਕਿ ਖੁਦਾ ਇਕ ਹੈ । ਸਾਰਾ ਜਗਤ ਉਸਦੀ ਕਿਰਤ ਹੈ, ਪਰ ਹਿੰਦੂਆਂ ਨੂੰ ਖੁਦਾ ਦੇ ਪੁਤ੍ਰ ਤੇ ਆਪਣੇ ਭੁਰਾ ਨਹੀਂ ਸਨ ਸਮਝਦੇ। ਉਨ੍ਹਾਂ ਚੇਲਿਆਂ ਨੇ ਜਦੋਂ ਦਖਿਆ ਕਿ ਉਨ੍ਹਾਂ ਦਾ ਪੀਰ ਇਕ ਹਿੰਦੂ ਸੰਤ ਦੇ ਅਗੇ ਨਮਸਕਾਰ (ਸਜਦਾ) ਕਰ ਰਿਹਾ ਹੈ, ਫਿਰ ਪੀਰ ਵੀ ਮਾਮੂਲੀ ਨਹੀਂ ਸਗੋਂ 'ਸਜਦ' ਹੈ ਜੋ ਉੱਚੀ ਕੁਲ ਦੇ ਸਤਕਾਰੇ ਹੋਏ ਮੁਸਲਮਾਨ ਹਨ। ਸਾਰੇ ਉਸ ਨੂੰ ਖੁਦਾ ਦੀਆਂ ਬਰਕਤਾਂ ਵਾਲਾ ਵਲੀ ਸਮਝਕੇ 'ਸਜਦ ਬੁਧੂ ਸ਼ਾਹ ਜੀ' ਆਖਦੇ ਹਨ। ਇਨ੍ਹਾਂ ਕੀ ਲੋਹੜਾ ਮਾਰਿਆ। ਜੋ ਇਕ ਹਿੰਦੂ ਦੂਸਰਾ ਛੋਟੀ ਉਮਰ ਦਾ, ਤੀਸਰਾ ਸਾਧੂ ਤੇ ਸਾਧੂ ਵੀ ਗ੍ਰਹਿਸਤੀ, ਐਸੇ ਪੁਰਸ ਨੂੰ ਇਕ ਪੀਰ ਸਜਦਾ ਕਰੇ, ਇਹ ਕਿਵੇਂ ਹੋ ਸਕਦਾ ਹੈ, ਇਕ ਮਨਚਲੇ ਚੇਲੇ ਨੇ ਆਖ ਹੀ ਦਿਤਾ। ਉਸਨੇ ਮਨ ਵਿਚ ਗੱਲ ਦੱਖਣੀ ਚੰਗੀ ਨਾ ਸਮਝੀ। ਉਸਨੇ ਕਿਹਾ—'ਪੀਰ ਜੀ ! ਅਸੀਂ ਹੈਰਾਨ ਹਾਂ ਕਿ ਸਜਦ ਕਬੀਲੇ ਵਿਚੋਂ ਹੋਕੇ ਤੁਸਾਂ ਇਕ ਹਿੰਦੂ ਨੂੰ ਸਜਦਾ ਕਿਉਂ ਕੀਤਾ ਹੈ ? ਕੀ ਇਹ ਪੀਰੀ ਤੇ ਇਸਲਾਮ ਦੀ ਨਿਰਦਰੀ ਨਹੀਂ ?'

ਪੀਰ ਬੁਧੂ ਸ਼ਾਹ ਮੁਸਕਰਾ ਪਿਆ, ਉਸਨੇ ਰੁਸਾ ਨਹੀਂ ਕੀਤਾ, ਉਹ ਗੁਸਾ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲੀ ਹਾਲਤ ਵਿਚ ਨਹੀਂ ਸੀ ਉਹ ਤਾਂ ਪਿਆਰ ਵਿਚ ਭਿਜ ਗਿਆ ਸੀ। ਉਸਨੇ ਕਿਹਾ—'ਇਹ ਹਿੰਦੂ ਨਹੀਂ ਹਨ ਖੁਦਾ ਹਨ ਭਗਵਾਨ ਹਨ। ਪਿਆਰ, ਸੇਵਾ, ਕੁਰਬਾਨੀ ਦੇ ਨਬੀ ਹਨ। ਇਨਾਂ ਦੀ ਤੇ ਮੇਰੀ ਅਗੇ ਦੀ ਸਾਂਝ ਹੈ। ਅੱਜ ਦੀ ਨਹੀਂ ਜੁਗਾਂ ਤੋਂ ਮੈਂ ਇਨਾਂ ਦਾ ਚੇਲਾ ਪਰੇਮੀ ਹਾਂ। ਇਨ੍ਹਾ ਦੇ ਚਰਨਾਂ ਦੀ ਧੂੜ ਲੈਕੇ ਅੱਖਾਂ ਨੂੰ ਲਾਈਏ ਤਾਂ ਚੌਦਾਂ ਤਬਕ ਨਜ਼ਰ ਆਉਂਦੇ ਹਨ। ਇਹ ਮੇਰੇ ਮਾਹੀ ਹਨ, ਪ੍ਰੀਤਮ ਹਨ, ਮੇਰੀ ਆਤਮਾ ਇਨ੍ਹਾਂ ਨੂੰ ਭਲਾਈ ਹੋਏ ਦੀਵਾਨੀ ਹੋਈ ਰਹੀ ਹੈ। ਇਹ ਚੰਦ ਹਨ ਤੇ ਮੈਂ ਚਕੋਰ। ਇਨ੍ਹਾਂ ਪਾਸ ਨਾਮ ਰੂਪੀ ਅੰਮ੍ਰਿਤ ਦੀ ਸਵਾਤੀ ਬੂੰਦ ਹੈ ਉਸ ਨੂੰ ਪ੍ਰਾਪਤ ਕਰਨ ਵਾਸਤੇ ਜੀਵ-ਆਤਮਾ ਤੜਪਦਾ ਰਹਿੰਦਾ ਹੈ। ਤਅੱਸਬ ਦੀ ਪੱਟੀ ਅੱਖਾਂ ਤੋਂ ਖੋਲ੍ਹਕੇ ਧਿਆਨ ਨਾਲ ਦੇਖੋ। ਜਰੂਰ ਦੇਖੋ। ਏਹੋ ਹਨ ਖੁਦਾ ! ਕੁਦਰਤ ਦਾ ਸੱਚਾ ਜੀਵਨ ਸਾਰੀਆਂ ਰਿਧੀਆਂ ਸਿਧੀਆਂ। ਉਹੋ ਨੂਰ ਜੋਹੜਾ ਮੂਸੇ ਨੇ ਕੋਹਤੂਰ ਪਹਾੜ ਤੇ ਦੇਖਿਆ ਸੀ, ਉਹੋ ਬਲ ਜੋਹੜਾ ਸੁਲੇਮਾਨ ਪੈਗੰਬਰ ਦੇ ਸਾਰੇ ਕਾਰਜ ਸੁਆਰਦਾ ਰਿਹਾ ਸੀ। ਇਸ ਵਾਸਤੇ ਮੈਂ ਭੁਲ ਨਹੀਂ ਕਰ ਰਿਹਾ, ਭੁਲ ਤੁਸੀ ਕਰ ਰਹੇ ਹੋ, ਜਿਨਾਂ ਦੇ ਹਿਰਦਿਆਂ ਵਿਚ ਭਰਮ ਦੀ ਰੰਢ ਹੈ।'

ਸਯਦ ਬੁਧੂ ਸ਼ਾਹ ਦੀ ਜਬਾਨੋਂ ਐਸੇ ਬਚਨ ਸੁਣ ਕੇ ਚੇਲੇ ਹੈਰਾਨ ਤੇ ਸ਼ਰਮਿੰਦੇ ਜੇਹੇ ਹੋ ਗਏ। ਉਸੇ ਸਮੇਂ ਦਾਤੇ ਸਤਿਗੁਰੂ ਜੀ ਨੇ ਉਨ੍ਹਾਂ ਚੇਲਿਆਂ ਤੇ ਦਇਆ ਦ੍ਰਿਸ਼ਟੀ ਕੀਤੀ। ਇਕ ਵਾਰੀ ਨਿਗਾਹ ਭਰ ਕੇ ਤਕਿਆ। ਉਸ ਤਕਣੀ ਦੇ ਨਾਲ ਉਨ੍ਹਾਂ ਨੇ ਸਤਿਗੁਰੂ ਜੀ ਚੇ ਚਰਨ ਕਮਲਾਂ ਦੀ ਧੁੜੀ ਲੈ ਕੇ ਮਥੇ ਲਾਈ। ਨੈਣਾਂ ਨੂੰ ਲਾਈ ਬਸ ਉਹ ਵੀ ਦਿਵਾਨੇ ਹੋ ਗਏ। ਉਨਾ ਨੂੰ ਵੀ ਸਤਿਗੁਰੂ ਜੀ ਪ੍ਰਤੱਖ ਖੁਦਾ ਰੂਪ ਦਿਸੇ। ਉਹੋ ਖੁਦਾ ਜਿਸ ਦੇ ਦੀਦਾਰਿਅ ਬਦਲੇ ਉਨਾਂ ਨੇ ਘਰ ਘਾਟ ਦਾ ਤਿਆਗ ਕੀਤਾ ਸੀ, ਸਾਰੇ ਦੁਖ ਛਡੇ ਸਨ ਤੇ ਸਯਦ ਬੁਧੂ ਸ਼ਾਹ ਨੂੰ ਪੀਰ ਮ ਕੇ ਉਹਦੀ ਸੇਵਾ ਕਰਦੇ ਸਨ । ਉਹਦੇ ਇਸ਼ਾਰੇ ਉਤੇ ਜਾਨਵਾਰਨ ਨੂੰ ਤਿ ਆਰ ਸਨ। ਪੀਰ ਨੂੰ ਵੀ ਮਿਲ ਗਿਆ ਤੇ ਚੇਲਿਆਂ ਨੂੰ ਵੀ ਉਹੋ ਖੁਦਾ ਮਿਲ ਗਿਆ। ਹੁਣ ਉਹ ਚਰਨ ਕਿਉਂ ਛਡਣ। ਹੁਣ ਤਾਂ ਪਤੰਗੇ ਵਾਗ ਨੂਰ ਦੀ ਸ਼ਮਾਂ ਉਤੋਂ ਜਾਨਾਂ ਵਾਰਨਗੇ।

Sri Satguru Jagjit Singh Ji eLibrary NamdhariElibrary@gmail.com

ਰਾਜੇ ਲੋਕ ਹੋਰ ਹੈਰਾਨ ਹੋਏ, ਅਠਾਰਾਂ ਸਾਲ ਦੀ ਆਯੂ ਦਾ ਗਭਰੂ, ਪਰ ਪੈਰੀਂ ਪੈਂਦੇ ਹਨ ਸਯਦ ਬੁਧੂ ਸ਼ਾਹ ਵਰਗੇ ਪੀਰ ! ਫਿਰ ਪੀਰ ਵੀ ਉਸ ਜਾਤੀ ਤੇ ਧਰਮ ਦੇ ਜੋ ਹਿੰਦੂਆਂ ਨਾਲ ਨਫਰਤ ਕਰਦੇ ਸਨ। ਜੋ ਸਿਖਾਂ ਦੇ ਜਾਨੀ ਦੁਸ਼ਮਨ ਸਨ। ਇਨ੍ਹਾਂ ਸਯਦਾਂ ਤੇ ਮੌਲਵੀਆਂ ਨੇ ਸਤਿਗੁਰੂ ਦੀ ਮਹਿਮਾਂ ਵਧਾ ਦਿਤੀ। ਸਾਰੇ ਨਾਹਣ ਪਰਬਤ ਵਿਚ ਉਸਤਤਿ ਹੋਣ ਲਗੀ । ਜਿਧਰ ਦੇਖਦੇ ਉਧਰ ਹੀ ਸਤਿਗੁਰੂ ਜੀ ਦਾ ਜਸ ਹੁੰਦਾ ਸੀ । ਸਯਦ ਬੁਧੂ ਸ਼ਾਹ ਤੇ ਉਹਦੇ ਚੇਲੇ ਤਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿਣ ਲਗੇ।

੧. ਰਾਮਰਾਇ ਜੀ ਦਾ ਸਤਿਗੁਰੂ ਜੀ ਨੂੰ ਮਿਲਣਾ

ਰਾਮਰਾਇ ਜੀ ਸਤਿਗੁਰੂ ਹਰਿਰਾਇ ਸਾਹਿਬ ਜੀ ਦਾ ਵਡਾ ਸਾਹਿਬਜ਼ਾਦਾ ਸੀ। ਗੁਰ-ਗੱਦੀ ਨਾ ਮਿਲਣ ਕਰਕੇ ਉਹ ਗੁਰੂ ਘਰ ਦੀ ਵਿਰੋਧਤਾ ਕਰਦਾ ਰਿਹਾ ਔਰੰਗਜ਼ੇਬ ਤੇ ਹਾਕਮਾਂ ਨੂੰ ਕਰਾਮਾਤ ਦਿਖਾਲ ਦਿਖਾਲਕੇ ਮਾਯਾ ਤੇ ਸਤਿਕਾਰ ਉਸ ਨੇ ਪ੍ਰਾਪਤ ਕਰ ਲਿਆ ਸੀ । ਮੋਸੂਰੀ ਪਰਬਤ ਦੇ ਹੇਠਾਂ ਹਰੀ ਭਰੀ ਦੂਨ (ਵਾਦੀ) ਵਿਚ ਸੁੰਦਰ ਡੇਰਾ ਬਣਾਇਆ ਅਤੇ ਉਹ ਉਥੇ ਰਹਿਣ ਲੱਗਾ। ਉਨ੍ਹਾਂ ਦਾ ਡੇਰਾ ਤਿਆਰ ਹੋਣ ਤੇ ਹੀ ਉਸ ਵਾਦੀ ਦਾ ਨਾਮ ਹੀ 'ਡੇਰਾਦੂਨ' ਹੋ ਗਿਆ। ਜੋ ਅਜੇ ਤਕ ਕਾਇਮ ਹੈ ਤੇ ਡੇਹਰਾਦੂਨ ਅਜ ਤਕੜਾ ਘੁਗ ਵਸਦਾ ਪਹਾੜੀ ਸ਼ਹਿਰ ਹੈ। ਰਾਮਰਾਇ ਜੀ ਦੀ ਧਰਮਸਾਲਾ ਇਕ ਵੈਸ਼ਾਲ ਤੇ ਸੁੰਦਰ ਮੰਦਰ ਹੈ, ਜਿਸ ਦੇ ਨਾਮ ਲੱਖਾਂ ਰੁਪਿਆ ਦੀ ਸਲਾਨਾ ਜਗੀਰ ਹੈ, ਉਨ੍ਹਾਂ ਦੇ ਸਿਖ ਸ਼ੇਵਕ ਅਜੇ ਵੀ ਉਸ ਅਸਥਾਨ ਦੀ ਸੇਵਾ ਕਰਦੇ ਹਨ।

ਰਾਮਰਾਇ ਜੀ ਦੀ ਉਮਰ ਚੋਖੀ ਹੋ ਚੁਕੀ ਸੀ, ਉਹ ਆਪਣੇ ਜੀਵਨ ਦਾ ਅੰਤ ਸਮਾਂ ਨੇੜੇ ਆਇਆ ਅਨੁਭਵ ਕਰ ਰਹੇ ਸਨ । ਕੁਝ ਉਨ੍ਹਾਂ ਨੂੰ ਇਹ ਵੀ ਅਨੁਭਵ ਹੋਇਆ ਕਿ ਉਹਦੇ ਮਸੰਦ ਹੁਣ ਉਹਦੇ ਕੋਲੋਂ ਬਾਗੀ ਹੋ ਰਹੇ ਹਨ। ਧਰਮ ਦਾ ਤਿਆਗ ਕਰਕੇ ਅਧਰਮ ਨੂੰ ਕਬੂਲ ਰਹੇ ਹਨ। ਅਨੇਕਾਂ ਆਪ-ਹੁਧਰੀਆਂ ਕਰਦੇ ਹਨ ਤੇ ਉਹਦੇ ਆਖੇ ਨਹੀਂ ਲਗਦੇ। ਉਹ ਮਸੰਦਾਂ ਕੋਲੋਂ ਤੰਗ ਆ ਗਏ ਸਨ, ਪਰ ਉਹਨਾਂ ਨੂੰ ਛੱਡ ਵੀ ਨਹੀਂ ਸਨ ਸਕਦੇ। ਸਿਆਣੇ ਕਹਿੰਦੇ ਹਨ ਦੁਖ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸਮੇਂ ਮਨੁਖ ਨੂੰ ਆਪਨੇ ਚੇਤੇ ਆਉਂਦੇ ਹਨ। ਰਾਮਰਾਇ ਜੀ ਨੂੰ ਯਾਦ ਆ ਗਿਆ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਬਰਕਤਾ ਵਾਲੀ ਹੈ ਉਸਦੀ ਵਿਰੋਧਤਾ ਕਰਕੇ ਜੀਵਨ ਭਰ ਉਸ ਨੇ ਕੀ ਖਟਿਆ। ਧੀਰਮਲ ਦੇ ਆਖੇ ਲਗ ਕੇ ਅਨੇਕਾਂ ਭੁਲਾਂ ਕੀਤੀਆਂ। ਉਨ੍ਹਾਂ ਨੂੰ ਬਖਸ਼ਾਉਣਾ ਚਾਹੀਦਾ ਹੈ ਦੂਸਰੇ ਗੁਰੂ ਗੋਬਿੰਦ ਰਾਇ ਜੀ ਨੇੜੇ ਆਏ ਹੋਏ ਹਨ ਜੇ ਦਰਸ਼ਨ ਕੀਤੇ ਜਾਣ ਤਾਂ ਚੰਗਾ ਹੈ। ਫਿਰ ਕੋਈ ਉਪਰੇ ਨਹੀਂ, ਆਪਣੇ ਤੇ ਪੂਜਨੀਕ ਹਨ ਸਤਿਗੁਰੂ ਜੀ ਰਾਮਰਾਇ ਦੇ ਚਾਚਾ ਜੀ ਲਗਦੇ ਸਨ।

ਰਾਮਰਾਇ ਜੀ ਨੇ ਆਪਣੇ ਮਸੰਦਾਂ ਨਾਲ ਸਲਾਹ ਕੀਤੀ ਕਿ ਉਹ ਸਤਿਗੁਰੂ ਜੀ ਦੇ ਦਰਸਨ ਕਰਨਾ ਚਾਹੁੰਦੇ ਹਨ ਪਰ ਮਸੰਦਾਂ ਨੇ ਹੌਂਸਲੇ ਨਾਲ ਖੁਲ੍ਹ ਨਾ ਦਿੱਤੀ 'ਹਾਂ' ਕੀਤੀ ਪਰ ਝਿਜਕ ਝਿਜਕ ਕੇ। ਅੰਤ ਇਹ ਫੈਸਲਾ ਹੋਇਆ ਕਿ ਮੁਲਾਕਾਤ ਨਾ ਡੇਹਰਾਦੂਨ ਹੋਵੇ ਤੇ ਨਾ ਪਾਉਂਟੇ ਸਾਹਿਬ ਹੀ ਹੋਵੇ ਸਗੋਂ ਵਿਚਾਲੇ ਜਮਨਾ ਕਿਨਾਰੇ ਕਿਸੇ ਅਸਥਾਨ ਉਤੇ ਹੋਵੇ। ਚੰਗਾ ਤਾਂ ਹੈ ਕਿ ਜਮਨਾ ਪੱਤਨ ਉਤੇ ਬੇੜੀ ਵਿਚ ਮੁਲਾਕਾਤ ਹੋਵੇ। ਮਸੰਦ ਵਿਰੋਧਤਾ ਕਰਦੇ ਸਨ ਪਰ ਰਾਮਰਾਇ ਦਾ ਮਨ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਕਾਹਲਾ ਪੈ ਗਿਆ ਸੀ ਉਨ੍ਹਾਂ ਨੇ ਕਿਹਾ—ਕੁਝ ਵੀ ਹੋਵੇ ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ ਉਹ ਮੇਰੇ ਚਾਚਾ ਜੀ ਹਨ, ਸਤਿਗੁਰੂ ਨਾਨਕ ਦੇਵ ਜੀ ਦਾ ਰੂਪ ਹਨ, ਉਨ੍ਹਾਂ ਨੂੰ ਨਮਸ਼ਕਾਰ ਕਰਨਾ ਕੋਈ ਹਰਜ ਨਹੀਂ।' ਇਉਂ ਸੋਚ ਸੋਚ ਕੇ ਉਸਨੇ ਸਤਿਗੁਰੂ ਜੀ ਵਲ ਪੜ੍ਹਕਾ ਲਿਖ ਹੀ ਦਿੱਤੀ। ਉਸ ਪਤ੍ਰਕਾ ਵਿਚ ਲਿਖਿਆ—"ਪਿਆਰੇ ਤੇ ਪੂਜਨੀਕ ਚਾਚ ਜੀ! ਮੈਂ ਆਪਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਮੈਨੂੰ ਧੀਰਮਲ ਨਾ ਸਮਝਣਾ, ਮੇਰੇ ਕੋਲੋਂ ਜੋ ਭੁਲਾਂ ਹੋਈਆਂ ਹਨ, ਉਨ੍ਹਾਂ ਦੀ ਮੈਂ ਖਿਮਾ ਮੰਗਦਾ ਹਾਂ। ਮੈਂ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੇ ਹੋਰ ਨੇੜੇ ਆਉਣਾ ਚਾਹੁੰਦਾ ਹਾਂ। ਮੈਨੂੰ ਦਰਸ਼ਨ ਕਰਨ ਦੀ ਆਗਿਆ ਬਖਸ਼ੋ!'

ਰਾਮਰਾਇ ਜੀ ਦੀ ਪੱਤ੍ਰਕਾ ਪਹੁੰਚੀ, ਉਸ ਪਤ੍ਰਕਾ ਨੂੰ ਪੜ੍ਹਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਕਿਉਂਕਿ ਉਹ ਵਿਛੜਿਆਂ ਨੂੰ ਮੇਲਣ ਵਾਲੇ ਸਤਿਗੁਰੂ ਸਨ। ਉਹਨਾਂ ਨੇ ਉਸੇ ਵੇਲੇ ਰਾਮਰਾਇ ਵਲ ਪੱਤ੍ਰਕਾ ਦਾ ਉੱਤਰ ਪੱਤ੍ਰਕਾ ਵਿਚ

·Sri Satguru Jagjit Singh Ji eLibrary NamdhariElibrary@gmail.com

ਦਿਤਾ ਤੇ ਆਖਿਆ—'ਦੁਨਿਆਵੀ ਰਿਸ਼ਤੇਦਾਰੀ ਭਾਵੇਂ ਕੁਝ ਹੈ, ਪਰ ਆਪ ਉਮਰ ਵਿਚ ਅਸਾਂ ਨਾਲੋਂ ਵਡੇ ਹੋ। ਵੱਡਿਆਂ ਨੂੰ ਮਿਲ ਕੇ ਅਸਾਂ ਨੂੰ ਬਹੁਤ ਪ੍ਰਸੰਨਤਾ ਹੋਵੇਗੀ। ਆਵੋ ਜੀ ਸਦਕੇ ਆਵੋ ਤੇ ਜਿਥੇ ਚਾਹੁੰਦੇ ਜ਼ੋ ਅਸੀ ਉਸੇ ਅਸਥਾਨ ਉਤੇ ਪੁਜ ਜਾਵਾਂਗੇ। ਚਿਤ ਅਸਾਂ ਦਾ ਵੀ ਕਰਦਾ ਸੀ ਕਿ ਆਪਨੂੰ ਮਿਲੀਏ ਪਰ ਅਕਾਲ ਪੁਰਖ ਨੇ ਮੇਲ ਦਾ ਕੋਈ ਢੋ ਨਹੀਂ ਸੀ ਲਾਇਆ। ਬਹੁਤ ਚੰਗਾ ਹੋ ਗਿਆ ਕਿ ਆਪ ਨੇ ਅਸਾਂ ਨੂੰ ਯਾਦ ਕੀਤਾ ਹੈ। ਅਕਾਲ ਪੁਰਖ ਭਲੀ ਕਰੇ, ਸਤਿਗੁਰੂ ਜੀ ਮੇਹਰ ਕਰਨ।'

ਮੁੜਦੇ ਹੱਥ ਰਾਮਰਾਇ ਜੀ ਨੂੰ ਪੱਤ੍ਰਕਾ ਮਿਲ ਗਈ, ਦਰਸ਼ਨ ਕਰਨ ਦੀ ਆਗਿਆ ਮਿਲਣ ਤੇ ਬਹੁਤ ਪ੍ਰਸੰਨ ਹੋਏ, ਉਹਨਾਂ ਨੇ ਉਸੇ ਵੇਲੇ ਤਿਆਰੀ ਕੀਤੀ, ਨਾਲ ਮਸੰਦ ਵੀ ਹੋ ਤੁਰੇ ਅਤੇ ਨਾਲ ਦੋ ਕੁ ਸੌ ਜਵਾਨ ਸਨ। ਰਾਸਨ, ਤੰਬੂ, ਕਨਾਤਾਂ ਤੇ ਲੰਗਰ ਦਾ ਸਾਮਾਨ ਨਾਲ ਲਿਆ ਤੇ ਗੱਡਿਆਂ ਉਤੇ ਲੱਦ ਲਿਆ। ਧੰਨ ਹੈ ਅਕਾਲ ਪੁਰਖ ਤੇ ਧੰਨ ਸੱਚਾ ਪਾਤਸ਼ਾਹ ਸਤਿਗੁਰੂ ਦੋ ਵਿਛੜਿਆਂ ਨੂੰ ਮੇਲਦਾ ਹੈ। ਕਈ ਸਾਲ ਗੁਰੂ ਘਰ ਦੀ ਵਿਰੋਧਤਾ ਕਰਨ ਵਾਲਾ ਆਖਰ ਗੁਰੂ ਘਰ ਵਲ ਆਪ ਤੁਰ ਪਿਆ। ਸਾਰੀਆਂ ਕਰਾਮਾਤਾਂ, ਈਰਖਾਵਾਂ ਤੇ ਹੰਕਾਰ ਲਾਲਚਾਂ ਨੂੰ ਭੁਲ ਗਿਆ। ਡੇਹਰਾਦੂਨ ਤੋਂ ਤੁਰ ਕੇ ਜਮਨਾ ਕਿਨਾਰੇ ਆ ਪੁਜਾ।

ਕੈਸਾ ਸੁੰਦਰ ਤੇ ਮਨ-ਮੋਹਣਾ ਸਮਾਂ ਸੀ, ਜਦ ਇਕ ਕਿਨਾਰੇ ਉਤੇ ਰਾਮ ਰਾਇ ਸੀ ਤੇ ਦੂਸਰੇ ਕਿਨਾਰੇ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੋਵੇਂ ਚਾਚਾ ਭਤੀਜਾ ਇਕ ਦੂਸਰੇ ਨੂੰ ਮਿਲਣ ਵਾਸਤੇ ਤਾਂਘ ਰਹੇ ਸਨ। ਆਖਰ ਬੇੜੀਆਂ ਵਿਚ ਦੋਵੇਂ ਬੈਠ ਇਕ ਦੀ ਬੇੜੀ ਪੁਰਬ ਨੂੰ ਤੁਰੀ ਤ ਦੂਸਰੇ ਦੀ ਪੱਛਮ ਨੂੰ। ਜਮਨਾ ਦਾ ਨਿਰਮਲ ਨੀਲਾ ਜਲ ਸ਼ਾਂਤ ਸੀ, ਉਹਦੇ ਧੰਨ ਭਾਗ ਸਨ ਜੋਹੜਾ ਸਤਿਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ। ਦੋਹਾਂ ਕਿਨਾਰਿਆਂ ਤੇ ਸਿੱਖ ਸਵਕ ਖਲੋਤ ਹੋਏ ਇਸ ਅਸਚਰਜ ਮਿਲਣੀ ਨੂੰ ਵੇਖ ਰਹੇ ਸਨ। ਦੋਵੇਂ ਬੜਆਂ ਵਿਚਾਲੇ ਜਮਨਾ ਦੇ ਇਕ ਦੂਸਰੇ ਦੇ ਨੇੜੇ ਆਈਆਂ। ਰ ਮਰਾਇ ਉਠਰੇ ਸਤਿਗੁਰੂ ਜੀ ਦੀ ਬੜੀ ਵਿਚ ਬੈਠ ਗਿਆ। ਸਤਿਗੁਰੂ ਜੀ ਨੇ ਵੱਡੀ ਆ ਯੂ ਵਾਲ ਜ ਣੇ ਸਤਕਾਰ ਕੀਤਾ ਪਰ ਰਾਮਰਾਇ ਪਹਿਲਾਂ ਹੀ ਸਤਿਗੁਰੂ ਜੀਦੇ ਚਰਨੀਂ ਲਗ ਗਿਆ ਚ ਚਾ ਭਤੀਜਾ

Sri Satguru Jagjit Singh Ji eLibrary NamdhariElibrary@gmail.com

ਬੜੇ ਉਤਸ਼ਾਹ ਤੇ ਪਰੇਮ ਨਾਲ ਮਿਲੇ। ਘੁਟ ਘੁਟ ਕੇ ਮਿਲੇ। ਸਾਰੇ ਵਟ-ਵਿਰੋਧ ਨਸ਼ਟ ਹੋ ਗਏ।

ਜਿਸ ਬੇੜੇ ਵਿਚ ਦੋਵੇਂ ਇਕੱਠੇ ਹੋਏ, ਉਹ ਬੇੜਾ ਮੁੜਕੇ ਆਣਕੇ ਕਿਨਾਰੇ ਨਹੀਂ ਲੱਗਾ। ਸਗੋਂ ਜਲ ਉਤੇ ਹੀ ਇਕ ਪਾਸੇ ਤਰਦਾ ਰਿਹਾ ਤੇ ਮਸੰਦਾ, ਸੇਵਕਾਂ ਤੇ ਸਿਖਾਂ ਕੋਲੋ ਦੂਰ ਦੋਵੇਂ (ਸਤਿਗੁਰੂ ਜੀ ਤੇ ਰਾਮਰਾਇ ਜੀ) ਬਚਨ ਬਿਲਾਸ ਕਰਦੇ ਰਹੇ। ਰਾਮਰਾਇ ਆਪਣੇ ਮਸੰਦਾਂ ਕੋਲੋਂ ਬਹੁਤ ਡਰਦਾ ਸੀ। ਉਸਨੇ ਸਤਿਗੁਰੂ ਨੂੰ ਕਿਹਾ—'ਚਾਚਾ ਜੀ! ਮੇਰੀ ਉਮਰ ਵਡੇਰੀ ਹੋ ਗਈ ਹੈ। ਇਹ ਵੀ ਭਾਖਿਆ ਆ ਉਂਦੀ ਹੈ ਕਿ ਮਨੁਖ ਜੀਵਨ ਦਾ ਅੰਤ ਸਮਾਂ ਨੇੜੇ ਆ ਰਿਹਾ ਹੈ। ਸਚਖੰਡ ਨੂੰ ਮੈਂ ਜਰੂਰ ਚਲਾਨਾ ਕਰ ਜਾਵਾਂਗਾ। ਅਗੇ ਜੋ ਹੋਣਾ ਹੈ ਉਹ ਤਾਂ ਵਾਹਿਗੁਰੂ ਨੂੰ ਤਾਂ ਪਤਾ ਹੈ ਮੇਰੇ ਪਿਛੋਂ ਪ੍ਰਤੀਤ ਹੁੰਦੀ ਹੈ ਕਿ ਡੇਹਰੇ ਦਾ ਬਹੁਤ ਮੰਦਾ ਹਾਲ ਹੋਵੇਗਾ।

ਮੇਰੇ ਮਸੰਦ ਬਹੁਤ ਭੂਤਰ ਗਏ ਹਨ ਉਹ ਕਿਸੇ ਦੀ ਨਹੀਂ ਸੁਣਦੇ ਤੁਸਾਂਦੀ ਨੂੰਹ ਪੰਜਾਬ ਕੌਰ ਨੂੰ ਜਰੂਰ ਤੰਗ ਕਰਨਗੇ। ਤੁਸਾਂ ਨੇ ਖਿਆਲ ਰਖਣਾ, ਉਹ ਭੂਤਨਿਆਂ ਦਾ ਰੂਪ ਧਾਰੀ ਫਿਰਦੇ ਹਨ। ਮੇਰੇ ਜੀਉਂਦੇ ਜੀ ਤਾਂ ਚਿੰਤਾ ਨਹੀਂ, ਪਰ ਮੇਰੇ ਪਿਛੋਂ ਡੇਹਰੇ ਦਾ ਖਿਆਲ ਰਖਣਾ।

'ਕੋਈ ਚਿੰਤਾ ਨਾ ਕਰੋ, ਅਕਾਲ ਪੁਰਖ ਭਲੀ ਕਰੇਗਾ। ਮਸੰਦਾ ਨੂੰ ਸੋਧਿਆ ਜਾਵੇਗਾ। ਮਸੰਦ ਜੇ ਭੂਤਨੇ ਹੋ ਗਏ ਹਨ ਤਾਂ ਜਿਵੇਂ ਭੂਤ ਨੇ ਸੋਧੇ ਜਾਂਦੇ ਹਨ ਤਿਵੇਂ ਹੀ ਇਹ ਸੋਧੇ ਜਾਣਗੇ। ਕਿਸੇ ਤਰਾ ਦੀ ਚਿੰਤਾ ਨਾ ਕਰੋ।'

ਰਾਮਰਾਇ ਜੀ ਨੇ ਦੂਸਰੀ ਬੇਨਤੀ ਕੀਤੀ—'ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਰਿਧੀਆਂ ਸਿਧੀਆਂ ਦਾ ਮਾਲਕ ਹੈ। ਅਭਿਮਾਨ ਦੇ ਕਾਰਨ ਮੈਂ ਭੁਲ ਗਿਆ ਸਾਂ। ਮੈਂ ਜੀਵਨ ਵਿਚ ਬਹੁਤ ਭੁਲਾ ਕੀਤੀਆਂ, ਗੁਰੂ ਘਰ ਦੀ ਵਿਰੋਧਤਾ ਕੀਤੀ, ਮੇਰੀ ਵਿਰੋਧਤਾ ਦੇ ਕਾਰਨ ਸਿੱਖ ਸੰਗਤਾਂ, ਗੁਰੂ ਘਰ ਤੇ ਗੁਰੂ ਘਰ ਦੇ ਪਰੇਮਿਆਂ ਨੂੰ ਨੁਕਸਾਨ ਵੀ ਪੁਜਾ ਹੈ। ਮੈਂ ਖਿਮਾਂ ਦਾ ਜਾਚਕ ਹਾਂ। ਮੇਰਾ ਕਲਿਆਣ ਹੋਵੇ। ਮੇਰੇ ਹਿਰਦੇ ਵਿਚੋਂ ਹੰਕਾਰ ਤੇ ਈਰਖਾ ਦਾ ਨਾਸ਼ ਹੋਵੇ। ਮੈਂ ਇਹ ਮੰਗ ਮੰਗਦਾ ਹਾਂ। ਮੇਰੀ ਇਹ ਬੇਨਤੀ ਹੈ ਮੇਰੀ ਆਤਮਾਂ ਪਛਤਾ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

ਆਪ ਸਤਿਗੁਰੂ ਹੋ। ਦੀਨ ਤੇ ਦੁਨੀਆਂ ਦੇ ਮਾਲਕ ਹੋ ਬਖਸ਼ੋ, ਬਖਸ਼ਣਹਾਰ ਸਮਰਥ ਗੁਰੂ ਹੋ।'

ਇਉਂ ਆਖਦਿਆਂ ਆਖਦਿਆਂ ਰਾਮ ਰਾਇ ਜੀ ਨੇ ਸਤਿਗੁਰੂ ਜੀਦੇ ਚਰਨ ਫੜ ਲਏ। ਚਰਨਾਂ ਨੂੰ ਘੁਟਦਾ ਹੋਇਆ ਬਚਿਆਂ ਵਾਂਗ ਰੋ ਪਿਆ। ਉਸਦਾ ਰੋਣਾ ਉਹਦੀ ਆਤਮਾ ਦਾ ਸੁਧਾਰ ਕਰ ਰਿਹਾ ਸੀ, ਉਹ ਆਤਮਾ ਜਿਸ ਨੇ ਗੁਰ ਗੱਦੀ ਪ੍ਰਾਪਤ ਕਰਨ ਵਾਸਤੇ ਸੈਂਕੜੇ ਕੂੜ ਬੋਲੇ, ਹਜ਼ਾਰਾਂ ਦੇ ਦਿਲ ਦੁਖਾਏ ਤੇ ਮੁਗਲਾਂ ਦਾ ਸਾਥ ਦਿਤਾ, ਕਰਾਮਾਤਾਂ ਦਿਖਾਈਆਂ ਸਨ, ਸਿੱਖੀ ਦੇ ਪ੍ਰਚਾਰ ਦੇ ਵਾਧੇ ਵਿਚ ਰੁਕਾਵਟ ਪਾਈ ਸੀ, ਕੁਦਰਤ ਦੇ ਰੰਗ, ਉਹ ਅੱਜ ਬੱਚਿਆਂ ਵਾਂਗ ਰੋ ਰਿਹਾ ਸੀ।

ਸਤਿਗੁਰੂ ਜੀ ਦਇਆ ਦੇ ਘਰ ਆਏ, ਉਨ੍ਹਾਂ ਨੇ ਰਾਮ ਰਾਇ ਜੀ ਨੂੰ ਸਾਰੀਆਂ ਭੁਲਾਂ ਦੀ ਖਿਮਾਂ ਬਖਸ਼ ਦਿਤੀ, ਉਹਨਾਂ ਦਾ ਜਨਮ ਮਰਨ ਕਟ ਦਿਤਾ। ਅੱਗਾ ਸਵਾਰ ਦਿਤਾ। ਤੜਪਦੇ ਹਿਰਦੇ ਨੂੰ ਸ਼ਾਂਤੀ ਬਖਸ਼ੀ। ਦੋਹਾਂ ਨੇ ਰੱਜ ਕੇ ਗਲਾਂ ਕੀਤੀਆਂ ਤੇ ਮੁੜ ਆਪੋ ਆਪਣੀਆਂ ਬੇੜੀਆਂ ਵਿਚ ਆ ਬੈਠੇ।

ਸਤਿਗੁਰੂ ਜੀ ਦੇ ਮਸੰਦ, ਸਿਖ ਤੇ ਸੇਵਕ ਤਾਂ ਸਤਿਗੁਰੂ ਜੀ ਤੇ ਰਾਮਰਾਇ ਜੀ ਵਲ ਤਕਦੇ ਰਹੇ ਜਿਵੇਂ ਚਕੋਰ ਚੰਦ ਵਲ ਤਕਦਾ ਹੈ, ਪਰ ਰਾਮਰਾਇ ਜੀ ਦੇ ਮਸੰਦਾਂ ਨੇ ਸਤਿਗੁਰੂ ਜੀ ਵਲ ਪਿੱਠ ਕਰ ਛੱਡੀ, ਉਹਨਾ ਨੇ ਸਤਿਗੁਰੂ ਜੀ ਦੇ ਦਰਸ਼ਨ ਨਾ ਕੀਤੇ ਹੰਕਾਰੀ ਤੇ ਅਗਿਆਨੀਆਂ ਨੇ ਨਰਕਾਂ ਨੂੰ ਜਾਣਦਾ ਵਸੀਲਾ ਤਿਆਰ ਕਰ ਲਿਆ। ਸਤਿਗੁਰੂ ਜੀ ਵਲ ਪਿੱਠ ਨਾ ਕੀਤੀ ਸਗੋਂ ਆਪਣੀ ਕਲਿਆਣ ਵਲ ਪਿੱਠ ਕੀਤੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜਿਥੇ ਬੇੜੇ ਤਾਰਨੇ ਸੀ ਉਥੇ ਜੀਵਨ ਬੇੜੇ ਡੋਬ ਲਏ। ਉਨ੍ਹਾਂ ਦਾ ਗੁਰੂ (ਰਾਮਰਾਇ) ਤਾਂ ਆਪਣੇ ਜੀਵਨ ਬੇੜੇ ਨੂੰ ਤਾਰ ਗਿਆ, ਪਰ ਉਸਦੇ ਮਸੰਦ ਪਿਛੋਂ ਜੀਵਨ ਬੇੜੇ ਨੂੰ ਡੋਬ ਗਏ।

੨. ਪਠਾਨ ਭਰਤੀ ਰੱਖਣੇ

ਸੱਯਦ ਬੁਧੂ ਸ਼ਾਹ ਤਨੋਂ ਮਨੋਂ ਸਤਿਗੁਰੂ ਜੀ ਦਾ ਪ੍ਰੇਮੀ ਬਣ ਗਿਆ।

Sri Satguru Jagjit Singh Ji eLibrary NamdhariElibrary@gmail.com

ਕੁਝ ਚਿਰ ਸਤਿਗੁਰੂ ਜੀ ਦੀ ਸੰਗਤ ਵਿਚ ਰਹਿਕੇ ਉਹ ਆਪਣੇ ਡੇਰੇ ਸਢੌਰੇ ਚਲਿਆ ਗਿਆ। ਸਢੌਰੇ ਜਾ ਕੇ ਉਸ ਨੇ ਸਾਰੇ ਜਗਤ ਨੂੰ ਨਵੇਂ ਰੂਪ ਵਿਚ ਦੇਖਣਾ ਸ਼ੁਰੂ ਕੀਤਾ। ਉਹ ਹਰ ਇਕ ਪ੍ਰਾਣੀ ਮਾਤਰ ਨੂੰ ਖੁਦਾ ਦਾ ਪੁੱਤ੍ਰ ਸਮਝਣ ਲੱਗਾ। ਉਸਨੇ ਧਰਮ ਦਾ ਪ੍ਰਚਾਰ ਵੀ ਸਤਿਗੁਰੂ ਜੀ ਦੇ ਨਿਸ਼ਾਨੇ ਅਨੁਸਾਰ ਕਰਨਾ ਆਰੰਭ ਦਿਤਾ।

ਇਕ ਦਿਨ ਉਹ ਆਪਣੇ ਡੇਰੇ ਬੈਠੇ ਹੋਏ ਸਨ ਕਿ ਪੰਜ ਸੌ ਪਠਾਣ ਉਹਨਾਂ ਦੇ ਕੋਲ ਆਏ। ਪਠਾਣਾਂ ਦੇ ਮੁਖੀਏ ਨੇ ਆਖਿਆ—"ਅਸੀਂ ਔਰੰਗਜ਼ੇਬ ਦੀ ਮੁਗਲ ਫ਼ੌਜ ਵਿਚ ਨੌਕਰੀ ਕਰਦੇ ਸਾਂ। ਚੋਖਾ ਚਿਰ ਨੌਕਰੀ ਕੀਤੀ ਹੈ ਪਰ ਨਿਕੀ ਜਿਹੀ ਗਲਤੀ ਕਰਕੇ ਬਾਦਸ਼ਾਹ ਔਰੰਗਜ਼ੇਬ ਗੁਸੇ ਹੋ ਗਿਆ ਤੇ ਸਾਰਿਆਂ ਨੂੰ ਨੌਕਰੀ ਤੋਂ ਕੱਢ ਦਿਤਾ ਹੈ। ਹੁਣ ਅਸੀਂ ਵੇਹਲੇ ਹਾਂ। ਫੌਜੀ ਨੌਕਰੀ ਤੋਂ ਬਿਨਾਂ ਅਸੀਂ ਹੋਰ ਕੋਈ ਕੰਮ ਨਹੀਂ ਕਰ ਸਕਦੇ। ਅਸਾਂ ਨੂੰ ਆਪਣੇ ਕੋਲ ਨੌਕਰ ਰਖ ਲਵੋ ਜਾਂ ਕਿਸੇ ਰਾਜੇ ਨਵਾਬ ਪਾਸ ਨੌਕਰ ਰਖਵਾ ਦੇਵੋ। ਆਪ ਦਾ ਆਖਾ ਸਾਰੇ ਮੰਨਦੇ ਹਨ। ਆਪ ਬਰਕਤਾਂ ਵਾਲੇ ਪੀਰ ਹੋ। ਅਸਾਂ ਤੇ ਮੇਹਰਬਾਨੀ ਕਰੋ। ਅਸਾਂ ਦੇ ਬਾਲ-ਬੱਚੇ ਭੁਖੇ ਮਰ ਜਾਣਗੇ, ਹੋਰ ਕੋਈ ਧੰਦਾ ਅਸਾਂ ਕੋਲੋਂ ਹੁੰਦਾ ਨਹੀਂ।"

ਸੱਯਦ ਬੁਧੂ ਸ਼ਾਹ ਪਠਾਣਾਂ ਦੀ ਬੇਨਤੀ ਨੂੰ ਧਿਆਨ ਨਾਲ ਸੁਣਦਾ ਰਿਹਾ। ਜਦੋਂ ਉਹ ਬੇਨਤੀ ਕਰ ਚੁਕੇ ਤਾਂ ਸੱਯਦ ਜੀ ਨੇ ਆਖਿਆ—"ਬਹੁਤ ਅੱਛਾ! ਤੁਸਾਂ ਨੂੰ ਨੌਕਰੀ ਲੈ ਦਿਤੀ ਜਾਵੇਗੀ ਪਰ ਕਿਸੇ ਨਵਾਬ ਰਾਜੇ ਦੀ ਨਹੀਂ ਸਗੋਂ ਐਸੇ ਮਹਾਂ ਪੁਰਸ਼ ਜਾ ਸਚੇ ਪਾਤਸ਼ਾਹ ਦੀ ਜੋਹੜਾ ਦੀਨ ਤੇ ਦੁਨੀਆ ਦਾ ਮਾਲਕ ਹੈ। ਜੋਹੜਾ ਏਥੇ ਵੀ ਸਹਾਇਤਾ ਕਰਦਾ ਹੈ ਤੇ ਦਰਗਾਹੇ ਵੀ ਮਦਦ ਕਰਦਾ ਹੈ। ਦੌਲਤ ਤੇ ਪਦਾਰਥਾਂ ਦਾ ਆਪਣੇ ਘਰ ਕੋਈ ਘਾਟਾ ਨਹੀਂ।

ਪਠਾਣ ਮੁਖੀਆ—"ਅਸਾਂ ਨੌਕਰੀ ਕਰਨੀ ਹੈ ਤੇ ਤਨਖਾਹ ਲੈਣੀ ਹੈ। ਭਾਵੇਂ ਕਿਸੇ ਦੀ ਨੌਕਰੀ ਕਰਾ ਦੇਵੋ। ਹਾਂ, ਇਹ ਕਹਿ ਸਕਦੇ ਹਾ ਕਿ ਈਮਾਨ-ਦਾਰੀ ਨਾਲ ਕੰਮ ਕਰਾਂਗੇ। ਜੇ ਮੈਦਾਨਿ ਜੰਗ ਵਿਚ ਲੜਨਾ ਪਿਆ ਤਾਂ ਜਰੂਰ ਲੜਕੇ ਮਰਾਂਗੇ ਮਰਨੋਂ ਝਿਜਕਦੇ ਨਹੀਂ ਪੂਰੀ ਵਫਾਦਾਰੀ ਨਾਲ ਸਾਰੇ ਕੰਮ ਪੂਰੇ ਕਰਾਂਗੇ।

Sri Satguru Jagjit Singh Ji eLibrary NamdhariElibrary@gmail.com

ਸੱਯਦ ਜੀ—"ਬਸ, ਏਸੇ ਗਲ ਦੀ ਲੋੜ ਹੈ ਕਿ ਖ਼ੁਦਾ ਦਾ ਡਰ ਮਨ ਵਿਚ ਰਖਕੇ ਨੌਕਰੀ ਕਰਨੀ ਕਿਸੇ ਤਰਾਂ ਦਾ ਉਲਾਂਭਾ ਨਾ ਆਵੇ। ਕਿਉਂਕਿ ਅਸੀਂ ਤੁਸਾਂ ਦਾ ਜਾਮਨ ਹੋਣਾ ਹੈ।"

ਪਠਾਣ ਮੁਖੀਆ—'ਬਿਲਕੁਲ ਤੁਸਾਂ ਨੂੰ ਉਲਾਂਭਾ ਨਹੀਂ ਆਵੇਗਾ। ਅਸੀਂ ਖ਼ੁਦਾ ਦਾ ਡਰ ਦਿਲ ਵਿਚ ਰਖਕੇ ਨੌਕਰੀ ਕਰਾਂਗੇ। ਮਾਲਕ ਨੂੰ ਕਿਸੇ ਤਰਾਂ ਦਾ ਧੋਖਾ ਨਹੀਂ ਦੇਵਾਂਗੇ। ਤੁਸੀਂ ਖ਼ੁਸ਼ੀ ਨਾਲ ਅਸਾਂ ਦੇ ਜਾਮਨ ਬਣੋ। ਖ਼ੁਦਾ ਦੀ ਮੇਹਰ ਨਾਲ ਸਭ ਕੰਮ ਠੀਕ ਹੋ ਜਾਣਗੇ। ਬਸ ਤੁਸੀਂ ਅਸਾਂ ਨੂੰ ਲੈ ਚਲੋ ਜਿਸ ਪਾਸ ਲਿਜਾਣਾ ਹੈ।'

ਸਤਿਗੁਰੂ ਜੀ ਉਤੇ ਸ਼ਰਧਾ ਰਖਦਿਆਂ ਹੋਇਆਂ ਸੱਯਦ ਜੀ ਨੇ ਪਠਾਣਾਂ ਨੂੰ ਨੌਕਰੀ ਦੀ 'ਹਾਂ' ਕਰ ਦਿਤੀ। ਉਹਨਾਂ ਨੂੰ ਕੋਲ ਰਖ ਲਿਆ ਤੇ ਉਨ੍ਹਾਂ ਦੀ ਰੋਟੀ ਦਾ ਪੂਰਾ ਪ੍ਰਬੰਧ ਕਰ ਦਿਤਾ।

ਦੋ ਦਿਨਾਂ ਪਿਛੋਂ ਪਠਾਣਾਂ ਦੇ ਚਾਰ ਮੁਖੀਆਂ ਨੂੰ ਨਾਲ ਲੈ ਕੇ ਸੱਯਦ ਬੁਧੂ ਸ਼ਾਹ ਸਤਿਗੁਰੂ ਜੀ ਦੇ ਪਾਸ ਪਾਉਂਟੇ ਪੁਜਿਆ। ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਉਸਨੇ ਬੇਨਤੀ ਕੀਤੀ—'ਸਚੇ ਪਾਤਸ਼ਾਹ ! ਪੰਜਸੌ ਪਠਾਣ ਔਰੰਗਜੇਬ ਦੀ ਨੌਕਰੀ ਛੱਡਕੇ ਆਇਆ ਹੈ। ਇਹ ਨੌਕਰੀ ਕਰਨਾ ਚਾਹੁੰਦਾ ਹੈ। ਈਮਾਨ ਦਾਰੀ ਨਾਲ ਸੇਵਾ ਕਰੇਗਾ। ਜੇ ਲੋੜ ਪਈ ਤਾ ਦੁਸ਼ਮਣ ਨਾਲ ਲੜਾਈ ਵੀ ਕਰੇਗਾ। ਮੁਖੀਆਂ ਨਾਲ ਬਚਨ-ਬਿਲਾਸ ਹੋਏ ਹਨ। ਕਿਸੇ ਪ੍ਰਕਾਰ ਦੀ ਕੋਈ ਸ਼ੱਕ ਵਾਲੀ ਗਲ ਨਹੀਂ।'

ਚੰਗੀ ਗਲ ਹੈ ਅਸਾਂ ਨੂੰ ਵੀ ਆਦਮੀਆਂ ਦੀ ਲੋੜ ਹੈ। ਸਮੇਂ ਦੇ ਹਾਲਾਤ ਖਤਰਨਾਕ ਹੋ ਰਹੇ ਹਨ, ਕਈਆਂ ਰਾਜਿਆਂ ਦੀ ਨੀਤ ਖੋਟੀ ਹੈ। ਸ਼ਕਤੀ ਦਾ ਮੁਕਾਬਲਾ ਸ਼ਕਤੀ ਨਾਲ ਹੋ ਸਕਦਾ ਹੈ ਤੇ ਭਗਤੀ ਦਾ ਭਗਤੀ ਨਾਲ। ਜੇ ਤੁਸਾਂ ਨੂੰ ਭਰੋਸਾ ਹੈ ਕਿ ਉਹ ਚੰਗੇ ਆਦਮੀ ਹਨ ਤਾ ਰਖ ਲਵੋ। ਜੇ ਤਨਖਾਹ ਕਹਿੰਦੇ ਹੋ ਦੇ ਦੇਂਦੇ ਹਾਂ। ਸਤਿਗੁਰੂ ਨ ਨਕ ਦੇਵ ਜੀ ਦੇ ਭੰਡਾਰੇ ਵਿਚ ਕਿਸੇ ਪ੍ਰਕਾਰ ਦੀ ਕਮੀ ਨਹੀਂ ਰੋਜ ਬਖਸ਼ਸ਼ਾਂ ਹੁੰਦੀਆਂ ਹਨ।' ਗੁਰੂ ਜੀ ਦਾ ਬਚਨ ਸੀ।

'ਸਤਿਗੁਰੂ ਨਾਨਕ ਦੇਵ ਜੀ ਦਾ ਘਰ ਪਰਮੇਸ਼ਰ ਦਾ ਘਰ ਹੈ, ਇਸ ਵਿਚ

Sri Satguru Jagjit Singh Ji eLibrary NamdhariElibrary@gmail.com

ਵਿਚ ਘਾਟਾ ਕਿਸੇ ਗਲ ਦਾ ਹੋ ਵੀ ਨਹੀਂ ਸਕਦਾ । ਸਰਦਾਰਾਂ (ਮੁਖੀਆਂ ਨਾਲ ਫੈਸਲਾ ਤਨਖਾਹ ਦਾ ਇਹ ਹੋਇਆ ਕਿ ਪੰਜ ਰੁਪੈ ਰੋਜ਼ ਸਰਦਾਰ ਅਤੇ ਇਕ ਰੁਪਿਆ ਰੋਜ ਸਿਪਾਹੀ। ਰਾਸ਼ਨ ਗੁਰੂ ਕੇ ਲੰਗਰੋਂ, ਸ਼ਸਤ੍ਰ ਤਕਰੀਬਨ ਸਾਰਿਆਂ ਕੋਲ ਹਨ।

'ਸਭ ਨੂੰ ਏਥੇ ਭੇਜ ਦੇਵੋ। ਸਤਿਗੁਰੂ ਜੀ ਨੇ ਫੈਸਲਾ ਕਰ ਦਿਤਾ ਪੰਜ ਸੌ ਪਠਾਣ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ। ਆਪ ਨੇ ਉਹਨਾਂ ਦੇ ਬਜ਼ੁਬੀ ਤੁਅੱਸਬ ਦੀ ਪਰਵਾਹ ਨਹੀਂ ਕੀਤੀ। ਬਹਾਦਰੀ ਦੀ ਕਦਰ ਕਰਦਿਆਂ ਹੋਇਆਂ ਸਤਕਾਰ ਕੀਤਾ। ਪਠਾਣਾਂ ਦੇ ਰੱਖਣ ਨਾਲ ਦੋ ਅਸਰ ਹੋਏ। ਇਕ ਪਾਸੇ ਤਾਂ ਰਾਜੇ ਭੈ ਭੀਤ ਹੋ ਗਏ ਕਿ ਗੁਰੂ ਫੌਜ ਇਕੱਠੀ ਕਰੀ ਜਾ ਦਾ ਹੈ ਸ਼ੁਖ ਹੋਵੇ ਤੇ ਦੂਸਰੇ ਪਾਸੇ ਮੁਸਲਮਾਨਾਂ ਤੇ ਹੋਰ ਜਾਤਾਂ ਵਿਚ ਬੜਾ ਚੰਗਾ ਅਸਰ ਪਿਆ ਕਿ ਸ਼ਤਿਗੁਰੂ ਸਾਰਿਆਂ ਦਾ ਸਾਂਝਾ ਹੈ, ਕਿਸੇ ਨਾਲ ਕੋਈ ਈਰਖਾ ਨਹੀਂ ਕਰਦਾ । ਸਾਰਿਆਂ ਨਾਲ ਪਰੇਮ ਮੁਹੱਬਤ ਨਾਲ ਮਿਲਦਾ ਹੈ।

੩. ਰਾਜਾ ਫਤਹ ਸ਼ਾਹ ਦੀ ਧੀ ਦਾ ਵਿਆਹ

ਰਾਜਾ ਫਤਹ ਸ਼ਾਹ ਸ੍ਰੀ ਨਗਰ ਦੀ ਲੜਕੀ ਦੀ ਕੁੜਮਾਈ ਰਾਜਾ ਭੀਮਚੰਦ ਦੇ ਰਾਜਕੁਮਾਰ ਅਜਮੇਰ ਚੰਦ ਨਾਲ ਹੋ ਗਈ ਤੇ ਵਿਆਹ ਦਾ ਦਿਨ ਜੋ ਮਿਥਿਆ ਸੀ ਉਹ ਨੇੜੇ ਆ ਪੁਜਾ। ਇਸ ਦਿਨ ਦੇ ਨੇੜੇ ਪੁਜਣ ਤੇ ਰਾਜੇ ਭੀਮ ਚੰਦ ਦਾ ਪਾਪੀ ਮਨ ਡੋਲ ਗਿਆ । ਉਹ ਡਰ ਗਿਆ ਕਿ ਜੰਞ ਪਾਉਂਟੇ ਲਾਗਿਓਂ ਦੀ ਲੰਘਣੀ ਹੈ ਕਿਤੇ ਇਹ ਨਾ ਹੋਵੇ ਸਤਿਗੁਰੂ ਜੀ ਜੰਞ ਨੂੰ ਰੋਕ ਕੇ ਜੁੱਧ ਨਾ ਕਰਨ ਲਗ ਪੈਣ। ਹੋਰ ਕੋਈ ਰਸਤਾ ਨਹੀਂ ਸੀ ਜੇ ਹੈ ਸੀ ਤਾਂ ਐਨਾ ਲੰਮਾ ਰਸਤਾ ਸੀ ਕਿ ਸਾਹੇ ਦੇ ਦਿਹਾੜੇ ਨਹੀਂ ਸਨ ਪੁਜ ਸਕਦੇ। ਜੰਞ ਦੇ ਨਾਲ ਉਸ ਨੇ ਫੌਜ ਤਿਆਰ ਕੀਤੀ ।

ਰਾਜਾ ਭੀਮਚੰਦ ਨੂੰ ਇਹ ਵੀ ਪਤਾ ਲਗ ਗਿਆ, ਕਿ ਰਾਜਾ ਫਤਹ ਸ਼ਾਹ ਤੇ ਸਤਿਗੁਰੂ ਜੀ ਦੀ ਚੰਗੀ ਮਿੱਤ੍ਰਤਾ ਹੈ ਉਸਨੂੰ ਤੋੜਨ ਦਾ ਉਸਨੂੰ ਇਕ ਢੰਗ ਸੁਝਿਆ ਉਨ੍ਹਾਂ ਨੇ ਪੱਕੀ ਸਲਾਹ ਕਰ ਲਈ ਲਾੜਾ, ਪੋ੍ਹਤ ਤੇ ਇਕ ਦੋ ਆਦਮੀ

Sri Satguru Jagjit Singh Ji eLibrary NamdhariElibrary@gmail.com

ਤਾਂ ਉਸ ਰਾਹੇ ਜਾਣ ਜਿਧਰ ਸਤਿਗੁਰੁ ਜੀ ਹਨ ਤੇ ਦੂਸਰੇ ਰਸਤੇ ਫੌਜ ਤੇ ਬਰਾਤ ਜਾਵੇ, ਜੇ ਬਰਾਤ ਪਿਛੋਂ ਵੀ ਪਹੁੰਚੇਗੀ ਤਦ ਵੀ ਕੋਈ ਗਲ ਨਹੀਂ। ਲਾੜਾ ਰਾਜ ਕੁਮਾਰ ਅਜਮੇਰ ਚੰਦ ਤਾਂ ਵੇਲੇ ਸਿਰ ਪਹੁੰਚ ਜਾਵੇਗਾ। ਇਹ ਸਲਾਹ ਉਤੇ ਅਮਲ ਹੋਇਆ। ਰਾਜਕੁਮਾਰ ਤੇ ਅਠ ਕੁ ਹੋਰ ਆਦਮੀ ਪਾਉਂਟਾ ਸਾਹਿਬ ਰਾਹੀਂ ਗਏ ਤੇ ਦੂਸਰੇ ਉਪਰਲੇ ਰਸਤੇ।

ਜਦੋਂ ਰਾਜਕੁਮਾਰ ਪਾਉਂਟੇ ਦੀ ਹਦ ਵਿਚ ਦਾਖਲ ਹੋਇਆ ਤਾਂ ਚੋਜੀ ਪ੍ਰੀਤਮ ਦੇ ਸਿਖਾਂ ਨੇ ਰਾਜਕੁਮਾਰ ਨੂੰ ਘੇਰ ਲਿਆ ਤੇ ਸਤਿਗੁਰੂ ਜੀ ਦੇ ਪੇਸ਼ ਕੀਤਾ। ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਪਰ ਰਤਾ ਵਯੰਗ ਨਾਲ ਕਿਹਾ–'ਰਾਜਕੁਮਾਰ ! ਤੇਰੇ ਬਾਪ ਨੇ ਤੈਨੂੰ ਇਕਲਿਆਂ ਭੇਜਕੇ ਗਲਤੀ ਨਹੀਂ ਕੀਤੀ ? ਜੇ ਭਲਾ ਅਸੀਂ ਤੈਨੂੰ ਗ੍ਰਿਫਤਾਰ ਕਰ ਲਈਏ ਫੇਰ ਤੇਰੀ ਕੌਣ ਸਹਾਇਤਾ ਕਰੇ ? ਉਹ ਨਾਲ ਕਿਉ ਨਹੀਂ ਆਇਆ ?'

ਰਾਜਕੁਮਾਰ ਸਿਆਣਾ ਸੀ, ਕੁਝ ਉਸਦੀ ਮਾਤਾਨੇ ਉਸਨੂੰ ਪੱਕਿਆਂਕੀਤਾ ਹੋਇਆ ਸੀ ਕਿ ਸਤਿਗੁਰੂ ਜੀ ਨਾਲ ਮੇਲ ਹੋਵੇ ਤਾ ਬੜੀ ਨਿੰਮਰਤਾ ਨਾਲ ਖਿਮਾਂ ਮੰਗ ਲਵੀਂ। ਸਿਆਣੇ ਰਾਜਕੁਮਾਰ ਨੇ ਉਸੇ ਤਰਾਂ ਕੀਤਾ। ਉਸ ਨੇ ਹੱਥ ਜੋੜਕੇ ਕਿਹਾ–'ਸਚੇ ਪ ਤਸ਼ਾਹ ! ਜਿਵੇਂ ਆਪਣੀ ਇੱਛਾ ਹੈ ਤਿਵੇਂ ਕਰੋ। ਪਿਤਾ ਜੀ ਨੂੰ ਡਰ ਸੀ ਉਹ ਉਧਰ ਚਲੇ ਗਏ। ਮੈਨੂੰ ਡਰ ਕੋਈ ਨਹੀਂ ਮੈਂ ਇਧਰ ਆਗਿਆ।'

'ਤੇਰੇ ਬਾਪ ਦਾ ਮਨ ਨਿਰਮਲ ਨਹੀਂ।' ਸਤਿਗੁਰੂ ਜੀ ਨੇ ਫੁਰਮਾਇਆ– 'ਤੇਰੇ ਬਾਪ ਦੇ ਮਨ ਵਿਚ ਧੋਖਾ, ਹੰਕਾਰ ਤੇ ਵੈਰ ਦੀ ਜਵਾਲਾ ਹੈ। ਉਹ ਉਸਨੂੰ ਬੇਚੈਨ ਕਰੀ ਰਖਦੀ ਹੈ। ਗੁਰੂ ਘਰ ਨਿਰਵੈਰ ਹੈ, ਘਰ ਆਏ ਦੁਸ਼ਮਨ ਨਾਲ ਪਿਆਰ ਕਰਨਾ ਸਿੱਖ ਜਾਣਦੇ ਹਨ। ਜੇ ਉਹ ਇਧਰ ਦੀ ਲੰਘ ਜਾਂਦਾ, ਸਿਰਫ ਜੰਞ ਆਉਂਦੀ ਤੇ ਫੌਜ ਨਾਲ ਨਾ ਹੁੰਦੀ ਤਾਂ ਕਿਸੇ ਨੇ ਉਸ ਨੂੰ ਕੁਝ ਨਹੀਂ ਸੀ ਆਖਣਾ। ਖੈਰ ਉਹ ਜੋ ਕੁਝ ਕਰ ਤੇ ਸੋਚ ਰਿਹਾ ਹੈ, ਤਿਸਦਾ ਫਲ ਉਹਪਾਵੇਗਾ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਪ੍ਰੋਹਤ ਬੋਲ ਪਿਆ 'ਇਹ ਪ੍ਰੋਹਤ' ਪ੍ਰਮਾਨੰਦ ਪੰਮਾ ਨਹੀਂ ਸੀ ਸਗੋਂ ਹੋਰ ਸੀ। ਉਹ ਤਾਂ ਕਬੋਲ ਬੋਲਣ ਵਾਲਾ ਹੰਕਾਰੀ ਪੁਰਸ਼ ਡਰਦਾ ਹੋਇਆ ਇਸ ਰਾਹੇ ਆਇਆ ਹੀ ਨਹੀਂ ਸੀ--'ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ! ਰਾਜਕੁਮਾਰ ਬੜਾ ਧੀਮਾ ਤੇ ਸੱਚਾ ਹੈ। ਇਹ ਤਾਂ ਕਿਸੇ ਨਾਲ ਵੈਰ ਵਿਰੋਧ ਨਹੀਂ ਰਖਦਾ। ਬਾਕੀ ਸੰਸਾਰੀ ਜੀਵ ਭੁਲਾਂ ਕਰਦੇ ਹੀ ਰਹਿੰਦੇ ਹਨ, ਇਸ ਵਾਸਤੇ ਖਿਮਾ ਕਰਨੀ ਚਾਹੀਦੀ ਹੈ। ਆਪ ਦਇਆ ਦੇ ਸਾਗਰ ਹੋ, ਕਲਜੁਗੀ ਜੀਵਾਂ ਉਪਰ ਦਇਆ ਰਹਿਣੀ ਚਾਹੀਦੀ ਹੈ। ਵਾਹਿਗੁਰੂ ਦਾ ਰੂਪ ਆਪ ਹੋ। ਇਸਤਰਾਂ ਪੋ੍ਹਤ ਨੇ ਸਤਿਗੁਰੂ ਜੀ ਦੀ ਬਹੁਤ ਉਸਤਿਤ ਕੀਤੀ।

ਨਿਰਵੈਰਤਾ ਦੇ ਅਵਤਾਰ ਸਤਿਗੁਰੂ ਜੀ ਨੇ ਰਾਜਕੁਮਾਰ ਨੂੰ ਸਤਕਾਰ ਨਾਲ ਵਿਦਾ ਕੀਤਾ। ਆਪਣੀ ਹੱਦ ਤੋਂ ਪਾਰ ਕਰਨ ਵਾਸਤੇ ਨਾਲ ਸਿੱਖ ਭੇਜੇ ਤਾਂ ਕਿ ਰਾਜਕੁਮਾਰ ਦੇ ਜਾਣ ਤੇ ਰਾਹ ਵਿਚ ਕੋਈ ਰੁਕਾਵਟ ਨਾ ਆਵੇ। ਜੇ ਕੋਈ ਰੁਕਾਵਟ ਪਈ ਤਾਂ ਜ਼ੁਮੇਵਾਰੀ ਸਤਿਗੁਰੂ ਜੀ ਦੇ ਸਿਰ ਆਵੇਗੀ।

ਜਦ ਰਾਜਕੁਮਾਰ ਚਲਿਆ ਗਿਆ ਤਾਂ ਸਤਿਗੁਰੂ ਜੀ ਨੇ ਮਾਮੇ ਕ੍ਰਿਪਾਲ ਚੰਦ ਜੀ, ਨੰਦਚੰਦ ਅਤੇ ਹੋਰ ਮੁਖੀ ਸਿਖਾਂ ਨੂੰ ਕੋਲ ਸਦਕੇ ਇਹ ਸਲਾਹ ਕੀਤੀ ਕਿ ਰਾਜਾ ਫਤਹ ਸ਼ਾਹ ਦੀ ਲੜਕੀ ਦੀ ਸ਼ਾਦੀ ਤੇ ਤੰਬੋਲ (ਨਿਉਂਦਰਾ) ਭੇਜਣਾ ਚਾਹੀਦਾ ਹੈ। ਇਕ ਮਿਤ੍ਰ ਦੀ ਕੰਨਿਆਂ ਆਪਣੀ ਕੰਨਿਆਂ ਦੇ ਸਮਾਨ ਹੁੰਦੀ ਹੈ। ਇਹ ਸਲਾਹ ਸਾਰਿਆ ਨੂੰ ਚੰਗੀ ਲੱਗੀ, ਪਰ ਰਾਜਾ ਭੀਮਚੰਦ ਦੀ ਮੂਰਖਤਾ ਦਾ ਵੀ ਖਿਆਲ ਆਇਆ। ਉਸ ਬਾਰੇ ਇਹ ਫੈਸਲਾ ਹੋਇਆ ਕਿ ਉਹ ਵਿਰੋਧਤਾ ਕਰੇ ਤਾਂ ਰਾਜਾ ਫਤਹ ਸ਼ਾਹ ਉਸ ਕੋਲੋਂ ਡਰਦਾ ਹੋਇਆ ਤੰਬੋਲ ਦੀ ਪ੍ਰਵਾਨ ਨਾ ਕਰੇ ਤਾਂ ਸਾਰੀਆਂ ਵਸਤੂਆਂ ਵਾਪਸ ਲਿਆਂਦੀਆਂ ਜਾਣ। ਤੰਬੋਲ ਦੀ ਰਾਖੀ ਵਾਸਤੇ ਮਾਮਾ ਕ੍ਰਿਪਾਲ ਚੰਦ ਦੀ ਕਮਾਂਡ ਹੇਠਾਂ ਇਕ ਚੰਗੇ ਲੜਾਕੇ ਜਵਾਨ ਸਿੱਖਾਂ ਦਾ ਜਥਾ ਭੇਜਿਆ। ਦੀਵਾਨ ਨੰਦ ਚੰਦ ਤੰਬੋਲ ਦਾ ਜ਼ੁਮੇਵਾਰ ਤੇ ਮਿਸ਼ਨ ਦਾ ਆਗੂ ਸੀ।

ਨੰਦ ਚੰਦ ਤੇ ਮਾਮਾ ਕ੍ਰਿਪਾਲ ਚੰਦ ਜੀ ਤੰਬੋਲ ਲੈਕੇ ਸ੍ਰੀ ਨਗਰ ਪੁਜ ਗਏ। ਰਾਜੇ ਫਤਹ ਸ਼ਾਹ ਦੇ ਹੁਕਮ ਨਾਲ ਬਾਗ ਵਿਚ ਤੰਬੂ ਲਾ ਦਿਤੇ। ਰਾਜੇ ਵਲੋਂ ਰਿਹਾਇਸ਼ ਤੇ ਖੁਰਾਕ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਸਾਰੇ ਸ਼ਹਿਰ ਵਿਚ ਬਹੁਤ ਗਹਿਮਾ ਗਹਿਮ ਸੀ।

ਰਾਜਾ ਭੀਮ ਚੰਦ ਸੈਨਾ ਤੇ ਹੋਰ ਰਾਜਿਆਂ ਸਮੇਤ ਲਾਵਾਂ ਤੋਂ ਇਕ ਦਿਨ

Sri Satguru Jagjit Singh Ji eLibrary NamdhariElibrary@gmail.com

ਪਹਿਲਾ ਮੁਸਕਲ ਨਾਲ ਪਹੁੰਚ ਸਕਿਆ ਸੀ। ਸ੍ਰੀ ਨਗਰ ਪੁਜ ਕੇ ਸਭ ਤੋ ਪਹਿਲਾਂ ਉਸ ਨੇ ਆਪਣੇ ਪੁਤਰ ਦਾ ਪਤਾ ਕੀਤਾ, ਪੁਤਰ ਨੂੰ ਮਿਲਿਆ ਤੇ ਰਾਹ ਦਾ ਸਾਰਾ ਹਾਲ ਪੁਛਿਆ, ਜਦ ਅਜਮੇਰ ਚੰਦ ਨੇ ਕਿਹਾ–'ਸਤਿਗੁਰੂ ਜੀ ਨੇ ਮੈਨੂੰ ਤਾਂ ਕੁਝ ਨਹੀਂ ਕਿਹਾ, ਉਹ ਚੰਗੇ ਮਹਾਂ ਪੁਰਸ਼ ਹਨ।' ਤਾਂ ਉਸਦੀ ਕੁਝ ਤਸੱਲੀ ਹੋਈ ਪਰ ਉਸਦਾ ਗੁਸਾ ਮੱਠਾ ਨਾ ਹੋਇਆ। ਜਦ ਉਸਨੂੰ ਇਹ ਪਤਾ ਲੱਗਾ ਕਿ ਸਤਿਗੁਰੂ ਜੀ ਦੇ ਆਦਮੀ ਸ੍ਰੀ ਨਗਰ ਵਿਚ ਪੁਜੇ ਹਨ ਤੇ ਦਾਜ ਦੇਣ ਵੇਲੇ ਬਹੁਤ ਸਾਰੀਆਂ ਕੀਮਤੀ ਵਸਤੂਆਂ ਫਤਹ ਸ਼ਾਹ ਦੀ ਧੀ ਨੂੰ ਸਤਿਗੁਰੂ ਜੀ ਵਲੋਂ ਦਿਤੀਆਂ ਜਾਣਗੀਆਂ। ਫਤਹ ਸ਼ਾਹ ਤਨੋ ਮਨੋ ਸਤਿਗੁਰੂ ਜੀ ਦਾ ਸੇਵਕ ਬਣ ਗਿਆ ਹੈ ਤਾਂ ਉਹਦੇ ਕ੍ਰੋਧ ਦੀ ਅਗਨੀ ਪ੍ਰਚੰਡ ਹੋ ਗਈ। ਉਹ ਸਿਰਾਂ ਤੋਂ ਪੈਰਾਂ ਤਕ ਬਲ਼ ਉਠਿਆ। ਉਸਨੇ ਉਸੇ ਵੇਲੇ ਪੰਮੇ ਪਰੋਹਤ ਤੇ ਹੋਰ ਸਾਥੀ ਰਾਜਿਆਂ ਨਾਲ ਮਜਲਸ ਕੀਤੀ। ਮਜਲਸ ਕਰਨ ਸਮੇਂ ਉਸਨੇ ਆਖਿਆ– ਜਿਸ ਸਾਧ (ਸਤਿਗੁਰੂ ਜੀ) ਦੇ ਅਸੀਂ ਵਿਰੁਧ ਹਾਂ, ਜੋ ਹਿੰਦੂ ਧਰਮ ਦਾ ਦੁਸ਼ਮਨ ਹੈ, ਜਿਸਨੇ ਦੇਵੀ ਦੇਵਤਿਆਂ ਦੇ ਮੰਦਰਾਂ ਵਿਚੋਂ ਮੂਰਤੀਆਂ ਤੋੜਨ ਦਾ ਉਪਦੇਸ਼ ਦਿਤਾ ਹੈ, ਜੇਹੜਾ ਮੁਗਲ ਹਕੂਮਤ ਦੀ ਵਿਰੋਧਤਾ ਕਰਕੇ ਅਸਾਂ ਦੇ ਰਾਜਾਂ ਨੂੰ ਖਤਰਿਆਂ ਵਿਚ ਪਾ ਰਿਹਾ ਹੈ। ਉਸ ਵਲੋਂ ਤੰਬੋਲ ਆਵੇ, ਉਸ ਨਾਲ ਰਾਜਾ ਫਤਹ ਸ਼ਾਹ ਦੀ ਮਿੱਤ੍ਰਤਾ ਹੋਵੇ, ਮੈਂ ਇਹ ਕਿਵੇ ਸਹਾਰ ਸਕਦਾ ਹਾਂ? ਮੇਰਾ ਤਾਂ ਚਿਤ ਕਰਦਾ ਹੈ ਕਿ ਅਸੀਂ ਸਾਰੇ ਲਾਂਡੇ ਸਮੇਤ ਵਾਪਸ ਚਲੇ ਚਲੀਏ ਤੇ ਇਹਦੀ ਧੀ ਨੂੰ ਛੱਡ ਜਾਈਏ। ਆਪੇ ਸੁਰਤ ਆ ਜਾਵੇਗੀ।

ਰਾਜਾ ਕ੍ਰਿਪਾਲ ਚੰਦ ਬੋਲਿਆ–'ਰਾਜਾ ਫਤਹ ਸ਼ਾਹ ਨੂੰ ਸੱਦ ਕੇ ਦਿਲ ਦੀ ਗਲ ਦਸ ਦੇਣੀ ਚਾਹੀਦੀ ਹੈ। ਜੇ ਉਹ ਸਤਿਗੁਰੂ ਜੀ ਦਾ ਸਾਥ ਛੱਡ ਦੇਵੇ, ਲੋੜ ਪੈਣ ਤੇ ਅਸਾਂ ਨਾਲ ਅਗੇ ਹੋ ਕੇ ਲੜੇ ਤਾਂ ਰਿਸ਼ਤਾ ਨਹੀਂ ਛਡਣਾ ਚਾਹੀਦਾ ਫਤਹ ਸ਼ਾਹ ਨੂੰ ਇਹ ਵੀ ਦਸ ਦੇਵੋ ਕਿ ਇਹ (ਸਤਿਗੁਰੂ) ਨਿਰਾ ਸਾਧ ਨਹੀਂ ਜੋ ਆਤਮਿਕ ਗਿਆਨ ਤੇ ਧਰਮ ਦਾ ਪ੍ਰਚਾਰ ਕਰਦਾ ਹੈ, ਸਗੋਂ ਦਲਾਕੀ ਨਾਲ ਰਾਜਾ ਬਨਨਾ ਚਾਹੁੰਦਾ ਹੈ। ਇਸ ਗਲ ਦਾ ਵੱਡਾ ਸਬੂਤ ਇਹ ਹੈ ਕਿ ਇਸਨੇ [ਸਤਿਗੁਰੂ ਜੀ] ਪੰਜ ਸੌ ਲੜਾਕੇ ਪਠਾਣਾਂ ਨੂੰ ਨੌਕਰ ਰਖ ਲਿਆ ਹੈ। ਇਕ

Sri Satguru Jagjit Singh Ji eLibrary NamdhariElibrary@gmail.com

ਪਾਸੇ ਤਾਂ ਇਹ ਆਖ ਰਿਹਾ ਹੈ ਕਿ ਉਹ ਧਰਮ ਦਾ ਪ੍ਰਚਾਰ ਕਰ ਰਿਹਾ ਹੈ, ਹਿੰਦੂ ਧਰਮ ਨੂੰ ਬਚਾਉਣਾ ਚਾਹੁੰਦਾ ਹੈ, ਦੂਸਰੇ ਪਾਸੇ ਮਲੇਛਾਂ ਤੇ ਦੇਸ਼ ਦੇ ਵਡੇਦੁਸ਼ਮਨਾਂ ਨੂੰ ਕੋਲ ਰਖਦਾ ਹੈ। ਸ਼ਕਤੀ ਦਾ ਪੁਜਾਰੀ ਹੈ, ਸ਼ਕਤੀ ਨਾਲ ਬਾਦਸ਼ਾਹੀ ਪ੍ਰਾਪਤ ਕਰਨਾ ਚਾਹੁੰਦਾ ਹੈ। ਇਹ ਸਮਾ ਹੈ ਜਦੋਂ ਸਾਰੇ ਪਹਾੜੀ ਰਾਜਿਆਂ ਨੂੰ ਇਕ ਮੁਠ ਹੋ ਕੇ ਇਸ ਨਵੇਂ ਉਠ ਰਹੇ ਖਤਰੇ ਨੂੰ ਦਬਾਇਆ ਜਾਵੇ। ਰਾਜਾ ਫਤਹ ਸ਼ਾਹ ਨੂੰ ਦਸੇ ਬਿਨਾਂ ਕੋਈ ਉਲਟਾ ਕਦਮ ਨਹੀਂ ਚੁਕਣਾ ਚਾਹੀਦਾ।'

ਰਾਜਾ ਹਰੀ ਚੰਦ--'ਰਾਜਾ ਕ੍ਰਿਪਾਲ ਚੰਦ ਦੀ ਸਲਾਹ ਨੇਕ ਹੈ। ਰਾਜਾ ਫਤਹ ਸ਼ਾਹ ਨੂੰ ਹੁਣੇ ਸਦੋ ਤੇ ਪੂਰੀ ਗੱਲ ਦੱਸ ਦੇਵੋ। ਜੇ ਉਹ ਜ਼ਿਦ ਉਤੇ ਪੱਕਾ ਰਹੇ ਕਿ ਸਾਧੂ 'ਸਤਿਗੁਰੂ ਜੀ' ਦਾ ਸਾਥ ਦੇਵੇਗਾ ਤਾਂ ਆਪਣੀ ਸਾਂਝੀ ਸ਼ਕਤੀ ਨਾਲ ਨੱਕ ਦਮ ਕਰ ਦੇਵੋਂਗੇ। ਹੋ ਸਕਦਾ ਹੈ ਉਸਨੂੰ ਕਿਸੇ ਗਲ ਦਾ ਪਤਾ ਵੀ ਨਾ ਹੋਵੇ। ਚਲਾਕ ਸਾਧ ਨੇ ਕੁਝ ਵੀ ਨਾ ਦਸਿਆ ਹੋਵੇ।

ਭਰੀ ਮਜਲਸ ਵਿਚ ਉਨ੍ਹਾਂ ਨੇ ਸਰਬ ਸੰਮਤੀ ਨਾਲ ਇਹੋ ਪਾਸ ਕਰ ਦਿਤਾ ਕਿ ਰਾਜੇ ਫਤਹ ਸ਼ਾਹ ਨੂੰ ਪੁਛਿਆ ਜਾਵੇ। ਉਸੇ ਵੇਲੇ ਰਾਜ ਪੋ੍ਹਤ ਪਰਮਾਨੰਦ [ਪੰਮੇ] ਨੂੰ ਰਾਜੇ ਫਤਹ ਸ਼ਾਹ ਕੋਲ ਭੇਜਿਆ ਤੇ ਉਹ ਉਸਨੂੰ ਸਦ ਲਿਆਇਆ। ਜਦੋਂ ਰਾਜਿਆਂ ਵਿਚ ਆ ਬੈਠਾ ਤਾਂ ਉਸਦਾ ਦਿਲ ਬੇ-ਤਰਤੀਬਾ ਹੋ ਧੜਕਿਆ। ਉਸਨੇ ਅਨੁਭਵ ਕੀਤਾ ਕਿ ਦਾਲ ਵਿਚ ਜਰੂਰ ਨਾ ਕੁਝ ਕਾਲਾ ਕਾਲਾ ਹੈ। ਰਾਜੇ ਕ੍ਰਿਪਾਲ ਚੰਦ ਨੇ ਅਗੇ ਹੋਕੇ ਉਸ ਨਾਲ ਸਾਰੀ ਗੱਲ ਕਰ ਦਿਤੀ ਕਿ ਉਸਨੂੰ ਕਿਉਂ ਸਦਿਆ ਗਿਆ ਹੈ। ਜਦੋ ਉਸ ਨੇ ਸਾਰੀ ਗਲ ਸੁਣੀ ਤਾਂ ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਸ ਦਾ ਸਿਰ ਚਕਰੌਣ ਲਗ ਪਿਆ। ਉਹ ਮਾਮੂਲੀ ਆਦਮੀ ਨਹੀਂ ਸੀ ਸਗੋਂ ਇਕ ਰਾਜਾ ਸੀ। ਉਸ ਨੇ ਕਿਹਾ--'ਇਹ ਗਲ ਸੁਣਨ ਤੋਂ ਪਹਿਲਾਂ ਜੇ ਮੈਂ ਮਰ ਗਿਆ ਹੁੰਦਾ ਤਾਂ ਮੈਨੂੰ ਕੋਈ ਅਫਸੋਸ ਨਾ ਹੁੰਦਾ। ਜਿਸ ਮਹਾਂ ਪੁਰਖ ਦੇ ਤੁਸੀਂ ਮੈਨੂੰ ਵਿਰੁਧ ਕਰਨਾ ਚਾਹੁੰਦੇ ਹੋ ਉਸ ਨੂੰ ਤਾਂ ਮੈਂ ਆਪਣਾ ਧਰਮਿਕ ਆਗੂ [ਗੁਰੂ] ਮੰਨ ਚੁਕਾ ਹਾਂ। ਉਹ ਨਿਰਭੈ ਯੋਧਾ ਦੇਸ ਦਾ ਰਾਖਾ ਧਰਸ ਦਾ ਅਵਤਾਰ ਵਿਸਨੂੰ ਅਵਤਾਰ ਮੈਂ ਉਸਦੇ ਵਿਰੁਧ ਹੋ ਕੇ ਆਪਣਾ ਸਤਿਆਨਾਸ ਕਰ ਲਵਾਂ। ਪਰ ਦੂਸਰੇ ਪਾਸੇ

Sri Satguru Jagjit Singh Ji eLibrary NamdhariElibrary@gmail.com

ਕੁੜਮ--ਚਾਰੀ ਹੈ ਜੁਆਨ ਧੀ ਦੇ ਵਿਆਹ ਦਾ ਮਾਮਲਾ ਹੈ, ਜੇ ਤੁਸੀਂ ਸਾਰਿਆਂ ਨਰਾਜ ਕੀਤਾ ਤਾਂ ਮੇਰੀ ਧੀ ਦਾ ਕੀ ਬਣੇਗਾ ? ਕੀ ਉਹ ਸਾਰੀ ਆਯੂ ਕਵਾਰੀ ਬੈਠੀ ਰਹੇਗੀ ? ਮੈਂ ਹੱਥ ਜੋੜਦਾ ਹਾਂ, ਪੈਰਾਂ ਤੇ ਪੱਗ ਰਖਦਾ ਹਾਂ ਕਿ ਸਤਿਗੁਰੂ ਜੀ ਦੀ ਵਿਰੋਧਤਾ ਛੱਡ ਦੇਵੋ, ਉਹ ਪਿਆਰ ਦਾ ਦੇਵਤਾ ਹੈ। ਉਸ ਨੇ ਤਾਂ ਮੈਨੂੰ ਤੇ ਰਾਜਾ ਮੇਦਨੀ ਪ੍ਰਕਾਸ਼ ਨੂੰ ਮੁੜ ਮਿੜ੍ਹ ਬਣਾਇਆ ਹੈ। ਉਹ ਕਿਸੇ ਦਾ ਰਾਜ ਨਹੀਂ ਖੋਹੇਗਾ ਉਹ ਕਿਸੇ ਵਾਸਤੇ ਖਤਰਾ ਨਹੀਂ, ਐਵੇਂ ਘਾਬਰਨਾਂ ਨਹੀਂ ਚਾਹੀਦਾ। ਉਸ ਨੇ ਕਦੀ ਗਲ ਬਾਤ ਵਿਚ ਤੁਸਾਂ ਲੋਕਾਂ ਨਾਲ ਵੈਰ ਭਾਵ ਪ੍ਰਗਟ ਨਹੀਂ ਕੀਤਾ।'

'ਬਹੁਤ ਹੱਛਾ ! ਜੇ ਤੁਸਾਂ ਇਕ ਸਾਧ ਨਾਲ ਮਿਤ੍ਰਤਾ ਰਖਣੀ ਹੈ ਤਾਂ ਅਸਾਂ ਨੂੰ ਸਾਫ ਜਵਾਬ । ਚਲੋ, ਵਾਪਸ ਜਾਂਦੇ ਹਾਂ । ਅਸੀਂ ਤੇਰੀ ਧੀ ਦਾ ਡੋਲਾ ਨਹੀਂ ਲਿਜਾਂਦੇ। ਹੋਰ ਕਿਸੇ ਦੀ ਧੀ ਦਾ ਡੋਲਾ ਲੈ ਜਾਵਾਂਗੇ। ਇਹ ਕੌੜੇ ਬਚਨ ਰਾਜਾ ਭੀਮਚੰਦ ਨੇ ਆਖੇ। ਉਸੇ ਵੇਲੇ ਇਕ ਹੋਰ ਰਾਜਾ ਬੋਲ ਪਿਆ ਉਸ ਨੇ ਰਾਜੇ ਫਤਹ ਸ਼ਾਹ ਦੇ ਅੱਲੇ ਜ਼ਖਮਾਂ ਉਤੇ ਲੂਣ ਛਿਣਕ ਦਿਤਾ। ਉਸ ਚੰਡਾਲ ਨੇ ਕਿਹਾ--'ਮੈਂ ਧੀ ਦਾ ਸਾਕ ਦੇਂਦਾ ਹਾਂ। ਮੇਰੀ ਧੀ ਮੁਟਿਆਰ ਤੇ ਸੁੰਦਰ ਹੈ। ਰਾਜ ਕੁਮਾਰੀ ਪਦਮਨੀ।' ਇਹ ਸੁਣਕੇ ਉਹਦੀਆਂ ਅੱਖਾਂ ਅਗੇ ਭੰਬਰ ਤਾਰੇ ਆ ਗਏ, ਉਹ ਬਹੁਤ ਹੈਰਾਨ ਹੋਇਆ। ਉਸਨੇ ਸਾਰਿਆਂ ਵਲ ਦੇਖਿਆ ਉਸਨੂੰ ਨਿਰਾਸਤਾ ਹੋਈ, ਸਾਰੇ ਉਹਦੇ ਵਲ ਘੂਰ ਰਹੇ ਸਨ । ਕੋਈ ਉਹਦਾ ਬੋਲੀ ਨਹੀਂ ਸੀ ਵੈਰੀ ਸਨ, ਪੱਕੇ ਵੈਰੀ ਪ੍ਰਤੀਤ ਹੋ ਰਹੇ ਸਨ। ਉਸਨੇ ਸਿਰ ਨੀਵਾਂ ਕਰ ਲਿਆ ਤੇ ਉਹ ਸੋਚਾਂ ਦੇ ਵਹਿਣ ਵਿਚ ਰੁੜ ਗਿਆ ਉਸ ਵਲੋਂ ਕੋਈ ਉੱਤਰ ਨਾ ਆਇਆ। ਇਹ ਸੁਣਕੇ ਰਾਜੇ ਭੀਮਚੰਦ ਨੇ ਆਪਣਿਆਂ ਆਦਮੀਆਂ ਨੂੰ ਆਖਿਆ-- "ਸਮਾਨ ਸਮੇਟੋ ! ਤੰਬੂ ਇਕੱਠੇ ਕਰੋ ਤੇ ਲਾਵਾ ਤੋਂ ਪਹਿਲਾਂ ਬਿਨਾਂ ਡੋਲੀ ਦੇ ਨੰਝ ਵਾਪਸ ਜਾਵੇਗੀ।"

ਰਾਜਾ ਭੀਮ ਚੰਦ ਰਸਮੀ ਸ਼ਕਤੀ ਵਿਚ ਸਾਰਿਆ ਨਾਲੋਂ ਤਕੜਾ ਸੀ। ਉਹਦੇ ਸਾਥੀ ਬਹੁਤ ਸਨ। ਜਦੋਂ ਰਾਜੇ ਫਤਹ ਸ਼ਾਹ ਨੇ ਉਹਦਾ ਇਹ ਹੁਕਮ ਸੁਣਿਆ ਤਾਂ ਹੈਰਾਨ ਹੀ ਨਾ ਹੋਇਆ ਸਗੋਂ ਉਹਦਾ ਦਿਲ ਹਿਲ ਗਿਆ। ਉ

Sri Satguru Jagjit Singh Ji eLibrary NamdhariElibrary@gmail.com

ਤੜਪ ਕੇ ਆਖਣ ਲੱਗਾ--"ਰਾਜਾ ਭੀਮ ਚੰਦ ! ਇਕ ਪਲ ਠਹਿਰ ! ਮੈਨੂੰ ਸੋਚ ਲੈਣ ਦੇ, ਮੈਨੂੰ ਖਾਕ ਨਾਲ ਨਾ ਰਲਾ।"

"ਘੜੀ ਪਲ ਸੋਚਣ ਪਿਛੋਂ ਮੈਂ ਇਹੋ ਸੁਨਣਾ ਚਾਹੁੰਦਾ ਹਾਂ ਕਿ ਉਸ ਸਾਧ ਵਲੋਂ ਆਈ ਹੋਈ ਕੋਈ ਵਸਤੂ ਨਹੀਂ ਲਵੇਗੇ ਤੇ ਉਹਦੇ ਵਿਰੁਧ ਹੋਕੇ ਲੜੇਗੇ। ਮੈਂ ਉਸਨੂੰ ਖਤਮ ਕਰਨਾ ਚਾਹੁੰਦਾ ਹਾਂ। ਉਸਨੇ ਮੇਰੀ ਨਿਰਾਦਰੀ ਕੀਤੀ ਹੈ। ਮੈਨੂੰ ਹਾਥੀ ਮੰਗਵਾਂ ਵੀ ਨਾ ਦਿਤਾ। ਬਹੁਤ ਹੰਕਾਰੀ ਤੇ ਖਤਰਨਾਕ ਬੰਦਾ ਹੈ।" ਰਾਜੇ ਭੀਮਚੰਦ ਦੀ ਚੰਦ੍ਰੀ ਜ਼ਬਾਨ ਸਤਿਗੁਰੂ ਜੀ ਦੀ ਨਿੰਦਾ ਕਰੀ ਗਈ। ਉਸ ਪਾਪੀ ਨੇ ਨਰਕਾਂ ਨੂੰ ਜਾਣ ਵਾਸਤੇ ਭਾਰ ਬੰਨ੍ਹ ਲਿਆ।

ਸਾਰੇ ਰਾਜੇ, ਨੌਕਰ ਤੇ ਦੇਖਣ ਵਾਲੇ ਹੈਰਾਨ ਸਨ। ਰਾਜ ਭਵਨ ਵਿਚ ਸੋਗ ਦੀ ਸਫ ਵਿਛ ਗਈ। ਸਾਰਿਆਂ ਨੇ ਕੰਮ ਛਡ ਦਿਤੇ। ਰਾਜੇ ਫਤਹ ਸ਼ਾਹ ਦੇ ਮੂੰਹ ਵਲ ਸਾਰੇ ਦੇਖਣ ਲਗ ਪਏ ਕਿ ਇਹ ਕੀ ਆਖਦਾ ਹੈ। ਜੇ ਉਹ ਕਹਿ ਦੇਵੇ ਕਿ ਉਸਨੇ ਗੁਰੂ ਦਾ ਸਾਥ ਨਹੀਂ ਛੱਡਣਾ ਤਾਂ ਕੀ ਬਣੇਗਾ ? ਸਾਰੇ ਰਾਜ ਵਿਚ ਚਰਚਾ ਹੋਵੇਗੀ, ਧੀ ਦਾ ਮਾਮਲਾ ਹੈ। ਇਕ ਵਾਰ ਛਡੀ ਧੀ ਮੁੜਕੇ ਵਿਆਹੀ ਨਹੀਂ ਜਾਵੇਗੀ। ਕੀ ਕੀਤਾ ਜਾਵੇ ? ਕਿਸ ਤਰ੍ਹਾਂ ਕਰਨ। ਰਾਜੇ ਫਤਹ ਸ਼ਾਹ ਤੇ ਉਹਦੇ ਮਿੱਤ੍ਰਾਂ ਸਬੰਧੀਆਂ ਤੇ ਉਹਦੇ ਪਰਵਾਰ ਨੂੰ ਕੁਝ ਨਹੀਂ ਸ਼ੀ ਸੁਝਦਾ। ਉਹ ਕੀ ਕਰੇ ਤੇ ਕੀ ਨਾ ਕਰੇ।

ਰਾਜਾ ਫਤਹ ਸ਼ਾਹ ਡਰ ਗਿਆ। ਦੁਨੀਆਦਾਰੀ ਦੇ ਮਾਮਲਿਆਂ ਨੇ ਉਸ ਨੂੰ ਨੱਪ ਲਿਆ। ਉਸਨੇ ਦੁਨੀਆਂ ਨੂੰ ਰਖਣ ਹੇਤ ਦੀਨ ਨੂੰ ਛੱਡਣ ਦਾ ਖਿਆਲ ਕਰ ਲਿਆ। ਪਿਆਰੇ ਸਤਿਗੁਰੂ ਜੀ ਕੋਲੋਂ ਸਦਾ ਲਈ ਦੂਰ ਹੋਣ ਦਾ ਫੈਸਲਾ ਮਨ ਵਿਚ ਕਰ ਲਿਆ, ਪਰ ਜਬਾਨ ਕਰਨ ਨਹੀਂ ਸੀ ਦੇਂਦੀ। ਆਖਰ ਉਹ ਤੰਗ ਹੋ ਕੇ ਬੋਲਿਆ--"ਮੈਂ ਅਨੰਦਪੁਰ ਵਾਲੇ ਸਤਿਗੁਰੂ ਦਾ ਸਾਥ ਛਡਿਆ। ਮੈਂ ਉਸ ਵਲੋਂ ਆਈਆਂ ਵਸਤੂਆਂ ਪ੍ਰਵਾਨ ਨਹੀਂ ਕਰਾਂਗਾ। ਮੈਂ ਜਿਵੇਂ ਆਖੋਗੇ ਤਿਵੇਂ ਕਰਾਂਗਾ, ਮੇਰੀ ਧੀ ਦਾ ਡੋਲਾ ਨਾ ਛਡੋ। ਮੈਂ ਰਾਜਾ ਹਾਂ, ਮੇਰੀ ਨਿਰਾਦਰੀ ਨਾ ਕਰੋ।"

ਰਾਜਾ ਭੀਮਚੰਦ ਤੇ ਉਹਦੇ ਸਾਥੀ ਖੁਸ਼ ਹੋ ਗਏ। ਖੁਸ਼ੀ ਵਿਚ ਉਹ

Sri Satguru Jagjit Singh Ji eLibrary NamdhariElibrary@gmail.com

ਉਛਲੇ। ਉਹਨਾਂ ਦੇ ਉਛਲਣ ਨਾਲ ਸਾਰੇ ਰਾਗ ਰੰਗ ਹੋਣੇ ਸ਼ੁਰੂ ਹੋ ਗਏ। ਸ਼ਹਿਨਾਈਆਂ ਤੇ ਭੇਰੀਆ ਨਵੇਂ ਸਿਰਿਓਂ, ਨਵੇਂ ਉਤਸ਼ਾਹ ਨਾਲ ਵੱਜਣੀਆਂ ਸ਼ੁਰੂ ਹੋਈਆਂ, ਪਰ ਰਾਜੇ ਫਤਹ ਸਾਹ ਦੇ ਹਿਰਦੇ ਨੂੰ ਲਾਹਨਤਾਂ ਪੈਰਹੀਆਂ ਸਨ, ਉਸਨੂੰ ਕੋਈ ਗੈਬੀ ਸ਼ਕਤੀ ਆਖ ਰਹੀ ਸੀ—"ਰਾਜਾ ਫਤਹ ਸ਼ਾਹ! ਤੂੰ ਫਤਹ ਸ਼ਾਹ ਨਹੀਂ ਰਿਹਾ, ਸਰੋਂ 'ਹਾਰ' ਬਣ ਗਿਆ ਹੈਂ। ਭਗਵਾਨ ਦਾ ਸਾਥ ਛੱਡਕੇ ਸ਼ੈਤਾਨ ਨਾਲ ਰਲ ਗਿਓਂ, ਇਕ ਦਿਨ ਆਵੇਗਾ ਜਦੋਂ ਤੈਨੂੰ ਪਛਤਾਉਣਾ ਪਵੇਗਾ। ਤੂੰ ਬਹੁਤ ਮਾੜਾ ਕੀਤਾ, ਤੂੰ ਮੂਰਖ ਹੈਂ, ਸੋਨੇ ਦੇ ਲਾਲ ਛੱਡ ਤੂ ਪੱਥਰ ਦੇ ਵਟਿਆਂ ਨੂੰ ਝੋਲੀ ਪਾ ਲਿਆ।' ਪਰ ਕੀ ਕਰਦਾ, ਫਤਹ ਸ਼ਾਹ ਘਾਬਰ ਕੇ ਰਾਜ ਭਵਨ ਵਿਚ ਜਾ ਲੁਕਿਆ।

ਦੂਸਰੇ ਪਾਸੇ ਸਤਿਗੁਰੂ ਜੀ ਦੇ ਸਿਖਾਂ ਭਾਈ ਨੰਦ ਚੰਦ ਤੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਪਤਾ ਲਗ ਗਿਆ ਕਿ ਉਹਨਾਂ ਦਾ ਤੰਬੋਲ ਵਸੂਲ ਨਹੀਂ ਕੀਤਾ ਜਾਵੇਗਾ। ਰਾਜਾ ਫਤਹ ਸ਼ਾਹ ਨੇ ਸਤਿਗੁਰੂ ਜੀ ਵਿਰੁਧ ਲੜਨ ਦਾ ਫੈਸਲਾ ਕਰ ਲਿਆ ਹੈ। ਉਹਨਾਂ ਨੇ ਇਕ ਦਮ ਫੈਸਲਾ ਕੀਤਾ ਕਿ ਕੋਈ ਵਸਤੂ ਨਹੀਂ ਦੇਣਗੇ। ਤੰਬੋਲ ਦੀਆਂ ਸਾਰੀਆਂ ਵਸਤੂਆਂ ਸਮੇਟਕੇ ਸੰਦੂਕਾ ਵਿਚ ਬੰਦ ਕਰ ਦਿਤੀਆਂ, ਸਾਰਾ ਸਾਮਾਨ ਤੇ ਨਕਦੀ ਸਵਾ ਕੁ ਲੱਖ ਦੇ ਕਰੀਬ ਸੀ। ਲਾਵਾਂ ਫੇਰੇ ਹੋਣ ਤੋਂ ਪਹਿਲਾਂ ਹੀ ਨੰਦ ਚੰਦ ਜੀ ਹੁਰਾਂ ਨੇ ਵਾਪਸ ਪਾਉਟੇ ਨੂੰ ਮੁੜ ਆਉਣ ਦਾ ਫੈਸਲ ਕਰ ਲਿਆ। ਖੱਚਰਾਂ ਉਤੇ ਭਾਰ ਲੱਦਕੇ ਵਾਪਸ ਤੁਰੇ।

ਸਤਿਗੁਰੂ ਜੀ ਦੇ ਸਿਖ ਦੀਵਾਨ ਨੰਦ ਚੰਦ ਜੀ ਤੇ ਹੋਰ ਸਿਖ ਅਜੇ ਸ੍ਰੀ ਨਗਰ ਸ਼ਹਿਰ ਤੋਂ ਥੋੜੀ ਦੂਰ ਹੀ ਆਏ ਹੋਣਗੇ ਕਿ ਰਾਜਾ ਭੀਮਚੰਦ ਦੇ ਭੇਜੇ ਥੋੜੇ ਜਿਹੇ ਬੰਦੇ ਉਹਨਾਂ ਦੇ ਗਲ ਆ ਪਏ, ਪਰ ਅਗੇ ਸਿਖਾਂ ਨੇ ਚੂੜੀਆਂ ਤੇ ਪਾਈਆਂ ਹੋਈਆਂ ਨਹੀਂ ਸਨ। ਉਹਨਾਂ ਨੇ ਮਿਆਨਾ ਵਿਚੋਂ ਸ੍ਰੀ ਸਾਹਿਬ ਖਿਚ ਲਏ ਤੇ ਲੁਟੇਰਿਆਂ ਦੇ ਐਸੇ ਮੂੰਹ ਭੰਨੇ, ਉਹ ਪਿਛੇ ਨੂੰ ਨੱਠ ਉਠੇ। ਨੱਠੇ ਵੀ ਐਸੇ ਕਿ ਕਈਆਂ ਦੀਆ ਬਾਹੀਂ, ਕਈਆਂ ਦੀਆਂ ਪੱਗਾਂ, ਕਈਆਂ ਦੇ ਸਿਰ ਧੜ ਮੈਦਾਨ ਵਿਚ ਰਹਿ ਗਏ। ਪਹਾੜੀਏ ਸਤਿਗੁਰੂ ਜੀ ਦੇ ਸਿਖਾਂ ਕੋਲੋਂ ਤੰਬੋਲ ਦੀਆਂ ਵਸਤੂਆਂ ਖੋਹਣ ਆਏ ਆਪ ਹੀ ਲੁਟੇ ਗਏ। ਮੰਦੀ ਦਸ਼ਾ ਕਰਾਕੇ ਰਾਜੇ ਭੀਮਚੰਦ

Sri Satguru Jagjit Singh Ji eLibrary NamdhariElibrary@gmail.com

ਦੇ ਅਗੇ ਜਾ ਖਲੋਤੇ ਉਨ੍ਹਾਂ ਨੂੰ ਦੇਖਕੇ ਉਹ ਬਹੁਤ ਹੈਰਾਨ ਤੇ ਕ੍ਰੋਧਵਾਨ ਹੋਇਆ। ਉਸਨੇ ਕਿਹਾ--'ਹੱਛਾ ! ਵਿਵਾਹ ਦਾ ਕਾਰਜ ਪੂਰਾ ਹੋਣ ਦਿਓ ! ਮੈਂ ਇਸ ਗੁਰੂ ਨਾਲ ਜਰੂਰ ਨਜਿੱਠਾਂਗਾ।

੪. ਭੰਗਾਣੀ ਦਾ ਜੁੱਧ

ਰਾਜਾ ਫਤਹ ਸ਼ਾਹ ਦੀ ਧੀ ਦੀ ਸ਼ਾਦੀ ਰਾਜਕੁਮਾਰ ਅਜਮੇਰ ਚੰਦ ਨਾਲ ਹੋ ਗਈ। ਰਾਜਾ ਭੀਮਚੰਦ ਤੇ ਰਾਜਾ ਫਤਹ ਸ਼ਾਹ ਦੋਵੇਂ ਕੁੜ ਬਣ ਗਏ। ਕੁੜਮਾਚਾਰੀ ਦਾ ਮਤਲਬ ਇਹ ਹੋਇਆ ਕਿ ਕਹਲੂਰ ਤੇ ਸ੍ਰੀ ਨਗਰ ਰਿਆਸਤਾਂ ਦੀ ਸ਼ਕਤੀ ਇਕ ਹੋ ਗਈ, ਦੋਵੇਂ ਇਕ ਦੂਸਰੇ ਦਾ ਸਹਾਇਤਾ ਕਰਨ ਵਾਸਤੇ ਪੱਕੇ ਭਾਈ ਬਣ ਗਏ।

ਰਾਜਾ ਭੀਮਚੰਦ ਨੇ ਇਹ ਪੱਕਾ ਫੈਸਲਾ ਕਰ ਲਿਆ ਸੀ ਕਿ ਉਹ ਸਤਿਗੁਰੂ ਜੀ ਨਾਲ ਟੱਕਰ ਲਵੇਗਾ। ਉਸਦੇ ਕੋਲ ਉਸ ਵੇਲੇ (ਪ੍ਰੋਫੈਸਰ ਕਰਤਾਰ ਸਿੰਘ ਐਮ ਏ. ਤੇ ਹੋਰ ਵਿਦਵਾਨਾਂ ਦੀ ਲਿਖਤ ਅਨੁਸਾਰ) ਹੇਠਾਂ ਲਿਖੇ ਮਸ਼ਹੂਰ ਰਾਜੇ ਸਨ, ਜਿਨ੍ਹਾਂ ਦੇ ਨਾਲ ਉਨ੍ਹਾਂ ਦੀ ਫੌਜ ਵੀ ਸੀ। ਫਤਹ ਸ਼ਾਹ, ਗੁਪਾਲ ਚੰਦ ਗੁਲੇਰੀਆ, ਬੀਰ ਸੈਨ ਮੰਡੀ, ਕ੍ਰਿਪਾਲ ਚੰਦ ਕਾਂਗੜਾ, ਕੇਸਰੀ ਸਿੰਘ ਜਸਵਾਲੀਆ, ਦਿਆਲ ਚੰਦ ਕਾਠਗੜ੍ਹ, ਹਰੀ ਚੰਦ ਹੰਡੂਰੀਆ, ਕਰਮਚੰਦ ਭੰਬਰ, ਉਮੇਦ ਸਿੰਘ ਜਸਵਾਲ, ਦਇਆ ਸਿੰਘ ਨੂਰ ਪੁਰ, ਭਾਗ ਸਿੰਘ ਤਿਲੋਕ ਪੁਰ, ਗੁਰਭਜ ਇੰਦ੍ਰੌਆ, ਸੰਸਾਰ ਚੰਦ ਨਦੌਣ, ਹਰੀ ਚੰਦ ਕੋਟੀਵਾਲ, ਲਛੂ ਚੰਦ ਕਸੌਲੀ।*ਇਹਨਾਂ ਸਾਰਿਆ ਰਾਜਿਆਂ ਨੂੰ ਇਸ ਕਰਕੇ ਗਰਮ ਕੀਤਾ ਗਿਆ ਸੀ ਕਿ ਸਤਿਗੁਰੂ ਜੀ ਹਿੰਦੂ ਸਨਾਤਨ ਧਰਮ ਦੇ ਵਿਰੋਧੀ ਹਨ ਤੇ ਪਹਾੜੀ ਰਿਆਸਤਾ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਹ ਮੂਰਖ ਲੋਕ ਸਤਿਗੁਰੂ ਜੀ ਦੇ ਮਿਸ਼ਨ ਨੂੰ ਸਮਝ ਨਾ ਸਕੇ। ਜੇ ਸਮਝ ਜਾਂਦੇ ਤਾਂ ਦੁਸ਼ਮਨ ਬਨਣ ਦੀ ਥਾਂ ਮਿਤ੍ਰ ਬਣਦੇ

*ਜੀਵਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਲਿਖਤ ਪਰੌਫੈਸਰ ਕਰਤਾਰ ਸਿੰਘ ਐਮ, ਏ, ਸਫਾ 120

Sri Satguru Jagjit Singh Ji eLibrary NamdhariElibrary@gmail.com

ਤਾਂ ਅੱਜ ਜਰੂਰੀ ਸੀ ਕਿ ਸਾਰੇ ਹਿੰਦੁਸਤਾਨ ਦਾ ਨਕਸ਼ਾ ਹੀ ਬਦਲ ਜਾਂਦਾ ਤੇ ਜੋ ਇਤਿਹਾਸ ਅਸੀਂ ਪੜ੍ਹਦੇ ਹਾਂ ਉਹ ਕੁਝ ਹੋਰ ਹੀ ਹੁੰਦਾ। ਸਤਿਗੁਰੂ ਜੀ ਦੀ ਆਤਮਿਕ ਸ਼ਕਤੀ, ਬ੍ਰਹਮ ਵਿਦਿਆ ਤੇ ਜੀਵਨ ਦੇ ਉੱਚੇ ਨਿਸ਼ਾਨੇ ਨਾਲ ਜੇ ਕਿਤੇ ਹਿੰਦੂ ਰਾਜਿਆਂ ਦੀ ਸ਼ਕਤੀ ਮਿਲ ਜਾਂਦੀ ਤਾਂ ਭਾਰਤ ਵਿਚ ਅੰਗਰੇਜੀ ਰਾਜ ਕਾਇਮ ਨਾ ਹੁੰਦਾ ਅਤੇ ਹਿੰਦੁਸਤਾਨ ਏਸ਼ੀਆ ਦੀ ਮਹਾਨ ਸ਼ਕਤੀ ਬਣਿਆਂ ਹੋਇਆ ਹੁੰਦਾ ਪਰ ਪੱਥਰਾਂ ਦੀ ਪੂਜਾ ਕਰਕੇ ਪਹਾੜੀ ਰਾਜਿਆਂ ਦਾ ਦਿਲ ਪੱਥਰ ਹੋ ਚੁਕੇ ਸਨ। ਮੁਗਲਾਂ ਦੀ ਗੁਲਾਮੀ ਨ ਉਨਾਂ ਦੇ ਤਨ ਤੇ ਮਨ ਉਤੇ ਜਿੱਥਾ ਅਸਰ ਕੀਤਾ ਹੋਇਆ ਸੀ ਕਿ ਓਹ ਚੁਪ ਚਾਪ ਦਿਨ ਕਟਣ ਨੂੰ ਹੀ ਜੀਵਨ ਮਨੋਰਥ ਸਮਝਦੇ ਸਨ। ਮੁਗਲਾਂ ਤੋਂ ਬਿਨਾਂ ਉਨ੍ਹਾਂ ਦੇ ਮਨ ਉਤੇ ਬ੍ਰਾਹਮਣ ਦਾ ਰਾਜ ਸੀ ਜਿਸ ਨੇ ਧਾਰਮਿਕ ਤੇ ਸਮਾਜਿਕ ਬੰਨ੍ਹਣਾ ਵਿਚ ਬੰਨ੍ਹ ਛੱਡਿਆ ਸੀ।

ਵਿਆਹ ਹੋ ਜਾਣ ਦੇ ਪਿਛੋਂ ਡੋਲੀ ਤੇ ਲਾੜੇ ਨੂੰ ਰਾਜਾ ਭੀਮ ਚੰਦ ਨੇ ਉਪਰਲੇ ਲੰਮੇ ਰਸਤੇ ਘਰ ਨੂੰ ਤੋਰ ਦਿਤਾ ਤੇ ਆਪ ਉਸਨੇ ਪਾਉਂਟੇ ਸਾਹਿਬ ਨੂੰ ਫਤਹ ਕਰਨ ਦਾ ਫੈਸਲਾ ਕਰ ਲਿਆ ਉਸਨੇ ਇਹ ਵੀ ਵਿਚਾਰਿਆ ਕਿ ਸਤਿਗੁਰੂ ਜੀ ਦੀ ਅਸਲ ਫੌਜ ਅਨੰਦਪੁਰ ਹੈ। ਏਥੇ ਪਹਾੜਾਂ ਵਿਚ ਫੌਜ ਵੀ ਕੋਲ ਥੋੜੀ ਹੈ ਤੇ ਸਿਖ ਸੇਵਕ ਵੀ ਪੰਜਾਬ ਦੇ ਨਹੀਂ ਪਹੁੰਚ ਸਕਦੇ ਜੇਹੜੇ ਲੜਨ ਵਾਸਤੇ ਹੁਸ਼ਿਆਰ ਹਨ। ਪਹਾੜ ਦੀ ਜਨਤਾ ਸਤਿਗੁਰੂ ਜੀ ਦੀ ਸਹਾਇਤਾ ਨਹੀਂ ਕਰੇਗੀ। ਉਨ੍ਹਾਂ ਨੇ ਇਹ ਵੀ ਚਲਾਕੀ ਖੇਡੀ ਕਿ ਸਤਿਗੁਰੂ ਜੀ ਨੇ ਜੋ ਮੁਸਲਮਾਨ ਪਠਾਣ ਨੌਕਰ ਰਖੇ ਸਨ ਉਨ੍ਹਾਂ ਨੂੰ ਖਰੀਦਨ ਦਾ ਯਤਨ ਕੀਤਾ। ਉਹ ਸੱਚ ਮੁਚ ਹੀ ਖਰੀਦੇ ਗਏ, ਉਨ੍ਹਾਂ ਨੇ ਸਤਿਗੁਰੂ ਜੀਨੂੰ ਧੋਖਾ ਦੇਣ ਦਾ ਫੈਸਲਾ ਕਰ ਲਿਆ।

ਦੂਸਰੇ ਪਾਸੇ ਸਤਿਗੁਰੂ ਜੀ ਨੂੰ ਵੀ ਖਬਰਾਂ ਮਿਲ ਗਈਆਂ ਕਿ ਪਹਾੜੀ ਰਾਜਿਆਂ ਦੀਨੀਤਖੋਟੀ ਹੋ ਗਈਹੈ ਓਹ ਲੜਾਈਲੜਨ ਦੀ ਤਿਆਰੀ ਕਰਰਹੇਸਨ ਤੇ ਥੋੜੇ ਦਿਨਾਂ ਨੂੰ ਪਉਂਟੇ ਉਤੇ ਚੜਾਈ ਕਰਕੇ ਆਜਾਣ ਗੇ। ਪਹਾੜਾਂ ਦੇਵਿਚਸੈਨਾ ਇਕੱਠੀ ਹੋ ਰਹੀ ਹੈ। ਫਤਹਸ਼ਾਹ ਗੁਰੂ ਘਰਦਾ ਸਰਧਾਲੂ ਨਹੀ ਰਿਹਾ ਉਹਤਾਂਸਗੋ ਦੁਸ਼ਮਨ ਬਣ ਗਿਆ। ਆਪ ਚੜਾਈ ਕਰਕੇ ਆ ਰਿਹਾ ਹੈ। ਸਤਿਗੁਰੂ ਜੀ ਨੇ ਵੀ ਬਾਹਰੋਂ ਆਉਣ ਵਾਲੇ ਅਨ-ਸਦੇ ਦੁਸ਼ਮਨ ਨਾਲ ਟੱਕਰ ਲੈਣ ਦਾ ਫੈਸਲਾ

Sri Satguru Jagjit Singh Ji eLibrary NamdhariElibrary@gmail.com

ਕੀਤਾ ਤੇ ਸੈਨਾ ਇਕੱਠ੍ਰ ਕਰਨੀ ਸ਼ੁਰੂ ਕੀਤੀ। ਸਿਖਾਂ ਵਲ ਹੁਕਮਨਾਮੇ ਭੇਜ਼ ਦਿਤੇ। ਜੋਹੜੇ ਸਿਖ ਕੋਲ ਸਨ ਉਨ੍ਹਾਂ ਨੂੰ ਇਕੱਠਿਆਂ ਕਰਕੇ ਇਉਂ ਹੁਕਮ ਸੁਣਾਇਆ— 'ਰਾਜਾ ਭੀਮਚੰਦ ਸਤਿਗੁਰੂ ਨਾਨਕ ਦੇਵ ਜੀ ਦੇ ਡੇਰੇ ਉਤੇ ਚੜਾਈ ਕਰਕੇ ਆਇਆ ਹੈ ਉਹ ਸਤਿਗੁਰੂ ਜੀ ਦੀ ਸਿਖੀ ਦੀ ਫਲਵਾੜੀ ਨੂੰ ਨਸ਼ਟ ਕਰਨਾ ਚਾਹੁੰਦਾ ਹੈ ਪਰ ਅਕਾਲ ਪੁਰਖ ਦੀ ਜੋ ਇਛਾ ਹੈ ਸੋ ਹੋਵੇਗਾ। ਅਸਾਂ ਦਾ ਧਰਮ ਧਰਮ ਹੈ ਕਿ ਅਸੀਂ ਸਤਿਗੁਰੂ ਜੀ ਦੀ ਸਿਖੀ-ਫੁਲਵਾੜੀ ਦੀ ਰਖਿਆ ਕਰੀਏ। ਛੇਵੇਂ ਪਾਤਸ਼ਾਹ ਜੀ ਨੇ ਯੁਧ ਕੀਤੇ ਸਨ, ਓਹ ਵੀ ਧਰਮ ਦੇ ਯੁਧ ਸਨ ਤੇ ਇਹ ਵੀ ਧਰਮ ਯੁਧ ਹੋਵੇਗਾ। ਧਰਮ ਯੁਧ ਕਰਨਾ ਹਰ ਇਕ ਸੰਤ ਸਿਪਾਹੀ ਦਾ ਧਰਮ ਹੈ। ਅਸੀਂ ਕਿਸੇ ਦਾ ਹੱਕ ਖੋਹਣ ਵਾਸਤੇ ਯੁਧ ਨਹੀਂ ਕਰਨਾ, ਸਗੋਂ ਆਪਣੀ ਰਖਿਆ ਮਾਤਰ ਲੜਨਾ ਹੈ। ਰਾਜਾ ਭੀਮਚੰਦ ਦੇਸ਼ੀ ਹੈਜੋ ਨਿਰਵੈਰਾਂ ਨਾਲ ਵੈਰ ਕਰਦਾ ਹੈ। ਉਸ ਦੀ ਨੀਤ ਮਾੜੀ ਸੀ। ਉਸੇ ਨੇ ਧੱਕੇ ਨਾਲ ਪ੍ਰਸ਼ਾਦੀ ਹਾਥੀ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ। ਅਸਾਂ ਪ੍ਰਸ਼ਾਦੀ ਹਾਥੀ ਨਾ ਦਿਤਾ ਕਿਉਂਕਿ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਦੀ ਗਰੂ ਘਰ ਨਾਲ ਪਿਆਰ ਦੀ ਅਟਲ ਠਿਸ਼ਾਨੀ ਹੈ। ਸਾਰੇ ਤਿਆਰ ਹੋਵੋ ਅਕਾਲ ਪੁਰਖ ਸਹਾਇਤਾ ਕਰੇਗਾ। ਓਹ ਅਸਾਂ ਸਾਰੀਆਂ ਨੂੰ ਮਨੁਖ ਨਹੀਂ ਸਮਝਦੇ। ਰਾਜਿਆਂ ਨੂੰ ਉੱਚੀ ਕੁਲ ਦਾ ਹੰਕਾਰ ਹੈ ਉਨ੍ਹਾਂ ਦਾ ਹੰਕਾਰ ਤੋੜਨਾ ਹੈ। ਬਸ ਤਿਆਰੀ ਕਰਕੇ ਭੰਗਾਣੀ ਨਗਰ ਦੇ ਲਾਗੇ ਚਲ ਡੇਰੇ ਲਾਈਏ, ਦੁਸ਼ਮਨ ਨੂੰ ਆਪਣੇ ਘਰ ਤੋਂ ਬਾਹਰ ਰੋਕਣਾ ਹੀ ਠੀਕ ਹੈ।

ਸਤਿਗੁਰੂ ਜੀ ਦੇ ਇੰਨ੍ਹਾਂ ਸ਼ਬਦਾ ਨੇ ਸੂਰਬੀਰ ਦੇ ਚੇਹਰਿਆਂ ਨੂੰ ਲਾਲ ਕਰ ਦਿਤਾ। ਉਹ ਤਾਂ ਖੁਸ਼ੀਆਂ ਮਨਾਉਣ ਲਗੇ, ਪਰ ਜੋ ਡਰਾਕਲ ਤੇ ਕੜਾਹ ਪ੍ਰਸ਼ਾਦ ਛਕਣ ਵਾਲੇ ਸਨ, ਉਨ੍ਹਾਂ ਦੇ ਰੰਗ ਉਡ ਗਏ। ਉਦਾਸੀ ਸਾਧੂ ਸਤਿਗੁਰੂ ਜੀ ਦੇ ਨਾਲ ਸਨ ਉਨ੍ਹਾਂ ਸਾਧੂਆਂ ਦੀ ਗਿਣਤੀ ਪੰਜ ਸੌ ਦ ਲਗ-ਪਗ ਸੀ ਓਹ ਸਾਰੇ ਖਿਸਕ ਤੁਰੇ ਕੋਈ ਪਾਣੀ ਪੀਣ ਗਿਆ ਵਾਪਸ ਨਾ ਆਇਆ, ਕੋਈ ਇਸ਼ਨਾਨ ਕਰਨ ਗਿਆ ਅਲੋਪ ਹੋ ਗਿਆ ਤੇ ਕਿਸੇ ਜੰਗਲ ਗਏ ਦਾ ਪਤਾ ਨਾ ਲਗਾ। ਸਤਿਗੁਰੂ ਜੀ ਦੇ ਲਾਗੇ ਬੈਠ ਕੇ ਬਹੁਤ ਡੀਂਗਾਂ ਮਾਰਨ ਵਾਲੇ ਤੁਰ

Sri Satguru Jagjit Singh Ji eLibrary NamdhariElibrary@gmail.com

ਗਏ। ਸਤਿਗੁਰੂ ਤੇ ਸਿਖ ਨਾਲ ਪਿਆਰ ਨਹੀਂ ਸੀ ਸਗੋਂ ਪੇਟ ਤੇ ਜਾਨ ਨਾਲ ਪਿਆਰ ਸੀ ਪਤ ਸਤਿਗੁਰੂ ਜੀ ਨੇ ਕੋਈ ਪਰਵਾਹ ਨਾ ਕੀਤੀ ਉਨ੍ਹਾਂ ਨੇ ਬਸ ਏਹ ਬਚਨ ਕੀਤਾ—'ਜੋ ਗੁਰੂ ਘਰ ਤੋਂ ਬੇਮੁਖ ਹੁੰਦੇ ਹਨ, ਹੋਣ ਦਿਓ ਆਪੇ ਠੀਕ ਹੋ ਜਾਣਗੇ, ਅਕਾਲ ਪੁਰਖ ਸੁਮੱਤ ਬਖਸ਼ੇਗਾ।'

ਸਯਦ ਬੁਧੂ ਸ਼ਾਹ ਨੇ ਜੋ ਪਠਾਣ ਰਖਾਏ ਸਨ ਉਹ ਵੀ ਰਾਜਿਆਂ ਨਾਲ ਰਗ ਗਏ ਉਹ ਪੈਸੇ ਲੈਕੇ ਵਿਕ ਗਏ। ਉਨ੍ਹਾਂ ਨੇ ਛੁਟੀਆਂ ਲੈਣੀਆਂ ਆਰੰਭ ਕੀਤੀਆਂ ਅਤੇ ਕਈ ਚੋਰੀ ਨੱਠ ਕੇ ਦੁਸ਼ਮਨ ਨਾਲ ਜਾ ਮਿਲੇ। ਮਾੜੇ ਆਦਮੀ ਸਦਾ ਮਾੜੇ ਰਹਿੰਦੇ ਹਨ। ਸਤਿਗੁਰੂ ਜੀ ਨੇ ਉਨਾ ਦੀ ਵੀ ਕੋਈ ਪਰਵਾਹ ਨਾ ਕੀਤੀ। ਸੰਗੋ ਸ਼ਾਹ ਨੂੰ ਸੈਨਾਪਤੀ ਬਣਾ ਕੇ ਕਿਹਾ—'ਭਾਈ ਸੰਗੋ! ਜਿੰਨੇ ਸਿਦਕੀ ਸਿਖ ਹਨ ਉੱਨੇ ਹੀ ਭੰਗਾਣੀ ਦੇ ਮੈਦਾਨ ਵਿਚ ਲੈ ਚਲੋ ਅਕਾਲ ਪੁਰਖ ਭਲੀ ਕਰੇਗਾ। ਜਮਨਾ ਕਿਨਾਰੇ ਹੀ ਕੰਸ ਦਾ ਹੰਕਾਰ ਸ੍ਰੀ ਕ੍ਰਿਸ਼ਨ ਜੀ ਨੇ ਚੂਰ ਕੀਤਾ ਸੀ। ਜਮਨਾ ਕਿਨਾਰੇ ਹੀ ਅਜ ਅਸਾਂ ਨਾਲ ਭੀਮ ਚੰਦ ਤੇ ਫਤਹ ਸ਼ਾਹ ਟਕਰ ਲੈਣ ਲੱਗਾ ਹੈ ਕੋਈ ਚਿੰਤਾ ਨਹੀਂ।

ਰਣਜੀਤ ਨਗਾਰੇ ਉਤੇ ਚੋਟਾਂ ਲਗ ਗਈਆਂ, ਰਣਜੀਤ ਨਗਾਰੇ ਦੇ ਵਜਣ ਨਾਲ ਪਰਬਤ ਗੂੰਜ ਉਠੇ, ਧਰਤੀ ਕੰਬ ਉਠੀ। ਲੋਕਾਂ ਦੇ ਦਿਲ ਦਹਿਲ ਗਏ। ਦੇਵਤਿਆਂ ਨੇ ਖੁਸ਼ੀ ਕੀਤੀ ਤੇ ਦੈਤਾਂ ਨੂੰ ਘਰੀਂ ਪਿਟਾਣੇ ਪੈ ਗਏ। ਪਾਉਂਟੇ ਤੋਂ ਸਤਿਗੁਰੂ ਜੀ ਦੇ ਸਿਖ ਚੜ੍ਹੇ। ਸਤਿਗੁਰੂ ਜੀ ਦੇ ਮੁਖੀ ਲਾਲ ਚੰਦ, ਕ੍ਰਿਪਾਲ ਚੰਦ, ਸੰਗੋ ਸ਼ਾਹ, ਜੀਤ ਮਲ, ਦਇਆ ਰਾਮ ਆਦਿਕ ਯੁਧ ਕਰਨ ਦੇ ਪੂਰੇ ਸ਼ਸਤ੍ਰ ਧਾਰਨ ਕਰਕੇ ਗਏ। ਉਨ੍ਹਾਂ ਦੇ ਸਾਹਮਣੇ ਹੋਕੇ ਦੁਸ਼ਮਨ ਨੂੰ ਲੜਨਾ ਕਠਨ ਸੀ।

ਜ਼ਦੋਂ ਪਠਾਣ ਖਿਸਕ ਗਏ ਤਾਂ ਸਤਿਗੁਰੂ ਜੀ ਨੇ ਬੁਧੂ ਸ਼ਾਹ ਵਲ ਖਤ ਲਿਖਿਆ—'ਸਯਦ ਜੀ! ਜੋ ਪਠਾਣ ਤੁਸਾਂ ਰਖਾਏ ਸਨ, ਉਹ ਨਿਮਕ ਹਰਾਮ ਨਿਕਲੇ। ਅਮਨ ਵੇਲੇ ਤਨਖਾਹ ਲੈਂਦੇ ਰਹੇ ਤੇ ਜਦੋਂ ਲੜਾਈ ਦਾ ਸਮਾ ਆਇਆ ਤਦੋਂ ਪਿੱਠ ਦਿਖਾ ਗਏ, ਉਹ ਰਾਜਿਆਂ ਨਾਲ ਜਾ ਮਿਲੇ ਹਨ—

ਜਾਇ ਨਰੇਸਨ ਸਾਥ ਮਿਲੇ ਹੈਂ ॥ ਅਸ ਨੌਕਰ ਰਖਵਾਇ ਭੁਲੇ ਹੈਂ ॥

Sri Satguru Jagjit Singh Ji eLibrary NamdhariElibrary@gmail.com

ਭਏ ਮੂਢ ਮਤਿ ਨਿਮਕ ਹਰਾਮੀ ॥ ਨਹੀ ਕਾਮ ਆਏ ਨਿਜ ਸਵਾਮੀ ॥

(ਸੂਰਜ ਪ੍ਰਕਾਸ਼)

ਇਹ ਪੱਤ੍ਰਕਾ ਜਾਂ ਸਯਦ ਨੇ ਪੜ੍ਹੀ ਤਾਂ ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ, ਉਹ ਸਿਰ ਮਾਰਕੇ ਕਹਿਣ ਲੱਗਾ—'ਜਾਲਮਾਂ ਨੇ ਬਹੁਤ ਬਦਨਾਮ ਕਰਾਇਆ ਹੈ ਇਹ ਕੀ ਕੀਤਾ ਦੁਸ਼ਟਾਂ ਨੇ ਦੀਨਦੁਨੀ ਦੇ ਵਾਲੀ ਨੂੰ ਧੋਖਾ ਦਿਤਾ। ਉਹਨਾਂ ਦਾ ਕਿਸ ਜੁਗ ਭਲਾ ਹੋਵੇਗਾ। ਹੱਛਾ ! ਮੈਂ ਆਪ ਸਤਿਗੁਰੂ ਜੀ ਦੀ ਸੇਵਾ ਕਰਦਾ ਹਾ। ਰਾਜਿਆਂ ਦੀ ਸੈਨਾ ਕਈ ਹਜ਼ਾਰ ਦੀ ਗਿਣਤੀ ਵਿਚ ਹੈ, ਕੋਈ ਡਰ ਨਹੀਂ ਸਤਿਗੁਰੂ ਜੀ ਦੀ ਖੁਦ ਸੇਵਾ ਕਰਾਂਗਾ।'

ਸਯਦ ਬੁਧੂ ਸ਼ਾਹ ਤਕੜਾ ਜਾਗੀਰਦਾਰ ਸੀ, ਉਸ ਦੇ ਕੋਲ ਉਹਦੇ ਸਤ ਸੌ ਮੁਰੀਦ ਚੰਗੇ ਲੜਨ ਵਾਲੇ ਜਵਾਨ ਸਨ, ਚਾਰ ਉਹਦੇ ਪੁਤਰ ਸਨ। ਚੌਹਾਂ ਪੁਤਰਾਂ ਤੇ ਸਤ ਸੌ ਜਵਾਨਾਂ ਨੂੰ ਨਾਲ ਲੈ ਕੇ ਤੁਰ ਪਿਆ। ਜਿੰਨੀ ਛੇਤੀ ਹੋਈ ਸਤਿਗੁਰੂ ਜੀ ਦੇ ਹਜ਼ੂਰ ਪੁਜਾ। ਸਯਦ ਦੀ ਮਦਦ ਪੁਜਣ ਨਾਲ ਜੋ ਰਾਜਪੂਤ ਔਰੰਗਜੇਬ ਕੋਲੋਂ ਤੰਗ ਸਨ ਜਾਂ ਰਾਜਿਆਂ ਦੀ ਸੈਨਾ ਵਿਚੋਂ ਨਠੇ ਹੋਏ ਸਨ ਉਹ ਵੀ ਸਤਿਗੁਰੂ ਜੀ ਦੇ ਨਾਲ ਆ ਰਲੇ। ਸਤਿਗੁਰੂ ਜੀ ਪਾਸ ਵੀ ਤਕੜੀ ਸੈਨਾ ਇੱਤ੍ਰਤਾ ਹੋ ਗਈ। ਭੰਗਾਣੀ ਪਿੰਡ ਦੇ ਲਾਗੇ ਮੋਰਚ ਬੰਦੀ ਕਰਕੇ ਬੈਠ ਗਏ।

ਆਖਰ ਦੋਹਾਂ ਦਲਾਂ ਦਾ ਮੁਕ ਬਲਾ ਹੋ ਗਿਆ। ਮੁਕਾਬਲੇ ਵਿਚ ਜਿਸ ਤਰਾਂ ਦੀ ਘਮਸਾਨ ਦੀ ਜੰਗ ਹੋਈ। ਤਿਸਨੂੰ ਸਤਿਗੁਰੂ ਜੀ ਨੇ ਆਪ ਆਪਣੇ ਬਚਿੱਤ੍ਰ ਨਾਟਕ ਗ੍ਰੰਥ ਵਿਚ ਇਉਂ ਬਿਆਨ ਕੀਤਾ ਹੈ—

ਭੁਜੰਗ ਪ੍ਰਯਾਤ ਛੰਦ—ਤਹਾਂ ਸ਼ਾਹ ਸ੍ਰੀ ਸ਼ਾਹ ਸੰਗ੍ਰਾਮ ਕੋਪੇ ॥ ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ ॥ ਹਠੀ ਜੀਤ ਮੱਲੰ ਸੁ ਗਾਜੀ ਰੁਲਾਬੰ ॥ ਰਣੰ ਦੇਖਿਐ ਰੰਗ ਸਹਾਬੰ ॥ ਹਠਿਯੋ ਨਾਹਰੀ ਚੰਦਯੰ ਰੰਗ ਰਾਮੰ ॥ ਜਿਨੈ ਕਿਤਿਯੰ ਜਿਤਿਯੰ ਫੌਜ ਤਾਮੰ ॥ ਕੁਪੇ ਲਾਲ ਚੰਦੰ ਗਿਏ ਲਾਲ ਰੂਪੰ ॥ ਜਿਨੈ ਗੱਜੀਯੰ ਗਰਬ ਸਿੰਘੰ ਅਨੂਪੰ ॥ ਕੁਪਿਓ ਮਾਹਰੂ ਕਾਹਬ ਰੂਪ ਧਾਰੇ ॥ ਜਿਨੈ ਖਾਨ ਖਵਾਨੀਯੰ ਖੇਤਮਾਰੇ ॥ ਕੁਪਿਓ ਦੇਵਤੇਸ਼ੰ ਦਯਾਰਾਮ ਜੁਧੰ ॥ ਕੀਯੇ ਦੋਣ ਕੀ ਜਿਉਂ ਮਹਾਂ ਜੁਧ ਸੁਧੰ ॥

Sri Satguru Jagjit Singh Ji eLibrary NamdhariElibrary@gmail.com

ਤਿਸਦਾ ਪ੍ਰਮਾਰਥ—ਦੋਹਾਂ ਪਾਸਿਆਂ ਦੀਆਂ ਸ਼ਾਹੀ ਫੌਜਾਂ ਦਾ ਘੋਰ ਯੁਧ ਹੋਣ ਲਗਾ, ਮਹਾਂ ਬਲੀ ਪੰਜ ਸੂਰਬੀਰ ਮੈਦਾਨ ਵਿਚ ਆਏ। ਬਹੁਤ ਹਠ ਵਾਲਾ ਜੀਤ ਮਲ, ਗੁਲਾਬ, ਮਾਹਰੀ ਚੰਦ ਤੇ ਗੰਗਾ ਰਾਮ ਨੇ ਅਗੇ ਵਧ ਵਧ ਕੇ ਰਾਜਿਆਂ ਦੀ ਫੌਜ ਦੇ ਆਹੂ ਲਾਹੇ। ਲਾਲ ਚੰਦ ਨੇ ਕਰੋਧ ਨਾਲ ਲੜ ਕੇ ਵੈਰੀ ਦੇ ਲਾਲ ਖੂਨ ਨਾਲ ਧਰਤੀ ਲਾਲ ਰੰਗ ਦਿੱਤੀ। ਉਹ ਸ਼ੇਰ ਦੇ ਸਮਾਨ ਗਰਜਦੇ ਸਨ। ਮਾਹਰੂ ਨੇ ਵੀ ਕੇਹਰ ਦਾ ਰੂਪ ਧਾਰਿਆ ਅਤੇ ਵੱਡੇ ਵੱਡੇ ਖਾਨਾਂ (ਮੁਸਲਮਾਨਾਂ ਤੇ ਰਾਜੇ ਦੇ ਬੰਦਿਆਂ) ਨੂੰ ਮਾਰਿਆ ਸੀ। ਜਿਵੇਂ ਦਰੋਣਾਚਾਰਯ ਨੇ ਜੁਧ ਕੀਤਾ ਸੀ ਮਹਾਂਭਾਰਤ ਸਮੇਂ ਤਿਵੇਂ ਦਇਆ ਰਾਮ ਨੇ ਘੋਰ ਯੁਧ ਕੀਤਾ।

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ॥ ਹਠੀ ਖਾਨ ਹਯਾਤ ਕੇ ਸੀਸ ਝਾਰੀ॥ ਉਠੀ ਛਿਛਿ ਨਿੱਛੰ ਕਢਾ ਮੇਝ ਜੋਰੰ॥ ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥ ਤਹਾਂ ਨੰਦ ਛੰਦੰ ਕੀਯੋ ਕੋਤੁ ਭਾਰੇ॥ ਲਗਾਈ ਬਰੱਛੀ ਕ੍ਰਿਪਾਣੰ ਸੰਭਾਰੇ॥ ਤੁਟੀ ਤੇਗ ਤ੍ਰਿਖੀ ਕਢੇ ਜਮਦਢੰ॥ ਹਠੀ ਰਾਖੀਅੰ ਲਜ ਬੰਸੰ ਸਨਢੰ॥ ਤਹਾਂ ਮਾਤਲੰਰੰ ਕ੍ਰਿਪਾਲੰ ਕਰੁਧੰ॥ ਛਕਿਓ ਛੰਭ ਛੱਤ੍ਰੀ ਕਰਯੋ ਜੁਧ ਸ਼ੁਧੰ॥ ਸਹੋ ਦੇਹ ਆਪੰ ਮਹਾਬੀਰ ਬਣੰ॥ ਕਰੇ ਖਾਨ ਬਾਨੰਨ ਖਾਲੀ ਪਲਾਣੰ॥

ਕ੍ਰਿਪਾਲ ਚੰਦ ਕੁਤਕ ਨੂੰ ਸੰਭਾਲ ਕੇ ਗਰਜਿਆ ਤੇ ਉਹ ਕੁਤਕ ਜ਼ੋਰ ਨਾਲ ਹਯਾਤ ਖਾਂ ਦੇ ਸਿਰ ਵਿਚ ਮਾਰੀ ਤੇ ਉਸ ਨੂੰ ਸ਼ਦਾ ਦੀ ਨੀਂਦ ਸਵਾ ਦਿੱਤਾ। ਉਹਦੇ ਸਿਰ ਵਿਚੋਂ ਮਿਝ ਇਸਤਰਾਂ ਨਿਕਲੀ ਮਾਨੋਂ ਕਾਹਨ ਨੇ ਦਹੀਂ ਦੀ ਮਟਕੀ ਤੋੜੀ ਹੈ। ਜਦੋਂ ਐਸਾ ਘੋਰ ਜੁਧ ਕ੍ਰਿਪਾਲ ਚੰਦ ਕਰ ਰਿਹਾ ਸੀ ਤਾਂ ਨੰਦ ਚੰਦ ਵੀ ਘਟ ਨਹੀਂ ਸੀ ਕਰ ਰਿਹਾ। ਉਹ ਕ੍ਰਿਪਾਨ ਤੇ ਬਰਛੀ ਨਾਲ ਦੁਸ਼ਮਨਾਂ ਦਾ ਅੰਤ ਕਰ ਰਿਹਾ ਸੀ। ਤੇਗ ਦੀ ਮਾਰ ਐਸੀ ਕਰੀ ਜਾਂਦਾ ਸੀ ਕਿ ਆਪਣੇ ਕੁਲ (ਖਾਨਦਾਨ) ਦਾ ਨਾਮ ਰੋਸ਼ਨ ਕਰੀ ਜਾਂਦਾ ਸੀ। ਐਸੇ ਜੋਰ ਦਾ ਜੁਧ ਹੋ ਰਿਹਾ ਸੀ ਅਨੇਕਾਂ ਘੋੜੇ ਖਾਲੀ ਹੁੰਦੇ ਜਾਂਦੇ ਸਨ ਤੇ ਜੁਵਾਨ ਧਰਤੀ ਤੇ ਡਿਗਦੇ ਜਾਂਦੇ ਸੀ।

ਹਠਿਓ ਸਾਹਬੰ ਚੰਦ ਖੇਤੰ ਖਤ੍ਰਿਯਾਣੰ॥ ਹਠੰ ਖਾਨ ਖੂਨੀ ਖੁਰਾਸਾਨ ਖਾਨੰ॥ ਤਹਾਂ ਬੀਰ ਬੰਕੇ ਪਲੀ ਭਾਂਤਿ ਮਾਰੇ॥ ਬਚੇ ਪ੍ਰਾਨ ਲੈਕੇ ਸਿਪਾਹੀ

Sri Satguru Jagjit Singh Ji eLibrary NamdhariElibrary@gmail.com

ਸਿਧਾਰੇ ॥ ਤਹਾਂ ਸਾਹ ਸੰਗ੍ਰਾਮ ਕੀਨੇ ਅਖਾਰੇ ॥ ਘਨੇ ਖੇਤ ਮੇ ਖਾਨ ਖੂਨੀ ਲਤਾਰੇ ॥ ਨ੍ਰਿਪੰ ਗੋਪਲਾਯੰ ਖਰੇ ਖੇਤ ਗਾਜੈ ॥ ਮ੍ਰਿਗਾ ਝੁੰਡ ਮੱਧਯੰ ਮਨੋ ਸਿੰਘ ਰਾਜੈ ॥ ਤਹਾਂ ਏਕ ਬੀਰਾ ਹਰੀਚੰਦ ਕੋਪਯੋ ॥ ਭਲੀ ਭਾਂਤ ਸੋ ਖੇਤ ਮੋ ਪਾਵ ਰੋਪਯੋ ॥ ਮਹਾਂ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ ॥ ਲਗੈ ਜੌਨ ਕੇ ਤਾਹਿ ਪਾਰੈ ਪਧਾਰੇ ॥

ਮਹਾਂ ਬਲੀ ਹਠ ਵਾਲਾ ਸਾਹਿਬ ਚੰਦ ਮੈਦਾਨਿ ਜੰਗ ਵਿਚ ਛੱਤ੍ਰੀਆਂ ਦੀ ਤਰਾਂ ਗਰਜਿਆ ਤੇ ਕਈਆਂ ਆਕੜਖਾਨਾਂ ਨੂੰ ਉਸ ਨੇ ਮਾਰਿਆ, ਅਨੇਕਾਂ ਬੀਰ ਯੋਧਾ ਉਸ ਨੇ ਸ਼ਹਿਜੇ ਹੀ ਮਾਰ ਸੁਟੇ। ਅਨੇਕਾਂ ਡਰਦੇ ਹੀ ਜਾਨ ਲੈਕੇ ਮੈਦਾਨਿ ਜੰਗ ਵਿਚੋਂ ਨੱਸ ਗਏ। ਰਾਜਾ ਗੋਪਾਲ ਖੇਤ ਵਿਚ ਗਰਜਦਾ ਸੀ ਤੇ ਸਿਪਾਹੀ ਡਰਦੇ ਨੱਸਦੇ ਸਨ ਜਿਵੇਂ ਸ਼ੇਰ ਨੂੰ ਦੇਖਕੇ ਹਰਨਾਂ ਦਾ ਝੁੰਡ ਨਸ ਜਾਂਦਾ ਹੈ। ਸਤਿਗੁਰੂ ਜੀ ਦਾ ਸੇਵਕ ਹਰੀ ਚੰਦ ਉਸ ਥਾਂ ਗਿਆ ਤੇ ਰਾਜੇ ਗੋਪਾਲ ਨੂੰ ਉਸਨੇ ਸੋਧਿਆ। ਉਸ ਨੇ ਐਸੇ ਤੀਰ ਚਲਾਏ ਕਿ ਰਾਜੇ ਦੇ ਸਾਥੀਆਂ ਦੇ ਦਿਮਾਗ ਠਿਕਾਣੇ ਲਿਆ ਦਿਤੇ।

ਜਦੋਂ ਇਸਤਰਾਂ ਘਮਸਾਨ ਦੀ ਜੰਗ ਹੋ ਰਹੀ ਸਾਂ ਤਾਂ ਸਤਿਗੁਰੂ ਜੀ ਬੀਰ ਆਸਨ ਹੋਕੇ ਉਚ ਟਿੱਬੇ ਤੋਂ ਤੀਰਾਂ ਨਾਲ ਵਡੇ ਵਡੇ ਦੁਸ਼ਮਨਾਂ ਨੂੰ ਮਾਰੀ ਜਾਂਦੇ ਸਨ। ਉਹ ਜਿਸ ਪਾਸੇ ਦੇਖਦੇ ਦੁਸ਼ਮਨ ਜ਼ੋਰ ਪਾ ਰਿਹਾ ਹੈ ਉਸੇ ਪਾਸੇ ਹੀ ਆਪਣਾ ਬਾਹੂ ਬਲ ਦਿਖਾਉਂਦੇ। ਸਤਿਗੁਰੂ ਜੀਦੇ ਤਿਖੇ ਤੀਰ ਦੋ ਦੋ ਸਿਪਾਹੀਆਂ ਦੀਆਂ ਜਾਨਾਂ ਲਈ ਜਾਂਦੇ ਸਨ। ਬਹੁਤੇ ਆਕੜਖਾਨ ਦੀਆਂ ਛਾਤੀਆਂ ਛਾਨਣੀ ਕਰੀ ਜਾਂਦੇ ਸਨ। ਸਤਿਗੁਰੂ ਜੀ ਦੇ ਤੀਰਾ ਦੀ ਮਾਰ ਕੋਈ ਨਹੀਂ ਸੀ ਝੱਲ ਸਕਦਾ।

ਰਸਾਵਲ ਛੰਦ-ਹਰੀਚੰਦ ਕ੍ਰੱਧੰ ॥ ਹਨੇ ਸੂਰ ਸੁੱਧੰ ॥ ਭਲੇ ਬਾਣ ਬਾਹੇ ॥ ਬਡੇ ਸੈਨ ਗਾਹੇ ॥ ੧੩ ॥ ਰਸੰ ਰੁਦ੍ਰ ਰਾਚੇ ॥ ਮਹਾ ਲੋਹ ਮਾਚੇ ॥ ਹਨੇ ਸ਼ਸਤ੍ਰ ਧਾਰੀ ॥ ਲਿਟੇ ਭੂਪ ਭ ਰੀ ॥ ੧੪ ॥ ਤਬੈ ਜੀਤ ਮੱਲੰ ॥ ਹਰੀ ਚੰਦ ਭੱਲੰ ॥ ਹ੍ਰਿਦੇ ਐਂਚ ਮਾਰਿਓ ॥ ਸੁ ਖੇਤੰ ਉਤਾਰਿਓ ॥

Sri Satguru Jagjit Singh Ji eLibrary NamdhariElibrary@gmail.com

॥ ੧੫ ॥ ਲਗੇ ਬੀਰ ਬਾਣੰ ॥ ਰਿਸਯੋ ਤੇਜਿਮਾਣੰ ॥ ਸਮੁਹ ਬਾਜ ਡਾਰੇ
॥ ਸੁਵਰਜੰਬ ਸਿਧਾਰੇ ॥ ੧੬ ॥

ਸਾਹਿਬ ਫੁਰਮਾਉਂਦੇ ਹਨ ਕਿ ਹਰੀ ਚੰਦ ਨੂੰ ਬਹੁਤ ਗੁਸਾ ਆਇਆ ਉਹ ਬਹੁਤ ਤਕੜਾ ਸੂਰਮਾ ਸੀ । ਉਸਨੇ ਬਹੁਤ ਤੀਰ ਛੱਡੇ ਤੇ ਵਡੇ ਵਡੇ ਦੁਸ਼ਮਨ ਮਾਰ ਕੇ ਧਰਤੀ ਉਤੇ ਸੁਟੇ । ਉਸ ਵੇਲੇ ਲਹੂ ਦੀਆਂ ਧਾਰਾਂ ਵਹਿੰਦੀਆ ਸਨ ਤੇ ਲਹੂ ਵਿਚ ਹੀ ਜਵਾਨ ਤਿਲਕਦੇ ਫਿਰਦੇ ਸਨ ਤੇ ਲੋਹੇ ਨਾਲ ਲੋਹਾ ਖੜਕਦਾ ਸੀ । ਬਹਾਦਰਾਂ ਦੇ ਤੀਰ ਚਲਦੇ ਸਨ ਤੇ ਅਨੇਕਾਂ ਬਲੀਆਂ ਨੂੰ ਸਵਰਗ ਲੋਕ ਭੇਜੀ ਜਾਦੇ ਸਨ। ਇਕ ਦੂਜੇ ਦੀ ਅਵਾਜ ਦਾ ਕੋਈ ਪਤਾ ਨਹੀਂ ਸੀ ਲਗਦਾ ਬਸ ਜੋਰਾਂ ਨਾਲ ਕਟਾ-ਵੱਢ ਹੁੰਦੀ ਜਾਂਦੀ ਸੀ ।

(ਭੁਜੰਗ ਪ੍ਰਯਾਤ ਛੰਦ) ਖੁਲੈ ਖਾਨ ਖੂਨੀ ਖੁਰਾਸਨ ਖੱਗੰ ॥ ਪਰੀ ਸ਼ਸਤ੍ਰ ਧਾਰੰ ਉਠੀ ਝਾਲ ਅੱਗੰ ॥ ਭਈ ਤੀਰ ਭੀਰੰ ਕਮਾਣੰ ਕੜੱ-ਕੇ ॥ ਗਿਰੇ ਬਾਜ ਤਾਜੀ ਲਗੇ ਧੀਰ ਧੱਕੇ ॥ ੧੭ ॥ ਬਜੀ ਭੇਰ ਭੁੰਕਾਰ ਧੁੰਕੇ ਨਗਾਰੇ ਦੁਹੂੰ ਓਰ ਤੇ ਬੀਰ ਬੰਕੇ ਬਕ਼ਾਰੇ ॥ ਕਰੇ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ ॥ ਡਕੀ ਡਾਕਣੀ ਚਾ ਵਡੀ ਚੀਤ ਕਾਰੰ ॥

ਦੋਹਰਾ—ਕਹਾਂ ਲਗੇ ਬਰਨਨ ਕਰੌਂ ਮਚਿਓ ਜੁਧ ਅਪਾਰ ॥
ਜੋ ਲੁਝੇ ਜੁਝੇ ਸਭੈ ਵੱਜੇ ਸੂਰ ਹਜਾਰ ॥

ਨਿਰਾਲੀ ਦਸ਼ਾ ਸੀ ਜੁਧ ਦੀ। ਰਾਕੀ ਖੁਲੇ ਫਿਰਦੇ, ਤੇ ਖੁਰਾਸਾਨ ਦੀਆ ਤੁਲਵਾਰਾਂ ਖੜਕਦੀਆਂ ਸਨ। ਹਥਿਆਰ ਉਤੇ ਹਥਿਆਰ ਵਜਣ ਨਾਲ ਐਸੀ ਅੱਗ ਨਿਕਲਦੀ ਸੀ ਜਿਵੇਂ ਜੰਗਲ ਨੂੰ ਅੱਗ ਲਗੀ ਹੋਈ ਹੁਦੀ ਹੈ। ਕਿਧਰੇ ਤੀਰਾ ਨੇ ਭੀੜ ਲਾਈ ਹੋਈ ਸੀ ਤੇ ਕਮਾਨਾਂ ਟੁਟ ਟੁਟ ਜਾਂਦੀਆਂ ਸਨ, ਕਮਾਨਾਂ ਦੇ ਕੜਾਕੇ ਨਿਕਲ ਰਹੇ ਸਨ। ਉਸ ਵੇਲੇ ਢੋਲ ਤੇ ਨਗਾਰੇ ਵੀ ਵਜ ਰਹੇ ਸਨ। ਉਹਨਾਂ ਢੋਲਾਂ ਤੇ ਨਗਾਰਿਆਂ ਦੀ ਗਰਜਵੀਂ ਅਵਾਜ ਵਿਚ ਦੋਹਾਂ ਪਾਸਿਆਂ ਦੇ ਛਬੀਲੇ ਗਭਰੂ ਬਕਰੇ ਬੁਲਾਉਂਦੇ ਚਾਂਗਰਾਂ ਮਾਰਦੇ ਹੋਏ ਵਧ ਵਧ ਕੇ ਲੜਦੇ ਸਨ। ਵਧ ਵਧ ਕੇ ਹਥਿਆਰਾਂ ਦੇ ਵਾਰ ਹੁੰਦੇ ਸਨ। ਐਸੀ ਜੁਧ ਦੀ ਝਾਕੀ ਸੀ। ਜੁਧ ਦੇਖ ਕੇ ਸਾਰੇ ਪਰਬਤ ਵੀ ਚੁਪ ਹੋ ਗਏ ਸਨ। ਐਨਾ ਜੁਧ ਭਿਆਨਕ

Sri Satguru Jagjit Singh Ji eLibrary NamdhariElibrary@gmail.com

ਹੋ ਰਿਹਾ ਸੀ ਜਿਸਦਾ ਬਿਆਨ ਨਹੀਂ ਹੋ ਸਕਦਾ । ਕੋਈ ਡਿਗਦਾ, ਕੋਈ ਮਾਰਦਾ ਤੇ ਕਈ ਜਖਮੀ ਹੁੰਦੇ ਤੇ ਕਈ ਏਧਰ ਓਧਰ ਨਸੇ ਫਿਰਦੇ ਸਨ ।

ਸਤਿਗੁਰੂ ਜੀ ਪਾਸ ਸੈਨਾ ਥੋੜੀ ਸੀ ਪਰ ਸੈਨਾ ਦੇ ਸਾਰੇ ਜਵਾਨ ਬਬਰ ਸ਼ੇਰ ਸਨ ਉਹ ਸਤਿਗੁਰੂ ਜੀ ਤੇ ਪਰੇਮ ਭਗਤੀ ਰਖਦੇ ਸਨ । ਭਗਤੀ ਦੇ ਜੋਸ਼ ਨਾਲ ਲੜਦੇ ਸਨ । ਦੂਸਰੇ ਪਾਸੇ ਮਾਂਗਵੀ ਧਾੜ ਸੀ । ਉਹ ਹਰਨਾਂ ਤੇ ਭੇਡਾਂ ਦੀ ਤਰਾਂ ਸਿਖ ਸੂਰਮਿਆਂ ਦੇ ਅਗੇ ਫਿਰਦੇ ਸਨ । ਸਤਿਗੁਰੂ ਜੀ ਦੇ ਤੀਰਾ ਨੇ ਅਨੇਕਾਂ ਮੁਖੀਆਂ ਨੂੰ ਘੋੜਿਆਂ ਦੀਆਂ ਕਾਠੀਆਂ ਤੋਂ ਹੇਠਾਂ ਸੁਟਿਆ ਸੀ । ਸੰਗੋ ਸ਼ਾਹ ਦੀ ਅਕਲ ਦੀ ਬਹਾਦਰੀ ਨੂੰ ਦੇਖ ਕੇ ਰਾਜਪੂਤ ਦੇ ਪੈਰਾਂ ਹੇਠੋਂ ਮਿਟੀ ਨਿਕਲ ਗਈ ਸੀ ।

ਭੁਜੰਗ ਪ੍ਰਯਾਤ ਛੰਦ--ਭਜਿਓ ਸਾਹ ਪਾਹਾੜ ਤਾਜੀ ਤ੍ਰਿਪਾਯੰ ॥
ਚਲਿਓ ਬੀਰਤਾ ਤੀਰੀਯਾ ਨਾ ਚਲਾਯੰ ॥ ਜਸੇ ਡੱਡਵਾਲੰ ਮੱਧੁਕਰ
ਸੁ ਸਾਹੰ ॥ ਭਜੇ ਸੰਗ ਲੈ ਕੇ ਸੁ ਸਾਰੀ ਸਿਪਾਹੰ ॥੨੦॥ ਚਕ੍ਰਤ
ਚੌਪਿਓ ਚੰਦ ਗਾਜੀ ਚੰਦੇਲੰ ॥ ਹਠੀ ਹਰੀ ਚੰਦੰ ਗਹੇ ਹਾਥ ਸੇਲੰ ॥
ਕਰਿਓ ਸੁਆਮਿ ਧਰਮੰ ਮਹਾ ਰੋਸ ਰੁਝਿਅੰ ॥ ਗਿਰਿਓ ਟੂਕ ਟੂਕ ਹਵੈ
ਇਸੋਸੂਰ ਜੁਝਿਅੰ ॥੨੧॥ ਤਹਾਂ ਖਾਨ ਨੇਜਾਬ ਤੇ ਆਨ ਕੈ ਕੈ ॥
ਹਨਿਓ ਸ਼ਾਹ ਸੰਗ੍ਰਾਹ ਕੌ ਸਸਤ੍ਰ ਲੈ ਕੈ ॥ ਕਿਤੇ ਖਾਨ ਬਾਬਾਨ ਹੁੰ
ਅਸਤ੍ਰ ਝਾਰੇ ॥ ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ ॥੨੨॥

ਦੋਹਰਾ--ਮਾਰ ਨਿਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ ॥
ਹਾਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ ॥੨੩॥

ਬਾਈ ਧਾ ; ਦੇ ਰਾਜਿਆਂ ਦੀ ਹਾਰ ਹੋਣ ਲਗੀ ਉਹਨਾਂ ਦੇ ਪੈਰ ਉਖੜ ਗਏ । ਜੇਹੜੇ ਆਪਣੇ ਆਪ ਨੂੰ ਛਤ੍ਰੀ ਤੇ ਲੜਨ ਵਾਲੇ ਰਾਜਪੂਤ ਸਮਝਦੇ ਸਨ ਉਹ ਗਿਦੜਾਂ ਵਾਂਗ ਮੈਦਾਨਿ ਜੰਗ ਵਿਚੋਂ ਨਸਣ ਲਗੇ । ਭੀਮਚੰਦ ਤੇ ਕ੍ਰਿਪਾਲ ਚੰਦ ਫਤਹ ਸ਼ਾਹ ਆਦਿਕ ਦੀ ਕੋਈ ਪੇਸ਼ ਨਾ ਗਈ ਫੌਜ ਪਿਛੇ ਭਜਣ ਲਗੀ । ਜਸ ਡਢਵਾਲੀਏ ਆਪਣੀ ਸੈਨਾ ਲੈ ਕੇ ਹੀ ਮੈਦਾਨ ਵਿਚੋਂ ਨੱਠ ਤੁਰੇ ਉਹਨਾਂ ਦੇ ਨੱਠਣ ਤੇ ਰਾਜਿਆਂ ਦੇ ਪੱਖੀਆ ਉਤੇ ਬਹੁਤ ਮਾੜਾ ਅਸਰ

Sri Satguru Jagjit Singh Ji eLibrary NamdhariElibrary@gmail.com

ਪਿਆ। ਉਹਨਾਂ ਨੂੰ ਨੱਠਦਿਆਂ ਦੇਖਕੇ ਹਰੀਚੰਦ ਵਰਗੇ ਸੂਰਮੇ ਹੌਂਸਲਾ ਕਰਕ ਅਰੇ ਵਧੋ ਤੇ ਹੱਥਾਂ ਵਿਚ ਸੇਲੇ ਲੈ ਕੇ ਨਠੇ ਜਾਂਦੇ ਦੁਸ਼ਮਨਾਂ ਦਾ ਪਿਛਾ ਕਰੀ ਜਾਂਦੇ ਸਨ। ਜਿਵੇਂ ਮੂਲੀਆਂ ਤੇ ਗਾਜਰਾਂ ਕਟੀਂਦੀਆਂ ਹਨ ਤਿਵੇਂ ਜਵਾਨ ਕਟੇਵਡੇ ਜਾਂਦੇ ਸਨ। ਨਜਾਬਤ ਖਾਂ ਬਹੁਤ ਬਲੀ ਸੀ ਉਸ ਨੇ ਬਹੁਤ ਘੋਰ ਜੁਧ ਕੀਤਾ ਉਸ ਦਾ ਮੁਕਾਬਲਾ ਕਰਨ ਵਾਸਤੇ ਸੰਗੋ ਸ਼ਾਹ ਸੂਰਮਾ ਅਗੇ ਵਧਿਆ, ਦੋਹਾਂ ਨੇ ਡੱਟ ਕੇ ਜੰਗ ਕੀਤਾ। ਨਜਾਬਤ ਖਾਂ ਮਾਰਿਆ ਗਿਆ, ਪਰ ਸੰਗੋਂ ਸ਼ਾਹ ਵੀ ਬਹਤ ਬੁਰੀ ਤਰਾਂ ਜਖਮੀ ਹੋਇਆ। ਐਸੇ ਜਖ਼ਮ ਸਨ ਜਿਨ੍ਹਾਂ ਦੀ ਮਲ੍ਹਮ ਪਟੀ ਨਾ ਹੋ ਸਕੀ ਤੇ ਉਸਨੂੰ ਸ਼ਹੀਦੀ ਪ੍ਰਾਪਤ ਕਰਨੀ ਪਈ। ਉਸਦੇ ਸ਼ਹੀਦ ਹੋਣ ਨਾਲ ਸਿਖ ਫੌਜ ਵਿਚ ਕੁਝ ਅਫਸੋਸ ਹੋਇਆ ਪਰ ਦੇਵ ਲੋਕ ਵਿਚ ਜੈਜੈਕਾਰਹੋਣਲਗੀ ਬਹਾਦਰ ਸੁਵਰਗ ਧਾਮ ਨੂੰ ਗਿਆ।

ਲਖੇ ਸ਼ਾਹ ਹੰਾਮ ਜੁਝੇ ਜੁਝਾਰੰ॥ ਤਵੈ ਕੀਟ ਬਾਣੰ ਕਮਾਣੰ ਸੰਭਾਰੰ॥
ਹਨਿਓ ਏਕ ਖਨੰ ਖਿਆਲੰ ਖਤੰਰੰ॥ ਭਸਯੋ ਸਤ੍ਰ ਕੇ ਜਾਨੁ ਸਯਾਮੰ ਭੁਜੰਗੰ॥ ੨੪॥ ਗਿਰਯੋ ਭੂਮ ਸੋ ਬਾਣ ਦੂਜੇ ਸੰਭਾਰਯੰ॥ਮੁਖੰ ਭੀਖਨੰ ਖਾਨ ਕੇ ਤਾਨ ਮਾਰਯੋ॥ ਭਜਿਓ ਖਾਨ ਖੂਨੀ ਰਹਯੋ ਕੇਤੇ ਤਾਜੀ॥ ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ॥ ੨੫॥ ਛੁਟੀ ਮੂਰਛਨਾ ਹਰੀ ਚੰਦੰ ਸੰਭਾਰੰ॥ ਗਹੇ ਬਾਣ ਕੱਮਾਨ ਤੇ ਐਂਚ ਮਾਰੰ॥ ਲਰੇ ਅੰਗ ਜਾਕੇ ਰਹੈ ਨਾ ਸੰਭਾਰੰ॥ ਤਨੰ ਤਿਆਗ ਤੇ ਦੇਵ ਲੋਕੰ ਪਧਾਰੰ॥ ਦੁਜੰ ਬਾਨ ਖੈਂਚੇ ਇਕੰ ਬਾਰ ਮਾਰੇ॥ ਬਲੀ ਬੀਰ ਬਾਜੀਨ ਤਾਜੀ ਬਿਦਾਰੇ॥ ਜਿਸੈ ਬਾਨ ਲਾਗੇ ਰਹੈ ਨ ਸੰਭਾਰੰ॥ ਤਨੰ ਬੇਧਿ ਕੈ ਤਾਹਿ ਪਾਰੰ ਸਿਧਾਰੰ॥

ਫਤਹ ਸ਼ਾਹ ਨੇ ਦਖਿਆ ਜੁਆਨ ਸ਼ਹੀਦ ਹੋ ਰਹੇ ਹਨ ਤੁਆਨ ਧਨੁਖਾ ਨੂੰ ਸੰਭਾਲ ਕੇ ਤੀਰ ਚਲਾ ਰਹੇ ਸਨ। ਕਈ ਖਾਨ (ਸੂਰਮੇ) ਇਸਤਰਾ ਡਿਗ ਰਹ ਸਨ ਜਿਵੇ ਸੱਪ ਡੰਗਦਾ ਹੈ। ਜੋ ਇਕ ਧਰਤੀ ਤੇ ਡਿਗਦਾ ਤਾਂ ਦੂਸਰਾ ਤੀਰ ਕਮਾਨ ਫੜ ਲੈਂਦਾ। ਭੀਖਨ ਵਰਗੇ ਮਾਰ ਦਿਤੇ ਜਿਹੜੇ ਬਲੀ ਸਨ। ਵਡੇ ਵਡੇ ਖੂਨੀ ਖਾਨ ਮਾਰੇ ਗਏ ਉਨ੍ਹਾਂ ਦੇ ਘੋੜੇ ਰਣ ਭੂਮੀ ਵਿਚ ਹੀ ਰਹੇ

Sri Satguru Jagjit Singh Ji eLibrary NamdhariElibrary@gmail.com

ਹਰੀ ਚੰਦ ਨੇ ਜੁਧ ਕੀਤਾ। ਗਲ ਕੀ ਤੀਰਾਂ ਦੀ ਵਰਖਾ ਵਿਚ ਜੁਆਨ ਲੜਦੇ ਤੇ ਮਰਦੇ ਰਹੇ, ਜੁਆਨ ਐਨੇ ਕ੍ਰੋਧ ਨਾਲ ਤੀਰ ਚਲਾਉਂਦੇ ਕਿ ਜਿਸਨੂੰ ਵਜਦੇ ਉਹੋ ਹੀ ਥਾਂ ਰਹਿੰਦੇ।

ਸਭੇ ਸ੍ਵਾਮਿ ਧਰਮੰ ਸੁ ਬੀਰ ਸੰਭਾਰੇ ॥ ਡਕੀ ਡਾਕਣੀ ਭੂਤ ਪਰੇਤੰ ਬਕਾਰੇ ॥ ਹਸੇ ਬੀਰ ਬੈਤਾਲ ਔਰ ਸੁੱਧ ਸਿਧੰ ॥ ਚਵੀ ਚਾਵਡੀਯੰ ਉਡੀ ਗਿੱਧ ਬ੍ਰਿਧੰ ॥ ਹਰੀਚੰਦ ਕੋਪੇ ਕਮਾਣੰ ਸੰਭਾਰੰ ॥ ਪ੍ਰਥਮ ਬਾਜੀਯੰ ਤਾਣ ਤੀਰੰ ਪ੍ਰਹਾਰੰ ॥ ਦੁਤੀ ਤਾਕ ਕੈ ਤੀਰ ਮੋਕੋ ਚਲਾਯੰ ॥ ਰਖਿਓ ਦਈਵ ਮੈ ਕਾਨ ਛਵੈ ਕੈ ਸਿਧਾਯੰ ॥ ੨੯ ॥ ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ ॥ ਬਿਧਿਯੰ ਚਿਲਕਤੰ ਦੁਆਰ ਪਾਰੰ ਪਧਾਰੰ ॥ ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ ॥ ਕਲੰ ਕੇਵਲੰ ਜਾਨ ਦਾਸੰ ਬਚਾਯੰ ॥ ੩ ॥

ਉਸ ਵੇਲੇ ਕਲਜੋਗਣਾ ਤੇ ਭੂਤ ਪਰੇਤ ਬੜੇ ਪ੍ਰਸੰਨ ਚਿਤ ਸਨ ਕਿਉਂਕਿ ਉਨ੍ਹਾਂ ਨੂੰ ਮਰਦ-ਖੂਨ ਮਿਲ ਰਿਹਾ ਸੀ। ਉਸ ਵੇਲੇ ਬੀਰ ਬੈਤਾਲ ਅਸਮਾਨ ਉਤੇ ਗਿੱਧਾ ਤੇ ਇਲ੍ਹਾਂ ਭਉਂਦੀਆਂ ਸਨ ਐਸੇ ਸਮੇਂ ਹਰੀਚੰਦ ਗੁਸੇ ਨਾਲ ਗਰਜਿਆ ਤੇ ਉਸ ਨੇ ਤੀਰ ਕਮਾਨ ਨੂੰ ਸੰਭਾਲਿਆ। ਉਸ ਨੇ ਕਮਾਨ ਉਤੇ ਤੀਰ ਚੜ੍ਹਾਇਆ ਤੇ ਨਿਸ਼ਾਨਾ ਲਿਆ। ਉਸ ਨੇ ਤੀਰ ਐਸੇ ਜ਼ੋਰ ਨਾਲ ਛਡੇ ਕਿ ਕਈਆਂ ਨੂੰ ਘਾਇਲ ਕਰ ਦਿਤਾ। ਜਿਸ ਨੂੰ ਤੀਰ ਦੀ ਚੁੰਜ ਲਗੀ ਉਹੋ ਹੀ ਜ਼ਖਮੀ ਹੋਇਆ ਤੇ ਪ੍ਰਲੋਕ ਗਿਆ ਐਸਾ ਘੋਰ ਜੁਧ ਹੋ ਰਿਹਾ ਸੀ। ਉਸ ਜੁਧ ਨੂੰ ਦੇਖਣ ਵਾਸਤੇ ਦੇਵਤੇ ਵੀ ਦੇਵੀ ਬਲ ਨਾਲ ਅਰੂਪ ਰਹਿੰਦੇ ਹੋਏ ਖਲੋਤੇ ਦੇਖ ਰਹੇ ਸਨ। ਰਾਜਿਆਂ ਦੇ ਸਿਰਾਂ ਵਿਚ ਤਾਂ ਪੱਥਰ ਪੈਂਦੇ ਰਹੇ। ਉਹ ਮੈਦਾਨ ਛੱਡ ਕੇ ਨੱਸ ਜਾਣ ਵਾਸਤੇ ਤਿਆਰ ਹੋ ਗਏ।

[ਰਸਾਵਲ ਛੰਦ] ਜਬੈ ਬਾਨ ਲਾਗਯੋ ॥ ਤਬੈ ਰੋਸ ਜਾਗਯੋ ॥ ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥ ੩੧ ॥ ਸਭੈ ਬੀਰ ਧਾਏ ॥ ਸਰੋਘੰ ਚਲਾਏ ॥ ਤਬੈ ਤਾਕਿ ਬਾਣੰ ॥ ਹਨਯੋ ਏਕ ਜੁਆਣੰ ॥੩੨॥ ਹਰੀਚੰਦ ਮਾਰੇ ॥ ਸੁਜੋਧਾ ਲਤਾਰੇ ॥ ਸੁਕਾਰੋੜ ਰਾਯੰ ॥ ਵਹੈ ਕਾਲ ਘਾਯੰ ॥੩੩॥

Sri Satguru Jagjit Singh Ji eLibrary NamdhariElibrary@gmail.com

ਰਣੰ ਤਿਆਗ ਭਾਰੇ ॥ ਸਮੈ ਤ੍ਰਾਸ ਪਾਰੇ ॥ ਭਈ ਜੀਤ ਮੋਰੀ ॥ ਕ੍ਰਿਪਾ ਕਾਲ ਕੇਰੀ ॥ ੩੪ ॥ ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥ ਧਨੰ ਧਾਮ ਬਰਖੇ ॥ ਸਭੈ ਸੂਰ ਹਰਖੇ ॥ ੩੫ ॥

ਸਾਹਿਬ ਫ਼ੁਰਮਾਉਂਦੇ ਹਨ ਕਿ ਜਿਉਂ ਜਿਉਂ ਸੂਰਮੇ ਨੂੰ ਬਾਣ [ਤੀਰ] ਲਗਦਾ ਹੈ ਤਿਉਂ ਤਿਉਂ ਉਸਨੂੰ ਜੋਸ਼ ਚੜ੍ਹਦਾ ਹੈ। ਉਸ ਵੇਲੇ ਪੂਰੇ ਤਾਣ [ਬਲ] ਨਾਲ ਸੂਰਮੇ ਲੜਦੇ ਤੇ ਤੀਰ ਚਲਾਉਂਦੇ ਹਨ । ਸਤਿਗੁਰੂ ਜੀ ਦੇ ਸਿਦਕੀ ਸਿੱਖ ਸੂਰਬੀਰਾਂ ਨੇ ਅਗੇ ਵਧਕੇ ਤੀਰਾਂ ਨੂੰ ਚਲਾਇਆ ਤੇ ਇਕ ਇਕ ਜਵਾਨ ਨੂੰ ਫੜਕੇ ਮਾਰਿਆ । ਹਰੀਚੰਦ ਵੀ ਮਾਰਿਆ ਗਿਆ, ਆਖਰ ਐਸਾ ਹੱਲਾ ਹੋਇਆ ਕਿ ਪਹਾੜੀਏ ਨੱਸ ਗਏ। ਵਾਹਿਗੁਰੂ ਦੀ ਕਿਰਪਾ ਨਾਲ ਸਤਿਗੁਰੂ ਜੀ ਦੀ ਜਿੱਤ ਹੋ ਗਈ। ਹਰ ਪਾਸੇ ਜੈ ਜੈ ਕਾਰ ਦੇ ਗੀਤ ਗਾਏ ਜਾਣ ਲਗੇ ਤੇ ਧੰਨਵਾਦ ਕਰਦੇ ਰਹੇ ਤੇ ਸੂਰਮੇ ਬਹੁਤ ਪ੍ਰਸੰਨ ਹੋਏ। ਮਾਨੋ ਧੰਨਵਾਦ ਦਾ ਮੀਂਹ ਵਰਨ ਲੱਗਾ।

ਦੋਹਰਾ—ਜੁਧ ਜੀਤ ਆਏ ਜਬੈ, ਟਿਕੈ ਨ ਤਿਨ ਪਾਵ ॥
ਕਾਹਲੂਰ ਮੈਂ ਬਾਂਧਜੋ, ਆਨ ਆਨੰਦਪੁਰ ਗਾਂਵ ॥

ਰਾਜਿਆਂ ਦੀ ਸੈਨਾਂ ਨੱਸ ਗਈ। ਰਾਜੇ ਆਪ ਵੀ ਰਣਭੂਮੀ ਵਿਚੋਂ ਨੱਸ ਗਏ। ੧੮ ਵੈਸਾਖ ੧੭੪੪ ਬਿ: ਨੂੰ ਸਤਿਗੁਰੂ ਜੀ ਨੇ ਪਹਿਲਾਂ ਜੁਧ ਜਿਤਿਆ। ਇਸ ਯੁਧ ਵਿਚ ਅਨੇਕਾਂ ਹੈਰਾਨ ਕਰਨ ਵਾਲੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੂੰ ਦੇਖ ਸੁਣ ਕੇ ਉਸ ਵੇਲੇ ਦੇ ਅਕਲਵਾਨਾਂ ਦੀ ਅਕਲ ਗੋਤੇ ਖਾਨ ਲੱਗੀ। ਇਕ ਅਚੰਭਾ ਇਹ ਹੋਇਆ ਕਿ ਰਾਜਪੂਤ ਤੇ ਰਾਜੇ ਇਹ ਦੇਖਕੇ ਹੈਰਾਨ ਹੋਏ ਕਿ ਉਹਨਾਂ ਲੋਕਾਂ ਨੇ ਕਮਾਲ ਦਾ ਜੁਧ ਕੀਤਾ ਜਿਨ੍ਹਾਂ ਦੇ ਵਡੇ ਵਡੇਰੇ ਜੁਧ ਕਰਨ ਨਹੀਂ ਸਨ ਜਾਣਦੇ । ਜਿਨ੍ਹਾਂ ਨੇ ਨਾ ਕਦੀ ਕਮਾਨ ਚੁਕੀ ਸੀ ਤੇ ਨਾ ਤਲਵਾਰ ਨੂੰ ਲਿਸ਼ਕਾਇਆ ਸੀ । ਤੱਕੜੀ ਫੜਕੇ ਵੱਟੇ ਹ ੜਨ ਵਾਲੇ ਲੋਕ, ਸੋਨੇ ਦੇ ਜ਼ੇਵਰ ਬਨਾਉਣ ਵਾਲੇ ਤੇ ਮਿਟੀ ਦੇ ਬਰਤਨ ਥੱਪਣ ਵਾਲੇ ਸਨ। ਰਾਜਾ ਫਤਹ ਸ਼ਾਹ ਤਾਂ ਅਗੇ ਹੋ ਕੇ ਵੀ ਨਾ ਲੜ ਸਕਿਆ । ਰਾਜਾ ਭੀਮ ਚੰਦ ਦੇ ਚੰਦ ਜੁੜ ਗਏ। ਉਹ ਸ਼ਰਮ ਦਾ ਮਾਰਿਆ ਝਾੜੀਆਂ ਦੇ ਉਹਲੇ ਉਹਲੇ ਹੀ ਪਾਸੇ

Sri Satguru Jagjit Singh Ji eLibrary NamdhariElibrary@gmail.com

ਹੋ ਗਿਆ ।

ਦਸਰੀ ਅਚੰਭੇ ਦੀ ਗਲ ਇਹ ਸੀ ਕਿ ਸੱਯਦ ਬੁਧੂ ਸ਼ਾਹ, ਉਸਦੇ ਚੌਂਹ ਪੁਤ੍ਰਾਂ ਤੇ ਉਹਦੇ ਮੁਰੀਦਾਂ ਨੇ ਰਣਭੂਮੀ ਵਿਚ ਗੁਰ ਸਿੱਖਾਂ ਦੀ ਸਹਾਇਤਾ ਕੀਤੀ । ਐਸੀ ਲੜਾਈ ਲੜੀ ਕਿ ਭੀਮ ਚੰਦ ਦੀਆਂ ਫੌਜਾਂ ਅਰੇ ਨਾ ਵਧ ਸਕੀਆਂ। ਸੱਯਦ ਦੇ ਦੋ ਪੁਤ੍ਰ ਸ਼ਹੀਦ ਹੋ ਗਏ ਪਰ ਸੱਯਦ ਨੇ ਅਖੋਂ ਅੱਥਰੂ ਨਾ ਕੇਰੇ ਸਗੋਂ ਉਸ ਨੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ।ਇਕ ਮੁਸਲਮਾਨ ਸੱਯਦ ਨੇਉਸਵੇਲੇ ਸਤਿਗੁਰੂ ਜੀ ਦਾ ਸਾਥ ਦਿਤਾ ਜਦੋਂ ਸਾਰੇ ਮੁਸਲਮਾਨ ਤੇ ਹਕੂਮਤ ਗੁਰੂ ਘਰ ਦੀ ਦੁਸ਼ਮਣ ਸੀ ਸਤਿਗੁਰੂ ਜੀਨੇ ਪ੍ਰਸੰਨ ਹੋਕੇ ਸੱਯਦ ਜੀਨੂੰ ਸਿਰੋਪਾਓ ਤੇ ਹੁਕਮ ਨਾਮੇ ਦਿਤੇ। ਜਿਸ ਵੇਲੇ ਸੱਯਦ ਜੀ ਸਤਿਗੁਰੂ ਜੀ ਨੂੰ ਮਿਲੇ ਸਨ ਉਸ ਵੇਲੇ ਸਤਿਗੁਰੂ ਜੀ ਕੇਸਾਂ ਨੂੰ ਕੰਘਾ ਕਰ ਰਹੇ ਸਨ। ਜੋ ਕੇਸ ਕੰਘੇ ਥੇ ਨਾਲ ਆਏ ਉਹ ਸਤਿਗੁਰੂ ਜੀ ਪਾਸੋਂ ਸੱਯਦ ਸਾਹਿਬ ਨੇ ਮੰਗ ਲਏ ਤੇ ਉਹਨਾ ਨੂੰ ਪਿਆਰੇ ਦੀ ਨਿਸ਼ਾਨੀ ਸਮਝਕੇ ਰੱਖਿਆ। ਐਸੀ ਸ਼ਰਧਾ ਸੀ ਸੱਯਦ ਦੀ ਸਤਿਗੁਰੂ ਜੀ ਉਪਰ।

ਸਤਿਗੁਰੂ ਜੀ ਨੇ ਰਣਭੂਮੀ ਦੀ ਦੇਖ ਭਾਲ ਕੀਤੀ, ਉਸ ਦੇਖ ਭਾਲ ਵਿਚ ਸ਼ਹੀਦਾਂ ਸਿਖਾਂ ਨੂੰ ਵਰ ਦੇ ਕੇ ਨਿਹਾਲ ਕੀਤਾ ਜੋਹੜੇ ਜਖਮੀ ਸਨ, ਉਨ੍ਹਾਂ ਨੂੰ ਚੁਕਵਾਕੇ ਮਲ੍ਹਮ ਪੱਟੀ ਵਾਸਤੇ ਤੰਬੂ ਵਿਚ ਲਿਆਂਦਾ । ਇਸ ਜੁਧ ਦੀ ਫਤਹ ਨੇ ਤਿਗੁਰੂ ਜੀ ਦੀ ਸੋਭਾ ਬਹੁਤ ਵਧਾ ਦਿਤੀ।

੫ ਸੰਸਕ੍ਰਿਤ ਸਾਹਿੱਤ ਨਾਲ ਪਿਆਰ ਤੇ ਵਿਦਵਾਨਾਂ ਦੀ ਕਦਰ ਕਰਨੀ

ਨਵਾਂ ਜੀਵਨ ਬਖਸ਼ਣ ਤੇ ਨੀਲ ਧਾਰਾ ਵਾਲੀ ਜਮਨਾ (ਕਲੰਦ੍ਰੀ) ਨਦੀ ਕਿਨਾਰੇ (ਪਾਉਂਟੇ ਵਿਚ) ਸਤਿਗੁਰੂ ਜੀ ਤਕਰੀਬਨ ਤਿੰਨ ਸਾਲ ਰਹੇ ਸਨ। ਭੰਗਾਣੀ ਦੇ ਜੁੱਧ ਤੋਂ ਪਹਿਲਾਂ ਸਤਿਗੁਰੂ ਜੀ ਨੇ ਅਨੇਕਾਂ ਕੌਤਕ ਕੀਤੇ ਸਨ ਸਤਿਗੁਰੂ ਜੀ ਦੀ ਅਪਾਰ ਲੀਲ੍ਹਾ ਦਾ ਪੂਰਾ ਹਾਲ ਲਿਖਣਾ ਤਾਂ ਕਠਨ ਹੈ ਫਿਰ ਵੀ ਕੁਝ ਹਾਲ ਲਿਖਦੇ ਹਾਂ । ਕਲਜੁਗੀ ਜੀਵਾਂ ਨੂੰ ਪਾਪ ਕਰਨ ਤੋਂ ਹਟਾਕੇ ਭਗਤੀ ਵਲ ਜੋੜਕੇ ਜਨਮ ਮਰਨ ਦੀ ਫਾਸੀ ਕਟਣ ਤੋਂ ਬਿਨਾਂ ਸਾਹਿਬਾਂ ਨੇ

Sri Satguru Jagjit Singh Ji eLibrary NamdhariElibrary@gmail.com

ਮੁਰਦਾ ਹਿੰਦੂਆਂ ਨੂੰ ਸੁਰਜੀਤ ਕਰਨ ਵਲ ਵੀ ਧਿਆਨ ਦਿੱਤਾ। ਕਿਸੇ ਕੌਮ ਦੇ ਜੁਆਨਾਂ ਨੂੰ ਹੌਂਸਲੇ ਵਾਲੇ ਬਨਾਉਣ ਵਾਸਤੇ ਇਹ ਜਰੂਰੀ ਹੈ ਕਿ ਉਨ੍ਹਾਂ ਨੌਜੁਆਨਾਂ ਦੇ ਦਿਲਾਂ ਅੰਦਰ ਬਹਾਦਰੀ ਤੇ ਕੁਰਬਾਨੀ ਦਾ ਵਲਵਲਾ ਉਤਪਨ ਕੀਤਾ ਜਾਵੇ। ਵਲਵਲੇ ਨੂੰ ਉਤਪਨ ਕਰਨ ਵਾਸਤੇ ਚੰਗੇ ਬੀਰ ਰਸ ਵਾਲੇ ਸਾਹਿੱਤ ਦਾ ਪੈਦਾ ਕਰਨਾ ਹੈ ਤੇ ਉਸ ਸਾਹਿੱਤ ਨੂੰ ਲੋਕਾਂ ਤਕ ਪਹੁੰਚਾਉਣਾ ਜਰੂਰੀ ਹੈ। ਉਸ ਸਮੇਂ ਬੀਰ ਰਸ ਦਾ ਸਹਿੱਤ ਕਵਿਤਾ ਵਿਚ ਹੁੰਦਾ ਸੀ। ਨਸਰ (ਵਾਰਤਿਕ) ਲਿਖਣ ਦਾ ਬਹੁਤ ਘਟ ਰਵਾਜ ਸੀ। ਸਾਰੇ ਸਿਆਣੇ ਕਵਿਤਾ ਉਚਾਰਦੇ ਸਨ। ਏਥੋਂ ਤਕ ਕਿ ਹਿਕਮਤ ਤੇ ਜੋਤਸ਼ ਦੇ ਗ੍ਰੰਥ ਵੀ ਕਵਿਤਾ ਵਿਚ ਹੀ ਉਚਾਰੇ ਗਏ ਸਨ।

ਕਵਿਤਾ ਉਚਾਰਨ ਦਾ ਰਵਾਜ ਫਾਰਸੀ ਤੇ ਸੰਸਕ੍ਰਿਤ ਵਿਚ ਬਹੁਤਾ ਸੀ। ਦੇਵਨਾਗਰੀ (ਹਿੰਦੀ) ਭਾਸ਼ਾ ਵਿਚ ਘਟ ਸਾਹਿਤ ਉਚਾਰਿਆ ਜਾਂਦਾ ਸੀ, ਇਸ ਵਾਸਤੇ ਚੰਗੇਰਾ ਤੇ ਨਰੋਆ ਸਾਹਿੱਤ ਪੈਦਾ ਕਰਨ ਵਾਸਤੇ ਸੰਸਕ੍ਰਿਤ ਤੇ ਫਾਰਸੀ ਪੜ੍ਹਨੀ ਬਹੁਤ ਜਰੂਰੀ ਸੀ। ਸਮੇ ਦੀ ਨਬਜ ਨੂੰ ਦੇਖਕੇ ਸਤਿਗੁਰੂ ਜੀ ਨੇ ਆਪਣੇ ਸਿਖ ਨੂੰ ਹੁਕਮ ਕੀਤਾ ਕਿ ਉਹ ਸੰਸਕ੍ਰਿਤ ਤੇ ਫਾਰਸੀ ਵਿਦਿਆ ਨੂੰ ਪੜਨ। ਕੁਝ ਸਿੱਖ ਨਿਰਮਲੇ ਸੰਤਾਂ ਦੇ ਰੂਪ ਵਿਚ ਕਾਸ਼ੀ (ਬਨਾਰਸ) ਭੇਜੇ ਤਾਂਕਿ ਵਿਦਿਆ ਪੜਕੇ ਆਉਣ। ਫਾਰਸੀ ਪੜ੍ਹਾਉਣ ਵਾਲੇ ਰਖੇ ਗਏ। ਜੇਹੜੇ ਸਿੱਖ ਪਹਿਲਾਂ ਸੰਸਕ੍ਰਿਤ ਵਿਦਿਆ ਪੜ੍ਹਨ ਵਾਸਤੇ ਕਾਂਸ਼ੀ ਭੇਜੇ ਉਹ ਇਹ ਸਨ--ਭਾਈ ਕਰਮ ਸਿੰਘ, ਭਾਈ ਗੰਡਾ ਸਿੰਘ, ਵੀਰ ਸਿੰਘ, ਸੈਣ ਸਿੰਘ ਤੇ ਰਾਮ ਸਿੰਘ ਇਨ੍ਹਾਂ ਨੂੰ ਇਹ ਵੀ ਹੁਕਮ ਦਿਤਾ ਕਿ ਉਹ ਨਿਰਮਲੇ ਰਹਿਣ ਤੇ ਬ੍ਰਹਮਚਾਰੀਆਂ ਵਾਲੇ ਬਸਤਰ ਪਹਿਣ ਲੈਣ ਕਿਉਂਕਿ ਖਤਰਾ ਸੀ ਕਿ ਬ੍ਰਾਹਮਣ ਲੋਕ ਉਨ੍ਹਾਂ ਨੂੰ ਸ਼ੂਦਰ ਸਮਝਕੇ ਵਿਦਿਆ ਹੀ ਨਾ ਪੜ੍ਹਾਉਣ। ਸੋ ਇਹ ਸਜਨ ੧੭੪੨ ਬਿ: ਵਿਚ ਕਾਸ਼ੀ ਨੂੰ ਗਏ ਸਨ। ਇਹ ਜਦੋਂ ਵਾਪਸ ਆਏ ਤਾ 'ਨਿਰਮਲੇ ਸੰਤਾਂ' ਦੀ ਸੰਪਰਦਾਇ ਇਨ੍ਹਾਂ ਤੋਂ ਪ੍ਰਚਲਤ ਹੋਈ। ਨਿਰਮਲ ਸੰਤਾ ਨੇ ਗੁਰੂ ਘਰ ਤੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ।

ਇਨ੍ਹਾਂ ਦਿਨਾਂ ਵਿਚ ਸਾਹਿਬਾਂ ਨੇ ਆਪ ਕਵਿਤਾ ਉਚਾਰਨੀ ਆਰੰਭ

Sri Satguru Jagjit Singh Ji eLibrary NamdhariElibrary@gmail.com

ਕੀਤੀ। ਪੁਰਾਤਨ ਸਿਮ੍ਰਤੀਆਂ ਤੇ ਹੋਰ ਗ੍ਰੰਥ ਪੜ੍ਹਨੇ ਸ਼ੁਰੂ ਕੀਤੇ। ਰਾਮਾਇਣ' ਮਹਾਂਭਾਰਤ, ਪ੍ਰੇਮ ਸਾਗਰ ਆਦਿਕ ਗ੍ਰੰਥ ਵੀ ਪੜ੍ਹੇ। ਉਹਨਾਂ ਗ੍ਰੰਥਾਂ ਵਿਚੋਂ ਬਹਾਦਰੀ ਤੇ ਇਤਿਹਾਸਕ ਤੇ ਗਾਥਾ ਦੇ ਪ੍ਰਸੰਗਾਂ ਨੂੰ ਸੁਣਿਆ। ਪ੍ਰਸੰਗਾ ਦੀ ਚੋਣ ਕਰਨ ਪਿਛੋਂ ਆਪਣੀ ਕਵਿਤਾ ਵਿਚ ਮੁੜ ਬਿਆਨ ਕਰਨਾ ਅਰੰਭਿਆ। ਕਵਿਤਾ ਪੰਜਾਬੀ ਤੇ ਹਿੰਦੀ ਭਾਸ਼ਾ ਵਿਚ ਹੈ। ਛੰਦ, ਅਲੰਕਾਰ ਸ਼ਬਦ ਆਦਿਕ ਬੀਰ ਰਸ ਚੁਣੇ ਹਨ, ਗ੍ਰੰਥ ਤੇ ਪ੍ਰਸੰਗ ਦੇ ਬਿਆਨ ਕਰਨ ਤੋਂ ਪਹਿਲਾਂ ਅਕਾਲ ਉਸਤਤ ਕਰਦੇ ਸਨ। ਬੀਰ ਰਸ ਤੇ ਗਿਆਨ ਦੀ ਕਵਿਤਾ ਉਚਾਰਨ ਵਿਚ ਆਪ ਦੀ ਕਮਾਲੀਅਤ ਸੀ। ਜੈਸਾ ਪ੍ਰਸੰਗ ਹੈ ਵੈਸੇ ਹੀ ਛੰਦ ਦੀ ਚਾਲ ਰਖਦੇ। ਲੜਾਈ, ਪਰੇਮ ਤੇ ਆਮ ਬੋਲ ਚਾਲ ਦੀ ਕਵਿਤਾ ਵੀ ਉਚਾਰੀ। 'ਦਸਮ ਗ੍ਰੰਥ' ਵਿਚ ਆ ਪ ਦੀ ਬੇਅੰਤ ਰਚਨਾ ਹੈ, ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ ਤੇ ਚੰਡੀ ਦੀ ਵਾਰ ਆਦਿਕ ਆਪ ਦੀਆਂ ਪ੍ਰਸਿਧ ਰਚਨਾਵਾਂ ਹਨ ਜੋ ਰਹਿੰਦੀ ਦੁਨੀਆਂ ਤਕ ਅਟੱਲ ਰਹਿਨਗੀਆਂ। ਬਾਕੀ ਬਾਰੇ ਅਗੇ ਜਾਕੇ ਵਿਚਾਰ ਕੀਤੀ ਜਾਵੇਗੀ।

ਉਸ ਸਮੇਂ ਦਾ ਰਿਵਾਜ ਸੀ ਕਿ ਰਾਜਿਆਂ, ਮਹਾਰਾਜਿਆਂ, ਬਾਦਸ਼ਾਹਾਂ, ਸਰਦਾਰਾ ਤੇ ਸੰਤਾਂ ਫਕੀਰਾਂ ਕੋਲ ਕਵੀਸ਼ਰ ਤੇ ਭੱਟ ਲੋਕ ਹੁੰਦੇ ਸਨ, ਉਹ ਕਵਿਤਾ ਦਾ ਉਚਾਰਨ ਕਰਕੇ ਸੁਣਾਉਂਦੇ ਰਹਿੰਦੇ। ਜੈਸੇ ਸੁਭਾਉ ਦਾ ਮਾਲਕ ਹੁੰਦਾ ਵੈਸਾ ਹੀ ਗਿਆਨ ਉਚਾਰਿਆ ਜਾਂਦਾ। ਸਤਿਗੁਰੂ ਜੀ ਸਚੇ ਪਾਤਸ਼ਾਹ ਸਨ ਆਪ ਕੋਲ ਰਾਜ ਦੀ ਬਹੁਤੀ ਧਰਤੀ ਤੇ ਆਪਣਾ ਸਿਕਾ ਨਹੀਂ ਸੀ ਬਾਕੀ ਸਾਰੀਆਂ ਗਲਾਂ ਬਾਦਸ਼ਾਹਾਂ ਵਰਗੀਆਂ ਸਨ। ਫੌਜ, ਬਹਾਦਰ, ਲੰਗਰ' ਝੰਡਾ ਤੇ ਨਗਾਰਾ ਕੋਲ ਸੀ, ਜਸ ਤੇ ਬ੍ਰਹਮ ਬਲ ਦਾ ਅੰਤ ਨਹੀਂ ਸੀ। ਦੇਸ਼ ਦੇਸ਼ ਦੇ ਲੋਕ ਦਰਸ਼ਨ ਕਰਨ ਆਉਂਦੇ ਸਨ। ਜਦ ਤੋਂ ਕਵੀਸਰਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਵਿਦਵਾਨਾਂ ਦੀ ਕਦਰ ਕਰਦੇ ਹਨ, ਇਨਾਮ ਤੇ ਸਤਕਾਰ ਬਖਸ਼ਦੇ ਹਨ ਅਤੇ ਪੁਰਾਤਨ, ਧਾਰਮਿਕ ਤੇ ਇਤਿਹਾਸਕ ਸਾਹਿਤ ਦ ਪ੍ਰੇਮੀ ਅਤੇ ਕਈ ਸਿਆਣੇ ਕਵੀ ਤੇ ਵਿਦਵਾਨ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਪੁਜੇ, ਉਹਨਾਂ ਨੇ ਸਿਖਾਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਕਈਆ ਨੇ ਬੀਰ

Sri Satguru Jagjit Singh Ji eLibrary NamdhariElibrary@gmail.com

ਰਸ ਦੀਆਂ ਵਾਰਾਂ ਸੁਨਾਉਣੀਆਂ ਅਰੰਭੀਆਂ । ਇਸ ਤਰ੍ਹਾਂ ਸਤਿਗੁਰੂ ਜੀ ਦਾ ਦਰਬਾਰ ਤੇ ਇਕਬਾਲ ਦਿਨੋ ਦਿਨ ਵਧਦਾ ਹੀ ਗਿਆ।

੬. ਰਾਮਰਾਇ ਜੀਦਾ ਚਲਾਣਾ ਤੇ ਮਸੰਦਾਂ ਨੂੰ ਸਜ਼ਾ ਦੇਣੀ

ਇਕ ਦਿਨ ਸਤਿਗੁਰੂਜੀ ਦਰਬਾਰ ਵਿਚ ਬਿਰਾਜਮਾਨ ਸਨ ਕਿ ਡੇਹਰਾਦੂਨ ਤੋਂ ਮਾਤਾ ਪੰਜਾਬ ਕੌਰ ਜੀ ਦੀ ਇਕ ਲੰਮੀ ਤੇ ਦਰਦ ਭਰੀ ਪੱਤ੍ਰਕਾ ਮਿਲੀ। ਉਸ ਵਿਚ ਲਿਖਿਆ ਸੀ ਕਿ ਕਸਾਈ ਤੇ ਨਿਮਕ ਹਰਾਮੀ ਮਸੰਦਾਂ ਨੇ ਉਸ ਦੇ ਪਤੀ ਰਾਮਰਾਇ ਜੀ ਨੂੰ ਜੀਉਂਦਿਆਂ ਹੀ ਸਾੜ ਦਿਤਾ ਹੈ। ਉਹ ਕਮਜ਼ੋਰ ਸਨ, ਅਜੇ ਉਨ੍ਹਾਂ ਦੇ ਪ੍ਰਾਣ ਪੰਖੇਰੂ ਨਹੀਂ ਸਨ ਉਡੇ ਕਿ ਦੁਸ਼ਟਾਂ ਨੇ ਐਵੇਂ ਹੀ ਧੁਮਾ ਦਿਤਾ ਕਿ ਚਲਾਣਾ ਕਰ ਗਏ ਹਨ । ਮੈਨੂੰ ਵੀ ਦਰਸ਼ਨ ਨਹੀਂ ਕਰਨ ਦਿਤੇ। ਹੁਣ ਭੂਤਰੇ ਹੋਏ ਮਸੰਦ ਡੇਰੇ ਨੂੰ ਲੁਟੀ ਜਾਂਦੇ ਹਨ ਤੇ ਮੈਨੂੰ ਬਹੁਤ ਤੰਗ ਕਰ ਰਹੇ ਹਨ। ਆਪ ਛੇਤੀ ਪੁਜੋ ਤੇ ਮਸੰਦਾਂ ਨੂੰ ਸੋਧੋ। ਜੇ ਵੇਲੇ ਸਿਰ ਨਾ ਸਹਾਇਤਾ ਕੀਤੀ ਤਾਂ ਮੈਨੂੰ ਵੀ ਮਾਰ ਸੁਟਣਗੇ। ਸਾਰੇ ਮਸੰਦਾਂ ਦੀਆਂ ਨੀਤਾਂ ਖੋਟੀਆਂ ਹਨ। ਪੂਜਾ ਦਾ ਧਾਨ ਖਾ ਕੇ ਫਿਟ ਗਏ ਹਨ । ਛੇਤੀ ਆਵੋ ਸਤਿਗੁਰੂ ਨਾਨਕ ਦੇਵ ਜੀ ਦੀ ਬਾਹੁੜੀ ਹੈ।

ਸਤਿਗੁਰੂ ਜੀ ਨੇ ਜਿਸ ਸਮੇਂ ਸਾਰੀ ਚਿੱਠੀ ਸੁਣ ਲਈ ਤਾਂ ਗੁਸੇ ਨਾਲ ਥਰਥਰਾਂਏ। ਸਾਹਿਬਾਂ ਨੇ ਉਸੇ ਵੇਲੇ ਹੁਕਮ ਦਿਤਾ—'ਸ਼ਸਤ੍ਰਧਾਰੀ ਜਵਾਨ ਆਪਾਂ ਦੇ ਨਾਲ ਚਲਣ, ਹੁਣੇ ਹੀ ਡੇਰੇ ਪੁਜਾਂਗੇ, ਮਸੰਦਾਂ ਨੇ ਪਾਪ ਕੀਤਾ ਹੈ, ਪਾਪ ਦਾ ਫਲ ਉਹਨਾਂ ਨੂੰ ਭੁਗਤਾਉਣਾ ਜਰੂਰੀ ਹੈ ।' ਹੁਕਮ ਦੀ ਢਿਲ ਸੀ ਬਸ ਉਸੇ ਵੇਲੇ ਸ਼ਸਤ੍ਰਧਾਰੀ ਜਵਾਨ ਕੋਈ ਤਿੰਨ ਸੌ ਦੇ ਲਗਪਗ ਤਿਆਰ ਹੋ ਪਏ। ਸਾਹਿਬ ਆਪ ਘੋੜੇ ਉਤੇ ਸਵਾਰ ਹੋਏ । ਪੰਜੇ ਸ਼ਸਤ੍ਰ ਧਾਰਨ ਕੀਤੇ, ਸੀਸ ਤੇ ਕਲਗੀ ਲਾਈ, ਹੱਥ ਵਿਚ ਬਾਜ ਲਿਆ । ਸ਼ਾਹੀ ਸ਼ਾਨ ਨਾਲ ਸਾਹਿਬਾਂ ਨੇ ਉਸੇ ਦਿਨ ਪੱਤਣ ਤੋਂ ਜਮਨਾ ਨੂੰ ਪਾਰ ਕੀਤਾ ਤੇ ਵਾਹੋ ਦਾਹੀ ਡੇਹਰਾਦੂਨ ਨੂੰ ਚਲ। ਰਸਤੇ ਵਿਚ ਜੋਹੜਾ ਵੀ ਦਰਸ਼ਨ ਕਰਦਾ ਉਹੋ ਹੀ ਨਿਹਾਲ ਹੋ ਜਾਂਦਾ। ਕਈ ਹੈਰਾਨੀ ਨਾਲ ਪੁਛਦੇ, 'ਕੌਨ ਜਾ ਰਿਹਾ ਹੈ ? ਕਿਥੋਂ ਦਾ ਪਾਤਸਾਹ ਹੈ ? ਸਿੱਖ ਉੱਤਰ

Sri Satguru Jagjit Singh Ji eLibrary NamdhariElibrary@gmail.com

ਦੇਂਦੇ ਅਨੰਦਪੁਰ ਦਾ ਵਾਸੀ, ਦੀਨ ਦੁਨੀਆਂ ਦਾ ਮਾਲਕ, ਸੱਚਾ ਪਾਤਸ਼ਾਹ ਸਤਿਗੁਰੂ ਗੋਬਿੰਦ ਰਾਇ।'

ਸਾਹਿਬ ਡੇਹਰੇ ਪਹੁੰਚ ਗਏ। ਰਾਮਰਾਇ ਜੀ ਦਾ ਡੇਰਾ ਬਹੁਤ ਵੱਡਾ ਅਸਥਾਨ ਸੀ। ਸਾਹਿਬਾਂ ਨੇ ਜਵਾਨਾਂ ਨੂੰ ਸਮਝਾਇਆ ਕਿ ਡੇਰੇ ਨੂੰ ਘੇਰਾ ਵੀ ਪਾਉਣਾ ਪਰ ਕਿਸੇ ਨੂੰ ਪਤਾ ਵੀ ਨਾ ਲਗਣ ਦੇਣਾ। ਕੋਈ ਮਸੰਦ ਨਸ ਕੇ ਨਾ ਜਾਵੇ ਸਾਰਿਆ ਨੂੰ ਪਰੇਮ ਨਾਲ ਸੋਧਣਾ ਹੈ।

ਜਦ ਸਾਹਿਬ ਡੇਰੇ ਵਿਚ ਦਾਖਲ ਹੋਏ ਤਾ ਮਾਤਾ ਪੰਜਾਬ ਕੌਰ ਜੀ ਤੇ ਉਨ੍ਹਾਂ ਦੇ ਹਮਦਰਦੀਆਂ ਨੂੰ ਤ ਪ੍ਰਸੰਨਤਾ ਹੋਈ ਪਰ ਹੰਕਾਰੀ ਮਸੰਦਾਂ ਨੂੰ ਅੱਗ ਲਗ ਗਈ। ਉਨ੍ਹਾਂ ਦੇ ਸਿਰ ਪੱਥਰ ਵਜੇ। ਉਹ ਕ੍ਰੋਧ ਨਾਲ ਲਾਖੇ ਪੀਲੇ ਹੋਕੇ ਸਤਿਗੁਰੂ ਜੀ ਦੇ ਨੇੜੇ ਆਏ ਤੇ ਕੌੜੇ ਬਚਨ ਕਹਿਣ ਲਗੇ—'ਤੁਸੀਂ ਕਿਉ ਆਏ ਹੋ ਇਸ ਡੇਰੇ ਨਾਲ ਤੁਸਾਂ ਦਾ ਕੀ ਸਬੰਧ ? ਇਹ ਡੇਰਾ ਸਦਾ ਤੁਸਾਂ ਦਾ ਵੈਰੀ ਰਿਹਾ ਹੈ ਅਸੀਂ ਤੁਸਾਂ ਦੀ ਕੋਈ ਪਰਵਾਹ ਨਹੀ ਕਰਦੇ, ਜਾਓ ! ਏਥੋਂ ਚਲੇ ਜਾਓ !'

ਸਤਿਗੁਰੂ ਜੀ ਨੇ ਕੌੜੇ ਬਚਨ ਸੁਣਕੇ ਕ੍ਰੋਧ ਨਾ ਕੀਤਾ। ਸਗੋਂ ਮੁਸਕਰਾਉ'ਦੇ ਹੋਏ ਬੋਲੇ--'ਅਸੀਂ ਤਾਂ ਪਤਾ ਕਰਨ ਆਏ ਹਾਂ ਕਿ ਰਾਮਰਾਇ ਜੀ ਨੂੰ ਤੁਸਾਂ ਜੀਉਂਦਿਆਂ ਕਿਉਂ ਸਾੜਿਆ ਹੈ ? ਦੂਸਰਾ ਉਹਨਾਂ ਦੇ ਚਲਾਣੇ ਦੀ ਖਬਰ ਅਸਾਂ ਨੂੰ ਏਥੇ ਖਿਚ ਲਿਆਈ ਹੈ। ਘਾਬਰੋ ਨਾ, ਅਸੀਂ ਡੇਰਾ ਮੱਲਣ ਵਾਸਤੇ ਨਹੀਂ ਆਏ ਇਹ ਡੇਰੇ ਦੀ ਮਾਯਾ, ਜਮੀਨ ਤੇ ਸਿਖੀ ਤੁਸਾਂ ਕੋਲ ਰਹੇਗੀ ਅਸੀਂ ਤਾਂ ਜ਼ਗਤ ਚਾਲ ਤੇ ਧਰਮ ਚਾਲ ਨੂੰ ਪੂਰਿਆਂ ਕਰਨ ਵਾਸਤੇ ਆਏ ਹਾਂ। ਅੰਤਮ ਸੰਸਕਾਰ ਕਰਨਾ ਜਰੂਰੀ ਹੈ ਐਵੇਂ ਸ਼ਕ ਕਰਕੇ ਨਹੀਂ ਘਬਰਾਈਦਾ।'

ਉਹਨਾਂ ਵਿਚੋਂ ਕੁਝਕੁ ਮਸੰਦ ਤਾਂ ਨਰਮ ਹੋ ਗਏ ਕੁਝਕੁ ਨੇ ਸਤਿਗੁਰੂ ਜੀ ਦਾ ਸਤਿਕਾਰ ਕੀਤਾ ਤੇ ਕੁਝ ਹੰਕਾਰ ਵਿਚ ਪਾਗਲ ਹੋਕੇ ਸਤਿਗੁਰੂ ਜੀ ਨੂੰ ਮਾੜੇ ਬਚਨ ਕਹਿੰਦੇ ਰਹੇ। ਸਿੱਖਾਂ ਨੂੰ ਬਹੁਤ ਗੁਸਾ ਆਇਆ, ਪਰ ਸਤਿਗੁਰੂ ਜੀ ਦੀ ਜਿਵੇਂ ਆਗਿਆ ਸੀ ਤਿਵੇ ਉਨ੍ਹਾਂ ਕਰਨਾ ਸੀ। ਉਹ ਗੁਸੇ ਨੂੰ ਠੰਢੇ ਘੁਟ

Sri Satguru Jagjit Singh Ji eLibrary NamdhariElibrary@gmail.com

ਨਾਲ ਪੀਂਦੇ ਰਹੇ। ਸਤਿਗੁਰੂ ਜੀ ਦੇ ਮੁਖੀਏ ਸਿਖਾਂ ਨੰਦ ਚੰਦ, ਮੋਹਰੀ, ਸੰਗੋ ਜੀ, ਮਾਮਾ ਕ੍ਰਿਪਾਲ ਚੰਦ ਜੀ ਆਦਿਕ ਨੇ ਮਸੰਦਾਂ ਨੂੰ ਸਮਝਾ ਬੁਝਾ ਕੇ ਮਠਿਆਂ ਕੀਤਾ। ਰਾਤ ਨਿਕਲ ਗਈ ਤੇ ਅਗਲੇ ਦਿਨ ਸਤਿਗੁਰੂ ਜੀ ਨੇ ਦਇਆ ਰਾਮ ਪੋ੍ਹਤ ਰਾਹੀਂ ਮਾਤਾ ਪੰਜਾਬ ਕੌਰ ਜੀ ਨੂੰ ਦੁਸ਼ਾਲੇ, ਸੋਨੇ ਦਾ ਦੂੜਾ, ਮੋਤੀਆਂ ਦੀ ਮਾਲਾ ਤੇ ਦਸਤਾਰ ਆਦਿਕ ਵਸਤੂਆਂ ਦੇਕੇ ਮਤਕਾਰਿਆ ਜਿਸ ਦੇ ਪਿਛੋਂ ਝੰਡਾਰਾ ਕੀਤਾ ਤੇ ਇਕ ਇਕੱਠ ਕਰਕੇ ਐਲਾਨ ਕੀਤਾ ਕਿ ਜੋ ਹੋਇਆ ਸੋ ਠੀਕ ਹੋਇਆ। ਅਗਲੇ ਦਿਨ ਸਾਰੇ ਮਸੰਦਾਂ ਨੂੰ ਸਿਰੋ-ਪਾਓ ਦਿਤੇ ਜਾਣਗੇ। ਜੈਸਾ ਕੋਈ ਪਾਤ੍ਰ ਹੈ ਤੈਸਾ ਹੀ ਉਸ ਨੂੰ ਇਨਾਮ ਦਿਤਾ ਜਾਵੇਗਾ। ਇਸ ਵਾਸਤੇ ਸਵੇਰੇ ਸਾਰੇ ਮੁਖੀਏ ਤੇ ਦੂਸਰੇ ਮਸੰਦ ਜਰੂਰ ਹਾਜਰ ਹੋਣ।

ਲਾਲਚੀ ਮਸੰਦਾਂ ਨੇ ਸਤਿਗੁਰੂ ਜੀਦੀ ਗੁਝੀ ਰਮਜ ਨਾ ਸਮਝੀ ਕਿਉਂਕਿ ਉਹਨਾਂ ਦੇ ਹੰਕਾਰ ਤੇ ਪਾਪ ਦਾ ਪਿਆਲਾ ਨਕਾ-ਨਕ ਭਰ ਚੁਕਾ ਸੀ ਅਕਾਲ ਪੁਰਖ ਨੇ ਉਨ੍ਹਾਂ ਨੂੰ ਸਜਾ ਦੇਣੀ ਸੀ। ਉਹ ਇਨਾਮ ਦਾ ਐਲਾਨ ਸੁਣਕੇ ਪ੍ਰਸੰਨ ਹੋ ਗਏ ਉਨ੍ਹਾਂ ਨੂੰ ਰਾਤ ਨੀਂਦ ਨਾ ਆਈ। ਉਹ ਇਹ ਵੀ ਭੁਲ ਗਏ ਕਿ ਉਨ੍ਹਾਂ ਨੇ ਆਪਣੇ ਗੁਰੂ (ਰਾਮਰਾਇ ਜੀ) ਨੂੰ ਜੀਉ ਦਿਆਂ ਸਾੜ ਦਿਤਾ ਸੀ। ਸਤਿਗੁਰੂ ਜੀ ਨੇ ਰਾਤ ਆਪਣੇ ਸਿੱਖਾਂ ਅਤੇ ਮਾਤਾ ਪੰਜਾਬ ਕੌਰ ਜੀ ਨਾਲ ਸਲਾਹ ਕੀਤੀ ਕਿ ਜੈਸਾ ਕਿਸ ਮਸੰਦ ਨੇ ਪਾਪ ਕੀਤਾ ਹੈ, ਵੈਸੀ ਉਸਨੂੰ ਸਜਾ ਦਿਤੀ ਜਾਵੇ। ਉਹ ਇਸ ਵਾਸਤੇ, ਕਿ ਰਹਿੰਦੇ ਮਸੰਦਾਂ ਨੂੰ ਅਕਲ ਆ ਜਾਵੇ।

ਸਵੇਰ ਹੋਈ, ਜੋਹੜੇ ਮਸੰਦ ਚਲਾਕ ਤੇ ਬਹੁਤੇ ਪਾਪੀ ਸਨ ਸਾਹਿਬਾਂ ਨੇ ਉਨ੍ਹਾਂ ਨੂੰ ਕੋਲ ਸਦਿਆ ਤੇ ਬਚਨ ਕੀਤਾ—'ਤੁਸੀਂ ਸਾਰੇ ਅਸਾਂ ਦੇ ਕੋਲ ਬੈਠੋ ਸਲਾਹ ਕਰ ਲਈਏ, ਕਿ ਇਨਾਮ ਕਿਸ ਨੂੰ ਦੇਣਾ ਚਾਹੀਦਾ। ਉਹ ਲਾਲਚੀ ਮਸੰਦ ਬਿਨਾਂ ਸੋਚੇ ਸਮਝੇ ਤੇ ਚੰਗੇ ਵਸਤ੍ਰ ਪਹਿਣਕੇ ਆਏ। ਸਾਹਿਬਾਂ ਨ ਇਕ ਕੋਠੜੀ ਵਿਚ ਉਨ੍ਹਾਂ ਨੂੰ ਡਕ ਦਿਤਾ ਪਿਛੋਂ ਸਿੱਖਾਂ ਨੂੰ ਹੁਕਮ ਕੀਤਾ ਇਨ੍ਹਾਂ ਦੇ ਲੀੜੇ ਤੇ ਗਹਿਣੇ ਉਤਾਰ ਲਵੋ ਤੇ ਖੂਬ ਕੁੱਟੋ। ਸਿਖਾਂ ਨੇ ਆਗਿਆ ਦਾ ਪਾਲਣ ਕੀਤਾ ਉਨ੍ਹਾਂ ਮਸੰਦਾਂ ਦੇ ਲੀੜੇ ਲਾਹ ਕੇ ਖੂਬ ਕੁਟਿਆ। ਉਨ੍ਹਾਂ ਦੀ ਆਵਾਜ਼ ਬਾਹਰ ਨਾ ਆਉਣ ਦਿੱਤੀ, ਇਕ ਇਕ ਕਰਕੇ ਬਾਕੀ ਦੇ ਵੀ

Sri Satguru Jagjit Singh Ji eLibrary NamdhariElibrary@gmail.com

ਫੜ ਲਏ। ਜਦੋਂ ਸਾਰੇ ਕੈਦ ਕਰ ਲਏ ਤਾਂ ਮਾਤਾ ਪੰਜਾਬਕੌਰ ਨੂੰ ਸੱਦਕੇ ਬਰੀਕ ਪੜਦੇ ਦੇ ਪਿਛੇ ਬਿਠਾਕੇ ਇਕ ਇਕ ਮਸੰਦਨੂੰ ਕੋਠੜੀ ਵਿਚੋਂ ਬਾਹਰ ਕਢਿਆ। ਹਰ ਇਕ ਬਾਰੇ ਮਾਤਾ ਜੀ ਪਾਸੋਂ ਪੁੱਛਿਆ ਕਿ ਇਸ ਮਸੰਦ ਨੂੰ ਕੀ ਸਜ਼ਾ ਦਿਤੀ ਜਾਵੇ, ਇਹ ਕੈਸਾ ਬੰਦਾ ਹੈ ? ਮਾਂਤਾ ਜੀ ਨੇ ਜੋ ਜੋ ਹੁਕਮ ਕੀਤਾ ਸੋ ਸੋ ਭਾਣਾ ਵਰਤਿਆ। ਕਈਆਂ ਨੂੰ ਵੱਖ ਕਰ ਲਿਆ, ਜੋ ਭਲੇ ਮਨਸ ਤੇ ਨੇਕ ਸਨ. ਜੋ ਗਰਮ ਸਨ. ਜਿਨ੍ਹਾਂ ਨੇ ਪੂਜਾ ਦਾ ਧਾਨ ਹਜ਼ਮ ਕੀਤਾ ਸੀ ਜਾਂ ਮਾਤਾ ਜੀ ਨੂੰ ਤੰਗ ਕੀਤਾ ਸੀ ਉਹਨਾਂ ਨੂੰ ਤੌਣੀ ਲਾਉਣੀ ਆਰੰਭ ਦਿਤੀ।

ਜੋਹੜੇ ਮਸੰਦ ਵਡੇ ਪਾਪੀ ਸਨ, ਉਨ੍ਹਾਂਨੂੰ ਸਾਹਿਬਾਂਨੇ ਵੱਡੀ ਸਜ਼ਾ ਦੇਣ ਦਾ ਫੈਸਲਾ ਕੀਤਾਂ। ਇਕ ਤੇਲ ਦਾ ਕੜਾਹਾ ਭਰਕੇ ਤੱਤਾ ਕੀਤਾ ਗਿਆ। ਜਦੋਂ ਕੜਾਹੇ ਦਾ ਤੇਲ ਪਕੌੜੇ ਤਲਣ ਵਾਲਾ ਹੋ ਗਿਆ ਤਾਂ ਸਾਹਿਬਾਂ ਨੇ ਐਸੇ ਮਸੰਦਾਂ ਦੀ ਗਿਣਤੀ ਕੀਤੀ ਜੋ ਕੜਾਹੇ ਵਿਚ ਤਲਣ ਯੋਗ ਸਨ। ਉਹ ਕੋਈ ਦਸ ਕੁ ਨਿਕਲੇ। ਉਹ ਹੀ ਮਨਮੁਖ ਜੋਹੜੇ ਸਤਿਗੁਰੂ ਜੀ ਤੇ ਰਾਮ ਰਾਇ ਜੀ ਦੇ ਮਿਲਾਪ ਵਲੇ ਸਤਿਗੁਰੂ ਜੀ ਵਲ ਪਿਠ ਕਰਕੇ ਖਲੋਤੇ ਰਹੇ ਸਨ, ਜਿਨ੍ਹਾਂ ਨੇ ਸਤਿਗੁਰੂ ਜੀ ਦਾ ਨਿਰਾਦਰ ਕੀਤਾ ਤੇ ਕੌੜੇ ਬਚਨ ਆਖੇ ਸਨ, ਜਿਨ੍ਹਾਂ ਨੇ ਰਾਮਰਾਇ ਜੀ ਨੂੰ ਜੀਉਂਦਿਆਂ ਸਾੜਿਆ ਤੇ ਮਾਤਾ ਪੰਜਾਬ ਕੌਰ ਜੀ ਨੂੰ ਮਾਰ ਦੇਣ ਦੀ ਧਮਕੀ ਦਿਤੀ ਸੀ। ਐਸੇ ਆਦਮੀਆਂ ਨੂੰ ਸਜ਼ਾਏ ਮੌਤ ਦੇਣੀ ਚੰਗੀ ਸੀ।

ਜਿਸ ਸਮੇਂ ਕੁਝ ਕੁ ਮਸੰਦਾਂ ਨੂੰ ਕੁਟ ਕੇ ਛਡ ਦਿਤਾ ਅਤੇ ਕਿਹਾ, ਡੇਰੇ ਤੋਂ ਬਾਹਰ ਚਲੇ ਜਾਵੋ, ਤਾਂ ਉਹਨਾਂ ਨੇ ਬਾਹਰ ਆਕੇ ਦਸ ਦਿਤਾ ਕਿ ਮਸੰਦਾਂ ਨਾਲ ਕੀ ਵਾਪਰ ਰਹੀ ਹੈ। ਮਸੰਦਾਂ ਦੇ ਮਿਤ੍ਰ ਜੋ ਮਾੜੇ ਕੰਮਾਂ ਵਿਚ ਸ਼ਾਮਲ ਹੁੰਦੇ ਸਨ ਡਰਦੇ ਹੀ ਨੱਸ ਗਏ। ਕਿਸੁ ਨੇ ਘਰ ਦਾ ਸਾਮਾਨ ਵੀ ਨਾ ਚੁਕਿਆ।

ਤੇਲ ਦਾ ਕੜਾਹ ਤੱਤਾ ਹੋ ਗਿਆ। ਇਕ ਇਕ ਕਰਕੇ ਮਸੰਦਾ ਨੂੰ ਕੜਾਹੇ ਦੇ ਕੋਲ ਲਿਆਂਦਾ, ਉਸਦਾ ਨਾਮ ਪੁਛਿਆ। ਉਸ ਨੂੰ ਉਹਦਾ ਦੋਸ਼ ਦਸਿਆ, ਉਸ ਨੇ ਅਗੋਂ ਬਥੇਰੇ ਤਰਲੇ ਕੱਢੇ। ਜਾਨ ਬਚਾਉਣ ਵਾਸਤੇ ਹੱਥ ਪੱਲੇ ਮਾਰੇ ਕਿ ਕਿਵੇਂ ਉਹਦੀ ਜਾਨ ਬਚ ਜਾਵੇ ਪਰ ਸਾਹਿਬਾਂ ਨੇ ਉਨ੍ਹਾਂਵਿਚੋਂਕਿਸੇ ਇਕ ਦੀ ਕੋਈ ਗਲ ਨਾ ਸੁਣੀ। ਬਸ ਹੁਕਮ ਦਿਤਾ—'ਚੁਕ ਕੇ ਕੜਾਹੇ ਵਿਚ

Sri Satguru Jagjit Singh Ji eLibrary NamdhariElibrary@gmail.com

ਸੁਟੋ।' ਜੇਹੜਾ ਗੁਰੂ ਘਰ ਨਾਲ ਧੋਖਾ ਕਰੇ, ਉਸ ਨਾਲ ਐਸਾ ਹੀ ਸਲੂਕ ਹੋਣਾ ਠੀਕ ਹੈ। ਮਹਾਂਬਲੀ ਸਿਖ ਸਵਾ ਦੋ ਦੋ ਮਣ ਪੱਕੇ ਭਾਰ ਵਾਲੇ, ਹੰਕਾਰੀ ਤੇ ਰੋਗੜੀ ਮਸੰਦਾਂ ਨੂੰ ਚੁਕ ਚੁਕ ਕੇ ਤਤੇ ਤੇਲ ਦੇ ਕੜਾਹੇ ਵਿਚ ਸੁਟਣ ਲਗੇ। ਬਹੁਤਾ ਅੰਨ ਖਾ ਖਾ ਕੇ ਸੂਰ ਤੇ ਦੁੰਬੇ ਵਾਂਗੂੰ ਫਿਟੇ ਹੋਏ ਅਕ੍ਰਿਤਘਣ ਮਸੰਦ ਸੜਨ ਲੱਗੇ ਉਨ੍ਹਾਂ ਦੀ ਚਰਬੀ ਤੇਲ ਬਨਣ ਲਗੀ। ਉਹ ਤੜਪ ਤੜਪ ਕੇ ਜਾਨਾਂ ਦੇਂਦੇ ਹੋਏ ਆਪਣੇ ਕੁਕਰਮਾਂ ਨੂੰ ਚੇਤੇ ਕਰਦੇ ਰਹੇ। 'ਪਾਪੀ ਦੇ ਮਾਰਨ ਕੋ ਪਾਪ ਮਹਾਂ ਬਲੀ ਹੈ' ਦੇ ਕਥਨ ਅਨੁਸਾਰ ਉਨ੍ਹਾਂ ਦੇ ਪਾਪਾਂ ਨੇ ਉਹਨਾਂ ਨੂੰ ਸਾੜ ਸੁਆਹ ਕੀਤਾ। ਮਸੰਦਾਂ ਦੀ ਇਹ ਹਾਲਤ ਦੇਖ ਕੇ ਸਤਿਗੁਰੂ ਜੀ ਦੇ ਮਸੰਦ ਭੀ ਭੀਤ ਹੋ ਗਏ। ਉਨ੍ਹਾਂ ਨੂੰ ਕੰਨ ਹੋ ਗਏ ਕਿ ਐਸਾ ਕਰਮ ਨਹੀਂ ਕਰਨਾ ਚਾਹੀਦਾ ਜਿਸ ਕਾਰਨ ਐਸੀ ਸਜਾ ਮਿਲੇ।

ਮਾੜੇ ਮਸੰਦਾਂ ਨੂੰ ਸਜਾ ਦੇ ਕੇ ਅਤੇ ਚੰਗਿਆਂ ਨੂੰ ਇਨਾਮ ਦੇ ਕੇ ਸਤਿਗੁਰੂ ਜੀ ਨੇ ਰਾਮਰਾਇ ਜੀ ਦੇ ਡੇਰੇ ਦੀ ਹਾਲਤ ਸਾਰੀ ਠੀਕ ਕ, ਦਿਤੀ ਸਦੀਵਕਾਲ ਵਾਸਤੇ ਅਮਨ ਕਾਇਮ ਕਰ ਦਿਤਾ। ਜੇਹੜੇ ਮਸੰਦਾਂ ਦੇ ਹਵਾਲੇ ਡੇਰਾ ਕੀਤਾ ਉਹਨਾਂ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਨੇ ਫੁਰਮਾਇਆ 'ਦੇਖੋ! ਈਮਾਨਦਾਰੀ ਨਾਲ ਡੇਰੇ ਦੀ ਸੇਵਾ ਕਰਨੀ। ਜੋ ਵਸਤੂ ਜਾਂ ਮਾਯਾ ਡੇਰੇ ਵਾਸਤੇ ਲਿਆਉਣੀ ਉਹ ਡੇਰੇ ਦੇ ਭੰਡਾਰੇ ਵਿਚ ਜਮਾ ਕਰਾਉਣੀ। ਪੰਜਾਬ ਕੌਰ ਦਾ ਸਤਿਕਾਰ ਕਰਨਾ। ਅਏ ਗਏ ਸਿਖ ਨੂੰ ਪ੍ਰਸ਼ਾਦ ਛਕੌਣਾ ਤੇ ਹਰ ਇਕ ਸਿਖ ਜਾਂ ਯਾਤਰੂ ਦੀ ਮਾਂ ਭੈਣ ਤੇ ਵਹੁ ਦਾ ਸਤਿਕਾਰ ਕਰਨਾ। ਡੇਰੇ ਵਿਚ ਰਹਿੰਦਿਆ ਹੋਇਆਂ ਤੇ ਡੇਰੇ ਦੇ ਭੰਡਾਰੇ ਵਿਚੋਂ ਪ੍ਰਸ਼ਾਦ ਛਕਦਿਆਂ ਹੋਇਆਂ ਵਾਹਿਗੁਰੂ ਦਾ ਸਿਮਰਨ ਜਰੂਰ ਕਰਨਾ ਜੇਹੜਾ ਸਿਮਰਨ ਨਹੀਂ ਕਰਦਾ ਉਹ ਦੁਖ ਉਠੌਂਦਾ ਹੈ।'

ਇਸ ਦੇ ਪਿਛੋਂ ਪੰਜਾਬ ਕੌਰ ਨੂੰ ਤਸੱਲੀ ਦੇ ਕੇ ਸਤਿਗੁਰੂ ਜੀ ਵਾਪਸ ਪਾਉਂਟੇ ਸਾਹਿਬ ਆ ਗਏ। ਡੇਹਰਾਦੂਨ ਜਾਂਦਿਆਂ ਉਥੋਂ ਵਾਪਸ ਮੁੜਦਿਆਂ ਹੋਇਆਂ ਸਾਹਿਬਾਂ ਨੇ ਕਈਆਂ ਪ੍ਰਾਣੀਆਂ ਦੀ ਕਲਿਆਣ ਕੀਤੀ। ਸਭ ਸਤਿਗੁਰੂ ਜੀ ਦਾ ਜਸ ਗਾਉਂਦੇ ਰਹੇ। ਪਰਬਤਾਂ ਦੀਆਂ ਘਾਟੀਆਂ ਵਿਚੋਂ ਮਧੁਰ ਧੁਨ ਸੁਣਾਈ ਦੇਂਦੀ ਸੀ—'ਧੰਨ ਸਤਿਗੁਰੂ ਜੀ! ਧਰਮ ਦੇ ਰਾਖੇ ਕਲਗੀਧਰ

Sri Satguru Jagjit Singh Ji eLibrary NamdhariElibrary@gmail.com

ਪਿਤਾ ਜੀ ਧੰਨ ਹਨ !'

੭. ਵੈਰੀ ਮਿੱਤ੍ਰ ਬਣ ਗਏ

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਭੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭ ਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖਹਰਣੰ ਆਸਾ ਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮ ਮ ਪ੍ਰਤਿਪਾਰਣ ਜੈਤੇਰੀ ॥
[ਬਚਿਤ੍ਰ ਨਾਟਕ]

ਸੰਸਾਰ ਦੇ ਵਿਚ ਦੇਖਿਆ ਗਿਆ ਹੈ ਕਿ ਤੇਗ-ਸ਼ਕਤੀ ਹੀ ਸ਼ੈਤਾਨਨੂੰ ਕਾਬੂ ਰਖਦੀ ਹੈ। ਜਿੰਨਾ ਚਿਰ ਤੇਗ-ਸ਼ਕਤੀ ਦਾ ਦਿਖਾਵਾ ਨਾ ਕੀਤਾ ਜਾਵੇ ਕੋਈ ਡਰਦਾ ਨਹੀਂ। ਪਹਾੜੀ ਰਾਜਿਆਂ ਨੂੰ ਹੰਕਾਰ ਸੀ ਕਿ ਉਹ ਤੇਗ ਦੇ ਧਨੀ ਹਨ। ਉਹਨਾਂ ਸਾਹਮਣੇ ਕੋਈ ਨਹੀਂ ਅੜ ਸਕਦਾ ਪਰ ਉਹਨਾਂ ਦੇ ਹੰਕਾਰ ਦਾ ਲਕ ਟੁਟ ਗਿਆ। ਸਤਿਗੁਰੂ ਜੀ ਦੀ ਆਤਮਕ ਸ਼ਕਤੀ ਨੂੰ ਨਹੀਂ ਸੀ ਦੇਖਿਆ। ਦੂਸਰਾ ਭੀਮਚੰਦ ਦੀ ਤੇਗ-ਸ਼ਕਤੀ ਨੇ ਕਈਆਂ ਰਾਜਿਆਂ ਨੂੰ ਡਰਾ ਕੇ ਸਤਿਗੁਰੂ ਜੀ ਦੇ ਵਿਰੁਧ ਕਰ ਦਿਤਾ ਸੀ ਉਹ ਸਾਰੇ ਪਿਛੋਂ ਪਛਤਾਉਣ ਲਗੇ। ਰਾਜੇ ਹਰੀ ਚੰਦ ਨੇ ਖਾਹਮਖਾਹ ਜਾਨ ਗਵਾ ਲਈ। ਉਹਦੇ ਘਰ ਦੇ ਪਛਤਾਉਣ ਤੇ ਕੁਰਲਾਉਣ ਲਗੇ।

ਰਾਜਾ ਫਤਹ ਸ਼ਾਹ ਸਿਰਫ ਧੀ ਦੀ ਸ਼ਾਦੀ ਬਦਲੇ ਸਤਿਗੁਰੂ ਜੀ ਦਾ ਦੁਸ਼ਮਣ ਬਣ ਗਿਆ। 'ਧੀ ਕੰਵਾਰੀ ਨਾ ਬੈਠੀ ਰਹੇ' ਦੇ ਡਰ ਨੇ ਉਸ ਨੂੰ ਭੈ ਭੀਤ ਕੀਤਾ ਸੀ ਉਸ ਨੂੰ ਦੁਸ਼ਮਨ ਬਣਾਇਆ ਗਿਆ, ਉਸ ਨੂੰ ਸ਼ਤਸੰਗ ਤੋਂ ਮਠਮੁਖ ਕੀਤਾ ਗਿਆ। ਪਰ ਜਦੋਂ ਉਸ ਨੂੰ ਤੇ ਪਹਾੜੀ ਰਾਜਿਆਂ ਨੂੰ ਹਾਰ ਹੋਈ ਤਾ ਉਹ ਬਹੁਤ ਪਛਤਾਇਆ। ਆਖਦੇ ਨੇ ਕਈ ਦਿਨ ਇਸਤਰਾਂ ਤੜਪਦਾ ਰਿਹਾ ਜਿਵੇਂ ਢਿਡ ਪੀੜ ਦਾ ਬੀਮਾਰ ਤੜਫਦਾ ਹੈ। ਉਸਨੂੰ ਨਾ ਰਾਤ ਨੂੰ ਚੈਨ ਸੀ ਤੇ ਨਾ ਦਿਨੇ ਉਹਦੀ ਅੱਖ ਲਗਦੀ ਸੀ ਤਾਂ ਉਸ ਨੂੰ ਭਿਆਨਕ ਸੁਪਨ ਆਉਂਦੇ ਸਨ। ਉਹ ਸੁਪਨੇ ਵਿਚ ਕਦੀ ਡੁਬਦਾ ਤੇ ਕਦੀ ਤਰਦਾ। ਉਸ ਨੇ ਫੈਸਲਾ ਕੀਤਾ ਕਿ ਉਹ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀਦੇ ਚਰਨਾਂ ਦੀ ਧੂੜੀ ਜ਼ਰੂਰ ਪ੍ਰਾਪਤ ਕਰੇਗਾਪਰ ਵਿਚੋਲਾ ਕੌਣ ਬਣੇ? ਕਿਸ ਨੂੰ ਮਲਾਹ ਬਣਾਵੇ ਜੋ ਵੈਰ ਨਦੀ ਨੂੰ ਪਾਰ ਕਰਕੇ ਸਤਿਗੁਰੂ ਜੀ ਦੀ ਸਵਰਗ ਰੂਪੀ ਸਤਿਸੰਗ ਵਿਚ ਪਹੁੰਚਾਵੇ ? ਸੋਚਾਂ ਸੋਚਦਿਆਂ ਹੋਇਆਂ ਉਸ ਨੂੰ ਇਕ ਗਲ ਸੁਝੀ, ਇਕ ਆਸਰਾ ਦਿਸਿਆ । ਉਹੋ ਆਸਰਾ ਜਿਸ ਦੇ ਕਾਰਨ ਉਹ ਅਗੇ ਸਤਿਗੁਰੂ ਜੀ ਦੇ ਨੇੜੇ ਗਿਆ ਸੀ । ਉਹ ਆਸਰਾ ਦਿਸਿਆ ਰਾਜਾ ਮੇਦਨੀ ਪ੍ਰਕਾਸ਼। ਭੰਗਾਣੀ ਦੀ ਲੜਾਈ ਵਿਚ ਮੇਦਨੀ ਪ੍ਰਕਾਸ਼ ਨਿਰਪਖ ਰਿਹਾ ਸੀ ਉਸਨੇ ਕਿਸੇ ਪਾਸੇ ਹਿੱਸਾ ਨਹੀਂ ਸੀ ਲਿਆ। ਰਾਜਿਆਂ ਕੋਲੋਂ ਉਸ ਨੂੰ ਭੈ ਆਇਆ ਸੀ ਤੇ ਸਤਿਗੁਰੂ ਜੀ ਉਤੇ ਸ਼ਰਧਾ ਸੀ। ਰਾਜੇ ਫਤਹ ਸ਼ਾਹ ਨੇ ਸੋਚਿਆ ਕਿ ਮੇਦਨੀ ਪ੍ਰਕਾਸ਼ ਹੀ ਉਸ ਦਾ ਵਿਚੋਲਾ ਬਣ ਸਕਦਾ ਹੈ।

ਫਤਹ ਸ਼ਾਹ ਨੇ ਆਪਣੇ ਵਜ਼ੀਰ ਨੂੰ ਮੇਦਨੀ ਪ੍ਰਕਾਸ਼ ਵਲ ਤੋਰਿਆ, ਮਨ ਦੀ ਦਸ਼ਾ ਇਕ ਪਤ੍ਰਕਾ ਵਿਚ ਲਿਖੀ ਵਜ਼ੀਰ ਨੇ ਓਹ ਬਿਨੈ ਪਤ੍ਰ ਰਾਜਾ ਮੇਦਨੀ ਪ੍ਰਕਾਸ਼ ਅਗੇ ਜਾ ਰਖਿਆ। ਪਤ੍ਰਕਾ ਨੂੰ ਪੜ੍ਹਕੇ ਤੇ ਵਜ਼ੀਰ ਦੀ ਜ਼ਬਾਨੀ ਰਾਜੇ ਦੀ ਹਾਲਤ ਸੁਣਕੇ ਮੇਦਨੀ ਪ੍ਰਕਾਸ਼ ਨੂੰ ਤਰਸ ਆ ਗਿਆ, ਉਸ ਦਾ ਮਨ ਭਰ ਆਇਆ। ਕੁਝ ਵਾਹਿਗੁਰੂ ਦੀ ਉਸਤਤਿ ਕਰਨ ਲਗਾ ਕਿ ਵਾਹਿਗੁਰੂ ਕਿੰਨਾ ਵੱਡਾ ਹੈ, ਜੋ ਧਰਮ ਦੇ ਵਿਰੋਧੀਆਂ ਨੂੰ ਧਰਮੀ ਬਣਾਉਂਦਾ ਹੈ। ਰਾਜਾ ਉਸੇ ਵੇਲੇ ਉਠਿਆ ਤੇ ਸਤਿਗੁਰੂ ਜੀ ਵਲ ਗਿਆ, ਨਾਲ ਹੀ ਵਜ਼ੀਰ ਨੂੰ ਲੈ ਗਿਆ। ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਮੇਦਨੀ ਪ੍ਰਕਾਸ਼ ਨੇ ਬੇਨਤੀ ਕੀਤੀ–

'ਸਚੇ ਪਾਤਸ਼ਾਹ ! ਦੋਵੇਂ ਹੱਥ ਜੋੜਕੇ ਬੇਨਤੀ ਕਰਦੇ ਹਾਂ, ਭੁਲਿਆਂ ਨੂੰ ਬਖਸ਼ੋ ! ਅਗਿਆਨੀ ਪੁਰਸ਼ ਕਈ ਵਾਰ ਕਿਸੇ ਨਾ ਕਿਸੇ ਕਾਰਨ ਭੁਲੇਖੇ ਤੇ ਬੁਰਿਆਈ ਦਾ ਸ਼ਿਕਾਰ ਹੋ ਜਾਂਦਾ ਹੈ । ਆਪ ਦਿਆਲੂ, ਕਿਰਪਾਲੂ, ਮੇਹਰਾਂ ਦੇ ਦਾਤੇ, ਪ੍ਰਤੱਖ ਪ੍ਰਮੇਸ਼ਰ ਦਾ ਰੂਪ ਹੋ ਬਖਸ਼ੋ। ਬਖਸ਼ੋ !'

'ਕਿਸ ਗਲ ਦੀ ਖਿਮਾਂ ? ਕਿਸ ਨੂੰ ਅਸੀਂ ਖਿਮਾ ਕਰੀਏ ? ਅੰਤ੍ਰਜਾਮੀ ਸਤਿਗੁਰੂ ਜੀ ਸਭ ਕੁਝ ਜਾਣਦੇ ਸਨ, ਫਿਰ ਵੀ ਪ੍ਰਗਟ ਤੌਰ ਤੇ ਉਨ੍ਹਾਂ ਨੇ ਰਾਜਾ ਮੇਦਨੀ ਪ੍ਰਕਾਸ਼ ਨੂੰ ਪੁਛਿਆ।

'ਰਾਜਾ ਫਤਹ ਸ਼ਾਹ ! ਆਪ ਦਾ ਚਰਨ ਸੇਵਕ ਸੀ, ਮਾੜੇ ਬੰਦਿਆਂ ਨੂੰ

Sri Satguru Jagjit Singh Ji eLibrary NamdhariElibrary@gmail.com

ਉਸਨੂੰ ਘੇਰ ਕੇ ਮਾਇਆ ਜਾਲ ਵਿਚ ਫਸਾ ਕੇ ਤੁਸਾਂ ਦੇ ਵਿਰੁਧ ਕਰ ਦਿਤਾ ਸੀ। ਝੂਠੀ ਦੁਨੀਆ ਦਾਰੀ, ਝੂਠੀ ਇੱਜ਼ਤ, ਝੂਠੇ ਸਮਾਜ ਦੇ ਸਤਿਕਾਰ ਆਦਿਕ ਦੇ ਪਿੱਛੇ ਲਗਕੇ ਧਰਮ ਦਾ ਤਿਆਗ ਕਰ ਦਿਤਾ । ਭੀਮਚੰਦ ਨੇ ਕੁਵੱਲੇ ਧੋਖਾ ਦਿਤਾ। ਧੀ ਦਾ ਮਾਮਲਾ ਸੀ, ਰਾਜਾ ਡਰ ਗਿਆ, ਭੁਲ ਗਿਆ, ਮੂਰਖ ਬਣ ਗਿਆ। ਬਖਸ਼ੋ! ਤੁਸਾਂ ਦੇ ਵਿਰੋਧ ਚੜ੍ਹਾਈ ਕਰਕੇ ਆਇਆ ਅਕਾਲ ਪਰਖ ਨੇ ਆਪ ਦੀ ਸਹਾਇਤਾ ਕੀਤੀ ਕਿਉਂ ਕਿ ਆਪ ਸਚੇ ਸੀ, ਝੂਠੇ ਤੇ ਲਾਲਚੀ ਰਾਜੇ ਹਾਰ ਗਏ। ਸਾਰੇ ਮਾਰ ਖਾਕੇ ਆਪੋ ਆਪਣੇ ਘਰੀਂ ਚਲੇ ਗਏ ਪਰ ਰਾਜਾ ਫਤਹ ਸ਼ਾਹ ਅਜ ਪਛਤਾ ਰਿਹਾ ਹੈ। ਉਹ ਆਪਦੇ ਦਰਸ਼ਨ ਕਰਣਾ ਚਾਹੁੰਦਾ ਹੈ। ਡੰਡਵਤ ਨਮਸ਼ਕਾਰ ਕਰਕੇ ਭੁਲ ਬਖਸ਼ਾਉਣਾ ਚਾਹੁੰਦਾ ਹੈ, ਉਸ ਨੂੰ ਬਖਸ਼ੋ! ਆਗਿਆ ਬਖਸ਼ੋ! ਉਹ ਦਰਸ਼ਨ ਕਰਨ ਆਵੇ।'

'ਹੇ ਰਾਜਨ!' ਸਤਿਗੁਰੂ ਜੀ ਨੇ ਮੁਸਕਰਾਕੇ ਬਚਨ ਕੀਤਾ—'ਸਤਿਗੁਰੂ ਨਾਨਕ ਦੇਵ ਜੀ ਦਾ ਘਰ ਨਿਰਵੈਰਾਂ ਦਾ ਘਰ ਹੈ । ਇਸ ਘਰ ਵਿਚ ਤਾਂ ਵੈਰੀ ਤੇ ਨਿੰਦਕ ਦੇ ਭਲੇ ਵਾਸਤੇ ਅਰਦਾਸ ਹੁੰਦੀ ਹੈ । ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਰਾਜਾਂ ਆਵੇ! ਸਤਿਗੁਰੂ ਨਾਨਕ ਦੇਵ ਜੀ ਉਹਦੀ-ਆਂ ਭੁਲਾਂ ਬਖਸ਼ਣਗੇ।'

ਸਤਿਗੁਰਾਂ ਦੇ ਇਹ ਬਚਨ ਸੁਣਕੇ ਵਜ਼ੀਰ ਤੇ ਰਾਜਾ ਮੇਦਨੀ ਪ੍ਰਕਾਸ਼ ਪ੍ਰਸੰਨ ਹੋ ਗਏ। ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਵਜ਼ੀਰ ਨੂੰ ਸ੍ਰੀ ਨਗਰ ਵਲ ਤੋਰਿਆ ਤਾਂ ਕਿ ਉਹ ਜਾਕੇ ਰਾਜੇ ਫਤਹ ਸ਼ਾਹ ਨੂੰ ਨਾਲ ਲੈ ਆਵੇ।

ਉਸੇ ਦਿਨ ਵਜ਼ੀਰ ਸ੍ਰੀ ਨਗਰ ਪਹੁੰਚ ਗਿਆ। ਰਾਜੇ ਨੂੰ ਜਾ ਖੁਸ਼ਖਬਰੀ ਦਸੀ ਕਿ ਰਾਜਾ ਤੇਰੇ ਭਾਗ ਜਾਗ ਪਏ ਹਨ । ਸਤਿਗੁਰੂ ਜੀ ਨੇ ਮਿਲਣ ਦੀ ਆਗਿਆ ਬਖਸ਼ ਦਿਤੀ ਹੈ। ਉਸ ਵੇਲੇ ਰਾਜੇ ਦਾ ਕੁਝ ਦਿਲ ਖਲੋਤਾ। ਉਸ ਨੇ ਉਸ ਵੇਲੇ ਤਿਆਰੀ ਦਾ ਹੁਕਮ ਦਿਤਾ । ਸਤਿਗੁਰੂ ਜੀ ਦੀ ਭੇਟਾ ਕਰਨ ਵਾਸਤੇ ਬਹੁ-ਮੁਲੀਆਂ ਵਸਤੂਆਂ ਲਈ ਮਾਂ ਤੇ ਗੁਰੂ ਕੇ ਲੰਗਰ ਵਾਸਤੇ ਪਦਾਰਥ ਲਿਆ। ਅਗਲੇ ਸਵੇਰ ਤੁਰਿਆ ਤੇ ਸ਼ਾਮ ਨੂੰ ਆ ਪੁਜਾ।

Sri Satguru Jagjit Singh Ji eLibrary NamdhariElibrary@gmail.com

ਜਮਨਾ ਕਿਨਾਰੇ ਹਟਵੇਂ ਤੰਬੂ ਲਾਕੇ ਡੇਰਾ ਕਰ ਲਿਆ। ਉਸ ਡੇਰੇ ਤੋਂ ਪੈਦਲ ਤੁਰਿਆ। ਬੜੀ ਨਿੰਮਰਤਾ ਨਾਲ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਪ੍ਰਸਾਦ ਲੈਕੇ ਮੂੰਹ ਪਾਇਆ। ਉਸ ਸੀਤ ਪ੍ਰਸ਼ਾਦ ਨੇ ਰਾਜੇ ਦੇ ਦਿਲ ਨੂੰ ਸ਼ਾਂਤੀ ਦਿਤੀ ਤੇ ਉਸ ਦੇ ਚਿਤ ਦੇ ਸਾਰੇ ਭਰਮ ਦੂਰ ਕੀਤੇ।

ਸਤਿਗੁਰੂ ਜੀ ਨੇ ਸੁਖ ਸਾਂਦ ਪੁਛੀ, ਸਾਹਿਬ ਰਾਜੇ ਨੂੰ ਉਸੇ ਤਰਾਂ ਪ੍ਰਸੰਨਤਾ ਨਾਲ ਮਿਲੇ ਜਿਵੇਂ ਕਦੀ ਮਿਲਿਆ ਕਰਦੇ ਸਨ। ਉਹਨਾਂ ਨੇ ਕੋਈ ਨਰਾਜਗੀ ਦੇ ਨਿਸ਼ਾਨ ਪ੍ਰਗਟ ਨਾ ਕੀਤੇ। ਬਚਨ-ਬਿਲਾਸ ਕਰਨ ਤੇ ਰਾਜੇ ਫਤਹ ਸ਼ਾਹ ਦੇ ਸਾਰੇ ਡਰ ਦੂਰ ਹੋ ਗਏ। ਫਿਰ ਵੀ ਉਹ ਨੇ ਨਿੰਮ੍ਰਤਾ ਨਾਲ ਖਿਮਾਂ ਮੰਗੀ। ਸਤਿਗੁਰੂ ਜੀ ਨੇ ਉਸ ਨੂੰ ਨਾਮ ਦਾਨ ਸਿੱਖੀ ਬਖਸ਼ਕੇ ਨਿਹਾਲ ਕੀਤਾ। ਰਾਜਾ ਵੈਰੀ ਤੋਂ ਮੁੜ ਚਰਨ ਸੇਵਕ ਬਣਿਆ।

੮. ਪਾਉਂਟੇ ਸਾਹਿਬ ਤੋਂ ਤੁਰਨ ਦੀ ਤਿਆਰੀ

ਭੰਗਾਣੀ ਦੇ ਜੁਧ ਪਿਛੋਂ ਸਤਿਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਪਾਉਂਟੇ ਵਿਚ ਜਨਮ ਲਿਆ। ਉਨ੍ਹਾਂ ਦੇ ਪ੍ਰਗਟ ਹੋਣ ਤੇ ਗੁਰੂ ਘਰ ਤੇ ਸਿਖ ਸੰਗਤ ਵਿਚ ਬਹੁਤ ਖੁਸ਼ੀ ਹੋਈ। ਜੁਧ ਜਿਤਣ ਦੇ ਕਾਰਨ ਸਾਹਿਬ-ਜ਼ਾਦਾ ਦਾ ਨਾਮ ਵੀ 'ਅਜੀਤ' ਰਖਿਆ।

ਸ੍ਰੀ ਅਨੰਦਪੁਰ ਤੋਂ ਆਇਆਂ ਤਿੰਨ ਸਾਲ ਹੋ ਚੁਕੇ ਸਨ। ਸ੍ਰੀ ਅਨੰਦਪੁਰ ਦੀਆਂ ਸੰਗਤਾਂ ਵਲੋਂ ਬਹੁਤ ਸਾਰੇ ਬਿਨੈ ਪੱਤ੍ਰ ਆਉਂਦੇ ਸਨ ਕਿ ਸਤਿਗੁਰੂ ਦਰਸ਼ਨ ਦੇਣ। ਦੂਸਰਾ ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਨੂੰ ਵੀ ਭਰੋਸਾ ਹੋ ਗਿਆ ਕਿ ਹੁਣ ਜੁਧ ਨਹੀਂ ਹੋਵੇਗਾ। ਜੇ ਹੋਵੇਗਾ ਤਾਂ ਕੋਈ ਡਰ ਵਾਲੀ ਗਲ ਨਹੀਂ। ਭੀਮ ਚੰਦ ਦੀ ਲੜਾਈ ਤੋਂ ਬਚਣ ਵਾਸਤੇ ਏਥੇ ਆਏ ਪਰ ਭਾਣਾ ਅਕਾਲ ਪੁਰਖ ਦਾ ਅਮਿਟ ਹੈ ਲੜਾਈ ਫੇਰ ਵੀ ਹੋ ਗਈ। ਇਸ ਸਾਰਿਆਂ ਦਾ ਮਨ ਬਣ ਗਿਆ ਕਿ ਅਨੰਦਪੁਰ ਚਲੇ ਚਲੀਏ।

ਜੰਗਲ ਦੀ ਅੱਗ ਵਾਂਗ ਸਾਰੇ ਨਾਹਣ ਪਹਾੜ ਵਿਚ ਇਹ ਖਬਰ ਖਿਲਰ

Sri Satguru Jagjit Singh Ji eLibrary NamdhariElibrary@gmail.com

ਗਈ ਕਿ ਸਤਿਗੁਰੂ ਜੀ ਪਾਉਂਟੇ ਨੂੰ ਤਿਆਗ ਕੇ ਅਨੰਦਪੁਰ ਜਾ ਰਹੇ ਹਨ। ਇਕ ਨੇ ਦੂਸਰੇ ਨੂੰ ਤੇ ਦੂਸਰੇ ਨੇ ਤੀਸਰੇ ਨੂੰ ਦਸ ਦਿਤਾ। ਜੋਹੜਾ ਵੀ ਸ਼ਰਧਾਲੂ ਸੁਣਦਾ ਉਹੋ ਹੀ ਪ੍ਰਵਾਰ ਸਮੇਤ ਸਤਿਗੁਰੂ ਜੀਦੇ ਦਰਸ਼ਨ ਕਰਨ ਵਾਸਤੇ ਪਾਉਂਟੇ ਨੂੰ ਨੱਸ ਉੱਠਦਾ। ਜਿੰਨੀ ਮਾਲੀ ਸਮਰਥਾ ਸੀ ਉੱਨਾ ਹੀ ਚੜ੍ਹਾਵਾ ਲੈ ਲਿਆ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾ ਦੀ ਭੀ ਭੀੜ ਵਧ ਗਈ। ਕਿਸੇ ਨੇ ਰੋਗ ਦੂਰ ਕਰਨ ਵਾਸਤੇ ਬੇਨਤੀ ਕੀਤੀ ਤੇ ਕਿਸੇ ਨੇ ਨਾਮਦਾਨ ਇਸ਼ਨਾਨ ਦੀ ਮੰਗ ਕੀਤੀ। ਕਿਸੇ ਨੇ ਜਨਮ ਮਰਨ ਦੇ ਬੰਧਨ ਕਟਣ ਵਾਸਤੇ ਅਰਜ ਕੀਤੀ। ਸਤਿਗੁਰੂ ਜੀ ਨੇ ਸਾਰਿਆਂ ਦੀਆਂ ਸੁਣੀਆਂ ਤੇ ਸਾਰਿਆਂ ਨੂੰ ਨਿਹਾਲ ਕੀਤਾ ਰਾਜਾ ਮੇਦਨੀ ਪ੍ਰਕਾਸ਼ ਆਇਆ ਉਸਨੇ ਅਰਜ਼ ਕੀਤੀ ਕਿ ਡੇਰੇ ਪਾਉਂਟੇ ਰਖੇ ਜਾਣ ਪਰ ਸਤਿਗੁਰੂ ਜੀ ਨੇ ਉਸਨੂੰ ਧੀਰਜ ਦਾ ਉਪਦੇਸ਼ ਦਿਤਾ। ਉਸ ਨੂੰ ਕਿਹਾ—'ਅਸੀਂ ਤੁਸਾਂ ਦੇ ਨੇੜੇ ਹੀ ਹਾਂ। ਸਿਖ ਸੰਗਤਾ ਦੀ ਮੰਗ ਹੈ, ਇਸ ਵਾਸਤੇ ਅਸਾਂ ਦਾ ਅਨੰਦਪੁਰ ਜਾਣਾ ਜ਼ਰੂਰੀ ਹੈ ਨਾਲੇ ਬਹੁਤ ਸਾਰੇ ਕਾਰਜ ਥੋੜੇ ਸਮੇਂ ਵਿਚ ਕਰਨੇ ਹਨ।

ਸਤਿਗੁਰੂ ਜੀ ਦੇ ਹੁਕਮ ਅਗੇ ਰਾਜਿਆਂ, ਲੋਕਾਂ ਤੇ ਸ਼ਰਧਾਲੂ ਪ੍ਰੇਮੀ ਸਿਖਾਂ ਨੂੰ ਸਿਰ ਝੁਕਾਉਣਾ ਪਿਆ। ਸਾਹਿਬਾਂ ਨੇ ਤਿਆਰੀ ਕਰ ਦਿਤੀ, ਸਾਰਾ ਵਹੀਰ ਤੇ ਸੈਨਾ ਸਾਥ ਸੀ, ਸਾਹਿਬ ਹਾਥੀ ਉਤੇ ਸੁਵਾਰ ਹੋਏ। ਅਗੇ ਅਗੇ ਘੋੜ ਸੁਆਰ ਵਿਚਾਲੇ ਰਥ, ਗਡੇ ਤੇ ਪਾਲਕੀਆਂ ਸਨ। ਤਕਰੀਬਨ ਇਕ ਮੀਲ ਲੰਮਾ ਜਲੂਸ ਸੀ। ਰਾਹ ਵਿਚ ਜਿੱਥੇ ਵੀ ਨਗਰ ਆਂਉਂਦਾ ਉਥੋਂ ਦੇ ਲੋਕ ਦਰਸ਼ਨ ਕਰਕੇ ਨਿਹਾਲ ਹੁੰਦੇ। ਰਣਜੀਤ ਨਗਾਰਾ ਵਜਦਾ ਜਾਂਦਾ ਸੀ ਇਕ ਨਿਰਾਲਾ ਹੀ ਪਾਤਸ਼ਾਹੀ ਜਲੂਸ ਸੀ, ਜਿਸਦੀ ਮਹਿਮਾਂ ਵਰਨਣ ਨਹੀਂ ਕੀਤੀ ਜਾ ਸਕਦੀ। ਅਰਸ਼ਾਂ ਵਿਚੋਂ ਦੇਵਤੇ ਉਤਰਕੇ ਵੀ ਦਰਸ਼ਨ ਕਰਨ ਆਏ ਸਨ। ਸਾਰਿਆਂ ਨੇ ਸਤਿਗੁਰੂ ਜੀ ਨੂੰ ਨਮਸ਼ਕਾਰ ਕੀਤੀ ਤੇ ਫੁਲਾਂ ਦੀ ਵਰਖਾ ਕੀਤੀ ਸੀ।

†⊥†⊥

Sri Satguru Jagjit Singh Ji eLibrary NamdhariElibrary@gmail.com

੯. ਰਾਇਪੁਰ ਦੀ ਰਾਣੀ ਦਾ ਪ੍ਰਸੰਗ

ਨਾਹਣ ਦੇ ਦਖਣ ਪਛਮ ਵਲ ਇਕ ਛੋਟੀ ਜਹੀ ਸੁਤੰਤ੍ਰ ਰਿਆਸਤ ਰਾਇਪੁਰ ਸੀ ਰਿਆਸਤ ਦਾ ਰਾਜਾ ਮਰ ਚੁਕਾ ਸੀ ਤੇ ਵਿਧਵਾ ਰਾਣੀ ਸੀ ਉਹ ਦਲੇਰ ਤੇ ਬਹਾਦਰ ਸਿਆਣੀ ਰਾਣੀ ਸੀ । ਆਪ ਮਰਦਾਂ ਵਾਂਗ ਸੁਤੰਤਰ ਰਾਜ ਕਰਦੀ ਸੀ ਉਸ ਦੇ ਸਲਾਹਕਾਰ ਵਜ਼ੀਰ ਸਨ । ਉਹ ਵਜ਼ੀਰ ਹਿੰਦੂ ਧਰਮੀ ਤੇ ਬੁਤ ਪੂਜਾ ਕਰਨ ਵਾਲੇ ਸਨ ।

ਰਾਣੀ ਦੇ ਰਾਜ ਵਿਚ ਇਕ ਓਹਦੀ ਦਾਸੀ ਸੀ ਉਹ ਗੁਰੂ ਘਰ ਦੀ ਪ੍ਰੇਮਣ ਸੀ । ਉਸਨੇ ਰਾਣੀ ਜੀ ਪਾਸ ਗੁਰੂ ਜੀ ਦੀ ਬਹੁਤ ਉਪਮਾ ਕੀਤੀ ਨਾਲ ਹੀ ਗੁਰਬਾਣੀ ਦੇ ਕਈ ਸ਼ਬਦ ਸੁਣਾਏ। ਬਾਣੀ ਨੂੰ ਸਰਵਣ ਕਰਕੇ ਅਤੇ ਸਤਿਗੁਰੂ ਜੀ ਦਾ ਜਸ ਸੁਣਕੇ ਰਾਣੀ ਦੇ ਮਨ ਵਿਚ ਗੁਰੂ ਘਰ ਵਾਸਤੇ ਸ਼ਰਧਾ ਤੇ ਪ੍ਰੀਤ ਉਤਪਤ ਹੋ ਗਈ ਓਸ ਦੀ ਇਛਾ ਹੋਈ ਕਿ ਉਹ ਸਤਿਗੁਰੂ ਜੀ ਦੇ ਦਰਸ਼ਨ ਕਰੇ। ਮਾਈ ਨੇ ਰਾਣੀ ਨੂੰ ਇਹ ਵੀ ਜਾਚ ਦਸੀ ਕਿ ਜੇਕਰ ਇਕ ਚਿਤ ਹੋਕੇ ਅਰਦਾਸ ਬੇਨਤੀ ਕੀਤੀ ਜਾਵੇ ਤਾਂ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਂਦੇ ਹਨ। ਰਾਣੀ ਸਵੇਰੇ ਤੇ ਸ਼ਾਮ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਲਿਵ ਜੋੜਕੇ ਸਾਹਿਬ ਨੂੰ ਯਾਦ ਕਰਨ ਲਗੀ ।

ਭੰਗਾਣੀ ਦੇ ਯੁਧ ਵੇਲੇ ਰਾਜਿਆਂ ਦੇ ਕਹਿਣ ਤੇ ਵੀ ਰਾਣੀ ਨੇ ਆਪਣੀ ਫੌਜ ਸਤਿਗੁਰੂ ਜੀ ਦੇ ਵਿਰੁਧ ਲੜਨ ਵਾਸਤੇ ਨਹੀਂ ਸੀ ਭੇਜੀ। ਰਾਜੇ ਗੁਸੇ ਹੋ ਗਏ ਸਨ ਇਸ ਨੇ ਰਾਜਿਆਂ ਦੇ ਗੁਸੇ ਦੀ ਕੋਈ ਪਰਵਾਹ ਨਹੀਂ ਸੀ ਕੀਤੀ ਉਹ ਏਹੋ ਕਹਿੰਦੀ ਰਹੀ—'ਸਤਿਗੁਰੂ ਜੀ ਦੀ ਮੇਹਰ ਨਾਲ ਸਾਰੇ ਦੁਸ਼ਮਨ ਨਸ਼ਟ ਹੋ ਜਾਣਗੇ ਮੇਰਾ ਰਾਖਾ ਅਕਾਲ ਪੁਰਖ ਹੈ। ਜੇ ਅਕਾਲ ਪੁਰਖ ਦੀ ਅੱਖ ਸੁਵਲੀ ਰਹੇ ਤਾਂ ਕੋਈ ਚਿੰਤਾ ਨਹੀਂ।' ਭੰਗਾਣੀ ਦੇ ਯੁਧ ਪਿਛੋਂ ਉਸ ਨੂੰ ਖਬਰਾਂ ਆਈਆਂ ਕਿ ਉਹਦੇ ਰਾਜ ਵਿਚੋਂ ਦੀ ਲੰਘ ਕੇ ਸਤਿਗੁਰੂ ਜੀ ਅਨੰਦਪੁਰ ਨੂੰ ਜਾਣਗੇ। ਇਸ ਖਬਰ ਨੇ ਰਾਣੀ ਨੂੰ ਪ੍ਰਸੰਨ ਕਰ ਦਿੱਤਾ ਸੀ ਉਸ ਨੂੰ ਚਾਅ ਚੜ੍ਹ ਗਿਆ ਸੀ। ਓਸ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ਦੇ ਦਰਸ਼ਨਾਂ ਦਾ ਸਮਾ ਬਖਸ਼ਿਆ ਸੀ। ਉਸ ਨੇ ਸਤਿਰ ਰੂ ਜੀ ਦੇ ਦਰਸ਼ਨ ਤੇ ਸੇਵਾ ਕਰਨ ਦੀ ਤਿਆਰੀ ਕਰਨੀ ਸ਼ੁਰੂ ਕਰ ਦਿਤੀ। ਪ੍ਰਮਾਤਮਾਂ ਨੇ, ਪ੍ਰਭੂ ਮਾਲਕ ਨੇ ਉਸਦੇ ਘਰ ਆਉਣਾ ਸੀ ਓਸ ਨੇ ਸਾਰੇ ਰਾਜ ਭਵਨ ਦੀ ਸਫਾਈ ਕਰਾ ਦਿਤੀ। ਅੰਨ, ਘਿਓ, ਮਿਠੇ ਤੇ ਹੋਰ ਸਮਗਰੀਆਂ ਨੂੰ ਇਕੱਠਿਆਂ ਕੀਤਾ ਗਿਆ। ਸਤਿਗੁਰੂ ਦੀਆਂ ਉਡੀਕਾਂ ਹੋਣ ਲਗੀਆਂ।

ਵਜ਼ੀਰਾਂ ਨੂੰ ਪਤਾ ਲਗਾ ਰਾਣੀ ਓਸ ਗੁਰੂ ਨੂੰ ਸੱਦ ਰਹੀ ਹੈ ਜਿਸ ਦੇ ਵਿਰੁਧ ਸਾਰੇ ਬਾਈ ਧਾਰ ਦੇ ਰਾਜੇ ਹਨ। ਉਹਨਾਂ ਨੇ ਸਮਝਿਆ ਕਿ ਰਾਣੀ ਭੁਲ ਕਰ ਰਹੀ ਹੈ। ਰਾਣੀ ਨੂੰ ਨਹੀਂ ਸੀ ਚਾਹੀਦਾ ਕਿ ਓਹ ਐਸੇ ਪੁਰਖ ਨੂੰ ਰਿਆਸਤ ਵਿਚ ਵੜਨ ਦੇਵੇ ਜੇ ਰਿਆਸਤ ਵਿਚ ਆ ਜਾਣ ਤਾਂ ਸਤਕਾਰ ਨਾ ਕਰੇ। ਨਹੀਂ ਤੇ ਰਾਜੇ ਸਾਰੇ ਵੈਰੀ ਬਣ ਜਾਣਗੇ ਓਹ ਵੈਰੀ ਵੈਰ ਕਮਾਉਣਗੇ। ਛੋਟੀ ਰਿਆਸਤ ਹੈ, ਵੈਰੀ ਦਾ ਮੁਕਾਬਲਾ ਨਹੀਂ ਕਰ ਸਕੇਗੀ। ਰਿਆਸਤ ਦਾ ਅੰਤ ਹੋ ਜਾਵੇਗਾ। ਉਹਨਾ ਜਾਕੇ ਰਾਣੀ ਨੂੰ ਵੀ ਆਖ ਦਿਤਾ ਪਰ ਰਾਣੀ ਕਿਥੋਂ ਮੰਨੇ ? ਉਹ ਸਤਿਗੁਰੂ ਜੀ ਦੇ ਚਰਨ ਪਰਸਨ ਨੂੰ ਤੜਪ ਰਹੀ ਸੀ। ਜਿਵੇਂ ਪਾਣੀ ਬਿਨਾ ਮੱਛੀ ਨਹੀਂ ਜੀਉਂਦੀ ਰਹਿ ਸਕਦੀ ਤਿਵੇਂ ਰਾਣੀ ਸਤਿਗੁਰੂ ਜੀ ਦੇ ਦਰਸ਼ਣ ਕੀਤੇ ਬਿਨਾਂ ਨਹੀਂ ਸੀ ਜੀਉਂਦੀ ਰਹਿ ਸਕਦੀ।

'ਘਰ ਆਏ ਭਗਵਾਨ ਦੇ ਦਰਸ਼ਣ ਨਾ ਕੀਤੇ ਜਾਣ, ਓਹਨਾਂ ਦਾ ਸਵਾਗਤ ਨਾ ਕੀਤਾ ਜਾਵੇ ? ਐਸਾ ਹਨੇਰ ! ਮੈਥੋਂ ਇਹ ਪਾਪ ਨਹੀਂ ਹੋ ਸਕਦਾ ਮੈਂ ਤਾਂ ਸਤਿਗੁਰੂ ਜੀ ਨੂੰ ਜਰੂਰ ਘਰ ਸਦਾਂਗੀ।' ਰਾਣੀ ਦਾ ਵਜੀਰਾਂ ਨੂੰ ਉੱਤਰ ਸੀ।

'ਪਰ ਉਹਨਾ ਨਾਲ ਤਾਂ ਸੈਨਾ ਹੈ, ਹਜਾਰਾਂ ਸ਼ਰਧਾਲੂ ਹਨ, ਐਨਿਆਂ ਨੂੰ ਕਿਵੇਂ ਭੋਜਨ ਦਿਤਾ ਜਾਵੇਗਾ ਰਿਆਸਤ ਦੇ ਭੰਡਾਰੇ ਦਾ ਵੀ ਵਿਚਾਰ ਕਰਨਾ ਚਾਹੀਏ ? ਵਜੀਰਾਂ ਦਾ ਬਹਾਨਾ ਸੀ।

'ਪ੍ਰਭੂ ਦੀ ਦਇਆ ਹੋਣੀ ਚਾਹੀਦੀ ਹੈ। ਕਿਸੇ ਗਲ ਦਾ ਘਾਟਾ ਨਹੀ, ਭੰਡਾਰੇ ਭਰੇ ਰਹਿਣਗੇ। ਤੋਸ਼ੇਖਾਨੇ ਵਿਚ ਕਿਸੇ ਦੀ ਕੋਈ ਚੀਜ਼ ਨਹੀਂ ਘਟੇਗੀ, ਘਾਬਰੋ ਨਾ। ਸਤਿਗੁਰੂ ਜੀ ਵਿਸ਼ਨੂੰ ਰੂਪ ਹਨ। ਆਪ ਪਾਰਬ੍ਰਹਮ ਅਵਤਾਰ ਧਾਰਕੇ ਆਏ ਹਨ। ਜਾਓ ! ਸਾਰੇ ਪ੍ਰਬੰਧ ਕਰੋ ਉਹ ਆਉਣਗੇ,

Sri Satguru Jagjit Singh Ji eLibrary NamdhariElibrary@gmail.com

ਜਰੂਰ ਆਉਣਗੇ।'

ਦੂਸਰੇ ਪਾਸੇ ਜਦੋਂ ਨਾਹਣ ਤੋਂ ਸਤਿਗੁਰੂ ਜੀ ਚਲੇ ਤਾਂ ਉਨ੍ਹਾਂਨੂੰ ਅਨੁਭਵ ਹੋਇਆ ਕਿ ਕੋਈ ਆਤਮਾ ਉਨ੍ਹਾਂ ਨੂੰ ਯਾਦ ਕਰ ਰਹੀਹੈ। ਉਹਨਾਂ ਨੇ ਆਪ ਬਚਨ ਕਰ ਦਿਤਾ—'ਰਾਇਪੁਰ ਪੁਜਣਾ ਹੋਵੇਗਾ । ਰਸਤੇ ਦਾ ਥੋੜਾ ਜੇਹਾ ਵਲਾ ਪਾ ਕੇ ਸਤਿਗੁਰੂ ਜੀ ਰਇਪੁਰ ਪੁਜੇ। ਸ਼ਹਿਰ ਦੇ ਬਾਹਰ ਡੇਰਾ ਕੀਤਾ ਗਿਆ ਤੰਬੂ ਗਡੇ ਗਏ ਤੇ ਸਫਾਈਆਂ ਹੋ ਗਈਆਂ । ਰਾਇਪੁਰ ਦੇ ਲੋਕ ਦਰਸ਼ਨਾਂ ਨੂੰ ਧਾ ਕੇ ਪੈ ਗਏ। ਉਹਨਾਂ ਵਿਚੋਂ ਕਿਸੇ ਸਮਝਿਆ ਕੋਈ ਰਾਜਾ ਆਇਆ ਹੈ ਕਿਸੇ ਸਮਝਿਆ ਕੋਈ ਨਵਾਬ ਆਇਆ ਹੈ, ਕਿਸੇ ਸਮਝਿਆ ਮਹਾਂ ਪੁਰਖ ਮਹਾਤਮਾਂ ਸੰਤ ਹਨ ਜੇਹੜੇ ਜਾਣੂ ਸਨ ਉਹਨਾਂ ਨੇ ਕਿਹਾ—ਅਨੰਦਪੁਰ ਵਾਲਾ ਗੁਰੂ ਹੈ। ਉਹ ਗੁਰੂ ਜੋ, ਰਿਧੀਆਂ ਸਿਧੀਆਂ ਦਾ ਮਾਲਕ ਹੈ।'

ਦਾਸੀਆਂ ਨੇ ਜਾ ਰਾਣੀ ਦੇ ਕੰਨਾਂ ਵਿਚ ਆਖਿਆ—ਉਹ ਆ ਗਏ ਜਿਨ੍ਹਾਂ ਦੀ ਤੂੰ ਉਡੀਕ ਕਰਦੀ ਸੀ। ਚਲ ਦਰਸ਼ਨ ਕਰ, ਉਹਨਾਂ ਨੂੰ ਅੰਨ, ਜਲ, ਘਿਓ, ਮਿੱਠਾ ਚਾਹੀਦਾ ਹੈ । ਤੇਰੇ ਰਾਜ ਵਿਚ ਆਏ ਹਨ ਤੂੰ ਰਾਣੀ ਹੈਂ, ਇਸ ਰਿਆਸਤ ਦੀ ਮਾਲਕ। ਆਪ ਭਗਵਾਨ ਤੇਰੇ ਘਰ ਪ੍ਰਾਹੁਣਾ ਬਣਕੇ ਆਇਆਹੈ। ਸੁਭਾਗੀਏ ਰਾਣੀਏਂ, ਉਠ ਦੇਰ ਨਾ ਕਰ। ਦਰਸ਼ਨ ਕਰ ਤੇ ਨਿਹਾਲ ਹੋ, ਏਹੋ ਵੇਲਾ ਹੈ ਜਨਮ ਮਰਨ ਦੇ ਬੰਧਨ ਕਟਣ ਦਾ।'

'ਮੈਂ ਵਾਰੀ ! ਮੈਂ ਘੋਲੀ ! ਪ੍ਰਭੂ ਆ ਪੁਜੇ ! ਕੁਬਜਾਂ ਦੇ ਘਰ ਸ੍ਰੀ ਕ੍ਰਿਸ਼ਨ ਜੀ ? ਭੀਲਣੀ ਦੀ ਕੁਟੀਆ ਵਿਚ ਸ੍ਰੀ ਰਾਮਚੰਦ੍ਰ ਜੀ ਆਪ ਭਗਵਾਨ ਆਏ ਚਲੋ ਤਿਆਰੀ ਕਰੋ, ਕਿਸੇ ਗਲੋਂ ਗੁਸੇ ਨਾ ਹੋ ਜਾਣ। ਮੈਂ ਭਗਵਾਨ ਨੂੰ ਪ੍ਰਸੰਨ ਕਰਨਾ ਹੈ। ਵਿਸ਼ਨੂੰ ਰੂਪ ਵਿਚ ਦਰਸ਼ਨ ਕਰਨੇ ਹਨ। ਆਪ ਦੀਨ ਦੁਨੀ ਦੇ ਵਾਲੀ ਹਨ। ਮੈ ਵਾਰੀ ਉਨ੍ਹਾਂ ਰਾਹਾਂ ਤੋਂ ਜਿਨੀ ਰਾਹੀਂ ਆਏ ਹਨ।'

ਉਸੇ ਵੇਲੇ ਤਿਆਰੀ ਹੋਈ, ਚਾਂਦੀ ਦੇ ਥਾਲਾਂ ਵਿਚ ਉਤਮ ਉਤਮ ਵਸਤੂਆਂ ਰਖੀਆਂ । ਥਾਲ ਦਾਸੀਆਂ ਨੂੰ ਚੁਕਵਾਕ ਤੇ ਰਾਣੀ ਤੁਰੀ ਦਰਸ਼ਨ ਕਰਨ। ਪਾਲਕੀ ਵਿਚ ਨਹੀ ਬੈਠੀ, ਪੈਦਲ ਹੀ ਤੁਰ ਪਈ। ਪਰਜਾ ਨੇ ਦੇਖਿਆ ਉਨ੍ਹਾਂ ਦੀ ਪਿਆਰੀ ਤੇ ਧਰਮਣ ਰਾਣੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾ

Sri Satguru Jagjit Singh Ji eLibrary NamdhariElibrary@gmail.com

ਰਹੀ ਹੈ। ਸਾਰਿਆਂ ਨੇ ਸ਼ਰਧਾ ਨਾਲ ਸਿਰ ਝੁਕਾਏ। ਰਾਣੀ ਦੇ ਪਿੱਛੇ ਪਿੱਛੇ ਰੋਲੀਆਂ ਤੇ ਰੋਲੀਆਂ ਦੇ ਪਿਛੇ ਸ਼ਹਿਰ ਦੀਆਂ ਨਾਰੀਆਂ ਨਾਲ ਬੱਚੇ ਸਭ ਆਏ।

ਰਾਣੀ ਦੇ ਨਿਰਮਲ ਹਿਰਦੇ ਵਿਚ ਫੁਰਨਾ ਫੁਰਿਆ—'ਮੈਂ ਸਤਿਗੁਰੂ ਜੀ ਦੇ ਦਰਸ਼ਨ 'ਵਿਸ਼ਨੂੰ, ਰੂਪ ਵਿਚ ਕਰਨਾ ਚਾਹੁੰਦੀ ਹਾਂ।'

ਸਤਿਗੁਰੂ ਜੀ ਦਰਬਾਰ ਲਾਈ ਬੈਠੇ ਸਨ। ਚਿਤ ਪਾਰਬ੍ਰਹਮ ਦੇ ਚਰਨਾਂ ਨਾਲ ਜੁੜਿਆ ਹੋਇਆ ਸੀ. ਨੈਣ ਮੁੰਦੇ ਹੋਏ ਸਨ। ਜੋਗੀ ਰੂਪ ਹੋਕੇ ਅੰਮ੍ਰਿਤਰਸ ਦਾ ਅਨੰਦ ਲੈ ਰਹੇ ਸਨ। ਰਾਣੀ ਪਹੁੰਚੀ, ਉਸਨੇ ਦੇਖਿਆ। ਉਸਦੇ ਨੈਣਾਂ ਨੂੰ ਝੋਲਾ ਪਿਆ—ਸੱਚ ਮੁਚ ਆਸਣ ਉਤੇ ਵਿਸ਼ਨੂੰ ਜੀ ਬੈਠੇ ਹੋਏ ਹਨ।' ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਚਿਤ ਪ੍ਰਸੰਨ ਹੋ ਗਿਆ। ਪਰੇਮ ਤੇ ਸ਼ਰਧਾ ਦੇ ਨਾਲ ਸਿਰ ਝੁਕ ਗਿਆ। ਸਾਰੀਆ ਵਸਤੂਆਂ ਸਤਿਗੁਰੂ ਜੀ ਦੇ ਅਗੇ ਰਖਕੇ ਮੱਥਾਂ ਟੇਕਿਆ ਜਿਉਂ ਹੀ ਰਾਣੀ ਨੇ ਮੱਥਾ ਟੇਕਿਆ ਤਿਉਂ ਹੀ ਸਤਿਗੁਰੂ ਜੀ ਦੇ ਨੈਨ ਖੁਲ੍ਹ ਗਏ। ਸਾਹਿਬਾਂ ਨੇ ਕਿਹਾ—'ਨਿਹਾਲ ਰਾਣੀ ਜੀ ਨਿਹਾਲ! ਰਾਣੀ ਜੀ ਨਿਹਾਲ! ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਿਆ ਕਰ! ਇਹ ਬਚਨ ਦਰਗਾਹੋਂ ਆਇਆ ਸੀ, ਰਾਣੀ ਨਿਹਾਲ ਹੋ ਗਈ ਉਹਦੇ ਹਿਰਦੇ ਵਿਚ ਸ਼ਾਂਤੀ ਆ ਗਈ ਤੇ ਸਾਰੇ ਜਨਮ ਮਰਨ ਦੇ ਬੰਧਨ ਕਟੇ ਗਏ। ਉਸੇ ਵੇਲੇ ਉਹਦੀ ਜ਼ਬਾਨੋਂ ਨਿਕਲਿਆ—'ਵਾਹਿਗੁਰੂ!' ਸਿਰ ਫਿਰ ਝੁਕ ਗਿਆ। ਹੱਥ ਅਗੇ ਵਧਾਕੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਚਰਨ ਧੂੜ ਨੈਣਾ ਉਤੇ ਲਾਈ, ਨੈਣਾ ਦੀ ਹਾਲਤ ਬਦਲ ਗਈ। ਉਹਨਾਂ ਨੈਣਾਂ ਵਿਚ ਪਿਆਰ, ਹਮਦਰਦੀ ਤੇ ਏਕਤਾ ਦੀ ਰੌਸ਼ਨੀ ਆ ਗਈ। ਸਾਰਾ ਜਗਤ, ਸਾਰੇ ਬੰਦੇ ਚੰਗੇ ਦਿਸਣ ਲਗੇ। ਵੈਰੀ ਕੋਈ ਨਹੀਂ ਰਿਹਾ। ਸਾਰੇ ਆਪਣੇ ਵੀਰ ਪ੍ਰਤੀਤ ਹੋਣ ਲਗੇ। ਆਤਮਾ ਵਾਹਿਗੁਰੂ ਦਾ ਜਾਪ ਕਰਨ ਲਗੀ।

'ਰਾਜ ਭਵਨ ਵਿਚ ਚਲੋ ਤੇ ਪ੍ਰਸਾਦ ਛਕੋ, ਇਹ ਮੇਰੀ ਦੂਸਰੀ ਇੱਛਾ ਹੈ। ਰਾਜ ਭਵਨ ਪਵਿਤ੍ਰ ਹੋ ਜਾਵੇ।' ਰਾਣੀ ਨੇ ਹੱਥ ਜੋੜਕੇ ਬੇਨਤੀ ਕੀਤੀ।

'ਰਾਣੀ ਜੀ! ਤੁਸਾਂ ਦੀ ਇਹ ਬੇਨਤੀ ਵੀ ਪ੍ਰਵਾਨ ਹੋਈ ਪ੍ਰਸ਼ਾਦ ਤਿਆਰ ਕਰਵਾਵੋ ਗੁਰੂ ਸੰਗਤ ਚਲੇਗੀ। ਤੁਸਾਂ ਦਾ ਪਿਆਰ ਪ੍ਰਵਾਨ ਹੋਇਆ ਅਕਾਲ

Sri Satguru Jagjit Singh Ji eLibrary NamdhariElibrary@gmail.com

ਪੁਰਖ ਤੁਸਾਂ ਉਤੇ ਮੇਹਰ ਕੀਤੀ।

ਰਾਣੀ ਨਿਹਾਲ ਹੋਈ ਸਤਿਗੁਰੂ ਜੀ ਨੇ ਰਾਜ ਭਵਨ ਵਿਚ ਜਾਕੇ ਪ੍ਰਸ਼ਾਦ ਛਕਣ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਸਾਰੀ ਸੰਗਤ ਸਮੇਤ ਸਤਿਗੁਰੂ ਜੀ ਰਾਜ ਭਵਨ ਵਿਚ ਪੁਜੇ। ਪ੍ਰਸ਼ਾਦ ਛਕਿਆ, ਪਰੇਮ ਤੇ ਸ਼ਰਧਾ ਨਾਲ ਤਿਆਰ ਕੀਤਾ ਹੋਇਆ ਭੋਜਨ ਬਹੁਤ ਚੰਗਾ ਸਵਾਦੀ ਸੀ। ਸਾਰੀ ਸੰਗਤ ਪ੍ਰਸ਼ਾਦ ਛਕਕੇ ਪ੍ਰਸੰਨ ਹੋਈ। ਅਰਦਾਸ ਕੀਤੀ ਗਈ। ਅਰਦਾਸ ਵਿਚ ਏਹੋ ਬੇਨਤੀ ਸੀ—'ਰਾਣੀ ਨੂੰ ਨਾਮਦਾਨ ਪ੍ਰਾਪਤ ਹੋਵੇ, ਪ੍ਰਭੂ ਚਰਨਾ ਦੀ ਪ੍ਰੀਤੀ ਸਦੀਵ ਕਾਲ ਵਾਸਤੇ ਰਹੇ।'

'ਮੈਂ ਦਰਸ਼ਨ ਕਰਿਆ ਕਰਨਾ ਚਾਹੁੰਦੀ ਹਾਂ।' ਰਾਣੀ ਨੇ ਉਸ ਸਮੇਂ ਬੇਨਤੀ ਕੀਤੀ ਜਦੋਂ ਸਾਹਿਬਾਂ ਨੇ ਰਾਇਪੁਰ ਤੋਂ ਤੁਰਨ ਦੀ ਇੱਛਾ ਪ੍ਰਗਟ ਕੀਤੀ।

'ਇਹ ਲਉ ਪੋਥੀ ! ਇਸ ਪੋਥੀ ਦੇ ਦਰਸ਼ਨ ਜਦੋਂ, ਕਰੋ, ਤਦੋਂ ਤੁਸਾਂ ਨੂੰ ਅਸਾਡੇ ਦਰਸ਼ਨ ਹੋ ਜਾਇਆ ਕਰਨਗੇ।' ਸਤਿਗੁਰੂ ਜੀ ਨੇ ਬਚਨ ਕੀਤਾ ਤੇ ਨਾਲ ਹੀ ਗੁਰਬਾਣੀ ਦੇ ਸ਼ਬਦਾਂ ਦੀ ਇਕ ਪੋਥੀ ਬਖਸ਼ੀ। ਉਸ ਪੋਥੀ ਨੂੰ ਪ੍ਰਾਪਤ ਕਰਕੇ ਰਾਣੀ ਨਿਹਾਲ ਹੋ ਗਈ। ਉਸ ਨੇ ਜ਼ੇਵਰ ਨਗਦ ਰੁਪਿਆ ਤੇ ਉਤਮ ਵਸਤੂਆਂ ਸਤਿਗੁਰੂ ਜੀ ਦੀ ਭੇਟਾ ਕੀਤੀਆਂ।

ਦੋ ਦਿਨ ਰਾਇਪੁਰ ਅਟਕ ਕੇ ਸਤਿਗੁਰੂ ਜੀ ਅਗੇ ਤੁਰੇ।

੧੦. ਢਕੌਲੀ ਖੂਹ ਲਵਾਉਣਾ

ਰਾਇਪੁਰ ਦੀ ਰਾਣੀ ਨੂੰ ਤਾਰ ਕੇ ਸਤਿਗੁਰੂ ਜੀ ਅਗਲੇ ਨਗਰਾਂ ਨੂੰ ਆ ਗਏ ਤੇ ਟੋਡੇ ਤੋਂ ਢਕੌਲੀ ਪੁਜੇ। ਢਕੌਲੀ ਦੇ ਲੋਕਾਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ। ਉਸ ਪਿੰਡ ਵਾਲਿਆਂ ਨੂੰ ਪੀਣ ਵਾਲੇ ਜਲ ਦੀ ਬਹੁਤ ਤੰਗੀ ਸੀ। ਜਿਥੇਂ ਵੀ ਖੂਹ ਪੁਟਦੇ ਸਨ ਉਥੇਂ ਹੀ ਪਾਣੀ ਨਹੀਂ ਸੀ ਨਿਕਲਦਾ ਜੇ ਨਿਕਲਦਾ ਸੀ ਤਾਂ ਉਹ ਪਾਣੀ ਪੀਣ ਵਾਲਾ ਨਹੀਂ ਸੀ ਹੁੰਦਾ। ਸਤਿਗੁਰੂ ਜੀ ਦੇ ਅਗੇ ਉਨ੍ਹਾਂ ਨੇ ਬੇਨਤੀ ਕੀਤੀ—'ਹੇ ਦਾਤਾ ! ਦਇਆ ਕਰੋ ! ਅਸਾਂ ਨੂੰ ਜਲ ਬਖਸ਼ੋ !

'ਕੀ ਮਾਮਲਾ ਹੈ, ਏਥੇ ਜਲ ਨਹੀਂ ?' ਸਤਿਗੁਰੂ ਜੀ ਨੇ ਪੁਛਿਆ।

Sri Satguru Jagjit Singh Ji eLibrary NamdhariElibrary@gmail.com

'ਨਹੀਂ ਮਹਾਰਾਜ ! ਅਸੀਂ ਖੂਹ ਪੁਟਦੇ ਪੁਟਦੇ ਥਕ ਜਾਂਦੇ ਹਾਂ, ਪਰ ਜਲ ਨਹੀਂ ਨਿਕਲਦਾ ।'

ਇਹ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ। ਸਾਹਿਬਾਂ ਨੇ ਕਿਹਾ—'ਤੁਸਾਂ ਦੇ ਬਜ਼ੁਰਗਾਂ ਦੀ ਮਨਮੁਖਤਾ ਤੇ ਲਾ-ਪਰਵਾਹੀ ਦੇ ਕਾਰਨ ਇਹ ਤੰਗੀ ਤੁਸਾਂ ਨੂੰ ਹੋਈ ।'

'ਉਹ ਕਿਵੇਂ ਮਹਾਰਾਜ ਜੀ ?' ਇਕ ਮੁਖੀਏ ਨੇ ਪੁਛਿਆ।

'ਇਹ ਕਥਾ ਇਸ ਤਰ੍ਹਾਂ ਹੈ-ਤੁਸਾਂ ਦੇ ਨਗਰ ਸਾਧੂ ਆਏ ਸਨ ਉਹ ਸਾਧੂ ਕਰਤਾਰ ਦੇ ਭਗਤ ਸਨ। ਤੁਸਾਂ ਦੇ ਬਜ਼ੁਰਗਾਂ ਨੇ ਉਨ੍ਹਾਂ ਨੂੰ ਹਾਸੀ ਕੀਤੀ। ਉਨ੍ਹਾਂ ਸਾਧੂਆਂ ਵਿਚੋਂ ਇਕ ਸਾਧੂ ਜਲ ਲੈਣ ਵਾਸਤੇ ਗਿਆ ਤਾਂ ਇਕ ਮੁਖੀਏ ਨੇ ਜਲ ਨਾ ਲੈਣ ਦਿਤਾ ਸਾਧੂ ਤ੍ਰਿਹਾਏ ਹੀ ਰਹੇ। ਕਰਤਾਰ ਦਾ ਐਸਾ ਭਾਣਾ ਹੋਇਆ ਕਿ ਸਾਧੂਆਂ ਦੇ ਤੁਰ ਜਾਣ ਪਿਛੋਂ ਖੂਹਾਂ ਵਿਚੋਂ ਪਾਣੀ ਹੇਠਾਂ ਉਤਰ ਗਿਆ ਐਸਾ ਉਤਰਿਆ ਕਿ ਮੁੜ ਉਪਰ ਨਾ ਆਇਆ ਕਰਤਾਰ ਨੇ ਇਸ ਧਰਤੀ ਦੇ ਟੁਕੜੇ ਹੇਠੋਂ ਪਾਣੀ ਕਿਤੇ ਦੂਰ ਖਿਚ ਲਿਆ ਹੈ। ਧਰਤੀ ਹੇਠੋ ਪਾਣੀ ਸੁਕ ਗਿਆ, ਬਾਹਰੋਂ ਲਿਆ ਕੇ ਪਾਣੀ ਪੀਂਦੇ ਰਹੇ, ਪਰ ਕਿਸੇ ਨੇ ਇਹ ਨਹੀਂ ਸੋਚਿਆ ਕਿ ਕੋਈ ਧਰਮ ਦਾ ਕੰਮ ਕਰੀਏ, ਯੱਗ ਕਰਕੇ ਵ ਹਿਗੁਰੂ ਪਾਸੋਂ ਆਪਣੇ ਕੁਕਰਮ ਦੀ ਭੁਲ ਬਖਸ਼ਾਈਏ।'

ਸਤਿਗੁਰੂ ਜੀ ਦੀ ਜ਼ਬਾਨੋਂ ਇਹ ਹਾਲ ਸੁਣਕੇ ਪਿੰਡ ਦੇ ਮੁਖੀਆਂ ਦੇ ਪੈਰਾ ਹੇਠੋਂ ਮਿਟੀ ਨਿਕਲ ਗਈ। ਉਹ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਏ। ਉਹਨਾਂ ਨੇ ਹਥ ਜੋੜਕੇ ਤੇ ਗਲ ਵਿਚ ਪਲੂ ਪਾ ਕੇ ਆਖਿਆ—'ਆਪ ਸਰਬ ਕਲਾ ਸਮਰਥ ਹੋ ਦਇਆ ਕਰੋ। ਦੇਖੋ ਨਿਰਦੇਸ਼ ਜੀਵ, ਪਸ਼ੂ ਪੰਛੀ, ਅਤੇ ਕੀੜੇ ਮਕੌੜੇ ਤਿਹਾਏ ਰਹਿੰਦੇ ਹਨ। ਇੰਦ੍ਰ ਦੇਵਤਾ ਵਲ ਦੇਖਦੇ ਰਹਿੰਦੇ ਹਨ ਕਦੋਂ ਇੰਦ੍ਰ ਦੇਵਤਾ ਮੇਹਰ ਕਰੇ ਤੇ ਕਦੋਂ ਵਰਖਾ ਹੋਵੇ। ਯਗ ਕਰੋ, ਹੋਮ ਕਰੋ ਜਾਂ ਅਰਦਾਸ ਕਰੋ, ਬਸ ਜਿਵੇਂ ਹੋਵੇ ਅਸਾਂ ਨੂੰ ਪਾਣੀ ਬਖਸ਼ੋ। ਅਸੀਂ ਆਪ ਦਾ ਹਰ ਤਰ੍ਹਾਂ ਹੁਕਮ ਮੰਨਣ ਨੂੰ ਤਿਆ ਰ ਹਾਂ।

'ਇਸ ਭੰਡਾਰਾ ਕਰੋ, ਉਸ ਭੰਡਾਰੇ ਵਿਚ ਸਾਧੂਆਂ ਤੇ ਪਿੰਡ ਦੇ ਮਾਸੂਮ

Sri Satguru Jagjit Singh Ji eLibrary NamdhariElibrary@gmail.com

ਬੱਚਿਆਂ, ਲੋੜਵੰਦ-ਗਰੀਬਾਂ ਨੂੰ ਪ੍ਰਸ਼ਾਦ ਛਕਾਉ। ਵਾਹਿਗੁਰੂ ਅਗੇ ਸ਼ੁਧ ਹਿਰਦੇ ਨਾਲ ਅਰਦਾਸ ਕਰੋ, ਅਗੇ ਨੂੰ ਵਚਨ ਦੇਵੋ ਕਿ ਤੁਸੀਂ ਜ਼ਰੂਰ ਵਾਹਿਗੁਰੂ ਨੂੰ ਚੇਤੇ ਕਰੋਗੇ ਤੇ ਧਰਮਸਾਲਾ ਬਣਾਵੋਗੇ।

'ਅਸੀਂ ਭੰਡਾਰਾ ਕਰਦੇ ਹਾਂ ਅੰਨ, ਘਿਓ, ਮਿਠਾ ਤੇ ਦੁਧ ਲਿਆਕੇ ਭੇਟਾ ਕਰਦੇ ਹਾਂ, ਤਸੀਂ ਆਪ ਸਭ ਕੁਝ ਕਰਾਵੋ। ਅਸੀਂ ਵਾਹਿਗੁਰੂ ਦਾ ਸਿਮਰਨ ਕਰਾਂਗੇ ਤੇ ਧਰਮਸਾਲਾ ਵੀ ਬਣਾਂਵਾਂਗੇ। ਆਪ ਸਾਰੀ ਮਰਯਾਦਾ ਪੂਰੀ ਕਰਕੇ ਖੂਹ ਪੁਟਾਵੋ। ਆਪਣੇ ਕਰ ਕਮਲਾਂ ਨਾਲ ਪਹਿਲਾਂ ਟੱਪ ਲਾਵੋ। ਦਇਆ ਕਰੋ ਅਸਾਂ ਗਰੀਬਾਂ ਨੂੰ ਤਾਰੋ।

ਸਤਿਗੁਰੂ ਜੀ ਦੇ ਮਨ ਮੇਹਰ ਆਈ, ਕੁਝ ਦਿਨ ਵਾਸਤੇ ਉਸ ਨਗਰ ਅਟਕ ਗਏ। ਅਕਾਲ ਪੁਰਖ ਤੇ ਸਤਿਗੁਰੂ ਨਾਨਕ ਦੇਵ ਜੀ ਅਗੇ ਅਰਦਾਸ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਕੇ ਵੰਡੀ ਤੇ ਇਕ ਸੁੰਦਰ ਅਸਥਾਨ ਤੇ ਖੂਹ ਦਾ ਟੱਪ ਆਪ ਲਾਇਆ। ਪੰਜ ਟੱਪ ਲਾਕੇ ਸਾਹਿਬ ਤਾਂ ਪਿਛੇ ਹਟ ਗਏ ਤੇ ਨਗਰ ਵਾਸੀ ਖੂਹ ਨੂੰ ਪੁਟਣ ਲਗ ਪਏ। ਸਾਰਾ ਦਿਨ ਤੇ ਸਾਰੀ ਰਾਤ ਪੁਟਦੇ ਰਹੇ। 'ਜਲ ਪ੍ਰਾਪਤੀ' ਦੀ ਖੁਸ਼ੀ ਵਿਚ ਉਨ੍ਹਾਂ ਨੂੰ ਨਾ ਥਕੇਵਾਂ ਹੋਇਆ ਨਾ ਅਕੇਵਾਂ। ਉਹ ਰੇਤ ਦੀ ਸਤਾ ਤਕ ਪਹੁੰਚ ਗਏ। ਪਹਿਲਾਂ ਸੁਕੀ ਰੇਤ ਆਈ ਤੇ ਪਿਛੋਂ ਗਿਲੀ ਰੇਤ। ਗਿਲੀ ਰੇਤ ਆਉਣ ਤੇ ਸਾਰਿਆਂ ਨੇ ਬਹੁਤ ਖੁਸ਼ੀ ਮਨਾਈ ਜਲ ਆਉਣ ਦੀ ਆਸ ਹੋ ਗਈ। ਚਾਰ ਕੁ ਫੁੱਟ ਹੋਰ ਡੂੰਘੇ ਗਏ ਤਾਂ ਜਲ ਆ ਗਿਆ ਬਹੁਤ ਸੁੰਦਰ ਤੇ ਨਿਰਮਲ ਜਲ, ਜਿਸ ਨੂੰ ਦੇਖਕੇ ਤੇ ਪੀਕੇ ਨਗਰ ਵਾਸੀਆਂ ਨੇ ਪੁੱਠੀਆਂ ਛਾਲਾਂ ਮਾਰੀਆਂ! ਸਤਿਗੁਰੂ ਜੀ ਨੂੰ ਮਹਾਂ ਕਰਾਮਾਤੀ ਅਤੇ ਪ੍ਰਮਾਤਮਾ ਦਾ ਰੂਪ ਜਾਤਾ! ਬਾਲ ਜਵਾਨ ਤੇ ਬੁੱਢੇ ਸਭ ਦਰਸ਼ਨਾਂ ਨੂੰ ਆਏ ਨਫਰਾਨੇ ਚੜ੍ਹਾਏ ਤੇ ਸਾਰੇ ਸਤਿਗੁਰੂ ਜੀ ਦੇ ਸਿੱਖ ਬਣੇ।

ਪਾਣੀ ਨਿਕਲ ਆਇਆ ਤਾ ਸਤਿਗੁਰੂ ਜੀ ਨੇ ਹੁਕਮ ਕੀਤਾ-'ਹੁਣ ਇਸ ਖੂਹ ਨੂੰ ਬਾਵਲੀ ਰੂਪ ਬਣਾਓ, ਇਸ ਦੇ ਨਾਲ ਧਰਮਸਾਲਾ ਤਿਆਰ ਕਰਨਾ। ਇਸ ਦਾ ਨਿਰਮਲ ਜਲ ਜੋ ਪੀਵੇਗਾ, ਸੋ ਜਨਮ ਮਰਨ ਤੋਂ

Sri Satguru Jagjit Singh Ji eLibrary NamdhariElibrary@gmail.com

ਛੁਟਕਾਰਾ ਪਾਵੇਗਾ। ਜੋਹੜਾ ਇਸ਼ਨਾਨ ਕਰੇਗਾ ਤਿਸ ਦੀ ਦੇਹ ਦੇ ਸਾਰੇ ਰੋਗ ਕਟੇ ਜਾਣਗੇ। ਇਸ ਨੂੰ ਤਿਆਰ ਕਰਕੇ ਪਾਣੇ ਵਾਸਤੇ ਜਿਥੇ ਵੀ ਖੂਹ ਪੁਟੇਗੇ ਉਥੋਂ ਹੀ ਜਲ ਨਿਲਮਲ ਆਵੇਗਾ।'

ਇਸ ਤਰ੍ਹਾਂ ਢਕੌਲੀ ਦੇ ਲੋਕਾਂ ਨੂੰ ਜਲ ਤੇ ਨਵਾਂ ਜੀਵਨ ਬਖਸ਼ ਕੇ ਸਤਿਗੁਰੂ ਜੀ ਅਗੇ ਤੁਰ ਪਏ ਕਿਉ ਕਿ ਛੇਤੀ ਤੋਂ ਛੇਤੀ ਸ੍ਰੀ ਅਨੰਦਪੁਰ ਪਹੁੰਚਣਾ ਸੀ। ਢਕੌਲੀ ਦੇ ਵਾਸੀ ਸਤਿਗੁਰੂ ਜੀ ਨੂੰ ਵਿਦਾ ਕਰਨ ਵਾਸਤੇ ਤਕਰੀਬਨ ਤਿੰਨ ਮੀਲ ਤਕ ਨੰਗੀ ਪੈਰੀਂ ਨਾਲ਼ ਆਏ। ਗੁਰੂ ਜੀ ਨੇ ਸਭ ਨੂੰ ਨਿਹਾਲ ਕੀਤਾ।

ਓ

੧੧. ਪਠਾਣਾਂ ਨੂੰ ਨਿਹਾਲ ਕਰਨਾ

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਈ ਜਤੀ ਅਨਮਾਨ ਬੈ॥
ਹਿੰਦੂ ਅਉ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੇ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ॥
(ਅਕਾਲ ਉਸਤਤ)

ਇਹ ਬਚਨ ਸਤਿਗੁਰੂ ਜੀ ਦੇ ਆਪਣੇ ਹਨ ਜਿਸ ਦਾ ਪ੍ਰਮਾਣ ਹੈ-ਕੋਈ ਤਾਂ ਰੋਡ ਮੋਡ ਸੰਨਿਆਸੀ ਬਣ ਗਿਆ ਹੈ, ਕੋਈ ਜੋਗੀਆਂ ਦਾ ਧਰਮ ਧਾਰਨ ਕਰ ਬੈਠਾ ਹੈ ਤੇ ਕੋਈ ਬ੍ਰਹਮਚਾਰੀ ਹੈ ਤੇ ਕੋਈ ਜਤੀ ਸਦਾਉਂਦੇ ਹਨ। ਇਹ ਸਾਰੇ ਧਰਮ ਦੇ ਫਿਰਕ ਹਨ। ਕੋਈ ਹਿੰਦੂ ਹੈ (ਜੋਹੜਾ ਹਿੰਦੁਸਤਾਨ ਦਾ ਵਸਨੀਕ ਜਾਂ ਵੇਦਾ ਤੇ ਦੇਵੀ ਦੇਵਤਿਆਂ ਨੂੰ ਮੰਨਦਾ ਹੈ) ਕੋਈ ਤੁਰਕ (ਮੁਸਲਮਾਨ) ਰਾਫਜੀ ਤੇ ਇਮਾਮ ਆਦਿਕ ਹੈ। ਪਰ ਧਿਆਨ ਨਾਲ ਸੋਚੋ

Sri Satguru Jagjit Singh Ji eLibrary NamdhariElibrary@gmail.com

ਇਹ ਸਾਰੇ ਮਨੁਖ ਹਨ ਇਕੋ ਹੀ ਸਮ ਹੈ। ਧਰਮ ਕਰਮ ਨਾਲ ਮਾਨੁਖ ਦੂਸਰਾ ਨਹੀਂ ਹੋ ਜਾਂਦਾ ਖੁਦਾ ਜਾਂ ਭਗਵਾਨ ਇਕ ਹੈ ਉਸੇ ਨੂੰ ਕਰਤਾ ਕਿਹਾ ਜਾਂਦਾ ਹੈ ਤੇ ਉਸੇ ਨੂੰ ਕਰੀਮ, ਉਹੋ ਰੋਜੀ ਦੇਣ ਵਾਲਾ 'ਰਹੀਮ' ਹੈ ਹੋਰ ਦੂਸਰਾ ਕੋਈ ਨਹੀਂ, ਬਾਕੀ ਐਵੇਂ ਭਰਮ ਹੈ, ਜੋ ਸੰਸਾਰੀ ਜੀਵਾਂ ਨੂੰ ਪਏ ਹਨ ਤੇ ਉਹ ਸਾਰੇ ਮਨੁਖਾਂ ਨੂੰ ਮਨੁਖ ਨਹੀਂ ਸਮਝਦੇ। ਬਸ ਇਹ ਸੋਲ੍ਹਾਂ ਆਨੇ ਸੱਚ ਗਲ ਸਮਝੋ ਕਿ ਇਕ ਵਾਹਿਗੁਰੂ ਹੈ ਉਸੇ ਦੀ ਸੇਵਾ (ਪੂਜਾ) ਕਰਦੇ ਹਨ, ਇਕੋ ਸੂਰਤ ਤੇ ਇਕ ਜੋਤ ਹੀ ਸਮਝਣੀ ਚਾਹੀਦੀ ਹੈ ! ਸਭ ਨਾਲ ਪਿਆਰ ਰਖਣਾ ਚਾਹੀਦਾ ਹੈ।

ਇਹ ਸ੍ਰੀ ਸਤਿਗੁਰੂ ਜੀ ਦਾ ਉਚਾ ਨਿਸ਼ਾਨਾ ਸੀ। ਏਸੇ ਕਰਕੇ ਮੁਸਲਮਾਨ ਤੇ ਹਿੰਦੂ ਦੋਵੇਂ ਹੀ ਉਨ੍ਹਾਂ ਦੀ ਪੂਜਾ ਕਰਦੇ ਸਨ। ਬੁਧੂ ਸ਼ਾਹ ਨੇ ਆਪਣੇ ਬੇਟੇ ਕੁਰਬਾਨ ਕਰਕੇ ਪਿਆਰ ਦਾ ਸਬੂਤ ਦਿਤਾ। ਸਤਿਗੁਰੂ ਜੀ 'ਮੁਸਲਮਾਨ' ਜਾਤ ਦੇ ਵਿਰੁਧ ਨਹੀਂ ਸਨ। ਉਹ ਤਾਂ ਸਾਰੀ ਮਨੁਖਤਾ ਦੇ ਰਾਖੇ ਸਨ। ਉਹ ਜ਼ੁਲਮ, ਪਾਪ ਹਨੇਰ ਤੇ ਹੰਕਾਰ ਦੇ ਵੈਰੀ ਸਨ। ਉਹ ਹਕੂਮਤ ਤੋਂ ਬਾਗੀ ਸਨ ਜੋਹੜੀ ਹਕੂਮਤ ਲੋਕਾਂ ਨੂੰ ਸ਼ ਤੀ, ਖੁਸ਼ਹ ਲੀ ਤੇ ਪਿਆਰ ਨਾਲ ਜੀਉਣ ਨਹੀਂ ਸੀ ਦੇਂਦੀ। ਜੋਹੜੀ ਇਨਸਾਨ ਨੂੰ ਇਨਸਾਨ ਨਾਲ ਲੜਾ ਰਹੀ ਸੀ। ਇਹ ਆਖ ਕੇ—'ਤੇਰਾ ਖੁਦਾ ਚੰਗਾ ਹੈ, ਓਹਦਾ ਭਗਵਾਨ ਮਾੜਾ। ਮਾਰ ਸੁਟ ਉਹਦੇ ਭਗਵਾਨ ਨੂੰ ਤੇ ਕਹੋ ਉਹ ਤੇਰੇ ਖੁਦਾ ਦੀ ਪੂਜਾ ਕਰੇ।' ਏਸੇ ਵਿਚਾਰ ਦੇ ਬਲ ਨਾਲ ਉਹ ਰਾਜ ਕਰੀ ਜਾਂਦੇ ਹਨ ਤੇ ਭੇਡਾਂ ਬਕਰੀਆਂ ਦੀ ਤਰ੍ਹਾਂ ਇਨਸਾਨ ਨੂੰ ਮਾਰਨ ਤੇ ਵੇਚਣ ਵਿਚ ਝਿਜਕਦੇ ਨਹੀਂ ਸਨ। ਉਹਨਾਂ ਪਾਪੀਆਂ ਦਾ ਪਾਪ ਕਰਦਿਆਂ ਹੋਇਆਂ ਹਿਰਦਾ ਨਹੀਂ ਸੀ ਕੰਬਦਾ। ਨਿਰਦੋਸ਼ਣਾਂ ਮਾਸੂਮ ਲੜਕੀਆਂ ਨੂੰ ਦਿੱਦ ਵਿਚੋਂ ਪ੍ਰਦੇਸ ਲਿਜਾ ਕੇ ਵੇਚਿਆ ਤੇ ਨਿਰਾਦਰ ਕੀਤਾ ਜਾਂਦਾ ਸੀ, ਸਿਰਫ ਇਹ ਆਖਕੇ ਕਿ 'ਇਹ ਕਾਫਰਾਂ ਦੀਆਂ ਲੜਕੀਆਂ ਹਨ ਇਹ ਭਗਵਾਨ ਤੇ ਦੇਵਤਿਆ ਨੂੰ ਮੰਨਣ ਵਾਲਿਆਂ ਦੀਆਂ ਧੀਆਂ ਹਨ।' ਕੋਈ ਕਸਾਈ ਇਹ ਨਾ ਸਮਝਦਾ ਕਿ ਇਹਨਾਂ ਨੂੰ ਜਨਮ ਦੇਣ ਵਾਲਾ ਵੀ ਖੁਦਾ ਹੀ ਹੈ। ਖੁਦਾ ਤੇ ਭਗਵਾਨ ਵਿਚ ਕੋਈ ਫਰਕ ਨਹੀਂ। ਅਪਣੀਆ ਤੇ ਬਿਗਾਨੀਆਂ ਧੀਆ ਵਿਚ ਕੋਈ ਫਰਕ ਨਹੀਂ ਹੁੰਦਾ ਉਹ ਮਾਸੂਮ ਧੀਆਂ ਹੀ

Sri Satguru Jagjit Singh Ji eLibrary NamdhariElibrary@gmail.com

ਹੁੰਦੀਆਂ ਹਨ। 'ਤੂੰ ਕਾਫਰ ਹੈਂ, ਜਾਂ ਮੁਸਲਮਾਨ ਬਣ ਜਾ ਜਾਂ ਤੈਨੂੰ ਕਤਲ ਕੀਤਾ ਜਾਵੇਗਾ।' ਇਹ ਵਾਕ ਉਨ੍ਹਾਂ ਮਾਸੂਮ ਬਚਿਆਂ ਨੂੰ ਆਖੇ ਜਾਂਦੇ ਰਹੇ ਜਿਨ੍ਹਾਂਨੂੰ ਇਹ ਗਿਆਨ ਨਹੀਂ ਸੀ ਕਿ ਮੁਸਲਮਾਨ ਦੇਣ ਦਾ ਹੈ ਤੇ ਕਾਫਰ ਕੌਣ ? ਉਹਨਾਂ ਨੂੰ ਵੀ ਕਤਲ ਕੀਤਾ ਗਿਆ।

ਸਤਿਗੁਰੂ ਜੀ ਵਹੀਰ ਸਮੇਤ ਚਲਦੇ ਚਲਦੇ ਕੋਟਲੇ ਰੋਪੜ ਦੇ ਨੇੜੇ ਪੁਜੇ। ਕੋਟਲੇ ਦੇ ਸਰਦਾਰ ਪਠਾਣ ਸਨ, ਪਠਾਣ ਵੀ ਬੜੇ ਖੁਦਾ ਦੇ ਭੈ ਵਾਲੇ ਨੇਕ ਸਨ ਉਹਨਾਂ ਨੇ ਗੁਰੂ ਘਰ ਦੀ ਸੋਭਾ ਬਹੁਤ ਸੁਣੀ ਹੋਈ ਸੀ ਜਦੋਂ ਕੋਟਲੇ ਦੇ ਲਾਗਿਓਂ ਦੀ ਲੰਘਣ ਲਗੇ ਤਾਂ ਪਠਾਣਾਂ ਦੇ ਮੁਖੀਆਂ ਨੇ ਅਗੇ ਹੋ ਕੇ ਗਲ ਵਿਚ ਪਲੂ ਪਾਕੇ ਤੇ ਹੱਥ ਜੋੜਕੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਦਾਤਾ ! ਅਸਾਂ ਗਰੀਬਾਂ ਦੀ ਇੱਛਾ ਹੈ ਕਿ ਇਕ ਦਿਨ ਏਥੇ ਅਟਕੋ ਅਸੀਂ ਸੇਵਾ ਕਰ ਲਈਏ। ਚਿਤ ਕਰਦਾ ਹੈ ਦਰਬਾਰ ਲਾਵੋ ਤੇ ਬਚਨ ਸੁਣਾਵੋ। ਗੁਰੂ ਕਾ ਲੰਗਰ ਵਰਤੇ, ਲੰਗਰ ਦਾ ਸੀਤ ਪ੍ਰਸ਼ਾਦ ਅਸੀਂ ਛਕਾਗੇ। ਖੁਦਾ ਦੀਆਂ ਬਹੁਤ ਮੇਹਰਾਂ ਹਨ ਜੋ ਅਸਾਂ ਨੂੰ ਦਰਸਨ ਹੋ ਗਏ ਹਨ। ਪੂਰਬਲੇ ਜਨਮ ਦਾ ਬੰਜਿਆ ਅਸਾਂ ਅਗੇ ਆਇਆ ਹੈ।'

ਸਤਿਗੁਰੂ ਜੀ ਨੇ ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਪਿੰਡ ਦੇ ਬਾਹਰ ਡੇਰੇ ਲਾ ਦਿਤੇ ਤੰਬੂ ਗਡੇ ਗਏ। ਸਤਿਗੁਰੂ ਜੀ ਦੇ ਆਪਣੇ ਆਸਣ ਵਾਸਤੇ ਸ਼ਾਨਦਾਰ ਸਾਇਬਾਨ ਲਾਇਆ ਗਿਆ ਉਸਦੇ ਹੇਠਾਂ ਸਤਿਗੁਰੂ ਜੀ ਦਾ ਆਸਣ ਲਗਾਇਆ ਗਿਆ, ਦਰੀਆਂ ਵਿਛਾਕੇ ਦੀਵਾਨ ਲਾਉਣ ਦਾ ਪ੍ਰਬੰਧ ਕੀਤਾ ਗਿਆ। ਪਠਾਨ ਪਰਵਾਰ ਸਮੇਤ ਸਤਿਗੁਰੂ ਜੀ ਦੇ ਉਪਦੇਸ਼ ਸੁਨਣ ਵਾਸਤੇ ਆਏ ਉਪਦੇਸ਼ ਸੁਣਕੇ ਨਿਹਾਲ ਹੋਏ। ਸਤਿਗੁਰੂ ਜੀ ਨੇ ਪ੍ਰਮਾਤਮਾਂ ਨੂੰ ਯਾਦ ਕਰਨ ਦਾ ਤੇ ਮਾਨੁਖ ਨਾਲ ਮਾਨੁਖ ਨੂੰ ਕਿਵੇਂ ਪਿਆਰ, ਹਮਦਰਦੀ ਤੇ ਮੇਲ ਮਿਲਾਪ ਕਰਨਾ ਚਾਹੀਦਾ ਹੈ ਤੇ ਸੇਵਾ ਕਰਨ ਦੇ ਕੀ ਲਾਭ ਹਨ ਆਦਿਕ ਵਿਚਾਰ ਸੁਣਾਏ। ਗੁਰੂ ਘਰ ਦੀ ਵਿਸ਼ੇਸ਼ਤਾ ਦੱਸੀ—'ਅਸੀਂ ਅਕਾਲ ਪੁਰਖ ਦੇ ਉਪਾਸ਼ਕ ਹਾਂ ਕਿਉਂਕਿ ਉਹ ਨਾ ਮਰਦਾ ਹੈ ਨਾ ਬੁਢਾ ਹੁੰਦਾ ਹੈ। ਉਸ ਤੇ ਦੇਸ਼ ਕਾਲ ਦਾ ਕੋਈ ਅਸਰ ਨਹੀਂ ਹੁੰਦਾ ਉਹ ਸਾਰੇ ਜੀਵਾਂ ਦਾ ਕਰਤਾ ਤੇ ਰਖਵਾਲਾ ਹੈ।

Sri Satguru Jagjit Singh Ji eLibrary NamdhariElibrary@gmail.com

ਸਾਰੇ ਜੀਵ, ਅਠਾਰਾਂ ਭਾਰ ਬਨਾਸਪਤੀ ਅਤੇ ਪਸ਼ੂ ਪੰਛੀ ਉਸੇ ਦੀ ਕਿਰਤ ਹਨ ਇਸ ਧਰਤੀ ਤੇ ਮਾਨੁਖ ਜਨਮ ਦਾ ਪਸਾਰਾ ਉਸਦੀ ਮਨ-ਮੌਜ ਖੰਡ ਹੈ। ਉਹ ਇਸ ਖੇਡ ਨੂੰ ਰਚ ਕੇ, ਵੇਖਕੇ ਆਪ ਹੀ ਪ੍ਰਸੰਨ ਹੁੰਦਾ ਹੈ। ਹੰਕਾਰ ਮੋਹ ਤੇ ਲਾਲਚ ਦਾ ਤਿਆਗ ਕਰਨਾ ਚਾਹੀਦਾ ਹੈ ਅਕਾਲ ਪੁਰਖ ਦੀ ਯਾਦ ਹਿਰਦੇ ਵਿਚ ਸਦਾ ਰਹਿਣੀ ਚਾਹੀਦੀ ਹੈ।'

ਐਸਾ ਉਪਦੇਸ਼ ਸੁਣਕੇ ਪ੍ਰਸੰਨਤਾ ਨਾਲ ਪਠਾਣਾਂ ਦੇ ਨੈਣ ਭਰ ਆਏ ਉਹਨਾਂ ਬੇਨਤੀ ਕੀਤੀ—'ਆਪ ਦੀ ਕੋਈ ਨਿਸਾਨੀ ਬਖਸ਼ੋ। ਸਤਿਗੁਰੂ ਜੀ ਨੇ ਆਪਣੀ ਇਕ ਕਟਾਰ ਬਖਸ਼ ਦਿਤੀ! ਉਹ ਕਟਾਰ ਅਜੇ ਤਕ ਪਠਾਣ ਘਰਾਣੇ ਵਿਚ ਸ਼ਤਕਾਰੀ ਜਾਂਦੀ ਰਹੀ ਹੈ ਵਾਹਿਗੁਰੂ ਦੀਆਂ ਬਰਕਤਾਂ ਦਾ ਮੀਂਹ ਵਰ੍ਹਦਾ ਹੈ, ਪਠਾਣ ਬੜੇ ਖੁਸ਼ਹਾਲ ਰਹੇ ਹਨ।

੧੨. ਸ੍ਰੀ ਅਨੰਦਪੁਰ ਪਹੁੰਚਣਾ

ਪਾਉ ਟੇ ਤੋਂ ਕੀਰਤਪੁਰ ਤਕ ਸਾਰੇ ਰਾਹ ਵਿਚ ਸਿਖ ਸੰਗਤਾਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ। ਘਿਓ, ਕਪੜੇ, ਅੰਨ, ਨਗਦੀ ਅਤੇ ਹੋਰ ਕੀਮਤੀ ਵਸਤੂਆ ਭੇਟਾ ਕੀਤੀਆਂ। ਐਸਾ ਜਸ ਰਾਹ ਵਿਚ ਹੋਇਆ ਕਿ ਦੇਖਣ ਵਾਲੇ ਦੰਗ ਰਹਿ ਗਏ।

ਹੌਲੀ ਹੌਲੀ ਸਤਿਗੁਰੂ ਜੀ ਕੀਰਤਪੁਰ ਪੁਜ ਗਏ। ਕੀਰਤਪੁਰ ਕੜਾਹ ਪ੍ਰਸ਼ਾਦ ਕਰਾਇਆ, ਦੀਵਾਨ ਲਾਇਆ ਤੇ ਗਰੀਬਾਂ ਵਾਸਤੇ ਲੰਗਰ ਕੀਤਾ। ਏਥੇ ਪੁਜਣ ਤੇ ਅਨੰਦਪੁਰ ਖਬਰਾਂ ਪਹੁਚੀਆ। ਖਬਰਾਂ ਪੁਜਣ ਤੇ ਸਾਰੇ ਅਨੰਦਪੁਰ ਵਾਸੀ ਘਰ ਦੇ ਧੰਦਿਆਂ ਨੂੰ ਛੱਡਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਤੋਂ ਤਿਆਰ ਹੋ ਪਏ। ਕਿਸੇ ਨੇ ਸਾਥ ਨੂੰ ਉਡੀਕਿਆ ਤੇ ਕਿਸੇ ਇਕੱਲੇ ਨੇ ਹੀ ਕੀਰਤਪੁਰ ਵਲ ਧਾਈ ਕਰ ਲਈ। ਬੜਾ ਉਤਸ਼ਾਹ ਹੋਇਆ ਸ਼ਾਮ ਤਕ ਸਾਰੇ ਪਰਗ ਬੰਨ੍ਹ ਬੰਦੇ ਤੇ ਮੁਟਿਆਰ ਇਸਤ੍ਰੀਆਂ ਕੀਰਤਪੁਰ ਪਹੁੰਚ ਗਈਆਂ। ਰੌਣਕਾਂ ਹੋ ਗਈਆ, ਦਰਸ਼ਨ ਕਰਕੇ ਨਿਹਾਲ ਹੋ ਗਏ।

ਅਗਲੇ ਦਿਨ ਕੀਰਤਪੁਰ ਤੋਂ ਅਨੰਦਪੁਰ ਵਲ ਤਿਆਰੇ ਹੋਏ, ਇਕ

Sri Satguru Jagjit Singh Ji eLibrary NamdhariElibrary@gmail.com

ਸ਼ਾਨਦਾਰ ਜਲੂਸ ਤਿਆਰ ਹੋ ਗਿਆ। ਸਤਿਗੁਰੂ ਜੀ ਪ੍ਰਸਾਦੀ ਹਾਥੀ ਉਤੇ ਸਵਾਰ ਹੋਏ। ਵਾਜੇ ਢੋਲ ਤੇ ਰਣਜੀਤ ਨਗਾਰੇ ਦੀ ਗੂੰਜ ਪਰਬਤਾਂ ਨੂੰ ਕੰਬਾਉਣ ਲੱਗੀ। ਸਾਰੀ ਧਰਤੀ ਤੇ ਧਰਤੀ ਵਾਸੀ ਭਾਗ ਭਰੇ ਹੋ ਗਏ। ਸਾਰੇ ਉਤਸ਼ਾਹ ਨਾਲ ਸਤਿਗੁਰੂ ਜੀ ਦਾ ਸਵਾਗਤ ਕਰਨ ਵਾਸਤੇ ਸੜਕ ਦੇ ਕਿਨਾਰਿਆਂ ਉਤੇ ਆ ਖਲੋਤੇ, ਦਰਸ਼ਨ ਕੀਤੇ ਤੇ ਨਿਹਾਲ ਹੋਏ। ਬੜੀਆਂ ਖੁਸ਼ੀਆਂ ਦੇ ਹੜ੍ਹ ਵਿਚ ਸਤਿਗੁਰੂ ਜੀ ਸ੍ਰੀ ਅਨੰਦ ਪੁਰ ਪੁਜੇ। ਅਨੰਦ ਪੁਰ ਦੀ ਧਰਤੀ ਨੇ ਆਪਣੇ ਚੰਗੇ ਮਾਲਕ ਨੂੰ ਜੀ ਆਇਆਂ ਆਖਿਆ ਦੋ ਦਿਨ ਵਧਾਈਆਂ ਦਾ ਦਰਬਾਰ ਲਗਦਾ ਰਿਹਾ। ਅਨੰਦਪੁਰ ਤੇ ਚੌਗਿਰਦੇ ਦੇ ਵਾਸੀ ਸਤਿਗੁਰੂ ਜੀ ਦੇ ਦਰਸਨ ਕਰਨ ਵਾਸਤੇ ਆਏ।

੧੩. ਮਾਤਾ ਨਾਨਕੀ ਦਾ ਚਲਾਣਾ

ਮਾਤਾ ਨਾਨਕੀ ਬਹੁਤ ਬਿਰੱਧ ਹੋ ਚੁਕੇ ਸਨ ਉਨ੍ਹਾਂ ਨੇ ਪੜਪੋਤਾ (ਬਾਬਾ ਅਜੀਤ ਸਿੰਘ ਜੀ) ਵੀ ਖਿਡਾ ਲਿਆ। ਸਮੇਂ ਦੇ ਰੰਗ ਵੀ ਬਹੁਤ ਵੇਖ ਲਏ ਸਨ। ਸੰਮਤ ੧੭੪੫ ਬਿ: ਨੂੰ ਆਪ ਨੂੰ ਦਰਗਾਹੋਂ ਸੱਦਾ ਆ ਗਿਆ ਇਸ ਸੱਦੇ ਦੇ ਆਉਣ ਤੇ ਕੋਈ ਤੁਰਨ ਤੋਂ ਰੁਕ ਨਹੀਂ ਸਕਦਾ। ਮਾਤਾ ਜੀ ਦੀ ਇੱਛਾ ਅਨੁਸਾਰ ਸਤਿਗੁਰੂ ਜੀ ਨੇ ਪੁੰਨ ਦਾਨ ਕੀਤੇ। ਬਾਣੀ ਦੇ ਪਾਠ ਕਰਾਏ। ਜੋਹੜਾ ਬਚਨ ਜਾਂ ਸਮਾਂ ਲਿਖਿਆ ਸੀ, ਉਸ ਸਮੇਂ ਤੇ ਮਾਤਾ ਜੀ ਪ੍ਰਲੋਕ ਗਮਨ ਕਰ ਗਏ।

ਪੰਜਾਬ ਦੇ ਰਵਾਜ ਅਨੁਸਾਰ ਮਾਤਾ ਜੀ ਨੂੰ ਵੱਡਿਆਂ ਕੀਤਾ ਗਿਆ ਇਬਾਨ ਦੇ ਨਾਲ ਹਜਾਰਾ ਨਰ ਨਾਰੀ ਗਏ ਤੇ ਭਾਰੀ ਜੱਗ ਕੀਤਾ ਗਿਆ। ਉਸ ਜੱਗ ਤੇ ਦੂਰ ਦੂਰ ਦੀਆਂ ਸਿਖ ਸੰਗਤਾਂ ਪੁਜੀਆਂ। ਚੰਗੀ ਸੱਸ ਜੀ ਦੇ ਵਿਛੜ ਜਾਣ ਤੇ ਮਾਤਾ ਗੁਜਰੀ ਜੀ ਨੇ ਬਹੁਤ ਵੈਰਾਗ ਕੀਤਾ। ਕਿਉਂਕਿ ਮਾਤਾ ਜੀ ਦੇ ਸਾਥ ਉਨ੍ਹਾਂ (ਮਾਤਾ ਗੁਜਰੀ ਜੀ) ਨੇ ਬਚਪਨ ਤੇ ਜਵਾਨੀ ਕਟੀ ਸੀ। ਇਕ ਚੰਗੀ ਸੱਸ ਨੂੰਹ ਨੂੰ ਲਾਡਾ ਪਿਆਰਾਂ ਨਾਲ ਪਾਲਦੀ ਰਹੀ ਸੀ। ਮਾਤਾ ਗੁਜਰੀ ਜੀ ਨੇ ਵੀ ਮਾਤਾ ਨਾਨਕੀ ਜੀ ਦੀ ਬਹੁਤ ਸੇਵਾ ਕੀਤੀ ਸੀ।

Sri Satguru Jagjit Singh Ji eLibrary NamdhariElibrary@gmail.com

੧੪. ਅਨੰਦਪੁਰ ਵਿਚ ਰੌਣਕਾਂ

ਤਿੰਨ ਸਾਲ ਦੀ ਗੈਰ-ਹਾਜ਼ਰੀ ਪਿਛੋਂ ਸਤਿਗੁਰੂ ਜੀ ਮੁੜ ਅਨੰਦਪੁਰ ਆ ਪੁਜੇ ਤਾਂ ਅਨੰਦਪੁਰ ਦੀਆਂ ਰੌਣਕਾਂ ਵਿਚ ਬੇਅੰਤ ਵਾਧਾ ਹੋ ਗਿਆ। ਭੰਗਾਣੀ ਦੇ ਯੁਧ ਨੇ ਨੀਤੀ ਵਿਚ ਥੋੜੀ ਜਹੀ ਤਬਦੀਲੀ ਲਿਆਂਦੀ। ਸੈਨਿਕ ਬਲ ਵੱਲ ਬਹੁਤਾ ਧਿਆਨ ਦੇਣਾ ਪਿਆ। ਇਹ ਸੋਚ ਵਿਚਾਰ ਹੋਣ ਲਗੀ ਕਿ ਕਿਵੇਂ ਅਨੰਦ ਪੁਰ ਨੂੰ ਕਿਲੇ ਬੰਦ ਕੀਤਾ ਜਾਵੇ। ਦੁਸ਼ਮਨਾਂ ਦੇ ਵਾਰਾਂ ਨੂੰ ਰੋਕਣ ਵਾਸਤੇ ਕਿਨ੍ਹਾ ਚੀਜ਼ਾਂ ਦੀ ਲੋੜ ਹੈ? ਕਿਸ ਥਾਂ ਮੋਰਚੇ ਬਣਾਏ ਜਾਣ?

ਪਹਿਲੇ ਹੱਥ ਸਤਿਗੁਰੂ ਜੀ ਨੇ ਅਨੰਦਪੁਰ ਵਿਖੇ ਲੜਾਈ ਵਿਚ ਕੰਮ ਆਉਣ ਵਾਲੇ ਸਾਰੇ ਸ਼ਸਤ੍ਰ ਤਿਆਰ ਕਰਨ ਵਾਸਤੇ ਕਾਰਖਾਨਾ ਜਾਰੀ ਕੀਤਾ। ਉਸ ਵਿਚ ਕ੍ਰਿਪਾਨਾਂ, ਬਰਛੀਆਂ ਖੰਜਰ, ਢਾਲਾਂ ਆਦਿਕ ਤਿਆਰ ਹੋਣ ਲਗੀਆਂ। ਇਹ ਵੀ ਲਿਖਿਆ ਮਿਲਦਾ ਹੈ ਕਿ ਏਸੇ ਕਾਰਖਾਨੇ ਵਿਚ ਤੋਪਾ ਵੀ ਢਾਲੀਆਂ ਗਈਆ।

ਜਦੋਂ ਹਥਿਆਰ ਬਨਣੇ ਸ਼ੁਰੂ ਹੋ ਗਏ ਤਾਂ ਸਤਿਗੁਰੂ ਜੀ ਨੇ ਸੈਨਾਂ ਦੇ ਵਾਧੇ ਵਲ ਖਿਆਲ ਕੀਤਾ। ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਜਦੋਂ ਸੰਗਤ ਆਉਂਦੀ ਤਾਂ ਉਸ ਵਿਚੋਂ ਨੌਜਵਾਨਾਂ ਦੀ ਚੋਣ ਕੀਤੀ ਜਾਂਦੀ। ਜੋਹੜੇ ਨੌਜਵਾਨ ਚੁਣੇ ਜਾਂਦੇ ਉਹ ਰਖ ਲਏ ਜਾਂਦੇ। ਉਨ੍ਹਾਂ ਨੌਜਵਾਨਾਂ ਦੇ ਮਾਂ ਬਾਪ ਖੁਸ਼ੀ ਖੁਸ਼ੀ ਉਹਨਾਂ ਨੂੰ ਛੱਡ ਜਾਂਦੇ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵੈਸੇ ਵੀ ਬਹੁਤ ਸਾਰੇ ਸਿਖ ਰਿਹਾ ਕਰਦੇ ਸਨ। ਗੁਰੂ ਘਰ ਦੀ ਸੇਵਾ ਕਰਨ ਦਾ ਉਸ ਵੇਲੇ ਬਹੁਤ ਚਾਅ ਹੁੰਦਾ ਸੀ। ਜੋਹੜੇ ਨੌਜਵਾਨਾਂ ਨੂੰ ਚੁਣਿਆ ਜਾਂਦਾ ਮੁੜ ਉਹਨੂੰ ਫੌਜੀ ਵਿਦਿਆ ਸਿਖਾਈ ਜਾਂਦੀ। ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਜੋਹੜੇ ਸਿਖ ਸਨ, ਉਹਨਾਂ ਨੂੰ ਫੌਜੀ ਵਿਦਿਆ ਸਿਖਾਉਣ ਤੇ ਲਾਇਆ ਗਿਆ। ਨਵੇਂ ਰੰਗਰੂਟਾ ਦੀਆਂ ਛਾਉਣੀਆ ਵਖਰੀਆਂ ਕਰ ਦਿਤੀਆਂ ਗਈਆਂ। ਰੋਜ਼ ਕਵਾਇਦਾਂ ਹੁੰਦੀਆਂ ਤੇ ਹਥਿਆਰਾ ਦੀ ਵਰਤੋਂ ਦਾ ਅਭਿਆਸ ਕਰਾਇਆ ਜਾਣ ਲੱਗਾ।

Sri Satguru Jagjit Singh Ji eLibrary NamdhariElibrary@gmail.com

ਫੌਜ ਵਾਸਤੇ ਜਿਥੇ ਹਥਿਆਰ ਦੀ ਲੋੜ ਹੈ ਉਥੇ ਘੋੜਿਆਂ ਤੇ ਤੰਬੂ ਆਂ ਦੀ ਵੀ ਬਹੁਤ ਲੋੜ ਸੀ । ਸਾਹਿਬਾਂ ਨੇ ਕਾਬਲ, ਕੰਧਾਰ ਤੇ ਸਿੰਧ ਆਦਿਕ ਇਲਾਕੇ ਦੇ ਵਸਨੀਕਾਂ ਨੂੰ ਹੁਕਮਨਾਮੇ ਭੇਜੇ ਕਿ ਉਹ ਗੁਰੂ ਘਰ ਵਾਸਤੇ ਘੋੜੇ ਲਿਆਉਣ ਅਤੇ ਮਾਈਆਂ ਬੀਬੀਆਂ ਚੰਗੇ ਖਦਰ ਦੇ ਰੰਜੇ ਭੇਜਣ ਤਾਂਕਿ ਤੰਬੂ ਕਨਾਤਾਂ ਦੇ ਬਨਾਉਣ ਵਿਚ ਸਹਾਇਤਾ ਮਿਲੇ। ਤੰਬੂਆਂ ਵਾਲੇ ਮੋਟੇ ਕਪੜੇ ਦਾ ਵੀ ਉਚੇਚਾ ਪ੍ਰਬੰਧ ਕੀਤਾ ਗਿਆ।

ਸ੍ਰੀ ਗੁਰੂ ਨਾਨਕ ਦੇਵ ਜਿਸ ਵੇਲੇ ਕਰਤਾਰਪੁਰ (ਰਾਵੀ) ਧਰਮਸਾਲਾ ਭਾਈ ਕੇ ਬੈਠੇ ਸਨ ਤਦ ਤੋਂ ਗੁਰੂ ਘਰ ਵਿਚ ਸਿੱਖਾਂ (ਇਸਤ੍ਰੀ ਪੁਰਸ਼) ਦੇ ਰਹਿਣ ਦਾ ਰਵਾਜ ਪ੍ਰਚਲਤ ਹੋ ਗਿਆ ਸੀ। ਕਈ ਸਿੱਖਾਂ ਤਾ ਸਾਰੀ ਉਮਰ ਹੀ ਗੁਰੂ ਘਰ ਰਹੇ। ਦੂਸਰੀ ਤੇ ਤੀਸਰੀ ਪਾਤਸ਼ਾਹੀ ਵੇਲੇ ਸਿੱਖਾਂ ਦੇ ਵਿਚ ਵਾਧਾ ਹੋ ਗਿਆ ਸੀ, ਚੌਥੇ ਅਤੇ ਪੰਜਵੇਂ ਪਾਤਸ਼ਾਹ ਦੇ ਸਮੇਂ ਤਾ ਸੰਗਤਾਂ ਦਾ ਅਤੇ ਧਨ ਦਾ ਕੋਈ ਅੰਤ ਹੀ ਨਹੀਂ ਸੀ ਇਕ ਮੇਲਾ ਹੀ ਲਗਾ ਰਹਿੰਦਾ ਸੀ। ਛਵੀਂ ਪਾਤਸ਼ਾਹੀ ਪਾਸ ਉਹ ਸਿੱਖ ਫੌਜ ਦੇ ਰੂਪ ਵਿਚ ਸਨ। ਅਕਾਲ ਪੁਰਖ ਦੀ ਮੇਹਰ ਸੀ ਕਿ ਸਿੱਖ ਸੰਗਤ ਜਿੰਨੀ ਵੀ ਹਾਜਰ ਹੁੰਦੀ ਉੱਨਾਂ ਹੀ ਗੁਰੂ ਕਾ ਲੰਗਰ ਰਹਿੰਦਾ, ਰਤਾ ਥੁੜ ਨਾ ਆਉਂਦੀ ਜੇ ਦੋ ਹਜਾਰ ਰੋਜ ਦਾ ਖਰਚ ਹੁੰਦਾ ਤਾਂ ਤਿੰਨ ਹਜ਼ਾਰ ਆਉਂਦਾ ਖਜਾਨੇ ਭਰੇ ਹੀ ਰਹਿੰਦੇ । ਸਤਵੀ ਅਠਵੀਂ ਤੇ ਨੌਵੀਂ ਪਾਤਸ਼ਾਹੀ ਦੇ ਸਮੇਂ ਹਜ਼ੂਰੀ ਸਿੱਖ ਸੰਗਤ ਵਿਚ ਘਾਟਾ ਹੋ ਗਿਆ ਪਰ ਦਸਵੇਂ ਪਾਤਸਾਹ ਦੇ ਸਮੇਂ ਤਾਂ ਹਜ਼ੂਰੀ ਸਿੱਖ ਸੰਗਤ ਬਹੁਤ ਵਧ ਗਈ ਸੀ । ਪੱਕੀ ਰਿਹਾਇਸ਼ ਵਾਲਿਆਂ ਤੋਂ ਬਿਨਾਂ ਐਸੀ ਵੀ ਸੰਗਤ ਸੀ ਜਹੜੀ ਤਿੰਨ ਚਾਰ ਮਹੀਨੇ ਜਾਂ ਮਹੀਨਾ ਡੇਢ ਗੁਰੂ ਘਰ ਦੀ ਸੇਵਾ ਕਰਕੇ ਵਾਪਸ ਆਪਣੇ ਆਪਣੇ ਘਰਾਂ ਨੂੰ ਚਲੀ ਜਾਂਦੀ।

ਪਰ ਇਕ ਗਲ ਜਰੂਰ ਦਸਣ ਯੋਗ ਹੈ ਕਿ ਗੁਰੂ ਘਰ ਵਿਚ ਜੇਹੜੇ ਰਹਿੰਦੇ ਸਨ, ਉਹ ਸਿਰਫ ਪਟ ਪੂਜਾ ਕਰਨ ਵਾਸਤੇ ਨਹੀਂ ਸਨ ਰਹਿੰਦੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਉਹ ਹੀ ਛਕਦੇ ਜੋ ਚਵੀ ਘੰਟੇ ਸੇਵਾ ਕਰਦੇ, ਨਾਮ ਸਿਮਰਨ ਕਰਨਾਂ, ਸਤਿਗੁਰੂਜੀ ਤੇ ਰਾਗੀ ਕਵੀਸ਼ਰਾਂ ਪਾਸੋਂ ਗੁਰਬਾਣੀ ਤੇ ਗੁਰਮਤਿ ਦਾ ਉਪਦੇਸ਼ ਸੁਣਨਾ, ਗੁਰੂ ਕੇ ਲੰਗਰ ਦੀ ਸੇਵਾ ਇਮਾਰਤ ਤੇ ਘੜਿਆਂ

Sri Satguru Jagjit Singh Ji eLibrary NamdhariElibrary@gmail.com

ਵਾਸਤੇ ਘਾਹ ਆਦਿਕ ਦੀ ਸੇਵਾ ਕਰਨ ਵਿਚ ਦਿਨ ਬਤੀਤ ਕਰਦੇ ਸਨ। ਕੋਈ ਸਿਖ ਕਿਸੇ ਨਾਲ ਈਰਖਾ ਨਹੀਂ ਸੀ ਕਰਦਾ। ਕੋਈ ਪੁਰਸ਼ ਪਰ-ਨਾਰੀ ਜਾਂ ਕਿਸ ਸਿਖ ਦੀ ਧੀ-ਭੈਣ ਵਲ ਬੁਰੀ ਨਿਗਾਹ ਨਾਲ ਨਹੀਂ ਸੀ ਦੇਖਦਾ। ਸਾਰੇ ਵੀਰ ਭੈਣ ਬਣਕੇ ਰਹਿੰਦੇ ਸਨ ਜੋ ਕਿਸੇ ਕੋਲੋਂ ਭੁਲ ਹੋ ਜਾਂਦੀ ਤਾਂ ਉਹ 'ਭੁੱਲਾ' ਆਖਕੇ ਖਿਮਾਂ ਬਖਸ਼ਾ ਲੈਂਦਾ ਹਰ ਕੋਈ ਕਲਿਆਨ ਦੀ ਪ੍ਰਾਪਤੀ ਤੇ ਉਚੇ ਜੀਵਨ ਦੀ ਸਿਖਿਆ ਸਿਖਣ ਵਾਸਤੇ ਸਤਿਗੁਰੂ ਜੀ ਦੇ ਪਾਸ ਆਉਂਦਾ ਸੀ। ਕਿਸੇ ਗਲ ਦਾ ਕਦੀ ਅੰਤ ਨਹੀਂ ਹੋਇਆ। ਬੁਰਿਆਈ ਵੀ ਹਰ ਏਂ ਥੋੜੇ ਜੇਹੇ ਹਿਸੇ ਵਿਚ ਜਰੂਰ ਰਹਿੰਦੀ ਹੈ ਇਸ ਕਰਕੇ ਕਦੀ ਐਸੇ ਪੁਰਸ਼ ਵੀ ਸਨ ਜੋ ਸਿਖੀ ਦੇ ਜਾਮੇ ਵਿਚ ਚੋਰ ਤੇ ਪੇਟ ਪਾਲੂ ਸਨ, ਪਰ ਉਹ ਆਪਣੇ ਮਿਸ਼ਨ ਵਿਚ ਘਟ ਹੀ ਕਾਮਜਾਬ ਹੁੰਦੇ ਸਨ। ਬਹੁਤੇ ਚੰਗਿਆ ਵਿਚ ਉਨ੍ਹਾਂ ਦਾ ਦਾਅ ਨਹੀਂ ਸੀ ਲਗਦਾ ਅਖਰ ਉਹ ਜਾਂ ਤੁਾਂ ਨਿਰਾਸ ਹੋ ਕੇ ਚਲੇ ਜਾਂਦੇ ਤੇ ਜਾਂ ਚੰਗਾ ਪ੍ਰਸ਼ਾਦ ਛਕਕੇ ਬ੍ਰਿਛਾਂ ਦੀ ਛਾਂ ਹੇਠਾਂ ਏਠੇ ਹੋਏ ਜੀਵਨ ਗਵਾਉਂਦੇ। ਉਸੇ ਤਰਾਂ ਜਿਵੇਂ ਚੰਦਨ ਦੇ ਬਨ ਵਿਚ ਪੈਦਾ ਹੋਣ ਵਾਲਾ ਬਾਂਸ ਖੁਸ਼ਬੋ (ਸੁਗੰਧੀ) ਦੀ ਪ੍ਰਾਪਤੀ ਨਹੀਂ ਕਰਦਾ ਉਹ ਸੁਗੰਧੀ ਤੋਂ ਕੋਰਾ ਰਹਿੰਦਾ ਹੈ ਏਸੇ ਤਰਾਂ ਉਹ ਮਨ ਮੁਖ ਸਨ। ਦੋਤੇ ਵਾਗ ਪੇਟ ਭਰਕੇ ਸੁੰਕਦੇ ਰਹਿੰਦੇ ਸਨ ਜਦੋਂ ਕਦੀ ਸੇਵਾ ਕਰਨ ਦਾ ਮੌਕਾ ਬਣਦਾ ਤਾਂ ਘਰਕਣ ਲਗ ਪੈਂਦੇ ਸਨ।

ਡਰਦੇ ਬਹੁਤ ਸਨ ਜਿਵੇਂ ਅਸਾਂ ਦੇਖਿਆ ਕਿ ਭੰਗਾਣੀ ਦੇ ਜੁਧ ਸਮੇਂ ਪੰਜ ਸੌ ਉਦਾਸੀ ਸਾਧੂ ਸਤਿਗੁਰੂ ਜੀ ਦਾ ਸਾਥ ਛੱਡਕੇ ਹਰਦੁਵਾਰ ਨੂੰ ਪਤ੍ਰਾ ਵਾਚ ਗਏ ਸਨ। ਕਈ ਐਸੇ ਮਸੰਦ ਵੀ ਸਨ ਜੋਹੜੇ ਕੜਾਹ ਪ੍ਰਸ਼ਾਦ ਛਕਣ ਸਮੇਂ ਅਗੇ ਹੁੰਦੇ ਤੇ ਸੇਵਾ ਵੇਲੇ ਖਭ ਦੇ ਪਿਛ। ਪਰ ਜਦ ਸਤਿਗੁਰੂ ਜੀ ਨੇ ਡੇਹਰਾਦੂਨ ਰਾਮਰਾਇ ਜੀ ਦੇ ਮਸੰਦਾਂ ਨੂੰ ਕਰੜੀਆਂ ਸਜਾਵਾਂ ਦਿਤੀਆਂ ਤਾ ਸਤਿਗੁਰੂ ਜੀ ਦੇ ਆਪਣੇ ਮਸੰਦਾਂ ਨੂੰ ਕੰਨ ਹੋ ਗਏ। ਉਹ ਰਾਤ ਦਿਨ ਭੈ ਖਾਣ ਲਗੇ। ਸਿਖਾਂ ਨੂੰ ਠੱਗਣ ਜਾਂ ਗੁਰੂ ਘਰ ਨੂੰ ਧੋਖਾ ਦੇਣ ਦਾ ਹੌਂਸਲਾ ਨਾ ਪੈਂਦਾ।

ਇਕ ਰਾਮ ਪ੍ਰਸ਼ਾਦ ਨਾਮ ਦਾ ਸਿਖ ਸੀ, ਉਹ ਮਥਰਾ ਦੇ ਪੰਡਿਆਂ ਵਾਂਙ ਬੈਠਕੇ ਭੋਜਨ ਛਕਣ ਦਾ ਬਹੁਤ ਇਛਾਵਾਨ ਸੀ। ਹਰ ਇਕ ਆਮੀਰ ਯਾਤਰੂ

Sri Satguru Jagjit Singh Ji eLibrary NamdhariElibrary@gmail.com

ਪਾਸੋਂ ਮਠਿਆਈ ਮੰਗ ਲੈਂਦਾ, ਬਹੁਤਾ ਖਾ ਕੇ ਮੱਝ ਵਾਂਗ ਲੰਟ ਰਹਿੰਦਾ। ਭਜਨ ਬੰਦਗੀ ਵੀ ਨਾ ਕਰਦਾ ! ਜੇ ਕਦੀ ਸੇਵਾ ਵਾਸਤੇ ਸਿਖ ਕਹਿੰਦੇ ਤਾਂ ਇਹ ਆਖ ਟਾਲ ਛਡਦਾ—'ਮੇਰੇ ਪੇਟ ਦਰਦ ਹੋ ਰਹੀ ਹੈ ਮੇਰੇ ਸਿਰ ਦਰਦ ਹੈ ਜਾਂ ਮੈ ਬੀਮਾਰ ਹਾਂ।' ਕਦੀ ਐਵੇਂ ਹੀ ਝੂਠ ਬੋਲ਼ਦਾ 'ਮੈਂ ਸਿਮਰਨ ਕਰ ਰਿਹਾ ਹਾਂ, । ਇਕਾਂਤ ਵਿਚ ਚੁਪ ਬੈਠਕੇ ਵਾਹਿਗੁਰੂ ਦਾ ਸਿਮਰਨ ਕਰਦਾ ਹਾਂ।' ਕਿਉਂਕਿ ਭਗਤੀ ਸਿਮਰਨ ਕਰਨ ਵਾਲੇ ਸਿਖ ਨੂੰ ਕੋਈ ਸਿਖ ਮੱਲੋ ਮੱਲੀ ਭਾਰੇ ਕੰਮ ਤੇ ਨਹੀਂ ਸੀ ਲਾਉਂਦਾ। ਚੋਜੀ ਪ੍ਰੀਤਮ ਜੀ ਨੂੰ ਉਸ ਦੀਆਂ ਹਰਕਤਾਂ ਦਾ ਸਾਰਾ ਪਤਾ ਲਗ ਗਿਆ। ਕਈਆਂ ਸਿਖਾਂ ਨੇ ਅਰਜ਼ ਵੀ ਕੀਤੀ ਕਿ ਮਹਾਰਾਜ ਰਾਮ ਪ੍ਰਸ਼ਾਦ ਯਾਤਰੂਆਂ ਪਾਸੋਂ ਮਠਿਆਈ ਮੰਗਕੇ ਖਾ ਕੇ ਰੱਜਿਆ ਰਹਿੰਦਾ ਹੈ ਤੇ ਸੇਵ ਸਿਮਰਨ ਨਹੀਂ ਕਰਦਾ ਨਾ ਵਿਦਿਆ ਪੜ੍ਹਨ ਵਿਚਾਰਨ ਦਾ ਹੀਲਾ ਕਰਦਾ ਹੈ।

ਇਕ ਦਿਨ ਐਸਾ ਸਬੱਬ ਲਗਾ ਕਿ ਇਕ ਅਮੀਰ ਸਿਖ ਅਨੰਦਪੁਰ ਆਇਆ, ਉਸ ਨੇ ਹਜ਼ਾਰ ਰੁਪੈ ਸਤਿਗੁਰੂ ਜੀ ਦੀ ਭੇਟਾ ਕੀਤੇ। ਨਗਦੀ ਤੋਂ ਬਿਨਾਂ ਦੁਸ਼ਾਲੇ ਅਤੇ ਚਾਰ ਘੋੜੇ ਵੀ ਸਤਿਗੁਰੂ ਜੀ ਦੀ ਭੇਟਾ ਕੀਤੇ। ਉਸਦੇ ਨਾਲ ਰਾਮ ਪ੍ਰਸ਼ਾਦ ਦਾ ਟਾਕਰਾ ਹੋ ਗਿਆ ਰਾਮ ਪ੍ਰਸ਼ਾਦ ਨੇ ਸਿਖ ਨੂੰ ਕਿਹਾ—'ਮੈਨੂੰ ਲੱਡੂ ਪੇੜੇ ਛਕਾਓ ਤਾਂ ਬੜਾ ਪੁੰਨ ਹੋਵੇਗਾ।' ਉਸ ਸਿਖ ਅਗੇ ਲਡੂ-ਪੇੜੇ ਖਰੀਦਣੇ ਕੋਈ ਵੱਡੀ ਗਲ ਨਹਾਂ ਸੀ । ਉਹ ਅਮੀਰ ਆਦਮੀ ਸੀ ਉਸ ਨੇ ਆਪਣਾ ਨੌਕਰ ਭੇਜਿਆ ਕਿ ਉਹ ਲਡੂ-ਪੇੜੇ ਲੈ ਆਵੇ ਪਰ ਦੇਵ-ਨੇਤ ਨਾਲ ਉਸੇ ਸਮੇਂ ਉਧਰੋਂ ਸਤਿਗੁਰੂ ਜੀ ਉਸ ਅਸਥਾਨ ਤੇ ਆ ਪੁਜੇ । ਚੋਜੀ ਪ੍ਰੀਤਮ ਸਤਿਗੁਰੂ ਜੀ ਰਾਮ ਪ੍ਰਸਾਦ ਤੇ ਅਮੀਰ ਸਿੱਖ ਦੇ ਕੋਲ ਪੁਜੇ ਸਨ ਕਿ ਸਿਖ ਨੇ ਕਿਹਾ—ਮਹਾਰਾਜ! ਪੱਥਰ ਦੀਆਂ ਵੱਡੀਆਂ ਸਿਲਾਂ ਗਡਿਆਂ ਤੋਂ ਉਤਾਰ ਕੇ ਅਨੰਦ ਪੁਰ ਪਰਬਤ ਉਤੇ ਖੜਨੀਆਂ ਹਨ। ਜਿਸ ਅਨੰਦ ਪ੍ਰਬਤ ਤੇ ਆਪ ਨੇ ਅਨੰਦਗੜ੍ਹ ਕਿਲਾ ਉਸਾਰਨ ਦੀ ਇੱਛਾ ਪ੍ਰਗਟ ਕੀਤੀ ਹੈ, ਪੱਥਰ ਬਹੁਤ ਦੂਰੋਂ ਲਿਆਂਦੇ ਗਏ ਹਨ। ਕੁਝ ਸੇਵਾਦਾਰਾਂ ਦੀ ਲੋੜ ਹੈ ਜੋ ਭਾਰੀ ਪੱਥਰ ਚੁਕ ਸਕਣ।

ਸਿੱਖ ਦੀ ਇਸ ਬੇਨਤੀ ਨੂੰ ਸੁਣਕੇ ਸਤਿਗੁਰੂ ਜੀ ਨੇ ਰਾਮ ਪ੍ਰਸ਼ਾਦ ਵਲ ਵੇਖਕੇ ਬਚਨ ਕੀਤਾ—'ਭਾਈ ਰਾਮ ਪ੍ਰਸਾਦ ਨੂੰ ਲੈ ਜਾਓ ਤੇ ਨਾਲ ਇਨ੍ਹਾਂ ਦੇ

Sri Satguru Jagjit Singh Ji eLibrary NamdhariElibrary@gmail.com

ਐਸੇ ਹੀ ਸੰਤਾ, ਝੰਡਾ, ਦਿਆਲਾ ਤੇ ਸ਼ਾਮਾ ਹਨ, ਭਾਈ ਰਾਮ ਪ੍ਰਸ਼ਾਦ ਤਾਂ ਚਾਰ ਮਣ ਪੱਕੇ ਦਾ ਪੱਥਰ ਚੁਕ ਸਕੇਗਾ। ਤਕੜਾ ਪਹਿਲਵਾਨ ਹੈ, ਦੇਖ ਸਰੀਰ ਕੈਸਾ ਬਾਂਕਾ ਹੈ ਪਰ ਬਹੁਤਾ ਖਾਣ ਤੇ ਵੇਹਲੇ ਰਹਿਣ ਨਾਲ ਪੇਟ ਵਧ ਗਿਆ ਹੈ। ਸਰੀਰ ਨੂੰ ਠੀਕ ਰਖਣ ਵਾਸਤੇ ਪੇਟ ਨੂੰ ਹੌਲਾ ਕਰਨਾ ਜਰੂਰੀ ਹੈ ਭਾਰੇ ਪੇਟ ਵਾਲਾ ਲੋੜ ਪੈਣ ਤੇ ਨਸ ਵੀ ਨਹੀਂ ਸਕਦਾ। ਦੇਹ ਅਰੋਗ ਹੋਵੇ ਤਾਂ ਆਤਮਾ ਅਰੋਗ ਤੇ ਨਿਰੋਈ ਹੰਦੀ ਹੈ।'

ਸਤਿਗੁਰੂ ਜੀ ਦਾ ਇਹ ਹੁਕਮ ਸੁਣਕੇ ਰਾਮ ਪ੍ਰਸ਼ਾਦ ਦੇ ਮਾਪੇ ਮਰ ਗਏ। ਇਕ ਉਹ ਸ਼ਰਮਿੰਦਾ ਹੋਇਆ ਕਿ ਉਸਦੇ ਵੇਹਲੇ ਰਹਿਣ ਤੇ ਚੈਨ ਉਡਾਉਣ ਦਾ ਪਤਾ ਸਤਿਗੁਰੂ ਜੀ ਨੂੰ ਲਗ ਗਿਆ ਹੈ, ਦੂਸਰਾ ਕਾਰ ਉਸਨੂੰ ਕਰੜੀ ਮਿਲਣ ਲਗੀ ਹੈ ਤੇ ਤੀਸਰਾ ਮਠਿਆਈ ਕੌਣ ਖਾਵੇਗਾ ? ਮੂੜ ਪੁਰਸ਼ ਨੇ ਅੰਤਰਯਾਮੀ ਅਗੇ ਵੀ ਝੂਠ ਬੋਲਣੋ ਸੰਕੋਚ ਨਾ ਕੀਤਾ। ਉਹ ਕਹਿਣ ਲਗਾ—'ਮਹਾਰਾਜ ! ਸੇਵਾ ਕਰਨ ਵਾਸਤੇ ਤਾਂ ਏਥੇ ਆਏ ਹਾਂ। ਸੇਵਾ ਕਰਦਿਆਂ ਹੋਇਆਂ ਹੱਥ ਤੇ ਮਨ ਨਿਰਮਲ ਹੁੰਦਾ ਹੈ, ਪਰ ਅਜ ਮੇਰੇ ਪੇਟ ਵਿਚ ਗੜਬੜ ਹੈ ਸਵੇਰ ਤੋਂ ਦਰਦ ਹੋ ਰਹੀ ਹੈ । ਹੁਣ ਖਿਮਾਂ ਬਖਸ਼ੋ ਰਤਾ ਆਰਾਮ ਆਉਣ ਤੇ ਮੈਂ ਜ਼ਰੂਰ ਸੇਵਾ ਕਰਾਂਗਾ।'

ਇਹ ਸੁਣਕੇ ਸਤਿਗੁਰੂ ਜੀ ਮੁਸਕਰਾਉਂਦੇ ਹੋਏ ਕਹਿਣ ਲਗੇ—'ਤੇਰੇ ਪੇਟ ਦਾ ਇਲਾਜ ਹੋ ਜਾਂਦਾ ਹੈ। ਦੋ ਸੇਰ ਲਡੂ ਆ ਰਹੇ ਹਨ ਉਹ ਖਾਣ ਤੇ ਬਸ ਇਕ ਦਮ ਪੇਟ ਦਰਦ ਦੂਰ ਹੋ ਜਾਵੇਗੀ । ਤੇਰੇ ਚੇਹਰੇ ਦਾ ਰੰਗ ਦਸਦਾ ਹੈ ਕਿ ਪੇਟ ਦਰਦ ਬਹੁਤਾ ਖਾਣ ਦੀ ਨਹੀਂ ਸਗੋਂ ਭੁਖ ਦੀ ਹੈ, ਮਿਠੇ ਦੇ ਲਾਲਚ ਦਾ ਹੈ ਇਹ ਲਾਲਚ ਵੀ ਰੋਗ ਹੈ ਭਾਰੀ ਪੱਥਰ ਚੁਕਿਆਂ ਹੀ ਦੂਰ ਹੋਵੇਗਾ। ਜਾਓ ! ਮਠਿਆਈ ਹੁਣੇ ਆ ਜਾਂਦੀ ਹੈ।'

ਰਾਮ ਪ੍ਰਸ਼ਾਦ ਹੁਣ ਬਹੁਤਾ ਸ਼ਰਮਿੰਦਾ ਹੋਇਆ। ਸਤਿਗੁਰੂ ਜੀਦੇ ਚਰਨੀਂ ਡਿੱਗ ਪਿਆ--ਦਾਤਾ ! ਬਖਸ਼ੋ । ਮੈਂ ਲਾਲਚੀ ਤੇ ਭੁਖਾ। ਜਨਮ ਜਨਮ ਦਾ ਭੁਖਾ ਹਾਂ, ਮੇਰੀ ਭੁਖ ਦੂਰ ਕਰੋ। ਮੈਂ ਸੇਵਾ ਕਰਨ ਆਇਆ ਸਾਂ ਪਰ ਸਵਾਦੀ ਭੋਜਨਾਂ ਸਿੱਖਾਂ ਦੀ ਸ਼ਰਧਾ ਨੇ ਮੈਨੂੰ ਸੇਵਾ ਨਹੀਂ ਕਰਨ ਦਿੱਤੀ ਮੈਂ ਲੱਡੂ ਨ

Sri Satguru Jagjit Singh Ji eLibrary NamdhariElibrary@gmail.com

ਪੇੜੇ ਖਾਦਾ ਹਾਂ, ਪਤਾ ਨਹੀਂ ਕਿਉਂ ਜਿੰਨਾ ਚਿਤ ਨਾ ਖਾਵਾਂ ਮੈਨੂੰ ਸੰਤੋਖ ਨਹੀਂ ਆਉਂਦਾ। ਖਾ ਕੇ ਨੀਂਦ ਆ ਜਾਂਦੀ ਹੈ। ਭਜਨ ਨਹੀਂ ਹੁੰਦਾ, ਮੇਰੇ ਤੇ ਦਇਆ ਕਰੋ।'

ਅਜੇ ਰਾਮ ਪ੍ਰਸ਼ਾਦ ਬੇਨਤੀ ਕਰ ਰਿਹਾ ਸੀ ਕਿ ਅਮੀਰ ਸਿਖ ਦਾ ਸੇਵਕ (ਨੌਕਰ) ਲੱਡੂ ਤੇ ਪੇੜੇ ਲੈ ਕੇ ਆ ਗਿਆ। ਭਾਣਾ ਕਰਤਾਰ ਦਾ ਜਦੋਂ ਲੱਡੂ ਤੇ ਪੇੜੇ ਦੇਖੇ ਤਾਂ ਉਹਨਾਂ ਨੂੰ ਕੀੜੇ ਚਲੇ ਹੋਏ ਸਨ। ਸਾਰੇ ਖਰਾਬ ਸਨ ਤੇ ਬਦਬੂ ਆ ਰਹੀ ਸੀ। ਸਤਿਗੁਰੂ ਜੀ ਨੇ ਰਾਮ ਪ੍ਰਸ਼ਾਦ ਨੂੰ ਕਿਹਾ—'ਲੈ ਪੇੜੇ ਖਾ ਲੈ।'

'ਨਹੀਂ ਦਾਤਾ! ਹੁਣ ਨਹੀਂ ਖਾਣੇ, ਇਹ ਪੇੜੇ ਲੱਡੂ ਨਹੀਂ ਖਾਣੇ, ਮੈਂ ਚਲਿਆ ਹਾਂ, ਮੈਂ ਪੱਥਰ ਢੋਵਾਂਗਾ। ਮੇਰੇ ਪੇਟ ਦੀ ਪੀੜ ਦੂਰ ਹੋ ਗਈ ਹੈ। ਹੁਣ ਮੈਂ ਜਾਂਦਾ ਹਾ।' ਇਹ ਆਖ ਕੇ ਤੁ ਚਰਨਾਂ ਉਪਰ ਮੱਥਾ ਟੇਕਰੇ ਵਾਹੋਦਾਹੀ ਨੱਠ ਗਿਆ। ਨੱਠਦਾ ਹੋਇਆ ਠੰਡਾ ਲਗਣ ਤੇ ਭਿਗ ਪਿਆ ਤੇ ਮੁੜਕੇ ਉਠ ਕੇ ਨੱਠ ਉਠਿਆਂ, ਅਨੰਦ ਪਰਬਤ ਤੇ ਪੁਜਾ ਤੇ ਗੱਡਿਆ ਉਤੋਂ ਪੱਥਰ ਚੁਕ ਚੁਕ ਕੇ ਉਪਰ ਖੜਨ ਲੱਗਾ, ਸੇਵਾ ਕਰਨ ਨਾਲ ਉਹਦੀਆਂ ਭੁਖਾਂ ਮਰ ਗਈਆਂ, ਸਰੀਰ ਸੁੰਦਰ ਤੇ ਅਰੋਗ ਹੋ ਗਿਆ। ਬਾਕੀ ਜੀਵਨ ਉਸ ਨੇ ਭਜਨ ਬੰਦਗੀ ਤੇ ਸੇਵਾ ਵਿਚ ਗੁਜਾਰਿਆ।

ਇਸ ਤਰਾਂ ਸਤਿਗੁਰੂ ਜੀ ਸਾਰਿਆਂ ਦਾ ਖਿਆਲ ਰਖਦੇ ਸਨ। ਓਹ ਤਾਂ ਹਰ ਇਕ ਸਿਖ ਨੂੰ ਨੇਕ, ਧਰਮੀ, ਅਣਖੀਲਾ, ਸੰਜੋਖੀ ਅਤੇ ਸੂਰਬੀਰ ਜੋਧਾ ਬਣਿਆ ਹੋਇਆ ਦੇਖਣਾ ਚਾਹੁਦੇ ਸਨ।

ਅਨੰਦਪੁਰ ਸ਼ਹਿਰ ਦੀ ਵਸੋਂ ਵਲ ਵੀ ਖਿਆਲ ਕੀਤਾ, ਹਟਵਾਣੀਏਂ ਮੰਗਵਾਕੇ ਬਾਜਾਰ ਖੁਲ੍ਹਵਾਇਆ, ਹਰ ਪ੍ਰਕਾਰ ਦੇ ਸੌਦੇ ਦੀਆਂ ਹੱਟੀਆਂ ਖੁਲ੍ਹ ਗਈਆਂ ਤੇ ਰਿਹਾਇਸ਼ ਵਾਸਤੇ ਮਕਾਨ ਤੇ ਬੁਰਜ ਤਿਆਰ ਹੋ ਗਏ। ਇਸ ਤਰ੍ਹਾਂ ਅਨੰਦਪੁਰ ਦੀਆਂ ਰੌਣਕਾਂ ਵਧ ਗਈਆਂ, ਦੂਰ ਦੂਰ ਤੋਂ ਸਿਖ ਆਉਣ ਲਗ ਪਏ। ਜਿਸ ਵੇਲੇ ਸਿਖਾਂ ਨੇ ਸੁਣਿਆ ਕਿ ਸਤਿਗੁਰੂ ਜੀ ਨੇ ਭੰਗਾਣੀ ਦਾ ਜੁਧ ਜਿਤਿਆ ਹੈ, ਤਾਂ ਬਹੁਤੇ ਦਰਸ਼ਨ ਕਰਨ ਆਏ। ਅੰਨ, ਕਪੜਾ, ਘਿਓ, ਮਿੱਠਾ ਤੇ ਨਗਦੀ ਬਹੁਤ ਭੇਟਾ ਹੋਈ, ਬਹੁਤਿਆਂ ਨੇ ਆਪਣ ਜੁਆਨ ਪੁਤ੍ਰ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਸ਼ੀ ਦੇ ਹਵਾਲੇ ਕਰ ਦਿਤੇ।

ਪਾਉਂਟੇ ਸਾਹਿਬ ਸਤਿਗੁਰੂ ਜੀ ਨੇ ਵਿਦਿਆ ਪੜ੍ਹਣ ਲਿਖਣ ਤੇ ਕਵਿਤਾ ਉਚਾਰਨ ਦੇ ਸਿਲਸਿਲੇ ਨੂੰ ਆਰੰਭ ਕੀਤਾ ਸੀ। ਇਸ ਸਮੇਂ ਤਕ ਸਾਹਿਬ ਆਪ ਸੰਸਕ੍ਰਿਤ. ਫਾਰਸੀ, ਹਿੰਦੀ ਭਾਸ਼ਾ ਤੇ ਗੁਰਮੁਖੀ ਅੱਖਰਾਂ ਰਾਹੀਂ ਪੰਜਾਬੀ ਭਾਸ਼ਾ ਦੇ ਗਿਆਨੀ ਹੋ ਚੁਕੇ ਸਨ। ਆਪ ਫਾਰਸੀ, ਸੰਸਕ੍ਰਿਤ, ਹਿੰਦੀ ਤੇ ਪੰਜਾਬੀ ਵਿਚ ਕਵਿਤਾ ਦੀ ਰਚਨਾ ਕਰਨ ਲਗ ਪਏ ਸਨ । ਆਪ ਵਿਆਕਰਣ ਤੇ ਪਿੰਗਲ ਦੇ ਤਾਂ ਪੰਡਤ ਸਨ। ਆਪ ਦੀ ਰਚਨਾ ਜੋ ਦਸਮ ਗ੍ਰੰਥ ਵਿਚ ਹੈ ਨੂੰ ਪੜ੍ਹਕੇ ਪਤਾ ਲਗਦਾ ਹੈ ਕਿ ਕਵਿਤਾ ਦੇ ਛੰਦ ਜੋ ਉਸ ਵੇਲੇ ਪ੍ਰਚਲਤ ਸਨ ਤੇ ਜੋ ਵਰਣਕ, ਮਾਤ੍ਰਿਕ ਤੇ ਲਘ ਛੰਦ ਸਨ. ਉਹਨਾਂ ਸਾਰਿਆਂ ਦੀ ਰਚਨਾ ਆਪ ਨੇ ਕੀਤੀ. ਸ਼ਬਦਾਂ ਦੀ ਚੋਣ, ਛੰਦ ਦੀ ਚਾਲ ਅਤੇ ਸਰਲਤਾ ਬਹੁਤ ਹੀ ਸੁਦਰ ਹੈ। ਆਤ ਨੇ ਕਵਿਤਾ ਦੀ ਰਚਨਾ ਦਾ ਕੰਮ ਜਾਰੀ ਰਖਿਆ। ਇਕ ਦੋ ਨਹੀਂ ਸਗੋਂ ਹੇਠਾਂ ਲਿਖੇ ਪਰ ਕਵੀ ਸਤਿਗੁਰੂ ਜੀ ਕੋਲ ਆ ਕੇ ਰਹੇ ਸਨ—

ਅੰਮ੍ਰਿਤ ਰਾਏ, ਕਵੇਸ, ਮੰਗਲ, ਸੈਨਾਪਤਿ, ਸੁਖਦੇਵ, ਚੰਦਨ,ਈਸ਼ਰ, ਆਲਮ, ਉਦੋਰਾਇ, ਹੰਸ ਕਾਜ, ਰਾਵਲ ਰਾਮ, ਮੂਲੂ, ਮਧੂ ਚੰਦ, ਬੱਲੂ, ਲੱਖਾ, ਬਿਧੀਆ, ਨੰਦ ਲਾਲ, ਬ੍ਰਿਜਲਾਲ, ਖਾਨਖਾਨਾ, ਪਿੰਡੀਲਾਲ, ਰਾਮਦਾਸ, ਹੁਸੈਨੀ, ਨਿਹਾਲ, ਮਦਨ ਲਾਲ, ਧਿਆਨ ਸਿੰਘ, ਧਰਮ ਸਿੰਘ, ਦਇਆ ਸਿੰਘ ਰੋਸ਼ਨ ਸਿੰਘ. ਮਾਲਾ ਸਿੰਘ. ਆਸਾ ਸਿੰਘ ਨੰਦ ਸਿੰਘ ਸੁਖਾ ਸਿੰਘ ਧੰਨਾ ਸਿੰਘ ਟਹਿਲ ਨੰਦ ਰਾਮ ਨਾਨੂੰ ਗੁਰਦਾਸ ਅਚਲਦਾਸ ਮਣੀਰਾਇ ਸਯਾਮ ਸੈਨਾ ਸੰਖ ਰਾਮ ਚੰਦ ਬਾਲੂ ਮਾਨੀ ਸੁੰਦਰ ਸੋਹਨ ਜਾਨ ਅਤੇ ਹਰਿ ਠਾਕਰ।

ਇਤਿਆਦਿ ਜੋ ਪਰ ਹਜ਼ੂਰੀ ਕਵੀ ਸਨ, ਹਰ ਇਕ ਵਿਦਵਾਨ ਤੇ ਕਵੀ ਦਾ ਸਤਕਾਰ ਹੋਣ ਲੱਗਾ, ਦੁਨਿਆ ਵੀ ਬਾਦਸ਼ਾਹਾਂ ਵਾਂਗ ਨਹੀਂ ਇੰਦ੍ਰ ਦੇਦਰਬਾਰ ਵਾਂਗ ਸਾਹਿਬ ਦਰਬਾਰ ਲਗ ਉਣ ਲਗੇ । ਸਿੰਘਾਸਨ ਉਤੇ ਬੈਠਕੇ ਕਵੀ ਜਨਾਂ ਦੀਆਂ ਰਚਨਾਵਾਂ ਸੁਣਦੇ ਦੁਖੀਆਂ ਦੀਆਂ ਬੇਨਤੀਆਂ ਵਲ ਧਿਆਨ ਦੇ ਦੇ, ਧਰਮ ਦੀ ਪਾਤਸ਼ਾਹੀ ਵਿਚ ਸ਼ਾਂਤੀ ਤੇ ਪਿਆਰ ਠਾਠਾਂ ਮਾਰਦਾ ਸੀ।

ਦੂਰ ਦੂਰ ਦੇ ਵਿਦਵਾਨ ਯਾਤਰੂ ਸੈਲਾਨੀ ਆ ਕੇ ਅਨੰਦਪੁਰ

Sri Satguru Jagjit Singh Ji eLibrary NamdhariElibrary@gmail.com

ਦੀਆਂ ਰੌਣਕਾਂ ਦੇਖਣ ਲਗੇ। ਜੋਹੜਾ ਸਤਿਗੁਰੂ ਜੀ ਦੇ ਦਰਬਾਰ ਨੂੰ ਦੇਖਦਾ ਸੀ ਉਹ ਦਰਬਾਰ ਨੂੰ ਭੁਲ ਜਾਂਦਾ ਸੀ।

+o+

੧੫. ਰਾਜਾ ਭੀਮਚੰਦ ਕਹਿਲੂਰੀਆ

ਰਾਜਾ ਭੀਮ ਚੰਦ ਕਹਿਲੂਰੀਏ ਬਾਰੇ ਪਹਿਲਾਂ ਬਹੁਤ ਕੁਝ ਲਿਖਿਆ ਜਾ ਚੁਕਾ ਹੈ ਇਸ ਨੇ ਗੁਰੂ ਘਰ ਨਾਲ ਈਰਖਾ ਕੀਤੀ ਅਤੇ ਰਾਜਾ ਫਤਹ ਸ਼ਾਹ ਦੇ ਘਰ ਜਾ ਕੇ ਰਾਜਿਆਂ ਨੂੰ ਚੁਕ ਕੇ ਭੰਗਾਣੀ ਦਾ ਜੁਧ ਲੜਿਆ, ਜਿਸ ਵਿਚ ਰਾਜਿਆਂ ਨੂੰ ਹਾਰ ਹੋਈ ਤੇ ਭੀਮ ਚੰਦ ਧੌਣ ਭਨਾ ਕੇ ਘਰ ਆ ਗਿਆ।

ਸਤਿਗੁਰੂ ਜੀ ਅਨੰਦ ਪੁਰ ਆ ਗਏ। ਅਨੰਦਪੁਰ ਵਿਆਸਤ ਕਹਿਲੂਰ ਵਿਚ ਸੀ। ਇਸ ਰਾਜ ਦੀਆ ਪਹਾੜੀਆਂ ਨਾਲ ਸਨ ਉਹਨਾਂ ਪਹਾੜੀਆਂ ਵਿਚ ਹਰਿਆ ਘਾਹ ਤੇ ਬਾਲਣ ਸੀ,ਲਾਗੇ ਦੀ ਵਸੋਂ ਵਿਚੋਂ ਅਨੇਕਾਂ ਚੀਜ਼ਾਂ ਮਿਲਦੀਆਂ ਸਨ। ਅਨੰਦ ਪੁਰ ਵਿਚ ਸਿਖਾਂ ਦੀ ਵਸੋਂ ਬਹੁਤ ਹੋ ਗਈ। ਓਹ ਘਾਹ, ਬਾਲਣ ਤੇ ਹੋਰ ਵਸਤੂਆਂ ਲੈਣ ਵਾਸਤੇ ਕਹਿਲੂਰ ਰਾਜ ਦੇ ਪਿੰਡਾਂ ਵਿਚ ਜਾਂਦੇ ਮੁਲ ਦੇ ਕੇ ਲੈ ਆਉਂਦੇ, ਜੇ ਕੋਈ ਮੁਲ ਵਸਤੂ ਨਾ ਦੇਂਦਾ ਤਾਂ ਮਾਰ-ਧਾੜ ਵੀ ਕਰ ਲੈਂਦੇ, ਉਹ ਪਹਾੜੀਏ ਜਾਕੇ ਆਪਣੇ ਰਾਜੇ ਭੀਮ ਚੰਦ ਕੋਲ ਕੁਰਲਾਏ, ਭੀਮ ਚੰਦ ਦੰਦ ਭਨਾ ਬੈਠਾ ਸੀ। ਉਸਨੂੰ ਹੌਸਲਾ ਨਹੀਂ ਸੀ ਪੈਂਦਾ ਕਿ ਓਹ ਅਨੰਦਪੁਰ ਤੇ ਚੜ੍ਹਾਈ ਕਰੇ। ਉਸ ਨੂੰ ਇਹ ਡਰ ਸੀ ਕਿ ਜੇਕਰ ਉਸ ਇਕੱਲੇ ਨੇ ਲੜਾਈ ਸ਼ੁਰੂ ਕਰ ਲਈ ਤਾ ਰਾਜ ਨਾ ਖੁਹਾ ਬੈਠੇ। ਜੋਹੜਾ ਸਤਿਗੁਰੂ ਬਹੁਤਿਆਂ ਰਾਜਿਆਂ ਕੋਲੋਂ ਨਹੀਂ ਹਾਰਿਆ ਉਹ ਇਕੱਲੇ ਕੋਲੋਂ ਕਿਵੇਂ ਹਾਰ ਸਕਦਾ ਹੈ।

ਆਖਰ ਭੀਮ ਚੰਦ ਨੇ ਆਪਣੇ ਵਜ਼ੀਰਾਂ ਨੂੰ ਸੱਦਿਆ। ਉਹਨਾਂ ਕੋਲੋਂ ਸਲਾਹ ਪੁਛੀ ਕਿ ਉਹ ਕੀ ਕਰੇ ? ਪਰਮਾਨੰਦ ਨੇ ਤਾਂ ਉਲਟੀ ਮੱਤ ਹੀ ਦਿਤੀ ਪਰ ਬਿਸ਼ਨਚੰਦ ਨੇ ਕਿਹਾ--'ਨੀਤੀ ਇਹ ਨਹੀਂ ਆਖਦੀ ਕਿ ਤਕੜੇ ਵੈਰੀ ਨਾਲ ਮੱਥਾ ਲਾਕੇ ਆਪਣੇ ਆਪ ਨੂੰ ਬਰਬਾਦ ਕੀਤਾ ਜਾਵੇ । ਸਤਿਗੁਰੂ ਜੀ ਨੂੰ ਸਾਧੂ ਹੀ ਨਹੀਂ ਸਮਝਣਾ ਚਾਹੀਦਾ। ਭਾਵੇਂ ਉਨ੍ਹਾਂ ਕੋਲ ਬਹੁਤੀ ਧਰਤੀ ਨਹੀਂ, ਪਰ

Sri Satguru Jagjit Singh Ji eLibrary NamdhariElibrary@gmail.com

ਪਰ ਰਾਜਸੀ ਬਲ ਉਹਨਾ ਕੋਲ ਬਹੁਤ ਹੈ। ਉਹਨਾਂ ਨੂੰ ਭੇਟਾਂ ਦੇ ਰੂਪ ਵਿਚ ਲੱਖਾਂ ਰੁਪੈ ਮਾਮਲਾ ਮਿਲਦਾ ਹੈ । ਹਜ਼ਾਰਾਂ ਮੁਰੀਦ (ਚੇਲੇ—ਸਿਖ) ਮੁਫਤ ਦੇ ਸਿਪਾਹੀ ਹਨ। ਉਹ ਸਤਿਗੁਰੂ ਜੀ ਦੇ ਬਦਲੇ ਜਾਨਾਂ ਵਾਰਨ ਨੂੰ ਤਿਆਰ ਰਹਿੰਦੇ ਹਨ। ਉਹਦੇ ਦਰਬਾਰ ਵਿਚ ਜੋ ਕੁਝ ਹੁੰਦਾ ਹੈ, ਉਹ ਕੁਝ ਮੁਗਲ ਸਮਰਾਟ ਦੇ ਦਰਬਾਰ ਵਿਚ ਵੀ ਨਹੀਂ ਹੁੰਦਾ। ਮੈਂ ਤਾਂ ਇਹ ਸਲਾਹ ਦੇਂਦਾ ਹਾਂ ਕਿ ਉਹਨਾਂ ਨਾਲ ਸਮਝੌਤਾ ਕਰ ਲਵੋ ਤੇ ਅਮਨ ਨਾਲ ਆਪ ਵਸੋ ਤੇ ਉਹਨਾਂ ਨੂੰ ਵਸਣ ਦੇਵੋ। ਜੇ ਅਨੰਦ ਪਰੇਮ ਵਿਚ ਹੈ ਉਹ ਵੈਰ ਵਿਚ ਨਹੀਂ।'

ਇਹ ਸੁਣਕੇ ਰਾਜਾ ਭੀਮ ਚੰਦ ਕਹਿਣ ਲਗਾ— ਤੁਸਾਂ ਦਾ ਮਤਲਬ ਹੈ ਕਿ ਮੈਂ ਏਨ ਮੰਨਾਂ ? ਉਹਨਾਂ ਦਾ ਦਾਸ ਹੋ ਕੇ ਆਪਣੇ ਰਾਜਸੀ ਸਤਕਾਰ ਨੂੰ ਗੁਆ ਬਠਾ? ਇਹ ਮੈਥੋਂ ਨਹੀਂ ਹੋ ਸਕਦਾ ਕਿ ਮੈਂ ਇਕ ਸਾਧੂ ਦੇ ਤਰਲੇ ਕਢਾ।'

ਵਜ਼ੀਰ ਬਿਸ਼ਨ ਚੰਦ—'ਹੇ ਰਾਜਨ ! ਇਹ ਆਪ ਨੂੰ ਭੁਲੇਖਾ ਹੈ। ਆਤਮਾਂ ਤੋਂ ਵੈਰ ਭਾਵ ਦੂਰ ਕਰਕੇ ਸੋਚੋ ਤਾਂ ਤੁਸਾਂ ਨੂੰ ਪਤਾ ਲਗੇ ਕਿ ਇਹ ਇਕ ਸਾਧੂ ਨਹੀਂ ਸਗੋਂ ਵਿਸ਼ਨੂ ਅਵਤਾਰ ਹਨ, ਦੇਨ ਤੇ ਦੁਨੀਆਂ ਦੇ ਮਾਲਕ ਆਪ ਪ੍ਰਮੇਸ਼ਰ ਹਨ। ਉਹ ਮਹਾਂ ਕਰਾਮਾਤੀ ਹਨ, ਰਿਧੀਆਂ ਤੇ ਸਿਧੀਆਂ ਉਨ੍ਹਾਂ ਦੇ ਚਰਨਾ ਦੀਆਂ ਦਾਸੀਆਂ ਹਨ । ਐਸੇ ਮਹਾਤਮਾਂ, ਪ੍ਰਮੇਸ਼ਰ ਦੇ ਸੇਵਕਾਂ ਅਗੇ ਨਿਉ ਦਿਆਂ ਕੋਈ ਦਰਜ ਨਹੀਂ। ਵਡੇ ਵਡ ਰਾਜੇ, ਮਹਾਰਾਜੇ ਤੇ ਬਾਬਰ, ਹਮਾਯੂ ਤੇ ਅਕਬਰ ਜੈਸੇ ਬਾਦਸ਼ਾਹ ਇਸ ਸਤਿਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਅਗੇ ਨਮਸ਼ਕਾਰਾਂ ਕਰਦੇ ਰਹੇ। ਪ੍ਰਸਾਦੀ ਹਾਥੀ ਵੀ ਰਾਜੇ ਪੇਸ਼ ਕੀਤਾ ਹੈ ਨਾ। ਤੁਸਾਂ ਦਾ ਕੁਝ ਰਾਜੇ ਫਤਹ ਸ਼ਾਹ ਨੇ ਦੇਖੋ ਮੁੜਕੇ ਸਤਿਗੁਰੂ ਜੀ ਨਾਲ ਮਿਤ੍ਰਤਾ ਗੰਢ ਲਈ ਹੈ। ਰਾਜਾ ਮੇਦਨੀ ਪ੍ਰਕਾਸ਼ ਸੇਵਕ ਹੈ। ਐਸੇ ਮਹਾਂਪੁਰਖ ਦੇ ਪਾਸ ਜਾਣਾ ਨਿਰਾਦਰ ਨਹੀਂ ਸਗੋਂ ਸ਼ਾਨ ਹੈ। ਕੁਝ ਦੇਣਾ ਨਹੀਂ ਪੈਂਦਾ ਸਗੋਂ ਬਹੁਤ ਕੁਝ ਪ੍ਰਾਪਤ ਕਰੀਦਾ ਹੈ। ਮੇਰੇ ਆਖੇ ਲਗੋ, ਉਨ੍ਹਾਂ ਨਾਲ ਸਮਝੌਤਾ ਕਰੋ। ਏਸ ਸਮਝੌਤੇ ਵਿਚ ਲਾਭ ਹੈ ਤੇ ਵੈਰ ਵਿਚ ਨੁਕਸਾਨ।'

ਸਿਆਣੇ ਵਜ਼ੀਰ ਦੇ ਬਚਨ ਸੁਣਕੇ ਰਾਜਾ ਭੀਮਚੰਦ ਸੋਚੀਂ ਪੈ ਗਿਆ। ਉਸਨੇ ਸੋਚਿਆ, 'ਫਿਰ ਮੈਨੂੰ ਕੀ ਕਰਨਾ ਚਾਹੀਦਾ ਹੈ ?

Sri Satguru Jagjit Singh Ji eLibrary NamdhariElibrary@gmail.com

'ਏਹੋ ਕਰੋ ਕਿ ਮੈਨੂੰ ਭੇਜੋ ਸਤਿਗੁਰੂ ਜੀ ਦੇ ਪਾਸ। ਨਾਲ ਭੇਜੋ ਕੀਮਤੀ ਕੁਝ ਵਸਤੂਆਂ। ਮੈਂ ਉਨ੍ਹਾਂ ਵਸਤੂਆਂ ਨੂੰ ਭੇਟਾ ਕਰਕੇ ਫਿਰ ਮੇਲ ਮਿਲਾਪ ਵਾਸਤੇ ਬੇਨਤੀ ਕਰਾਂਗਾ।' ਵਜ਼ੀਰ ਦਾ ਉਤਰ ਸੀ।

'ਚੰਗਾ ! ਜੋ ਮੁਨਾਸਬ ਸਮਝੇ ਸੋ ਲੈ ਜਾਵੋ ਤੇ ਮੇਲ ਦਾ ਰਾਹ ਲਭੋ। ਦੇਖੋ ਅਸਾਂ ਦੀ ਨਿਰਾਦਰੀ ਵੀ ਨਾ ਹੋਵੇ।' ਭੀਮਚੰਦ ਦਾ ਉਤਰ ਸੀ।

ਉਹ ਤਾਂ ਨਿਰਵੈਰ ਲੋਕ ਹਨ, ਕਿਸੇ ਨਾਲ ਵੈਰ ਨਹੀਂ ਰਖਦੇ। ਤੁਸਾਂ ਦੀ ਕੋਈ ਨਿਰਾਦਰੀ ਨਹੀਂ ਹੋਵੇਗੀ, ਚਿੰਤਾ ਨਾਂ ਕਰੋ। ਸਾਰੇ ਮਾਮਲੇ ਠੀਕ ਹੋ ਜਾਣਗੇ।'

ਇਹ ਪਕੀ ਸਲਾਹ ਹੋ ਗਈ ਕਿ ਸਤਿਗੁਰੂ ਜੀ ਨਾਲ ਸਮਝੌਤਾ ਕੀਤਾ ਜਾਵੇ। ਦੋ ਦਿਨ ਤਿਆਰੀ ਵਿਚ ਲਗੇ। ਬਹੁਤ ਸਾਰੀਆਂ ਵਸਤੂਆਂ ਲਈਆਂ ਸਤਿਗੁਰੂ ਜੀ ਦੀ ਭੇਟਾ ਕਰਣ ਵਾਸਤੇ ਅਤੇ ਵੀਹ ਸਵਾਰ ਨਾਲ ਜਾਣ ਵਾਸਤੇ ਵੀ ਤਿਆਰ ਕੀਤੇ। ਰਾਜਾ ਭੀਮ ਚੰਦ ਦੀ ਰਾਣੀ ਨੂੰ ਪਤਾ ਲਗਾ ਕਿ ਬਿਸਨ ਚੰਦ ਸਤਿਗੁਰੂ ਜੀ ਪਾਸ ਜਾ ਰਿਹਾ ਹੈ ਤਾਂ ਰਾਣੀ ਨੇ ਬਿਸਨ ਚੰਦ ਨੂੰ ਕੋਲ ਸਦ ਕੇ ਆਖਿਆ—'ਦੇਖੋ ਜੀ ! ਜਿਵੇਂ ਹੋਵੇ ਸਤਿਗੁਰੂ ਜੀ ਨਾਲ ਸਮਝੌਤਾ ਕਰਾ ਦੇਣਾ। ਮੇਰੇ ਵਲੋਂ ਵੀ ਬੇਨਤੀ ਕਰਨੀ ਅਸੀਂ ਉਨ੍ਹਾਂ ਦੇ ਸੇਵਕ ਹਾਂ। ਭਗਵਾਨ ਮੇਹਰ ਕਰੇ।'

ਬਿਸ਼ਨ ਚੰਦ ਤੁਰ ਪਿਆ, ਇਕ ਮੰਗਲ ਵਿਚ ਅਨੰਦਪੁਰ ਪੁਜਾ ਤੇ ਨੰਦ ਚੰਦ ਜੀ ਨੂੰ ਮਿਲਿਆ ਮਹਿਮਾਨ ਖਾਨੇ ਵਿਚ ਡੇਰੇ ਲਾਏ। ਨੰਦ ਚੰਦ ਜੀ ਨਾਲ ਸਲਾਹ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਵਿਉਂਤ ਮਿਥੀ। ਮਾਮੇ ਕ੍ਰਿਪਾਲ ਚੰਦ ਜੀ ਤੇ ਨੰਦ ਚੰਦ ਜੀ ਨੇ ਮਹਿਮਾਨ ਨਿਵਾਜ਼ੀ ਕਰਨ ਵਿਚ ਕੋਈ ਕਸਰ ਨਾ ਛੱਡੀ, ਚੰਗਾ ਸਤਿਕਾਰ ਕੀਤਾ, ਪਰ ਗੱਲਾਂ ਖਰੀਆਂ ਖਰੀਆਂ ਆਖੀਆਂ। ਪਹਿਲੀ ਲੜਾਈ ਦੀ ਜ਼ੁਮੇਵਾਰੀ ਰਾਜਾ ਭੀਮਚੰਦ ਉਤੇ ਟੁਟੀ। ਨਾਲ ਹੀ ਦਸਿਆ ਕਿ ਦਸ ਐਨੇ ਆਦਮੀਆਂ ਨੂੰ ਸ਼ਹੀਦ ਕਰਾਕੇ ਘੋੜਿਆਂ ਨੂੰ ਮਰਵਾਕੇ ਤੇ ਵੈਰ ਪਵਾਕੇ ਕੀ ਖਟਿਆ ? ਰਾਜੇ ਹੰਕਾਰ ਵਿਚ ਆਕੇ ਸੋਚਦੇ ਨਹੀਂ, ਉਨ੍ਹਾਂ ਨੂੰ ਰਾਜ ਬਲ ਦਾ ਅਭਿਮਾਨ ਮਾਰ ਜਾਂਦਾ ਹੈ ਕਿਵੇਂ ਬਾਲੀ ਨੂੰ

Sri Satguru Jagjit Singh Ji eLibrary NamdhariElibrary@gmail.com

ਅਭਿਮਾਨ ਸੀ ਰਾਵਣ ਨੂੰ ਭੀ ਸੀ, ਪਰ ਇਹ ਨਹੀਂ ਸੋਚਦੇ ਕਿ ਕਾਲ ਮਹਾ ਬਲੀ ਸਭ ਦੇ ਸਿਰ ਤੇ ਹੈ ਅਤੇ ਸਚੇ ਆਦਮੀ ਦੀ ਸਦਾ ਜੈ ਹੁਦੀ ਹੈ। ਝੂਠੇ ਤੇ ਪਾਪੀ ਦਾ ਏਥੇ ਵੀ ਮੂੰਹ ਕਾਲਾ ਹੁੰਦਾ ਹੈ ਤੇ ਦਰਗਾਹੇ ਵੀ ਹੁਣ ਰਹਿ ਗਈ ਗਲ ਸਿਖਾਂ ਦੇ ਬਾਲਣ, ਘਾਹ ਤੇ ਅੰਨ ਆਦਿਕ ਲਿਆਉਣ ਦੀ। ਆਖਰ ਇਹ ਚੀਜ਼ਾਂ ਗੁਆਂਢੋਂ ਹੀ ਲੈਣੀਆਂ ਹਨ। ਸਿਖਾਂ ਸੇਵਕਾਂ ਨੂੰ ਆਖਿਆ ਜਾਵੇਗਾ ਕਿ ਓਹ ਧਕੇ ਨਾਲ ਕਿਸੇ ਕੋਲੋਂ ਕੋਈ ਵਸਤੂ ਨਾ ਲਿਆਉਣ। ਦਾਮ ਦੇਣ ਤੇ ਵਸਤੂ ਲਿਆਉਣ ਫਿਰ ਕੋਈ ਝਗੜੇ ਵਾਲੀ ਗੱਲ ਹੀ ਨਾ ਰਹੀ। ਬਾਕੀ ਰਣਜੀਤ ਨਗਾਰਾ ਵਜੇਗਾ ਇਹ ਨਹੀਂ ਰੁਕ ਸਕਦਾ ਇਹ ਧਰਮ ਦੀ ਪਾਤਸ਼ਾਹੀ ਦਾ ਨਿਸ਼ਾਨ ਹੈ।

ਬਿਸ਼ਨ ਚੰਦ ਪਹਿਲਾਂ ਹੀ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਤਾਂ ਚਾਹੁੰਦਾ ਸੀ ਕਿ ਕਿਵੇਂ ਨਾ ਕਿਵੇਂ ਰਾਜਾ ਭੀਮਚੰਦ ਜੀ ਦੀ ਗੁਰੂ ਘਰ ਨਾਲ ਬਣੀ ਰਹੇ। ਉਸਨੇ ਝਟ ਪਟ ਸਾਰੀਆ ਗੱਲਾਂ ਦੀ ਹਾਂ ਕਰਦਿਆਂ ਹੋਇਆਂ ਏਨਤੀ ਕੀਤੀ-- ਸਤਿਗੁਰੂ ਜੀ ! ਸਿਰਫ ਰਾਜੇਭੀਮਚੰਦਨੂੰਮਿਲਣਦੀਆਗਿਆ ਬਖਸ਼ਣ, ਸਭ ਗਲਾਂ ਵਿਚੇ ਆ ਜਾਣਗੀਆਂ। ਰਾਣੀ ਵੀ ਸਮਝੌਤੇ ਵਾਸਤੇ ਤਰਲੇ-ਮੱਛੀ ਹੋ ਰਹੀ ਹੈ।'

ਸ਼ਾਮ ਦੇ ਦੀਵਾਨ ਵਿਚ ਬਿਸ਼ਨ ਚੰਦ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਗਲ ਵਿਚ ਪੱਲਾ ਤੇ ਹੱਥ ਜੁੜੇ ਹੋਏ ਸਨ। ਮੱਥਾ ਚਰਨਾਂ ਤੇ ਰਖ ਕੇ ਨਮਸ਼ਕਾਰ ਕੀਤੀ ਤੇ ਬਨਤੀ ਕੀਤੀ-- 'ਹੇ ਦਿਆਲੂ ! ਕ੍ਰਿਪਾਲੂ ! ਮੇਹਰਬਾਨ ! ਅਸਾਂ ਗਰੀਬਾਂ ਉਤੇ ਦਇਆ ਕਰਨੀ। ਮੈਂ ਰਾਜੇ ਭੀਮਚੰਦ ਦਾ ਰਾਜਦੂਤ ਹਾਂ ਉਸਦਾ ਭੇਜਿਆ ਹੋਇਆ ਹਾਜਰ ਹੋਇਆ ਹਾ, ਪਿਛਲੀਆਂ ਭੁਲਾਂ ਬਖਸ਼ਾਉਣਾ ਚਾਹੁੰਦੇ ਹਾਂ। ਰਾਜੇ ਕੋਲੋਂ ਭੁਲ ਹੋਈ ਸੀ ਅਗਿਆਨਤਾ ਦਾ ਪੜਦਾ ਅੱਖਾਂ ਅਗੇ ਸੀ ਹਿਰਦੇ ਉਤੇ ਜਨਮ ਜਨਮ ਦੀ ਮੈਲ ਹੈ ਤੇ ਮਨ ਬੱਜਰ ਸਮਾਨ ਹੈ। ਰਾਜ ਅਭਿਮਾਨ ਦੀ ਵੀ ਪਾਨ ਚੜ੍ਹੀ ਹੋਈ ਸੀ, ਇਸ ਕਰਕੇ ਭੁਲ ਹੋ ਗਈ। ਹੁਣ ਕੁਝ ਗਿਆਨ ਹੋਇਆ ਹੈ। ਰੋਸ਼ਨੀ ਨਜਰ ਪਈ ਹੈ, ਅਨੁਭਵ ਹੋਇਆ ਹੈ ਕਿ ਪ੍ਰਮਾਤਮਾ ਦੇ ਘਰ ਨਾਲ ਈਰਖਾ ਕਰਕੇ ਕੁਝ ਨਹੀਂ ਖਟਿਆ ਜਾ ਸਕਦਾ। ਸਤਿਗੁਰੂ ਨਾਨਕ ਦੇਵ ਜੀ ਦਾ ਘਰ ਪ੍ਰਮਾਤਮਾ ਦਾ ਘਰ ਹੈ। ਨਹੀਂ ਸੁਣਿਆਂ'

Sri Satguru Jagjit Singh Ji eLibrary NamdhariElibrary@gmail.com

ਨਹੀਂ ਦੇਖਿਆ, ਬਸ ਲਾਲਚ ਦਾ ਸ਼ਿਕਾਰ ਹੋ ਕੇ ਮਹਾਂ ਨਿਰਾਦਰੀ ਕਰਵਾਈ, ਹੁਣ ਆਪ ਦੇ ਚਰਨਾਂ ਵਿਚ ਹਾਜਰ ਹੋਇਆ ਹਾਂ। ਰਾਜਾ ਭੀਮ ਚੰਦ ਜੀ ਆਪਦੇ ਦਰਸ਼ਨ ਕਰਨਾ ਚਾਹੁੰਦੇ ਹਨ।'

ਸਤਿਗੁਰੂ ਜੀ ਦਾ ਘਰ ਨਿਰਵੈਰਾਂ ਦਾ ਘਰ ਹੈ ਜੋ ਆਵੇ ਸੋ ਰਾਜੀ ਜਾਵੇ। ਜੇ ਉਹ ਆਉਣਾ ਚਾਹੁੰਦੇ ਹਨ ਤਾਂ ਜਰੂਰ ਆਉਣ। ਹਰ ਜੀਵ ਨੇ ਆਪਣੇ ਕਰਮ ਦਾ ਬੀਜਿਆ ਵੱਢਣਾ ਹੈ। ਜੈਸਾ ਕੋਈ ਕਰਮ ਕਰਦਾ ਹੈ, ਵੈਸਾ ਫਲ ਪਾਉਂਦਾ ਹੈ। ਸਰੋਵਰ ਕਿਨਾਰੇ ਹੰਸ ਤੇ ਬਗਲਾ ਹੁੰਦੇ ਹਨ ਰੰਗ ਦੋਹਾਂ ਦਾ ਚਿਟਾ ਹੁੰਦਾ ਹੈ ਪਰ ਹੰਸ ਮੋਤੀ ਚੁਗਦਾ ਹੈ ਤੇ ਬਗਲਾ ਮੱਛੀਆਂ, ਡੱਡੀਆਂ ਖਾਂਦਾ ਹੈ। ਏਸੇ ਤਰਾਂ ਮਨੁਖ ਕਰਦੇ ਹਨ। ਕੋਈ ਸਤਿ ਸੰਗਤ ਵਿਚੋਂ ਨਾਮ ਬਾਣੀ ਦੇ ਮੋਤੀ ਚੁਗਦੇ ਹਨ ਤੇ ਕੋਈ ਲੱਲਚ ਵਿਚ ਆਕੇ ਪਰਾਏ ਧਨ ਤੇ ਰੂਪ ਤੇ ਅੱਖ ਰਖਕੇ ਆਪਣੇ ਆਪ ਦਾ ਨਾਸ਼ ਕਰਦੇ ਹਨ। ਆਪਣੇ ਰਾਜੇ ਨੂੰ ਆਖੋ ਜੀ ਸਦਕੇ ਆਉਣ।'

ਬਿਸ਼ਨ ਚੰਦ ਪ੍ਰਸੰਨ ਹੋ ਗਿਆ, ਉਸ ਨੇ ਉਸੇ ਵੇਲੇ ਸਤਿਗੁਰੂ ਜੀ ਦੇ ਚਰਨਾਂ ਉਤੇ ਨਮਸ਼ਕਾਰ ਕੀਤੀ ਤੇ ਆਖਿਆ—'ਲੌ ਜੀ! ਮੈਂ ਹੁਣ ਜਾਂਦਾ ਹਾਂ ਤੇ ਰਾਜੇ ਭੀਮਚੰਦ ਜੀ ਨੂੰ ਨਾਲ ਲੈ ਕੇ ਆਉਂਦਾ ਹਾਂ ਉਹ ਅਜ ਤੋਂ ਆਪਦੇ ਚਰਨਾਂ ਦਾ ਸੇਵਕ ਬਣਿਆ ਰਹੇਗਾ ਜੋ ਆਖੋਗੇ ਕਰੇਗਾ ਅਤੇ ਜਿਵੇਂ ਰਖੋਗੇ ਰਹੇਗਾ।'

'ਆਸ ਤਾਂ ਕੋਈ ਨਹੀਂ ਉਹ ਗੁਰੂ ਘਰ ਦਾ ਸ਼ਰਧਕ ਬਣਿਆ ਰਹੇ ਅਰੇ ਅਕਾਲ ਪੁਰਖ ਦੀ ਇਛਾ, ਤੁਸੀਂ ਹਿੰਮਤ ਕਰਕੇ ਦੇਖ ਲਵੋ।' ਮਾਮੇ ਕ੍ਰਿਪਾਲ ਚੰਦ ਜੀ ਨੇ ਕਿਹਾ।

ਖੈਰ ਬਿਸ਼ਨ ਦਾਸ ਵ ਪਸ ਕਹਿਲੂਰ ਪਹੁਚ ਗਿਆ, ਉਸਨੇ ਜਾਕੇ ਸਾਰਾ ਹਾਲ ਰਾਣੀ ਤੇ ਰਾਜੇ ਨੂੰ ਦਸ ਦਿਤਾ। ਰਾਣੀ ਸੁਣਕੇ ਬਹੁਤ ਪ੍ਰਸੰਨ ਹੋਈ ਉਸਨੇ ਕਿਹਾ—'ਮੇਰੇ ਧੰਨ ਭਾਗ ਜੋ ਭਗਵਾਨ ਰੂਪ ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਹੈ। ਹੁਣ ਮੇਰਾ ਪ੍ਰਵਾਰ ਸੁਖੀ ਵਸੇਗਾ। ਮੈਂ ਘੋਲੀ ਜਾਵਾਂ! ਮੇਰੇ ਸੁਤੇ ਭਾਗ ਜਾਗ ਪਏ। ਮੈਂ ਖੁਸ਼ੀਆ ਕਰਾਂ, ਮੈਂ ਮੰਗਲਾਚਾਰ ਗਾਵਾਂ, ਜਗਤ ਦੇ ਨਾਥ ਨੇ ਦਰਸ਼ਨਾਂ ਦੀ ਪ੍ਰਵਾਨਗੀ ਦੇ ਦਿਤੀ।'

Sri Satguru Jagjit Singh Ji eLibrary NamdhariElibrary@gmail.com

ਰਾਜੇ ਭੀਮਚੰਦ ਨੇ ਜਦੋਂ ਸੁਣਿਆ ਉਹ ਪ੍ਰਸੰਨ ਨਹੀਂ ਸਗੋਂ ਗੰਭੀਰ ਹੋ ਗਿਆ। ਉਹ ਸੋਚਾਂ ਵਿਚ ਡੁਬ ਗਿਆ, ਉਹ ਸੋਚਦਾ ਸੀ—'ਕਿ ਮੇਰਾ ਮਨ ਮੰਨਦਾ ਹੈ ਕਿ ਮੈਂ ਉਨ੍ਹਾਂ (ਸਤਿਗੁਰੂ ਜੀ) ਦਾ ਹੁਕਮ ਮੰਨ ਸਕਾਂਗਾ ? ਕੀ ਰੁਤੂ ਘਰ ਦੇ ਵਿਰੁਧ ਨਹੀਂ ਹੋਵਾਂਗਾ ? ਮੈਂ ਜੁਧ ਲੜਿਆ ਹੈ ਇਹ ਗੁਰੂ ਕਲ ਨੂੰ ਜੇ ਮੁਗਲ ਬਾਦਸ਼ਾਹ ਦੇ ਵਿਰੁਧ ਹੋ ਗਿਆ ਤਾਂ ਮੈਂ ਬਾਦਸ਼ਾਹ ਦੇ ਵਿਰਧ ਨਹੀਂ ਹੋ ਸਕਾਂਗਾ। ਇਕ ਸਾਧੂ ਦੇ ਅਗੇ ਰਾਜਾ ਸਿਰ ਨਿਵਾਵੇ ? ਇਹ ਨਹੀਂ ਹੋ ਸਕਦਾ, ਮੈਂ ਨਹੀਂ ਅਨੰਦਪੁਰ ਜਾਣਾ। ਉਹ ਹਿੰਦੂ ਮੰਦਰਾ ਦੇ ਵਿਰੁਧ ਹੈ। ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਦਾ, ਮੈਂ ਹਿੰਦੂ ਧਰਮ ਨੂੰ ਕਿਵੇ ਤਿਆਗ ਦੇਵਾਂ ? ਮੇਰਾ ਮਨ ਨਹੀਂ ਮੰਨਦਾ ਮੈਂ ਨਹੀਂ ਜਾਣਾ। ਮੈਂ ਮੁਕਾਬਲਾ ਕਰਾਂਗਾ, ਜੋ ਮੇਰੀ ਪਰਜਾ ਨੂੰ ਸਤਾਵੇਗਾ ਉਸਨੂੰ ਸਜਾ ਦੇਵਾਂਗਾ। ਵਜ਼ੀਰ ! ਬੇ-ਸਮਝ ਹੈ। ਐਵੇਂ ਦੰਦੀਆ ਵਿਲਕਦਾ ਫਿਰਦਾ ਹੈ। ਮੈਂ ਰਾਜਾ ਹਾਂ, ਰਾਜਾ ! ਕੋਈ ਕੰਗਾਲ ਨਹੀਂ ਜੋ ਇਕ ਸਾਧੂ ਦੇ ਅਗੇ ਜਾ ਕੇ ਹੱਥ ਅੱਡਾਂ, ਜ਼ਬਾਨੋ ਕਹਾਂ—ਬਖਸ਼ੋ ! ਮੈਂ ਆਪ ਦਾ ਸੇਵਕ ਹਾਂ !

ਇਉਂ ਉਸਦੇ ਪਾਪੀ ਮਨ ਨੇ ਸੋਚਿਆ। ਕੁਦਰਤ ਉਸਨੂੰ ਚੰਗਾ ਨਹੀਂ ਸੀ ਬਣਨ ਦੇਂਦੀ। ਉਹ ਚਾਹੁਦੀ ਸੀ ਕਿ ਉਹ ਐਸਾ ਹੀ ਰਹੇ। ਨਰਕਾਂ ਦਾ ਕੀੜਾ ਬਣੇ, ਨੇਕ ਪੁਰਖਾਂ ਦੀ ਸੰਗਤ ਭਾਗਾਂ ਵਾਲੇ ਜੀਵਾਂ ਨੂੰ ਪ੍ਰਾਪਤ ਹੁੰਦੀ ਹੈ ਮੰਦ-ਭਾਗੇ ਵਾਂਜੇ ਰਹਿੰਦੇ ਹਨ। ਉਸ ਨੇ ਏਹੋ ਮਾੜੇ ਤੇ ਈਰਖਾ ਵਾਲੇ ਵਿਚਾਰ ਆਪਣੀ ਰਾਣੀ ਤੇ ਵਜ਼ੀਰਾਂ ਅਗੇ ਪ੍ਰਗਟ ਕਰ ਦਿਤੇ। ਵਜ਼ੀਰ ਸੁਣਕੇ ਚੁਪ ਹੋ ਗਿਆ ਤੇ ਰਾਣੀ ਹੈਰਾਨ ਹੋਕੇ ਡੋਬ ਖਾਣ ਲਗੀ। ਉਸਨੇ ਰਾਜੇ ਨੂੰ ਆਪਣੇ ਮਹਿਲ ਵਿਚ ਸਦਿਆ, ਉਸਦੇ ਪੈਰੀਂ ਪਈ ਪੈਰਾਂ ਨੂੰ ਫੜ ਕੇ ਹੰਝੂਆਂ ਨਾਲ ਧੋਣ ਲੱਗੀ। ਉਸ ਨੇ ਰੋ ਰੋ ਕੇ ਬੇਨਤੀ ਕੀਤੀ—'ਹੇ ਰਾਜਨ ! ਮੈ ਸਪੁਤ੍ਰੀ ਤੇ ਸੁਹਾਗਣ ਰਹਿਣਾ ਚ ਹੁੰਦੀ ਹਾ। ਸਾਧੂ ਆਂ ਸੰਤਾ ਤੇ ਭਗਵਾਨ ਦੇ ਪ੍ਰੇਮੀਆਂ ਨਾਲ ਲੜਨਾ ਨਹੀਂ ਚਾਹੀਦਾ। ਇਨ੍ਹ ਦੇ ਬਚਨ ਅਟੱਲ ਹੁੰਦੇ ਹਨ। ਸੁਖੀਂ ਸਾਂਦੀ ਮੈਂ ਪੁਤ੍ਰ ਨੂੰ ਪਾਲਿਆ ਜਵਾਨ ਕੀਤਾ ਤੇ ਵਿਆਹਿਆ ਹੈ। ਅੱਜ ਮੈਂ ਕਿਵੇਂ ਭਗਵਾਨ ਦ ਸਰਾਪ ਨਾਲ ਆਪਣੇ ਸਰਬੰਸ ਦਾ ਨਾਸ ਕਰਾ ਲਵਾਂ। ਕਦੀ ਹੰਕਾਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਕਰਨਾ ਚਾਹੀਦਾ ਹੈ। ਹੰਕਾਰ ਦਾ ਸਿਰ ਨੀਵਾਂ ਹੁੰਦਾ ਹੈ। ਰਾਵਣ ਨੇ ਸ੍ਰੀਰਾਮਚੰਦ੍ਰ ਜੀ ਨਾਲ ਧੋਖਾ ਕਰਕੇ ਸੋਨੇ ਦੀ ਲੰਕਾ ਲੁਟਾ ਲਈ ਸੀ। ਕੰਸ ਨੇ ਸ੍ਰੀ ਕ੍ਰਿਸ਼ਨਜੀ ਨਾਲ ਵੈਰ ਕਰਕੇ ਕੀ ਖਟਿਆ ? ਰਤਾ ਦਸੋ ਨਾ, ਅਗੇ ਆਕੜਕੇ ਦੇਖ ਲਿਆ ਜੇ, ਆਪਣੀ ਜਾਨ ਮਸਾਂ ਬਚਾ ਕੇ ਆਏ । ਚੰਗੇ ਸੈਨਿਕ ਮਰਵਾ ਲਏ। ਸਾਰਾ ਸਮਾਨ ਰਣ-ਭੂਮੀ ਵਿਚ ਛੱਡਕੇ ਨੱਸ ਆਏ। ਕੀ ਇਹੋ ਬਹਾਦਰੀ ਤੁਸਾਂ ਕੋਲ ਹੈ ਜਿਸ ਆਸਰੇ ਅਭਿਮਾਨ ਕਰਦੇ ਹੋ? ਭਗਵਾਨ ਦੇ ਚਰਨੀ ਲਗੋ ਦੋਵੇਂ ਹੱਥ ਜੋੜਕੇ ਡੰਡ-ਵਤ ਪ੍ਰਨਾਮ ਕਰੋ । ਭੁਲਾਂ ਦੀ ਖਿਮਾ ਮੰਗੋ, ਨਹੀਂ ਤੇ ਮੈਂ ਤੱਤੀ ਮਰ ਜਾਵਾਂਗੀ।' ਇਹ ਆਖਕੇ ਰਾਣੀ ਭੁਬੀਂ ਭੁਬੀ ਰੋਣ ਲਗ ਪਈ। ਆਖਰ ਰਾਣੀ ਦੇ ਰੋਣੇ ਨੇ ਰਾਜੇ ਭੀਮਚੰਦ ਦੇ ਪੱਥਰ ਦਿਲ ਨੂੰ ਰਾਸ ਲੈ ਹੀ ਆਂਦਾ। ਰਾਜਾ ਮੰਨ ਗਿਆ ਕਿ ਉਹ ਅਨੰਦਪੁਰ ਚਲਦਾ ਹੈ ਪਰ ਇਕੱਲਾ ਨਹੀਂ ਸਗੋਂ ਨਾਲ ਹੋਰ ਰਾਜਿਆਂ ਨੂੰ ਵੀ ਲੈ ਜਾਂਦਾ ਹੈ। ਭਲਕੇ ਉਹ ਮੈਨੂੰ ਇਹ ਨਾ ਕਹਿਣ ਕਿ ਮੈਂ ਵੈਰੀ ਕੋਲੋਂ ਖਿਮਾ ਮੰਗ ਆਇਆ ਹਾਂ। ਉਨ੍ਹਾਂ ਨੂੰ ਵੀ ਨਾਲ ਕਾਣਿਆ ਕਰਾਂਗਾ। ਕਰੋ ਤਿਆਰੀ, ਜਾਓ ਤਿਆਰੀ ਕਰੋ।' ਰਾਜੇ ਭੀਮਚੰਦ ਨੇ ਆਖਿਆ ਤੇ ਆਪਣੇ ਰਾਜ ਭਵਨ ਵਲ ਚਲਿਆ ਗਿਆ।

ਉਹ ਦੇ ਚਿੱਤ ਸੀ। ਉਹਦੀ ਈਰਖਾ ਰੰਗੀ ਆਤਮਾ ਛੇਤੀ ਈਰਖਾ ਨਹੀਂ ਸੀ ਛੱਡਣਾ ਚਾਹੰਦੀ ਜਿਵੇਂ ਥੰਧਿਆਈ ਚੀਜ ਤੋਂ ਪਾਣੀ ਤਿਲਕ ਜਾਂਦਾ ਹੈ, ਤਿਵੇਂ ਉਹਦੀ ਆਤਮਾ ਉਤੇ ਗਿਆਨ ਨਹੀਂ ਸੀ ਠਹਿਰਦਾ। ਉਹ ਆਤਮਾ ਜਨਮ ਜਨਮ ਦੀ ਮਲੀਨ ਸੀ। ਖਲਣਾ ਬਣ ਚੁਕੀ ਸੀ, ਜਿਸਦਾ ਧੋਤਿਆਂ ਵੀ ਸਾਫ ਹੋਣਾ ਔਖਾ ਸੀ।

ਤੀਸਰੇ ਦਿਨ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਣ ਦੀ ਤਿਆਰੀ ਹੋਈ। ਰਾਣੀ ਤੇ ਰਾਜਕੁਮਾਰ ਅਜਮੇਰ ਚੰਦ ਵੀ ਨਾਲ ਹੋ ਤੁਰੇ ਭਾਵੇਂ ਉਹਨਾ ਦੋਹਾਂ ਨੂੰ ਰਾਜਾ ਨਾਲ ਨਹੀ ਸੀ ਲਿਆਣਾ ਚਾਹੁੰਦਾ ਪਰ ਨਾਲ ਤੁਰਦਿਆਂ ਨੂੰ ਰੋਕ ਵੀ ਨਾ ਸਕਿਆ। ਸਬੱਬ ਨਾਲ ਮੌਕਾ ਐਸਾ ਬਣਿਆ ਕਿ ਉਸ ਵੇਲੇ ਦੀਪਮਾਲਾ ਦਾ ਮੇਲਾ ਸੀ। ਅਨੰਦਪੁਰ ਵਿਚ ਬਹੁਤ ਰੌਣਕਾਂ ਸਨ। ਦੂਰ ਦੂਰ ਤੋਂ ਸੰਗਤ ਆਈ ਹੋਈ ਸੀ। ਇਹ ੧੭੬੪ ਦੀ ਦੀਪਮਾਲਾ ਦਾ ਪੁਰਬ ਸੀ,

Sri Satguru Jagjit Singh Ji eLibrary NamdhariElibrary@gmail.com

ਜਦੋ ਕਿ ਸਤਿਗੁਰੂ ਜੀ ਅਨੰਦਪੁਰ ਦੇ ਵਿਚ ਕਿਲੇ ਤਿਆਰ ਕਰਵਾ ਰਹੇ ਸਨ। ਅਨੰਦਗੜ੍ਹ ਕਿਲਾ ਤਕਰੀਬਨ ਅੱਧਾ ਉੱਸਰ ਚੁਕਾ ਸੀ। ਸਿਖ (ਮਾਈ ਭਾਈ) ਸੇਵਾ ਕਰ ਰਹੇ ਸਨ। ਉਸ ਸਮੇਂ ਰਾਜਾ ਭੀਮਚੰਦ ਅਨੰਦਪੁਰ ਪੁਜਾ।

ਮੇਲੇ ਦੇ ਕਾਰਨ ਉਪਦੇਸ਼ ਅਸਥਾਨ ਅਥਵਾ 'ਸਤਿਗੁਰੂ ਜੀ ਦਾ ਦਰਬਾਰ' ਇਕ ਖੁਲ੍ਹੀ ਥਾਂ ਤੇ ਤਿਆਰ ਕੀਤਾ ਗਿਆ ਸੀ। ਭਾਈ ਦੁਨੀ ਚੰਦ ਜੀ ਵਾਲਾ ਤੰਬੂ ਤੇ ਸਾਇਬਾਨ ਲਾਇਆ ਗਿਆ ਸੀ। ਐਸਾ ਤੰਬੂ ਤੇ ਸਾਇਬਾਨ ਉਸ ਸਮੇਂ ਸ਼ਾਇਦ ਸਾਰੇ ਭਾਰਤ ਵਿਚ ਕਿਸੇ ਕੋਲ ਨਹੀਂ ਸੀ। ਉਸਦੇ ਵਿਚਾਲੇ ਸੋਨੇ ਦਾ ਛੱਬਾ ਸੀ। ਸਾਹਿਬ ਦੇ ਬੈਠਣ ਵਾਸਤੇ ਮਖਮਲੀ ਗਦੇਲਿਆਂ ਵਾਲਾ ਸਿੰਘਾ ਸਨ ਸੀ। ਅਰੇ ਗਲੀਚੇ ਵਿਛੇ ਸਨ, ਸਾਰੇ ਪੰਡਾਲ ਵਿਚ ਦਰੀਆਂ ਤੇ ਦਰੀਆਂ ਉਤੇ ਚਿਟੀਆਂ ਚਾਦਰਾਂ ਸਨ, ਵਿਚਾਲੇ ਦੀ ਰਸਤਾ ਸੀ। ਰਸਤੇ ਦੇ ਦੋਹੀਂ ਪਾਸੀਂ ਸੰਗਤ ਬੈਠੀ ਹੋਈ ਸੀ। ਜਦੋਂ ਰਾਜਾ ਭੀਮ ਚੰਦ ਰਾਜਕੁਮਾਰ ਤੇ ਰਾਣੀ ਸਮੇਤ ਦਰਬਾਰ ਵਿਚ ਹਾਜ਼ਰ ਹੋਇਆ ਤਦੋਂ ਸਤਿਗੁਰੂ ਜੀ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ। ਦੀਵਾਨ ਨੰਦ ਚੰਦ ਜੀ ਤੇ ਮਾਮੇ ਕ੍ਰਿਪਾਲ ਚੰਦ ਜੀ ਨੇ ਰਾਜੇ ਤੇ ਰਾਜਕੁਮਾਰ ਨੂੰ ਇਕ ਪਾਸੇ ਬੈਠਾ ਦਿਤਾ ਤੇ ਰਾਣੀ ਅਤੇ ਉਸਦੀਆਂ ਦਾਸੀਆਂ ਨੂੰ ਦੂਜੇ ਪਾਸੇ ਜਿਧਰ ਇਸਤ੍ਰੀਆਂ ਬੈਠੀਆਂ ਹੋਈਆ ਸਨ । ਇੰਦ੍ਰ ਵਰਗਾ ਸੁਵਰਗ ਦਰਬਾਰ ਸੀ। ਹਰ ਪਾਸ ਚੁਪ ਤੇ ਸ਼ਾਂਤੀ ਸੀ। ਬਾਣੀ ਰੂਪ ਅੰਮ੍ਰਿਤ ਦੀ ਵਰਖਾ ਹੋ ਰਹੀ ਸੀ ਸ਼ਰਧਾਲੂ ਸਿਖ ਆਉਂਦੇ ਤੇ ਭੇਟਾ ਚੜ੍ਹਾਈ ਜਾਂਦੇ ਤੇ ਨਮਸ਼ਕਾਰ ਕਰੀ ਜਾਂਦੇ ਸਨ। ਮੇਵੜੇ ਅਰਦਾਸਾਂ ਕਰੀ ਜਾਂਦੇ ਸਨ। ਸੋਨੇ ਚਾਂਦੀ, ਬਸਤ੍ਰਾਂ ਤੇ ਹੋਰ ਵਸਤੂਆਂ ਦਾ ਅੰਤ ਨਹੀਂ ਸੀ ਆਉਂਦਾ। ਰਾਜਾ ਤੇ ਰਾਜ ਕੁਮਾਰ ਚੜ੍ਹਾਵੇ, ਸਤਿਕਾਰ ਪ੍ਰਤਾਪ ਨੂੰ ਦੇਖ ਦੇਖ ਕੇ ਹੈਰਾਨ ਹੋ ਰਹੇ ਸਨ।

ਸਤਿਗੁਰੂ ਫੁਰਮਾ ਰਹੇ ਸਨ—'ਨਿਰਾ ਗਿਆਨ ਸੁਣਨ ਦਾ ਓਨਾ ਚਿਰ ਕੋਈ ਲਾਭ ਨਹੀਂ ਜਿੰਨਾ ਚਿਰ ਸੁਣੇ ਗਿਆਨ ਨੂੰ ਹਿਰਦੇ ਵਿਚ ਨਾ ਵਸਾਇਆ ਜਾਵੇ। ਉਸ ਗਿਆਨ ਨੂੰ ਅਮਲ ਵਿਚ ਨਾ ਲਿਆਂਦਾ ਜਾਵੇ। ਜਿਵੇਂ ਅਮਲ (ਭੰਗ) ਦੀਆਂ ਕਰੂਲੀਆਂ ਕਰਨ ਨਾਲ ਨਸ਼ਾ ਨਹੀਂ ਹੁੰਦਾ। ਅਮਲੀ ਨੂੰ ਸਰੂਰ ਨਹੀਂ ਆਉਂਦਾ ਤਿਵੇਂ ਗਿਆਨ ਨੂੰ ਚਿੱਥ ਕੇ ਜੀਵਨ ਅਮਲ ਵਿਚ ਲਿਆਉਣਾ

Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ। ਨਿਰਾ ਭੇਖ ਧਾਰਨ ਨਾਲ ਗਿਆਨ ਦੇ ਸੁਣ ਲੈਣ ਨਾਲ ਤੇ ਓਪਰੇ ਮਨ ਨਾਲ ਕਿਸੇ ਦੇ ਦਰਸ਼ਨ ਦੀਦਾਰੇ ਕਰਨ ਨਾਲ ਕਲਿਆਣ ਨਹੀਂ ਹੁੰਦੀ। ਸਗੋਂ ਦਿਲ ਵਿਚਾਰ ਵਿਚ ਭਰਮਾਂ ਦਾ ਢਾਹਾ ਹੁੰਦਾ ਹੈ। ਸਿਰ ਦੇ ਉਤੇ ਪਾਪ ਦਾ ਭਾਰ ਪੈਂਦਾ ਹੈ। ਸੰਗਤ ਵਿਚ ਬੈਠੇ ਤਾਂ ਸ਼ੁਧ ਹਿਰਦੇ ਨਾਲ ਬੈਠੇ, ਮਨ ਇੰਦ੍ਰੀਆਂ ਨੂੰ ਰੋਕੇ, ਗੁਰੂ ਕੋਲੋਂ ਉਪਦੇਸ਼ ਸੁਣੇ। ਉਪਦੇਸ਼ ਤੇ ਅਮਲ ਕਰੇ, ਹੰਕਾਰ, ਮੋਹ, ਲਾਲਚ, ਕਾਮ ਕ੍ਰੋਧ ਦਾ ਤਿਆਗ ਕਰੇ, ਜਾਤ ਦਾ ਅਭਿਮਾਨ ਕਰਕੇ ਕਿਸੇ ਪੁਰਸ਼ ਨਾਲ ਘਿਰਨਾ ਨਹੀਂ ਕਰਨੀ ਚਾਹੀਦੀ। ਸਾਰੇ ਪ੍ਰਮਾਤਮਾਂ ਦੀ ਰਚਨਾਂ ਹਨ। ਨੱਕ ਕੰਨ, ਸਿਰ, ਤਨ ਸਭ ਕੁਝ ਇਕ ਜੈਸਾ ਹੈ। ਕੁਦਰਤ ਦੇ ਪੰਜਾਂ ਤੱਤਾਂ ਤੇ ਸਾਰੇ ਜੀਉਂਦੇ ਹਨ। ਕੁਦਰਤ ਕਿਸੇ ਨਾਲ ਸ਼ਰੀਕਾ ਨਹੀਂ ਕਰਦੀ। ਉਹ ਆਪਣੀ ਦੌਲਤ, (ਹਵਾ ਪਾਣੀ ਅੱਗ ਆਦਿਕ) ਰਾਜੇ ਜਾਂ ਉੱਚ ਜਾਤੀ ਵਾਲੇ ਨੂੰ ਬਹੁਤਾ ਨਹੀਂ ਬਖਸ਼ਦੀ ਅਤੇ ਨਾ ਕੰਗਾਲ ਜਾਂ ਨੀਵੀਂ ਜਾਤ ਵਾਲ ਨੂੰ ਘਟ, ਕੁਦਰਤ ਦੇ ਘਰ ਕੋਈ ਮੇਰ ਤੇਰ ਨਹੀਂ। ਪਰਬਤ ਦੀ ਛਾਤੀ ਵਿਚੋਂ ਫੁਟ ਨਿਕਲੇ ਪਾਣੀ ਨੂੰ ਝਰਨੇ ਵਿਚੋਂ ਜੇ ਗਰੀਬ ਪੀਣ ਜਾਂਦਾ ਹੈ ਤਾਂ ਪਾਣੀ ਰੁਕਨਹੀਂਜਾਂਦਾ। ਉਸ ਸੀਤਲ ਜਲ ਨੂੰ ਸਾਰੇ ਪੀਂਦੇ ਹਨ।ਕਰਮ ਦੇ ਕਾਰਨ ਮੈਨੂੰ ਜਾ ਹੋਰ ਵਿਦਵਾਨਾਂ ਨੇ ਸਮ ਸਿਕ ਤੌਰ ਤੇ ਮਨੁਖ ਜਾਤੀ ਦੀਆਂ ਵੰਡੀਆ ਪਾ ਦਿਤੀਆਂ, ਇਸ ਜਾਤੀ ਵੰਡਨ ਭਾਰਤ ਦੇ ਮਨੁਖ ਬਲ ਨੂੰ ਕਮਜ਼ੋਰ ਕੀਤਾ ਹੈ, ਭਰਾਤ੍ਰੀ ਪਿਆਰ ਦਾ ਅੰਤ ਕਰਕੇ ਵੈਰ,ਈਰਖਾ ਗਰੀਬੀ ਤੇ ਗੁਲਾਮੀ ਨੂੰ ਸਦਾ ਦਿਤਾ ਹੈ। ਅਜ ਛੇ ਸਤ ਸੌ ਸਾਲ ਤੋਂ ਭਾਰਤ ਪ੍ਰਦੇਸੀਆਂ ਦਾ ਗੁਲਾਮ ਰਿਹਾ ਆ ਉਂਦਾਹੈ। ਰਾਜਪੂਤੀ ਅਣਖ ਤੇ ਸਕਤੀ ਨਸ਼ਟ ਹੋ ਰਹੀ ਹੈ। ਤੁਰਕਾਂ ਨਾਲ ਹਿੰਦੂ ਦੇਵੀਆਂ ਨੂੰ ਆਪ ਵਿਆਹਿਆ ਜਾ ਰਿਹਾ ਹੈ। ਮੰਦਰ, ਇਸਤ੍ਰੀ ਦੌਲਤ ਦੀ ਰਾਖੀ ਕਰਨ ਦੇ ਸਮਰਥ ਨਹੀਂ ਰਹੇ। ਕਰੋੜਾਂ ਦੀ ਗਿਣਤੀ ਹੋਣ ਤੇ ਵੀ ਗੁਲਾਮ ਹਾ ਕਿਉਂ ? ਕਦੀ ਸੋਚਿਆ ਜੇ ? ਸਿਰਫ ਜਾਤੀ ਵੰਡ ਤੋਂ ਉਤਪਨ ਹੋਏ ਫੁਟ ਤੇ ਘਿਰਨਾ ਦੇ ਕਾਰਨ, ਆਓ ਮਨੁਖ ਜਾਤੀ ਨਾਲ ਪਿਆਰ ਤੇ ਹਮਦਰਦੀ ਕਰੀਏ। ਸੁਤੀ ਤੇ ਮੁਰਦਾ ਹੋਈ ਹਿੰਦੂ ਜਾਤੀ ਨੂੰ ਜੁਰਜੀਤ ਕਰੀਏ। ਕੇਹੜਾ ਆਦਮੀ ਕਲ ਲੜ ਨਹੀਂ ਸੀ ਸਕਦਾ ਜੇਹੜਾ ਦੂਹੇ ਕੋਲੋਂ ਡਰਦਾ ਸੀ ਤੇ ਹਨੇਰੇ ਵਿਚ ਫਿਰ ਨਹੀਂ ਸੀ ਸਕਦਾ ਉਹ ਵੇਖੋ। ਤਿਨ੍ਹ ਨਾਨਕ

Sri Satguru Jagjit Singh Ji eLibrary NamdhariElibrary@gmail.com

ਦੇਵ ਜੀ ਦੀ ਕ੍ਰਿਪਾ ਨਾਲ ਅੱਜ ਯੁਧ ਕਰਨ ਨੂੰ ਤਿਆਰ ਹੈ।'

ਸਤਿਗੁਰੂ ਜੀ ਦੇ ਇਸ ਉਪਦੇਸ਼ ਨੂੰ ਸੁਣਕੇ ਰਾਜੇ ਭੀਮ ਚੰਦ ਦੇ ਤਨ ਨੂੰ ਇਕ ਝੁਨਝੁਨੀ ਆਈ। ਉਹਦਾ ਲਾਲਚੀ ਤੇ ਈਰਖੀ ਮਨ ਕੰਬਿਆ, ਉਹ ਉਸੇ ਵੇਲੇ ਉਠ ਕੇ ਸਤਿਗੁਰੂ ਜੀ ਦੇ ਨੇੜੇ ਜਾਣ ਨੂੰ ਤਿਆਰ ਹੋਇਆ, ਪਰ ਉਸ ਨੂੰ ਹੌਂਸਲਾ ਨਾ ਪਿਆ, ਚੰਦਰੀ ਸ਼ਰਮ ਨੇ ਉਸਦਾ ਪਿਛਾ ਨਾ ਛਡਿਆ।

ਉਸ ਵੇਲੇ ਇਕ ਸੇਠ ਨੇ ਉਠਕੇ ਸਤਿਗੁਰੂ ਜੀ ਅਗੇ ਹੱਥ ਜੋੜਕੇ ਅਰਜ ਕੀਤੀ—'ਦਾਤਾ ! ਮੇਰੀਆਂ ਅੱਖਾਂ ਖੁਲ੍ਹ ਗਈਆਂ, ਮੈਂ ਪਾਪੀ ਹਾਂ, ਮੈਂ ਤਾਂ ਨੀਵੀਂ ਜਾਤੀ ਵਾਲਿਆਂ ਨਾਲ ਬਹੁਤ ਅਤਿਆਚਾਰ ਕੀਤੇ ਹਨ। ਮੈਂ ਇਕ ਜਾਗੀਰਦਾਰ ਬ੍ਰਾਹਮਣ ਹਾਂ, ਮੇਰੇ ਖੇਤਾਂ ਵਿਚ ਕੰਮ ਕਰਨ ਵਾਲੇ ਸਾਰੇ ਸੂਦਰ ਤੇ ਵੈਸ਼ ਹਨ। ਮੈਂ ਉਹਨਾਂ ਨੂੰ ਰਜ ਕੇ ਲੁਟਿਆ ਹੈ ਪਰ ਸਭ ਕੁਝ ਹੋਇਆ ਅਗਿਆਨਤਾ ਵਿਚ ਅਜ ਆਪਦੇ ਦਰਸ਼ਨ ਕਰਕੇ ਤੇ ਉਪਦੇਸ਼ ਸੁਨਣ ਦੇ ਨਾਲ ਮੇਰੀ ਪਾਪੀ ਆਤਮਾਂ ਨੂੰ ਗਿਆਨ ਹੋ ਗਿਆ। ਕੀਤੇ ਪਾਪਾਂ ਨੇ ਆਤਮਾਂ ਨੂੰ ਘੁਟਿਆ ਹੈ। ਮੈਂ ਅਗਲੇ ਡਰ ਨਾਲ ਭੈ ਭੀਤ ਹੋ ਰਿਹਾ ਹਾਂ। ਮੇਰੇ ਤੇ ਮੇਹਰ ਕਰੋ, ਆਪ ਦੀ ਕ੍ਰਿਪਾ-ਦ੍ਰਿਸ਼ਟੀ ਹੋਈ ਤੋਂ ਬਿਨਾਂ ਮੇਰਾ ਹਿਰਦਾ ਸ਼ਾਂਤ ਨਹੀਂ ਹੋ ਸਕਦਾ ਕੰਬੀ ਜਾਂਦਾ ਹੈ। ਦਇਆ ਕਰੋ, ਹੁਣ ਮੈਂ ਕਿਸੇ ਗਰੀਬ ਨੂੰ ਤੰਗ ਨਹੀਂ ਕਰਾਂਗਾ। ਉਸ ਨੂੰ ਲੁਟਾਂਗਾ ਨਹੀਂ ਸਗੋਂ ਉਸਦੀ ਮੇਹਨਤ ਦਾ ਮੁਲ ਉਸ ਨੂੰ ਦੇਵਾਂਗਾ। ਉਸ ਨੂੰ ਆਪਣਾ ਭਰਾ ਸਮਝਾਂਗਾ। ਮੈਂ ਕੀਤੇ ਪਾਪਾਂ ਤੇ ਪਛਤਾਉਂਦਾ ਹਾਂ।'

ਇਹ ਆਖਦਿਆਂ ਆਖਦਿਆਂ ਉਹਦੇ ਨੈਣਾਂ ਵਿਚੋਂ ਅਥਰੂ ਕਿਰਨ ਲਗ ਪਏ। ਉਹ ਅਥਰੂ ਨਹੀਂ ਸਨ ਸਗੋਂ ਉਸਦੇ ਮਨ ਉਤੋਂ ਮੈਲ ਘੁਲ ਕੇ ਪਾਣੀ ਹੋ ਵਹਿ ਤੁਰੀ ਸੀ। ਉਸ ਨੂੰ ਪਛਤਾਉਂਦਿਆਂ ਹੋਇਆ ਸਾਰਿਆਂ ਨੇ ਦੇਖਿਆ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਉਨ੍ਹਾਂ ਬਚਨ ਕੀਤਾ—ਸਚੇ ਹਿਰਦੇ ਨਾਲ 'ਪੰਜ ਵਾਰ ਕਹੋ ਸਤਿਨਾਮੁ ਵਾਹਿਗੁਰੂ ! ਸਤਿਨਾਮੁ ਵਾਹਿਗੁਰੂ !' ਸੇਠ ਨੇ ਪੰਜ ਵਾਰ ਆਖਿਆ। ਪੰਜ ਵਾਰ 'ਸਤਿਨਾਮੁ ਵਾਹਿਗੁਰੂ ! ਉਚਾਰਨ ਨਾਲ ਉਸਦੇ ਹਿਰਦੇ ਨੂੰ ਸ਼ਾਂਤ ਆਈ ਦ੍ਰਿਸ਼ਟੀ ਨਾਲ ਹੀ ਨਿਹਾਲ ਕਰ ਦਿਤਾ। ਸੇਠ ਆਪਣੀ ਥਾਂ ਬੈਠ ਗਿਆ ਉਹਦੇ ਨੈਣਾ ਵਿਚੋਂ ਅਥਰੂ ਨਾ ਸੁਕੇ। ਉਹ ਪਛਤਾਉਂਦਾ ਰਿਹਾ

Sri Satguru Jagjit Singh Ji eLibrary NamdhariElibrary@gmail.com

ਤੇ ਵਾਹਿਗੁਰੂ ਦਾ ਸਿਮਰਨ ਕਰਦਾ ਰਿਹਾ।

ਰਾਜੇ ਭੀਮਚੰਦ ਦਾ ਵਜ਼ੀਰ ਉਠਿਆ ਉਸਨੇ ਦੋਵੇਂ ਹਥ ਜੋੜ ਕੇ ਇੰਨ ਤੀ ਕੀਤੀ—'ਸਚੇ ਪਾਤਿਸ਼ਾਹੋ! ਰਾਜਾ ਜੀ ਬੇਨਤੀ ਕਰਨਾ ਚਾਹੁੰਦੇ ਹਨ।'

'ਜੀ ਸਦਕੇ ਕਰਨ, ਦੱਸਣ ਕੀ ਹੁਕਮ ਹੈ। ਰਾਜਾ ਜੀ ਅਸਾਂ ਦੇ ਰਾਵ ਦੀ ਮਿਤ੍ਰ ਹਨ। ਝਿਜਕਦੇ ਕਾਸ ਨੂੰ ਹਨ? ਦਿਲ ਨੂੰ ਤਕੜਾ ਕਰਨ। ਭੁਲਾਂ ਪੁਤਰਾਂ ਕੋਲੋਂ ਹੀ ਹੋ ਜਾਂਦੀਆਂ ਹਨ। ਸੰਗਤ ਵਿਚ ਬੈਠੇ ਹਰ ਇਕ ਮਾਈ ਭਾਈ ਨੂੰ ਅਸੀਂ ਤਾਂ ਚੰਗਾ ਸਮਝਦੇ ਹਾਂ' ਸਤਿਗੁਰੂ ਜੀ ਨੇ ਬਚਨ ਕੀਤਾ।

ਰਾਜਾ ਭੀਮ ਚੰਦ ਉਠਿਆ ਚਿਤ ਨਾ ਕਰਨ ਤੇ ਵੀ ਉਹਦੇ ਹੱਥ ਜੁੜ ਗਏ। ਸਤਿਗੁਰੂ ਜੀ ਦੇ ਪ੍ਰਤਾਪ ਅਗੇ ਉਸ ਨੂੰ ਝੁਕਨਾ ਪਿਆ। ਉਸ ਨੇ ਕੰਬਦੇ ਬੁਲਾਂ ਨਾਲ ਕਿਹਾ—'ਸਤਿਗੁਰੂ ਜੀ ਬਖਸ਼ ਲਵੋ।' ਮੈਂ ਆਪ ਨਾਲ ਮਿਲਕੇ ਰਹਿਣਾ ਚਾਹੁੰਦਾ ਹਾਂ। ਘਾਹ ਲਕੜਾਂ ਤੇ ਹੋਰ ਵਸਤੂਆਂ ਸਿਖ ਮੇਰੇ ਰਾਜ ਵਿਚੋਂ ਬੇਸ਼ਕ ਲਿਆਉਣ ਪਰ ਪਰਜਾ ਨੂੰ ਤੰਗ ਨਾ ਕਰਨ। ਆਪ ਨੂੰ ਖੁਲ੍ਹ ਹੈ ਕਿ ਜੰਗਲਾਂ ਵਿਚ ਸ਼ਿਕਾਰ ਖੇਡੋ!'

ਸਤਿਗੁਰੂ ਜੀ ਨੇ ਰਾਜੇ ਭੀਮ ਚੰਦ ਦੀਆ ਸਾਰੀਆਂ ਪਿਛਲੀਆਂ ਭੁਲਾਂ ਬਖਸ਼ ਦਿਤੀਆਂ। ਰਾਜਾ ਸੇਵਕ ਬਣ ਗਿਆ, ਰਾਜੇ, ਰਾਣੀ ਨੇ ਰਾਜਕੁਮਾਰ ਨੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ। ਗੁਰੂ ਕੇ ਲੰਗਰ ਦੇ ਪ੍ਰਸ਼ਾਦ ਨੇ ਉਨ੍ਹਾਂ ਨੂੰ ਐਸਾ ਸਵਾਦ ਬਖਸ਼ਿਆ ਜੈਸਾ ਕਿ ਉਨ੍ਹਾਂ ਨੂੰ ਕਦੀ ਸ਼ਾਹੀ ਭੋਜਨਾਂ ਦੇ ਖਾਣ ਤੋਂ ਖ਼ੁਸ਼ਬਤ ਨਹੀਂ ਸੀ ਹੋਇਆ। ਉਹ ਨਿਹਾਲ ਹੋ ਗਏ। ਸਾਰੀ ਸੰਗਤ ਇਹ ਕੌਤਕ ਦੇਖਕੇ ਬਹੁਤ ਪ੍ਰਸੰਨ ਹੋਈ। ਇਹ ਹੰਕਾਰੀ ਭੀਮ ਚੰਦ ਆਖਰ ਸਤਿਗੁਰੂ ਜੀ ਦੀ ਚਰਨੀ ਲਗਾ। ਸਤਿਗੁਰੂ ਜੀ ਬਰਕਤਾਂ ਵਾਲੇ ਸਨ।

੧੬. ਚੋਰ ਬ੍ਰਾਹਮਣ

ਸੰਮਤ ੧੭੬੪ ਬਿ: ਦੀ ਦੀਪਮਾਲਾ ਦਾ ਮੇਲਾ ਬਹੁਤ ਭਰਿਆ ਸੀ ਸੰਗਤ ਦੂਰ ਦੂਰ ਤੋਂ ਬਹੁਤ ਆਈ ਸੀ ਉਸ ਵੇਲੇ ਦੇ ਲੋਕ ਬਹੁਤ ਭੋਲੇ ਤੇ ਸਿਧੇ ਸਾਦੇ ਹੁੰਦੇ ਹਨ। ਖਾਸ ਕਰਕੇ ਉਸ ਵੇਲੇ ਦੀਆਂ ਇਸਤ੍ਰੀਆਂ ਤਾਂ ਸਾਧੂ ਸੰਤਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਰਬ ਸਮਝਦੀਆਂ ਤੇ ਭਰੋਸਾ ਕਰਦੀਆਂ ਜਿਥੇ ਲੋਕ ਨੇਕ ਹਨ, ਉਥੇ ਮਾੜੇ ਵੀ ਹਨ। ਉਨ੍ਹਾਂ ਮਾੜਿਆ ਦੀ ਗਿਣਤੀ ਭਾਵੇਂ ਘਟ ਸੀ, ਪਰ ਹੁੰਦੇ ਬਹੁਤ ਖਤਰਨਾਕ ਸਨ, ਚੋਰੀ ਤੇ ਫਰੇਬ ਆਦਿ ਤੋਂ ਹੀ ਚਲਿਆ ਆਉਂਦਾ ਹੈ। ਰਾਜ ਤੇ ਧਰਮ ਦੇ ਪ੍ਰਭਾਵ ਨਾਲ ਕਦੀ ਉੱਚਾ ਤੇ ਕਦੀ ਨੀਵਾਂ ਹੁੰਦਾ ਗਿਆ ਹੈ।

ਉਸ ਮੇਲੇ ਉਤੇ ਜੇਬ ਕਟ ਤੇ ਗਠੜੀ ਚੁਕ ਆ ਗਏ। ਤਿੰਨ ਚਾਰ ਵਾਰਦਾਤਾਂ ਹੋਣ ਤੇ ਹਾਹਕਾਰ ਮਚ ਗਈ। ਦੋਂਹ ਇਸਤ੍ਰੀਆਂ ਦੀਆਂ ਜੇਬਾਂਕਟੀਆਂ ਰਈਆ ਤੇ ਕਝ ਗਠੜੀਆਂ ਚੁਕੀਆ ਗਈਆਂ। ਕਈਆਂ ਦੀਆਂ ਜੇਬਾ ਗਈਆਂ ਪਰ ਉਨ੍ਹਾ ਨੇ ਕਿਤੇ ਅਰਜ ਨਾ ਕੀਤੀ। ਮੁਖੀ ਸਿਖ ਹੈਰਾਨ ਹੋਏ ਸਾਰੇ ਮੇਲੇ ਵਿਚਪਤਾ ਨਾ ਲਗਾ ਕਿ ਕੌਣ ਹੈਚੋਰ ਤੇ ਠਗ। ਕਿਉਂਕਿ ਸਾਰੇ ਗੁਰਮੁਖ, ਪੰਡਿਤ ਸਾਧੂ ਤੇ ਫਕੀਰ ਜਾਪਦੇ ਸਨ। ਆਖਰ ਸਤਿਗੁਰੂ ਜੀ ਤਕ ਮਾਮਲਾ ਪੁਜਿਆ। ਘਟ ਘਟ ਦੀ ਜਾਨਣਹਾਰ ਪ੍ਰਭੂ ਨੇ ਉਸੇ ਵੇਲੇ ਆਤਮਿਕ ਸ਼ਕਤੀ ਨਾਲ ਅਨਭਵ ਕਰ ਲਿਆ ਕਿ ਕੌਣ ਚੋਰ ਹੈ ? ਕੌਣ ਠੱਗ ਹੈ ?

ਅਨਭਵ ਕਰਨ ਪਿਛੋਂ ਸਾਹਿਬਾਂ ਨੇ ਦੀਵਾਨ ਨੰਦ ਚੰਦ ਜੀ ਨੂੰ ਹੁਕਮ ਕੀਤਾ—'ਜਿੰਨੇ ਲੰਮੇ ਟਿਕੇ ਤੇ ਧੋਤੀਆਂ ਵਾਲੇ ਬ੍ਰਾਹਮਣ ਬਣੇ ਫਿਰਦੇ ਹਨ, ਗਲ ਰੁਦਰਾਸ਼ ਦੀਆਂ ਮਾਲਾ ਪਾਈਆਂ ਹਨ ਤੇ ਪੈਰੀਂ ਪਊਏ ਹਨ ਉਨ੍ਹਾਂ ਨੂੰ ਫੜਕੇ ਲਿਆਓ। ਉਹ ਗਿਣਤੀ ਦੇ ਵੀਹ ਹਨ ਸਾਰੇ ਮੇਲੇ ਵਿਚ ਉਹੀ ਚੋਰੀ ਤੇ ਠਗੀ ਦਾ ਕੰਮ ਕਰ ਰਹੇ ਹਨ। ਬਸ ਫੜਕੇ ਅਸਾਂ ਕੋਲ ਲੈ ਆਓ, ਪਰ ਆਖਿਓ ਕੁਝ ਨਾ, ਅਸੀਂ ਆਪ ਪੁਛਾਂਗੇ।

ਸਤਿਗੁਰੂ ਜੀ ਦਾ ਹੁਕਮ ਸੁਣਕੇ ਉਸੇ ਵੇਲੇ ਦੀਵਾਨ ਨੰਦ ਚੰਦ ਜੀ ਤਕੜੇ ਸੈਨਿਕ ਸਿਖਾਂ ਨੂੰ ਨਾਲ ਲੈਕੇ ਮੇਲੇ ਵਿਚ ਜਾ ਵੜੇ। ਜਿੰਨੇ ਗੁਲਾਬੀ ਧੋਤੀਆਂ ਲੰਮੇ ਤਿਲਕਾਂ ਤੇ ਰੁਦਰਾਛ ਦੀਆ ਮਾਲਾ ਵਾਲੇ ਸਾਧੂ ਬ੍ਰਾਹਮਣ ਸਨ, ਉਨ੍ਹਾਂ ਨੂੰ ਘੇਰ ਲੈ ਆਏ। ਸਾਰੇ ਜਿਸ ਵੇਲੇ ਸਤਿਗੁਰੂ ਜੀ ਦੇ ਪੇਸ਼ ਕੀਤੇ ਤਾਂ ਸਾਹਿਬਾਂ ਨੇ ਇਕ ਇਕ ਨੂੰ ਕਿਹਾ ਕਿ ਉਹ ਚੋਰੀ ਦਾ ਮਾਲ ਕੋਲੋ ਕੱਢ ਕੇ ਰਖ ਦੇਣ। ਇਕ ਬੜਾ ਚਲਾਕ ਤੇ ਮੂਰਖ ਸੀ ਉਹ ਸਤਿਗੁਰੂ ਜੀ ਦੀ ਬ੍ਰਹਮ ਸ਼ਕਤੀ ਤੋਂ ਅਗਿਆਤ ਸੀ ਉਸਨੇ ਬੜੇ ਰੋਹਬ ਨਾਲ ਉਤਰ ਦਿਤਾ—'ਇਹ ਕੀ ਗਲ ਹੈ,

Sri Satguru Jagjit Singh Ji eLibrary NamdhariElibrary@gmail.com

ਅਸੀਂ ਸਾਧੂ ਹਾਂ, ਕਾਂਸ਼ੀ ਤੋਂ ਆਏ ਹਾਂ। ਅਸਾਂ ਨੂੰ ਚੋਰੀ ਦਾ ਦੋਸ਼ ਕਿਉਂ ਲਾਇਆ ਜਾ ਰਿਹਾ ਹੈ ? ਹਮਾਰਾ ਮਾੜਾ ਚੰਗਾ ਆਪ ਨੇ ਕਿਆ ਦੇਖਾ ?

ਚੋਜੀ ਪ੍ਰੀਤਮ ਹੱਸ ਪਏ, ਹੱਸਦੇ ਹੋਏ ਬੋਲੇ—'ਪੰਡਤ ਰਾਮ ਨਾਥ ਜੀ ! ਤੁਸਾਂ ਨੇ ਇਕ ਮਾਈ ਦੀ ਗਠੜੀ ਚੁਕੀ ਹੈ । ਦੋਹਾ ਦੇ ਪੈਸੇ ਜੇਬ ਵਿਚੋਂ ਕਢੇ ਹਨ। ਤੁਸੀਂ ਕਾਂਸ਼ੀ ਤੋਂ ਨਹੀਂ ਆਏ, ਸਗੋਂ ਬਾਰ ਦੇ ਰਹਿਣ ਵਾਲੇ ਹੋ। ਤੁਸਾਂ ਦਾ ਬਾਪ ਘੋਲੀ ਡੰਗਰਾਂ ਦਾ ਚੋਰ ਸੀ, ਉਹ ਸੱਪ ਲੜ੍ਹ ਕੇ ਮਰ ਗਿਆ, ਜਦੋਂ ਇਕ ਸਾਧੂ ਦੇ ਡੇਰੇ ਵਿਚੋਂ ਲਵੇਰੀਆ ਗਊਆਂ ਚੋਰੀ ਕਰਕੇ ਪਿੰਡ ਨੂੰ ਆ ਰਿਹਾ ਸੀ। ਤੁਸੀਂ ਨਾ ਬ੍ਰਾਹਮਣ ਹੋ ਤੇ ਨਾ ਕਾਂਸ਼ੀ ਦੇ ਪੰਡਤ। ਜਾਂਤ ਦੇ ਧਾਨ ਹੋ, ਭਾਟੜੇ ਹੋ। ਹੋਰ ਕੁਝ ਪੁਛਣਾ ਹੈ ਕਿ ਬਸ ?

ਭੁਖੀ ਸਾਧੂ ਝੂਠਾ ਹੋ ਗਿਆ, ਉਸ ਦੀਆਂ ਅੱਖਾ ਨੀਵੀਂਆਂ ਹੋ ਗਈਆਂ। ਧਰਤੀ ਉਸਨੂੰ ਵੇਹਲ ਨਹੀਂ ਸੀ ਦੇਂਦੀ, ਨਹੀਂ ਤੇ ਉਹ ਧਰਤੀ ਵਿਚ ਅਲੋਪ ਹੋ ਜਾਣਾ ਚਾਹੁੰਦਾ ਸੀ ! ਉਹਦੇ ਹਥ ਜੁੜ ਗਏ, ਕਾਹਲੀ ਨਾਲ ਸਤਿਗੁਰੂ ਜੀ ਦੇ ਚਰਨੀ ਡਿਗ ਪਿਆ, ਮੈਂ ਭੁਲਿਆ, ਮੈਨੂੰ ਖਿਮਾਂ ਕਰੋ, ਦਾਤਾ ! ਮੈਂ ਚੋਰ ਪਾਪੀ ਠੱਗ ! ਮੈਂ ਇਨਾਂ ਚੋਰਾਂ ਦਾ ਸਰਦਾਰ ਹਾਂ । ਅਸੀਂ ਸਾਰੇ ਬ੍ਰਾਹਮਣ ਨਹੀਂ, ਭੇਖ ਦਿਖਾਕੇ ਲੁਟਦੇ ਹਾਂ। ਸਾਰਾ ਸਾਮਾਨ ਦੇ ਦੇਂਦੇ ਹਾਂ, ਜਿਵੇਂ ਹੁਕਮ ਕਰੋ ਤਿਵੇਂ ਕਰਨ ਨੂੰ ਤਿਆਰ ਹਾਂ। ਭਾਵੇਂ ਮਾਰ ਸੁਟੋ ਤੇ ਭਾਵੇਂ ਛਡੋ ! ਅਸੀਂ ਪਾਪੀ ਵਡੇ ਗੁਨਾਹਗਾਰ ਹਾਂ ਕ੍ਰਿਪਾ ਕਰਕੇ ਬਖਸ਼ ਲਵੋ। ਹੇ ਦੀਨ ਦਿਆਲ। ਅਸੀਂ ਨਹੀਂ ਸਾਂ ਜਾਣਦੇ ਕਿ ਤੁਸੀਂ ਕਰਾਮਾਤੀ ਤੇ ਅੰਤ੍ਰਯਾਮੀ ਹੋ। ਅਸੀਂ ਹਰਦੁਆਰ ਤੇ ਹੋਰ ਤੀਰਥਾਂ ਤੇ ਜਾਕੇ ਯਾਤਰੂਆਂ ਨੂੰ ਲੁਟਦੇ ਰਹੇ । ਸਾਨੂੰ ਕਿਸੇ ਨਾ ਫੜਿਆ, ਸਾਰੇ ਅਸਾਡੀ ਪੂਜਾ ਕਰਦੇ ਸਨ । ਅਸਾਂ ਨੂੰ ਦੇਵੀ ਦੇ ਭਗਤ, ਨੇਕ ਤੇ ਵਿਦਵਾਨ ਸਮਝਦੇ ਸਨ। ਪਰ ਅਸੀਂ ਚੋਰ, ਖੂਨੀ, ਦੁਰਾਚਾਰੀ ਅਸਾਂ ਵਿਚ ਕੋਈ ਗੁਣ ਨਹੀਂ ਬਸ ਅਸਾਂ ਨੂੰ ਬਖਸ਼ੋ ਤੇ ਅਗੇ ਨੂੰ ਰਸਤੇ ਪਾਵੋ।'

ਇਹ ਆਖਕੇ ਪਹਿਲਾਂ ਰਾਮ ਨਾਥ ਨੇ ਆਪਣੇ ਕੋਲੋਂ ਯਾਤਰੂਆਂ ਦੇ ਚੋਰੀ ਕੀਤੇ ਹੋਏ ਰੁਪਏ ਰਖ ਦਿਤੇ ਤੇ ਉਸਦੇ ਪਿਛੋਂ ਉਹਦੇ ਸਾਥੀਆਂ ਨੇ ਜੋ ਕੁਝ ਚੋਰੀ ਕੀਤਾ ਸੀ ਉਹ ਭਾਈ ਨੰਦ ਚੰਦ ਜੀ ਨੂੰ ਫੜਾ ਦਿਤਾ। ਸਤਿਗੁਰੂ ਜੀ ਨੇ ਸਭ

Sri Satguru Jagjit Singh Ji eLibrary NamdhariElibrary@gmail.com

ਨੂੰ ਖਿਮਾਂ ਕੀਤਾ। ਸਾਰਿਆਂ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਹੀ ਰਖ ਲਿਆ ਉਹ ਚੰਗੇ ਸੈਨਿਕ ਬਣੇ। ਇਸ ਘਟਨਾ ਦਾ ਅਸਰ ਸਿਖ ਸੰਗਤਾਂ ਉਤੇ ਬੜਾ ਚੰਗਾ ਪਿਆ। ਜੋਹੜੇ ਢਿਲੜ ਸਿਖ ਕੁਝ ਲਾ-ਪ੍ਰਵਾਹ ਸਨ ਉਨ੍ਹਾਂ ਦੇ ਵੀ ਕੰਨ ਕਸੇ ਗਏ ਕਿ ਸਤਿਗੁਰੂ ਜੀ ਅੰਤਰਜਾਮੀ ਹਨ। ਕੋਈ ਐਸਾ ਹਰਕਤ ਨਹੀਂ ਕਰਨੀ ਚਾਹੀਦੀ ਜਿਸ ਨਾਲ ਮੁੜਕੇ ਸ਼ਰਮਿੰਦਾ ਹੋਣਾ ਪਵੇ।

ਤੋਤ

੧੭. ਬੈਰਾਗੀਆਂ ਦੇ ਭਰਮ ਦੂਰ ਕਰਨੇ

ਆਮਨ ਦਾ ਸਮਾਂ ਸੀ ਅਨੰਕਾਂ ਲੋਕ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉ ਦੇ ਸਨ ਉਸ ਸਮੇਂ ਬੈਰਾਗੀ ਸਾਧੂਆਂ ਦਾ ਜ਼ੋਰ ਸੀ। ਉਹ ਟੋਲਿਆਂ ਦੇ ਟੋਲੇ, ਦੇਸ਼ ਵਿਚ ਫਿਰਦੇ ਰਹਿੰਦੇ ਸਨ। ਘੋੜੇ ਰਖਦੇ ਤੇ ਹਥਿਆਰ ਵੀ ਕੋਲ ਰਖਦੇ। ਡਾਕੂਆਂ ਵਾਂਗ ਮਾਰ ਧਾੜ ਕਰਕੇ ਵੀ ਖਾ ਜਾਂਦੇ। ਉਨ੍ਹਾਂ ਬੈਰਾਗੀਆਂ ਦਾ ਇਕ ਟੋਲਾ ਅਨੰਦਪੁਰ ਆ ਪੁਜਾ। ਸਤਿਗੁਰੂ ਜੀ ਦੇ ਭੰਡਾਰੇ ਵਿਚੋਂ ਉਹਨਾਂ ਨੂੰ ਰਾਸ਼ਨ ਮਿਲ ਗਿਆ। ਰਾਸ਼ਨ ਮਿਲਣ ਤੇ ਉਹ ਖੁਸ਼ ਤਾ ਹੋਏ ਪਰ ਉਹਨਾਂ ਦੇ ਮਨ ਵਿਚ ਭਰਮ ਬਹੁਤ ਉਤਪਨ ਹੋਏ।

ਬੈਰਾਗੀਆਂ ਦਾ ਮੁਖੀਆ (ਮਹੰਤ) ਮਦਨ ਦਾਸ ਸੀ। ਓਹਦੇ ਸਿਰ ਉਤੇ ਲੰਮੀਆਂ ਜਟਾਵਾਂ, ਤਕੜਾ ਉੱਚਾ ਲੰਮਾ ਜਵਾਨ ਤੇ ਵਡੀ ਗੋਗੜ ਭਾਰੀ ਦੇਹ ਵਾਲਾ, ਉਸਨੇ ਸਤਿਗੁਰੂ ਜੀਦੇ ਕੋਲ ਆਕੇ ਗਿਆਨ ਚਰਚਾ ਕਰਦਿਆਂ ਹੋਇਆਂ ਬੇਨਤੀ ਕੀਤੀ—'ਮੇਰੇ ਮਨ ਵਿਚ ਕੁਝ ਸ਼ੰਕੇ ਹਨ, ਉਨ੍ਹਾਂ ਸੰਕਿਆਂ ਨੂੰ ਦੂਰ ਕਰਨਾ ਚਾਹੁੰਦਾ ਹਾਂ।'

'ਬੜੀ ਖੁਸ਼ੀ ਨਾਲ ਸੰਕੇ ਦੂਰ ਕਰੋ।' ਸਤਿਗੁਰੂ ਜੀ ਨੇ ਫੁਰਮਾਇਆ। ਸਿਖ ਧਰਮ ਵਿਚ ਕੜਾਹ ਪ੍ਰਸ਼ਾਦ ਕਰਾਉਣ ਦਾ ਕਿਉਂ ਬਹੁਤਾ ਰਵਾਜ ਹੈ? ਕੀ ਇਸ ਦਾ ਭੋਗ ਭਗਵਾਨ ਦਾ ਜਰੂਰੀ ਪ੍ਰਸ਼ਾਦ ਹੈ। ਕੀ ਭਗਵਾਨ ਬਹੁਤਾ ਪ੍ਰਸੰਨ ਹੁੰਦਾ ਹੈ?' ਮਹੰਤ ਮਦਨ ਦਾਸ ਦੇ ਸੁਆਲ ਸਨ।

'ਠੀਕ ਹੈ, ਸਿਖ ਕੜਾਹ ਪ੍ਰਸ਼ਾਦ ਬਹੁਤ ਚੜ੍ਹਾਉਂਦੇ ਹਨ। ਇਹ ਪਵਿਤ੍ਰ

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਾਦ ਹੈ। ਇਸ ਦੇ ਪ੍ਰਚਲਤ ਕਰਨ ਦੀ ਸਾਖੀ ਇਉਂ ਹੈ—ਜਦ ਸਤਿਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਮਿਲਣ ਵਾਸਤੇ, ਸੁਮੇਰ ਤੇ ਕੈਲਾਸ਼ ਪਰਬਤ ਤੇ ਪੁਜੇ ਸਨ, ਤਦ ਸਿੱਧਾਂ ਨੇ ਇਕ ਚਲਾਕੀ ਖੇਡੀ ਸੀ। ਉਨ੍ਹਾਂ ਨੇ ਸਤਿਗੁਰੂ ਜੀ ਦੀ ਪ੍ਰੀਖਿਆ ਕਰਨੀ ਚਾਹੀ ਸੀ। ਉਨ੍ਹਾਂ ਕਿਹਾ ਸੀ—'ਹੇ ਬਾਲਾ ! ਤੂੰ ਅਸਾਂ ਨੂੰ ਭੋਜਨ ਛਕਾ ਸਕਦਾ ਹੈਂ ?'

'ਜ਼ਰੂਰ ! ਆਪ ਲੋਕਾਂ ਨੂੰ ਭੋਜਨ ਕਰਾਉਂਦਾ ਹਾਂ। ਇਹ ਵੈਸ਼ਾਲ ਜੰਗਲ ਕੁਦਰਤ ਦਾ ਖਜਾਨਾ ਭੰਡਾਰਾ) ਹਨ ਫਲ-ਪੂੰਗ ਬਹੁਤ ਹੈ। ਅਸੀਂ ਹੁਣੇ ਲੈ ਆਉਂਦੇ ਹਾਂ।' ਇਹ ਆਖਕੇ ਜਗਤ ਗੁਰੂ ਜੀ ਜੰਗਲ ਵਲ ਤੁਰੇ।

ਪਰ ਸਿੱਧਾਂ ਵਿਚੋਂ ਕੁਝ ਸਿੱਧਾਂ ਨੇ ਜੋਗ ਬਲ ਨਾਲ ਆਪਣੇ ਆਪ ਨੂੰ ਬਹੁਤ ਬ੍ਰਿਧ ਕਰ ਲਿਆ। ਮੂੰਹ ਵਿਚ ਦੰਦ ਕੋਈ ਨਾ ਰਿਹਾ। ਉਹ ਫਲ ਪੂੰਗ ਨਹੀਂ ਖਾ ਸਕਦੇ ਸਨ। ਉਨਾਂ ਦੇ ਇਸ ਵਤੀਰੇ ਦਾ ਪਤਾ ਸਤਿਗੁਰੂ ਜੀ ਨੂੰ ਲੱਗ ਗਿਆ। ਸਾਹਿਬਾਂ ਨੇ ਉਸੇ ਵੇਲੇ ਕਰਤਾਰ ਨੂੰ ਪੁਛਿਆ ਕਿ ਕੀ ਕਰਨਾ ਚਾਹੀਦਾ ਹੈ। ਤਾਂ ਉਸ ਵੇਲੇ ਕਰਤਾਰ (ਮਹਾਂ ਬ੍ਰਹਮਾਂ) ਦੇ ਹੁਕਮ ਨਾਲ ਚਾਰ ਦੇਵਤੇ ਬ੍ਰਹਮਾਂ ਵਿਸ਼ਨੂੰ, ਸ਼ਿਵ ਤੇ ਵਰਨ ਚਾਰ ਚੀਜ਼ਾਂ ਲੈ ਕੇ ਆਏ ਬ੍ਰਹਮਾਂ ਕੋਲ ਘਿਉ ਸੀ, ਵਿਸ਼ਨੂੰ ਕੋਲ ਖੰਡ, ਸ਼ਿਵ ਜੀ ਪਾਸ ਮੈਦਾ ਅਤੇ ਵਰਨ ਕੋਲ ਜਲ ਸੀ। ਚੌਹਾਂ ਦੇਵਤਿਆ ਨੇ ਫਿਰ ਅਗਨਿ ਦੇਵਤੇ ਨੂੰ ਅਵਾਜ਼ ਦਿਤੀ। ਅਗਨਿ ਦੇਵਤਾ ਆਗਿਆ, ਉਸਨੇ ਸੇਕ ਬਖਸ਼ਿਆ, ਚਾਰੇ ਚੀਜ਼ਾਂ ਇਕੱਠੂ ਕਰਕੇ ਸੇਕ ਦੇ ਵਸੀਲੇ ਨਾਲ ਕੜਾਹ ਪ੍ਰਸ਼ਾਦ ਕਰਕੇ ਭੋਜ ਪੜਾਂ ਉਤੇ ਪਾਕੇ ਥਾਲਾਂ ਦੇ ਸਮਾਨ ਤਿਆਰ ਕਰ ਦਿਤਾ। ਚਾਰੇ ਦੇਵਤੇ ਮਨੁਖ ਰੂਪ ਧਾਰਕੇ ਉਸ ਪ੍ਰਸ਼ਾਦ ਨੂੰ ਚੁਕੀ ਸਿੱਧਾਂ ਦੇ ਪਾਸ ਪੁਜ ਗਏ। ਸਤਿਗੁਰੂ ਜੀ ਨੇ ਫਲ-ਪੂੰਗ ਤੇ ਕੜਾਹ ਪ੍ਰਸ਼ਾਦ ਉਨ੍ਹਾਂ ਨੇ ਅਗੇ ਰੱਖ ਦਿਤਾ। ਜੋਹੜੇ ਬੁਢੜੇ ਬਣੇ ਸਨ, ਉਨ੍ਹਾਂ ਸਿੱਧਾਂ ਨੂੰ ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦ ਬਖਸ਼ਦਿਆਂ ਹੋਇਆਂ ਫੁਰਮਾਇਆ—'ਤੁਸੀਂ ਇਹ ਹਲਕਾ ਪ੍ਰਸ਼ਾਦ ਛਕੋ, ਮੇਰੇ ਕਰਤਾਰ ਦੀ ਏਹੋ ਇੱਛਾ ਹੈ।' ਸਿੱਧ ਕਰਾਮਾਤੀ ਸਨ, ਉਨ੍ਹਾਂ ਪਾਸ ਵੀ ਬ੍ਰਹਮ ਸ਼ਕਤੀ ਦਾ ਪ੍ਰਕਾਸ਼ ਸੀ, ਪਰ ਉਹ ਹੰਕਾਰੀ ਸਨ, ਜਗਤ ਦਾ ਤਿਆਗ ਕਰਕੇ ਦੂਰ ਪਰਬਤਾਂ ਵਿਚ ਲੁਕੇ ਹੋਏ ਸਨ। ਫਿਰ ਵੀ ਓਹ

Sri Satguru Jagjit Singh Ji eLibrary NamdhariElibrary@gmail.com

ਤਾੜ ਗਏ ਕਿ ਚਾਰੇ ਮਨੁਖ ਜੋ ਭੋਜ ਪੱਤਰਾ ਉਤੇ ਕੜਾਹ ਪ੍ਰਸ਼ਾਦ ਲਿਆਏ ਹਨ, ਉਹ ਚਾਰੇ ਦੇਵਤੇ ਹਨ। ਅਜੇ ਉਹ ਵਿਚਾਰਾਂ ਹੀ ਕਰ ਰਹੇ ਸਨ ਕਿ ਦੇਵਤੇ ਉਨ੍ਹਾਂ ਅਗੇ ਕੜਾਹ ਪ੍ਰਸ਼ਾਦ ਰਖਕੇ ਇਕਦਮ ਅਲੋਪ ਹੋ ਗਏ। ਇਹ ਕੌਤਕ ਦੇਖਕੇ ਸਿੱਧਾਂ ਨ ਸਤਿਗੁਰੂ ਜੀ ਨੂੰ ਆਪਣਾ ਗੁਰੂ ਮੰਨ ਲਿਆ ਤੇ ਕੜਾਹ ਪ੍ਰਸਾਦ ਨੂੰ ਵਰ ਦਿਤੇ। ਇਸ ਵਾਸਤੇ ਸਿਖਾਂ ਵਿਚ ਕੜਾਹ ਪ੍ਰਸ਼ਾਦ ਕਰਾਉਣਾ ਚੰਗਾ ਸਮਝਿਆ ਜਾਂਦਾ ਹੈ।

ਇਸ ਕਥਾ ਨੂੰ ਸੁਣਕੇ ਬੈਰਾਗੀ ਮਦਨ ਦਾਸ ਜੀ ਦੇ ਮਨ ਦਾ ਭਰਮ ਦੂਰ ਹੋ ਗਿਆ। ਉਹ ਸਤਿਗੁਰੂ ਜੀ ਤੇ ਗੁਰੂ ਘਰ ਦੀ ਮਹਿਮਾ ਦੇ ਜਾਦੂ ਨਾਲ ਕੀਲਿਆ ਗਿਆ।

ਉਸਦੇ ਪਿਛੋਂ ਮਦਨ ਦਾਸ ਨੇ ਗੱਲ ਸ਼ੁਰੂ ਕਰ ਦਿਤੀ ਕਿ ਬੈਰਾਗੀ ਬਹੁਤ ਤਕੜੇ ਹਨ। ਤੀਰ ਤੇ ਤੇਗ ਚਲਾਉਣ ਵਿਚ ਬਹੁਤ ਮਾਹਰ ਹਨ। ਓਹ ਕਿਸੇ ਕੋਲੋਂ ਨਹੀਂ ਹਾਰਦੇ। ਇਨ੍ਹਾਂ ਨੇ ਬੜੀਆਂ ਜੰਗਾਂ ਲੜੀਆਂ ਹਨ। ਬੈਰਾਗੀ ਦੀ ਐਸੀ ਹੰਕਾਰ ਭਰੀ ਫੜ ਦੇਖਕੇ ਸਤਿਗੁਰੂ ਜੀ ਮੁਸਕਰਾ ਪਏ। ਮੁਸਕਰਾਉਂਦੇ ਹੋਏ ਬੋਲੇ—'ਬਹੁਤ ਹੱਛਾ! ਤੁਸਾਂ ਦਾ ਬਲ ਫਿਰ ਦੇਖ ਹੀ ਲੈਂਦੇ ਹਾਂ ਕਲ ਖੁਲੇ ਮੈਦਾਨ ਵਿਚ ਫੌਜੀ ਖੇਡਾਂ ਹੋਣਗੀਆਂ। ਉਨ੍ਹਾਂ ਖੇਡਾਂ ਵਿਚ ਤੁਸਾਂ ਨੇ ਵੀ ਹਿੱਸਾ ਲੈਣਾਂ।' ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਬੈਰਾਗੀ ਨੇ ਕਿਹਾ—'ਬਹੁਤ ਹੱਛਾ! ਇਹ ਕੁਝ ਹੋਏ ਤਾਂ ਹੋਰ ਕੀ ਚਾਹੀਦਾ ਹੈ। ਅਸੀਂ ਤਾਂ ਕਰਤਬ ਕਰਕੇ ਪ੍ਰਸੰਨ ਹੁੰਦੇ ਹਾਂ।

ਅਗਲੇ ਦਿਨ ਖੇਡਾਂ ਕਰਨ ਦੀ ਤਿਆਰੀ ਅਰੰਭ ਹੋ ਗਈ। ਅਨੰਦਪੁਰ ਦੇ ਪੱਛਮ ਵਲ ਨਦੀ ਦੇ ਸੁਕੇ ਰੋਹੜ ਵਿਚ (ਜਿਥੇ ਹੁਣ ਹੋਲੇ ਮਹੱਲੇ ਦਾ ਜਲੂਸ ਕੱਢਿਆ ਜਾਂਦਾ ਹੈ। ਬੈਰਾਗੀਆਂ ਜਵਾਨਾਂ ਤੇ ਸਿਖਾਂ ਦਾ ਮੁਕਾਬਲਾ ਸ਼ੁਰੂ ਹੋਇਆ। ਘੋੜ ਨਸਾਉਣਾ, ਤਲਵਾਰ ਨਾਲ ਲੜਨ ਅਤੇ ਤੀਰ ਚਲਾਉਣ ਵਿਚ ਬੈਰਾਗੀ ਬਾਜੀ ਨਾ ਲਿਜਾ ਸਕੇ। ਮਹੰਤ ਮਦਨ ਦਾਸ ਨੂੰ ਬੜਾ ਮਾਣ ਸੀ ਕਿ ਉਹ ਤੀਰ ਚਲਾਉਣ ਵਿਚ ਉਸਤਾਦ ਹੈ। ਓਹਦ ਨਿਸ਼ਾਨਾ ਨਹੀਂ ਉੱਕਦਾ। ਓਹ ਸਮੇਂ ਦਾ ਅਰਜਨ ਹੈ, ਜਿਸ ਨੇ ਮੱਛੀ ਦੀ ਅੱਖ ਵਿਚ ਤੀਰ

Sri Satguru Jagjit Singh Ji eLibrary NamdhariElibrary@gmail.com

ਮਾਰਕੇ ਦੋਪਤੀ ਪ੍ਰਾਪਤ ਕੀਤੀ ਸੀ, ਇਹ ਦਰੋਣਚਾਰੀਆ ਦੀ ਤਰਾਂ ਤੀਰਾਂ ਵਿਚ ਤੀਰ ਮਾਰਕੇ ਤੀਰਾਂ ਦੀ ਲੰਮੀ ਸੋਟੀ ਬਣਾ ਸਕਦਾ ਹੈ ਓਹਦੇ ਤੀਰ ਕਈ ਕੋਸ ਤੱਕ ਜਾ ਸਕਦੇ ਹਨ ਆਦਿਕ, ਪਰ ਓਹ ਆਪ ਨਹੀਂ ਸੀ ਜਾਣਦਾ ਕਿ ਸਤਿਗੁਰੂ ਜੀ ਇਕ ਤਾਂ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੇ ਮਾਲਕ ਹਨ, ਦੂਸਰਾ ਆਪ ਇਕ ਮਹਾਂ ਤਪੱਸਵੀ ਅਤੇ ਕਰਤਾਰ ਦੇ ਹੁਕਮ ਨਾਲ ਸੰਸਾਰ ਉਤੇ ਆਉਣ ਵਾਲੇ ਹਨ। ਫਿਰ ਨੇਕੀ ਤੇ ਧਰਮ ਵਾਸਤੇ ਜੀਵਨ ਬਲੀਦਾਨ ਕਰਨ ਦਾ ਫੈਸਲਾ ਕਰ ਚੁਕੇ ਹਨ।

ਮਹੰਤ ਮਦਨ ਦਾਸ ਨਾ ਟਲਿਆ ਉਸ ਨੇ ਕਿਹਾ—'ਮੈਂ ਤਾ ਜੀ ਤੁਸਾਂ ਨਾਲ ਤੀਰ ਚਲਾਉਣ ਦਾ ਮੁਕਾਬਲਾ ਕਰ ਸਕਦਾ ਹਾਂ। ਮਹੰਤ ਹੋਕੇ ਸਿਖਾਂ ਨਾਲ ਮੁਕਾਬਲਾ ਕਰਾਂ, ਇਹ ਨਹੀਂ ਹੋ ਸਕਦਾ। ਬਸ ਤੁਸੀਂ ਹਥ ਦੇਖੋ ਤੇ ਦਿਖਾਓ।'

ਸਤਿਗੁਰੂ ਜੀ ਰੋਗੀਆਂ ਦੇ ਰੋਗ ਦੂਰ ਕਰਨ ਵਾਸਤੇ ਆਏ ਸਨ ਹੰਕਾਰ ਵੀ ਇਕ ਮਹਾਂ ਭਿਆਨਕ ਰੋਗ ਹੈ ਜਿਸ ਦੇ ਕਾਰਨ ਬਾਲੀ ਪਤਾਲ ਪੁਰੀ ਨੂੰ ਗਿਆ ਸੀ। ਸਾਹਿਬਾਂ ਨੇ ਓਸੇ ਵੇਲੇ ਤੀਰ-ਕਮਾਨ ਚੁਕੀ ਅਤੇ ਬਚਨ ਕੀਤਾ—'ਬੈਰਾਗੀ ਜੀ ਦਸੋ ਨਿਸ਼ਾਨਾ ਕਿਥੋਂ ਦਾ ਲਿਆ ਜਾਵੇ?'

ਜਿਥੇ ਸਤਿਗੁਰੂ ਜੀ ਤੇ ਬੈਰਾਗੀ ਬੈਠੇ ਸਨ ਓਥੋਂ ਹਟਵੇਂ ਉਚੇ ਦਰਖਤ ਸਨ ਜਿਨ੍ਹਾਂ ਉਤੇ ਮੋਟੇ ਫਲ ਲਗੇ ਹੋਏ ਸਨ ਜੋ ਸੰਗਤਰਿਆਂ ਜਾਂ ਛੋਟੀਆ ਗਲਗਲਾ ਜਿਡੇ ਸਨ, ਉਸ ਬੂਟੇ ਵਲ ਦੇਖਕੇ ਮਹੰਤ ਨੇ ਕਿਹਾ—'ਬਸ ਤੀਰ ਮਾਰੋ ਸਾਹਮਣੇ ਬ੍ਰਿਛ ਦੇ ਫਲ ਦੀ ਵਖੀ ਵਿਚ, ਕਲੇ ਨੂੰ ਤੀਰ ਵਜੇ ਤੇ ਇਕੱਲਾ ਫਲ ਧਰਤੀ ਉਤੇ ਆ ਕੇ ਡਿਗੇ। ਯਤਨ ਹੋਵੇ ਕਿ ਬ੍ਰਿਛ ਦੇ ਹਰੇ ਪਤੇ ਨਾਲ ਨਾ ਡਿਗਣ। ਬਸ ਏਹੋ ਦਿਖਾਈ ਦੇਵੇ ਕਿ ਫਲ ਤੀਰ ਨਾਲੋਂ ਆਪ ਤੋੜਿਆ ਹੈ।

'ਇਵੇਂ ਹੀ ਹੋਵੇਗਾ।' ਇਹ ਆਖ ਕੇ ਸਤਿਗੁਰੂ ਜੀ ਨੇ ਧਨੁਖ ਨੂੰ ਸੰਭਾਲਿਆ ਧਨੁਖ ਦੀ ਤੰਦੀ ਨੂੰ ਟਨਕੋਰਿਆ। ਤੰਦੀ ਦੇ ਟਨਕੋਰਨ ਨਾਲ ਸਾਰਿਆਂ ਦੇ ਧਿਆਨ ਉਸ ਪਾਸ ਵਲ ਖਿਚੇ ਗਏ। ਤੀਰ ਕਮਾਨੋ ਨਿਕਲਿਆ ਸਪ

Sri Satguru Jagjit Singh Ji eLibrary NamdhariElibrary@gmail.com

ਦਾ ਜੀਭ ਵਰਗਾ ਤੀਰ ਸੀ ਉਹ ਸਾਂ ਸਾਂ ਕਰਦਾ ਗਿਆ ਤੇ ਫਲ ਦੀ ਵੱਖੀ ਵਿਚ ਵੱਜਕੇ ਉਹਦੀ ਘੰਡੀ ਤਕ ਪੁਜ ਗਿਆ। ਘੰਡੀ ਨਾਲ ਛੋਂਹਦਿਆਂ ਫਲ ਤੇ ਤੀਰ ਦੋਵੇਂ ਧਰਤੀ ਉਤੇ ਆ ਡਿਗੇ। ਸਿਖ ਨੱਸ ਕੇ ਗਏ ਤੇ ਫਲ-ਤੀਰ ਨੂੰ ਫੜ ਕੇ ਸਤਿਗੁਰੂ ਜੀ ਦੇ ਕੋਲ ਲੈ ਆਏ।

ਇਸ ਦੇ ਪਿਛੋਂ ਵਾਰੀ ਆਈ ਮਹੰਤ ਦੀ। ਸਤਿਗੁਰੂ ਜੀ ਦੇ ਤੀਰ ਦੀ ਸ਼ਕਤੀ ਨੂੰ ਦੇਖਕੇ ਉਹਦੇ ਹਥ-ਪੈਰ ਝੂਠੇ ਪੈ ਗਏ ਸਨ। ਉਸ ਨੇ ਹੌਂਸਲੇ ਨਾਲ ਸਰੀਰ ਨੂੰ ਸੰਭਾਲ ਕੇ ਤੇ ਮਨ ਬ੍ਰਿਤੀ ਨੂੰ ਇਕਾਗਰ ਕਰਕੇ ਤੀਰ ਕਮਾਨੋਂ ਛਡਿਆ। ਉਹ ਤੀਰ ਇਕ ਫਲ ਨੂੰ ਵਿੰਨ੍ਹ ਕੇ ਤਿੰਨਾਂ ਹੋਰ ਫਲਾਂ ਵਿਚ ਜਾ ਵਜਾ ਨਾਲ ਹੀ ਇਕ ਟਾਹਣੀ ਟੁਟ ਗਈ। ਤਿੰਨ ਫਲ ਕੁਝ ਪਤੇ ਤੇ ਟਾਹਣੀ ਧਰਤੀ ਤੇ ਆਈ ਏਹ ਦੇਖਕੇ ਮਹੰਤ ਦੇ ਹਥ ਪੈਰ ਠੰਢੇ ਹੋ ਗਏ।

ਉਸਨੂੰ ਧਰਤੀ ਵੇਹਲ ਨਾ ਦੇਵੇ ਉਹ ਬਹੁਤ ਸ਼ਰਮਿੰਦਾ ਹੋਇਆ। ਉਹਦਾ ਹੰਕਾਰ ਖਤਮ ਹੋ ਗਿਆ, ਹੰਕਾਰ ਉਸਨੂੰ ਗਰਮਾਈ ਫਿਰਦਾ ਸੀ। ਉਸ ਨੇ ਤਜ਼ਵੀਜ਼ ਪੇਸ਼ ਕੀਤੀ ਤੇ ਉਹੋ ਹੀ ਫੈਹਲ ਹੋ ਗਿਆ। ਦੇਖਣੇ ਵਾਲੇ ਸਿਖ ਹੱਸ ਪਏ, ਚੇਲਿਆਂ ਦੇ ਹੁੰਦਿਆਂ ਉਹਦੀ ਨਿਰਾਦਰੀ ਹੋਈ ਕਿਉਂਕਿ ਚੇਲਿਆਂ ਨੂੰ ਇਹ ਕਹਿੰਦਾ ਆਇਆ ਸੀ—'ਮੈਂ ਗੁਰੂ ਨਾਲ ਦੋ ਹਥ ਕਰਾਂਗਾ, ਮੈਂ ਵਿਦਿਆ ਆਤਮਕ ਸ਼ਕਤੀ ਤੇ ਸਸਤ੍ਰ ਵਿਦਿਆ ਵਿਚ ਮਾਹਰ ਹਾਂ।' ਪਰ ਸਤਿਗੁਰੂ ਜੀ ਦੇ ਹਜ਼ੂਰ ਆਕੇ ਕੋਈ ਗਲ ਨਾ ਔਹੜੀ। ਹੰਕਾਰ ਦਾ ਸਿਰ ਨੀਵਾਂ ਵਾਲੀ ਗਲ ਹੋਈ।

ਆਖਰ ਉਸ ਨੂੰ ਸਤਿਗੁਰੂ ਜੀ ਅਗੇ ਨਿਉਂਣਾ ਪਿਆ ਹਥ ਜੋੜਕੇ ਖਿਮਾਂ ਮੰਗਣੀ ਪਈ। ਸਤਿਗੁਰੂ ਜੀ ਨੇ ਉਸ ਨੂੰ ਨਿਹਾਲ ਕੀਤਾ। ਸਤਿਗੁਰੂ ਜੀ ਨੇ ਸਾਰੇ ਬੈਰਾਗੀਆਂ ਨੂੰ ਉਪਦੇਸ਼ ਕਰਦਿਆਂ ਹੋਇਆਂ ਕਿਹਾ—'ਤੁਸਾਂ ਲੋਕਾਂ ਨੇ ਘਰਾਂ ਤੇ ਗ੍ਰਿਹਸਤ ਦਾ ਤਿਆਗ ਕੀਤਾ ਹੈ, ਪਰ ਹੰਕਾਰ ਤੇ ਲਾਲਚ ਦਾ ਤਿਆਗ ਨਹੀਂ ਕੀਤਾ। ਤੁਸੀਂ ਜਥਿਆਂ ਦੇ ਜਥੇ ਨਗਰਾਂ ਵਿਚ ਫਿਰਦੇ ਤੇ ਗ੍ਰਿਹਸਤੀਆਂ ਨੂੰ ਤੰਗ ਕਰਦੇ ਹੋ, ਪਰ ਕਿਸੇ ਨੂੰ ਲਾਭ ਕੋਈ ਨਹੀਂ ਪਹੁੰਚਾਉਂਦੇ ਨਾ ਕਿਸੇ ਦਾ ਕੋਈ ਭਲਾ ਕਰਦੇ ਹੋ। ਦੇਸ ਦੀ ਸੁਤੰਤਰਤਾ, ਖੁਸ਼ਹਾਲੀ ਤੇ

Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਰਖਿਆ ਦਾ ਕੋਈ ਖਿਆਲ ਨਹੀਂ. ਤੁਸੀਂ ਜੀਵਨ ਵਿਅਰਥ ਗਵਾ ਰਹੇ ਹੋ ਤੁਸੀਂ ਦੇਸ਼ ਤੇ ਤੁਰਦੀਆਂ ਫਿਰਦੀਆਂ ਲੋਥਾਂ ਹੋ। ਇਸ ਜੀਵਨ ਦਾ ਕੋਈ ਲਾਭ ਨਹੀਂ. ਜੀਵਨ ਉਹ ਭਲਾ ਹੈ, ਜੋਹੜਾ ਦੇਸ਼ ਤੇ ਮਨੁਖ ਜਾਤੀ ਦੇ ਭਲੇ ਵਾਸਤੇ ਕੁਝ ਕਰਦਿਆਂ ਹੋਇਆਂ ਬੀਤੇ, ਐਵੇਂ ਧਾੜ ਦੀ ਧਾੜ ਤੁਰੇ ਫਿਰਨਾ ਚੰਗਾ ਨਹੀਂ। ਬਹੁਤਾ ਖਾ ਲਿਆ, ਮਾੜਿਆਂ ਕੋਲੋਂ ਖੋਹ ਲਿਆ ਅਤੇ ਲੋਕਾਂ ਦੀਆਂ ਫਸਲਾ (ਖੇਤੀਆਂ) ਉਜਾੜ ਸੁਟੀਆਂ। ਇਹ ਸਾਰੇ ਕੰਮ, ਕੰਮ ਨਹੀਂ ਹਣ, ਇਹ ਪਾਪ, ਕੁਕਰਮ ਤੇ ਕੁਧਰਮ ਹਨ। ਮੰਦਰ ਢਾਹੇ ਜਾ ਰਹੇ ਹਨ, ਨਾਰੀਆਂ ਦੀਆਂ ਅਸਮਤਾਂ ਲੁਟੀਆਂ ਜਾ ਰਹੀਆਂ ਹਨ, ਲੱਖਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਮੁਸਲਮਾਨ ਕੀਤਾ ਜਾ ਰਿਹਾ ਹੈ, ਪਰ ਤੁਸੀਂ ਲੋਕ ਮੌਜਾਂ ਉਡਾ ਰਹੇ ਹੋ। ਤੁਸਾਂ ਨੂੰ ਵਿਚਾਰ ਹੀ ਨਹੀਂ ਕਿ ਅਸੀਂ ਵੀ ਕੁਝ ਕਰੀਏ। ਕੀ ਇਹ ਤਿੰਨ ਤਿੰਨ ਮਣ ਦੀਆਂ ਦੇਹਾਂ ਚੁਕੀ ਫਿਰਨੀਆ ਚੰਗੀਆਂ ਹਨ ? ਕੀ ਇਹ ਸਦੀਵ ਕਾਲ ਵਾਸਤੇ ਹਨ ? ਕੀ ਇਨ੍ਹਾਂ ਨੂੰ ਕਾਲ ਨੇ ਨਹੀਂ ਖਾਣਾ ! ਕਦੀ ਇਹ ਖਿਆਲ ਕੀਤਾ ਹੈ ਕਿ ਇਸ ਤਰਾਂ ਪ੍ਰਭੂ ਪ੍ਰਮਾਤਮਾ ਦੇ ਕੋਲ ਨਹੀਂ ਪੁਜਿਆ ਜਾ ਸਕਦਾ। ਦੇਖਣ ਵਿਚ ਆਇਆ ਹੈ ਕਿ ਪਖੰਡ ਵਾਲੇ ਸਦਾ ਦੁਖ ਉਠਾਉਂਦੇ ਹਨ।

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੇ,
ਕਬਹੂੰ ਸਨਿਆਸੀ ਭੇਸ ਬਨ ਕੇ ਦਿਖਾਵਈ ॥
ਕਹੂੰ ਪਉਨ ਅਹਾਰੀ ਕਹੂੰ ਬੈਠੇ ਲਾਇ ਤਾਰੀ,
ਕਹੂੰ ਲੋਭ ਕੀ ਖੁਮਾਰੀ ਸੋਂ ਅਨੇਕ ਗੁਨ ਗਾਵਹੀ ॥
ਕਹੂੰ ਬ੍ਰਹਮਚਾਰੀ ਕਹੂ ਹਾਥ ਪੈ ਲਗਾਵੇ ਬਾਰੀ,
ਕਹੂੰ ਡੰਡ ਧਾਰੀ ਹੁਇਦੈ ਲੋਗਣ ਭ੍ਰਮਾਵਈ ॥
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ,
ਗਿਆਨ ਕੇਬਿਹੀਨ ਕੈਸੇ ਬ੍ਰਹਮ ਲੋਕ ਪਾਵਈ ॥

* * * *

ਕੂਕ ਫਿਰਤ ਕੇਤੇ ਰੋਵਤ ਮਰਤ ਕੇਤੇ,

Sri Satguru Jagjit Singh Ji eLibrary NamdhariElibrary@gmail.com

ਜਲ ਮੈਂ ਡੁਬਤ ਕੋਤੇ ਆ'ਗ ਮੈਂ ਜਰਤ ਹੈਂ ॥
ਨੈਤੇ ਗੰਗ ਬਾਸੀ ਕੈਤੇ ਮਦੀਨਾ ਮਕਾ ਨਿਵਾਸੀ,
ਕੇਤਕ ਉਦਾਸੀ ਕੇਤੇ ਭੂਮਾਏ ਈ ਫਿਰਤ ਹੈਂ ॥
ਕਰਵਤ ਸਹਿਤ ਸਹਿਤ ਕੇਤੇ ਭੂਮਿ ਮੈ ਗਡਤ ਕੇਤੇ,
ਸੂਆ ਪੈ ਚੜਤ ਕੇਤੇ ਦੂਖ ਕਊ ਭਰਤ ਹੈਂ ॥
ਰੈਨ ਮੈ ਉਡਤ ਕੇਤੇ ਜਲ ਮੈਂ ਰਹਤ ਕੇਤੇ,
ਗਿਆਨ ਕੈ ,ਬਿਹੀਨ ਜਅ ਜਾਰੇ ਈ ਮਰਤ ਹੈਂ ॥

ਤਿਸਕਾ ਪ੍ਰਮਾਰਥ–(ਪਹਿਲੇ ਸਵਯੇ) ਜਿਸ ਤਰਾਂ ਇਕ ਬਾਜ਼ੀਗਰ ਤੇ ਨਕਲਾਂ ਕਰਨ ਵਾਲਾ ਸੁਵਾਂਗ ਰਚਦਾ ਹੈ, ਤਿਵੇਂ ਪੁਰਸ਼ ਜੋਗੀ ਬੈਰਾਗੀ ਤੇ ਸੰਨਿਆਸੀਆਂ ਦਾ ਭੇਸ ਧਾਰਕੇ ਜਗਤ ਵਿਚ ਵਿਚਰਦੇ ਹਨ, ਕਈ ਚੁਪ ਕਰਕੇ ਬੈਠਦੇ ਹਨ ਤੇ ਲੋਕਾਂ ਨੂੰ ਆਖਦੇ ਹਨ ਕਿ ਅਸੀਂ ਪੌਣ ਅਹਾਰੀ (ਸਿਰਫ ਹਵਾ ਖਾਣ ਵਾਲੇ) ਹਾਂ ਕਈ ਐਵੇਂ ਹੀ ਧੂਪੇ ਤਾੜੀਆਂ ਲਾਈ ਬੈਠਦੇ ਹਨ। ਕਈਆਂ ਸੰਤਾਂ ਮਹੰਤਾਂ ਤੇ ਦੁਨੀਆਂਦਾਰੀ ਵਾਲੇ ਲੋਕਾਂ ਨੂੰ ਲੋਭ (ਮਾਯਾ) ਦੀ ਖੁਮਾਰੀ ਚੜੀ ਰਹਿੰਦੀ ਹੈ ਉਹ ਰਾਤ ਦਿਨੇ ਲੋਭ ਦੇ ਹੀ ਗੁਣ ਗਾਉਂਦੇ ਰਹਿੰਦੇ ਹਨ। ਕਈ ਕਹਿੰਦੇ ਹਨ ਅਸੀਂ ਬ੍ਰਹਮਚਾਰੀ ਹਾਂ ਕਈ ਹਥਾਂ ਵਿਚ ਸੁਈਆਂ ਗੱਡਦੇ ਹਨ ਤੇ ਡੰਡਵਤ ਬੰਦਨਾਂ ਕਰਦ ਰਹਿੰਦੇ ਹਨ। ਇਹ ਸਾਰੇ ਭੇਸ ਕਰਨ ਵਾਲੇ ਜਗਤ ਦੇ ਭੋਲੇ ਭਾਲੇ ਜੀਵਾਂ ਨੂੰ ਭਰਮਾਉਂਦੇ ਹੋਏ ਲੁਟਦੇ ਹਨ। ਕਈ ਕਾਮਨਾ (ਵਾਸ਼ਨਾ) ਦੇ ਗੁਲਾਮ ਹੋ ਕੇ ਨਚਦੇ ਫਿਰਦੇ ਹਨ, ਦਸੋ! ਐਸੇ ਪੁਰਸ਼ ਕਿਵੇਂ ਬ੍ਰਹਮ ਲੋਕ ਵਿਚ ਜਾ ਸਕਦੇ ਹਨ? ਪਖੰਡ ਕਰਨ ਵਾਲੇ ਪੁਰਸ਼ ਨੂੰ ਬ੍ਰਹਮ ਲੋਕ ਵਿਚ ਢੋਈ ਨਹੀਂ ਮਿਲਦੀ।

(ਦੂਸਰੇ ਸਵਯੇ ਦਾ ਪ੍ਰਮਾਰਥ)–ਅਨੇਕਾਂ ਹਨ ਜੋ ਕੂਕਦੇ ਫਿਰਦੇ ਹਨ, ਭਾਵ ਕੂਕਾਂ (ਅਵਾਜ਼ਾਂ) ਮਾਰ ਮਾਰ ਕੇ ਭੇਖ ਦਿਖਾਉਂਦੇ ਹਨ, ਕਈ ਰੋ ਰੋ ਕੇ ਮਰਦੇ ਜੀਉਂਦੇ ਹਨ, ਕਈ ਪਾਣੀ ਵਿਚ ਡੁਬਦੇ ਤੇ ਅੱਗ ਵਿਚ ਸੜਨ ਦਾ ਪਖੰਡ ਕਰਦੇ ਹਨ, ਕਈ ਗੰਗਾ [ਹਰਿਦਵਾਰ] ਦੇ ਰਹਿਣ ਵਾਲੇ ਹਨ ਤੇ ਕਈ ਮਕਾ ਮਦੀਨਾਂ ਦੇ ਰਹਿਣ ਵਾਲੇ, ਕਈ ਉਦਾਸੀਆਂ ਦਾ ਭੇਖ ਬਣਾਈ ਫਿਰਦੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹਨ। ਕਈ ਆਪਣੇ ਆਪ ਨੂੰ ਆਰੇ ਨਾਲ ਚਰਵਾਉਂਦੇ ਹਨ ਤੇ ਧਰਤੀ ਵਿਚ ਗਡਕੇ ਪਖੰਡ ਕਰਦੇ ਹਨ। ਕਈ ਸੂਲੀ ਤੇ ਚੜਦੇ ਹਨ ਅਤੇ ਦੁਖ ਉਠਾਉਂਦੇ ਹਨ। ਕਈ ਕਰਾਮਾਤ ਵਾਲੇ ਸਿਧ ਜੋਗੀ ਅਸਮਾਨ ਵਿਚ ਉਡਦੇ ਹਨ, ਪਾਣੀ ਵਿਚ ਰਹਿੰਦੇ ਹਨ, ਪਰ ਪ੍ਰਮਾਤਮਾ ਦੇ ਅਸਲ ਗਿਆਨ ਤੋਂ ਬਿਨਾਂ ਉਹ ਕਦੀ ਬ੍ਰਹਮਲੋਕ ਨਹੀਂ ਜਾ ਸਕਦ ਸਗੋਂ ਉਹ ਐਵੇਂ ਮਰਦੇ ਹਨ।

ਸੋ ਹੇ ਬੈਰਾਗੀ (ਮਦਨ ਦਾਸ) ਜੀ ਤੁਸਾਂ ਜੋ ਭੇਖ ਬਣਾਇਆ ਹੈ ਇਸ ਨਾਲ ਨਾ ਬ੍ਰਹਮ ਲੋਕ ਜਾ ਸਕਦੇ ਹੋ ਤੇ ਨਾ ਹੀ ਜਗਤ ਵਿਚ ਵਸਦੀ ਦਿਸਦੀ ਲੋਕਾਈ ਦੀ ਸੇਵਾ ਕਰ ਸਕਦੇ ਹੋ 'ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿਕੀਨ॥ ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥

ਐਸਾ ਉਪਦੇਸ ਸੁਣ ਕੇ ਬੈਰਾਗੀਆਂ ਦੇ ਹਿਰਦਿਆਂ ਦੇ ਸਾਰੇ ਭਰ ਦੂਰ ਹੋ ਗਏ ਤੇ ਉਹ ਸਦੀਵੀ ਕਾਲ ਵਾਸਤੇ ਸਤਿਗੁਰੂ ਜੀ ਦੇ ਚੇਲੇ ਬਣ ਗਏ।

++ * ++

੧੮. ਕਾਕੇ ਨੰਦ ਸਿੰਘ ਨੂੰ ਉਪਦੇਸ਼

ਇਕ ਸਿਖ ਤੇ ਸਿਖਣੀ ਮਾਲਵੇ ਦੇ ਰਹਿਣ ਵਾਲੇ ਸਨ, ਉਹਨਾਂ ਦਾ ਇਕੋ ਇਕ ਪੁਤ੍ਰ ਨੰਦ ਸਿੰਘ ਸੀ। ਨੰਦ ਸਿੰਘ ਜੁਵਾਨ ਹੋਇਆ, ਉਹਦੀ ਦੇਹ ਅਰੋਗ ਤੇ ਸੁੰਦਰ ਸੀ। ਜੋਹੜਾ ਉਹਦੀ ਸੁੰਦਰਤਾ ਤੇ ਜੁਵਾਨੀ ਨੂੰ ਦੇਖਦਾ ਉਹੋ ਹੀ ਮੋਹਤ ਹੋ ਜਾਂਦਾ। ਮਾਂ ਬਾਪ ਦੀ ਇਛਾ ਹੋਈ ਕਿ ਉਹ ਨੰਦ ਸਿੰਘ ਦੀ ਸ਼ਾਦੀ ਕਰ ਦੇਣ। ਜਦੋਂ ਨੰਦ ਸਿੰਘ ਨੂੰ ਪਤਾ ਲਗਾ ਤਾਂ ਉਸਨੇ ਆਪਣੇ ਮਾਂ ਬਾਪ ਨੂੰ ਸਾਫ ਕਹਿ ਦਿਤਾ ਕਿ ਉਹ ਸ਼ਾਦੀ ਨਹੀਂ ਕਰਾਵੇਗਾ, ਉਸਨੇ ਕਵਾਰੇ ਰਹਿਣ ਦਾ ਫੈਸਲਾ ਕੀਤਾ ਹੈ।

ਜਵਾਨ ਪੁਤ੍ਰ ਦੀ ਜ਼ਬਾਨੋਂ ਇਹ ਸੁਣਕੇ ਮਾਂ ਬਾਪ ਦਾ ਤਾਂ ਲਹੂ ਠੰਢਾ ਹੋ ਗਿਆ। ਉਹ ਘਬਰਾ ਗਏ ਤੇ ਸੋਚਣ ਲਗੇ ਕਿ ਉਹ ਕੀ ਸੋਚਦੇ ਸਨ ਤੇ ਹੋ ਕੀ ਗਿਆ। ਉਹਨਾਂ ਨੇ ਪੁਤਰ ਨੂੰ ਬਹੁਤ ਸਮਝਾਇਆ ਪਰ ਓਹ ਇਕੋ ਗਲ ਆਖੀ ਗਿਆ, 'ਗ੍ਰਿਹਸਤ ਮਾਰਗ ਵਿਚੋਂ ਕੀ ਲੈਣਾ ਹੈ ? ਕੋਈ ਲੋੜ ਨਹੀਂ

Sri Satguru Jagjit Singh Ji eLibrary NamdhariElibrary@gmail.com

ਵਿਆਹ ਕਰਵਾਉਣ ਦੀ, ਬਸ ਵਾਹਿ ਗੁਰੂ ਦਾ ਸਿਮਰਨ ਤੇ ਗੁਰੂ ਘਰ ਦੀ ਸੇਵਾ ਕਰ ਛਡਾਂਗੇ। ਇਸਤ੍ਰੀ, ਦੌਲ਼ਤ, ਘਰ ਘਾਟ ਸਭ ਕੁਝ ਮਾਇਆ ਹੈ। ਇਹ ਦਖਾਂ ਦਾ ਘਰ ਹੈ ਤੇ ਨਾਸਵੰਤ ਹੈ।'

ਗਰ ਘਰ ਦੇ ਪਰੇਮੀ ਤੇ ਸਿਖ ਉਸ ਸਮੇਂ ਸਭ ਤੋਂ ਵਡਾ ਅਫਸਰ ਤੇ ਮੁਖੀਆ ਸਤਿਗੁਰੂ ਜੀ ਨੂੰ ਹੀ ਸਮਝਦੇ ਸਨ । ਕੋਈ ਔਕੜ ਆ ਬਣੇ, ਕੋਈ ਬਾਹਰ ਦਾ ਜਾਂ ਘਰੇਲੂ ਝਗੜਾ ਹੋ ਜਾਵੇ, ਬਸ ਮੁਕਦਮਾ ਸਤਿਗੁਰੂ ਜੀ ਦੇ ਹਜ਼ੂਰ ਪੇਸ਼ ਹੁੰਦਾ। ਘਰੋਂ ਤੁਰਕੇ ਗੁਰੂ ਜੀ ਦੇ ਹਜ਼ੂਰ ਪੁਜਕੇ ਬੇਨਤੀ ਕੀਤੀ ਜਾਂਦੀ। ਗਭਰੂ ਨੰਦ ਸਿੰਘ ਜੀ ਦੇ ਮਾਂ ਬਾਪ ਨੇ ਵੀ ਇਸ ਮਾਮਲੇ ਵਿਚ ਸਤਿਗੁਰੂ ਜੀ ਦੀ ਓਟ ਲੈਣੀ ਮੁਨਾਸਿਬ ਸਮਝੀ, ਉਹਨਾਂ ਨੇ ਨੰਦ ਸਿੰਘ ਨੂੰ ਨਾਲ ਲਿਆ ਤੇ ਸਤਿਗੁਰੂ ਜੀ ਵਲ ਅਨੰਦਪੁਰ ਨੂੰ ਚਾਲੇ ਪਾ ਦਿਤੇ। ਚਾਰ ਮੰਜ਼ਲਾਂ ਵਿਚ ਪੰਧ ਮੁਕਾ ਕੇ ਦਾਤੇ ਦੇ ਦਰਬਾਰ ਪੁਜ ਗਏ।

ਦਾਤੇ ਦਾ ਦਰਬਾਰ ਅਗੇ ਹੀ ਲਗਾ ਹੋਇਆ ਸੀ । ਦਰਬਾਰ ਦੇ ਵਿਚ ਗੁਰਮੁਖ ਪਿਆਰੇ ਸਨ ਅਤੇ ਹਰ ਇਕ ਦੇ ਬੁਲ੍ਹਾਂ ਤੋਂ 'ਸਤਿਨਾਮ-ਵਾਹਿਗੁਰੂ ਦਾ ਸ਼ਬਦ ਉਚਾਰਨ ਹੋ ਰਿਹਾ ਸੀ । ਦੁਖੀਏ ਆਉਂਦੇ ਤੇ ਅਰਜ਼ਾਂ ਕਰਦੇ ਹੋਏ ਤੁਰਦ ਜਾਂਦੇ ਸਨ। ਸਤਿਗੁਰੂ ਜੀ ਹਰ ਇਕ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰੀ ਜਾਂਦੇ ਸਨ। ਭਾਈ ਨੰਦ ਸਿੰਘ ਦੇ ਮਾਈ ਬਾਪ ਨੇ ਵੀ ਸਤਿਗੁਰੂ ਜੀ ਦੇ ਹਜ਼ੂਰ ਜਾ ਮਥਾ ਟੇਕਿਆ। ਦੋਵੇਂ ਹਥ ਜੋੜਕੇ ਬੇਨਤੀ ਕੀਤੀ-'ਸਚੇ ਪਾਤਿਸ਼ਾਹੋ! ਦਇਆ ਕਰੋ! ਮੇਹਰ ਕਰੋ ! ਅਸਾਂ ਦੀ ਬੇਨਤੀ ਸੁਣੋ ਤੇ ਅਸਾਡੇ ਡੁਬ ਰਹੇ ਬੇੜੇ ਨੂੰ ਪਾਰ ਲਾਵੋ।'

'ਗੁਰਮੁਖੋ ! ਕੀ ਤੰਗੀ ਹੈ ਤੁਸਾਂ ਨੂੰ ?' ਸਤਿਗੁਰੂ ਜੀ ਨੇ ਪੁਛਣਾ ਕੀਤੀ-'ਅਸਾਡਾ ਇਕੋ ਇਕ ਪੁਤ੍ਰ ਨੰਦ ਸਿੰਘ ਹੈ ਜੋ ਅਸਾਂ ਦੇ ਲਾਰੇ ਬੈਠਾ ਹੈ। ਸਿਖ ਸਿਖਣੀ ਨੇ ਅਰਜ ਗੁਜਾਰੀ-'ਏਹੋ ਅਸਾਂ ਦੀਆਂ ਆਂਦਰਾਂ ਦਾ ਟੁਕੜਾ ਹੈ, ਜੀਵਨ ਆਸਰਾ ਹੈ । ਅਸਾਂ ਨੂੰ ਇਸ ਤੇ ਅਨੇਕਾਂ ਆਸਾਂ ਹਨ ਤੇ ਸੁਖਾਂ ਸੁਖ ਸੁਖ ਕੇ ਅਸਾਂ ਪਾਲਿਆ ਹੈ। ਰਾਤਾਂ ਝਾਕੀਆਂ, ਠੰਢਾ ਤੱਤਾ ਦਾ ਮੁਕਾਬਲਾ ਕੀਤਾ ਕਿਉਂਕਿ ਪੁਤ੍ਰ ਜਗਤ ਵਿਚ ਨਿਸ਼ਾਨੀ ਤੇ ਕਲਿਆਨ ਦਾ ਸਾਧਨ

Sri Satguru Jagjit Singh Ji eLibrary NamdhariElibrary@gmail.com

ਹੁੰਦੇ ਹਨ। ਜਿਸ ਘਰ ਪੁਤ੍ਰ ਨਹੀਂ ਉਹ ਘਰ ਸੁੰਞਾ ਹੈ ਹੁਣ ਅਸਾਂ ਇਸ ਨੂੰ ਵਿਆਹੁਣ ਦਾ ਯਤਨ ਕੀਤਾ ਤਾਂ ਇਸਨੇ ਸਾਫ ਜਵਾਬ ਦੇ ਦਿਤਾ ਹੈ ਕਿ ਇਹ ਵਿਆਹ ਨਹੀਂ ਕਰਾਏਗਾ। ਅਸਾਂ ਨੂੰ ਬਹੁਤ ਦੁਖ ਹੈ ਅਸੀਂ ਚਾਹੁੰਦੇ ਹਾਂ ਇਸ ਦਾ ਵਿਆਹ ਹੋ ਜਾਵੇ। ਅਸਾਂ ਦੇ ਘਰ ਨੂੰਹ ਆਵੇ ਤੇ ਅਸਾਡੀਆਂ ਰੀਝਾਂ ਪੂਰੀਆਂ ਹੋਣ। ਇਸ ਉਤੇ ਕ੍ਰਿਪਾ ਕਰੋ, ਇਹ ਮੰਨ ਜਾਵੇ ਤੇ ਵਿਆਹ ਕਰ ਲਵੇ।'

ਸਵਰਗੀ ਜੀਉੜਿਆਂ ਦੀ ਬੇਨਤੀ ਨੂੰ ਸੁਣ ਕੇ ਸਤਿਗੁਰੂ ਜੀ ਨੇ ਨੰਦ ਸਿੰਘ ਨੂੰ ਪੁਛਿਆ--'ਕਿਉਂ ਭਾਈ ਨੰਦ ਸਿੰਘ ਤੂੰ ਵਿਆਹ ਕਿਉਂ ਨਹੀਂ ਕਰਾਉਂਦਾ? ਤੈਨੂੰ ਕਿਉਂ ਗ੍ਰਹਿਸਤ ਤੋਂ ਘਿਰਨਾ ਹੋਈ ਹੈ? ਇਹ ਤਿਆਗ ਕਿਥੋਂ ਸਿਖਿਆ ਹੈ?'

ਭਾਈ ਨੰਦ ਸਿੰਘ ਨੇ ਹਥ ਜੋੜੇ ਤੇ ਬੇਨਤੀ ਕੀਤੀ 'ਹੇ ਪ੍ਰਭੂ! ਚਿਤ ਨਹੀਂ ਚਾਹੁਦਾ ਵਿਆਹ ਕਰਾਂ ਕਿਉਂਕਿ ਗੁਰਬਾਣੀ ਵਿਚ ਆਉਂਦਾ ਹੈ 'ਏਹ ਕੁਟੰਬ ਜਿ ਤੂ ਦੇਖਦਾ ਚਲੈ ਨਾਹੀ ਤੇਰੈ ਨਾਲੇ॥' ਐਸੇ ਬਚਨਾਂ ਦਾ ਮੇਰੇ ਮਨ ਉਤੇ ਅਸਰ ਹੋਇਆ ਹੈ। ਮੈਂ ਅਤੀਤ ਸਾਧੂ ਬਨਣਾ ਚਾਹੁਦਾ ਹਾਂ। ਸੰਤ ਹੋਕੇ ਕਲਿਆਨ ਦਾਂ ਸਾਧਨ ਕਰਾ। ਰਾਤ ਦਿਨੇ ਚਿਤ ਵਾਹਿਗੁਰੂ ਚਰਨਾਂ ਨਾਲ ਜੁੜਿਆ ਰਹੇ।'

ਨੰਦ ਸਿੰਘ ਦੇ ਮਨ ਦੇ ਭਰਮ ਨੂੰ ਦੂਰ ਕਰਨ ਵਾਸਤੇ ਅਤੇ ਹੋਰ ਸਿਖ ਸੰਗਤ ਨੂੰ ਉਪਦੇਸ਼ ਕਰਨ ਦੇ ਵਿਚਾਰ ਨਾਲ ਸਤਿਗੁਰੂ ਜੀ ਨੇ ਇਉਂ ਕਥਾ ਸੁਨਾਉਣੀ ਆਰੰਭ ਕੀਤੀ--'ਇਕ ਪਿੰਡ ਦੇ ਬਾਹਰ ਇਕ ਸੰਤ ਰਹਿੰਦਾ ਸੀ ਉਹ ਵਾਹਿਗੁਰੂ ਦੇ ਸਿਮਰਨ ਵਿਚ ਬ੍ਰਿਤੀ ਜੋੜੀ ਰਖਦਾ, ਉਹ ਇਕ ਬੋਹੜ ਦੇ ਦਰਖਤ ਹੇਠਾਂ ਬੈਠਾਂ ਸੀ। ਉਸਨੇ ਨਾ ਕੋਈ ਕੋਠਾ ਪਾਇਆ ਸੀ ਤੇ ਨਾ ਕੋਈ ਡੇਰਾ। ਲਾੜੇ ਕਪੜੇ ਦੀ ਪਰਵਾਹ ਨਹੀਂ ਸੀ ਕਰਦਾ। ਭੋਜਨ ਆਉਂਦਾ ਛਕ ਛਡਦਾ ਨਹੀਂ ਤੇ ਭੁਖਾ ਹੀ ਰਹਿੰਦਾ ਪਰ ਉਹਦੇ ਚਿਤ ਨਾ ਆਉਂਦਾ ਕਿ ਉਹ ਭੁਖਾ ਹੈ। ਅਡੋਲ ਬੈਠਾ ਹੋਇਆ ਵਾਹਿਗੁਰੂ ਦਾ ਸਿਮਰਨ ਕਰਦਾ ਰਹਿੰਦਾ। ਉਹ ਭੋਜਨ ਵਾਸਤੇ ਭਿਖਿਆ ਮੰਗਣ ਕਿਸੇ ਪਿੰਡ ਜਾਂ ਕਸਬੇ ਵਿਚ ਨਾਂ ਜਾਂਦਾ ਸਗੋਂ ਬੜੀ ਪ੍ਰਸੰਨਤਾ ਨਾਲ ਵਾਹਿਗੁਰੂ ਤੇ ਭਰੋਸਾ ਰਖਕੇ ਬੈਠਾ ਰਹਿੰਦਾ। ਕੋਈ

Sri Satguru Jagjit Singh Ji eLibrary NamdhariElibrary@gmail.com

ਨਾ ਕੋਈ ਨਰ ਨਾਰੀ ਉਸ ਉਤੇ ਤਰਸ ਕਰਕੇ ਕਦੀ ਕਦਾਈਂ ਭੋਜਨ ਛਕਾ ਜਾਂਦਾ।

ਇਕ ਵਾਰ ਐਸਾ ਸਬੱਬ ਬਣਿਆ ਕਿ ਸਤ ਦਿਨ ਬੀਤ ਗਏ ਕਿਸੇ ਨੇ ਉਸਨੂੰ ਭੋਜਨ ਨਾ ਛਕਾਇਆ ਉਹ ਭੁਖਾ ਰਿਹਾ। ਸਰੋਵਰ ਵਿਚੋਂ ਜਲ ਪੀ ਛਡਦਾ ਤੇ ਪ੍ਰਸੰਨ ਚਿਤ ਭਜਨ ਕਰੀ ਜਾਂਦਾ ਰਿਹਾ। ਉਸਦਾ ਸਿਦਕ ਦੇਖਕੇ ਵਿਸ਼ਨੂੰ ਬਹੁਤ ਹੈਰਾਨ ਹੋਇਆ। ਵਿਸ਼ਨੂੰ ਨੇ ਅਪਣੇ ਸੇਵਕਾਂ ਨੂੰ ਸਦਿਆ ਤੇ ਕਿਹਾ—'ਜਾਓ! ਲੀਲਾ ਪੁਰ ਨਗਰ ਨੂੰ ਸਾੜਕੇ ਸਵਾਹ ਕਰ ਦੇਵੋ! ਉਥੋਂ ਦੇ ਵਸਨੀਕ ਜੀਉਣ ਦੇ ਕਾਬਲ ਨਹੀਂ। ਉਨ੍ਹਾਂ ਨੇ ਭਗਵਾਨ ਭਗਤ ਨੂੰ ਭੋਜਨ ਨਹੀਂ ਕਰਾਇਆਂ। ਕਠੋਰ ਚਿਤ ਹਨ, ਓਹ ਪੁਰਸ਼ ਜੋ ਸਾਧੂ ਸੰਤ ਤੇ ਭਗਤ ਜਨ ਦੀ ਸੇਵਾ ਨਹੀਂ ਕਰਦੇ ਐਸੇ ਪੁਰਸ਼ਾਂ ਦਾ ਜੀਉਣਾ ਜਗਤ ਤੇ ਚੰਗਾ ਨਹੀਂ, ਉਹਨਾਂ ਨੂੰ ਨਰਕ ਦੀ ਅਗਨੀ ਵਿਚ ਸਾੜਨਾ ਚਾਹੀਦਾ ਹੈ। ਜਾਓ! ਛੇਤੀ ਕਰੋ।

ਵਿਸ਼ਨੂੰ ਦਾ ਹੁਕਮ ਮੰਨਕੇ ਦੂਰ ਤੁਰ ਪਏ। ਮਨੁਖ ਰੂਪ ਧਾਰਕੇ ਉਨ੍ਹਾਂ ਨੇ ਮਸਾਲਾ ਹੱਥਾਂ ਵਿਚ ਲਈਆਂ ਤੇ ਉਸ ਨਗਰ ਨੂੰ ਸਾੜਨ ਚਲੇ। ਜਦੋਂ ਉਹ ਸਰੋਵਰ ਦੇ ਲਾਗਿਓਂ ਦੀ ਲੰਘਣ ਲਗੇ ਤਾਂ ਸਾਧੂ ਦੀ ਨਿਗਾਂਹ ਪੈ ਗਏ। ਸਾਧੂ ਗਿਆਨ ਹੋ ਗਿਆ ਕਿ ਇਹ ਨਗਰ ਲੀਲਾ ਪੁਰ ਨੂੰ ਸਾੜਨ ਚਲੇ ਹਨ। ਇਹਨਾਂ ਦੀ ਨੀਤ ਚੰਗੀ ਨਹੀਂ, ਸਾਧੂ ਆਸਣ ਤੋਂ ਉਠਿਆ ਤੇ ਉਨ੍ਹਾਂ ਨੂੰ ਅਗੋਂ ਰੋਕਕੇ ਕਹਿਣ ਲਗਾ—'ਇਕ ਮਸਾਲ ਮੈਨੂੰ ਦੇਵੋ।' ਉਹਨਾਂ ਨ ਮਸਾਲ ਸੰਤਾ ਨੂੰ ਫੜਾ ਦਿਤੀ ਤੇ ਜਦੋਂ ਮਸਾਲ ਫੜ ਲਈ ਤਾਂ ਸਾਧੂ ਨੇ ਪੁਛਿਆ-'ਕਿਧਰ ਚਲੇ ਹੋ?'

'ਅਸਾਂ ਨੂੰ ਵਿਸ਼ਨੂੰ ਜੀ ਨੇ ਭੇਜਿਆ ਹੈ ਕਿ ਲੀਲਾਪੁਰ ਨੂੰ ਸਾੜਕੇ ਸਵਾਹ ਕਰ ਦੇਵੀਏ ਕਿਉ ਕਿ ਏਥੋਂ ਦੇ ਵਾਸੀਆਂ ਨੇ ਤੁਸਾਂ ਨੂੰ ਭੋਜਨ ਨਹੀਂ ਛਕਾਇਆ ਇਹ ਬਹੁਤ ਪਾਪੀ ਲੋਕ ਹਨ। ਆਪ ਪੇਟ ਭਰਕੇ ਖਾਕੈ ਸੁਤੇ ਰਹਿੰਦੇ ਤੇ ਮੌਜਾਂ ਕਰਦੇ ਹਨ ਪਰ ਤੁਸਾਂ ਦੀ ਬਾਤ ਨਹੀਂ ਪੁਛੀ ਜੋ ਤੁਸੀਂ ਭਗਵਾਨ ਦੇ ਭਗਤ ਹੋ ਤੇ ਰਾਤ ਦਿਨੇ ਭਗਤੀ ਕਰਦੇ ਰਹਿੰਦੇ ਹੋ। ਭਗਵਾਨ ਵਿਸ਼ਨੂੰ ਜੀ ਬਹੁਤ ਨਰਾਜ਼ ਹੋਏ ਹਨ। ਉਹਨਾਂ ਦੀ ਕ੍ਰੋਧ ਅਗਨੀ ਪ੍ਰਚੰਡ ਹੈ। ਉਹ ਨਗਰ ਨੂੰ ਸਾੜਿਆ

Sri Satguru Jagjit Singh Ji eLibrary NamdhariElibrary@gmail.com

ਹੋਇਆ ਦੇਖਣ ਤੋਂ ਬਿਨਾ ਚੈਨ ਨਹੀਂ ਲੈ ਸਕਣਗੇ।'

ਸਾਧੂ ਗੁਸੇ ਨਾਲ ਬੋਲਿਆ—ਪਿੰਡ ਨੂੰ ਨਾ ਸਾੜੋ! ਪਿਛੇ ਮੁੜ ਜਾਵੋ, ਜੇ ਪਿੰਡ ਨੂੰ ਸਾੜੋਗੇ ਤਾਂ ਮੈਂ ਤੁਸਾਂ ਨੂੰ ਸਾੜਕੇ ਸਵਾਹ ਕਰ ਦੇਵਾਗਾ। ਬਸ ਨਸ ਜਾਵੋ।'

'ਕਿਉਂ? ਅਸੀਂ ਤਾਂ ਤੁਸਾਂ ਦੀ ਸਹਾਇਤਾ ਕਰਨ ਆਏ ਹਾਂ। ਤੁਸੀਂ ਸਗੋਂ ਉਲਟਾ ਅਸਾਂ ਨੂੰ ਡਾਂਟਦੇ ਹੋ।' ਦੂਤਾਂ ਨੇ ਕਿਹਾ।

'ਇਸ ਵਾਸਤੇ ਕਿ ਜਿਸਨੇ ਤੁਸਾਂ ਨੂੰ ਭੇਜਿਆ ਹੈ, ਉਹ ਸਾਰਿਆਂ ਨੂੰ ਰੋਜੀ ਦੇਂਦਾ ਹੈ। ਇਹ ਕੰਮ ਉਸਦਾ ਸੀ ਕਿ ਉਹ ਭਗਵਾਨ ਬਣਕੇ ਆਪਣੀ ਸ਼ਕਤੀ ਨਾਲ ਨਗਰ ਵਾਸੀਆਂ ਨੂੰ ਪ੍ਰੇਰਦਾ ਕਿ ਉਹ ਮੇਰੀ ਸਹਾਇਤਾ ਕਰਦੇ, ਮੈਨੂੰ ਰੋਜੀ ਪਹੁੰਚਾਉਂਦੇ, ਦੋਸ਼ ਭਗਵਾਨ ਦਾ ਹੋਵੇ ਤੇ ਡੰਡ ਨਗਰ ਵਾਸੀਆਂ ਨੂੰ, ਇਹਕਿਉਂ? ਜਾਓ ਭਗਵਾਨ ਨੂੰ ਕਹੋ ਕਿ ਜੇ ਸਤ ਦਿਨ ਰੋਟੀ ਨਹੀਂ ਪਹੁੰਚਾਈ ਤਾ ਭਗਵਾਨ ਨੇ ਨਹੀ ਪਹੁੰਚਾਈ ਇਸ ਵਾਸਤੇ ਮੈਂ ਪ੍ਰਸੰਨ ਚਿਤ ਭਗਵਾਨ ਨੂੰ ਚੇਤੇ ਕਰਦਾ ਰਿਹਾ ਹਾਂ। ਉਸ ਦੀ ਪੂਜਾ ਕਰਦਾ ਰਿਹਾ ਹਾਂ। ਮੈਨੂੰ ਤਾਂ ਭੁਖ ਅਨਭਵ ਹੀ ਨਹੀਂ ਹੋਈ। ਸਾਧੂ ਦਾ ਸ਼ੁਭ ਵਿਚਾਰ ਸੀ।

'ਇਸਦਾ ਭਾਵ ਇਹ ਹੈ ਕਿ ਤੁਸਾਂ ਨੂੰ ਸਹਾਇਤਾ ਤੇ ਅੰਨ ਦੀ ਲੋੜ ਨਹੀਂ?' ਦੂਤਾਂ ਨੇ ਪੁਛਿਆ।

'ਬਿਲਕੁਲ ਨਹੀਂ! ਜਾਓ ਭਗਵਾਨ ਨੂੰ ਜਾ ਕੇ ਆਖੋ ਕਿ ਉਸਦੀ ਰੋਜੀ ਦਾ ਫਿਕਰ ਜੇ ਕਰਨਾ ਹੈ ਤਾਂ ਆਪ ਕਰੇ ਦੋਸ਼ ਕਿਸੇ ਨੂੰ ਨਾ ਦਿਓ ਕਿਉਂਕਿ ਤੂ ਹੀ ਸਭ ਕੁਝ ਹੈਂ ਓਹੋ ਕਰਤਾ ਹਰਤਾ ਤੇ ਰੋਜੀ ਬਖਸ਼ਨ ਵਾਲਾ ਹੈ।' ਜੇ ਮੇਰੀ ਕਿਸਮਤ ਏਸੇ ਤਰਾਂ ਲਿਖੀ ਹੈ ਤਾਂ ਉਹ ਐਵੇਂ ਨਗਰ ਵਾਸੀਆਂ ਨੂੰ ਦੋਸ਼ੀ ਠਹਿਰਾਈ ਜਾ ਰਿਹਾ ਹੈ।'

ਵਿਸ਼ਨੂੰ ਭਗਵਾਨ ਦੇ ਸੇਵਕ ਮੁੜ ਗਏ ਉਹਨਾਂ ਜਾ ਕੇ ਵਿਸ਼ਨੂੰ ਜੀ ਨੂੰ ਸਾਰੀ ਗਲ ਬਾਤ ਦਸ ਦਿਤੀ। ਸਾਧ ਦਾ ਸੰਤੋਖ ਦੇਖਕੇ ਵਿਸ਼ਨੂੰ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਰਿਧੀਆਂ ਸਿਧੀਆਂ ਨੂੰ ਭੇਜਿਆ ਕਿ ਉਹ ਮਹਾਤਮਾਂ ਦੀ ਸੇਵਾ ਕਰਨ ਪਰ ਸਾਧੂ ਨੇ ਸਾਰਿਆਂ ਨੂੰ ਮੋੜ ਦਿਤਾ ਉਸਨੇ ਸੁਖਾਂ ਦਾ ਲਾਲਚ ਨਾ ਕੀਤਾ ਅਤੇ ਨਾ ਹੀ ਮਾਣ ਵਡਿਆਈ ਦੀ ਇਛਾ ਕੀਤੀ ਉਹ ਮਸਤ ਮੌਲਾ

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਦਾ ਸਿਮਰਨ ਕਰਦਾ ਹੈ।

ਇਕ ਦਿਨ ਉਸਨੇ ਇਸ਼ਨਾਨ ਨਾ ਕੀਤਾ, ਤਨ ਦੀ ਐਸੀ ਦਸ਼ਾ ਸੀ ਕਿ ਤਨ ਸਰੋਵਰ ਵਿਚੋਂ ਇਸ਼ਨਾਨ ਕਰਨ ਤੇ ਵੀ ਰਾਜ਼ੀ ਨਾ ਹੋਇਆ ਤਾਂ ਅਗਲੇ ਦਿਨ ਸਾਧੂ ਨੇ ਤਨ ਨੂੰ ਸਜ਼ਾ ਦਿਤੀ, ਗੋਦੜੀ ਪਾਣੀ ਨਾਲ ਭਿਉਂਕੇ ਉਤੇ ਲੈ ਛੱਡੀ, ਐਸੇ ਸਾਧੂ ਦੇ ਜੀਵਨ ਨੂੰ ਦੇਖਕੇ ਸਾਰੇ ਦੇਵਤਿਆਂ ਨੇ ਉਸਦਾ ਮੰਗਲਾ ਚਰਨ ਕੀਤਾ। ਪ੍ਰਭੂ ਨੇ ਉਸਨੂੰ ਤੇ ਉਸ ਨਗਰ ਦੇ ਸਾਰੇ ਵਾਸੀਆਂ ਨੂੰ ਸਵਰਗ ਪੁਰੀ ਵਿਚ ਥਾਂ ਦਿਤੀ।

ਸਾਰੀ ਕਥਾ ਸੁਣਾਕੇ ਸਤਿਗੁਰੂ ਜੀ ਨੇ ਨੰਦ ਸਿੰਘ ਨੂੰ ਸੰਬੋਧਨ ਕਰਕੇ ਆਖਿਆ-'ਕਿਉਂ ਭੁਜੰਗੀ ! ਜੇ ਕਰ ਸਾਧੂ ਬਨਣਾ ਹੈ ਤਾਂ ਐਸਾ ਬਨਣਾ ਪਵੇਗਾ, ਇਹ ਨਹੀਂ ਕਿ ਸਾਧੂ ਸਿਮਰਨ ਕਰਨ ਦੀ ਥਾਂ ਚਿਪੀ ਫੜਕੇ ਗ੍ਰਿਹਸਤੀਆਂ ਦੇ ਘਰਾਂ ਅਗੇ ਜਾ ਕੇ ਭਿਖਿਆ ਮੰਗੋਂ। ਕਿਸੇ ਦੇ ਬਾਲ ਨੂੰ ਝਿੜਕੇਂ ਤੇ ਜੇ ਕੋਈ ਖੈਰ ਨਾਂ ਪਾਵੇ ਤਾਂ ਉਸਨੂੰ ਸਰਾਪ ਦੇਵੇਂ, ਸਾਧੂ ਨੂੰ ਸਬਰ ਸੰਤੋਖ ਰਖਣਾ ਚਾਹੀਦਾ ਹੈ।'

ਇਸਦੇ ਪਿਛੋਂ ਸਤਿਗੁਰੂ ਜੀ ਨੇ ਗ੍ਰਿਹਸਤ ਧਰਮ ਦੀ ਮਹਾਨਤਾ ਪ੍ਰਗਟ ਕਰਨ ਵਾਲੀਆਂ ਸਾਖੀਆਂ ਸੁਣਾਈਆਂ, ਜਿਨ੍ਹਾਂ ਨੂੰ ਸੁਣਕੇ ਸਚੇ ਸਿਖ ਸਤਿਗੁਰੂ ਜੀ ਦਾ ਜਸ ਕਰਨ ਲਗੇ ਉਨ੍ਹਾਂ ਸਾਖੀਆਂ ਵਿਚੋਂ ਇਕ ਸਾਖੀ ਅਸੀਂ ਲਿਖਦੇ ਹਾਂ। ਇਕ ਚਣਕ ਰਿਖੀ ਹੋਇਆ ਹੈ ਇਹ ਪਰਾਚੀਨ ਭਾਰਤ ਵਿਚ ਰਹਿੰਦਾ ਸੀ ਤੇ ਗੰਗਾ ਦੇ ਕਿਨਾਰੇ ਆਪਣੀ ਇਸਤ੍ਰੀ ਪੁਤਰ ਤੇ ਨੂੰਹ ਸਮੇਤ ਘੋਰ ਤਪਸਿਆ ਕਰਿਆ ਕਰਦਾ ਸੀ ਉਹ ਚਾਰ ਜੀ ਸਨ। ਜੋ ਕੁਝ ਖਾਣ ਵਾਸਤੇ ਸਾਰਾ ਦਿਨ ਇਕਠੇ ਕਰਦੇ ਉਸਦੇ ਪੰਜ ਹਿਸੇ ਬਣਾ ਲੈਂਦੇ, ਚਾਰ ਹਿਸੇ ਤਾਂ ਚਾਰੇ ਜੀ ਖਾ ਜਾਂਦੇ ਇਕ ਇਕ ਹਿੱਸਾ ਵੰਡਕੇ, ਪਰ ਬਾਕੀ ਦਾ ਪੰਜਵਾਂ ਹਿੱਸਾ ਕਿਸੇ ਅਭਿਆਗਤ ਨੂੰ ਖੁਆ ਛੱਡਦੇ। ਸਾਰਾ ਸਮਾਂ ਭਗਵਾਨ ਦਾ ਸਿਮਰਨ ਕਰਦੇ ਰਹਿੰਦੇ। ਇਕ ਦਿਨ ਭਗਵਾਨ ਨੇ ਉਹਨਾਂ ਦੀ ਪ੍ਰੀਖਿਆ ਕਰਨੀ ਚਾਹੀ, ਉਹ ਆਪ ਤਾਂ ਨਾ ਆਏ ਸਗੋਂ ਨਾਰਦ ਮੁਨੀ ਨੂੰ ਸਮਝਾਕੇ ਤੇ ਅਪਣੀਆਂ ਸ਼ਕਤੀਆਂ ਬਖਸ਼ਕੇ ਪ੍ਰੀਖਿਆ ਵਾਸਤੇ ਭੇਜਿਆ। ਨਾਰਦ ਮੁਨੀ ਇਕ

Sri Satguru Jagjit Singh Ji eLibrary NamdhariElibrary@gmail.com

ਅਭਿਆ ਰਤ (ਗਰੀਬ ਬ੍ਰਾਹਮਨ) ਦਾ ਰੂਪ ਧਾਰ ਕੇ ਚਣਕ ਦੇ ਕੋਲ ਆਇਆ। ਚਣਕ ਜੀ ਨੇ ਆਪਣੇ ਸੁਭਾ ਤੇ ਨਿਤ ਕਰਮ ਅਨੁਸਾਰ ਉਸਨੂੰ ਪਹਿਲਾਂ ਪੰਜਵਾਂ ਹਿਸਾ ਦਿਤਾ, ਉਹ ਸਾਰਾ ਹਿਸਾ ਖਾਕੇ ਨ ਰਜਿਆ, ਫਿਰ ਚਣਕ ਨੇ ਆਪਣਾ ਹਿਸਾ ਦਿਤ ਉਹ ਉਸ ਹਿਸੇ ਨੂੰ ਵੀ ਖਾ ਗਿਆ ਤੇ ਅੰਤ ਨੂੰ ਸਾਰੇ ਹਿਸੇ ਦਿਤੇ, ਨਾਰਦ ਸਾਰੇ ਹਿਸੇ ਚਟਮ ਕਰ ਗਿਆ। ਚਣਕ, ਉਸ ਦੀ ਇਸਤ੍ਰੀ, ਪੁਤ੍ਰ ਤੇ ਨੂੰਹ ਨੇ ਮਥੇ ਵੱਟ ਨਹੀਂ ਪਾਇਆ ਸਗੋਂ ਪ੍ਰਸੰਨ ਰਹੇ। ਅਗਲਾ ਦਿਨ ਹੋਇਆ ਤਾਂ ਉਨ੍ਹਾਂ ਦੇ ਖਾਣ ਪੀਣ ਵੇਲੇ ਨਾਰਦ ਫਿਰ ਆ ਹਾਜ਼ਰ ਹੋਇਆ, ਉਹ ਫਿਰ ਪੰਜੇ ਹਿਸ਼ੇ ਖਾ ਗਿਆ। ਚਣਕ ਤੇ ਉਸਦੇ ਸਾਥੀਆਂ ਨੇ ਗੁਸਾ ਨਹੀਂ ਕੀਤਾ। ਇਸਤਰਾਂ ਪੰਜ ਦਿਨ ਭਗਵਾਨ ਨਾਰਦ ਮੁਨੀ ਦੀ ਰਾਹੀਂ ਉਨ੍ਹਾਂ ਦੀ ਪ੍ਰੀਖਿਆ ਕਰਦਾ ਰਿਹਾ, ਆਖਰ ਭਗਵਾਨ ਨੂੰ ਪਤਾ ਲਗ ਗਿਆ ਕਿ ਉਹ ਸਬਰ ਸੰਤੋਖ ਵਾਲਾ ਪਰਵਾਰ ਹੈ। ਭਾਵੇਂ ਭਗਵਾਨ ਇਕ ਮਹੀਨਾ ਪ੍ਰੀਖਿਆ ਕਰਦੇ ਰਹਿਣ ਨਹੀਂ ਡੋਲ ਸਕਦਾ, ਤਾਂ ਭਗਵਾਨ ਨੇ ਚਣਕ ਤੇ ਉਸ ਦੇ ਪਰਵਾਰ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਉਹ ਪ੍ਰਲੋਕ ਗਮਨ ਕਰਨ ਪਿਛੋਂ ਬ੍ਰਹਮ ਲੋਕ ਵਿਚ ਪੁਜੇ।

ਇਸ ਕਥਾ ਨੂੰ ਸੁਣਕੇ ਸਤਿਗੁਰੂ ਜੀ ਨੇ ਨੰਦ ਸਿੰਘ ਨੂੰ ਸੰਬੋਧਨ ਕਰਕੇ ਹੋਰ ਸੰਗਤਾ ਨੂੰ ਵੀ ਆਖਿਆ—'ਹੇ ਗੁਰਮੁਖ ਜਨੋ ! ਸਤਿਗੁਰੂ ਨਾਨਕ ਦੇਵ ਜੀ ਦਾ ਸਿਖ ਗ੍ਰਿਹਸਤੀ ਹੋਣਾ ਚਾਹੀਦਾ ਹੈ, ਪਰ ਹੋਵੇ ਉਹ ਗ੍ਰਿਹਸਤੀ ਐਸਾ ਜਿਸ ਵਿਚ ਹੇਠ ਲਿਖੇ ਗੁਣ ਹੋਵਣ ਜੇਕਰ ਕਿਸੇ ਟਬਰਦਾਰ (ਗ੍ਰਿਹਸਤੀ) ਦੇ ਘਰ ਕੋਈ ਲੋੜਵੰਦ (ਅਭਿਆਗਤ) ਆ ਜਾਵੇ ਤਾਂ ਉਸ ਦੀ ਲੋੜ (ਅੰਨ, ਕਪੜਾ ਜਾਂ ਮਾਯਾ ਆਦਿਕ ਦੀ ਜੋ ਹੋ ਸਕੇ) ਪੂਰੀ ਕਰੇ। ਵਾਹਿਗੁਰੂ ਦਾ ਸਿਮਰਨ ਸ੍ਵਾਸ ਸ੍ਵਾਸ ਕਰੇ। ਸਬਰ ਸੰਤੋਖ ਵਿਚ ਰਹੇ, ਨਿੰਦਾ ਚੁਗਲੀ ਨਾ ਕਰੇ, ਝੂਠ ਨਾ ਬੋਲੇ ਅਤੇ ਧਰਮ ਦੀ ਕਿਰਤ ਕਰੇ ਤੇ ਸਮਾਜ ਦੀਆਂ ਰਸਮਾਂ ਪੂਰੀਆਂ ਕਰਦਾ ਹੋਇਆ ਆਪ ਸੁਖੀ ਵਸੇ ਤੇ ਹੋਰਨਾਂ ਨੂੰ ਵੱਸਣ ਦੇਵੇ। ਜੇਹੜਾ ਐਸਾ ਗ੍ਰਿਹਸਤੀ ਹੈ ਉਹ ਕਦੀ ਵੀ ਮਾੜਾ ਨਹੀਂ ਬਣ ਸਕਦਾ, ਵਾਹਿਗੁਰੂ ਉਸ ਦੀ ਕਲਿਆਣ ਕਰਦਾ ਹੈ, ਜਨਮ ਮਰਨ ਦੇ ਸਾਰੇ ਬੰਧਨ ਕਟੇ ਜਾਂਦੇ ਹਨ। ਏਸੇ

Sri Satguru Jagjit Singh Ji eLibrary NamdhariElibrary@gmail.com

ਕਰਕੇ ਸਤਿਗੁਰੂ ਜੀ ਨੇ ਗ੍ਰਿਹਸਤ ਮਾਰਗ ਨੂੰ ਪ੍ਰਧਾਨ ਮਾਰਗ ਦਸਿਆ ਹੈ।'

ਇਸਤਰਾਂ ਦਾ ਉਪਦੇਸ਼ ਸੁਣਕੇ ਨੰਦ ਸਿੰਘ ਦੀਆ ਅੱਖਾਂ ਖੁਲ੍ਹ ਗਈਆਂ, ਉਸਨੇ ਝਟ ਪਟ ਉਠਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ 'ਦਇਆ ਦੇ ਸਾਗਰ ! ਕਲਗੀਆਂ ਵਾਲੇ ਸਚੇ ਪਾਤਸ਼ਾਹ ! ਮੈਂ ਭੁਲਿਆ ! ਆਪ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮੇਰੇ ਮਨ ਦੇ ਸਾਰੇ ਭਰਮ ਦੂਰ ਹੋ ਗਏ। ਹੁਣ ਮੈਂ ਆਪਦੇ ਹੁਕਮ ਨਾਲ ਵਿਆਹ ਕਰਨ ਨੂੰ ਤਿਆਰ ਹਾਂ। ਮੈਂ ਵਿਆਹ ਕਰ ਲਵਾਂਗਾ।' ਜਦੋਂ ਇਹ ਸ਼ਬਦ ਨੰਦ ਸਿੰਘ ਦੇ ਮਾਂ-ਬਾਪ ਨੇ ਸੁਣੇ ਤਾਂ ਉਹ ਪ੍ਰਸੰਨ ਹੋ ਗਏ। ਉਹਨਾਂ ਨੇ ਉਸੇ ਵੇਲੇ ਕਿਹਾ— 'ਧੰਨ ਧੰਨ ਸਤਿਗੁਰੂ ਜੀ !'

++++

੧੯. ਇਕ ਕਵੀ ਦਾ ਹੰਕਾਰ ਦੂਰ ਕਰਨਾ

ਅਨੰਦਪੁਰ ਵਿਚ ਜਿਸ ਨੇ ਅਨੰਦਗੜ੍ਹ ਦਾ ਕਿਲ੍ਹਾ ਦੇਖਿਆ ਹੈ ਉਹ ਸਮਝ ਸਕਦਾ ਹੈ ਕਿ ਸਤਿਗੁਰੂ ਜੀ ਨਾਲ ਕਿੰਨਾ ਪਿਆਰ ਸੀ ਸਿਖ ਸੰਗਤਾਂ ਦਾ, ਕਿੰਨੀ ਰੀਝ ਤੇ ਸ਼ਰਧਾ ਨਾਲ ਕਿਲੇ ਦਾ ਇਕ ਇਕ ਹਿਸਾ ਬਣਾਇਆ ਹੋਇਆ ਹੈ। ਕਿਲੇ ਦੇ ਤਹਿਖਾਨਿਆਂ ਦੀਆਂ ਕੋਠੜੀਆ ਵਿਚ ਕਵੀਸ਼ਰ ਰਿਹਾ ਕਰਦੇ ਸਨ। ਹਰ ਇਕ ਕਵੀਸ਼ਰ ਦੀ ਵੱਖਰੀ ਕੋਠੜੀ ਹੁੰਦੀ ਸੀ, ਜਿਥੇ ਉਹ ਬੈਠਾ ਹੋਇਆ ਗ੍ਰੰਥਾਂ ਨੂੰ ਵਿਚਾਰਦਾ ਤੇ ਆਪਣੀ ਕਵਿਤਾ ਉਚਾਰਦਾ ਸੀ। ਕੀਤੀ ਰਚਨਾਂ ਸਤਿਗੁਰੂ ਜੀ ਨੂੰ ਸੁਣਾਇਆ ਕਰਦਾ ਸੀ।

ਪਰ ਸਤਿਗੁਰੂ ਜੀ ਦਾ ਇਹ ਹੁਕਮ ਸੀ ਕਿ ਕੋਈ ਕਵੀਸ਼ਰ ਆਪਣੀ ਕਵਿਤਾ ਲਿਖਕੇ ਕਿਲੇ ਤੋਂ ਬਾਹਰ ਨਹੀਂ ਸੀ ਲਿਜਾ ਸਕਦਾ। ਦੇਸ਼ ਦੇ ਰਵਾਜ ਅਨੁਸਾਰ ਜਿਸਦੇ ਦਰਬਾਰ ਵਿਚ ਕਵਿਤਾ ਉਚਾਰੀ ਜਾਵੇ, ਉਹ ਕਵਿਤਾ ਉਸੇ ਦੀ ਮਲਕੀਅਤ ਹੁੰਦੀ ਸੀ। ਕਵੀਸ਼ਰ ਨੂੰ ਦੱਜਕੇ ਰੋਟੀ ਕਪੜਾ ਦਿਤਾ ਜਾਦਾ ਸੀ ਤਾਂ ਕਿ ਕਵੀਸ਼ਰ ਨੂੰ ਕਿਸੇ ਹੋਰ ਅਗੇ ਜਾ ਕੇ ਤਲੀ ਨਾ ਅੱਡਣੀ ਪਵੇ। ਉਹ ਸਦਾ ਇਕੋ ਮਾਲਕ ਕੋਲ ਰਹਿੰਦੇ ਸਨ। ਸਤਿਗੁਰੂ ਜੀ ਕਵੀਸ਼ਰਾਂ ਦੀ ਬਹੁਤ

Sri Satguru Jagjit Singh Ji eLibrary NamdhariElibrary@gmail.com

ਕਦਰ ਕਰਦੇ ਸਨ। ਕਿਸੇ ਨੂੰ ਕਿਸੇ ਤਰਾਂ ਵੀ ਤੰਗ ਨਹੀਂ ਸਨ ਹੋਣ ਦੰਦੇ। ਫਿਰ ਵੀ ਐਸੇ ਕਵੀਸ਼ਰ ਸਨ. ਜਿਨ੍ਹਾਂ ਨੂੰ ਆਪਣੀ ਰਚਨਾ ਦਾ ਅਭਿਮਾਨ ਸੀ ਤੇ ਉਹ ਸਤਿਗੁਰੂ ਜੀ ਦੇ ਬਖਸ਼ੇ ਹੋਏ ਧਨ ਪਦਾਰਥ ਤੋਂ ਵਧ ਧਨ ਚਾਹੁਦੇ ਸਨ। ਉਹ ਆਪਣੀ ਕਵਿਤਾ ਚਰਾ ਕੇ ਲੈ ਜਾਦੇ ਜਾਂ ਜਬਾਨੀ ਯਾਦ ਕਰਕੇ ਫਿਰ ਬਾਹਰ ਜਾਕੇ ਲਿਖ ਲੈਂਦੇ। ਕਿਉਂਕਿ ਸਾਹਿਬਾਂ ਦੇ ਘਰੋਂ ਹੁਕਮ ਨਹੀਂ ਸੀ ਕਿ ਜਿਸ ਕਾਗਜ਼ ਉਤੇ ਕਵਿਤਾ ਲਿਖੀ ਹੋਈ ਹੋਵੇ ਉਹ ਬਾਹਰ ਚਲਿਆ ਜਾਵੇ।

ਇਕ ਹੰਸ ਰਾਜ ਕਵੀ ਸੀ, ਉਸਨੂੰ ਕੁਝ ਅਭਿਮਾਨ [ਹੰਕਾਰ] ਹੋ ਗਿਆ ਕਿ ਉਹ ਚੰਗੀ ਕਵਿਤਾ ਲਿਖ ਸਕਦਾ ਹੈ ਉਹਦੇ ਵਰਗੇ ਕਬਿਤ, ਸਵਯੇ ਕੋਈ ਨਹੀਂ ਰਚ ਸਕਦਾ, ਜੇਕਰ ਉਹ ਆਪਣੇ ਕਬਿਤ, ਸਵਯੇ ਲੈਕੇ ਬਾਹਰ ਜਾਵੇ ਤੇ ਕਿਸੇ ਰਾਜੇ ਬਾਦਸ਼ਾਹ ਨੂੰ ਸੁਣਾਵੇ ਤਾਂ ਬਹੁਤ ਧਨ ਪ੍ਰਾਪਤ ਕਰ ਸਕਦਾ ਹੈ। ਉਸ ਧਨ ਨਾਲ ਓਹਦੀਆਂ ਸਾਰੀਆਂ ਲੋੜਾਂ ਪੂਰੀਆਂ ਹੀ ਨਹੀਂ ਹੁਦੀਆਂ ਸਗੋਂ ਉਹ ਚੰਗੇ ਅਮੀਰਾਂ ਵਿਚੋਂ ਗਿਣਿਆ ਜਾਵੇਗਾ ਉਹ ਵੀ ਰਥ ਜਾਂ ਹਾਥੀ ਉਤੇ ਚੜ੍ਹਕੇ ਉਸੇ ਤਰਾ ਤੁਰੇਗਾ, ਜਿਵੇਂ ਅਕਬਰ ਦਾ ਇਕ ਰਤਨ ਤਾਨਸੈਨ ਤੁਰਿਆ ਕਰਦਾ ਸੀ ਮਾਯਾ ਤੇ ਵਡਿਆਈ ਓਹਦੇ ਚਹਨਾਂ ਵਿਚ ਰੁਲੇਗੀ। ਐਸੇ ਵਿਚਾਰ ਕਰਕੇ ਉਸਨੇ ਸੋਚਿਆ ਕਿ ਹੁਣ ਕਵਿਤਾ ਕਿਵੇਂ ਚੁਰਾਈ ਜਾਵੇ ? ਕਾਗਜ਼ ਤਾਂ ਫੜਿਆ ਜਾਵੇਗਾ, ਕਿਉਂਕਿ ਰੋਜ ਤਲਾਸ਼ੀ ਹੁੰਦੀ ਹੈ।

ਆਖਰ ਕਵੀ ਸੀ, ਨਵੀਂ ਚਲਾਕੀ ਸੁਝੀ। ਉਸਨੇ ਆਪਣੇ ਪੱਟ ਉਤੇ ਕਵਿਤਾ ਲਿਖ ਲਈ, ਕਵਿਤਾ ਇਹ ਸੀ—

ਨਵਸਾਤ ਤਿਯੇ ਨਵਸਾਤ ਕਿਯੇ,
ਨਵਸਾਤ ਪਿਯੇ ਨਵਸਾਤ ਪਿਆਏ
ਨਸਵਾਤ ਰਚੇ ਨਵਸ਼ਾਤ ਬਚੇ,
ਨਵਸਾਤ ਪਜਾਦਹਿ ਦਾਯਕ ਪਾਏ।
ਜੀਤ ਕਲਾ ਨਵਸਾਤਨ ਕੀ,
ਨਵਸਾਤਨ ਕੇ ਮੁਖ ਅੰਚਰ ਛਾਏ।
ਮਾਨਹੁ ਮੇਘ ਕੇ ਮੰਡਲ ਮੈ,

Sri Satguru Jagjit Singh Ji eLibrary NamdhariElibrary@gmail.com

ਕਰਿ ਚੰਦਨ ਚੰਦ ਕਲੇਵਰ ਛਾਏ।

ਪੱਟ ਉਤੇ ਕਵਿਤਾ ਲਿਖਕੇ ਉੱਪਰ ਧੋਤੀ ਕਰ ਲਈ। ਉਸਦਾ ਖਿਆਲ ਸੀ ਕਿ ਜੋ ਕੁਝ ਪੜਦੇ ਦੇ ਓਹਲੇ ਹੈ, ਉਸਦਾ ਸਤਿਗੁਰੂ ਜੀ ਨੂੰ ਗਿਆਨ ਨਹੀਂ। ਸੇਵਾਦਾਰ ਸਿਰਫ ਜੇਬ ਦੇਖੇਗਾ ਤੇ ਬਾਹਰ ਜਾਣ ਦੇਵੇਗਾ। ਪਰ ਉਸਨੂੰ ਕੀ ਪਤਾ ਕਿ ਚੋਜੀਂ ਪ੍ਰੀਤਮ ਸਭ ਕੁਝ ਜਾਣਦਾ ਹੈ, ਉਸ ਦਾਤਾਰ ਕੋਲੋਂ ਕੁਝ ਨਹੀਂ ਭੁਲਾ, ਉਹ ਤਾਂ ਘਟ ਘਟ ਦੀ ਜਾਨਣਹਾਰ ਪ੍ਰਭੂ ਹੈ। ਤੇ ਕਾਲ ਦ੍ਰਿਸ਼ਟ ਹਨ। ਉਨ੍ਹਾਂ ਕੋਲੋਂ ਕੁਝ ਨਹੀਂ ਲੁਕਿਆ, ਸਾਹਿਬਾਂ ਨੂੰ ਉਸੇ ਵੇਲੇ ਪਤਾ ਲਗ ਗਿਆ ਜਦੋਂ ਹੰਸ ਰਾਜ ਨੇ ਚੋਰੀ ਕਰਨ ਦਾ ਵਿਚਾਰ ਚਿਤ ਵਿਚ ਚਿਤਵਿਆ।

ਸਤਿਗੁਰੂ ਜੀ ਮਨ ਦੀ ਮੌਜ ਵਿਚ ਬੈਠੇ ਸਨ ਕਿ ਅਚਾਨਕ ਉਨ੍ਹਾਂ ਨੇ ਹਜ਼ੂਰੀ ਸੇਵਾਦਾਰ ਨੂੰ ਕੋਲ ਸਦਿਆਂ ਤੇ ਆਖਿਆ—'ਹਣੇ ਪਾਣੀ ਖੁਲ੍ਹਾ ਗਰਮ ਕਰੋ ਤੇਲ ਤੇ ਦਹੀਂ ਦਾ ਪ੍ਰਬੰਧ ਕਰੋ। ਕਵੀਸ਼ਰਾਂ ਨੂੰ ਇਸ਼ਨਾਨ ਕਰਾਇਆ ਜਾਵੇਗਾ। ਅਸਾਂ ਦੀ ਇਛਾ ਹੈ ਕਿ ਜਿਸ ਸਮੇਂ ਕਵੀਜਨ ਗ੍ਰੰਥਾਂ ਨੂੰ ਪੜ੍ਹਕੇ ਤੇ ਰਚਨਾਂ ਕਰਕੇ ਬਾਹਰ ਆਉਣ ਤਾ ਉਨ੍ਹਾਂ ਨੂੰ ਇਸ਼ਨਾਨ ਕਰਾਇਆ ਜਾਵੇ। ਬਹੁਤ ਚਿਰ ਹੋਇਆ ਉਨ੍ਹਾਂ ਦੀ ਸੇਵਾ ਚੰਗੀ ਤਰਾ ਨਹੀਂ ਹੋਈ। ਕਿਵੇਂ ਵੀ ਹੋਵੇ ਦਹੀਂ ਤੇ ਤੇਲ ਦਾ ਪ੍ਰਬੰਧ ਜਰੂਰ ਕੀਤਾ ਜਾਵੇ।'

'ਸਤਿ ਬਚਨ ਜੀ! ਹੁਣੇ ਹੀ ਹੁਕਮ ਦੀ ਪਾਲਨਾ ਹੋ ਜਾਵੇਗੀ।' ਇਹ ਆਖਕੇ ਸੇਵਾਦਾਰ ਚਲਿਆ ਗਿਆ ਤੇ ਗੁਰੂ ਕੇ ਲੰਗਰ ਵਿਚ ਦੇਗੇ ਪਾਣੀ ਦੇ ਰਖ ਦਿਤੇ ਜੋ ਗਰਮ ਹੋ ਜਾਣ! ਦਹੀਂ ਦੇ ਦੋ ਮਟਕੇ ਪਹਿਲਾਂ ਹੀ ਤਿਆਰ ਸਨ। ਇਸ਼ਨਾਨ ਦਾ ਪ੍ਰਬੰਧ ਕੀਤਾ ਗਿਆ। ਸਤਿਗੁਰੂ ਜੀ ਨੇ ਕਵੀਸ਼ਰਾਂ ਦੇ ਅਸਥਾਨਾਂ ਤੇ ਸੇਵਾਦਾਰਾਂ ਨੂੰ ਸੁਨੇਹਾ ਭੇਜ ਦਿਤਾ ਕਿ ਜਦੋਂ ਕਵੀਸ਼ਰ ਜਨ ਆਪੋ ਆਪਣੇ ਕਮਰੇ ਵਿਚੋਂ ਬਾਹਰ ਨਿਕਲਣ ਤਾਂ ਉਨ੍ਹਾ ਨੂੰ ਸੁਨੇਹਾ ਦੇਣਾ ਕਿ ਸਤਿਗੁਰੂ ਜੀ ਬੁਲਾਉਂਦੇ ਹਨ, ਕੋਈ ਕਵੀਸ਼ਰ ਸਤਿਗੁਰੂ ਜੀ ਦੇ ਮਿਲੇ ਬਿਨਾਂ ਬਾਹਰ ਨਾ ਜਾਵੇ।

ਵੇਲਾ ਆ ਗਿਆ, ਹਰ ਇਕ ਕਵੀਸਰ ਕਵਿਤਾ ਲਿਖਕੇ ਬਾਹਰ ਨਿਕਲਿਆ ਤਾਂ ਉਸਨੂੰ ਸੁਨੇਹਾ ਮਿਲਦਾ ਗਿਆ ਕਿ ਸਤਿਗੁਰੂ ਜੀ ਬੁਲਾਉਂਦੇ

Sri Satguru Jagjit Singh Ji eLibrary NamdhariElibrary@gmail.com

ਹਨ। ਸਾਰੇ ਕਵੀਸ਼ਰਾਂ ਨੂੰ ਇਹ ਸੁਨੇਹਾ ਸੁਣਕੇ ਪ੍ਰਸੰਨਤਾ ਹੋਈ ਪਰ ਹੰਸ ਰਾਜ ਘਬਰਾ ਗਿਆ। ਉਹਦੇ ਪਾਪ ਨੇ ਉਸਨੂੰ ਭੈ ਭੀਤ ਕੀਤਾ। ਖੈਰ ਉਸਨੂੰ ਅਜੇ ਹੌਂਸਲਾ ਸੀ ਕਿ ਗੁਰੂ ਜੀ ਨੇ ਕੇਹੜੇ ਲੀੜੇ ਚੁਕਣੇ ਹਨ । ਉਹ ਵੀ ਹਜ਼ੂਰੀ ਵਿਚ ਪਹੁੰਚ ਗਿਆ। ਜਦ ਉਸਨੇ ਨਮਸ਼ਕਾਰ ਕੀਤੀ ਤਦ ਸਤਿਗੁਰੂ ਜੀ ਆਖ ਰਹੇ ਸਨ—'ਸਾਰੇ ਕਵੀ ਜਨ ਇਸ਼ਨਾਨ ਕਰਨ ਪਾਣੀ ਗਰਮ ਹੈ। ਦਹੀਂ ਤੇਲ ਸਾਬਨ ਦਾ ਪ੍ਰਬੰਧ ਹੈ। ਬੜੀ ਰੀਝ ਨਾਲ ਇਸ਼ਨਾਨ ਕੀਤਾ ਜਾਵੇ। ਸੇਵਾਦਾਰ ਹਾਜਰ ਰਹਿਣਗੇ ਤੇ ਸੇਵਾ ਕਰਨਗੇ। ਇਹ ਅਸਾਂ ਦੀ ਖੁਸ਼ੀ ਹ।

ਸਤਿਗੁਰੂ ਜੀ ਦੇ ਇਸ ਹੁਕਮ ਨੂੰ ਸਾਰਿਆਂ ਨੇ ਸਿਰ ਮਥੇ ਮੰਨਿਆ ਪਰ ਹੰਸ ਰਾਜ ਦਾ ਤਨ ਮਨ ਕੰਬ ਗਿਆ । ਉਸਨੇ ਸਾਹਿਬਾਂ ਅਗੇ ਬੇਨਤੀ ਕੀਤੀ—ਮਹਾਰਾਜ ! ਮੈਨੂੰ ਖਿਮਾਂ ਕਰੋ ਮੈਂ ਅਜ ਇਸ਼ਨਾਨ ਨਹੀਂ ਕਰਨਾ, ਮੈਨੂੰ ਤੇਈਏ ਦਾ ਤਾਪ ਹੋ ਜਾਂਦਾ ਹੈ ਅਜ ਵਾਰੀ ਹੈ, ਇਸ਼ਨਾਨ ਕਰਨ ਨਾਲ ਹੁਣੇ ਹੀ ਅਸਰ ਪੈ ਜਾਵੇਗਾ । ਅਗੇ ਹੀ ਮੈਂ ਬਹੁਤ ਤੰਗ ਹੋਇਆ ਹਾਂ, ਮੈਂ ਫਿਰ ਕਿਸੇ ਦਿਨ ਇਸ਼ਨ ਨ ਕਰ ਲਵਾਂਗਾ।'

ਹੰਸ ਰਾਜ ਦੀ ਇਹ ਬੇਨਤੀ ਸੁਣਕੇ ਸਾਹਿਬ ਹਸ ਪਏ ਉਹਨਾਂ ਦੇ ਹਸਣ ਨਾਲ ਹੰਸ ਰਾਜ ਦਾ ਭਠਾ ਬੈਠ ਗਿਆ । ਉਹ ਹੇਠਾਂ ਉਪਰ ਦੇਖਣ ਲਗਾ ਅਜੇ ਉਹ ਬਹਾਨਾ ਸੋਚ ਹੀ ਰਿਹਾ ਸੀ ਕਿ ਉਥੋਂ ਖਿਸਕ ਜਾਵੇ ਕਿ ਸਤਿਗੁਰੂ ਜੀ ਨੇ ਫੁਰਮਾਇਆ—ਕਿਉਂ ਭਾਈ ਹੰਸਰਾਜ ! ਤੈਨੂੰ ਤੇਈਏ ਦਾ ਤਾਪ ਹੈ ਜਾਂ ਕਵਿਤਾ ਕਰਨ ਦੇ ਹੰਕਾਰ ਦਾ ਤਾਪ। ਕੀ ਤੇਰਾ ਵਿਚਾਰ ਹੈ ਕਿ ਤੂੰ ਸਭ ਤੋਂ ਚੰਗੇ ਸਵੱਯੇ ਜਾਂ ਕਬਿਤ ਉਚਾਰਦਾ ਹੈ ? ਤੇਰੇ ਕਬਿਤਾਂ ਦੀ ਕੀਮਤ ਕਿਸੇ ਹੋਰ ਥਾਂ ਬਹੁਤੀ ਪੈ ਸਕਦੀ ਹੈ। ਏਸੇ ਹੰਕਾਰ ਦੇ ਅਸਰ ਨਾਲ ਹੀ ਤੇਰਾ ਤਨ ਮਨ ਗਰਮ ਹੈ। ਤੂੰ ਇਸ਼ਨਾਨ ਨਹੀਂ ਕਰਨਾ ਚਾਹੁੰਦਾ। ਅਸਾਂ ਦਾ ਪਰਮ ਧਰਮ ਹੈ ਕਿ ਤੁਸਾਂ ਦੇ ਹੰਕਾਰ ਰੋਗ ਨੂੰ ਦੂਰ ਕਰੀਏ। ਇਸ ਵਾਸਤੇ ਜੇਕਰ ਤੁਸੀਂ ਇਸ਼ਨਾਨ ਨਹੀਂ ਕਰਨਾ ਤਾਂ ਨਾ ਸਹੀ।'

ਸਤਿਗੁਰੂ ਜੀ ਦੇ ਇਹਨਾਂ ਬਚਨਾਂ ਨੇ ਸਾਰੇ ਕਵੀਸ਼ਰਾਂ ਨੂੰ ਹੈਰਾਨੀ ਵਿਚ ਸੁਟ ਦਿਤਾ ਕਿ ਕੀ ਮਾਮਲਾ ਹੈ ? ਹੰਸ ਰਾਜ ਚੁਣ ਨਾ ਹਠਲੀ ਦੇਂਦੀ ਸੀ ਤੇ

Sri Satguru Jagjit Singh Ji eLibrary NamdhariElibrary@gmail.com

ਨਾ ਉਪਰਲੀ ਦੰਦੀ ਸੀ। ਸਾਹਿਬਾਂ ਨੇ ਬਚਨ ਕੀਤਾ-'ਹੇ ਕਵੀ ਜਨੋ ! ਸੁਣੋ ਭਾਈ ਹੰਸ ਰਾਜ ਜੀ ਨੇ ਇਕ ਸਵਯਾ ਉਚਾਰਿਆ ਹੈ ਇਸਦਾ ਵਿਚਾਰ ਹੈ ਕਿ ਇਸ ਸਵਯੇ ਦਾ ਅਰਥ ਕਿਸੇ ਨੂੰ ਆਉਣਾ ਔਖਾ ਹੈ ਤੇ ਇਹ ਸਵਯਾ ਬਹੁਤ ਚੰਗਾ ਹੈ। ਜੇਕਰ ਕਿਸੇ ਰਾਜੇ ਮਹਾਰਾਜੇ ਨੂੰ ਸੁਣਾਇਆ ਜਾਵੇ ਤਾਂ ਬਹੁਤੀ ਮਾਯਾ ਮਿਲ ਸਕਦੀ ਹੈ। ਅਸਾਂ ਤੋਂ ਓਨਲੇ ਕਰਕੇ ਬਾਹਰ ਖੜਨ ਵਾਸਤੇ ਉਸ ਸਵਯੇ ਨੂੰ ਭਾਈ ਹੰਸ ਰਾਜ ਨੇ ਆਪਣੇ ਪਟ ਉਤੇ ਲਿਖ ਲਿਆ ਹੈ।'

ਇਹ ਸੁਣਕੇ ਸਾਰੇ ਕਵੀਸ਼ਰ ਇਕ ਦੂਸਰੇ ਦੇ ਮੂੰਹ ਵਲ ਦੇਖਣ ਲਗ ਪਏ ਉਹ ਹੈਰਾਨ ਸਨ ਕਿ ਭਾਈ ਹੰਸ ਰਾਜ ਨੇ ਐਸੀ ਚੋਰੀ ਕਰਨ ਦਾ ਕਿਉਂ ਯਤਨ ਕੀਤਾ ਹੈ ? ਗੁਰੂ ਘਰ ਕਿਸ ਗਲ ਦਾ ਘਾਟਾ ਹੈ ? ਏਥੇ ਤਾਂ ਸਭ ਕੁਝ ਹੈ। ਸਾਹਿਬਾਂ ਨਾਲ ਤਾਂ ਪਾਤਿਸ਼ਾਹਾਂ ਦਾ ਮੁਕਾਬਲਾ ਨਹੀਂ ਹੋ ਸਕਦਾ, ਰਿਧੀਆਂ ਸਿਧੀਆ ਏਥੇ ਵਸਦੀਆਂ ਹਨ । ਮਾਇਆ ਬਪੁਰੀ ਸੇਵਾ ਕਰਦੀ ਹੈ। ਰਾਜੇ ਮਹਾਰਾਜੇ ਚਰਨ ਪਰਸ ਕੇ ਨਿਹਾਲ ਹੁੰਦੇ ਹਨ । ਐਸੇ ਦਾਤੇ ਦਾ ਘਰ ਛਡ ਕੇ ਹੋਰ ਘਰ ਵਲ ਤੱਕਣਾ ਸਰਾਸਰ ਭੁਲ ਹੈ। ਕਦੀ ਐਸਾ ਵਿਚਾਰ ਨਹੰ: ਚਿਤਵਨਾ ਚਾਹੀਦਾ ਹੈ। ਹੰਸ ਰਾਜ ਨੇ ਬਹੁਤ ਮਾੜਾ ਕੀਤਾ ਹੈ, ਕਵੀਸ਼ਰਾਂ ਦੀ ਜਮਾਤ ਨੂੰ ਬਦਨਾਮ ਕੀਤਾ ਹੈ।

ਸਾਹਿਬਾਂ ਨੇ ਬਚਨ ਕੀਤਾ—'ਜਿਹੜਾ ਸਵਈਯਾ ਇਹਨਾਂ ਨੇ ਲਿਖਿਆ ਹੈ ਉਹ ਅਸਾਂ ਨੂੰ ਆਉਂਦਾ ਹੈ। ਇਹ ਆਖਕੇ ਸਾਹਿਬਾਂ ਨੇ ਬ੍ਰਹਮ ਵਿਦਿਆ ਦੇ ਬਲ ਨਾਲ ਸਾਰਾ ਸਵਈਯਾ ਕਵੀਸ਼ਰਾਂ ਨੂੰ ਸੁਣਾ ਦਿਤਾ। ਕਵੀਸ਼ਰ ਸੁਣਕੇ 'ਧੰਨ ਸਤਿਗੁਰੂ ਜੀ ! ਧੰਨ ਸਤਿਗੁਰੂ ਜੀ !' ਉਚਾਰਨ ਲਗੇ, ਪਰ ਹੰਸ ਰਾਜ ਦਾ ਸਿਰ ਚਕਰੌਣ ਲੱਗਾ। ਓਹਦੀ ਆਤਮਾ ਸ਼ਰਮਿੰਦੀ ਹੋ ਕੇ ਆਪਣੇ ਆਪ ਨੂੰ ਲਾਹਨਤਾ ਪਾਉਣ ਲੱਗੀ। ਆਤਮਾ ਦੀ ਕੂਕ ਸੀ 'ਇਹ ਕੀ ਕੀਤਾ। ਮਹਾ ਮੂਰਖਤਾ ਹੀ ਕੀਤੀ, ਦਾਤੇ ਦੇ ਘਰੋਂ ਕੀ ਨਹੀਂ ਮਿਲਦਾ । ਚਾਰ ਛਿਲੜਾਂ ਖਾਤਰ ਐਸੀ ਬਨਦਾਮੀ ਝੱਲੀ । ਵਾਹ ਰੀ ਕਿਸਮਤ ! ਹੁਨ ਸਾਰਿਆਂ ਦੇ ਸਾਹਮਣੇ ਸ਼ਰਮਿੰਦਾ ਹੋਣਾ ਪਿਆ । ਕੀ ਆਖਣਗੇ ਲੋਕੀਂ ? ਕੀ ਖਿਆਲ ਕਰਨਗੇ ਕਵੀਸ਼ਰ ? ਕੀ ਇਹ ਨਹੀਂ ਸੋਚਦੇ ਹੋਣਗੇ ਕਿ ਹੰਸਰਾਜ ਨੇ ਇਹ ਸਵਈਆ

Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਸਤਿਗੁਰੂ ਜੀ ਦੀ ਰਚਨਾ ਦਾ ਹੀ ਚੋਰੀ ਕੀਤਾ ਹੈ ? ਖਾਹ ਮੁਖਾਹ ਚੋਰ ਬਣਿਆਂ ? ਇਜਤ ਖਾਕ ਵਿਚ ਰਲਾ ਲਈ ਪਰ 'ਅਬ ਪਛਤਾਏ ਕਿਆ ਹੋਤ ਜੋ ਚਿੜੀਆਂ ਚੁਗ ਗਈਂ ਖੇਤ।'

'ਹੇ ਕਵੀਸ਼ਰ ਜੀ !' ਸਤਿਗੁਰੂ ਜੀ ਬੋਲੇ—'ਤੁਸਾਂ ਦਾ ਇਲਾਜ ਕਰਨ ਵਾਸਤੇ ਤੁਸਾਂ ਨੂੰ ਦਵਾਈ ਦਿਤੀ ਜਾਵੇਗੀ।' ਇਹ ਆਖ ਕੇ ਸਾਹਿਬਾਂ ਨੇ ਧੰਨਾ ਸਿੰਘ ਨਾਮ ਦੇ ਇਕ ਘਾਹੀ ਸਿਖ ਨੂੰ ਸਦ ਮੰਗਵਾਇਆ । ਜਦ ਉਹ ਆ ਗਿਆ ਤਾਂ ਉਸਨੂੰ ਸਾਹਿਬਾਂ ਨੇ ਕਿਹਾ—'ਭਾਈ ਧੰਨਾਂ ਸਿੰਘ ਇਹ ਕਵੀਸ਼ਰ ਜੀ ਤੁਸਾਂ ਪਾਸੋਂ ਕੋਈ ਕਵਿਤਾ ਸੁਣਨਾ ਚਾਹੁਦੇ ਹਨ । ਇਕ ਸਵਯਾ ਜੋੜਕੇ ਸੁਣਾਓ।

ਦਾਤੇ ਦਾ ਇਸ਼ਾਰਾ ਸੁਣਕੇ ਉਸੇ ਵੇਲੇ ਧੰਨਾ ਸਿੰਘ ਨੇ ਇਕ ਸਵਯਾ ਇਉਂ ਸੁਣਾਇਆ—

'ਮੀਨ ਮਰੇ ਜਲ ਕੇ ਪਰਸੇ, ਕਬਹੂੰ ਨ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ, ਕਬਹੂੰ ਨ ਮਰੇ ਤਨ ਤਾਪਕੇ ਆਏ।
ਤੀਯ ਮਰੇ ਪੀਅ ਕੇ ਪਰਸੇ, ਕਬਹੂੰ ਨ ਮਰੇ ਪਰਦੇਸ ਸਿਧਾਏ।
ਗੂੜ ਮੇ ਬਾਤ ਕਹੀ ਦਿਜਰਾਜ, ਬਿਚਾਰ ਸਕੇ ਨ ਬਿਨਾ ਚਿਤ ਲਾਏ।

'ਹੰਸਰਾਜ ਕਵੀ ਧੰਨਾ ਸਿੰਘ ਨੂੰ ਜਾਣਦਾ ਸੀ ਕਿ ਉਹ ਕਵਿਤਾ ਨਹੀਂ ਉਚਾਰਦਾ ਸੀ ਤੇ ਨਾ ਹੀ ਵਿਦਵਾਨ ਸੀ, ਸਤਿਗੁਰੂ ਜੀ ਦੀ ਮੇਹਰ ਨਾਲ ਉਸਨੇ ਉਪਰੋਕਤ ਸਵਯੇ ਦੀ ਰਚਨਾ ਕਰ ਦਿਤੀ । ਹੰਸਰਾਜ ਸਤਿਗੁਰੂ ਜੀ ਦੇ ਚਰਨੀਂ ਡਿਗਾ, ਉਸਨੇ ਕਿਹਾ—'ਮੈਨੂੰ ਖਿਮਾਂ ਬਖਸ਼ੋ। ਅਗੇ ਨੂੰ ਐਸੀ ਚੋਰੀ ਨਹੀਂ ਕਰਾਂਗਾ। ਸਾਹਿਬਾਂ ਨੇ ਉਸਨੂੰ ਖਿਮਾਂ ਬਖਸ਼ੀ ਤੇ ਅਗੇ ਤੋਂ ਕਿਸੇ ਨੂੰ ਹੌਸਲਾ ਨਾ ਪਿਆ ਕਿ ਕੋਈ ਕਵਿਤਾ ਦੀ ਚੋਰੀ ਕਰੇ, ਇਸਦੇ ਪਿਛੋਂ ਸਾਰੇ ਕਵੀਸ਼ਰਾਂ ਦੇ ਨਾਲ ਹੰਸਰਾਜ ਨੇ ਵੀ ਇਸ਼ਨਾਨ ਕੀਤਾ।

††††

Sri Satguru Jagjit Singh Ji eLibrary NamdhariElibrary@gmail.com

੨੦. ਭਾਰਤ ਦੀ ਰਾਜਸੀ ਦਸ਼ਾ ਤੇ ਇਕ ਝਾਤ

ਔਰੰਗਜ਼ੇਬ ਦੀ 'ਮੁਸਲਮਾਨ ਕਰੂ' ਪਾਲਸੀ ਨੇ ਹਿੰਦ ਦੇ ਰਾਜਸੀ ਢਾਂਚੇ ਨੂੰ ਬਹੁਤ ਖਰਾਬ ਕਰ ਦਿਤਾ। ਹਿੰਦੂਆਂ ਉਤੇ ਜ਼ੁਲਮ ਵਧ ਗਏ। ਟੈਕੀਏ ਵਧਾ ਦਿਤੇ ਤੇ ਮੰਦਰ ਢਾਹ ਢੇਰੀ ਕੀਤੇ ਗਏ, ਇਸ ਦਸ਼ਾ ਨੂੰ ਦੇਖਕੇ ਮਰਹਟੇ ਤੇ ਕੁਝ ਕੁ ਰਜਪੂਤ, ਜੋ ਅਣਖੀਲੇ ਸਨ, ਸਿਰਾਂ ਉਤੇ ਖਫਨ ਬੰਨ੍ਹਕੇ ਉਠੇ ਤੇ ਮੁਗਲ ਰਾਜ ਦੇ ਜ਼ੁਲਮੀ ਰਾਜ ਦੇ ਵਿਰੁ ਲੜਨ ਲਗੇ। ਉਨ੍ਹਾਂ ਵਿਚ ਸ਼ਿਵਾ ਜੀ ਮਰਹੱਟਾ ਸਭ ਤੋਂ ਵਡਾ ਆਗੂ ਤੇ ਬਹਾਦਰ ਸੀ। ਉਸਦੀਆਂ ਬਹਾਦਰੀਆਂ ਦੇ ਅਨੇਕਾਂ ਗਰੰਥ ਲਿਖੇ ਗਏ ਹਨ। ਉਹ ਧਰਮੀ ਦੇਸ਼ ਭਗਤ, ਧਰਮ ਦੀ ਰਖਿਆ ਕਰਨ ਵਾਲਾ ਸੀ। ਉਸਦੇ ਉਠਣ ਨਾਲ ਕੁਝ ਹਿੰਦੂ ਰਜਵਾੜੇ ਵੀ ਉਠੇ। ਜਿਸ ਕਾਰਨ ਸਾਰੇ ਦਖਣੀ ਤੇ ਮਧਯ ਭਾਰਤ ਵਿਚ ਹਾਲਤ ਬਹੁਤ ਮਾੜੇ ਹੋ ਗਏ। ਸਾਰੇ ਦੇਸ਼ ਵਿਚ ਬਗਾਵਤਾ ਹੋ ਗਈਆਂ, ਓਹਨਾਂ ਬਗਾਵਤਾਂ ਨੂੰ ਦਬੌਣ ਵਾਸਤੇ ਔਰੰਗਜ਼ੇਬ ਆਪ ਦਖਣ ਨੂੰ ਚੜ੍ਹਾਈ ਕਰ ਦਿਤੀ, ਮਥਰਾ ਦੇ ਚੌਗਿਰਦੇ ਜਟਾਂ ਨਾਲ ਲੜਦਾ ਰਿਹਾ।

ਕੇਂਦਰੀ ਸਰਕਾਰ (ਦਿਲੀ ਬਾਦਸ਼ਾਹ) ਵੀ ਬਗਾਵਤਾਂ ਵਿਚ ਰੁਝ ਗਈ, ਜਗੀਰਦਾਰਾਂ ਨੇ ਦਿਲੀ ਨੂੰ ਮਾਮਲਾ ਨਹੀਂ ਸੀ ਭੇਜਿਆ, ਉਸਦੀ ਰਕਮ ਤਕੜੀ ਹੋ ਗਈ ਸੀ, ਕਿਉਂਕਿ ਪੰਜਾਬ ਦੀਆਂ ਸਾਰੀਆਂ ਫੌਜਾਂ ਵੀ ਏਥੇ ਨਹੀਂ ਸਨ। ਓਹਨਾਂ ਨੂੰ ਦਿਲੀ ਤੋਂ ਪਰੇ ਪਰੇ ਹੀ ਸੁਟਿਆ ਹੋਇਆ ਸੀ, ਏਸੇ ਕਾਰਨ ਕਿ ਪਹਾੜੀ ਰਾਜੇ ਭੁਤਰੇ ਫਿਰਦੇ ਸਨ ਤੇ ਸਤਿਗੁਰੂ ਜੀ ਨਾਲ ਵੈਰ ਰਖਦੇ ਸਨ। ਔਰੰਗਜ਼ੇਬ ਦਾ ਇਕ ਇਕ ਦਿਨ ਇਨ੍ਹਾਂ ਵਿਚਾਰਾਂ ਵਿਚ ਗੁਜਰਦਾ ਸੀ ਕਿ ਉਹ ਕਿਵੇਂ ਸਾਰੇ ਭਾਰਤ ਦੀਆਂ ਸਾਰੀਆਂ ਬਗਾਵਤਾਂ ਨੂੰ ਦਬਾ ਕੇ ਹਿੰਦੂ ਰਾਜ ਤੇ ਹਿੰਦੂ ਧਰਮ ਨੂੰ ਖਤਮ ਕਰ ਕੇ ਇਸਲਾਮ ਦਾ ਵਡਾ ਦਾਰ ਸਿਪਾਹੀ ਬਣੇ। ਜੇਹੜੇ ਮੰਦਰ ਰਹਿੰਦੇ ਹਨ ਉਹਨਾਂ ਨੂੰ ਵੀ ਮਸੀਤਾਂ ਦਾ ਰੂਪ ਦੇ ਦੇਣਾ ਚਾਹੁੰਦਾ ਸੀ। ਮਰਹੱਟੇ, ਰਾਜਪੂਤ ਤੇ ਹੋਰ ਆਦਮੀ ਰਲਕੇ ਚਾਹੁੰਦੇ ਸਨ ਕਿ

Sri Satguru Jagjit Singh Ji eLibrary NamdhariElibrary@gmail.com

ਕਿਵੇਂ ਓਹ ਮੁਗ਼ਲ ਰਾਜ ਨੂੰ ਖਤਮ ਕਰਨ ਪਰ 'ਫੁਟ' ਦੀ ਪੇਸ਼ ਨਹੀਂ ਸੀ ਜਾਣ ਦੇਂਦੀ। ਜੇ ਫੁਟ ਨਾ ਹੁਦੀ, ਜੇ ਹਿੰਦੂ ਰਾਜੇ ਲਾਲਚੀ ਨਾ ਹੋ ਜਾਂਦੇ ਤਾਂ ਮੁਗਲ, ਭਾਰਤ ਨੂੰ ਗੁਲਾਮ ਨਹੀਂ ਸੀ ਰਖ ਸਕਦੇ।

††††

੨੧. ਅਲਫ ਖਾਨ ਦੀ ਰਾਜਿਆਂ ਨਾਲ ਲੜਾਈ

ਦੱਖਣ ਵਲੋਂ ਵੇਹਲਾ ਹੋ ਕੇ ਔਰੰਗਜ਼ੇਬ ਨੇ ਪੰਜਾਬ ਵਲ ਖਿਆਲ ਕੀਤਾ ਤੇ ਪਹਾੜੀ ਰਾਜਿਆਂ ਨੂੰ ਸੋਧਨ ਦੀ ਸਲਾਹ ਪੱਕੀ ਕਰ ਲਈ। ਉਸ ਨੇ ਮੀਏਂ ਖਾ ਨੂੰ ਫੌਜ ਦੇ ਕੇ ਪੰਜਾਬ ਵਲ ਤੋਰਿਆ। ਉਸਦੇ ਨਾਲ ਉਹਦਾ ਭਤੀਜਾ ਅਲਫ ਖਾਨ ਸੀ। ਪਹਿਲਾਂ ਇਹ ਸਾਰੀ ਫੌਜ ਲਾਹੌਰ ਪੁਜੀ, ਉਸ ਵੇਲੇ ਲਾਹੌਰ ਦਾ ਸੂਬੇਦਾਰ ਦਿਲਾਵਰ ਖਾਂ ਸੀ।

ਲਾਹੌਰ ਪੁਜਣ ਤੇ ਦਿਲਾਵਰ ਖਾਂ ਨੇ ਮੀਏਂ ਖਾਂ ਨੂੰ ਸਲਾਹ ਦਿਤੀ ਕਿ ਮੁਗਲ ਫੌਜ ਦੇ ਦੋ ਹਿਸੇ ਕੀਤੇ ਜਾਣ। ਇਕ ਹਿਸਾ ਰਾਵੀ ਪਾਰ ਨੂੰ ਹੋਵੇ ਤੇ ਦੂਸਰਾ ਕਾਂਗੜੇ ਨੂੰ। ਮਾਮਲਾ ਕੋਈ ਜਗੀਰ ਤੇ ਰਾਖਾ ਨਹੀਂ ਦੇ ਰਿਹਾ। ਹੰਨੇ ਹੰਨੇ ਪਾਤਿ ਸ਼ਾਹੀ ਸੀ, ਸਾਰਿਆਂ ਕੋਲ ਫੌਜ ਸੀ ਤੇ ਸਾਰਿਆਂ ਪਾਸ ਹਥਿਆਰ ਸਨ। ਸੂਬੇਦਾਰ ਕੋਲ ਫੌਜ ਥੋੜੀ ਹੁੰਦੀ ਸੀ, ਬਦਅਮਨੀ ਦਾ ਸਮਾ ਸੀ।

ਮੀਏਂ ਖਾਂ ਤਾਂ ਦਰਿਆ ਰਾਵੀ ਤੋਂ ਪਾਰ ਹੋਕੇ ਪਛਮੀ ਪੰਜਾਬ ਨੂੰ ਚਲਿਆ ਗਿਆ ਤੇ ਉਹਦਾ ਭਤੀਜਾ ਤਕੜਾ ਫੌਜੀ ਦਸਤਾ ਲੈ ਕੇ ਕਾਂਗੜੇ ਨੂੰ ਸਿਧਾ ਹੋ ਪਿਆ। ਨੂਰਪੁਰ ਤੋਂ ਅਗੇ ਲੰਘਕੇ ਉਸ ਨੇ ਕਾਂਗੜੇ ਦੇ ਰਾਜੇ ਵਲ ਚਿੱਠੀ ਲਿਖੀ ਕਿ ਮਾਮਲਾ ਪੇਸ਼ ਕਰੋ। ਕਾਂਗੜੇ ਦਾ ਰਾਜਾ ਉਸ ਵੇਲੇ ਕ੍ਰਿਪਾਲ ਚੰਦ ਕਟੋਚ ਸੀ, ਇਹ ਬਹੁਤ ਡਰਾਕਲ ਤੇ ਵਤਨ ਧਰੋਹੀ ਸੀ। ਅਲਫ ਖਾਂ ਦਾ ਸੁਨੇਹਾ ਸੁਣਕੇ ਘਾਬਰ ਗਿਆ। ਇਸ ਨੇ ਰਾਜੇ ਦਿਆਲ ਚੰਦ ਪਾਸੋਂ ਸਲਾਹ ਪੁਛੀ ਉਸਨੇ ਕਿਹਾ—'ਲੜਨ ਦੀ ਥਾਂ ਚਲਾਕੀ ਨਾਲ ਬਚਨਾ ਚਾਹੀਦਾ ਹੈ। ਕੁਝ ਰਕਮ ਦਿਤੀ ਜਾਵੇ ਤੇ ਦੂਸਰਾ ਕਿਹਾ ਜਾਵੇ ਕਿ ਅਸਾਂ ਦਾ ਸਰਦਾਰ ਰਾਜਾ ਭੀਮ ਚੰਦ ਹੈ ਜੇ ਉਹ ਸਾਰਾ ਮਾਮਲਾ ਦੇ ਦੇਵੇ ਤਾਂ ਅਸੀਂ ਫੜੀ ਓਖੇ ਸੁਖਾਲੇ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਮਾਮਲਾ ਤਾਰ ਦੇਵਾਂਗੇ। ਰਾਜਾ ਭੀਮਚੰਦ ਮੁਕਾਬਲਾ ਕਰੇਗਾ ਤਾਂ ਅਸੀਂ ਅਲਫ ਖਾਂ ਦੀ ਮਦਦ ਕਰਾਂਗੇ। ਇਸ ਚਲਾਕੀ ਤੋਂ ਬਿਨਾ ਬਚ ਨਹੀਂ ਸਕਦੇ।

ਰਾਜਾ ਕ੍ਰਿਪਾਲ ਚੰਦ–'ਸਲਾਹ ਤੁਸਾਂ ਦੀ ਨੇਕਹੈ,ਏਸੇ ਤਰਾਂ ਹੀ ਕਰੀਏ। ਚਲੋਉਸ ਵਲ ਆਪ ਚਲੀਏ।'

'ਨਹੀਂ' ਵਜ਼ੀਰ ਨੂੰ ਪਹਿਲਾਂ ਭੇਜੀਏ।'

'ਏਸੇ ਤਰਾਂ ਹੀ ਸਹੀ, ਪਰ ਲੋਕੀ ਕਹਿਣਗੇ ਵਤਨ ਧਰੋਹੀ ਹੈ ਫਿਰ।'

'ਕੋਈ ਕੁਝ ਨਹੀਂ ਆਖੇਗਾ ਤੇ ਨਾ ਕਿਸੇ ਦੇ ਆਖਣ ਦੀ ਪ੍ਰਵਾਹ ਕਰਨੀ ਚਾਹੀਦੀ ਹੈ, ਬੁਰਾ ਭਲਾ ਆਪਣਾ ਸੋਚਣਾ ਚਾਹੀਦਾ ਹੈ। ਨੀਤੀ ਏਹੋ ਕਹਿੰਦੀ ਹੈ ਕਿ ਤਕੜੇ ਦੁਸ਼ਮਨ ਕੋਲੋਂ ਚਲਾਕੀ ਨਾਲ ਬਚਣਾ ਚਾਹੀਦਾ ਹੈ। ਰਾਜੇ ਦਿਆਲ ਚੰਦ ਨੇ ਜਵਾਬ ਦਿਤਾ।

'ਇਹ ਤਾਂ ਠੀਕਹੈ, ਫਿਰ ਵੀ ਦੇਸ਼ ਕਾਲ ਦਾ ਖਿਆਲ ਰਖਣਾ ਚਾਹੀਦਾ ਹੈ। ਫਿਰ ਵੀ ਲੋਕਾਂ ਤੇ ਭਰਾਵਾਂ ਵਿਚ ਜੀਉਣਾ ਹੋਇਆ।'

'ਲੋਕਾਂ ਵਿਚ ਜੀਉਣ ਬਦਲੇ ਅਨਆਈ ਮੌਤ ਮਰ ਜਾਣਾ ਵੀ ਤਾਂ ਠੀਕ ਨਹੀਂ। ਛੇਤੀ ਕਰ ਵਜ਼ੀਰ ਨੂੰ ਭੇਜ ਤੇ ਸੁਲਾਹ ਵਾਸਤੇ ਹੱਥ ਵਧਾ।

ਰਾਜੇ ਦਿਆਲ ਚੰਦ ਦੀ ਗੱਲ ਮੰਨਕੇ ਕ੍ਰਿਪਾਲ ਚੰਦ ਨੇ ਅਲਫ ਖਾਂ ਵਲ ਆਪਣਾ ਵਜ਼ੀਰ ਰਾਜਦੂਤ ਬਣਾਕੇ ਭੇਜ ਦਿਤਾ। ਵਜੀਰ ਨੇ ਅਲਫ ਖਾਂ ਤੇ ਦਿਆਲ ਚੰਦ ਤੇ ਕ੍ਰਿਪਾਲ ਚੰਦ ਵਿਚਾਲੇ ਮੁਲਾਕਾਤ ਕਰਾਈ। ਜਦੋਂ ਮੁਲਾਕਾਤ ਹੋਈ ਤਾਂ ਚੌਥਾ ਹਿਸਾ ਮਾਮਲਾ ਦੇ ਦਿਤਾ ਤੇ ਹਿੰਦੂਆਂ ਰਾਜਿਆਂ ਦੇ ਵਿਰੁਧ ਜੁਧ ਹੋਵੇ ਤਾਂ ਅਲਫ ਖਾਂ ਦੀ ਸਹਾਇਤਾ ਕਰਨ ਦਾ ਉਸਨੂੰ ਭਰੋਸਾ ਦਿਵਾਇਆ ਤੇ ਸਮਝੌਤਾ ਹੋ ਗਿਆ। ਇਸ ਸਮਝੌਤੇ ਨੇ ਅਲਫ ਖਾਂ ਨੂੰ ਬਹੁਤ ਪ੍ਰਸੰਨਤਾ ਬਖਸ਼ੀ ਕਿਉਂਕਿ ਮੁਗਲ ਜਿਸ ਵੀ ਹਿੰਦੂ ਰਾਜਸੀ ਸ਼ਕਤੀ ਨੂੰ ਜਾਂ ਜਾਤੀ ਨੂੰ ਨਸ਼ਟ ਕਰਦੇ ਹਨ, ਤਦੋਂ ਉਸ ਜਾਤੀ ਦੇ ਆਦਮੀਆਂ ਨੂੰ ਖਰੀਦਕੇ ਹੀ ਕਰਦੇ ਸਨ। ਇਹ ਰਿਵਾਜ ਸਕੰਦਰ ਨੇ ਸ਼ੁਰੂ ਕੀਤਾ ਸੀ ਤੇ ਮੁਹੰਮਦ ਗੌਰੀ, ਮਹਿਮੂਦ ਗਜ਼ਨਵੀ ਵੇਲੇ ਪੱਕਾ ਹੋ ਗਿਆ ਸੀ। ਅਕਬਰ ਨੇ ਮਾਨ ਸਿੰਘ ਜੈਪੁਰੀਏ ਦੀ ਭੈਣ ਨੂੰ ਵਿਆਹ ਕੇ ਤੇ ਮਾਨ ਸਿੰਘ ਨੂੰ ਖਰੀਦ ਕੇ ਸਾਰੇ ਵਡੇ ਹਿੰਦੂ ਰਾਜਿਆਂ ਨੂੰ ਗੁਲਾਮ ਕਰ ਲਿਆ

Sri Satguru Jagjit Singh Ji eLibrary NamdhariElibrary@gmail.com

ਸੀ। ਕਈਆਂ ਰਾਜਿਆਂ ਦਾ ਤਾਂ ਖੁਰਾਖੋਜ ਮਿਟਾ ਦਿਤਾ ਸੀ। ਮਾਨ ਸਿੰਘ ਦੀ ਰਾਹੀਂ ਅਕਬਰ ਨੇ ਚਤੌੜ ਵਰਗੀਆਂ ਮਹਾਨ ਸੁਤੰਤਰ ਹਿੰਦੂ ਰਿਆਸਤਾਂ ਨੂੰ ਫਤਹ ਕੀਤਾ। ਸਾਰੇ ਮੁਗਲ ਤੇ ਪਠਾਣ ਬਾਦਸ਼ਾਹਾਂ ਪਾਸ ਹਿੰਦੂ ਨੌਕਰ ਸਨ ਜੋ ਵਤਨ ਨਾਲ ਧ੍ਰੋਹ ਕਮਾਉਂਦੇ ਸੀ। ਅਲਫ ਖਾਂ ਨੇ ਮਨ ਹੀ ਮਨ ਕਿਹਾ—'ਮੌਜ ਬਣ ਗਈ, ਹਿੰਦੂ ਲੜਨ ਰੋ ਫਤਹ ਮੇਰੀ ਹੋਵੇਗੀ। ਜੇ ਬਿਨਾਂ ਲੜਾਈ ਤੋਂ ਮਾਮਲਾ ਵਸੂਲ ਹੋ ਜਾਵੇਗਾ ਤਾਂ ਵੀ ਲਾਭ। ਕਾਫਰ ਨਾਲ ਕਾਫਰ ਨੂੰ ਲੜਾਂ ਕੇ ਕਾਫਰ ਦੀ ਸ਼ਕਤੀ ਨਸ਼ਟ ਕਰਨ ਵਿਚ ਮੈਂ ਕਾਮਯਾਬ ਹੋਵਾਂਗਾ। ਬਾਦਸ਼ਾਹ ਸੁਣਕੇ ਪ੍ਰਸੰਨ ਹੋਵੇਗਾ।

ਅਲਫ ਖਾਂ ਨੇ ਕਾਂਗੜੇ ਤੋਂ ਕੂਚ ਕੀਤਾ ਤੇ ਨਦੌਣ ਦੇ ਲਾਗੇ ਨਦੀ ਕਿਨਾਰੇ ਜਾ ਡੇਰੇ ਲਾਏ। ਤੰਬੂ ਲਾ ਕੇ ਡੇਰਾ ਪੱਕਾ ਕਰ ਕੇ ਉਸਨੇ ਰਾਜੇ ਭੀਮ ਚੰਦ ਵਲ ਇਹ ਸੁਨੇਹਾ ਭੇਜਿਆ—'ਹਿੰਦੁਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਮੈਂ ਮਾਮਲਾ ਵਸੂਲ ਕਰਨ ਵਾਸਤੇ ਆਇਆ ਹਾਂ। ਤੁਸੀਂ ਆਪਣੇ ਮਾਮਲੇ ਦੀ ਰਕਮ ਜੋ ਤਿੰਨ ਸਾਲ ਦੀ ਹੈ, ਹੁਣੇ ਏਥੇ ਭੇਜ ਦੇਵੋ। ਜੇਕਰ ਰਕਮ ਸਾਰੀ ਨਾ ਆਈ ਤਾਂ ਤੁਸਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਜਾਂ ਦਿਲੀ ਪਹੁੰਚਾਇਆ ਜਾਵੇਗਾ ਅਤੇ ਮਾਮਲੇ ਦੀ ਰਕਮ ਤੁਸਾਂ ਦੇ ਰਾਜ ਤੋਂ ਵਸੂਲ ਕਰ ਲਈ ਜਾਵੇਗੀ। ਢਿੱਲ ਮੱਠ ਕਰਨ ਦਾ ਮਤਲਬ ਇਹ ਸਮਝਿਆ ਜਾਵੇਗਾ ਕਿ ਤੁਸੀਂ ਰਕਮ ਨਹੀਂ ਦੇਣਾ ਚਾਹੁੰਦੇ ਤੇ ਟਾਲ-ਮਟੋਲੇ ਕਰ ਕੇ ਟਾਲਣਾ ਚਾਹੁੰਦੇ ਹੋ, ਫਿਰ ਵੀ ਰਿਆਸਤ ਉਤੇ ਚੜ੍ਹਾਈ ਕੀਤੀ ਜਾਵੇਗੀ ਤੇ ਬਾਦਸ਼ਾਹ ਸਲਾਮਤ ਨੂੰ ਲਿਖ ਦਿਤਾ ਜਾਵੇਗਾ। ਮੁਗਲ ਫੌਜ ਸਾਰੀ ਪਹਾੜਾਂ ਉਤੇ ਚੜ੍ਹਾਈ ਕਰ ਦੇਵੇਗੀ। ਬਸ ਇਹ ਪਹਿਲਾ ਤੇ ਅੰਤਮ ਹੁਕਮ ਹੈ।'

ਜਦੋਂ ਇਹ ਸੁਨੇਹਾ ਰਾਜਾ ਭੀਮਚੰਦ ਦੇ ਕੋਲ ਪੁਜਾ ਤਾਂ ਉਹ ਗਰਮ ਹੋ ਗਿਆ—'ਕਦੀ ਮਾਮਲਾ ਨਹੀਂ ਦਿਤਾ ਜਾਵੇਗਾ। ਆਇਆ ਹੈ ਵੱਡਾ ਮਾਮਲਾ ਵਸੂਲ ਕਰਨ ਵਾਲਾ। ਮਾਰ-ਕੁਟ ਕੇ ਦੁੰਬਾ ਬਣਾ ਦੇਵਾਂਗੇ। ਕਦੀ ਲਿਹਾਜ਼ ਨਹੀਂ ਕੀਤਾ ਜਾਵੇਗਾ। ਮੁਗਲਾਂ ਦੀ ਗੁਲਾਮੀ ਦਾ ਜੂਲਾ ਲਾਹਕੇ ਸੁਟ ਦਿਤਾ ਹੈ। ਹੁਣ ਅਸੀਂ ਸੁਤੰਤ੍ਰ ਹਾਂ! ਸੁਤੰਤ੍ਰ!' ਜੋਹੜਾ ਚਿੱਠੀ ਲਿਆਇਆ ਸੀ, ਉਸਨੂੰ ਕੋਰਾ

Sri Satguru Jagjit Singh Ji eLibrary NamdhariElibrary@gmail.com

ਜੁਵਾਬ ਦੇਣ ਦੀ ਥਾਂ ਨੀਤੀ ਤੋਂ ਕੰਮ ਲਿਆ। ਉਸਨੂੰ ਠੰਢੇ ਚਿਤ ਨਾਲ ਕਿਹਾ ਕਿ ਓਹ ਅਲਫ ਖਾਂ ਨੂੰ ਜਾਕੇ ਆਖ ਦੇਵੇ ਕਿ ਮਾਮਲਾ ਛੇਤੀ ਹੀ ਪਹੁੰਚ ਜਾਵੇਗਾ, ਕੋਈ ਫਿਕਰ ਨਾ ਕਰਨਾ। ਰਕਮ ਭਾਰੀ ਹੈ, ਤਿੰਨ ਚਾਰ ਦਿਨ ਵਿਚ ਇਕੱਠੀ ਕਰਕੇ ਭੇਜੀ ਜਾਵੇਗੀ।

ਦੂਸਰੇ ਪਾਸੇ ਰਾਜੇ ਭੀਮਚੰਦ ਨੇ ਚਾਰ ਪੰਜ ਪਹਾੜੀ ਰਾਜੇ ਪ੍ਰਿਥੀ ਚੰਦ ਭਦਵਾਲੀਆ, ਰਾਮ ਸਰਨ ਹੰਡੂਰੀਆ, ਰਾਜਾ ਰਾਮ ਸਿੰਘ ਤੇ ਰਾਜਾ ਉਦੈ ਸਿੰਘ ਆਦਿਕ ਨੂੰ ਇਕਠੇ ਕਰਕੇ ਪਰੇਰਿਆ ਕਿ ਅਲਫ ਖਾਂ ਨੂੰ ਮਾਰ ਕੁਟ ਕੇ ਨੱਠਾ ਦੇਈਏ। ਮਾਮਲੇ ਦੀ ਰੀਤ ਨਹੀਂ ਪਾਉਣੀ ਚਾਹੀਦੀ, ਇਹ ਤੰਗ ਕਰੇਗੀ। ਤੀਸਰੇ ਦਿਨ ਕੋਈ ਨਾ ਕੋਈ ਮੁਗਲ ਫੌਜਦਾਰ ਚੜ੍ਹਾਈ ਕਰਕੇ ਆ ਜਾਇਆ ਕਰੇਗਾ।'

ਰਾਜਾ ਰਾਮ ਸਿੰਘ ਨੇ ਕਿਹਾ–'ਗਲ ਤਾਂ ਠੀਕ ਹੈ, ਪਰ ਬਾਦਸ਼ਾਹ ਸਲਾਮਤ ਦੀ ਫੌਜ ਦੇ ਇਕ ਦਸਤੇ ਨਾਲ ਮੁਕਾਬਲਾ ਕਰਨ ਦਾ ਭਾਵ ਹੈ ਕਿ ਬਾਦਸ਼ਾਹ ਦੀ ਫੌਜ ਉਤੇ ਹਮਲਾ। ਉਹ ਹਿੰਦੁਸਤਾਨ ਦਾ ਬਾਦਸ਼ਾਹ ਹੈ, ਉਸ ਕੋਲ ਫੌਜ ਬਹੁਤ ਹੈ। ਜੇਕਰ ਮਾਮਲਾ ਵਧ ਗਿਆ ਤਾਂ ਹੋ ਸਕਦਾ ਹੈ ਜਿਵੇਂ ਤੁਸਾਂ ਦੇ ਪਿਤਾ ਜੀ ਜਹਾਂਗੀਰ ਸਮੇਂ ਕੈਦ ਰਹੇ ਸਨ ਤਿਵੇਂ ਅਸਾਂ ਨੂੰ ਬੰਦੀਖਾਨੇ ਵਿਚ ਦਿਨ ਕਟਣੇ ਪੈਣ। ਇਹ ਕਦਮ ਚੁਕਣ ਤੋਂ ਪਹਿਲਾ ਸੋਚਣਾ ਚਾਹੀਦਾ ਹੈ। ਸੋਚਣ ਵਾਲਾ ਮਾਮਲਾ ਹੈ। ਕਾਹਲ ਨਾਲ ਨੁਕਸਾਨ ਹੋਣ ਦਾ ਭੈ ਹੈ।'

'ਡਰਨਾ ਨਹੀਂ ਚਾਹੀਦਾ, ਬਾਦਸ਼ਾਹ ਹੋਰ ਮਾਮਲਿਆਂ ਵਿਚ ਰੁਝਾ ਹੈ। ਉਸ ਨੂੰ ਵੇਹਲ ਹੀ ਨਹੀਂ ਕਿ ਉਹ ਫੌਜ ਭੇਜੇ। ਡਰੋ ਨਾ, ਫੌਜ ਨੂੰ ਇਕਠੀ ਕਰੋ ਤੇ ਨਦੌਣ ਵਲ ਵਧੋ ਇਹਨਾਂ ਪਹਾੜਾਂ ਵਿਚੋਂ ਇਹਦੀਆਂ ਹਡੀਆਂ ਨਹੀਂ ਜਾਣੀਆਂ ਚਾਹੀਦੀਆਂ' ਭੀਮਚੰਦਦਾ ਬੋਲ ਸੀ।

ਆਖਰ ਲੜਾਈ ਦਾ ਫੈਸਲਾ ਹੋ ਗਿਆ। ਪਹਾੜੀ ਰਾਜਿਆਂ ਨੇ ਚੌਖੀ ਫੌਜ ਇਕੱਠੀ ਕੀਤੀ ਤੇ ਨਦੌਣ ਵਲ ਵਧੇ।

ਅਲਫ ਖਾਂ ਬੜਾ ਸਿਆਣਾ ਆਦਮੀ ਸੀ, ਉਸਨੇ ਜਿਸ ਥਾਂ

Sri Satguru Jagjit Singh Ji eLibrary NamdhariElibrary@gmail.com

ਡੇਰਾ ਕੀਤਾ ਹੋਇਆ ਸੀ ਉਹ ਥਾਂ ਪਹਾੜੀ ਦਾ ਇਕ ਉਚਾ ਹਿਸਾ ਟਿਲੇ ਦੀ ਤਰ੍ਹਾਂ ਸੀ। ਬਾਹਰੋਂ ਆ ਕੇ ਦੁਸ਼ਮਨ ਉਸਦਾ ਨੁਕਸਾਨ ਨਹੀਂ ਸੀ ਕਰ ਸਕਦਾ। ਇਕ ਪਾਸੇ ਨਦੀ ਸੀ ਤੇ ਦੂਸਰੇ ਪਾਸੇ ਨੀਵੀਂ ਖੱਡ ਅਤੇ ਤੀਸਰੇ ਪਾਸੇ ਉੱਚਾ ਪਰਬਤ, ਸਿਰਫ ਇਕੋ ਦਖਣ ਦਾ ਪਾਸਾ ਸੀ, ਜਿਥੋਂ ਦੀ ਦੁਸ਼ਮਨ ਉਪਰ ਜਾ ਸਕਦਾ ਸੀ। ਉਸ ਪਾਸੇ ਉਸਨੇ ਫੌਜ ਬੈਠਾਈ ਸੀ, ਮੁਗਲ ਫੌਜੀ ਖਾਨਦਾਨੀ ਲੜਨ ਵਾਲੇ, ਉਨ੍ਹਾਂ ਦੇ ਮੁਕਾਬਲੇ ਤੇ ਪਹਾੜੀਏ ਨਿਰੇ ਦਾਲ ਪੀਣੇ। ਭਲਾ ਪਹਾੜੀਆਂ ਨੇ ਮੁਗਲਾਂ ਨਾਲ ਕੀ ਲੜ ਸਕਣਾ ਸੀ। ਜਿਨ੍ਹਾਂ ਪੱਥਰ ਪੂਜਾਂ ਕੋਲ ਨਾ ਅਕਲ ਸੀ ਤੇ ਨਾ ਸ਼ਕਤੀ। ਸਾਰੇ ਰਾਜਿਆਂ ਕੋਲੋਂ ਡਰਦੇ ਮਾਰੇ ਭਰਤੀ ਹੋਏ ਹੋਏ ਸਨ ਉਹ ਕੋਈ ਲੋਭ ਨਾਲ ਭਰਤੀ ਨਹੀਂ ਸਨ ਹੋਏ। ਉਹਨਾਂ ਨੂੰ ਲੜਨ ਦਾ ਚਾਅ ਨਹੀਂ ਸੀ।

ਅਲਫ ਖਾਂ ਨਾਲ ਜਾ ਮੱਥਾ ਲਾਇਆ। ਤੀਰ, ਗੋਲੀ ਤੇ ਨੇਜੇ ਦੀ ਲੜਾਈ ਸੀ। ਪਹਾੜੀਏ ਹੇਠਾਂ ਸਨ ਤੇ ਅਲਫ ਖਾਂ ਦੀ ਫੌਜ ਉਚੀ ਥਾਂ ਸੀ। ਪਹਾੜੀਆਂ ਦਾ ਬਹੁਤ ਨੁਕਸਾਨ ਹੋਣ ਲੱਗਾ, ਉਹ ਉਪਰ ਨੂੰ ਚੜ੍ਹਨ ਦਾ ਯਤਨ ਕਰਦੇ ਤਾਂ ਅਗੋਂ ਮਾਰ ਖਾ ਕੇ ਹੇਠਾ ਨੂੰ ਡਿਗਦੇ। ਜੇਹੜੇ ਇਹ ਵਾਰ ਕਰਦੇ ਉਹ ਮੁਗਲ ਫੌਜ ਤਕ ਨਾ ਪਹੁੰਚਦੇ। ਰੌਲਾ ਮਚ ਗਿਆ, ਪਹਾੜੀਏ ਮਰਨ ਲਗੇ। ਰਾਜੇ ਬਹੁਤ ਲਲਕਾਰਦੇ, ਹੌਂਸਲੇ ਦੇਂਦੇ, ਪਰ ਮੁਠੀ ਭਰ ਮੁਗਲ ਉਨ੍ਹਾਂ ਦੀ ਪੇਸ਼ ਕੋਈ ਨਾ ਜਾਣ ਦੇਂਦੇ। ਅਸਮਝ ਪਹਾੜੀਆਂ ਨੇ ਇਹ ਵੀ ਨਹੀਂ ਸੋਚਿਆ ਕਿ ਉਹ ਦੁਸ਼ਮਨ ਨੂੰ ਹੇਠਾਂ ਉਤਰ ਲੈਣ ਦੇਣ ਜਾਂ ਲੜਾਈ ਦਾ ਮੈਦਾਨ ਹੋਰ ਕਿਸੇ ਥਾਂ ਬਣਾਉਂਦੇ। ਚੰਗਾ ਤਾਂ ਸੀ ਕਿ ਮਾਮਲੇ ਦਾ ਜਵਾਬ ਦੇਕੇ ਆਪ ਆਪਣੇ ਕਿਲੇ ਵਿਚ ਰਹਿੰਦੇ, ਅਲਫ ਖਾਂ ਹਮਲਾ ਕਰਦਾ। ਉਹਦੀ ਫੌਜ ਖੁਲੇ ਮੈਦਾਨ ਵਿਚ ਖਿਲਰ ਜਾਂਦੀ, ਫਿਰ ਤਾਂ ਖਿਲਰੀ ਪੂਦੇਸੀ ਫੌਜ ਤਬਾਹ ਕਰਨੀ ਔਖੀ ਨਹੀਂ ਸੀ, ਪਰ ਕੁਦਰਤੀ ਮੋਰਚੇ ਵਿਚ ਬੈਠੀ ਫੌਜ ਨੂੰ ਹਿਲਾਉਣਾ ਔਖਾ ਸੀ, ਕਿਉਂਕਿ ਉਸ ਵੇਲੇ ਲੜਾਈਆ ਹਥੋ ਹਥੀ ਦੀਆਂ ਸਨ। ਨੇਜੇ ਤੇ ਤਲਵਾਰ ਦੀ ਲੜਾਈ ਬਹੁਤੀ ਸੀ। ਬੰਦੂਕਾਂ ਹੈ ਸਨ ਪਰ ਉਹ ਅਜ ਕਲ ਵਰਗੀਆਂ ਨਹੀਂ ਸਨ, ਤੋਪ ਦੀ ਵਰਤੋਂ ਘਟ ਹੁੰਦੀ ਸੀ।

Sri Satguru Jagjit Singh Ji eLibrary NamdhariElibrary@gmail.com

ਪਹਾੜੀ ਫੌਜ ਸਾਰਾ ਦਿਨ ਧਾਣਾ ਵਾਂਗ ਭੁਜਦੀ ਰਹੀ। ਸੈਂਕੜੇ ਜੁਆਨ ਮਰ ਗਏ ਪਰ ਮੋਰਚਾ ਇੰਚ ਵੀ ਫਤਹ ਨਾ ਹੋਇਆ। ਉਪਰੋਂ ਰਾਤ ਸਿਰ ਉਤੇ ਆ ਗਈ। ਹੌਲੀ ਹੌਲੀ ਸੂਰਜ ਲੁਕ ਗਿਆ ਤੇ ਹਨੇਰੇ ਨੇ ਆਪਣੀ ਕਾਲੀ ਚਾਦਰ ਸਾਰੇ ਤਾਣ ਦਿਤੀ। ਹਨੇਰਾ ਹੋ ਗਿਆ ਲੜਾਈ ਰੁਕ ਗਈ। ਰਾਤ ਲੜਾਈ ਕਰਨ ਦਾ ਦੋਹਾਂ ਹੀ ਧਿਰਾਂ ਨੂੰ ਹੌਸਲਾ ਨਹੀਂ ਸੀ, ਦੋਵੇਂ ਧਿਰ ਥਕ ਗਏ ਸਨ, ਜਾਨ ਨਹੀਂ।

ਹਨੇਰੇ ਵਿਚ ਪਹਾੜੀ ਰਾਜਿਆਂ ਦੀ ਇਕੱਠਤਾ ਹੋਈ। ਸਾਰੇ ਦਿਨ ਦੇ ਭਾਰੀ ਨੁਕਸਾਨ ਨੇ ਉਹਨਾ ਦੇ ਦਿਲ ਤੋੜ ਸੁਟੇ ਸਨ। ਉਹ ਸੋਚਣ ਲਗੇ ਹੁਣ ਕੀ ਕਰੀਏ ? ਕੀ ਉਹ ਮੈਦਾਨੇ-ਜੰਗ ਛਡਕੇ ਘਰਾਂ ਨੂੰ ਨੱਠ ਜਾਣ ਜਾਂ ਚਿਟੇ ਝੰਡੇ ਖੜੇ ਕਰ ਦੇਣ ? ਕਿਸ ਕੋਲੋਂ ਸਹਾਇਤਾ ਪ੍ਰਾਪਤ ਕਰਨ ? ਹਨੂੰਮਾਨ ਦੇ ਜਾਪ ਕਰਾਏ, ਜੁਵਾਲਾ ਜੀ ਤੇ ਲਾਟਾਂ ਵਾਲੀ ਤੇ ਕਾਂਗੜੇ ਵਾਲੀ ਦੇਵੀ ਦੀ ਸੁਖਣਾ ਸੁਖੀ ਬਨਤੀ ਕੀਤੀ, ਪਰ ਕਿਸੇ ਪਾਸਿਓਂ 'ਹਾਂ' ਨਾ ਹੋਈ ਕਿ ਉਸ ਦੀ ਸਹਾਇਤਾ ਹੁੰਦੀ ਹੈ। ਸਦੀਆਂ ਤੋਂ ਦੇਵੀਆਂ ਤੇ ਭਰੋਸਾ ਰਖੀ ਆਉਂਦੇ ਸਨ ਉਹਨਾਂ ਦੇ ਪੁਰਬ ਮਨਾ ਕੇ, ਮੰਦਰਾਂ ਵਿਚ ਸੋਨਾ ਲਵਾ ਕੇ ਅਤੇ ਹਜ਼ਾਰਾਂ ਬਕਰਿਆਂ ਦੀਆਂ ਕੁਰਬਾਨੀਆ ਦੇਕੇ ਰਜੇ ਨਹੀਂ ਸਨ। ਖਿਆਲ ਸੀ ਕਿ ਦੇਵੀ ਸਹਾਇਤਾ ਕਰੇਗੀ ਸੁਸਰੀ ਵਾਂਗ ਸਵਾ ਦੇਵੇਗੀ।

ਜਦੋਂ ਸਲਾਹ ਹੋ ਰਹੀ ਸੀ ਤਦੋਂ ਇਕ ਰਾਜੇ ਨੇ ਕਿਹਾ—'ਕਿਉਂ ਨਾ ਅਨੰਦਪੁਰ ਵਾਲੇ ਗੁਰੂ ਨੂੰ ਆਖੀਏ ਉਹ ਅਸਾਡੀ ਸਹਾਇਤਾ ਕਰੇ। ਇਕ ਤਾਂ ਉਹ ਸ੍ਰੀ ਕ੍ਰਿਸ਼ਨ ਜੀ ਵਾਂਗ ਮਹਾਂ ਬਲੀ ਤੇ ਬ੍ਰਹਮ ਸਕਤੀ ਵਾਲਾ ਹੈ, ਦੂਸਰਾ ਉਸਦੇ ਪਾਸ ਦੇਸ਼ ਦੇ ਚੋਣਵੇਂ ਜਵਾਨ ਹਨ। ਉਹ ਜੁਆਨ ਜੋ ਧਰਮ ਤੇ ਦੇਸ਼ ਦੀ ਖਾਤਰ ਮਰਨ ਵਾਸਤੇ ਆਏ ਹੋਏ ਹਨ। ਐਸੇ ਸਿਰਲੱਥ ਜੁਆਨਾਂ ਨਾਲ ਜਰੂਰ ਜੰਗ ਜਿਤ ਸਕਦੇ ਹਾਂ। ਜਾ ਕਿਸੇ ਨਾ ਕਿਸੇ ਤਰਾਂ ਇਸ ਪਹਾੜੀ ਮੋਰਚੇ ਤੋਂ ਹੇਠਾਂ ਉਤਾਰ ਦਿਤਾ ਜਾਵੇ। ਦੋਹਾਂ ਬਾਰੇ ਸੋਚੋ ਜੇਹੜੀ ਵੀ ਗਲ ਪੂਰੀ ਹੋ ਜਾਵੇ ਉਹੋ ਹੀ ਚੰਗੀ ਹੈ।'

'ਅਨੰਦਪੁਰ ਵਾਲੇ ਗੁਰੂ ਜੀ ਨੂੰ ਸਦਣ ਦੀ ਗਲ ਵੀ ਠੀਕ ਹੈ।'

Sri Satguru Jagjit Singh Ji eLibrary NamdhariElibrary@gmail.com

ਰਾਜਾ ਬੋਲਿਆ-'ਅਲਫ ਖਾ ਇਕਲਾ ਨਹੀਂ ਸਗੋਂ ਉਹਦੇ ਨਾਲ ਦੇਸ਼ ਧ੍ਰੋਹੀ ਕ੍ਰਿਪਾਲ ਚੰਦ ਤੇ ਰਾਜਾ ਦਿਆਲ ਚੰਦ ਵੀ ਹੈ ਜਿਸਦੀ ਸ਼ੈਹ ਉਤੇ ਇਹ ਚੜਾਈ ਕਰਕੇ ਆਇਆ ਹੈ। ਜਦੋਂ ਆਪਣਾ ਢਿਡ ਫਟ ਜਾਵੇ ਫਿਰ ਦੁਸ਼ਮਣ ਨਾਲ ਲੜਨਾ ਔਖਾ ਹੈ ਕਿਉਂਕਿ ਉਸਨੇ ਅਸਾ ਭੀ ਫੌਜ, ਕਿਲਾ-ਬੰਦੀ ਤੇ ਮਾਲੀ ਹਾਲਾਂ ਨੂੰ ਜ਼ਰੂਰ ਅਲਫ ਖਾਂ ਨੂੰ ਦਸ ਦਿਤਾ ਹੋਵੇਗਾ ਤਦੇ ਹੀ ਤਾਂ ਅਲਫ ਖਾਂ ਇਕੇ ਥਾਂ ਜੁੜਕੇ ਬੈਠਾ ਹੋਇਆ ਹੈ ਜੇ ਉਸਨੂੰ ਗਿਆਨ ਨਾ ਕਰਾਇਆ ਹੁੰਦਾ ਤਾਂ ਜਰੂਰੀ ਸੀ ਕਿ ਉਹ ਕਹਿਲੂਰ ਦੇ ਜਾਂ ਬਿਲਾਸ ਪੁਰ ਦੇ ਕਿਲੇ ਉਪਰ ਹਮਲਾ ਕਰਦਾ।'

ਇਹ ਸੁਣਕੇ ਰਾਜਾ ਭੀਮ ਚੰਦ ਗਰਮ ਹੋ ਗਿਆ ਕਿਉਂਕਿ ਕ੍ਰਿਪਾਲ ਚੰਦ ਉਸਦਾ ਭਾਈ ਲਗਦਾ ਸੀ। ਉਸਨੇ ਕ੍ਰੋਧ ਨਾਲ ਗਰਜ ਕੇ ਕਿਹਾ--'ਉਸ ਚੰਡਾਲ ਨੇ ਤਾਂ ਇਹ ਬਲਾ ਮੇਰੇ ਗਲ ਪਾਈ ਹੈ। ਮੈ ਉਸਦੀ ਵੀ ਹਡੀ ਪਸਲੀ ਨਹੀਂ ਛਡਾਂਗਾ ਉਹ ਦੇਸ਼ ਧ੍ਰੋਹੀ ਹੈ। ਦੇਸ ਧ੍ਰੋਹੀ ਦੀ ਸਜਾ ਮੌਤ ਹੈ-ਮੌਤ। ਅਲਫ ਖਾਂ ਨਾਲ ਨ ਜ਼ਿਠਕੇ ਫਿਰ ਮੈਂ ਜ਼ਰੂਰ ਕ੍ਰਿਪਾਲ ਚੰਦ ਨਾਲ ਨ ਜਿਠਾਂਗਾ, ਇਸ ਦੁਸ਼ਟ ਦਾ ਰਾਜ ਖੋਹਕੇ ਇਸਨੂੰ ਕਾਠ ਮਾਰ ਕੇ ਤਰਸਾ ਤਰਸਾ ਕੇ ਮਾਰਾਂਗਾ ਉਸਨੇ ਭੇਤ ਸਾਰਾ ਦਿਤਾ ਹੈ। ਇਹ ਮੇਰੇ ਜਸੂਸ ਨੇ ਦਸਿਆ ਹੈ। ਮੈਂ ਇਹ ਭੇਤ ਪ੍ਰਗਟ ਨਹੀਂ ਸਾਂ ਕਰਨਾ ਚਾਹੁਦਾ ਕਿਉਂਕਿ ਮੈਂ ਦੁਖੀ ਸਾਂ। ਸ਼ਰਮ ਨਾਲ ਮੇਰਾ ਸਿਰ ਨੀਵਾਂ ਸੀ ਕਿ ਮੇਰੇ ਭਰਾ ਨੇ ਦੁਸ਼ਮਨੀ ਕੀਤੀ ਹੈ। ਬਾਹਰ ਦੇ ਦੁਸ਼ਮਨ ਕੋਲੋਂ ਮਨੁਖ ਬਚ ਸਕਦਾ ਹੈ ਪਰ ਆਪਣੇ ਗੁਪਤ ਦੁਸ਼ਮਨ ਕੋਲੋਂ ਨਹੀਂ ਬਚ ਸਕਦਾ।'

ਰਾਜਾ ਭੀਮਚੰਦ ਦੇ ਇਹ ਵਾਕ ਸੁਣਕੇ ਸਾਰਿਆਂ ਨੂੰ ਗੁਸਾ ਆਇਆ।

'ਬਹੁਤ ਮਾੜਾ ਕੀਤਾ ਸੂ ! ਸਚ-ਮੁਚ ਦੇਸ਼ ਧਰੋਹੀ ਹੈ। ਇਸ ਨੂੰ ਜਿਉਂਦਿਆਂ ਨਹੀਂ ਛਡਣਾ ਚਾਹੀਦਾ, ਉਹ ਡਰਾਕਲ ਅਸਾ ਨੂੰ ਖਬਰ ਕਰਦਾ ਅਸੀਂ ਉਹਦੀ ਸਹਾਇਤਾ ਕਰਦੇ। ਚਲੋ ਹੁਣ ਸਤਿਗੁਰੂ ਜੀ ਦੀ ਸ਼ਰਨ ਲ ਈਏ, ਐਸੇ ਮਹਾਂਪੁਰਸ਼ ਦੀ ਸਹਾਇਤਾ ਤੋਂ ਬਿਨਾਂ ਐਸੇ ਦੁਸ਼ਮਣ ਨੂੰ ਜਿੱਤਣਾ ਔਖਾ ਹੈ।'

ਇਕ ਐਸੇ ਰਾਜੇ ਨੇ ਆਖਿਆ ਜੋਹੜਾ ਸਤਿਗੁਰੂ ਜੀ ਤੇ ਭਰੋਸਾ ਰਖਦਾ ਸੀ, ਪਰ ਭੀਮਚੰਦ ਤੋਂ ਡਰਦਾ ਹੋਇਆ ਉਭਾਸ਼ਰਦਾ ਨਹੀ ਸੀ। ਸਤਿਗੁਰੂ ਜੀ ਨੂੰ ਦਿਲੋਂ

Sri Satguru Jagjit Singh Ji eLibrary NamdhariElibrary@gmail.com

ਯਾਦ ਰਖਦਾ ਸੀ।

ਆਖਰ ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। ਵਜ਼ੀਰ ਬਿਸ਼ਨ ਚੰਦ ਤੇ ਪਰਮਾਨੰਦ ਨੂੰ ਬਹੁਤ ਸਾਰੀਆਂ ਵਸਤੂਆਂ ਭੇਟਾ ਵਾਸਤੇ ਦੇ ਕੇ ਸਤਿਗੁਰੂ ਜੀ ਵਲ ਤੋਰਿਆ। ਉਹ ਦੋਵੇਂ ਅਨੰਦਪੁਰ ਪੁਜੇ। ਉਹਨਾਂ ਨੇ ਰਾਜਿਆਂ ਵਲੋਂ ਸਤਿਗੁਰੂ ਜੀ ਦੇ ਦਰਬਾਰ ਵਿਚ ਬੇਨਤੀ ਕੀਤੀ, ਬੇਨਤੀ ਕਰਦਿਆ ਹੋਇਆਂ ਆਖਿਆ-'ਮਹਾਰਾਜ! ਇਸ ਵੇਲੇ ਹਿੰਦੂ ਧਰਮ ਦੀ ਰਖਿਆ ਕਰਨ ਦਾ ਵੇਲਾ ਹੈ, ਜੇ ਹੁਣ ਮੁਸਲਮਾਨਾਂ ਦਾ ਜ਼ੋਰ ਪੈ ਗਿਆ ਤਾਂ ਇਹ ਰਿਆਸਤਾਂ ਵੀ ਖਤਮ ਹੋ ਜਾਣਗੀਆਂ। ਦੇਵੀਆ ਦੇ ਮੰਦਰ ਸ਼ਭ ਢਾਹ ਢੇਰੀ ਕੀਤੇ ਜਾਣਗੇ। ਭਗਵਾਨ ਦੇ ਨਾਮ ਤੇ ਹਿੰਦੂ ਜਾਤੀ ਦੇ ਬਚਾਅ ਵਾਸਤੇ ਸਹਾਇਤਾ ਕਰੋ।'

ਦਇਆ ਦੇ ਸਾਗਰ ਸਤਿਗੁਰੂ ਜੀਦਾ ਜਨਮ ਹੀ ਧਰਮ ਰਖਿਆ ਵਾਸਤੇ ਅਤੇ ਦੁਸ਼ਟਾਂ ਦੇ ਦਮਨ ਵਾਸਤੇ ਹੋਇਆ ਸੀ। ਸਤਿਗੁਰੂ ਜੀ ਨੇ ਉਸੇ ਸਮੇਂ ਰਾਜਿਆ ਦੀ ਸਹਾਇਤਾ ਕਰਨ ਦਾ ਫੈਸਲਾ ਕਰ ਲਿਆ, ਜਿਸ ਬਾਰੇ ਸਾਹਿਬ ਫੁਰਮਾਉਂਦੇ ਹਨ।

ਬਹੁਤ ਕਾਲ ਇਹ ਭਾਂਤ ਬਿਤਾਯੋ॥ ਮੀਆ ਖਾਨ ਜੰਮੂ ਕਹ ਆਯੋ॥
ਅਵਲ ਖਾਨ ਨਾਦੌਨ ਪਠਾਵਾ॥ ਭੀਮਚੰਦ ਤਨ ਬੈਰ ਬਢਾਵਾ॥
ਜੁਧ ਕਾਜ ਨ੍ਰਿਪ ਹਮੈ ਬੁਲਾਯੋ॥ ਆਪਿ ਤਵਰ ਕੀ ਓਰ ਸਿਧਾਯੋ॥

* * * * *

੨੨. ਨਦੌਣ ਦਾ ਯੁਧ

ਨਦੌਣ ਦਾ ਯੁਧ ਸੰਮਤ ੧੭੬੪ ਬਿ: ਵਿਚ ਹੋਇਆ ਸੀ, ਇਹ ਯੁਧ ਕੋਈ ਵਡੀਆਂ ਲੜਾਈਆਂ ਵਿਚੋਂ ਨਹੀਂ ਫਿਰ ਵੀ ਇਸਦੀ ਮਹਾਨਤਾ ਬਹੁਤ ਹੈ। ਅਲਫ ਖਾਂ ਦੇ ਨਾਲ ਕ੍ਰਿਪਾਲ ਚੰਦ ਤੇ ਦਿਆਲ ਚੰਦ ਸਨ। ਹਿੰਦੂ ਸੈਨਾ, ਹਿੰਦੂ ਸੈਨਾ ਦੇ ਵਿਰੁਧ ਲੜਨ ਵਾਸਤੇ ਆਈ ਸੀ। ਉਹ ਮੂਰਖ ਲੋਕ ਭਰਾਵਾਂ ਦੇ ਵਿਰੁਧ ਲੜਦੇ ਹੋਏ ਸ਼ਰਮ ਨਹੀਂ ਸਨ ਕਰਦੇ ਤੇ ਪਰਦੇਸੀ ਤੁਰਕ ਦਾ ਸਾਥ ਦੇਂਦੇ

Sri Satguru Jagjit Singh Ji eLibrary NamdhariElibrary@gmail.com

ਸਨ। ਪਹਿਲੇ ਦਿਨ ਹਿੰਦੂ ਰਾਜਿਆਂ ਨੂੰ ਤਕਰੀਬਨ ਹਾਰ ਹੋਈ। ਉਹਨਾਂ ਦੇ ਆਦਮੀ ਬਹੁਤ ਮਰ ਗਏ। ਭਾਵੇਂ ਰਾਜਾ ਭੀਮ ਚੰਦ ਰਾਜਾ ਰਾਮ ਜਿਹੇ ਬਲੀ ਰਾਜੇ ਸਨ। ਇਹਨਾ ਰਾਜਿਆਂ ਬਾਰੇ ਸਤਿਗੁਰੂ ਜੀ ਫੁਰਮਾਉਂਦੇ ਹਨ—

(ਭੁਜੰਗ ਛੰਦ)

ਤਹਾਂ ਰਾਜ ਸਿੰਘੰ ਬਲੀ ਭੀਮ ਚੰਦੰ ॥
ਚੜਿਓ ਰਾਮ ਸਿੰਘੰ ਮਹਾਂ ਤੇਜ ਵੰਦੰ ॥
ਸੁਖੰ ਦੇਵ ਗਾਜੀ ਜਸਾ ਰੋਟ ਗਾਜੰ ॥ ਚੜੇ ਕ੍ਰੋਧ ਕੀਨੋ ਕਰੇ ਸਰਬ ਕਾਜੰ ॥
ਪ੍ਰਿਥੀਚੰਦਚਢਿਓ ਚਢੇ ਡਢਵਾਰੰ ॥ ਚਲੇ ਸਿੱਧ ਹੁਐ ਕਾਜ ਰਾਜੰਸੁਧਾਰੰ ॥

ਰਾਜਾ ਰਾਜ ਸਿੰਘ, ਭੀਮ ਚੰਦ, ਰਾਮ ਚੰਦ, ਸੁਖਦੇਵ ਜਸਰੋਟੀਆ ਤੇ ਪ੍ਰਿਥੀ ਚੰਦ ਆਦਿਕ ਸਨ। ਇਨ੍ਹਾ ਸਾਰਿਆਂ ਨੇ ਸਾਂਝੇ ਦੁਸ਼ਮਨ ਨਾਲ ਟੱਕਰ ਲੈਣ ਦੀ ਠਾਣ ਲਈ। ਜਿਵੇਂ ਪਿਛੇ ਦਸ ਆਏ ਹਾਂ ਕਿ ਅਲਫ ਖਾਂ ਨੇ ਉਨ੍ਹਾਂ ਨੂੰ ਬੁਰੀ ਤਰਾਂ ਹਰਾਇਆ । ਭੀਮਚੰਦ ਨੇ ਹਨੂੰਮਾਨ ਦੇ ਮੰਤਰ ਪੜੇ ਪਰ ਕਿਸੇ ਨੇ ਸਹੈਤਾ ਨਾ ਕੀਤੀ। ਆਖਰ ਗੁਰੂ ਜੀ ਨੂੰ ਸਦ ਭੇਜਿਆ ਤੇ ਸਤਿਗੁਰੂਜੀ ਸੈਨਾਲੈਕੇ ਠਦੌਣ ਜਾ ਖੁਜੇ। ਸਤਿਗੁਰੂ ਜੀ ਦੇ ਪੁਜਣ ਤੇ ਸਾਰਿਆਂ ਨੂੰ ਹੌਂਸਲਾ ਹੋ ਗਿਆ ਕਿ ਹੁਣ ਨਹੀਂ ਲਈਦੇ। ਉਹ ਜਰੂਰ ਜਿਤ ਜਾਣਗੇ ਕਿਉਂਕਿ ਸਤਿਗੁਰੂ ਜੀ ਮਹਾਂ ਬਲੀ ਤੇ ਰੱਬੀ ਬਰਕਤਾਂ ਵਾਲੇ ਹਨ।

ਲੜਾਈ ਸ਼ੁਰੂ ਹੋਈ, ਸਤਿਗੁਰੂ ਜੀ ਸਹਾਇਤਾ ਉਤੇ ਡਟ ਗਏ, ਕਟਾ ਵੱਢ ਸ਼ੁਰੂ ਹੋ ਗਈ । ਉਧਰੋਂ ਕ੍ਰਿਪਾਲ ਚੰਦ ਵੀ ਦਿਆਲ ਚੰਦ ਨੂੰ ਨਾਲ ਲੈਕੇ ਆਇਆ । ਦੋਹਾਂ ਦੀ ਲੜਾਈ ਦਾ ਨਜ਼ਾਰਾ ਸਤਿਗੁਰੂ ਜੀ ਲਿਖਦੇ ਹਨ—

(ਮਧੁਭਾਰ ਛੰਦ) ਕੁੱਪਿਓ ਕ੍ਰਿਪਾਲ ॥ ਨੱਚੇ ਮਰਾਲ ॥ ਬੰਜੇ ਬਜੰਤ ॥ ਕ੍ਰੂਰੰ ਅਨੰਤ ॥ ਜੁੱਝੰਤੇ ਜੁਆਣ ॥ ਬਾਹੇ॥ ਬਾਹੇ ਕ੍ਰਿਪਾਣ॥ ਜੀਅ ਧਾਰ ਕ੍ਰੋਧ ॥ ਛੱਡੇ ਸਰੋਘ ॥ ੯ ॥ ਲੁੱਝੇ ਨਿਦਾਨ ॥ ਤੱਜੰਤ ਪ੍ਰਾਣ ॥ ਗਿਰ ਪਰਤ ਭੂਮ ॥ ਜਣੁ ਮੇਘ ਝੂਮ ॥ ੧੦ ॥

ਤਿਸਦਾ ਪ੍ਰਮਾਰਥ—ਕ੍ਰਿਪਾਲ ਕ੍ਰੋਧ ਨਾਲ ਉਠਿਆ ਤੇ ਨੱਚਣ ਲਗਾ

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਖੂਬ ਫੇਲ ਫਮੱਕਾ ਹੋਇਆ । ਜਵਾਨ ਸ਼ਹੀਦ ਹੋਣ ਲਗੇ, ਜੋਹੜੇ ਤਲਵਾਰ ਨੂੰ ਅੰਨੇਵਾਹ ਵਾਹੁੰਦੇ ਸਨ ਉਰ ਬੜੇ ਕਰੋਧ ਨਾਲ ਹਮਲੇ ਕਰਦੇ ਤੇ ਜਮੀਨ ਉਤੇ ਸੁਟਦੇ ਸਨ। ਆਹ ! ਕੈਸਾ ਨਜਾਰਾ ਸੀ ਕਿ ਕਈ ਜਵਾਨ ਲੁਛਦੇ ਤੇ ਪ੍ਰਾਣਾ ਦਾ ਤਿਆਗ ਕਰੀ ਜਾਂਦੇ ਸਨ। ਉਹ ਧਰਤੀ ਉਤੇ ਇਸਤਰਾਂ ਝੂਮਕੇ ਡਿਗਦੇ ਸਨ ਜਿਵੇਂ ਬਦਲ ਝੂਮਦੇ ਤੇ ਨੀਵੇਂ ਹੋਕੇ ਧਰਤੀ ਉਤੇ ਮੀਂਹ ਰੂਪ ਵਿਚ ਵਰ੍ਹਦੇ ਹਨ।

ਰਸਾਵਲ ਛੰਦ—ਕਿਰਪਾਲ ਕੋਪਯੰ ॥ ਹਠੀ ਪਾਵ ਰੋਪਯੰ ॥ ਸਰੋਘੰ ਚਲਾਹੇ ॥ ਸਭੈ ਬੀਰ ਘਾਏ ॥ ੧੧ ॥ ਹਣੇ ਛਤ੍ਰਧਾਰੀ ॥ ਲਿਟੇ ਭੂਪਭਾਰੀ ॥ ਮਹਾਂ ਨਾਦ ਬਾਜੇ ॥ ਭਲੇ ਸੁਰ ਗਾਜੈ ॥ ੧੨ ॥ ਕਿਪਾਲੋ ਕਰੁਧੰ ॥ਕੀਜੋ ਜੁੰਧ ਸੁੱਧੰ ॥ ਮਹਾਂ ਬੀਰ ਗੱਜੈ ॥ ਮਹਾ ਸਾਰ ਬੱਜੈ ॥ ੧੩ ॥

ਵਾਹਵਾ ! ਕ੍ਰਿਪਾਲ ਗਰਜਿਆ, ਉਹ ਬੜੇ ਹਠ ਨਾਲ ਸਰੋਘ ਨੂੰ ਚਲਾ ਰਿਹਾ ਸੀ। ਉਸ ਨੇ ਬੜੇ ਜਵਾਨ ਜਖਮੀ ਕੀਤੇ ਸਨ, ਵਡੇ ਵਡੇ ਛਤ੍ਰੀ ਨਾਮੀ (ਨਾਮੀ ਜਵਾਨ) ਰਾਜੇ ਤੇ ਜਵਾਨ ਧਰਤੀ ਉਤੇ ਡਿਗੇ ਸਨ। ਉਸ ਸਮੇਂ ਮਹਾਂ ਨਾਦ (ਰਾਗ) ਪੈਦਾ ਹੋ ਰਿਹਾਂ ਸੀ ਜਦੋਂ ਸੂਰਮੇ ਗਜਦੇ ਸਨ। ਉਸਨੇ ਬਹੁਤ ਹੀ ਚੰਗਾ ਜੁਧ ਕੀਤਾ । ਲੋਹੇ ਨਾਲ ਲੋਹਾ ਵਜਦਾ ਹੋਇਆ ਇਕ ਰਾਗ ਪੈਦਾ ਕਰ ਰਿਹਾ ਸੀ। ਤਲਵਾਰਾਂ ਦੇ ਭਿੜਨ ਦੇ ਰਾਗ ਨਾਲ ਮਸਤ ਹੋਕੇ ਜਵਾਨ ਮੌਤਾਂ ਨੂੰ ਭੁਲ ਰਹੇ ਸਨ।

ਕਰੋ ਜੁਧ ਚੰਡੰ ॥ ਸੁਣਯੋ ਨਾਵ ਖੰਡੰ ॥ ਚਲਯੋ ਸ਼ਸਤ੍ਰ ਬਾਹੀ ॥
ਰਜੌਤੀ ਨਿਬਾਹੀ ॥

ਦੋਹਰਾ—ਕੋਪ ਭਰੇ ਰਾਜਾ ਸਭੈ ਕੀਨੋ ਜੁਧ ਉਪਾਇ ॥
ਸੈਨ ਕਟੋਚਨ ਕੀ ਤਬੈ ਘੇਰ ਲਈ ਅਰ ਰਾਇ ॥

ਭੁਜੰਗ ਛੰਦ—ਚਲੇ ਨਾਂਗਲੂ ਪਾਂਗਲੂ ਵੇਦੜੋਲੰ ॥ ਜਸਵਾਰੇ ॥
ਗੁਲੇਰੇ ਚਲੇ ਬਾਧ ਟੋਲੰ ॥ ਤਹਾਂ ਏਕ ਬਾਜਿਓ ਮਹਾ ਬੀਰ ਦਿਆਲੰ ॥ ਰਖੀ ਲਾਜ ਜੌਨੈ ਤਬੈ ਬਿਝੜਵਾਲੰ ੧੬ ॥

ਕ੍ਰਿਪਾਲ ਚੰਦ ਕਟੋਚੀਏ ਦੀ ਸੈਨਾ ਨੂੰ ਆਖਰ ਘੇਰ ਲਿਆ ਗਿਆ।

Sri Satguru Jagjit Singh Ji eLibrary NamdhariElibrary@gmail.com

ਐਸੀ ਭਿਆਨਕ ਲੜਾਈ ਹੋਈ ਕਿ ਨਾਂਗਲ ਤੇ ਪਾਂਗਲੂ ਆਦਿਕ ਤੇ ਜਸਵਾੜੀਏ ਗਲੌਰ ਵਾਲੇ ਟੋਲੀਆਂ ਬੰਨ੍ਹ ਕੇ ਤੁਰ ਪਏ। ਮਹਾਂ ਬੀਰ ਦਿਆਲ ਚੰਦ ਸੀ ਜਿਸ ਨੇ ਸਾਰੇ ਬਿਝੜਵਾਲੀਆਂ ਦੀ ਲਾਜ ਰਖ ਲਈ। ਉਹ ਬਹੁਤ ਬੀਰਤਾ ਨਾਲ ਲੜਿਆ। ਭਾਵੇਂ ਉਹ ਦੁਸ਼ਮਨ ਵਲ ਸੀ, ਫਿਰ ਵੀ ਉਸਦੀ ਲੜਾਈ ਵਡਿਆਈ ਕਰਨ ਦੇ ਯੋਗ ਸੀ।

ਤਵੈ ਕੀਟ ਤੈ ਲੌ ਤੁਫੈਗੰ ਸੰਭਾਰੋ ॥ ਹਿਰਦੈ ਏਕ ਰਾਵੰਤ ਕੋਤਕਿ ਮਾਰੋ ॥
ਗਿਰਿਓ ਝੂਮ ਝੂਮੈ ਕਰਜੋ ਜੁਧ ਸੁਧੰ ॥ ਤਊ ਮਾਰਿ ਬੋਲਿਓ ਜਹਾ ਮਾਨ ਕ੍ਰੁਧੰ ॥ ਤਜਿਓ ਤੁਪਕੰ ਬਾਨ ਪਾਨੰ ਸੰਭਾਰੇ ॥ ਚਤੁਰ ਬਨਾਯੰ ਲੈ ਸੁ ਸਬਯੰ ਪ੍ਰਹਾਰੇ ॥ ਤ੍ਰਿਯੋ ਬਾਨ ਲੈ ਬਾਮ ਪਾਨੰ ਚਲਾਏ ॥ ਲਗੇ ਯਾ ਲਗੇ ਨਾ ਕਛੂ ਜਾਨਿ ਪਾਏ ॥ ਸੁ ਤਉ ਲਉ ਦਈਵ ਜੁਧ ਕੀਨੋ ਉਝਾਰੰ ॥ ਤਿਨੈ ਖੇਦ ਕੈ ਬਾਰਿ ਕੈ ਬੀਚ ਡਾਰੰ ॥ ਪਰੀ ਮਾਰ ਬੁੰਗੇ ਛੁਟੀ ਬਾਣ ਗੋਲੀ ॥ ਮਨੋ ਸੂਰ ਬੈਠੇ ਭਲੀ ਖੇਲ ਹੋਲੀ ॥ ੧੯ ॥

ਦਿਆਲ ਚੰਦ ਦੇ ਜੁਧ ਨੂੰ ਦੇਖਕੇ ਸੂਰਮੇ ਅਗੇ ਵਧੇ। ਸਤਿਗੁਰੂ ਜੀ ਦੇ ਹੌਂਸਲੇ ਨਾਲ ਸਿਖਾਂ ਨੇ ਫੈਸਲਾ ਕੀਤਾ ਕਿ ਦਿਆਲ ਚੰਦ ਨੂੰ ਮਾਰ ਦੇਣ, ਕਿਉਂ ਕਿ ਉਹ ਤਾਂ ਅਲਫ ਖਾਂ ਦੇ ਆਦਮੀਆਂ ਨਾਲੋਂ ਬਹੁਤਾ ਕ੍ਰੋਧ ਤੇ ਜੋਸ਼ ਨਾਲ ਲੜਦਾ ਸੀ। ਆਖਰ ਸਤਿਗੁਰੂ ਜੀ ਨੇ ਆਪ ਧਨੁਖ ਨੂੰ ਸੰਭਾਲਿਆ ਤੇ ਤੀਰਾਂਦੀ ਬਰਖਾ ਕਰਨੀ ਸ਼ੁਰੂ ਕਰ ਦਿਤੀ। ਇਕ ਤੀਰ ਰਾਜੇ ਦੀ ਹਿਕ ਵਿਚ ਵੱਜਾ। ਉਹ ਧਰਤੀ ਉਤੇ ਡਿਗ ਪਿਆ, ਜਿਵੇਂ ਝੂਮਦਾ ਹੋਇਆ ਹਾਥੀ ਧਰਤੀ ਉਤੇ ਡਿਗਦਾ ਹੈ। ਅੰਨ੍ਹੀ ਲੜਾਈ ਹੁੰਦੀ ਰਹੀ। ਤੀਰ ਤੇ ਤੀਰ ਚਲਦੇ ਰਹੇ, ਬੰਦੂਕਾਂ ਦੀਆਂ ਗੋਲੀਆਂ ਚਲਦੀਆਂ ਰਹੀਆਂ। ਲੜਾਈ ਦੀ ਭਿਆਨਕਤਾ ਐਸੀ ਸੀ ਜਿਸ ਨੂੰ ਦੇਖ ਦੇਖਕੇ ਪਰਬਤ ਥਰ ਥਰਾ ਉਠੇ ਸਨ। 'ਰਾਵਣ ਦੀ ਰੂਹ ਹੈਰਾਨ ਹੋ ਗਈ ਸੀ। ਮੁਗਲਾਂ ਦੇ ਪੈਰ ਹਿਲ ਗਏ ਸਨ। ਸੂਰਮੇ ਇਸਤਰਾਂ ਲੜ ਰਹੇ ਸਨ ਜਿਵੇਂ ਗੋਕਲਵਾਸੀ ਹੋਲੀ ਖੇਡਿਆ ਕਰਦੇ ਸਨ। 'ਮਰ ਗਿਆ ! ਫੜ ਲੌ ! ਔਹ ਨੱਠਾ ਜੇ ! ਸਤਿਨਾਮ ! ਅੱਲਾ ਹੂ ! ਸ਼੍ਰੀ ਭਗਵਾਨ !' ਦੀਆਂ ਆਵਾਜ਼ਾਂ ਨਾਲ ਆਸਮਾਨ ਤੇ ਰਣਭੂਮੀ ਗੂੰਜ ਰਹੀ ਸੀ। ਕਾਵਾਂ ਰੌਲੀ

Sri Satguru Jagjit Singh Ji eLibrary NamdhariElibrary@gmail.com

ਵਿਚ ਆਪਣੇ ਪਰਾਏ ਦਾ ਬੋਲ ਨਹੀਂ ਸੀ ਸੁਣਿਆ ਜਾਂਦਾ ਤੇ ਨਾ ਕੁਝ ਪਤਾ ਲਗਦਾ ਸੀ।

ਗਿਰੈ ਬੀਰ ਭੂਮੰ ਸਰੰ ਸਾਂਗ ਪੇਲੰ ॥ ਰੰਗੋ ਸੋਣ ਬਸਤ੍ਰੰ ਮਨੋ ਫਾਗ ਖੇਲੰ ॥ ਲੀਜੋ ਜੰਤ ਬੈਰੀ ਕੀਓ ਆਨ ਡੇਰੰ ॥ ਤੇਊ ਜਾਇ ਪਾਰੰ ਰਹੇ ਬਾਰਿ ਕੇਰੰ॥ ਭਈ ਰਾਤ੍ਰਿ ਗ਼ਬ ਰਕੇ ਅਰਧ ਜਾਮੰ ॥ ਤਬੈ ਛੋਰਿਗੇ ਬਾਰ ਦੇਵੈ ਦਮਾਮੰ ॥ ਸਭੈ ਰਾਤਿ ਬੀਤੀ ਉਦਿਓ ਦਿਉਸਰਾਣੰ ॥ ਚਲੇ ਬੀਰ ਚਾਲਾਕ ਖੱਗੰ ਖਿਲਾਣੰ ॥ ਭਜਿਓ ਅਲਫ ਖਾਨੰ ਨ ਖਾਨਾ ਸੰਭਾਰਿਓ ॥ ਭਜੇ ਅਉਰ ਬੀਰੰ ਨ ਧੀਰੰ ਬਿਚਾਰਿਓ ॥ ਨਦੀ ਪੈ ਦਿਨੰ ਕੀਨ ਮੁਕਾਮੰ ॥ ਭਲੀ ਭਾਂਤਿ ਦੇਖੇ ਸਭੈ ਰਾਜ ਧਾਮੰ॥੨੨॥

(ਚੌਪਈ) ਇਤ ਹਮ ਹੋਇ ਬਿਦਾ ਘਰ ਆਏ ॥ ਸੁਲਹ ਨ ਮਿਤ ਵੈ ਉਤਹਿ ਸਿਧਾਏ ॥ ਸੰਧਿ ਇਨੈ ਉਨਕੈ ਸੰਗਿ ਕਈ ॥ ਹੋਤ ਕਥਾ ਪੂਰਨ ਇਤ ਭਈ ॥

ਆਖਰ ਸਮਾਂ ਆ ਗਿਆ, ਜਦੋਂ ਦਿਆਲ ਚੰਦ ਦੇ ਮਰਨ ਤੇ ਅਲਫ ਖਾਂ ਘਾਬਰ ਗਿਆ, ਉਸ ਨੇ ਕ੍ਰਿਪਾਲ ਚੰਦ ਨੂੰ ਪੁਛਿਆ—ਹੁਣ ਕੀ ਕਰੀਏ?' ਕ੍ਰਿਪਾਲ ਚੰਦ ਨੇ ਕਿਹਾ—'ਸਤਿਗੁਰੂ ਜੀ ਨੂੰ ਹਰਾਉਣਾ ਔਖਾ ਹੈ। ਦਿਆਲ ਚੰਦ ਮਰ ਗਿਆ ਹੈ ਤੇ ਹੋਰ ਲੜੇ ਤਾਂ ਅਸਾਂ ਦੀ ਵਾਰੀ ਆ ਜਾਵੇਗੀ। ਚੰਗਾ ਹੈ ਕਿ ਨਸ ਚਲੀਏ, ਫਿਰ ਕਦੀ ਟੱਕਰ ਲੈ ਕੇ ਬਦਲਾ ਤੇ ਮਾਮਲਾ ਵਸੂਲ ਕਰ ਲਵਾਂਗੇ। ਹੁਣ ਮੁਫਤ ਵਿਚ ਜਾਨ ਗੁਵਾਉਣ ਦਾ ਕੋਈ ਲਾਭ ਨਹੀਂ। ਸਤਿਗੁਰੂ ਜੀ ਦੇ ਤੀਰ ਨਾਲ ਰਾਜਾ ਦਿਆਲ ਚੰਦ ਰਣ ਸੁਤਾ ਹੈ। ਅਸਾਂ ਦੀ ਫੌਜ ਅਧੀਓਂ ਬਹੁਤੀ ਮਾਰੀ ਗਈ। ਬਸ ਸਿਰ ਤੇ ਪੈਰ ਰਖ ਕੇ ਨਸ ਚਲੀਏ। ਸ਼ਹੀਦ ਹੋਇਆਂ ਨੂੰ ਸੰਭਾਲਣਾ ਵੀ ਔਖਾ ਹੈ। ਮੇਰੀ ਤਾਂ ਏਹੋ ਨੇਕ ਸਲਾਹ ਹੈ। ਮੈਂ ਹੋਰ ਕੋਈ ਸਲਾਹ ਨਹੀਂ ਦੇਂਦਾ। ਫਿਰ ਕਿਤੇ ਟੱਕਰ ਲਿਓ, ਫੌਜ ਬਹੁਤੀ ਲਿਆ ਕੇ ਨਾਲੇ ਮੈਂ ਹੋਰ ਰਾਜਿਆਂ ਨੂੰ ਪਾੜ ਕੇ ਆਪਣੇ ਨਾਲ ਰਲਾ ਲਵਾਂਗਾ। ਸ਼ਕਤੀ ਵਧਾ ਕੇ ਰਾਜੇ ਭੀਮਚੰਦ ਪਾਸੋਂ ਗਿਣ ਗਿਣ ਕੇ ਬਦਲੇ ਲਵਾਂਗੇ।'

ਰਾਜੇ ਕ੍ਰਿਪਾਲਚੰਦ ਦੀਆਂ ਇਹ ਗਲਾਂ ਸੁਣਕੇ ਅਲਫ ਖਾਂ ਨੱਸਉਠਿਆ

Sri Satguru Jagjit Singh Ji eLibrary NamdhariElibrary@gmail.com

ਉਸਨੇ ਵੀ ਹੋਰ ਅੜਨਾ ਮੁਨਾਸਿਬ ਨਾ ਸਮਝਿਆ । ਐਸਾ ਨੱਠਾ ਕਿ ਆਪਣੇ ਆਦਮੀ ਵੀ ਨਾ ਸੰਭਾਲੇ । ਹਥਿਆਰ ਘੋੜੇ ਤੇ ਜ਼ਖਮੀ ਛੱਡ ਕੇ ਦੂਰ ਨਿਕਲ ਗਿਆ। ਉਹ ਮੀਣੇਂ ਖਾਂ ਨੂੰ ਕੋਸਣ ਲੱਗਾ ਉਸ ਨੇ ਉਸ ਨੂੰ ਪਹਾੜ ਦੇ ਵਿਚ ਕਿਉਂ ਭੇਜਿਆ।

ਅਲਫਖਾਂ ਨੂੰ ਨਸਿਆ ਦੇਖਕੇ ਸਤਿਗੁਰੂ ਜੀ ਨੇ ਸਿਖਾਂ ਤੇ ਹਿੰਦੂ ਰਾਜਿਆਂ ਨੇ ਫਤਹ ਦੇ ਨਾਹਰੇ ਲਾਏ। ਉਹਨਾਂ ਨਾਹਰਿਆਂ ਨਾਲ ਅਸਮਾਨ ਤੇ ਪਰਬਤ ਗੂੰਜ ਉਠੇ। ਵਡੇ ਅਫਸਰਾਂ ਨੂੰ ਮੈਦਾਨੇ ਜੰਗ ਵਿਚੋਂ ਜ਼ਖਮੀ ਚੁਕਨ ਤੇ ਲਾ ਕੇ ਆਪ ਸਾਰੇ ਇਕਠੇ ਹੋ ਕੇ ਸਤਿਗੁਰੂ ਜੀ ਪਾਸ ਆਏ ਕਿ ਉਹ ਸਤਿਗੁਰੂ ਜੀ ਦਾ ਧੰਨਵਾਦ ਕਰਨ। ਓਹਨਾਂ ਨੂੰ ਨਮਸ਼ਕਾਰ ਕਰਨ, ਸਾਹਿਬਾਂ ਨੇ ਸਾਰਿਆਂ ਨੂੰ ਸੰਬੋਧਨ ਕਰਕੇ ਆਖਿਆ—'ਹੇ ਰਾਜਨ ! ਮੇਲ ਦੀ ਸ਼ਕਤੀ ਤੁਸਾਂ ਵੇਖ ਲਈ ਕਿੰਨੀ ਪਰਬਲ ਹੈ। ਅਜ ਅਸਾਂ ਇਕਠਿਆਂ ਹੋ ਕੇ ਤੁਰਕਾਂ ਦਾ ਮੁਕਾਬਲਾ ਕੀਤਾ ਤਾਂ ਫਤਹ ਪ੍ਰਾਪਤ ਕੀਤੀ, ਅਜੇ ਕਿ ਅਸਾਂ ਦੇ ਭੁਲੜ ਵੀਰ ਰਾਜਾ ਕ੍ਰਿਪਾਲ ਚੰਦ ਤੇ ਦਿਆਲ ਚੰਦ ਨੇ ਦੇਸ਼ ਦੇ ਦੁਸ਼ਮਣ, ਜ਼ੁਲਮ ਦੇ ਪੱਖੀ ਦੀ ਸਹਾਇਤਾ ਕੀਤੀ। ਦੁਸ਼ਟ ਆਤਮਾ ਦਿਆਲ ਚੰਦ ਕੀਤੀ ਦਾਂ ਫਲ ਭੁਗਤ ਗਿਆ। ਅਸੀਂ ਸੱਚ ਆਖਦੇ ਹਾ ਕਿ ਜੇਕਰ ਅਸੀਂ ਸਾਰੇ ਇਕੱਠੇ ਹੋਕੇ ਮੁਗਲ ਸਰਕਾਰ ਦਾ ਮੁਕਾਬਲਾ ਕਰੀਏ ਤਾਂ ਮੁਗਲਾ ਦੇ ਜ਼ੁਲਮੀ ਰਾਜ ਪਾਸੋਂ ਦੇਸ਼ ਨੂੰ ਜਰੂਰ ਸੁਤੰਤਰ ਕਰਾ ਲਈਏ। ਕੋਈ ਮੰਦਰਾਂ ਨੂੰ ਨਾ ਢਾਹ-ਢੇਰੀ ਨਾ ਕਰੇ। ਕੋਈ ਹਿੰਦੂ ਮਾਸੂਮ ਦੇਵੀਆਂ ਵਲ ਨਿਗਾਹ ਨਾ ਚੁਕੇ, ਦੇਸ਼ ਸੁਖੀ ਤੇ ਖੁਸ਼ਹਾਲ ਵਸੇ। ਇਸ ਅਜ ਦੀ ਘਟਣਾਂ ਤੋਂ ਸਬਕ ਸਿਖੋ, ਇਸ ਤੋਂ ਲਾਭ ਉਠਾਓ। ਸਾਰੇ ਪਰਬਤ ਤੇ ਮੈਦਾਨਾਂ ਦੇ ਰਾਜਿਆਂ ਨੂੰ ਆਖੋ ਕਿ ਉਹ ਇਕਠੇ ਹੋ ਜਾਣ ਤੇ ਰਾਜੇ ਬਿਕ੍ਰਮਾਜੀਤ ਤੇ ਮਹਾਰਾਜੇ ਅਸ਼ੋਕ ਦੇ ਸਮੇਂ ਵਰਗਾ ਸੁਤੰਤਰ ਰਾਜ ਕਾਇਮ ਕਰ ਲੈਣ। ਫਿਰ ਨਾ ਕੋਈ ਕਿਸੇ ਨੂੰ ਪੂਜਾ ਤੋਂ ਰੋਕੇ, ਤੇ ਨਾ ਜੰਞੂ ਉਤਾਰੇ ਜਾਣ ਤੇ ਨਾ ਮੁਸਲਮਾਨ ਟਿਕਿਆਂ ਨੂੰ ਚੱਟਕੇ ਹਿੰਦੂਆ ਨੂੰ ਮੁਸਲਮਾਨ ਬਨਾਉਣਗੇ। ਏਕਤਾ ਵਿਚ ਬਹੁਤ ਬਰਕਤਾਂ ਹਨ । ਜੇਹੜਾ ਦੁਸ਼ਮਨ ਆਵੇ ਉਸਦਾ ਮੁਕਾਬਲਾ ਕਰੀਏ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੇ ਇਹ ਬਚਨ ਸਭ ਨੂੰ ਚੰਗੇ ਲਗੇ ਤੇ ਸਾਰਿਆਂ ਨੇ ਇਕ ਜ਼ਬਾਨ ਹੋ ਕੇ ਸਤਿਗੁਰੂ ਜੀ ਦੀ ਉਸਤਤ ਕੀਤੀ। ਨਾਲ ਹੀ ਭਰੋਸਾ ਦਿਵਾਇਆ ਕਿ ਜਰੂਰ ਇਕਠੇ ਰਹਾਂਗੇ। ਦੁਸ਼ਮਨ ਨੂੰ ਕਦੀ ਮੌਕਾ ਨਹੀਂ ਦੇਵਾਂਗੇ ਕਿ ਉਹ ਅਸਾਂ ਦੀ ਫੁਟ ਤੋਂ ਲਾਭ ਉਠਾਵੇ, ਪਰ ਹੋਣੀ ਹੋ ਕੇ ਰਹਿੰਦੀ ਹੈ। ਮਤਲਬੀ ਪਹਾੜੀਆਂ ਨੇ ਸਾਥ ਨਾ ਦਿਤਾ।

੨੩. ਦਲਾਵਰ ਖਾਂ ਦੀ ਗੁਰੂ ਘਰ ਨਾਲ ਈਰਖਾ

ਦਲਾਵਰ ਖਾਂ ਲਾਹੌਰ ਦਾ ਸੂਬੇਦਾਰ ਸੀ । ਅਲਫ ਖ ਦੀ ਹਾਰ ਅਤੇ ਰਾਜਿਆਂ ਦੇ ਸਤਿਗੁਰੂ ਜੀ ਨਾਲ ਮੇਲ ਨੂੰ ਸੁਣ ਕੇ ਉਸ ਨੂੰ ਬਹੁਤ ਦੁਖ ਹੋਇਆ। ਉਸ ਨੇ ਕਰੋਧਵਾਨ ਹੋਕੇ ਫੈਸਲਾ ਕੀਤਾ ਕਿ ਉਹ ਪਹਾੜੀ ਰਾਜਿਆ ਦੇ ਮੇਲ ਨੂੰ ਅਟੱਲ ਨਹੀਂ ਰਹਿਣ ਦੇਵੇਗਾ। ਉਹ ਜਰੂਰ ਮੁਕਾਬਲਾ ਕਰੇਗਾ ਤੇ ਹੋ ਸਕਦਾ ਹੈ ਕਿ ਸਤਿਗੁਰੂ ਜੀ ਦੀ ਵਧਦੀ ਸਿਖੀ ਨੂੰ ਰੋਕੇ। ਉਸਨੇ ਸਾਰੇ ਰਾਜਿਆਂ ਵਲ ਧਮਕੀ ਦੀ ਚਿੱਠੀ ਲਿਖੀ। ਉਸ ਨੇ ਲਿਖਿਆ–'ਤੁਸਾਂ ਸਰਕਾਰੀ ਮਾਮਲਾ ਇਕੱਠਾ ਕਰਨ ਵਾਲੇ ਨਾਲ ਲੜਾਈ ਕਰਕੇ ਬਾਦਸ਼ਾਹ ਨੂੰ ਨਾਰਾਜ ਕਰ ਲਿਆ ਹੈ। ਇਹ ਖਬਰਾਂ ਬਾਦਸ਼ਾਹ ਤਕ ਪਹੁਚ ਗਈਆਂ ਹਨ। ਹੋ ਸਕਦਾ ਹੈ ਕਿ ਬਾਦਸ਼ਾਹ ਸਲਾਮਤ ਭਾਰੀ ਫੌਜ ਦੀ ਇਕ ਕੁਮਕ ਭੇਜੇ। ਉਸ ਤੋਂ ਪਹਿਲਾਂ ਤੁਸੀਂ ,ਆਪਣੇ ਦਿਲ ਦੀ ਸਲਾਹ ਭੇਜੋ ਕਿ ਕੀ ਤੁਸੀਂ ਬਾਦਸ਼ਾਹ ਸਲਾਮਤ ਨਾਲ ਮਿਲਵਰਤਨ ਕਰਨਾ ਹੈ ਜਾਂ ਅਨੰਦਪੁਰ ਵਾਲੇ ਗੁਰੂ ਨਾਲ ? ਗੁਰੂ (ਜੀ) ਇਸਲਾਮ ਤੇ ਮੁਗਲ ਹਕੂਮਤ ਵਾਸਤੇ ਇਕ ਭਿਆਨਕ ਖਤਰਾ ਹੈ। ਇਸ ਦੇ ਵਡਿਆ ਨੂੰ ਅਸੀਂ ਦਬਾਉਂਦੇ ਆਏ । ਤੁਸੀਂ ਇਸਲਾਮ ਦੇ ਦੁਸ਼ਮਨ ਨਾਲ ਮਿਲਕੇ ਉਸਨੂੰ ਸਹਾਇਤਾ ਦੇਕੇ ਬਾਦਸ਼ਾਹ ਸਲਾਮਤ ਨੂੰ ਕਿਉਂ ਨਰਾਜ ਕਰ ਰਹੇ ਹੋ ? ਕੀ ਤੁਸਾਂ ਨੂੰ ਪਤਾ ਨਹੀਂ ਕਿ ਮੁਗਲ ਰਾਜ ਇਸ ਸਮੇਂ ਸੰਸਾਰ ਦੀ ਇਕ ਮਹਾਨ ਸ਼ਕਤੀ। ਕਾਬਲ ਤੋਂ ਰਾਜਕੁਮਾਰੀ ਤਕ ਇਸ ਦਾ ਬੋਲਬਾਲ ਹੈ ਅਰਬ ਦੇ ਸਾਰੇ ਦੇਸ਼ ਨਾਮ ਸੁਣਕੇ ਤ੍ਰਬਕਦੇ ਹਨ । ਤੁਸੀਂ ਕੀ ਹੋ? ਆਟੇ ਵਿਚ ਲੂਣ ? ਸੁਥਰੇ ਦੇ ਹਥ ਵਿਚ ਦਿੜੀ ? ਇਸ ਚਿੜੀ ਰਾਹੀਂ ਤੁਸਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਚਿਤਾਵਨੀ ਕਰਾਈ ਜਾਂਦੀ ਹੈ ਕਿ ਸਿੱਧੀ ਤਰਾਂ ਲਿਖੋ ਕਿ ਬਾਦਸ਼ਾਹ ਸਲਾਮਤ ਦਾ ਸਾਥ ਦਿਓਗੇ, ਜੇ ਐਸਾ ਨਾ ਕਰੋਗੇ ਤਾਂ ਦੁਖ ਹੋਵੇਗਾ। ਇਕ ਮਹੀਨੇ ਦੀ ਮੋਹਲਤ ਦਿਤੀ ਜਾਂਦੀ ਹੈ ਕਿ ਜਰੂਰ ਆਪਣੇ ਹਿਰਦੇ ਦੇ ਵਿਚਾਰ ਪ੍ਰਗਟ ਕਰੋ ਨਹੀਂ ਤੇ ਪਹਾੜ ਨੂੰ ਸੋਧਨ ਫਾਸਤੇ ਫੌਜ ਭੇਜੀ ਜਾਵੇਗੀ।'

ਇਸਤਰਾਂ ਦੀ ਚਿਠੀ ਜਦੋਂ ਸਾਰੇ ਪਹਾੜੀ ਰਾਜਿਆਂ ਨੂੰ ਪੁਜੀ ਤਾਂ ਉਹਨਾਂ ਦੇ ਦਿਲ ਹਿਲ ਗਏ। ਉਹ ਪਹਾੜੀਏ ਭੇਡਾਂ ਦੇ ਸਮਾਨ ਸਨ। ਸਤਿਗੁਰੂ ਜੀ ਨੇ ਬਹੁਤ ਯਤਨ ਕੀਤਾ ਕਿ ਉਨ੍ਹਾਂ ਨੂੰ ਸ਼ੇਰ ਬਣਾ ਦਿਤਾ ਜਾਵੇ ਪਰ ਉਹ ਭੇਡਾਂ ਹੀ ਰਹੀਆਂ। ਚੰਦਨ ਦੇ ਬਾਗ ਵਿਚ ਜਿਵੇਂ ਬਾਂਸ ਕੋਰਾ ਰਹਿ ਜਾਂਦਾ ਹੈ ਤਿਵੇਂ ਇਹ ਪਹਾੜੀਏ ਅੰਮ੍ਰਿਤ ਰੂਪੀ ਸਤਿਗੁਰੂ ਜੀ ਦੀ ਸ਼ਕਤੀ ਪਾਸੋਂ ਕੋਰੇ ਰਹੇ ਅਕਾਲ ਪੁਰਖ ਨੇ ਮੇਹਰ ਨਾ ਕੀਤੀ ਉਹ ਸਾਰੇ ਭੀਮ ਚੰਦ ਦੇ ਕੋਲ ਪੁਜੇ, ਵਿਚਾਰਾਂ ਹੋਈਆਂ ਅੰਤ ਫੈਸਲਾ ਕੀਤਾ-'ਇਕ ਸਾਧੂ ਦੇ ਆਖੇ ਲਗਕੇ ਰਾਜ ਭਾਗ ਕਿਉਂ ਗਵਾਈਏ ? ਇਸ ਸਾਧੂ (ਸਤਿਗੁਰੂ ਜੀ) ਪਾਸੋਂ ਅਸਾਂ ਨੂੰ ਕੀ ਲਾਭ ਹੋਵੇਗਾ ? ਬਾਦਸ਼ਾਹ ਔਰੰਗਜ਼ੇਬ ਡਾਢਾ ਬੰਦਾ ਹੈ। ਉਸਨੇ ਅਸਾਡੀਆਂ ਹੜੀਆਂ ਵੀ ਚਬ ਜਾਣੀਆਂ ਹਨ। ਉਸਦੇ ਜ਼ੁਲਮ ਕੋਲੋਂ ਚਤੌੜ ਦੀਆਂ ਕੰਧਾਂ ਕੰਬ ਗਈਆਂ। ਮਥਰਾ ਦੀਆਂ ਹਜਾਰਾਂ ਮਣਾਂ ਭਾਰੀਆਂ ਪਥਰ ਦੀਆਂ ਸਿਲਾ ਅਜ ਤੁਰੀਆਂ ਫਿਰੀਆਂ ਹਨ। ਛੇਤੀ ਲਿਖੋ ਅਸੀਂ ਜਰੂਰ ਬਾਦਸ਼ਾਹ ਸਲਾਮਤ ਦਾ ਸਾਥ ਦੇਵਾਂਗੇ। ਅਗੇ ਧੋਖੇ ਵਿਚ ਆ ਗਏ, ਖਿਮਾ ਮੰਗੋ ਕਿ ਪਤਾ ਨਹੀਂ ਸੀ ਕਿ ਅਲਫ ਖਾਂ ਬਾਦਸ਼ਾਹ ਸਲਾਮਤ ਜਾਂ ਸੂਬੇਦਾਰ ਲਾਹੌਰ ਤੇ ਜੰਮੂ ਵਲੋਂ ਆਇਆ ਸੀ। ਬਾਦਸ਼ਾਹ ਸਲਾਮਤ ਅਸਾਂ ਦਾ ਬਾਪ ਹੈ। ਬਾਪ ਪੁਤ੍ਰਾਂ ਦੀਆਂ ਭੁਲਾਂ ਬਖਸ਼ ਸਕਦਾ ਹੈ।'

ਅਗੇ ਫੈਸਲਾ ਹੋ ਗਿਆ। ਪਾਪੀ ਲੋਕ ਸਤਿਗੁਰੂ ਜੀ ਨਾਲ ਬਚਨ ਕਰਕੇ ਫਿਰ ਗਏ। ਬਚਨ ਤੇ ਧਰਮ ਨੂੰ ਭੁਲਕੇ ਨਰਕਾਂ ਦੇ ਕੀੜੇ ਬਨਣ ਦੀ ਤਿਆਰੀ ਕਰਨ ਲਗੇ। ਸੱਚ ਕਹਿੰਦੇ ਹਨ ਕਮਜ਼ੋਰ ਦਾ ਨਾ ਧਰਮ ਹੁਦਾ ਹੈ ਨਾ ਬਚਨ। ਗਿੱਦੜ ਚਾਰ ਜਮਾਨੇ ਦੇ ਚਿੱਠੀ ਪੜ੍ਹ ਸੁਣ ਕੇ ਹੀ ਹਥਿਆਰ ਸੁਟ ਬੈਠੇ, ਇਕ ਸਾਬਤ ਰਿਹਾ ਸੀ ਰਾਜਾ ਗੁਲੇਰ, ਉਸਨੇ ਕਿਹਾ--'ਸਤਿਗੁਰੂ ਜੀ ਨਾਲ ਬਚਨ

Sri Satguru Jagjit Singh Ji eLibrary NamdhariElibrary@gmail.com

ਕੀਤਾ ਹੈ, ਬਚਨ ਤੋਂ ਮੁਕਰਨਾ ਪੁਰਸ਼ ਦਾ ਕੰਮ ਨਹੀਂ। ਦੇਸ਼ ਸੁਤੰਤਰ ਤੇ ਖੁਸ਼ਹਾਲ ਕਰਨ ਵਾਸਤੇ ਧਰਮ ਦੀ ਰਖਿਆ ਕਰਨ ਦੀ ਪ੍ਰਤਿੱਗਿਆ ਕੀਤੀ ਹੈ। ਜੋ ਪੁਰਸ਼ ਪ੍ਰਤਿੱਗਿਆ ਦਾ ਪਾਲਨ ਨਹੀਂ ਕਰਦਾ ਉਹ ਨਰਕਾਂ ਨੂੰ ਜਾਂਦਾ ਹੈ। ਉਹ ਦੇਸ਼-ਧਰੋਹੀ ਹੈ ਐਸੇ ਪੁਰਸ਼ ਨੂੰ ਕੀੜੇ ਪੈਂਦੇ ਹਨ, ਲੋਕ ਥੁਕਾਂ ਸੁਟਦੇ ਹਨ। ਇਤਿਹਾਸ ਲਾਹਨਤਾ ਪਾਉਂਦਾ ਹੈ। ਮੈਂ ਤਾਂ ਬਾਦਸ਼ਾਹ ਸਲਾਮਤ ਨਾਲ ਇਸ ਸ਼ਰਤ ਤੇ ਸਮਝੌਤਾ ਕਰਨ ਨੂੰ ਤਿਆਰ ਨਹੀ। ਆਪਣੇ ਸੁਖਾਂ ਵਾਸਤੇ ਦੇਸ਼ ਤੇ ਧਰਮ ਨੂੰ ਵੇਚਣ ਨਹੀਂ ਲੱਗਾ। ਬਸ ਮੈਂ ਜਾ ਰਿਹਾ ਹਾਂ, ਤੁਸਾਂ ਦਾ ਮੇਰਾ ਮੇਲ ਕੋਈ ਨਹੀਂ। ਤੁਸੀਂ ਧਰਮ ਦਾ ਤਿਆਗ ਕਰ ਰਹੇ ਹੋ।'

ਇਹ ਆਖਕੇ ਰਾਜਾ ਗੁਲੇਰ ਤੁਰ ਗਿਆ, ਬਾਕੀ ਸਾਰੇ ਬਾਦਸ਼ਾਹ ਦੇ ਹੱਕ ਵਿਚ ਹੋਏ, ਪਰ ਚਿੱਠੀ ਦਾ ਉਤਰ ਛੇਤੀ ਨਾ ਲਿਖ ਸਕੇ। ਰਾਜਾ ਭੀਮਚੰਦ ਨੇ ਸਾਰਿਆਂ ਨਾਲ ਚਾਰ ਸੌ ਵੀਹ ਕੀਤੀ, ਉਹਨਾਂ ਨੂੰ ਆਪਣੀਆਂ ਆਪਣੀਆਂ ਰਿਆਸਤਾਂ ਨੂੰ ਤੋਰਕੇ ਆਪ ਉਸਨੇ ਦਲਾਵਰ ਖਾਂ ਵਲ ਚਿੱਠੀ ਲਿਖੀ। ਮਨ-ਮਰਜ਼ੀ ਨਾਲ ਕੁਝ ਰਾਜਿਆਂ ਦੇ ਹੱਕ ਵਿਚ ਲਿਖ ਦਿਤਾ ਤੇ ਕੁਝ ਦੇ ਖਿਲਾਫ। ਆਪ ਵੱਡਾ ਵਫਾਦਾਰ ਬਣ ਬੈਠਾ, ਨੱਕ ਨਾਲ ਲਕੀਰਾਂ ਕੱਢੀਆਂ। ਮੈਂ ਸਰਕਾਰ ਦਾ ਬੰਦਾ ਹਾ। ਸਰਕਾਰ ਖਿਮਾਂ ਕਰੇ, ਅਗੇ ਨੂੰ ਕਦੀ ਭੁਲ ਨਹੀਂ ਕੀਤੀ ਜਾਵੇਗੀ, ਉਸ ਦਾ ਫੈਸਲਾ ਸੀ। ਚਿੱਠੀ ਪੂਰੀ ਕਰਕੇ ਭੇਜ ਦਿਤੀ ਆਪ ਅਧਰਮੀ ਬਣ ਗਿਆ। ਸਤਿਗੁਰੂ ਜੀ ਤੇ ਸਾਥੀ ਰਾਜਿਆ ਨਾਲ ਗਦਾਰੀ ਕੀਤੀ।

ਰਾਜਸੀ ਬਲ ਕਈ ਵਾਰ ਆਦਮੀ ਦੀ ਅਕਲ ਮਾਰ ਦੇਂਦਾ ਹੈ। ਦਿਲਾਵਰ ਖਾਂ ਨੇ ਪਹਾੜੀ ਰਾਜਿਆਂ ਦੀ ਚਿੱਠੀ ਨੂੰ ਪੜ੍ਹਿਆ, ਉਨ੍ਹਾ ਨੂੰ ਕਿਸੇ ਕਿਸਮ ਦੀ ਲੜਾਈ ਦੀ ਤਿਆਰੀ ਕਰਨ ਦਾ ਪਤਾ ਦਿਤੇ ਬਿਨਾਂ ਹੀ ਉਸ ਨੇ ਆਪਣੇ ਲੜਕੇ ਨੂੰ ਇਕ ਤਕੜਾ ਫੌਜੀ ਦਸਤਾ ਦੇ ਕੇ ਸਤਿਗੁਰੂ ਜੀ ਵਲ ਤੋਰ ਦਿਤਾ। ਓਹ ਮੰਜ਼ਲੇ ਮੰਜ਼ਲੀ ਦਰਿਆ ਸਤਿਲੁਜ ਦੇ ਕਿਨਾਰੇ ਪੁਜਾ। ਦੋ ਤਿੰਨ ਦਿਨ ਉਡੀਕਦਾ ਰਿਹਾ ਕਿ ਹਿੰਦੂ ਰਾਜੇ ਉਹਦੇ ਨਾਲ ਆ ਕੇ ਰਲਦੇ ਹਨ ਕਿ ਨਹੀਂ ਪਰ ਰਾਜੇ ਭੀਮਚੰਦ ਦੀ ਚਲਾਕੀ ਦੇ ਕਾਰਨ ਉਸ ਦੀ ਸਹਾਇਤਾ ਕਿਸੇ ਨਾ ਕੀਤੀ, ਉਸਨੂੰ ਲੋਕਾਂ ਇਹ ਵੀ ਦਸਿਆ ਕਿ ਸਤਿਗੁਰੂ ਜੀ ਨਾਲ ਤੇਰਾ ਜੁਧ

Sri Satguru Jagjit Singh Ji eLibrary NamdhariElibrary@gmail.com

ਕਰਨਾ ਔਖਾ ਹੈ। ਉਹ ਮਹਾਂ ਬਲੀ ਤੇ ਕਰਾਮਾਤੀ ਹਨ। ਉਹਨਾਂ ਕੋਲ ਚੌਣਵੇਂ ਜੁਵਾਨ ਹਨ, ਪਰ ਚੜ੍ਹਦੀ ਜਵਾਨੀ ਪਠਾਣਜ਼ਾਦਾ ਨਾ ਰੁਕ ਸਕਿਆ, ਉਸਨੇ ਅਨੰਦਪੁਰ ਉਤੇ ਹਮਲਾ ਕਰਨ ਦੀ ਨੀਤ ਪੱਕੀ ਕਰ ਲਈ ਅਤੇ ਰਾਤ ਦੇ ਸਮੇਂ ਦਰਿਆ ਸਤਿਲੁਜ ਤੋਂ ਪਾਰ ਹੋਣਾ ਅਰੰਭਿਆ। ਤਿਸ ਬਾਰੇ ਸਤਿਗੁਰੂ ਜੀ ਆਪ ਬਚਿਤ੍ਰ ਨਾਟਕ ਵਿਚ ਫੁਰਮਾਉਂਦੇ ਹਨ—

'ਤਬ ਲੌ ਖਾਨ ਦਿਲਾਵਰ ਆਏ ॥ ਪੂਤ ਅਪਨ ਹਮ ਓਰ ਪਠਾਏ ॥
ਦੋ ਘਰੀ ਬੀਤੀ ਨਿਸ ਜਬੈ॥ ਚੜਤ ਕਰੀ ਖਾਨਨ ਮਿਲਿ ਤਬੈ ॥੨॥
ਜਬ ਦਲ ਪਾਰ ਨਦੀ ਕੇ ਆਯੋ ॥ ਆਨ ਆਲਸੈ ਹਮੈ ਜਗਾਯੋ ॥
ਸੋਰੁ ਪਰਾ ਸਭ ਹੀ ਨਰ ਜਾਗੇ॥ ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ॥੩॥
ਛੂਟਨ ਲਗੀ ਤੁਫੰਗੈਂ ਤਬ ਹੀ ॥ ਗਹਿ ਗਹਿ ਸਸਤ੍ਰ ਰਿਸਾਨੇ ਸਬ ਹੀ॥
ਕੂਰ ਭਾਂਤਿ ਤਿਨ ਕਰੀ ਪੁਕਾਰਾ ॥ ਸੋਰੁ ਸੁਨਾ ਸਰਤ ਕੇ ਪਾਰਾ ॥ ੪ ॥

ਦਿਲਾਵਰ ਖਾਂ ਇਕ ਸੀ, ਉਸਨੇ ਆਪਣੇ ਪੁਤ੍ਰ ਨੂੰ ਅਸਾਂ ਵਲ ਭੇਜਿਆ। ਜਦੋਂ ਅਸਾਂ ਨੂੰ ਖਬਰ ਮਿਲੀ ਉਸ ਵੇਲੇ ਦੋ ਘੜੀ ਰਾਤ ਬੀਤ ਚੁਕੀ ਸੀ ਤੇ ਇਹ ਦਸਿਆ ਸੀ ਕਿ ਖਾਨ ਚੜ੍ਹ ਕੇ ਆ ਗਿਆ ਹੈ। ਉਸ ਵੇਲੇ ਦਲ ਨਦੀ (ਸਤਿਲੁਜ) ਤੋਂ ਪਾਰ ਸੀ। ਰੌਲਾ ਪੈ ਗਿਆ ਸੀ ਤੇ ਮਸਾਲਾਂ ਜਗ ਰਹੀਆਂ ਸਨ। ਜਿਸ ਵੇਲੇ ਨਦੀ ਤੋਂ ਉਰਾਰ ਆ ਗਏ ਤਾ ਅਸਾਂ ਨੂੰ ਮੁੜਕੇ ਜਗਾਇਆ ਗਿਆ, ਉਸ ਵੇਲੇ ਐਨਾ ਰੌਲਾ ਪੈ ਗਿਆ ਕਿ ਸਾਰੇ ਸੁਤੇ ਜਾਗ ਉਠੇ ਤੇ ਕੋਠਿਆ ਉਤੇ ਚੜ੍ਹ ਗਏ। ਉਸ ਵੇਲੇ ਜੋ ਸੂਰਮੇ ਸਨ ਓਹ ਸ਼ਸਤ੍ਰ ਫੜ ਫੜ ਕੇ ਵੈਰੀ ਵਲ ਨੱਸਣ ਲਗੇ। ਉਸ ਵੇਲੇ ਬੰਦੂਕਾਂ ਵੀ ਚਲਣ ਲਗ ਪਈਆਂ। ਸਾਰੇ ਸ਼ਸਤ੍ਰਾਂ ਨੂੰ ਸਜਾ ਰਹੇ ਸਨ। ਅਸਚਰਜ ਹੀ ਸਮਾਂ ਸੀ। ਨਦੀ ਤੋਂ ਆਰ-ਪਾਰ ਰੌਲਾ ਹੀ ਰੌਲਾ ਸੀ।

(ਭੁਜੰਗ ਪ੍ਰਯਾਤ ਛੰਦ) ਬਜੀ ਭੇਰ ਭੁੰਕਾਰ ਧੁੰਕੇ ਨਗਾਰੇ ॥ ਮਹਾਂ ਬੀਰ ਬਾਨੈਤ ਬੰਕੇ ਬਕਾਰੇ॥ਭਏ ਬਾਹੁ ਆਘਾਤ ਨੱਚੇ ਮਰਾਲੰ॥ਕ੍ਰਿਤਾ ਸਿੰਧ ਕਾਲੀ ਗਰੱਜੀਬ ਕਾਲੰ ॥ ੫) ਠ ਦੀ ਯੰ ਲਖਿਓ ਕਾਲਰਾਤ੍ਰੰ ਸਮਾਨੰ॥ ਕਰੇ ਸੂਰਮਾ ਸੀਤ ਪਿੰਗੰ ਪ੍ਰਮਾਨੰ॥ਇਤੇ ਬੀਰ ਗੱਜੇ ਭਏ ਨਾਦ ਭਾਰੇ॥ਭਜੇ

Sri Satguru Jagjit Singh Ji eLibrary NamdhariElibrary@gmail.com

ਖਾਨ ਖੂਨੀ ਬਿਨਾ ਸਸਤ੍ਰ ਝਾਰੇ ॥੬॥

ਉਸੇ ਵੇਲੇ ਜੁਧ ਦਾ ਐਲਾਨ ਹੋ ਗਿਆ । ਢੋਲ ਵਾਜੇ ਵੱਜਣ ਲਗ ਪਏ। ਨਗਾਰਿਆਂ ਉਤੇ ਡੱਗੇ ਲਗ ਪਏ ਤੇ ਉਹ ਬੱਦਲ ਵਾਂਗ ਗੂੰਜਣ ਲਗੇ। ਮਹਾਂ ਬਲੀ ਜੋਧੇ, ਜੋ ਜਵਾਨ ਆਏ ਸਨ, ਉਹ ਬਾਹੀਂ ਉਚੀਆਂ ਕਰ ਕਰ ਨੱਚਦੇ ਸਨ। ਜਿਵੇਂ ਕਾਲੀ ਕਦੀ ਗਰਜੀ ਸੀ, ਇਸ਼ੇ ਤਰਾਂ ਦਇਆ ਦੇ ਸਾਗਰ ਸਤਿਗੁਰ ਜੀ ਨੇ ਖੰਡਾ ਹੱਥਾਂ ਵਿਚ ਲਿਆ, ਕਾਲੀ ਬੋਲੀ ਰਾਤ ਸੀ, ਉਸੇ ਵੇਲੇ ਭਿਆਨਕ ਲੜਾਈ ਹੋਣ ਲੱਗੀ, ਜਦੋਂ ਹਨੇਰੇ ਵਿਚ ਹੱਥ ਪਸਾਰਿਆ ਨਹੀਂ ਸੀ ਦਿਸਦਾ। ਸੂਰਮੇ ਨਾਹਰੇ ਲਾਉਣ ਲਗੇ ਤੇ ਨਾਦ ਹੋ ਰਹੇ ਸਨ। ਉਸੇ ਵਲੇ ਸੂਰਮਿਆਂ ਨੇ ਐਸੀ ਕੱਟਵੱਢ ਸ਼ੁਰੂ ਕੀਤੀ ਕਿ ਖਾਨ (ਮੁਸਲਮਾਨ) ਹਥਿਆਰ ਸੁਟ ਕੇ ਹੀ ਨੱਸ ਗਏ। ਸਿਖ ਉਨ੍ਹਾਂ ਦੇ ਡਕਰੇ ਕਰਦੇ ਸਨ।

ਨਿਲੱਜ ਖਾਨ ਭਜਿਓ ॥ ਕਿਨੀ ਨ ਸਸਤ੍ਰ ਸਜਿਓ ॥ ਸੁ ਤਿਆਗ ਖੇਤ
ਕੌ ਚਲੇ ॥ ਸੁ ਬੀਰ ਬੀਰਹਾ ਭਲੇ ॥ ੭ ॥ ਚਲੇ ਦੂਰੇ ਤੁਰਾਇਕੈ ॥ ਸਰੇ
ਨ ਸ਼ਸਤ੍ਰ ਉਠਾਇਕੈ ॥ ਨ ਲੈ ਹਥਿਆਰ ਗੱਜ ਹੀ ॥ ਨਿਹਾਰ
ਨਾਰਿ ਲਜ ਹੀ ॥ ੮ ॥

ਸਿਖਾਂ ਨੇ ਐਸੀ ਭਿਆਨਕ ਲੜਾਈ ਲੜੀ ਕਿ ਖਾਨਜਾਦਾ ਨੱਸ ਉਠਿਆ, ਨਸੇ ਜਾਂਦੇ ਨੇ ਹਥਿਆਰ ਵੀ ਨ ਸੰਭਾਲੇ। ਉਹ ਰਣਭੂਮੀ ਨੂੰ ਛਡ ਕੇ ਉਸੇ ਤਰਾਂ ਤੁਰ ਪਏ ਜਿਵੇਂ ਇਕ ਸਾਧੂ ਸਰਾਂ ਦੇ ਧੂਣੇ ਨੂੰ ਛੱਡ ਕੇ ਤੁਰ ਜਾਂਦਾ ਹੈ। ਉਨ੍ਹਾਂ ਵਿਚ ਵਡੇ ਸੂਰਮੇ ਵੀ ਸਨ, ਜੋ ਪਠਾਣ ਤੇ ਤੁਰਕ ਆਪਣੇ ਆਪ ਨੂੰ ਬੀਰਾਂ ਦੇ ਬੀਰ (ਉਤਮ) ਸਮਝਦੇ ਹਨ, ਉਹ ਹਥਿਆਰ ਲੈ ਕੇ ਗਰਜਦੇ ਨਹੀਂ ਸਨ। ਘਰੀਂ ਜਾ ਕੇ ਵਹੁਟੀਆਂ ਕੋਲ ਸ਼ਰਮਿੰਦੇ ਹੋਣ ਗੇ, ਲੜਨ ਆਏ ਤੇ ਨੱਸਕੇ ਤੁਰ ਗਏ।

ਦੋਹਰਾ—ਬਰਵਾ ਗਾਉਂ ਉਜਾਰਕੇ ਕਰੇ ਮੁਕਾਮ ਭੁਲਾਨ ॥
ਪ੍ਰਭੁ ਬਲ ਹਮੈ ਨ ਛੁਇ ਸਕੈ ਭਾਜਤ ਭਏ ਨਿਦਾਨ ॥
ਤਬ ਬਲ ਈਹਾਂ ਨ ਪਰ ਸਕੈ ਬਰਵਾ ਹਨਾ ਰਿਸਾਇ ॥
ਸਾਲਿਨ ਰਸ ਜਿਮ ਬਾਨੀਜੇ ਰੋਰਨ ਖਾਤ ਬਨਾਇ॥੭੦॥

Sri Satguru Jagjit Singh Ji eLibrary NamdhariElibrary@gmail.com

ਅਨੰਦਪੁਰ ਵਿਚ ਸਤਿਗੁਰੂ ਜੀ ਦੇ ਡੇਰੇ ਤੇ ਅਨੰਦਪੁਰ ਦੀ ਵਸੋਂ ਨੂੰ ਤਾਂ ਉਜਾੜ ਨਾ ਸਕੇ ਪਰ ਰਾਹ ਵਿਚ ਜਾਂਦ ਹੋਏ ਬਰਵਾ ਪਿੰਡ ਦੇ ਗਰੀਬ ਲੋਕਾਂ ਨੂੰ ਲੁਟਿਆ ਤੇ ਪਿੰਡ ਨੂੰ ਸਾੜਿਆ ਪਰ ਪਿੰਡ ਨੂੰ ਲੁਟ ਕੇ ਮੂਰਖ ਤੁਰ ਗਿਆ। ਉਸਦਾ ਐਸਾ ਹਾਲ ਸੀ ਜਿਵੇਂ ਬਾਣੀਆਂ (ਕੰਜੂਸ) ਰੋੜਿਆਂ ਦਾ ਸਲੂਣਾ ਰਿੰਨ੍ਹ ਕੇ ਤਰੀ ਪੀਵੇ। ਗੁਰੂ ਜੀ ਫੁਰਮਾਉਂਦੇ ਹਨ ਜਿਥੇ ਲੜਨ ਦੀ ਤੇ ਬਹਾਦਰੀ ਵਿਖਾਉਣ ਦੀ ਸੀ, ਉਥੋਂ ਤਾਂ ਨੱਸ ਗਿਆ ਤੇ ਜਿਥੇ ਤਰਸ ਕਰਨਾ ਸੀ ਉਥੇ ਬਲ ਦਾਂ ਮਾੜਾ ਦਿਖਾਵਾ ਕਰ ਗਿਆ।

ਇਉਂ ਦਿਲਾਵਰ ਖਾਂ ਦਾ ਪੁਤ੍ਰ ਮਾਰ ਖਾ ਕੇ ਨੱਸ ਗਿਆ ਤੇ ਹੌਲੀ ਹੌਲੀ ਉਹ ਲਾਹੌਰ ਪੁਜ ਗਿਆ। ਰਾਹ ਵਿਚ ਉਸਨੇ ਹਿੰਦੂਆਂ ਦਾ ਬਹੁਤ ਨੁਕਸਾਨ ਕੀਤਾ।

੨੪. ਹੁਸੈਨੀ ਦਾ ਯੁਧ

ਦਿਲਾਵਰ ਖਾਂ ਨੇ ਜਦੋਂ ਦੇਖਿਆ ਕਿ ਉਸਦਾ ਪੁਤ੍ਰ ਮਾਰ ਖਾਕੇ ਰਿੱਦੜਾ ਵਾਂਗ ਨੱਸ ਆਇਆ ਹੈ ਤੇ ਕਿਸੇ ਪਹਾੜੀ ਰਾਜੇ ਨੇ ਉਸਦੀ ਸਹਾਇਤਾ ਨਹੀਂ ਕੀਤੀ। ਉਹ ਬਹੁਤ ਗਰਮ ਹੋਇਆ, ਗੁਸੇ ਨਾਲ ਤਪੇ ਖਪੇ ਨੇ ਰਾਜੇ ਭੀਮਚੰਦ ਵਲ ਇਕ ਕੜਾਕੇ ਦੀ ਚਿੱਠੀ ਲਿਖੀ, ਉਸ ਵਿਚ ਲਿਖਿਆ ਸੀ ਕਿ ਤੇਰੀ ਭੇੜੀ ਨੀਤ ਉਤੇ ਮੈਨੂੰ ਸ਼ੱਕ ਹੈ। ਜਾਂ ਤਾ ਠੀਕ ਹੋ ਜਾ, ਨਹੀਂ ਤੇ ਤੇਰੇ ਰਾਜ ਦਾ ਅੰਤ ਕੀਤਾ ਜਾਵੇਗਾ। ਮੈਂ ਫੌਜਾਂ ਭੇਜ ਰਿਹਾ ਹਾ, ਇਸ ਦਫਾ ਮੁਗਲ [ਮੇਰੀ] ਫੌਜ ਦੀ ਸਹਾਇਤਾ ਕਰਨੀ ਤੇ ਗੁਰੂ [ਜੀ] ਨੂੰ ਹਾਰ ਦੇਣੀ। ਜੇਹੜੇ ਉਸਦੇ ਹਮਾਇਤੀ ਜਾਂ ਜਾਂ ਚੇਲੇ ਹਨ ਉਹਨਾਂ ਨੂੰ ਵੀ ਸੋਧਣਾ।

ਦੂਸਰੇ ਪਾਸੇ ਦਿਲਾਵਰ ਖਾਂ ਨੇ ਆਪਣੇ ਗੁਲਾਮ ਹੁਸੈਨ ਖਾ ਨੂੰ ਸਦਿਆ। ਇਹ ਬੜਾ ਤਕੜਾ ਸੂਰਮਾ ਤੇ ਆਕੜ ਖਾਂ ਸੀ। ਇਸਦਾ ਪ੍ਰਸਿਧ ਨਾਮ 'ਹੁਸੈਨੀ' ਸੀ। ਉਸਨੂੰ ਫੌਜ ਦੇਕੇ ਭੇਜਿਆ, ਦੁਸ਼ਟ ਭੀਮਚੰਦ ਨੇ ਅਗੇ ਹੀ ਇਤਲਾਹ ਦਿਤੀ ਹੋਈ ਸੀ ਕਿ ਗੁਲੇਰ ਦਾ ਰਾਜਾ ਗੁਪਾਲ ਚੰਦ ਬੜਾ ਆਕੜਖਾਨ ਬਣ ਗਿਆ ਅਤੇ ਉਹਦੇ ਵਲ ਦਸ ਹਜਾਰ ਰੁਪਿਆ ਮਾਮਲਾ ਰਹਿੰਦਾ ਹੈ। ਹੁਸੈਨੀ ਸਿਧਾ ਅਨੰਦਪਰ ਨੂੰ ਆਉਣ ਦੀ ਥਾਂ ਪਠਾਨਕੋਟ ਤੋਂ ਨੂਰਪੁਰ ਨੂੰ ਹੋ ਗਿਆ। ਨੂਰਪੁਰ

Sri Satguru Jagjit Singh Ji eLibrary NamdhariElibrary@gmail.com

ਦੇ ਰਾਜੇ ਨੇ ਉਸਦਾ ਸਾਥ ਦਿਤਾ ਤੇ ਉਹ ਫੌਜ ਨਾਲ ਲੈ ਕੇ ਅਗੇ ਵਧਣ ਨੂੰ ਤਿਆਰ ਹੋ ਪਿਆ। ਕੁਝ ਕੁ ਹੋਰ ਵੀ ਪਹਾੜੀ ਰਾਜੇ ਉਸਦੇ ਨਾਲ ਸਨ। ਦੋ ਹਜਾਰ ਜਵਾਨ ਤੇ ਅਲਫ ਖਾਂ ਤੇ ਸ਼ਮਸ਼ੇਰ ਖਾਂ ਵਰਗੇ ਤਜਰਬਾਂਕਾਰ ਫੌਜੀ ਅਫਸਰ ਸਨ। ਉਹ ਚੜਾਈ ਕਰਕੇ ਕਿਵੇਂ ਅਗੇ ਜਾਣ ਲਗਾ ? ਸਤਿਗੁਰੂ ਜੀ ਆਪਣੀ ਬਾਣੀ ਰਾਹੀਂ ਫੁਰਮਾਉਂਦੇ ਹਨ:—

ਕਰਿਓ ਜੋਰ ਸੈਨੰ ਹੁਸੈਨੀ ਪਜਾਨੰ ॥ ਪ੍ਰਥਮ ਕੁਟਿਕੈ ਲੂਟ ਲੀਨੋ ਅਵਾਨੰ ॥
ਪੁਨਰਿ ਡਢਵਾਲੰ ਕੀਓ ਜੀਤਿ ਜੋਰੰ ॥ ਕਰੰ ਬੰਦਿ ਕੈ ਰਾਜ ਪੁਤ੍ਰਾਨ ਚੋਰੰ ॥

ਹੁਸੈਨੀ ਨੇ ਜੋਰ ਕੀਤਾ, ਉਸਨੇ ਤਹਿਲਾਂ ਕਈਆਂ ਨੂੰ ਕੁਟਿਆ ਤੇ ਲੁਟਿਆ ਅਤੇ ਗੁਲਾਮ ਕੀਤਾ। ਡਢਵਾਲੀਏ ਰਾਜੇ ਨੂੰ ਵੀ ਜਿਤ ਲਿਆ। ਰਾਜ ਪੁਤ੍ਰਾਂ ਨੂੰ ਕੈਦੀ ਬਣਾ ਲਿਆ। ਇਸ ਤਰਾਂ ਉਸਨੇ ਅੰਨੀ ਪਾਈ ਤੇ ਦੂਨ ਦੇ ਕਈਆਂ ਅਸਥਾਨਾਂ ਨੂੰ ਜਿਤਿਆ ਤੇ ਅਗੇ ਵਧਦੇ ਗਏ। ਇਸਤਰਾਂ ਕਿੰਨਾ ਚਿਰ ਬੀਤ ਗਿਆ ਓਹਦੇ ਜੁਲਮਾਂ ਦਾ ਕਿੱਸਾ ਸਾਰੇ ਪਹਾੜ ਵਿਚ ਖਿਲਰ ਗਿਆ। ਉਸਦੇ ਧਕੇ ਤੇ ਫਤਹ ਕਰਨ ਦੀ ਨੀਤ ਨੂੰ ਸੁਨਕੇ ਸਤਿਗੁਰੂ ਜੀ ਨੇ ਆਤਣੀ ਸ਼ੈਨਾ ਨੂੰ ਤਿਆਰ ਰਹਿਣ ਦਾ ਹੁਕਮ ਦਿਤਾ। ਹੁਸੈਨੀ ਹਨੇਰੀ ਵਾਗ ਵਧਦਾ ਹੋਇਆ ਗੁਲੇਰ ਰਾਜ ਦੇ ਨੇੜੇ ਪੁਜ ਗਿਆ।

ਦੋਹਰਾ—ਕਿਤਕ ਦਿਵਸ ਬਤੀਤ ਭਏ ਕਰਤ ਉਸੇ ਉਤਪਾਤ ॥
ਗੁਆਲੇਰੀਅਨ ਕੀ ਪਰਤ ਭੀ ਆਨ ਮਿਲਨ ਕੀ ਬਾਤ ॥੪॥
ਜੌ ਦਿਨ ਦੁਇਕ ਨ ਮਿਲਤ ਵੈ, ਤਬ ਆਵਤ ਅਰ ਰਾਇ ॥
ਕਾਲਿ ਤਿਨੂ ਕੇ ਘਰ ਬਿਖੈ ਡਾਰੀ ਕਲਹ ਬਨਾਇ ੫॥
(ਚੌਪਈ) ਗੁਆਲੇਰੀਆ ਮਿਲਨ ਕਹੁ ਆਏ ॥ ਰਾਮ ਸਿੰਘ ਭੀ ਸੰਘ ਸਿਧਾਏ ॥
ਚਤਰਥਆਨ ਮਿਲਤ ਭਏ ਜਾਮੰ ॥ ਛੁਟਿ ਗਈ ਲਖਿਨਜਰਿ ਗੁਲਾਮੰ ॥੬॥

ਇਸਤਰਾਂ ਕਿਤਨੇ ਦਿਨ ਉਨ੍ਹਾਂ ਉਪੱਦਰ ਕਰਦਿਆਂ ਬਤੀਤ ਹੋ ਗਏ ਤਾਂ ਉਹਦੀ ਨਿਗਾਹ ਗੁਲੇਰ ਵਾਲਿਆਂ ਵਲ ਹੋਈ ਉਹਨਾਂ ਨੂੰ ਸੁਨੇਹਾ ਭੇਜਿਆ ਕਿ ਆਕੇ ਮਿਲੋ ਤੇ ਮਾਮਲੇ ਦੀ ਬਾਕੀ ਪੇਸ਼ ਕਰੋ। ਜੇਕਰ ਦੋ ਦਿਨ ਦੇ ਅੰਦਰ ਅੰਦਰ ਨਾ ਮਿਲੇ ਤਾਂ ਦੁਖ ਦਾ ਮੁਕਾਬਲਾ ਕਰਨਾ ਪਵੇਗਾ। ਇਹ ਹੁਕਮ

Sri Satguru Jagjit Singh Ji eLibrary NamdhariElibrary@gmail.com

ਸੁਣਕੇ ਗੁਪਾਲ ਚੰਦ ਗੁਲੇਰ ਰਾਮ ਸਿੰਘ ਨੂੰ ਨਾਲ ਲੈਕੇ ਹੁਸੈਨੀ ਨੂੰ ਮਿਲਣ ਵਾਸਤੇ ਆਇ। ਨਾਲੇ ੪ ਹਜ਼ਾਰ ਰੁਪਿਆ ਵੀ ਲਿਆਏ। ਰਾਜੇ ਨੂੰ ਦੇਖਕੇ ਹੁਸੈਨੀ ਨੂੰ ਕਰੋਧ ਚੜ ਗਿਆ ਕਿਉ ਕਿ ਉਸਨੂੰ ਦੂਸਰਿਆ ਰਾਜਿਆਂ ਨੇ ਰਾਜਾ ਗੁਲੇਰ ਦੇ ਵਿਰੁਧ ਸੀਖਿਆ ਹੋਇਆ ਸੀ. ਉਹਨੇ ਸਿਧੇ ਮੂਹ ਨਾਲ ਗਲ ਹੀ ਨਹੀਂ ਕੀਤੀ ਸਗੋਂ ਅਖਾਂ ਦਿਖਾਈਆਂ, ਉਸਦੀਆਂ ਲਾਲ ਪੀਲੀਆ ਅੱਖਾਂ ਦੇਖਕੇ ਰਾਜਾ ਗੁਪਾਲ ਚੰਦ ਸਮਝ ਗਿਆ ਕਿ ਦਾਲ ਵਿਚ ਜਰੂਰ ਕਾਲਾ ਹੈ। ਇਸ ਕੋਲੋਂ ਭਲਾ ਨਹੀਂ, ਆਖਰ ਉਸਨੂੰ ਪਤਾ ਲਗ ਗਿਆ ਗੁਪਤ ਅਗ ਪ੍ਰਗਟ ਹੋ ਗਈ। ਜਦੋਂ ਹੁਸੈਨੀ ਨੇ ਗਰਜਕੇ ਕਿਹਾ—ਰਾਜਾ ਗੁਪਾਲ ਚੰਦ ! ਇਹ ਗਲਾਂ ਠੀਕ ਪ੍ਰਤੀਤ ਹੁਦੀਆਂ ਹਨ ਕਿ ਤੂੰ ਬਾਦਸ਼ਾਹ ਸਲਾਮਤ ਦੇ ਵਿਰੁਧ ਹੈ, ਤੇ ਬਾਗੀਆਂ ਦੀ ਸਹਾਇਤਾ ਕਰ ਰਿਹਾ ਹੈਂ। ਬਾਦਸ਼ਾਹ ਸਲਾਮਤ ਅਤੇ ਸੂਬੇਦਾਰ ਦਿਲਾਵਰ ਖਾ ਪਾਸ ਤੇਰੀਆਂ ਅਨੇਕਾਂ ਸ਼ਕਾਇਤਾ ਪੁਜੀਆਂ ਹੋਈਆਂ ਹਨ, ਫਿਰ ਵੀ ਮੈਂ ਨਹੀਂ ਚਾਹੁਦਾ ਕਿ ਤੇਰੇ ਨਾਲ ਕਿਸੇ ਗਲ ਦਾ ਵਾਧਾ ਹੋਵੇ। ਢੰਗ ਇਹੋ ਹੈ ਕਿ ਦਸ ਹਜਾਰ ਰੁਪਿਆ ਇਕ ਦਮ ਸਾਰੀ ਰਕਮ ਦੀ ਸੂਰਤ ਵਿਚ ਪੇਸ਼ ਕਰ ਦੇਹ ਦੂਸਰਾ ਮਾਮਲੇ ਦੀ ਵਸੂਲੀ ਵਿਚ ਮੇਰੀ ਸਹਾਇਤਾ ਕਰ। ਫੌਜ ਲੈ ਕੇ ਮੇਰੇ ਨਾਲ ਤੁਰ ਤੇ ਤੀਸਰਾ ਅਨੰਦਪੁਰ ਦੇ ਗੁਰੂ [ਜੀ] ਦੇ ਦਬ ਉਣ ਵਾਸਤੇ ਆਪਣੀ ਸਾਰੀ ਸ਼ਕਤੀ ਦੀ ਵਰਤੋਂ ਕਰ ਕਿਉਂਕਿ ਉਹ (ਸਤਿਗੁਰੂ ਜੀ) ਸਾਰਿਆਂ ਵਾਸਤੇ ਭਿਆਨਕ ਖਤਰਾ ਹੈ।

ਹੁਸੈਨੀਦੇ ਐਸੇ ਹੁਕਮ ਸੁਣ ਅਣਖੀਲਾ ਰਾਜਾ ਗੁਪਾਲਚੰਦ ਤੜਪ ਉਠਿਆ ਉਹਦੇ ਹਿਰਦੇ ਵਿਚ ਕ੍ਰੋਧ ਦੀ ਅਗਨੀ ਪ੍ਰਚੰਡ ਹੋਈ ਪਰ ਉਸ ਅਗਨੀ ਨੂੰ ਉਸ ਨੇ ਪ੍ਰਗਟ ਨਹੀਂ ਹੋਣ ਦਿਤਾ। ਚਿਤ ਹੀ ਚਿਤ ਸਤਿਗੁਰੂ ਜੀ ਅਗੇ ਅਰਦਾਸ ਕਰਨ ਲਗੇ—ਹੇ ਦਾਤਾ ! ਤੁਰਕ ਦੀ ਚੰਦ੍ਰੀ ਜਬਾਨ ਤੋਂ ਮੈਂ ਕੀ ਸੁਣ ਰਿਹਾ ਹਾਂ। ਇਸ ਦੀ ਜਬਾਨ ਕਿਉਂ ਨਹੀਂ ਸੜ ਜਾਂਦੀ ਜੋ ਇਹ ਤੁਸਾਂ ਦੀ ਨਿੰਦਾ ਕਰ ਰਿਹਾ ਹੈ। ਜਿਹੜਾ ਸਤਿਗੁਰੂ ਨਾਨਕ ਜੀ ਦੇ ਘਰ ਦਾ ਨਹੀਂ। ਪ੍ਰਮੇਸ਼ਰ ਦੇ ਘਰ ਦਾ ਵਿਰੋਧੀ ਹੈ। ਵੈਰੀ ਹੈ। ਹੇ ਸਚੇ ਪਾਤਸ਼ਾਹ ! ਤੇਰੀ ਓਟ ਹੈ। ਤੇਰਾ ਹੀ ਆਸਰਾ ਹੈ। ਕ੍ਰਿਪਾ ਕਰ ਮੈਨੂੰ ਬਲ ਬਖਸ਼ ਮੈਂ ਧਰਮ ਦੀ ਪਾਲਣਾ ਕਰਾਂ ਤੇ

Sri Satguru Jagjit Singh Ji eLibrary NamdhariElibrary@gmail.com

ਇਸ ਦੁਸ਼ਟ ਦਾ ਅੰਤ ਕਰਾਂ। ਐਸੇ ਪਾਪੀ ਨੂੰ ਅਨੰਦਪੁਰ ਜੈਸੀ ਪਵਿਤਰ ਤੇ ਸੁਵਰਗੀ ਧਰਤੀ ਦੇ ਨੇੜੇ ਨਾ ਢੁਕਣ ਦੇਵਾਂ। ਮੇਹਰ ਹੋਵੇ! ਮੇਰੀ ਆਤਮਾ ਅਡੋਲ ਰਹੇ ਨਿਰਬਲ ਨਾ ਹੋਵੇ।

ਰਾਜਾ ਗੁਪਾਲ ਚੰਦ ਤਾਂ ਆਪਣੇ ਮਾਲਕ ਅਗੇ ਅਰਦਾਸ ਕਰਦਾ ਰਿਹਾ ਤੇ ਹੁਸੈਨੀ ਨੇ ਸਮਝਿਆ ਸ਼ਾਇਦ ਵੈਸੇ ਹੀ ਚੁਪ ਬੈਠਾ ਹੈ। ਕੋਈ ਉਤਰ ਨਾ ਸੁਣਕੇ ਉਹ ਕੜਕ ਕੇ ਬੋਲਿਆ-'ਜੋ ਕੁਝ ਮੈਂ ਕਿਹਾ ਹੈ, ਇਹ ਮਨਜੂਰ ਹੈ?'

'ਮੈ ਘਰੋਂ ਰੁਪਿਆ ਹੋਰ ਲੈ ਆਵਾਂ। ਫਿਰ ਆਕੇ ਦੱਸਦਾ ਹਾਂ, ਕਿਉਂਕਿ ਵੱਡਾ ਝਗੜਾ ਤਾਂ ਰੁਪੈ ਦਾ ਹੈ।' ਗੁਲਾਬ ਚੰਦ ਨੇ ਉਤਰ ਦਿਤਾ।

'ਬਹੁਤ ਹੱਛਾ! ਰੁਪਿਆ ਲੈ ਆ, ਪੂਰਾ ਰੁਪਿਆ ਦਸ ਹਜਾਰ।' ਹੁਸੈਨੀ ਖੁਸ਼ ਹੋ ਗਿਆ। ਉਸਦੇ ਵਿਚਾਰ ਵਿਚ ਰਾਜਾ ਗੁਪਾਲ ਦਾਸ ਡਰ ਗਿਆ ਹੈ। ਪਰ ਓਥੇ ਕੁਛ ਹੋਰ ਹੀ ਸੋਚਿਆ ਜਾ ਰਿਹਾ ਸੀ। ਓਥੇ ਤਾਂ ਸੁਰਤੀ ਸਤਿਗੁਰੂ ਜੀ ਦੇ ਚਰਨਾ ਨਾਲ ਜੁੜੀ ਹੋਈ ਸੀ। ਓਥੇ ਤਾਂ ਸੋਚਿਆ ਜਾ ਰਿਹਾ ਸੀ ਅਤੇ ਸਲਾਹ ਲਈ ਜਾ ਰਹੀ ਸੀ ਕਿ ਲੜਾਈ ਕਿਵੇਂ ਲੜੀ ਜਾਵੇ। ਮੂਰਖ ਹੁਸੈਨੀ ਦਾ ਕਾਲ ਨੇੜੇ ਪੁਜ ਰਿਹਾ ਸੀ। ਹੰਕਾਰੀ ਮੂਰਖ ਹੁਸੈਨੀ ਨਹੀਂ ਸੀ ਸਮਝਦਾ ਕਿ ਉਹ ਕੀ ਹੈ? ਸੱਚ ਤੋਂ ਪਰੇ ਝੂਠ ਦੇ ਆਸਰੇ ਖਲੋਤਾ ਹੋਇਆ ਸੀ। ਦਾਤੂ ਦੇ ਕਥਨ ਅਨੁਸਾਰ ਜੈਸੇ-ਰਵਿ ਕੇ ਤੇਜ ਤੇ ਰੇਤ ਅਧਿਕ ਤਪਤਾਇ॥ ਕਵਿ ਬਲਿ ਛੁਦ੍ਰ ਨ ਜਾਨਈ ਆਪਨ ਹੀ ਗਰਬਾਇ॥

ਜਿਵੇਂ ਰੇਤ ਤੱਤੀ ਹੁਦੀ ਹੈ ਸੂਰਜ ਦੇ ਸੇਕ ਨਾਲ, ਪਰ ਉਹ ਇਹ ਸਮਝਦੀ ਹੈ ਕਿ ਇਹ ਸੇਕ ਮੇਰਾ ਹੈ ਤੇ ਮੈਂ ਕਿਸੇ ਦੇ ਪੈਰ ਸਾੜ ਸਕਦੀ ਹਾਂ। ਉਹ ਜਿਥੋਂ ਸੇਕ ਪਰਾਪਤ ਕਰਦੀ ਹੈ। ਉਸਨੂੰ ਭੁਲ ਜਾਂਦੀ ਹੈ, ਏਹੋ ਦਸ਼ਾ ਹੁਸੈਨੀ ਦੀ ਸੀ ਕਿ ਬਲ ਤੇ ਮਨੁਖਾ ਜਨਮ ਜਿਸ ਦਾਤੇ ਕੋਲੋਂ ਪਰਾਪਤ ਕਰ ਚੁਕਾ ਸੀ ਉਸ ਪਰਮਾਤਮਾ ਦੇ ਵਿਰੁਧ ਹੋ ਗਿਆ। ਜਿਵੇਂ ਸਪ ਦੀ ਮੌਤ ਆਵੇ ਤਾਂ ਉਹ ਚੁਰਾਹੇ ਵਿਚ ਬੈਠਦਾ ਹੈ। ਹੁਸੈਨੀ ਦਾ ਕਾਲ ਉਸ ਨੂੰ ਗੁਲੇਰ ਵਿਚ ਲਿਆਇਆ। ਜਦੋਂ ਮਨੁਖ ਦਾ ਕਾਲ ਆਵੇ ਤਾਂ ਉਸ ਨੂੰ ਕੁਝ ਸੁਝਦਾ ਨਹੀਂ, ਉਹ ਪੁਠੀਆਂ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਰਾਜਾ ਗੁਪਾਲ ਚੰਦ ਨੇ ਸਾਰੀ ਰਕਮ ਚੁਕ ਲਈ ਤੇ ਗੁਲੇਰ ਨੂੰ ਤੁਰ ਪਿਆ ! ਜਦੋਂ ਉਹ ਤੁਰ ਗਿਆ ਤਾਂ ਕ੍ਰਿਪਾਲ ਚੰਦ ਤੇ ਹੋਰ ਰਾਜੇ ਬਹੁਤ ਤੜਫੇ। ਉਹਨਾਂ ਨੂੰ ਇਹ ਗੁਸਾ ਤੇ ਹੈਰਾਨੀ ਸੀ ਕਿ ਗੁਪਾਲ ਚੰਦ ਲਿਆਂਦੀ ਰਕਮ ਇਉਂ ਲੈ ਗਿਆ ਹੈ। ਉਹਨਾਂ ਨੇ ਤਾਂ ਛਲ ਨਾਲ ਕੈਦ ਕਰਨਾ ਜਾਂ ਮਾਰ ਦੇਣਾ ਚਾਹਿਆ ਸੀ ਪਰ ਜਿਸਦਾ ਰਾਖਾ ਆਪ ਵਾਹਿਗੁਰੂ ਹੈ, ਉਸਨੂੰ ਕੌਣ ਮਾਰ ਸਕੇ।

ਰਾਜ ਗੁਪਾਲ ਚੰਦ ਆਪਣੇ ਕਿਲੇ ਵਿਚ ਚਲਿਆ ਗਿਆ। ਉਸਨੇ ਫੈਸਲਾ ਕੀਤਾ ਕਿ ਉਹ ਲੜਾਈ ਕਰੇਗਾ, ਉਹ ਅਣਖ ਤੇ ਧਰਮ ਨੂੰ ਨਹੀਂ ਵੇਚੇਗਾ। ਉਸਨੇ ਸ਼ਹਿਰ ਦੀ ਨਾਕਾ-ਬੰਦੀ ਕਰ ਦਿਤੀ, ਕਿਲੇ ਵਿਚ ਫੌਜ ਬੰਦ ਕਰਕੇ ਬੈਠ ਗਿਆ, ਰੁਪਿਆ ਦੇਣ ਵਾਸਤੇ ਨਾ ਆਇਆ।

ਹੁਸੈਨੀ ਤੂਕਾਲਾ ਤਕ ਉਡੀਕਦਾ ਰਿਹਾ, ਜਦੋਂ ਰਾਜਾ ਗੁਪਾਲ ਚੰਦ ਨਾ ਮੁੜਿਆ ਤਾਂ ਉਸ ਨੇ ਆਦਮੀ ਭੇਜਿਆ। ਉਸ ਆਦਮੀ ਨੇ ਆਕੇ ਦਸਿਆ ਕਿ ਉਥੇ ਤਾ ਲੜਾਈ ਦੀ ਤਿਆਰੀ ਹੋ ਰਹੀ ਹੈ। ਉਸ ਵੇਲੇ ਹੁਸੈਨੀ ਆਪੇ ਤੋਂ ਬਾਹਰ ਹੋ ਗਿਆ। ਉਸਨੇ ਹਿੰਦੂ ਰਾਜਿਆਂ ਨਾਲ ਸਲਾਹ ਕੀਤੀ ਕਿ ਕੀ ਕੀਤਾ ਜਾਵੇ ਤਾਂ ਸਾਰਿਆਂ ਕਿਹਾ—

ਗੋਪਾਲ ਸੁ ਅਬੈ ਗਹਿ ਲੀਜੈ ॥ ਕੈਦ ਕੀਜੀਐ ਕੈ ਬਧ ਕੀਜੈ !

ਗੋਪਾਲ ਚੰਦ ਨੂੰ ਹੁਣੇ ਫੜੋ ਭਾਵੇਂ ਕੈਦ ਕਰ ਛਡਿਓ ਤੇ ਭਾਵੇਂ ਮਾਰ ਸੁਟਿਓ। ਇਹ ਆਦਮੀ ਮਾੜਾ ਹੈ, ਇਹਦੇ ਲਛਨ ਚੰਗੇ ਨਹੀਂ।

ਬਸ ਜੰਗ ਦਾ ਮਾਰੂ ਵਜ ਗਿਆ । ਹੁਸੈਨੀ ਦੀ ਫੌਜ ਨੇ ਗੁਲੇਰ ਵਲ ਚੜਾਈ ਕੀਤੀ, ਨਾਲ ਹਿੰਦੂ ਰਾਜੇ ਸਨ । ਕ੍ਰਿਪਾਲ ਚੰਦ ਕਟੋਚੀਆ ਤੇ ਰਾਜਾ ਭੀਮ ਚੰਦ ਵੀ ਨਾਲ ਆ ਰਲਿਆ ਇਕ ਹਿੰਦੂ ਭਰਾ ਨੂੰ ਮਾਰਨ ਤੁਰੇ, ਨਗਾਰੇ ਵਜੇ, ਭੇਰੀਆਂ ਨੇ ਨਾਦ ਕਢੇ । ਯਾ ਅਲੀ ਦੇ ਨਾਹਰਿਆਂ ਨਾਲ ਅਸਮਾਨ ਗੂੰਜਿਆ । ਉਸ ਭਿਆਨਕ ਰੌਲੇ ਨੂੰ ਸੁਣਕੇ ਜਾਨਵਰ ਡਰ ਗਏ । ਪਹਾੜ ਦੀ ਗਰੀਬ ਜਨਤਾ ਸਹਿਮ ਗਈ, 'ਸਤਿਗੁਰੂ ਜੀ ਫੁਰਮਾਉਂਦੇ ਹਨ—

[ਮਧੁਭਾਰ ਛੰਦ]—ਜਬ ਗਯੋ ਗੁਪਾਲ ॥ ਕੁਪਿਓ ਕ੍ਰਿਪਾਲ ॥
ਹਿੰਮਤ ਹੁਸੈਨ ॥ ਜੁੰਮੇ ਲੁਝੈਨ ॥ ਕਰਕੈ ਗੁਮਾਨ ॥ ਜੁੰਮੈ ਜੁਆਨ ॥

Sri Satguru Jagjit Singh Ji eLibrary NamdhariElibrary@gmail.com

ਬੱਜੇ ਤਬੱਲ ॥ ਦੁੰਦਭ ਦਬੱਲ ॥ ੧੭ ॥ ਬੱਜੇ ਨਿਸਾਣ ॥ ਨੱਚੇ ਖਿਕਾਣ ॥ ਬਾਹੈ ਤੜਾਕ ॥ ਉਨੈ ਕੜਾਕ ॥ ੧੮ ॥ ਬੱਜੇ ਨਿਸੰਗ ॥ ਗਾਜੇ ਨਿਹੰਗ ॥ ਛੁਟੈ ਕ੍ਰਿਪਾਨ ॥ ਲਿਟੈ ਜੁਆਨ ॥ ੧੯ ॥ ਤੁਪਕ ਤੜਾਕ ॥ ਕੈਬਰ ਕੜਾਕ ॥ ਸੈਹਥੀ ਸੜਾਕ ॥ ਛੈਹੀ ਛੜਾਕ ॥੨੦॥ ਗੱਜੇ ਸੁ ਬੀਰ ॥ ਬੱਜੇ ਗਹੀਰ ॥ ਬਿਚਰੇ ਨਿਹੰਗ ॥ ਜੈਸੇ ਪਿਲੰਗ॥ ੨੧ ॥ ਹੁੱਕੇ ਕਿੱਕ ਣ ॥ ਧੁੱਕੇ ਨਿਸਾਣ ॥ ਬਾਹੈ ਤੜਾਕ ॥ ਝੱਲੈ ਝੜਾਕ ॥ ੨੨ ॥ ਜੁਝੇ ਨਿਹੰਗ ॥ ਲਿਟੇ ਮਲੰਗ ॥ ਖੁਲੇ ਕਿਸਾਰ ॥ ਜਨੁ ਜਟਾ ਧਾਰ ॥ ੨੩ ॥ ਸਜੇ ਸਜਿੰਦ ॥ ਗੱਜੇ ਰਜਿੰਦ ॥ ਉਤਰੇ ਖਾਨ ॥ ਲੈ ਲੈ ਕਮਾਨ ॥ ੨੪ ॥

ਹੁਸੈਨੀ ਦਲ ਕਿਲ੍ਹਾ ਰੁਲੇਰ ਦੇ ਲਾਗੇ ਪੁਜ ਗਿਆ। ਦੋਹਾਂ ਦਲਾਂ ਦੀ ਟੱਕਰ ਹੋਈ। ਰੌਲੇ ਦੇ ਵਿਚ ਲੜਾਈ ਮੱਚੀ। ਹੁਸੈਨੀ ਤੇ ਉਸਦੇ ਆਦਮੀ ਬੜੇ ਅਭਿਮਾਨ ਨਾਲ ਅਗੇ ਵਧੇ ਪਰ ਅਗੋਂ ਮੂੰਹ-ਤੋੜ ਜਵਾਬ ਮਿਲਿਆ, ਗੁਪਾਲ ਦੀ ਸੈਨਾ ਦੇ ਜੁਆਨ ਧਰਮ ਤੇ ਅਣਖ ਬਦਲੇ ਅਗੇ ਵਧ ਵਧ ਕੇ ਲੜਨ ਲਗੇ। ਗੋਲੀ, ਕ੍ਰਿਪਾਨ, ਸੈਹਥੀਆਂ ਆਦਿਕ ਦੇ ਵਾਰ ਹੋਣ ਲਗੇ, ਸਾਰਾ ਦਿਨ ਲੜਾਈ ਹੁੰਦੀ ਰਹੀ, ਦੋਹਾਂ ਪਾਸਿਆਂ ਤੋਂ ਚੰਗੀ ਲਹੂ ਡੋਲ੍ਹਵੀਂ ਲੜਾਈ ਹੋਈ। ਹਨੇਰੇ ਤੋਂ ਪਹਿਲਾਂ ਹੀ ਹੁਸੈਨੀ ਦੀਆਂ ਫੌਜਾਂ ਪਿਛੇ ਹਟ ਗਈਆਂ ਤੇ ਰਾਜੇ ਗੁਪਾਲ ਦੀਆਂ ਫੌਜਾਂ ਕਿਲੇ ਅੰਦਰ ਚਲੀਆਂ ਗਈਆਂ। ਬਹੁਤਾ ਨੁਕਸਾਨ ਤੁਰਕਾਂ ਦਾ ਹੋਇਆ।

ਰਾਤ ਨੂੰ ਗੁਪਾਲ ਚੰਦ ਨੇ ਆਪਣੇ ਸਿਆਣੇ ਦਰਬਾਰੀਆਂ ਨੂੰ ਸੱਦ ਕੇ ਆਖਿਆ—'ਦੁਸਮਨ ਸਬਲ ਹੈ। ਉਹਦੇ ਨਾਲ ਮੁਕਾਬਲਾ ਕਰਨਾ ਔਖਾ ਹੈ। ਬਾਹਰੋਂ ਬਾਹਰੋਂ ਸਹਾਇਤਾ ਹੋਣੀ ਚਾਹੀਦੀ ਹੈ। ਸਤਿਗੁਰੂ ਜੀ ਤੋਂ ਬਿਨਾ ਹੋਰ ਤਾਂ ਅਪਾਂ ਦਾ ਆਸਰਾ ਕੋਈ ਨਹੀਂ। ਉਹਨਾਂ ਵਲ ਰਾਤੋ ਰਾਤ ਆਦਮੀ ਜਾਵੇ ਤੇ ਦਿਨ ਚੜ੍ਹਦੇ ਨੂੰ ਮਦਦ ਮਿਲ ਜਾਵੇ। ਮੈਨੂੰ ਪੂਰਨ ਭਰੋਸਾ ਹੈ ਕਿ ਸਤਿਗੁਰੂ ਜੀ ਜ਼ਰੂਰ ਸਹਾਇਤਾ ਕਰਨਗੇ। ਉਹ ਦੀਨ-ਦਿਆਲ ਸਭ ਕੁਝ ਜਾਣਦੇ ਹਨ। ਹਾਥੀ ਦੀ ਤਰ੍ਹਾਂ ਸਹਾਇਤਾ ਕਰਨਗੇ। ਐਸੇ ਦੇ ਜੁਆਨ ਨਿਤ੍ਰਨ

Sri Satguru Jagjit Singh Ji eLibrary NamdhariElibrary@gmail.com

ਜੋਹੜੇ ਦੁਸ਼ਮਨਾ ਦੀਆਂ ਸਫਾਂ ਚੀਰਕੇ ਅਗੇ ਨਿਕਲ ਜਾਣ। ਸਾਹਿਬਾਂ ਨੂੰ ਖਬਰ ਦੇਣ ਕਿ ਉਨ੍ਹਾਂ ਦਾ ਆਜਜ਼ ਸੇਵਕ ਇਸ ਵੇਲੇ ਦੁਖ ਵਿਚ ਹੈ।' ਦਰਬਾਰੀਆਂ ਨੂੰ ਰਾਜੇ ਦੀ ਇਹ ਸਲਾਹ ਚੰਗੀ ਲੱਗੀ, ਉਨ੍ਹਾਂ ਨੇ ਵੀ ਝਟ ਹਾਂ ਨਾਲ ਹਾਂ ਮਿਲਾ ਦਿਤੀ ਤੇ ਉਸ ਵੇਲੇ ਦੇ ਜਵਾਨ ਚੁਣੇ ਜੋ ਅਨੰਦਪੁਰ ਪੁਜਣ। ਨਾਲ ਹੀ ਇਹ ਫੈਸਲਾ ਹੋਇਆ ਕਿ ਓਨਾ ਚਿਰ ਲੜਾਈ ਨਹੀਂ ਲੜੀ ਜਾਵੇਗੀ ਜਿੰਨਾ ਚਿਰ ਬਾਹਰੋਂ ਸਹਾਇਤਾ ਨਾ ਪੁਜੇ।'

ਇਸ ਤਰਾਂ ਦੀਆਂ ਵਿਚਾਰਾਂ ਕਰਕੇ ਬੜੇ ਜ਼ੋਰ ਨਾਲ ਜੰਗ ਲੜਨ ਦਾ ਫੈਸਲਾ ਕੀਤਾ। ਦੋ ਸਵਾਰ ਤੋਰੇ, ਉਹ ਸਿਰ ਲਥ ਜਵਾਨ ਵੈਰੀ ਦੀਆਂ ਸਫਾਂ ਚੀਰਦੇ ਹੋਏ ਅਗੇ ਨਿਕਲ ਗਏ। ਉਹ ਕਈ ਕੋਹ ਪੰਧ ਕਰਕੇ ਅਨੰਦਪੁਰ ਪਹੁੰਚ ਗਏ। ਜਦੋਂ ਉਹ ਪੁਜੇ ਤਦੋਂ ਤੜਕੇ ਦਾ ਸਮਾਂ ਸੀ। ਸਤਿਗੁਰੂ ਜੀ ਉਸ ਵੇਲੇ ਵਾਹਿਗੁਰੂ ਸਿਮਰਨ ਕਰਨ ਵਾਸਤੇ ਉਠੇ ਸਨ। ਸਾਰੇ ਇਸ਼ਨਾਨ ਕਰ ਰਹੇ ਸਨ। ਉਸ ਵੇਲੇ ਜਵਾਨਾਂ ਨੇ ਹਜ਼ੂਰੀ ਸਿਖਾਂ ਨੂੰ ਜਾ ਕਿਹਾ ਕਿ ਅਸੀਂ ਗੁਲੇਰ ਤੋਂ ਆਏ ਹਾਂ ਤੇ ਰਾਜਾ ਗੋਪਾਲ ਚੰਦ ਨੇ ਭੇਜਿਆ ਹੈ। ਅਸਾਂ ਸਤਿਗੁਰੂ ਜੀ ਦੇ ਦਰਸ਼ਨ ਹੁਣ ਕਰਨੇ ਹਨ।'

ਸਤਿਗੁਰੂ ਜੀ ਦਾ ਹੁਕਮ ਸੀ ਕਿ ਜਦੋਂ ਤੇ ਜਿਸ ਵੇਲੇ ਕੋਈ ਸਿਖ ਉਨ੍ਹਾਂ ਨੂੰ ਜਰੂਰੀ ਮਿਲਣਾ ਚਾਹੇ ਉਸਨੂੰ ਮਿਲਣ ਦੇਣਾ ਚਾਹੀਦਾ ਹੈ। ਇਸ ਹੁਕਮ ਅਨੁਸਾਰ ਹਜੂਰੀ ਸਿਖ ਨੇ ਉਸੇ ਵਲੇ ਸਾਹਿਬਾਂ ਨੂੰ ਜਾ ਬੇਨਤੀ ਕੀਤੀ, 'ਮਹਾਰਾਜ ਦੇ ਜਵਾਨ ਗੁਲੇਰ ਤੋਂ ਆਏ ਹਨ, ਉਹ ਆਪਦੇ ਦਰਸ਼ਨ ਕਰਨ ਆਏ ਹਨ, ਉਨ੍ਹਾਂ ਨੂੰ ਰਾਜਾ ਗੋਪਾਲ ਚੰਦ ਨੇ ਭਜਿਆ ਹੈ। ਅੰਤਰਜਾਮੀ ਸਤਿਗੁਰੂ ਜੀ ਪਹਿਲਾਂ ਹੀ ਜਾਣ ਗਏ ਕਿ ਹੁਸੈਨੀ ਜੋਹੜਾ ਲਾਹੌਰ ਆਇਆ ਹੈ, ਉਹ ਗੁਲੇਰ ਜਾ ਪਿਆ ਹੈ। ਉਨ੍ਹਾਂ ਨੇ ਝਟ ਕਿਹਾ—'ਹੁਣੇ ਏਥੇ ਲੈ ਆਓ।'

ਜਵਾਨ ਸਤਿਗੁਰੂ ਜੀ ਦੇ ਪੇਸ਼ ਹੋਏ। ਉਨ੍ਹਾਂ ਨੇ ਪਹਿਲਾਂ ਨਮਸ਼ਕਾਰ ਕੀਤੀ ਤੇ ਫਿਰ ਅਰਜ਼ ਗੁਜਾਰੀ, 'ਸਚੇ ਪਾਤਸ਼ਾਹ! ਰਾਜਾ ਭੀਮਚੰਦ ਤੇ ਕ੍ਰਿਪਾਲ ਚੰਦ ਦੀ ਕੁਟਲ ਨੀਤੀ ਦੇ ਕਾਰਨ ਹੁਸੈਨ ਖਾਂ ਤੁਰਕ ਗੁਲੇਰ ਉਤੇ ਹਮਲਾ ਕਰਨ ਆਇਆ ਹੈ। ਪਹਿਲੇ ਦਿਨ ਲੜਾਈ ਹੋਈ ਹੈ ਉਸ ਵਿਚ ਰਾਜਾ ਜੀ ਦੇ ਬੰਦਿਆਂ

Sri Satguru Jagjit Singh Ji eLibrary NamdhariElibrary@gmail.com

ਨੇ ਬਹੁਤ ਬਹਾਦਰੀ ਦਿਖਾਈ ਹੈ। ਉਹਨਾਂ ਨੇ ਬਾਹਰੋਂ ਆਏ ਦੁਸ਼ਮਨ ਦੇ ਇੰਝ ਡੱਕਰੇ ਕੀਤੇ ਹਨ, ਜਿਵੇਂ ਕੋਈ ਪੁਰਸ਼ ਪੋਨੇ ਦੇ ਡੱਕਰੇ [ਰੁਲੇਰੀਆ) ਕਰਦਾ ਹੈ। ਬਹੁਤ ਘਮਸਾਨ ਦਾ ਯੁਧ ਹੋਇਆ ਹੈ । ਰਾਜਾ ਧਰਮ-ਕਰਮ ਵੀ ਮਾਰਿਆ ਗਿਆ ਹੈ। ਇਹ ਪਾਪੀ ਪ੍ਰਦੇਸੀਆਂ ਤੁਰਕਾਂ ਦਾ ਯਾਰ ਸੀ. ਰਾਜਾ ਜੀ ਦੀ ਆਪ ਅਗੇ ਪ੍ਰਾਰਥਨਾ ਹੈ ਕਿ ਸਹਾਇਤਾ ਕਰੋ, ਸੱਚ ਤੇ ਨੇਕੀ ਸ਼ੈਤਾਨੀ ਸ਼ਕਤੀ ਨਾਲ ਲੜ ਰਹੀ ਹੈ। ਸੱਚ ਦੀ ਸਹਾਇਤਾ ਆਪ ਕਰਦੇ ਹੋ। ਦਇਆ ਕਰੋ, ਮੇਹਰ ਕਰੋ, ਅਸਾਂ ਦੇ ਗੁਣ-ਔਗੁਣ ਨਾ ਚਿਤਾਰੋ ॥ ਦਿਨ ਚੜ੍ਹਦੇ ਨੂੰ ਸਹਾਇਤਾ ਪਹੁੰਚਣ ਚਾਹੀਦੀ ਹੈ। ਹੁਣ ਉੱਨਾ ਚਿਰ ਲੜਾਈ ਨਹੀਂ ਹੋਵੇਗੀ ਜਿੰਨਾ ਚਿਰ ਆਪਦੇ ਜੁਵਾਨ ਨਾ ਪਹੁੰਚਣ।'

ਇਉਂ ਬੇਨਤੀ ਸੁਣ ਕੇ ਦਾਤਾਰ ਬੋਲੇ—'ਰਾਜਾ ਗੋਪਾਲ ਚੰਦ ਦੀ ਸਹਾਇਤਾ ਜਰੂਰ ਕਰਦੇ ਹਾਂ ॥ ਇਹ ਸੱਚਾ ਆਦਮੀ ਹੈ, ਧਰਮ ਦਾ ਪੱਖੀ ਹੈ।। ਇਸਦੀ ਆਤਮਾ ਨਿਰਮਲ ਹੈ, ਅਸੀਂ ਹੁਣੇ ਜਵਾਨਾਂ ਨੂੰ ਤਿਆਰ ਕਰਦੇ ਹਾਂ, ਕੋਈ ਚਿੰਤਾ ਨਾ ਕਰੋ ॥ ਕਿਉਂਕਿ ਤੁਸੀਂ ਸਾਰੀ ਰਾਤ ਪੰਧ ਕਰਦੇ ਆਏ ਹੋ ਇਸ ਕਰਕੇ ਹੋ ਸਕਦਾ ਹੈ ਕਿ ਆਪਨੂੰ ਭੁਖ-ਤ੍ਰੇਹ ਹੋਵੇ, ਜਲ ਪਾਣੀ ਛਕੋ ਤੇ ਕੁਝ ਚਿਤ ਅਰਾਮ ਕਰ ਲਵੋ ॥'

'ਸਚੇ ਪਾਤਸ਼ਾਹੋ ! ਇਕ ਸੈਨਿਕ ਨੂੰ ਆਰਾਮ ਕਰਨ ਦੀ ਇਛਾ ਘਟ ਹੁੰਦੀ ਹੈ। ਸੈਨਿਕ ਸੇਵਕ ਹੈ ਤੇ ਇਹ ਸੇਵਾ ਕਰਦਾ ਹੀ ਚੰਗਾ ਲਗਦਾ ਹੈ।'

ਜਵਾਨਾਂ ਦੇ ਇਹ ਸ਼ਬਦ ਸੁਣਕੇ ਸਤਿਗੁਰੂ ਜੀ ਬਹੁਤ ਨਿਹਾਲ ਹੋਏ, ਉਨ੍ਹਾਂ ਨੇ ਉਸੇ ਵੇਲੇ ਨੰਦ ਚੰਦ ਜੀ ਵਲ ਸੇਵਾਦਾਰ ਭੇਜਿਆ ਤੇ ਹੁਕਮ ਹੋਇਆ ਕਿ ਪੰਜ ਸੌ ਜਵਾਨ ਹੁਣੇ ਤਿਆਰ ਹੋ ਕੇ ਘੋੜਿਆਂ ਉਤੇ ਕਾਠੀਆਂ ਪਾਵੇ ਤੇ ਰੁਲੇਰ ਨੂੰ ਤੁਰੇ ॥ ਰਾਜੇ ਗੋਪਾਲ ਦਾਸ ਦੀ ਸਹਾਇਤਾ ਜਰੂਰ ਕਰਨੀ ਹੈ। ਓਹ ਵੈਰ ਫਤਹ ਕਰਨ ਵਾਸਤੇ ਨਹੀਂ ਲੜ ਰਿਹਾ ਸ਼ਰੀਂ ਧਰਮ ਬਚਾਣ ਤੇ ਸ੍ਰੇਸਤਿਕਾਰ ਨੂੰ ਕਾਇਮ ਰਖਣ ਵਾਸਤੇ ਲੜ ਰਿਹਾ ਹੈ ॥ ਐਸੇ ਬੰਦਿਆਂ ਦੀ ਜ਼ਰੂਰ ਸਹਾਇਤਾ ਹੋਣੀ ਚਾਹੀਦੀ ਹੈ। ਨਾਲ ਹੀ ਹੁਸੈਨੀ ਚੰਦਰੇ ਦਾ ਕਾਲ ਉਸਨੂੰ ਘਰੋਂ ਦੂਰ ਲੈ ਆ ਇਆ ਹੈ। ਉਸਦਾ ਕਾਲ ਸਿਖਾਂ ਦੇ ਹਥੋਂ ਲਿਖਿਆ ਹੋਇਆ ਹੈ ਵਿਧਾਤਾ

Sri Satguru Jagjit Singh Ji eLibrary NamdhariElibrary@gmail.com

ਦੀਆਂ ਗਲਾਂ ਵਿਧਾਤਾ ਹੀ ਜਾਣੇ।'

ਸਤਿਗੁਰੂ ਜੀ ਦੀ ਆਗਿਆ ਦੇ ਨਾਲ ਝਟ ਪਟ ਸ਼ਸਤ੍ਰ ਧਾਰੀ ਪੰਜ ਸੌ ਘੋੜ ਸਵਾਰ ਤਿਆਰ ਹੋ ਪਿਆ । ਸਤਿਗੁਰੂ ਜੀ ਮਹਿਲ ਵਿਚੋਂ ਬਾਹਰ ਆਏ ਜੁਆਨਾਂ ਨਮਸ਼ਕਾਰ ਕੀਤੀ ਤੇ ਗੁਲੇਰ ਨੂੰ ਚਾਲੇ ਪਾਏ। ਗੁਰੂ ਜੀ ਇਸ ਯੁਧ ਵਿਚ ਆਪ ਨਹੀਂ ਪੁਜੇ। ਸ਼ਾਇਦ ਇਹ ਵੀ ਵਿਚਾਰ ਹੋਵੇ ਕਿ ਦੁਸ਼ਮਨ ਅਨੰਦ ਪੁਰ ਨਾ ਆ ਪਵੇ ਅਨੰਦਪੁਰ ਦੀ ਰਾਖੀ ਕਰਨੀ ਬਹੁਤ ਜਰੂਰੀ ਸੀ। 'ਜੀਤ' ਦਾ ਬਚਨ ਕਰਕੇ ਸਤਿਗੁਰੂ ਜੀ ਨੇ ਸਿੰਘਾਂ ਨੂੰ ਤੋਰਿਆ, ਅਣਖੀਲੇ ਸਿਖ ਘੋੜਿਆਂ ਨੂੰ ਹਵਾ ਰੂਪ ਉਡਾਉਂਦੇ ਹੋਏ ਗੁਲੇਰ ਵਲ ਨੂੰ ਜਾਣ ਲਗੇ।

ਦੂਸਰੇ ਪਾਸੇ ਸੁਵੇਰ ਹੋ ਗਈ । ਗੁਲੇਰ ਦਾ ਕਿਲ੍ਹਾ ਦੁਸ਼ਮਨਾਂ ਦੇ ਟਿੱਡੀ ਦਲ ਨਾਲ ਘਿਰਿਆ ਹੋਇਆ ਸੀ। ਹਿੰਦੂ ਤੇ ਤੁਰਕ ਰਲ ਕੇ ਧਰਮੀ ਰਾਜੇ ਨੂੰ ਮਾਰਨਾ ਚਾਹੁੰਦੇ ਸਨ। ਪਰ ਜਿਸ ਦਾ ਰਾਖਾ ਆਪ ਕਰਤਾਰ ਹੋਵੇ ਉਹ ਭਲਾ ਕਿਵੇਂ ਮਰੇ ? ਰਾਜੇ ਗੋਪਾਲ ਨੇ ਕਿਲੇ ਦੇ ਦਰਵਾਜੇ ਬੰਦ ਰਖੇ। ਸਤਿਗੁਰੂ ਜੀ ਦੇ ਚਰਨਾਂ ਵਲ ਧਿਆਨ ਜੋੜੀ ਰਖਿਆ, ਸਤਿਗੁਰੂ ਜੀ ਨੇ ਆਤਮਿਕ ਬਲ ਨਾਲ ਅਨੰਦਪੁਰ ਬੈਠਿਆਂ ਹੋਇਆਂ ਹੀ ਰਾਜੇ ਦੀ ਸਹਾਇਤਾ ਕੀਤੀ, ਵੈਰੀ ਨੂੰ ਕਿਲੇ ਦੇ ਨੇੜੇ ਨਾ ਆਉਣ ਦਿਤਾ । ਵੈਰੀ ਦੇ ਮਨ ਉਤੇ ਇਹ ਬੈਠਾ ਦਿਤਾ ਕਿ ਜੇ ਕਿਲੇ ਦੇ ਨੇੜੇ ਕੋਈ ਗਿਆ ਤਾਂ ਮਾਰਿਆ ਜਾਵੇਗਾ, ਲੜਾਈ ਜੁ ਹੋਵੇ ਤਾਂ ਖੁਲੇ ਮੈਦਾਨ ਵਿਚ ਹੋਵੇ, ਜਦੋਂ ਰਾਜੇ ਗੋਪਾਲ ਚੰਦ ਦੀਆਂ ਫੌਜਾਂ ਕਿਲੇ ਤੋਂ ਬਾਹਰ ਆ ਜਾਣ । ਇਸ ਤਰਾਂ ਸਾਰਾ ਦਿਨ ਲੜਾਈ ਨਾ ਹੋਈ। ਸਤਿਗੁਰੂ ਜੀ ਦੀ ਦਇਆ ਢਾਲ ਬਣ ਕੇ ਰਾਜੇ ਦੀ ਸਹਾਇਤਾ ਕਰਦੀ ਰਹੀ।

ਸ਼ਾਮ ਨੂੰ ਸਿਖ ਗੁਲੇਰ ਦੇ ਨੇੜੇ ਪੁਜ ਗਏ। ਅਗੇ ਵਧਣ ਦੀ ਥਾਂ ਰਾਹ ਵਿਚ ਰੁਕੇ, ਰਾਜੇ ਦੇ ਜੁਵਾਨ ਨੂੰ ਗੁਪਤ ਰਾਹ ਰਾਹੀਂ ਕਿਲੇ ਵਿਚ ਭੇਜ ਦਿਤਾ। ਫੈਸਲਾ ਇਹ ਕੀਤਾ ਕਿ ਅਨੰਦਪੁਰ ਵਾਲੀ ਸੈਨਾ ਬਾਹਰ ਰਹੇ। ਰਾਜੇ ਗੋਪਾਲ ਦੀ ਸੈਨਾ ਕਿਲੇ ਵਿਚੋਂ ਨਿਕਲ ਕੇ ਵੈਰੀ ਉਤੇ ਹੱਲਾ ਕਰੇ, ਇਸ ਤਰਾਂ ਵੈਰੀ ਘੇਰੇ ਵਿਚ ਆ ਜਾਵੇਗਾ। ਵੈਰੀ ਨੂੰ ਮਾਰਕੇ ਨਸਾਉਣਾ ਸੌਖਾ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਇਹ ਸਲਾਹ ਪੱਕੀ ਹੋ ਗਈ ਤੇ ਦੋਂਹ ਨੌਜੁਵਾਨਾਂ ਨੂੰ ਕਿਲੇ ਵਲ ਤੋਰ ਦਿਤਾ। ਉਹ ਗੁਪਤ ਰਸਤੇ ਰਾਹੀਂ ਕਿਲੇ ਦੇ ਅੰਦਰ ਆ ਪੁਜੇ।

ਸੁਵਾਰਾਂ ਨੂੰ ਦੇਖਤੇ ਰਾਜਾ ਗੋਪਾਲ ਚੰਦ ਪ੍ਰਸੰਨ ਹੋ ਗਿਆ ਉਸ ਨੇ ਛੇਤੀ ਨਾਲ ਅਗੇ ਵਧਕੇ ਕਾਹਲੀ ਵਿਚ ਪੁਛਿਆ—'ਕਿਉਂ ? ਮੇਰੇ ਦਾਤੇ ਨੇ ਕੀ ਆਖਿਆ ? ਕੀ ਪ੍ਰਭੂ ਦਿਆਲ ਹੋਇਆ ?'

'ਹੇ ਰਾਜਨ ! ਪ੍ਰਭੂ ਦਿਆਲ ਹੋ ਗਿਆ। ਪ੍ਰਭੂ ਨੇ ਆਤਮਿਕ ਤੇ ਜਿਸ ਮਾਨੀ ਸ਼ਕਤੀ ਅਰਪਨ ਕਰ ਦਿਤੀ। ਜਿਵੇਂ ਭਗਵਾਨ ਹਾਥੀ ਦੀ ਪੁਕਾਰ ਸੁਣਕੇ ਆਇਆ ਤੇ ਤੰਦੂਏ ਨੂੰ ਮਾਰਿਆ ਸੀ, ਉਸੇ ਤਰਾਂ ਦੁਸ਼ਮਨ ਦਾ ਨਾਸ਼ ਕਰਨ ਵਾਸਤੇ ਉਹਨਾਂ ਨੇ ਸੈਨਾ ਭੇਜੀ ਹੈ । ਸੈਨਾ ਬਾਹਰ ਖਲੋਤੀ ਹੈ। ਐਸੀ ਸੈਨਾ ਜਿਸ ਵਿਚ ਅਰਜਨ ਤੇ ਭੀਮਸੈਨ ਵਰਗੇ ਜੁਵਾਨ ਹਨ। ਬੱਸ ਅੰਦਰੋਂ ਹਮਲਾ ਕਰ ਦਿਤਾ ਜਾਵੇ । ਏਧਰੋਂ ਅਸੀਂ ਹਮਲਾ ਕਰਾਂਗੇ ਓਧਰੋਂ ਉਹ ਆਉਣਗੇ, ਬੱਸ ਦੁਸ਼ਮਨਾਂ ਨੂੰ ਭਾਜੜਾਂ ਪੈ ਜਾਣਗੀਆਂ । ਵੈਰੀ ਆਪੇ ਵਾਪਸ ਚਲਿਆ ਜਾਵੇਗਾ।'

'ਬਹੁਤ ਚੰਗਾ ਹੋਇਆ । ਹੁਣ ਕਿਲੇ ਦੇ ਬੂਹੇ ਖੋਲੋ ਵੈਰੀ ਤੇ ਟੁਟਕੇ ਪੈ ਜਾਵੇ !' ਇਹ ਆਖਕੇ ਰਾਜਾ ਸੈਨਾਪਤੀ ਦੇ ਕੋਲ ਗਿਆ। ਉਸਨੂੰ ਹੁਕਮ ਦਿਤਾ ਕਿ ਲੜਾਈ ਆਪ ਛੇੜੀ ਜਾਵੇ । ਹੰਕਾਰੀ ਦੁਸ਼ਮਨ ਦਾ ਹੰਕਾਰ ਤੋੜਿਆ ਜਾਵੇ ।'

ਵਾਹਵਾ ਦਿਨ ਚੜੇ ਲੜਾਈ ਸ਼ੁਰੂ ਹੋ ਗਈ। ਕਿਲੇ ਵਿਚੋਂ ਨਿਕਲਕੇ ਜੁਵਾਨ ਇਸ ਤਰਾਂ ਦੁਸ਼ਮਨ ਉਤੇ ਕੁਦਕੇ ਪਏ ਜਿਵੇਂ ਭੁਖਾ ਸ਼ੇਰ ਪੈਂਦਾ ਹੈ। ਕਟਾਵਢ ਆਰੰਭ ਹੋਈ, ਕਾਵਾਂ ਰੌਲੀ ਮਚ ਗਈ। ਲੋਹੇ ਨਾਲ ਲੋਹਾ ਖੜਕਣ ਲਗਾ। ਜਦੋਂ ਸਿਖਾਂ ਨੂੰ ਖਬਰਾਂ ਮਿਲੀਆਂ ਕਿ ਦੋਵੇਂ ਦਲ ਗੁਥਮਗੁਥਾ ਹੋ ਗਏ ਹਨ ਤਾਂ ਉਹ ਵੀ ਘੋੜਿਆਂ ਨੂੰ ਅਡੀਆਂ ਮਾਰਕੇ ਰਣਭੂਮੀ ਵਿਚ ਆ ਪੁਜੇ। ਉਨਾਂ ਨੇ ਆਉਂਦਿਆਂ ਹੀ ਐਸੀ ਹਨੇਰੀ ਮਚਾਈ ਕਿ ਦੁਸ਼ਮਨ ਨੂੰ ਹੱਥਾਂ ਪੈਰਾਂ ਦੀ ਪੈ ਗਈ । ਉਸ ਕਟਾਵਢ ਦੀ ਭਿਆਨਕਤਾ ਨੂੰ ਸਤਿਗੁਰੂ ਜੀ ਨੇ ਇਉਂ ਬਿਆਨ ਕੀਤਾ ਹੈ—

Sri Satguru Jagjit Singh Ji eLibrary NamdhariElibrary@gmail.com

(ਤ੍ਰਿਭੰਗੀ ਛੰਦ) ਕੁਪਿਓ ਕ੍ਰਿਪਾਲੰ ਸੱਜਿ ਮਰਾਲੰ ਬਾਹ ਬਿਸਾਲੰ ਧਰਿ ਢਾਲੇ ॥ ਧਾਏ ਸਮ ਸੁਰੰ ਰੂਪ ਕਰੂਰੰ ਚਮਕਤ ਨੂਰੰਮੁਖ ਲਾਲੰ॥ ਲੈ ਲੈ ਸੁ ਕ੍ਰਿਪਾਣੰ ਬਾਣ ਕਮਾਣੰ ਸੱਜੇ ਜੁਆਨੰ ਤਨ ਤੱਤੰ ॥ ਰਣਿ ਰੰਗ ਕਲੋਲੰ ਮਾਰ ਹੀ ਬੋਲੰ ਜਨੁ ਗਜ ਡੋਲੰ ਬਨ ਮੱਤੰ ੨੫ ॥

ਭੁਜੰਗ ਪ੍ਰਯਾਤ ਛੰਦ ॥ ਤਬੈ ਕੋਪੀਯੰ ਕਾਂਗੜੇਸੰ ਕਟੋਚੰ ॥ ਮੁਖੰ ਰਕਤ ਨੈਨੰ ਤਜੇ ਸਰਬ ਸੋਚੰ ॥ ਉਤੇ ਉਠੀਅੰ ਖਾਨ ਖੈਤੰ ਖਤੰਰੀ ॥ ਮਨੋ ਬਿਹਚਰੈ ਮਾਸ ਹੇਤੰ ਪਿਲੰਗੀ ॥ ੨੬ ॥ ਬਜੀ ਭੇਰ ਭੁੰਕਾਰ ਤੀਰੰ ਤੜਕੇ ॥ ਮਿਲੇ ਹਥਿ ਬੱਥੰ ਕ੍ਰਿਪਾਣੰ ਕੜਕੇ ॥ ਬਜੇ ਨੰਗ ਨੀਸਾਣ ਕਥੇ ਕਥੀਰੰ ॥ ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ ॥੧੭੦॥ ਉਠੇ ਟੋਪ ਟੂਕੰ ਗੁਰਜੇ ਪ੍ਰਹਾਰੇ ॥ ਰੁਲੈ ਲੁਥ ਜੁਥੰ ਗਿਰੇ ਬੀਰ ॥ ਮਾਰੇ ॥ ਪਰੇ ਕਿੱਤੀਯੰ ਘਾਤ ਨਿਰਘਾਤ ਬੀਰੰ ॥ ਤਿਰੰ ਰੁਡ ਮੁਡੰਤਨੰ ਤੱਛ ਤੀਰੰ ॥ ੨੮ ॥ ਬਹੀ ਬਾਹੁ ਆਘਾਤ ਨਿਰਘਾਤ ਬਾਣੰ ॥ ਉਠੇ ਨੰਦ ਨਾਦੰ ਕੜ ਕੇ ਕ੍ਰਿਪਾਣੰ ॥ ਛਕੇ ਛੋਭ ਛੜ੍ਹੀ ਤਜੈ ਬਾਣ ਰਾਜੀ ਬਹੇ ਜਾਹਿ ਖਾਲੀ ਫਿਰੈ ਛੂਤ ਤਾਜੀ ॥ ੨੯ ॥ ਜੁਟੇ ਆਪ ਮੈ ਬੀਰ ਬੀਰੰ ਜੁਝਾਰੇ ॥ ਮਨੋ ਗੱਜ ਜੁਟੇ ਦੰਤਾਰੇ ਦੰਦਾਰੇ ॥ ਕਿਧੋ ਸਿੰਘ ਸੋ ਸਾਰਦੂਲੰ ਅਰੁਝੇ ॥ ਤਿਸੀ ਭਾਂਤਿ ਕਿਰਪਾਲ ਗੁਪਾਲ ਜੁਝੇ ॥ ੩੦ ॥ ਹਰੀ ਸਿੰਘ ਧਾਯੋ ਤਹਾਂ ਏਕ ਬੀਰੰ ॥ ਸਹੇ ਦੇਹ ਆਪੰ ਭਲੀ ਭਾਂਤਿ ਤੀਰੰ ॥ ਮਹਾਂ ਕੋਪ ਕੈ ਬੀਥ ਬਿੰਦੰ ਸੰਘਾਰੇ ॥ ਬਡੋ ਜੁਧ ਕੈ ਦੇਵ ਲੋਕੰ ਪਧਾਰੇ ॥੩੧॥ ਹਠਿਓ ਹਿੰਮਤੰ ਕਿੰਮਤੰ ਲੈ ਕ੍ਰਿਪਾਨੰ ॥ ਲਏ ਗੁਰਜ ਚੱਲੰ ਸੁ ਜਲਾਲ ਖਾਨੰ ॥ ਹਠੇ ਸੂਰਮਾ ਮੱਤ ਜੋਧਾ ਜੁਝਾਰੰ ॥ ਪਰੀ ਕੁਟ ਕੁਟੰ ਸਸਤ੍ਰ ਝ ਰੰ ॥ ੩੨ ॥

(ਤਿਸਦਾ ਪ੍ਰਮਾਰਥ] ਉਸ ਵੇਲੇ ਕ੍ਰਿਪਾਲ ਚੰਦ ਕਟੋਚੀਆ ਅਰੀ ਵਧਿਆ, ਜੋਹੜਾ ਸ਼ਸਤ੍ਰਾਂ ਨਾਲ ਸਜਿਆ ਹੋਇਆ ਸੀ ਤੇ ਉਸ ਦੀਆਂ ਬਾਹੀਂ ਲੰਮੀਆਂ ਸਨ। ਉਹ ਪੂਰਾ ਜਵਾਨ ਸੀ, ਸਾਰੇ ਸੂਰਮੇ ਨੱਸ ਨੱਸ ਕੇ ਕਰੋਧ ਨਾਲ ਜੁਧ ਕਰਨ ਲਗੇ ਸਨ। ਉਹਨਾਂ ਦੇ ਚੇਹਰਿਆਂ ਦਾ ਨਿਰਾਲਾ ਹੀ ਰੰਗ ਸੀ।

Sri Satguru Jagjit Singh Ji eLibrary NamdhariElibrary@gmail.com

ਕੋਈ ਕੋਈ ਚੇਹਰਾ ਲਾਲ ਸੁਰਖ ਹੋ ਚੁਕਾ ਸੀ, ਸਾਰਿਆਂ ਕੋਲ ਤਲਵਾਰਾਂ ਤੇ ਤੀਰ ਕਮਾਨ ਸਨ। ਸਾਰੇ ਜਵਾਨ ਬੜੇ ਗਰਮ ਸਨ, ਉਹ ਕਰੋਧ ਨਾਲ ਇਕ ਦੂਸਰੇ ਦੇ ਲਹੂ ਦੇ ਤ੍ਰਿਹਾਏ ਸਨ, ਕਈ ਗਭਰੂ ਬੜੇ ਕਲੋਲ ਕਰਦੇ ਹੋਏ ਬੋਲ ਬੋਲਦੇ ਹੋਏ ਲੜਦੇ ਸਨ। ਕਾਂਗੜੇ ਦੇ ਕਟੋਚ ਸੂਰਮੇ ਵੀ ਗਰਜ ਕੇ ਅਗੇ ਹੋਏ, ਉਹਨਾਂ ਦੀਆਂ ਅੱਖਾਂ ਵਿਚ ਲਾਲੀ ਸੀ ਤੇ ਉਨ੍ਹਾਂ ਨੇ ਲੜਨ ਤੋਂ ਬਿਨਾਂ ਸਾਰੀਆਂ ਸੋਚਾਂ ਛੱਡ ਦਿਤੀਆਂ ਹੋਈਆਂ ਸਨ। ਕਈ ਖਾਨ ਵਧੜੇ ਆਉਂਦੇ ਤੇ ਰਣ ਖੇਤ੍ਰ ਵਿਚ ਭਿਗਦੇ ਜਾਂਦੇ ਸਨ। ਢੋਲ ਢਮੱਕੇ ਵਿਚ ਤੀਰ ਚਲਦੇ ਸਨ। ਕ੍ਰਿਪਾਨਾਂ ਢਾਲਾਂ ਉਤੇ ਵੱਜਕੇ ਅਵਾਜਾਂ ਪੈਦਾ ਕਰਦੀਆ ਸਨ। ਐਸਾ ਘੋਰ ਜੁਧ ਹੋ ਰਿਹਾ ਸੀ ਕਿ ਪੂਰਾ ਬਿਆਨ ਕਰਨਾ ਕਠਨ ਹੈ। ਸਿਰ ਹਦਵਾਣਿਆਂ ਵਾਂਗ ਮੈਦਾਨ ਵਿਚ ਰਿੜ੍ਹਨ ਲਗ ਪਏ ਸਨ ਤੇ ਕਈਆਂ ਦੇ ਸਰੀਰ ਵਿੰਨੇ ਜਾ ਰਹੇ ਸਨ। ਗਲ ਕੀ ਕਿ ਜੰਗ ਮਹਾਂ ਭਿਆਨਕ ਹੋ ਰਿਹਾ ਸੀ।

[ਰਸਾਵਲ ਛੰਦ] ਜਸੰਵਾਲ ਧਾਏ ॥ ਤੁਰੰਗੀ ਨਚਾਏ॥ ਲਯੇ ਘੋਰ ਹੁਸੈਨੀ ॥ ਹਨਿਓ ਸਾਂਗ ਪੈਨੀ ॥ ੩੩ ॥ ਤਿਨੂ ਬਾਣ ਬਾਹੇ ॥ ਬਡੇ ਸੈਨ ਗਾਹੇ ॥ ਜਿਸੈ ਅੰਗਿ ਲਾਗਿਓ ॥ ਤਿਸੈ ਪ੍ਰਾਣ ਤਿਆਗਿਓ ॥ ੩੪ ॥ ਜਬੈ ਘਾਵ ਲਾਗਿਓ ॥ ਤਬੈ ਕੋਪ ਜਾਗਿਓ ॥ ਸੰਭਾਰੀ ਕਮਾਨੰ ॥ ਹਣੇ ਬੀਰ ਬਾਣੰ ॥ ੩੫ ॥ ਚਹੁੰ ਓਰ ਢੂਕੇ ॥ ਮੁਖੰ ਮਾਰ ਕੂਕੇ ॥ ਨਿਭੈ ਸਸਤ੍ਰ ਬਾਹੈਂ ॥ ਦੋਊ ਜੀਤ ਚਾਹੈਂ ॥ ਰਿਸੇ ਖਾਨ ਜਾਦੇ॥ ਮਹਾ ਮੱਦ ਮਾਦੇ ॥ ਮਹਾ ਬਾਣ ਬਰਖੇ ॥ ਸਭੈ ਸੂਰ ਹਰਖ ॥੩੭॥ ਕਰੈ ਬਾਣ ਅਰਚਾ ॥ ਧਨੁਰ ਬੇਦ ਚਰਚਾ ॥ ਸੁਸਾਂਗੰ ਸਲਾਮੰ ॥ ਕਰੈ ਤਉਨ ਠਾਮੰ ॥੩੮॥ ਬਲੀ ਬੀਰ ਰੁਝੇ ॥ ਸਮੁਹ ਸਸਤ੍ਰ ਜੁਝ ॥ ਲਗੇ ਧੀਰ ਧੱਕੈ। ਕ੍ਰਿਪਾਣੰ ਝਨੱਕੈ । ੩੯ ॥ ਕੜੱਕੈ ਕਮਾਣੰ ॥ ਝਣੰਕੈ ਕ੍ਰਿਪ ਣੰ॥ਕੜੰਕਾਰ ਛਟੇ॥ ਝਣੰਕਾਰ ਉਠੈ।੪੦।ਹਠੀ ਸਸਤ੍ਰ ਝਾਰੈ ॥ ਨ ਸੰਸਾ ਬਿਚਾਰੈ॥ ਕਰੈ ਤੀਰ ਮਾਰੰ ॥ ਫਿਰੈ ਲੋਹ ਧਾਰੰ॥੪੧॥ ਨਦੀ ਸੋਣ ਪੂਰੰ ॥ ਫਿਰੈ ਰੈਣ ਹੂਰੰ ॥ ਉਭੈ ਖੇਤ ਪਾਲੰ ॥ ਬਕੇ ਬਿਕਰਾਲੰ ॥ ੪੨ ॥

Sri Satguru Jagjit Singh Ji eLibrary NamdhariElibrary@gmail.com

ਪਾਧੜੀ ਛੰਦ–ਤਹ ਹੜ ਹੜਾਇ ਹੱਸੇ ਮਸਾਣ ॥ ਲਿੱਟੇ ਗਜਿੰਦ ਛੁਟੇ ਕਿਕਾਣ ॥ ਜੁਟੇ ਸੁ ਬੀਰ ਤਹ ਕੜਕ ਜੰਗ ॥ ਛੁਟੀ ਕ੍ਰਿਪਾਣ ਬੁਠੇ ਖਤੰਗ॥੪੩॥ਡਾਕਨ ਡਹਿਕ ਚਾਵਡ ਚਿਕਾਰ॥ਕਾਛੰ ਕਟੱਕਿ ਬੱਜੇ ਦੁਧਾਰ ॥ ਖੋਲੰ ਖੜਗਿ ਤੁਪਕਿ ਤੜਾਕਿ ॥ ਸੈਥੰ ਸੜੱਕਧਕੰ ਧਹਾਕਿ ॥੪੪॥

ਭੁਜੰਗ ਛੰਦ–ਤਹਾ ਆਪ ਕੀਨੋ ਹੁਸੈਨੀ ਉਤਾਰੰ ॥ ਸਭੈ ਹਾਥ ਬਾਣੰ ਕਮਾਣੰ ਸੰਭਾਰੰ ॥ ਰੁਪੈ ਖਾਨ ਖੂਨੀ ਕਰੈ ਲਾਗ ਜੁਧੰ ॥ ਮੁਖੰ ਰਕਤ ਨੈਣੰ ਸੁਰ ਕ੍ਰੂਦੰ ॥ ੪੫ ॥ ਜਗਯੋ ਕੰਗ ਜਾਲਮ ਸੁ ਜੋਧੰ ਦੁਝਾਰੰ ॥ ਬਣੇ ਬਾਣ ਬਾਂਕੇ ਬਰਛੀ ਦੁਧਾਰੰ॥ਮਿਲੇ ਬੀਰ ਧੀਰੰ ਮਹਾਂ ਧੀਰ ਬੰਕੇ॥ਧਕਾ ਧਕਿ ਸੈਥੰ ਕ੍ਰਿਪਾਨੰ ਝਨੰਕੇ ॥੪੬॥ ਭਏ ਢੋਲ ਢੰਕਾਰ ਨਾਦੰ ਨਫੀਰੰ ॥ ਉਠੈ ਬਾਹੁ ਆਘਾਤ ਗਜੇ ਸੁਬੀਰੰ ॥ ਨਵੈ ਨੱਦ ਨੀਸਾਨ ਬਜੇ ਅਪਾਰੰ ॥ ਰੁਲੇ ਤੱਛ ਮੁਛੰ ਉਠੀ ਸਸਤ੍ਰ ਝਾਰੰ ॥ ਟਕਾ ਟੁੱਕ ਟੋਪੰ ਢਕਾ ਢਕ ਢਾਲੰ ॥ ਮਹਾਂ ਬੀਰ ਬਾਨੈਤ ਬੰਕੇ ਬਿਕ੍ਰਾਲੰ ॥ ਨਚੈ ਬੀਰ ਬੈਤਾਲਯੰ ਭੂਤ ਪ੍ਰੇਤੰ ॥ ਨਚੀ ਡਾਕਿਣੀ ਜੋਗਨੀ ਉਰਧ ਹੇਤੰ ॥੪੮॥ ਛੁਟੀ ਜੋਰ ਤਾਰੀ ਮਹਾਂ ਰੁਦ੍ਰ ਜਾਗੇ॥ਤਿਗਿਓ ਧਿਆਨ ਬ੍ਰਹਮੰ ਸਭੈ ਸਿਧ ਭਾਰੇ॥ ਹਸੇ ਕਿੰਨਰੰ ਜੱਛ ਬਿਦਿਆਧਰੇ ਯੰ॥ ਨਚੀ ਅੱਛਰਾ ਪੱਛਰਾ ਚਾਰਣੇ ਯੰ ॥੪੯॥ ਪਰਿਓ ਘੋਰ ਜੁਧੰ ਸੁ ਸੈਨਾ ਪਰਾਨੀ॥ ਤਹਾਂ ਖਾਂ ਹੁਸੈਨੀ ਮੰਡਿਓ ਬੀਰ ਬਾਨੀ ॥ ਉਤੈ ਬੀਰ ਧਾਏ ਸੁ ਬਾਰੰ ਜਸ੍ਵਾਰੰ ॥ਸਬੈ ਬਿਓਤ ਡਾਰੇ ਬਗਾਸੇ ਅਸ੍ਵਾਰੰ ॥ ੫੦ ॥ ਤਹਾਂ ਖਾਂਹੁਸੈਨੀ ਰਹਿਓ ਏਕ ਠਾਢੰ॥ ਮਨੋ ਜੁਧ ਖੰਭੰ ਰਣੰ ਭੂਮ ਗਾਡੰ ॥ ਜਿਸੈ ਕੋਪ ਕੈ ਕੈ ਹਠੀ ਬਾਣ ਮਾਰਿਓ॥ਤਿਸੈ ਛੇਦਕੈ ਪੈਲ ਮਾਰੇ ਪਧਾਰਿਓ॥੫੧॥ ਸਹੇ ਬਾਣ ਦੂਰੰ ਸਭੈ ਆਣ ਢੂਕੈ॥ਚਹੂੰ ਓਰ ਤੇਮਾਰਹੀ ਮਾਰ ਕੂਕੈ॥ ਭਲੀ ਭਾਂਤਿ ਸੋ ਅਸਤ੍ਰ ਅਉ ਸ਼ਸਤ੍ਰ ਝਾਰੇ ॥ ਗਿਰੇ ਭਿਸਤ ਕੋਖਾਂ ਹੁਸੈਨੀ ਸਿਧਾਰੇ ॥ ੫੨ ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ—ਸਜੈ ਹੁਸੈਨੀ ਸੂਝਿਤ ਸੂਰ ਮਨ ਰੋਸ ॥
ਭਾਜਿ ਚਲੇ ਅਰੇ ਸਭੇ ਉਨਿਓ ਕਟੋਚਨ ਜੋਸੁ ॥੫੩॥
ਨਾਂ ਪਈ—ਰੋਪਿ ਕਟੋਚਿ ਸਜੇ ਮਿਲਿ ਧਾਏ ॥
ਹਿੰਮਤ ਜਿੰਮਤ ਸਹਿਤ ਰਿਸਾਏ ॥
ਹਰੀ ਸਿੰਘ ਤਬ ਕੀਯਾ ਉਠਾਨਾ ॥
ਦੁਨਿ ਚੁਨਿ ਹਨੇ ਪਖਤੀਯਾ ਦੁਆਨਾ ॥੪੫॥
ਨਰਾਜ ਛੰਦ-ਤਬੈ ਕਟੋਚ ਕੋਪੀਅੰ ॥ ਸੰਭਾਨ ਪਾਵ ਨੋ ਪੀਯੰ ॥
ਸਰਕ ਸਸਤ੍ਰ ਝਾਨਹੀ ॥ ਸੁ ਮਾਰਿ ਮਾਰਿ ਉਚਾਰਹੀ ॥ ਪਪ ॥
ਨੰ ਦਲ ਸੋਪੀਯੰ ਤਬੈ ॥ ਰਿਸਾਤ ਧਾਤ ਭੇ ਸਬੈ ॥
ਜਿਤੇ ਗਣੇ ਪੁ ਮਾਰੀਯੰ ॥ ਬਚੇ ਤਿਤੇ ਫਿਰਾਤੰ ਦੀਯੰ ॥੫੬॥
ਦੋਹਰਾ—ਸਾਤ ਸਵਾਰਨ ਕੇ ਸਹਿਤ ਜੂਝੇ ਸੰਗਤ ਰਾਇ ॥
ਦਰਸੋ ਸੁਨਿ ਜਾਝੇ ਤਿਨੈ ਬਹੁਤ ਜੁਝਤ ਭਜੇ ਆਇ ॥੫੭॥
ਹਿੰਮਤ ਹੂ ਉਤਰਿਓ ਤਹਾ ਬੀਰ ਖੇਤ ਮੰਝਾਰ ॥
ਕੇਤਨਿ ਕੇ ਤਨ ਘਾਇ ਸਹਿ ਕੇ ਤਨਿ ਕੇ ਤਨ ਝਾਰ ॥ ੫੮ ॥
ਬਾਜ ਤਹਾਂ ਜੂਝਤ ਭਜੇ ਹਿੰਮਤ ਗਜੇ ਪਰਾਇ ॥
ਲੋਥ ਕ੍ਰਿਪਾਲਹਿ ਕੀ ਨਮਿਤ ਕੋਪਿ ਪਰੇ ਅਰਰਾਇ ॥ ੫੯ ॥
(ਰਿਸਾਵਲ ਛੰਦ) ਬਲੀ ਬੈਰ ਰੂਝੈ ॥ ਸਮੁਹਿ ਸਾਰ ਜੂਝੈ ॥ ਕ੍ਰਿਪਾ
ਰਾਮ ਗਾਜੀ ॥ ਲਰਿਓ ਸੈਨ ਭਾਜੈ ॥ ੬੦ ॥ ਮਹਾ ਸੈਨ ਗਾਹੈ ॥
ਨਿਭੈ ਸਸਤ੍ਰ ਬਾਹੈ ॥ ਘਨਿਓ ਕਾਲਿ ਕੋ ਕੈ ॥ ਚਲੇ ਨਾਂਸ ਲੈਕੇ ॥
੬੧ ॥ ਬਜੇ ਸੰਖ ਨਾਦੰ ॥ ਸੁਰੰ ਨਿਰਬੰਖਾਦੰ ॥ ਬਜੇ ਡੋਰ ਡਢੰ ॥
ਹਦੇ ਸਸਤ੍ਰ ਕਨੰ ॥ ੬੨ ॥ ਪਤੀ ਭੀਰ ਭਾਰੀ ॥ ਜੁਝੇ ਛਤ੍ਰ ਧਾਰੀ ॥
ਮੁਖੰ ਮੁਛ ਬੰਕੰ ॥ ਮੰਡ ਦੀਰ ਹੰਕੰ ॥੬੩॥ ਮੁਖੰ ਮਾਰਿ ਬੋਲੇ ॥ ਰਣੰ
ਭੂਮਿ ਡੋਲੇ ॥ ਹਥਿਆਰੰ ਸੰਭਾਰੇ ॥ ਉਭੇ ਬਾਜ ਡਾਰੇ ॥੬੪॥
ਦੋਹਰਾ ॥ ਰਣ ਜੂਝਤ ਕਿਰਪਾਲ ਕੇ ਨਾਚਤ ਭਜੇ ਰੁਪਾਲ ॥
ਸੈਨ ਸਭੈ ਮਿਰਦਾਰ ਦੇ ਭਾਜਤ ਭਈ ਬਿਰਾਲ ॥ ੬੫ ॥

Sri Satguru Jagjit Singh Ji eLibrary NamdhariElibrary@gmail.com

ਖਾਨ ਹੁਸੈਨ ਕ੍ਰਿਪਾਲ ਕੇ ਹਿੰਮਤ ਰਣ ਜੂਝੰਤ ॥
ਭਾਜਿ ਚਲੇ ਜੋਧਾ ਸਭੇ ਜਿਮ ਦੇ ਮੁਕਟ ਮਹੰਤ ॥ ੬੬ ॥

(ਚੌਪਈ) ਇਹ ਬਿਧਿ ਸ਼ਤ੍ਰ ਸਬੈ ਚੁਨਿ ਮਾਰੇ ॥ ਗਿਰੇ ਆਪਨੇ ਸੂਰ ਸੰਭਾਰੇ ॥ ਤਹ ਘਾਇਲ ਹਿੰਮਤ ਕੱਹ ਲਹਾ ॥ ਰਾਮ ਸਿੰਘ ਗੋਪਾਲ ਸਿਉਂ ਕਹਾ ॥ ੬੭ ॥ ਜਿਨ ਹਿੰਮਤ ਅਸ ਕਲਹ ਬਢਾਯੋ ॥ ਘਾਇਲ ਆਜ ਹਾਥ ਵਹ ਆਯੋ ॥ ਜਬ ਗੁਪਾਲ ਐਸੇ ਸੁਨਿ ਪਾਵਾ ॥ ਮਾਰ ਦੀਓ ਜੀਅਤ ਨ ਉਠਾਵਾ । ੬੮ ॥ ਜੀਤ ਭਏ ਰਣ ਭਜੇ ਉਭਾਰਾ ॥ਸਿਮ੍ਰਿਤਿ ਕਰਿ ਸਭ ਘਰੇ ਸਿਧਾਰਾ ॥ ਰਾਖਿ ਲੀਓ ਹਮ ਕੋ ਜਗਰਾਈ ॥ ਲੋਹ ਘਟਾ ਅਨਤੇ ਬਰਸਾਈ ॥ ੬੯ ॥

(ਬਚਿੱਤ੍ਰ ਨਾਟਕ)

ਸਤਿਗੁਰੂ ਜੀ ਦੇ ਸਿਖ ਸੂਰਿਆਂ ਨੇ ਜੰਗ ਦੀ ਕਾਇਆ ਪਲਟ ਦਿਤੀ। ਸਤਿਗੁਰੂ ਜੀ ਦੇ ਸ਼ਬਦਾਂ ਅਨੁਸਾਰ ਐਸ਼ੀ ਭਿਆਨਕ ਲੜਾਈ ਕੀਤੀ ਕਿ ਤੁਰਕਾਂ ਦੀ ਹੋਸ਼ ਭੁਲਾ ਦਿਤੀ। ਜੋਹੜੇ ਉਹਨਾਂ ਦੇ ਸੰਗੀ ਸਨ ਵਤਨ ਧਰੋਹੀ ਕ੍ਰਿਪਾਲ ਚੰਦ, ਭੀਮ ਚੰਦ ਆਦਿਕ ਉਹ ਸਿਖਾਂ ਦਾ ਮਾਰ ਅਗੇ ਅੜ ਨਾ ਸਕੇ। ਸਿਖਾਂ ਦੇ ਪੁਜਣ ਨਾਲ ਗੋਪਾਲ ਚੰਦ ਦੀਆਂ ਫੌਜਾਂ ਦਾ ਵੀ ਹੌਂਸਲਾ ਵਧ ਗਿਆ ਸੀ ਉਹ ਕਿਲੇ ਵਿਚੋਂ ਨਿਕਲਕੇ ਮੈਦਾਨ ਵਿਚ ਆ ਪੁਜੀਆਂ । ਧਰਮ ਤੇ ਅਣਖ ਦੀ ਲੜਾਈ ਵਿਚ ਧਰਮੀ ਪੁਰਸ਼ ਜਿੱਤਣ ਲਗੇ ਤੇ ਕਪਟੀ ਮਨਾਂ ਨੂੰ ਹਾਰ ਹੋਣ ਲਗੀ। ਸਤਿਗੁਰੂ ਜੀ ਭਾਵੇਂ ਆਪ ਜੁਧ ਵਿਚ ਨਹੀਂ ਸਨ ਫਿਰ ਵੀ ਉਨ੍ਹਾਂ ਦੀ ਆਤਮ ਸ਼ਕਤੀ ਸਿਖਾਂ ਦੇ ਨਾਲ ਸੀ । ਤੁਰਕ ਹੁਸੈਨੀ ਨੂੰ ਆਪਣੀ ਸ਼ਕਤੀ, ਅਕਲ ਤੇ ਕੁਲ-ਨੀਤੀ ਦਾ ਮਾਣ ਸੀ ਪਰ ਉਸਦਾ ਮਣ ਇਸਤਰਾਂ ਟੁਟ ਗਿਆ ਜਿਵੇਂ ਬੇਰੀ ਦੀ ਕਚੀ ਲਗਰ ਅਯਾਲੀ ਦੇ ਹਥ ਲਾਉਣ ਨਾਲ ਟੁਟ ਜਾਂਦੀ ਹੈ। ਉਹ ਬੜੇ ਜੋਸ਼ ਨਾਲ ਆ ਕੇ ਲੜਨ ਲਗਾ ਪਰ ਹੋਣੀ ਉਹਦੇ ਵਿਰੁਧ ਸੀ, ਉਹਦੇ ਵਿਰੁਧ ਸੀ, ਉਹਦਾ ਕਾਲ ਆ ਚੁਕਾ ਸੀ, ਆਖਰ ਉਹ ਲੜਦਾ ਲੜਦਾ ਤਲਵਾਰ ਦਾ ਫੱਟ ਖਾ ਕੇ ਧਰਤੀ ਉਤੇ ਡਿਗ ਪਿਆ । ਧਰਤੀ ਉਤੇ

Sri Satguru Jagjit Singh Ji eLibrary NamdhariElibrary@gmail.com

ਡਿਗਦੇ ਸਾਰ ਉਸ ਦੇ ਪ੍ਰਾਨ ਨਿਕਲ ਗਏ, ਉਹ ਇਕ ਲੱਥ ਦਾ ਰੂਪ ਧਾਰ ਬੈਠਾ। ਉਸ ਦੇ ਮਰਨ ਦੀ ਢਿੱਲ ਸੀ ਕਿ ਤੁਰਕਾਂ ਦੇ ਸਾਹੇ ਮਰ ਗਏ। ਉਨ੍ਹਾਂ ਦੀਆਂ ਬਾਹੀਂ ਫੁਲ ਗਈਆਂ, ਉਹ ਲੜਨ ਦੇ ਯੋਗ ਨਾ ਰਹਿ ਗਏ। ਉਹ ਤਾਂ ਚਾਰ ਚੁਫੇਰੇ ਦੇਖਣ ਲਗੇ ਕਿ ਕਿਧਰੋਂ ਦੀ ਨੱਸੀਏ। ਪਰ ਹਿੰਦੂ ਰਾਜਿਆਂ ਕ੍ਰਿਪਾਲ ਚੰਦ ਕਟੋਚੀਏ ਤੇ ਰਾਜਾ ਭੀਮ ਚੰਦ ਨੇ ਮੈਦਾਨੇ ਜੰਗ ਨੂੰ ਸੰਭਾਲਣ ਦਾ ਯਤਨ ਕੀਤਾ, ਉਨ੍ਹਾਂ ਨੇ ਨੱਸ ਰਹੇ ਤੁਰਤਾਂ ਤੇ ਹਿਦੂ ਸੈਨਕਾਂ ਨੂੰ ਰੋਕਣ ਦਾ ਯਤਨ ਕੀਤਾ, ਹੋਣੀ ਨੇ ਹੋਰ ਖੇਲ ਵਰਤਾਇਆ, ਦੁਸਟ ਆਤਮਾ ਕ੍ਰਿਪਾਲ ਚੰਦ ਵੀ ਮਾਰਿਆ ਗਿਆ, ਉਸਦੇ ਮਰਨ ਨਾਲ ਭੀਮ ਚੰਦ ਮੈਦਾਨ ਵਿਚੋਂ ਨੱਸ ਉਠਿਆ। ਸਾਰੀ ਫੌਜ ਵੀ ਨੱਠ ਗਈ। ਗੋਪਾਲ ਚੰਦ ਤੇ ਰਾਜੇ ਰਾਮ ਸਿੰਘ ਦੀ ਫਤਹ ਹੋਈ, ਦੋਹਾਂ ਨੇ ਨਠੇ ਜਾਂਦ ਦੁਸ਼ਮਨਾਂ ਦਾ ਪਿਛਾ ਵੀ ਕੀਤਾ ਤੇ ਉਹਨਾਂ ਨੂੰ ਆਪਨੇ ਰਾਜ ਦੀ ਹੱਦ ਵਿਚੋਂ ਕਢਿਆ।

ਫਤਹ ਦੇ ਵਾਜੇ ਵਜੇ, ਹੁਸੈਨ ਖਾਂ ਮਰ ਗਿਆ, ਇਸ ਲੜਾਈ ਨੇ ਪਹਾੜੀਆਂ ਦੇ ਕਮਜ਼ੋਰ ਦਿਲਾਂ ਨੂੰ ਤਕੜਿਆਂ ਕੀਤਾ। ਉਹ ਸਾਰੇ ਗਿਦੜੋਂ ਸ਼ੇਰ ਹੋ ਗਏ, ਤੂਰਕਾਂ ਦੀ ਬਹਾਦਰੀ ਦਾ ਜੋ ਭਾਰ ਉਨ੍ਹਾਂ ਦੇ ਦਿਲਾਂ ਉਤੇ ਪਿਆ ਸੀ ਉਹ ਦੂਰ ਹੋ ਗਿਆ, ਉਨ੍ਹਾਂ ਨੂੰ ਆਸ ਹੋ ਗਈ ਕਿ ਉਹ ਲੜ ਸਕਦੇ ਹਨ। ਇਹ ਸਾਰੀ ਸਤਿਗੁਰੂ ਜੀ ਦੀ ਮੇਹਰ ਸੀ।

ਰਾਜਾ ਗੋਪਾਲ ਚੰਦ ਤੇ ਰਾਮ ਸਿੰਘ ਨੇ ਗੁਲੇਰ ਦੇ ਕਿਲੇ ਵਿਚ ਫਤਹ ਦਾ ਦਰਬਾਰ ਕੀਤਾ। ਉਹਨਾਂ ਨੇ ਸਿਖ ਸੂਰਮਿਆਂ ਦੇ ਹੌਂਸਲੇ ਵਧੌਣ ਵਾਸਤੇ ਉਹਨਾਂ ਨੂੰ ਇਨਾਮ ਦਿਤੇ ਅਤੇ ਨਾਲ ਹੀ ਸਤਿਗੁਰੂ ਜੀ ਤੇ ਗੁਰੂ ਘਰ ਦਾ ਜਸ ਕੀਤਾ। ਸਤਿਗੁਰੂ ਜੀ ਦਾ ਧੰਨਵਾਦ ਕਰਨ ਵਾਸਤੇ ਆਪ ਰਾਜਾ ਸਿਖ ਸੈਨਾ ਦੇ ਨਾਲ ਤਿਆਰ ਹੋਇਆਂ ਤਾਕਿ ਅਨੰਦਪੁਰ ਪੁਜ ਕੇ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਾਹਿਬਾਂ ਦਾ ਧੰਨਵਾਦ ਕਰੇ, ਕਰਕੇ ਨਿਹਾਲ ਹੋਵੇ ਅਤੇ ਅਗੇ ਨੂੰ ਕੀ ਕਰਨਾ ਚਾਹੀਦਾ ਹੈ, ਪੁਛੇ।

††††

Sri Satguru Jagjit Singh Ji eLibrary NamdhariElibrary@gmail.com

੨੫. ਸਾਹਜ਼ਾਦਾ ਮੁਅੱਜ਼ਿਮ ਦਾ ਪੰਜਾਬ ਆਉਣਾ

ਗੁਲੇਰ ਦੀ ਲੜਾਈ ਦੇ ਦੋ ਅਸਰ ਹੋਏ. ਇਕ ਅਸਰ ਇਹ ਹੋਇਆ ਕਿ ਪੰਜਾਬ ਦੇ ਪਹਾੜਾਂ ਤੇ ਜਗੀਰਦਾਰਾਂ ਪਾਸੋਂ ਮਾਮਲਾ ਵਸੂਲ ਕਰਨ ਦੀ ਹਿੰਮਤ ਸੂਬੇਦਾਰ ਲਾਹੌਰ ਤੇ ਜੰਮੂ ਵਿਚ ਨਾ ਰਹੀ, ਉਹ ਹਿੰਦੂ ਸ਼ਕਤੀ ਕੋਲੋਂ ਭੈ ਖਾਣ ਲਗੇ। ਉਹਨਾਂ ਨੂੰ ਭਰੋਸਾ ਹੋ ਗਿਆ ਕਿ ਸਤਿਗੁਰੂ ਜੀ ਹਰ ਉਸ ਪਰਸ਼ ਦੀ ਸਹਾਇਤਾ ਕਰਦੇ ਹਨ ਜਿਹੜਾ ਉਹਨਾਂ ਦੀ ਸ਼ਰਨ ਜਾ ਪੈਂਦਾ ਹੈ। ਮੁਗਲਾਂ (ਤੁਰਕਾਂ) ਤੇ ਹਿੰਦੂਆਂ ਵਿਚ ਮਹਾਨ ਦੁਸ਼ਮਣੀ ਹੈ, ਕਿਉ ਕਿ ਮੁਗਲ ਸਰਕਾਰ ਦੇ ਸਾਰੇ ਚੱਠੇ ਵੱਠੇ ਇਸਲਾਮ ਦੇ ਵਧੇ ਦੀ ਧੁਨ ਨਾਲ ਪਾਗਲ ਹਨ। ਉਹ ਅੱਗਾ ਪਿਛਾ ਨਹੀਂ ਦੇਖਦੇ ਕਿ ਹਿੰਦੂਆਂ ਨੂੰ ਮੁਸਲਮਾਨ ਬਨੌਣਾ, ਹਿੰਦੂ ਮੰਦਰਾ ਨੂੰ ਢਾਹ ਛੱਡੀ ਕਰਨ ਦਾ ਕੀ ਨਤੀਜਾ ਨਿਕਲੇਗਾ। ਭਾਵੇ ਸਤਿਗੁਰੂ ਜੀ ਦੇਵੀ ਦੇਵਤਿਆਂ ਦੇ ਪੁਜਾਰੀ ਨਹੀਂ ਹਨ ਫਿਰ ਵੀ ਹਿੰਦੂ ਮਜ਼ਲੂਮਾਂ ਦੀ ਸਹਾਇਤਾ ਕਰਦੇ ਹਨ। ਉਹ ਹਿੰਦੂ ਕੌਮ ਨਾਲ ਪਿਆਰ ਕਰਦ ਹਨ। ਉਹ ਦੁਖੀਆਂ ਦੇ ਦੁਖ ਦੂਰ ਕਰਨ ਵਾਸਤੇ ਸੰਸਾਰ ਵਿਚ ਆਏ ਹਨ।

ਦੂਸਰਾ ਅਸਰ ਇਹ ਹੋਇਆ ਕਿ ਸਤਿਗੁਰੂ ਜੀ ਦੀ ਮਹਿਮਾਂ ਦੂਰ ਦੂਰ ਤਕ ਵਧੇਰ ਖਿਲਰ ਗਈ। ਸਤਿਗੁਰੂ ਜੀ ਦੀ ਇਹ ਤਾਂ ਸਰੀ ਜਿੱਤੀ ਲੜਾਈ ਸੀ। ਸਿਖ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ ਤ ਨਾਲ ਹੀ ਉਹ ਹਿੰਦੂ ਨੌਜੁਵਾਨ ਜੋ ਅਣਖੀਲੇ ਸਨ. ਜੋ ਮੁਗਲ ਸਰਕਾਰ ਦੀਆਂ ਵਧੀਕੀਆਂ ਤੋਂ ਤੰਗ ਸਨ, ਉਹ ਸਤਿਗੁਰੂ ਜੀ ਦੀ ਸੇਨਾ ਵਿਚ ਭਰਤੀ ਹੋਣ ਲਗੇ। ਉਹਨਾਂ ਨੇ ਧਰਮ ਰਖਿਆ ਤੇ ਦੇਸ਼ ਨੂੰ ਸਤੰਤਰ ਕਰਵਾਉਣ ਵ ਸਤੇ ਜਾਨਾਂ ਕੁਰਬਾਨ ਕਰਨ ਦਾ ਫੈਸਲਾ ਕੀਤਾ। ਅਨੰਦਪੁਰ ਦੀ ਰੌਣਕ ਵਿਚ ਵਾਧਾ ਹੋ ਗਿਆ ਅਤੇ ਕਿਲ੍ਹਿਆਂ ਦੀ ਉਸਾਰੀ ਜ਼ੋਰਾਂ ਤੇ ਹੋ ਗਈ। ਵਿਸ਼ੇਸ ਕਰਕੇ ਕਿਲੇ ਅਨੰਦਗੜ੍ਹ ਦੀ ਪਕਿਆਈ ਹੋਣ ਲੱਗੀ। ਇਹ ਕਿਲਾ ਪੰਜਾਬ ਦੇ ਨਾਮੀ ਕਿਲਿਆਂ ਵਰਗਾ ਤਿਆਰ ਹੋਣ ਲੱਗਾ।

ਹੁਸੈਨੀ ਦੀ ਸੰਤ ਤੇ ਗੁਲੇਰ ਦੀ ਲੜਾਈ ਹਾਰਨ ਦੀ ਖਬਰ ਦਿੱਲੀ

Sri Satguru Jagjit Singh Ji eLibrary NamdhariElibrary@gmail.com

ਪੁਜੀ। ਔਰੰਗਜ਼ੇਬ ਨੇ ਜਦੋਂ ਖਬਰ ਸੁਣੀ ਤਾਂ ਉਸੇ ਵੇਲੇ ਆਪਣੇ ਵਡੇ ਪੁਤਰ ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਪੰਜਾਬ ਵਲ ਤੋਰਿਆ ਤਾਂਕਿ ਓਹ ਆਕੀ ਹੋਏ ਹਿੰਦੂ ਰਾਜਿਆਂ ਨੂੰ ਸੋਧੇ ਤੇ ਮਾਮਲੇ ਦੀ ਬਾਕੀ ਵਸੂਲ ਕਰੇ। ਉਹ ਭਰੀ ਫੌਜੀ ਦਸਤਾ ਲੈਕੇ ਪੰਜਾਬ ਨੂੰ ਆਇਆ।

ਸ਼ਾਹਜ਼ਾਦਾ ਮੁਅੱਜ਼ਮ ਦੇ ਨਾਲ ਇਕ ਉਸਦਾ ਸਲਾਹਕਾਰ ਹਿੰਦੂ ਭਾਈ ਨੰਦ ਲਾਲ ਸੀ। ਇਹ ਫਾਰਸੀ ਤੇ ਅਰਬੀ ਦਾ ਵਿਦਵਾਨ ਸੀ। ਫਾਰਸੀ ਵਿਚ ਸ਼ਾਨਦਾਰ ਉਚੇ ਭਾਵਾਂ ਵਾਲੀ ਕਵਿਤਾ ਉਚਾਰਿਆ ਕਰਦਾ ਸੀ। ਉਸਦੇ ਨਾਲ ਹੋਣ ਦਾ ਇਹ ਲਾਭ ਸੀ ਕਿ ਸ਼ਾਹਜ਼ਾਦਾ ਫਕੀਰਾਂ ਤੇ ਸਾਧੂ ਸੰਤਾਂ ਨਾਲ ਕਿਸੇ ਤਰਾਂ ਦਾ ਧਕਾ ਨਹੀਂ ਸੀ ਕਰਦਾ।

ਸ਼ਾਹਜ਼ਾਦੇ ਦਾ ਜਦੋਂ ਆਉਣਾ ਪੰਜਾਬ ਦੇ ਹਾਕਮਾਂ, ਸਰਦਾਰਾਂ ਤੇ ਰਾਜਿਆਂ ਨੇ ਸੁਣਿਆ ਤਾਂ ਘਬਰਾ ਗਏ। ਕੋਈ ਉਸਦਾ ਸਵਾਗਤ ਕਰਨ ਵਾਸਤੇ ਉਤਾਵਲਾ ਹੋਇਆ ਅਤੇ ਕਿਸੇ ਨੇ ਕਿਸੇ ਦੀਆਂ ਸ਼ਕਾਇਤਾ ਕਰਕੇ ਬਹਾਦਰੀ ਖਟਣੀ ਚਾਹੀ ਤੇ ਕਿਸੇ ਨੂੰ ਮਾਮਲਾ ਦੇਣ ਜਾਂ ਲੜਨ ਦੀ ਚਿੰਤਾ ਹੋਈ। ਗਲ ਕੀ, ਹਰ ਕੋਈ ਆਪੋ ਆਪਣੀ ਕਮਜੋਰੀ ਦਾ ਗੁਲਾਮ ਹੋ ਕੇ ਹਰਕਤ ਵਿਚ ਆਇਆ।

ਸਤਿਗੁਰੂ ਜੀ ਨੇ ਵਿਚਾਰ ਕੀਤਾ ਕਿ ਦੁਸ਼ਮਨ ਸ਼ਕਤੀਆਂ ਦਾ ਵਿਸਾਹ ਨਹੀਂ ਕਰਨਾਂ ਚਾਹੀਦਾ। ਕੀ ਪਤਾ ਮੁਅੱਜਿਮ ਅਨੰਦਪੁਰ ਤੇ ਨਾ ਚੜ੍ਹਾਈ ਕਰ ਦੇਵੇ ਇਸ ਕਰਕੇ ਅਨੰਦਪੁਰ ਦੀ ਰਾਖੀ ਦਾ ਪੂਰਾ ਬੰਦੋਬਸਤ ਕਰਨਾ ਅਰੰਭ ਦਿਤਾ। ਜਿਹੜ ਸਿਖ ਬਾਹਰ ਗਏ ਸਨ, ਉਨ੍ਹਾਂ ਨੂੰ ਵਾਪਸ ਅਨੰਦਪੁਰ ਬੁਲਾ ਲਿਆ, ਪਰ ਸ਼ਾਹਜਾਦਾ ਮੁਅੱਜਿਮ ਅਨੰਦਪੁਰ ਵਲ ਨਾ ਆਇਆ ਤੇ ਉਹ ਦੂਰ ਹੀ ਰਿਹਾ। ਉਸ ਨੇ ਸਭੋਂ ਆਪਣਾ ਦੀਵਾਨ ਨੰਦ ਲਾਲ ਸਤਿਗੁਰੂ ਜੀ ਵਲ ਭੇਜਿਆ। ਸਿਆਣੇ ਦੀਵਾਨ ਨੇ ਹੀ ਸ਼ਾਹਜਾਦੇ ਨੂੰ ਗੁਰੂ ਘਰ ਦਾ ਇਤਿਹਾਸ ਸੁਣਾ ਕੇ ਦਰਸ਼ਨ ਕਰਨ ਵਾਸਤੇ ਪਰੇਰਿਆ। ਨਾਲ ਹੀ ਦਸਿਆ ਕਿ ਸਤਿਗੁਰੂ ਨਾਨਕ ਦਵ ਜੀ ਦੀ ਗੁਰ-ਗੱਦੀ ਅਮਨ ਤੇ ਜਨਤਕ ਭਲਾਈ ਵਾਲੀ ਹੈ। ਇਸ ਗੱਦੀ ਨਾਲ ਵੈਰ ਕਰਨਾ ਚੰਗੀ ਨਹੀਂ, ਦੀਵਾਨ ਨੰਦ ਲਾਲ ਨੂੰ

Sri Satguru Jagjit Singh Ji eLibrary NamdhariElibrary@gmail.com

ਉਸਨੇ ਬਹੁਤ ਸਾਰੀ ਮਾਯਾ ਦੇ ਕੇ ਭੇਜਿਆ, ਜੋ ਚੜਾਵੇ ਦੇ ਰੂਪ ਵਿਚ ਸੀ। ਨੰਦ ਲਾਲ ਨੇ ਸਤਿਗੁਰੂ ਜੀ ਦੇ ਦਰਸਨ ਕੀਤੇ ਆਪ ਵੀ ਨਿਹਾਲ ਹੋ ਗਿਆ। ਸਤਿਗੁਰੂ ਜੀਦੀ ਉੱਚੀ ਤੇ ਸੁੱਦੀ ਸ਼ਖਸੀਅਤ ਨੇ ਉਸ ਦੇ ਮਨ ਉਤੇ ਬਹੁਤ ਪ੍ਰਭਾਵ ਪਾਇਆ, ਉਸ ਨੇ ਦੱਥ ਜੋੜਕੇ ਬੇਨਤੀ ਕੀਤੀ, ਨਾਮਦਾਨ ਤੇ ਕਲਿਆਨ ਦਾ ਉਪਦੇਸ਼ ਮੰਗਿਆ। ਇਕ ਦਿਨ ਉਹ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ।

ਸ਼ਾਹਜਾਦੇ ਮੁਅੱਜ਼ਮ ਦਾ ਅਨੰਦਪੁਰ ਤੇ ਹੱਲਾ ਨਾ ਕਰਨਾ ਪਹਾੜੀ ਰਾਜੇ ਭੀਮਚੰਦ ਨੂੰ ਚੁਭਿਆ ਪਰ ਉਸ ਵੇਲੇ ਤਾ ਰੋ ਉਠਿਆ ਜਦੋਂ ਸ਼ਾਹਜ਼ਾਦੇ ਮੁਅੱਜਮ ਨ ਉਸ ਨੂੰ ਝਾੜਾਂ ਪਾਈਆਂ ਤੇ ਪਿਛਲੇ ਮਾਮਲੇ ਦੀ ਵਸੂਲੀ ਕੀਤੀ। ਪਹਾੜੀ ਰਾਜਿਆਂ ਕੋਲੋਂ ਮਾਮਲਾ ਲੈਕੇ ਵਾਪਸ ਦਿਲੀ ਚਲਾ ਗਿਆ।

੭. ਭਾਈ ਨੰਦ ਲਾਲ ਦਾ ਮੁੜਕੇ ਅਨੰਦਪੁਰ ਆਉਣਾ

ਭਾਈ ਨੰਦ ਲਾਲ ਫਾਰਸੀ ਤੇ ਅਰਬੀ ਦਾ ਮਹਾਨ ਵਿਦਵਾਨ ਸੀ। ਸ਼ਾਇਦ ਐਸਾ ਕਿ ਅਰਬ-ਕਾਬਲ ਦੇ ਸ਼ਾਇਰ ਉਸ ਸਮੇਂ ਉਸਦਾ ਮੁਕਾਬਲਾ ਨਹੀਂ ਸਨ ਕਰਦੇ। ਆਪ ਪਹਿਲਾਂ ਕਾਬਲ ਰਹਿੰਦੇ ਸਨ, ਆਪ ਦੇ ਵਡਿਆਂ ਦਾ ਕੋਈ ਪਤਾ ਨਹੀਂ ਕਿ ਕਦੋਂ ਕਾਬਲ ਗਏ ਸਨ ਪਰ ਭਾਈ ਨੰਦ ਲਾਲ ਜੀ ਕਾਬਲ ਵਿਚ ਪੜੇ ਤੇ ਉਥੇ ਹੀ ਪਲੇ ਸਨ ਅਰ ਕਿਸੇ ਕਾਰਨ ਕਾਬਲ ਨੂੰ ਛੱਡ ਕੇ ਮੁਲਤਾਨ ਆ ਪੁਜੇ। ਮੁਲਤਾਨ ਵਿਚ ਮਕਾਨ ਖਰੀਦਿਆ ਤੇ ਇਸਤ੍ਰੀ-ਬਾਲਾਂ ਨੂੰ ਉਸ ਮਕਾਨ ਵਿਚ ਛੱਡ ਕੇ ਆਪ ਦਿਲੀ ਆ ਗਏ। ਦਿਲੀ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਨੌਕਰੀ ਕਰ ਲਈ। ਬਾਦਸ਼ਾਹ ਨੇ ਉਸ ਦੀ ਵਿਦਿਆ ਤੇ ਅਕਲ ਨੂੰ ਦੇਖਕੇ ਉਸ ਨੂੰ ਸ਼ਾਹਜ਼ਾਦੇ ਮੁਅੱਜ਼ਿਮ ਦੇ ਹਵਾਲੇ ਕਰ ਦਿਤਾ। ਸ਼ਾਹਜਾਦੇ ਨੇ ਆਪਣਾ ਸਲਾਹਕਾਰ ਤੇ ਮੀਰ ਮੁਨਸ਼ੀ ਮੁਕੱਰਰ ਕਰ ਲਿਆ ਤੇ ਏਸੇ ਤਰ੍ਹਾਂ ਕੁਝ ਸਮਾਂ ਬੀਤ ਗਿਆ।

ਔਰੰਗਜ਼ੇਬ ਦੀ ਪਾਲਸੀ ਬਹੁਤ ਖਤਰਨਾਕ ਸੀ। ਉਸ ਕੋਲੋਂ ਕੋਈ ਹਿੰਦੂ ਨਹੀਂ ਸੀ ਬਚ ਸਕਦਾ। ਇਕ ਦਿਨ ਐਸੀ ਘਟਨਾ ਵਾਪਰੀ ਜਿਸ ਨੇ

Sri Satguru Jagjit Singh Ji eLibrary NamdhariElibrary@gmail.com

ਭਾਈ ਨੰਦ ਲਾਲ ਜੀ ਦੀ ਜਿੰਦਗੀ ਖਤਰੇ ਵਿਚ ਪਾ ਦਿਤੀ, ਉਹ ਘਟਨਾ ਇਹ ਸੀ ਕਿ ਇਕ ਦਿਨ ਕੁਰਾਨ ਦੀ ਇਕ ਤੁਕ ਦੇ ਅਰਥਾਂ ਦੀ ਚਰਚਾ ਦੀਵਾਨ ਖਾਸ ਵਿਚ ਚਲ ਪਈ। ਵਡੇ ਵਡੇ ਮੌਲਵੀਆਂ ਨੇ ਤੁਕ ਦੇ ਅਰਥ ਕੀਤੇ ਪਰ ਔਰੰਗਜੇਬ ਦਾ ਮਨ ਨਾ ਮੰਨਿਆ, ਉਸ ਨੂੰ ਅਰਥਾਂ ਤੇ ਸ਼ੱਕ ਰਿਹਾ । ਚਰਚਾ ਗਰਮ ਹੋ ਗਈ। ਉਸ ਵੇਲੇ ਦੀਵਾਨ ਨੰਦ ਲਾਲ ਜੀ ਦਰਬਾਰ ਵਿਚ ਹਾਜ਼ਰ ਸਨ। ਇਨ੍ਹਾਂ ਨੇ ਸ਼ਾਹਜ਼ਾਦੇ ਨੂੰ ਆਖਿਆ ਜੇ ਬਾਦਸ਼ਾਹ ਸਲਾਮਤ ਉਸਨੂੰ ਹੁਕਮ ਕਰਨ ਤਾਂ ਉਹ ਇਸ ਤੁਕ ਦੇ ਅਰਥ ਕਰ ਸਕਦੇ ਹਨ । ਸ਼ਾਹਜ਼ਾਦ ਨ ਬਾਦਸ਼ਾਹ ਨੂੰ ਆਖਿਆਂ-'ਨੰਦ ਲਾਲ ਇਸ ਤੁਕ ਦੇ ਅਰਥ ਕਰ ਸਕਦਾ ਹੈ।'

'ਹਾਂ ! ਜੇ ਇਸ ਨੂੰ ਆਉਂਦੇ ਹਨ ਤਾਂ ਜੀ ਸਦਕੇ ਕਰੇ।' ਬਾਦਸ਼ਾਹ ਦਾ ਉੱਤਰ ਸੀ। ਨੰਦ ਲਾਲ ਉਠਿਆ। ਉਸ ਨੇ ਅਰਬੀ ਵਿਚ ਪਹਿਲਾਂ ਤੁਕ ਪੜ੍ਹੀ ਤੇ ਫਿਰ ਫਾਰਸੀ ਵਿਚ ਉਸਦਾ ਅਰਥ ਸੁਣਾਇਆ । ਅਰਥ ਸੁਣਕੇ ਬਾਦਸ਼ਾਹ ਦੀ ਤਸੱਲੀ ਹੋ ਗਈ, ਉਹ ਪ੍ਰਸੰਨ ਹੋ ਗਿਆ। ਮੌਲਵੀ ਤੇ ਮੁਸਲਮਾਨ ਆਲਮ ਸ਼ਰਮਿੰਦੇ ਹੋਏ, ਉਹਨਾਂ ਦੀਆਂ ਅੱਖਾਂ ਨੀਵੀਆ ਹੋ ਗਈਆਂ ਤੇ ਈਰਖਾ ਦੀ ਅੱਗ ਨੇ ਓਹਨਾਂ ਦੇ ਤਨ ਮਨ ਸਾੜ ਸੁਟ।

ਪ੍ਰਸੰਨਤਾ ਦੇ ਵਲਵਲੇ ਵਿਚ ਬਾਦਸ਼ਾਹ ਨੇ ਇਛਾ ਕੀਤੀ ਕਿ ਉਹ ਨੰਦ ਲਾਲ ਨੂੰ ਇਨਾਮ ਬਖਸ਼ੇ । ਇਨਾਮ ਦਾ ਐਲਾਨ ਕਰਨ ਵਾਲਾ ਹੀ ਸੀ ਕਿ ਉਹਦੇ ਹਿਰਦੇ ਵਿਚ ਵੀ 'ਮਜ਼ਹਬੀ ਤੁਅੱਸਬ' ਦੀ ਜਵਾਲਾ ਭੜਕ ਉਠੀ। ਉਹਦੀ ਖੁਸ਼ੀ ਹੈਰਾਨੀ ਤੇ ਕ੍ਰੋਧ ਦਾ ਰੂਪ ਧਾਰਨ ਕਰ ਗਈ। ਉਹ ਮਨ ਹੀ ਮਨ ਸੋਚਣ ਲੱਗਾ-'ਐਸਾ ਆਲਮ, ਐਨ ਸਿਆਣਾ ਹਿੰਦੂ ਮੇਰੇ ਰਾਜ ਵਿਚ ਅਜੇ ਹਿੰਦੂ ਬਾਕੀ ਹੈ? ਇਹ ਨਹੀਂ ਹੋ ਸਕਦਾ, ਇਸਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ। ਖੁਦਾ ਪ੍ਰਸੰਨ ਹੋਵੇਗਾ। ਹਜ਼ਰਤ ਮੁਹੰਮਦ ਸਾਹਿਬ ਖੁਸ਼ੀਆਂ ਬਖਸ਼ਣਗੇ। ਆਹ ! ਸੋਹਣਾ ਫਰਨਾ ਫੁਰਿਆ ! ਠੀਕ ਹੈ ਮੈਂ ਹੁਣੇ ਪੁਛਦਾ ਹਾਂ। ਕਾਜੀਆਂ ਤੇ ਮੌਲਾਣਿਆਂ ਪਾਸੋਂ ਮੈਂ ਸਲਾਹ ਲੈ ਲੈਂਦਾ ਹਾਂ । ਜੇ ਇਹ ਮੁਸਲਮਾਨ ਬਣ ਗਿਆ ਤਾਂ ਸਾਰੇ ਭਾਰਤ ਤੇ ਮੁਸਲਮਾਨ ਜਗਤ ਵਿਚ ਖੁਸ਼ੀ ਦਾ ਹੜ੍ਹ ਆ ਜਾਵੇਗਾ। ਇਉਂ ਦੁਸ਼ਟ ਆਤਮਾ ਨੇ ਸੋਚਿਆ, ਅਤੇ ਪ੍ਰਗਟ ਤੌਰ ਤੇ ਨੰਦ ਲਾਲ

Sri Satguru Jagjit Singh Ji eLibrary NamdhariElibrary@gmail.com

ਨਾਲ ਇਉਂ ਗਲ ਬਾਤ ਛੇੜੀ—'ਕਿਉਂ ਦੀਵਾਨ ਜੀ ! ਤੁਸਾਂ ਕੁਰਾਨ ਮਜੀਦ ਨੂੰ ਧਿਆਨ ਨਾਲ ਪੜ੍ਹਿਆ ਹੈ ?'

'ਹਾਂ ਜਹਾਂ ਪਨਾਹ ਕੁਰਾਨ ਮਜੀਦ ਤੇ ਇਸਦੇ ਨਾਲ ਸਬੰਧਤ ਸਾਰੀਆਂ ਕਿਤਾਬਾਂ ਨੂੰ ਪੜ੍ਹਿਆ ਹੈ। ਚਾਰ ਸਾਲ ਪੜਨ ਤੇ ਲਾਏ ਹਨ।'

'ਖਦਾ ਨੇ ਤੇਰੇ ਤੇ ਮੇਹਰ ਕੀਤੀ ਹੈ।'

'ਐਸਾ ਹੀ ਹੈ।'

'ਐਨਾ ਇਲਮ ਹਾਸਲ ਕਰਨ ਤੇ ਫਿਰ ਤੁਸੀਂ ਮੁਸਲਮਾਨ ਨਹੀਂ ਬਣੇ। ਕਾਫਰ ਰਹੇ ਹੋ, ਇਹ ਗਲ ਮਾੜੀਹੈ। ਜੇ ਮੁਸਲਮਾਨ ਬਣ ਜਾਵੋ ਤਾਂ ਮੁਸਲਮਾਨ ਦੁਨੀਆਂ ਵਿਚ ਤੁਸਾਂ ਦਾ ਬਹੁਤ ਸਤਿਕਾਰ ਹੋਵੇਗਾ। ਸ਼ਾਇਦ ਖਲੀਫੇ ਹੀ ਬਣਾ ਦਿਤੇ ਜਾਵੋ। ਇਸਲਾਮ ਸੰਸਾਰ ਦੀ ਸਾਰੀ ਖਲਕਤ ਦਾ ਮਜ਼ਹਬ ਹੈ।'

ਨੰਦ ਲਾਲ ਇਹ ਸੁਣ ਕੇ ਔਰੰਗਜੇਬ ਦੇ ਮਨੋ ਭਾਵਾ ਨੂੰ ਇਕ ਦਮ ਸਮਝ ਗਿਆ। ਉਹਦਾ ਹਿਰਦਾ ਕੰਬ ਗਿਆ, ਉਹਦੀਆਂ ਅੱਖਾਂ ਅਗੇ ਭੇ ਦਾ ਹਨੇਰਾ ਆਇਆ। ਉਹ ਸਚਣ ਲਗਾ ਕੀ ਉੱਤਰ ਦੇਵਾਂ ? ਧਰਮ ਛੱਡਣਾ ਅਸੰਭਵ ਹੈ। ਉਹ ਅਜੇ ਸੋਚ ਹੀ ਰਿਹਾ ਸੀ ਕਿ ਔਰੰਗਜੇਬ ਨੇ ਦਰਬਾਰ ਵਲ ਦੇਖਿਆ। ਸ਼ਾਇਦ ਉਹ ਦਰਬਾਰੀਆਂ ਦੇ ਚੇਹਰੇ ਦੇਖਕੇ ਅਨੁਭਵ ਕਰਨਾ ਚਾਹੁੰਦਾ ਸੀ ਕਿ ਉਸ ਦੇ ਇਸ ਵਿਚਾਰ ਨਾਲ ਉਹਨਾਂ ਦੇ ਦਿਲਾਂ ਉਤੇ ਕੈਸਾ ਅਸਰ ਹੋਇਆ ਹੈ। ਉਸਨੂੰ ਹਰ ਪਾਸੇ ਖੁਸ਼ੀ ਦਿੱਸੀ ॥ ਇਕ ਮੌਲਵੀ ਨੇ ਉਠ ਕੇ ਅਰਜ ਕਰ ਹੀ ਦਿਤੀ—'ਸ਼ਹਿਨਸ਼ਾਹ ਸਲਾਮਤ ! ਇਸ ਨਾਲੋਂ ਵਧਾ ਵਿਚਾਰ ਹੋਰ ਕੀ ਹੋ ਸਕਦਾ ਹੈ, ਜੇ ਇਹ ਮੁਸਲਮਾਨ ਬਣ ਜਾਵੇ ਤਾਂ ਹੁਣੇ ਪੀਰ ਮੌਲਵੀ ਬਣਾਇਆ ਜਾਵੇ ॥ ਇਹ ਸਿੱਧਾ ਹੀ ਬਹਿਸ਼ਤ ਨੂ ਜਾਵੇਗਾ ਅਤੇ ਨਾਲੇ ਅੱਲਾ ਪਾਕ ਪ੍ਰਸੰਨ ਹੋਣਗੇ ॥'

ਸ਼ਾਹਜਾਦਾ ਮੁਅੱਜ਼ਮ ਹੈਰਾਨ ਸੀ, ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਪੀਰ ਮੁਨਸ਼ੀ ਨਾਲ ਧੱਕਾ ਹੋਵੇ ਅਤੇ ਮਲੋ ਮਲੀ ਉਸ ਦਾ ਧਰਮ ਤਬਦੀਲ ਕੀਤਾ ਜਾਵੇ, ਪਰ ਉਸ ਵੇਲੇ ਦਰਬਾਰ ਵਿਚ ਬੋਲਣਾਂ ਵੀ ਖਤਰਨਾਕ ਸੀ ! ਪਾਗਲ ਮੌਲਵੀ ਬੈਠੇ ਸਨ, ਔਰੰਗਜੇਬ ਕੋਲੋਂ ਭੀ ਡਰ ਆਉਂਦਾ ਸੀ, ਕਿਉਂਕਿ

Sri Satguru Jagjit Singh Ji eLibrary NamdhariElibrary@gmail.com

ਉਹ ਬੜੇ ਕਰੜੇ ਸੁਭਾ ਦਾ ਬੰਦਾ ਸੀ। ਉਹ ਕ੍ਰੋਧ ਨਾਲ ਲਾਲ ਪੀਲਾ ਹੋ ਕੇ ਦਰਬਾਰ ਵਿਚੋਂ ਉਠਕੇ ਚਲਿਆ। ਭਾਈ ਨੰਦ ਲਾਲ ਵੀ ਉਸਦੇ ਨਾਲ ਉਠਕੇ ਜਾਣ ਲੱਗਾ ਤਾਂ ਔਰੰਗਜ਼ੇਬ ਨੇ ਉਸਨੂੰ ਰੋਕ ਲਿਆ। 'ਠਹਿਰੋ! ਤੁਸੀਂ ਨਹੀਂ ਜਾ ਸਕਦੇ। ਜੁਵਾਬ ਦੇਣਾ ਹੋਵੇਗਾ ਕਿ ਮੁਸਲਮਾਨ ਬਨਣ ਨੂੰ ਤਿਆਰ ਹੋ ਕਿ ਨਹੀਂ?'

'ਜਹਾਂ ਪਨਾਹ! ਬੰਦੇ ਨੂੰ ਇਕ ਦਿਨ ਸੋਚਣ ਦੀ ਮੋਹਲਤ ਬਖਸ਼ੀ ਜਾਵੇ। ਕੱਲ ਭਰੇ ਦਰਬਾਰ ਵਿਚ ਉੱਤਰ ਦੇ ਸਕਾਂਗਾ। ਅਗੇ ਤਾਂ ਆਪਦੇ ਬੋਲ ਸੁਣ ਕੇ ਮੰਗਾ ਹਿਰਦਾ ਕੰਬ ਉਠਿਆ ਹੈ। ਕੁਝ ਨਹੀਂ ਔੜਦਾ, ਬਸ ਇਕ ਦਿਨ ਬਖਸ਼ ਦੇਵੋ। ਕੱਲ ਸਭ ਕੁਝ ਦੱਸ ਦੇਵਾਗਾ।'

ਨੰਦ ਲਾਲ ਦਾ ਇਹ ਉਤਰ ਸੁਣ ਕੇ ਸਾਰੇ ਦਰਬਾਰ ਵਿਚ ਹਲਚਲ ਮੱਚ ਗਈ। ਹਿੰਦੂ ਦੀਵਾਨ ਘਬਰਾ ਗਏ। ਮੁਸਲਮਾਨ ਦਰਬਾਰੀ ਪ੍ਰਸੰਨਤਾ ਨਾਲ ਉਛਲੇ। ਜਿਨ੍ਹਾਂ ਆਲਮਾਂ ਨੂੰ ਅਰਥ ਨਹੀਂ ਸਨ ਆਏ ਤੇ ਨੰਦ ਲਾਲ ਜੀ ਦੀ ਵਿਦਵਤਾ ਨਾਲ ਉਨ੍ਹਾਂ ਨੂੰ ਸ਼ਰਮਿੰਦਾ ਹੋਣਾ ਪਿਆ ਸੀ, ਉਹ ਸੋਚਣ ਲਗੇ—'ਹੁਣ ਠੀਕ ਹੈ! ਜਾਂ ਤਾਂ ਮੁਸਲਮਾਨ ਹੋ ਜਾਵੇਗਾ ਜਾਂ ਕਤਲ ਕਰ ਦਿਤਾ ਜਾਵੇਗਾ। ਕਾਫਰ ਅਕਲ ਤੇ ਵਿਦਿਆ ਵਾਲਾ ਜੀਉਂਦਾ ਨਹੀਂ ਰਹਿ ਸਕਦਾ।'

ਇਕ ਦਿਨ ਦੀ ਮੋਹਲਤ ਮੰਗਣ ਤੇ ਔਰੰਗਜੇਬ ਖੁਸ਼ ਹੋ ਗਿਆ! ਉਸ ਨੂੰ ਖਿਆਲ ਸੀ ਕਿ ਇਕ ਦਿਨ ਮੋਹਲਤ ਦੇਣ ਵਿਚ ਕੀ ਹਰਜ ਹੈ? ਇਹ ਕਿਤੇ ਨੱਸਕੇ ਤਾ ਜਾ ਨਹੀਂ ਸਕਦਾ। ਬਸ ਹੁਣ ਸਮਝੋ ਮੁਸਲਮਾਨ ਬਣ ਗਿਆ। ਉਸ ਨੇ ਨੰਦ ਲਾਲ ਨੂੰ ਆਖ ਦਿਤਾ—'ਹਾਂ! ਜਾਓ! ਕਲ ਦਰਬਾਰ ਵਿਚ ਹਾਜ਼ਰ ਹੋ ਕੇ ਦੱਸਣਾ ਕਿ ਮਨ ਨਾਲ ਕੀ ਫੈਸਲਾ ਕੀਤਾ ਹੈ, ਵੀਹ ਵਿਸਵੇ ਫੈਸਲਾ ਏਹੋ ਹੋਵੇ ਕਿ ਮੁਸਲਮਾਨ ਬਣ ਜਾਵੋ।'

ਨੰਦ ਲਾਲ ਦਰਬਾਰ ਵਿਚੋਂ ਬਾਹਰ ਆ ਗਿਆ। ਉਹ ਸ਼ਾਹਜਾਦੇ ਦੇ ਨਾਲ ਨਹੀਂ ਗਿਆ ਸਗੋਂ ਆਪਣੇ ਘਰ ਚਲਿਆ ਗਿਆ। ਘਰ ਜਾ ਕੇ ਅੰਨ-ਜਲ ਮੂੰਹ ਲਾਉਣ ਤੋਂ ਬਿਨਾਂ ਮੰਜੀ ਉਤੇ ਲੇਟਕੇ ਉਸਨੇ ਸੋਚਣਾ ਆਰੰਭ

Sri Satguru Jagjit Singh Ji eLibrary NamdhariElibrary@gmail.com

ਕੀਤਾ ਕਿ ਉਹ ਕੀ ਕਰੇ ? ਉਸ ਦੀਆਂ ਅੱਖਾਂ ਦੇ ਸਾਹਮਣੇ ਔਰੰਗਜ਼ੇਬ ਦੇ ਸਾਰੇ ਅਤਿਆਚਾਰ ਆ ਏ ॥ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਸਿਖਾਂ ਦੀਆਂ ਸ਼ਹੀਦੀਆਂ ਚੇਤੇ ਆਈਆਂ ॥ ਉਸ ਦੀ ਆਤਮਾ ਪੁਕਾਰ ਉਠੀ—'ਨੰਦ ਲਾ'ਲ ! ਮੁੜਕੇ ਮਾਨੁਖਾ ਜਨਮ ਪ੍ਰਾਪਤ ਨਹੀਂ ਹੋਣਾ, ਇਹ ਇਕ ਵਾਰ ਹੀ ਪ੍ਰਾਪਤ ਹੁੰਦਾ ਹੈ, ਧਰਮ ਛੱਡਕੇ ਜੇ ਚਾਰ ਦਿਨ ਮੌਜ ਨਾਲ ਜੀ ਲਵੇਂਗਾ ਫਿਰ ਵੀ ਤਾ ਮਰਨਾ ਹੈ, ਕੀ ਮੁਸਲਮਾਨ ਬਣ ਕੇ ਲੋਕ ਮਰਦੇ ਨਹੀਂ ? ਜਦੋਂ ਖੁਸ਼ੀਆਂ ਕਿੰਨਾ ਦਿਰ ਰਹਿਣਗੀਆਂ ? ਆਖਰ ਇਕ ਦਿਨ ਤਾਂ ਆਵੇਗਾ, ਜਦੋਂ ਕਬਰਾਂ—ਸ਼ਮਸਾਨ ਭੂਮੀ ਵਿਚ ਡੇਰਾ ਹੋਵੇਗਾ, ਜੇ ਜੀਵਨ ਅਮਰ ਨਹੀਂ ਤਾਂ ਇਮਾਨ ਕਿਉਂ ਛੱਡਾਂ ? ਤੂ ਜਨਮ ਤੋਂ ਹਿੰਦੂ ਹੈਂ ਹਿੰਦੂ ਰਹੀਂ, ਦੇਵਤਿਆਂ ਦੀਆ ਰੱਖਾਂ ਤੇਰੇ ਸਿਰ ਤੇ ਰਹਿਣਗੀਆਂ ॥'

ਇਹ ਕੁਝ ਸੋਚ ਕੇ ਫਿਰ ਉਸਨੇ ਸੋਚਿਆ—'ਸ਼ਾਹਜ਼ਾਦਾ ਮੁਅੱਜਮ ਮੇਰਾ ਧਰਮ ਨਹੀਂ ਬਚਾ ਸਕਦਾ ॥ ਉਹ ਮੇਰੀ ਜਾਨ ਦੀ ਰਾਖੀ ਨਹੀਂ ਕਰ ਸਕਦਾ ॥ ਫਿਰ ਕਿਧਰ ਜਾਵਾਂ ? ਹਿੰਦੂ ਰਾਜੇ ਨਾ ਹੋਇਆਂ ਵਰਗੇ ਹਨ॥ ਉਹ ਤਾਂ ਔਰੰਗਜ਼ੇਬ ਕੋਲੋਂ ਇਸ ਤਰਾਂ ਡਰ ਰਹੇ ਹਨ, ਜਿਵੇਂ ਬਾਜ ਬਿਲੇ ਕੋਲੋਂ ਚਿੜੀਆਂ ਤੇ ਕਬੂਤਰ ਡਰਦੇ ਸਨ ॥ ਕੀ ਕਰਾ ? ਕਿਧਰ ਜਾਵਾ ?'

ਇਉਂ ਸੋਚਦਿਆ ਹੋਇਆਂ ਨੰਦ ਲਾਲ ਨੇ ਚਾਰ ਚੁਫੇਰੇ ਨਿਗਾਹ ਦੁੜਾਈ ਉਸਨੂੰ ਕੋਈ ਟਿਕਾਣਾ ਨਾ ਦਿਸਿਆ ॥ ਉਹ ਉਦਾਸ ਹੋ ਗਿਆ ॥ ਉਦਾਸੀ ਵਿਚ ਬੈਠ ਬੈਠੇ ਨੂੰ ਖਿਆਲ ਆਇਆ ਕਿ ਉਹ ਕਿਉਂ ਨਾ ਅਨੰਦਪੁਰ ਸਤਿਗੁਰੂ ਜੀ ਪਾਸ ਜਾਵੇ ॥ ਸਤਿਗੁਰੂ ਜੀ ਧਰਮ ਦੇ ਰਾਖੇ ਹਨ॥ ਉਹ ਕਦੀ ਵੀ ਮੈਨੂੰ ਔਰੰਗਜੇਬ ਦੇ ਹਵਾਲੇ ਨਹੀਂ ਕਰਨ ਲਗੇ ॥ ਧਰਮ ਦੀ ਖਾਤਰ ਉਨ੍ਹਾਂ ਦੇ ਦਾਦੇ ਨੇ ਸ਼ਹੀਦੀ ਪ੍ਰਾਪਤ ਕੀਤੀ, ਬਾਬੇ ਨੇ ਜੁਧ ਲੜ ਤੇ ਪਿਤਾ ਜੀ ਨੇ ਹਿੰਦੂ ਦੀ ਆਬਰੂ ਰੱਖੀ ॥ ਬੱਸ ਏਹੋ ਠੀਕ ਹੈ । ਮੈਂ ਅਦਨੰਪੁਰ ਜਾਂਦਾ ਹਾਂ, ਆਪ ਜ਼ਰੂਰ ਮੇਰੀ ਰਖਿਆ ਕਰਨਗੇ ॥'

ਡੁਬ ਰਹੇ ਨੰਦ ਲਾਲ ਨੂੰ ਕਿਨਾਰਾ ਦਿਸਿਆ, ਉਸ ਨੇ ਫੈਸਲਾ ਕੀਤਾ ਕ ਉਹ ਰਾਤੋ ਰਾਤ ਦਿਲੀ ਤੋਂ ਨੱਸ ਜਾਵੇ । ਬੱਸ ਚੋਰਾਂ ਵਾਂਗ ਨਸੇ, ਕਿਸੇ ਨੂੰ

Sri Satguru Jagjit Singh Ji eLibrary NamdhariElibrary@gmail.com

ਖਬਰ ਨਾ ਦੇਵੇ. ਕਿਸੇ ਨਾਲ ਗਲ ਨਾ ਕਰੇ। ਇਕ ਦਮ ਸਾਰੇ ਮਿੱਤਰਾਂ ਨੂੰ ਭੁਲ ਜਾਵੇ ਘਰ ਦੇ ਸਮਾਨ ਦਾ ਮੋਹ ਤਿਆਗ ਦੇਵੇ, ਸੁਖਾਂ ਨੂੰ ਲੱਤ ਮਾਰ ਦੇਵੇ. ਇਕ ਜਾਨ ਅਤੇ ਕੁਝਕੁ ਹੱਥ ਲਿਖੀਆਂ ਪੁਸਤਕਾਂ ਲੈਕੇ ਨੱਸ ਜਾਵੇ। ਉਸੇ ਵੇਲੇ ਗੁਰੂ ਦਾ ਧਿਆਨ ਧਰ ਲਿਆ। ਸਾਹਿਬਾਂ ਦੇ ਚਰਨਾਂ ਨਾਲ ਸੁਰਤ ਜੁੜ ਗਈ। ਜੀਭਾਂ ਸਤਿਗੁਰੂ ਨਾਨਕ ਗੋਬਿੰਦ ਜੀ ਦੀ ਉਸਤਤਿ ਕਰਨ ਲੱਗੀ।

ਬਗਲ ਵਿਚ ਪੁਸਤਕਾਂ ਰਖਕੇ ਰਾਤ ਦੇ ਹਨੇਰੇ ਵਿਚ ਨੰਦਲਾਲ ਨੇ ਘਰ ਨੂੰ ਛੱਡ ਦਿਤਾ। ਉਸ ਵੇਲੇ ਫਕੀਰੀ ਭੇਸ ਕੀਤਾ ਹੋਇਆ ਸੀ। ਪੂਰੇ ਮੁਸਲਮਾਨ ਫਕੀਰ ਜਾਪਦੇ ਸਨ, ਹੌਲੀ ਹੌਲੀ ਘਰੋਂ ਤੁਰੇ। ਰਾਹ ਵਿਚ ਕੋਈ ਜਾਣੂ ਨਾ ਮਿਲਿਆ, ਜੇ ਮਿਲਿਆ ਤਾਂ ਅੱਖ ਬਚਾ ਕੇ ਪਾਸੇ ਹੋ ਗਏ। ਅੱਧੀ ਰਾਤ ਹੋਣ ਸਮੇਂ ਦਿਲੀ ਸ਼ਹਿਰ ਤੋਂ ਪੂਰੇ ਅੱਠ ਮੀਲ ਦੂਰ ਆ ਗਿਆ। ਬਸ ਉਸ ਦੂਰੀ ਤੇ ਪੁਜ ਕੇ ਉਸ ਦਾ ਡਰ ਘਟ ਗਿਆ। ਉਸ ਦਾ ਵਿਚਾਰ ਸੀ ਕਿ ਬਾਦਸ਼ਾਹ ਉਸਦੀ ਖੋਜ ਕਰਾਵੇਗਾ, ਪਰ ਅਗਲੇ ਦਿਨ ਜਦੋਂ ਉਹ ਦਰਬਾਰ ਵਿਚ ਨਾ ਦਿਸਿਆ ਉਤਨੇ ਚਿਰ ਨੂੰ ਬਹੁਤ ਦੂਰ ਨਿਕਲ ਗਿਆ।

ਨੰਦ ਲਾਲ ਰਾਤ ਨੂੰ ਕਿਤੇ ਖਲੋਤਾ ਨਹੀਂ, ਉਸ ਨੂੰ ਨਾ ਨੀਂਦ ਆਈ ਤੇ ਨਾ ਉਸ ਨੂੰ ਕਿਸੇ ਜਾਨਵਰ ਪਾਸੋਂ ਡਰ ਆਇਆ। ਜੇ ਉਸ ਨੂੰ ਡਰ ਸੀ ਤਾਂ ਉਹ ਮੁਗਲ ਫੌਜਾਂ ਦਾ ਅਤੇ ਔਰੰਗਜੇਬ ਦੀ ਕ੍ਰੋਧੀ ਦਾ। ਭੁਖਾ ਤ੍ਰਿਹਾਇਆ ਆਖਰ ਉਹ ਅਨੰਦਪੁਰ ਪਹੁੰਚ ਗਿਆ। ਅਨੰਦਪੁਰ ਪਹੁੰਚਣ ਸਮੇਂ ਉਹ ਵਿਆਕੁਲ ਸੀ, ਥਕੇਵੇਂ ਤੇ ਭੁਖ ਨੇ ਉਹਦੇ ਤਨ ਵਿਚ ਸਾਹ ਸਤ ਨਹੀਂ ਸੀ ਛਡਿਆ। ਉਹ ਧਰਮਸਾਲਾ ਵਿਚ ਜਾ ਡਿੱਗਾ ਸੀ ਅਤੇ ਉਥੇ ਹੀ ਲੇਟ ਗਿਆ। ਉਸਨੇ ਇਕ ਸਿਖ ਨੂੰ ਕਿਹਾ—'ਮੈਨੂੰ ਪਾਣੀ ਚਾਹੀਦਾ ਹੈ। ਮੈਂ ਭੁਖਾ ਹਾਂ ਗੁਰੂ ਕੇ ਲੰਗਰ ਦੇ ਪ੍ਰਸ਼ਾਦੇ ਦੀ ਲੋੜ ਹੈ।'

ਗੁਰਸਿਖ ਉਸੇ ਵੇਲੇ ਉਠਿਆ ਤੇ ਨੱਠ ਕੇ ਪਾਣੀ ਅਤੇ ਪ੍ਰਸ਼ਾਦ ਗੁਰੂ ਕੇ ਲੰਗਰੋਂ ਲੈ ਆਇਆ। ਪ੍ਰਸ਼ਾਦ ਅਗੇ ਰਖ ਕੇ ਤੇ ਜਲ ਪਿਲਾ ਕੇ ਸਿਖ ਨ ਨੰਦ ਲਾਲ ਨੂੰ ਘੁਟਣਾ ਸ਼ੁਰੂ ਕਰ ਦਿਤਾ। ਘੁਟ ਕੇ ਸੇਵਾ ਕੀਤੀ, ਸੇਵਾ ਨਾਲ ਨੰਦ ਲਾਲ ਦਾ ਸਰੀਰ ਗਰਮ ਹੋ ਗਿਆ ਤੇ ਓਹ ਤੁਰਨ ਜੋਗਾ

Sri Satguru Jagjit Singh Ji eLibrary NamdhariElibrary@gmail.com

ਬਣ ਗਿਆ। ਏਨੇ ਨੂੰ ਭਾਈ ਨੰਦ ਚੰਦ ਜੀ ਉਧਰ ਆ ਨਿਕਲੇ। ਉਹਨਾਂ ਅਗੇ ਹਥ ਜੋੜ ਕੇ ਭਾਈ ਨੰਦ ਲਾਲ ਜੀ ਨੇ ਪ੍ਰਾਰਥਨਾ ਕੀਤੀ-'ਮੈਂ ਨੰਦ ਲਾਲ ਹਾਂ। ਜੋਹੜਾ ਅਜ ਤੋਂ ਤਿੰਨ ਦਿਨ ਪਹਿਲਾਂ ਔਰੰਗਜੇਬ ਦੇ ਪੁਤਰ ਸ਼ਹਜ਼ਾਦਾ ਮੁਅੱਜ਼ਿਮ ਦਾ ਮੀਰ ਮੁਨਸ਼ੀ ਸਾਂ, ਪਰ ਅਜ ਕਲ ਕੁਝ ਵੀ ਨਹੀਂ ਹਾਂ। ਮੈਂ ਸਤਿਗੁਰੂ ਜੀ ਨੂੰ ਮਿਲਣਾ ਚਾਹੁੰਦਾ ਹਾਂ, ਤਾਂਕਿ ਦਾਤੇ ਅਗੇ ਬੇਨਤੀ ਕਰ ਸਕਾਂ ਕਿ ਮੇਰੀ ਰਖਿਆ ਕੀਤੀ ਜਾਵੇ. ਔਰੰਗਜੇਬ ਮੈਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਤੇ ਮੈਂ ਦਿਲੀ ਤੋਂ ਨਸ ਆਇਆ ਹਾਂ।'

'ਵੀਰ ਜੀ ! ਕੋਈ ਚਿੰਤਾ ਨਾ ਕਰੋ, ਔਰੰਗਜੇਬ ਦਾ ਹੁਣ ਪ੍ਰਛਾਵਾਂ ਵੀ ਏਥੇ ਨਹੀਂ ਆ ਸਕਦਾ।' ਭਾਈ ਨੰਦ ਚੰਦ ਜੀ ਦਾ ਬਚਨ ਸੀ

ਉਸੇ ਸ਼ਾਮ ਨੰਦ ਲਾਲ ਨੂੰ ਸਤਿਗੁਰੂ ਜੀ ਦੇ ਪੇਸ਼ ਕੀਤਾ ਗਿਆ। ਉਸਨੇ ਸਤਿਗੁਰੂ ਜੀ ਦੇ ਚਰਨ ਫੜ ਲਏ ਤੇ ਅੱਖਾਂ ਦੇ ਜਲ ਨਾਲ ਧੋ ਸੁਟੇ, ਬੇਨਤੀ ਕੀਤੀ। ਉਸਦੀ ਜੀਵਨ ਕਥਾ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ- 'ਚਿੰਤਾ ਨਾ ਕਰੋ। ਅੱਜ ਤੋਂ ਤੁਸਾਂ ਨੂੰ ਕਵੀਆਂ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ ਪ੍ਰਭੂ ਦੇ ਗੁਣਾਂ ਦੀ ਕਵਿਤਾ ਦਾ ਉਚਾਰਨ ਕਰਨਾ ਤੇ ਸਿਖਾਂ ਨੂੰ ਫਾਰਸੀ ਪੜ੍ਹਾਉਣਾ ਆਪਦਾ ਮਨੋਰਥ ਹੈ।'

ਇਉਂ ਭਾਈ ਨੰਦ ਲਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਜਾ ਤੇ ਰਹਿਣ ਲੱਗਾ। ਸਤਿਗੁਰੂ ਜੀ ਦੇ ਪਰੇਮ ਵਿਚ ਦੀਵਾਨੇ ਹੋ ਕੇ ਉਸ ਨੇ ਫਾਰਸੀ ਵਿਚ ਕਵਿਤਾ ਉਚਾਰੀ, ਜੋਹੜੀ ਅਜੇ ਤਕ 'ਭਾਈ ਨੰਦ ਲਾਲ ਦੀਆਂ ਗਜ਼ਲਾਂ' ਦੇ ਨਾਮ ਨਾਲ ਪ੍ਰਸਿਧ ਹੈ ਤੇ ਇਸ ਬਾਰੇ ਅਗ ਜਾ ਕੇ ਦਸਿਆ ਜਾਵੇਗਾ।

੨. ਨਕਲੀ ਤੇ ਅਸਲੀ ਲੰਗਰ

ਕਰਤਾਰ ਦੀ ਅਸਚਰਜ ਲੀਲ੍ਹਾ ਹੈ। ਜਗਤ ਦੇ ਵਿਚ ਚੰਗੇ ਨਾਲ ਮਾੜਾ ਤੇ ਅਸਲ ਨਾਲ ਨਕਲ ਬਰਾਬਰ ਦੇ ਤੁਰੇ ਆਉਂਦੇ ਹਨ। ਤੀਰਥ ਮੰਦਰਾ, ਕਚਹਿਰੀ ਤੇ ਭਾਈਚਾਰਿਆਂ ਵਿਚ ਸਚਾਈ ਦੇ ਨਾਲ ਕੂੜ ਵੀ ਹੈ। ਕੂੜ ਤੋਂ ਕੋਈ ਧਰਤੀ ਵੰਜੀ ਨਹੀਂ ਰਹਿੰਦੀ, ਅਨੰਦਪੁਰ ਅਨੰਦ ਤੇ ਸਚਾਈ ਦੀ

Sri Satguru Jagjit Singh Ji eLibrary NamdhariElibrary@gmail.com

ਨਗਰੀ ਸੀ। ਵਾਹਿਗੁਰੂ ਦੇ ਭੇ ਵਾਲੇ ਜੀਵ ਉਸ ਪਵਿਤ੍ਰ ਭੂਮੀ ਵਿਚ ਵਸਦੇ ਸਨ। ਸੰਤ ਸਿਪਾਹੀਆਂ ਨੂੰ ਵਸਦਿਆਂ ਦੇਖਕੇ ਠੱਗ ਵੀ ਆ ਪੁਜੇ। ਉਹਨਾਂ ਨੇ ਬਗਲਿਆਂ ਵਾਂਗ ਸੂਰਤਾਂ ਹੰਸਾ (ਸੰਤਾਂ) ਦੀਆਂ ਬਣਾ ਲਈਆ। ਉਹਨਾਂ ਨੇ ਬਗਲਿਆਂ ਵੇ ਚਰਨਾਂ ਦੀ ਸ਼ਰਨ ਲੈਕੇ ਧੋਖਾ ਕਰਨਾ ਆਰੰਭ ਕਰ ਦਿਤਾ।

ਉਹ ਧੋਖਾ ਇਹ ਸੀ ਕਿ ਇਕ ਲੰਗਰ ਤਾਂ ਸਤਿਗੁਰੂ ਜੀ ਵਲੋਂ ਵੱਡਾ ਗੁਰੂ ਕਾ ਲੰਗਰ ਸੀ ਤੇ ਦੂਸਰਾ ਲੋਕਾਂ ਨੇ ਘਰੇ ਘਰੀ ਛੋਟੇ ਛੋਟੇ ਲੰਗਰ ਲਾਏ ਹੋਏ ਸਨ। ਉਹਨਾਂ ਲੰਗਰਾਂ ਦਾ ਪ੍ਰਬੰਧ ਉਹ ਬਾਹਰਲੇ ਪਿੰਡਾਂ ਤੋਂ ਰਾਸ਼ਨ ਮੰਗਕੇ ਲਿਆਉਂਦੇ ਜਾਂ ਅਨੰਦਪੁਰ ਦਰਸ਼ਨ ਕਰਨ ਆਏ ਯਾਤਰੂਆਂ ਕੋਲੋਂ ਸਹਾਇਤਾ ਰੂਪ ਵਿਚ ਦਾਨ ਮੰਗ ਲੈਂਦੇ। ਕਈਆਂ ਅਮੀਰਾਂ ਵਲੋਂ ਲੰਗਰ ਲਾਏ ਹੋਏ ਸਨ। ਉਹ ਰ ਸ਼ਨ ਭੇਜਦੇ ਸਨ ਉਨ੍ਹਾਂ ਲਾਂਗਰੀ ਤੇ ਸੇਵਾਦਾਰ ਰਖੇ ਹੋਏ ਸਨ। ਉਹਨਾਂ ਲਾਂਗਰੀਆਂ ਤੇ ਸੇਵ ਦਾਰਾਂ ਵਿਚੋਂ ਕਈ ਤਾਂ ਬਹੁਤ ਈਮਾਨਦਾਰ ਹੁੰਦੇ ਤੇ ਕਈ ਠੱਗ ਹੁੰਦੇ। ਰਾਸ਼ਨ ਵੇਚ ਛਡਦੇ ਅਤੇ ਜਾਂ ਕਿਸੇ ਨੂੰ ਰੋਟੀ ਦੇ ਦੇਣੀ ਤੇ ਕਿਸੇ ਨੂੰ ਕੁਝ ਵੀ ਨਾ ਦੇਂਦੇ ਪਰ ਹਾਕਮਾਂ ਵਲੋਂ ਪੂਰਾ ਰਾਸ਼ਨ ਵਸੂਲ ਕਰ ਲੈਦੇ।

ਉਨ੍ਹਾਂ ਦੇ ਕਰਮਾਂ ਦੀ ਸ਼ਕਾਇਤ ਸਤਿਗੁਰੂ ਜੀ ਪਾਸ ਪੁਜੀ, ਸਾਹਿਬਾਂ ਨੇ ਪੜਤਾਲ ਕਰਨ ਦਾ ਫੈਸਲਾ ਕੀਤਾ ਪਹਿਲਾਂ ਤਾਂ ਸਿਆਣੇ ਸਿਖਾਂ ਨੂੰ ਭੇਸ ਬਦਲਕੇ ਭੇਜਿਆ ਤੇ ਪਤਾ ਕੀਤਾ। ਉਹਨਾਂ ਨੇ ਠੱਗ ਸਿਖਾਂ ਦੀ ਪੂਰੀ ਰੀਪੋਰਟ ਕੀਤੀ ਪਰ ਉਨ੍ਹਾਂ ਨੇ ਡੰਨ ਦੇਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਆਪ ਪੜਤਾਲ ਕਰਨੀ ਚਾਹੀ। ਸਾਹਿਬਾਂ ਨੇ ਭੇਸ ਬਦਲਿਆ, ਮਾਮੂਲੀ ਜਿਹ ਸਿਖ ਦੇ ਰੂਪ ਵਿਚ ਰਾਤ ਦੇ ਹਨੇਰੇ ਵਿਚ ਜਦੋਂ ਲੰਗਰ ਵਰਤਾਉਣ ਦਾ ਠੀਕ ਵਲਾ ਸੀ ਉਸ ਵੇਲੇ ਸਾਹਿਬ ਉਸ ਲੰਗਰ ਵਿਚ ਪਹੁੰਚੇ ਜਿਨ੍ਹਾ ਦੀ ਸ਼ਕਾਇਤ ਸੀ ਤੇ ਸਤਿਗੁਰੂ ਜੀ ਦੇ ਨਾਮ ਤੇ ਗੁਰੂ ਕਾ ਲੰਗਰ ਦਾ ਪ੍ਰਸ਼ਾਦ ਮੰਗਿਆ।

'ਇਹ ਕੋਈ ਵੇਲਾ ਪ੍ਰਸ਼ਾਦੇ ਦਾ ਹੈ?' ਪਹਿਲਾਂ ਕਿਥੇ ਸੁਤਾ ਹੋਇਆ ਸੀ। ਇਕ ਲੰਗਰ ਦੇ ਸੇਵਾਦਾਰ ਨੇ ਸਤਿਗੁਰੂ ਜੀ ਨੂੰ ਨਾਂ ਸਿਆਣਦਿਆਂ ਹੋਇਆਂ ਬੜ ਰੋਹਬ ਨਾਲ ਪੁਛਿਆ।

'ਮੈਂ ਸਤਿਗੁਰੂ ਜੀ ਦੇ ਦਰਬਾਰ ਵਿਚ ਬੈਠਾ ਰਿਹਾ। ਨਾਮ ਬਾਣੀ ਸੁਣਦਾ

Sri Satguru Jagjit Singh Ji eLibrary NamdhariElibrary@gmail.com

ਰਿਹਾ।' ਸਤਿਗੁਰੂ ਜੀ ਨੇ ਆਸਜ਼ੀ ਦੇ ਲਹਿਜੇ ਵਿਚ ਉੱਤਰ ਦਿੱਤਾ।

'ਫਿਰ ਗੁਰੂ ਕੇ ਦਰਬਾਰੋਂ ਹੀ ਮਾਰੇ ਫਿਰ ਅਸੀਂ ਤੇਰੇ ਬਾਪ ਦੇ ਨੌਕਰ ਨਹੀਂ। ਚਲ ਤੁਰਦਾ ਹੋ, ਅਗੇ ਬਥੇਰੇ ਲੰਗਰ ਹਨ, ਅਸਾਂ ਦਾ ਲੰਗਰ ਵਾਪੇ ਪੈ ਗਿਆ ਹੈ।'

ਸਤਿਗੁਰੂ ਜੀ ਨੇ ਇਹ ਕੌੜੇ ਬਚਨ ਸੁਣਕੇ ਸਹਾਰ ਲਏ ਪਰ ਚਿਤ ਵਿਚ ਉਸ ਲੰਗਰ ਦਾ ਨਾਮ ਤੇ ਸੇਵਾਦਾਰ ਦਾ ਨਾਮ ਯਾਦ ਰਖ ਲਿਆ। ਅਗਲੇ ਲੰਗਰ ਵਲ ਤੁਰਨ ਦੇ ਬਹਾਨੇ ਰਤਾ ਪਾਸੇ ਹੋ ਖਲੋਤੇ, ਤਾਕਿ ਦੇਖਣ ਕਿ ਇਵੇਂ ਹੀ ਸਾਰਿਆਂ ਨਾਲ ਵਤੀਰਾ ਵਰਤਦਾ ਹੈ ਕਿ ਕਿਸੇ ਨਾਲ ਚੰਗਾ ਸਲੂਕ ਵੀ ਹੁੰਦਾ ਹੈ। ਸਾਹਿਬ ਹਨੇਰੇ ਦਾ ਆਸਰਾ ਲੈਕੇ ਖਲੋਤੇ ਹੋਏ ਕੌਤਕ ਦੇਖਦੇ ਰਹੇ। ਦੋ ਗਰੀਬ ਸਿਖ ਆਏ, ਉਨ੍ਹਾਂ ਨੂੰ ਵੀ ਬਿਨਾ ਪ੍ਰਸ਼ਾਦ ਦੇਣ ਤੇ ਟਾਲਕੇ ਅਗੇ ਤੋਰ ਦਿੱਤਾ ਪਰ ਇਕ ਅਮੀਰ ਆ ਗਿਆ ਉਸ ਨੂੰ ਜੀ ਆਇਆ ਆਖਿਆ, ਪ੍ਰਸ਼ਾਦ ਛਕਾਇਆ ਤੇ ਸਤਿਗੁਰੂ ਦੇ ਨਾਮ ਦਾ ਵਾਸਤਾ ਪਾ ਕੇ ਸਹਾਇਤਾ ਮੰਗ ਲਈ। ਸਾਹਿਬਾਂ ਨੇ ਉਸ ਅਮੀਰ ਦਾ ਵੀ ਖਿਆਲ ਕਰ ਲਿਆ ਅਤੇ ਅਗਲੇ ਲੰਗਰ ਵਲ ਚਲੇ ਗਏ।

ਇਕੜ-ਦੁਕੜ ਸੱਤਾਂ ਲੰਗਰਾਂ ਵਿਚ ਪੁਜੇ, ਸੱਤਾਂ ਨੇ ਹੀ ਪ੍ਰਸ਼ਾਦ ਨਾ ਛਕਾਇਆ ਤੇ ਨਾ ਹੀ ਸਤਿਗੁਰੂ ਜੀ ਨੂੰ ਪਛਾਣਿਆ। ਹਰ ਇਕ ਨੇ ਬੜੇ ਕ੍ਰੋਧ ਤੇ ਲਾ-ਪਰਵਾ ਹੀ ਭਰੇ ਸ਼ਬਦਾਂ ਵਿਚ ਜਵਾਬ ਦਿਤਾ। ਪਰ ਜਦੋਂ ਸਤਿਗੁਰੂ ਜੀ ਸਬੱਬ ਨਾਲ ਭਾਈ ਨੰਦ ਲਾਲ ਜੀ ਦੇ ਲੰਗਰ ਵਿਚ ਪੁਜੇ ਤਾਂ ਭਈ ਜੀ ਨੇ ਸਤਿਗੁਰੂ ਜੀ ਦਾ ਸਿਖ ਸਮਝਕੇ ਬੜੇ ਸਤਿਕਾਰ ਨਾਲ 'ਆਓ ਜੀ ਧੰਨ ਭਾਗ! ਧੰਨ ਸਤਿਗੁਰੂ ਜੀ!' ਆਖਕੇ ਅੰਦਰ ਬੁਲਾਇਆ, ਚਰਨ ਧੋ ਕੇ ਆਸਣ ਉਤੇ ਬੈਠਾਕੇ ਬੜੇ ਪਰੇਮ ਨਾਲ ਪ੍ਰਸ਼ਾਦ ਛਕਾਇਆ ਜਿੰਨਾ ਚਿਰ ਸਤਿਗੁਰੂ ਜੀ ਪ੍ਰਸ਼ਾਦ ਛਕਦੇ ਰਹੇ, ਓਨਾ ਚਿਰ ਭਾਈ ਨੰਦ ਲਾਲ ਜੀ ਫਾਰਸੀ ਵਿਚ ਗੁਰੂ ਜਸ ਦੀਆਂ ਗਜ਼ਲਾਂ ਗਾਉਂਦੇ ਰਹੇ, ਜਿਨਾਂ ਨੂੰ ਸੁਣਕੇ ਸਤਿਗੁਰੂ ਜੀ ਨਿਹਾਲ ਹੁੰਦੇ ਰਹੇ ਤੇ ਚਿਤ ਵਿਚ ਸਿਖ ਨੂੰ ਵਰ ਦੇਂਦੇ ਰਹੇ।

ਰਾਤ ਬੀਤ ਗਈ, ਸਵੇਰ ਹੋਈ, ਕੀਰਤਨ ਦੇ ਭੋਗ ਪਿਛੋਂ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਸੇਵਾਦਾਰਾਂ ਨੂੰ ਹੁਕਮ ਦਿਤਾ ਕਿ ਉਨ੍ਹਾਂ ਲਾਂਗਰੀਆਂ ਨੂੰ ਦਰਬਾਰ ਵਿਚ ਸਦਿਆ ਜਾਵੇ ਜਿਨ੍ਹਾਂ ਨੇ ਸਾਹਿਬਾਂ ਨੂੰ ਪ੍ਰਸ਼ਾਦ ਨਹੀਂ ਸੀ ਛਕਾਇਆ। ਉਨਾ ਦੇ ਨਾਮ ਤੇ ਪੂਰੇ ਪਤੇ ਸਤਿਗੁਰੂ ਜੀ ਨੇ ਆਪ ਦੱਸ ਦਿਤੇ। ਉਨਾਂ ਨੂੰ ਕਹਿਣਾ 'ਸਤਿਗੁਰੂ ਜੀ ਯਾਦ ਕਰ ਰਹੇ ਹਨ, ਛੇਤੀ ਆਓ।'

ਸਤਿਗੁਰੂ ਜੀ ਦੇ ਕੌਤਕਾਂ ਦਾ ਕਿਸੇ ਨੂੰ ਕੁਝ ਭੇਦ ਨਹੀਂ ਸੀ। ਸਾਰੇ ਲਾਂਗਰੀ ਬੜੇ ਪ੍ਰਸੰਨ ਚਿਤ ਆਏ ਕਿ ਉਨਾਂ ਨੂੰ ਇਨਾਮ ਮਿਲੇਗਾ। ਸ਼ਾਇਦ ਉਨਾਂ ਦੀ ਸੇਵਾ ਪ੍ਰਵਾਨ ਹੋਈ ਹੈ। ਸਾਰੇ ਦਰਬਾਰ ਵਿਚ ਪੁਜੇ, ਸਤਿਗੁਰੂ ਜੀ ਨੇ ਇਕ ਇਕ ਲਾਂਗਰੀ ਜਾਂ ਸੇਵਾਦਾਰਾਂ ਦਾ ਨਾਮ ਲੈ ਕੇ ਪੁਕਾਰਿਆ। ਸਾਰੇ ਖਲੋ ਗਏ। ਸਾਹਿਬਾਂ ਨੇ ਹੁਕਮ ਕੀਤਾ—'ਕਿਉਂ ਭਾਈ ਸਿਖੋ ! ਤੁਸਾਂ ਲੰਗਰਾਂ ਨੂੰ ਚਲਾਇਆ ਹੋਇਆ ਹੈ ? ਕੀ ਆਏ ਗਏ ਯਾਤਰੂ ਤੇ ਲੋੜਵੰਦ ਨੂੰ ਪ੍ਰਸ਼ਾਦਾ ਛਕਾਉਂਦੇ ਹੋ।'

'ਹਾਂ ਦਾਤਾ !' ਇਕ ਲਾਂਗਰੀ ਬੋਲਿਆ' 'ਆਪ ਦੀ ਕ੍ਰਿਪਾ ਹੈ, ਲੰਗਰ ਅਟੁਟ ਚਲਦੇ ਹਨ। ਸਭ ਨੂੰ ਪਰੇਮ ਨਾਲ ਪ੍ਰਸ਼ਾਦ ਛਕਾਇਆ ਜਾਂਦਾ ਹੈ। ਕੋਈ ਯਾਤਰੂ ਕਦੀ ਨਿਰਾਸ ਤੇ ਭੁਖਾ ਤੇ ਨਹੀਂ ਮੁੜਿਆ। ਜੇ ਅਸਾਂ ਦੀ ਕਿਸੇ ਸ਼ਕਾਇਤ ਕੀਤੀ ਹੈ ਤਾਂ ਦੀਰਘੀ ਮਸੰਦਾਂ ਨੇ ਕੀਤੀ ਹੋਵੇਗੀ। ਅਸੀਂ ਤਾਂ ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸਭ ਨੂੰ ਪ੍ਰਸ਼ਾਦ ਛਕਾਉ ਦੇ ਹਾਂ।'

ਇਹ ਸੁਣਕੇ ਸਾਹਿਬ ਮੁਸਕਰਾ ਪਏ ਤੇ ਦਾਤਾ ਰਾਮ ਸੇਵਾਦਾਰ ਨੂੰ ਕਹਿਣ ਲਗੇ, ਜੇਹੜਾ ਇਕ ਸ਼ਾਹੂਕਾਰ ਦੇ ਲੰਗਰ ਦਾ ਇੰਨਚਾਰਜ (ਪ੍ਰਬੰਧਕ) ਸੀ, ਰਾਤੀਂ ਕੋਈ ਸਿਖ ਤੁਸਾਂ ਦੇ ਪਾਸ ਆਇਆ ਸੀ, ਜਿਸ ਨੇ ਅਸਾਂ ਦੇ ਨਾਮ ਦਾ ਵਾਸਤਾ ਪਾਕੇ ਪ੍ਰਸ਼ਾਦੇ ਮੰਗੇ ਸਨ।'

'ਆਇਆ ਸੀ ਹਜ਼ੂਰ ! ਪਰ ਉਸ ਵੇਲੇ ਲੰਗਰ ਛਕਾਇਆ ਜਾ ਚੁਕਾ ਸੀ ਉਸਨੂੰ ਜਵਾਬ ਜ਼ਰੂਰ ਮਿਲਿਆ ਸੀ, ਪਰ ਨਿਰਾਦਰੀ ਦਾ ਬਚਨ ਕੋਈ ਨਹੀਂ ਸੀ ਬੋਲਿਆ।' ਦਾਤਾ ਰਾਮ ਨੇ ਉੱਤਰ ਦਿਤਾ।

'ਇਹ ਠੀਕ ਹੈ ਕਿ ਤੁਸਾਂ ਮਿੱਠਾ ਤੇ ਪਰੇਮ ਦਾ ਬਚਨ ਕੋਈ ਨਹੀ ਸੀ ਬੋਲਿਆ। ਤਿੰਨਾਂ ਮਨੁਖਾਂ ਦੇ ਪਿਛੋਂ ਇਕ ਅਮੀਰ ਯਾਤਰੂ ਆਇਆ ਸੀ,

Sri Satguru Jagjit Singh Ji eLibrary NamdhariElibrary@gmail.com

ਉਸਨੂੰ ਪ੍ਰਸ਼ਾਦ ਛਕਾਇਆ ਸੀ, ਸਹਾਇਤਾ ਲਈ ਸੀ। ਕੀ ਉਸ ਵੇਲੇ ਲੰਗਰ ਚਾਲੇ ਨਹੀਂ ਸੀ ਪਾ ਗਿਆ ?'

ਦਾਤਾ ਰਾਮ ਦਾ ਸਿਰ ਨੀਵਾਂ ਹੋ ਗਿਆ । ਅੰਤ੍ਰਯਾਮੀ ਸਤਿਗੁਰੂ ਜੀ ਦੇ ਸਨਮੁਖ ਉਸ ਨੂੰ ਆਪਣਾ ਗੁਨਾਹ ਕਬੂਲ ਕਰਨਾ ਪਿਆ। ਆਖਰ ਸਤਿਗੁਰੂ ਜੀ ਨੇ ਸਾਰਾ ਭੇਤ ਖੋਹਲ ਦਿਤਾ। ਸਾਹਿਬਾਂ ਨੇ ਫੁਰਮਾਇਆ—'ਸਭ ਕੁਝ ਅਸਾਂ ਨੇ ਆਪ ਦੇਖਿਆ ਹੈ । ਉਹ ਸਿੱਖ ਕੋਈ ਹੋਰ ਨਹੀਂ ਸੀ, ਸਗੋਂ ਅਸੀਂ ਸਾਂ। ਇਹ ਲੰਗਰ ਬੰਦ ਕੀਤੇ ਜਾਣ, ਗੁਰ ਕੇ ਲੰਗਰ ਵਿਚ ਵਾਧਾ ਕੀਤਾ ਜਾਵੇ. ਇਹ ਦੁਕਾਨਾਂ ਹਨ, ਸੇਵਾ ਨਹੀਂ, ਨਫਾ ਕਮਾਉਣ ਦਾ ਵਸੀਲਾ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਜੋ ਧੋਖਾ ਕਮਾਏਗਾ, ਸੋ ਨਰਕ ਵਿਚ ਜਾਵੇਗਾ। ਗੁਰੂ ਕੇ ਲੰਗਰ ਦੀ ਰਸਦ ਚੋਰੀ ਕਰਨ ਵਾਲਾ ਮਹਾਂ ਪਾਪੀ ਹੈ। ਉਹ ਕੋਹੜੀ ਹੋਵੇਗਾ, ਉਸਦੀ ਕੁਲ ਕੁਸ਼ਟ ਹੋਵੇਗੀ, ਸਤਿਗੁਰੂ ਜੀ ਦੇ ਨਾਮ ਤੇ ਜੋ ਕੁਝ ਵਸੂਲ ਕੀਤਾ ਜਾਵੇ ਉਹ ਸਿਖਾਂ ਨੂੰ ਵੰਡ ਦਿਤਾ ਜਾਵੇ। ਲੰਗਰ ਦੀ ਸੇਵਾ ਕਰਨ ਵਾਲਾ ਸੇਵਾਦਾਰ ਗਰੂ ਕੇ ਲੰਗਰੋ ਪ੍ਰਸ਼ਾਦਾ ਛਕੇ। ਜੋੜਨ ਤੇ ਧੋਖਾ ਕਰਨ ਦਾ ਯਤਨ ਨਾ ਕਰੇ । ਐਸਾ ਜੋ ਕਰੇਗਾ ਸੋ ਦੁਖੀ ਹੋਵਗਾ।'

ਇਹ ਉਪਦੇਸ਼ ਸੁਣਕੇ ਪਾਪੀਆਂ ਤੇ ਧੋਖੇਬਾਜਾਂ ਦੇ ਦਿਲ ਡੋਲ ਗਏ ਉਹ ਘਬਰਾਏ, ਉਨ੍ਹਾਂ ਦੇ ਹੱਥ ਜੁੜ ਗਏ। ਸਿਰ ਨੀਵੇਂ ਹੋ ਗਏ, ਉਨ੍ਹਾਂ ਦੇ ਦਿਲ ਉਹਨਾ ਨੂੰ ਹੀ ਫਿਟਕਾਰਾਂ ਦੇਣ ਲਗੇ. ਹਿਰਦਿਆਂ ਵਿਚੋਂ ਆਵਾਜ ਨਿਕਲੀ—'ਹੇ ਪਾਪੀਆ ! ਕਿਉਂ ਪਾਪ ਕਮਾਇਆ ! ਘਟ ਘਟ ਦੀ ਜਾਨਣਹਾਰ ਤੇ ਸਰਬ ਕਲਾ ਸੰਪੂਰਨ ਸਤਿਗੁਰੂ ਜੀ ਨੂੰ ਧੋਖਾ ਦੇਣ ਦਾ ਯਤਨ ਕੀਤਾ। ਇਹ ਕਿਵੇਂ ? ਮੰਗ ਲੈ ਖਿਮਾਂ ! ਲਗ ਜਾ ਚਰਨੀਂ ! ਹੁਣ ਤਾਂ ਚਰਨੀਂ ਲਗਿਆਂ ਬੇੜਾ ਪਾਰ ਹੋ ਜਾਵੇਗਾ ਤੇ ਜੇ ਸਮਾਂ ਗੁਵਾ ਬੈਠੋਂ ਤਾਂ ਨਰਕ ਕੁੰਡ ਵਿਚ ਡਿਗੇਂਗਾ ਇਹੋ ਜਹੀ ਸਦ ਹਰ ਇਕ ਹਿਰਦੇ ਵਿਚੋਂ ਨਿਕਲੀ।

ਸਾਰੇ ਦੋਸੀ ਸਿਰ ਨੀਵਾਂ ਕਰਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਏ। ਰੋ ਰੋ ਆਪਣੇ ਮੈਲ ਮਨ ਨੂੰ ਸਾਫ ਕਰਨ ਲੱਗੇ। ਉਹਨਾਂ ਨੇ ਧਾਹੀਂ ਮਾਰੀਆਂ, ਵਿਰਲਾਪ ਕਰਕੇ ਅਰਜ਼ਾਂ ਕੀਤੀਆਂ—'ਹੇ ਦਾਤਾ ! ਸਚੇ ਪਾਤਸ਼ਾਹ !

Sri Satguru Jagjit Singh Ji eLibrary NamdhariElibrary@gmail.com

ਦਿਆਲੂ ਤੇ ਕ੍ਰਿਪਾਲੂ ਪਿਤਾ ਬਖਸ਼ੋ ! ਬਖਸ਼ੋ !! ਅਸੀਂ ਪਾਪੀ ਵਡੇ ਗੁਨਾਹਗਾਰ ਆਪ ਪਤਿਤ ਪਾਵਨ, ਦੁਖ ਹਰਤਾ, ਆਪ ਪ੍ਰਮੇਸ਼ਰ ਘਟ ਘਟ ਦੀ ਜਾਨਣਹਾਰ ਸਮਰਥ ਸਤਿਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ! ਅਸੀਂ ਭੁਲ ਗਏ, ਪਾਪੀ ਜੀਵ ਭੁਲ ਗਏ ! ਭੁਲਿਆਂ ਨੂੰ ਰਾਹੇ ਪਾਓ ! ਬਖਸ਼ੋ ਦਾਤਾ ਬਖਸ਼ੋ !

ਉਹਨਾਂ ਦੀਆਂ ਇਸਤਰਾਂ ਦੀਆਂ ਬੇਨਤੀਆਂ ਸੁਣਕੇ ਸਤਿਗੁਰੂ ਜੀ ਨੇ ਬਖਸ਼ ਦਿਤਾ। ਅਗੇ ਨੂੰ ਸਿਧੇ ਰਾਹ ਚਲਣ ਵਾਸਤੇ ਉਪਦੇਸ਼ ਦਿਤਾ ਤੇ ਨਾਲ ਹੀ ਚਿਤਾਵਨੀ ਕਰਾਈ ਕਿ ਅਗੇ ਨੂੰ ਜੇਕਰ ਐਸੀ ਸ਼ਕਾਇਤ ਆਈ ਤਾਂ ਜਰੂਰ ਕਰੜੀ ਸਜਾ ਦਿਤੀ ਜਾਵੇਗੀ ਰਤਾ ਲਿਹਾਜ ਨਹੀਂ ਕੀਤਾ ਜਾਵੇਗਾ। ਗੁਰੂ ਗੋਲਕ ਤੇ ਗੁਰੂ ਕੇ ਲੰਗਰ ਵਿਚੋਂ ਲੰਗਰ ਦੀ ਚੋਰੀ ਬਹੁਤ ਵੱਡਾ ਕੁਕਰਮ ਤੇ ਅਧਰਮ ਹੈ।

੨. ਹੋਲਾ ਮਹੱਲਾ

ਸ਼ਾਹਜ਼ਾਦਾ ਮੁਅੱਜ਼ਮ ਦੇ ਚਲੇ ਜਾਣ ਪਿਛੋਂ ਰਾਜੇ ਤੇ ਪੰਜਾਬ ਦੇ ਮੁਸਲਮਾਨ ਹਾਕਮ ਸਤਿਗੁਰੂ ਜੀ ਪਾਸੋਂ ਕੰਨ ਭੰਨਣ ਲਗੇ। ਹਰ ਪਾਸੇ ਅਮਨ ਹੀ ਅਮਨ ਹੋ ਗਿਆ, ਅਮਨ ਦੇ ਸਮੇਂ ਪੰਜਾਬ ਤੇ ਪੰਜਾਬੋਂ ਬਾਹਰ ਦੀ ਸਿਖ ਸੰਗਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣ ਲੱਗੀ। ਸਾਹਿਬਾਂ ਨੇ ਮਸੰਦਾਂ ਨੂੰ ਦੂਰ ਦੁਰਾਡੇ ਭੇਜਿਆ ਕਿ ਸਿਖ ਸੰਗਤਾਂ ਪਾਸੋਂ ਉਹ ਵਸਤੂਆਂ ਇਕੱਤ੍ਰ ਕਰਨ ਜਿਨ੍ਹਾਂ ਦੀ ਸਮੇਂ ਦੀ ਲੋੜ ਅਨੁਸਾਰ ਅਤੀ ਲੋੜ ਸੀ, ਸਾਰੇ ਦੇਸ਼ ਵਿਚੋਂ ਘੋੜੇ ਤੇ ਹਥਿਆਰ ਚੁਣੇ ਆਉਂਦੇ ਸਨ।

ਸਤਿਗੁਰੂ ਜੀ ਆਪਣੇ ਸਿਖਾਂ ਨੂੰ ਸੰਤਸਿਪਾਹੀ ਬਣਾਉਣ ਲਗੇ। ਪਹਿਲਾਂ ਕੁਰਬਾਣੀ ਪੜ੍ਹੌਂਦੇ, ਗੁਰਬਾਣੀ ਦਾ ਕੀਰਤਨ ਸਿਖਾਉਂਦੇ ਤੇ ਸੁਨਾਉਂਦੇ, ਫਿਰ ਉਚੇ ਜੀਵਨ ਵਾਸਤੇ ਉਪਦੇਸ਼ ਦੇਂਦੇ ਤੇ ਤੀਸਰੇ ਪਹਿਰ ਬਹਾਦਰਾਂ ਦਾ ਅਭਿਆਸ ਦਾ। ਸ਼ਸਤ੍ਰ ਵਿਦਿਆ ਤੇ ਘੋੜ-ਸੁਵਾਰੀ ਸਿਖਾਈ ਜਾਂਦੀ। ਮੋਰਚੇ ਬਣਾ ਕੇ ਫਰਜ਼ੀ ਲੜਾਈਆਂ ਕਰਾਈਆ ਜਾਂਦੀਆਂ।

ਏਸ ਸਮੇਂ ਸਾਹਿਬਾਂ ਨੇ ਆਪ ਗ੍ਰੰਥ ਲਿਖੇ ਜੋ 'ਦਸਮ ਗ੍ਰੰਥ' ਵਿਚ ਅੰਕਤ

Sri Satguru Jagjit Singh Ji eLibrary NamdhariElibrary@gmail.com

ਨਨ ਤੇ ਕਈ ਜੇਹੜੇ ਨੁੰਮ ਹੋ ਗਏ ਹਨ। ਸਾਹਿਬਾ ਪਾਂਸ ਪਰ ਕਵੀ ਸਨ, ਜਿਨ੍ਹਾਂ ਦਾ ਬਿਆਨ ਪਿਛੇ ਕੀਤਾ ਗਿਆ। ਓਹ ਵੀ ਰਾਤ ਦਿਨੇ ਉਚੇ ਗਿਆਨ ਦੀਆਂ ਰਚਨਾਵਾਂ ਰਚ ਰਚਕੇ ਸਿੱਖਾਂ ਨੂੰ ਸੁਨਾਉਣ ਲਗੇ। ਦੇਣਕਾਂ ਵਧ ਗਈਆਂ, ਕਵੀਆਂ ਨੇ ਤਕਰੀਬਨ ਸੱਠ ਸੱਤ ਗ੍ਰੰਥ ਤਿਆਰ ਕੀਤੇ, ਜਿਨਾਂ ਵਿਚੋ ਬਹਤੇ ਅਨੰਦਪੁਰ ਦਾ ਕਿਲਾ ਛਡਣ ਵੇਲੇ ਨਸ਼ਟ ਹੋ ਗਏ ਸਨ ਤੇ ਕੁਝ ਤੁਰਕ ਲੈ ਗਏ ਸਨ।

ਹਿੰਦੁਸਤਾਨ ਵਿਚ ਹੋਲੀ ਦਾ ਤਿਉਹਾਰ ਸ੍ਰੀ ਕ੍ਰਿਸ਼ਨ ਜੀ ਦੇ ਸਮੇਂ ਤੋਂ ਪ੍ਰਚਲਤ ਤੁਰਿਆ ਆਉਂਦਾ ਹੈ। ਸਤਿਗੁਰੂ ਗੋਬਿੰਦ ਰਾਇ (ਗੋਬਿਦ ਸਿੰਘ) ਜੀ ਨੇ ਇਸ ਤਿਉਹਾਰ ਨੂੰ ਨਵੇਂ ਹੀ ਢੰਗ ਨਾਲ ਮਨਾਉਣਾ ਆਰੰਭ ਕੀਤਾ। ਉਹਨਾ ਨੇ ਹੁਕਮਨਾਮੇ ਭੇਜਕੇ ਸਿਖ ਸੰਗਤ ਨੂੰ ਅਨੰਦਪੁਰ ਸਦਿਆ। ਅੱਠ ਦਿਨ ਦੀਵਾਨ ਲਗੇ ਅਤੇ ਪੂੰਨਿਆ ਵਾਲੇ ਦਿਨ ਇਕ ਭਾਰੀ ਜਲੂਸ ਘੋੜਿਆਂ ਉਤੇ ਕਢਿਆ ਜੋ ਇਕ ਕਿਸਮ ਦਾ 'ਹੋਲਾ' ਸੀ। ਸਿਖ ਸੂਰਮੇ ਸਸ਼ਤ੍ਰ ਧਾਰਨ ਕਰਕੇ, ਘੋੜਿਆ ਉਤੇ ਸਵਾਰ ਹੋਕੇਇਸ ਤਰਾਂ ਹੱਲਾ ਬੋਲਦੇ ਸਨ ਜਿਵੇ ਸਚ ਮੁਚ ਦੁਸ਼ਮਨ ਉਤੇ ਹੱਲਾ ਕਰੀਦਾ ਹੈ। ਉਸ ਦਿਨ ਦੇ ਤਿਉਹਾਰ ਦਾ ਨਾਮ ਹੀ 'ਹੋਲਾ ਮਹਲਾ' ਪ੍ਰਸਿਧ ਹੋ ਗਿਆ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜ ਤਕ ਮਨਾਇਆ ਜਾਂਦਾ ਹੈ। ਦੀਵਾਨ ਲਗਦੇ ਹਨ ਸਿਖੀ ਦਾ ਪ੍ਰਚਾਰ ਹੁੰਦਾ ਹੈ ਤੇ ਪੂੰਨਆ ਵਾਲੇ ਦਿਨ ਹੋਲਾ ਮਹਲਾ ਨਿਕਲਦਾਹੈ। ਪਰ ਸਮੇ ਦੀ ਰੌ ਨਾਲ ਜਿਵੇਂ ਸਿਖਾਂ ਵਿਚ ਰਹਿਤ ਬਹਿਤ ਦੀ ਕਮਜੋਰੀ ਆ ਗਈ ਹੈ ਤਿਵੇਂ ਇਸ ਤਿਉਹਾਰ ਦੀ ਯਾਦ ਮਨਾਉਣ 'ਵਿਚ ਵੀ ਅਨੇਕਾਂ ਕਮੀਆਂ ਰਹਿ ਜਾਂਦੀਆਂ ਹਨ। ਵਾਹਿਗੁਰੂ ਸਿਖਾ ਨੂੰ ਸੁਮੱਤ ਬਖਸੇ ਜੋ ਸਿਖੀ ਮਾਰਗ ਤੇ ਚਲਣ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਿਸ਼ਾਨੇ ਦਾ ਪ੍ਰਚਾਰ ਕਰਨ।

੪.ਕੇਸ ਰਖਨ ਦਾ ਹੁਕਮ ਦੇਣਾ

ਸਤਿਗੁਰੂ ਜੀ ਭਵਿਖਤ ਨੂੰ ਅਨੁਭਵ ਕਰਕੇ ਸਿਖਾਂ ਨੂੰ ਨਵੇਂ ਤੋਂ ਨਵੇਂ ਐਸੇ ਜੀਵਨ ਦੇ ਅਸੂਲ ਦਸਦੇ ਸਨ, ਜਿਨ੍ਹਾਂ ਨਾਲ ਸਿਖ ਸਚ ਮੁਚ ਪੂਰਨ

Sri Satguru Jagjit Singh Ji eLibrary NamdhariElibrary@gmail.com

ਮਨੁਖ ਬਣਦੇ ਜਾਂਦੇ ਸਨ। ਸਾਹਿਬ ਨੇ ਮੁਰਦਾ ਹਿੰਦੂਆ ਨੂੰ ਸੁਰਜੀਤ ਕਰਨਾ ਸੀ. ਉਹਨਾਂ ਨੂੰ ਪੁਰਾਤਨ ਆਦਮੀ ਵਾਂਗ ਦਲੇਰ ਬਹਾਦਰ, ਲੰਮੀ ਉਮਰ ਵਾਲੇ ਅਣਖੀਲੇ, ਧਰਮੀ ਤੇ ਜਤੀ ਪੁਰਸ਼ ਬਨਾਉਣਾ ਚਾਹੁੰਦੇ ਸਨ, ਹੋਰ ਗਲਾਂ ਨਾਲ ਤਕਰਬੀਨ ਪੂਜੀਆਂ ਹੋ ਗਈਆਂ ਤਾਂ ਸਤਿਗੁਰੂ ਜੀ ਨੇ ਕਮੀ ਪੂਰੀਤ ਕੀਤੀ ਕਿ ਸਿਖ ਨੂੰ ਜਟਾ ਜੂਟ ਰਹਿਣਾ ਚਾਹੀਦਾ ਹੈ. ਕਿਉਂਕਿ ਪਹਿਲੇ ਭਾਰਤੀ ਵਿਚ (ਰਮਾਇਣ ਤੇ ਮਹਾਂ ਭਾਰਤ ਦੇ ਸਮੇਂ) ਸਾਰੇ ਹਿੰਦੂ. ਬਹਾਦਰ ਰਿਖੀ ਮੁਨੀ ਤੇ ਰਾਜੇ ਸਭ ਜਟਾ-ਜੂਟ ਹੁੰਦੇ ਸਨ। ਤਨ ਤੋਂ ਵਾਲਾਂ (ਕੇਸਾਂ) ਦਾ ਕਟਾਉਣਾ ਖਤਰਨਾਕ ਹੈ ਕੇਸਾਂ ਦਾ ਕਟਣਾ ਮਨ ਤੇ ਤਨ ਦੀ ਅਰੋਗਤਾ ਉਤੇ ਮਾੜਾ ਅਸਰ ਪਾਉਂਦਾ ਹੈ। ਤਨ ਦੀ ਖੂਬਸੂਰਤੀ ਨੂੰ ਵੀ ਨਸ਼ਟ ਕਰਦਾ ਹੈ।

ਸਾਹਿਬ ਨੇ ਇਹ ਵੀ ਸੋਚਿਆ ਕਿ ਪਹਿਲੇ ਸਮੇਂ ਵਿਚ ਕਿਸੇ ਦਾ ਸਿਰ ਮੁਨਣਾ ਉਸ ਨੂੰ ਕਰੜੀ ਸਜ਼ਾ ਦੇਣਾ ਹੁੰਦਾ ਸੀ । ਭਾਰਤ ਵਿਚ ਤੁਰਕਾ ਨੇ ਆਕੇ ਸਿਰ ਮੂੰਹ ਮੁਨਣ ਦਾ ਰਿਵਾਜ ਪਾਇਆ ਸੀ, ਉਹ ਹਿੰਦੂਆ ਦਾ ਧਰਮ ਨਸ਼ਟ ਕਰਨ ਵਾਸਤੇ। ਆਖਰ ਹਿੰਦੂਆਂ ਨੇ ਪੁਰਾਤਨ ਰਸਮ ਨੂੰ ਕਾਇਮ ਰਖਣ ਵਾਸਤੇ 'ਬੋਦੀ' ਰਖਣੀ ਆਰੰਭ ਕੀਤੀ। ਬੋਦੀ ਹਿੰਦੂ ਹੋਣ ਦੀ ਨਿਸ਼ਾਨੀ ਹੈ। ਸਾਹਿਬ ਨੇ ਸੋਚਿਆ ਕਿ ਹਿੰਦੂ ਮਨਾਂ ਉਤੇ ਗੁਲਾਮੀ ਦੇ ਅਸਰ ਦੋ ਹਨ–ਇਕ ਕੇਸ ਮੁਨਾਉਣ ਦਾ ਤੇ ਦੂਸਰਾ ਹਰ ਹਿੰਦੂ ਨੂੰ 'ਲਾਲਾ' ਆਖ ਕੇ ਬੁਲਾਇਆ ਜਾਦਾ ਸੀ। 'ਲਾਲਾ' ਦੇ ਅਰਥ ਹਨ ਗੁਲਾਮ, ਤਿਸਦਾ ਭਾਵ ਕਿ ਹਿੰਦੂ ਸਾਰੇ ਮੁਸਲਮਾਨਾਂ ਦੇ ਗੁਲਾਮ ਸਨ।

ਸਤਿਗੁਰੂ ਨਾਨਕ ਦੇਵ ਜੀ ਤੋਂ ਇਹ ਰਵਾਜ ਤੁਰਿਆ ਆਉਂਦਾ ਸੀ ਕਿ ਹਰ ਇਕ ਸਿੱਖ ਦੂਸਰੇ ਸਿਖ ਨੂੰ ਭਾਈ ਸ਼ਬਦ ਨਾਲ ਸੰਬੋਧਨ ਕਰਕੇ ਬੁਲਾਉਂਦਾ ਸੀ ਸਤਿਗੁਰਾਂ ਨੇ ਫਰਮਾਇਆ–'ਭਾਈ ਸ਼ਬਦ ਵੀ ਚੰਗਾ ਹੈ ਪਰ ਸਰਦਾਰ ਵੀ ਕਿਹਿਆ ਕਰੋ। ਮੁਗਲ ਤੁਰਕ ਤੇ ਪਠਾਣ ਹੀ ਸਰਦਾਰ ਨਹੀਂ ਅਸੀ ਵੀ ਸਾਰੇ ਸਰਦਾਰ ਹਾਂ। ਇਹ ਇਸ ਵਾਸਤੇ ਹੈ ਕਿ ਆਤਮਾ ਵਿਚ ਵਡੇ ਤੇ ਬਹਾਦਰ ਹੋਣ ਦਾ ਅਹਿਸਾਸ ਪੈਂਦਾ ਹੋਵੇ। ਇਸਦੇ ਨਾਲ ਹੀ ਸਤਿਗੁਰੂ ਨੇ ਹੁਕਮਨਾਮਾ ਜਾਰੀ ਕੀਤਾ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਕੇਸ

Sri Satguru Jagjit Singh Ji eLibrary NamdhariElibrary@gmail.com

ਧਾਰਨ ਕਰਨ, ਜਟਾ ਜੂਟ ਰਹਿਣ. ਸਰੀਰ ਤੋਂ ਰੋਮ ਕਟਾਉਣੇ ਰੁਨਾਹ ਹੋਵੇਗਾ। ਸਤਿਗੁਰੂ ਜੀ ਉਹਨਾ ਸਿਖਾਂ ਨੂੰ ਦੇਖਕੇ ਬਹੁਤ ਪ੍ਰਸੰਨ ਹੋਣਗੇ, ਜਿਨ੍ਹਾ ਦੇ ਕੇਸ ਲੰਬੇ ਹੋਣਗੇ। ਉਹਨਾਂ ਨੂੰ ਬਹੁਤੀਆਂ ਖੁਸ਼ੀਆ ਪ੍ਰਾਪਤ ਹੋਣਗੀਆਂ।

ਇਸ ਹੁਕਮ ਨੂੰ ਸਭ ਨੇ ਮੰਨਿਆ, ਉਸ ਦਿਨ ਤੋਂ ਰੋਮਾਂ ਨੂੰ ਕਟੌਣਾ ਬੰਦ ਕਰ ਦਿਤਾ। ਜਟਾ ਜੂਟ ਰਹਿਣ ਲਗੇ । ਜਦ ਜਟਾ ਜੂਟ ਬਣੇ ਤਾਂ ਗੈਰ ਸਿਖ ਉਨ੍ਹਾ ਨੂੰ ਮਖੌਲ ਕਰਨ ਲਗੇ ਜੋ ਅਗਿਆਨੀ ਤੇ ਗੁਲਾਮ ਪੁਰਸ਼ ਸਨ। ਸਤਿਗੁਰੂ ਜੀ ਦੇ ਸਿਖ ਏਹੋ ਆਖਕੇ ਸ਼ਾਂਤ ਰਹਿੰਦੇ--'ਕੁਝ ਵੀ ਹੋਵੇ ਸਤਿਗੁਰੂ ਜੀ ਦਾ ਹੁਕਮ ਹੈ। ਸਿਖ ਦਾ ਧਰਮ ਹੈ ਹੁਕਮ ਦੀ ਪਾਲਨਾ ਕਰੇ।

੫. ਭੇਖੀ ਸੰਨਿਆਸੀ ਤੇ ਰੋਡਾ ਜਲਾਲੀ ਫਕੀਰ

ਸਤਿਗੁਰੂ ਜੀ ਦੇ ਦਰਸ਼ਨ ਕਰਨ ਜਿਹੜੇ ਲੋਕ ਆਉਂਦੇ ਸਨ ਉਹਨਾਂ ਵਿਚ ਕੁਝ ਜਿਹੜੇ ਭੇਖੀ ਤੇ ਪਾਖੰਡੀ ਹੁੰਦੇ ਸਨ ਸਤਿਗੁਰੂ ਜੀ ਉਹਨਾਂ ਦੇ ਪਖੰਡ ਨੂੰ ਕਰਦੇ ਸਨ। ਇਕ ਦਿਨ ਸੰਨਿਆਸੀਆਂ ਦਾ ਇਕ ਟੋਲਾ ਅਨੰਦਪੁਰ ਆ ਪੁਜਿਆ ਉਹ ਬੜੇ ਪਖੰਡੀ ਤੇ ਲਾਲਚੀ ਸਨ। ਉਹੋ ਜਗਤ ਨੂੰ ਠਗਦੇ ਫਿਰਦੇ ਸਨ ਤੇ ਭੇਖ ਗਰੀਬ ਤੇ ਭਲੇਮਾਨਸਾਂ ਬ੍ਰਹਮ ਗਿਆਨੀ ਸਾਧੂਆਂ ਵਾਂਗ ਬਣਾ ਕੇ ਫਿਰਦੇ ਸਨ। ਸਾਹਿਬਾਂ ਨੇ ਉਨ੍ਹਾਂ ਦਾ ਜੀਵਨ ਸੁਧਾਰਨ ਵਾਸਤੇ ਇਕ ਯਤਨ ਕੀਤਾ। ਉਨ੍ਹਾਂ ਨੇ ਉਨ੍ਹਾਂ ਦੀਆਂ ਚਿਪੀਆਂ ਕਾਸੇ ਅਤੇ ਹੋਰ ਸਮਾਨ ਇਕ ਥਾਂ ਰਖਾ ਦਿਤਾ। ਸਮਾਨ ਰਖਾ ਕੇ ਉਨ੍ਹਾਂ ਨੂੰ ਦਰਬਾਰ ਵਿਚ ਲੈ ਆਂਦਾ। ਦਰਬਾਰ ਵਿਚ ਬੈਠਿਆਂ ਹੋਇਆਂ ਸਾਹਿਬਾ ਨੇ ਪੁਛਿਆ—'ਸੁਣਾਓ ਸੰਨਿਆਸੀ ਜੀ ਤੁਸਾਂ ਕੋਲ ਕੋਈ ਮਾਯਾ ਤਾਂ ਨਹੀਂ ? ਕਿਉਂਕਿ ਸਿਖਾਂ ਨੇ ਤੁਸਾਂ ਦਾ ਸਮਾਨ ਰਖਿਆ ਹੈ, ਕੋਈ ਸ਼ਕਾਇਤ ਨਾ ਹੋਵੇ।'

'ਭਗਵਾਨ ਦੀ ਕਸਮ ਅਸਾਂ ਕੋਲ ਦਮੜੀ ਨਹੀਂ ਅਸੀਂ ਮਾਯਾ ਨੂੰ ਹਥ ਨਹੀਂ ਲਾਉਂਦੇ, ਬਸ ਭੋਜਨ ਛਕਦੇ ਹਾਂ, ਉਹ ਵੀ ਭਗਵਾਨ ਕਿਤਿਓਂ ਨਾ ਕਿਤਿਓਂ ਛਕਾ ਦੇਂਦਾ ਹੈ।' ਇਕ ਮੁਖੀ ਸੰਨਿਆਸੀ ਨੇ ਆਖਿਆ।

'ਮਾਯਾ ਤੋਂ ਤ੍ਰਿਆਗੀ ਰਹਿਣਾ ਸਾਧੂ ਨੂੰ ਚਾਹੀਦਾ ਹੈ। ਮਾਯਾ ਨਾਗਨੀ

Sri Satguru Jagjit Singh Ji eLibrary NamdhariElibrary@gmail.com

ਵਰਗੀ ਹੈ ਇਹ ਡੰਗ ਮਾਰਕੇ ਭਗਤੀ ਤੇ ਪਰੇਮ ਨੂੰ ਨਸ਼ਟ ਕਰ ਦੇਂਦੀ ਹੈ! ਸਤਿਗੁਰੂ ਜੀ ਨੇ ਮੁਸਕਰਾਉਂਦਿਆਂ ਹੋਇਆਂ ਬਚਨ ਕੀਤਾ।

ਮਹਾਰਾਜ। ਅਸਾਂ ਦੇ ਗੁਰੂ ਸਵਾਮੀ ਸ਼ਰਧਾਨੰਦ ਜੀ ਜਨਮ ਤੋਂ ਬ੍ਰਹਮ ਗਿਆ ਨੀ, ਬਾਲ ਬ੍ਰਹਮਚਾਰੀ ਅਤੇ ਮਾਯਾ ਦੇ ਤਿਆਗੀ ਹਨ। ਇਨਾਂ ਮਾਯਾ ਨੂੰ ਹਥ ਨਹੀਂ ਲਾਇਆ ਤੇਰਾ ਸਾਲ ਕੈਲਾਸ਼ ਪਰਬਤ ਤੇ ਤਪਸਿਆ ਕਰਦੇ ਰਹੇ ਹਨ॥ ਤਰੈਕਾਲ ਦ੍ਰਿਸ਼ਟੀ ਵਾਲੇ ਹਨ॥ ਇਕ ਸੰਨਿਆਸੀ ਨੇ ਆਪਣੇ ਮਹੰਤ ਦੀ ਉਸਤਤ ਕੀਤੀ॥

ਮੇਰੇ ਚੋਜੀ ਪ੍ਰੀਤਮ ਸਤਿਗੁਰੂ ਜੀ ਨਿਰਾਲੇ ਹੀ ਚੋਜ ਕਰਿਆ ਕਰਦੇ ਹਨ। ਉਹ ਸਭ ਕੁਝ ਜਾਣ ਗਏ ਕਿ ਸ਼ਰਧਾਨੰਦ, ਜੋ ਮਹੰਤ ਬਣਿਆ ਹੋਇਆ ਸੀ, ਉਹ ਕਿਹੜੀ ਹਸਤੀ ਦਾ ਮਾਲਕ ਹੈ॥ ਉਸਨੇ ਸ਼ਰਦਾਨੰਦ ਦਾ ਹੰਕਾਰ ਦੂਰ ਕਰਨ ਅਤੇ ਉਨ੍ਹਾਂ ਨੂੰ ਸਿਧੇ ਰਾਹ ਪਾਉਣ ਦਾ ਫੈਸਲਾ ਕਰ ਲਿਆ, ਅੰਤਰਜਾਮੀ ਪਿਤਾ ਜੀ ਮੁਸਕਰਾਉਂਦੇ ਹੋਏ ਮਖੌਲ ਤੇ ਨਿਰਭੈਤਾ ਦੇ ਲਹਿਜੇ ਵਿਚ ਬੋਲੇ 'ਹਾਂ! ਤੁਸਾਂ ਦੇ ਮਹੰਤ ਸ਼ਰਧਾਨੰਦ ਜੀ ਬਹੁਤ ਵਡੇ ਬ੍ਰਹਮ ਗਿਆਨੀ ਹਨ ਕਿਉਂਕਿ ਚੋਰੀ ਕਰਨ ਦੇ ਦੋਸ਼ ਵਿਚ ਚਾਰ ਵਾਰ ਕਾਰਾਗ੍ਰਹ (ਜੇਹਲਖਾਨੇ] ਵਿਚੋਂ ਹੋ ਆਏ ਹਨ॥ ਬਾਲ ਬ੍ਰਹਮਚਾਰੀ ਹਨ ਪਰ ਪਰਨਾਰੀ ਨਾਲ ਭੋਗ ਕਰਨ ਦੇ ਦੋਸ਼ ਵਿਚ ਮਾਰ ਖਾ ਚੁਕੇ ਤੇ ਮੂੰਹ ਕਾਲਾ ਕਰਾ ਚੁਕੇ ਹਨ॥ ਮਾਇਆ ਦੇ ਐਸੇ ਤਿਆਗੀ ਹਨ ਕਿ ਸਤ ਸੋਹਣਾਂ ਸੋਨੇ ਦੀਆਂ ਤੇ ਤਿੰਨ ਕੜੇ ਸੋਨੇ ਦੇ ਇਹਨਾਂ ਪਾਸ ਹਨ॥ ਭਗਵਾਨ ਕਿਰਪਾ ਕਰੇ॥

ਸੱਚ ਮਿਰਚਾਂ ਤ ਝੂਠ ਗੁੜ ਹੁੰਦਾ ਹੈ ਸਵਾਮੀ ਸ਼ਰਧਾਨੰਦ ਜੀ ਦੀਆ ਅੱਖਾਂ ਧਰਤੀ ਵਲ ਝੁਕ ਗਈਆਂ॥ ਤਨ ਮੁੜਕੋ ਮੜਕੀ ਹੋ ਗਿਆ, ਜਬਾਨ ਨੂੰ ਜਿੰਦਰਾ ਵਜ ਗਿਆ॥ ਸਚ ਦੇ ਭਾਰ ਹੇਠਾਂ ਝੂਠ ਤੇ ਪਾਖੰਡ ਨਪਿਆ ਗਿਆ॥ ਸਿਖ ਸਤਿਗੁਰੂ ਜੀ ਦਾ ਜਸ ਕਰਨ ਲਗੇ ਅਤੇ ਸੰਨਿਆਸੀ ਭੋ ਭੀਤ ਹੋਣ ਲਗੇ॥ ਸਾਹਿਬਾ ਨੇ ਹੋਰ ਬਚਨ ਕੀਤਾ 'ਤੁਸੀਂ' ਆਗਰੇ ਤੋਂ ਤੁਰੇ, ਹਰਿਦ੍ਵਾਰ ਦੀ ਯਾਤਰਾ ਕਰਕੇ ਆਏ ਤੇ ਕੁਰੂਛੇਤ੍ਰ ਦੇ ਤੀਰਥ ਉਤੋਂ ਯਾਤਰੂਆ ਨੂੰ ਲੁਟਦ ਆਏ ਹੋ॥ ਹੁਣ ਏਥੇ ਵੀ ਏਸੇ ਨੀਤ ਨਾਲ ਆਏ ਹੋ॥ ਏਸੇ ਵਾਸਤੇ ਤੁਸਾਂ ਦਾ ਸਮਾਨ ਪਹਿਲਾਂ

Sri Satguru Jagjit Singh Ji eLibrary NamdhariElibrary@gmail.com

ਸਖਾਇਆ ਹੈ। ਸੱਚ ਦਸੋ ਕਿ ਤੁਸਾਂ ਪਾਸ ਜੋ ਮਾਲ ਹੈ, ਉਹ ਸਾਰਾ ਚੋਰੀ ਦਾ ਹੈ ਜਾਂ ਦਸਾਂ ਨੌਹਾਂ ਦੀ ਕਮਾਈ ਦਾ ?'

ਸੰਨਿਆਸੀ ਕੀ ਉਤਰ ਦੇਣ ? ਉਹ ਤਾਂ ਸਚ ਮੁਚ ਝੂਠੇ, ਕੂੜੇ ਤੇ ਠੱਗ ਸਨ। ਉਹ ਚੁਪ ਹੋ ਗਏ। ਉਹਨਾਂ ਦੇ ਸਰੀਰ ਕੰਬਣ ਲਗ ਪਏ ਸਨ। ਆਖਰ ਉਹਨਾਂ ਦਾ ਮਹੰਤ ਘਬਰਾ ਕੇ ਉਠ ਬੈਠਾ, ਉਸ ਨੇ ਕੰਬਦੀ ਜ਼ਬਾਨ ਨਾਲ ਆਖਿਆ—'ਦਾਤਾ ! ਪ੍ਰਭੂ ! ਬਖਸ਼ੋ ! ਆਪ ਸਚ ਮਚ ਭਗਵਾਨ ਰੂਪ ਹੋ। ਘਟ ਘਟ ਦੀ ਜਾਨਣਹਾਰ, ਕੌਤਕੀ ਮਹਾਂ ਕਰਾਮਾਤੀ ਹੋ। ਅਸਾਂ ਪਾਪੀਆਂ ਨੂੰ ਬਖਸ਼ੋ ਅਸੀਂ ਤਾ ਚੋਰ ਠੱਗ ਤੇ ਦੁਰਾਚਾਰੀ ਬੰਦੇ ਹਾਂ। ਹੇ ਦਾਤਾ ! ਜੀਵਨ ਵਿਚ ਕੋਈ ਚੰਗਾ ਕੰਮ ਨਹੀਂ ਕੀਤਾ, ਰਾਜ ਡੰਨ ਤੋਂ ਬਚਣ ਵਾਸਤੇ ਅਸਾਂ ਇਹ ਭੇਖ ਧਾਰਨ ਕੀਤਾ ਸੀ। ਆਪ ਰਿਧੀਆਂ ਸਿਧੀਆਂ ਵਾਲੇ ਤੇ ਸਰਬ ਕਲਾ ਸੰਪੂਰਨ ਹੋ, ਆਪ ਨੇ ਅਸਾਂ ਦੇ ਗੁਪਤ ਰੋਗ ਨੂੰ ਲਭ ਲਿਆ, ਹੁਣ ਮੇਹਰ ਕਰੋ, ਦਇਆ ਕਰੋ ! ਦੀਨ ਦਿਆਲ ਪਤਿਤ ਪਾਵਨ ਸਤਿਗੁਰੂ ਜੀ ਮੇਹਰ ਕਰੋ।

ਏਸ ਤਰਾਂ ਚਾਰੇ ਸੰਨਿਆਸੀਆਂ ਨੇ ਅਰਜਾਂ ਕੀਤੀਆਂ। ਉਨ੍ਹਾਂ ਦੀ ਦੀਨ ਦਸ਼ਾ ਦੇਖਕੇ ਸਾਹਿਬਾਂ ਨੂੰ ਤਰਸ ਆ ਗਿਆ। ਓਹ ਮੇਹਰ ਦੇ ਘਰ ਆਏ। ਉਨ੍ਹਾਂ ਨੇ ਫੁਰਮਾਇਆ—'ਇਸ ਜਗਤ ਵਿਚ ਜੀਵ ਪਾਪ ਕਰਨ ਵਾਸਤੇ ਨਹੀਂ ਆਇਆ ਸਗੋਂ ਜਗਤ ਨੂੰ ਸੁੰਦਰ ਤੇ ਸ਼ਾਂਤ ਬਨਾਣ ਵਾਸਤੇ ਆਇਆ ਹੈ। ਵਾਹਿਗੁਰੂ ਨੇ ਆਪਣ ਚੋਜ ਅਨੁਸਾਰ ਜੀਵ ਨੂੰ ਵਖ ਕੀਤਾ ਕਿ ਉਹਦੇ (ਵਾਹਿਗੁਰੂ) ਦੇ ਮਿਲਣ ਵਾਸਤੇ ਜੀਵ ਤੜਪੇ ਤੇ ਤੜਪ ਵਿਚ ਉਹਦੇ ਨਾਮ ਦਾ ਸਿਮਰਨ ਕਰਦਾ ਹੋਇਆ ਮਾੜਿਆਂ ਤੇ ਗਰੀਬਾਂ ਦੀ ਸੇਵਾ ਕਰੇ। ਕਿਸੇ ਨਾਲ ਠੱਗੀ ਫਰੇਬ ਨਾ ਕਰੇ। ਜਿਹੜੇ ਜੀਵ ਸੰਸਾਰ ਵਿਚ ਮਾੜੇ ਕਰਮ ਕਰਦੇ ਹਨ ਓਹ ਨਰਕ ਦੇ ਕੀੜੇ ਬਣਦੇ ਹਨ। ਪ੍ਰਭੂ ਕਦੀ ਉਨ੍ਹਾਂ ਨੂੰ ਖਿਮਾ ਨਹੀਂ ਕਰਦਾ। ਜੇਕਰ ਕੋਈ ਪੁਰਸ਼ ਆਪਣੇ ਆਪ ਤੇ ਪਛੁਤਾਏ ਅਤੇ ਮਾੜੇ ਕਰਮ ਨੂੰ ਤਿਆਗ ਦੇਵੇ ਤਾਂ ਵਾਹਿਗੁਰੂ ਖਿਮਾ ਕਰਦਾ ਹੈ।

ਸਾਰੇ ਸੰਨਿਆਸੀਆ ਨੇ ਸਤਿਗੁਰੂ ਜੀ ਦੇ ਚਰਨਾ ਉਪਰ ਮਥਾ ਟੇਕਿਆ ਅਤੇ ਬੇਨਤੀਆ ਕੀਤੀਆਂ। ਸਾਹਿਬਾਂ ਨੇ ਕਿਰਪਾ ਦੇ ਘਰ ਆ ਕੇ ਉਹਨਾ ਨੂੰ

Sri Satguru Jagjit Singh Ji eLibrary NamdhariElibrary@gmail.com

ਖਿਮਾਂ ਬਖਸ਼ੀ ਅਤੇ ਸਿਧੇ ਮਾਰਗ ਪਾਇਆ। ਉਨ੍ਹਾਂ ਪਾਸ ਜੋ ਮਾਇਆ ਸੀ ਉਹ ਸਾਰੀ ਵੰਡ ਦਿਤੀ ਗਈ। ਉਹ ਸਾਰੇ ਗੁਰੂ ਕੇ ਲੰਗਰ ਵਿਚ ਸੇਵਾ ਕਰਨੇ ਜੂਠੇ ਬਰਤਨ ਮਾਂਜ ਕੇ ਅਤੇ ਜੋੜਿਆਂ ਦੀ ਸੇਵਾ ਕਰਨੇ ਜਨਮ ਸਫਲ ਕਰਨ ਲਗੇ। ਇਸ ਤਰਾਂ ਸਾਹਿਬਾਂ ਨੇ ਉਹਨਾਂ ਦਾ ਭਲਾ ਕੀਤਾ।

ਏਸੇ ਤਰਾਂ ਇਕ ਦਿਨ ਰੋਡਾ ਜਲਾਲੀ ਆ ਪੁਜਾ। ਇਹ ਬਹੁਤ ਵਡਾ ਪਲਾਲੀ ਸਾਧੂ ਸੀ, ਉਨਾ ਤੇ ਅਨੰਦਪੁਰ ਦੀਆਂ ਪਹਾੜੀਆਂ ਵਿਚ ਫਿਰਦਾ ਰਹਿੰਦਾ ਸੀ। ਬਾਗ ਵਿਚੋਂ ਫੁਲ ਤੋੜਕੇ ਸਾਹਿਬਾਂ ਦੇ ਦਰਬਾਰ ਆਇਆ, ਮਨ ਵਿਚ ਉਸ ਨੇ ਇਹ ਧਾਰੀ ਜੋ ਸਤਿਗੁਰੂ ਕਰਾਮਾਤੀ ਹੈ ਤਾਂ ਦਸੇ ਕਿ ਮੈਂ ਸੋਨੇ ਦੀਆਂ ਮੋਹਰਾਂ ਕਿਥੇ ਰਖੀਆਂ ਹੋਈਆਂ ਹਨ। ਇਉਂ ਮਨ ਵਿਚ ਕਲਪਨਾ ਕਰ ਕੇ ਉਹ ਦਰਬਾਰ ਵਿਚ ਪੁਜਾ। ਨਮਸ਼ਕਾਰ ਕਰਕੇ ਬੈਠ ਗਿਆ, ਸਾਹਿਬਾਂ ਨੇ ਪੁਛਿਆ-'ਜਲਾਲੀ ਫੁਲ ਕਿਉਂ ਤੋੜੇ?'

ਜਲਾਲੀ ਨੇ ਉਤਰ ਦਿਤਾ-ਇਹ ਆਮ ਰਿਵਾਜ ਹੈ ਕਿ 'ਮਹਾਂ ਪੁਰਖਾਂ ਕੋਲ ਖਾਲੀ ਹੱਥ ਨਹੀਂ ਜਾਈਦਾ, ਮੇਰ ਕੋਲ ਹੋਰ ਕੁਝ ਨਹੀਂ, ਜੋ ਭੇਟਾ ਕਰਾਂ, ਇਸ ਕਰਕੇ ਮੈਂ ਫਲ ਹੀ ਤੋੜ ਲਿਆਇਆ ਹਾਂ।'

ਸਤਿਗੁਰੂ ਜੀ ਨੇ ਐਸੀ ਸ਼ਕਤੀ ਵਰਤਾਈ ਕਿ ਜਲਾਲੀ ਦੇ ਸਿਰ ਦੀ ਟੋਪੀ ਆਪਣੇ ਆਪ ਉਹਦੇ ਸਿਰ ਤੋਂ ਉਪਰ ਹੋਈ, ਉਪਰ ਹੋਣ ਦੀ ਢਿੱਲ ਸੀ ਕਿ ਸੋਨੇ ਦੀਆ ਪੰਜ ਮੋਹਰਾਂ ਹੇਠਾਂ ਡਿਗ ਪਈਆਂ। ਜਲਾਲੀ ਸ਼ਰਮਿੰਦਾ ਹੋਇਆ ਤੇ ਪਛਤਾਇਆ ਕਿ ਉਸਨੇ ਇਮਤਿਹਾਨ ਕਿਉਂ ਲਿਆ। ਆਪਣੀ ਹਰਕਤ ਦੀ ਫਿਰ ਉਸਨੇ ਖਿਮਾਂ ਮੰਗੀ ਤੇ ਨਮਸਕਾਰ ਕਰਕੇ ਸਿਧਰੋਂ ਆਇਆ ਸੀ ਉਧਰੇ ਤੁਰ ਗਿਆ।

†+†+

੬. ਬਜਰੂੜ ਦੇ ਰੰਗੜਾਂ ਦੀ ਸੁਧਾਈ

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਜਾਬ ਦਾ ਸਰਕਾਰੀ ਸਿਵਲ ਪ੍ਰਬੰਧ ਠੀਕ ਨਹੀਂ ਸੀ। ਆਉਂਦੇ ਜਾਂਦੇ ਮੁਸਾਫਰਾਂ ਨੂੰ ਜੋ ਤਕੜੇ ਲੁਟ ਲੈਂਦੇ

Sri Satguru Jagjit Singh Ji eLibrary NamdhariElibrary@gmail.com

ਤਾਂ ਮਾੜਿਆਂ ਲੁਟੇਰਿਆਂ ਦੀ ਕੋਈ ਦਾਦ ਫਰਯਾਦ ਕਿਤੇ ਸੁਣਾਈ ਨਾ ਹੁੰਦੀ। ਡਕੈਤੀਆ ਆਮ ਹੁੰਦੀਆ ਸਨ। ਉਸ ਵੇਲੇ ਮੁਸਾਫਰ ਟੋਲਿਆ ਦੀ ਸੂਰਤ ਵਿਚ ਪੰਧ ਪੈਂਦੇ ਸਨ। ਇਕੱਲਾ ਕਾਰਾ ਕਿਤੇ ਨਹੀਂ ਸੀ ਜਾਂਦਾ।

ਵੈਸਾਖੀ ਦੇ ਸਮੇਂ (੧੭੫੨ ਬਿ: ਵਿਚ) ਦੜਪ ਦੇਸ਼ ਦੀ ਸੰਗਤ ਸਤਿਗੁਰੂ ਜੀ ਦੇ ਦਰਸ਼ਨਾ ਵਾਸਤੇ ਆਈ। ਸਤਿਗੁਰੂ ਜੀ ਦੀ ਭੇਟਾ ਕਰਨ ਵਾਸਤੇ ਸੰਗਤ ਦੇ ਪਾਸ ਬਹੁਤ ਸਾਰਾ ਮਾਲ ਧਨ ਸੀ। ਜਦੋਂ ਸੰਗਤ ਬਜਰੂੜ ਦੇ ਨੇੜੇ ਆਈ ਤਾਂ ਉਥੋਂ ਦੇ ਰੰਘੜਾਂ ਨੇ ਸੰਗਤ ਨੂੰ ਲੁਟ ਲਿਆ। ਕੁਝ ਕੁ ਸਿਖ ਸ਼ਹੀਦ ਵੀ ਹੋ ਗਏ। ਸਾਰਾ ਸਮਾਨ ਲੁਟਕੇ ਰੰਘੜ ਪਹਿਲਾਂ ਤਾਂ ਢੱਕ ਵਿਚ ਜਾ ਵੜੇ ਤੇ ਪਿਛੋਂ ਘਰੀਂ ਆ ਗਏ। ਸਿਖ ਸੰਗਤ ਨੇ ਸ੍ਰੀ ਅਨੰਦਪੁਰ ਆ ਕੇ ਸਤਿਗੁਰੂ ਜੀ ਨੂੰ ਸਾਰਾ ਹਾਲ ਦਸਿਆ। ਦੁਖੀ ਸਿਖ ਸੰਗਤ ਦਾ ਹਾਲ ਸੁਣਕੇ ਸਤਿਗੁਰੂ ਜੀ ਨੂੰ ਬਹੁਤ ਕਰੋਧ ਆਇਆ। ਸਾਹਿਬਾਂ ਨੇ ਉਸੇ ਵੇਲੇ ਸੂਰਮੇ ਸਿਖਾ ਨੂੰ ਹੁਕਮ ਦਿਤਾ ਕਿ ਬਜਰੂੜ ਉਤੇ ਹੱਲਾ ਬੋਲਿਆ ਜਾਵੇ ਤੇ ਉਥੋਂ ਦੇ ਰੰਗੜਾ ਨੂੰ ਸਿਖ ਮਤ ਦਿਤੀ ਜਾਵੇ। ਉਨ੍ਹਾ ਦੁਸ਼ਟਾਂ ਨੇ ਸਿਖ ਸੰਗਤ ਦਾ ਮਾਲ ਲੁਟਿਆ ਹੈ ਉਹ ਵਾਪਸ ਕਰ ਲਿਆ ਜਾਵੇ।

ਸਾਹਿਬਾਂ ਦਾ ਹੁਕਮ ਸੁਣਕੇ ਇਕ ਸੌ ਸਿਖਾਂ ਦਾ ਜਥਾ ਬਜਰੂੜ ਨੂੰ ਸੋਧਣ ਵਾਸਤੇ ਗਿਆ। ਦਸ ਕੁ ਸਿਖ ਉਨ੍ਹਾਂ ਨਾਲ ਸੰਗਤ ਵਿਚੋਂ ਸਨ ਜੋਹੜੀ ਲੁਟੀ ਗਈ ਸੀ। ਵਾਹੋਦਾਹੀ ਚਲਦੇ ਹੋਏ ਸਿਖ ਤੀਜੀਆਂ ਵੇਲੇ ਦੇ ਪਿਛੋਂ ਪੁਜੇ। ਉਨਾ ਨੇ ਜਾਂਦਿਆ ਹੀ ਪਿੰਡ ਉਤੇ ਹਮਲਾ ਕਰ ਦਿਤਾ। ਰੰਗੜਾ ਨੂੰ ਸੁਰਤ ਨਾ ਲੈਣ ਦਿਤੀ। ਕਾਹਲੀ ੨ ਵਿਚ ਥੋਹੜੇ ਜਹੇ ਰੰਗੜ ਹਥਿਆਰ ਲੈ ਕੇ ਸਿਖਾਂ ਨਾਲ ਲੜਨ ਆਏ, ਬਾਕੀ ਦੇ ਜੰਗਲ ਵਲ ਨੱਠ ਉਠੇ, ਕਿਉਂਕਿ ਬਜਰੂੜ ਦੇ ਲਾਗੇ ਬਹਤ ਘਣਾ ਜੰਗਲ ਸੀ। ਦੋ ਘੰਟੇ ਤੋਂ ਉਪਰ ਲੜਾਈ ਹੁੰਦੀ ਰਹੀ, ਪਰ ਸਿਖਾਂ ਨੇ ਨਾਰੀਆਂ ਤੇ ਬੱਚਿਆਂ ਨੂੰ ਕੁਝ ਨਹੀਂ ਆਖਿਆ। ਉਹਨਾ ਨੇ ਦਸਾਂ ਬਾਰਾਂ ਰੰਗੜਾਂ ਨੂੰ ਫੜ ਲਿਆ ਤੇ ਉਹਨਾ ਕੋਲੋਂ ਪੁਛਿਆ ਕਿ ਲੁਟ ਦਾ ਮਾਲ ਉਹਨਾ ਕਿਥੇ ਰਖਿਆ ਹੈ। ਆਖਰ ਸਾਰਾ ਮਾਲ ਵਾਪਸ ਮਿਲ ਗਿਆ। ਜਿਹਨਾ ਰੰਗੜਾ ਨੇ ਵਧੀਕੀ ਕੀਤੀ ਸੀ ਉਹਨਾ ਨੂੰ ਸਜ਼ਾ ਦੇ

Sri Satguru Jagjit Singh Ji eLibrary NamdhariElibrary@gmail.com

ਹਿਤ ਉਹਨਾਂ ਦੇ ਘਰੋਂ ਸੋਨੇ ਚਾਂਦੀ ਦਾ ਮਾਲ ਲੁਟ ਲਿਆ। ਰੰਘੜਾਂ ਦੇ ਕੰਨ ਫੜਾ ਕੇ ਉਹਨਾਂ ਨੂੰ ਛਡਿਆ ਕਿ ਉਹ ਅਗੇ ਨੂੰ ਐਸੀ ਕੋਈ ਵੀ ਹਰਕਤ ਨਹੀਂ ਕਰਨਗੇ।

ਰੰਗੜ ਉਤੇ ਫਤਹ ਪਾ ਕੇ ਸਿਖ ਉਸੇ ਰਾਤ ਨੂੰ ਅਨੰਦਪੁਰ ਮੁੜ ਆਏ ਇਸ ਘਟਨਾ ਦੀ ਖਬਰ ਜਦੋਂ ਬਾਹਰੇ ਵਿਚ ਖਿਲਰੀ ਤਾਂ ਲੋਕਾਂ ਨੂੰ ਕੰਨ ਹੋ ਗਏ। ਓਹ ਸਭ ਤੋਂ ਗੁਰੂ ਜੀ ਦੇ ਸੇਵਕਾਂ ਨੂੰ ਲੁਟਣੋਂ ਬਾਜ ਆ ਗਏ।

* * *

੭. ਮਸੰਦਾਂ ਦੀ ਨਕਲ ਸਤਿਗੁਰੂ ਜੀ ਨੇ ਦੇਖ

ਸਿਖੀ ਦੇ ਪਰਚਾਰ ਵਾਸਤੇ ਮਸੰਦਾ ਦੀ ਸਥਾਪਨਾ ਹੋਈ। ਬੜੇ ਨੇਕ ਧਰਮੀ, ਵਸਨੀਕ, ਮਿਠ ਬੋਲੜਿਆਂ ਤੇ ਉਚੇ ਚਾਲ ਚਲਣ ਵਾਲਿਆਂ ਸਿਖਾਂ ਨੂੰ ਮਸੰਦ ਮੁਕਰਰ ਕੀਤਾ ਜਾਂਦਾ ਸੀ ਉਨ੍ਹਾਂ ਦੇ ਕੋਲ ਇਲਾਕੇ ਹੁੰਦੇ ਸਨ, ਓਹ ਆਪੋ ਆਪਣੇ ਇਲਾਕਿਆਂ ਵਿਚ ਸਿਖੀ ਪ੍ਰਚਾਰ ਵੀ ਕਰਦੇ ਤੇ ਗੁਰੂ ਘਰ ਵਾਸਤੇ ਦਸਵੰਧ ਵੀ ਉਗਰਾਉਂਦੇ ਸਨ। ਇਹ ਮਸੰਦਾਂ ਦਾ ਸਿਲਸਿਲਾ ਕਿਉਂਕਿ ਪੁਰਾਣਾ ਸੀ ਤੇ ਇਸ ਵਿਚ ਸੁਧਾਰ ਨਾ ਹੋਇਆ। ਜਿਹੜਾ ਮਸੰਦ ਚਲਾਣਾ ਕਰ ਜਾਂਦਾ ਜਾਂ ਢਿਲਾ ਮਠਾ ਹੋ ਜਾਂਦਾ ਉਸਦੇ ਪੁਤ੍ਰ ਨੂੰ ਮਸੰਦ ਬਣਾਇਆਂ ਜਾਂਦਾ ਵਿਰਸੇ ਵਿਚ ਮਹੰਤੀ ਮਿਲਣ ਦੇ ਸਿਲਸਿਲੇ ਨੇ ਮਸੰਦਾਂ ਦੀ ਹਾਲਤ ਖਰਾਬ ਕਰ ਦਿਤੀ। ਉਹਨਾਂ ਵਿਚ ਬਹੁਤੇ ਹੰਕਾਰੀ, ਲਾਲਚੀ, ਕਾਮੀ, ਕਟੇਧੀ ਤੇ ਠੱਗ ਪੈਦਾ ਹੋ ਗਏ ਓਹ ਸਿਖ ਸੰਗਤ ਨੂੰ ਬਹੁਤ ਤੰਗ ਕਰਦੇ।

ਸਿਖ ਭੋਲੇ ਭਾਲੇ ਸ਼ਰਧਾਲੂ ਸਨ। ਉਹ ਮਸੰਦਾਂ ਨੂੰ ਵੀ ਸਤਿਗੁਰੂ ਜੀ ਦਾ ਰੂਪ ਸਮਝਦੇ ਸਨ। ਮਸੰਦ ਜੋ ਵਸਤੂ ਸਿਖਾਂ ਕੋਲੋਂ ਮੰਗਦੇ ਸੋ ਵਸਤੂ ਸਿਖ ਭੇਟਾ ਕਰਦੇ। ਸਿਖ ਇਹ ਸਮਝਦੇ ਕਿ ਸ਼ਾਇਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਸੰਦ ਉਹਨਾਂ ਦੀ ਪ੍ਰੀਖਿਆ ਕਰ ਰਹੇ ਹਨ। ਜਦੋਂ ਤਨ ਮਨ ਤੇ ਧਨ ਸਤਿਗੁਰੂ ਜੀ ਦੇ ਹਵਾਲੇ ਕਰ ਦਿਤਾ ਹੈ ਤਾਂ ਮੁਛੰਦਗੀ ਕਿਸ ਗਲ ਦੀ ਸਭ ਕੁਝ ਸਤਿਗੁਰੂ ਲੈ ਜਾਵੇ।

Sri Satguru Jagjit Singh Ji eLibrary NamdhariElibrary@gmail.com

ਮਸੰਦਾਂ ਦੀਆਂ ਬੇਈਮਾਨੀਆਂ ਦੀ ਕਥਾ ਕਿਸੇ ਸਿਖ ਨੇ ਸਤਿਗੁਰੂ ਜੀ ਨੂੰ ਸੁਨੈਣ ਦਾ ਹੌਂਸਲਾ ਨਾ ਕੀਤਾ। ਮਸੰਦ ਇਕ ਦੂਸਰੇ ਮਸੰਦ ਦਾ ਖਿਲਾਫ਼ ਆਖਦੇ ਪਰ ਉਹਨਾਂ ਦੀ ਕੋਈ ਸੁਣਾਈ ਨਾ ਹੁੰਦੀ। ਇਕ ਦਿਨ ਐਸਾ ਭਾਣਾ ਵਰਤਿਆ ਕਿ ਮਸੰਦਾਂ ਦੀਆਂ ਦੀਆਂ ਬੁਰਾਈਆਂ ਦਾ ਪਾਜ ਖੁਲ੍ਹ ਹੀ ਗਿਆ।

ਪਾਬ ਦੇਸ (ਪਟਨੇ ਦੇ ਲਾਗਿਉ] ਦੇ ਸੇਠ ਰਾਮ ਲਾਲ ਜਵੀਏ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸੇਠ ਰਾਮ ਲਾਲ ਜੀ ਦੇ ਵਡੇ ਵਡੇਰਿਆਂ ਨੂੰ ਸਤਿਗੁਰੂ ਨਾਨਕ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਵਡੇ ਵਡੇਰਿਆਂ ਨੂੰ ਸੀ। ਸਤਿਗੁਰੂ ਜੀ ਦੀਆਂ ਉਹਨਾਂ ਤੇ ਬਹੁਤ ਹੀ ਮੇਹਰਾਂ ਸਨ। ਮਾਯਾ ਦਾ ਅੰਤ ਨਹੀਂ ਸੀ, ਜਿੰਨੀ ਬਹੁਤੀ ਮਾਯਾ ਆਉ ਦੀ ਸੀ ਉਤਨਾ ਹੀ ਬਹੁਤਾ ਉਹ ਗੁਰੂ-ਘਰ ਨੂੰ ਪੂਜਦੇ ਤੇ ਕਰਤਾਰ ਨੂੰ ਯਾਦ ਕਰਦੇ ਸਨ। ਕਮਾਈ ਵਿਚੋਂ ਦਸਵੰਧ ਦੇਂਦੇ ਸਨ। ਘਰ ਦੇ ਲਾਗੇ ਧਰਮਸਾਲਾ ਤਿਆਰ ਕਰਵਾਈ ਹੋਈ ਸੀ ਤੇ ਆਏ ਗਏ ਨੂੰ ਪ੍ਰਸ਼ਦ ਵੀ ਛਕਾਉਂਦੇ ਸਨ।

ਸੇਠ ਰਾਮ ਲਾਲ ਨੇ ਲਤੀ ਸ਼ਰਧਾ ਨਾਲ ਸਤਿਗੁਰੂ ਜੀ ਦੇ ਮਹਿਲਾਂ ਵਾਸਤੇ ਇਕ ਜੜਾਉ ਸੋਨਾ ਦਾ ਚੂੜਾ ਤਿਆਰ ਕਰਕੇ ਲਿਆਂਦਾ ਜਿਸ ਦੀ ਕੀਮਤ ਕਈ ਥਜ਼ਾਰ ਰੁਪੇ ਸੀ। ਉਸ ਵਿਚ ਹੀਰੇ ਪੰਨਿਆਂ ਦੇ ਨਗ ਜੜੇ ਹੋਏ ਸਨ ਉਹ ਚੂੜਾ ਭਟ ਕਰਦਿਆਂ ਹੋਇਆ ਉਸ ਦੀ ਜ਼ਬਾਨੋਂ ਸਰਸਰੀ ਨਿਕਲ ਗਿਆ —'ਸਚੇ ਪਾਤਿਸ਼ਾਹ! ਆਪ ਦੀ ਮਹਾਨ ਕ੍ਰਿਪਾ ਦ੍ਰਿਸਟੀ ਹੈ, ਮਰੇ ਪ੍ਰਵਾਰ ਉਤੇ ਬਰਕਤਾਂ ਹੀ ਬਰਕਤਾਂ ਹਨ। ਆਪ ਦੀ ਬਖਸੀ ਹੋਈ ਦਾਤ ਵਿਚੋਂ ਪਹਿਲਾਂ ਵੀ ਮੈਂ ਐਸਾ ਚੂੜਾ ਬਨਾਕੇ ਭੇਜਿਆ ਹੈ, ਬਲਾਕੀ ਚੰਦ ਮਸੰਦ ਦੇ ਰਾਹੀਂ ਉਹ ਵੀ ਜ਼ਰੂਰ ਆਪ ਨੂੰ ਪਸੰਦ ਆਇਆ ਹੋਵੇਗਾ। ਉਹ ਚੂੜਾ ਵੀ ਐਸੀ ਹੀ ਮੇਹਨਤ ਤੇ ਪ੍ਰੀਤ ਭਗਤ ਨਾਲ ਤਿਆਰ ਹੋਇਆ ਸੀ।'

'ਭਾਈ ਰਾਮ ਲਾਲ! ਐਸਾ ਚੂੜਾ ਅਸਾਂ ਤਾਂ ਅਗੇ ਦੇਖਿਆ ਨਹੀਂ ਨਾ ਬਲਾਕੀ ਚੰਦ ਨੇ ਕੁਝ ਦਸਿਆ ਹੈ। ਸਤਿਗੁਰੂ ਜੀ ਨੇ ਫੁਰਮਾਇਆ

'ਦਾਤਾ! ਮੈਂ ਤੇ ਝੂਠ ਨਹੀਂ ਬੋਲ ਦਾ, ਆਪ ਦੀਆ ਬਖਸ਼ਸਾਂ ਦਾ ਅਗੇ ਹੀ ਅੰਤ ਨਹੀਂ। ਬਲਾਕੀ ਚੰਦ ਨੂੰ ਪੁਛ ਸਕਦੇ ਹੋ, ਸ਼ਾਇਦ ਉਸ ਨੂੰ ਆਪ ਦੇ

Sri Satguru Jagjit Singh Ji eLibrary NamdhariElibrary@gmail.com

ਹਜ਼ੂਰ ਪੇਸ਼ ਕਰਨ ਦਾ ਖਿਆਲ ਨਾ ਰਿਹਾ ਹੋਵੇ।'

ਲਾਗੇ ਏਨੀ ਸਿਖ ਸੰਗਤ ਉਸੇ ਵੇਲੇ ਕੰਨਾਂ ਵਿਚ ਗਲਾਂ ਕਰਨ ਲਗ ਪਈ। ਇਕ ਮਸੰਦ (ਜਿਹੜਾ ਬਲਾਕੀ ਚੰਦ ਨਾਲ ਵਿਗੜਿਆ ਹੋਇਆ ਸੀ) ਸਤਿਗੁਰੂ ਜੀ ਦੇ ਨੇੜੇ ਹੋ ਕੇ ਉਚੀ ਕਹਿਣ ਲਗਾ—ਐਸਾ ਬਲ ਕੀ ਚੰਦ ਦੀ ਇਸਤਰੀ ਦੇ ਹਥੀਂ ਜ਼ਰੂਰ ਦੇਖਿਆ ਸੀ। ਪਤਾ ਨਹੀਂ ਓਹ ਸੇਠ ਜੀ ਦਾ ਭੇਟਾਂ ਕੀਤਾ ਹੋਇਆ ਹੈ ਜਾਂ ਬਲਾਕੀ ਚੰਦ ਨੇ ਆਪ ਕਿਤਿਓਂ ਤਿਆਰ ਕਰਵਾਇਆ।'

ਸਤਿਗੁਰੂ ਜੀ ਨੇ ਉਸ ਵੇਲੇ ਬ੍ਰਹਮ ਸ਼ਕਤੀ ਨਾਲ ਜਾਚਿਆ ਕਿ ਸੇਠ ਨਾਮ ਲਾਲ ਤੇ ਬਲਾਕੀ ਚੰਦ ਦੋਹਾਂ ਵਿਚੋਂ ਕਿਹੜਾ ਸਚਾ ਹੈ। ਉਨ੍ਹਾਂ ਨੇ ਉਸੇ ਵੇਲੇ ਬਲਾਕੀ ਚੰਦ ਦੇ ਘ, ਦੀ ਤਲਾਸ਼ੀ ਦਾ ਹੁਕਮ ਦਿਤਾ। ਜਦ ਤਲਾਸ਼ੀ ਹੋਈ ਤਾ ਚੂੜਾ ਤੇ ਹੋਰ ਬਹੁਤ ਸਾਰਾ ਕੀਮਤੀ ਸਮਾਨ ਮਿਲਿਆ ਜੋ ਕਿ ਸਿਖ ਸੰਗਤਾਂ ਵਲੋਂ ਭੇਟਾ ਕੀਤਾ ਗਿਆ ਸੀ। ਸਾਰਾ ਸਾਮਾਨ ਇਕਠਾ ਕਰਕੇ ਸਤਿਗੁਰੂ ਜੀ ਦੇ ਪਾਸ ਲਿਆ ਰਖਿਆ ਗਿਆ। ਸੰਗਤ ਦੇਖ ਕੇ ਬਹੁਤ ਹੈਰਾਨ ਹੋਈ ਕਿਉਂਕਿ ਬਲਾਕੀ ਚੰਦ ਉਹਨਾਂ ਮਸੰਦਾਂ ਵਿਚੋਂ ਸੀ ਜਿਹੜੇ ਬੜੇ ਨੰਕ ਤੇ ਧਰਮਾਤਮਾ ਗਿਣੇ ਜਾਂਦੇ ਸਨ। ਉਹਨਾਂ ਸਭ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ।

ਸਤਿਗੁਰੂ ਜੀ ਦੇ ਹੁਕਮ ਨਾਲ ਬਲਾਕੀ ਚੰਦ ਨੂੰ ਫੜਕੇ ਅਨੰਦਗੜ੍ਹ ਦੇ ਕਿਲੇ ਦੀ ਕੋਠੜੀ ਵਿਚ ਡਕ ਦਿਤਾ ਗਿਆ। ਓਹ ਕੋਠੜੀ ਹਵਾਲਾਤ ਦੇ ਤੌਰ ਤੇ ਵਰਤੀ ਜਾਂਦੀ।

ਉਸ ਵੇਲੇ ਇਤ ਹੋਰ ਕੌਤਕ ਹੋਇਆ, ਸਿਆਣੇ ਸਿਖਾਂ ਨੇ ਮਸੰਦ ਦਾ ਪੰਜ ਧਰਗਟ ਕਰਨ ਵਾਸਤੇ ਇਕ ਲੀਲ੍ਹਾ ਰਚੀ। ਭਾਈ ਨੰਦ ਚੰਦ ਦੀਵਾਨ ਮਾਮਾ ਕ੍ਰਿਪਾਲ ਚੰਦ ਜੀ ਤੇ ਹੋਰ ਸਿਖਾਂ ਦੀ ਸਲਾਹ ਨਾਲ ਭੰਡ ਮਰਾਸੀਆਂ ਪਾਸੋਂ ਮਸੰਦਾਂ ਦੀ ਨਕਲ ਤਿਆਰ ਕਰਵਾਈ। ਨਕਲ (ਨਾਟਕ ਦੀ ਜੋ ਕਹਾਣੀ ਓਹ ਸੱਚੀ ਸੀ। ਜਿਸ ਸਿਖ ਨਾਲ ਵਰਤੀ ਸੀ ਉਹ ਵੀ ਹਾਜ਼ਰਸੀ ਤੇ ਮਸੇਦ ਵੀ ਅਨੰਦਪੁਰ ਹੀ ਸੀ। ਵੈਸਾਖੀ ਦਾ ਪੁਰਬ ਹੋਣ ਕਰਕੇ ਸਿਖ ਸੰਗਤ ਬਹੁਤ ਆਈ ਹੋਈ ਸੀ :

Sri Satguru Jagjit Singh Ji eLibrary NamdhariElibrary@gmail.com

ਨਕਲ ਦਾ ਨਾਟਕ ਖੇਡਣ ਵਾਸਤੇ ਇਕ ਖੁਲ੍ਹੀ ਥਾਂ ਚੁਣੀ ਗਈ, ਸਤਿਗੁਰੂ ਜੀ ਦੇ ਬਿਰਾਜਣ ਵਾਸਤੇ ਆਸਣ ਰਖਿਆ ਗਿਆ, ਸਾਹਿਬਾਂ ਦੇ ਹਾਜ਼ਰ ਹੋਣ ਤੇ ਨਕਲ ਸ਼ੁਰੂ ਹੋਈ ਜੋ ਇਸ ਤਰਾਂ ਸੀ–

ਇਕ ਮਸੰਦ ਜੋ ਵੱਡੀ ਗੋਗੜ ਵਾਲਾ ਤੇ ਉਚਾ ਲੰਮਾ ਜਵਾਨ ਸੀ. ਉਹ ਇਕ ਵੈਸਵਾ, ਦੋ ਘੋੜੇ, ਦੋ ਨੌਕਰ ਤੇ ਦੋ ਕੁਤਿਆਂ ਨੂੰ ਨਾਲ ਲੈ ਕੇ ਇਕ ਭੋਲੇ ਭਾਲੇ ਗਰੀਬ ਸਿਖ ਦੇ ਘਰ ਜਾ ਰਿਹਾ ਸੀ ਸਭੱਤ ਨਾਲ ਉਸ ਸਮੇਂ ਸਿਖ ਵੀ ਘਰ ਨਹੀਂ ਸੀ। ਉਹਦੀ ਇਸਤ੍ਰੀ ਤੇ ਜਵਾਨ ਲੜਕੀ ਸੀ। ਉਹਨਾਂ ਦੇਹਾਂ ਜਦੋਂ ਦੇਖਿਆ ਕਿ ਗੁਰੂ ਜੀ ਦਾ ਸੇਵਕ ਸਿਖ ਉਹਨਾਂ ਦੇ ਘਤ ਆਇਆ ਹੈ ਤਾਂ ਉਹ ਪ੍ਰਸੰਨ ਹੋ ਕੇ ਅਗੇ ਵਧੇ, ਜੀ ਆਇਆਂ ਨੂ ਆਖਿਆ ਤੇ ਮਸੰਦ ਦ ਪੈਰਾ ਉਪਰ ਦੋਹਾਂ ਨੇ ਮੱਥਾ ਟੇਕਿਆ। ਜਦੋਂ ਮੱਥਾ ਟੇਕ ਕੇ ਸਿਰ ਉਪਰ ਚੁਕੇ ਤਾਂ ਮਸੰਦ ਨੇ ਮਥੇ ਉਤੇ ਤਿਊੜੀ ਪਾ ਕੇ ਕਿਹਾ—'ਸਿਖ ਕਿਥੇ ਹੈ ?'

ਘਰ ਦੀ ਇਸਤ੍ਰੀ ਬੋਲੀ, 'ਮਹਾਰਾਜ ਹੁਣੇ ਆ ਜਾਂਦੇ ਹਨ ਕਿਤੇ ਬਾਹਰ ਖੇਤਾਂ ਨੂੰ ਗਏ ਹੋਏ ਹਨ। ਆਈਏ ਆਪ ਬਿਰਾਜੋ ਏ। ਜੋ ਸਰੇ ਬਣੇਗਾ ਗੁਰੂ ਜੀ ਦੀ ਕਿਰਪਾ ਨਾਲ ਅਸੀਂ ਸੇਵਾ ਕਰਾਂਗੀਆਂ।'

'ਬਹੁਤ ਗੁਰੂ ਮਾਰਾ ਤੇ ਨਿਭਾਰਾ ਹੈ। ਗੁਰੂ ਕੇ ਓਹਦੇ ਘਰ ਆਏ ਓਹ ਘਤ ਨਹੀਂ ਰਿਹਾ। ਕੈਸੇ ਭਵਸਾਗਰ ਤੇ ਪਾਰ ਹੋ ਸਕੇਗਾ, ਕਦੀ ਨਹੀਂ ਨਰਕ ਨੂੰ ਜਾਵੇਗਾ ਨਰਕ ਨੂੰ ! ਮਸੰਦ ਦੇ ਕਠੋਰ ਬਚਨ ਸਨ। ਸਿਖਣੀ ਨੇ ਵਾਹੋਦਾਹੀ ਘਰ ਦਾ ਬੇਹੜਾ ਤੇ ਸੁਫਾ ਸਾਫ ਕੀਤਾ। ਸੁਫੇ ਦੇ ਵਿਚ ਪਲੰਘ ਵਿਛਾ ਦਿਤੇ, ਮਸੰਦ ਨੂੰ ਬੈਠਣ ਵਾਸਤੇ ਕਿਹਾ। ਭਾਵੇਂ ਓਹ ਮੰਜੇ ਚੰਗੇ ਮਾੜੇ ਸਨ ਫਿਰ ਵੀ ਬੁੜਬੁੜ ਕਰਕੇ ਤੇ ਗਾਲ੍ਹਾਂ ਦੇ ਕੇ ਬੈਠ ਗਏ। ਸਿਖਣੀ ਤਾ ਰੋਟੀ ਦਾ ਪ੍ਰਬੰਧ ਕਰਨ ਲੱਗੀ ਤੇ ਉਸਦੀ ਮੁਟਿਆਰ ਲੜਕੀ ਨੂੰ ਵੈਸਵਾ ਦੇ ਪੈਰ ਘੁਟਣ ਵਾਸਤੇ ਲਾ ਲਿਆ। ਕੁਵ ਰੀ ਤੇ ਭੋਲੀ ਭਾਲੀ ਕੰਨਿਆ ਸਤਿਗੁਰੂ ਜੀ ਉਤੇ ਸ਼ਰਧਾ ਰਖਦੀ ਹੋਈ ਮਸੰਦ ਤੇ ਵੈਸਵਾ ਨੂੰ ਗੁਰੂ ਸਮਝਕੇ ਬੜੇ ਉਤਸ਼ਾਹ ਨਾਲ ਸੇਵਾ ਕਰਨਲੱਗੀ ਘੋੜਆਂ ਨੂੰ ਤੂੜੀ ਤੇ ਦਾਣਾ ਤਾਂ ਮਸੰਦਾ ਦੇ ਸੇਵਕਾ ਨੇ ਖੁਲ੍ਹਾ ਚੁਕ ਕੇ ਪਾ ਦਿਤੇ, ਪਰ ਨਾਲ ਹੀ ਪੱਕੀ ਨਿਹਾਰੀ ਮੰਗੀ, ਪੱਕੀ ਨਿਹਾਰੀ ਵਿਚ ਘਿਓ ਚੁਦਾ

Sri Satguru Jagjit Singh Ji eLibrary NamdhariElibrary@gmail.com

ਹੈ। ਸਿਖਣੀ ਨੇ ਹੱਥ ਜੋੜਕੇ ਬੇਨਤੀ ਕੀਤੀ—'ਮਹਾਰਾਜ! ਘਿਉ ਘਰ ਨਹੀਂ ਸਿਖ ਆਉਂਦਾ ਹੈ ਤਾਂ ਘਿਓ ਦੁਕਾਨ ਤੋਂ ਮੁਲ ਲਿਆ ਕੇ ਦੇਂਦਾ ਹੈ।

ਇਹ ਸੁਣਕੇ ਮਸੰਦ ਦੇ ਦਿਮਾਗ ਦਾ ਪਾਰਾ ਉਚਾ ਹੋ ਗਿਆ, ਉਸ ਨੇ ਬਹੁਤ ਸਾਰੀਆਂ ਬਦ ਅਸੀਸਾਂ ਦੇ ਨਾਲ ਤਿੰਨ ਚਾਰ ਰਾਲ੍ਹਾਂ ਵੀ ਕੱਢ ਦਿਤੀਆਂ, ਅਜੇ ਕੁਬੋਲ ਬੋਲ ਹੀ ਰਿਹਾ ਸੀ ਕਿ ਸਿਖ ਬਾਹਰੋਂ ਆ ਗਿਆ। ਭੋਲੇ ਸਿਖ ਨੇ ਗੁਰੂ ਕੇ ਆਏ ਜਾਣ ਕੇ ਕਾਹਲੀ ਨਾਲ ਮਸੰਦਾਂ ਦੇ ਚਰਨਾਂ ਉਪਰ ਮਥਾ ਜਾ ਟੇਕਿਆ। ਉਹ ਮੱਥਾ ਕੀ ਸੀ ਬਲਦੀ ਉਤੇ ਤੇਲ ਸੀ, ਮਸੰਦ ਨੇ ਅਸੀਸ ਦੇਣ ਦੀ ਥਾਂ ਉਸ ਨੂੰ ਲੱਤ ਮਾਰੀ ਤੇ ਆਖਿਆ—'ਕੀ ਸਤਿਗੁਰੂ ਜੀ ਦੇ ਬਚਨ ਭੁਲ ਗਿਆ ਹੈ? ਕੀ ਗੁਰੂ-ਘਰ ਦੀ ਮਰਯਾਦਾ ਯਾਦ ਨਹੀਂ ਰਹੀ ਜੋ ਬਿਨਾਂ ਕਿਸੇ ਵਸਤੂ ਭੇਟਾ ਕਰਨ ਦੇ ਖਾਲੀ ਮੱਥਾ ਟੇਕਦਾ ਹੈਂ। ਹੋਸ਼ ਤੋਂ ਕੰਮ ਲੈ, ਜਾ ਤੇ ਦਰਸ਼ਨੀ ਭੇਟਾ ਲਿਆ ਤੇ ਜਲ ਪਾਣ ਦਾ ਪ੍ਰਬੰਧ ਕਰ ਕਮ ਅਕਲ ਲੰਕ ਮੂਰਖ! ਮਰਯਾਦਾ ਵੀ ਭੁਲ ਜਾਂਦੇ ਹਨ। ਸਿਰ ਖਪ ਜਾਂਦਾ ਹੈ ਦਸਦਿਆ। ਹੌਲੀ ਬੁਧੀ ਵਾਲੇ, ਚਲ ਛੇਤੀ ਕਰ, ਮੇਰੇ ਮੂੰਹ ਵਲ ਕੀ ਦੇਖਦਾ ਹੈਂ ਏਗਮ ਸਾਹਿਬਾਂ ਨੇ ਇਸ਼ਨਾਨ ਕਰਨਾ ਹੈ, ਇਸ ਵਾਸਤੇ ਦਹੀਂ, ਤੇਲ, ਵੇਸਣ ਦੀ ਲੋੜ ਹੈ। ਕਿਸੇ ਚੀਜ਼ ਦੀ ਕਮੀ ਨਾ ਰਹੇ, ਸੇਵਾ ਕਰ ਲੈ, ਕਿਤੇ ਇਹ ਨਾ ਹੋਵੇ ਕਿ ਸ਼ੁਭ ਅਸੀਸ ਲਣ ਦੀ ਥਾਂ ਬਦ ਅਸੀਸਾਂ ਲੈ ਕੇ ਜਾਂ ਸੇਵਾ ਕਰਨ ਦੀ ਕੁਤਾਹੀ ਕਰਕੇ ਨਰਕ ਦੇ ਭਾਗੀ ਬਣੇ।

ਵਿਚਾਰੇ ਸਿਖ ਨੇ ਗਾਲ੍ਹਾਂ ਦਾ ਗੁਸਾ ਨਹੀਂ ਕੀਤਾ, ਹੱਥ ਜੋੜ ਕੇ ਖਿਮਾਂ ਮੰਗਦਾ ਰਿਹਾ ਤੇ ਲੜਕੀ ਨੂੰ ਤਾਂ ਵੇਸਵਾ ਦੀ ਸੇਵਾ ਵਿਚ ਲਾ ਦਿਤਾ ਤੇ ਸਿੰਘਣੀ ਰੋਟੀ ਦਾ ਪ੍ਰਬੰਧ ਕਰਨ ਲੱਗੀ ਤੇ ਸਿਖ ਵਸਤੂਆਂ ਲਿਆਉਣ ਲੱਗਾ। ਉਸ ਕੋਲ ਪੈਸੇ ਨਹੀਂ ਸਨ, ਉਸਨੇ ਸਿਖਣੀ ਦੀ ਨੱਥ ਗਹਣੇ ਰਖਕੇ ਸਾਰਾ ਸਾਮਾਨ ਹੱਟੀ ਤੋਂ ਮੁਲ ਲਿਆਂਦਾ। ਸਭ ਸਾਮਾਨ ਲਿਆ ਕੇ ਉਸ ਨੇ ਵੈਸ਼ਨੋ ਭੋਜਨ ਤਿਆਰ ਕਰਵਾਇਆ, ਜਿਸ ਵਿਚ ਖੀਰ ਤੇ ਕੜਾਹ ਪ੍ਰਸ਼ਾਦਿ ਸੀ। ਫਿਰ ਉਹ ਦਰਸ਼ਨੀ ਭੇਟਾ ਦੇਣ ਵ ਸਤੇ ਮਸੰਦ ਵਲ ਹੋਇਆ, ਦਰਸ਼ਨੀ ਭੇਟਾ ਵਿਚ ਤੌੜਾ ਦੁਧ ਦੀ, ਦੋ ਰੁਪੈ ਤੇ ਖੰਡ ਸੀ ਮਸੰਦ ਨੇ ਅਗੋਂ ਕਿਹਾ—'ਵਛੇਰਿਆ ਵਾਸਤੇ ਸੇਰ ਮੱਖਣ

Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ ਅਤੇ ਪਾ ਲਾਲ ਮਿਤਰਾ। ਉਨ੍ਹਾਂ ਬੇਜ਼ਬਾਨਾਂ ਦੀ ਸੇਵਾ ਕਰੇਂਗਾ ਤਾਂ ਤੇਰੀਆਂ ਇਹ ਵਸਤੂਆਂ ਪ੍ਰਵਾਨ ਚੜ੍ਹਨਗੀਆਂ।' ਇਹ ਸੁਣਕੇ ਸਿਖ ਘਬਰਾਯਾ ਨਹੀਂ, ਉਹ ਔਖਾ ਸੁਖਾਲਾ ਹੋ ਕੇ ਸੇਰ ਮੱਖਣ ਵੀ ਲੈ ਆਇਆ। ਜਿਹੜਾ ਦੁਧ ਸੀ ਉਹ ਕੁਤਿਆਂ, ਨੌਕਰਾਂ ਤੇ ਵਛੇਰਿਆਂ ਨੂੰ ਪਿਆਲਿਆ, ਆਪਣੇ ਤੇ ਕੰਜਰੀ ਵਾਸਤੇ ਹੋਰ ਦੁਧ ਮੰਗਵਾਇਆ ਜੋ ਸਿਖਣੀ ਦੂਸਰੇ ਘਰੋਂ ਲਿਆਈ, ਉਹ ਦੁਧ ਦੋਹਾਂ ਨੇ ਪੀਤਾ।

ਪੂਰੀ ਸ਼ਰਧਾ ਨਾਲ ਸਿਖਣੀ ਨੇ ਪ੍ਰਸ਼ਾਦ ਤਿਆਰ ਕੀਤਾ ਸੀ, ਥਾਲੀਆਂ ਵਿਚ ਪਰੋਸਕੇ ਜਦੋਂ ਮਸੰਦ ਅਗੇ ਬੇਨਤੀ ਕੀਤੀ ਤਾਂ ਉਹ ਪ੍ਰਸ਼ਾਦ ਛਕਣ ਵਾਸਤੇ ਉਠ ਕੇ ਚੌਤਰੇ ਵਲ ਹੋਇਆ ਪਰ ਖੀਰ ਦੇਖ ਕੇ ਉਸਦੇ ਸੱਤੀਂ ਕਪੜੀਂ ਅੱਗ ਲਗ ਗਈ, ਉਹ ਨੱਕ ਚੜ੍ਹਾਕੇ ਮਥੇ ਉਤੇ ਤਿਉੜੀ ਪਾ ਕੇ ਬੋਲਿਆ-'ਗੁਰੂ ਮਾਰਿਆ ਪਾਪੀਆ! ਇਹ ਬ੍ਰਾਹਮਣਾਂ ਦਾ ਖਾਜਾ ਹੈ। ਅਸੀਂ ਸਤਿਗੁਰੂ ਜੀ ਦੇ ਸਿਖ ਹਾ। ਅਸਾਂ ਨੂੰ ਸ਼ਰਾਬ ਤੇ ਮਹਾ ਪ੍ਰਸ਼ਾਦ ਦੀ ਲੋੜ ਹੈ। ਹੱਛਾ ਤੇਰੀ ਇਹੋ ਇਛਾ ਹੈ ਕਿ ਸਰਾਪ ਦੇਕੇ ਤੇਰਾ ਬੇੜਾ ਗਰਕ ਕਰੀਏ ਤਾ ਠੀਕ ਹੈ।' ਇਹ ਆਖ ਕੇ ਮਸੰਦ ਨੇ ਖੀਰ ਦੀਆ ਥਾਲੀਆ ਕੁਤਿਆ ਅਗੇ ਰਖ ਦਿਤੀਆ ਤੇ ਸੇਵਕਾ ਨੂੰ ਹੁਕਨ ਕੀਤਾ—'ਚਲੋ ਭਾਈ! ਘੋੜਿਆ ਤੇ ਕਾਠੀਆ ਪਾਓ ਚਲੋ ਚਲੀਏ, ਕਿਸੇ ਹੋਰ ਘਰ ਜਾ ਕੇ ਪ੍ਰਸ਼ਾਦ ਛਕਾਂਗੇ।

ਸਿਖ ਸਿਖਣੀ ਵਿਆਕੁਲ ਹੋ ਕੇ ਮਸੰਦ ਦੇ ਚਰਨਾ ਉਪਰ ਡਿਗ ਪਏ, ਰੋ ਰੋ ਕੇ ਖਿਮਾ ਮੰਗੀ ਤੇ ਬੇਨਤੀ ਕੀਤੀ--'ਮਹਾਰਾਜ ਸ਼ਰਾਬ ਲੈ ਆਉਂਦੇ ਹਾ, ਮਾਸ ਤਿਆਰ ਕੀਤਾ ਜਾਦਾ ਹੈ, ਤੁਸੀਂ ਨਰਾਜ ਹੋਕੇ ਨਾ ਜਾਵੋ, ਮੇਹਰ ਕਰੋ, ਅਸਾ ਤੇ ਦਇਆ ਰਖੋ। ਬੇਨਤੀਆ ਕਰਨ ਤੇ ਦੰਦੀਆ ਵਿਲਕਣ ਦੇ ਪਿਛੋਂ ਮਸੰਦ ਰੁਕਿਆਂ, ਸਿਖ ਨੇ ਦੋ ਬੋਤਲਾ ਸ਼ਰਾਬ ਤੇ ਬੱਕਰੇ ਦਾ ਮਾਸ ਲਿਆਦਾ। ਮਿਰਚ ਮਸਾਲੇ ਪਾ ਕੇ ਰਿੰਨਿਆ ਤੇ ਮਸੰਦ ਅਤੇ ਵੇਸਵਾ ਨੂੰ ਪ੍ਰਸੰਨ ਕੀਤਾ। ਸਵੇਰ ਹੋਈ ਤਾ ਫਿਰ ਤੁਰਨ ਵੇਲੇ ਭੇਟਾ ਮੰਗੀ, ਖੈਰ ਸਿਖ ਨ ਜਿਵਂ ਕਿਵੇਂ ਤੁਰਦਿਆ ਤਕ ਮਸੰਦ ਦੀਆ ਸਾਰੀਆ ਮੰਗਾ ਪੂਰੀਆ ਕੀਤੀਆ। ਅੰਤ ਵੇਲੇ ਮਸੰਦ ਨੇ ਆਪਣੇ ਨੌਕਰ ਵਾਸਤੇ ਸਿਖ ਦੀ ਕੰਨਿਆ ਦਾ ਦਾਨ ਵੀ ਮੰਗ ਲਿਆ।

Sri Satguru Jagjit Singh Ji eLibrary NamdhariElibrary@gmail.com

ਉਹ ਵੀ ਸਿਖ ਨੇ ਹਾਂ ਕਰ ਦਿਤੀ।

ਸ੍ਵਾਂਗੀਆਂ (ਨਾਟਕਾਰਾਂ) ਕੋਲੋਂ ਇਹ ਮਸੰਦ ਦੀ ਕਾਲੀ ਕਰਤੂਤ ਦਾ ਨਾਟਕ ਦੇਖਿਆ ਤਾਂ ਸਾਹਿਬ ਕ੍ਰੋਧਵਾਨ ਹੋ ਗਏ। ਨਾਟਕ ਮੰਡਲੀ ਦੇ ਮੁਖੀ ਨੂੰ ਸੱਦਕੇ ਆਖਣ ਲਗੇ—'ਕੀ ਇਹ ਸੱਚ ਹੈ ?

ਹਾਂ ਮਹਾਰਾਜ ! ਅੱਖਰ ਅੱਖਰ ਸਚ ਹੈ। ਸਿਖ ਸੰਗਤਾ ਦੇ ਚੇਹਰਿਆਂ ਵਲ ਦੇਖੋ ! ਅੰਤਰਜਾਮੀ ਹੋ ! ਦੇਖੋ, ਪੁਛੋ ਕੀ ਮਸੰਦ ਇਸ ਤਰਾਂ ਨਹੀਂ ਕਰਦੇ ? ਮਸੰਦਾਂ ਕੋਲੋਂ ਲੋਕਾਈ ਬਹੁਤ ਤੰਗ ਹੈ।'

ਇਹ ਕੁਝ ਸੁਣਕੇ ਸਤਿਗੁਰੂ ਜੀ ਨੇ ਹੁਕਮ ਦਿਤਾ—'ਸਾਰੇ ਮਸੰਦਾਂ ਨੂੰ ਸਦਕੇ ਲਿਆਵੋ। ਨਾਲ ਹੀ ਦਸੋ ਜਿਸ ਮਸੰਦ ਦੀ ਇਹ ਕਰਤੂਤ ਹੈ ਉਹ ਕੌਣ ਹੈ ? ਉਸ ਨੂੰ ਵੀ ਪੇਸ਼ ਕਰੋ। ਸਾਹਿਬਾਂ ਦੇ ਹੁਕਮ ਹੁੰਦੇ ਸਾਰ ਮਸੰਦਾਂ ਨੂੰ ਸਦਿਆ ਗਿਆ, ਤਿੰਨ ਚਾਰ ਮਸੰਦ ਤਾਂ ਅਨੰਦਪੁਰੀ ਨੂੰ ਹੀ ਛੱਡ ਗਏ ਤੇ ਬਾਕੀ ਦਿਆਂ ਦੇ ਦਿਲ ਡੋਲ ਗਏ। ਚੱਜੇ ਮੱਜੇ ਮਸੰਦ ਵਲ ਇਸ਼ਾਰਾ ਕਰਕੇ ਆਖਿਆਂ ਗਿਆ--'ਸਚੇ ਪਾਤਸ਼ਾਹੋ ! ਇਹ ਮਸੰਦ ਕੰਜਰੀ ਨੂੰ ਕੋਲ ਰਖਦਾ ਤੇ ਸ਼ਰਾਬ ਦਾ ਸੇਵਨ ਕਰਦਾ ਹੈ। ਸਾਹਿਬਾਂ ਨੇ ਉਸ ਨੂੰ ਫੜ ਲਿਆ, ਉਹ ਬਹੁਤ ਹਥ ਪੱਲਾ ਮਾਰਨ ਲਗਾ ਕਿ ਉਹ ਬੇਕਸੂਰ ਹੈ, ਪਰ ਉਸ ਦੀ ਕਿਸੇ ਨੇ ਕੋਈ ਗਲ ਨਾ ਸੁਣੀ। ਉਸ ਨੂੰ ਵੀ ਬਲਾਕੀ ਚੰਦ ਦੇ ਨਾਲ ਬੰਦ ਕਰ ਦਿਤਾ। ਉਹ ਜਦ ਬੰਦ ਹੋ ਗਿਆ ਤਾਂ ਸਾਰੀ ਸੰਗਤ ਕੋਲੋਂ ਫਿਰ ਪੁਛਿਆ ਜਿਹੜੀ ਜਿਹੜੀ ਵਸਤੂ ਕਿਸੇ ਮਸੰਦ ਨੂੰ ਸੰਗਤ ਨੇ ਦੇ ਕੇ ਭੇਜਿਆ ਸੀ, ਉਸਦੀ ਪੜਤਾਲ ਹੋਈ। ਮਸੰਦਾਂ ਦੇ ਘਰਾਂ ਤੋਂ ਬਹੁਤ ਵਸਤੂਆਂ ਨਿਕਲੀਆਂ ਇੰਸੇ ਤਰਾਂ ਘਨੀਸ਼ਾਮ ਦਾਸ, ਭਾਈ ਚੇਤੇ ਮਸੰਦ ਕਰਮੇ ਮਸੰਦ ਆਦਿਕ ਨੂੰ ਚੁਣਿਆਂ ਗਿਆ। ਇਹ ਸਾਰੇ ਦਸ ਸਨ, ਉਹਨਾਂ ਦਸਾਂ ਨੂੰ ਹੀ ਬਹੁਤ ਕਰੜੀ ਸਜਾ ਦੇਣ ਦਾ ਹੁਕਮ ਕੀਤਾ।

ਰਾਮਰਾਇ ਦੇ ਮਸੰਦਾਂ ਨੂੰ ਸਤਿਗੁਰੂ ਜੀ ਨੇ ਡੰਨ ਦਿਤਾ ਸੀ, ਉਸ ਡੰਨ ਨੇ ਪੱਥਰਾਂ ਨੂੰ ਕੰਬਾ ਦਿਤਾ ਸੀ ਪਰ ਮੂਰਖ ਮਸੰਦ ਨਾ ਸਮਝੇ ਤੇ ਗੁਰੂ ਘਰ ਦੀਆਂ ਵਸਤੂਆਂ ਨੂੰ ਹੜੱਪ ਕਰਦੇ ਹੋਏ ਬਦਚਲਨ ਹੋ ਗਏ ਸਨ, ਉਹਨਾਂ ਨੇ ਵ ਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਤੇ ਲੋਕ ਲੱਜ ਨੂੰ ਭੁਲਾ ਹੀ ਦਿਤਾ ਸੀ, ਉਨ੍ਹਾਂ ਨੂੰ ਕਿਸੇ ਦਾ ਭੈ ਨਹੀਂ ਸੀ ਰਿਹਾ। ਇਹ ਵਿਚਾਰ ਸੀ ਸਿਖ ਕਦੀ ਸਤਿਗੁਰੂ ਜੀ ਨੂੰ ਨਹੀਂ ਦਸਣਗੇ। ਉਹ ਅੰਧ ਵਿਸ਼ਵਾਸੀ ਹਨ, ਦੂਸਰਾ ਉਹਨਾਂ ਨੂੰ ਇਹ ਵੀ ਹੰਕਾਰ ਹੋ ਗਿਆ ਕਿ ਗੁਰੂ ਜੀ ਉਨ੍ਹਾਂ ਦੇ ਆਸਰੇ ਹੀ ਹਨ। ਓਹੋ ਹੀ ਬਾਹਰੋਂ ਸਿਖ ਸੰਗਤਾਂ ਨੂੰ ਪਟੇਰ ਕੇ ਲਿਆਉਂਦੇ ਹਨ, ਓਹ ਬਹੁਤੇ ਨਿਡਰ ਹੋ ਗਏ ਸਨ। ਉਹਨਾਂ ਦੀ ਮਾੜੀ ਦਸ਼ਾ ਸੁਧਾਰਨ ਵਾਲ਼ੀ ਸੀ। ਸਤਿਗੁਰੂ ਜੀ ਨੇ ਸਾਰਿਆਂ ਨੂੰ ਸੱਦ ਲਿਆ, ਇਕ ਕਤਾਰ ਵਿਚ ਖੜ੍ਹਾ ਕਰਕੇ ਹਕਮ ਦਿਤਾ ਕਿ ਮਸੰਦਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣ। ਇਹ ਡੰਨ ਦੇ ਯੋਗ ਹਨ। ਇਨ੍ਹਾਂ ਨੂੰ ਡੰਨ ਮਿਲਣਾ ਹੀ ਚਾਹੀਦਾ ਹੈ।

ਬਲਾਕੀ ਚੰਦ ਤੇ ਚੱਜੇ ਮੱਜੇ ਮਸੰਦ ਦੇ ਤਾਂ ਹੱਥ ਕਟਵਾ ਦਿਤੇ ਅਤੇ ਦੂਸਰਿਆਂ ਨੂੰ ਵੀ ਯੋਗ ਡੰਨ ਦੇ ਕੇ ਅਨੰਦਪੁਰ ਤੋਂ ਬਾਹਰ ਕੱਢ ਦਿਤਾ। ਕਈਆਂ ਮਸੰਦਾਂ ਨੂੰ ਬਾਹਰੋਂ ਸੱਦਿਆ ਤੇ ਉਹਨਾ ਨੂੰ ਸੰਗਤਾਂ ਹੀ ਖੂਬ ਕੁਟਦੀਆਂ ਆਈਆ।

ਚੂਹਣੀਆ ਦੇ ਇਲਾਕੇ ਦਾ ਭਾਈ ਫੇਰੂ ਮਸੰਦ ਸੀ, ਉਸਨੂੰ ਵੀ ਸੇਵਕਾਂ ਨੇ ਜਾ ਫੜਿਆ ਤੇ ਕਿਹਾ ਕਿ ਸਤਿਗੁਰੂ ਜੀ ਤੈਨੂੰ ਬੁਲਾਉਂਦੇ ਹਨ। ਉਸ ਨੇ ਪਛਿਆ. 'ਸਾਹਿਬਾਂ ਦਾ ਕੀ ਹੁਕਮ ਹੈ?' ਤਾਂ ਸੇਵਕਾਂ ਨੇ ਕਿਹਾ, 'ਮੁਸ਼ਕਾਂ ਜੂੜ ਕੇ ਤੇ ਦਾਹੜੀ ਫੜਕ ਲਿਆਣਾ। ਅਗੋਂ ਭਾਈ ਫੇਰੂ ਨੇ ਕਿਹਾ—'ਫਿਰ ਉਸੇ ਤਰਾਂ ਹੀ ਲੈ ਚਲੋ। ਪਰ ਸਿਖਾ ਵਿਚ ਉਸਦਾ ਸਤਿਕਾਰ ਬਹੁਤ ਸੀ। ਓਹ ਨਹੀਂ ਸਨ ਚਾਹੁੰਦੇ ਕਿ ਭਾਈ ਫੇਰੂ ਦੀ ਕਿਸੇ ਤਰਾ ਨਿਰਾਦਰੀ ਹੋਵੇ, ਕਿਉਂਕਿ ਓਹ ਖੁਦ ਇਕ ਚੰਗਾ ਮਸੰਦ ਸੀ। ਓਹ ਸਤਿਗੁਰੂ ਤੇ ਅਕਾਲ ਪੁਰਖ ਦਾ ਭੈ ਰਖਦਾ ਸੀ, ਉਹ ਧਰਮ ਦੀ ਕਿਰਤ ਕਰਦਾ ਸੀ। ਜਦੋਂ ਕਿਸੇ ਨੇ ਉਸ ਦੀਆਂ ਮੁਸ਼ਕਾਂ ਨਾ ਬੰਨ੍ਹੀਆਂ ਤੇ ਨਾ ਕਿਸੇ ਦਾਹੜੀ ਫੜੀ ਤਾਂ ਉਸ ਨੇ ਆਪ ਹੀ ਦਾਹੜੀ ਫੜ ਲਈ ਤੇ ਆਪ ਹੀ ਆਪਣੀਆਂ ਮੁਸ਼ਕਾਂ ਜੂੜ ਲਈਆ। ਇਸ ਹਾਲਤ ਵਿਚ ਆਪਣੇ ਨਗਰ ਤੋਂ ਸ੍ਰੀ ਅਨੰਦਪੁਰ ਪੁਜਿਆ। ਜਦੋਂ ਉਸ ਨੂੰ ਸਤਿਗੁਰੂ ਜੀ ਨੇ ਦੇਖਿਆ ਤਾਂ ਕਿਹਾ—'ਭਾਈ ਫੇਰੂ ਸੱਚੀ ਦਾਹੜੀ ਹੈ, ਇਸਦੇ ਲੰਗਰ ਚਲਣਗੇ। ਇਹਦੀ ਧਰਮਸਾਲਾ ਕਾਇਮ ਹੋਵੇਗੀ। ਇਸਨੂੰ ਸੁਤੰਤਰ ਕਰ ਦਿਓ।

Sri Satguru Jagjit Singh Ji eLibrary NamdhariElibrary@gmail.com

ਭਾਈ ਫੇਰੂ ਨੂੰ ਸੁਤੰਤਰ ਕੀਤਾ, ਉਹ ਬਹੁਤ ਪ੍ਰਸੰਨ ਹੋਇਆ। ਉਸਨ ਰੰਜ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸਾਰੇ ਮਸੰਦਾਂ ਨੂੰ ਕਰੜੀਆਂ ਸਜਾਵਾਂ ਦੇ ਕੇ ਸਾਹਿਬਾਂ ਨੇ ਸਿਖ ਸੰਗਤ ਤੇ ਬਾਕੀ ਦੇ ਮਸੰਦਾ ਨੂੰ ਸੰਬੋਧਨ ਕਰਕੇ ਆਖਿਆ—'ਗੁਰੂ ਘਰ ਦੀ ਭੇਟਾ ਪੂਜਾ ਉਹੋ ਹੀ ਖਾ ਕੇ ਪਚਾ ਸਕਦਾ ਹੈ, ਜਿਹੜਾ ਸੇਵਾ ਕਰੇ। ਜੋਹੜਾ ਸੇਵਾ ਨਹੀਂ ਕਰਦਾ ਉਹ ਨਹੀਂ ਪਚਾ ਸਕਦਾ, ਇਸ ਵਾਸਤੇ ਸਿਖਾਂ ਨੂੰ ਬਚਣਾ ਚਾਹੀਦਾ ਹੈ, ਲਾਲਚ ਵਿਚ ਆਕੇ ਬੁਧੀ ਭ੍ਰਿਸ਼ਟ ਨਹੀਂ ਕਰਨੀ ਚਾਹੀਦੀ।'

੮. ਹੁਕਮ ਮੰਨਣਾ

ਇਕ ਦਿਨ ਸਤਿਗੁਰੂ ਜੀ ਅਨੰਦਪੁਰ ਵਿਚ ਨਵੀਆਂ ਤਿਆਰ ਹੋ ਰਹੀਆਂ ਇਮਾਰਤਾਂ ਦੇਖ ਰਹੇ ਸਨ ਕਿ ਇਕ ਸਿਖ ਕੇਸਰੀ ਸਿੰਘ ਪਾਸੋਂ ਸਤਿਗੁਰੂ ਜੀ ਦੇ ਜਾਮੇ ਉਤੇ ਗਾਰੇ ਦੀਆਂ ਛਿੱਟਾਂ ਪੈ ਗਈਆਂ। ਪਤਾ ਨਹੀਂ ਸਾਹਿਬਾਂ ਦੇ ਕੀ ਮਨ ਮੌਜ ਆਈ, ਉਨ੍ਹਾਂ ਨੇ ਝਟ ਹੁਕਮ ਕੀਤਾ ਇਸ ਸਿਖ ਨੂੰ ਹਲਕੀ ਸਜਾ ਦਿਤੀ ਜਾਵੇ, ਅਥਵਾ ਦੋ ਚਪੇੜਾਂ ਮਾਰ ਦਿਤੀਆਂ ਜਾਣ।' ਸਿਖਾਂ ਨੇ ਸਤਿਗੁਰੂ ਜੀ ਦਾ ਹੁਕਮ ਪਾਕੇ ਇਕ ਦੋ ਨਹੀਂ ਸਗੋਂ ਦਸ ਚਪੇੜਾਂ ਮਾਰ ਦਿਤੀਆਂ, ਸਿਖ ਚਪੇੜਾਂ ਖਾਕੇ ਬਹੁਤ ਵਿਆਕੁਲ ਹੋਇਆ ਪਰ ਉਸਨੇ ਕਿਸੇ ਨੂੰ ਮਾੜਾ ਚੰਗਾ ਨਹੀਂ ਕਿਹਾ। ਉਸ ਨੇ ਜਾਤਾ ਸ਼ਾਇਦ ਉਹਦੀ ਜਰੂਰੀ ਭੁਲ ਹੈ ਇਸ ਕਾਰਨ ਉਸ ਨੂੰ ਸਜਾ ਮਿਲੀ ਹੈ ਤੇ ਮੁੜ ਕੇ ਨਰਕ ਦੀ ਸਜਾ ਨਾ ਭੁਗਤਣੀ ਪਵੇ।

ਚੋਜੀ ਪ੍ਰੀਤਮ ਨੇ ਝਟ ਸਿਖਾਂਨੂੰ ਘੂਰਿਆ ਤੇ ਪੁਛਿਆ—'ਅਸਾਂ ਦੋ ਚਪੇੜਾਂ ਕਹੀਆਂ ਸੀ ਵਧ ਕਿਉਂ ਮਾਰੀਆਂ?' ਸਿਖਾਂ ਨੇ ਅਗੋਂ ਉੱਤਰ ਦਿਤਾ--'ਮਹਾਰਾਜ ਆਪ ਨੇ ਦੋ ਚਪੇੜਾਂ ਕਹੀਆਂ ਸਨ, ਅਸਾਂ ਹੁਕਮ ਦੀ ਪਾਲਨਾ ਕਰਦਿਆਂ ਹੋਇਆ ਅੱਠ ਹੋਰ ਚਪੇੜਾਂ ਮਾਰ ਦਿਤੀਆਂ, ਕਿਉਂਕਿ ਅਸਾਂ ਆਪਦਾ ਹੁਕਮ ਮੰਨਿਆ, ਸਿਖ ਦੀ ਭੁਲ ਦੀ ਉਸ ਨੂੰ ਸਜਾ ਦਿਤੀ ਹੈ। ਜੋ ਠੀਕ ਬਣਦੀ ਫੱਬਦੀ ਸੀ।

'ਠੀਕ ਹੈ! ਤੁਸਾਂ ਨੇ ਬਣਦੀ ਫਬਦੀ ਸਜਾ ਦਿਤੀ ਹੈ। ਅਸਾ ਦਾ ਹੁਕਮ

Sri Satguru Jagjit Singh Ji eLibrary NamdhariElibrary@gmail.com

ਮੰਨਿਆ ਹੈ।' ਸਤਿ ਗੁਰੂ ਜੀ ਨੇ ਫ਼ਰਮਾਇਆ—'ਹੁਕਮ ਮੰਨਦੇ ਹੋ, ਇਕ ਹੁਕਮ ਹੋਰ ਮੰਨੋ। ਉਹ ਇ ਕਿ ਇਸ ਸਿਖ ਨੂੰ ਕੋਈ ਸਿਖ ਤੁਸਾਂ ਵਿਚੋਂ ਆਪਣੀ ਭੈਣ ਜਾਂ ਬੇਟੀ ਦਾ ਸਾਕ ਦੇਵੇ। ਇਹ ਅਣ-ਵਿਆਹਿਆ ਹੈ। ਜ਼ਰੂਰ ਵਿਆਹਿਆ ਜਾਣਾ ਚਾਹੀਏ।'

ਹੁਕਮ ਮੰਨਣ ਦੀਆਂ ਡੀਂਗਾਂ ਮਾਰਨ ਵਾਲੇ ਸਾਰੇ ਚੁਪ ਹੋ ਗਏ। ਉਨ੍ਹਾਂ ਨੂੰ ਕੋਈ ਗੱਲ ਨਾ ਔਹੜੀ, ਉਹ ਹੇਠਾਂ ਉਪਰ ਦੇਖਕੇ ਏਧਰ ਓਧਰ ਤੁਰਨ ਹੀ ਲਗੇ ਸਨ ਕਿ ਇਕ ਸਿਖ ਨੇ ਕਿਹਾ—'ਸਚੇ ਪਾਤਸ਼ਾਹ! ਮੇਰੇ ਧੰਨ ਭਾਗ ਮੈਂ ਆਪਣੀ ਬੇਟੀ ਦਾ ਸਾਕ ਦੇਂਦਾ ਹਾਂ। ਆਪ ਦੇ ਹੁਕਮ ਤੋਂ ਤਾਂ ਤਨ ਮਨ ਵਾਰਨ ਨੂੰ ਤਿਆਰ ਹਾਂ।'

ਸਾਹਿਬਾਂ ਨੇ ਨਿਰਾਲਾ ਹੀ ਚੋਜ ਕੀਤਾ, ਸਿਖ ਨੂੰ ਨਿਰਾਲੇ ਢੰਗ ਨਾਲ ਨਿਹਾਲ ਕੀਤਾ। ਪਹਿਲਾਂ ਸਜ਼ਾ ਦਿਤੀ ਫਿਰ ਵਿਆਹ ਕਰ ਵਿਤਾ।

੯. ਭਾਈ ਨੰਦ ਚੰਦ ਮਸੰਦ ਦੀ ਮੌਤ

ਭਾਈ ਨੰਦ ਚੰਦ ਸਿੰਘਾ ਗੋਤ ਦਾ ਮਸੰਦ ਸੀ। ਇਹ ਡਰੌਲੀ ਦਾ ਰਹਿਣ ਵਾਲਾ ਸੀ। ਸਤਿਗੁਰੂ ਜੀ ਦੇ ਪਾਸ ਇਸਦਾ ਬਹੁਤ ਪ੍ਰਤਿਕਾਰ ਸੀ, ਸਾਹਿਬ ਇਸ ਦੀਆਂ ਬੇਨਤੀਆਂ ਨੂੰ ਪ੍ਰਵਾਨ ਕਰਦੇ ਸਨ। ਲੜਾਈ (ਜੁੱਧ) ਕਰਨ ਨੂੰ ਵੀ ਤੁਕੜਾ ਸੀ। ਵਾਹਿਗੁਰੂ ਦਾ ਭਾਣਾ ਅਮਿਟ ਹੈ। ਕਦੀ ਚੰਗਿਆਂ ਬੰਦਿਆਂ ਕੋਲੋਂ ਵੀ ਮੰਦੇ ਕਰਮ ਹੋ ਜਾਂਦੇ ਹਨ। ਕੁਦਰਤ ਅਗੇ ਕੋਈ ਸਵਾਲ ਜਵਾਬ ਨਹੀਂ ਕੀਤਾ ਜਾਂਦਾ। ਕਦੀ ਇਸ ਮਸੰਦ ਦੀ ਵਡਿਆਈ ਦੀ ਗੁਡੀ ਅੱਧ ਅਸਮਾਨ ਵਿਚ ਪੁਜ ਗਈ ਸੀ ਅਤੇ ਇਸਦੀ ਬਹੁਤ ਮੰਨੀ ਜਾਂਦੀ ਸੀ।

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਹੱਥੀਂ ਲਿਖੀਆ ਜਾਂਦੀਆਂ ਸਨ ਪਰ ਹਰ ਇਕ ਬੀੜ ਦੇ ਸੰਪੂਰਨ ਹੋਣ ਤੇ ਬੀੜ ਉਤੇ ਸਤਿਗੁਰੂ ਜੀ ਦੇ ਦਸਖਤ ਕਰਾਏ ਜਾਂਦੇ ਸਨ। ਡਰੌਲੀ ਦੇ ਇਕ ਸਾਧੂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦੀ ਨਕਲ ਕੀਤੀ ਤੇ ਸੰਪੂਰਨ ਹੋਣ ਤੇ ਉਹ ਦਸਖਤਾਂ ਵਾਸਤੇ ਅਨੰਦਪੁਰ ਲਿਆਇਆ।

Sri Satguru Jagjit Singh Ji eLibrary NamdhariElibrary@gmail.com

ਉਹ ਉਦਾਸੀ ਸਾਧੂ ਭਾਈ ਨੰਦ ਚੰਦ ਜੀ ਨੂੰ ਮਿਲਿਆ, ਉਸਨੇ ਇਹ ਜਾਤਾ ਕਿ ਭਾਈ ਨੰਦ ਚੰਦ ਜੀ ਕਿਉਂਕਿ ਉਹਦੇ ਇਲਾਕੇ ਦੇ ਵਡੇ ਮਸੰਦ ਹਨ। ਜ਼ੁਮੇਵਾਰ ਆਦਮੀ ਵੀ ਹਨ ਇਸ ਵਾਸਤੇ ਸਾਧੂ ਨੇ ਬੀੜ ਉਹਦੇ ਹਵਾਲੇ ਕਰ ਦਿਤੀ— 'ਮੈਨੂੰ ਬੀੜ ਉਤੇ ਸਤਿਗੁਰੂ ਜੀ ਦੇ ਦਸਖਤ ਕਰਾ ਦੇਣੇ।' ਸਾਧੂ ਦਾ ਬਚਨ ਸੀ।

ਹੋਨੀ ਹੋ ਕੇ ਰਹਿੰਦੀ ਹੈ। ਬੀੜ ਨੂੰ ਦੇਖਕੇ ਭਾਈ ਨੰਦ ਚੰਦ ਦਾ ਦਿਲ ਥਿਰ ਨਾ ਰਿਹਾ। ਉਹ ਬੇਈਮਾਨ ਹੋ ਗਿਆ ਉਸਨੇ ਮਨ ਵਿਚ ਧਾਰ ਲਈ ਕਿ ਉਹ ਬੀੜ ਸਾਧੂ ਨੂੰ ਵਾਪਸ ਨਹੀਂ ਕਰੇਗਾ, ਸਗੋਂ ਇਸਨੂੰ ਪਿੰਡ ਖੜ ਕੇ ਪੂਜਾ ਕਰਵਾਏਗਾ ਸ਼ਾਇਦ ਉਹ ਖੁਦ ਹੀ ਗੁਰੂ ਬਣ ਜਾਵੇ। ਸਾਧੂ ਨੂੰ ਲਾਰਾ-ਲੱਪਾ ਲਾਕੇ ਟਾਲਦਾ ਰਿਹਾ। ਸਾਧੂ ਨੇ ਬਹੁਤ ਮੇਹਨਤ ਕੀਤੀ ਹੋਈ ਸੀ ਉਸ ਨੂੰ ਜਦੋਂ ਗੁਰੂ ਗਰੰਥ ਸਾਹਿਬ ਨਾ ਮਿਲਿਆ ਤਾਂ ਉਹ ਕੁਰਲਾ ਉਠਿਆ, ਰੌਣਾ ਪਾਉਣ ਲੱਗਾ ਤਾ ਭਾਈ ਨੰਦ ਚੰਦ ਨੂੰ ਫਿਕਰ ਪੈ ਗਿਆ ਕਿ ਉਹ ਹੁਣ ਕੀ ਕਰੇ, ਜੇ ਸਤਿਗੁਰੂ ਜੀ ਤਕ ਬਨਤੀ ਪੁਜ ਗਈ ਤਾਂ ਜਰੂਰ ਜਵਾਬ ਤਲਬੀ ਹੋਵੇਗੀ। ਸਾਹਿਬ ਮਸੰਦਾਂ ਦੀ ਅਗ ਹੀ ਭੁਗਤ ਸੁਵਾਰਦੇ ਹਨ, ਇਸ ਦੋਸ਼ ਬਦਲੇ ਜਰੂਰ ਨੰਦ ਚੰਦ ਨੂੰ ਸਜਾ ਮਿਲੇਗੀ। ਇਹ ਕੁਝ ਸੋਚ ਕੇ ਉਹ ਗਰੰਥ ਸਾਹਿਬ ਨੂੰ ਚੁਕ ਕੇ ਰਾਤ ਦੇ ਹਨੇਰੇ ਵਿਚ ਅਨੰਦਪੁਰ ਤੋਂ ਨੱਠ ਉਠਿਆ ਤੇ ਆਪਣੇ ਪਿੰਡ ਜਾ ਵੜਿਆ, ਉਸਨੇ ਜਾਕੇ ਬੀੜ ਘਰ ਰਖ ਦਿਤੀ ਤੇ ਕਿਸੇਨੂੰ ਕੋਈ ਭੇਤਨਾ ਦਸਿਆ।

ਬੀੜ ਨੂੰ ਘਰ ਰਖ ਕੇ ਆਪ ਸੋਢੀ ਧੀਰ ਮਲ ਕੋਲ ਕਰਤਾਰ ਪੁਰ ਜਾ ਪੁਜਾ. ਉਸਨੂੰ ਜਾਕੇ ਕਹਿਣ ਲੱਗਾ— ਇਹ ਤਾਂ ਆਪ ਨੂੰ ਪਤਾ ਹੀ ਹੈ ਕਿ ਮੈਂ ਮਾਲਵੇ ਦਾ ਵੱਡਾ ਮਸੰਦ ਹਾਂ। ਸਾਰਾ ਮਾਲਵਾ ਮੇਰੇ ਇਸ਼ਾਰੇ ਉਤੇ ਚਲਦਾ ਹੈ। ਮੈਂ ਅਨੰਦਪੁਰ ਤੋਂ ਰੁਸਕੇ ਆ ਗਿਆ ਹਾਂ ਤੇ ਫੈਸਲਾ ਕੀਤਾ ਹੈ ਕਿ ਨਾ ਅਨੰਦ ਪੁਰ ਜਾਵਾਂਗਾ ਤੇ ਨਾ ਹੀ ਉਹਨਾਂ ਨੂੰ ਗੁਰੂ ਮੰਨਾਂਗਾ। ਇਸ ਵਾਸਤੇ ਮੈਨੂੰ ਆਪਣੇ ਕੋਲ ਰਖ ਲਵੋ।'

ਸੋਢੀ ਧੀਰ ਮਲ ਬੜਾ ਪ੍ਰਸੰਨ ਹੋਇਆ, ਉਸ ਨੇ ਖੁਸ਼ੀ ਖੁਸ਼ੀ ਉਸ ਨੂੰ ਰੱਖ ਲਿਆ ਤੇ ਹਰਤਰਾਂ ਦੀ ਸਹਾਇਤਾ ਦੇਣ ਦਾ ਬਚਨ ਕੀਤਾ। ਪਰ ਧੀਰਮਲ ਦੇ ਪਹਿਲੇ ਮਸੰਦ ਜਲ ਬਲ ਕੋਲਾ ਹੋ ਗਏ। ਉਹਨਾਂ ਨੇ ਜ਼ੋਰ ਨਾਲ ਆਖਿਆ

Sri Satguru Jagjit Singh Ji eLibrary NamdhariElibrary@gmail.com

'ਇਹ ਕਦੀ ਨਹੀਂ ਹੋ ਸਕਦਾ ਕਿ ਨੰਦ ਚੰਦ ਕਰਤਾਰਪੁਰ ਰਹੇ। ਜੇ ਇਹ ਰਿਹਾ ਤਾਂ ਅਸਾਂ ਦਾ ਹਲਵਾ ਮੰਡਾ ਨਹੀਂ ਪਕੇਗਾ । ਇਹ ਲੜਾਕਾ ਤੇ ਸੂਰਮਾ ਹੈ। ਇਸਨੂੰ ਖਤਮ ਕਰਨ ਦਾ ਯਤਨ ਕਰੋ ।

ਦੂਸਰਾ ਮਸੰਦ–ਸੋਢੀ ਸਾਹਿਬ ਨੂੰ ਸਮਝਾਇਆ ਜਾਵੇ ਕਿ ਇਹ ਤੇਰਾ ਮਿਤ੍ਰ ਨਹੀਂ ਦੁਸ਼ਮਨ ਹੈ । (ਸਤਿਗੁਰੂ) ਗੋਬਿੰਦ ਸਿੰਘ (ਜੀ) ਦੇ ਕਹਿਣ ਤੇ ਕਰਤਾਰਪੁਰ ਆਇਆ ਹੈ ਤੇ ਮਾਰਕੇ ਦੂਰ ਜਾਵੇਗਾ, ਇਸ ਕਰਕੇ ਇਸਨੂੰ ਰਖਣਾ ਨਹੀਂ ਚਾਹੀਦਾ । ਇਹ ਆਦਮੀ ਖਤਰਨਾਕ ਹੈ। ਜੇ ਇਹ ਵੀ ਠੀਕ ਹੈ ਕਿ ਇਹ ਅਨੰਦਪੁਰ ਤੋਂ ਆਪ ਆਇਆ ਹੈ ਤਾਂ ਅਕ੍ਰਿਤਘਣ ਹੋਕੇ ਆਇਆ ਹੈ। ਜੇ ਉਸ ਗੁਰੂ ਨੂੰ ਧੋਖਾ ਦੇ ਸਕਦਾ ਹੈ ਤਾਂ ਸੋਢੀ ਸਾਹਿਬ ਨੂੰ ਵੀ ਧੋਖਾ ਦੇ ਸਕਦਾ ਹੈ। ਐਸੇ ਨਿੰਦਕ ਪੁਰਸ਼ ਨੂੰ ਮਸੰਦ ਰਖਣਾ ਯੋਗ ਨਹੀਂ । ਇਸ ਤਰਾਂ ਸਾਰਿਆਂ ਨੇ ਸਲਾਹ ਕਰ ਲਈ ਕਿ ਉਹ ਨੰਦ ਚੰਦ ਨੂੰ ਨਹੀਂ ਰਹਿਣ ਦੇਣਗੇ। ਉਹ ਜ਼ਰੂਰ ਕਰਤਾਰਪੁਰੋਂ ਜਾਂ ਤਾ ਕਢਵਾ ਦੇਣਗੇ ਜਾਂ ਉਸ ਨੂੰ ਮਾਰ ਦੇਣਗੇ। ਐਸੇ ਪੁਰਸ਼ ਦਾ ਕਰਤਾਰਪੁਰ ਰਹਿਣਾ ਖਤਰੇ ਤੋਂ ਖਾਲੀ ਨਹੀਂ ।

ਉਹ ਸਾਰੇ ਇਕੱਠੇ ਹੋਕੇ ਸੋਢੀ ਧੀਰਮਲ ਪਾਸ ਪੁਜੇ । ਉਹਨਾਂ ਨੂੰ ਜਾਕੇ ਸਮਝਾਉਣ ਲਗੇ ਕਿ ਨੰਦ ਚੰਦ ਨੂੰ ਕਰਤਾਰ ਪੁਰੋਂ ਕੱਢ ਦੇਣ–'ਹੇ ਸੱਚੇ ਪਾਤਸ਼ਾਹੋ !' ਇਕ ਮਸੰਦ ਬੋਲਿਆ--'ਇਹ ਸੱਚੀ ਗਲ ਹੈ ਕਿ ਇਹ ਪੁਰਸ਼ ਕੋਈ ਨਾ ਕੋਈ ਧੋਖਾ ਕਰਨ ਵਾਸਤੇ ਆਇਆ ਹੈ । ਐਸੇ ਆਦਮੀਆਂ ਨੂੰ ਰਖਣਾ ਖਤਰਨਾਕ ਹੈ, ਨਾਲੇ ਇਹ ਵੀ ਦੇਖੋ ਅਨੰਦ ਪੁਰੋਂ ਆਉਣ ਦਾ ਕੋਈ ਠੋਸ ਕਾਰਣ ਨਹੀਂ ਦਸਦਾ ਐਵੇਂ ਆਂਖੀ ਜਾਂਦਾ ਹੈ 'ਮੈਂ ਰੁਸ ਆਇਆ ਹਾਂ, ਮੈਂ ਨਹੀਂ ਓਥੇ ਜਾਣਾ। ਇਹ ਭਲਾ ਕੋਈ ਦਲੀਲ ਹੈ। ਐਸੀਆਂ ਵੈਸੀਆਂ ਗਲਾਂ ਤੇ ਕਿਵੇਂ ਭਰੋਸਾ ਕੀਤਾ ਜਾਵੇ । ਜੇਕਰ ਇਹਨੂੰ ਰੱਖਣਾ ਜੇ ਤਾਂ ਅਸੀਂ ਚਲੇ ਜਾਂਦੇ ਹਾਂ ।

ਕਈਆਂ ਮਸੰਦਾਂ ਨੇ ਧਮਕੀਆਂ ਦਿਤੀਆਂ। ਆਖਰ ਉਨ੍ਹਾਂ ਨੇ ਸੋਢੀ ਧੀਰ ਮਲ ਜੀ ਨੂੰ ਮਨਾ ਲਿਆ ਕਿ ਉਹ ਜਿਵੇਂ ਹਵੇ ਤਿਵੇ ਨੰਦ ਚੰਦ ਨੂੰ ਜਰੂਰ ਕੱਢ ਦੇਵਣ ।

Sri Satguru Jagjit Singh Ji eLibrary NamdhariElibrary@gmail.com

ਐਸਾ ਹੁਕਮ ਲੈਕੇ ਮਸੰਦਾ ਨੇ ਫੈਸਲਾ ਕੀਤਾ ਕਿ ਓਹ ਨੰਦ ਚੰਦ ਨੂੰ ਮਾਰ ਹੀ ਸੁਟਣ। ਆਖਰ ਐਸਾ ਸਬੱਬ ਬਣ ਗਿਆ ਕਿ ਨੰਦ ਚੰਦ ਬਾਹਰੋਂ ਆ ਰਿਹਾ ਸੀ, ਇਕ ਮਸੰਦ ਨੇ ਗੋਲੀ ਮਾਰਕੇ ਟੱਕ ਦਿਤਾ। ਲੋਥ ਚੁਕ ਕੇ ਦਰਿਆ ਬਿਆਸਾ ਵਿਚ ਸੁਟ ਆਏ।

ਓਧਰ ਸਤਿਗੁਰੂ ਜੀ ਨੇ ਸਰਾਪ ਦਿਤਾ ਕਿ ਨੰਦ ਚੰਦ ਦੇ ਰਖੇ ਗੁਰੂ ਗਰੰਥ ਸਾਹਿਬ ਨੂੰ ਜਹੜਾ ਪੜੇਗਾ ਉਹ ਅੰਨ੍ਹਾ ਹੋ ਜਾਵੇਗਾ ਤੇ ਜੇਹੜਾ ਸੁਣੇਗਾ ਓਹ ਬੋਲ੍ਹਾ ਹੋ ਜਾਵੇਗਾ। ਓਹ ਗੁਰੂ ਗਰੰਥ ਸਾਹਿਬ ਅਜ ਤਕ ਡਰੌਲੀ ਵਿਚ ਹੈ, ਪਰ ਉਸਨੂੰ ਪੜ੍ਹਦਾ ਕੋਈ ਨਹੀਂ।

੧੦. ਸੰਮਤ ੧੭੫੫ ਤੇ ਸਤਿਗੁਰੂ ਜੀ

ਜਿਵੇਂ ਇਕ ਨਵਾਂ ਮਕਾਨ ਉਸਾਰਨਾ ਹੋਵੇ ਤਾਂ ਉਸਦੀ ਤਿਆਰੀ ਵਿਚ ਕੁਝ ਸਮਾ ਬਤੀਤ ਕਰਨਾ ਜਰੂਰੀ ਹੈ, ਕਿਉਂਕਿ ਓਹਦੇ ਖਰਚ ਦਾ ਅੰਦਾਜਾ ਮਕਾਨ ਦਾ ਨਕਸ਼ਾ, ਮਕਾਨ ਤੇ ਕਾਰੀਗਰਾਂ ਆਦਿਕਾਂ ਨੂੰ ਇਕਤ੍ਰ ਕਰਨਾ ਪੈਂਦਾ ਹੈ। ਜੇ ਵਡਾ ਸ਼ਹਿਰ ਵਸਾਉਣਾ ਹੋਵੇ ਤਾਂ ਓਹਦੇ ਬਾਰੇ ਸੋਚਣ ਤੇ ਮਕਾਨ ਨਾਲੋਂ ਬਹੁਤਾ ਸਮਾਂ ਲੱਗਦਾ ਹੈ। ਮਕਾਨ ਨਾਲੋਂ ਬਹੁਤੀ ਤਿਆਰੀ ਕਰਨੀ ਪੈਂਦੀ ਹੈ। ਇੰਸੇ ਤਰਾਂ ਜਦ ਕਿਸੇ ਬਲੀ, ਮਹਾਂ ਪੁਰਖ ਨੇ ਕਿਸੇ ਵਡੀ ਕੌਮੀ ਕਾਰਜ ਦੀ ਨੀਂਹ ਰਖਨੀ ਹੋਵੇ ਤਾਂ ਉਸ ਨੂੰ ਸੰਪੂਰਨ ਕਰਨ ਵਾਸਤੇ ਕੁਝ ਸਮਾਂ ਜਰੂਰ ਸੋਚਣ ਵਾਸਤੇ ਰਖਿਆ ਹੁੰਦਾ ਹੈ।

ਭਾਵੇਂ ਖਾਲਸਾ ਪੰਥ ਦੀ ਸਾਜਨਾ ਵਾਸਤੇ ਸੰਮਤ ੧੫੫੫ ਤੋਂ ੧੭੫੫ ਤਕ ਪੂਰੇ ਦੋ ਸੌ ਸਾਲ ਤਿਆਰੀ ਹੁੰਦੀ ਰਹੀ, ਫਿਰ ਵੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ੧੭੫੫ ਦਾ ਪੂਰਾ ਸਾਲ ਪੰਥ ਖਾਲਸਾ ਸਾਜਨ ਬਾਰੇ ਸੋਚਦਿਆਂ ਤੇ ਸਾਧਨਾਂ ਕਰਦਿਆਂ ਹੋਇਆਂ ਬਤੀਤ ਕੀਤਾ। ੧੭੫੫ ਦੀ ਵੈਸਾਖੀ ਮਨਾਕੇ ਸਾਹਿਬਾਂ ਨੇ ਸ਼ਿਕਾਰ ਖੇਡਣਾ ਛੱਡ ਦਿਤਾ। ਬਾਹਰ ਅੰਦਰ ਘਟ ਜਾਣ ਲੱਗ ਪਏ ਤੇ ਦੀਵਾਨ ਵਿਚ ਵੀ ਬਹੁਤ ਸਮਾਂ ਘਟ ਬੈਠਣ ਲਗੇ। ਚੇਹਰੇ ਉਤੇ ਗੰਭੀਰਤਾ, ਅੱਖਾਂ ਵਿਚ ਆਹ੍ਲਾਦ ਦੀ ਚਮਕ ਅਤੇ ਹਿਰਦੇ ਵਿਚ ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਦੀ ਯਾਦ ਤੇ ਕੁਝ ਵਾਹਿਗੁਰੂ ਨਾਲ ਕੀਤੇ ਹੋਏ ਇਕਰਾਰਾਂ ਦੀ ਤੜਪ ਰਹਿਣ ਲਗੀ। ਇਸ ਭੇਤ ਨੂੰ ਕੋਈ ਨਹੀਂ ਸੀ ਸਮਝ ਸਕਦਾ। ਸਾਰੇ ਅਪੋ ਆਪਣੀ ਸਮਝ ਅਨੁਸਾਰ ਕਿਆਸ ਅਰਾਈਆਂ ਕਰਦੇ ਸਨ। ਅਨੰਦਪੁਰ ਦੇ ਉਤਰ ਵਲ ਨੈਣਾਂ ਦੇਵੀ ਦਾ ਟਿਲਾ ਹੈ। ਇਸ ਪਹਾੜੀ ਦੀ ਉਚਾਈ ਬਹੁਤ ਹੈ ਤੇ ਸ੍ਰੀ ਅਨੰਦਪੁਰ ਤੋਂ ਸਤ ਮੀਲ ਦੂਰ ਹੈ। ਸਾਹਿਬ ਉਸ ਟਿਲੇ ਉਤੇ ਇਕ ਤ ਅਸਥਾਨ ਤੇ ਜਾਕੇ ਬੈਠਣ ਲਗੇ। ਸਵੇਰੇ ਜਾਂਦੇ ਤੇ ਸ਼ਾਮ ਨੂੰ ਆਉਂਦੇ ਬੀਰ ਰਸ ਦੀ ਕਵਿਤਾ ਉਚਾਰੀ ਜਾਣ ਲਗੀ ਤੇ ਭਵਿਖਤ ਬਾਰੇ ਸੋਚਿਆ ਜਾਣ ਲੱਗਾ। ਬਜ਼ੁਰਗ ਤੇ ਸਿਆਣੇ ਸਿਖਾਂ ਪਾਸੋਂ ਗੁਰੂ ਘਰ ਦਾ ਇਤਿਹਾਸ. ਸੁਣਨ ਕਰਨ ਲੱਗੇ। ਇਹ ਜਾਚਿਆ ਜਾਵੇ ਕਿ ਕੇਹੜਾ ਪੰਥ ਸਾਜਣਾ ਹੈ, ਉਸ ਵਿਚ ਕੋਈ ਕਮੀ ਨਾ ਰਹਿ ਜਾਵੇ। ਭਾਰਤ ਦਾ ਪ੍ਰਾਚੀਨ ਇਤਿਹਾਸ, ਰਮਾਇਣ ਮਹਾਂ ਭਾਰਤ ਤੇ ਅਠਾਰਾਂ ਪੁਰਾਣ ਸਾਹਿਬਾਂ ਨੇ ਆਪ ਪੜੇ ਸਨ। ਹਿੰਦੂ ਜਾਤੀ ਦੀਆਂ ਕਮਜ਼ੋਰੀਆਂ ਨੂੰ ਆਪ ਨੇ ਲੱਭ ਲਿਆ ਸੀ।

ਉਸ ਵੇਲੇ ਇਕ ਹੋਰ ਘਟਨਾ ਵਾਪਰ ਗਈ ਤੇ ਸਿਆਣੇ ਪੰਡਤ ਕੇਸ਼ੋ ਦਾਸ ਤੇ ਕਾਲੀ ਦਾਸ ਆ ਪੁਜੇ। ਉਨ੍ਹਾਂ ਦਾ ਜਸ ਬੜਾ ਹੁੰਦਾ ਸੀ। ਇਹ ਆਮ ਚਰਚਾ ਸੀ ਕਿ ਇਹ ਦੋਵੇਂ ਪੰਡਤ ਪੂਜਾ ਰਾਹੀਂ ਦੇਵੀ ਨੂੰ ਪ੍ਰਗਟ ਕਰ ਲੈਂਦੇ ਹਨ। ਦੇਵੀ ਦੁਰਗਾ ਪ੍ਰਗਟ ਹੋਕੇ ਵਰ ਦੇਂਦੀ ਹੈ। ਕਈਆ ਰਾਜਿਆਂ ਦੇ ਕਹਿਣ ਤੇ ਇਨ੍ਹਾਂ ਨੇ ਦੁਰਗਾ ਨੂੰ ਪ੍ਰਗਟ ਕੀਤਾ ਸੀ। ਪਰਬਤੀ ਤੇ ਮੈਦਾਨੀ ਲੋਕਾਂ ਦੇ ਮਨ ਵਿਚ ਬਹੁਤ ਭਰਮ ਪੈ ਗਿਆ ਅਤੇ ਇਹ ਖਬਰ ਸਤਿਗੁਰੂ ਜੀ ਨੇ ਵੀ ਸੁਣੀ। ਜਦੋਂ ਕੇਸ਼ੋਦਾਸ ਤੇ ਕਾਲੀਦਾਸ ਸਤਿਗੁਰੂ ਜੀ ਦੀ ਹਜੂਰੀ ਵਿਚ ਆ ਗਏ ਤਾਂ ਸਾਹਿਬਾਂ ਨੇ ਸਰਸਰੀ ਪੁਛਿਆ—'ਕੀ ਤੁਸੀਂ ਦੁਰਗਾ ਨੂੰ ਪਰਗਟ ਕਰ ਲੈਂਦੇ ਹੋ?'

'ਮਹਾਰਾਜ! ਪਰਗਟ ਹੀ ਨਹੀਂ ਕਰਦੇ ਸਗੋਂ ਵਰ ਲੈ ਲੈਂਦੇ ਹਾਂ ਕੀ ਦਸੀਏ, ਕਈਆਂ ਰਾਜਿਆਂ ਨੇ ਦੁਰਗਾ ਭਵਾਨੀ ਜੀ ਦੇ ਦਰਸ਼ਨ ਕੀਤੇ ਹਨ ਪਰ ਦਰਸ਼ਨ ਕਰਨੇ ਸੌਖੇ ਨਹੀਂ ਹਨ।' ਕੇਸ਼ੋਦਾਸ ਨੇ ਪ੍ਰਸੰਨਤਾ ਤੇ ਅਭਿਮਾਨ ਨਾਲ ਉਛਲਦਿਆਂ ਹੋਇਆਂ ਆਖਿਆ।'

'ਮਹਾਰਾਜ! ਖਰਚ ਬਹੁਤ ਹੁਦਾ ਹੈ। ਕਈ ਮਹੀਨੇ ਹਵਨ ਕਰਨਾ ਪੈਂਦ

Sri Satguru Jagjit Singh Ji eLibrary NamdhariElibrary@gmail.com

ਹੈ। ਸਵਾ ਲੱਖ ਦਮੜੇ ਅਸਾਂ ਦੀ ਦਛਨਾ ਹੁੰਦੀ ਹੈ । ਕਈ ਹਜ਼ਾਰ ਰੁਪਿਆ ਹਵਨ ਦੀ ਸਾਮੱਗਰੀ ਤੇ ਖਰਚ ਆਉਂਦਾ ਹੈ। ਐਨਾ ਖਰਚ ਕੌਣ ਕਰ ਸਕਦਾ ਹੈ। ਪਰਬਤਾਂ ਦੇ ਰਾਜੇ ਭੀਮਚੰਦ ਨੇ ਅਸਾਂ ਨੂੰ ਸਦਿਆ ਸੀ ਕਿ ਓਹ ਦੇਵੀ ਪ੍ਰਗਟ ਕਰਨਾ ਚਾਹੁਦੇ ਹਨ, ਪਤ ਖਰਚ ਸੁਣ ਕੇ ਹੀ ਘਬਰਾ ਗਏ ਹਨ ਤੇ ਨਾਂਹ ਕਰ ਦਿਤੀ। ਅਸਾਂ ਦਾ ਆਉਣ ਜਾਣ ਦਾ ਖਰਚ ਦੇ ਦਿਤਾ ਹੈ।'

'ਉਹ ਕੀ ਕਰਨ ਨੂੰ ਦਵੀ ਪ੍ਰਗਟ ਕਰਵਾਉਣਾ ਚਾਹੁੰਦੇ ਸਨ ?'

'ਕੋਈ ਪਤਾ ਨਹੀਂ।'

'ਪੰਡਤ ਜੀ ! ਜੇ ਅਸੀਂ' ਭਲਾ ਦੇਵੀ ਨੂੰ ਪ੍ਰਗਟ ਕਰਵੌਣਾ ਚਾਹੀਏ ਤਾਂ।'

'ਮਹਾਰਾਜ ! ਪੂਰਾ ਖਰਚ ਕਰੋ, ਕਿਸੇ ਗਲ ਦੀ ਕਮੀ ਨਾ ਰਹੇ। ਜਿੰਨਾ ਚਿਰ ਹਵਨ ਹੁਦਾ ਰਹੇ ਉਨਾ ਚਿਰ ਬ੍ਰਹਮਚਰਜ ਧਾਰਨ ਕਰੋ ਤੇ ਸ਼ਿਕਾਰ ਖੇਡਣ ਨਾ ਜਾਓ ਤਾਂ ਜਰੂਰੀ ਹੈ ਕਿ ਦੁਰਗਾ ਪ੍ਰਗਟ ਹੋ ਜਾਵੇਗੀ। ਏਥੇ ਨੈਣਾ ਦੇਵੀ ਦੇ ਟਿਲੇ ਤੇ ਹੀ ਜੋਹੜਾ ਮੰਦਰ ਹੈ, ਇਸੇ ਵਿਚ ਪਰਗਟ ਕਰ ਦਿਆਂਗੇ। ਕਿਸੇ ਪ੍ਰਕਾਰ ਦੀ ਚਿੰਤਾ ਦੀ ਲੋੜ ਨਹੀਂ। ਜਦੋਂ ਦੁਰਗਾ ਪ੍ਰਗਟ ਹੋ ਜਾਵੇਗੀ ਤਦੋਂ ਜੋ ਜੀ ਚਾਹੇ ਵਰ ਮੰਗ ਲਓ। ਅਸਾਂ ਸਾਲ ਭਰ ਤਪਸਿਆ ਕਰਨੀ ਹੈ। ਕਾਲੀਦਾਸ ਪੰਡਤ ਦਾ ਕਥਨ ਸੀ।

ਸਤਿਗੁਰੂ ਨਾਨਕ ਦੇਵ ਜੀ ਦੀ ਮੇਹਰ ਹੈ । ਖਰਚ ਦੀ ਕੋਈ ਚਿੰਤਾ ਨਹੀਂ, ਪਰ ਜੇ ਦੇਵੀ ਨਾ ਪ੍ਰਗਟ ਹੋਈ ਤਾਂ ?' ਸਤਿਗੁਰੂ ਜੀ ਨੇ ਰਤਾ ਰੋਹ ਨਾਲ ਆਖਿਆ ॥

'ਪ੍ਰਗਟ ਕਿਉਂ ਨਾ ਹੋਵੇ ! ਜ਼ਰੂਰ ਪ੍ਰਗਟ ਹੋਵੇਗੀ॥ ਅਸਾਂ ਨੂੰ ਆਪਣੀ ਵਿਦਿਆ ਤੇ ਮਾਣ ਹੈ॥' ਪੰਡਤ ਕੇਸ਼ੋ ਦਾਸ ਨੇ ਕਿਹਾ ॥

ਸਤਿਗੁਰੂ ਜੀ ਪਰਬਤੀ ਰਾਜਿਆਂ ਤੇ ਹਿੰਦੂਆਂ ਕਵਿਆਂ ਪਿਲਿਆ ਨੂੰ ਦਸਣਾ ਚਾਹੁਦੇ ਸੀ ਕਿ ਇਹ ਪੱਥਰ ਦੀਆ ਦੇਵੀਆਂ ਇਸ ਜੁਗ ਵਿਚ ਪ੍ਰਗਟ ਨਹੀਂ ਹੋ ਸਕਦੀਆ ॥ ਉਹ ਕਦੀ ਹੁੰਦੀਆਂ ਸਨ, ਕਦੀ ਉਹ ਜੀਉਂਦੀਆ ਲੜਦੀਆ ਰਹੀਆਂ ਸਨ ॥ ਪਹਾੜੀਏ ਤੇ ਆਮਲੋਕ ਵਿਸ਼ਵਾਸ ਰਖਦੇ ਸਨ ਕਿ ਪੱਥਰ ਦੀਆਂ ਦੇਵੀਆਂ ਉਨ੍ਹਾਂ ਦੇ ਦੁਖੜੇ ਸੁਣਦੀਆਂ ਹਨ ! ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਜੀ ਹੰਕਾਰੀਆਂ ਦਾ ਹੰਕਾਰ ਨਵਿਰਤ ਕਰਦੇ ਸਨ ਉਹ ਰੌਸ਼ਨੀ ਦਾ ਪ੍ਰਕਾਸ਼ ਕਰਨ ਆਏ ਸਨ ਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦੇ ਸਨ। ਸਾਹਿਬਾਂ ਨੇ ਫੈਸਲਾ ਕੀਤਾ ਕਿ ਉਹ ਕੇਸ਼ੋਦਾਸ ਤੇ ਕਾਲੀਦਾਸ ਪੰਡਤਾਂ ਦੇ ਮਾਯਾ ਜਾਲ ਨੂੰ ਨਸ਼ਟ ਜਰੂਰ ਕਰਨਗੇ।

ਨੈਣਾਂ ਦੇਵੀ ਦੇ ਟਿਲੇ ਉਤੇ ਹਵਨ ਕੁੰਡ ਤਿਆਰ ਕੀਤਾ ਗਿਆ। ਹਵਨ ਕਰਨ ਵਾਲੀ ਬ੍ਰਾਹਮਣਾਂ ਦੀ ਮੰਡਲੀ ਸੱਦੀ ਗਈ, ਹਜਾਰਾਂ ਰੁਪਿਆ ਦੀ ਸਮੱਗਰੀ ਉਥੇ ਪੁਚਾਈ ਗਈ। ਗੁਰੂ ਜੀ ਦਾ ਵੀ ਤੰਬੂ ਓਥੇ ਲਾਇਆ ਗਿਆ ਤੇ ਕੁਝ ਸਿਖ ਵੀ ਓਥੇ ਜਾ ਰਹੇ। ਮਸੰਦਾਂ ਰਾਹੀਂ ਸਾਰੇ ਦੇਸ ਵਿਚ ਖਬਰਾਂ ਪਹੁੰਚ ਗਈਆਂ ਕਿ ਦੇਵੀ ਪ੍ਰਗਟ ਕਰਨ ਦਾ ਨਜ਼ਾਰਾ ਦੇਖਣ ਵਾਸਤੇ ਹਵਨ ਕੀਤਾ ਜਾ ਰਿਹਾ ਹੈ। ਬ੍ਰਾਹਮਣ ਦੂਰ ਦੂਰ ਤੋਂ ਆਏ, ਅਨੰਦਪੁਰ ਤੋਂ ਨੈਣਾਂ ਦੇਵੀ ਦੇ ਟਿਲੇ ਤਕ ਰੌਣਕਾਂ ਹੀ ਰੌਣਕਾਂ ਰਹਿਣ ਲਗੀਆਂ। ਸਾਹਿਬਾਂ ਨੇ ਵੀ ਉਸ ਸਮੇਂ ਅਕਾਲ ਉਸਤਤਿ ਅਤੇ ਹੋਰ ਬੀਰ ਰਸ ਦੀ ਕਵਿਤਾ ਬਹੁਤ ਉਚਾਰੀ।

ਹਵਨ ਹੁਦਾ ਰਿਹਾ, ਛੇ ਮਹੀਨੇ ਬੀਤ ਗਏ। ਦੇਵੀ ਪ੍ਰਗਟ ਨਾ ਹੋਈ, ਹੋਲੀ ਹੋਲੀ ਦੇ ਮਹੀਨੇ ਹੋਰ ਲੰਘ ਗਏ। ਕੇਸ਼ੋਦਾਸ ਤੇ ਕਾਲੀਦਾਸ ਹੈਰਾਨ ਹੋਣ ਲਗੇ, ਉਨ੍ਹਾਂ ਤਾਂ ਗੱਪ ਮਾਰੀ ਸੀ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਨਾ ਕਿਸੇ ਐਸਾ ਖਰਚ ਕਰਨਾ ਹੈ ਤੇ ਨਾ ਦੇਵੀ ਸਿਧ ਹੋਣੀ ਹੈ। ਵਾਹਿਗੁਰੂ ਦੀ ਕ੍ਰਿਪਾ ਨਾਲ ਸਤਿਗੁਰੂ ਜੀ ਨੂੰ ਕਿਸੇ ਪ੍ਰਕਾਰ ਦੇ ਖਰਚ ਦਾ ਘਾਟਾ ਨਹੀਂ ਸੀ। ਜਿਉਂ ਜਿਉਂ ਦਿਨ ਬੀਤਦੇ ਜਾਂਦੇ ਸਨ ਤਿਉਂ ਤਿਉਂ ਉਨਾਂ ਨੂੰ ਘਰਾਂ ਪੈਂਦੀਆਂ ਸਨ।

ਆਖਰ ਇਕ ਦਿਨ ਸਤਿਗੁਰੂ ਜੀ ਨੇ ਕੇਸ਼ੋਦਾਸ ਨੂੰ ਕੋਲ ਸਦ ਕੇ ਪੁਛਿਆ–'ਪੰਡਤ ਜੀ! ਸੁਣਾਓ ਦੇਵੀ ਪ੍ਰਗਟ ਕਿਉਂ ਨਹੀਂ ਹੁੰਦੀ, ਹੁਣ ਤਾਂ ਹਜ਼ਾਰਾਂ ਰੁਪਿਆਂ ਦੀ ਸਮੱਗਰੀ ਫੂਕੀ ਗਈ, ਤੁਸੀਂ ਮੰਤਰ ਪੜ੍ਹਦੇ ਹੋਏ ਵੀ ਥੱਕ ਗਏ, ਫਿਰ ਮਾਮਲਾ ਕੀ ਹੈ? ਤੁਸਾਂ ਤਾਂ ਇਕਰਾਰ ਕੀਤਾ ਸੀ ਸਿਰਫ ਤਿੰਨ ਮਹੀਨੇ, ਸੋ ਹੁਣ ਤਾਂ ਸਾਲ ਬੀਤਣ ਲੱਗਾ ਹੈ। ਕਿਹ ਪ੍ਰਗਟ ਹੋਵੇਗੀ ਜਾਂ ਨਹੀਂ, ਦਸੋ ਪੂਰਾ ਹਾਲ? ਕੀ ਇਹ ਪਖੰਡ ਸੀ ਕਿ ਮਾਯਾ ਲੁਟਣ ਦਾ ਇਕ ਵਸੀਲਾ?

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਕੇਸ਼ੋਦਾਸ ਘਬਰਾ ਗਿਆ। ਓਹਦੀ ਆਤਮਾ ਉਸ ਨੂੰ ਲਾਹਨਤਾਂ ਪਾਉਂਦੀ ਸੀ ਤੇਓਹ ਪਾਣੀਉਂ ਪਾਣੀ ਹੁੰਦਾ ਜਾਂਦਾ ਸੀ, ਉਸਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ ਪਰ ਓਹ ਖਿਮਾਂ ਮੰਗਣ ਵਾਲਾ ਨਹੀਂ ਸੀ, ਓਹ ਚਲਾਕ ਤੇ ਹਠੀ ਸੀ। ਉਸ ਨੇ ਅਗੋਂ ਬਹਾਨਾ ਬਨਾਕੇ ਕਿਹਾ—'ਦੇਵੀ ਜ਼ਰੂਰ ਪਰਗਟ ਹੋਵਗੀ ਪਰ ਇਕ ਹੋਰ ਸ਼ਰਤ ਹੈ।'

'ਉਹ ਸ਼ਰਤ ਵੀ ਦਸੋ ਪੰਡਤ ਜੀ! ਉਹ ਵੀ ਪੂਰੀ ਕੀਤੀ ਜਾਵੇ?'

ਸਤਿਗੁਰੂ ਜੀ ਰੋਹ ਨਾਲ ਬੋਲੇ।

ਕੇਸ਼ੇ ਦਾਸ—ਮਹਾ ਰਾਜ! ਉਹ ਸ਼ਰਤ ਨਹੀਂ ਪੂਰੀ ਹੋਣੀ।'

ਸਤਿਗੁਰੂ ਜੀ--'ਕਿਉਂ ਸ਼ਰਤ ਪੂਰੀ ਨਹੀਂ ਹੋਣੀ? ਐਸੀ ਕੇਹੜੀ ਸ਼ਰਤ ਹੈ?

ਕੇਸ਼ੋਦਾਸ-'ਉਹ ਹੈ ਮਾਨੁਖ ਬਲੀ! ਮਨੁਖ ਐਸਾ ਹੋਵੇ ਜੋ ਬਹੁਤ ਧਰਮਾਤਮਾ ਤੇ ਲਾਡਲਾ ਹੋਵੇ ਜਿਸ ਨੂੰ ਬਹੁਤੇ ਪਿਆਰ ਕਰਦੇ ਹੋਣ। ਐਸੇ ਮਨੁਖ ਦੀ ਬਲੀ ਦਿਤੀ ਜਾਵੇ ਤਾਂ ਦੇਵੀ ਦੁਰਗਾ ਭਵਾਨੀ ਪਰਗਟ ਹੋ ਸਕਦੀ ਹੈ ਲਭੋ ਕੋਈ।'

ਕੇਸ਼ੋਦਾਸ ਦੀ ਇਸ ਚਲਾਕੀ ਵਾਲੀ ਵਿਉਂਤ ਨੂੰ ਸੁਣਕੇ ਸਤਿਗੁਰੂ ਜੀ ਮੁਸਕਰਾ ਪਏ, ਉਨ੍ਹਾਂ ਨੇ ਸੋਚਿਆ। ਸੋਚਣ ਪਿਛੋਂ ਕਿਹਾ—'ਹੇ ਪੰਡਤ ਜੀ! ਐਸੇ ਪੁਰਸ਼ ਦੇ ਲੱਭਣ ਦੀ ਲੋੜ ਨਹੀਂ ਨੇੜੇ ਹੀ ਹੈ। ਤੁਸੀਂ ਬਲੀ ਦੇਣ ਦੀ ਤਿਆਰੀ ਕਰੋ ਜਪ ਕਰੋ ਤੇ ਮੰਤਰ ਪੜ੍ਹੋ, ਉਹ ਹਾਜ਼ਰ ਹੋ ਜਾਵੇਗਾ। ਬਹੁਤ ਹੀ ਧਰਮਾਤਮਾ, ਬਹੁਤਿਆਂ ਦਾ ਪਿਆਰਾ, ਕਈ ਮਾਪਿਆਂ ਦਾ ਲਾਡਲਾ। ਬਸ ਬਲੀ ਦੇਣ ਦੀ ਕਾਹਲ ਕਰੋ। ਸਮਝੇ!'

ਕੇਸ਼ੋਦਾਸ ਘਾਬਰ ਗਿਆ ਕਿ ਇਹ ਵੀ ਸ਼ਰਤ ਸ਼ਾਇਦ ਪੂਰੀ ਹੋ ਜਾਵੇ ਫਿਰ ਮੈਂ ਕੀ ਕਰਾਂਗਾ। ਇਹ ਤਾਂ ਪੁਛ ਲਵਾਂ ਕਿ ਓਹ ਕਹੜ ਮਨੁਖਦੀ ਕੁਰਬਾਨੀ ਦੇਣਾ ਚਾਹੁੰਦੇ ਹਨ। ਉਸ ਨੇ ਸਤਿਗੁਰੂ ਜੀ ਨੂੰ ਪੁਛਿਆ—'ਕੌਣ ਹੈ ਓਹ ਬੰਦਾ ਜਿਸਦੀ ਬਲੀ ਦੇਣੀ ਹੈ। ਪਹਿਲਾਂ ਉਸ ਦਾ ਗਿਆਨ ਹੋਣਾ ਚਾਹੀਦਾ ਹੈ ਤਾਂ ਕਿ ਪਤਾ ਲਗ ਸਕੇ ਕਿ ਉਹ ਜੋਗ ਹੈ ਜਾਂ ਅਜੋਗ।'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ—'ਮਨੁੱਖ ਬਹੁਤ ਚੰਗਾ ਤੇ ਯੋਗ ਹੈ ਇਸ ਗਲ ਦੀ ਚਿੰਤਾ ਨਾ ਕਰੋ।'

ਕੇਸ਼ੋਦਾਸ—'ਫਿਰ ਵੀ ਦੱਸਨਾ ਚਾਹੀਏ ਤੇ ਹਵਨ ਮੰਡਲ ਦੇ ਨੇੜੇ ਜ਼ਰੂਰ ਹੋਣਾ ਚਾਹੀਦਾ ਹੈ।'

ਸਤਿਗੁਰੂ ਜੀ—'ਪੰਡਤ ਜੀ ! ਓਹ ਬੰਦੇ ਤੁਸੀਂ ਹੀ ਹੋ। ਤੁਸਾਂ ਤੇ ਕਾਲੀ ਦਾਸ ਤੋਂ ਬਿਨਾਂ ਦੇਵੀ ਦੀ ਭੇਟਾ ਕਰਨ ਦੇ ਯੋਗ ਹੋਰ ਕੋਈ ਬੰਦਾ ਨਹੀਂ। ਤੁਸੀਂ ਮਾਪਿਆਂ ਦੇ ਲਾਡਲੇ, ਲੋਕਾਂ ਦੇ ਪਿਆਰੇ ਤੇ ਭਗਤ ਹੋ। ਤੁਸਾਂ ਨਾਲੋਂ ਚੰਗਾ ਅਸਾਂ ਨੂੰ ਤਾਂ ਕੋਈ ਨਹੀਂ ਮਿਲਦਾ।

ਕੇਸ਼ੋਦਾਸ—(ਹੈਰਾਨ ਹੋਕੇ ਸਤਿਗੁਰੂ ਜੀ ਦੇ ਚੇਹਰੇ ਵਲ ਵੇਖਦਾ ਹੋਇਆ) ਪਰ ਅਸੀਂ ਤਾਂ ਬ੍ਰਾਹਮਣ ਹਾਂ। ਬ੍ਰਾਹਮਣ ਦੀ ਬਲੀ ਨਹੀਂ ਦਿਤੀ ਜਾ ਸਕਦੀ ਬ੍ਰਹਮ ਹਤਿਆ ਲਗੇਗੀ। ਬਲੀ ਵਾਲਾ ਪੁਰਸ਼ ਕਿਸੇ ਹੋਰ ਜਾਤੀ ਦਾ ਹੋਣਾ ਚਾਹੀਏ।

ਸਤਿਗੁਰੂ ਜੀ—'ਪੰਡਤ ਜੀ ! ਕਲਜੁਗ ਹੈ ! ਕਲਜੁਗ ਦੇ ਸਮੇਂ ਬ੍ਰਾਹਮਣ ਦੀ ਬਲੀ ਜਰੂਰੀ ਹੈ। ਕਲਜੁਗ ਵਿਚ ਬ੍ਰਹਮ ਹਤਿਆ ਨਹੀਂ ਲਗਦੀ, ਚਿੰਤਾ ਨਾ ਕਰੋ। ਸਭ ਠੀਕ ਹੈ ਬਲੀ ਵਾਸਤੇ ਤਿਆਰ ਹੋ ਜਾਵੋ।

ਇਹ ਆਖਦਿਆਂ ਹੋਇਆਂ ਸਤਿਗੁਰੂ ਜੀ ਦੇ ਨੇਤਰ ਲਾਲ ਹੋ ਗਏ। ਹੱਥ ਮਲੋ ਮਲੀ ਕ੍ਰਿਪਾਨ ਦੇ ਮਿਆਨ ਦੀ ਮੁਠ ਤੇ ਜਾ ਪਿਆ। ਚੇਹਰੇ ਦਾ ਪ੍ਰਭਾਵ ਦੇਖਿਆ ਨਹੀਂ ਸੀ ਜਾਂਦਾ ਨਿਰਾਲਾ ਹੀ ਰੰਗ ਸੀ। ਪੰਡਤ ਸਤਿਗੁਰੂ ਜੀ ਦੇ ਚੇਹਰੇ ਨੂੰ ਦੇਖਕੇ ਭੈ ਭੀਤ ਹੋ ਗਿਆ।

'ਹੱਛਾ ! ਤਿੰਨ ਦਿਨ ਹੋਰ ! ਸਿਰਫ ਤਿੰਨ ਦਿਨ ਹੋਰ ! ਜੇ ਦੁਰਗਾ ਪ੍ਰਗਟ ਨਾ ਹੋਈ ਤਾਂ ਮੈਂ ਆਪ ਹੀ ਆਪਣੀ ਬਲੀ ਦੇ ਦੇਵਾਂਗਾ। ਮੈਂ ਨਹੀਂ ਮੁਕਰਦਾ ਦੁਰਗਾ ਜਰੂਰ ਪਰਗਟ ਹੋਵੇਗੀ। ਓਹ ਜ਼ਰੂਰ ਪ੍ਰਗਟ ਹੋਵੇਗੀ। ਮੈਂ ਸੱਚ ਆਖਦਾ ਹਾਂ ਮੇਰੇ ਤੇ ਭਰੋਸਾ ਕਰੋ ! ਘਬਰਾਇਆ ਹੋਇਆ ਬ੍ਰਾਹਮਣ ਇਉਂ ਬੋਲੀ ਗਿਆ ਉਸਨੂੰ ਭਰੋਸਾ ਹੋ ਗਿਆ ਕਿ ਜੇ ਦੇਵੀ ਨਾ ਪ੍ਰਗਟ ਹੋਈ ਤਾਂ ਓਹਦੀ ਜਾਨ ਗਈ। ਮੌਤ ! ਸਿਰਫ ਮੌਤ ਹੀ ਓਹਦੇ ਚੌਗਿਰਦੇ ਓਸੇਤਰਾਂ ਸੀ ਜਿਵੇਂ

Sri Satguru Jagjit Singh Ji eLibrary NamdhariElibrary@gmail.com

ਹਵਨ ਦੀ ਅੱਗ। ਉਸ ਨੂੰ ਸਵਾ ਲੱਖ ਰੁਪਿਆ ਦਖਣਾ ਲੈਣੀ ਵੀ ਭੁਲ ਗਈ। ਕਈ ਹਜ਼ਾਰ ਦੇ ਬਸਤ੍ਰ (ਲੀੜੇ) ਮਿਲਣੇ ਭੁਲ ਗਏ ਓਸ ਨੂੰ ਯਾਦ ਰਹਿ ਗਈ ਸਿਰਫ ਮੌਤ।

ਅੰਤਰਜਾਮੀ ਸਤਿਗੁਰੂ ਜੀ ਸਮਝ ਕਿ ਪੰਡਤ ਨੱਸਣ ਦੀਆਂ ਤਿਆਰੀਆਂ ਕਰਦਾ ਹੈ। ਕਈ ਸੈਂਕੜੇ ਸਾਲ ਦਾ ਉਸਰਿਆ ਹੋਇਆ ਧੋਖੇ ਦਾ ਮਹਿਲ ਅਜ ਟੁਟਣ ਲੱਗਾ ਹੈ। ਪੱਥਰ ਦੇ ਪੁਜਾਰੀਆਂ ਦੀ ਮਤ ਵੀ ਪੱਥਰ ਹੋ ਚੁਕੀ ਹੈ। ਅਕਾਲ ਪੁਰਖ ਦੇ ਸਰਬ ਵਿਆਪੀ ਗਿਆਨ ਨੂੰ ਭੁਲ ਗਏ ਹਨ। ਸਾਹਿਬ ਆਪਣੇ ਤੰਬੂ ਵਿਚ ਚਲੇ ਗਏ ਤੰਬੂ ਵਿਚ ਪੁਜੇ ਤਾਂ ਕੇਸ਼ੋਦਾਸ ਪੰਡਤ ਨੇ ਬਹਾਨਾ ਲਾਇਆ ਮੈਂ ਸੁਚੇਤੇ ਹੋ ਆਵਾਂ ਤੇ ਹਵਨ ਮੰਡਲ ਵਿਚੋਂ ਨਿਕਲਿਆ। ਹੌਲੀ ਹੌਲੀ ਚੋਰਾਂ ਵਾਂਗ ਹਵਨ ਮੰਡਲ ਵਿਚੋਂ ਨਿਕਲਕੇ ਉਹ ਖਿਸਕ ਤੁਰਿਆ ਰਾਹੇ ਨਹੀਂ ਸਰੋਂ ਕੁਰਾਹੇ ਪਿਆ।

ਕੁਝ ਚਿਰ ਉਡੀਕਣ ਪਿਛੋਂ ਕਾਲੀਦਾਸ ਵੀ ਖਿਸਕੇ ਵਾਚ ਹੋ ਗਿਆ ਉਸ ਨੇ ਵੀ ਪਿਛੇ ਮੁੜਕੇ ਨਹੀਂ ਦੇਖਿਆ। ਸਾਲ ਭਰ ਦੀ ਕਮਾਈ ਵੀ ਛਡ ਗਏ ਦੋਵੇਂ ਤੁਰ ਗਏ ਕਿ ਜਾਨ ਬਚ ਜਾਵੇ। ਵੇਦ ਮੰਤ੍ਰਾਂ ਨੇ ਤੇ ਹਵਨ ਪੂਜਾ ਨੇ ਉਹਨਾਂ ਨੂੰ ਧੋਖਾ ਦਿਤਾ। ਪਹਿਲਾ ਓਹ ਜਗਤ ਨੂੰ ਧੋਖਾ ਦੇਂਦੇ ਸਨ ਅਜ ਖੁਦ ਆਪਣੇ ਪਾਪਾਂ ਤੇ ਝੂਠਾਂ ਦੇ ਧੋਖਿਆਂ ਦੇ ਸ਼ਿਕਾਰ ਹੋ ਗਏ। ਦੋਵੇਂ ਟਿਲੇ ਤੋਂ ਉਤਰੇ ਤੇ ਆਪਣੇ ਰਾਹ ਪੈ ਗਏ। ਪਿਛੇ ਮੁੜ ਮੁੜਕੇ ਦੇਖਦੇ ਗਏ ਕਿ ਕੋਈ ਉਹਨਾ ਨੂੰ ਫੜਨ ਵਾਸਤੇ ਆਉਂਦਾ ਹੈ ਕਿ ਨਹੀਂ। ਬਸ ਓਹ ਏਸੇ ਤਰਾ ਦੂਰ ਨਿਕਲ ਗਏ। ਮੌਤ ਕੋਲੋਂ ਨਸੇ। ਮੌਤ ਕੋਲੋਂ ਡਰਦੇ ਹੋਏ ਅੰਤ ਰਾਹ ਵਿਚ ਹੀ ਮੌਤ ਦਾ ਸ਼ਿਕਾਰ ਹੋ ਗਏ। ਧੋਬੀ ਦੇ ਕੁਤੇ ਵਾਗ ਨਾ ਘਰ ਦੇ ਰਹੇ ਤੇ ਨਾ ਘਾਟ ਦੇ, ਉਹ ਮਰ ਗਏ। ਬਾਲ ਬਚੇ ਨੂੰ ਵੀ ਨਾ ਮਿਲ ਸਕੇ।

ਉਧਰ ਸਤਿਗੁਰੂ ਜੀ ਨੂੰ ਦੂਸਰੇ ਬ੍ਰਾਹਮਣਾ ਨੇ ਜਾ ਆਖਿਆ- ਮਹਾਰਾਜ! ਕੇਸ਼ੋਦਾਸ ਕਾਲੀਦਾਸ ਦੋਨੋਂ ਹੀ ਨੱਸ ਗਏ ਹਨ। ਹੁਣ ਕੀ ਕੀਤਾ ਜਾਵੇ। ਉਹ ਸਵੇਰ ਦੇ ਗਏ ਹੋਏ ਮੁੜੇ ਨਹੀਂ, ਸਾਰੀ ਥਾਈਂ ਭਾਲ ਥਕੇ ਹਾਂ॥ ਦਸੋ ਕੀ ਕੀਤਾ ਜਾਵੇ, ਅਸੀਂ ਹੈਰਾਨ ਹਾ।

Sri Satguru Jagjit Singh Ji eLibrary NamdhariElibrary@gmail.com

'ਹੈਰਾਨ ਹੋਣ ਦੀ ਕੋਈ ਲੋੜ ਨਹੀਂ, ਜੋ ਕੁਝ ਹੋਣਾ ਸੀ ਸੋ ਚੰਗਾ ਹੋ ਗਿਆ। ਚਲੋ ਹੁਣ ਅਸੀਂ ਦੇਵੀ ਪਰਗਟ ਕਰਦੇ ਹਾਂ। ਬ੍ਰਾਹਮਣਾਂ ਦੀ ਦੇਵੀ ਪਰਗਟ ਹੋਣੋਂ ਰਹੀ। ਇਹ ਆਖ ਕੇ ਸਾਹਿਬ ਉਠੇ। ਤਲਵਾਰ ਮਿਆਨ ਵਿਚੋਂ ਖਿੱਚ ਲਈ। ਉਸ ਤਲਵਾਰ ਵਲ ਦੇਖਕੇ ਬਚਨ ਕਰਦੇ ਰਹੇ—

ਏਹੋ ਭਵਾਨੀ ! ਏਹੋ ਚੰਡੀ ! ਏਹੋ ਦੁਰਗਾ ਹੈ।'

ਇਸ ਦੇ ਪਿਛੋਂ ਸਤਿਗੁਰੂ ਜੀ ਆਪ ਹਵਨ ਕੁੰਡ ਵਲ ਗਏ, ਅੱਗੇ ਭੂਵਾਲਾ (ਅੱਗ) ਬਲ ਰਹੀ ਸੀ। ਉਸ ਜੁਵਾਲਾ ਵਲ ਦੇਖਦੇ ਰਹੇ। ਕੁਝ ਚਿਰ ਦੇਖਣ ਪਿਛੋਂ ਸਾਹਿਬਾਂ ਨੇ ਹੁਕਮ ਕੀਤਾ—'ਸਾਰੀ ਸਮੱਗਰੀ ਇਕੋ ਵਾਰ ਅੱਗ ਉਤੇ ਸੁਟ ਦੇਵੋ। ਜੋ ਕੁਝ ਹੈ ਬਾਲ ਸੁਟੋ। ਸਾੜ ਦਿਓ ਸਭ ਕੁਝ। ਬਸ ਫਿਰ ਠੀਕ ਹੋ ਜਾਵੇਗਾ ਸਭ ਕੁਝ।'

ਸਾਹਿਬਾਂ ਦਾ ਹਕਮ ਮੰਨਣ ਤੋਂ ਕਿਸੇ ਨਾਂਹ ਨਾ ਕੀਤੀ। ਨਾਂਹ ਕਰਦੇ ਵੀ ਕਿਵੇਂ, ਸਾਹਿਬਾਂ ਦੇ ਹੱਥ ਵਿਚ ਸ੍ਰੀ ਸਾਹਿਬ ਸੀ। ਨੰਗੀ ਸ੍ਰੀ ਸਾਹਿਬ (ਤਲਵਾਰ) ਬਿਜਲੀ ਵਾਂਗ ਲਿਸ਼ਕ ਰਹੀ ਸੀ।

ਜਦ ਸਾਰੀ ਸਮੱਗਰੀ ਅੱਗ ਉਤੇ ਸੁਟੀ ਤਾਂ ਉਹ ਲਟ ਲਟ ਬਲਨ ਲੱਗੀ। ਉਸ ਦੀਆਂ ਲਾਟਾਂ ਅਕਾਸ਼ ਨੂੰ ਚੁਮਣ ਲੱਗੀਆਂ। ਉਹਨਾਂ ਦੀ ਲਾਲੀ ਬਹੁਤ ਭਿਆਨਕ ਸੀ। ਲੋਕ ਉਸ ਲਾਲੀ ਨੂੰ ਦੇਖ ਕੇ ਅਨੇਕਾਂ ਤਰਾਂ ਦੇ ਕਿਆਸ ਕਰਨ ਲਗੇ। ਬ੍ਰਾਹਮਣਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਦੇਵੀ ਪਰਗਟ ਹੋਈ ਹੈ।

ਸਾਰੀ ਸਮੱਗਰੀ ਨੂੰ ਸਾੜ ਕੇ ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ ਸਤਿਗੁਰੂ ਜੀ ਨੈਣਾ ਦੇਵੀ ਦੇ ਟਿਲੇ ਤੋਂ ਹੇਠਾਂ ਉਤਰ ਆਏ।

* * * * *

੧੧. ਯੱਗ ਕਰਨਾ ਤੇ ਬ੍ਰਾਹਮਣਾਂ ਦੀ ਦੀਖਾ

ਨੈਣਾ ਦੇਵੀ ਟਿੱਲੇ ਦਾ ਹੋਮ (ਹਵਨ) ਸਮਾਪਤ ਹੋ ਗਿਆ। ਕਿਸੇ ਨਵੇਂ ਜੋਸ਼, ਉਤਸ਼ਾਹ ਅਤੇ ਨਵੀਂ ਰੌਸ਼ਨੀ ਨਾਲ ਪ੍ਰਭਾਵਸ਼ਾਲੀ ਹੋ ਕੇ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ਨੈਣਾ ਦੇਵੀ ਦੇ ਟਿਲੇ ਤੋਂ ਹੇਠਾ ਉਤਰੇ। ਸਾਹਿਬ ਜੋਸ਼ ਵਿਚ ਨਠੇ ਹੀ ਆਏ। ਉਹਨਾਂ ਨੇ ਨਾ ਕਿਸੇ ਨੂੰ ਕੁਝ ਆਖਿਆ ਤੇ ਨਾ ਕੋਈ ਹੁਕਮ ਦਿਤਾ। ਕਿਸੇ ਸਿਖ ਸੇਵਕ ਨੇ ਵੀ ਉਨ੍ਹਾਂ ਨੂੰ ਨਹੀਂ ਰੋਕਿਆ ਤੇ ਨਾ ਕੁਝ ਪੁਛਿਆ। ਸਾਹਿਬਾਂ ਨੇ ਅਨੰਦਪੁਰ ਆਕੇ ਮੁਖੀ ਸਿਖਾਂ ਨੂੰ ਪਾਸ ਸਦਿਆ ਤੇ ਹੁਕਮ ਕੀਤਾ-'ਜੱਗ ਕਰੋ। ਜੋ ਸਮੱਗਰੀ ਖਾਣ ਵਾਲੀ ਬਚੀ ਹੈ, ਓਹ ਸਾਰੀ ਰੈਂਨ ਪਕਾ ਕੇ ਤਿਆਰ ਕਰੋ। ਭਾਰੀ ਯੱਗ ਕੀਤਾ ਜਾਵੇਗਾ, ਵਿਚ ਉਨ੍ਹਾਂ ਨੂੰ ਪ੍ਰਸ਼ਾਦ ਛਕਾਉਣਾ ਹੈ ਜੋਹੜੇ ਹਿੰਦੂ ਸਮਾਜ ਦੀ ਕਤਾਰ ਤੋਂ ਬਾਹਰ ਰਹਿੰਦੇ ਹਨ, ਜਿਨ੍ਹਾਂ ਨੂੰ ਕੋਈ ਨੇੜੇ ਨਹੀਂ ਆਉਣ ਦੇਂਦਾ। ਸ਼ੂਦਰ ਤੇ ਵੈਸ਼, ਇਨ੍ਹਾਂ ਦੋਹਾਂ ਜਾਂਤੀਆਂ ਦੇ ਨਾਲ ਜੁੜਕੇ ਬੈਠਣਗੇ, ਬ੍ਰਾਹਮਣ ਤੇ ਖਤ੍ਰੀ। ਚੌਹਾਂ ਹੀ ਵਰਨਾਂ ਦਾ ਸਾਝਾ ਲੰਗਰ ਹੀ ਨਹੀਂ ਬਲਕਿ ਪੰਗਤ ਤੇ ਯੱਗ ਤਦ ਹੀ ਪਵਿਤ੍ਰ ਸਮਝਿਆ ਜਾਵੇਗਾ ਜੇਕਰ ਪਹਿਲਾਂ ਸ਼ੂਦਰ ਬੈਠਣਗੇ। ਉਲਟੀ ਚਾਲ ਚਲੇਗੀ, ਸ਼ੂਦਰ ਪੂਜਾ ਕਰਨਗੇ ਤੇ ਬ੍ਰਾਹਮਣ ਕਿਰਤ ਕਰਨਗੇ। ਅਸੀਂ ਮਨੁਖਤਾ ਦੇ ਅਸਲੇ ਨੂੰ ਜਗਤ ਵਿਚ ਵਿਖਾਉਣਾ ਚਾਹੁੰਦੇ ਹਾਂ। ਮਨੁਖ ਮਨੁਖ ਨਾਲ ਪਰੇਮ ਕਰਨਾ ਸਿਖੇ। ਜਦ ਮਨੁਖ ਨਾਲ ਮਨੁਖ ਹੀ ਪਿਆਰ ਕਰੇਗਾ ਤਾਂ ਰੱਬ ਮਿਲੇਗਾ, ਫਿਰ ਸੱਚੀ ਸ਼ਕਤੀ ਪੈਦਾ ਹੋਵੇਗੀ, ਨਵਾਂ ਹੀ ਪਿਆਰ ਉਤਪਨ ਹੋਵੇਗਾ ਤੇ ਉਸ ਪਿਆਰ ਦਾ ਫਲ ਹੋਵੇਗਾ ਇਕੱਠ, ਤੇ ਉਸ ਇਕੱਠ ਵਿਚੋਂ ਪ੍ਰਗਟ ਹੋਵੇਗੀ ਅਣਖ, ਸੁਤੰਤਰਤਾ. ਧਰਮ ਰਖਿਆ ਤੇ ਸੇਵਾ ਦਾ ਵਲਵਲਾ। ਬਸ ਫਿਰ ਦੇਸ਼ ਦੀ ਕਲਿਆਣ ਹੋ ਜਾਵੇਗੀ। ਬ੍ਰਾਹਮਣਾਂ ਦਾ ਪਾਜ ਖੁਲ੍ਹ ਗਿਆ, ਉਹ ਦੇਵੀ ਨਹੀਂ ਪ੍ਰਗਟ ਕਰ ਸਕੇ ਨਾ ਹੀ ਕਰ ਸਕਦੇ ਹਨ ਓਹ ਤਾਂ ਐਵੇਂ ਢੋਕੀਆਂ ਫੜਾ ਮਾਰਦੇ ਰਹੇ। ਉਹ ਮੈਦਾਨ ਵਿਚੋਂ ਨੱਸ ਗਏ, ਝੂਠ ਤੇ ਹਨੇਰੇ ਦਾ ਪ੍ਰਛਾਵਾਂ ਢਲ ਗਿਆ। ਹੁਣ ਸਚਾਈ ਦਾ ਤੇਜਸਵੀ ਸੂਰਜ ਉਦੈ ਹੋਵੇਗਾ। ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਮਨੋਰਥ ਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ। ਕੋਈ ਕਿਸੇ ਨਾਲ ਈਰਖਾ ਨਹੀਂ ਕਰੇਗਾ, ਕੋਈ ਕਿਸੇ ਕੋਲੋਂ ਵਗਾਰ ਨਹੀਂ ਲਵੇਗਾ। ਸਾਰੇ ਭਰਾ ਬਣ ਕੇ ਰਹਿਣਗੇ। ਅਖਵ ਉਣਗੇ ਭਾਈ' ਬਸ ਭਾਈਆਂ ਦੇ ਇਕੱਠ ਦਾ ਯੱਗ ਕਰੋ।

ਹੁਕਮ ਹੋ ਗਿਆ, ਓਸ ਵਲੋਂ ਯੱਗ ਦੀ ਤਿਆਰੀ ਹੋਈ, ਕੜਾਹ ਪ੍ਰਸ਼ਾਦ

Sri Satguru Jagjit Singh Ji eLibrary NamdhariElibrary@gmail.com

ਪੂੜੀਆਂ, ਫੁਲਕੇ, ਭਾਜੀਆਂ ਤੇ ਦਾਲੇ ਤਿਆਰ ਹੋ ਗਏ, ਸਤਿਗੁਰੂ ਜੀ ਨੇ ਆਪ ਅਰਦਾਸਾ ਸੋਧਿਆ। ਉਸ ਅਰਦਾਸ ਦੇ ਪਿਛੋਂ ਆਪ ਪੰਗਤ ਵਿਚ ਬਿਰਾਜਮਾਨ ਹੋ ਗਏ। ਉਨ੍ਹਾਂ ਦੇ ਲਾਗੇ ਮੁਖੀ ਸਿਖ ਸਨ ਤੇ ਸ਼ੂਦਰ ਵੀ ਨਾਲ ਬੈਠੇ ਹੋਏ ਸਨ। ਪਤਲਾਂ ਵਰਤਾਈਆਂ ਗਈਆਂ। ਸ਼ੂਦਰ ਤੇ ਵੈਸ਼ ਵੀ ਬੈਠ ਗਏ। ਕੁਝ ਖਤਰੀ ਵੀ ਆ ਬੈਠੇ ਪਰ ਬ੍ਰਾਹਮਣ ਅੜ ਖਲੋਤੇ, ਉਨ੍ਹਾਂ ਵਿਚੋਂ ਇਕ ਮੁਖੀ ਬ੍ਰਾਹਮਣ ਨੇ ਉਚੀ ਕੂਕ ਕੇ ਆਖਿਆ—'ਇਹ ਕਦੀ ਨਹੀਂ ਹੋ ਸਕਦਾ ਕਿ ਬ੍ਰਾਹਮਣਾਂ ਤੋਂ ਪਹਿਲਾ ਸ਼ੂਦਰਾਂ ਤੇ ਵੈਸ਼ਾਂ ਨੂੰ ਯੱਗ ਵਿਚ ਪ੍ਰਸ਼ਾਦ ਛਕਾਇਆ ਜਾਵੇ। ਬ੍ਰਾਹਮਣ ਬ੍ਰਹਮਾਂ ਦਾ ਮੁਖ ਹਨ। ਇਹ ਉਤਮ ਕੁਲ ਦੇ ਨੀਚਾਂ ਨਾਲ ਨਹੀਂ ਬੈਠ ਸਕਦੇ। ਬ੍ਰਾਹਮਣਾਂ ਦੇ ਬੈਠਣ ਵਾਸਤੇ ਕੋਈ ਵਖਰੀ ਥਾਂ ਨਹੀਂ। ਇਸ ਪਵਿਤ੍ਰ ਭਾਰਤ ਭੂਮੀ ਉਤੇ ਕਦੀ ਇਹ ਅਨਰਥ ਨਹੀਂ ਹੋਣ ਦਿਤਾ ਜਾਵੇਗਾ। ਅਸੀਂ ਸਰਾਪ ਦੇ ਦੇਵਾਂਗੇ ਤੇ ਰਾਜਿਆਂ ਕੋਲ ਪੁਕਾਰ ਕਰਾਂਗੇ, ਬ੍ਰਾਹਮਣਾਂ ਦੇ ਹੱਕ ਸ਼ੂਦਰਾਂ ਨੂੰ ਨਹੀਂ ਮਿਲ ਸਕਦੇ। ਤੁਸੀਂ ਬੇਸ਼ਕ ਇਹ ਪਾਗਲਪਨ ਕਰੋ।'

'ਪਾਗਲਪਨ' ਸ਼ਬਦ ਦੇ ਉਚਾਰਨ ਦੀ ਢਿਲ ਸੀ ਕਿ ਉਹ ਬੋਲਣ ਵਾਲਾ ਬ੍ਰਾਹਮਣ ਖੁਦ ਹੀ ਪਾਗਲ ਹੋ ਗਿਆ। ਓਸੇ ਵੇਲੇ ਚੀਕਾਂ ਮਾਰਦਾ ਤੇ ਲੀੜੇ ਪਾੜਦਾ ਹੋਇਆ ਯੱਗ-ਮੰਡਲ ਵਿਚੋਂ ਬਾਹਰ ਚਲਿਆ ਗਿਆ। ਉਸ ਉਤੇ ਸੰਗਤ ਹੈਰਾਨ ਵੀ ਹੋਈ ਤੇ ਹੱਸੀ ਵੀ, ਉਸਦੇ ਦੂਸਰੇ ਭਾਈ ਬ੍ਰਾਹਮਣਾਂ ਵੀ ਰੌਲਾ ਮਚਾਇਆ। ਇਹ ਸਭ ਕੁਝ ਸੁਣ ਦੇਖਕੇ ਸਤਿਗੁਰੂ ਜੀ ਆਪ ਆਸਣ ਤੋਂ ਉਠੇ ਤੇ ਕਰੋਧ ਨਾਲ ਚੇਹਰਾ ਤੇ ਨੇਤਰ ਲਾਲ ਕਰਕੇ ਬੋਲੇ—'ਭਾਰਤ ਨੂੰ ਗੁਲਾਮ ਤੇ ਜ਼ਲੀਲ ਕਰਨ ਵਾਲੇ ਬ੍ਰਾਹਮਣੋਂ! ਤੁਸਾਂ ਨੂੰ ਗੁਸਾ ਨਹੀਂ ਕਰਨਾ ਚਾਹੀਦਾ। ਇਹ ਤੁਸਾਂ ਦੇ ਭਾਗ ਦੀ ਗਲ ਹੈ। ਵਿਧਾਤਾ ਅਜ ਨਹੀਂ ਚਾਹੁੰਦਾ ਕਿ ਤੁਸੀਂ ਧੰਮ ਦੀਆ ਚਲਾਓ!' ਇਹ ਆਖਕੇ ਸਾਹਿਬਾਂ ਨੇ ਆਪਣੇ ਉਚਾਰੇ ਹੋਏ ਸਵੱਯੇ ਆਪ ਹੀ ਜੋਸ਼ ਨਾਲ ਪੜ੍ਹਨੇ ਆਰੰਭ ਕੀਤੇ—

ਜੋ ਕਿਛ ਲੇਖ ਲਿਖਯੋ ਬਿਧਨਾ ਸੋਈ ਪਾਈਅਤ ਮਿਸ੍ ਜੂ ਸ਼ੋਕ ਨਿਵਾਰੋ।
ਮੋਰੋ ਕਛੂ ਅਪਰਾਧ ਨਹੀਂ ਗਯੋ ਯਾਦ ਤੇ ਭੂਲ ਨ ਕੋਪ ਚਿਤਾਰੋ।
ਬਾਰੋ ਨਿਹਾਲੀ ਪਠੈ ਦਿਹੁੰ ਆਮ ਭਲੇ ਤੁਮ ਕੋ ਨਿਹਚੇ ਜੀਅ ਧਾਰੋ।

Sri Satguru Jagjit Singh Ji eLibrary NamdhariElibrary@gmail.com

ਛੱਤ੍ਰੀ ਸਭੈ ਕ੍ਰਿਤ ਬਿਪ੍ਰਨ ਕੇ, ਇਨ ਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ ॥

ਤਿਸਦਾ ਪ੍ਰਮਾਰਥ–ਪੰਡਤ (ਮਿਸਰ) ਜੀ ! ਗੁਸਾ ਕਿਉਂ ਕਰਦੇ ਹੋ ਜੋ ਕੁਝ ਤੁਸਾਂ ਦੇ ਭਾਗਾਂ ਵਿਚ ਸੀ ਸੋ ਮਿਲੇਗਾਂ, ਅਸਾਂ ਨੂੰ ਸੱਦਣ ਦਾ ਚੇਤਾ ਨਹੀਂ ਰਿਹਾ। ਗਮ ਦਾ ਤਿਆਗ ਕਰੋ ਪ੍ਰਦੇਸੀ ਤੇ ਲੋੜਵੰਦ ਜਾਣਕੇ ਤੁਸਾਂ ਨੂੰ ਬਹੁਤ ਕੁਝ ਦਿਤਾ ਜਾਵੇਗਾ। ਤੁਸੀਂ ਚੰਗੇ ਜੇ ਪਰ ਇਨ੍ਹਾਂ ਵਲ ਵੀ ਦੇਖੋ ਇਹ ਵੀ ਇਕ ਰਾਜ-ਰਿਸ਼ੀਆਂ ਦੀ ਵੰਸ਼ ਹੈ। ਤੁਸਾਂ ਦੀ ਕ੍ਰਿਤ ਨਹੀਂ । ਇਨ੍ਹਾਂ ਤੋਂ ਬਿਨਾਂ ਤੁਸੀਂ ਕੁਝ ਵੀ ਨਹੀਂ। ਪਰ ਬ੍ਰਾਹਮਣਾਂ ਨੇ ਫਿਰ ਵੀ ਸੰਤੋਖ ਨਾ ਕੀਤਾ, ਗਰਮ ਹੋ ਖਲੋਤੇ। ਸ਼ੂਦਰਾਂ ਤੇ ਵੈਸ਼ਾਂ ਦੀ ਨਿੰਦਾ ਕਰਨ ਲਗੇ ਤਾਂ ਸਤਿਗੁਰੂ ਜੀ ਵੀ ਸਿਧੇ ਹੋ ਖਲੋਤੇ ।

ਯੁਧ ਜਿਤੇ ਇਨ ਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਵਿਦਯਾ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੋ ਗਰੀਬ ਕਰੋਰ ਪਰੇ।

ਹੇ ਪੰਡਤ ! ਰਤਾ ਜ਼ਬਾਨ ਸੰਭਾਲ ! ਵਧ ਘਟ ਕਹਿਣ ਦੀ ਲੋੜ ਕੋਈ ਨਹੀਂ, ਜਿਨ੍ਹਾਂ ਨੂੰ ਤੂੰ ਮਾੜੇ ਆਖ ਰਿਹਾ ਹੈਂ, ਇਨਹਾ ਦੀ ਕ੍ਰਿਪਾ ਨਾਲ ਤਾਂ ਅਸਾਂ ਲੜਾਈਆਂ ਜਿੱਤੀਆਂ ਹਨ । ਇਹ ਸੂਰਮੇ ਅਸਾਂ ਦੀ ਸਹਾਇਤਾ ਕਰਦੇ ਰਹੇ ਹਨ। ਹੇ ਪੰਡਤ ! ਇਨ੍ਹਾਂ ਦੀ ਤਾਂ ਅਸੀਂ ਪੂਜਾ ਕਰਾਂਗੇ ਕਿਉਂਕਿ ਇਨ੍ਹਾ ਦੀ ਕ੍ਰਿਪਾ ਨਾਲ ਜਨਮ ਜਨਮ ਦੇ ਪਾਪ ਕਟੇ ਗਏ ਹਨ ਤੇ ਅਸਾਂ ਦਾ ਘਰ ਮਾਯਾ ਤੇ ਪਦਾਰਥਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਦੀ ਕਿਰਪਾ ਨਾਲ ਅਸਾਂ ਵਿਦਿਆ ਪਰਾਪਤ ਕੀਤੀ ਹੈ, ਸਾਰੇ ਵੈਰੀ ਵੀ ਇਨ੍ਹਾਂ ਦੀ ਕਿਰਪਾ ਨਾਲ ਮਰੇ ਹਨ। ਜੇ ਸੱਚ ਪੁਛੋ ਤਾਂ ਅਸਾਂ ਜੋ ਮਾਨ ਵਡਿਆਈ ਪਰਾਪਤ ਕੀਤੀ ਹੈ, ਉਹ ਇਨ੍ਹਾ ਦੀ ਕਿਰਪਾ ਨਾਲ ਕੀਤੀ ਹੈ, ਨਹੀਂ ਤੇ ਹੋਰ ਅਸਾਂ ਵਰਗੇ ਕਰੋੜਾ ਪੁਰਸ਼ ਤੁਰੇ ਫਿਰਦੇ ਹਨ। ਇਨ੍ਹਾਂ ਦੀ ਨਿੰਦਾ ਨਾ ਕਰੋ। ਸਾਰੀ ਸ਼ਕਤੀ ਗਰੀਬਾਂ ਦੇ ਹਥ ਆਉਣੀ ਹੈ।

Sri Satguru Jagjit Singh Ji eLibrary NamdhariElibrary@gmail.com

ਸੇਵ ਕਰੀ ਇਨ ਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ ਜਗ ਮੈ ਯਸ ਔਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲੌ ਧਨ ਹੈ ਸਭ ਹੀ ਇਨ ਹੀ ਕੋ ॥

(ਆਓ ਅੱਜ ਤੋਂ) ਇਨ੍ਹਾ ਦੀ ਸੇਵਾ ਕੀਤੀ ਹੀ ਅਸਾਂ ਨੂੰ ਚੰਗੀ ਲਗਦੀ ਹੈ। ਹੋਰ ਕਿਸੇ (ਬ੍ਰਾਹਮਣ ਜਾ ਦੇਵੀ ਦੇਵਤਾ) ਦੀ ਸੇਵਾ ਕੀਤੀ ਸੋਭਾ ਨਹੀਂ ਦੇਂਦੀ, ਜੇਕਰ ਦਾਨ ਦੇਣ ਦੀ ਲੋੜ ਪਵੇ ਤਾਂ ਇਨ੍ਹਾਂ ਸਿਖਾਂ ਨੂੰ ਹੀ ਦਿਤਾ ਜਾਇਆ ਕਰੇਗਾ, ਹੋਰ ਕਿਸੇ ਨੂੰ ਦਿਤਾ ਹੋਇਆ ਦਾਨ ਨਾ ਚੰਗਾ ਹੈ ਤੇ ਨਾ ਚੰਗਾ ਲਗਦਾ ਹੈ। ਜੇ ਕਰ ਵਾਹਿਗੁਰੂ ਦੀ ਦਰਗਾਹੇ ਦਾਨ ਪ੍ਰਵਾਨ ਹੋਣਾ ਹੈ ਤਾਂ ਇਨ੍ਹਾ ਨੂੰ ਹੀ ਦਿਤਾ ਫਲੇਗਾ ਤੇ ਪ੍ਰਵਾਨ ਹੋਵੇਗਾ। ਜਗਤ ਦੇ ਵਿਚ ਜਸ ਹੈ। ਹੋਰ ਸਭ ਦਾਨ ਦਿਤੇ ਫਜ਼ੂਲ ਹਨ। ਅਸੀਂ ਤਾਂ ਸੱਚ ਆਖਦੇ ਹਾਂ ਕਿ ਅਸਾਂ ਦਾ ਘਰ, ਮਨ, ਤਨ, ਸਿਰ ਤੇ ਦੌਲਤ ਗਲ ਕੀ ਸਭ ਕੁਝ ਇਨ੍ਹਾ ਦੇ ਹਵਾਲੇ ਹੈ ਜਿਨ੍ਹਾਂ ਨੂੰ ਤੁਸੀਂ ਮਾੜੇ ਆਖਦੇ ਹੋ। ਮਾਨਸ ਕੀ ਜਾਤ ਸਭ ਇਕ ਹੈ, ਜਾਓ ! ਬੇਸ਼ਕ ਨਾ ਪ੍ਰਸ਼ਾਦ ਛਕੋ ਕੋਈ ਪ੍ਰਵਾਹ ਨਹੀਂ। ਅਸਾਂ ਨੂੰ ਕੋਈ ਸਰਾਪ ਨਹੀਂ ਲਗੇਗਾ।'

ਸਤਿਗੁਰੂ ਜੀ ਦੀਆਂ ਖਰੀਆਂ ਖਰੀਆਂ ਗੱਲਾਂ ਸੁਣਕੇ ਪੰਡਤ ਹੌਲੇ ਹੋ ਗਏ, ਥੋੜੇ ਜਿਹੇ ਨੱਕ ਮਰੋੜਦੇ ਹੋਏ ਤੁਰ ਗਏ ਤੇ ਬਾਕੀ ਦੇ ਸ਼ੂਦਰਾਂ, ਵੈਸ਼ਾਂ ਨਾਲ ਹੀ ਬੈਠਕੇ ਯੱਗ ਵਿਚੋਂ ਪ੍ਰਸ਼ਾਦਿ ਛਕਣ ਲਗੇ। ਇਹ ਯੱਗ ਨਿਰਵਿਘਨ ਸਮਾਪਤ ਹੋਇਆ, ਹਰ ਪਾਸੇ ਜੈ ਜੈ ਹੁੰਦੀ ਰਹੀ।

੧੨. ਸਤਿਗੁਰੂ ਜੀ ਨੇ ਸਿਰਾਂ ਦੀ ਮੰਗ ਕਰਨੀ

ਸੰਮਤ ੧੭੫੬ ਬਿ: ਦੀ ਵਿਸਾਖੀ ਦਾ ਪੁਰਬ ਆ ਗਿਆ ॥ ਭਾਵੇਂ ਹਰ ਇਕ ਵਿਸਾਖੀ ਦੇ ਪੁਰਬ ਸਮੇਂ ਚੰਗੀ ਰੌਣਕ ਤੇ ਮੇਲਾ ਲਗਦਾ ਸੀ, ਪਰ ਇਸ ਵਿਸਾਖੀ ਉਤੇ ਤਾਂ ਉਚੇਚਾ ਮੇਲਾ ਲੱਗਾ ॥ ਸਤਿਗੁਰੂ ਜੀ ਨੇ ਮਸੰਦਾਂ ਤੇ ਮੁਖੀ ਸਿਖਾਂ ਨੂੰ ਪੱਕੀ ਕੀਤੀ ਕਿ ਜਰੂਰ ਵਿਸਾਖੀ ਦੇ ਪੁਰਬ ਸਮੇਂ ਧੂਮਧਾਮ ਨਾਲ ਪੁਜੇ, ਪਰ ਕਿਸੇ ਨੂੰ ਆਪਣੇ ਭਵਿਖਤ ਦੇ ਪਰੋਗ੍ਰਾਮ ਬਾਰੇ ਕੁਝ ਨਹੀਂ ਦਸਿਆ ॥

Sri Satguru Jagjit Singh Ji eLibrary NamdhariElibrary@gmail.com

ਸੀ। ਦੂਸਰਾ ਨੈਣਾ ਦੇਵੀ ਦੇ ਟਿਲੇ ਉਤੇ ਹੋਮ ਅਤੇ ਮਹਾਂ ਯੱਗ ਕਰਨ ਦੀ ਚਰਚਾ ਵੀ ਬਹੁਤ ਖਿਲ਼ਰ ਗਈ ਸੀ ਤੇ ਭਾਂਤ ਭਾਂਤ ਦੀਆਂ ਬਾਤਾਂ ਖਿਲਰ ਗਈਆਂ ਸਨ। ਸਿਖ ਸੰਗਤਾਂ ਨੂੰ ਇਹ ਵੀ ਚਾਹ ਸੀ ਕਿ ਓਹ ਪਤਾ ਕਰਨ ਕਿ ਕੀ ਮਾਮਲਾ ਹੈ, ਇਹਨਾਂ ਕਾਰਨਾਂ ਦੇ ਕਾਰਨ ਬਹੁਤ ਸਾਰੀ ਸੰਗਤ ਇਕੱਠੀ ਹੋ ਗਈ

ਜਿਥੇ ਹੁਣ ਕੇਸਗੜ੍ਹ ਸਾਹਿਬ ਗੁਰਦੁਵਾਰਾ ਹੈ, ਇਸ ਟਿਬੇ ਉਤੇ ਤੰਬੂ ਲਾਯਾ ਗਿਆ। ਤੰਬੂ ਦੇ ਅਗੇ ਚਾਂਦਨੀਆਂ ਤਾਣੀਆਂ ਗਈਆਂ ਤੇ ਸੁੰਦਰ ਸਟੇਜ ਤਿਆਰ ਕੀਤੀ ਗਈ। ਵੀਹ ਹਜ਼ਾਰ ਤੋਂ ਉਪਰ ਸੰਗਤ ਦੇ ਬੈਠਣ ਦਾ ਪ੍ਰਬੰਧ ਸੀ। ਮਸੰਦਾਂ ਨੇ ਸੰਗਤ ਨੂੰ ਥਾਂ ਥਾਂ ਸਿਰ ਬਿਠਾਇਆ, ਰਾਗੀ ਤੇ ਢਾਡੀ, ਗੁਰਬਾਣੀ ਗੁਰੂ ਜਸ ਤੇ ਇਤਿਹਾਸ ਸੁਨਾਉਣ ਲਗੇ।

ਜਿਸ ਵੇਲੇ ਐਨ ਦੀਵਾਨ ਸਜ ਗਿਆ ਹਰ ਪਾਸੇ ਚੁਪ ਚਾਪ ਹੋ ਗਈ, ਸ਼ਾਂਤੀ ਦਾ ਪੂਰਾ ਵਾਯੂ ਮੰਡਲ ਸੀ ਤਾਂ ਸਟੇਜ ਵਾਲੇ ਸਿੰਘਾਸਨ ਤੋਂ ਉਠ ਕੇ ਸਤਿਗੁਰੂ ਜੀ ਤੰਬੂ ਵਿਚ ਚਲੇ ਗਏ। ਪੰਦਰਾਂ ਕੁ ਮਿੰਟਾਂ ਪਿਛੋਂ ਤੰਬੂ ਵਿਚੋਂ ਬਾਹਰ ਆਏ ਤਾਂ ਹਥ ਵਿਚ ਨੰਗੀ ਸ੍ਰੀ ਸਾਹਿਬ (ਤਲਵਾਰ) ਸੀ ਉਹ ਲਹੂ ਤਿਹਾਈ ਸ੍ਰੀ ਸਾਹਿਬ ਚਮਕ ਰਹੀ ਸੀ। ਉਸ ਤੋਂ ਵੀ ਵਧ ਸਤਿਗੁਰੂ ਜੀ ਦੇ ਨੇਤਰ ਚਮਕਦੇ ਸਨ॥ ਨੇਤਰਾਂ ਨਾਲੋਂ ਬਹੁਤੀ ਲਾਲੀ ਚੇਹਰੇ ਉਤੇ ਸੀ॥ ਚੰਡੀ ਦੀ ਵਾਰਦਾ ਪਾਠ ਕਰਨ ਦੇ ਕਾਰਨ ਸਾਰਾ ਸਰੀਰ ਜੋਸ਼ ਨਾਲ ਥਰ ਥਰ ਕੰਬਦਾ ਸੀ॥ ਸਭ ਤੋਂ ਪਹਿਲਾਂ ਸਾਹਿਬਾਂ ਨੇ ਬੀਰ ਆਸਣ ਹੋਕੇ ਚੰਡੀ ਦੀ ਵਾਰ ਦਾ ਪਾਠ ਕੀਤਾ॥ ਪਾਠ ਐਨਾ ਉਚਾ ਹੋ ਰਿਹਾ ਸੀ ਕਿ ਦੂਰ ਦੂਰ ਤਕ ਸੰਗਤ ਨੂੰ ਸੁਣਾਈ ਦੇਂਦਾ ਸੀ॥ ਚੰਡੀ ਦੀ ਵਾਰ ਦਾ ਭੋਗ ਪਾਇਆ, ਜਦੋਂ ਅੰਤਮ ਪਉੜੀ ਦਾ ਪਾਠ ਕੀਤਾ—

ਸੁੰਭ ਨਿਸੁੰਭ ਪਠਾਇਆ ਜਮ ਕੇ ਧਾਮ ਨੋ॥
ਇੰਦ੍ਰ ਸੱਦ ਬੁਲਾਇਆ ਰਾਜ ਅਭਿਖੇਕ ਨੋ॥
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥
ਚਉਦਹ ਲੋਕਾਂਛਾਇਆ ਜਸੁ ਜਗਮਾਤ ਦਾ॥

Sri Satguru Jagjit Singh Ji eLibrary NamdhariElibrary@gmail.com

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥

'ਜਿਨ ਇਹ ਗਾਇਆ' ਤੁਕ ਨੂੰ ਦੁਬਾਰਾ ਪੜ੍ਹਿਆ ਕਿ ਅੱਖਾਂ ਲਟ ਲਟ ਬਲਣ ਲੱਗ ਪਈਆਂ। ਚੇਹਰੇ ਉਤੇ ਭਿਆਨਕ ਕਰੋਧ ਸੀ। ਸ੍ਰੀ ਸਾਹਿਬ ਨੂੰ ਅਸਮਾਨ ਵਿਚ ਘੁੰਮਾਉਂਦਿਆਂ ਹੋਇਆਂ ਸਤਿਗੁਰੂ ਜੀ ਗਰਜ ਕੇ ਬੋਲੇ— 'ਸਤਿਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚੋਂ ਕੋਈ ਸਿਖ ਅਗੇ ਵਧੇ ਅਸਾਂ ਨੂੰ ਉਸਦੇ ਸਿਰ ਦੀ ਲੋੜ ਹੈ ਹੁਣੇ ਏਸੇ ਵੇਲੇ। ਧਰਮ ਰਖਿਆ, ਸਚਾਈ ਤੇ ਦੇਸ਼ ਦੀ ਗੁਲਾਮੀ ਦੇ ਸੰਗਲ ਕਟਣ ਵਾਸਤੇ ਮਨੁਖ ਦੀ ਬਲੀ ਦੇਣੀ ਹੈ। ਜਿਸਦਾ ਗੁਰੂ ਘਰ ਨਾਲ ਸੱਚਾ ਪਰੇਮ ਹੈ ਉਹ ਅਗੇ ਆਵੇ ਸਿਰ ਤਲੀ ਤੇ ਰਖਕੇ ਛੇਤੀ ਆਵੇ।'

ਸਾਰੀ ਸੰਗਤ ਵਿਚ ਚੁਪ ਦਾ ਸਨਾਟਾ ਛਾ ਗਿਆ। ਮੌਤ ਵਰਗਾ ਸਨਾਟਾ ਅਝਮਕ ਅੱਖਾਂ ਨਾਲ ਤੇ ਸਾਹਾਂ ਨੂੰ ਰੋਕਕੇ ਸਾਰੇ ਸਤਿਗੁਰੂ ਜੀ ਵਲ ਦੇਖਣ ਲਗੇ। ਕੌਣ ਮਰੇ? ਕੌਣ ਅਗੇ ਹੋਵੇ? ਇਹ ਸਵਾਲ ਸ਼ਾਇਦ ਸਾਰਿਆਂ ਦੇ ਹਿਰਦਿਆਂ ਅੰਦਰ ਸੀ। ਸਾਰੇ ਦੇਖਕੇ ਹੈਰਾਨ ਸਨ। ਜਿਵੇਂ ਮਿਟੀ ਦੇ ਬੁਤ ਹੁੰਦੇ ਹਨ ਤਿਵੇਂ ਸਾਰੇ ਅਹਿੱਲ ਹੋ ਗਏ। ਕਈਆਂ ਕਮਜ਼ੋਰਾਂ ਨੂੰ ਤਰੇਲੀਆਂ ਆ ਗਈਆਂ। ਓਹ ਇਹ ਅਨੁਭਵ ਕਰਨ ਲਗੇ ਕਿਤੇ ਗੁਰੂ ਜੀ ਉਨ੍ਹਾਂ ਨੂੰ ਹੀ ਨਾ ਆਖਣ ਕਿ ਤੁਸਾਂ ਦੀ ਵਾਰੀ ਹੈ ਆਓ ਤੁਸੀਂ ਅਗੇ ਆਓ। ਮਸੰਦ ਤਾਂ ਬਹੁਤੇ ਭੈ ਭੀਤ ਹੋਏ। ਉਹ ਪਹਿਲਾਂ ਦੇ ਹੀ ਡਰੇ ਹੋਏ ਸਨ, ਉਹ ਜਾਣਦੇ ਸਨ ਕਿ ਸਾਲ ਹੋਇਆ ਹੈ ਸਤਿਗੁਰੂ ਜੀ ਤਾਂ ਸ਼ਾਇਦ ਵਲ ਨਹੀਂ ਰਹੇ, ਇਨ੍ਹਾਂ ਦੇ ਦਿਮਾਗ ਵਿਚ ਕੋਈ ਨਵਾਂ ਤੂਫਾਨ ਆਇਆ ਹੈ। ਬਸ ਔਖਾ ਹੋ ਗਿਆ ਜੀਉਣਾ। ਓਹ ਅਭਾਗੇ ਇਹ ਨਾ ਸਮਝੇ ਕਿ ਆਪ ਪਰਮੇਸ਼ਰ ਸਰਬ ਸ਼ਕਤੀਵਾਨ ਸਤਿਗੁਰੂ ਜੀ ਕੋਈ ਨਵਾਂ ਖੇਲ ਰਚ ਰਹੇ ਹਨ। ਓਹ ਨਰਕ ਦੇ ਕੀੜੇ, ਪੇਟ ਦੇ ਮਿਤ੍ਰ ਸਤਿਗੁਰੂ ਜੀ ਦੀ ਹਜੂਰੀ ਵਿਚ ਵਸਦੇ ਹੋਏ ਵੀ ਸਤਿਗੁਰੂ ਜੀ ਦੇ ਕੌਤਕਾਂ ਨੂੰ ਸਮਝ ਨਹੀਂ ਸਨ ਸਕੇ।

'ਅਸਾਂ ਕਿਹਾ ਹੈ ਕੋਈ ਅਸਾਂ ਦਾ ਪਿਆਰਾ ਸਿਖ ਜੇਹੜਾ ਇਸ ਲਹੂ ਤ੍ਰਿਹਾਈ ਤਲਵਾਰ ਨੂੰ ਆਪਣਾ ਲਹੂ ਦੇਵੇ?' ਸਤਿਗੁਰੂ ਜੀ ਨੇ ਦੂਸਰੀ ਵਾਰ

Sri Satguru Jagjit Singh Ji eLibrary NamdhariElibrary@gmail.com

ਮੰਗ ਕੀਤੀ। ਅਨੋਖੀ ਮੰਗ ਸੀ। ਮੌਤ ਤੋਂ ਡਰਦੇ ਤਾਂ ਲੋਕ ਸਤਿਗੁਰੂ ਜੀ ਦੀ ਸ਼ਰਨ ਆਉਂਦੇ ਸਨ ਫਿਰ ਕੌਣ ਅਗੇ ਹੋਵੇ । ਬਸ ਫਿਰ ਵੀ ਸੰਗਤ ਵਿਚੋਂ ਕੋਈ ਨਾ ਉਠਿਆ । ਸਾਹਿਬਾਂ ਨੇ ਤੀਸਰੀ ਵਾਰ ਪੁਕਾਰ ਕੀਤੀ—'ਕੋਈ ਹੈ ਮੇਰਾ ਸਚਾ ਸਿੱਖ ?'

ਇਹ ਤੀਸਰਾ ਬਚਨ ਸੀ ਤੀਸਰੇ ਬਚਨ ਨੂੰ ਖਾਲੀ ਜਾਣ ਦੇਣਾਆਪਣੇ ਆਪ ਦਾ ਅੰਤ ਕਰਨਾ ਸੀ । ਹਿੰਦੁਸਤਾਨ ਦੀ ਪ੍ਰਾਚੀਨ ਸਭਿਅਤਾ ਦੇ ਅਨੁਸਾਰ ਤੀਸਰੇ ਬਚਨ ਨੂੰ ਕੋਈ ਨਾ ਕੋਈ ਉਤਰ ਦੇਣਾ ਜ਼ਰੂਰੀ ਸਮਝਿਆ ਜਾਂਦਾ ਹੈ। ਇਹ ਵਾਰ ਖਾਲੀ ਜਾਣ ਵਾਲਾ ਨਹੀਂ ਸੀ । ਉਸ ਵੇਲੇ ਜਵਾਨ ਉਮਰ ਭਾਈ ਦਇਆ ਰਾਮ ਸੰਗਤ ਵਿਚੋਂ ਉਠਿਆ। ਹੱਥ ਜੋੜੇ, ਸਿਰ ਨੀਵਾਂ ਕਰਕੇ ਹੌਲੀ ਹੌਲੀ ਸਤਿਗੁਰੂ ਜੀ ਵਲ ਆ ਗਿਆ। ਜਦ ਸਾਹਿਬਾਂ ਦੇ ਕੋਲ ਪੁਜਾ ਤਾਂ ਸਾਹਿਬਾਂ ਨੇ ਉਸਦੀ ਬਾਂਹ ਡੋਲਿਓਂ ਘੁਟਕੇ ਫੜੀ ਤੇ ਕਰੋਧ ਲਹਿਜੇ ਵਿਚ ਤੰਬੂ ਅੰਦਰ ਲੈ ਗਏ। ਹੋਰ ਨਾਲ ਤਲਵਾਰ ਚਲਣ ਤੇ ਸੀਸ ਦੇ ਧਰਤੀ ਉਤੇ ਡਿਗਣ ਦਾ ਖੜਕਾ ਹੋਇਆ। ਲਾਲ ਲਹੂ ਦੀ ਧਾਰਾ ਤੰਬੂ ਤੋਂ ਬਾਹਰ ਆਈ ਜਿਸ ਨੂੰ ਦੇਖਕੇ ਸਾਰੇ ਪਰੇਸ਼ਾਨ ਹੋਏ ਸਭ ਨੇ ਮਨ ਹੀ ਮਨ ਕਿਹਾ—ਸਤਿਗੁਰੂ ਜੀ ਕੀ ਕਰਨ ਲਗੇ ਹਨ ?'

ਦੋ ਮਸੰਦ ਘਬਰਾਕੇ ਦੀਵਾਨ ਵਿਚੋਂ ਉਠੇ ਮਾਤਾ ਜੀ ਪਾਸ ਚਲੇ ਗਏ। ਮਾਤਾ ਜੀ ਨੂੰ ਸਾਰਾ ਹਾਲ ਦਸਦਿਆਂ ਆਖਿਆ—'ਪਤਾ ਨਹੀਂ ਸਤਿਗੁਰੂ ਜੀ ਦੇ ਸੁਭਾ ਨੂੰ ਕੀ ਹੋ ਗਿਆ ਹੈ ਓਹ ਸੰਗਤ ਵਿਚੋਂ ਚੁਣ ਚੁਣ ਕੇ ਸਿੱਖਾਂ ਨੂੰ ਝਟਕਾਉਣ ਲਗ ਪਏ ਹਨ, ਉਨ੍ਹਾਂ ਨੂੰ ਸਮਝਾਓ ਕਿਤੇ ਦਿਮਾਗ ਤਾਂ ਨਹੀਂ ਫਿਰ ਗਿਆ।'

ਦੀਵਾਨ ਵਿਚ ਜੋ ਕਮਜੋਰ ਦਿਲ ਬੈਠੇ ਸਨ ਉਨ੍ਹਾ ਨੇ ਹੌਲੀ ਹੌਲੀ ਬਹਾਨੇ ਬਹਾਨੇ ਨਾਲ ਖਿਸਕਣਾ ਆਰੰਭ ਕਰ ਦਿਤਾ । ਬਹੁਤ ਕਾਹਲ ਕੀਤੀ ਕਿ ਸਤਿਗੁਰੂ ਜੀ ਆ ਕੇ ਉਨ੍ਹਾਂ ਦਾ ਸਿਰ ਨਾ ਮੰਗ ਲੈਣ। ਜੋਹੜੇ ਅਗੇ ਬੈਠੇ ਸਨ ਉਨ੍ਹਾਂ ਨੇ ਕਬੂਤਰਾਂ ਵਾਂਗ ਅੱਖਾਂ ਮੀਟ ਲਈਆਂ ਤੇ ਸਿਰ ਨੀਵੇਂ ਸੁਟ ਲਏ ਤਾਂ ਕਿ ਸਤਿਗੁਰੂ ਜੀ ਦੇ ਨੇਤਰਾਂ ਨਾਲ ਅੱਖਾਂ ਨਾ ਮਿਲਣ ਕਿਤੇ

Sri Satguru Jagjit Singh Ji eLibrary NamdhariElibrary@gmail.com

ਹੁਕਮ ਨਾ ਹੋਵੇ ਕਿ ਤੁਸੀਂ ਹੀ ਉਠੋ।

ਸਤਿਗੁਰੂ ਜੀ ਦੁਬਾਰਾ ਸਟੇਜ ਉਤੇ ਆਏ, ਹੁਣ ਸ੍ਰੀ ਸਾਹਿਬ (ਤਲਵਾਰ) ਲਹੂ ਨਾਲ ਰੰਗੀ ਹੋਈ ਸੀ । ਉਸ ਨੂੰ ਦੇਖਕੇ ਸਾਰਿਆਂ ਦਾ ਲਹੂ ਠੰਢਾ ਹੋ ਗਿਆ ਅਤੇ ਕੋਈ ਸ਼ੱਕ ਨਾ ਰਿਹਾ ਕਿ ਸਤਿਗੁਰੂ ਜੀ ਮਨੁਖਾਂ ਦਾ ਖੂਨ ਕਰ ਰਹੇ ਹਨ। ਕਿਉਂ ਕਰ ਰਹੇ ਹਨ ? ਇਸ ਸਵਾਲ ਦਾ ਉਤਰ ਉਨ੍ਹਾਂ ਨੂੰ ਕੋਈ ਨਹੀਂ ਸੀ ਦੇਂਦਾ ।

ਸਤਿਗੁਰੂ ਜੀ ਨੇ ਫਿਰ ਫੁਰਮਾਇਆ—'ਇਕ ਸਿਰ ਦੀ ਲੋੜ ਹੈ। ਕਾਹਲੀ ਨਾਲ ਆਸਾਂ ਦਾ ਕੋਈ ਸਿਖ ਉਠਕੇ ਆਵੇ।'

'ਤਨ, ਮਨ ਤੇ ਧਨ ਸਤਿਗੁਰੂ ਜੀ ਦਾ ਹੈ, ਇਹ ਸੋਚਕੇ ਭਾਈ ਧਰਮ ਦਾਸ ਦੀਵਾਨ ਵਿਚੋਂ ਉਠਿਆ—'ਸਤਿਗੁਰੂ ਜੀ ਆਪ ਸਿਰ ਮੰਗ ਰਹੇ ਹਨ ਇਸ ਨਾਲੋਂ ਹੋਰ ਕੇਹੜਾ ਚੰਗਾ ਸਮਾਂ ਹੈ । ਸਤਿਗੁਰੂ ਜੀ ਦੀ ਸੇਵਾ ਤੋਂ ਬਿਨਾਂ ਜੀਵਨ ਦਾ ਕੀ ਲਾਭ ? ਕੀ ਕਰਨਾ ਹੈ ਇਸ ਤਨ ਨੂੰ, ਲੇਖੇ ਲਗ ਜਾਵੇ ਤਾਂ ਚੰਗਾ ਹੈ।' ਇਸਤਰਾਂ ਮਨ ਹੀ ਮਨ ਸੋਚਦਾ ਹੋਇਆ ਬੜੇ ਉਤਸ਼ਾਹ ਨਾਲ ਸਿਰ ਨੀਵਾਂ ਕਰਕੇ ਹੱਥ ਜੋੜੀ ਸਤਿਗੁਰੂ ਵਲ ਚਲਿਆ ਗਿਆ। ਜਦੋਂ ਲਾਹੋ ਜਾਕੇ ਚਰਨਾਂ ਉਪਰ ਸਿਰ ਰਖਣ ਲੱਗਾ ਤਾਂ ਸਤਿਗੁਰੂ ਜੀ ਸਿਰ ਚਰਨਾਂ ਤੇ ਲਗਣ ਤੋਂ ਪਹਿਲਾਂ ਹੀ ਡੌਲਿਓਂ ਫੜਕੇ ਹੁਜਕਾ ਮਾਰਿਆ ਤੇ ਕਾਹਲੀ ਨਾਲ ਖਿਚਕੇ ਤੰਬੂ ਵਿਚ ਲੈ ਗਏ । ਪਹਿਲੇ ਦੀ ਤਰਾਂ ਆਵਾਜ਼ ਫਿਰ ਆਈ। ਲਹੂ ਦੀ ਧਾਰਾ ਹੋਰ ਚਲੀ। ਤਲਵਾਰ ਨਾਲ ਲਹੂ ਨਾਲ ਧੋਤੀ ਗਈ। ਕੋਈ ਦਸ ਮਿੰਟ ਪਿਛੋਂ ਸਤਿਗੁਰੂ ਜੀ ਫਿਰ ਬਾਹਰ ਆ ਗਏ।

ਸਤਿਗੁਰੂ ਜੀ ਜਾਂ ਤੀਸਰੀ ਵਾਰ ਸਟੇਜ ਉਤੇ ਆਕੇ ਖਲੋਤੇ, ਤਾਂ ਕਈਆਂ ਅਗਿਆਨੀਆਂ ਤੇ ਥੋੜ ਦਿਲ ਵਾਲਿਆਂ ਨੇ ਕਿਹਾ, 'ਕੀ ਸਤਿਗੁਰੂ ਜੀ ਪ੍ਰਸਰਾਮ ਵਾਂਗ ਕਰਨ ਲਗੇ ਹਨ ? ਕੀ ਸਾਰੇ ਸਿਖਾਂ ਨੂੰ ਮਾਰ ਸੁਟਣਗੇ ? ਕੀ ਚੰਡੀ (ਨੈਣਾ ਦੇਵੀ ਦੇ ਪਰਬਤ ਤੇ ਹੋਮ ਦਾ ਤਪ) ਨੇ ਪੁਠਾ ਚੱਕਰ ਤਾਂ ਨਹੀਂ ਚਲਾ ਦਿਤਾ ? ਇਸਤਰਾਂ ਤਾਂ ਜੀਵਨ ਤੋਂ ਨਿਰਾਸ ਪੁਰਸ਼ ਕਰਦੇ ਹਨ। ਹੁਣ ਦੀਵਾਨ ਵਿਚੋਂ ਨਸਣਾ ਹੀ ਚੰਗਾ ਹੈ । ਯਾਦਵਾਂ ਦੀ ਤਰਾਂ ਕੁਲ ਨਾਸ ਹੋ ਜਾਵੇਗੀ।'

Sri Satguru Jagjit Singh Ji eLibrary NamdhariElibrary@gmail.com

ਇਉਂ ਸੋਚਦੇ ਹੋਏ ਕਦੀ ਖਿਸਕਣਾ ਚਾਹੁੰਦੇ ਸਨ ਪਰ ਸਤਿਗੁਰੂ ਜੀ ਦੇ ਸਨਮੁਖ ਖਲੋਤਿਆਂ ਹੋਇਆਂ ਦੀਵਾਨ ਵਿਚੋਂ ਉਠ ਕੇ ਜਾਣਾ ਖਤਰੇ ਤੋਂ ਖਾਲੀ ਨਹੀਂ ਸੀ। ਉਹ ਚੁਪ ਚਾਪ ਦੜ ਵਟ ਕੇ ਬੈਠੇ ਰਹੇ।

'ਇਕ ਹੋਰ ਸਿੱਖ ਦੀ ਲੋੜ ਹੈ, ਜੇਹੜਾ ਆਪਣਾ ਸਿਰ ਅਸਾਂ ਨੂੰ ਦੇਵੇ।' ਸਤਿਗੁਰੂ ਜੀ ਦਾ ਤੀਸਰੀ ਵਾਰ ਸਿਰ ਦੀ ਮੰਗ ਕਰਨਾ ਸੀ। ਬਸ ਇਹ ਬਚਨ ਕੀ ਸੀ ਬੰਬ ਦਾ ਗੋਲਾ ਸੀ ਸਾਰੇ ਹੈਰਾਨ ਹੋ ਕੇ ਤੇ ਡਰਕੇ ਸੁੰਨ ਹੋ ਗਏ। ਉਹ ਡੌਰ ਭੌਰੇ ਹੋਏ ਇਕ ਦੂਸਰੇ ਦੇ ਮੂੰਹ ਵਲ ਦੇਖਣ ਲਗੇ।

ਸਾਹਿਬਾਂ ਨੇ ਦੂਸਰੀ ਵਾਰ ਹੁਕਮ ਕੀਤਾ—'ਐਨੇ ਸਿੱਖਾਂ ਦੀ ਹਾਜਰੀ ਹੈ ਕੀ ਅਸਾਂ ਦਾ ਸੱਚਾ ਸਿੱਖ ਹੋਰ ਕੋਈ ਨਹੀਂ ਜੋ ਆਪਣਾ ਸਿਰ ਭੇਟਾ ਕਰੇ?'

ਇਸ ਬਚਨ ਨੂੰ ਸੁਣਕੇ ਭਾਈ ਮੁਹਕਮ ਚੰਦ ਦੀਵਾਨ ਵਿਚੋਂ ਉਠ ਕੇ ਖਲੋ ਗਿਆ ਉਸਦੀ ਉਮਰ ਉਸ ਵੇਲੇ ਛੱਤੀ ਸਾਲ ਦੇ ਲਗ ਪਗ ਸੀ। ਉਸਨੇ ਵੀ ਪਹਿਲਾਂ ਦੀ ਤਰਾਂ ਹਥ ਜੋੜੇ ਤੇ ਸਿਰ ਨੀਵਾਂ ਕੀਤਾ ਹੌਲੀ ਹੌਲੀ ਚਲ ਕੇ ਸਤਿਗੁਰੂ ਜੀ ਦੇ ਪਾਸ ਚਲਿਆ ਗਿਆ। ਸਾਹਿਬਾਂ ਨੇ ਦੂਣੇ ਜੋਸ਼ ਨਾਲ ਉਸਦੀ ਬਾਂਹ ਫੜੀ ਤੇ ਖਿਚਕੇ ਅੰਦਰ ਲੈ ਗਏ। ਸਤਿਗੁਰੂ ਜੀ ਦੇ ਤੰਬੂ ਵਿਚ ਦਾਖਲ ਹੋਣ ਦੀ ਢਿੱਲ ਸੀ ਕਿ ਦੀਵਾਨ ਵਿਚ ਹਲਚਲੀ ਮਚ ਗਈ। ਸਿਦਕ ਦੀਆਂ ਡੀਂਗਾਂ ਮਾਰਨ ਵਾਲੇ ਉਠਕੇ ਤੁਰ ਗਏ। ਮਮੰਦਾਂ ਨੇ ਮਾਤਾ ਜੀ ਨੂੰ ਜਾ ਕਿਹਾ—'ਸਤਿਗੁਰੂ ਜੀ ਆਪੇ ਤੋਂ ਬਾਹਰ ਹੋ ਗਏ ਹਨ ਮਾਤਾ ਜੀ ਛੇਤੀ ਕਰੋ ਆਪ ਦੀਵਾਨ ਵਿਚ ਚਲਕੇ ਉਨ੍ਹਾ ਨੂੰ ਸਮਝਾਓ ਜੇ ਹੋ ਸਕੇ ਤਾਂ ਗੁਰਗੱਦੀ ਤੋਂ ਪਾਸੇ ਕਰਕੇ ਟਿਕੇ ਅਜੀਤ ਸਿੰਘ ਜੀ ਨੂੰ ਗੁਰਿਆਈ ਦਾ ਤਿਲਕ ਲਾ ਦਿਓ ਇਸ ਤਰ੍ਹਾਂ ਤਾਂ ਸਾਰੇ ਸਿੱਖਾਂ ਨੂੰ ਮਾਰ ਸੁਟਣਗੇ। ਬਹੁਤੇ ਸਿੱਖ ਅਨੰਦਪੁਰ ਤੋਂ ਨਸ ਗਏ ਹਨ ਬਾਕੀ ਦੇ ਬਿਸਤਰੇ ਗੋਲ ਕਰ ਰਹੇ ਹਨ। ਕੋਈ ਪਤਾ ਨਹੀਂ ਕੀ ਆਸ਼ਾ ਹੈ, ਬਸ ਇਕ ਨੂੰ ਝਟਕਾਕੇ ਆਉਂਦੇ ਹਨ ਤੇ ਦੂਸਰੇ ਦੀ ਮੰਗ ਆ ਕਰਦੇ ਹਨ। ਇਕ ਪੁਰਸ਼ ਦਾ ਖੂਨ ਹੋਵੇ ਤਾਂ ਹਨੇਰ ਛਾ ਜਾਂਦਾ ਹੈ, ਸਾਹਿਬਾਂ ਨੇ ਤਾਂ ਤਿੰਨਾਂ ਆਦਮੀਆਂ ਦਾ ਖੂਨ ਕਰ ਦਤਾ ਹੈ ਦਸੋ ਕੀ ਕਰੀਏ?'

'ਸਭ ਕੁਝ ਸੁਣ ਚੁਕੀ ਹਾਂ।' ਮਾਤਾ ਜੀ ਨੇ ਉਤਰ ਦਿਤਾ, ਪਰ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੀ ਆਗਿਆ ਤੋਂ ਬਿਨਾਂ ਦੀਵਾਨ ਵਿਚ ਨਹੀਂ ਜਾ ਸਕਦੀ। ਮੇਰੀ ਆਤਮਾ ਨੂੰ ਸ਼ਾਂਤੀ ਹੈ। ਮੇਰੀ ਆਤਮਾ ਨੂੰ ਸ਼ੱਕ ਨਹੀਂ ਕਿ ਉਹ ਮਾੜਾ ਕਰ ਰਹੇ ਹਨ। ਅਕਾਲ ਪੁਰਖ ਦੇ ਹੁਕਮ ਅਨੁਸਾਰ ਕੋਈ ਕੌਤਕ ਹੋ ਰਿਹਾ ਹੈ। ਅਕਾਲ ਪੁਰਖ ਭਲੀ ਕਰੇਗਾ। ਕਿਸੇ ਦਾ ਨੁਕਸਾਨ ਨਹੀਂ ਹੋਵੇਗਾ। ਚੁਪ ਚਾਪ ਕੌਤਕ ਦੇਖਦੇ ਜਾਵੋ। ਇਸ ਸਮੇਂ ਉਨ੍ਹਾਂ ਦੇ ਕੰਮ ਵਿਚ ਦਖਲ ਦੇਣਾ ਠੀਕ ਨਹੀਂ।'

'ਮੈਨੂੰ ਸਿਖ ਦੇ ਸਿਰ ਦੀ ਲੋੜ ਹੈ।' ਸਤਿਗੁਰੂ ਜੀ ਦਾ ਬਚਨ ਸੀ। ਉਸ ਵੇਲੇ ਸਾਹਿਬਾਂ ਦੇ ਨੇਤ੍ਰ ਮਸਾਲਾਂ ਵਾਂਗ ਬਲ ਰਹੇ ਸਨ ਚੇਹਰੇ ਤੋਂ ਲਾਲੀ ਚੋ ਚੋ ਪੈਂਦੀ ਸੀ। ਜੋਸ਼ ਨਾਲ ਬੁਲ੍ਹ ਫਰਕੀ ਜਾਂਦੇ ਸਨ। ਸਚ ਮੁਚ ਸ਼ਿਵਜੀ ਮਹਾਰਾਜ ਨਾਚ ਕਰਦੇ ਸਨ। ਲਹੂ ਰਤੀ ਤੇਗ ਜਦੋਂ ਘੁੰਮਦੀ ਸੀ ਤਾਂ ਲਹੂ ਦੇ ਤੁਬਕੇ ਡਿਗਦੇ ਸਨ।

ਸਾਹਿਬ ਚੰਦ ਨਾਮ ਦਾ ਸਿਖ ਉਠਿਆ ਅਗੇ ਹੋਕੇ ਕਹਿਣ ਲਗਾ—'ਮੈਂ ਹਾਜ਼ਰ ਹਾਂ, ਮੇਰਾ ਸਿਰ ਹਾਜ਼ਰ ਹੈ। ਸਭ ਕੁਝ ਆਪਦਾ ਹੈ, ਮੇਹਰ ਕਰੋ ਤੇ ਗਰੀਬ ਦਾ ਸਿਰ ਪ੍ਰਵਾਨ ਕਰੋ, ਲੇਖੇ ਲਗ ਜਾਵੇ।

'ਆ ਬੇਟਾ! ਆ! ਅਸਾਂ ਨੂੰ ਸਿਰ ਦੀ ਲੋੜ ਹੈ, ਸਿੱਖਾਂ ਦੇ ਸਿਰਾਂ ਦੀ, ਬਹੁਤ ਸਿਰਾਂ ਦੀ, ਕਹਿ ਨਹੀਂ ਸਕਦੇ ਕਿੰਨੇ ਸਿਰਾਂ ਦੀ। ਬਸ ਆਓ ਤੇ ਮਨੋਰਥ ਪੂਰਾ ਕਰੋ।' ਸਤਿਗੁਰੂ ਜੀ ਬਚਨ ਕੀਤਾ ਤੇ ਖਿਚਕੇ ਤੰਬੂ ਵਿਚ ਲੈ ਗਏ।

ਜਦੋਂ ਚਾਰ ਸਿੱਖ ਸ਼ਹੀਦ ਹੋ ਗਏ ਤੇ ਸਤਿਗੁਰੂ ਜੀ ਦੇ ਬਚਨ ਵੀ ਸੁਣ ਲਏ—'ਬਹੁਤ ਸਿਰਾਂ ਦੀ ਲੋੜ ਹੈ।' ਤਾਂ ਦੀਵਾਨ ਵਿਰਲਾ ਹੋ ਗਿਆ' ਥੋੜੇ ਜਿਹੇ ਸਿਦਕੀ ਸਿੱਖ ਬੈਠੇ ਰਹੇ। ਮਸੰਦ ਤਾਂ ਕੋਈ ਵੀ ਪੰਡਾਲ ਵਿਚ ਨਾ ਰਿਹਾ। ਥੋੜ-ਦਿਲਾਂ ਨੇ ਹਾਹਾ-ਕਾਰ ਮਚਾ ਦਿਤੀ। ਵਿਸਾਖੀ ਦਾ ਪਹਿਲਾ ਦਿਹਾੜਾ ਸੀ. ਖੁਸ਼ੀਆਂ ਦੀ ਥਾਂ ਉਦਾਸੀ ਛਾ ਗਈ ਸੀ।

ਸਤਿਗੁਰੂ ਜੀ ਪੰਜਵੀਂ ਵਾਰ ਸਟੇਜ ਉਪਰ ਆ ਗਏ। ਤੇਗ (ਸ੍ਰੀ ਸਾਹਿਬ) ਅਜੇ ਵੀ ਲਹੂ ਰੰਗੀ ਤੇ ਭਿਜੀ ਉਨ੍ਹਾਂ ਦੇ ਹਥ ਵਿਚ ਸੀ ਚੇਹਰੇ ਦੀ

Sri Satguru Jagjit Singh Ji eLibrary NamdhariElibrary@gmail.com

ਹਾਲਤ ਨਹੀਂ ਸੀ ਬਦਲੀ। ਉਹਨਾਂ ਨੇ ਫਿਰ ਕਿਹਾ—ਗੁਰੂ ਘਰ ਦੇ ਪਰੇਮੀਓ ਤੇ ਸਿਦਕਵਾਨੋਂ ! ਇਕ ਸਿਖ ਦੇ ਸਿਰ ਦੀ ਹੋਰ ਲੋੜ ਹੈ।

'ਇਹ ਲੋੜ ਕਦੋਂ ਪੂਰੀ ਹੋਵੇਗੀ ? ਕਈਆਂ ਨੇ ਸੋਚਿਆ ਤੇ ਅੱਖਾਂ ਮੀਟ ਲਈਆਂ। ਪਰ ਇਕ ਹਿੰਮਤ ਰਾਏ ਸਿਖ ਉਠਿਆ ਜੋ ਜਗਨ ਨਾਥ ਦਾ ਰਹਿਣ ਵਾਲਾ ਸੀ ਉਸ ਨੇ ਵੀ ਓਸੇ ਤਰ੍ਹਾਂ ਹਥ ਜੋੜੇ ਜਿਸ ਤਰ੍ਹਾਂ ਪਹਿਲਿਆਂ ਨੇ ਜੋੜੇ ਸਨ। ਓਸੇ ਤਰ੍ਹਾਂ ਹੀ ਨਮਸ਼ਕਾਰ ਕੀਤੀ ਜਿਸ ਤਰ੍ਹਾਂ ਪਹਿਲਿਆਂ ਨੇ ਕੀਤੀ ਸੀ। ਸਾਹਿਬਾਂ ਨੇ ਉਸਨੂੰ ਬਾਹੋਂ ਫੜ ਲਿਆ ਤੇ ਤੰਬੂ ਵਿਚ ਲੈ ਗਏ। ਫਿਰ ਕੀ ਸੀ ਦੀਵਾਨ ਵਿਚੋਂ ਹੋਰ ਲੋਕ ਉਠਕੇ ਚਲੇ ਗਏ। ਦੀਵਾਨ ਪੰਡਾਲ ਤੋਂ ਬਾਹਰ ਹੋਕੇ ਗਲਾਂ ਕਰਨ ਲਗੇ।

ਵੀਹ ਹਜ਼ਾਰ ਦੀ ਹਾਜ਼ਰੀ ਦੇ ਦੀਵਾਨ ਵਿਚ ਮਸਾਂ ਪੰਜ ਚਾਰ ਸੌ ਦੇ ਕਰੀਬ ਸਿਦਕੀ ਸਿਖ ਬੈਠੇ ਰਹੇ। ਪੰਜਵੇਂ ਸਿੱਖ ਭਾਈ ਹਿੰਮਤ ਰਾਏ ਨੂੰ ਤੰਬੂ ਵਿਚ ਲੈ ਜਾਣ ਪਿਛੋਂ ਸਤਿਗੁਰੂ ਜੀ ਛੇਤੀ ਬਾਹਰ ਨਹੀਂ ਆਏ ਇਹ ਵੀ ਹੈਰਾਨੀ ਵਾਲੀ ਗਲ ਸੀ। ਮਸੰਦ ਹੋਰ ਦੇ ਹੋਰ ਹੀ ਖਿਆਲ ਕਰਨ ਲਗ ਪਏ, ਉਨ੍ਹਾਂ ਨੂੰ ਡਰ ਹੋਇਆ ਕਿ ਕਿਤੇ ਸਤਿਗੁਰੂ ਜੀ ਆਪ ਹੀ ਆਤਮਘਾਤ ਨਾ ਕਰ ਲੈਣ। ਉਹ ਤੰਬੂ ਦੇ ਨੇੜੇ ਹੋਕੇ ਕੰਨ ਲਾਂਆਂ ਲੈਣ ਲਗੇ।

੧੩. ਪੰਜ ਪਿਆਰੇ

ਪੰਜਵੇਂ ਸਿੱਖ ਨੂੰ ਤੰਬੂ ਵਿਚ ਲਿਜਾਕੇ ਸਤਿਗੁਰੂ ਜੀ ਫਿਰ ਮੁੜਕੇ ਛੇਤੀ ਵਾਪਸ ਨਹੀਂ ਆਏ ਉਸ ਸਮੇਂ ਵਿਚ ਸਾਰੇ ਮੂੰਹ ਜੋੜ ਜੋੜ ਕੇ ਗਲਾਂ ਕਰਦੇ ਰਹੇ ਕਿਸੇ ਦਾ ਕੁਝ ਵਿਚਾਰ ਸੀ ਤੇ ਕਿਸੇ ਦਾ ਕੁਝ ਸੀ। ਚੇਹਰਿਆਂ ਤੋਂ ਨਿਰਭੈਤਾ ਦੇ ਨਿਸ਼ਾਨ ਦੂਰ ਸਨ, ਕਈਆਂ ਦੇ ਹਿਰਦੇ ਕੰਬਦੇ ਸਨ ਉਹ ਡਰਦੇ ਸਨ ਕਿ ਕਿਤੇ ਸਤਿਗੁਰੂ ਜੀ ਮੁੜਕੇ ਨਾ ਆਕੇ ਕਹਿਣ ਕਿ 'ਹੋਰ ਸਿਰਾਂ ਦੀ ਲੋੜ ਹੈ' ਏਹ ਉਸ ਸਤਿਗੁਰੂ ਜੀ ਦੀ ਨਿੰਦਾ ਵੀ ਕਰਦੇ ਸਨ। ਸਵਰਗ ਵਿਚ ਬੈਠੇ ਹੋਏ ਅਭਾਗੇ ਪ੍ਰਾਣੀ ਨਰਕ ਦੀ ਆਸ ਕਰ ਰਹੇ ਸਨ। ਸਤਿਗੁਰੂ ਜੀ ਦੇ ਕੌਤਕਾਂ ਵਲ

Sri Satguru Jagjit Singh Ji eLibrary NamdhariElibrary@gmail.com

ਕੋਈ ਇਕ ਘੰਟੇ ਪਿਛੋਂ ਸਤਿਗੁਰੂ ਜੀ ਤੰਬੂ ਵਿਚੋਂ ਬਾਹਰ ਆਏ ਉਨ੍ਹਾਂ ਦੇ ਹਥ ਵਿਚ ਤੇਗ ਨਹੀਂ ਸੀ, ਤੇਗ ਮਿਆਨ ਵਿਚ ਸੀ ਅਤੇ ਚੇਹਰੇ ਉਤੇ ਨਿਰਾਲੀ ਮੁਸਕ੍ਰਾਹਿਟ ਸੀ ਸਾਰਾ ਚੇਹਰਾ ਨੂਰੋ ਨੂਰ ਹੋਇਆ ਹੋਇਆ ਸੀ ਉਨ੍ਹਾਂ ਦੇ ਪਿਛੇ ਉਹ ਪੰਜੇ ਸਿਖ ਸਨ ਜਿਨ੍ਹਾ ਦੇ ਸੀਸ ਲਏ ਸਨ ਉਹਨਾਂ ਦਾ ਇਕ ਪੁਸ਼ਾਕਾ ਸੀ ਉਹਨਾਂ ਦੇ ਚੇਹਰਿਆਂ ਉਤੇ ਵੀ ਰਬੀ ਨੂਰ ਸੀ ਉਹ ਵੀ ਬੁਲ੍ਹਾਂ ਵਿਚ ਮੁਸਕਰਾ ਰਹੇ ਸਨ ਅੱਖਾਂ ਵਿਚ ਨੂਰ ਦੀ ਚਮਕ ਸੀ ਉਹ ਦੇਵਤੇ ਲਗਦੇ ਸਨ। ਉਹਨਾਂ ਪੰਜਾਂ ਨੂੰ ਸਾਹਿਬਾਂ ਦੇ ਪਿਛੇ ਆਉਂਦਿਆਂ ਦੇਖਕੇ ਜੇਹੜੇ ਸਿਖ ਪੰਡਾਲ ਵਿਚ ਬੈਠੇ ਰਹੇ ਸਨ ਉਹ ਬਹੁਤ ਖੁਸ਼ ਹੋਏ ਉਹਨਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਓਹ ਮੂੰਹ ਵਿਚ ਉਂਗਲਾਂ ਪਾ ਪਾ ਕੇ ਸੋਚਣ ਲਗੇ ਕਿ ਕੀ ਕੌਤਕ ਹੋ ਗਿਆ । ਜੇ ਏਸੇ ਤਰਾਂ ਹੋਣਾ ਸੀ ਤਾਂ ਅਸੀਂ ਕਿਉਂ ਨਾ ਅਗੇ ਹੋ ਕੇ ਸਿਰ ਦਿਤੇ। ਸਤਿਗੁਰੂ ਜੀ ਨੇ ਆਪਣੇ ਸ਼ਿੱਖਾਂ ਦੀ ਪਰੀਖਿਆ ਕੀਤੀ। ਅਸੀਂ ਮੋਹ ਦੇ ਸ਼ਿਕਾਰ ਹੋ ਗਏ । ਇਸ ਤਰਾਂ ਉਹ ਵਿਚਾਰਾਂ ਕਰਦੇ ਹੋਏ ਪੰਜਾਂ ਵਲ ਦੇਖਦੇ ਰਹੇ।

ਸਟੇਜ ਉਤੇ ਪੁਜਕੇ ਸਤਿਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਆਪਣੇ ਬਰਾਬਰ ਤੇ ਖੜਾ ਕਰਕੇ ਆਖਿਆ—'ਇਹ ਪੰਜ ਸਿੱਖ ਮੇਰੇ ਪਿਆਰੇ ਸਿੱਖ ਹਨ ਇਨ੍ਹਾਂ ਦਾ ਨਾਮ ਅਜ ਤੋਂ 'ਪੰਜ ਪਿਆਰੇ' ਹੈ। ਇਹ ਪੰਜ ਪਿਆਰੇ ਨਵੇਂ ਪੰਥ ਦੀ ਸਾਜਨਾ ਕਰਨਗੇ। ਜੇਹੜਾ ਪੰਥ ਦੂਸਰੇ ਮਜ਼ਹਬਾਂ ਨਾਲੋਂ ਵਖਰਾ ਹੋਵੇਗਾ। ਬਾਕੀ ਸਾਰਾ ਕਾਰਜ ਕਲ ਕੀਤਾ ਜਾਵੇਗਾ। ਸਾਰੀ ਸਿੱਖ ਸੰਗਤ ਦੀਵਾਨ ਵਿਚ ਪੁਜੇ ਕੋਈ ਪ੍ਰਾਣੀ ਕਲ ਦੇ ਦੀਵਾਨ ਵਿਚ ਗੈਰ ਹਾਜ਼ਰ ਨਾ ਹੋਵੇ।'

ਇਹ ਆਖਕੇ ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਵਿਦਾ ਕੀਤਾ। ਓਹ ਮੁੜ ਸੰਗਤ ਵਿਚ ਇਕ ਪਾਸੇ ਬਿਰਾਜ ਗਏ ਤੇ ਕੀਰਤਨ ਸੁਨਣ ਲਗੇ ਅਤੇ ਸਤਿਗੁਰੂ ਜੀ ਘਰ ਨੂੰ ਚਲੇ ਗਏ। ਅਤੇ ਮਾਤਾ ਗੁਜਰੀ ਜੀ ਸਤਿਗੁਰੂ ਜੀ ਦੇ ਮਹਿਲ ਮਾਤਾਂ ਜੀਤੋ ਜੀ, ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਬਹੁਤ ਤੀਬਰ ਧੜਕਣ ਨਾਲ ਉਡੀਕ ਕਰ ਰਹੀਆਂ ਸਨ । ਸਭ ਨੇ ਬੜੀ ਹੈਰਾਨੀ ਨਾਲ ਸਾਰੇ ਕੌਤਕ ਦੇ ਹੋਨ ਨੂੰ ਪੁਛਿਆ । ਸਤਿਗੁਰੂ ਜੀ ਨੇ ਸਾਰਾ ਹਾਲ ਪੂਰੇ

Sri Satguru Jagjit Singh Ji eLibrary NamdhariElibrary@gmail.com

ਵਿਸਥਾਰ ਨਾਲ ਸੁਣਾਇਆ। ਇਹ ਸੁਣਕੇ ਮਾਤਾ ਜੀ ਤੇ ਸਤਿਗੁਰੂ ਜੀ ਦੇ ਮਹਿਲ ਬਹੁਤ ਪ੍ਰਸੰਨ ਹੋਏ।

੧੪. ਅੰਮ੍ਰਿਤ ਤਿਆਰ ਕਰਨਾ

ਸੰਮਤ ੧੭੫੭ (ਈਸਵੀ ੧੭੦੦) ਦੀ ਵਿਸਾਖੀ ਗੁਰੂ ਖਾਲਸਾ ਪੰਥ ਦਾ ਜਨਮ ਦਿਹਾੜਾ ਹੈ। ਇਸ ਦਿਹਾੜੇ ਨੂੰ ਤਦੇ 'ਖਾਲਸੇ ਦਾ ਜਨਮ ਦਿਨ' ਆਖਦੇ ਹਨ ਅਤੇ ਅਜ ਤਕ ਬੜੀ ਧੂਮ ਧਾਮ ਨਾਲ ਸਤਕਾਰਿਆ ਤੇ ਮਨਾਇਆਂ ਜਾਂਦਾ ਹੈ। ਇਕ ਦਿਨ ਪਹਿਲਾਂ ਦੇ ਕੌਤਕ ਨੇ ਸਿਖ ਸੰਗਤਾਂ ਨੂੰ ਹੈਰਾਨ ਕੀਤਾ ਤੇ ਡਰਾਇਆ ਸੀ। ਜੇਹੜੇ ਡਰ ਗਏ ਸਨ ਉਹ ਨੇੜੇ ਨਹੀਂ ਸਨ ਖਲੋਤੇ ਉਨ੍ਹਾਂ ਵਿਚੋਂ ਕੋਈ ਪਹਾੜਾਂ ਉਹਲੇ ਹੋ ਗਏ ਸੀ ਤੇ ਕਿਸੇ ਨੇ ਦਰਿਆਂ ਸਤਲੁਜ ਕਿਨਾਰੇ ਡੇਰੇ ਜਾ ਲਾਏ ਸਨ, ਕਿਸੇ ਨੇ ਅੱਖਾਂ ਮੀਟਕੇ ਝੂਠੀ ਸਮਾਧੀ ਧਾਰਨ ਕਰ ਲਈ ਸੀ। ਐਸੀ ਹਾਲਤ ਵਿਚ ਉਹ ਡਰੇ ਚਿਤ ਬੈਠੇ ਸਨ ਕਿ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਪੰਜਾਂ ਸਿਰਾਂ ਤੋਂ ਵਧ ਸਾਹਿਬਾਂ ਨੇ ਮੰਗੇ ਨਹੀਂ ਤੇ ਜੇਹੜੇ ਸਿਖਾਂ ਦੇ ਸਿਰ ਧੜ ਨਾਲੋਂ ਵਖ ਕੀਤੇ ਸਨ ਉਹ ਆਪਣੀ ਬ੍ਰਹਮ ਸ਼ਕਤੀ ਨਾਲ ਜੋੜ ਲਏ ਸਨ। ਸਤਿਗੁਰੂ ਜੀ ਸਚਮੁਚ ਵਿਸ਼ਨੂੰ ਜਾਂ ਬ੍ਰਹਮਾਂ ਅਵਤਾਰ ਹਨ ਇਸ ਵਾਸਤੇ ਡਰਨ ਦੀ ਲੋੜ ਨਹੀਂ। ਚਲੋ ਦਰਸ਼ਨ ਕਰੀਏ ਤੇ ਨਿਹਾਲ ਹੋਈਏ ਐਵੇਂ ਹੀ ਡਰਦੇ ਮਾਰੇ ਨਸ ਆਏ। ਇਉਂ ਸੋਚ ਕੇ ਉਹ ਸਾਰੇ ਵਾਪਸ ਮੁੜ ਆਏ, ਵਾਪਸ ਆਕੇ ਉਹਨਾਂ ਨੇ ਸਭ ਤੋਂ ਪਹਿਲਾਂ ਪੰਡਾਲ ਵਿਚ ਥਾਂ ਮੱਲੀ।

ਜੇਹੜਾ ਵੀ ਮਾਈ ਭਾਈ ਦੂਰ ਸੀ ਉਹ ਛੇਤੀ ਨਾਲ ਪੰਡਾਲ ਵਲ ਨੱਸਾ ਕਿ ਦੇਖੀਏ ਅੱਜ ਸਤਿਗੁਰੂ ਜੀ ਮਹਾਰਾਜ ਕੀ ਕੌਤਕ ਕਰਦੇ ਹਨ। ਅੰਮ੍ਰਿਤ ਵੇਲੇ ਤੋਂ ਬਹੁਤ ਭੀੜ ਹੋ ਗਈ। ਕੇਸਗੜ੍ਹ ਦੇ ਅਸਥਾਨ ਤੇ ਬਹੁਤ ਵਡੇ ਥੜੇ ਦੇ ਅਗੇ ਦੂਰ ਦੂਰ ਤਕ ਸਿਖ ਸੰਗਤ ਦੇ ਬੈਠਣ ਦੀ ਥਾਂ ਸੋਹਣੀ ਖੁਲ੍ਹੀ ਸੀ, ਸਾਰੀ ਭਰ ਗਈ, ਤਿਲ ਮਾਰਿਆਂ ਭੋਂ ਤੇ ਨਹੀਂ ਸੀ ਡਿਗਦਾ। ਜੁੜ ਜੁੜ ਕੇ ਸੰਗਤ ਬੈਠ ਗਈ 'ਆਸਾ ਦੀ ਵਾਰ' ਦੇ ਕੀਰਤਨ ਦਾ ਭੋਗ ਪਿਆ ਤਾਂ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਸਿੰਘਾਸਣ ਉਪਰ ਆ ਬੈਠੇ । ਸਾਹਿਬ ਅਜ ਚਿਟੇ ਬਸਤਰਾਂ ਵਿਚ ਸਨ, ਚਿੱਟੀ ਦਸਤਾਰ, ਮਥੇ ਤੇ ਕਲਗੀ ਤੇ ਚਿੱਟਾ ਚੋਲਾ ਚੂੜੀਦਾਰ ਪਜਾਮਾ, ਗਾਤਰੇਕ੍ਰਿਪਾਨ ਸੀ। ਸਾਹਿਬਾਂ ਦੇ ਬੈਠਣ ਪਿਛੋਂ 'ਪੰਜ ਪਿਆਰੇ' ਆਏ, ਉਨ੍ਹਾਂ ਦੀਆਂ ਵਰਦੀਆਂ (ਬਸਤਰ) ਵੀ ਓਸੇ ਤਰਾਂ ਦੇ ਚਿਟੇ ਸਨ। ਕ੍ਰਿਪਾਨਾਂ ਗਾਤਰੇ ਸਨ, ਉਹਨਾਂ ਦਾ ਲੂੰ ਲੂੰ ਵਾਹਿਗੁਰੂ ਨਾਮ ਦਾ ਸਿਮਰਨ ਕਰ ਰਿਹਾ ਸੀ। ਓਹ ਸਾਹਿਬਾਂ ਦੇ ਕੋਲ ਖੜੋ ਗਏ, ਉਹਨਾਂ ਦੇ ਨੂਰੀ ਚੇਹਰੇ ਝਲ੍ਹਕਾਂ ਮਾਰਦੇ ਸਨ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਰਬ ਲੋਹ ਦਾ ਇਕ ਖੁਲ੍ਹਾ ਬਾਟਾ ਇਕ ਖੰਡਾ ਲਿਆਂਦਾ ਗਿਆ, ਦੋਹਾਂ ਨੂੰ ਮਾਂਜ ਧੋ ਕੇ ਲਿਸ਼ਕਾਇਆ ਹੋਇਆਸੀ. ਉਸ ਵਿਚ ਖੂਹ ਦਾ ਜਲ ਪਾ ਕੇ ਸਾਹਿਬ ਆਪ ਬੀਰ-ਆਸਣ ਹੋ ਕੇ ਬੈਠ ਗਏ ਤੇ ਖੰਡੇ ਨੂੰ ਜਲ ਵਿਚ ਫੇਰਦੇ ਹੋਏ 'ਅੰਮ੍ਰਿਤ' ਤਿਆਰ ਕਰਨ ਲਗੇ। ਆਪ ਬਾਣੀ ਪੜ੍ਹੀ ਜਾਂਦੇ ਸਨ—ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ, ਸਵਯੇ, ਚੌਪਈ ਤੇ ਅਨੰਦ ਸਾਹਿਬ ਇਨ੍ਹਾਂ ਪੰਜਾਂ ਬਾਣੀਆਂ ਦਾ ਪਾਠ ਹੋ ਰਿਹਾ ਸੀ ਕਿ ਕਰਤਾਰ ਦੇ ਹੁਕਮ ਨਾਲ ਮਾਤਾ ਸਾਹਿਬ ਕੌਰ ਜੀ ਝੋਲੀ ਵਿਚ ਪਤਾਸੇ ਪਾਕੇ ਆ ਹਾਜ਼ਰ ਹੋਏ, ਉਨ੍ਹਾਂ ਨੇ ਪਤਾਸੇ ਬਾਟੇ ਵਿਚ ਪਾ ਦਿਤੇ। ਉਹਨਾਂ ਪਤਾਸਿਆਂ ਨੂੰ ਦੇਖਕੇ ਸਾਹਿਬ ਪ੍ਰਸੰਨ ਹੋਏ, ਅੰਮ੍ਰਿਤ ਤਿਆਰ ਕਰੀ ਗਏ। ਉਸ ਸਮੇਂ ਮਾਤਾ ਜੀ ਨੂੰ ਕੁਝ ਨਹੀਂ ਕਿਹਾ ਸਗੋਂ ਇਸ਼ਾਰਾ ਕੀਤਾ ਕਿ ਉਹ (ਮਾਤਾ ਜੀ) ਉਨ੍ਹਾਂ ਦੇ ਲਾਗੇ ਹੀ ਬੈਠ ਜਾਣ। ਪਤੀ ਦੇਵ ਦਾ ਹੁਕਮ ਮੰਨ ਕੇ ਮਾਤਾ ਜੀ ਬੈਠ ਗਏ। ਪੰਜਾਂ ਬਾਣੀਆਂ ਦਾ ਪਾਠ ਕਰਕੇ ਸਾਹਿਬਾਂ ਤੇ ਪੰਜਾਂ ਪਿਆਰਿਆਂ ਨੇ 'ਅੰਮ੍ਰਿਤ' ਤਿਆਰ ਕੀਤਾ।

ਅਕਾਲ ਪੁਰਖ ਦੇ ਹੁਕਮ ਨਾਲ ਐਸਾ ਅੰਮ੍ਰਿਤ ਤਿਆਰ ਹੋਇਆ ਜਿਸ ਨੂੰ ਕਦੀ ਦੇਵਤੇ ਲਭਦੇ ਫਿਰਦੇ ਰਹੇ ਸਨ । ਜਿਸ ਬਦਲੇ ਕਦੀ ਸਿਕੰਦਰ ਨੇ ਬਨ ਪਰਬਤ ਛਾਣੇ ਸਨ । ਜਿਸ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਕਈਆਂ ਰਿਖੀਆਂ ਨੇ ਹਜ਼ਾਰਾਂ ਸਾਲ ਤਪੱਸਿਆ ਕੀਤੀ ਸੀ ਪਰ ਉਹਨਾਂ ਨੂੰ ਇਸ ਦੀ ਪਰਾਪਤੀ ਨਹੀਂ ਸੀ ਹੋਈ. ਓਹੋ ਅੰਮ੍ਰਿਤ ਸਤਿਗੁਰੂ ਜੀ ਨੂੰ ਪਰਾਪਤ ਹੋ ਰਿਹਾ।

ਸਤਿਗੁਰੂ ਜੀ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ।

Sri Satguru Jagjit Singh Ji eLibrary NamdhariElibrary@gmail.com

ਇਕ ਇਕ ਪਿਆਰੇ ਨੂੰ ਬੀਰ ਆਸਣ ਤੇ ਬੈਠਾ ਕੇ ਪਹਿਲਾਂ ਪੰਜ ਚੁਲੇ ਪਿਲਾ ਫਿਰ ਪੰਜ ਪੰਜ ਵੇਰ ਨੇਤਰਾਂ ਤੇ ਛਿਟੇ ਮਾਰੇ ਅਤੇ ਫਿਰ ਪੰਜ ਪੰਜ ਚੁਲੇ ਕੇਸਾਂ ਵਿਚ ਪਾਏ। ਇਕ ਚੁਲੇ ਦੇ ਨਾਲ ਸਾਹਿਬ ਆਖੀ ਗਏ—'ਬੋਲ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ॥' ਇਸਦੇ ਪਿਛੋਂ ਸਤਿਗੁਰੂ ਜੀ ਨੇ ਅੰਮ੍ਰਿਤ ਦਾ ਬਾਟਾ ਇਕ ਪਿਆਰੇ ਨੂੰ ਫੜਾਕੇ ਕਿਹਾ—'ਲਓ ਹੁਣ ਪੰਜੇ ਤੁਸੀਂ ਅਸਾਂ ਨੂੰ ਅੰਮ੍ਰਿਤ ਪਾਨ ਕਰਾਓ।'

ਪੰਜਾਂ ਪਿਆਰਿਆਂ ਨੇ ਜਿਵੇਂ ਆਪ ਅੰਮ੍ਰਿਤ ਛਕਿਆ ਸੀ, ਤਿਵੇਂ ਹੀ ਸਤਿਗੁਰੂ ਜੀ ਅੰਮ੍ਰਿਤ ਪਾਨ ਕਰਾਇਆ। ਇਹ ਕੌਤਕ ਦੇਖਕੇ ਸਾਰੀ ਸੰਗਤ ਹੈਰਾਨ ਹੋਈ, ਸੰਗਤ ਹੀ ਨਹੀਂ ਸਗੋਂ ਸਾਰਾ ਸੰਸਾਰ ਹੈਰਾਨ ਹੋਇਆ 'ਵਾਹਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।' ਸੰਸਾਰ ਵਿਚ ਜਿਨੇ ਵੀ ਮਹਾਂ ਪੁਰਖ ਅਵਤਾਰ ਗੁਰ ਪੀਰ ਹੋਏ ਹਨ ਉਹਨਾਂ ਨੇ ਆਪਣੇ ਮੁਰੀਦਾਂ(ਚੇਲਿਆਂ) ਪਾਸੋਂ ਦੀਖਜਾ ਨਹੀਂ ਪ੍ਰਾਪਤ ਕੀਤੀ। ਪਰ ਸਤਿਗੁਰੂ ਜੀ ਨੇ ਸੰਸਾਰ ਵਿਚ ਇਸ ਗਲ ਦਾ ਵਾਧਾ ਕਰਕੇ ਦਸਿਆ ਕਿ ਵਾਹਿਗੁਰੂ ਦੀ ਸ਼ਕਤੀ ਸੰਗਤ ਵਿਚ ਹੈ।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਤੇ ਆਪ ਪਾਨ ਕਰਦੇ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਬਚਨ ਕੀਤਾ—'ਅਜ ਤੋਂ ਪਹਿਲਾਂ ਚਰਨ ਪਾਹੁਲ ਦਿਤੀ ਜਾਂਦੀ ਸੀ ਪਰ ਹੁਣ ਨਵੇਂ ਸਮਾਜ ਨਵੇਂ ਖਿਆਲ ਤੇ ਨਵੇਂ ਬਲ ਨੂੰ ਜਨਮ ਦੇਣ ਵਾਸਤੇ ਨਵਾਂ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਇਸ ਅੰਮ੍ਰਿਤ ਨੂੰ ਪਾਨ ਕਰਨ ਵਾਲੇ ਇਸਤ੍ਰੀ ਪੁਰਸ਼ ਸ਼ੇਰ ਬਣ ਜਾਣਗੇ। ਸਾਰੇ ਅੰਮ੍ਰਿਤ ਪਾਨ ਕਰੋ ਤੇ ਖ਼ੁਸ਼ੀਆਂ ਪ੍ਰਾਪਤ ਕਰੋ। ਪਹਿਲਾਂ ਅਸਾਂ ਵੀ ਅੰਮ੍ਰਿਤ ਪਾਨ ਕਰ ਲਿਆ ਹੈ ਤਾਂ ਕਿ ਅਸੀਂ ਵੀ ਨਵੇਂ ਸਮਾਜ ਤੋਂ ਦੂਰ ਨਾ ਰਹਿ ਸਕੀਏ। ਇਸ ਨਵੇਂ ਸਮਾਜ ਦਾ ਨਾਮ 'ਖਾਲਸਾ ਪੰਥ' ਹੋਵੇਗਾ। ਜਗਤ ਦੀ ਭਲਾਈ ਵਾਸਤੇ ਖਾਲਸਾ ਪੰਥ ਪਰਗਟ ਕੀਤਾ ਜਾਂਦਾ ਹੈ। ਪਹਿਲਾਂ ਅੰਮ੍ਰਿਤ ਪਾਨ ਕਰ ਲਵੋ ਫਿਰ ਸਿਖਿਆ ਦਿਤੀ ਜਾਵੇਗੀ; ਫਿਰ ਖਾਲਸਾ ਪੰਥ ਦੇ ਨਿਯਮ ਉਪਨਿਯਮ ਸਮਝਾਏ ਜਾਣਗੇ।'

ਸਾਹਿਬਾਂ ਦੇ ਇਹ ਬਚਨ ਸੁਣਕੇ ਕੋਈ ਵੀਹ ਹਜ਼ਾਰ ਦੇ ਕਰੀਬ ਸਿਖ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਪਾਨ ਕਰਨ ਵਾਸਤੇ ਤਿਆਰ ਹੋ ਪਏ। ਅੰਮ੍ਰਿਤ ਦੇ ਬਾਟੇ ਵਿਚ ਨਿਰਮਲ ਜਲ ਹੋਰ ਮਿਲਾਇਆ ਗਿਆ ਤੇ ਸਿਖ ਸੰਗਤ ਨੂੰ ਛਕਾਉਣਾ ਆਰੰਭ ਕੀਤਾ।

ਸਤਿਗੁਰੂ ਜੀ ਨੂੰ ਅੰਮ੍ਰਿਤ ਪਾਨ ਕਰਾਉਣ ਵਾਸਤੇ ਉਚੇਚੀ ਤਿਆਰੀ ਨਾ ਕਰਾਉਣੀ ਪਈ ਕਿਉਂਕਿ ਸਾਹਿਬਾਂ ਨੇ ਪਹਿਲਾਂ ਹੀ ਸਿਖ ਸੰਗਤ ਵਿਚ ਇਹ ਅਸੂਲ ਪ੍ਰਚੱਲਤ ਕਰ ਦਿਤੇ ਸਨ। ਕੇਸ ਰੱਖਣਾ ਤੇ ਤਨ ਤੋਂ ਕੋਈ ਰੋਮ ਨਾ ਕਟਾਉਣਾ, ਕੜਾ ਤੇ ਕਛਿਹਰਾ ਪਹਿਨਣਾ ਅਤੇ ਕ੍ਰਿਪਾਨ ਨੂੰ ਕੋਲ ਰਖਣਾ। ਕੇ ਵਰਗੀ ਮਾੜੀ ਚੀਜ਼ ਨੂੰ ਪਹਿਲਾਂ ਹੀ ਸਿਖ ਹਥ ਨਹੀਂ ਸਨ ਲਾਉਂਦੇ, ਇਸ ਵਾਸਤੇ ਸਾਰੀ ਸੰਗਤ ਵਿਚੋਂ ਵੀਹ ਹਜ਼ਾਰ ਪ੍ਰਾਣੀਆਂ (ਮਰਦਾਂ ਤੇ ਬਚਿਆਂ) ਨੇ ਅੰਮ੍ਰਿਤ ਪਾਨ ਕੀਤਾ।

ਜਿਨ੍ਹਾਂ ਪੰਜਾਂ ਨੇ ਪੰਜਾਂ ਪਿਆਰਿਆਂ ਕੋਲੋਂ ਪਹਿਲਾਂ ਅੰਮ੍ਰਿਤ ਪਾਨ ਕੀਤਾ ਸੀ ਓਹਨਾਂ ਦੇ ਇਹ ਨਾਮ ਸਨ—ਭਾਈ ਰਾਮ ਸਿੰਘ. ਭਾਈ ਦੇਵਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸਰ ਸਿੰਘ ਤੇ ਭਾਈ ਫਤਹ ਸਿੰਘ। ਇਹਨਾਂ ਨੂੰ ਪੰਜ ਮੁਕਤੇ ਵੀ ਆਖਿਆ ਜਾਂਦਾ ਹੈ। ਜਿਸ ਜਿਸ ਨੇ ਅੰਮ੍ਰਿਤ ਪਾਨ ਕੀਤਾ ਸੀ ਓਸੇ ਓਸੇ ਦਾ ਨਾਮ ਬਦਲ ਕੇ ਰਖਿਆ ਗਿਆ। ਹਰ ਇਕ ਪੁਰਸ਼ ਦੇ ਨਾਲ 'ਸਿੰਘ' ਸ਼ਬਦ ਤੇ ਹਰ ਇਕ ਇਸਤ੍ਰੀ ਦੇ ਨਾਮ ਨਾਲ 'ਕੌਰ' ਸ਼ਬਦ ਲਾਇਆ। ਸਤਿਗੁਰੂ ਜੀ ਦਾ ਪਹਿਲਾ ਨਾਮ 'ਗੋਬਿੰਦ ਰਾਇ' ਸੀ ਤੇ ਅੰਮ੍ਰਿਤ ਪਾਨ ਕਰਨ ਪਿਛੋਂ (ਸਤਿਗੁਰੂ) ਗੋਬਿੰਦ ਸਿੰਘ ਰਖਿਆ ਗਿਆ। ਪੰਜਾਂ ਪਿਆਰਿਆਂ ਦੇ ਨਾਵਾਂ ਨਾਲ ਵੀ 'ਸਿੰਘ' ਸ਼ਬਦ ਜੋੜਿਆ ਗਿਆ। ਜਦ ਅੰਮ੍ਰਿਤ ਪਾਨ ਕਰਾਉਣ ਦੀ ਮਰਯਾਦਾ ਪੂਰੀ ਹੋ ਗਈ ਤਾਂ ਸਾਹਿਬਾਂ ਨੇ ਫਿਰ ਇਉਂ ਉਪਦੇਸ ਕੀਤਾ—'ਪਿਆਰੇ ਖਾਲਸਾ ਜੀ! ਅੱਜ ਤੋਂ ਤੁਸਾਂ ਦਾ ਨਵਾਂ ਜਨਮ ਹੋਇਆ ਹੈ। ਹੁਣ ਤੁਸਾਂ ਸਾਰਿਆਂ ਦੀਆਂ ਪਹਿਲੀਆਂ ਜਾਤਾਂ ਦਾ ਅੰਤ ਹੋ ਗਿਆ। ਸਾਰੇ ਹੀ ਸਿੰਘ 'ਖਾਲਸਾ ਪੰਥ' ਦੇ ਅੰਗ ਹਨ। ਪੰਥ ਰੂਪ ਹਨ। ਅੱਜ ਤੋਂ ਤੁਸੀਂ ਸ਼ੇਰ ਬਣ ਗਏ ਹੋ, ਕਿਸੇ ਨੂੰ ਭੈ ਦੇਣਾ ਨਹੀਂ, ਪਰ ਆਪ ਨੇ ਵੀ ਕਿਸੇ ਦਾ ਭੈ ਤੇ ਕਿਸੇ ਦਾ ਗੁਲਾਮ ਹੋ ਕੇ ਨਹੀਂ ਰਹਿਣਾ ਹੋਵੇਗਾ। ਜੇਹੜਾ ਗੁਰੂ ਕਾ

Sri Satguru Jagjit Singh Ji eLibrary NamdhariElibrary@gmail.com

ਸਿੰਘ ਹੋਵੇਗਾ ਉਹ ਕੇਸਾਧਾਰੀ ਰਹੇਗਾ ਤਾਂ ਕਿ ਕਿਸੇ ਨਾਲ ਰਲੇ ਨਾ ਤੇ ਦੂਰੋਂ ਹੀ ਦਿਸ ਪਵੇ ਕਿ ਸਿਖ ਆ ਰਿਹਾ ਹੈ।' ਇਸ ਤੋਂ ਅਗੇ ਰਹਿਤਾਂ ਦਸੀਆਂ ਜੋ ਅੰਤ ਵਿਚ ਜਾਕੇ ਦਸੀਆਂ ਜਾਣਗੀਆਂ।

੧੫. ਉਚੀਆਂ ਜਾਤਾਂ ਵਾਲਿਆਂ ਦਾ ਤੁਸਣਾ

ਵਿਸਾਖੀ ਦੇ ਪੁਰਬ ਉਤੇ ਬ੍ਰਾਹਮਣ ਅਤੇ ਉਹ ਲੋਕੀ ਵੀ ਆਏ ਹੋਏ ਸਨ ਜੋ ਜਾਤ ਗੋਤ ਦੇ ਅਭਰੇਪਨ ਦੇ ਪਰੇਮੀ ਸਨ। ਜੇਹੜੇ ਨਹੀਂ ਸਨ ਚਾਹੁੰਦੇ ਕਿ ਚਾਰੇ ਜਾਤਾਂ ਇਕੱਠੇ ਹੋਕੇ ਬੈਠਣ। ਉਹਨਾਂ ਜਦੋਂ ਦੇਖਿਆ ਕਿ ਸਤਿਗੁਰੂ ਜੀ ਨੇ ਚੌਹਾਂ ਵਰਨਾਂ ਦੇ ਬੰਦਿਆਂ ਨੂੰ ਇਕੱਠਿਆਂ ਕਰਕੇ ਅੰਮ੍ਰਿਤ ਛਕਾਇਆ ਹੈ ਤੇ ਰੋਟੀ ਬੇਟੀ ਦੀ ਸਾਂਝ ਵਾਸਤੇ ਪਰੇਰਨਾ ਕੀਤੀ ਹੈ ਤੇ 'ਖਾਲਸਾ ਪੰਥ' ਨਾਮ ਦੀ ਨਵੀਂ ਜਥੇਬੰਦੀ ਕਾਇਮ ਕੀਤੀ ਹੈ ਤਾਂ ਉਹ ਤੜਪ ਉਠੇ। ਉਹ ਸਤਿਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਚੇ ਤੇ ਸਚੇ ਜੀਵਨ ਮਨੋਰਥ ਨੂੰ ਭੁਲ ਗਏ ਉਹਨਾਂ ਨੇ ਰੌਲਾ ਪਾ ਦਿਤਾ—'ਅਸੀਂ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਰਹਾਂਗੇ, ਅਸਾਂ ਅੰਮ੍ਰਿਤ ਨਹੀਂ ਛਕਣਾ, ਇਹ ਮਰਜਾਦਾ ਧਰਮ ਦੇ ਵਿਰੁਧ ਹੈ। ਬਜੁਰਗਾਂ ਦੇ ਕਾਇਮ ਕੀਤੇ ਹੋਏ ਧਾਰਮਕ ਅਸੂਲਾਂ ਨੂੰ ਕਿਉਂ ਛਡੀਏ, ਚਾਰੇ ਵਰਨ ਕਦੀ ਇਕੱਠੇ ਨਹੀਂ ਹੋ ਸਕਦੇ। ਬ੍ਰਾਹਮਣ ਸ਼ੂਦਰ ਦੇ ਜੂਠੇ ਬਾਟੇ ਵਿਚੋਂ ਅੰਮ੍ਰਿਤ ਕਿਵੇਂ ਛਕਿਆ ਜਾਵੇ? ਕੀ ਜੂਠ ਖਵਾਉਣ ਤੇ ਪਿਲਾਉਣ ਦਾ ਨਾਮ ਹੀ ਨਵਾਂ ਧਰਮ (ਖਾਲਸਾ ਪੰਥ) ਹੈ। ਫਿਰ ਦੇਵੀ ਦੇਵਤੇ ਨੂੰ ਨਹੀਂ ਮੰਨਣਾ, ਚੁਕੇ ਵਾਲੇ ਦੇ ਘਰੋਂ ਨਹੀਂ ਖਾਣਾ।' ਐਸੇ ਵਿਚਾਰਾਂ ਵਾਲੇ ਬਹੁਤ ਸਾਰੇ ਰੁਸ ਕੇ ਬੈਠ ਗਏ ਉਹਨਾਂ ਨੇ ਉਸ ਦਿਨ ਤੋਂ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਣਾ ਛਡ ਦਿਤਾ ਜੇਹੜੇ ਹਿੰਦੂ ਰਾਜੇ ਆਏ ਹੋਏ ਸਨ ਉਹ ਭੀ ਗਰਮ ਹੋ ਪਏ। ਪੰਡਤਾਂ ਨੇ ਉਹਨਾਂ ਨੂੰ ਵੀ ਚੁਕਿਆ। ਉਹ ਵੀ ਇਸ ਨਵੀਂ ਮਰਜਾਦਾ ਦੇ ਵਿਰੁਧ ਹੋ ਗਏ।

ਸਤਿਗੁਰੂ ਜੀ ਨੇ ਪਹਾੜੀ ਰਾਜਿਆਂ, ਛੱਤ੍ਰੀਆਂ ਤੇ ਬ੍ਰਾਹਮਣਾਂ ਨੂੰ (ਜੇਹੜੇ ਉਚੀ ਜਾਤੀ ਦੇ ਅਖਵਾਂਉਂਦੇ ਸਨ) 'ਆਖਿਆ—'ਸਾਰੇ ਅੰਮ੍ਰਿਤ ਪਾਨ ਕਰੋ ਤੇ

Sri Satguru Jagjit Singh Ji eLibrary NamdhariElibrary@gmail.com

ਸ਼ੇਰ ਬਣੋ। ਮੁਗਲ ਤੇ ਪਠਾਣ ਜੋ ਭਾਰਤ ਨੂੰ ਗੁਲਾਮ ਕਰੀ ਬੈਠੇ ਹਨ ਤੇ ਨਿਤ ਨਵੇਂ ਸੂਰਜ ਜ਼ੁਲਮ ਕਰਦੇ ਹਨ ਉਨ੍ਹਾਂ ਨਾਲ ਮੁਕਾਬਲਾ ਕਰਨ ਜੋਗੇ ਹੋ ਜਾਵੋ ਨਹੀਂ ਤਾਂ ਮਤੋਗੇ; ਅੰਮ੍ਰਿਤ ਪਾਨ ਕਰਕੇ ਅਮਰ ਹੋ ਜਾਵੋਗੇ; ਧਰਮ ਦੀ ਰਾਖੀ ਕਰਨ ਵਾਸਤੇ ਬਹਾਦਰੀ ਤੇ ਅਣਖ ਦੀ ਲੋੜ ਹੈ।

ਅਗਿਆਨੀ ਤੇ ਅਭਾਗੇ ਰਾਜਿਆਂ ਨੇ ਕਿਹਾ—'ਅਸੀਂ ਅੰਮ੍ਰਿਤ ਨਹੀਂ ਪਾਨ ਕਰਦੇ ਅੰਮ੍ਰਿਤ ਪਾਨ ਕਰਨ ਦਾ ਸਿੱਧਾ ਮਤਲਬ ਹੈ ਕਿ ਧਰਮ ਭ੍ਰਿਸ਼ਟ ਕਰਨਾ। ਤੁਸਾਂ ਨਾਈਆਂ. ਝੀਉਰਾਂ. ਜਟਾਂ. ਘੁਮਿਆਰਾਂ ਤੇ ਚਮਾਰਾਂ ਆਦਿਕ ਨੀਵੀਆਂ ਜਾਤਾਂ ਵਾਲਿਆਂ ਨੂੰ ਉਪਰ ਚੁਕਕੇ ਬ੍ਰਾਹਮਣਾਂ ਤੇ ਛੱਤ੍ਰੀਆਂ ਦੇ ਮੁਕਾਬਲੇ ਤੇ ਲਿਆ ਖੜਾ ਕੀਤਾ ਹੈ। ਐਸੇ ਕੁਧਰਮ ਤੇ ਕੁਕਰਮ ਨੂੰ ਦੇਖਕੇ ਅਸੀਂ ਤਾਂ ਸਹਿ ਹੀ ਨਹੀਂ ਸਕਦੇ। ਇਸ ਧਰਮ ਵਿਚ ਸ਼ਾਮਲ ਹੋਣਾ ਤਾਂ ਇਕ ਪਾਸੇ ਰਿਹਾ. ਤੁਸਾਂ ਜੋ ਕਰਮ ਕੀਤਾ ਹੈ ਅਤੇ ਜੋ ਲਹਿਰ ਚਲਾਈ ਹੈ. ਇਹ ਤੁਰਕਾਂ ਤੇ ਮੁਗਲਾਂ ਨਾਲੋਂ ਵੀ ਮਾੜੀ ਹੈ, ਉਹ ਵੀ ਹਿੰਦੂ ਧਰਮ ਦੇ ਦੁਸ਼ਮਨ ਹਨ ਤੇ ਤੁਸੀਂ ਵੀ। ਅਸੀਂ ਨਹੀਂ ਅੰਮ੍ਰਿਤ ਛਕਣਾ, ਅਸੀਂ ਤਾਂ ਪਹਿਲਾਂ ਹੀ ਸਿੰਘ ਹਾਂ ਮੌਤ ਕੋਲੋਂ ਨਹੀਂ ਡਰਦੇ । ਲੜਨਾ ਤੇ ਮਰਨਾ ਅਸਾਂ ਦਾ ਧਰਮ ਹੈ। ਅਸਾਂ ਹੋਰ ਕੇਹੜੇ ਹੌਂਸਲੇ ਨੂੰ ਪ੍ਰਾਪਤ ਕਰਨਾ ਹੈ।

ਸਤਿਗੁਰੂ ਜੀ ਨੇ ਜਦੋਂ ਐਸੇ ਸ਼ਬਦ ਸੁਣੇ ਤਾਂ ਸਤਿਗੁਰੂ ਜੀ ਨੂੰ ਬਹੁਤ ਗੁਸਾ ਆਇਆ। ਉਹਨਾਂ ਨੇ ਗੁਸੇ ਵਿਚ ਫੁਰਮਾਇਆ ਤੇ ਭਵਿਖਤ ਬਾਰੇ ਬਚਨ ਆਖ ਦਿੱਤੇ—'ਸੁਣੋਂ ਜਾਤ ਦਾ ਹੰਕਾਰ ਕਰਨ ਵਾਲਿਓ ! ਜਿਨ੍ਹਾਂ ਨੂੰ ਅੱਜ ਤੁਸੀਂ ਕੰਮੀਂ ਕਮੀਣ, ਨਾਈ, ਝੀਵਰ, ਤਰਖਾਣ ਤੇ ਸ਼ੂਦਰ ਸਮਝਦੇ ਹੋ ਇਹ ਇਕ ਦਿਨ ਪੰਜਾਬ ਦੇ ਰਾਜੇ ਬਨਣਗੇ, ਇਕ ਸਮਾਂ ਐਸਾ ਆਵੇਗਾ ਕਿ ਸ਼ੂਦਰ ਬ੍ਰਾਹਮਣ ਦੀ ਤਰ੍ਹਾਂ ਰਾਜ ਪਦ ਦਾ ਅਧਿਕਾਰੀ ਹੋਵੇਗਾ ਤੇ ਦੇਸ਼ ਦੇ ਕਾਨੂੰਨ ਬਣਾਇਆ ਕਰੇਗਾ । ਰਾਜੇ ਮਲੇਛਾਂ, ਵੈਸ਼ਾਂ ਤੇ ਸ਼ੂਦਰਾਂ ਨਾਲ ਮਿਲਕੇ ਨੌਕਰੀਆਂ ਕਰਿਆ ਕਰਨਗੇ। ਬ੍ਰਾਹਮਣ ਕੰਨਿਆਂ ਖੁਸ਼ ਨਾਲ ਨੀਵੀਂ ਜ਼ਾਤੀ ਵਾਲਿਆਂ ਪੁਰਸ਼ਾਂ ਨਾਲ ਵਿਆਹ ਕਰਾਇਆ ਕਰੇਗੀ ਬਾਕੀ ਰਹੀ ਤੁਸਾਂ ਰਾਜਿਆਂ ਦੀ ਗਲ, ਤੁਸੀਂ ਤਾਂ ਅਧਰਮੀ ਬੇਅਣਖੇ ਅਤੇ

Sri Satguru Jagjit Singh Ji eLibrary NamdhariElibrary@gmail.com

ਲਾਲਚੀ ਹੋ। ਤੁਰਕਾਂ ਨੂੰ ਧੀਆਂ ਭੈਣਾਂ ਅਰਪਣ ਕਰਕੇ ਆਪਣੇ ਰਾਜਾਂ ਨੂੰ ਬਚੌਂਦੇ ਹੋ। ਗਰੀਬ ਅਣਖ ਨਹੀਂ ਵੇਚਦੇ ਉਹ ਧਰਮ ਕੌਮ ਤੇ ਦੇਸ਼ ਬਦਲੇ ਲੜਨ ਮਰਨ ਵਾਸਤੇ ਸਦਾ ਤਿਆਰ ਰਹਿੰਦੇ ਹਨ । ਸਮਝ ਲਵੋ ਅਸਾਂ ਨੀਵਿਆਂ ਨਾਲ ਪਿਆਰ ਕਰਨਾ ਹੈ। ਇਹ ਅਸਾਂ ਦੇ ਹਨ ਤੇ ਅਸੀਂ ਇਹਨਾਂ ਦੇ ਹਾਂ। ਇਸ ਵਾਸਤੇ ਵਡਿਆਂ ਨਾਲ ਸਾਡੀ ਪਰੀਤ ਨਹੀਂ ਜਾਉ ਮੌਜਾਂ ਕਰੋ। ਜਿਨ੍ਹਾਂ ਪਰਦੇਸੀਆਂ ਤੇ ਤੁਰਕਾਂ ਦਾ ਸ਼ਾਥ ਦੇ ਰਹੇ ਹੋ ਉਹ ਜ਼ਰੂਰ ਇਕ ਦਿਨ ਤੁਸਾਂ ਨੂੰ ਖਾ ਜਾਣਗੇ।'

ਸ਼ਾਮ ਦਾ ਦੀਵਾਨ ਲਗਾ ਹੋਇਆਸੀ, ਸੰਗਤ ਅਜੇ ਆਪੋ ਆਪਣੇ ਘਰਾਂ ਨੂੰ ਨਹੀਂ ਸੀ ਮੁੜੀ। ਉਹ ਅਜੇ ਸਾਹਿਬਾਂ ਦਾ ਹੁਕਮ ਚਾਹੁੰਦੀ ਸੀ। ਜੋ ਹੁਕਮ ਸਾਹਿਬਾਂ ਨੇ ਦਿਤਾ ਉਸ ਪੂਥਾਏ ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਵਿਚ ਲਿਖਦੇ ਹਨ—'ਕਛ ਕ੍ਰਿਪਾਨ, ਕੇਸ ਕੰਘਾ ਤੇ ਕੜਾ ਹਮੇਸ਼ਾਂ ਰਖਣੇ।' ਸਤਿਗੁਰੂ ਜੀ ਦਾ ਉਪਦੇਸ਼ ਸੀ—'ਕੁਠਾ, ਤਮਾਕੂ ਮੁਸਲੀ ਇਹ ਨਹੀਂ ਵਰਤਣੇ ਤੇ ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਅਜ ਤੋਂ ਤੁਸੀਂ ਸੋਢੀ ਬੰਸ ਖਾਲਸਾ ਛਤ੍ਰੀ ਵਰਣ ਸਿੰਘ ਨਾਮੀ ਵਾਸੀ ਅਨੰਦ ਪੁਰ ਜਨਮ (ਤੁਸਾਂ ਦਾ) ਕੇਸਗੜ੍ਹ ਇਕ ਗੁਰੂ ਪਿਤਾ ਤੇ ਪੁਤਰ ਹੋਏ। ਪਿਛਲੀ ਜਾਤ ਜਾਂਦੀ ਰਹੀ। ਖੇਤੀ ਵਣਜ ਸ਼ਸਤ੍ਰ ਦੀ ਜਾਂ ਕਲਮ ਦੀ ਮਜ਼ਦੂਰੀ ਇਹ ਚਾਰ ਪਰਕਾਰ ਦੀ ਜੀਵਕਾ ਕਰਨੀ ਗੁਲਾਮੀ ਨਹੀਂ ਕਰਨੀ ਭੀਖ ਨਹੀਂ ਮੰਗਨੀ ਦਾਨ ਨਹੀਂ ਲੈਣਾ ਅਨਮਤੀ ਦੀ ਸੰਗਤ ਨਹੀਂ ਕਰਨੀ। ਜ਼ਾਤ ਪਾਤ ਦਾ ਭੇਦ ਭਰਮ ਨਹੀਂ ਰਖਣਾ ਬੇਟੀ ਆਪਸ ਵਿਚ ਲੈਣੀ ਦੇਣੀ ਸਾਕ ਸਬੰਧ ਸਿੰਘ ਨਾਲ ਸਿੰਘ ਕੇ ਅਨਮਤੀ ਨਾਲ ਨਹੀਂ। ਚੋਰੀ ਠੱਗੀ ਨਿੰਦਾ ਚੁਗਲੀ ਬਖੀਲੀ ਧੜਵੇਲਤਾ ਨਹੀਂ ਕਰਨੀ। ਸਿਖ ਸਾਧ ਦੀ ਸੇਵਾ ਗਰੀਬ ਦੀ ਪਾਲਣਾ ਗੁਰਬਾਣੀ ਦਾ ਉਚਾਰ ਸਦਾ ਹੀ ਕਰਦੇ ਰਹਿਣਾ। ਬਿਨਾ ਅਕਾਲ ਪੁਰਖ ਤੇ ਆਪਣੇ ਇਸ਼ਟ ਤੋਂ ਹੋਰ ਕਿਸੇ ਦੇਵੀ ਦੇਵ ਤੇ ਮੜੀ ਮਸਾਣੀ ਮੂੜਤੀ ਅਗੇ ਸਿਰ ਨਹੀਂ ਨਿਵਾਉਣਾ। ਵਾਹਿਗੁਰੂ ਦਾ ਸਿਮਰਨ ਸਤਿਸੰਗ ਸ਼ਸਤ੍ਰ ਵਿਦਿਆ ਦਾ ਅਭਿਆਸ ਨਿਤ ਕਰਨਾ। ਮੀਣੇ ਮਸੰਦ ਧੀਰਮਲੀਏ ਤੇ ਰਾਮਰਾਈਏ ਆਦਿਕ ਨਾਲ ਧਾਰਮਿਕ

Sri Satguru Jagjit Singh Ji eLibrary NamdhariElibrary@gmail.com

ਤੇ ਸਮਾਜਿਕ ਸਾਂਝ ਨਹੀਂ ਰਖਣੀ।

ਇਸ ਤਰ੍ਹਾਂ ਉਪਦੇਸ ਦੇ ਕੇ ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਪਰੇਮ ਸਤਿਕਾਰ ਨਾਲ ਵਿਦਾ ਕੀਤਾ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਸੀ ਉਨ੍ਹਾਂ ਦੇ ਚੇਹਰਿਆਂ ਉਤੇ ਨਵਾਂ ਹੀ ਨੂਰ ਸੀ। ਉਨ੍ਹਾਂ ਦੇ ਹਿਰਦੇ ਨਵੇ ਜੋਸ਼ ਨਾਲ ਧੜਕ ਰਹੇ ਸਨ। ਮੁਛਹਰਿਆਂ ਨੂੰ ਵਟ ਦੇਂਦੇ ਹੋਏ ਤੇ ਹਾਥੀਆਂ ਵਾਂਗ ਝੂੰਮਦੇ ਹੋਏ ਓਹ ਜਾ ਰਹੇ ਸਨ ਓਹਨਾਂ ਨੂੰ ਦੇਖ ਦੇਖਕੇ ਲੋਕ ਹੈਰਾਨ ਹੁੰਦੇ ਸਨ।

ਸਿਖਣੀਆਂ ਹੁਣ ਸਿੰਘਣੀਆਂ ਬਣ ਚੁਕੀਆਂ ਸਨ ਉਨ੍ਹਾਂ ਦੇ ਹਿਰਦੇ ਬਲਵਾਨ ਹੋ ਚੁਕੇ ਸਨ। ਅਥਾਹ ਜੋਸ਼ ਆ ਗਿਆ ਸੀ ਉਸ ਜੋਸ਼ ਦੇ ਕਾਰਨ ਆਤਮਾ (ਹਿਰਦਾ) ਨਿਰਭੈ ਹੋ ਚੁਕਾ ਸੀ। ਉਹਨਾਂ ਦੇ ਹਥ ਮਲੋ ਮਲੀ ਕ੍ਰਿਪਾਨ ਦੀ ਮੁਠ ਉਤੇ ਜਾਂਦੇ ਸਨ। ਹੁਣ ਤੁਰਕਾਂ ਤੇ ਪਠਾਨਾਂ ਕੋਲੋਂ ਵੀ ਨਹੀਂ ਸਨ ਡਰਦੀਆਂ। ਔਸੀਆਂ ਅੰਮ੍ਰਿਤ ਦੀਆਂ ਬਰਕਤਾਂ ਹਨ।

੧੬. ਸਿਖਾਂ ਦੀਆਂ ਸਾਖੀਆਂ

ਚੋਜੀ ਪ੍ਰੀਤਮ ਦੇ ਦਰਬਾਰ ਵਿਚ ਅਨੇਕ ਪਰਕਾਰ ਦੀਆਂ ਸਾਖੀਆਂ ਹੁੰਦੀਆ ਰਹਿੰਦੀਆਂ ਹਨ ਜਿਹੜੀਆਂ ਸਾਰੀਆਂ ਬਿਆਨ ਕਰੀਏ ਤਾਂ ਮੈਂਕੜੇ ਜਿਲਦਾਂ ਦੇ ਗਰੰਥ ਬਣ ਜਾਣ ਪਰੰਤੂ ਕੁ ਝਕੁ ਹੇਠਾਂ ਲਿਖਿਆਂ ਜਾਂਦੀਆਂ ਹਨ—

(੧) ਦੁਆਬੇ ਦੇ ਰਹਿਣ ਵਾਲੇ ਭਾਈ ਧਰਮ ਸਿੰਘ ਨੇ ਇਕ ਦਿਨ ਬੇਨਤੀ ਕੀਤੀ—ਹੇ ਸਚੇ ਪਾਤਿਸ਼ਾਹ! ਦਸੋ ਇਸ ਸੰਸਾਰ ਵਿਚ ਆਦਮੀ ਦਾ ਨਾਮ ਅਮਰ ਕਿਵੇਂ ਰਹਿ ਸਕਦਾ ਹੈ? ਮੈਂ ਕਈਆਂ ਕੋਲੋਂ ਪੁਛਿਆ ਹੈ ਕੋਈ ਆਖਦਾ ਹੈ ਕਿ ਬਾਗ ਲਾਵੋ, ਬਾਉਲੀ ਲਾਵੋ। ਕੋਈ ਕਹਿੰਦਾ ਹੈ ਕਿ ਔਲਾਦ ਨਾਲ ਹੀ ਨਾਮ ਅਮਰ ਰਹਿੰਦਾ ਹੈ ਪਰ ਮੇਰੇ ਮਨ ਨੂੰ ਤਸੱਲੀ ਨਹੀਂ ਹੋਈ ਮੇਰੇ ਮਨ ਦਾ ਭਰਮ ਦੂਰ ਕਰੋ।

ਸ਼ਰਧਾਲੂ ਸਿੱਖ ਦਾ ਇਹ ਬਚਨ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ—'ਹੇ ਗੁਰਮੁਖ ਜਨੋਂ! ਸੁਣੋਂ! ਬਾਗ ਖੂਹ, ਔਲਾਦ, ਮਠਾਂ ਆਦਿਕ ਮਨੁਖ ਦੇ ਨਾਮ ਨੂੰ ਏਹ ਕਿਤ ਅਮਰ ਰਖਦੀਆਂ ਹਨ ਕਿਉਂਕਿ ਕਾਲ

Sri Satguru Jagjit Singh Ji eLibrary NamdhariElibrary@gmail.com

ਬਲੀ ਸਮੇਂ ਨਾਲ ਇਨ੍ਹਾਂ ਨੂੰ ਖਾ ਜਾਂਦਾ ਹੈ। ਦੇਖੋ ! ਪਰਾਚੀਨ ਭਾਰਤ ਵਿਚ ਹਜ਼ਾਰਾਂ ਰਾਜੇ ਹੋ ਗੁਜਰੇ ਜਿਨ੍ਹਾਂ ਖੂਹ, ਸਰਾਈਂ ਤੇ ਬਾਗ ਲਗਵਾਏ ਪਰ ਉਨ੍ਹਾਂ ਦੀਆਂ ਉਹ ਯਾਦਾਂ ਅੱਜ ਦੁਨੀਆਂ ਨੂੰ ਭੁਲ ਗਈਆਂ ਹਨ। ਪਰ ਉਸ ਵੇਲੇ ਦੇ ਭਗਤ ਸ੍ਰੀ ਰਾਮਚੰਦ੍ ਜੀ, ਵਿਸਵਾਮਿਤ੍ ਆਦਿਕ ਨਹੀਂ ਭੁਲੇ। ਬਾਲਮੀਕ ਨਾ ਕਿਸੇ ਨੂੰ ਭੁਲਿਆ ਹੈ ਨਾ ਭੁਲੇਗਾ। ਭਗਤ ਕਬੀਰ ਮੀਰਾਂ ਬਾਈ ਆਦਿਕ ਅਭੁਲ ਹਨ। ਸੋਚੋ ਰਤਾ, ਉਸ ਸਮੇਂ ਕਿੰਨੇ ਰਾਜੇ ਨਵਾਬ ਸਨ ਕਿਸੇ ਦਾ ਨਾਮ ਤੁਸਾਂ ਨੂੰ ਯਾਦ ਹੈ ? ਇਸਦਾ ਸਿੱਧਾ ਅਰਥ ਇਹ ਹੈ ਕਿ ਭਗਤੀ ਤੋਂ ਬਿਨਾਂ ਕੋਈ ਵਸਤੂ ਜਾਂ ਕਰਮ ਨਾਮ ਨੂੰ ਅਮਰ ਨਹੀਂ ਰਖ ਸਕਦਾ। ਧਰੂਹ ਤੇ ਪ੍ਰਹਿਲਾਦ ਨੂੰ ਅਸੀਂ ਤਦੇ ਯਾਦ ਕਰਦੇ ਹਾਂ ਕਿ ਉਨਾਂ ਨੇ ਭਗਤੀ ਕੀਤੀ ਸੀ । ਸਾਰੇ ਵਿਚਾਰਾਂ ਨੂੰ ਛਡਕੇ ਭਗਤੀ ਕਰੋ ਜਿਨ੍ਹਾਂ ਚਿਰ ਭਗਤੀ ਕਰੋਗੇ ਅਮਰ ਰਹੋਗੇ। ਬਾਣੀ ਪੜ੍ਹੋ, ਸੇਵਾ ਕਰੋ ਬਸ ਤੁਸਾਂ ਦਾ ਨਾਮ ਅਮਰ ਰਹੇਗਾ । ਸਦਾ ਸਤਸੰਗ ਵਿਚ ਬੈਠਿਆ ਕਰੋ ਤੇ ਵਾਹਿਗੁਰੂ ਵਾਹਿਗੁਰੂ ਜਪਿਆ ਕਰੋ।'

ਭਾਈ ਰਾਮ ਸਿੰਘ ਦੇ ਨਿਰਵੈਰ ਹਿਰਦੇ ਨੂੰ ਤਸੱਲੀ ਹੋ ਗਈ ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਉਹ ਨਿਹਾਲ ਹੋ ਗਿਆ।

(੨) ਸਤਿਗੁਰੂ ਦੇ ਸਮੇਂ ਸਾਰੇ ਭਾਰਤ ਵਿਚ ਵਹਿਮ ਪ੍ਰਸਤੀ ਬਹੁਤ ਸੀ। ਜਾਦੂ ਟੂਣੇ, ਜੰਤਰ ਮੰਤ੍ ਤੇ ਭੂਤਾਂ ਪਰੇਤਾਂ ਦੇ ਪਰਛਾਵੇਂ ਦੀ ਬਹੁਤ ਚਰਚਾ ਸੀ ਇਨ੍ਹਾਂ ਨੂੰ ਦੂਰ ਕਰਨ ਵਾਲੇ ਸਾਰੇ ਮੁਸਲਮਾਨ ਫਕੀਰ ਸਨ। ਇਹ ਰੋਗ ਇਸਤ੍ਰੀਆਂ ਨੂੰ ਬਹੁਤ ਹੁੰਦਾ ਸੀ। ਸਤਿਗੁਰੂ ਜੀ ਨੇ ਇਹਨਾਂ ਵਹਿਮਾਂ ਨੂੰ ਦੂਰ ਕਰਨ ਦਾ ਬਹੁਤ ਯਤਨ ਕੀਤਾ। ਇਕ ਦਿਨ ਭਾਈ ਨਥਾ ਸਿੰਘ ਨੇ ਸਤਿਗੁਰੂ ਜੀ ਦੇ ਹਜ਼ੂਰ ਬੇਨਤੀ ਕੀਤੀ—'ਹੇ ਸਚੇ ਪਾਤਸ਼ਾਹ ! ਮੈਂ ਬਹੁਤ ਸ਼ਰਮਿੰਦਾ ਤੇ ਦੁਖੀ ਹਾਂ। ਮੈਨੂੰ ਦੁਖ ਇਹ ਹੈ ਕਿ ਮੇਰੀ ਮੁਟਿਆਰ ਲੜਕੀ ਦੇ ਸਿਰ ਮੁਸਲਮਾਨ ਮੌਲਵੀ ਨੇ ਕੁਝ ਧੂੜ ਦਿਤਾ ਹੈ। ਉਹ ਮੌਲਵੀ ਦੇ ਘਰ ਜਾਂਦੀ ਹੈ, ਅਸੀਂ ਜਾਣੋਂ ਰੋਕਦੇ ਹਾਂ। ਤੁਰਕਾਂ ਦੇ ਘਰਾਂ ਤੋਂ ਜਲ ਅੰਨ ਨਹੀਂ ਖਾਈਦਾ ਪਰ ਉਹ ਨਹੀਂ ਟਲਦੀ। ਜੇ ਅਸੀਂ ਆਖਦੇ ਹਾਂ ਕਿ ਤੇਰਾ ਵਿਆਹ ਕਰ ਦਈਏ ਤਾਂ ਉਹ ਚੀਕਾਂ ਮਾਰਨ ਲਗ ਪੈਂਦੀ ਹੈ । ਆਪ ਦੇ ਪਾਸ ਵੀ ਨਹੀਂ ਆਉਂਦੀ ਅਸੀ

Sri Satguru Jagjit Singh Ji eLibrary NamdhariElibrary@gmail.com

ਪੁਣ ਬਹੁਤ ਯਤਨ ਕੀਤਾ ਸੀ ਕਿ ਓਹ ਵੀ ਅਸਾਂ ਨਾਲ ਅਨੰਦਪੁਰ ਆਵੇ, ਪਰ ਨਹੀਂ ਆਈ। ਲੋਕ ਅਸਾਂ ਨੂੰ ਵੀਹ ਵੀਹ ਗਲਾਂ ਆਖਦੇ ਹਨ। ਅਸਾਂ ਤੇ ਦਇਆ ਕਰੋ, ਅਸਾਡੀ ਲੜਕੀ ਮੁੜ ਘਰ ਆਵੇ ਤੇ ਗੁਰੂ ਘਰ ਦੀ ਸਤਿਸੰਗਨ ਬਣੇ।'

ਅੰਤਰਯਾਮੀ ਸਤਿਗੁਰੂ ਜੀ ਘਟ ਘਟ ਦੀ ਜਾਨਣਹਾਰ ਸਨ। ਉਹਨਾਂ ਅੰਤਰ ਧਿਆਨ ਹੋਕੇ ਦੇਖਿਆ ਸਚਮਚ ਉਸ ਸਿਖ ਦੀ ਕੰਨਿਆਂ ਉਸ ਵੇਲੇ ਮੌਲਵੀ ਦੇ ਕੋਲ ਬੈਠੀ ਹੋਈ ਗਲਾਂ ਕਰ ਰਹੀ ਸੀ ਤੇ ਮੌਲਵੀ ਗੁਰੂ ਘਰ ਦੀ ਨਿੰਦਾ ਕਰਕੇ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਿਤ ਕਰ ਰਿਹਾ ਸੀ। ਉਹ ਉਸ ਉਤੇ ਪਿਆਰ ਦੇ ਡੋਰੇ ਸੁਟ ਰਿਹਾ ਸੀ। ਉਹ ਕਵਾਰੀ ਕੰਨਿਆਂ ਦਾ ਧਰਮ ਲੁਟਣਾ ਚਾਹੁੰਦਾ ਸੀ। ਸਾਹਿਬਾਂ ਨੇ ਕੰਨਿਆਂ ਦਾ ਸਤ-ਧਰਮ ਬਚਾਉਣ ਬਦਲੇ ਦਇਆ ਕੀਤੀ। ਉਸ ਵੇਲੇ ਐਸਾ ਭਾਣਾ ਵਰਤਿਆ ਕਿ ਮੌਲਵੀ ਨੂੰ ਢਿਡ ਪੀੜ ਲਾ ਦਿਤੀ, ਉਹ ਪੀੜ ਨਾਲ ਤੜਫਣ ਲਗ ਪਿਆ ਤੇ ਕੰਨਿਆਂ ਉਠਕੇ ਆਪਣੇ ਘਰ ਆ ਬੈਠੀ। ਉਸਦੇ ਚਿਤ ਨੂੰ ਕੁਝ ਤਸੱਲੀ ਹੋਈ। ਸਾਹਿਬਾਂ ਨੇ ਨੇਤ੍ਰ ਖੋਹਲੇ ਤੇ ਸਿਖ ਨੂੰ ਕਿਹਾ—'ਜਾਹ ਘਰ ! ਕੰਨਿਆਂ ਨੂੰ ਨਾਲ ਲੈਕੇ ਆਵੀਂ। ਜੇ ਨਾਲ ਨਾ ਤੁਰੇ ਤਾਂ 'ਸ੍ਰੀ ਜਪੁਜੀ ਸਾਹਿਬ' ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਉਸਦੇ ਲਾਗੇ ਕਰਨਾ ਉਹ ਜਰੂਰ ਆਵੇਗੀ।

ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕ ਕੇ ਸਿੱਖ ਆਪਣੇ ਘਰ ਨੂੰ ਤੁਰ ਗਿਆ। ਸਤਿਗੁਰੂ ਜੀ ਦੀ ਮੇਹਰ ਨਾਲ ਸਿੱਖ ਦੀ ਕੰਨਿਆਂ ਘਰ ਸੀ। ਮਾਂ ਬਾਪ ਨੂੰ ਦੇਖਕੇ ਉਸਨੂੰ ਗੁਸਾ ਚੜ੍ਹਿਆ। ਉਸਨੇ ਆਪਣੇ ਬਾਪ ਨੂੰ ਕਿਹਾ—'ਮੈਂ ਤੁਸਾਂ ਦੇ ਘਰ ਨਹੀਂ ਰਹਿਣਾ। ਮੇਰਾ ਵਿਆਹ ਕਿਸੇ ਤੁਰਕ ਨਾਲ ਕਰ ਦਿਓ।' ਇਹ ਸੁਣਕੇ ਸਿੱਖ ਹਿਰਦੇ ਨੂੰ ਬਹੁਤ ਸੱਟ ਵਜੀ। ਉਸ ਨੇ ਓਸੇ ਵੇਲੇ ਸਤਿਗੁਰੂ ਜੀ ਦੇ ਦਸੇ ਅਨੁਸਾਰ ਸ੍ਰੀ ਜਪੁਜੀ ਸਾਹਿਬ ਦੀਆਂ ਪੰਜਾਂ ਪੌੜੀਆਂ ਦਾ ਪਾਠ ਕੀਤਾ। ਜਿਉਂ ਹੀ ਕੰਨਿਆਂ ਦੇ ਕੰਨਾਂ ਨੇ ਬਾਣੀ ਸੁਣੀ ਤਾਂ ਉਸਦੇ ਹਿਰਦੇ ਤੇ ਤਨ ਨੂੰ ਕਾਂਬਾ ਆ ਗਿਆ। ਉਹ ਸਿਰ ਤੋਂ ਪੈਰਾਂ ਤਕ ਹਿਲੀ ਤੇ ਚੁਪ ਚਾਪ ਬੈਠ ਗਈ, ਉਸਨੂੰ ਬੈਠੀ ਦੇਖ ਸਿੱਖ ਤੇ ਸਿੱਖਣੀ ਨੇ ਸਤਿਨਾਮੁ ਵਾਹਿਗੁਰੂ'

Sri Satguru Jagjit Singh Ji eLibrary NamdhariElibrary@gmail.com

ਦਾ ਜਾਪ ਕਰਨਾ ਸ਼ੁਰੂ ਕਰ ਦਿਤਾ। ਹੌਲੀ ਹੌਲੀ ਐਸਾ ਅਸਰ ਹੋਇਆ ਕਿ ਉਸ ਕੰਨਿਆ ਨੇ ਵੀ 'ਵਾਹਿਗੁਰੂ' ਆਖਿਆ। ਜਦ ਕਿ ਪਹਿਲਾਂ ਉਹ ਕਦੀ 'ਵਾਹਿਗੁਰੂ' ਸ਼ਬਦ ਨਹੀਂ ਸੀ ਆਖਦੀ।

ਅਗਲੇ ਦਿਨ ਸਿਖ ਕੰਨਿਆਂ ਨੂੰ ਨਾਲ਼ ਲੈਕੇ ਅਨੰਦਪੁਰ ਪੁਜਾ, ਸਤਿਗੁਰੂ ਜੀ ਨੇ ਅੰਮ੍ਰਿਤ ਛਕਾਇਆ ਤਾਂ ਕੰਨਿਆਂ ਦਾ ਜਨਮ ਮਰਨ ਸੌਰ ਗਿਆ। ਉਸ ਦਾ ਇਸਤ੍ਰੀ ਧਰਮ ਵੀ ਬਚ ਗਿਆ ਤੇ ਉਹ ਤੁਰਕਾਂ ਨੂੰ ਮੰਦੇ ਸ਼ਬਦ ਕਹਿਣ ਲੱਗੀ। ਉਸ ਨੇ ਮਾਂ ਬਾਪ ਨੂੰ ਅਨੰਦਪੁਰ ਵਿਚ ਹੀ ਆਖ ਦਿਤਾ—'ਮੇਰੀ ਸ਼ਾਦੀ ਕਿਸੇ ਸਿੰਘ ਨਾਲ ਕਰ ਦੇਵੋ, ਮੈਂ ਗੁਰੂ ਘਰ ਵਿਚ ਸੇਵਾ ਕਰਾਂਗੀ।' ਉਸ ਸਮੇਂ ਸਤਿਗੁਰੂ ਜੀ ਦੀ ਸਹਾਇਤਾ ਨਾਲ ਸਿਖ ਨੇ ਕੰਨਿਆ ਦੀ ਸ਼ਾਦੀ ਇਕ ਸਿੰਘ ਗਭਰੂ ਨਾਲ ਕਰ ਦਿਤੀ। ਉਹ ਦੋਵੇਂ ਜੀਅ ਗੁਰੂ ਘਰ ਦੀ ਸੇਵਾ ਕਰਨ ਲਗੇ।

(੩) ਭਾਵੇਂ ਛੇਵੀਂ ਪਾਤਿਸ਼ਾਹੀ ਦੇ ਪਿਛੋਂ ਸਿਖਾਂ ਦਾ 'ਸਿਖੀ ਸਮਾਜ' ਕਾਇਮ ਹੋ ਚੁਕਾ ਸੀ ਫਿਰ ਵੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਹੁਤ ਸੁਧਾਰ ਹੋਇਆ। ਸਿਖੀ ਸਮਾਜ ਵਿਚ ਇਕ ਤਕੜਾ ਭਾਈਚਾਰਾ ਬਣ ਗਿਆ ਤੇ ਇਸ ਵਿਚੋਂ ਕੁਰੀਤੀਆਂ ਦੂਰ ਹੋ ਗਈਆਂ।

ਇਕ ਦਿਨ ਦੀਵਾਨ ਸਜਿਆ ਹੋਇਆ ਸੀ, ਸਤਿਗੁਰੂ ਜੀ ਦੀ ਨਿਗਾਹ ਅਚਾਨਕ ਇਕ ਇਸਤ੍ਰੀ ਤੇ ਪਈ ਜਿਸਨੇ ਡੂੰਘਾ ਘੁੰਡ ਕਢਿਆ ਹੋਇਆ ਸੀ। ਉਸ ਨੇ ਦੋ ਤਿੰਨ ਵਾਰ ਸੰਗਤ ਵਿਚ ਆਉਣ ਦਾ ਯਤਨ ਕੀਤਾ ਪਰ ਉਹ ਕਾਮਯਾਬ ਨਾ ਹੋਈ, ਉਹ ਵਾਪਸ ਮੁੜ ਜਾਂਦੀ ਰਹੀ। ਸਾਹਿਬਾਂ ਨੇ ਸੇਵਡੇ ਨੂੰ ਭੇਜ ਕੇ ਉਸਨੂੰ ਆਪਣੇ ਕੋਲ ਸਦਿਆ। ਉਸ ਨੇ ਆਉਂਦਿਆਂ ਹੀ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਪੰਜ ਰੁਪਏ ਭੇਟਾ ਕੀਤੇ। ਮੱਥਾ ਟੇਕਣ ਪਿਛੋਂ ਉਸ ਇਸਤ੍ਰੀ ਨੇ ਬੇਨਤੀ ਕੀਤੀ—'ਮੇਰੇ ਧੰਨਭਾਗ ਜੋ ਆਪ ਦੇ ਦਰਸ਼ਨ ਹੋ ਗਏ। ਮੈਨੂੰ ਮੇਰਾ ਪਤੀ ਆਪਦੇ ਦਰਸ਼ਨ ਕਰਨ ਨਹੀਂ ਔਣ ਦੇਂਦਾ ਸੀ, ਮੈਂ ਚੋਰੀ ਆਉਂਦੀ ਸਾਂ ਪਰ ਭੀੜ ਬਹੁਤ ਹੋਣ ਦੇ ਕਾਰਨ ਮੁੜ ਜਾਂਦੀ ਰਹੀ ਹਾਂ। ਮੈਨੂੰ ਭੈ ਲਗਦਾ ਸੀ ਦਇਆ ਕਰੋ, ਜਿਸ ਤਰਾਂ ਹੋਵੇ ਮੇਰਾ ਪਤੀ ਤੇ ਮੇਰੇ ਘਰ ਦੇ ਹੋਰ ਜੀਅ ਗੁਰੂ ਘਰ ਦੇ ਸਰਧਾਲੂ ਬਣ ਜਾਣ।'

Sri Satguru Jagjit Singh Ji eLibrary NamdhariElibrary@gmail.com

ਬੀਬੀ ਦੇ ਇਹ ਬਚਨ ਸੁਣਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਉਸ ਸਮੇਂ ਬਚਨ ਕੀਤਾ—'ਜਾਹ ਪੁਤ੍ਰੀ ! ਤੇਰੇ ਸਾਰੇ ਮਨੋਰਥ ਪੂਰੇ ਹੋ ਜਾਣਗੇ ਪਰ ਸਤਸੰਗਤ ਵਿਚ ਘੁੰਡ ਕੱਢਕੇ ਨਾ ਆਇਆ ਕਰ। ਸਤਿਗੁਰੂ ਜੀ ਦੀ ਬਾਣੀ ਯਾਦ ਕਰਕੇ ਪੜ੍ਹਿਆ ਕਰ ਵਾਹਿਗੁਰੂ ਤੇਰੇ ਸਿਦਕ ਨੂੰ ਫਲ ਲਾਵੇਗਾ।'

ਸਤਿਗੁਰੂ ਜੀ ਪਾਸੋਂ ਐਸਾ ਵਰ ਪਰਾਪਤ ਕਰਕੇ ਓਹ ਦੇਵੀ ਖ਼ੁਸ਼ੀ ਖ਼ੁਸ਼ੀ ਘਰ ਗਈ। ਉਸ ਦੇ ਪਤੀ ਨੇ ਉਸਨੂੰ ਪੁਛਿਆ—'ਕਿਥੋਂ ਆਈ ਹੈਂ ?'

'ਸਤਿਗੁਰੂ ਜੀ ਦੇ ਦਰਸ਼ਨ ਕਰਕੇ।' ਬੀਬੀ ਨੇ ਆਪਣੇ ਪਤੀ ਨੂੰ ਉਤਰ ਦਿਤਾ। ਉਸਨੂੰ ਖਿਆਲ ਸੀ ਕਿ ਓਹਦਾ ਪਤੀ ਮਾਰੇਗਾ ਪਰ ਓਹ ਹੈਰਾਨ ਹੋਈ ਜਦੋਂ ਉਸਦੇ ਪਤੀ ਨੇ ਉਸਨੂੰ ਕੁਝ ਨਾ ਕਿਹਾ ਤੇ ਉਹ ਚੁਪ ਚਾਪ ਕਰਕੇ ਕੰਮੇ ਲਗ ਗਿਆ। ਹੌਲੀ ਹੌਲੀ ਓਹਦਾ ਪਤੀ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਣ ਲਗ ਪਿਆ। ਸਾਰੇ ਪ੍ਰਵਾਰ ਨੇ ਸਿਖੀ ਨੂੰ ਧਾਰਨ ਕੀਤਾ ਤੇ ਸਤਿਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਉਸ ਬੀਬੀ ਦੀ ਹਿੰਮਤ ਤੇ ਸ਼ਰਧਾ ਦੀ ਬਹੁਤ ਉਸਤਤ ਹੋਈ।

(੪) ਰਾਮਭਜਨੀ ਨਾਮ ਦੀ ਇਕ ਬੀਬੀ ਸੀ ਉਸਦੇ ਮਾਂ ਬਾਪ ਗੁਰਸਿਖ ਸਨ ਪਰ ਕਾਲ ਵਸ ਹੋ ਚੁਕੇ ਸਨ ਉਹ ਇਕੱਲੀ ਰਹਿ ਗਈ। ਉਸ ਦਾ ਵਿਆਹ ਭਾਵੇਂ ਓਹਦੇ ਮਾਂ ਬਾਪ ਨੇ ਕੀਤਾ ਸੀ ਪਰ ਕੀਤਾ ਸੀ ਭੁਲੇਖੇ ਨਾਲ, ਇਸ ਕਰਕੇ ਓਹ ਕੁਰੀਤੀ ਘਰਾਣੇ ਵਿਚ ਵਿਆਹੀ ਗਈ। ਉਸ ਦਾ ਸਹੁਰਾ ਘਰ ਸਖੀ ਸਰਵਰ ਦਾ ਪੁਜਾਰੀ ਤੇ ਨੜੀਮਾਰ ਸੀ। ਇਕ ਵੀ ਘਰ ਦਾ ਜੀਅ ਸਤਿਸੰਗੀ ਨਹੀਂ ਸੀ। ਉਸ ਬੀਬੀ ਦੇ ਸਾਹਮਣੇ ਬਹੁਤ ਵਡੀ ਔਕੜ ਪੇਸ਼ ਆਈ ਇਕ ਪਾਸੇ ਸਤਿਗੁਰੂ ਜੀ ਤੇ ਗੁਰੂ ਜੀ ਦੀ ਸਿੱਖੀ ਨਾਲ ਪਰੀਤ ਦੂਸਰੇ ਪਾਸੇ ਪਤੀ ਤੇ ਸਹੁਰੇ ਸੱਸ 'ਨਾਲ ਸਮਾਜਕ ਸਬੰਧ, ਉਹ ਕਿਸ ਨੂੰ ਛਡੇ ਅਤੇ ਕਿਸ ਨੂੰ ਰਖੇ ?

ਉਸਨੇ ਪਤੀਦੇਵ ਤੇ ਸੱਸ ਸਹੁਰੇ ਨੂੰ ਬਹੁਤ ਸਮਝਾਯਾ ਕਿ ਓਹਦੇ ਜੀਵਨ ਵਿਚ ਰੁਕਾਵਟਾਂ ਨਾ ਪਾਓ ਪਰ ਓਹ ਨਾ ਮੰਨੇ, ਓਹਨਾਂ ਨੇ ਬੀਬੀ ਨੂੰ ਕਿਹਾ—'ਨਾ ਤੂੰ ਬਾਣੀ ਪੜ੍ਹ ਸਕਦੀ ਹੈਂ ਤੇ ਨਾ ਗੁਰੂ ਕਿਆਂ ਨੂੰ ਮਿਲ ਸਕਦੀ

Sri Satguru Jagjit Singh Ji eLibrary NamdhariElibrary@gmail.com

ਹੈਂ। ਹੁਕੇ ਉਤੇ ਅਗ ਧਰਨੀ ਤੇ ਹੁਕਾ ਤਿਆਰ ਕਰਕੇ ਦੇਣਾ ਹੋਵੇਗਾ, ਕ੍ਰਿਪਾਨ ਤੇ ਕਛਹਿਰਾ ਨਹੀਂ ਰਖਣ ਦੇਣਾ।' ਐਸੀਆਂ ਪਾਬੰਦੀਆਂ ਲਾਈਆਂ ਕਿ ਓਹ ਬਹੁਤ ਦੁਖੀ ਹੋਈ, ਕਈ ਦਿਨ ਰੋਂਦੀ ਰਹੀ ਆਖਰ ਵਾਹਿਗੁਰੂ ਨੇ ਉਸ ਨੂੰ ਬਲ ਬਖਸ਼ਿਆ। ਉਸਨੇ ਹੌਂਸਲੇ ਨਾਲ ਪ੍ਰਤੱਗਯਾ ਕੀਤੀ ਭਾਵੇਂ ਮੇਰੇ ਟੁਕੜੇ ਟੁਕੜੇ ਕਰ ਦੇਣ ਮੈਂ ਗੁਰਬਾਣੀ, ਗੁਰਸਿੱਖੀ ਤੇ ਗੁਰੂ ਘਰ ਨਾਲੋਂ ਸਬੰਧ ਨਹੀਂ ਤੋੜਾਂਗੀ। ਮੈਂ ਦੁਨੀਆਂ ਛੱਡ ਦਿਆਂਗੀ ਪਰ ਦੀਨ ਨਹੀਂ ਛਡਾਂਗੀ, ਭਾਵੇਂ ਮਾਰ ਸੁਟਣ, ਰੋਟੀ ਕਪੜਾ ਵੀ ਨਾ ਦੇਣ।'

ਇਹ ਪ੍ਰਤੱਗਯਾ ਕਰਕੇ ਉਸਨੇ ਸਰਵਰੀਆਂ ਨਾਲ ਘੱਲ ਕਰਨਾ ਅਰੰਭਿਆ। ਉਸਨੂੰ ਹੁਕੇ ਉਤੇ ਅੱਗ ਧਰਨ ਵਾਸਤੇ ਆਖਿਆ ਤਾਂ ਉਸਨੇ ਜਵਾਬ ਦੇ ਦਿਤਾ। ਜੇ ਅਗੇ ਹੋਕੇ ਹੁਕਾ ਨੇੜੇ ਕੀਤਾ ਉਸ ਨੇ ਸੋਟਾ ਮਾਰ ਕੇ ਤੋੜ ਦਿਤਾ। ਇਸ ਗੁਸੇ ਵਿਚ ਉਸਦੇ ਪਤੀ ਨੇ ਉਸਨੂੰ ਬਹੁਤ ਕੁਟਿਆ ਮਾਰ ਖਾਕੇ ਵੀ ਰਾਮੁ ਭਜਨੀ ਨੇ 'ਰਾਮ' ਨੂੰ ਨਾ ਛਡਿਆ। ਦੋ ਦਿਨ ਭੁਖੀ ਤ੍ਰਿਹਾਈ—'ਸਤਿਨਾਮ ਵਾਹਿਗੁਰੂ' ਜਪਦੀ ਰਹੀ। ਵਾਹਿਗੁਰੂ ਨੇ ਓਹਦਾ ਸਿਦਕ ਦੇਖਕੇ ਉਸ ਦੀ ਸਹਾਇਤਾ ਕੀਤੀ, ਆਂਢਣਾਂ ਗੁਵਾਂਢਣਾਂ ਨੂੰ ਪੈਸੇ ਦੇਕੇ ਓਹਦੇ ਕੋਲ ਲੈ ਆਂਦਾ ਜਿਨ੍ਹਾਂ ਨੇ ਰਾਮਭਜਨੀ ਦੇ ਸਸ ਸਹੁਰੇ ਨੂੰ ਬਹੁਤ ਮਾੜਾ ਚੰਗਾ ਆਖਿਆ ਤੇ ਸ਼ਰਮਿੰਦਿਆਂ ਕੀਤਾ। ਇਸ ਤਰ੍ਹਾਂ ਪੂਰਾ ਸਾਲ ਰਾਮਭਜਨੀ ਲੜਾਈ ਲੜਦੀ ਰਹੀ।

ਇਕ ਦਿਨ ਓਹ ਨੱਸ ਕੇ ਸਤਿਗੁਰੂ ਜੀ ਦੀ ਸ਼ਰਨ ਆ ਪੁਜੀ ਉਸ ਨੇ ਰੋ ਰੋ ਕੇ ਹਾਲ ਦਸੇ। ਜਦੋਂ ਓਹ ਆਪਣੇ ਦੁਖਾਂ ਦੀ ਕਹਾਣੀ ਦਸ ਰਹੀ ਸੀ ਤਾਂ ਓਸ ਵੇਲੇ ਭਾਈ ਰਾਮ ਕੌਰ ਜੀ ਓਥੇ ਬੈਠੇ ਸਨ। ਭਾਈ ਜੀ ਨੇ ਬੀਬੀ ਨੂੰ ਹੌਂਸਲਾ ਦੇਂਦਿਆਂ ਹੋਇਆਂ ਕਿਹਾ—'ਪੁਤ੍ਰੀ ! ਚਿੰਤਾ ਨਾ ਕਰ। ਵਾਹਿਗੁਰੂ ਦੇ ਭਗਤਾਂ ਨਾਲ ਐਸਾ ਹੋਇਆ ਹੀ ਕਰਦਾ ਹੈ। ਤਾਰਾ ਰਾਣੀ, ਮੀਰਾਂ ਬਾਈ ਤੇ ਕਰਮਾਂ ਬਾਈ ਆਦਿਕ ਦੇਵੀਆਂ ਨੂੰ ਵੀ ਆਪਣੇ ਪਤੀਆਂ ਤੇ ਸੱਸਾਂ ਸਹੁਰਿਆਂ ਨਾਲ ਐਸੇ ਘੋਲ ਕਰਨੇ ਪਏ ਸਨ ਅੰਤ ਨੂੰ ਧਰਮੀ ਦੀ ਜੈ ਹੁੰਦੀ ਹੈ। ਸੁਣ ਤੈਨੂੰ ਕਥਾ ਸੁਣਾਉਂਦੇ ਹਾਂ—ਕਰਮਾ ਬਾਈ ਦਾ ਪਤੀ ਨਹੀਂ ਚਾਹੁੰਦਾ ਕਿ ਉਸ ਦੀ ਇਸਤ੍ਰੀ ਠਾਕੁਰਾਂ ਦੀ ਪੂਜਾ ਕਰੇ, ਠਾਕੁਰਾਂ ਦੇ ਸਾਹਮਣੇ ਨਚੇ ਤੇ ਗਾਵੇ ਅਤੇ

Sri Satguru Jagjit Singh Ji eLibrary NamdhariElibrary@gmail.com

ਸਾਧੂ ਸਮਾਗਮ ਵਿਚ ਜਾਵੇ। ਓਹ ਉਸਨੂੰ ਹਰ ਤਰ੍ਹਾਂ ਤੰਗ ਕਰਨ ਨ ਛੱਡਾ। ਅੰਤ ਇਕ ਦਿਨ ਉਸਨੂੰ ਪਤਾ ਲਗਾ ਕਿ ਰਾਣੀ ਸਾਧੂ ਸਮਾਗਮ ਵਿਚ ਹਰੀ ਕੀਰਤਨ ਸੁਣਨ ਵਾਸਤੇ ਚਲੀ ਗਈ ਹੈ। ਰਾਜੇ ਨੇ ਫੈਸਲਾ ਕੀਤਾ ਕਿ ਉਹ ਕਰਮਾਬਾਈ ਨੂੰ ਸ਼ੇਰ ਕੋਲੋਂ ਮਰਵਾ ਦੇਵੇ, ਉਸ ਨੇ ਭੁਖਾ ਸ਼ੇਰ ਓਹਦੇ ਰਾਹ ਵਿਚ ਛਡ ਦਿਤਾ। ਸ਼ੇਰ ਆਪਣੀ ਖੁਰਾਕ ਲਭ ਰਿਹਾ ਸੀ ਕਿ ਕਰਮਾਬਾਈ ਗੋਲੀ ਸਮੇਤ ਸਾਧੂ ਸਮਾਗਮ ਵਲੋਂ ਆਈ। ਉਸਦੀ ਦਾਸੀ ਨੇ ਦੂਰੋਂ ਦੇਖਿਆ ਅਗੇ ਸ਼ੇਰ ਹੈ। ਉਸਨੇ ਕਰਮਾ ਬਾਈ ਨੂੰ ਕਿਹਾ—'ਰਾਣੀ ਜੀ ! ਨਰ ਸਿੰਘ ਭਗਵਾਨ ਚਲੇ ਆ ਰਹੇ ਹਨ।'

ਇਹ ਸੁਣਕੇ ਕਰਮਾਂ ਬਾਈ ਨੇ ਨੈਣ ਉਪਰ ਚੁਕਕੇ ਦੇਖਿਆ ਤੇ ਪ੍ਰਸੰਨਤਾ ਨਾਲ ਕਿਹਾ—'ਮੇਰੇ ਪੰਨ ਭਾਗ ! ਮੈਂ ਬਲਿਹਾਰੀ ਜਾਵਾਂ ! ਮੇਰੇ ਭਗਵਾਨ ਨੇ ਮੈਨੂੰ ਦਰਸ਼ਨ ਦਿਤੇ। ਅਜ ਮੈਂ ਨਿਹਾਲ ਹੋ ਗਈ ! ਨੀ ਸਈਓ ! ਮੈਂ ਨਿਹਾਲ ਹੋ ਗਈ।' ਇਉਂ ਆਖਦੀ ਹੋਈ ਓਹ ਕਾਹਲੀ ਨਾਲ ਅਗੇ ਵਧੀ। ਹਥ ਵਿਚ ਜੋ ਫੁਲਾਂ ਦੀ ਮਾਲਾ ਸੀ ਓਹ ਸ਼ੇਰ ਦੇ ਗਲ ਪਾਉਣ ਵਾਸਤੇ ਅਗੇ ਵਧੀ।

ਜਦ ਕਰਮਾ ਬਾਈ ਸ਼ੇਰ ਦੇ ਕੋਲ ਪੁਜੀ ਤਾਂ ਖਲੋਤੇ ਹੋਏ ਬਬਰ ਸ਼ੇਰ ਨੇ ਧੌਣ ਨੀਵੀਂ ਕਰ ਦਿਤੀ। ਕਰਮਾਂ ਬਾਈ ਨੇ ਫੁਲਾਂ ਦੀ ਮਾਲਾ ਸ਼ੇਰ ਦੇ ਗਲ ਪਾ ਦਿਤੀ। ਓਹਦੇ ਪੈਰਾਂ ਨੂੰ ਹਥ ਲਾਇਆ, ਉਸ ਦੀ ਆਰਤੀ ਕੀਤੀ ਨਿਰੀ ਆਰਤੀ ਹੀ ਨਹੀਂ ਕੀਤੀ ਸਗੋਂ ਭਜਨ ਗਾਉਂਦੀ ਹੋਈ ਨੇ ਨਾਚ ਕੀਤਾ। ਸ਼ੇਰ ਸਚਮੁਚ ਭਗਵਾਨ ਰੂਪ ਹੋਕੇ ਚੁਪ ਚਾਪ ਖਲੋਤਾ ਰਿਹਾ ਤੇ ਕਰਮਾ ਬਾਈ ਵਲ ਦੇਖਦਾ ਰਿਹਾ। ਜਦੋਂ ਕਰਮਾ ਬਾਈ ਨੱਚ ਨੱਚ ਕੇ ਥਕ ਗਈ ਤਾਂ ਸ਼ੇਰ ਆਪੇ ਹੀ ਇਕ ਪਾਸੇ ਨੂੰ ਤੁਰ ਗਿਆ।

ਇਸ ਕੌਤਕ ਨੂੰ ਰਾਜੇ ਦੇ ਆਦਮੀ ਦੇਖਦੇ ਸਨ ਓਹਨਾਂ ਨੇ ਸਾਰੀ ਹਕੀਕਤ ਜਾ ਕੇ ਆਪਣੇ ਮਾਲਕ ਨੂੰ ਦੱਸੀ ਓਹ ਵਾਰਤਾ ਸੁਣਕੇ ਪ੍ਰਸੰਨ ਹੋਇਆ ਤੇ ਕਰਮਾ ਬਾਈ ਨੂੰ ਖ਼ੁਸ਼ ਦੇ ਦਿਤੀ ਕਿ ਓਹ ਖੁਸ਼ੀ ਤੇ ਸੁਤੰਤ੍ਰਤਾ ਨਾਲ ਭਗਤੀ ਕਰੇ। ਸੋ ਹੇ ਪੁਤ੍ਰੀ ! ਏਸੇ ਤਰ੍ਹਾਂ ਤੇਰੇ ਪਤੀ ਦੇਵਤਾ ਵੀ ਇਕ ਦਿਨ ਤੇਰੀ ਭਗਤੀ ਦੇ ਸ਼ਰਧਾਲੂ ਹੋਣਗੇ, ਚਿੰਤਾ ਨਾ ਕਰ। ਸਤਿਗੁਰੂ ਜੀ ਮੇਹਰ ਕਰਨਗੇ।

Sri Satguru Jagjit Singh Ji eLibrary NamdhariElibrary@gmail.com

ਭਾਈ ਰਾਮਕੋਰ ਜੀ ਦੇ ਪਾਸੋਂ ਉਪਰੋਕਤ ਕਥਾ ਸਰਵਣ ਕਰਨ ਤੇ ਰਾਮ ਭਜਨੀ ਨੂੰ ਕੁਝ ਹੌਂਸਲਾ ਹੋਇਆ । ਦੂਸਰੀ ਅਚੰਭੇ ਦੀ ਇਹ ਗਲ ਹੋਈ ਕਿ ਰਾਮਭਜਨੀ ਦੇ ਪਤੀ ਤੇ ਸੱਸ ਸਹੁਰਾ ਆਦਿਕ ਸਾਰੇ ਘਰ ਦੇ ਰਾਮ ਭਜਨੀ ਨੂੰ ਲਭਦੇ ਹੋਏ ਸਤਿਗੁਰੂ ਜੀ ਦੇ ਦਰਬਾਰ ਵਿਚ ਆ ਪੁਜੇ। ਸਤਿਗੁਰੂ ਜੀ ਨੇ ਸਾਰਿਆਂ ਉਪਰ ਦਇਆ ਦ੍ਰਿਸ਼ਟੀ ਕੀਤੀ, ਉਪਦੇਸ਼ ਨਾਲ ਉਨ੍ਹਾਂ ਦੇ ਮਨ ਤਬਦੀਲ ਕੀਤੇ ਪੂਰਨ ਗੁਰਸਿੱਖ ਬਣਾਕੇ ਰਾਮਭਜਨੀ ਨਾਲ ਤੋਰੇ। ਓਹ ਸਾਰੀ ਉਮਰ ਗੁਰੂ ਘਰ ਦੇ ਸ਼ਰਧਾਲੂ ਰਹੇ। ਰਾਮਭਜਨੀ ਦੀ ਉਪਮਾ ਹੁੰਦੀ ਰਹੀ। ਓਹ ਵਡ ਪਰਵਾਰੀ ਹੋਕੇ ਪਰਲੋਕ ਨੂੰ ਗਈ।

(੫) ਸ਼ੇਰੂਪੁਰੇ ਦਾ ਇਕ ਅਰੋੜਾ ਸਿਖ ਸੀ ਉਸ ਨੇ ਵੀ ਓਸੇ ਤਰ੍ਹਾਂ ਦੀ ਬੇਨਤੀ ਕੀਤੀ–ਹੇ ਦਾਤਾਰ ! ਮੇਰੀ ਵੀ ਫਰਿਆਦ ਹੈ ਕਿ ਮੇਰੀ ਵਹੁਟੀ ਲੀਲ੍ਹਾਵਤੀ ਇਕ ਮਲੇਛ ਦੇ ਵਸ ਹੋ ਗਈ ਹੈ। ਉਸ ਨੇ ਜਾਦੂ ਟੂਣੇ ਕਰਕੇ ਮੇਰੀ ਇਸਤ੍ਰੀ ਨੂੰ ਵਸ ਕਰ ਛਡਿਆ ਹੈ। ਰਾਤ ਨੂੰ ਮੇਰੇ ਘਰ ਰਹਿੰਦੀ ਹੈ ਦਿਨੇ ਓਧਰ ਚਲੀ ਜਾਂਦੀ ਹੈ ਜੇ ਚਿਤ ਕਰੇ ਤਾਂ ਰਾਤ ਨੂੰ ਵੀ ਚਲੀ ਜਾਂਦੀ ਹੈ ਜੇ ਮੈਂ ਰੋਕਦਾ ਹਾਂ ਤਾਂ ਹਵਾ ਨੂੰ ਤਲਵਾਰਾਂ ਮਾਰਦੀ ਹੈ। ਕੋਈ ਇਲਾਜ ਦਸੋ ਓਹ ਮੇਰੇ ਨਾਲ ਨਹੀਂ ਆਈ।'

ਉਸਦੀ ਇਹ ਫਰਿਆਦ ਸੁਣਕੇ ਸਤਿਗੁਰੂ ਜੀ ਬੋਲੇ–'ਹੇ ਗੁਰਮੁਖ ਜਨ ! ਜਾਦੂ-ਟੂਣੇ ਸਿੱਖ ਉਤੇ ਅਸਰ ਨਹੀਂ ਕਰਦੇ । ਸਿਖ ਨੂੰ ਚਾਹੀਏ ਕਿ ਸਵੇਰੇ ਉਠਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਕਰੇ। ਰਾਤ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਪੜ੍ਹਕੇ ਮੰਜੇ ਤੇ ਲੇਟਣਾ ਚਾਹੀਦਾ ਹੈ। ਹੁਣ ਤੂੰ ਇਉਂ ਕਰ ਆਪਣੇ ਘਰ ਜਾਹ ਸੁਚੇ ਬਰਤਨ ਵਿਚ ਜਲ ਪਾਕੇ ਉਸ ਜਲ ਨੂੰ ਅਗੇ ਰਖਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰੀਂ । ਪਾਠ ਦੇ ਭੋਗ ਪਿਛੋਂ ਓਹ ਜਲ ਉਸ ਨੂੰ ਪਿਲਾ ਦੇਵੀਂ, ਇਸ ਤਰ੍ਹਾਂ ਪੰਜ ਦਿਨ ਜਲ ਪਿਲਾਉਣ ਪਿਛੋਂ ਓਹ ਤੇਰੇ ਘਰੋਂ ਬਾਹਰ ਪੈਰ ਨਹੀਂ ਰਖੇਗੀ। ਓਹ ਤੇਰੀ ਹੋ ਜਾਵੇਗੀ।'

ਸਤਿਗੁਰੂ ਜੀ ਦਾ ਇਹ ਬਚਨ ਮੰਨਕੇ ਓਹ ਸਿਖ ਆਪਣੇ ਪਿੰਡ ਸ਼ੇਰੂਪੁਰੇ ਪਹੁੰਚ ਗਿਆ। ਉਸਨੇ ਓਸੇ ਤਰ੍ਹਾਂ ਹੀ ਕੀਤਾ ਜਿਵੇਂ ਸਤਿਗੁਰੂ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਫੁਰਮਾਇਆ ਸੀ। ਜਾਂ ਤੀਸਰਾ ਦਿਨ ਹੋਇਆ ਤਾਂ ਓਹ ਮਲੇਛ ਪਰੇਮੀ ਨਾਲ ਲੜ ਪਈ।। ਚੌਥੇ ਦਿਨ ਓਧਰ ਗਈ ਹੀ ਨਾ ਤੇ ਪੰਜਵੇਂ ਦਿਨ ਘਰ ਰਹੀ ਤੇ ਉਸ ਸਿਖ ਨਾਲ ਪਿਆਰ ਕਰਨ ਲਗੀ। ਸਤਿਗੁਰੂ ਜੀ ਦੀ ਦਇਆ ਦ੍ਰਿਸ਼ਟੀ ਨੂੰ ਦੇਖਕੇ ਸਿੱਖ ਬਹੁਤ ਪ੍ਰਸੰਨ ਹੋਇਆ ਤੇ ਲੱਗਾ ਸਤਿਗੁਰੂ ਜੀ ਦਾ ਜਸ ਗਾਉਣ। ਤਿੰਨ ਮਹੀਨੇ ਪਿਛੋਂ ਘਰ ਵਾਲੀ ਨੂੰ ਨਾਲ ਲੈ ਕੇ ਅਨੰਦਪੁਰ ਆਇਆ ਤੇ ਅੰਮ੍ਰਿਤ ਛਕਾ ਕੇ ਲੈ ਗਿਆ। ਫਿਰ ਓਹ ਜੋੜੀ ਪੂਰਨ ਸਿੱਖ ਬਣਕੇ ਪਰੇਮ ਨਾਲ ਵਸਣ ਲੱਗੀ।

੧੭. ਬੀਬੀ ਦੀਪ ਕੌਰ ਦੀ ਬਹਾਦਰੀ

ਹਿੰਦੁਸਤਾਨ ਦੀ ਇਸਤ੍ਰੀ ਜਾਤੀ ਕਦੀ ਬੜੀ ਬਹਾਦਰ, ਦਲੇਰ ਤੇ ਅਣਖੀਲੀ ਹੁੰਦੀ ਸੀ ਪਰ ਹਿੰਦੂ ਰਾਜ ਦੇ ਅੰਤ ਪਿਛੋਂ ਪਰਦੇਸੀਆਂ ਦੀ ਗੁਲਾਮੀ ਅਤੇ ਮਨੂੰ ਜੀ ਦੀ ਉਲਟ ਵਿਦਿਆ ਦੇ ਕਾਰਨ ਇਸਤ੍ਰੀ ਜਾਤੀ ਸਮੁਚੇ ਤੌਰ ਤੇ ਨਿਰਬਲ ਹੋ ਗਈ ਸੀ। ਇਸ ਕਮਜੋਰੀ ਨੂੰ ਅਨਭਵ ਕਰਕੇ ਹੀ ਸਤਿਗੁਰੂ ਸਾਹਿਬਾਨ ਨੇ ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਸਮਾਨਤਾ ਬਖਸ਼ੀ ਤੇ ਅੰਮ੍ਰਿਤ ਪਾਨ ਕਰਾਕੇ ਬਹਾਦਰੀ ਸੁਰਜੀਤ ਕੀਤੀ। ਜਿਨ੍ਹਾਂ ਬੀਬੀਆਂ ਨੇ ਅੰਮ੍ਰਿਤ ਛਕ ਲਿਆ ਸੀ ਓਹ ਸਦਾ ਸ਼ਸਤ੍ਰ ਰਖਣ ਲਗ ਪਈਆਂ ਸਨ ਤੇ ਸ਼ਸਤ੍ਰ ਚਲੌਣ ਦਾ ਅਭਿਆਸ ਕਰਦੀਆਂ ਸਨ। ਦੁਸ਼ਮਨਾਂ ਕੋਲੋਂ ਉਹਨਾਂ ਨੂੰ ਭੈ ਨਹੀਂ ਸੀ ਆਉਂਦਾ। ਉਹਨਾਂ ਕਈ ਵਾਰ ਦੁਸ਼ਮਨਾਂ ਤੇ ਮਾੜੇ ਪੁਰਸ਼ਾ ਨਾਲ ਮੁਕਾਬਲਾ ਵੀ ਕਰਕੇ ਵਿਖਾਇਆ।

ਇਕ ਵਾਰ ਵੈਸਾਖੀ ਦਾ ਪੁਰਬ ਮਨਾਉਣ ਵਾਸਤੇ ਮਾਝੇ ਵਿਚੋਂ ਸਿਖ ਸੰਗਤ ਅਨੰਦਪੁਰ ਨੂੰ ਜਾ ਰਹੀ ਸੀ। ਰਾਹ ਦੇ ਵਿਚ ਇਕ ਮੁਸਲਮਾਨ ਰੰਗੜਾਂ ਦਾ ਪਿੰਡ ਆਇਆ ਉਸ ਪਿੰਡ ਵਿਚ ਸਿੱਖ ਸੰਗਤ ਪਾਣੀ ਪੀਣ ਵਾਸਤੇ ਅਟਕ ਗਈ। ਪਾਣੀ ਪੀਕੇ ਸੰਗਤ ਅਗੇ ਤੁਰ ਗਈ ਪਰ ਇਕ ਦੀਪ ਕੌਰ ਨਾਮ ਦੀ ਬੀਬੀ ਪਿਛੇ ਰਹਿ ਗਈ। ਓਹ ਬੀਬੀ ਸੁੰਦਰ ਤੇ ਜਵਾਨ ਸੀ, ਉਸਦੀ

Sri Satguru Jagjit Singh Ji eLibrary NamdhariElibrary@gmail.com

ਜਵਾਨੀ ਦੇਖਕੇ ਚਾਰ ਮੁਸਲਮਾਨ ਗਭਰੂ ਬੇਈਮਾਨ ਹੋ ਗਏ। ਓਹਨਾਂ ਨੇ ਅਗੇ ਹੋਕੇ ਬੀਬੀ ਨੂੰ ਘੇਰ ਲਿਆ ਤੇ ਇਕ ਨੇ ਕਿਹਾ—'ਸੁੰਦਰੀ ਠਹਿਰ ਜਾ! ਅਸਾਂ ਤੈਨੂੰ ਨਹੀਂ ਜਾਣ ਦੇਣਾ। ਕਾਫਰਾਂ ਦੇ ਸੰਗ ਵਿਚੋਂ ਤੈਨੂੰ ਕੀ ਪ੍ਰਾਪਤ ਹੋਣਾ ਹੈ। ਏਥੇ ਸੁਖ ਮਾਣ!'

'ਹੇ ਪਾਪੀਓ!' ਬੀਬੀ ਨੇ ਦਲੇਰੀ ਨਾਲ ਉਤਰ ਦਿਤਾ—'ਹੋਸ਼ ਤੋਂ ਕੰਮ ਲਵੋ! ਮੈਂ ਚੰਡੀ ਹਾਂ। ਸਤਿਗੁਰੂ ਜੀ ਦੀ ਸਪੁਤ੍ਰੀ ਹਾਂ, ਮੈਂ ਮੌਤ ਹਾਂ। ਮੈਨੂੰ ਨਾ ਰੋਕੋ, ਅਗੋਂ ਹਟ ਜਾਵੋ! ਜੇ ਕੋਈ ਗਹਿਣਾ ਲੈਣਾ ਹੈ ਤਾਂ ਮੈਂ ਸੁਟਦੀ ਹਾਂ ਫੜ ਲਵੋ।'

'ਅਸਾਂ ਨੂੰ ਸੋਨੇ ਤੇ ਰੁਪੈ ਦੀ ਲੋੜ ਨਹੀਂ ਸਗੋਂ ਤੇਰੀ ਲੋੜ ਹੈ।' ਦੁਸ਼ਟ ਬੋਲੇ। ਓਹ ਗਲੀਂ ਬਾਤੀਂ ਲਾ ਕੇ ਉਸ ਨੂੰ ਫੜਨਾ ਚਾਹੁੰਦੇ ਸਨ ਪਰ ਬੀਬੀ ਬਹੁਤ ਹੁਸ਼ਿਆਰ ਸੀ, ਉਸ ਦੀਆਂ ਅੱਖਾਂ ਦੁਸ਼ਮਨਾ ਦੇ ਅੰਗਾਂ ਦੀਆਂ ਹਰਕਤਾਂ ਨੂੰ ਦੇਖ ਰਹੀਆਂ ਸਨ, ਉਸ ਨੇ ਸੋਚਿਆ ਕਿ ਇਹ ਦੁਸ਼ਟ ਤਾਂ ਖੋਟੀ ਨੀਤ ਵਾਲੇ ਹਨ, ਇਸ ਕਰਕੇ ਉਸ ਨੇ ਹੱਥ ਦਾ ਸੋਨੇ ਦਾ ਕੰਗਣ ਲਾਹ ਕੇ ਸੁਟ ਦਿਤਾ। ਜਦੋਂ ਇਕ ਮੁਸਲਮਾਨ ਝੁਕ ਕੇ ਉਸ ਨੂੰ ਫੜਨ ਵਾਸਤੇ ਅਗੇ ਹੋਇਆ ਤਾਂ ਬੀਬੀ ਦੀਪ ਕੌਰ ਨੇ ਬਿਜਲੀ ਵਰਗੀ ਫੁਰਤੀ ਨਾਲ ਝਟ ਪਟ ਤਲਵਾਰ ਨੂੰ ਮਿਆਨ ਵਿਚੋਂ ਖਿਚਿਆ ਤੇ ਜੋਰ ਨਾਲ ਘੁੰਮ ਕੇ ਉਸ ਮਲੇਛ (ਮੁਸਲਮਾਨ) ਦਾ ਸਿਰ ਧੜ ਨਾਲੋਂ ਵਖ ਕਰ ਦਿਤਾ। ਫਿਰ ਦੂਸਰਿਆਂ ਨੇ ਅਗੇ ਵਧਣ ਦੀ ਕੋਸ਼ਸ਼ ਕੀਤੀ ਪਰ ਸ਼ੇਰਨੀ ਨੇ ਡਟਕੇ ਲੜਾਈ ਕੀਤੀ ਤੇ ਚੌਹਾਂ ਹੀ ਮੁਸਲਮਾਨਾਂ ਨੂੰ ਮਾਰ ਦਿਤਾ। ਜਦ ਚੌਹਾਂ ਦੀ ਮੌਤ ਹੋ ਗਈ ਤਾਂ ਪਿੰਡ ਵਾਲਿਆਂ ਨੂੰ ਹੌਂਸਲਾ ਨਾ ਪਿਆ ਅਗੇ ਹੋਕੇ ਬੀਬੀ ਨੂੰ ਘੇਰਨ। ਬੀਬੀ ਸ਼ੇਰਨੀ ਵਾਂਗ ਚੁੰਗੀਆਂ ਮਾਰਦੀ ਹੋਈ ਆਪਣੇ ਸੰਗ ਵਲ ਵਧੀ। ਲਹੂ ਰੰਗੀ ਤਲਵਾਰ ਓਹਦੇ ਹਥ ਵਿਚ ਸੀ।

ਸੰਗ ਨੇ ਜਦੋਂ ਲਹੂ ਲਿਬੜੀ ਤਲਵਾਰ ਦੇਖੀ ਤਾਂ ਪੁਛਿਆ ਕਿ ਕੀ ਮਾਮਲਾ ਸੀ? ਤਾਂ ਬੀਬੀ ਨੇ ਸਾਰੀ ਘਟਨਾਂ ਨੂੰ ਬਿਆਨ ਕਰ ਦਿਤਾ। ਬੀਬੀ ਦੀ ਦਲੇਰੀ ਦਾ ਪ੍ਰਸੰਗ ਸੁਣਕੇ ਸੰਗ ਦੇ ਸਾਰੇ ਨਰ ਨਾਰੀ ਬਹੁਤ ਪ੍ਰਸੰਨ ਹੋਏ ਤੇ

Sri Satguru Jagjit Singh Ji eLibrary NamdhariElibrary@gmail.com

ਜਸ ਕਰਨ ਲਗੇ। ਜਦੋਂ ਅਨੰਦਪੁਰ ਪੁਜੇ ਤਾਂ ਸਤਿਗੁਰੂ ਜੀ ਨੂੰ ਵੀ ਸਾਰਾ ਪ੍ਰਸੰਗ ਸੁਣਾਇਆ।

ਇਹ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ—'ਬਸ ! ਹਰ ਇਕ ਸਿੰਘ ਬੀਬੀ ਨੂੰ ਏਸੇ ਤਰ੍ਹਾਂ ਦਲੇਰ ਤੇ ਨਿਰਭੈ ਹੋਣਾ ਚਾਹੀਦਾ ਹੈ। ਜੇਕਰ ਸਤਿ ਧਰਮ ਦੀ ਰਖਿਆ ਵਾਸਤੇ ਕੋਈ ਇਸਤ੍ਰੀ ਦੁਸ਼ਮਨ ਨਾਲ ਮੁਕਾਬਲਾ ਕਰੇਗੀ ਤਾਂ ਜ਼ਰੂਰੀ ਅਕਾਲ ਪੁਰਖ ਉਸਦੀ ਸਹਾਇਤਾ ਕਰੇਗਾ।ਸੰਸਾਰ ਵਿਚ ਸ਼ੈਤਾਨ ਸ਼ਕਤੀਆਂ ਬਹੁਤ ਹੋ ਗਈਆਂ ਹਨ। ਇਨ੍ਹਾਂ ਕੋਲੋਂ ਬਚਣ ਵਾਸਤੇ ਸ਼ਸਤ੍ਰਾਂ ਦਾ ਧਾਰਨ ਕਰਨਾ ਅਤੀ ਜ਼ਰੂਰੀ ਹੈ। ਇਸੇ ਵਾਸਤੇ ਹੀ ਤੁਸਾਂ ਨੂੰ ਸ਼ਸਤ੍ਰ ਰਖਣ ਵਾਸਤੇਹੁਕਮ ਕੀਤਾ ਗਿਆ ਹੈ। ਜੇਕਰ ਸ਼ਸਤ੍ਰ ਨਾ ਹੁੰਦੇ ਤਾਂ ਜ਼ਰੂਰ ਹੀ ਬੀਬੀ ਨੇ ਦੁਸ਼ਟਾਂ ਦੇ ਕਾਬੂ ਆ ਜਾਣਾ ਸੀ। ਮੇਰੇ ਸਿਖ ਕਦੀ ਸ਼ਸਤ੍ਰ ਦਾ ਵਿਸਾਹ ਨ ਕਰਨ। ਬਸ ਫਿਰ ਕੋਈ ਚਿੰਤਾ ਨਹੀਂ। ਸਿੰਘਾਂ ਉਤੇ ਬਹੁਤ ਮੁਸੀਬਤਾਂ ਦੇ ਪਹਾੜ ਟੁਟਣੇ ਹਨ ਉਸ ਵੇਲੇ ਇਹ ਚੀਜ਼ਾਂ ਸਿੰਘਾਂ ਦੀ ਸਹਾਇਤਾ ਕਰਨਗੀਆਂ। ਮਿਲਾਪ, ਅਕਾਲ ਪੁਰਖ ਤੇ ਭਰੋਸਾ ਗੁਰਬਾਣੀ ਤੇ ਸ਼ਸਤ੍ਰ। ਜਿਹੜੇ ਸਿੰਘ ਇਨ੍ਹਾਂ ਦਾ ਆਸਰਾ ਨਹੀਂ ਛਡਣਗੇ ਓਹ ਕਦੀ ਦੁਖ ਨਹੀਂ ਉਠਾਉਣਗੇ।' ਇਸ ਤਰ੍ਹਾਂ ਉਪਦੇਸ਼ ਕਰਕੇ ਸਤਿਗੁਰੂ ਜੀ ਨੇ ਸੰਗਤ ਨੂੰ ਨਿਹਾਲ ਕੀਤਾ।

੧੮. ਇਕ ਸਰਵਰੀਆ ਸਿਖ

ਸਤਿਗੁਰੂ ਜੀ ਦੇ ਕੌਤਕ ਨਿਆਰੇ ਹਨ। ਕੋਈ ਅੰਤ ਨਹੀਂ ਆਉਂਦਾ। ਜਿੰਨੇ ਓਹਨਾਂ ਤਾਰੇ ਹਨ, ਉਨੇ ਕਿਸੇ ਤਾਰੇ ਵੀ ਨਹੀਂ। ਸਾਹਿਬਾਂ ਨੂੰ ਇਕ ਦਿਨ ਮੁਖੀ ਮੇਵੜੇ ਨੇ ਕਿਹਾ—'ਸਚੇ ਪਾਤਿਸ਼ਾਹ ! ਸਿਆਲ ਦੀ ਰੁਤ ਆਈ ਹੈ, ਠੰਢ ਤੋਂ ਬਚਣ ਵਾਸਤੇ ਬਸਤਰਾਂ ਦੀ ਲੋੜ ਹੈ। ਫੌਜਾਂ ਬੇਅੰਤ ਹਨ ਕੋਈ ਪਰਬੰਧ ਕੀਤਾ ਜਾਵੇ।'

ਮੇਵੜੇ ਦੇ ਇਹ ਬਚਨ ਸੁਣਕੇ ਸਾਹਿਬ ਮੁਸਕ੍ਰਾਏ ਤੇ ਮੁਸਕ੍ਰਾਉਂਦਿਆਂ ਹੋਇਆਂ ਆਖਿਆ—'ਚਿੰਤਾ ਨਾ ਕਰੋ, ਅਕਾਲ ਪੁਰਖ ਨੂੰ ਅਸਾਂ ਦੀ ਚਿੰਤਾ ਹੈ, ਓਹ ਬੰਦੋਬਸਤ ਕਰ ਰਿਹਾ ਹੈ। ਉਡੀਕ ਕਰੋ, ਕਦੀ ਹੌਂਸਲਾ ਨਹੀਂ ਹਾਰਨਾ

Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਤੇ ਕਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ।'

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਤਰ ਦਿਤਾ ਤੇ ਹੋਰ ਮਾਮਲਿਆਂ ਵਿਚ ਰੁਝ ਗਏ। ਅਗਲਾ ਦਿਨ ਹੋਇਆ ਤਾਂ ਇਕ ਆਦਮੀ ਜੋ ਮੋਨਾ ਸੀ, ਸਿਰ ਉਤੇ ਰੁਪਿਆਂ ਦੀ ਪੰਡ ਬੰਨ੍ਹੀ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਉਸ ਨੇ ਰੁਪੈ ਸਾਹਿਬਾਂ ਦੇ ਚਰਨਾਂ ਅਗੇ ਢੇਰੀ ਕਰ ਦਿਤੇ ਤੇ ਮੱਥਾ ਟੇਕ ਕੇ ਬੇਨਤੀ ਕੀਤੀ—'ਮਹਾਰਾਜ ! ਇਹ ਤਿਲ ਫੁਲ ਪਰਵਾਨ ਕਰਨਾ। ਆਪ ਦੀ ਬਹੁਤ ਕ੍ਰਿਪਾਲਤਾ ਹੈ, ਜੋ ਮੇਰੇ ਕਾਰਜ ਰਾਸ ਹੋ ਗਏ ਹਨ ਮੇਰਾ ਬੇੜਾ ਬੰਨੇ ਲਗ ਗਿਆ ਹੈ। ਜੇਕਰ ਆਪ ਦਇਆ ਨਾ ਕਰਦੇ ਤਾਂ ਜ਼ਰੂਰ ਹੀ ਮੈਂ ਤਬਾਹ ਹੋ ਜਾਣਾ ਸੀ।'

ਉਸਦੇ ਬਚਨ ਸੁਣਕੇ ਮੇਵੜੇ ਤੇ ਹੋਰ ਸਿੱਖ ਤਾਂ ਹੈਰਾਨ ਹੋਏ ਪਰ ਸਤਿਗੁਰੂ ਜੀ ਮੁਸਕਰਾਉਂਦੇ ਰਹੇ। ਆਖਰ ਸਾਹਿਬਾਂ ਨੇ ਪੁਛਿਆ—'ਸੁਣਾ ਭਾਈ ! ਤੈਨੂੰ ਕੀ ਦੁਖ ਸੀ ? ਕਿਸ ਬਿਪਤਾ ਪਾਸੋਂ ਤੇਰਾ ਛੁਟਕਾਰਾ ਹੋਇਆ ਹੈ ?'

ਉਸ ਸਿੱਖ ਨੇ ਆਪਣੀ ਵਾਰਤਾ ਇਉਂ ਸੁਨਾਉਣੀ ਸ਼ੁਰੂ ਕੀਤੀ—'ਮੈਂ ਹੁਣ ਤਕ ਸਖੀ ਸਰਵਰ ਦਾ ਚੇਲਾ ਰਿਹਾ ਹਾਂ। ਸੈਂਕੜੇ ਵਾਰ ਰੋਟ ਤੇ ਚੂਰਮੇ ਦਿਤੇ ਅਤੇ ਕਈ ਵਾਰ ਨਗਾਹੇ ਪੂਜਾ। ਸੰਗਲਾਂ ਨਾਲ ਖੇਡਾਂ ਵੀ ਦਿਤੀਆਂ ਪਰ ਨਾ ਮੇਰੇ ਮਨ ਦਾ ਹਨੇਰਾ ਦੂਰ ਹੋਇਆ ਤੇ ਨਾ ਹੀ ਮੇਰਾ ਕੋਈ ਕਾਰਜ ਸੌਰਿਆ। ਹੁਣ ਮੈਨੂੰ ਬਿਪਤਾ ਪਈ ਮੈਂ ਸੁਦਾਗਰ ਆਦਮੀ ਹਾਂ। ਇਕ ਦਿਨ ਸੁਦਾਗਰੀ ਵਿਚ ਮੈਨੂੰ ਬਹੁਤ ਘਾਟਾ ਪੈਣਾ ਸੀ। ਮੇਰਾ ਸਾਮਾਨ ਐਸਾ ਸੀ ਜੋ ਮੀਂਹ ਵਿਚ ਭਿਜਕੇ ਕੱਖ ਨਹੀਂ ਸੀ ਰਹਿੰਦਾ। ਕਈ ਹਜ਼ਾਰ ਦਾ ਘਾਟਾ ਪੈਣਾ ਸੀ। ਮੈਂ ਸਖੀ ਸਰਵਰ ਨੂੰ ਯਾਦ ਕੀਤਾ, ਹੋਰ ਪੀਰ ਫਕੀਰ ਮਨਾਏ ਕਿ ਮੀਂਹ ਨਾ ਵਰੇ ਪਰ ਕਾਲੀ ਘਟਾ ਸਿਰ ਤੇ ਹੋਰ ਜ਼ੋਰ ਨਾਲ ਮੰਡਲਾਉਣ ਲੱਗੀ। ਉਸ ਵੇਲੇ ਮੈਂ ਸਤਿਗੁਰੂ ਨਾਨਕ ਜੀ ਨੂੰ ਚੇਤੇ ਕੀਤਾ। ਮੈਨੂੰ ਕਿਸੇ ਨੇ ਦਸਿਆ ਹੋਇਆ ਸੀ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਹੈ ਤੇ ਉਸ ਗੁਰ ਗੱਦੀ ਦਾ ਧਿਆਨ ਧਰਕੇ ਜੋ ਮੁਰਾਦ ਮੰਗੀ ਜਾਵੇ ਸੋ ਪੂਰੀ ਹੁੰਦੀ ਹੈ। ਬਸ ਸਿਮਰਨ ਦੀ

Sri Satguru Jagjit Singh Ji eLibrary NamdhariElibrary@gmail.com

ਢਿਲ ਹੀ ਸੀ ਕਿ ਮੇਰੇ ਸਾਰੇ ਕਾਰਜ ਰਾਸ ਹੋ ਗਏ ਉਸਵੇਲੇ ਕਾਲੀ ਘਟਾ ਖਿਲਰ ਗਈ ਅਤੇ ਸੂਰਜ ਨਿਕਲ ਆਇਆ। ਮੇਰਾ ਸਾਰਾ ਮਾਲ ਖਰਾਬ ਹੋਣੋਂ ਬਚ ਗਿਆ।

ਉਸ ਦੇ ਬਚਾ ਪਿਛੋਂ ਮੈਂ ਫੈਸਲਾ ਕੀਤਾ ਕਿ ਜੋ ਨਫਾ ਬਚੇਗਾ ਸੋ ਬਾਬੇ ਨਾਨਕ ਜੀ ਦੀ ਗੁਰ ਗਦੀ ਦੀ ਭੇਟਾ ਕਰ ਦੇਵਾਂਗਾ। ਹੁਣ ਇਹ ਰਕਮ ਲੈ ਕੇ ਆਇਆ ਹਾਂ। ਤਿੰਨ ਹਜ਼ਾਰ ਹੈ,ਇਸਨੂੰ ਪ੍ਰਵਾਨ ਕਰੋ, ਅਗੇ ਨੂੰ ਕਲਿਆਣ ਦਾ ਸਾਧਨ ਦਸੋ, ਦਇਆ ਕਰੋ।' ਸਤਿਗੁਰੂ ਜੀ ਦਇਆ ਦੇ ਘਰ ਆਏ,ਓਹਨਾਂ ਨੇ ਓਹਦੀ ਓਹ ਰਕਮ ਪਰਵਾਨ ਕਰ ਲਈ ਤੇ ਓਸ ਨੂੰ ਸਿੱਖ ਬਣਾ ਲਿਆ। ਜੀਉਂਦੇ ਜੀਅ ਓਹ ਗੁਰੂ ਘਰ ਦਾ ਪਰੇਮੀ ਤੇ ਸ਼ਰਧਾਲੂ ਰਿਹਾ।

੧੯. ਭਾਈ ਰਾਮ ਕੌਰ ਜੀ ਦਾ ਅੰਮ੍ਰਿਤ ਛਕਣਾ

ਭਾਸੀ ਰਾਮਕੌਰ ਜੀ ਬਾਬਾ ਬੁਢਾ ਜੀ ਦੀ ਵੰਸ ਵਿਚੋਂ ਸੀ। ਇਹ ਬਹੁਤ ਬਲੀ, ਵਿਦਵਾਨ ਅਤੇ ਸਮਝਦਾਰ ਭਗਤੀ ਭਾਵ ਵਾਲਾ ਸੀ। ਓਹ ਸਦਾ ਸਤਿਗੁਰੂ ਜੀ ਦੇ ਸਾਥ ਰਹਿੰਦਾ ਪਰ ਉਸ ਨੇ ਅੰਮ੍ਰਿਤ ਪਾਨ ਨਹੀਂ ਸੀ ਕੀਤਾ।

ਇਕ ਦਿਨ ਸਤਿਗੁਰੂ ਜੀ ਦੇ ਨਾਲ ਸ਼ਿਕਾਰ ਖੇਡਣ ਜਾ ਰਹੇ ਸਨ ਕਿ ਰਾਹ ਵਿਚ ਇਕ ਸਿੱਖ ਨੇ ਬੇਨਤੀ ਕੀਤੀ—'ਮਹਾਰਾਜ ! ਬਾਬਾ ਦੁਢਾ ਜੀ ਗੁਰੂ ਘਰ ਦੇ ਬਹੁਤ ਸ਼ਰਧਾਲੂ ਤੇ ਪੱਕੇ ਗੁਰਸਿਖ ਸਨ ਅਰ ਓਹਨਾਂ ਦੇ ਵੰਸ਼ ਵਿਚੋਂ ਭਾਈ ਸਾਹਿਬ (ਭਾਈ ਰਾਮ ਕੌਰ) ਹਨ,ਪਰ ਇਸ ਨੇ ਅਜੇ ਤਕ ਅੰਮ੍ਰਿਤ ਪਾਨ ਕਿਉਂ ਨਹੀਂ ਕੀਤਾ ? ਦੇਖੋ ! ਇਨ੍ਹਾਂ ਦੇ ਕੇਸ ਕਿਵੇਂ ਖਿਲਰੇ ਹਨ।'

ਸਤਿਗੁਰੂ ਜੀ ਮੁਸਕਰਾ ਪਏ ਤੇ ਬਚਨ ਕੀਤਾ—'ਸਮਾਂ ਆ ਗਿਆ ਹੈ ਅਤੇ ਕਲ ਹੀ ਅੰਮ੍ਰਿਤ ਪਾਨ ਕਰ ਲੈਣਗੇ।'

ਅਗਲੇ ਦਿਨ ਭਾਈ ਰਾਮਕੌਰ ਜੀ ਨੇ ਚਾਲੀ ਕੁ ਹੋਰ ਸਿੱਖਾਂ ਦੇ ਨਾਲ ਅੰਮ੍ਰਿਤ ਛਕ ਲਿਆ। ਅੰਮ੍ਰਿਤ ਪਾਨ ਕਰਨ ਪਿਛੋਂ ਆਪ ਦਾ ਨਾਮ ਭਾਈ ਗੁਰਬਖਸ਼ ਸਿੰਘ ਰਖਿਆ ਗਿਆ। ਇਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੇ ਸਾਥ ਆਪਣੇ ਨਗਰ 'ਰਾਮਦਾਸ' ਰਹਿਕੇ ਸਿੱਖੀ ਦਾ ਪਰਚਾਰ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

੨੦. ਭਾਈ ਜੋਗਾ ਸਿੰਘ ਜੀ ਦਾ ਪ੍ਰਸੰਗ

ਪਿਸ਼ਾਵਰ ਦਾ ਇਕ ਸਿਖ ਘਰਾਣਾ ਸੀ, ਉਹ ਇਕ ਬੱਚਾ ਸਤਿਗੁਰੂ ਜੀ ਦੇ ਪਾਸ ਛਡ ਗਏ। ਸਤਿਗੁਰੂ ਜੀ ਨੇ ਪੁਛਿਆ—'ਕਾਕਾ ! ਤੇਰਾ ਨਾਮ ਕੀ ਹੈ ?' 'ਜੀ ਜੋਗਾ !' ਬਚੇ ਨੇ ਉਤਰ ਦਿਤਾ ਸੀ।

'ਕਿਸ ਜੋਗਾ ?' ਸਤਿਗੁਰੂ ਜੀ ਦਾ ਬਚਨ ਸੀ।

'ਸਤਿਗੁਰਾਂ ਜੋਗਾ, ਮਾਸੂਮ ਬਚੇ ਦਾ ਦੂਸਰਾ ਉਤਰ ਸੀ।

ਬਸ ਉਸ ਦਿਨ ਤੋਂ ਸਤਿਗੁਰੂ ਜੀ ਪਾਸ ਹੀ ਜੋਗਾ ਰਹਿ ਪਿਆ। ਉਹ ਓਥੇ ਰਹਿਕੇ ਗੁਰੂ ਘਰ ਦੀ ਸੇਵਾ ਕਰਦਾ ਰਿਹਾ ਤੇ ਜਦੋਂ ਜਵਾਨ ਹੋਇਆ ਤਾਂ ਅੰਮ੍ਰਿਤ ਪਾਨ ਕਰਕੇ ਸਿੰਘ ਸਜ ਗਿਆ ਤੇ ਉਸ ਦਾ ਨਾਮ ਜੋਗਾ ਸਿੰਘ ਰਖਿਆ ਗਿਆ। ਰਾਤ ਦਿਨੇ ਸੇਵਾ ਕਰਦਾ ਤੇ ਸਤਿਗੁਰੂ ਜੀ ਦੀ ਆਗਿਆ ਮੰਨਣ ਵਿਚ ਪ੍ਰਸਿਧ ਸੀ। ਕਿਸੇ ਵੀ ਵੇਲੇ ਸਤਿਗੁਰੂ ਜੀ ਉਸਨੂੰ ਕੋਈ ਕੰਮ ਆਖਦੇ ਓਹ ਓਸੇ ਵੇਲੇ ਕਰਦਾ। ਹੁਕਮ ਦੀ ਪਾਲਨਾ ਕਰਨ ਵਿਚ ਓਹ ਰੋਟੀ ਪਾਣੀ ਦਾ ਵੀ ਖਿਆਲ ਨਾ ਕਰਦਾ। ਉਸਨੂੰ ਕੁਝ ਹੰਕਾਰ ਹੋ ਗਿਆ ਕਿ ਓਹ ਆਗਿਆ ਦਾ ਪਾਲਨ ਕਰਨ ਵਿਚ ਸਭ ਤੋਂ ਉਤਮ ਹੈ, ਓਹਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਚੰਗੇ ਸਿਖਾਂ ਦੀ ਰਾਖੀ ਆਪ ਸਤਿਗੁਰੂ ਕਰਦੇ ਸੀ। ਓਹ ਨਹੀਂ ਸੀ ਚਾਹੁੰਦੇ ਕਿ ਓਹਨਾਂ ਦਾ ਸਿਖ ਹਉਮੈ ਦੇ ਰੋਗ ਨਾਲ ਰੋਗੀ ਹੋਕੇ ਸੇਵਾ ਤੇ ਮਨੁਖਤਾ ਦੇ ਚੰਗੇਰੇ ਅਸੂਲਾਂ ਤੋਂ ਦੂਰ ਚਲਿਆ ਜਾਵੇ। ਸਾਹਿਬਾਂ ਨੇ ਚਿਤ ਵਿਚ ਫੈਸਲਾ ਕੀਤਾ ਕਿ ਜ਼ਰੂਰ ਸਿਖ ਦਾ ਹਉਮੈ ਰੋਗ ਦੂਰ ਕਰਨਗੇ।

ਸਬੱਬ ਨਾਲ ਭਾਈ ਜੋਗਾ ਸਿੰਘ ਦਾ ਬਾਪ ਆ ਗਿਆ। ਉਸ ਨੇ ਸਤਿਗੁਰੂ ਜੀ ਨੂੰ ਨਮਸ਼ਕਾਰ ਕਰਕੇ ਆਖਿਆ—'ਮਹਾਰਾਜ ! ਅਕਾਲ ਪੁਰਖ ਦੀ ਅਪਾਰ ਕਿਰਪਾ ਤੇ ਆਪਦੀ ਦਇਆ ਦ੍ਰਿਸ਼ਟੀ ਨਾਲ ਜੋਗਾ ਸਿੰਘ ਹੁਣ ਜੁਆਨ ਹੋ ਗਿਆ ਹੈ। ਇਸ ਦੀ ਮੰਗਣੀ ਹੋਈ ਹੈ ਤੇ ਵਿਆਹ ਕਰਨਾ ਹੈ। ਵਿਆਹ ਦਾ ਦਿਨ ਵੀ ਮਿਥਿਆ ਗਿਆ ਹੈ। ਆਗਿਆ ਬਖਸ਼ੋ ਇਹ ਪੰਡਿ ਪਿਸ਼ਾਵਰ ਜਾਵੇ ਤੇ ਵਿਵਾਹ ਕਰਾ ਲਵੇ। ਵਿਆਹ ਕਰਾਉਣ ਪਿਛੋਂ ਫਿਰ

Sri Satguru Jagjit Singh Ji eLibrary NamdhariElibrary@gmail.com

ਆਪਦੇ ਪਾਸ ਵਾਪਸ ਆ ਜਾਵੇਗਾ। ਜੋ ਜਗਤ ਦੀ ਚਾਲ ਹੈ, ਸੋ ਵਿਹਾਰ ਕਰਨੇ ਹੀ ਪੈਂਦੇ ਹਨ। ਇਸ ਵਾਸਤੇ ਕ੍ਰਿਪਾ ਕਰੋ ਤੇ ਇਸ ਨੂੰ ਮੇਰੇ ਨਾਲ ਤੋਰੋ।'

ਸਤਿਗੁਰੂ ਜੀ ਨੇ ਸਭ ਵਾਰਤਾ ਸੁਣਕੇ ਪ੍ਰਸੰਨਤਾ ਨਾਲ ਬਚਨ ਕੀਤਾ—'ਖ਼ੁਸ਼ੀ ਨਾਲ ਜਾਓ ! ਇਨ੍ਹਾਂ ਨੂੰ ਲੈ ਜਾਵੋ ਤੇ ਅਨੰਦ ਕਾਰਜ ਕਰੋ। ਅਸਾਂ ਨੂੰ ਪੂਰਨ ਖੁਸ਼ੀ ਹੈ ਅਤੇ ਇਹ ਸਚਾ ਸੇਵਕ ਹੈ।

ਉਧਰ ਸਤਿਗੁਰੂ ਜੀ ਨੇ ਹੋਰ ਹੀ ਭਾਣਾ ਵਰਤਾਉਣ ਦੀ ਇੱਛਾ ਕੀਤੀ, ਪ੍ਰਭੂ ਦੇ ਚਿਤ ਆਇਆ ਕਿ ਸਿਖ ਦਾ ਸਿਦਕ ਪਰਖਿਆ ਜਾਵੇ । ਸਾਹਿਬਾਂ ਨੂੰ ਉਸ ਦਿਨ ਦਾ ਗਿਆਨ ਸੀ ਜਿਸ ਦਿਨ ਭਾਈ ਜੋਗਾ ਸਿੰਘ ਦੀਆਂ ਲਾਵਾਂ ਹੋਣੀਆਂ ਸਨ ਉਹਨਾਂ ਨੇ ਇਕ ਸਿਖ ਨੂੰ ਕੋਲ ਸਦਿਆ ਤੇ ਆਖਿਆ—'ਇਹ ਹੁਕਮਨਾਮਾ ਲੈਕੇ ਪਿਸ਼ਾਵਰ ਪਹੁੰਚੇ। ਜਦੋਂ ਭਾਈ ਜੋਗਾ ਸਿੰਘ ਦੀਆਂ ਲਾਵਾਂ ਹੋਣ ਲਗਣਗੀਆਂ ਉਸ ਵੇਲੇ ਇਹ ਹੁਕਮਨਾਮਾ ਉਸਨੂੰ ਫੜਾ ਦੇਣਾ। ਪਹਿਲਾਂ ਨਾ ਕੁਝ ਦਸਣਾ। ਹੁਕਮਨਾਮਾ ਤਦੋਂ ਫੜਾਉਣਾ ਜਦੋਂ ਦੋ ਲਾਵਾਂ ਹੋ ਚੁਕਣ।'

'ਜਿਵੇਂ ਮਹਾਰਾਜ ਦਾ ਹੁਕਮ !' ਆਖਕੇ ਸਿਖ ਸਤਿਗੁਰੂ ਜੀ ਦਾ ਹੁਕਮ ਨਾਮਾ ਲੈਕੇ ਅਨੰਦਪੁਰ ਤੋਂ ਪਿਸ਼ਾਵਰ ਵਲ ਚਲ ਪਿਆ।

ਦੂਸਰੇ ਪਾਸੇ ਭਾਈ ਜੋਗਾ ਸਿੰਘ ਦਾ ਵਿਆਹ ਰਚਿਆ ਗਿਆ। ਜੰਞ ਚੜ੍ਹੀ, ਲੜਕੀ ਵਾਲੇ ਘਰ ਢੁਕੀ ਤੇ ਸਵੇਰੇ ਅੰਮ੍ਰਿਤ ਵੇਲੇ ਲਾਵਾਂ ਹੋਣ ਲੱਗੀਆਂ। ਜਦੋਂ ਦੋ ਲਾਵਾਂ ਹੋ ਗਈਆਂ ਤਾਂ ਅਨੰਦਪੁਰੋਂ ਪਹੁੰਚੇ ਸਿਖ ਨੇ ਸਤਿਗੁਰੂ ਜੀ ਦਾ ਹੁਕਮਨਾਮਾ ਭਾਈ ਜੋਗਾ ਸਿੰਘ ਨੂੰ ਫੜਾ ਦਿਤਾ, ਏਸ਼ ਹੁਕਮਨਾਮੇ ਵਿਚ ਲਿਖਿਆ ਹੋਇਆ ਸੀ—'ਹੁਕਮਨਾਮਾ ਦੇਖਦੇ ਸਾਰ ਹੀ ਆਓ। ਜ਼ਰੂਰੀ ਕੰਮ ਹੈ ਹੁਕਮਨਾਮਾ ਦੇਖਣ ਪਿਛੋਂ ਪਲ ਨਾ ਰੁਕਣਾ।'

ਭਾਈ ਜੋਗਾ ਸਿੰਘ ਨੇ ਹੁਕਮਨਾਮਾ ਪੜਦੇ ਸਾਰ ਅਗੇ ਤੁਰਨ ਤੋਂ ਨਾਂਹ ਕਰ ਦਿਤੀ—'ਬਸ ਹੋਰ ਲਾਵਾਂ ਨਹੀਂ ਹੋ ਸਕਦੀਆਂ । ਮੈਂ ਚਲਿਆ ਹਾਂ ਮੇਰੇ ਸਤਿਗੁਰੂ ਜੀ ਨੇ ਮੈਨੂੰ ਯਾਦ ਕੀਤਾ ਹੈ। ਸਤਿਗੁਰੂ ਜੀ ਦਾ ਹੁਕਮ ਹੈ ਮੈਂ ਨਹੀਂ ਰੁਕ ਸਕਦਾ।' ਇਹ ਆਖਕੇ ਉਸਨੇ ਪੱਲਾ ਹਥੋਂ ਛੱਡ ਦਿਤਾ ਤੇ ਮਹਾਰਾਜ ਜੀ ਦੀ ਹਜ਼ੂਰੀ ਵਿਚੋਂ ਪਰੇ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਭਾਈ ਜੋਗਾ ਸਿੰਘ ਦੇ ਪਿਤਾ, ਰਿਸ਼ਤੇਦਾਰ ਤੇ ਮਿਤ੍ਰ ਸਾਰੇ ਹੈਰਾਨ ਹੋ ਗਏ ਉਹਨਾਂ ਨੇ ਅਗੇ ਹੋਕੇ ਰੋਕਿਆ, ਤਰਲੇ ਕੀਤੇ—'ਪੰਜ ਸਤ ਪਲ ਦੀ ਖੇਡ ਹੈ, ਛੇਤੀ ਮੁਕ ਜਾਵੇਗੀ, ਦੋ ਲਾਵਾਂ ਹੋਣ ਦੇਹ ਫਿਰ ਚਲਿਆ ਜਾਵੀਂ। ਐਨੀ ਕਾਹਲੀ ਵਿਚ ਸਤਿਗੁਰੂ ਜੀ ਦੇ ਹੁਕਮ ਦੀ ਉਲੰਘਣਾ ਨਹੀਂ ਹੋਵੇਗੀ ਹਠ ਛੱਡ ਦੇਹ। ਲਾਵਾਂ ਦਾ ਵਿਚਾਲੇ ਛੱਡਣਾ ਬਹੁਤ ਹੀ ਭੁਲ ਹੈ।'

'ਮੈਂ ਨਹੀਂ ਰੁਕਣਾ ! ਮੈਂ ਨਹੀਂ ਰੁਕਣਾ !' ਆਖਕੇ ਭਾਈ ਜੋਗਾਸਿੰਘ ਵਿਆਹ ਵਾਲੇ ਅਸਥਾਨ ਤੋਂ ਨੱਸ ਉਠਿਆ । ਉਸਨੇ ਲੀੜੇ ਨਹੀਂ ਬਦਲੇ ਜੋੜਾ ਨਹੀਂ ਪਾਇਆ ਰਾਹ ਦਾ ਖਰਚ ਨਹੀਂ ਲਿਆ ਤੇ ਨਾ ਕਿਸੇ ਸਾਥੀ ਨੂੰ ਉਡੀਕਿਆ। ਬਸ ਤੁਰਨ ਦੀ ਗਲ ਕੀਤੀ ਤੇ ਸ਼ਹਿਰ ਤੋਂ ਬਾਹਰ ਹੋ ਗਿਆ। ਸਾਰੇ ਓਹਦੀ ਪਿੱਠ ਦੇਖਦੇ ਹੀ ਰਹਿ ਗਏ। ਭਾਈ ਜੋਗਾ ਸਿੰਘ ਦੇ ਪੱਲੇ (ਸਾਫੇ) ਨਾਲ ਬਾਕੀ ਦੀਆਂ ਦੋ ਲਾਵਾਂ ਕੀਤੀਆਂ ਤੇ ਵਿਆਹ ਦੀ ਰਸਮ ਪੂਰੀ ਕੀਤੀ। ਜਦੋਂ ਰਸਮ ਪੂਰੀ ਹੋ ਗਈ ਤਾਂ ਭਾਈ ਜੋਗਾ ਦਾ ਪਿਤਾ ਨੂੰਹ ਦਾ ਡੋਲਾ ਲੈਕੇ ਘਰ ਚਲਿਆ ਗਿਆ।

ਭਾਈ ਜੋਗਾ ਸਿੰਘ ਪਿਸ਼ਾਵਰ ਤੋਂ ਚਲ ਕੇ ਟੈਕਸਲਾ ਤੇ ਰਾਵਲਪਿੰਡੀ ਜੇਹਲਮ ਨੂੰ ਲੰਘਕੇ ਗੁਜਰਾਤ ਝਨਾਂ ਕਿਨਾਰੇ ਆ ਪੁਜਿਆ। ਝਨਾਂ ਦਾ ਪਤਣ ਦੇਖਕੇ ਭਾਈ ਜੋਗਾ ਸਿੰਘ ਨੂੰ ਹੰਕਾਰ ਹੋ ਗਿਆ। ਏਸੇ ਝਨਾਂ ਦੇ ਵਿਚ ਠਿਣ ਕੇ ਸੋਹਣੀ ਨੇ ਕਦੀ ਸਿਦਕ ਪਾਲਿਆ ਸੀ। ਪਿਆਰ ਬਦਲੇ ਡੁਬ ਮਰੀ ਸੀ ਮੈਂ ਵੀ ਸਿਦਕ ਪਾਲ ਰਿਹਾ ਹਾਂ। ਕੌਣ ਜੰਮਿਆਂ ਦੁਨੀਆਂ ਵਿਚ ਜੇਹੜਾ ਦੋ ਲਾਵਾਂ ਛਡਕੇ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਖਾਤਰ ਤੁਰ ਪਵੇ ? ਕਿਸੇ ਨੇ ਲਾਵਾਂ ਨਹੀਂ ਛਡੀਆਂ। ਮੇਰੇ ਵਰਗਾ ਸ਼ਰਧਾਲੂ ਸਿੱਖ ਕੌਣ ਹੈ ? ਸਤਿਗੁਰੂ ਜੀ ਜ਼ਰੂਰ ਮੇਰੇ ਤੇ ਪ੍ਰਸੰਨ ਹੋਣਗੇ। ਮੈਂ ਬਹੁਤ ਛੇਤੀ ਲੰਮਾ ਪੰਧ ਮੁਕਾਕੇ ਅਨੰਦ ਪੁਰ ਪਹੁੰਚ ਜਾਵਾਂ।' ਇਸ ਤਰ੍ਹਾਂ ਹਉਮੈ ਦੀ ਮਿੱਠੀ ਸ਼ਰਾਬ ਨਾਲ ਦੀਵਾਨਾ ਜਿਹਾ ਹੋਕੇ ਓਹ ਝਨਾਂ ਦੇ ਪਤਨ ਤੋਂ ਪਾਰ ਹੋਇਆ ਤੇ ਵਜ਼ੀਰਾਬਾਦ ਨੂੰ ਲੰਘਕੇ ਵਾਹੋਦਾਹੀ ਛੋਟਿਆਂ ਰਾਹਾਂ ਰਾਹੀਂ ਤੁਰਿਆ ਗਿਆ ਅਤੇ ਓਹ ਹੁਸ਼ਿਆਰਪੁਰ ਜਾ ਪੁਜਾ।

Sri Satguru Jagjit Singh Ji eLibrary NamdhariElibrary@gmail.com

ਉਸ ਸਮੇਂ ਹੁਸ਼ਿਆਰਪੁਰ ਪ੍ਰਥ ਵਸਦਾ ਸ਼ਹਿਰ ਸੀ। ਏਥੇ ਹੋਰ ਸਾਰੀਆਂ ਚੀਜ਼ਾਂ ਵਸਤਾਂ ਹੋਣ ਦੇ ਨਾਲ ਵੇਸਵਾ ਦੇ ਚੁਬਾਰੇ ਵੀ ਸਨ। ਭਾਈ ਜੋਗਾ ਸਿੰਘ ਸਵੇਰੇ ਦਸ ਕੁ ਵਜੇ ਹੁਸ਼ਿਆਰਪੁਰ ਪੁਜਾ, ਜਦੋਂ ਅਗੇ ਤੁਰਨ ਲੱਗਾ ਤਾਂ ਸਬਬ ਨਾਲ ਵੇਸਵਾ ਦੇ ਬਾਜ਼ਾਰ ਵਿਚ ਦੀ ਲੰਘ ਤੁਰਿਆ। ਬਾਜ਼ਾਰ ਦੇ ਅੱਧ ਵਿਚ ਪੁਜਾ ਤਾਂ ਅਗੇ ਸੁੰਦਰ ਵੇਸਵਾ ਖਲੋਤੀ ਦੇਖੀ। ਓਹ ਵੇਸਵਾ ਛੋਟੀ ਉਮਰ ਦੀ ਮੁਟਿਆਰ ਸੀ, ਉਹ ਮਦ ਭਰੇ ਨੈਣ ਤੇ ਸਿਰ ਦੇ ਕਾਲੇ ਵਾਲ, ਲੰਮੀ ਧੌਣ, ਸਰੂ ਵਰਗਾ ਕੱਦ ਦੇਖਕੇ ਭਾਈ ਜੋਗਾ ਸਿੰਘ ਦੇ ਪੈਰ ਰੁਕ ਗਏ ਅਤੇ ਧਰਤੀ ਨਾਲ ਜੁੜ ਗਏ। ਐਸੀ ਮਾਯਾ ਵਰਤੀ ਕਿ ਓਹ ਸੁੰਦਰੀ ਭਾਈ ਜੋਗਾ ਸਿੰਘ ਦੀਆਂ ਅੱਖਾਂ ਨੂੰ ਭਾ ਗਈ। ਓਹਦਾ ਕਾਮ ਜਾਗ ਪਿਆ ਅਤੇ ਜਵਾਨ ਤਨ ਮਨ ਨੂੰ ਕਾਮ ਨੇ ਅੱਗ ਲਾ ਦਿਤੀ। ਓਹ ਵਿਆਕੁਲ ਹੋ ਉਠਿਆ, ਉਸ ਨੂੰ ਸਤਿਗੁਰੂ ਜੀ ਦਾ ਹੁਕਮ ਭੁਲ ਗਿਆ। ਇਹ ਵੀ ਚੇਤੇ ਨਾ ਰਿਹਾ ਕਿ ਉਸ ਨੇ ਘਰ ਵਹੁਟੀ ਛੱਡੀ ਹੈ। ਓਹ ਵਹੁਟੀ ਜੋ ਬਹੁਤ ਸੁੰਦਰ, ਯੁਵਤੀ, ਸੁਘੜ ਤੇ ਸਸ਼ੀਲ ਸੀ ਪਰ ਮਨ ਵੇਸਵਾ ਦੇ ਰੂਪ ਉਤੇ ਚਲਾਇਮਾਨ ਹੋ ਗਿਆ। ਹਉਮੈ ਦਾ ਸਦਕਾ, ਸਿਦਕ ਟੁਟ ਗਿਆ।

'ਵੇਸਵਾ ਦੇ ਮੇਲ ਤੋਂ ਬਿਨਾਂ ਅਗੇ ਨਹੀਂ ਜਾਵਾਂਗਾ।' ਭਾਈ ਜੋਗਾ ਸਿੰਘ ਦਾ ਫੈਸਲਾ ਸੀ। ਮੇਰੀ ਇਹ ਮੁਰਾਦ ਰਾਤ ਨੂੰ ਪੂਰੀ ਹੋਵੇਗੀ। ਅਜ ਦਾ ਦਿਨ ਏਥੇ ਕਟਦਾ ਹਾਂ ਅਤੇ ਨਾਲੇ ਲੰਮੇ ਪੰਧ ਦੇ ਥਕੇਵੇਂ ਨੇ ਸ਼ਰੀਰ ਦੇ ਅੰਗ ਅੰਗ ਨੂੰ ਚੂਰ ਕੀਤਾ ਪਿਆ ਹੈ। ਦੋ ਘੜੀ ਅਰਾਮ ਕਰਨਾ ਚੰਗਾ ਹੈ।' ਇਉਂ ਸੋਚਦਿਆਂ ਹੋਇਆਂ ਉਸ ਦੀ ਬੁਧੀ ਭ੍ਰਿਸ਼ਟ ਹੋ ਗਈ। ਮਹਾਂ ਬਲੀ ਕਾਮਦੇਵ ਨੇ ਅਕਲਾਂ, ਸੂਝਾਂ ਤੇ ਪ੍ਰੀਤਾਂ ਨਸ਼ਟ ਕਰ ਸੁਟੀਆਂ। ਇੰਦਰ ਜਿਵੇਂ ਅਹਿਲਿਆ ਦੇ ਰੂਪ ਉਤੇ ਭੁਲ ਗਿਆ ਸੀ, ਬ੍ਰਹਮਾ ਜਿਵੇਂ ਪੁਤਰੀ ਦੀ ਸੁੰਦਰਤਾ ਦੇਖਕੇ ਸਾਬਤ ਨਹੀਂ ਸੀ ਰਿਹਾ ਏਸੇ ਤਰ੍ਹਾਂ ਭਾਈ ਜੋਗਾ ਸਿੰਘ ਦਾ ਦਿਲ ਡੋਲ ਗਿਆ।

'ਦੋ ਦਿਨ ਪਿਛੋਂ ਜਾ ਮਿਲਾਂਗੇ, ਸਤਿਗੁਰੂ ਜੀ ਨੇ ਅਨੰਦਪੁਰ ਹੀ ਰਹਿਣਾ ਹੈ ਓਹ ਕਿਤੇ ਚਲੇ ਨਹੀਂ ਪਰ ਇਹੋ ਜਿਹੀ ਸੁੰਦਰੀ ਇਕ ਵਾਰ ਹਥੋਂ ਨਿਕਲ ਗਈ ਤਾਂ ਮੁੜਕੇ ਨਹੀਂ ਮਿਲਣੀ। ਇਸ ਤਰ੍ਹਾਂ ਦੇ ਮਾੜੇ ਵਿਚਾਰ ਵਿਚਾਰ ਕੇ

Sri Satguru Jagjit Singh Ji eLibrary NamdhariElibrary@gmail.com

ਭਾਈ ਬੋਗਾ ਸਿੰਘ ਇਕ ਧਰਮਸਾਲਾ ਵਿਚ ਜਾ ਬੈਠਾ। ਬੈਠੇ ਬੈਠੇ ਨੂੰ ਨੀਂਦ ਆ ਗਈ ਨੀਂਦ ਵਿਚ ਸੁਪਨੇ ਦੇ ਰਾਹੀਂ ਉਹੋ ਸੁੰਦਰੀ ਦਿਸੀ। ਓਸੇ ਨਾਲ ਮਿੱਠੀਆਂ ਪਿਆਰ ਦੀਆਂ ਗਲਾਂ ਕੀਤੀਆਂ, ਇਸੇ ਬੇਚੈਨੀ ਵਿਚ ਅੱਖ ਖੁਲ੍ਹ ਗਈ ਅਤੇ ਉਸਨੇ ਦੇਖਿਆ ਕਿ ਅਜੇ ਸੂਰਜ ਨਹੀਂ ਡੁਬਾ, ਅਜੇ ਰਾਤ ਨਹੀਂ ਸੀ ਪਈ ਸੂਰਜ ਦੀ ਧੁਪ ਚਮਕ ਰਹੀ ਸੀ। ਉਹ ਬੈਠ ਗਿਆ, ਬੈਠਾ ਬੈਠਾ ਵੇਸਵਾ ਦਾ ਰੂਪ ਵਿਚਾਰਦਾ ਰਿਹਾ। ਸਤਿਗੁਰੂ ਜੀ ਦੇ ਚਰਨਾਂ ਦੀ ਪ੍ਰੀਤਿ ਭੁਲ ਗਈ।

ਆਖਰ ਰਾਤ ਪੈ ਹੀ ਗਈ, ਦੀਵੇ ਜਗ ਪਏ, ਉਹ ਉਠਕੇ ਵੇਸਵਾ ਦੇ ਬਾਜ਼ਾਰ ਵਿਚ ਚਲਿਆ ਗਿਆ; ਅਗੇ ਬਦਚਲਨ ਲੋਕ ਫਿਰ ਰਹੇ ਸਨ, ਮੰਦਕਰਮਨਾਂ ਤੇ ਅਭਾਗਣਾਂ ਨਾਰੀਆਂ ਆਪਣੀ ਸੁੰਦਰਤਾ ਤੇ ਇਜ਼ਤ ਨੂੰ ਵੇਚ ਰਹੀਆਂ ਸਨ, ਉਸ ਭਿਆਨਕ ਕੁਕਰਮ ਦੇ ਨਰਕ ਵਿਚ ਭਾਈ ਜੋਗਾ ਸਿੰਘ ਵੀ ਡਿਗਣ ਦੀ ਤਿਆਰੀ ਕਰ ਰਿਹਾ ਸੀ।

ਵਾਹ ਮੇਰੇ ਸਤਗੁਰੂ ਜੀ ! ਧੰਨ ! ਧੰਨ !! ਆਪ ਦੀ ਮਹਿਮਾ ਵਰਨਣ ਨਹੀਂ ਕੀਤੀ ਜਾ ਸਕਦੀ। ਸਾਹਿਬ ਕਦੀ ਆਪਣੇ ਸਿਖ ਨੂੰ ਨਰਕ ਵਿਚ ਨਹੀਂ ਡਿੱਗਣ ਦੇਣਗੇ। ਘਟ ਘਟ ਦੇ ਜਾਨਣਹਾਰ ਦਾਤਾਰ ਨੇ ਵੇਖਿਆ ਕਿ ਉਸ ਦਾ ਸਿਦਕੀ ਸਿਖ ਡੋਲ ਗਿਆ ਹੈ ਤਾਂ ਸਾਹਿਬਾਂ ਨੇ ਆਪਣੀ ਬ੍ਰਹਮ ਸ਼ਕਤੀ ਨਾਲ ਆਪਣੇ ਦੋ ਰੂਪ ਧਾਰਨ ਕੀਤੇ। ਇਕ ਅਰਦਲੀ (ਦਰਬਾਨ) ਦਾ ਰੂਪ ਧਾਰਨ ਕਰਕੇ ਮੇਰੇ ਦਾਤਾ ਜੀ ਵੇਸਵਾ ਦੇ ਬੂਹੇ ਅਗੇ ਜਾ ਖਲੋਤੇ। ਓਸੇ ਤਨ੍ਹਾਂ ਦੇ ਬਸਤ੍ਰ ਪਾਏ ਹੋਏ ਸਨ ਜਿਸ ਤਰ੍ਹਾਂ ਦੇ ਅਮੀਰਾਂ ਦੇ ਸੇਵਕਾਂ ਦੇ ਹੁੰਦੇ ਸਨ।

ਭਾਈ ਜੋਗਾ ਸਿੰਘ ਹਨੇਰਾ ਹੋਣ ਤੇ ਵੇਸਵਾ ਦੇ ਚੁਬਾਰੇ ਦੀਆਂ ਪੌੜੀਆਂ ਅਗੇ ਪੁਜਾ ਤਾਂ ਅਗੋਂ ਅਰਦਲੀ ਨੇ ਘੂਰ ਕੇ ਆਖਿਆ—'ਕਿਧਰ ਮੂੰਹ ਚੁਕੀ ਆਉਂਦਾ ਹੈਂ ? ਏਧਰ ਕੋਈ ਧਰਮਸਾਲਾ ਨਹੀਂ, ਅਗੇ ਰਾਜਾ ਸਾਹਿਬ ਗਏ ਹੋਏ ਹਨ, ਜਾਹ ਵਰਗਾ ਜਾਹ ਤੇ ਕਿਸੇ ਹੋਰ ਥਾਂ ਵਲ ਝਾਕ।

ਭਾਈ ਜੋਗਾ ਸਿੰਘ ਸ਼ਰਮਿੰਦਾ ਜਿਹਾ ਹੋ ਕੇ ਰਤਾ ਪਾਸੇ ਹੋ ਗਿਆ ਤੇ ਦੂਰ ਜਾ ਕੇ ਬੈਠ ਕੇ ਉਡੀਕ ਕਰਨ ਲੱਗਾ ਕਿ ਕਦੋਂ ਰਾਜਾ ਸਾਹਿਬ ਕੋਠੇ ਤੋਂ ਉਤਰਨ ਤੇ ਕਦੋਂ ਓਹ ਜਾਕੇ ਆਪਣੀ ਪਰੇਮਕਾ ਨੂੰ ਮਿਲੇ।

Sri Satguru Jagjit Singh Ji eLibrary NamdhariElibrary@gmail.com

ਕੋਈ ਦੋ ਘੰਟੇ ਪਿਛੋਂ ਭਾਈ ਜੋਗਾ ਸਿੰਘ ਫਿਰ ਉਠਿਆ ਤੇ ਵੇਸਵਾ ਦੇ ਬੂਹੇ ਅਗੇ ਪੁਜਾ। ਅਗੇ ਓਹੋ ਅਰਦਲੀ ਖਲੋਤਾ ਸੀ ਚੁਬਾਰੇ ਵਿਚ ਰੋਸ਼ਨੀ ਸੀ ਓਹ ਡਰਦਾ ਡਰਦਾ ਦਬੇ ਪੈਰ ਅਗੇ ਹੋਇਆ ਤਾਂ ਅਰਦਲੀ ਨੇ ਫਿਰ ਹਾਕ ਮਾਰਕੇ ਬੜੇ ਰੋਅਬ ਨਾਲ ਆਖਿਆ—'ਕਿਧਰ ਜਾਣਾ ਹੈਂ ? ਕੌਣ ਹੈਂ ਤੂੰ ?'

'ਮੈਂ ਉਪਰ ਜਾਣਾ ਹੈ ?' ਭਾਈ ਜੋਗਾ ਸਿੰਘ ਨੇ ਥੋੜਾ ਜਿਹਾ ਹੌਂਸਲਾ ਕੀਤਾ ਤੇ ਅਗੋਂ ਉਤਰ ਦਿਤਾ ਪਰ ਅਰਦਲੀ ਨੇ ਬੜੇ ਕਰੋਧ ਦੇ ਨਾਲ ਆਖਿਆ 'ਭਲੇਮਾਣਸਾ ਆਪਣੇ ਹੁਲੀਏ ਵਲ ਦੇਖ ਲਿਬਾਸ ਤੇ ਸਿੰਘਾਂ ਵਾਲਾ ਹੈ ਪਰ ਤੂੰ ਕਰਤੂਤ ਮਲੇਛਾਂ ਵਾਲੀ ਕਰਨ ਤੇ ਤੁਲਿਆ ਹੋਇਆ ਹੈਂ। ਜਿਤਨਾ ਚਿਰ ਰਾਜਾ ਸਾਹਿਬ ਨਹੀਂ ਜਾਂਦੇ ਉਤਨਾ ਚਿਰ ਇਸ ਵੇਸਵਾ ਦੀ ਬੈਠਕ ਤੇ ਕੋਈ ਦੂਸਰਾ ਆਦਮੀ ਨਹੀਂ ਜਾ ਸਕਦਾ ਜਾਹ ਜਾਕੇ ਕਿਤੇ ਆਰਾਮ ਕਰ।'

ਪਰ ਭਾਈ ਜੋਗਾ ਸਿੰਘ ਦੀ ਬੁਧੀ ਭਰਿਸ਼ਟ ਹੋ ਚੁਕੀ ਸੀ ਕਾਮਦੇਵ ਨੇ ਉਸਦੇ ਤਨ ਮਨ ਨੂੰ ਵਸ ਕਰ ਲਿਆ ਸੀ ਉਸਦੀ ਸੋਚ ਸ਼ਕਤੀ ਨਸ਼ਟ ਕਰ ਦਿਤੀ ਸੀ। ਉਸਨੂੰ ਅਰਦਲੀ ਦੇ ਇਨ੍ਹਾਂ ਸ਼ਬਦਾਂ ਦਾ ਪਤਾ ਹੀ ਨਾ ਲਗਾ ਕਿ ਓਹ ਜੋਗਾ ਸਿੰਘ ਅਤੇ ਓਹਦਾ ਲਿਬਾਸ ਸਿੰਘਾਂ ਵਾਲਾ ਹੈ ਤੇ ਕਰਮ ਮਲੇਛਾਂ ਵਾਲੇ ਕਰ ਰਿਹਾ ਹੈ ਪਰ ਅਰਦਲੀ ਨੂੰ ਪਾਸੇ ਹਟਾਕੇ ਉਪਰ ਜਾਣ ਦਾ ਹੌਂਸਲਾ ਵੀ ਉਸਨੂੰ ਨਾ ਪਿਆ ਬਾਜਾਰ ਵਿਚ ਟਹਿਲਕੇ ਰਾਜਾ ਸਾਹਿਬ ਦੇ ਜਾਣ ਦੀ ਉਡੀਕ ਕਰਨ ਲਗਾ।

ਰਾਤ ਦਾ ਪਹਿਲਾ ਹਿੱਸਾ ਬਤੀਤ ਹੋ ਗਿਆ ਸਵੇਰ ਦੇ ਤਿੰਨ ਵਜ ਗਏ ਕੁਕੜ ਨੇ ਬਾਂਗ ਦੇਕੇ ਭਗਤ ਜਨਾਂ ਨੂੰ ਸੁਚੇਤ ਕੀਤਾ ਕਿ ਓਹ ਆਪਣੇ ਪ੍ਰਭੂ ਪ੍ਰਮਾਤਮਾ ਦੀ ਭਗਤੀ ਕਰਨ ਅਤੇ ਅੰਮ੍ਰਿਤ ਵੇਲੇ ਦੇ ਸ਼ਾਂਤਮਈ ਵਾਯੂ ਮੰਡਲ ਦਾ ਅਨੰਦ ਲੁਟਣ। ਭਗਤ ਜਨ ਜਾਗੇ, ਖੂਹਾਂ ਦੇ ਡੋਲ ਖੜਕੇ ਅਤੇ ਰਾਮ ਰਾਮ ਵਾਹਿਗੁਰੂ, ਹਰੇ ਰਾਮ ਦੀ ਆਵਾਜ਼ ਸੁਣਾਈ ਦਿਤੀ। ਵੇਸਵਾਵਾਂ ਦੀਆਂ ਬੈਠਕਾਂ ਦੇ ਦੀਵੇ ਬੁਝ ਗਏ ਪਰ ਭਾਈ ਜੋਗਾ ਸਿੰਘ ਦੀ ਮਨ ਬਿਰਤੀ ਉਸ ਸੁੰਦਰ ਵੇਸਵਾ ਦੇ ਰੂਪ ਤੇ ਜੋਬਨ ਨਾਲ ਜੁੜੀ ਰਹੀ। ਬਾਜ਼ਾਰ ਦਾ ਚੱਕਰ ਕੱਟਕੇ ਓਹ ਫਿਰ ਉਸ ਬੈਠਕ ਵਲ ਗਿਆ ਉਸ ਨੇ ਦੇਖਿਆ ਓਹੋ ਅਰਦਲੀ

Sri Satguru Jagjit Singh Ji eLibrary NamdhariElibrary@gmail.com

ਓਸੇ ਤਰ੍ਹਾਂ ਖਲੋਤਾ ਸੀ ਜਿਸ ਤਰ੍ਹਾਂ ਕਿ ਪਹਿਲੇ ਉਸ ਨੇ ਦੇਖਿਆ ਸੀ। ਇਸ ਵਾਰ ਅਰਦਲੀ (ਜੋ ਕਿ ਪਰਤੱਖ ਸਤਿਗੁਰੂ ਆਪ ਸੀ) ਬੜੇ ਕਰੋਧ ਨਾਲ ਆਪੇ ਤੋਂ ਬਾਹਰ ਹੋਕੇ ਕਹਿਣ ਲਗਾ–'ਦੁਸ਼ਟਾ ! ਤੂੰ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹੈਂ ਹੋਸ਼ ਕਰ ਸਤਿਗੁਰੂ ਦੇ ਹੁਕਮ ਅਨੁਸਾਰ ਦੋ ਲਾਵਾਂ ਵਿਚਾਲੇ ਛਡਕੇ ਆਪਣੀ ਸੁੰਦਰ ਤੇ ਜੋਬਨਮਤੀ ਇਸਤ੍ਰੀ ਛਡਕੇ ਸਤਿਗੁਰਾਂ ਦੇ ਹੁਕਮ ਦੀ ਪਾਲਨਾ ਕਰਨ ਲਈ ਅਨੰਦਪੁਰ ਨੂੰ ਜਾ ਰਿਹਾ ਹੈਂ। ਮੂਰਖਾ! ਤੈਨੂੰ ਸਮਝ ਨਹੀਂ ਆਉਂਦੀ ਕਿ ਤੂੰ ਗੁਰੂ ਕਾ ਸਿੰਘ ਹੈਂ ਤੇ ਗੁਰੂ ਕਾ ਸਿੰਘ ਪਰ ਨਾਰੀ ਤੇ ਮੁਸਲੀ ਦੇ ਨੇੜੇ ਨਹੀਂ ਜਾਂਦਾ। ਕਾਮਦੇਵਤਾ ਦੇ ਵਸ ਹੋਕੇ ਸਤਿਗੁਰੂ ਦੀ ਸਿੱਖੀ ਦਾ ਤਿਆਗ ਕਰਕੇ ਨਰਕਾਂ ਦਾ ਭਾਗੀ ਕਿਉਂ ਬਣਦਾ ਹੈਂ। ਜਾਹ ਅੰਮ੍ਰਿਤ ਵੇਲਾ ਹੋ ਗਿਆ ਇਸ਼ਨਾਨ ਕਰਕੇ ਵਾਹਿਗੁਰੂ ਨਾਮ ਦਾ ਸਿਮਰਨ ਕਰ ਤੇ ਪੰਜਾਂ ਕਕਾਰਾਂ ਦੀ ਲਾਜ ਰਖ। ਇਸ ਬੈਠਕ ਵਿਚ ਵਸਣ ਵਾਲੀ ਜੋਬਨ ਮਤੀ ਨਾਰ ਮਾਇਆ ਦਾ ਭਿਆਨਕ ਰੂਪ ਹੈ, ਇਸਦੇ ਜਾਲ ਵਿਚ ਫਸਿਆ ਹੋਇਆ ਪਰਾਣੀ ਦੀਨ ਤੇ ਦੁਨੀਆਂ ਤੋਂ ਧਕਿਆ ਜਾਂਦਾ ਹੈ। ਵੇਸਵਾ ਦੇ ਸੰਜੋਗ ਕਰਨ ਵਾਲਿਆਂ ਨੂੰ ਨਰਕ ਭੀ ਥਾਂ ਨਹੀਂ ਦੇਂਦਾ। ਮੂਰਖਾ ਆਪਣੀ ਜੁਆਨੀ ਸਤਿਗੁਰਾਂ ਦੀ ਸਿਖੀ ਅਤੇ ਸਮੇਂ ਦੀ ਕਦਰ ਤੇ ਵਿਚਾਰ ਕਰ ਜਾਹ ਗੁਰੂ ਤੇਰਾ ਭਲਾ ਕਰੇ।

ਇਨ੍ਹਾਂ ਸ਼ਬਦਾਂ ਨੇ ਭਾਈ ਜੋਗਾ ਸਿੰਘ ਦੇ ਤਨ ਮਨ ਨੂੰ ਹਲੂਣਾ ਦਿਤਾ ਓਹਦਾ ਮਨ ਤੇ ਤਨ ਪਾਰੇ ਵਾਂਗ ਕੰਬਿਆ ਜਿਹੜਾ ਖੂਨ ਬਰਫ ਵਾਂਗ ਜੰਮ ਚੁਕਾ ਸੀ ਓਹ ਜੁਆਲਾ ਮੁਖੀ ਲਾਵੇ ਦੀ ਤਰ੍ਹਾਂ ਗਰਮ ਹੋਇਆ। ਉਸ ਦੀਆਂ ਅੱਖਾਂ ਅਗੋਂ ਮਾਇਆ ਦਾ ਸੁਨਹਿਰੀ ਪੜਦਾ ਪਿਛੇ ਹੋ ਗਿਆ। ਉਸਨੇ ਦੇਖਿਆ ਕਿ ਓਹ ਅਰਦਲੀ ਉਸਨੂੰ ਪ੍ਰਤੱਖ ਗੁਰੂ ਗੋਬਿੰਦ ਸਿੰਘ ਦਿਸ ਰਿਹਾ ਹੈ ਪਰ ਜ਼ਿਉਂ ਹੀ ਓਹ ਅਗੇ ਹੋਕੇ ਉਸਦੇ ਚਰਨਾਂ ਤੇ ਡਿਗਣ ਲਗਾ ਤਾਂ ਓਹ ਅਰਦਲੀ ਅਲੋਪ ਹੋ ਗਿਆ। ਬੈਠਕ ਦੇ ਦੀਵੇ ਬੁਝੇ ਹੋਏ ਸਨ ਪਰ ਅਰਦਲੀ ਨਜ਼ਰ ਨਾ ਆਇਆ । ਭਾਈ ਜੋਗਾ ਸਿੰਘ ਨੇ ਡਡਿਆਕੇ ਕਹਿਆ–'ਹੇ ਸਤਿਗੁਰੂ ! ਕਲਗੀਧਰ ਪਿਤਾ ਮੈਨੂੰ ਬਖਸ਼ੋ ! ਮੈਂ ਪਾਪੀ ! ਮੈਂ ਭੁਲਿਆ ਮੈਂ ਆਪ ਦੀ ਆਗਜਾ ਦੀ ਉਲੱਘਣਾ ਕੀਤੀ। ਦਾਤਾ ! ਮੈਂ ਆਇਆ ! ਮੈਂ ਆਇਆ !'

Sri Satguru Jagjit Singh Ji eLibrary NamdhariElibrary@gmail.com

ਆਖਦਾ ਹੋਇਆ ਭਾਈ ਜੋਗਾ ਸਿੰਘ ਹੁਸ਼ਿਆਰਪੁਰ ਦੇ ਬਾਜ਼ਾਰਾਂ ਵਿਚੋਂ ਨੱਠ ਉਠਿਆ। ਹੁਸ਼ਿਆਰਪੁਰ ਤੋਂ ਲੰਘਦਾ ਹੋਇਆ ਉਨੇ 'ਨੂੰ ਲੰਘਕੇ ਨੰਗਲ ਦੇ ਪੱਤਣ ਤੇ ਪੁਜ ਗਿਆ। ਉਸ ਦਿਨ ਸਤਲੁਜ ਦਰਿਆ ਪੂਰੇ ਜੋਬਨ ਤੇ ਠਾਠਾਂ ਮਾਰ ਰਿਹਾ ਸੀ। ਸਤਿਗੁਰਾਂ ਦੀ ਕ੍ਰਿਪਾ ਨਾਲ ਨਾ ਓਥੇ ਕੋਈ ਬੇੜੀ ਸੀ ਤੇ ਨਾ ਕੋਈ ਮਲਾਹ, ਪਰ ਭਾਈ ਜੋਗਾ ਸਿੰਘ ਜਿਸਦੀ ਆਤਮਾ ਗੁਰੂ ਕੇ ਵਿਛੋੜੇ ਅਤੇ ਆਗਿਆ ਉਲੰਘਣ ਕਰਨ ਦੇ ਕਾਰਨ ਮਹਾਂ ਵਿਆਕੁਲ ਸੀ ਓਹ ਸਤਲੁਜ ਤੇ ਇਕ ਪਲ ਵੀ ਅਟਕਨਾ ਨਹੀਂ ਸੀ ਚਾਹੁੰਦਾ।ਸੋਹਣੀ ਦੀ ਤਰ੍ਹਾਂ ਦਰਿਆਸਤਲੁਜ ਦੀਆਂ ਲਹਿਰਾਂ ਵਿਚ ਠਿਲ੍ਹਕੇ ਆਪਣੇ ਪਿਆਰੇ ਸਤਿਗੁਰੂ ਜੀਦੇ ਚਰਨਾਂ ਨੂੰ ਚੁੰਮਣਾ ਚਾਹੁੰਦਾ ਸੀ। ਉਸਨੂੰ ਜਵਾਨੀ ਤੇ ਜਾਨ ਦੀ ਕੋਈ ਪ੍ਰਵਾਹ ਨਹੀਂ ਸੀ। ਸਤਿਗੁਰੂ ਉਤੇ ਭਰੋਸਾ ਰਖਕੇ ਭਾਈ ਜੋਗਾ ਸਿੰਘ ਨੇ ਦਰਿਆ ਵਿਚ ਛਾਲ ਮਾਰ ਦਿਤੀ ਦਰਿਆ ਦੀਆਂ ਵਿਸ਼ਾਲ ਲਹਿਰਾਂ ਅਤੇ ਤੇਜ਼ ਵੇਗ ਨਾਲ ਘੁਲਦਾ ਹੋਇਆ ਕਿਨਾਰੇ ਲਗਾ। ਗਿੱਲੀਂ ਕਪੜੀਂ ਸੁਚੇ ਮੂੰਹ ਲੰਘਦਾ ਹੋਇਆ ਅਨੰਦ ਪੁਰ ਪੁਜਾ ਤੇ ਸਿਧਾ ਸਤਿਗੁਰਾਂ ਦੇ ਦਰਬਾਰ ਵਿਚ ਹਾਜ਼ਰ ਹੋਇਆ।

ਉਸ ਵੇਲੇ ਦੀਨ ਦੁਨੀਆਂ ਦੇ ਮਾਲਕ ਪੂਰਨ ਅਵਤਾਰ ਸਤਿਗੁਰੂ ਜੀ ਸਿੰਘਾਸਨ ਤੇ ਬਿਰਾਜੇ ਹੋਏ ਸਨ। ਸਾਹਿਬ ਭਾਈ ਜੋਗਾ ਸਿੰਘ ਨੂੰ ਦੇਖਕੇ ਮੁਸਕਰਾ ਪਏ ਪਰ ਭਾਈ ਜੋਗਾ ਸਿੰਘ ਦੇ ਨੈਣਾਂ ਵਿਚ ਅੱਥਰੂ ਸਨ, ਸ਼ਰਮ ਨਾਲ ਸਿਰ ਨੀਵਾਂ ਸੀ, ਹਉਮੈ ਦਾ ਸੇਕ ਠੰਢਾ ਹੋ ਗਿਆ ਸੀ, ਗਲ ਕੋਈ ਔੜਦੀ ਨਹੀਂ ਸੀ ਸਤਿਗੁਰਾਂ ਦੇ ਚਰਨ ਫੜਕੇ ਜਾਰ ਜ਼ਾਰ ਰੋਣ ਲਗ ਪਿਆ ਓਹ ਇਕੋ ਹੀ ਗਲ ਆਖੀ ਗਿਆ—'ਹੇ ਦਾਤਾ ! ਮੈਨੂੰ ਬਖਸ਼ ਲਓ ਮੈਂ ਭੁਲਿਆ ਮੈਂ ਜੋਗਾ ਸਤਿਗੁਰਾਂ ਦੇ ਜੋਗਾ।'

ਸਤਿਗੁਰੂ ਜੀ ਨੇ ਭਾਈ ਜੋਗਾ ਸਿੰਘ ਨੂੰ ਗਲ ਨਾਲ ਲਾਇਆ ਤੇ ਬਚਨ ਕੀਤਾ—'ਪੁਤਰ ! ਸੇਵਾ ਤੇ ਸਿੱਖੀ ਦਾ ਹੰਕਾਰ ਨਹੀਂ ਕਰਨਾ ਚਾਹੀਦਾ ਇਹ ਮਨ ਬਾਂਦਰ ਦੀ ਨਿਆਈਂ ਚੰਚਲ ਹੈ ਅਤੇ ਇਸਦਾ ਇਤਬਾਰ ਨਹੀਂ ਕਰਨਾ ਚਾਹੀਦਾ ਇਸ ਨੇ ਬਦਲ ਜਾਣਾ ਹੈ। ਮਨ ਨੂੰ ਨਾਮ ਤੇ ਬਾਣੀ ਨਾਲ ਜੋੜਕੇ ਰਖਣਾ ਚਾਹੀਦਾ ਹੈ, ਸਿੱਖ ਦਾ ਧਰਮ ਹੈ ਗੁਰੂ ਘਰ ਦੀ ਸੇਵਾ ਅਤੇ

Sri Satguru Jagjit Singh Ji eLibrary NamdhariElibrary@gmail.com

ਨਾਮ ਸਿਮਰਨ ਕਰਦਾ ਹੋਇਆ ਮਰਜੀਵੜਾ ਹੋਕੇ ਰਹੇ, ਹੰਕਾਰ ਕਰਨ ਦਾ ਫਲ ਹੈ ਕਿ ਤੈਨੂੰ ਸਾਰੀ ਰਾਤ ਵੇਸਵਾ ਦੇ ਦਰਵਾਜ਼ੇ ਅਗੇ ਖਲੋਕੇ ਬੇਸਬਰੀ ਨਾਲ ਉਡੀਕ ਕਰਨੀ ਪਈ। ਇਹ ਰਾਤ ਜੋ ਤੂੰ ਨਾਮ ਸਿਮਰਨ ਤੋਂ ਬਿਨਾਂ ਕਈ ਹੈ ਇਹ ਸਮਝ ਕਿ ਆਪਣੀ ਉਮਰ ਦਾ ਬੜਾ ਵਡਾ ਹਿਸਾ ਬੇਅਰਥ ਗਵਾਇਆ ਹੈ।'

ਇਸ ਤੋਂ ਪਿਛੋਂ ਸਤਿਗੁਰਾਂ ਨੇ ਭਾਈ ਜੋਗਾ ਸਿੰਘ ਦੇ ਸਿਦਕ, ਹਉਮੈ ਅਤੇ ਹੁਸ਼ਿਆਰਪੁਰ ਵੇਸਵਾ ਨੂੰ ਦੇਖਕੇ ਡੋਲਣ ਦੀ ਕਥਾ ਸੰਗਤ ਨੂੰ ਸੁਣਾਈ ਜਿਸਨੂੰ ਸੁਣਕੇ ਗੁਰੂ ਸੰਗਤ ਬਹੁਤ ਖੁਸ਼ ਹੋਈ। ਇਸ ਪਰਥਾਇ ਸਤਿਗੁਰੂ ਜੀ ਨੇ ਫੁਰਮਾਇਆ—'ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢਈਅਹੁ ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਅਹੁ ॥'

੧. ਅਮਨ ਭੰਗ ਕਰਨ ਦੇ ਯਤਨ

ਸਤਿਗੁਰਾਂ ਦੇ ਅੰਮ੍ਰਿਤ ਪਰਚਾਰ ਕਰਨ ਦੇ ਅਤੇ ਸਾਂਝੀ ਸੰਗਤ ਪੰਗਤ ਬਨੌਣ ਦੇ ਕਾਰਨ ਪਹਾੜੀ ਰਾਜੇ ਅਤੇ ਬ੍ਰਾਹਮਣ ਬਹੁਤ ਤੰਗ ਹੋਏ। ਉਨ੍ਹਾਂ ਨੇ ਖਾਲਸਾ ਪੰਥ ਨੂੰ ਹਿੰਦੂ ਧਰਮ ਦਾ ਇਕ ਵੱਡਾ ਦੁਸ਼ਮਨ ਸਮਝਿਆ। ਬ੍ਰਾਹਮਣ ਲੋਕਾਂ ਦੀ ਚੁਕਣਾ ਦੇ ਕਾਰਨ ਉਹਨਾਂ ਨੇ ਗੁਰੂ ਘਰ ਨਾਲ ਈਰਖਾ ਕਰਨੀ ਸ਼ੁਰੂ ਕਰ ਦਿਤੀ। ਈਰਖਾ ਦਾ ਭਾਂਬੜ ਅਨੰਦਪੁਰ ਦੇ ਚੌਗਿਰਦੇ ਦੇ ਸ਼ਾਂਤਮਈ ਵਾਯੂ ਮੰਡਲ ਨੂੰ ਭੰਗ ਕਰਨ ਲਗਾ। ਰਾਜੇ ਆਪ ਤਾਂ ਸਤਿਗੁਰਾਂ ਨਾਲ ਸਿੱਧੀ ਟੱਕਰ ਨਹੀਂ ਸਨ ਲੈ ਸਕਦੇ ਇਸ ਕਰਕੇ ਇਹਨਾਂ ਦੁਸ਼ਟਾਂ ਨੇ ਸੂਬਾ ਸਰਹਿੰਦ ਨੂੰ ਪਰੇਰਨਾ ਕੀਤੀ ਕਿ ਓਹ ਸਤਿਗੁਰਾਂ ਦੇ ਖਿਲਾਫ ਕੋਈ ਕਦਮ ਉਠਾਵੇ। ਗੁਰੂ ਘਰ ਦੀ ਵਿਰੋਧਤਾ ਕਰਨ ਵਾਲਿਆਂ ਵਿਚ ਰਾਜਾ ਬੀਰ ਸਿੰਘ ਜਸਪਾਲੀਆ, ਅਜਮੇਰ ਚੰਦ ਕਹਿਲੂਰੀਆ (ਰਾਜੇ ਭੀਮਚੰਦ ਦਾ ਪੁਤਰ) ਹਿੰਮਤ ਸਿੰਘ ਹੰਡੂਰੀ ਅਤੇ ਮਦਨਪਾਲ ਆਦਿਕ ਸਨ।

ਸਰਹਿੰਦ ਉਸ ਵੇਲੇ ਪੰਜਾਬ ਦਾ ਇਕ ਸੂਬਾ ਸੀ ਅਤੇ ਇਸਦੀ ਵਸੋਂ

Sri Satguru Jagjit Singh Ji eLibrary NamdhariElibrary@gmail.com

ਕਈ ਹਜ਼ਾਰ ਦੀ ਸੀ। ਇਹ ਸ਼ਹਿਰ ਪੂਰਬੀ ਪੰਜਾਬ ਦੇ ਵਿਚ ਅਤੇ ਉਤਰੀ ਹਿੰਦੁਸਤਾਨ ਵਿਚ ਇਕ ਆਲੀਸ਼ਾਨ ਸ਼ਹਿਰ ਸੀ। ਇਸ ਦੇ ਬਾਗ ਤੇ ਇਮਾਰਤਾਂ ਇਤਿਹਾਸਕ ਸ਼ਾਨ ਰਖਣ ਵਾਲੀਆਂ ਸਨ। ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਸੀ ਜੋ ਕਟਰ ਮੁਸਲਮਾਨ ਸੀ ਅਤੇ ਸਿਖ ਧਰਮ ਨਾਲ ਈਰਖਾ ਰਖਦਾ ਸੀ। ਜਦੋਂ ਹਿੰਦੂ ਰਾਜਿਆਂ ਦੇ ਵਜ਼ੀਰ ਇਸ ਦੇ ਪਾਸ ਪੁਜੇ ਤਾਂ ਇਸ ਨੂੰ ਖੁਸ਼ੀ ਹੋਈ ਇਸ ਨੇ ਓਸੇ ਵੇਲੇ ਦਿਲੀ ਬਾਦਸ਼ਾਹ ਵਲ ਚਿੱਠੀ ਭੇਜੀ ਤੇ ਉਸ ਚਿੱਠੀ ਵਿਚ ਇਹ ਲਿਖਿਆ ਗਿਆ ਕਿ 'ਬਾਦਸ਼ਾਹ ਸਲਾਮਤ ! ਗੁਰੂ ਨਾਨਕ ਦੀ ਗੱਦੀ ਦੇ ਦਸਵੇਂ ਵਾਰਸ ਗੁਰੂ ਗੋਬਿੰਦ ਸਿੰਘ ਜੀ ਨੂੰ ਅਤੇ ਉਹਨਾਂ ਦੀ ਵਧ ਰਹੀ ਸ਼ਕਤੀ ਨੂੰ ਦਬੌਣ ਵਾਸਤੇ ਇਕ ਤਗੜਾ ਫੌਜੀ ਦਸਤਾ ਦਿਲੀ ਤੋਂ ਭੇਜਿਆ ਜਾਵੇ ਕਿਉਂਕਿ (ਗੁਰੂ) ਗੋਬਿੰਦ ਸਿੰਘ ਬਾਦਸ਼ਾਹ ਦੀ ਤਰ੍ਹਾਂ ਫੌਜੀ ਸ਼ਕਤੀ ਨੂੰ ਵਧਾ ਰਿਹਾ ਹੈ ਉਹ ਨਗਾਰਾ ਵਜੌਂਦਾ ਤੇ ਆਪਣੇ ਸੀਸ ਤੇ ਕਲਗੀ ਲਵਾ ਕੇ ਬਾਦਸ਼ਾਹ ਦੀ ਤਰ੍ਹਾਂ ਚੌਰ ਕਰਾਉਂਦਾ ਹੈ। ਉਹਦੇ ਮੁਰੀਦਾਂ ਦੀ ਗਿਣਤੀ ਕਈ ਹਜ਼ਾਰ ਤਕ ਹੈ ਅਤੇ ਸਾਰੇ ਮੁਰੀਦ ਪੰਜਾਬ ਦੇ ਚੌਣਵੇਂ ਜੱਟ, ਵੈਸ਼ ਤੇ ਸ਼ੂਦਰ ਖੱਤਰੀ ਸਾਰੀਆਂ ਹੀ ਜ਼ਾਤਾਂ ਵਿਚੋਂ ਹਨ।

ਇਸ ਤੋਂ ਪਹਿਲਾ ਹਿੰਦੂ ਰਾਜਿਆਂ ਨਾਲ ਓਹ ਦੋ ਲੜਾਈਆਂ ਕਰ ਚੁਕਾ ਹੈ ਜਿਨ੍ਹਾਂ ਵਿਚ ਉਸ ਨੇ ਰਾਜਿਆਂ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਦਿਤੀ। ਗੁਲੇਰ ਦੇ ਮੁਕਾਮ ਤੇ ਸ਼ਾਹੀ ਫੌਜਾਂ ਵੀ ਇਸਦੀ ਫੌਜ ਕੋਲੋਂ ਹਾਰਕੇ ਗਈਆਂ ਜੋ ਸੂਬੇਦਾਰ ਲਾਹੌਰ ਤੇ ਜੰਮੂ ਦੇ ਕਹਿਣ ਤੇ ਪਹਾੜੀ ਰਾਜਿਆਂ ਦੇ ਪਾਸੋਂ ਮਾਮਲੇ ਦੀ ਬਾਕੀ ਵਸੂਲ ਕਰਨ ਆਈਆਂ ਸਨ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨਾਮ ਦਾ ਧਰਮ ਨਵਾਂ ਪ੍ਰਗਟ ਕੀਤਾ ਹੈ ਜਿਹੜਾ ਗੁਰੂ ਨਾਨਕ ਦੇ ਧਰਮ ਨਾਲੋਂ ਕੁਝ ਵਖਰਾ ਹੈ ਅਤੇ ਇਸਲਾਮ ਵਾਸਤੇ ਇਕ ਮਹਾਨ ਖਤਰਾ ਹੈ। ਜੇਕਰ ਇਸ ਲਹਿਰ ਨੂੰ ਰੋਕਿਆ ਨਾ ਅਗਿਆ ਤਾਂ ਹਿੰਦੂਆਂ ਦੇ ਮਨਾਂ ਅੰਦਰ ਜੋ ਮੁਗਲਾਂ ਦਾ ਰੋਅਬ, ਡਰ ਤੇ ਦਬਦਬਾ ਬੈਠਾ ਹੈ ਉਹ ਦੂਰ ਹੋ ਜਾਵੇਗਾ। ਉਤਰੀ ਹਿੰਦ ਦੇ ਹਿੰਦੂ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠ ਇਕੱਤ੍ਰ ਹੋਕੇ ਸਲਤਨਤ ਮੁਗਲੀਆ

Sri Satguru Jagjit Singh Ji eLibrary NamdhariElibrary@gmail.com

ਦੇ ਵਿਰੁਧ ਉਠ ਖਲੋਣਗੇ। ਪਹਾੜੀ ਰਾਜਿਆਂ ਦੇ ਕੋਲੋਂ ਬਾਕੀ ਮੁਆਮਲੇ ਦੀ ਵਸੂਲੀ ਨਾ ਹੋਣ ਦਾ ਕਾਰਨ ਵੀ ਇਹੋ ਗੁਰੂ ਹੈ। ਉਹ ਹਿੰਦੂਆਂ ਨੂੰ ਪਰਗਟ ਤੌਰ ਤੇ ਕਹਿੰਦਾ ਹੈ ਕਿ ਮੁਗਲ, ਪਠਾਣ, ਤੁਰਕ ਆਦਿਕ ਮੁਸਲਮਾਨ ਪ੍ਰਦੇਸੀ ਹਨ ਅਤੇ ਹਿੰਦੁਸਤਾਨ ਨੂੰ ਲੁਟਣ ਵਾਸਤੇ ਇਸ ਦੇਸ ਨੂੰ ਗ਼ੁਲਾਮ ਕਰੀ ਬੈਠੇ ਹਨ। ਮੁਗਲਾਂ ਦੀ ਗੁਲਾਮੀ ਪਰਵਾਨ ਨਹੀਂ ਕਰਨੀ ਚਾਹੀਦੀ ਆਪ ਇਕੱਠਿਆਂ ਹੋ ਕੇ ਨਿਰਭੈਤਾ ਨਾਲ ਉਠਣਾ ਚਾਹੀਦਾ ਹੈ। ਇਸ ਤਰ੍ਹਾਂ ਉਹ ਗੁਰੂ ਨਿਰਬਲ ਤੇ ਡਰਾਕਲ ਹਿੰਦੂਆਂ ਨੂੰ ਆਪਣੀ ਕਰਾਮਾਤ ਨਾਲ ਜਾਦੂ ਦਾ ਪਾਣੀ (ਅੰਮ੍ਰਿਤ) ਪਿਲਾਕੇ ਬਾਗੀ ਬਣਾ ਰਿਹਾ ਹੈ, ਅਰ ਇਹ ਜੋ ਸਾਧੂ ਭੇਸ ਵਿਚ ਇਕ ਭਿਆਨਕ ਰਾਜਸੀ ਸ਼ਕਤੀ ਜੁਆਲਾ ਮੁਖੀ ਦੀ ਤਰ੍ਹਾਂ ਵਧ ਫੁਲ ਰਹੀ ਹੈ ਜੇਕਰ ਇਸ ਨੂੰ ਛੇਤੀ ਨਾ ਦਬਾਇਆ ਗਿਆ ਤਾਂ ਪੰਜਾਬ ਦੇ ਚਾਰੇ ਸੂਬੇ ਜੰਮੂ, ਲਾਹੌਰ, ਮੁਲਤਾਨ ਅਤੇ ਸਰਹਿੰਦ ਖਤਮ ਹੋ ਜਾਣਗੇ।'

ਇਸ ਤਰ੍ਹਾਂ ਮਜਮੂਨ ਇਕ ਲੰਮੀ ਚਿੱਠੀ ਵਿਚ ਲਿਖ ਕੇ ਵਜ਼ੀਰ ਖਾਂ ਨੇ ਆਪਣਾ ਆਦਮੀ ਬਾਦਸ਼ਾਹ ਔਰੰਗਜ਼ੇਬ ਦੇ ਪਾਸ ਦਿਲੀ ਭੇਜਿਆ, ਬਾਦਸ਼ਾਹ ਔਰੰਗਜ਼ੇਬ ਵਡਾ ਤਅੱਸਬੀ ਮੁਸਲਮਾਨ ਸੀ ਜਿਵੇਂ ਪਿਛੇ ਬਿਆਨ ਕੀਤਾ ਗਿਆ ਹੈ, ਉਸਨੇ ਚਿੱਠੀ ਨੂੰ ਪੜ੍ਹਕੇ ਵਜ਼ੀਰ ਖਾਂ ਨੂੰ ਉਤਰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਦੀ ਹਰ ਪ੍ਰਚਕਾਰ ਦੀ ਸ਼ਕਤੀ ਨੂੰ ਨਸ਼ਟ ਕਰਨ ਦੀ ਖੁਲ੍ਹ ਹੈ। ਜਦੋਂ ਇਹ ਹੁਕਮ ਵਜ਼ੀਰ ਖਾਂ ਨੂੰ ਮਿਲ ਗਿਆ ਤਾਂ ਉਸ ਨੇ ਦੀਨਾ ਬੇਗ ਅਤੇ ਪੈਂਦੇ ਖਾਂ ਦੀ ਕਮਾਨ ਹੇਠ ਭਾਰੀ ਲਸ਼ਕਰ ਅਨੰਦਪੁਰ ਨੂੰ ਭੇਜਨ ਦਾ ਫੈਸਲਾ ਕਰ ਦਿਤਾ। ਵਜ਼ੀਦ ਖਾਂ ਨੇ ਇਕ ਗੋਲੀ ਨਾਲ ਦੋ ਨਿਸ਼ਾਨੇ ਕਰਨ ਵਾਸਤੇ ਹਿੰਦੂ ਰਾਜਿਆਂ ਵਲ ਲਿਖਿਆ ਕਿ ਮੁਗਲ ਲਸ਼ਕਰ ਦੀ ਸਹਾਇਤਾ ਕਰਨ। ਉਸ ਦਾ ਵਿਚਾਰ ਸੀ ਕਿ ਇਕ ਤਾਂ ਗੁਰੂ ਗੋਬਿੰਦ ਸਿੰਘ ਤੇ ਪਹਾੜੀ ਰਾਜੇ ਜੋ ਹਿੰਦੂ ਹਨ ਉਹ ਦੋਨੋ ਆਪੋ ਵਿਚ ਦੀ ਲੜ ਕੇ ਖਤਮ ਹੋ ਜਾਣਗੇ ਕਿਉਂਕਿ ਦੋਵੇਂ ਹੀ ਇਸਲਾਮੀ ਅਤੇ ਮੁਗਲ ਹਕੂਮਤ ਦੇ ਸਾਂਝੇ ਦੁਸ਼ਮਨ ਹਨ ਅਤੇ ਇਸ ਤਰ੍ਹਾਂ ਕਰਨ ਨਾਲ ਮੁਗਲ ਫੌਜ ਦਾ ਵੀ ਬਚਾ ਹੋ ਜਾਵੇਗਾ।

ਅਗਿਆਨੀ ਅਤੇ ਖੁਦਗਰਜ਼ ਹਿੰਦੂ ਰਾਜਿਆਂ ਨੇ ਮੁਗਲਾਂ ਦੀ ਗੁਲਾਮੀ

Sri Satguru Jagjit Singh Ji eLibrary NamdhariElibrary@gmail.com

ਦੇ ਜੂਲੇ ਨੂੰ ਕੰਧੇ ਤੋਂ ਪਰੇ ਸੁਟਣ ਦੀ ਥਾਂ ਸੁਤੰਤ੍ਰਤਾ ਦੇ ਪੁਜਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਰੋਧਤਾ ਕਰਕੇ ਗੁਲਾਮੀ ਨੂੰ ਅਮਰ ਰਖਣ ਦਾ ਯਤਨ ਕੀਤਾ। ਅਨੰਦਪੁਰ ਸ਼ਹਿਰ ਜਿਹੜਾ ਧਰਤੀ ਉਤੇ ਜੀਉਂਦਾ ਸੁਵਰਗ ਬਣ ਚੁਕਾ ਸੀ ਅਤੇ ਜਿਥੋਂ ਭਗਤੀ, ਸ਼ਾਂਤੀ, ਵਿਦਿਆ, ਗਿਆਨ ਅਤੇ ਸੁਤੰਤ੍ਰਤਾ ਦੇ ਸੋਮੇ ਫੁਟ ਰਹੇ ਸਨ ਉਸ ਇੰਦਰਪੁਰੀ ਨੂੰ ਅੱਗ ਦੇ ਭਾਂਬੜਾਂ ਨਾਲ ਸਾੜ ਕੇ ਸੁਆਹ ਕਰਨ ਦੀ ਨੀਤ ਠਾਨ ਲਈ।

੨. ਦੀਨਾ ਬੇਗ ਦੀ ਅਨੰਦ ਪੁਰ ਤੇ ਚੜ੍ਹਾਈ

ਵਜ਼ੀਦ ਖਾਂ ਨੇ ਬਾਦਸ਼ਾਹ ਦੇ ਹੁਕਮ ਦੀ ਆੜ ਲੈਕੇ ਦੀਨਾ ਬੇਗ ਮੁਗਲ ਤੇ ਪੈਂਦੇ ਖਾਂ ਪਠਾਣ ਨੂੰ ਦਸ ਹਜ਼ਾਰ ਫੌਜ ਦੇਕੇ ਅਨੰਦਪੁਰ ਵਲ ਤੋਰਿਆ।ਰੋਪੜ ਦੇ ਮੁਕਾਮ ਉਤੇ ਹਿੰਦੂ ਰਾਜੇ ਵੀ ਮੁਗਲ ਫੌਜ ਦੇ ਨਾਲ ਆ ਰਲੇ। ਰਾਜਾ ਅਜਮੇਰ ਚੰਦ ਨੇ ਦੀਨਾ ਬੇਗ ਨੂੰ ਆਖਿਆ—'ਤੁਸਾਂ ਬਹੁਤ ਚੰਗਾ ਕੀਤਾ ਹੈ ਗੁਰੂ ਗੋਬਿੰਦ ਸਿੰਘ ਤੇ ਚੜ੍ਹਾਈ ਕੀਤੀ ਹੈ ਇਹ ਸਾਨੂੰ ਬਹੁਤ ਤੰਗ ਕਰ ਰਿਹਾ ਹੈ ਇਹ ਨਿਤ ਦੀ ਕਲਾ ਇਕ ਦਿਨ ਵਿਚ ਹੀ ਸਦਾ ਵਾਸਤੇ ਮੁਕ ਜਾਵੇਗੀ। ਅਸੀ ਤੁਹਾਡੀ ਹਰ ਪਰਕਾਰ ਦੀ ਸਹੈਤਾ ਕਰਾਂਗੇ।' ਅਸਲ ਵਿਚ ਉਨ੍ਹਾਂ ਦੀ ਬੇਈਮਾਨੀ ਸੀ, ਓਹ ਮੁਸਲਮਾਨਾਂ ਨੂੰ ਫਸਾਕੇ ਪਿਛੇ ਰਹਿਣਾ ਚਾਹੁੰਦੇ ਸਨ। ਦੋਹਾਂ ਧਿਰਾਂ ਵਲ ਬੇਈਮਾਨੀ ਹੀ ਬੇਈਮਾਨੀ ਸੀ, ਫਿਰ ਰੋਪੜ ਤੋਂ ਮੁਗਲ ਲਸ਼ਕਰ ਅਗੇ ਤੁਰਿਆ।

ਉਧਰ ਸਤਿਗੁਰ ਜੀ ਨੂੰ ਖਬਰਾਂ ਮਿਲ ਗਈਆਂ ਕਿ ਦੁਸ਼ਮਨ ਦਲ ਚੜ੍ਹਿਆ ਆਉਂਦਾ ਹੈ। ਮੁਗਲ ਦਲ ਦੇ ਸਰਹਿੰਦ ਪਹੁੰਚਣ ਤੋਂ ਪਹਿਲਾਂ ਹੀ ਸਤਿਗੁਰ ਜੀ ਨੇ ਜੰਗ ਦੀ ਤਿਆਰੀ ਕਰ ਲਈ। ਰਣਜੀਤ ਨਗਾਰੇ ਉਤੇ ਚੋਟ ਲਾ ਦਿਤੀ ਨਗਾਰੇ ਦਾ ਵਜਣਾ ਸੁਣਕੇ ਸਰਦਾਰ ਇਕੱਠੇ ਹੋ ਗਏ। ਸਤਿਗੁਰ ਜੀ ਨੇ ਪੰਜਾਂ ਪਿਆਰਿਆਂ ਤੇ ਸਾਹਿਬਜ਼ਾਦੇ ਅਜੀਤ ਸਿੰਘ ਦੇ ਦਰਮਿਆਨ ਸਾਰੀ ਸੈਨਾ ਵੰਡ ਦਿਤੀ। ਇਨ੍ਹਾਂ ਛਿਆਂ ਦਲਾਂ ਦਾ ਮੋਹਰੀ (ਅਫਸਰ) ਬਣਾ ਦਿਤਾ। ਨੇਜ਼ੇ ਤਲਬਾਰਾਂ, ਬੰਦੂਕਾਂ, ਚਕਰ ਆਦਿਕ ਸਾਰੇ ਸ਼ਸਤ੍ਰ ਖੁਲ੍ਹੇ ਬਖਸ਼ ਦਿਤੇ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੇ ਹੁਕਮ ਅਨੁਸਾਰ ਸਾਰੀ ਸੈਨਾ ਅਨੰਦ ਪੁਰ ਤੋਂ ਦੋਹ ਕੋਹ ਦੂਰ ਆਕੇ ਮੋਰਚੇ ਬਣਾਕੇ ਲੁਕ ਖਲੋਤੀ। ਪੂਰੀ ਤਿਆਰੀ ਦੇ ਨਾਲ ਦੁਸ਼ਮਨ ਦੀ ਉਡੀਕ ਕਰਨ ਲਗੇ। ਦੁਸ਼ਮਨ ਕੀਰਤਪੁਰ ਨੂੰ ਟਪਕੇ ਜਦੋਂ ਅਗੇ ਵਧਣ ਲਗੇ ਤਾਂ ਰਣਜੀਤ ਨਗਾਰੇ ਦੀ ਘਨਘੋਰ ਵਿਚ ਦੁਸ਼ਮਨ ਦੀ ਫ਼ੌਜ ਉਤੇ ਸਤਿਗੁਰਾਂ ਨੇ ਹੱਲਾ ਕਰ ਦਿਤਾ ਅਤੇ ਉਹ ਹਲਾ ਤੂਫਾਨੀ ਜੋਸ਼ ਵਾਲਾ ਸੀ ਅਤੇ ਦੁਸ਼ਮਨ ਨੂੰ ਮੋਰਚੇ ਵੀ ਬਨੌਣ ਦਾ ਸਮਾਂ ਨਾ ਮਿਲਿਆ। ਖਾਲਸਈ ਫੌਜ ਨੇ ਬਿਜਲੀ ਦਾ ਤਰ੍ਹਾਂ ਮੁਗਲਾਂ ਤੇ ਪਠਾਨਾਂ ਨੂੰ ਕੱਟਣਾ ਵਢਣਾ ਸ਼ੁਰੂ ਕੀਤਾ। ਉਨ੍ਹਾਂ ਪਲਾਂ ਵਿਚ ਦੀ ਕਿਸੇ ਦਾ ਧੜ ਕਿਧਰੇ ਤੇ ਕਿਸੇ ਦੀਆਂ ਲੱਤ ਬਾਹਾਂ ਮੈਦਾਨਿ-ਜੰਗ ਵਿਚ ਰੁਲਣ ਲਗੀਆਂ। ਸ਼ਾਹੀ ਫੌਜ ਘਬਰਾ ਗਈ ਹਿੰਦੂ ਰਾਜੇ ਦੀਨਾ ਬੇਗ ਨੂੰ ਧੋਖਾ ਦੇ ਗਏ ਅਤੇ ਓਹ ਅਗੇ ਵਧਣ ਦੀ ਥਾਂ ਸਭੋਂ ਪਿਛੋਂ ਹੋਕੇ ਪਹਾੜਾਂ ਦੀਆਂ ਕੁਖਾਂ ਵਿਚ ਸਿਰ ਲੁਕੌਣ ਲਗੇ।

ਸਤਿਗੁਰੂ ਜੀ ਆਪ ਨੀਲੇ ਘੋੜੇ ਉਤੇ ਅਸਵਾਰ ਸਨ ਅਤੇ ਸਾਰੇ ਸ਼ਸਤ੍ਰਾਂ ਨੂੰ ਧਾਰਨ ਕੀਤਾ ਹੋਇਆ ਸੀ, ਸਾਹਿਬਾਂ ਨੇ ਆਪ ਤੀਰਾਂ ਦੀ ਵਾਛੜ ਦੁਸ਼ਮਨਾਂ ਉਤੇ ਕਰਨੀ ਸ਼ੁਰੂ ਕੀਤੀ। ਸਾਹਿਬਾਂ ਦਾ ਇਕ ਇਕ ਤੀਰ ਕਈਆਂ ਦੇ ਸੀਨੇ ਚੀਰਕੇ ਪਾਰ ਲੰਘ ਜਾਂਦਾ ਸੀ। ਕਰੂੰਡੀਏ ਸਪ ਦੀ ਤਰ੍ਹਾਂ ਅਣਿਆਲੇ ਤੀਰਾਂ ਨਾਲ ਵਿੰਨੇ ਹੋਏ ਪਠਾਣ ਤੇ ਮੁਗਲ ਪਾਣੀ ਮੰਗਣ ਜੋਗੇ ਵੀ ਨਹੀਂ ਸਨ ਰਹਿੰਦੇ। ਜਦੋਂ ਸਿੰਘਾਂ ਨੇ ਦੇਖਿਆ ਕਿ ਸਤਿਗੁਰੂ ਜੀ ਆਪ ਲੜ ਰਹੇ ਹਨ ਤਾਂ ਉਹਨਾਂ ਦਾ ਜੋਸ਼ ਹੋਰ ਵੀ ਵਧਦਾ ਗਿਆ। ਓਹ ਵਧ ਚੜ੍ਹਕੇ ਦੁਸ਼ਮਨ ਦੇ ਆਹੂ ਲਾਹੁਣ ਲਗੇ। ਵਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਵੀ ਬੜੇ ਕਮਾਲ ਦੀ ਜੰਗ ਲੜ ਰਹੇ ਸਨ। ਜਿਧਰ ਨੂੰ ਜਾਂਦੇ ਉਧਰ ਹੀ ਦੁਸ਼ਮਨ ਦੀਆਂ ਸਫਾਂ ਚੀਰੀ ਜਾਂਦੇ ਸਨ।

ਸਤਿਗੁਰੂ ਜੀ ਆਪ ਲੜਦੇ ਲੜਦੇ ਉਸ ਅਸਥਾਨ ਤੇ ਪਹੁੰਚੇ ਜਿਥੇ ਪੈਂਦੇ ਖਾਨ ਪਠਾਣ ਲੜ ਰਿਹਾ ਸੀ—'ਉਸ ਨੇ ਬੜੇ ਹੰਕਾਰ ਨਾਲ ਅਗੇ ਵਧਕੇ ਕਿਹਾ ਪੀਰ ਜੀ ! ਮੈਂ ਅਜ ਆਪਦੀ ਸ਼ਕਤੀ ਨੂੰ ਦੇਖਣਾ ਚਾਹੁੰਦਾ ਹਾਂ ਸੈਨੂੰ ਬੜੇ ਚਿਰ ਦੀ ਰੀਝ ਸੀ ਕਿ ਮੈਂ ਹਿੰਦ ਦੇ ਪੀਰ ਨਾਲ ਲੜਾਂ ਅੱਜ

Sri Satguru Jagjit Singh Ji eLibrary NamdhariElibrary@gmail.com

ਮੈਨੂੰ ਖੁਦਾ ਨੇ ਮੌਕਾ ਦਿਤਾ ਹੈ ਆਓ ! ਬਹਾਦਰਾਂ ਵਾਂਗ ਮੇਰੇ ਨਾਲ ਮੁਕਾਬਲਾ ਕਰੋ।'

ਸਤਿਗੁਰਾਂ ਨੇ ਜਦੋਂ ਹੰਕਾਰੀ ਪੈਂਦੇ ਖਾਨ ਦੇ ਬੋਲ ਸੁਣੇ ਤਾਂ ਸਾਹਿਬ ਮੁਸਕਰਾ ਪਏ। ਦੀਨ ਦੁਨੀਆਂ ਦੇ ਮਾਲਕ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਕਿ 'ਪੈਂਦੇ ਖਾਂ ! ਡੁਬਦਾ ਹੋਇਆ ਸੂਰਜ ਬਹੁਤ ਲਾਲ ਹੁੰਦਾ ਹੈ ਕਿਉਂਕਿ ਤੇਰਾ ਕਾਲ ਨੇੜੇ ਆ ਪੁਜਾ ਹੈ ਇਸ ਵਾਸਤੇ ਤੂੰ ਹੰਕਾਰ ਨਾਲ ਪਾਗਲ ਹੋ ਰਿਹਾ ਹੈਂ ਜੇਕਰ ਤੈਨੂੰ ਲੜਨ ਦੀ ਇਛਾ ਹੈ ਤਾਂ ਆ ਪਹਿਲਾਂ ਵਾਰ ਕਰ, ਉਹ ਇਸ ਵਾਸਤੇ ਕਿ ਤੇਰੇ ਦਿਲ ਵਿਚ ਅਰਮਾਨ ਨਾ ਰਹੇ ਕਿ ਮੈਂ ਜੇ ਪਹਿਲਾ ਵਾਰ ਕਰਦਾ ਤੇ ਖਵਰੇ ਕੀ ਹੁੰਦਾ।'

ਪੈਂਦੇ ਖਾਨ ਨੇ ਬੜੇ ਬੜੇ ਅਭਿਮਾਨ ਨਾਲ ਆਖਿਆ—'ਮੈਂ ਸੰਸਾਰ ਦੇ ਚੋਣਵੇਂ ਬਹਾਦਰਾਂ ਵਿਚੋਂ ਬਹਾਦਰ ਹਾਂ, ਵਡੇ ਸੂਰਮੇ ਕਦੀ ਪਹਿਲਾਂ ਕਿਸੇ ਦੇ ਵਾਰ ਨਹੀਂ ਕਰਦੇ ਇਸ ਵਾਸਤੇ ਤੁਸੀਂ ਵਾਰ ਪਹਿਲਾਂ ਕਰੋ।'

ਇਸਦੇ ਪਿਛੋਂ ਸਤਿਗੁਰਾਂ ਨੇ ਫੁਰਮਾਇਆ—'ਚਲੋ ਦੋਵੇਂ ਇਕੋ ਵਾਰੀ ਵਾਰ ਕਰਦੇ ਹਾਂ ਜਿਸਦਾ ਵਾਰ ਲਗ ਜਾਵੇ ਓਹੋ ਹੀ ਜਿਤੇਗਾ।' ਇਹ ਫੈਸਲਾ ਪੈਂਦੇ ਖਾਨ ਨੇ ਪ੍ਰਵਾਨ ਕਰ ਲਿਆ ਅਤੇ ਦੋਹਾਂ ਪਾਸਿਆਂ ਤੋਂ ਤੀਰਾਂ ਦੀ ਵਰਖਾ ਹੋਣ ਲਗੀ। ਪੈਂਦੇ ਖਾਨ ਅਤੇ ਸਤਿਗੁਰਾਂ ਦੇ ਦਰਮਿਆਨ ਹੁੰਦੇ ਜੁਧ ਨੂੰ ਦੇਖਣ ਵਾਸਤੇ ਸਾਰੀ ਸੈਨਾ ਹੈਰਾਨੀ ਨਾਲ ਜੰਗ ਕਰਨੋਂ ਰੁਕ ਗਈ। ਜਿਵੇਂ ਮਹਾਂ ਭਾਰਤ ਦੇ ਜੁਧ ਵਿਚ ਅਰਜਨ ਨੇ ਆਪਣੇ ਤੀਰਾਂ ਦੇ ਕਮਾਲ ਦਿਖਾਏ ਸਨ ਅਤੇ ਜਿਵੇਂ ਸ੍ਰੀ ਰਾਮ ਚੰਦ੍ਰ ਜੀ ਨੇ ਰਾਵਣ ਨਾਲ ਲੜਦਿਆਂ ਹੋਇਆਂ ਤੀਰਾਂ ਦੀ ਕਰਾਮਾਤ ਦਰਸਾਈ, ਤਿਵੇਂ ਸਤਿਗੁਰੂ ਜੀ ਨੇ ਤੀਰਾਂ ਦੇ ਕਰਤਬ ਨਿਰਾਲੇ ਦਿਖਾਏ। ਪੈਂਦੇ ਖਾਨ ਬੜੇ ਕਰੋਧ ਨਾਲ ਕਮਾਨ ਨੂੰ ਕੰਨ ਤਕ ਖਿਚ ਖਿਚ ਕੇ ਤੀਰਾਂ ਦੀ ਵਰਖਾ ਕਰਨ ਲਗਾ ਪਰ ਉਸਦੇ ਤੀਰ ਸਤਿਗੁਰੂ ਜੀ ਨੂੰ ਵੱਜੇ। ਕੁਝ ਤੀਰ ਪਾਸੇ ਹੀ ਚਲੇ ਗਏ ਅਤੇ ਕੁਝ ਸਤਿਗੁਰੂ ਦੇ ਤੀਰਾਂ ਨਾਲ ਟਕਰਾ ਕੇ ਰਾਹ ਵਿਚ ਹੀ ਟੁਟ ਗਏ। ਜਿਸ ਵੇਲੇ ਤੀਰਾਂ ਨਾਲ ਟਕਰਾਕੇ ਟੁਟਦੇ ਤਾਂ ਉਹਨਾਂ ਵਿਚੋਂ ਬਿਜਲੀ ਪੈਦਾ ਹੁੰਦੀ ਜਿਸ ਬਿਜਲੀ ਨੂੰ ਦੇਖਕੇ ਕਈਆਂ ਦੀਆਂ ਅੱਖਾਂ ਚੁੰਧਲਾ ਜਾਂਦੀਆਂ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਨੇ ਪਠਾਨ ਦਾ ਕਾਲ ਨੇੜੇ ਆਇਆ ਦੇਖਕੇ ਅਜੇ ਉਸ ਨੂੰ ਹੋਰ ਕਰੋਧ ਵਿਚ ਲਿਆਉਣ ਲਈ ਆਖਿਆ—'ਵਾਹ ਪਠਾਣ ! ਤੇਰੇ ਉਸਤਾਦ ਤੈਨੂੰ ਚੰਗਾ ਕਰਤਬ ਸਿਖਾਇਆ ਹੈ ਤੇਰੇ ਤੀਰ ਦਾ ਇਕ ਵੀ ਨਿਸ਼ਾਨਾ ਠੀਕ ਨਹੀਂ ਬੈਠਦਾ ।'

ਪਠਾਨ ਨੂੰ ਬਹੁਤ ਗੁਸਾ ਆਇਆ, ਗੁਸੇ ਨਾਲ ਪਾਗਲ ਹੋਇਆ ਉਸ ਨੇ ਕਿਹਾ—'ਲਓ ਫਿਰ ਵਾਰ ਸੰਭਾਲੋ, ਮੇਰਾ ਆ ਰਿਹਾ ਤੀਰ ਜਾਨ ਲਏ ਬਿਨਾਂ ਨਹੀਂ ਅਗੇ ਜਾਵੇਗਾ। ਇਹ ਆਖਣ ਦੇ ਨਾਲ ਹੀ ਉਸਨੇ ਕੰਨਾਂ ਤਕ ਕਮਾਨ ਖਿਚਕੇ ਗੁਰੂ ਜੀ ਵਲ ਤੀਰ ਛਡਿਆ ਅਤੇ ਉਸ ਨੇ ਨਿਸ਼ਾਨਾ ਸਤਿਗੁਰਾਂ ਦੇ ਮਸਤਕ ਦਾ ਲਿਆ ਸੀ ਪਰ ਹੱਥ ਦੇ ਹਿਲ ਜਾਣ ਦੇ ਕਾਰਨ ਦਸਤਾਰ ਨੂੰ ਚੀਰ ਕੇ ਤੀਰ ਅਗੋਂ ਲੰਘ ਗਿਆ। ਸਤਿਗੁਰਾਂ ਨੇ ਰਤਾ ਕਰੋਧ ਨਾਲ ਮੱਥੇ ਤੇ ਤਿਉੜੀ ਪਾਕੇ ਇਕ ਐਸਾ ਤੀਰ ਛਡਿਆ ਜੋਹੜਾ ਪਠਾਣ ਦੀ ਪੁੜਪੁੜੀ ਨੂੰ ਪਾੜ ਕੇ ਪਾਰ ਨਿਕਲ ਗਿਆ। ਪਠਾਣ ਇਸ ਸੱਟ ਨੂੰ ਨਾ ਸਹਾਰ ਸਕਿਆ ਤੇ ਧਰਤੀ ਉਤੇ ਡਿਗ ਪਿਆ। ਸਤਿਗੁਰਾਂ ਨੇ ਬਿਜਲੀ ਦੀ ਫੁਰਤੀ ਵਾਂਗ ਧਰਤੀ ਤੇ ਡਿਗ ਪਏ ਪਠਾਣ ਦਾ ਸਿਰ ਤਲਵਾਰ ਨਾਲ ਕੱਟ ਲਿਆ ਅਤੇ ਤਲਵਾਰ ਦੀ ਨੋਕ ਵਿਚ ਅੜਾਕੇ ਉਪਰ ਚੁਕ ਲਿਆ ।

ਜਿਉਂ ਹੀ ਦੁਸ਼ਮਨਾਂ ਨੇ ਆਪਣੇ ਸਰਦਾਰ ਦਾ ਸਿਰ ਵੇਖਿਆ ਤਾਂ ਉਨ੍ਹਾਂ ਦਾ ਲਹੂ ਠੰਢਾ ਹੋ ਗਿਆ ਪਰ ਬਦਲਾ ਲੈਣ ਦੇ ਖਿਆਲ ਨਾਲ ਹੌਂਸਲਾ ਕਰਕੇ ਲੜਨ ਲਗੇ। ਬੜਾ ਘਮਸਾਨ ਦਾ ਯੁਧ ਹੋਇਆ। ਇਹ ਘਮਸਾਨ ਦੇ ਯੁਧ ਨੂੰ ਵੇਖਕੇ ਰਹਿੰਦੇ ਖੂੰਹਦੇ ਪਹਾੜੀਏ ਵੀ ਹਰਨ ਹੋ ਗਏ। ਦੂਸਰੇ ਪਾਸੇ ਦੀਨਾ ਬੇਗ ਆਪਣੀ ਕਿਸਮਤ ਅਜ਼ਮਾਈ ਕਰਨ ਲਈ ਸਿੰਘਾਂ ਨਾਲ ਲੜ ਰਿਹਾ ਸੀ ਉਸਦਾ ਮੁਕਾਬਲਾ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਧਰਮ ਸਿੰਘ ਚੋਣਵੇਂ ਸੂਰਮਿਆਂ ਨੂੰ ਨਾਲ ਲੈਕੇ ਕਰ ਰਹੇ ਸਨ ।

ਜਿਸ ਵੇਲੇ ਦੀਨਾ ਬੇਗ ਨੇ ਵੇਖਿਆ ਕਿ ਉਸਦਾ ਸਾਥੀ ਪੈਂਦੇ ਖਾਂ ਮਾਰਿਆ ਜਾ ਚੁਕਾ ਹੈ ਪਹਾੜੀ ਸੈਨਾਂ ਤੇ ਰਾਜੇ ਧੋਖਾ ਦੇ ਗਏ ਹਨ ਅਤੇ ਉਸ ਦੀ ਸੈਨਾ ਦਾ ਬਹੁਤ ਸਾਰਾ ਹਿੱਸਾ ਨਸ਼ਟ ਹੋ ਚੁਕਾ ਹੈ ਅਤੇ ਆਪ ਉਹ ਜ਼ਖਮੀ ਹੋ

Sri Satguru Jagjit Singh Ji eLibrary NamdhariElibrary@gmail.com

ਗਿਆ ਹੈ। ਇਹਨਾਂ ਹਾਲਤਾਂ ਵਿਚ ਉਸਦਾ ਲੜਦੇ ਰਹਿਣਾ ਔਖਾ ਹੈ। ਚੰਗਾ ਹੈ ਕਿ ਓਹ ਮੈਦਾਨ ਛਡਕੇ ਨਸ ਜਾਵੇ ਅਤੇ ਖਾਹਮਖਾਹ ਫੌਜ ਨੂੰ ਨ ਮਰਵਾਵੇ।

ਇਹ ਸੋਚਕੇ ਉਸ ਨੇ ਫੌਜ ਨੂੰ ਵਾਪਸ ਮੁੜਨ ਦਾ ਹੁਕਮ ਦਿਤਾ। ਜਦੋਂ ਵਾਪਸ ਮੁੜਿਆ ਤਾਂ ਸਿੰਘ ਹੋਰ ਜੋਸ਼ ਨਾਲ ਕੁਦਕੇ ਓਹਨਾਂ ਦੇ ਪਿਛੇ ਪਏ। ਅਗੇ ਅਗੇ ਮੁਗਲ ਨਸੇ ਗਏ ਤੇ ਪਿਛੇ ਪਿਛੇ ਸਿੰਘ। ਆਖਰ ਮੁਗਲਾਂ ਨੂੰ ਸਰਸਾ ਪਾਰ ਕਰਾਕੇ ਸਿੰਘ ਰੁਕ ਗਏ। ਇਸ ਯੁਧ ਦੇ ਵਿਚ ਸਿੰਘਾਂ ਦੇ ਹਥ ਬਹੁਤ ਸਾਰੇ ਹਥਿਆਰ, ਘੋੜੇ ਅਤੇ ਤੰਬੂ ਆਦਿਕ ਲਗੇ। ਫਿਰ ਫਤਹ ਦੇ ਨਗਾਰੇ ਵਜਾਉਂਦੇ ਹੋਏ ਸਤਿਗੁਰੂ ਜੀ ਆਪਣੀ ਅਕਾਲ ਸੈਨਾ ਦੇ ਸਾਥ ਅਨੰਦਪੁਰ ਸਾਹਿਬ ਪਹੁੰਚੇ ਤੇ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਦੇ ਗਫੇ ਛਕਾਕੇ ਨਿਹਾਲ ਕੀਤਾ।

ਇਸ ਯੁਧ ਨੇ ਅਮਨ ਦਾ ਖਾਤਮਾ ਕਰਾ ਦਿਤਾ ਅਗੇ ਨੂੰ ਲੜਾਈ ਤੇ ਬੇਚੈਨੀ ਦਾ ਵਾਯੂ ਮੰਡਲ ਬਣਾ ਦਿਤਾ।

੩. ਪਹਾੜੀਆਂ ਨਾਲ ਲੜਾਈ

ਦੀਨਾ ਬੇਗ ਦੀ ਲੜਾਈ ਪਿਛੋਂ ਸਿੰਘਾਂ ਦੇ ਹੌਸਲੇ ਬਹੁਤ ਵਧ ਗਏ ਸਨ। ਸਤਿਗੁਰੂ ਜੀ ਨੇ ਭਵਿਖਤ ਵਿਚ ਹੋਣ ਵਾਲੇ ਭਿਆਨਕ ਕਾਰਨਾਮਿਆਂ ਨੂੰ ਵਿਚਾਰਕੇ ਸਿੰਘਾਂ ਨੂੰ ਹੁਕਮਨਾਮੇ ਭੇਜੇ ਕਿ ਸਿੰਘ ਘਰਾਂ ਤੋਂ ਸ਼ਸਤਰ ਲੈ ਕੇ ਅਨੰਦਪੁਰ ਪਹੁੰਚਣ ਅਤੇ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਸਿੰਘ ਸਜਣ। ਸਿੰਘਾਂ ਦਾ ਰੋਜ ਰੋਜ ਅਨੰਦਪੁਰ ਆਉਣਾ ਅਤੇ ਜਥਿਆਂ ਦੀ ਸੂਰਤ ਵਿਚ ਪਹਾੜੀ ਰਿਆਸਤਾਂ ਦੇ ਵਿਚ ਜਾ ਕੇ ਵਰਤੋਂ ਦੀਆਂ ਚੀਜ਼ਾਂ ਲਿਆਉਂਦਿਆਂ ਦੇਖ ਕੇ ਪਹਾੜੀ ਰਾਜੇ ਬਹੁਤ ਤੰਗ ਹੋਏ ਉਹਨਾਂ ਨੇ ਇਕੱਠਿਆਂ ਹੋ ਕੇ ਸਲਾਹ ਕੀਤੀ ਕਿ ਕਿਵੇਂ ਨਾ ਕਿਵੇਂ ਸਤਿਗੁਰਾਂ ਨੂੰ ਅਨੰਦਪੁਰ ਤੋਂ ਉਠਾ ਦਿਤਾ ਜਾਵੇ। ਰਾਜੇ ਬੀਰ ਸਿੰਘ ਨੇ ਰਾਜਿਆਂ ਨੂੰ ਸੰਬੋਧਨ ਕਰਕੇ ਕਿਹਾ—'ਵੀਰੋ ! ਬੜੇ ਅਫਸੋਸ ਦੀ ਗਲ ਹੈ ਕਿ ਅਸੀਂ ਰਾਜਪੂਤ

Sri Satguru Jagjit Singh Ji eLibrary NamdhariElibrary@gmail.com

ਛੱਤ੍ਰੀ ਦੇਸ਼ ਮਾਲਕ ਬਹਾਦਰੀ ਦੇ ਖਜ਼ਾਨੇ ਪਰ ਨਾਈ, ਛੀਂਬੇ ਕਲਾਲ, ਜੱਟ ਅਤੇ ਮਹਿਰੇ ਆਦਿਕ ਤੁਛ ਜਾਤਾਂ ਦੇ ਇਕ ਸਾਧੂ ਦੇ ਚੇਲੇ ਬਣਕੇ ਅਸਾਂ ਨੂੰ ਤੰਗ ਕਰੀ ਜਾ ਰਹੇ ਨ। ਰਿਆਸਤਾਂ ਦੀ ਪਰਜਾ ਓਹਨਾ ਦੇ ਹਥੋਂ ਬਹੁਤ ਤੰਗ ਹੈ। ਇਹੋ ਚੰਗਾ ਹੈ ਕਿ ਯਾ ਤਾਂ ਲੜ ਕੇ ਮਰ ਜਾਈਏ ਜਾਂ ਇਹ ਦੇਸ਼ ਛਡਕੇ ਕਿਧਰੇ ਚਲੇ ਜਾਈਏ। ਤਿੰਨ ਚਾਰ ਵੇਰਾਂ ਅਸੀਂ ਹਾਰ ਖਾ ਬੈਠੇ ਹਾਂ ਸਾਡੀਆਂ ਹਾਰਾਂ ਦਾ ਸਿਧਾ ਨਤੀਜਾ ਇਹ ਦਿਸ ਰਿਹਾ ਹੈ ਕਿ ਇਕ ਦਿਨ ਇਹ ਗੁਰੂ ਸਾਹਿਬ ਸਾਰੇ ਪਹਾੜ ਦੀਆਂ ਰਿਆਸਤਾਂ ਅਸਾਂ ਕੋਲੋਂ ਖੋਹ ਲਵੇਗਾ। ਰਾਜੇ ਭੀਮਚੰਦ ਦਾ ਪੁਤਰ ਅਜਮੇਰ ਚੰਦ ਇਹ ਸੁਣਕੇ ਜੁਆਨੀ ਦੇ ਜੋਸ਼ ਵਿਚ ਬੋਲਿਆ—'ਮੈਂ ਇਸ ਗੁਰੂ ਨੂੰ ਆਪਣੇ ਰਾਜ ਵਿਚੋਂ ਬਾਹਰ ਕੱਢਕੇ ਦਮ ਲਵਾਂਗਾ ਡਰੋ ਨਾ ਸਾਡੀ ਆਪਣੀ ਸ਼ਕਤੀ ਮਹਾਨ ਹੈ ਅਤੇ ਸਾਡੀ ਸਹਾਇਤਾ ਵਾਸਤੇ ਵਿਸ਼ਾਲ ਮੁਗਲ ਸੈਨਾ ਖਲੌਤੀ ਹੈ। ਬਾਦਸ਼ਾਹ ਦਿੱਲੀ ਨੂੰ ਚਿੱਠੀ ਲਿਖਣ ਦੀ ਢਿੱਲ ਹੀ ਹੈ ਕਿ ਇਕਦਮ ਸੈਨਾ ਆ ਪਹੁੰਚੇਗੀ।'

ਅੰਤ ਵਿਚ ਰਾਜਿਆਂ ਨੇ ਇਕ ਪਤ੍ਰਕਾ ਗੁਰੂ ਜੀ ਨੂੰ ਲਿਖੀ ਜਿਸ ਦਾ ਭਾਵ ਇਹ ਸੀ ਕਿ—'ਇਹ ਤੁਸਾਂ ਬਹੁਤ ਮਾੜਾ ਕੀਤਾ ਹੈ ਜੋ ਮੂਹੜ ਆਦਮੀਆਂ ਨੂੰ ਅਨੰਦਪੁਰ ਰਖਕੇ ਖੁਲ੍ਹ ਦੇ ਛੱਡੀ ਹੈ ਕਿ ਉਹ ਸਾਡੀ ਪ੍ਰਜਾ ਨੂੰ ਲੁਟੀ ਜਾਣ, ਅਸਾਂ ਬਹੁਤ ਸਾਰੀਆਂ ਮਾੜੀਆਂ ਹਰਕਤਾਂ ਮੁਆਫ ਕੀਤੀਆਂ ਹਨ ਪਰ ਅੱਜ ਐਲਾਨੀਆਂ ਆਖਦੇ ਹਾਂ ਕਿ ਅਨੰਦਪੁਰ ਨੂੰ ਛੱਡਕੇ ਕਿਸੇ ਹੋਰ ਪਾਸੇ ਨੂੰ ਚਲੇ ਜਾਓ ਨਹੀਂਤੇ ਅਸੀਂ ਮਾਰ ਕੁਟਕੇ ਅਨੰਦਪੁਰੋਂ ਕੱਢ ਦਿਆਂਗੇ।' ਜਦੋਂ ਇਹ ਚਿੱਠੀ ਸਤਿਗੁਰੂ ਜੀ ਨੂੰ ਮਿਲੀ ਤਾਂ ਸਤਿਗੁਰੂ ਜੀ ਨੇ ਬੜੇ ਕਰੋਧ ਨਾਲ ਉਤਰ ਦਿਤਾ ਕਿ—'ਅਸੀਂ ਆਪਣੀ ਮੁਲ ਖਰੀਦੀ ਜ਼ਮੀਨ ਵਿਚ ਆਪਣਾ ਸ਼ਹਿਰ ਵਸਾਕੇ ਰਹੇ ਹਾਂ। ਅਸੀਂ ਕਿਸੇ ਦੀ ਪਰਜਾ ਨਹੀਂ ਹਾਂ। ਅਕਾਲ ਪੁਰਖ ਤੋਂ ਬਿਨਾਂ ਕਿਸੇ ਦੀ ਈਨ ਨਹੀਂ ਮੰਨਦੇ ਜੇ ਤੁਸਾਂ ਮੇਲ ਰਖਣਾ ਹੈ ਤਾਂ ਅੰਮ੍ਰਿਤ ਛਕਕੇ ਸਿੰਘ ਸਜ ਜਾਵੋ ਅਤੇ ਖਾਲਸਾ ਪੰਥ ਦਾ ਇਕ ਅੰਗ ਬਣਕੇ ਜਨਮ ਸਫਲ ਕਰੋ ਜੇਕਰ ਇਹ ਗਲ ਪ੍ਰਵਾਨ ਨਹੀਂ ਤਾਂ ਬੇਸ਼ੱਕ ਯੁਧ ਕਰਕੇ ਆਪਣੀ ਸ਼ਕਤੀ ਨੂੰ ਪਰਖ ਲਵੋ ਅਸੀਂ ਤੁਸਾਂ ਦੀ ਤਲਵਾਰ ਕੋਲੋਂ ਨਾ ਅਗੇ ਡਰਦੇ ਸਾਂ

Sri Satguru Jagjit Singh Ji eLibrary NamdhariElibrary@gmail.com

ਤੇ ਨਾ ਹੁਣ ਡਰਦੇ ਹਾਂ ਤੇ ਨਾ ਡਰਾਂਗੇ।'

ਇਸ ਚਿਠੀ ਦੇ ਪਿਛੋਂ ਸਤਿਗੁਰੂ ਜੀ ਨੇ ਅਨੰਦਪੁਰ ਦੀ ਰਾਖੀ ਦਾ ਪੂਰਾ ਪਰਬੰਧ ਕਰਨਾ ਆਰੰਭ ਦਿਤਾ। ਕਿਲ੍ਹਾ ਲੋਹਗੜ੍ਹ, ਫਤੇਗੜ੍ਹ ਅਤੇ ਅਨੰਦਗੜ੍ਹ ਵਿਚ ਦਸ ਹਜ਼ਾਰ ਦੇ ਕਰੀਬ ਜੋਧੇ ਬੈਠਾ ਦਿਤੇ ਤਾਕਿ ਜੇ ਪਹਾੜੀਆਂ ਦਾ ਟਿੱਡੀ ਦਲ ਚੜ੍ਹਾਈ ਕਰਕੇ ਆਵੇ ਤਾਂ ਉਸਨੂੰ ਮੂੰਹ ਤੋੜਵਾਂ ਉਤਰ ਦਿਤਾ ਜਾਵੇ।

ਪਹਾੜ ਦੇ ਵਿਚ ਇਕ ਜਮਵੁਲਾ ਗੁਜਰ ਸੀ ਉਹ ਬੜਾ ਹੰਕਾਰੀ ਤੇ ਲੜਾਕਾ ਸੀ। ਇਹ ਕੁਝ ਹੋਣ ਦੇ ਨਾਲ ਉਹ ਮੂਰਖ ਵੀ ਡਾਢਾ ਸੀ ਓਹਦੀ ਮੂਰਖਤਾ ਤੋਂ ਲਾਭ ਉਠਾਇਆ ਜਾਂਦਾ ਸੀ। ਰਾਜਾ ਕੇਸਰੀ ਸਿੰਘ ਜਸਵਾਲੀਏ ਨੇ ਜਮਤੁਲਾ ਨੂੰ ਪਤੇਰਿਆ ਕਿ ਓਹ ਅਨੰਦਪੁਰ ਉਤੇ ਚੜ੍ਹਾਈ ਕਰਨ ਵਿਚ ਉਹਨਾਂ ਦੀ ਸਹਾਇਤਾ ਕਰੇ ਕਿਉਂਕਿ ਗੁਰੂ ਜੀ ਸਾਂਝੇ ਦੁਸ਼ਮਨ ਹਨ। ਮੂਰਖ ਦੁਸ਼ਟਾਂ ਦੇ ਆਖੇ ਲਗ ਗਿਆ ਉਸਨੇ ਆਪਣੀ ਗੁਜਰ ਬਰਾਦਰੀ ਨੂੰ ਇਕੱਠਿਆਂ ਕੀਤਾ ਤੇ ਹਮਲਾ ਕਰਨ ਦੀ ਵਿਉਂਤ ਨੇਪਰੇ ਚੜ੍ਹਾਈ, ਕੇਸਰ ਸਿੰਘ ਤੇ ਜਮਤੁਲਾ ਫੌਜ ਨੂੰ ਲੈਕੇ ਅਨੰਦਪੁਰ ਵਲ ਵਧ ਗਏ।

ਅਕਾਲ ਪੁਰਖ ਦੀ ਕ੍ਰਿਪਾ ਨਾਲ ਓਸੇ ਵੇਲੇ ਅਜਿਹਾ ਢੋ ਲਗਾ ਕਿ ਜੰਗਾਂ ਦੀਆਂ ਖਬਰਾਂ ਸੁਣਕੇ ਮਾਝੇ ਦੇ ਸਿੰਘ ਅਨੰਦਪੁਰ ਨੂੰ ਆ ਰਹੇ ਸਨ, ਓਹਨਾਂ ਦਾ ਸਰਦਾਰ ਦੁਨੀ ਚੰਦ (ਭਾਈ ਸਾਹਲੋ ਦਾ ਪੜਪੋਤਾ) ਸੀ, ਓਹ ਉਸ ਵੇਲੇ ਹੀ ਆ ਪੁਜੇ ਸਨ ਜਦੋਂ ਰਣਜੀਤ ਨਗਾਰਾ ਵਜ ਰਿਹਾ ਸੀ। ਮਾਲਵੇ ਦੇ ਸੂਰਮੇ ਵੀ ਆ ਪੁਜੇ ਸਨ। ਸਤਿਗੁਰੂ ਜੀ ਪਾਸ ਮਨੁਖ ਸ਼ਕਤੀ ਬਹੁਤ ਹੋ ਗਈ ਸੀ। ਉਸ ਵੇਲੇ ਦੀਆਂ ਲੜਾਈਆਂ ਵਿਚ ਮਨੁਖ ਸ਼ਕਤੀ ਦੀ ਲੋੜ ਹੁੰਦੀ ਸੀ ਕਿਉਂਕਿ ਸਾਰੀਆਂ ਲੜਾਈਆਂ ਤਲਵਾਰ ਨਾਲ ਹੀ ਲੜੀਆਂ ਜਾਂਦੀਆਂ ਸਨ।

ਦੁਸ਼ਮਨ ਆਂ ਪੁਜਾ, ਲੜਾਈ ਦਾ ਵਾਜੂ ਮੰਡਲ ਆਪਣੇ ਆਪ ਕਾਇਮ ਹੋ ਗਿਆ। ਦੁਸ਼ਮਨ ਟਿਡੀ ਦਲ ਦੀ ਤਰ੍ਹਾਂ ਅਨੰਦਪੁਰ ਤੇ ਚੜ੍ਹਾਈ ਕਰਕੇ ਆ ਪੁਜਿਆ। ਜਦੋਂ ਦੁਸ਼ਮਨ ਆਉਂਦਾ ਹੋਇਆ ਦਿਖਾਈ ਦਿਤਾ ਤਾਂ ਭਾਈ ਉਦੈ ਸਿੰਘ ਦੇ ਕਹਿਣ ਤੇ ਸਤਿਗੁਰੂ ਜੀ ਨੇ ਆਪਣੇ ਵਡੇ ਸਪੁਤ੍ਰ ਅਜੀਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਨੂੰ ਇਕ ਤਕੜਾ ਫੌਜੀ ਦਸਤਾ ਦੇਕੇ ਭੇਜਿਆ ਕਿ ਓਹ ਦੁਸ਼ਮਨਾਂ ਨੂੰ ਰੋਕਣ। ਸਾਹਿਬਜ਼ਾਦੇ ਜੀ ਮਹਾਂ ਬਲੀ ਤੇ ਸਿਆਣੇ ਜਰਨੈਲ ਸਨ। ਆਯੂ ਭਾਵੇਂ ਛੋਟੀ ਸੀ ਪਰ ਅਸਲ ਵਿਚ ਵਡੇ ਸਨ ਚਾਰ ਹਜ਼ਾਰ ਸੈਨਾ ਦੇ ਨਾਂਲ 'ਸਤਿ ਸ੍ਰੀ ਅਕਾਲ!' ਦੇ ਨਾਹਰਿਆਂ ਨਾਲ ਧਰਤੀ ਨੂੰ ਕੰਬਾਉਂਦੇ ਹੋਏ ਦੁਸ਼ਮਨਾਂ ਵਲ ਵਧੇ। ਦੁਸ਼ਮਨ ਇਕ ਹੜ੍ਹ ਦੀ ਨਿਆਈਂ ਵਧੀ ਆ ਰਿਹਾ ਸੀ ਉਹ ਅਨੰਦਪੁਰ ਦੇ ਕਿਲ੍ਹਿਆਂ ਦੀਆਂ ਕੰਧਾਂ ਨਾਲ ਟਕਰਾ ਕੇ ਉਹਨਾਂ ਨੂੰ ਢਾਹ ਢੇਰੀ ਕਰਨ ਵਾਸਤੇ ਆਇਆ ਸੀ ਸਤਿਗੁਰੂ ਦੇ ਦੂਲੇ ਸਿੰਘ ਇਕ ਚਟਾਨ ਬਣਕੇ ਉਸ ਹੜ੍ਹ ਨੂੰ ਰੋਕਣਾ ਜਾਣਦੇ ਸਨ ਤੇ ਓਹਦੇ ਦੰਦ ਖ਼ੱਟੇ ਕਰਕੇ ਮੋੜਨਾ ਸੀ।

ਮੁਕਾਬਲਾ ਅਨੰਦਪੁਰ ਹੀ ਹੋਇਆ ਉਸ ਥਾਂ ਛੋਟੀਆਂ ਛੋਟੀਆਂ ਪਹਾੜੀਆਂ ਸਨ। ਦੁਸ਼ਮਨਾਂ ਦੀ ਫੌਜ ਸਾਹ ਲੈਣ, ਇਕੱਠੀ ਹੋਣ ਤੇ ਸਲਾਹ ਕਰਨ ਵਾਸਤੇ ਅਟਕੀ ਸੀ ਕਿ ਸਿੰਘ ਅਚਾਨਕ ਇਸ ਤਰ੍ਹਾਂ ਜਾ ਪਏ ਜਿਵੇਂ ਬਾਜ਼ ਪੈਂਦਾ ਹੈ।

ਸਿੰਘਾਂ ਦੇ ਵਿਚ ਇਹ ਮੁਖੀ ਸਜਨ ਸਨ—ਕ੍ਰਿਪਾਲ ਸਿੰਘ ਉਦੈ ਸਿੰਘ ਸੁਬੇਗ ਸਿੰਘ, ਦੀਵਾਨ ਸਿੰਘ, ਫਤਹ ਸਿੰਘ, ਮਾਨ ਸਿੰਘ, ਟੇਕ ਸਿੰਘ, ਕਾਹਨ ਸਿੰਘ, ਦੀਦਾਰ ਸਿੰਘ, ਦਯਾ ਸਿੰਘ ਤੇ ਈਸ਼ਰ ਸਿੰਘ ਆਦਿਕ।

ਸਿੰਘਾਂ ਨੇ ਜਾਂਦਿਆਂ ਹੀ ਐਸੀ ਕਟਾ ਵੱਢ ਸ਼ੁਰੂ ਕੀਤੀ ਕਿ ਵੈਰੀਆਂ ਦੇ ਹੋਸ਼ ਭੁਲਾ ਦਿਤੇ। ਸਿੰਘਾਂ ਦੀ ਤਲਵਾਰ ਨੇ ਧਰਤੀ ਨੂੰ ਲਾਲ ਰੰਗ ਦਿਤਾ ਤੇ ਜੇਹੜੇ ਹੰਕਾਰੀ ਪਹਾੜੀਏ ਕਈ ਤਰ੍ਹਾਂ ਦੀਆਂ ਤੁੜੀਆਂ ਵਿਉਂਤਾਂ ਦਿਲਾਂ ਵਿਚ ਲੈਕੇ ਆਏ ਸਨ ਉਹ ਸਭ ਨਸ਼ਟ ਹੋ ਗਈਆਂ। ਸਿੰਘਾਂ ਨੇ ਉਹਨਾਂ ਨੂੰ ਪਾਣੀ ਮੰਗਣ ਜੋਗਾ ਵੀ ਨਾ ਛਡਿਆ। ਓਹ ਸਾਰੇ ਹੱਥ, ਪੈਰ, ਬਾਹੀਂ, ਨੱਕ ਆਦਿਕ ਕਟਵਾ ਕੇ ਮੈਦਾਨਿ ਜੰਗ ਵਿਚ ਡਿਗ ਪਏ ਤੇ ਕਿਸਮਤ ਨੂੰ ਰੋਣ ਲਗੇ। ਜਮਾਤੁਲ ਤਾਂ ਪਹਿਲੇ ਹੱਲੇ ਹੀ ਮਾਰਿਆ ਗਿਆ ਉਸਦੀ ਮੌਤ ਨੇ ਗੁਜਰਾਂ ਦੇ ਦਿਲ ਤੋੜ ਦਿਤੇ ਪਰ ਹਿੰਦੂ ਰਾਜੇ ਅਜੇ ਹੰਕਾਰ ਵਿਚ ਸਨ। ਘਮੰਡ ਚੰਦ ਕਟੋਚੀਏ ਨੇ ਬੜੇ ਘਮੰਡ ਨਾਲ ਫੌਜ ਅਗੇ ਵਧਾਈ ਤੇ ਝੱਖੜ ਦੀ ਤਰ੍ਹਾਂ ਲੜਾਈ ਕਰਨ ਲਗਾ, ਲੋਹੇ ਨੂੰ ਲੋਹਾ ਕੱਟਣ ਲਗਾ। ਸਾਰਾ ਦਿਨ ਘਮਸਾਨ ਦੀ ਜੰਗ ਹੁੰਦੀ ਰਹੀ ਜਦ ਸ਼ਾਮ ਹੋਈ ਤਾਂ ਪਹਾੜੀਆਂ ਦੇ ਦਿਲ ਟੁਟ ਗਏ। ਉਨ੍ਹਾਂ ਨੂੰ ਫਤਹ ਦੀ ਆਸ ਨਾ ਰਹੀ ਪਰ

Sri Satguru Jagjit Singh Ji eLibrary NamdhariElibrary@gmail.com

ਰਾਤ ਲੜਾਈ ਹੋ ਨਹੀਂ ਸੀ ਸਕਦੀ ਇਸ ਵਾਸਤੇ ਦੋਵੇਂ ਦਲ ਰੁਕ ਜਾਏ ਸਾਹਿਬਜ਼ਾਦਾ ਜੀ ਤੇ ਕੁਝ ਹੋਰ ਮੁਖੀ ਸਤਿਗੁਰੂ ਜੀ ਪਾਸ ਮੁੜ ਗਏ। ਲੜਾਈ ਦੀ ਸਾਰੀ ਵਾਰਤਾ ਸਾਹਿਬਾਂ ਨੂੰ ਸੁਣਾਈ। ਜ਼ਖਮੀਆਂ ਨੂੰ ਮੈਦਾਨਿ-ਜੰਗ ਵਿਚੋਂ ਲਿਆਂਦਾ ਗਿਆ ਤੇ ਜੋ ਸਿੰਘ ਸ਼ਹੀਦ ਹੋ ਗਏ ਸਨ ਓਹਨਾਂ ਨੂੰ ਅਗਨਿ ਦੇਵਤਾ ਦੀ ਭੇਟਾ ਕੀਤਾ ਗਿਆ ਇਸ ਤਰ੍ਹਾਂ ਪਹਿਲੇ ਦਿਨ ਦੀ ਲੜਾਈ ਦਾ ਅੰਤ ਹੋਇਆ।

੪. ਅਨੰਦ ਪੁਰ ਵਿਚ ਮਸਤ ਹਾਥੀ ਦਾ ਪ੍ਰਸੰਗ

ਰਾਜਿਆਂ ਨੂੰ ਮਾਰ ਬਹੁਤ ਪਈ, ਦਿਨੇ ਮਾਰ ਖਾਕੇ ਰਾਤ ਨੂੰ ਵਿਚਾਰਾਂ ਕਰਨ ਲਗੇ ਕਿ ਕਿਹੜਾ ਨਵਾਂ ਪੈਂਤੜਾ ਕੀਤਾ ਜਾਵੇ ਜਿਸ ਨਾਲ ਇਹ ਗੁਰੂ (ਜੀ) ਅਨੰਦਪੁਰ ਨੂੰ ਛਡੇ। ਇਹ ਕਰਾਮਾਤੀ ਹੈ ਸਾਰੇ ਦੇਸ਼ ਵਿਚੋਂ ਲੋਕ ਇਹਦੀ ਸਹਾਇਤਾ ਕਰਦੇ ਹਨ। ਜਦ ਵਿਚਾਰਾਂ ਹੋ ਰਹੀਆਂ ਸਨ ਤਾਂ ਮੰਡੀ ਦੇ ਰਾਜੇ ਸੁਧਰਸੈਨ ਨੇ ਨੇਕ ਸਲਾਹ ਦਿਤੀ ਕਿ ਲੜਾਈ ਨਹੀਂ ਕਰਨੀ ਚਾਹੀਦੀ ਸਗੋਂ ਗੁਰੂ ਜੀ ਨਾਲ ਮੇਲ ਰਖਣਾ ਚਾਹੀਦਾ ਹੈ ਗੁਰੂ ਜੀ ਬ੍ਰਹਮਾਂ ਦਾ ਅਵਤਾਰ ਹਨ ਉਹਨਾਂ ਦੀ ਬ੍ਰਹਮ ਸ਼ਕਤੀ ਨਾਲ ਟੱਕਰ ਲੈ ਕੇ ਅਸੀਂ ਕਦੀ ਸਫਲਤਾ ਪ੍ਰਾਪਤ ਨਹੀਂ ਕਰ ਸਕਦੇ। ਚੰਗਾ ਤਾਂ ਇਹ ਹੈ ਕਿ ਸਮਝੌਤਾ ਕਰ ਲਈਏ ਸਮਝੌਤੇ ਨਾਲ ਜ਼ਰੂਰ ਉਹ ਅਸਾਂ ਲੋਕਾਂ ਦੀ ਸਹਾਇਤਾ ਕਰਨਗੇ।

ਸੁਧਰਸੈਨ ਦੀਆਂ ਸੱਚੀਆਂ ਗਲਾਂ ਦਾ ਕੇਸਰੀ ਸਿੰਘ ਨੂੰ ਬਹੁਤ ਗੁਸਾ ਲੱਗਾ। ਓਹ ਹੰਕਾਰੀ ਪੁਰਸ਼ ਕਰੋਧ ਨਾਲ ਬੋਲਿਆ—'ਇਹ ਕਦੀ ਨਹੀਂ ਹੋ ਸਕਦਾ ਕਿ ਅਸੀਂ ਇਕ ਸਾਧੂ ਦੇ ਪੈਰੀਂ ਪਈਏ। ਸਾਧੂ ਵੀ ਓਹ ਜੋ ਧਰਮ ਦਾ ਤਿਆਗੀ, ਛੋਟੀਆਂ ਜਾਤੀਆਂ ਨਾਲ ਮੇਲ ਰਖਣ ਵਾਲਾ। ਅਸੀਂ ਦੇਸ਼ ਦੇ ਰਾਜੇ ਹਾਂ ਅਸਾਂ ਕੋਲ ਫੌਜ ਹੈ ਅਸਾਂ ਕੋਲ ਖਜ਼ਾਨਾ ਤੇ ਦੇਸ਼ ਹੈ। ਇਸ (ਸਤਿਗੁਰੂ ਜੀ) ਪਾਸ ਕੀ ਹੈ? ਕੀ ਕਰੇਗਾ ਅਸਾਂ ਨੂੰ ? ਕਿੰਨਾਂ ਚਿਰ ਲੜੇਗਾ ਅਸਾਂ ਨਾਲ ? ਐਵੇਂ ਦਿਲ ਨਹੀਂ ਛੱਡਣਾ ਚਾਹੀਦਾ। ਜੇ ਸਾਹਮਣੇ ਹੋਕੇ ਨਹੀਂ ਲੜਨਾ ਤਾਂ ਆਓ ਮੈਂ ਤੁਸਾਂ ਨੂੰ ਵਿਉਂਤ ਦਸਦਾ ਹਾਂ ਓਸੇ ਤਰ੍ਹਾਂ ਕਰਨਾ। ਸੁਣੋਂ ! ਅਨੰਦਪੁਰ

Sri Satguru Jagjit Singh Ji eLibrary NamdhariElibrary@gmail.com

ਦੇ ਚੌਗਿਰਦੇ ਘੇਰਾ ਪਾ ਲਈਏ। ਅਨੰਦਪੁਰ ਹਦ ਦੇ ਚੌਗਿਰਦੇ ਬੈਠਕੇ ਧਿਆਨ ਰਖੀਏ ਕਿ ਬਾਹਰੋਂ ਕੋਈ ਚੀਜ਼ ਅੰਦਰ ਨਾ ਆਵੇ ਨਾ ਜਾਵੇ। ਆਪੇ ਭੁਖੇ ਮਰਦੇ ਹੋਏ ਤਰਲੇ ਕਢਣਗੇ। ਅੰਨ ਤੇ ਹੋਰ ਵਸਤੂਆਂ ਤੋਂ ਬਿਨਾਂ ਕਿੰਨਾਂ ਕੁ ਚਿਰ ਮਨੁਖ ਜੀਉ ਸਕਦਾ ਹੈ ? ਬਸ ਇਸ ਨਾਕਾਬੰਦੀ ਨਾਲ ਸੰਗਤ ਵੀ ਨਹੀਂ ਆਵੇਗੀ ਜੇ ਸੰਗਤ ਨਾ ਆਵੇ ਤਾਂ ਚੜ੍ਹਾਵਾ ਕਿਥੋਂ ਚੜ੍ਹੇਗਾ ? ਪਹਿਲਾਂ ਵੀ ਸਾਨੂੰ ਇਹੋ ਢੰਗ ਵਰਤਣਾ ਚਾਹੀਦਾ ਸੀ। ਅਸਾਂ ਐਵੇਂ ਲੜ ਲੜ ਕੇ ਜਵਾਨ ਮਰਵਾਏ ਹਨ। ਉਸ ਨੇ ਅਨੰਦਪੁਰ ਦੀ ਧਰਤੀ ਖਰੀਦੀ ਹੈ, ਚੌਗਿਰਦੇ ਦੀ ਧਰਤੀ ਤਾਂ ਅਸਾਂ ਦੀ ਹੈ। ਦਰਿਆ ਤੋਂ ਪਾਰ ਮੁਗਲਰਾਜ ਹੈ ਅਸੀਂ ਆਪਣੀ ਹਦ ਵਿਚ ਕਿਸੇ ਨੂੰ ਵੜਨ ਨਾ ਦੇਵੀਏ।

ਰਾਜਾ ਕੇਸਰੀ ਸਿੰਘ ਦੀ ਵਿਉਂਤ ਸਾਰਿਆਂ ਨੂੰ ਚੰਗੀ ਲਗੀ ਕਿਉਂਕਿ ਓਹ ਲੜਨਾ ਵੀ ਨਹੀਂ ਸਨ ਚਾਹੁੰਦੇ ਤੇ ਪਿਛੇ ਵੀ ਨਹੀਂ ਸਨ ਹਟਣਾ ਚਾਹੁੰਦੇ। ਸਰਬ ਸੰਮਤੀ ਨਾਲ ਪਾਸ ਹੋ ਗਿਆ ਕਿ ਅਨੰਦਪੁਰ ਦੇ ਚੌਗਿਰਦੇ ਘੇਰਾ ਪਾ ਲਿਆ ਜਾਵੇ।

ਸੂਰਜ ਦੇਵਤਾ ਉਦੈ ਹੋਇਆ, ਰਾਜਿਆਂ ਨੇ ਰਾਤ ਦੀ ਗਿਣੀ ਮਿਥੀ ਸਕੀਮ ਅਨੁਸਾਰ ਅਨੰਦਪੁਰ ਦੇ ਚੌਗਿਰਦੇ ਘੇਰਾ ਪਾ ਦਿਤਾ। ਓਹਨਾਂ ਨੇ ਥੋੜ੍ਹੀ ਜਿਹੀ ਫੌਜ ਇਕ ਪਾਸੇ ਰੱਖਕੇ ਬਾਕੀ ਸਾਰੀ ਫੌਜ ਖਿਲਾਰ ਦਿਤੀ। ਇਸ ਗਲ ਦਾ ਪਤਾ ਸਤਿਗੁਰੂ ਜੀ ਨੂੰ ਲਗ ਗਿਆ। ਸਤਿਗੁਰੂ ਜੀ ਘਬਰਾਏ ਨਹੀਂ; ਸਗੋਂ ਫੈਸਲਾ ਕੀਤਾ—ਅਕਾਲ ਪੁਰਖ ਦੀ ਦਇਆ ਦ੍ਰਿਸ਼ਟੀ ਨਾਲ ਘੇਰੇ ਦਾ ਮਕਾਬਲਾ ਕਰਾਂਗੇ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੰਘਾਂ ਦੀ ਸੈਨਾਂ ਕਿਲ੍ਹਾ ਲੋਹਗੜ੍ਹ ਵਿਚੋਂ ਨਿਕਲੀ ਤੇ ਵੈਰੀ ਦੇ ਦਲ ਵਲ ਵਧੀ। ਵੈਰੀ ਵੀ ਅਗੇ ਹੋਕੇ ਜੋਮ ਕੇ ਲੜਿਆ। ਉਸ ਦਿਨ ਦੀ ਲੜਾਈ ਵਿਚ ਵੀ ਰਾਜਿਆਂ ਨੂੰ ਹਾਰ ਹੋਈ ਤੇ ਓਹਨਾਂ ਦਾ ਜਾਨੀ ਨੁਕਸਾਨ ਸਿੰਘਾਂ ਨਾਲੋਂ ਕਈ ਗੁਣਾਂ ਬਹੁਤ ਹੋਇਆ। ਇਕ ਦੋ ਰਾਜੇ ਵੀ ਮਾਰੇ ਗਏ ਉਨ੍ਹਾਂ ਦੀ ਨੀਤ ਜੰਗ ਕਰਨ ਦੀ ਨਹੀਂ ਸੀ ਤਾਂ ਤੇ ਸਿੰਘ ਆ ਪਏ ਰਾਤ ਨੂੰ ਬੈਠਕੇ ਰਾਜੇ ਫੇਰ ਵਿਚਾਰਾਂ ਕਰਨ ਲਗੇ। ਓਸ ਰਾਤ ਦੀ ਇਕੱਤ੍ਰਤਾ ਤੇ

Sri Satguru Jagjit Singh Ji eLibrary NamdhariElibrary@gmail.com

ਬਹਿਸ ਵਿਚ ਇਸ ਗਲ ਦੀ ਚਰਚਾ ਸੀ ਕਿ ਕਿਲ੍ਹਾ ਲੋਹਗੜ੍ਹ ਕਿਉਂ ਨਹੀਂ ਟੁਟਦਾ ? ਉਸ ਵੇਲੇ ਲੋਹਗੜ੍ਹ ਵਿਚ ਸਤਿਗੁਰੂ ਜੀ ਆਪ ਬਿਰਾਜਮਾਨ ਸਨ ਓਥੋਂ ਹੀ ਸਾਰੀ ਲੜਾਈ ਲੜੀ ਜਾ ਰਹੀ ਸੀ।

ਕੇਸਰੀ ਸਿੰਘ ਤੇ ਹੋਰ ਰਾਜਿਆਂ ਦੇ ਕਹਿਣ ਤੇ ਇਹ ਵਿਚਾਰ ਹੋਈ ਕਿ ਕਿਲੇ ਦਾ ਦਰਵਾਜ਼ਾ ਹੀ ਤੋੜ ਦਿਤਾ ਜਾਵੇ, ਪਰ ਤੋੜਿਆ ਕਿਵੇਂ ‘ਜਾਵੇ ? ਕਿਉਂਕਿ ਦਰਵਾਜ਼ਾ ਲੋਹੇ ਲੱਕੜਾਂ ਦਾ ਬਹੁਤ ਮਜ਼ਬੂਤ ਸੀ, ਉਸਨੂੰ ਤੋੜਨਾ ਸੌਖਾ ਨਹੀਂ ਸੀ। ਅੰਤ ਇਹ ਫੈਸਲਾ ਹੋਇਆ ਕਿ ਮਸਤ ਹਾਥੀ ਨੂੰ ਸ਼ਰਾਬ ਪਿਲਾਕੇ ਅਤੇ ਉਸ ਦੇ ਸਿਰ ਉਤੇ ਲੋਹੇ ਦੇ ਤਵੇ ਬੰਨ੍ਹਕੇ ਛਡਿਆ ਜਾਵੇ, ਉਹ ਦਰਵਾਜੇ ਨੂੰ ਟੱਕਰ ਮਾਰੇ ਤਾਂ ਜ਼ਰੂਰ ਦਰਵਾਜ਼ਾ ਟੁਟ ਜਾਵੇਗਾ। ਇਹ ਸਲਾਹ ਵੀ ਸਾਰਿਆਂ ਨੂੰ ਚੰਗੀ ਲੱਗੀ ਤੇ ਮੰਨਕੇ ਪ੍ਰਸੰਨ ਹੋਏ। ਨਿਰਬਲ ਪਹਾੜੀਏ ਤਰਲੇ ਲੈਂਦੇ ਫਿਰਦੇ ਸਨ ਜੇਕਰ ਉਹ ਸਤਿਗੁਰੂ ਜੀ ਨਾਲ ਈਰਖਾ ਕਰਦੇ ਤੇ ਨਾ ਲੜਦੇ ਤਾਂ ਮੁਗਲ ਹਕੂਮਤ ਉਸ ਵੇਲੇ ਚੰਦ ਸਾਲਾਂ ਵਿਚ ਖਤਮ ਹੋ ਜਾਣੀ ਸੀ ਜੋ ਸਿੰਘਾਂ ਨੂੰ ਸੌ ਸਾਲ ਪਿਛੋਂ ਲੜਾਈਆਂ ਕਰਨੀਆਂ ਪਈਆਂ ਸਨ ਉਹ ਨਾ ਕਰਨੀ ਪੈਂਦੀਆਂ। ਸਾਰਾ ਭਾਰਤ ਪ੍ਰਦੇਸੀਆਂ ਦੀ ਗੁਲਾਮੀ ਤੋਂ ਸੁਤੰਤ੍ਰ ਹੋ ਜਾਂਦਾ, ਪਰ ਹੋਣੀ ਨੂੰ ਕੌਣ ਟਾਲੇ ? ਜੋ ਕੁਝ ਹੋਣਾ ਸੀ ਉਹ ਹੋਕੇ ਰਿਹਾ, ਆਪਣੇ ਪਰਾਏ ਹੋ ਗਏ।

ਹਾਥੀ ਤਿਆਰ ਕੀਤਾ ਗਿਆ ਉਸਨੂੰ ਇਕ ਘੜਾ ਸ਼ਰਾਬ ਪਿਲਾ ਦਿਤੀ ਗਈ ਤੇ ਉਹਦੇ ਉਤੇ ਲੋਹੇ ਦਾ ਜਾਲ ਸੁਟਿਆ ਗਿਆ ਮਥੇ ਅਗੇ ਫੌਲਾਦ ਦੇ ਤਵੇ ਬੰਨ੍ਹ ਦਿਤੇ ਗਏ ਉਹ ਤਵੇ ਜਿਨ੍ਹਾਂ ਦਾ ਟੁਟਣਾ ਬਹੁਤ ਹੀ ਕਠਨ ਸੀ। ਜਦੋਂ ਉਹ ਹਾਥੀ ਸ਼ਰਾਬੀ ਹੋ ਗਿਆ ਤਾਂ ਉਸਦੀ ਸੁੰਡ ਵਿਚ ਤਲਵਾਰ ਫਸਾ ਕੇ ਉਸਨੂੰ ਕਿਲ੍ਹਾ ਲੋਹਗੜ੍ਹ ਵਲ ਸਿਧਿਆਂ ਕਰ ਦਿਤਾ ਤਾਂ ਕਿ ਜਾਕੇ ਦਰਵਾਜ਼ੇ ਨੂੰ ਟੱਕਰ ਮਾਰੇ ਤੇ ਦਰਵਾਜ਼ਾ ਚੂਰ ਚੂਰ ਕਰ ਸੁਟੇ।

ਦੂਸਰੇ ਪਾਸੇ ਸਤਿਗੁਰੂ ਜੀ ਨੂੰ ਇਤਲਾਹ ਵਸੂਲ ਹੋਈ ਕਿ ਰਾਜੇ ਮਸਤ ਹਾਥੀ ਨੂੰ ਭੇਜ ਰਹੇ ਹਨ ਤਾਂ ਸਾਹਿਬਾਂ ਨੇ ਉਸ ਵੇਲੇ ਸਹਿਜ ਸੁਭਾ ਬਚਨ ਕੀਤਾ, ‘ਕੋਈ ਚਿੰਤਾ ਨਹੀਂ ! ਜੇ ਉਹ ਹਾਥੀ ਭੇਜ ਰਹੇ ਹਨ ਤਾਂ ਅਸਾਡੇ ਪਾਸ ਵੀ ਹਾਥੀ ਦਾ ਮੁਕਾਬਲਾ ਕਰਨ ਵਾਲਾ ਦੁਨੀਚੰਦ ਹੈ। ਇਹ ਹਾਥੀ ਦੀਆਂ ਚਾਂਗਰਾਂ ਕਢਾਵੇਗਾ

Sri Satguru Jagjit Singh Ji eLibrary NamdhariElibrary@gmail.com

ਆਉਣ ਦਿਓ ।'

ਸਤਿਗੁਰੂ ਜੀ ਨੂੰ ਇਹ ਖਬਰ ਸੁਹੇ ਨੇ ਰਾਤ ਹੀ ਦੇ ਦਿਤੀ ਸੀ ਅਤੇ ਉਸ ਵੇਲੇ ਹੀ ਸਤਿਗੁਰੂ ਜੀ ਨੇ ਬਚਨ ਕੀਤਾ ਸੀ ਅਤੇ ਦੁਨੀ ਚੰਦ ਲਾਗੇ ਖਲੋਤਾ ਸੀ। ਇਹ ਭਾਈ ਲਾਲੋ ਦਾ ਪੋਤਾ ਸੀ ਤੇ ਤਕੜਾ ਸੂਰਮਾ ਮਸੰਦ ਸੀ, ਇਸ ਦੀ ਦੇਹ (ਸਰੀਰ) ਬਹੁਤ ਭਾਰੀ ਸੀ। ਪਹਿਲਵਾਨ ਵੱਡਾ ਸੀ ਪਰ ਜਦੋਂ ਉਸ ਨੇ ਸਤਿਗੁਰਾਂ ਦੇ ਬਚਨ ਸੁਣੇ ਤਾਂ ਓਹਦਾ ਦਿਲ ਡਹਿਲ ਗਿਆ ਅਤੇ ਓਹ ਡਰਕੇ ਸੋਚਣ ਲਗਾ—'ਹਾਥੀ ਨਾਲ ਮੈਂ ਕਿਵੇਂ ਮੁਕਾਬਲਾ ਕਰ ਸਕਦਾ ਹਾਂ ?' ਗੁਰੂ ਜੀ ਜ਼ਰੂਰ ਮੈਨੂੰ ਐਵੇਂ ਮਰਵਾ ਦੇਣਗੇ। ਕਦੀ ਹਾਥੀਆਂ ਨਾਲ ਮਨੁਖਾਂ ਵੀ ਲੜਾਈਆਂ ਕੀਤੀਆਂ ਹਨ ? ਮਰਦ ਨਾਲ ਮਰਦ ਤਾਂ ਲੜਦਾ ਆਇਆ ਹੈ।'

ਡਰੇ ਹੋਏ ਦੁਨੀ ਚੰਦ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਓਹ ਵੀ ਸਾਰੇ ਹਲਵਾ ਪੂਰੀ ਛਕਣ ਵਾਲੇ ਸਨ । ਓਹਨਾਂ ਨੇ ਸਲਾਹ ਕੀਤੀ ਕਿ ਨੱਸ ਚਲਣ ਵਿਚ ਹੀ ਭਲਾ ਹੈ। ਜਦੋਂ ਰਾਤ ਦਾ ਹਨੇਰਾ ਹੋਇਆ ਤਾਂ ਦੁਨੀ ਚੰਦ ਅਗੇ ਲਗ ਕੇ ਕਿਲੇ ਦੀ ਕੰਧ ਟੱਪਣ ਦੀ ਤਿਆਰੀ ਕਰਨ ਲੱਗਾ। ਦੁਨੀ ਚੰਦ ਨੇ ਕਿਲੇ ਦੀ ਕੰਧ ਤੋਂ ਛਾਲ ਮਾਰੀ ਤਾਂ ਓਹਦੀ ਲੱਤ ਟੁਟ ਗਈ, ਲੱਤ ਟੁਟਣ ਦੀ ਪੀੜਾ ਨਾਲ ਵਿਆਕੁਲ ਹੋਣ ਲਗਾ ਪਰ ਉਹ ਓਸ਼ੇ ਤਰ੍ਹਾਂ ਹੀ ਨੱਠ ਉਠਿਆ। ਉਸਦੇ ਸਾਥੀ ਉਸ ਨੂੰ ਆਸਰਾ ਦੇਂਦੇ ਹੋਏ ਚੁਕ ਕੇ ਦੂਰ ਲੈ ਗਏ ਪਰ ਮੂਸਾ ਭਜਾ ਮੌਤ ਤੋਂ ਮੌਤ ਅਗੇ ਖੜੀ ਵਾਲੀ ਗਲ ਹੋਈ। ਦੁਨੀ ਚੰਦ ਤਾਂ ਮੌਤ ਕੋਲੋਂ ਡਰਦਾ ਨੱਸਾ ਸੀ ਪਰ ਅੰਮ੍ਰਿਤਸਰ ਪੁਜਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਉਹ ਸਤਿਗੁਰੂ ਜੀ ਤੋਂ ਬੇਮੁਖ ਹੋਕੇ ਮਰਿਆ; ਜਿਸ ਕਾਰਨ ਓਹ ਪਾਪੀ ਸਿਧਾ ਨਰਕਾਂ ਨੂੰ ਗਿਆ। ਅਕ੍ਰਿਤਘਣ ਪਾਪੀ !

ਸਵੇਰ ਹੋਈ ਤਾਂ ਸਤਿਗੁਰੂ ਜੀ ਨੂੰ ਸੇਵਕਾਂ ਨੇ ਦਸਿਆ ਕਿ ਦਨੀ ਚੰਦ ਨੱਸ ਗਿਆ। ਇਹ ਸੁਣਕੇ ਸਤਿਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ, 'ਹਾਂ ਓਹ ਨੱਸ ਗਏ ਹਨ; ਦੀਨ ਦੁਨੀਆਂ ਤੋਂ ਨੱਸ ਗਏ ਹਨ। ਵਾਹਵਾ ! ਹੁਣ ਅਸਾਂ ਦਾ ਸਿੰਘ ਭਾਈ ਬਚਿਤ੍ਰ ਸਿੰਘ ਹਾਥੀ ਨਾਲ ਯੁਧ ਕਰੇਗਾ।

Sri Satguru Jagjit Singh Ji eLibrary NamdhariElibrary@gmail.com

੫.ਭਾਈ ਬਚਿਤ੍ਰ ਸਿੰਘ ਨੇ ਮਸਤਹਾਥੀ ਨਾਲ ਯਧ ਕਰਨਾ

ਸਤਿਗੁਰੂ ਜੀ ਦੇ ਕੌਤਕ ਜਿਵੇਂ ਹੋਰ ਬਹੁਤ ਸਾਰੇ ਨਿਰਾਲੇ ਹਨ, ਤਿਵੇਂ ਇਹ ਕੌਤਕ ਵੀ ਨਿਰਾਲਾ ਹੈ। ਭਾਈ ਬਚਿਤ੍ਰ ਸਿੰਘ ਮਧਰੇ ਕਦ ਦਾ ਜੁਵਾਨ ਸੀ। ਸਤਿਗੁਰੂ ਜੀ ਦਾ ਇਸ਼ਾਰਾ ਪਾਕੇ ਉਹ ਹਾਥੀ ਨਾਲ ਲੜਨ ਵਾਸਤੇ ਤਿਆਰ ਹੋ ਪਿਆ। ਸਤਿਗੁਰੂ ਜੀ ਦੀ ਥਾਪਨਾ ਲੈਕੇ ਹਥ ਵਿਚ ਬਰਛਾ ਫੜੇ ਅਤੇ ਘੋੜੇ ਉਤੇ ਸਵਾਰ ਹੋਕੇ ਕਿਲੇ ਵਿਚੋਂ ਬਾਹਰ ਨਿਕਲਿਆ। ਉਸਦੇ ਪਿਛੇ ਪਿਛੇ ਇਕ ਹਜ਼ਾਰ ਸਿਖ ਹੋਰ ਸਨ, ਜੋ ਦੂਸਰੀ ਸੈਨਾ ਦਾ ਮੁਕਾਬਲਾ ਕਰਨ ਵਾਸਤੇ ਸਨ ਕਿਉਂਕਿ ਰਾਜਿਆਂ ਨੇ ਨਿਰਾ ਹਾਥੀ ਨਹੀਂ ਸੀ ਭੇਜਿਆ ਸਗੋਂ ਸੈਨਾ ਵੀ ਭੇਜੀ ਸੀ ਤੇ ਹੰਕਾਰੀ ਰਾਜਾ ਕੇਸਰੀ ਸਿੰਘ ਵੀ ਘੋੜੇ ਉਤੇ ਸਵਾਰ ਹਾਥੀ ਦੇ ਪਿਛੇ ਪਿਛੇ ਕਿਲੇ ਨੂੰ ਸਰ ਕਰਨ ਵਾਸਤੇ ਆਇਆ ਸੀ। ਉਸਨੇ ਕਸਮਾਂ ਖਾਧੀਆਂ ਸਨ ਕਿ ਉਹ ਕਿਲ੍ਹਾ ਫਤਹਿ ਕਰਨ ਬਿਨਾਂ ਅੰਨਜਲ ਮੂੰਹ ਨਹੀਂ ਲਾਵੇਗਾ ਅਤੇ ਜੇ ਕਿਲ੍ਹਾ ਫਤਹਿ ਨਾ ਹੋਇਆ ਤਾਂ ਜੀਉਂਦਾ ਨਹੀਂ ਆਵੇਗਾ। ਸਤਿਗੁਰੂ ਜੀ ਨੇ ਉਸਦਾ ਹੰਕਾਰ ਚਕਨਾਚੂਰ ਕਰਨ ਵਾਸਤੇ ਭਾਈ ਉਦੈ ਸਿੰਘ ਨੂੰ ਹੁਕਮ ਕੀਤਾ।

ਸਤਿਗੁਰੂ ਜੀ ਆਪ ਕਿਲੇ ਦੇ ਬੁਰਜ ਉਪਰ ਚਲੇ ਗਏ ਓਥੋਂ ਬਾਹਰ ਦੀ ਸਾਰੀ ਝਾਕੀ ਨਜ਼ਰ ਆਉਂਦੀ ਸੀ, ਸਾਹਿਬਾਂ ਨੇ ਦੇਖਿਆ ਕਿ ਹਾਥੀ ਦੇ ਪਿਛੇ ਪਿਛੇ ਭਾਤ ਖਾਣੇ ਪਹਾੜੀਏ ਹਨ ਜੋ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਹਨ ਤੇ ਉਸ ਗੁਰਗੱਦੀ ਤੇ ਚੜ੍ਹਾਈ ਕਰਕੇ ਆਏ ਹਨ ਜਿਸ ਗੁਰਗੱਦੀ ਦੇ ਨਾਵੇਂ ਪਾਤਿਸ਼ਾਹ ਨੇ ਹਿੰਦੂ ਧਰਮ, ਸਭਿਅਤਾ ਤੇ ਹਿੰਦੂਆਂ ਦੀ ਇਜ਼ਤ ਵਾਸਤੇ ਆਪਣੇ ਆਪ ਦਾ ਬਲੀਦਾਨ ਦਿਤਾ ਸੀ ਉਹ ਬੜੇ ਜੋਸ਼ ਨਾਲ ਆ ਰਹੇ ਸਨ। ਦੁਸ਼ਮਨਾਂ ਦਾ ਨੇੜੇ ਆਉਣਾ ਦੇਖਕੇ ਸਤਿਗੁਰੂ ਜੀ ਨੇ ਭਾਈ ਬਚਿਤ੍ਰ ਸਿੰਘ ਤੇ ਰੋਰ ਸਿੰਗਾਂ ਨੂੰ ਤਿਆਰ ਕੀਤਾ। ਭਾਈ ਬਚਿਤ੍ਰ ਸਿੰਘ ਦੀ ਪਿਠ ਤੇ ਥਾਪਣਾ ਦੇ ਕੇ ਸਤਿਗੁਰੂ ਜੀ ਨੇ ਅਮਰ ਸ਼ਕਤੀ ਬਖਸ਼ੀ; ਉਹ ਸ਼ਕਤੀ ਜੋ ਕਦੀ ਹਨੂੰਮਾਨ ਨੂੰ ਲੰਕਾਂ ਵਲ ਤੁਰਦਿਆਂ ਹੋਇਆਂ ਸ੍ਰੀ ਰਾਮਚੰਦਰ ਜੀ ਪਾਸੋਂ ਪ੍ਰਾਪਤ ਹੋਈ ਸੀ। ਸਤਿਗੁਰਾਂ ਦੀ ਥਾਪਣਾ ਦੇ ਪਿਛੋਂ ਭਾਈ ਬਚਿਤ੍ਰ ਸਿੰਘ ਅੰਦਰ ਮਹਾਂ ਸ਼ਕਤੀ ਆ

Sri Satguru Jagjit Singh Ji eLibrary NamdhariElibrary@gmail.com

ਗਈ। ਉਹ ਆਪਣੇ ਪੈਰਾਂ ਨਾਲ ਧਰਤੀ ਨੂੰ ਕੰਬਾਉਣ ਲੱਗਾ।

ਕਿਲੇ ਦਾ ਦਰਵਾਜ਼ਾ ਖੁਲ੍ਹਿਆ। ਭਾਈ ਬਚਿੱਤ੍ਰ ਸਿੰਘ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਹੋਇਆ ਕਿਲੇ ਅੰਦਰੋਂ ਬਾਹਰ ਆਇਆ। ਹਰਨ ਦੀ ਤਰਾਂ ਚੁੰਗੀਆਂ ਲਾਉਂਦਾ ਹੋਇਆ ਅਗੇ ਵਧਿਆ ਤਾਂਕਿ ਹਾਥੀ ਅਤੇ ਦੁਸ਼ਮਨਾਂ ਨੂੰ ਕਿਲੇ ਦੇ ਦਰਵਾਜ਼ੇ ਤੋਂ ਦੂਰ ਹੀ ਰੋਕ ਦਿਤਾ ਜਾਵੇ।

ਕੇਸਰੀ ਸਿੰਘ ਦਾ ਮਸਤ ਹਾਥੀ ਅੰਨੇਵਾਹ ਆ ਰਿਹਾ ਸੀ। ਪਹਾੜੀ ਸੈਨਾ 'ਜੈ ਦੇਵਾ' ਆਖਦੀ ਹੋਈ ਇਕ ਦਰਿਆ ਦੇ ਹੜ ਵਾਂਗ ਅਗੇ ਵਧੀ ਆ ਰਹੀ ਸੀ। ਸਤਿਗੁਰੂ ਜੀ ਦਾ ਸ਼ਰਧਾਲੂ ਬਲੀ ਸੂਰਮਾ ਬਚਿੱਤ੍ਰ ਸਿੰਘ ਬਰਛੇ ਨੂੰ ਸੰਭਾਲਦਾ ਤੇ ਹਾਥੀ ਦੇ ਮਥੇ ਵਲ ਸਿੱਧਾ ਕਰਦਾ ਹੋਇਆ ਅਗੇ ਹੋਇਆ। ਭਾਵੇਂ ਹਾਥੀ ਦੇ ਮਥੇ ਅਗੇ ਮੋਟੇ ਲੋਹੇ ਦੇ ਤਵੇ ਬੰਨੇ ਹੋਏ ਸਨ ਫਿਰ ਵੀ ਬਚਿਤ੍ਰ ਸਿੰਘ ਨੇ ਐਸਾ ਵਾਰ ਕੀਤਾ ਕੀ ਬਰਛਾ ਲੋਹੇ ਦੇ ਤਵਿਆਂ ਨੂੰ ਚੀਰਦਾ ਹੋਇਆ ਅਗੇ ਲੰਘ ਗਿਆ। ਜਿਉ ਹੀ ਬਰਛਾ ਵਜਾ ਤਿਉਂ ਹੀ ਹਾਥੀ ਦੀ ਸ਼ਰਾਬ ਲਥ ਗਈ ਤੇ ਬਰਛੇ ਵਜਨ ਦੀ ਪੀੜ ਨੇ ਉਸਨੂੰ ਵਿਆਕੁਲ ਕਰ ਦਿਤਾ, ਐਸਾ ਵਿਆਕੁਲ ਕੀਤਾ ਕਿ ਹੋਸ਼ ਨਾ ਰਹੀ, ਉਹ ਚੀਕਾਂ ਮਾਰਦਾ ਹੋਇਆ ਅਗੇ ਜਾਨ ਦੀ ਥਾਂ ਪਿਛੇ ਨੂੰ ਮੁੜਿਆ। ਉਹ ਨਸ਼ੇ ਨਾਲ ਪਾਗਲ ਸੀ ਉਹ ਸਟ ਖਾਕੇ ਕਹਿਰ ਨਾਲ ਪਿਛੇ ਮੁੜਿਆ ਤੇ ਪਹਾੜੀਆਂ ਨੂੰ ਹੀ ਲਿਤੜ ਲਿਤੜ ਤੇ ਚੁਕ ਚੁਕ ਕੇ ਮਾਰਨ ਲੱਗਾ। ਜਦੋਂ ਹਾਥੀ ਨੇ ਇਸ ਤਰ੍ਹਾਂ ਆਪਣਿਆਂ ਨੂੰ ਮਾਰਨਾ ਸ਼ੁਰੂ ਕੀਤਾ ਤਾਂ ਸਿੰਘਾਂ ਨੂੰ ਸੁਨਹਿਰੀ ਮੌਕਾ ਮਿਲ ਗਿਆ ਉਨ੍ਹਾਂ ਨੇ ਜੋਸ਼ ਨਾਲ ਪਹਾੜੀਆਂ ਉਤੇ ਹਮਲਾ ਕਰ ਦਿਤਾ। ਐਸੀ ਕਟਾ ਵਢ ਕੀਤੀ ਕਿ ਪਹਾੜੀਏ ਸਨਮੁਖ ਹੋਕੇ ਲੜਨ ਦੀ ਥਾਂ ਪਿਛੇ ਨੂੰ ਨੱਠ ਉਠੇ। ਗਿਦੜਾਂ ਵਾਂਗੂੰ ਨਠੇ ਜਾਂਦੇ ਪਹਾੜੀਆਂ ਨੂੰ ਸਿੰਘ ਸੂਰਮੇ ਗਾਜਰ ਮੂਲੀਆਂ ਦੀ ਤਰ੍ਹਾਂ ਕੱਟਣ ਲਗੇ। ਲੋਥ ਤੇ ਲੋਥ ਚੜ੍ਹ ਗਈ, ਕਈ ਜ਼ਖਮੀ ਹੋਕੇ ਧਰਤੀ ਤੇ ਡਿਗੇ ਸੂਰਮੇ ਘੋੜਿਆਂ ਦੇ ਸੁੰਬਾਂ ਹੇਠ ਨੱਪੀ ਦੇ ਹੀ ਮਰਨ ਲਗੇ। ਭਾਈ ਸੇਵਾ ਸਿੰਘ ਟਹਿਲ ਸਿੰਘ ਤੇ ਉਦੇ ਸਿੰਘ ਨੇ ਬਹੁਤ ਬਹਾਦਰੀ ਦਿਖਾਈ। ਸਾਹਿਬਜ਼ਾਦਾ ਅਜੀਤ ਸਿੰਘ ਤਾਂ ਦੁਸ਼ਮਨਾਂ ਦੇ ਪਿਛੇ ਕਈ ਕੋਹ ਤਕ ਚਲੇ ਗਏ। ਘੋੜਾ ਮਾਰਿਆ

Sri Satguru Jagjit Singh Ji eLibrary NamdhariElibrary@gmail.com

ਗਿਆ ਤੇ ਉਹ ਬਹੁਤ ਹੀ ਅਕਲ ਤੇ ਬਹਾਦਰੀ ਨਾਲ ਦੁਸ਼ਮਨ ਕੋਲੋਂ ਬਚੇ।

ਪਹਾੜੀਏ ਬੜੀਆਂ ਸ਼ੇਖੀਆਂ ਨਾਲ ਸਤਿਗੁਰੂ ਜੀ ਵਲ ਆਏ ਸਨ। ਪਰ ਅਕਾਲ ਪੁਰਖ ਨੇ ਹੰਕਾਰੀਆਂ ਤੇ ਜ਼ਾਲਮਾਂ ਦੇ ਸਿਰ ਨੀਵੇਂ ਕੀਤੇ। ਓਹ ਸਨਮੁਖ ਹੋਕੇ ਲੜ ਵੀ ਨਾ ਸਕੇ । ਜੇਹੜਾ ਕੇਸਰੀ ਸਿੰਘ ਸਤਿਗੁਰੂ ਜੀ ਨੂੰ ਫੜਨ ਵਾਸਤੇ ਆਇਆ ਸੀ ਅਤੇ ਜਿਸ ਨੇ ਜ਼ਬਾਨੀ ਜ਼ਬਾਨੀ ਜ਼ਿਮੀਂ ਅਸਮਾਨ ਮਿਲਾ ਦਿਤੇ ਸਨ. ਓਹ ਭਾਈ ਬਚਿਤ੍ਰ ਸਿੰਘ ਤੇ ਆਲਮ ਸਿੰਘ ਦੇ ਸਨਮੁਖ ਹੋਕੇ ਲੜ ਨਾ ਸਕਿਆ। ਦੋ ਹਥ ਕਰਨ ਤੋਂ ਪਹਿਲਾਂ ਹੀ ਹੰਕਾਰੀ ਪੁਰਸ਼ ਮਾਰਿਆ ਗਿਆ। ਉਸ ਦੇ ਮਰਨ ਸਾਰ ਪਹਾੜੀਏ ਦਿਲ ਛਡ ਕੇ ਪਿਛੇ ਨੂੰ ਨੱਠ ਉਠੇ। ਉਨ੍ਹਾਂ ਨੱਠੇ ਜਾਂਦਿਆਂ ਨੂੰ ਸਿੰਘਾਂ ਨੇ ਮਿਲ ਮਿਲ ਕੇ ਮਾਰਿਆ । ਜੇਹੜੇ ਬਚੇ ਉਹ ਕਹਿਲੂਰ ਦੀਆਂ ਪਹਾੜੀਆਂ ਵਿਚ ਜਾ ਲੁਕੇ। ਇਹ ਲੜਾਈ ਵੀ ਉਨ੍ਹਾਂ ਨੂੰ ਹਾਰਨੀ ਪਈ। ਅਕਾਲ ਪੁਰਖ ਨੇ ਸਿੰਘਾਂ ਨੂੰ ਫਤਹ ਬਖਸ਼ੀ, ਇਸ ਲੜਾਈ ਵਿਚ ਪਹਾੜੀਆਂ ਦਾ ਬਹੁਤ ਨੁਕਸਾਨ ਹੋਇਆ, ਹਥਿਆਰ ਤੇ ਘੋੜੇ ਸਿੰਘਾਂ ਦੇ ਬਹੁਤ ਹਥ ਆਏ।

ਪਹਾੜੀਆਂ ਦੇ ਨਸ ਜਾਣ ਪਿਛੋਂ ਸਤਿਗੁਰੂ ਜੀ ਦੇ ਸਿੰਘ ਉਨ੍ਹਾਂ ਦਾ ਸਾਮਾਨ ਲੈਕੇ ਕਿਲ੍ਹਾ ਲੋਹਗੜ ਵਿਚ ਜਾ ਦਾਖਲ ਹੋਏ । ਮੁਖੀ ਸਿਖਾਂ ਨੇ ਸਾਹਿਬਾਂ ਨੂੰ ਜੰਗ ਦਾ ਸਾਰਾ ਹਾਲ ਦਸਿਆ ਜਿਸ ਨੂੰ ਸੁਣ ਕੇ ਸਾਹਿਬ ਪ੍ਰਸੰਨ ਹੋਏ ਤੇ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਹੋਇਆਂ ਇਉਂ ਬਚਨ ਕੀਤੇ—

ਦੁਸਟ ਗੰਜਨ ਸੱਤ੍ਰੂ ਭੰਜਨ ਪਰਮ ਪੁਰਖ ਪ੍ਰਮਾਥ ॥
ਦਸ਼ਟ ਹਰਤਾ ਸਿਸਟ ਕਰਤਾ ਜਗਤ ਮੈ ਜਿਹ ਗਾਥ ॥
ਭੂਤ ਭੱਬ ਭਵਿਖ ਭਵਾਨ ਪ੍ਰਮਾਨ ਦੇਵ ਅਗੰਜ ॥
(ਅਕਾਲ ਉਸਤਤ)

ਘਮੰਡੀ ਤੇ ਦੁਸ਼ਟ ਕੇਸਰੀ ਸਿੰਘ ਦਾ ਸਿਰ ਜੋ ਉਦੇ ਸਿੰਘ ਮੈਦਾਨਿ-ਜੰਗ ਵਿਚੋਂ ਲੈ ਆਇਆ ਸੀ, ਪਹਾੜੀਆਂ ਨੂੰ ਵਾਪਸ ਕਰ ਦਿਤਾ। ਇਸ ਯੁਧ ਨੇ ਪਹਾੜ ਦੇ ਹਰ ਘਰ ਵਿਚ ਸਿਆਪੇ ਪਾ ਦਿਤੇ ਪਹਾੜੀਆਂ ਦੀਆਂ ਬਹੁਤ ਮੌਤਾਂ ਹੋ ਗਈਆਂ ਸਨ।

Sri Satguru Jagjit Singh Ji eLibrary NamdhariElibrary@gmail.com

੬. ਰਾਜਾ ਘਮੰਡ ਚੰਦ ਦਾ ਹੰਕਾਰ ਤੋੜਨਾ

ਜਗਤ ਦੇ ਵਿਚ ਦੇਖਿਆ ਗਿਆ ਹੈ ਕਿ ਦੁਸ਼ਟ-ਆਤਮਾ ਪੁਰਖ ਪਾਰਬ੍ਰਹਮ ਦੀ ਸ਼ਕਤੀ ਦੇਖਕੇ ਫਿਰ ਵੀ ਬੁਰਿਆਈ ਕਰਨ ਤੋਂ ਨਹੀਂ ਟਲਦੇ, ਓਹ ਸ਼ੈਤਾਨੀ ਸ਼ਕਤੀ ਦੇ ਪਰੇਰੇ ਹੋਏ ਸ਼ੈਤਾਨੀ ਗਾਲਾਂ ਹੀ ਕਰੀ ਜਾਂਦੇ ਹਨ। ਪਹਾੜੀਆਂ ਨੇ ਲੜਾਈਆਂ ਲੜ ਕੇ ਤੇ ਵੈਸੇ ਪ੍ਰੀਖਿਆ ਕਰਕੇ ਦੇਖ ਲਿਆ ਕਿ ਸਤਿਗੁਰੂ ਜੀ ਸਰਬ ਸ਼ਕਤੀਵਾਨ, ਧਰਮਾਤਮਾ ਤੇ ਮਹਾਂਬਲੀ ਜੋਧੇ ਹਨ, ਫਿਰ ਵੀ ਉਹ ਬਾਜ਼ ਨਾ ਆਏ। ਚੰਦਰਿਆਂ ਬੰਦਿਆਂ ਦੇ ਆਖੇ ਲਗ ਕੇ ਪਹਾੜੀ ਰਾਜੇ ਸਤਿਗੁਰੂ ਜੀ ਨਾਲ ਵੈਰਖਾ ਕਰਨੋਂ ਨਾ ਟਲੇ। ਪੰਮੇ ਪਰੋਹਤ ਨੇ ਉਨ੍ਹਾਂ ਨੂੰ ਪੁਠੇ ਬੰਨੇ ਲਾਇਆ।

ਕੇਸਰੀ ਸਿੰਘ ਦੀ ਮੌਤ ਨੇ ਰਾਜਿਆਂ ਨੂੰ ਦਿਲਗੀਰ ਕੀਤਾ ਪਰ ਇਕ ਰਾਜਾ ਘਮੰਡ ਚੰਦ ਸੀ ਜੋ ਮੂਰਖ ਸੀ। ਉਹ ਬਹੁਤ ਤੜਪਿਆ, ਉਸ ਨੇ ਹੰਕਾਰ ਵਿਚ ਆਕੇ ਜ਼ੋਰ ਨਾਲ ਤਲਵਾਰ ਮਿਆਨ ਵਿਚੋਂ ਖਿਚ ਕੇ ਸ਼ਨਮੁਖ ਬੈਠੇ ਰਾਜਿਆਂ ਤੇ ਸੈਨਕਾਂ ਨੂੰ ਕਿਹਾ—'ਕੇਸਰੀ ਸਿੰਘ ਸੂਰਮਾ ਸੀ, ਇਸ ਵਿਚ ਕੋਈ ਸ਼ਕ ਨਹੀਂ, ਪਰ ਉਹ ਭੁਲੇਖੇ ਨਾਲ ਮਾਰਿਆ ਗਿਆ। ਉਸ ਨੂੰ ਲੜਾਈ ਲੜਨੀ ਨਾ ਆਈ ਅਤੇ ਮੈਂ ਤੁਮਾਂ ਨੂੰ ਲੜਾਈ ਲੜ ਕੇ ਦਿਖਾਉਂਦਾ ਹਾਂ।

ਮੈਂ ਗੁਰੂ (ਜੀ) ਦੀਆਂ ਸਾਰੀਆਂ ਬ੍ਰਹਮ ਤੇ ਤਨ ਦੀਆਂ ਸ਼ਕਤੀਆਂ ਨੂੰ ਨਸ਼ਟ ਕਰ ਦੇਵਾਂਗਾ। 'ਜੇ ਮੈਂ ਅਨੰਦਪੁਰ ਤੋਂ ਨਾ ਕਢਾਂ ਤਾਂ ਮੈਂ ਪਿਉ ਦਾ ਪੁਤ੍ਰ ਨਹੀਂ।'

ਘਮੰਡ ਚੰਦ ਇਸ ਤਰ੍ਹਾਂ ਦੀਆਂ ਫੜਾਂ ਮਾਰ ਹੀ ਰਿਹਾ ਸੀ ਕਿ ਅਚਾਨਕ ਉਸਦੀ ਸੱਜੀ ਬਾਂਹ ਵਿਚ ਪੀੜ ਨਿਕਲਣੀ ਸ਼ੁਰੂ ਹੋ ਗਈ। ਬਾਂਹ ਦੀ ਪੀੜ ਵਧਦੀ ਵਧਦੀ ਸਾਰੇ ਅੰਗਾਂ ਵਿਚ ਖਿਲਰ ਗਈ ਤੇ ਘਮੰਡ ਚੰਦ ਬੋਲਦਾ ਬੋਲਦਾ ਚੁਪ ਹੋ ਗਿਆ।

ਉਸ ਨੂੰ ਚੁਪ ਹੋਇਆ ਦੇਖਕੇ ਸਾਰੇ ਰਾਜੇ ਹੈਰਾਨ ਹੋ ਗਏ। ਇਕ ਰਾਜੇ ਨੇ ਕਿਹਾ—'ਹੇ ਰਾਜਨ ਕੀ ਗਲ ਹੋ ਗਈ। ਇਕਦਮ ਚੁਪ ਕਿਉਂ ਹੋ ਗਏ ਹੋ?

Sri Satguru Jagjit Singh Ji eLibrary NamdhariElibrary@gmail.com

'ਮੈਂ—ਮੈਨੂੰ—ਪੀੜ ਹੋਣ ਲਗ ਪਈ ਹੈ। ਦਿਸਦਾ ਕੁਝ ਨਹੀਂ ਪਰ ਕੋਈ ਮੇਰੇ ਅੰਗਾਂ ਨੂੰ ਘੁਟਕੇ ਪੀੜਨ ਲਗ ਪਿਆ ਹੈ। ਮੇਰਾ ਤਾਂ ਸਾਹ ਰੁਕ ਰਿਹਾ ਹੈ।' ਘਮੰਡ ਚੰਦ ਦਾ ਉਤ੍ਰ ਸੀ।

ਪੰਮਾ ਪਰੋਹਤ ਕੁਝ ਜੋਤਸ਼ ਨੂੰ ਹਥ ਪੈਰ ਮਾਰਦਾ ਸੀ। ਉਸਨੂੰ ਕਾਲਾ ਇਲਮ ਆਉਂਦਾ ਸੀ ਕਿਉਂਕਿ ਉਸ ਨੇ ਕਈ ਜੰਤ੍ਰ ਮੰਤ੍ਰ ਸਿਧ ਕੀਤੇ ਹੋਏ ਸਨ ਓਹ ਬੜੇ ਅਭਿਮਾਨ ਨਾਲ ਉਠਿਆ ਤੇ ਲਾਗੇ ਹੋਕੇ ਕਾਲਾ ਇਲਮ ਪੜ੍ਹਨ ਲਗਾ। ਕਾਲੇ ਇਲਮ ਨਾਲ ਘਮੰਡ ਚੰਦ ਦੀ ਪੀੜ ਤਾਂ ਨਾ ਹਟੀ, ਪਰ ਪੰਮੇ ਪਰੋਹਤ ਨੂੰ ਨਜ਼ਰ ਆਇਆ ਕਿ ਵੈਸ਼ਾਲ ਕਦ ਵਾਲੇ ਦੋ ਪੁਰਸ਼ ਨੁਪ ਕੋਈ ਹਨ, ਜਿਨ੍ਹਾਂ ਦੀ ਸ਼ਕਲ ਸੂਰਤ ਬਹੁਤ ਭਿਆਨਕ ਸੀ ਤੇ ਉਨ੍ਹਾਂ ਨੇ ਘਮੰਡ ਚੰਦ ਦੀਆਂ ਦੋਵੇਂ ਬਾਹੀਂ ਫੜੀਆਂ ਹੋਈਆਂ ਸਨ। ਇਹ ਕੌਤਕ ਦੇਖਕੇ ਪੰਮਾਂ ਦੰਗ ਰਹਿ ਗਿਆ। ਰਾਜਾ ਘਮੰਡ ਚੰਦ ਬੈਠ ਗਿਆ। ਉਸਦੀ ਸਚਰਜ ਹਾਲਤ ਸੀ, ਉਸਨੂੰ ਨਾ ਗਸ਼ ਪੈਂਦੀ ਸੀ ਤੇ ਨਾ ਓਹਦੇ ਕੋਲੋਂ ਲੁਕੇ ਬੋਲਿਆ ਜਾਂਦਾ ਸੀ, ਓਹਦੇ ਆਨੇ ਬਾਨ ਆਉਣ ਲਗੇ। ਚਲਾਕ ਪੰਮਾ ਤਾੜ ਗਿਆ ਕਿ ਇਹ ਤਾਂ ਸਤਿਗੁਰੂ ਜੀ ਦਾ ਕੌਤਕ ਹੈ। ਉਸਨੇ ਓਸੇ ਵੇਲੇ ਗਰਜਕੇ ਆਖਿਆ—'ਰਾਜਾ ਜੀ ਨੂੰ ਭੂਤ ਚੰਮੜ ਗਏ ਹਨ। ਭੂਤ ! ਏਥੋਂ ਲੈ ਚਲੋ ! ਦੂਰ ਲੈ ਚਲੋ ! ਚੰਗਾ ਹੈ ਆਪਣੇ ਰਾਜ ਵਿਚ ਜਾਵੇ। ਭੂਤ ਗੁਪਤ ਸ਼ਕਤੀ ਤੇ ਗੁਪਤ ਸ਼ਸਤ੍ਰ ਨਾਲ ਰਾਜਾ ਜੀ ਨੂੰ ਮਾਰ ਰਹੇ ਹਨ।'

ਸਾਰੇ ਰਾਜੇ ਪੰਮੇ ਪਾਸੋਂ ਡਰਦੇ ਸਨ। ਉਸਦੇ ਬੋਲ ਨੂੰ ਸੁਣਕੇ ਓਹਨਾਂ ਨੇ ਓਸੇ ਵੇਲੇ ਹਥ ਜੋੜੇ ਤੇ ਬੇਨਤੀ ਕੀਤੀ—'ਹੇ ਗਰਦੇਵ ! ਕਿਵੇਂ ਰਾਜਾ ਦੀ ਜਾਨ ਬਚ ਸਕਦੀ ਹੈ ?'

'ਬਸ ਲਾਟਾਂ ਵਾਲੀ ਦੀ ਪੂਜਾ ਕਰੋ ਤੇ ਇਨ੍ਹਾਂ ਨੂੰ ਇਨ੍ਹਾਂ ਦੇ ਰਾਜ ਭਵਨ ਵਿਚ ਪਹੁੰਚਾਇਆ ਜਾਵੇ, ਓਥੇ ਮੈਂ ਇਲਾਜ ਕਰਾਂਗਾ। ਪਰ—

'ਪਰ' ਆਖਕੇ ਪੰਮਾ ਅਟਕ ਗਿਆ। ਉਸ ਕੋਲੋਂ ਪੂਰੀ ਗਲ ਨਾ ਹੋਈ। ਤਾਂ ਰਾਜੇ ਧਰਮ ਚੰਦ ਨੇ ਪੁਛਿਆ, 'ਪਰ ਕੀ ?'

'ਮੈਨੂੰ ਕੁਝ ਦਿਸ ਰਿਹਾ ਹੈ ?'

Sri Satguru Jagjit Singh Ji eLibrary NamdhariElibrary@gmail.com

'ਕੀ ਦਿਸ ਰਿਹਾ ਹੈ ?'

'ਇਹੋ ਕਿ ਰਾਜਾ ਜੀ ਨੂੰ ਨੱਪਣ ਵਾਲੇ ਬੀਰ ਅਨੰਦਪੁਰ ਵਾਲੇ ਗੁਰੂ ਦੇ ਹਨ।'

ਏਨੇ ਨੂੰ ਘਮੰਡ ਚੰਦ ਆਪ ਮੁਹਾਰਾ ਬੋਲ ਪਿਆ—'ਮੈਂ ਲੜਾਈ ਨਹੀਂ ਲੜਾਂਗਾ। ਮੈਨੂੰ ਛਡੋ ਮੈਨੂੰ ਬਖਸ਼ੋ ! ਮੈਂ ਆਖਦਾ ਹਾਂ 'ਧੰਨ ਸਤਿਗੁਰੂ ! ਧੰਨ ਸਤਿਗੁਰੂ ਜੀ !'

ਘਮੰਡ ਚੰਦ ਦੀ ਜ਼ਬਾਨੋਂ ਇਹ ਸ਼ਬਦ ਸੁਣਕੰ ਸਾਰੇ ਰਾਜੇ ਬਹੁਤ ਹੈਰਾਨ ਤੇ ਕਰੋਧਵਾਨ ਹੋਏ। ਉਹਨਾਂ ਨੇ ਰਾਜੇ ਘਮੰਡ ਚੰਦ ਵਲ ਘੂਰਿਆ ਪਰ ਘੁਮੰਡ ਚੰਦ ਨੇ ਉਹਨਾਂ ਦੀ ਘੂਰ ਵਲ ਨਹੀਂ ਦੇਖਿਆ ਉਸਦੀ ਤਾਂ ਜਾਨ ਨੂੰ ਬਣੀ ਹੋਈ ਸੀ ਉਸਦੇ ਮਨ ਦੀਆਂ ਸਾਰੀਆਂ ਸ਼ੇਖੀਆਂ ਕਫੂਰ ਹੋ ਗਈਆਂ।

ਸਿਆਣੇ ਆਖਦੇ ਹਨ ਮਰਦਾ ਕੀ ਨਹੀਂ ਕਰਦਾ। ਘੁਮੰਡ ਚੰਦ ਨੂੰ ਜਾਨ ਬਚਾਉਣ ਦੀ ਪਈ, ਉਸ ਨੇ ਸਤਿਗੁਰੂ ਜੀ ਦੇ ਨਾਮ ਸਿਮਰਨ ਤੇ ਸਤਿਗੁਰਾਂ ਦੀ ਉਪਮਾ ਕਰਨੀ ਆਰੰਭ ਦਿਤੀ। ਜਿਉਂ ਜਿਉਂ ਉਪਮਾ ਕਰਦਾ ਗਿਆ ਤਿਉਂ ਤਿਉਂ ਉਸਦਾ ਰੋਗ ਘਟਦਾ ਗਿਆ। ਆਖਰ ਸਾਰੀ ਪੀੜਾ ਹਟ ਗਈ।

ਰਾਜੇ ਦੇਖਦੇ ਰਹਿ ਗਏ। ਪੰਮਾ ਸੋਚਦਾ ਹੀ ਰਿਹਾ ਕਿ ਰਾਜਾ ਘੁਮੰਡ ਚੰਦ ਉਠ ਕੇ ਨੀਵੀਂ ਪਾਈ ਰਾਜਿਆਂ ਦੀ ਸਭਾ ਵਿਚੋਂ ਆਪੇ ਉਠ ਗਿਆ ਉਸ ਨੇ ਆਪਣੀ ਫੌਜ ਨੂੰ ਹੁਕਮ ਦਿਤਾ—'ਵਾਪਸ ਜਾਓ ਰਾਜਧਾਨੀ ਨੂੰ ! ਲੜਾਈ ਨਹੀਂ ਲੜੀ ਜਾਵੇਗੀ।'

ਦੂਸਰੇ ਰਾਜਿਆਂ ਨੇ ਘੁਮੰਡ ਚੰਦ ਨੂੰ ਰੋਕਨ ਦਾ ਬਹੁਤ ਯਤਨ ਕੀਤਾ ਕਿ ਓਹ ਠਹਿਰੇ ਕਿਸੇ ਨਾ ਕਿਸੇ ਤਰਾਂ ਸਤਿਗੁਰੂ ਜੀ ਨੂੰ ਜਿਤਿਆ ਜਾਵੇਗਾ ਪਰ ਘੁਮੰਡ ਚੰਦ ਨੇ ਇਕ ਨਾ ਮੰਨੀ ਅਤੇ ਉਹ ਆਪਣੇ ਰਾਜ ਵਲ ਤੁਰ ਹੀ ਗਿਆ ਤੇ ਦੂਸਰੇ ਰਾਜੇ ਹਥ ਮਲਦੇ ਰਹਿ ਗਏ। ਉਨ੍ਹਾਂ ਨੇ ਪੰਮੇ ਨੂੰ ਕਿਹਾ—'ਬਸ ਬਸ ! ਤੂੰ ਹੀ ਕੋਈ ਯਤਨ ਕਰ। ਕੋਈ ਯੰਤਰ ਮੰਤਰ ਫੂਕ ਜਿਸ ਨਾਲ ਅਸਾਂ (ਪਹਾੜੀ ਰਾਜਿਆਂ) ਦੀ ਫਤਹ ਹੋਵੇ।

Sri Satguru Jagjit Singh Ji eLibrary NamdhariElibrary@gmail.com

੭. ਪਹਾੜੀ ਰਾਜਿਆਂ ਦੀ ਦੇਸ਼ ਧਰੋਹੀ

ਜਦੋਂ ਕੋਈ ਵੀ ਦੇਸ਼ ਗੁਲਾਮ ਹੁੰਦਾ ਹੈ ਤਾਂ ਓਹ ਆਪਣਿਆਂ ਦੇ ਹਥੋਂ ਹੀ ਹੁੰਦਾ ਹੈ। ਖੁਦਗਰਜ਼ ਲੋਕ ਅਕ੍ਰਿਤਘਣ ਹੋ ਜਾਂਦੇ ਹਨ ਓਹ ਦੁਸ਼ਮਨ ਦੇ ਆਖੇ ਲਗਕੇ ਆਪਣੇ ਦੇਸ਼ ਦੇ ਦੇਸ਼ ਵਾਸੀਆਂ ਨੂੰ ਵੇਚਦੇ ਹਨ ਓਹ ਲੋਕ ਵਡੇ ਦੇਸ਼ ਧਰੋਹੀ ਹੁੰਦੇ ਹਨ। ਓਹਨਾਂ ਲੋਕਾਂ ਵਿਚੋਂ ਹੀ ਪਹਾੜੀ ਰਾਜੇ ਸਨ। ਓਹ ਬੇਸਮਝ, ਝੂਠੇ, ਲਾਲਚੀ ਤੇ ਪੱਥਰ ਪੂਜ ਹੀ ਰਹੇ ਭਾਵੇਂ ਸਤਿਗੁਰੂ ਜੀ ਨੇ ਓਹਨਾਂ ਨੂੰ ਨੇਕ ਤੇ ਅਣਖੀਲੇ ਪੁਰਸ਼ ਬਨਾਉਣ ਦਾ ਯਤਨ ਕੀਤਾ!

ਸਤਿਗੁਰੂ ਜੀ ਨੇ ਖਾਲਸਾ ਪੰਥ ਸਾਜਕੇ ਭਾਰਤ ਦੇ ਸੁਤੰਤ੍ਰ ਕਰਵਾਉਣ ਵਾਲੀ ਅਮਰ ਸੈਨਾ ਦਾ ਮੁਢ ਬੰਨ੍ਹਿਆ ਸੀ, ਹਿੰਦੂ ਜਾਤੀ ਤੇ ਹਿੰਦੁਸਤਾਨ ਦੇ ਅਸਲ ਵਸਨੀਕਾਂ ਦੇ ਲਾਭ ਹਿਤ ਸਾਹਿਬਾਂ ਨੇ ਇਹ ਕਦਮ ਉਠਾਇਆ ਸੀ ਪਰ ਹਿੰਦੂ ਪਹਾੜੀ ਰਾਜੇ ਮੁਗਲਾਂ ਨਾਲੋਂ ਪਹਿਲਾਂ ਸਤਿਗੁਰਾਂ ਦੇ ਵਡੇ ਦੁਸ਼ਮਨ ਬਣ ਗਏ। ਓਹ ਨਿਤ ਨਵੇਂ ਸੂਰਜ ਨਵੇਂ ਹੀ ਕੁਕਰਮ ਕਰਨ ਲਗੇ।

ਓਹਨਾਂ ਨੇ ਸਮੁਚੇ ਤੌਰ ਤੇ ਫੈਸਲਾ ਕਰ ਲਿਆ ਕਿ ਓਹ ਜ਼ਰੂਰ ਸਤਿਗੁਰੂ ਜੀ ਨੂੰ ਅਨੰਦਪੁਰ ਤੋਂ ਬਾਹਰ ਕੱਢਕੇ ਹੀ ਦਮ ਲੈਣਗੇ। ਸਤਿਗੁਰਾਂ ਨਾਲ ਓਹਨਾਂ ਨੇ ਅਨੇਕਾਂ ਯੁਧ ਕੀਤੇ ਪਰ ਮੂੰਹ ਤੋੜਵੀਂ ਹਾਰ ਖਾਂਦੇ ਰਹੇ। ਹਾਰ ਖਾਂਦਿਆਂ ਤੇ ਸਤਿਗੁਰੂ ਜੀ ਦੇ ਅਥਾਹ ਬਲ ਤੇ ਨੇਕ ਨੀਤੀ ਨੂੰ ਵੇਖ ਕੇ ਵੀ ਬਾਜ ਨਾ ਆਏ। ਉਹਨਾਂ ਨੇ ਇਕੱਠਿਆਂ ਹੋਕੇ ਇਹ ਪੱਕੀ ਵਿਚਾਰ ਕੀਤੀ ਕਿ ਓਹ ਬਾਦਸ਼ਾਹ ਨੂੰ ਸਾਰਾ ਹਾਲ ਲਿਖਣ, ਇਸ ਵਾਸਤੇ ਕਿ ਬਾਦਸ਼ਾਹ ਮੁਗਲ ਫੌਜ ਨੂੰ ਅਨੰਦਪੁਰ ਵਲ ਭੇਜੇ। ਉਸ ਫੌਜ ਦੀ ਮਦਦ ਨਾਲ ਸਤਿਗੁਰੂ ਜੀ ਨੂੰ ਅਨੰਦਪੁਰ ਤੋਂ ਕੱਢ ਦਿਤਾ ਜਾਵੇ ਤਾਂ ਕਿ ਸਤਿਗੁਰੂ ਜੀ ਦੀ ਚਲਾਈ ਹੋਈ ਧਰਮ ਤੇ ਸੁਤੰਤ੍ਰਤਾ ਦੀ ਲਹਿਰ ਦਾ ਅੰਤ ਹੋ ਜਾਵੇ।

ਰਾਜਿਆਂ ਦਾ ਇਹ ਫੈਸਲਾ ਦੇਸ਼ ਤੇ ਧਰਮ ਨਾਲ ਮਹਾਨ ਗਦਾਰੀ ਸੀ। ਉਹ ਦੇਸ਼ ਨਾਲ ਧਰੋਹ ਕਰ ਰਹੇ ਸਨ, ਹਿੰਦੂ ਜਾਤੀ ਨਾਲ ਧਰੋਹ ਕਰ ਰਹੇ ਸਨ। ਉਨ੍ਹਾਂ ਨੂੰ ਇਹ ਸਮਝ ਨਾ ਆਈ ਕਿ ਮੁਗਲ ਹਿੰਦੂ ਧਰਮ ਦਾ

Sri Satguru Jagjit Singh Ji eLibrary NamdhariElibrary@gmail.com

ਨਸ਼ਟ ਕਰੀ ਜਾ ਰਹੇ ਸਨ। ਕੌਮੀ ਆਣਖ ਦਾ ਅੰਤ ਹੋ ਰਿਹਾ ਸੀ, ਧਰਮ ਅਸਥਾਨ ਤੇ ਮੰਦਰ ਢਾਹੇ ਜਾ ਰਹੇ ਸਨ। ਗਰੀਬ ਹਿੰਦੂ ਜਨਤਾ ਨੂੰ ਚਾਰੇ ਪਾਸੇ ਮੁਸਲਮਾਨ ਕੀਤਾ ਜਾ ਰਿਹਾ ਸੀ, ਹਿੰਦੂ ਦੇਵੀਆਂ ਦੀ ਅਸਮਤ ਲੁਟੀ ਜਾਂਦੀ ਸੀ ਪਰ ਹਿੰਦੂ ਰਾਜੇ ਆਪਣਾ ਰਾਜ ਕਾਇਮ ਰਖਣ ਵਾਸਤੇ ਮੁਗਲ ਦੀ ਮਦਦ ਕਰ ਰਹੇ ਸਨ। ਓਹ ਨਾ ਟਲੇ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਵਲ ਇਕ ਲੰਮੀ ਅਰਜ਼ੀ ਲਿਖੀ। ਉਸ ਅਰਜੀ ਵਿਚ ਉਨ੍ਹਾਂ ਨੇ ਸਾਰੇ ਬੀਤੇ ਹਾਲ ਲਿਖੇ ਤੇ ਅੰਤ ਵਿਚ ਅਰਜ ਕੀਤੀ ਕਿ ਸ਼ਾਹੀ ਫੌਜ ਦਾ ਤਕੜਾ ਦਸਤਾ ਭੇਜਿਆਂ ਜਾਵੇ ਨਹੀਂ ਤੇ ਇਕ ਦਿਨ ਐਸਾ ਆਵੇਗਾ ਕਿ ਗੁਰੂ ਗੋਬਿੰਦ ਸਿੰਘ (ਜੀ) ਸਾਰੇ ਹਿੰਦ ਨੂੰ ਖਾ ਜਾਵੇਗਾ। ਮੁਗਲ ਰਾਜ ਤੇ ਇਸਲਾਮ ਦਾ ਵੱਡਾ ਦੁਸ਼ਮਨ ਹੈ। ਅਸੀਂ ਇਸ ਨਾਲ ਲੜਦੇ ਲੜਦੇ ਥਕ ਗਏ ਹਾਂ। ਅਸਾਂ ਦੀ ਹੁਣ ਪੇਸ਼ ਕੋਈ ਨਹੀਂ ਜਾਂਦੀ।

੮. ਬਸੀ ਦੇ ਪਠਾਣਾ ਨੂੰ ਸੋਧਣਾ

ਇਹਨੀਂ ਦਿਨੀਂ ਹੀ ਇਕ ਬ੍ਰਾਹਮਣ ਨੇ ਸਤਿਗੁਰੂ ਜੀ ਦੇ ਹਜ਼ੂਰ ਪੁਜਕੇ ਫਰਿਆਦ ਕੀਤੀ। ਉਸਨੇ ਤਰਲਾਂ ਲਿਆ, ਓਹ ਰੋਇਆ ਪਿਟਿਆਂ ਤੇ ਅਰਜ਼ਾਂ ਕੀਤੀਆਂ। ਜਦੋਂ ਸਤਿਗੁਰੂ ਜੀ ਨੇ ਰੋਣ ਦਾ ਕਾਰਨ ਪੁਛਿਆ ਤਾਂ ਉਸਨੇ ਕਿਹਾ—'ਹੇ ਦਾਤਾ ! ਸਰਬ ਸ਼ਕਤੀਵਾਨ ਕਲਗੀਧਰ ਪਿਤਾ ! ਮੇਰੇ ਨਾਲ ਧੋਖਾ ਹੋਇਆ ਹੈ। ਮੈਂ ਹੁਸ਼ਿਆਰਪਰ ਦਾ ਰਹਿਣ ਵਾਲਾ ਦੇਵਦਾਸ ਹਾਂ ਤੇ ਬ੍ਰਾਹਮਣ ਜਾਤੀ ਵਿਚੋਂ ਹਾਂ। ਮੈਂ ਮੁਕਲਾਵਾ ਲਿਆਕੇ ਪਿੰਡ ਨੂੰ ਜਾ ਰਿਹਾ ਸਾਂ ਕਿ ਮੇਰੀ ਜਵਾਨ ਇਸਤ੍ਰੀ ਬਸੀ ਦੇ ਪਠਾਣਾਂ ਨੇ ਖੋਹ ਲਈ ਹੈ। ਓਹ ਨਿਰਬਲ ਨਾਰੀ ਦੁਸ਼ਮਨ ਦੇ ਮਜ਼ਬੂਤ ਪੰਜਿਆਂ ਵਿਚੋਂ ਆਜ਼ਾਦ ਨਾ ਹੋ ਸਕੀ। ਓਹ ਦੁਸ਼ਟ ਉਸਨੂੰ ਬਸੀ ਆਪਣੇ ਘਰ ਲੈ ਗਏ ਹਨ। ਮੈਂ ਉਸਦੇ ਵਿਛੋੜੇ ਵਿਚ ਵਿਆਕੁਲ ਹਾਂ। ਮੈਨੂੰ ਓਹ ਵਾਪਸ ਮਿਲਣੀ ਚਾਹੀਦੀ ਹੈ, ਨਹੀਂ ਤੇ ਮੈਂ ਆਤਮਘਾਤ ਕਰ ਲਵਾਂਗਾ। ਮੈਂ ਸਾਰੀਆਂ ਥਾਵਾਂ ਤੇ ਹੋ ਆਇਆ ਹਾਂ। ਮੇਰੀ ਕਿਸੇ ਨੇ ਸਹਾਇਤਾ ਨਹੀਂ ਕੀਤੀ, ਹਿੰਦੂ ਰਾਜੇ ਤਾਂ ਬਸੀ ਦੇ ਨਵਾਬ ਪਠਾਣ ਵਲ ਮੂੰਹ

Sri Satguru Jagjit Singh Ji eLibrary NamdhariElibrary@gmail.com

ਨਹੀਂ ਕਰਦੇ, ਉਹ ਤਾਂ ਪਠਾਣਾਂ ਦੇ ਪਰਛਾਵਿਆਂ ਪਾਸੋਂ ਡਰਦੇ ਹਨ। ਮੇਰੇ ਤੇ ਮੇਹਰ ਕਰੋ। ਹੇ ਕ੍ਰਿਪਾ ਸਾਗਰ ! ਆਪ ਦੇ ਪਿਤਾ ਜੀ ਨੇ ਹਿੰਦੂ ਧਰਮ ਵਾਸਤੇ ਜਾਨ ਕੁਰਬਾਨ ਕੀਤੀ। ਦਇਆਲੂ ਸਤਿਗੁਰੂ ਜੀ ਮੇਰੀ ਨਾਰੀ ਮੈਨੂੰ ਵਾਪਸ ਦਿਵਾਓ।'

ਨੌਜਵਾਨ ਬ੍ਰਾਹਮਣ ਦੀ ਇਹ ਵਾਰਤਾ ਸੁਣਕੇ ਸਤਿਗੁਰੂ ਜੀ ਇਕ ਦੋ ਮਿੰਟ ਤਕ ਸੋਚਦੇ ਰਹੇ, ਫਿਰ ਕਾਹਲੀ ਨਾਲ ਬੋਲੇ—'ਨੌਜਵਾਨ ! ਘਾਬਰ ਨਾ, ਹੌਂਸਲਾ ਕਰ ! ਤੇਰੀ ਨਾਰੀ ਤੈਨੂੰ ਵਾਪਸ ਲਿਆ ਦਿਤੀ ਜਾਵੇਗੀ। ਹੁਣੇ ਹੀ ਸਿੰਘਾਂ ਨੂੰ ਭੇਜਿਆ ਜਾਂਦਾ ਹੈ।'

ਇਸ ਦੇ ਪਿਛੋਂ ਸਤਿਗੁਰਾਂ ਨੇ ਟਿਕਾ ਅਜੀਤ ਸਿੰਘ ਜੀ ਨੂੰ ਤੇ ਭਾਈ ਉਦੈ ਸਿੰਘ ਜੀ ਨੂੰ ਆਪਣੇ ਪਾਸ ਸੱਦਕੇ ਹੁਕਮ ਕੀਤਾ—'ਪੰਜ ਸੌ ਸਿੰਘ ਆਪਣੇ ਸਾਥ ਲੈਕੇ ਬਸੀ ਜਾਵੋ ਤੇ ਇਸ ਬ੍ਰਾਹਮਣ ਦੀ ਬ੍ਰਾਹਮਣੀ ਏਥੇ ਲੈ ਕੇ ਆਵੋ।'

ਸਤਿਗੁਰੂ ਜੀ ਦਾ ਹੁਕਮ ਲੈਕੇ ਟਿਕਾ ਅਜੀਤ ਸਿੰਘ ਜੀ ਬਸੀ ਵਲ ਚੜ੍ਹਾਈ ਕਰ ਤੁਰੇ। ਦਰਿਆਂ ਸਤਿਲੁਜ ਨੂੰ ਰਾਤ ਦੇ ਹਨੇਰੇ ਵਿਚ ਹੀ ਪਾਰ ਕੀਤਾ ਤੇ ਕੁਕੜ ਦੀ ਬਾਂਗ ਦੇ ਨਾਲ ਬਸੀ ਨੂੰ ਜਾ ਘੇਰਿਆ ਉਸ ਸਮੇਂ ਸਾਰੇ ਪਠਾਣ ਘੂਕ ਸੁਤੇ ਪਏ ਸਨ ਰਾਤ ਨੂੰ ਪੀਤੀ ਸ਼ਰਾਬ ਦਾ ਨਸ਼ਾ ਅਜੇ ਉਤਰਿਆ ਨਹੀਂ ਸੀ ਕਿ ਕਟਾਵਢ ਦਾ ਸ਼ੋਰ ਮਚ ਗਿਆ। ਅਭੜਵਾਹੇ ਪਠਾਣ ਉਠੇ ਕਿਸੇ ਨੂੰ ਤਲਵਾਰ ਲਭੀ ਤਾਂ ਸੱਲਵਾਰ ਨਾ ਲਭੀ। ਜੇ ਸਲਵਾਰ ਤੇੜ ਸੀ ਤਾਂ ਗਲ ਕੁੜਤਾ ਹੀ ਨਹੀਂ ਸੀ, ਅੱਖਾਂ ਮਲਦੇ ਹੋਏ ਸਿਰਾਂ ਪੈਰਾਂ ਤੋਂ ਨੰਗੇ ਓਹ ਲੜਨ ਵਾਸਤੇ ਆ ਗਏ। ਸਿੰਘਾਂ ਨਾਲ ਲੜਨਾ ਸੌਖਾ ਨਹੀਂ ਸੀ, ਵਡੇ ਨਵਾਬ ਦੀ ਹਵੇਲੀ ਵਿਚ ਸਿੰਘ ਦਾਖਲ ਹੋਏ। ਮਸਾਂ ਅੱਠ ਕੁ ਪਠਾਨ ਅਜੇ ਝਟਕਾਏ ਸੀ ਕਿ ਮੋਰਚਾ ਜਿਤਿਆ ਗਿਆ। ਵਡੇ ਪਠਾਨ ਨੇ ਜਿਸਦੇ ਪਾਸ ਬ੍ਰਾਹਮਣ ਦੀ ਇਸਤ੍ਰੀ ਸੀ, ਉਸਨੇ ਝੱਟ ਅਗੇ ਹੋਕੇ ਅਰਜ਼ ਕੀਤੀ, 'ਇਹ ਲੜਾਈ ਕਿਉਂ ਹੋ ਰਹੀ ਹੈ ?'

'ਕਲ ਤੁਸਾਂ ਜੇਹੜੀ ਹਿੰਦੂ ਇਸਤ੍ਰੀ ਖੋਹੀ ਹੈ, ਉਸਦੀ ਪਰਾਪਤੀ ਵਾਸਤੇ। ਓਹ ਕਿਥੇ ਹੈ ?' ਭਾਈ ਉਦੈ ਸਿੰਘ ਦਾ ਬੋਲ ਸੀ।

Sri Satguru Jagjit Singh Ji eLibrary NamdhariElibrary@gmail.com

'ਲੈ ਜਾਵੋ !' ਕੋਈ ਇਤਰਾਜ਼ ਨਹੀਂ ! ਮੁੰਡਿਆਂ ਨੇ ਗਲਤੀ ਕੀਤੀ, ਉਸ ਨੂੰ ਚੁਕ ਲਿਆਏ। ਮੈਂ ਤਾਂ ਸਗੋਂ ਨਰਾਜ਼ ਹੋਇਆ ਸਾਂ। ਅੱਜ ਮੈਂ ਵਾਪਸ ਭੇਜਣੀ ਸੀ, ਕਤਲ ਲੁਟ ਮਾਰ ਬੰਦ ਕਰ ਦਿਓ। ਖੁਦਾ ਦੇ ਨਾਮ ਤੇ ਕੁਲ ਬਖਸ਼ੀ ਜਾਵੇ।' ਇਹ ਆਖਕੇ ਪਠਾਣ ਘਰਾਂ ਵਲ ਗਿਆ ਤੇ ਬ੍ਰਾਹਮਣ ਦੀ ਨਾਰੀ ਨੂੰ ਬਾਹਰ ਲੈ ਆਇਆ । ਓਹ ਨਾਰੀ ਲਾਜਵੰਤੀ ਵਾਂਗ ਕੁਮਲਾਈ ਹੋਈ ਸੀ। ਭੈ ਨਾਲ ਓਹਦਾ ਤਨ ਮਨ ਕੰਬ ਰਿਹਾ ਸੀ, ਭਾਈ ਉਦੈ ਸਿੰਘ ਦੇ ਹਵਾਲੇ ਕਰ ਦਿਤੀ।

ਭਾਈ ਉਦੈ ਸਿੰਘ ਜੀ ਨੇ ਉਸ ਮੁਟਿਆਰ ਇਸਤ੍ਰੀ ਨੂੰ ਹੌਸਲਾ ਦਿਤਾ। ਉਸਨੂੰ ਤਸੱਲੀ ਕਰਵਾਈ ਕਿ ਉਸਨੂੰ ਉਸ ਦੇ ਪਤੀ ਕੋਲ ਲਿਜਾਇਆ ਜਾ ਰਿਹਾ ਹੈ। ਓਹ ਚਿੰਤਾ ਨਾ ਕਰੇ। ਓਹਦਾ ਪਤੀ ਅਨੰਦਪੁਰ ਸਤਿਗੁਰੂ ਜੀ ਦੇ ਪਾਸ ਹੈ। ਹਵਾ ਦੇ ਵੇਗ ਵਿਚ ਘੋੜੇ ਮੁੜ ਅਨੰਦਪੁਰ ਆ ਪੁਜੇ। ਬ੍ਰਾਹਮਣ ਦੀ ਨਾਰੀ ਨੂੰ ਉਹਦੇ ਪਤੀ ਦੇ ਹਵਾਲੇ ਕੀਤਾ ਗਿਆ। ਇਸ ਘਟਨਾ ਨੇ ਸਤਿਗੁਰੂ ਜੀ ਦੀ ਮਹਿਮਾ ਵਿਚ ਬਹੁਤ ਵਾਧਾ ਕੀਤਾ।

੯. ਹਿੰਦੂ ਰਾਜਿਆਂ ਦਾ ਫਰੇਬ

ਹਿੰਦੂ ਰਾਜੇ ਨਵੇਂ ਸੂਰਜ ਨਵੀਂ ਸ਼ਰਾਰਤ ਸੋਚਦੇ ਸਨ । ਉਹਨਾਂ ਦੇ ਕੋਲ ਪੰਮਾ ਸ਼ਰਾਰਤੀ ਬੰਦਾ ਸੀ, ਉਸ ਸਦਾ ਨਵੀਂ ਤੋਂ ਨਵੀਂ ਚਾਲ ਤੇ ਚਲਾਕੀ ਸੋਚਦਾ। ਜਦੋਂ ਘਮੰਡ ਚੰਦ ਨੇ ਹਥਿਆਰ ਸੁਟ ਦਿਤੇ, ਪੰਮੇ ਨੇ ਰਾਜਿਆਂ ਨੂੰ ਸਲਾਹ ਦਿਤੀ—'ਮੇਰੇ ਵਿਚਾਰ ਵਿਚ ਅਸੀਂ ਤਲਵਾਰ (ਸ਼ਕਤੀ) ਨਾਲ ਤਿ ਗੁਰੂ (ਜੀ) ਨੂੰ ਜਿੱਤ ਨਹੀਂ ਸਕਦੇ, ਚਲਾਕੀ ਨਾਲ ਭਾਵੇਂ ਜਿੱਤ ਲਏ। ਨੀਤੀ ਵਿਚ ਦੁਸ਼ਮਨ ਨਾਲ ਲੜਾਈ ਸਮੇਂ ਫਰੇਬ ਕਰਨਾ ਕੋਈ ਪਾਪ ਨਹੀਂ। ਇਸ ਵਾਸਤੇ ਰਾਏ ਹੈ ਕਿ ਮੈਂ ਇਕ ਆਟੇ ਦੀ ਗਊ ਬਣਾਉਂਦਾ ਹਾਂ, ਉਸ ਗਊ ਦੇ ਗਲ ਇਕ ਚਿੱਠੀ ਬੰਨ੍ਹਕੇ ਕਿਲੇ ਦੇ ਸਾਹਮਣੇ ਰਖ ਦਿਤੀ ਜਾਵੇ, ਉਸ ਨੂੰ ਪੜ੍ਹ ਕੇ ਜ਼ਰੂਰ ਗੁਰੂ (ਜੀ) ਮੰਨ ਲੈਣਗੇ ਤੇ ਕਿਲੇ ਨੂੰ ਛੱਡ ਜਾਣਗੇ, ਜੇ ਨਾ ਛੱਡਣਗੇ ਤਾਂ ਗਊ ਹਤਿਆ ਲਗੇਗੀ। ਉਸ ਨੂੰ ਬਦਨਾਮ ਕਰਾਂਗੇ।'

Sri Satguru Jagjit Singh Ji eLibrary NamdhariElibrary@gmail.com

ਇਕ ਰਾਜੇ ਨੇ ਪੁਛਿਆ—'ਉਸ ਚਿੱਠੀ ਵਿਚ ਕੀ ਲਿਖਿਆ ਜਾਵੇ ?' ਉਸ ਚਿੱਠੀ ਵਿਚ ਲਿਖਿਆ ਜਾਵੇ ਕਿ ਅਸਾਂ ਲ ੜਾਈਆਂ ਲੜਕੇ ਭੁਲਾਂ ਕੀਤੀਆਂ ਹਨ, ਖਿਮਾਂ ਕਰੋ ਆਦਿ ।' ਪੰਮੇ ਨੇ ਉਤਰ ਦਿਤਾ।

'ਫਿਰ ਉਸ ਚਿੱਠੀ ਨੂੰ ਤੁਸੀਂ ਹੀ ਤਿਆਰ ਕਰੋ, ਰਾਜਿਆਂ ਦਾ ਬੋਲ ਸੀ।

'ਪੰਮੇ ਨੇ ਇਕਾਂਤ ਵਿਚ ਬੈਠਕੇ ਸਤਿਗੁਰੂ ਜੀ ਵਲ ਇਕ ਲੰਮੀ ਚਿੱਠੀ ਲਿਖੀ ਜੋ ਇਸ ਤਰ੍ਹਾਂ ਸੀ—

'ਸਤਿਗੁਰੂ ਜੀ ! ਮੈਂ ਸਾਰੇ ਰਾਜਿਆਂ ਵਲੋਂ ਅਰਦਾਸ ਕਰਦਾ ਹਾਂ ਕਿ ਰਾਜਿਆਂ ਨੂੰ ਖਿਮਾਂ ਬਖਸ਼ੋ। ਬਹੁਤ ਭੁਲਾਂ ਕੀਤੀਆਂ ਹਨ ਜੋ ਆਪ ਨਾਲ ਲੜਾਈਆਂ ਲੜੀਆਂ। ਹੁਣ ਰਾਜਿਆਂ ਦੀ ਜਾਨ ਸ਼ਕੰਜੇ ਵਿਚ ਫਸੀ ਹੈ। ਜੇ ਇਹ (ਰਾਜੇ ਲੜਾਈ ਛਡਕੇ ਜਾਂਦੇ ਹਨ ਤਾਂ ਇਹਨਾਂ ਨੂੰ ਸ਼ਰਮ ਨਾਲ ਸਿਰ ਨੀਵਾਂ ਕਰਨਾ ਪੈਂਦਾ ਤੇ ਦਿਲੀ ਦਾ ਬਾਦਸਾਹ ਔਰੰਗਜ਼ੇਬ ਡਾਂਟਦਾ ਹੈ, ਜੇ ਤੁਸਾਂ ਨਾਲ ਲੜਦੇ ਹਨ ਤਾਂ ਘੋਰ ਪਾਪ ਕਰਦੇ ਹਨ, ਉਕਾ ਹੀ ਲੜਨਾ ਨਹੀਂ ਚਾਹੁੰਦੇ। ਇਸ ਵਾਸਤੇ ਆਵੇ ਦੀ ਗਊ ਦੀ ਸੌਂਹ ਖਾਕੇ ਆਖਦੇ ਹਾਂ ਕਿ ਆਪ ਜੋਕਰ ਥੋੜੇ ਸਮੇਂ ਵਾਸਤੇ ਭਾਵੇਂ ਇਕ ਦਿਨ ਵਾਸਤੇ ਹੀ ਅਨੰਦਪੁਰ ਤੇ ਕਿਲ੍ਹਾ ਲੋਹਗੜ੍ਹ ਛੱਡ ਜਾਵੋ ਤਾਂ ਅਸੀਂ ਝਟਪਟ ਵਾਪਸ ਆਪਣੇ ਘਰਾਂ ਨੂੰ ਚਲੇ ਜਾਵਾਂਗੇ। ਅਸੀ ਆਖਾਂਗੇ ਕਿ ਸਤਿਗੁਰੂ ਜੀ ਅਨੰਦਪੁਰੋਂ ਚਲੇ ਗਏ ਹਨ, ਇਸ ਕਰਕੇ ਅਸੀਂ ਲੜਾਈ ਜਿਤਕੇ ਆਏ ਹਾਂ। ਤੁਸੀਂ ਅਸਾਂ ਦੀ ਬੇਨਤੀ ਨੂੰ ਪ੍ਰਵਾਨ ਕਰੋ। ਅਸੀਂ ਗਊ ਦੀ ਸੁਗੰਧ ਖਾਂਦੇ ਹਾਂ। ਇਕ ਹਿੰਦੂ ਵਾਸਤੇ ਗਊ ਨਾਲੋਂ ਵੱਡੀ ਤਾਂ ਹੋਰ ਕੋਈ ਸੁਗੰਧ (ਸੌਂਹ) ਨਹੀਂ। ਹੇ ਦਾਤਾਰ ! ਅਸਾਂ ਨੂੰ ਖਿਮਾਂ ਬਖਸ਼ੋ ! ਅਸਾਂ ਪਾਪੀ ਬੰਦਿਆਂ ਦੇ ਮੰਦ ਕਰਮਾਂ ਵਲ ਨਾ ਦੇਖੋ। ਪੂਰਨ ਭਰੋਸਾ ਹੈ ਕਿ ਅਸਾਂ ਦੀ ਬੇਨਤੀ ਪ੍ਰਵਾਨ ਹੋਵੇਗੀ।' ਇਸ ਚਿੱਠੀ ਦੇ ਹੇਠਾਂ ਪਰੋਹਤ ਧਰਮਾਨੰਦ ਦੇ ਦਸਖਤ ਸਨ ਤੇ ਨਾਲ ਹੀ ਰਾਜਿਆਂ ਦੇ ਵੀ ਦਸਖਤ ਸਨ।

ਇਹ ਚਿੱਠੀ ਆਟੇ ਦੀ ਗਊ ਦੇ ਗਲ ਨਾਲ ਬੰਨ੍ਹਕੇ ਰਾਤ ਦੇ ਹਨੇਰੇ ਵਿਚ ਕਿਲ੍ਹਾ ਲੋਹਗੜ੍ਹ ਦੇ ਦਰਵਾਜ਼ੇ ਅਗੇ ਚੌਕ ਪੂਰ ਕੇ ਰਖ ਦਿਤੀ ਗਈ। ਸਵੇਰ ਹੋਈ ਤਾਂ ਸਿੰਘ ਨੇ ਅਸਚਰਜ ਕੌਤਕ ਦੇਖਿਆ। ਗੋਹੇ ਮਿੱਟੀ ਦਾ ਪੋਚਾ ਫੇਰਕੇ

Sri Satguru Jagjit Singh Ji eLibrary NamdhariElibrary@gmail.com

ਆਟੇ ਦੀ ਗਊ ਟਿਕਾਈ ਹੋਈ ਸੀ, ਉਸਨੂੰ ਦੇਖਕੇ ਸਿੰਘ ਅਗੇ ਹੋਏ ਤੇ ਉਨ੍ਹਾਂ ਨੇ ਉਸਨੂੰ ਚੁਕ ਲਿਆ। ਚੁਕਕੇ ਸਤਿਗੁਰੂ ਜੀ ਦੇ ਪਾਸ ਲੈ ਗਏ। ਸਤਿਗੁਰੂ ਜੀ ਨੇ ਗਊ ਦੇ ਗਲੋਂ ਚਿੱਠੀ ਲਾਹਕੇ ਪੜ੍ਹੀ ਤਾਂ ਹੱਸ ਪਏ। ਸਾਹਿਬਾਂ ਦੇ ਹੱਸਣ ਦਾ ਕਾਰਣ ਇਹ ਸੀ ਕਿ ਰਾਜੇ ਉਹਨਾਂ ਨਾਲ ਧੋਖਾ ਕਰ ਰਹੇ ਸਨ। ਅੰਤਰਜਾਮੀ ਸਾਰੀ ਖੇਡ ਨੂੰ ਜਾਣਦੇ ਸਨ। ਉਹਨਾਂ ਨੇ ਸਾਰੀ ਗਲ ਪ੍ਰਗਟ ਕਰ ਦਿਤੀ।ਜਦੋਂ ਚਿੱਠੀ ਦਾ ਭਾਵ ਸਿੰਘਾਂ ਨੇ ਸੁਣਿਆ ਤਾਂ ਓਹਨਾਂ ਦੇ ਮਨਾਂ ਉਤੇ ਵਖੋ ਵਖ ਤਰ੍ਹਾਂ ਦਾ ਅਸਰ ਹੋਇਆ ਅਤੇ ਜੋ ਲੜਾਈਆਂ ਤੋਂ ਤੰਗ ਆ ਚੁਕੇ ਸਨ ਉਹਨਾਂ ਨੇ ਤਾ ਖੁਸ਼ੀ ਮਨਾਈ ਤੇ ਬੇਨਤੀ ਕੀਤੀ ਕਿ ਇਕ ਦਿਨ ਕਿਲੇ ਨੂੰ ਛੱਡਕੇ ਬਾਹਰ ਚਲੇ ਜਾਣਾ ਚਾਹੀਏ। ਹਿੰਦੂ ਹੋਕੇ ਗਊ ਦੀ ਸੁਗੰਧ ਚੁਕ ਰਹੇ ਸਨ। ਇਸ ਨਾਲੋਂ ਹੋਰ ਕੀ ਚੰਗਾ ਹੈ, ਐਸੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਸੀ ਅਤੇ ਦੂਸਰੇ ਕਹਿੰਦੇ ਸਨ ਕਿ ਪਹਾੜੀ ਰਾਜਿਆਂ ਦੀ ਸੌਂਹ ਤੇ ਭਰੋਸਾ ਨਹੀਂ ਕਰਨਾ ਚਾਹੀਦਾ ਇਹ ਧੋਖੇਬਾਜ਼ ਹਨ, ਜ਼ਰੂਰ ਬੇਈਮਾਨੀ ਕਰਨਗੇ। ਕਿਲੇ ਨੂੰ ਕਦੀ ਨਹੀਂ ਛੱਡਣਾ ਚਾਹੀਦਾ। ਸਤਿਗੁਰੂ ਜੀ ਦੀ ਵੀ ਇਹ ਰਾਏ ਸੀ, ਪਰ ਬਹੁ ਸੰਮਤੀ ਇਸ ਪੱਖ ਤੇ ਗਈ ਕਿ ਲੜਾਈ ਦਾ ਅੰਤ ਕਰਨਾ ਹੀ ਚੰਗਾ ਹੈ। ਅਮਨ ਵਿਚ ਹੀ ਲਾਭ ਹੈ।

ਆਖਰ ਸਤਿਗੁਰੂ ਕਿਲ੍ਹਾ ਛੱਡਣ ਵਾਸਤੇ ਤਿਆਰ ਹੋ ਪਏ, ਉਹ ਵੀ ਇਸ ਵਾਸਤੇ ਕਿ ਹਿੰਦੂ ਰਾਜਿਆਂ ਦੇ ਧੋਖੇ ਦਾ ਪਾਜ ਖੋਲਣ। ਸੰਸਾਰ ਨੂੰ ਦਸਣ ਕਿ ਗੁਲਾਮੀ ਨੇ ਇਨ੍ਹਾਂ ਦੇ ਧਾਰਮਿਕ ਵਿਸ਼ਵਾਸ ਨੂੰ ਕਿੰਨਾ ਕਮਜੋਰ ਕਰ ਦਿਤਾ ਹੈ।

ਲੋਹਗੜ੍ਹ ਤੇ ਕਿਲ੍ਹਾ ਅਨੰਦਗੜ੍ਹ ਵਿਚ ਕੁਝ ਸਿੰਘ ਰਾਖੀ ਵਾਸਤੇ ਛਡਕੇ ਸਤਿਗੁਰੂ ਜੀ ਕਿਲ੍ਹਾ ਲੋਹਗੜ੍ਹ ਤੋਂ ਨਿਕਲਕੇ ਦੋ ਕੋਹ ਦੀ ਵਾਟ ਤੇ ਨਿਰਮੋਹ ਨਗਰ ਵਿਚ ਜਾ ਬਿਰਾਜੇ। ਸਾਹਿਬ ਅਜੇ ਓਥੇ ਪੁਜੇ ਹੀ ਸਨ ਕਿ ਪਹਾੜੀ ਰਾਜਿਆਂ ਨੇ ਗਊ ਦੀ ਸੌਂਹ ਨੂੰ ਕਚੇ ਤੰਦ ਦੀ ਤਰ੍ਹਾਂ ਤੋੜ ਦਿਤੇ। ਅਜੇ ਮੋਰਚੇ ਵੀ ਨਹੀਂ ਸਨ ਲਾਏ ਕਿ ਰਾਜਿਆਂ ਦੀ ਸੈਨਾ ਨਿਰਮੋਹ ਨਗਰ ਵਲ ਆਉਣ ਲੱਗੀ। ਉਸਦਾ ਵਧਣਾ ਇਕ ਹਨੇਰੀ ਦੀ ਤਰ੍ਹਾਂ ਸੀ। ਘੋੜਿਆਂ ਦੇ ਸੁੰਬਾਂ ਨਾਲ

Sri Satguru Jagjit Singh Ji eLibrary NamdhariElibrary@gmail.com

ਧੂੜ ਉਡਦੀ ਚਲੀ ਆਉਂਦੀ ਸੀ ।

ਜਦ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਦੁਸ਼ਮਨ ਖੋਟੀ ਨੀਤ ਨਾਲ ਆ ਰਿਹਾ ਹੈ ਤਾਂ ਸਾਹਿਬਾਂ ਨੇ ਮੁਖੀ ਸਿਖਾਂ ਨੂੰ ਪਾਸ ਸੱਦ ਕੇ ਹੁਕਮ ਕੀਤਾ— 'ਦੇਖੋ ! ਵੈਰੀ ਆ ਰਿਹਾ ਹੈ। ਡਟਕੇ ਮੁਕਾਬਲਾ ਕੀਤਾ ਜਾਵੇ। ਰਾਜੇ ਬੇਈਮਾਨ ਹੋ ਗਏ ਹਨ ! ਇਹਨਾਂ ਨੇ ਗਊ ਦੀ ਸੌਂਹ ਨੂੰ ਤੋੜ ਦਿਤਾ ਹੈ। ਬੇਈਮਾਨ ਥੁਕ ਕੇ ਚੱਟ ਗਏ ਹਨ । ਅਕਾਲ ਪੁਰਖ ਸਿੰਘਾਂ ਦੀ ਸਹਾਇਤਾ ਕਰੇਗਾ, ਭੈ ਕਰਨ ਵਾਲੀ ਕੋਈ ਗੱਲ ਨਹੀ, ਪਰ ਵਿਚਾਰਨਾ ਜ਼ਰੂਰ ਚਾਹੀਏ ਕਿ ਐਸੇ ਲੋਕਾਂ ਦੀ ਸੌਂਹ ਉਤੇ ਭਰੋਸਾ ਨਹੀਂ ਕਰਨਾ ਚਾਹੀਦਾ ।

ਨਿਰਮੋਹ ਨਗਰ ਉਚੀ ਥਾਂ ਉਤੇ ਸੀ, ਉਸਦੇ ਕੋਠਿਆਂ ਉਪਰ ਮੋਰਚੇ ਲਾਕੇ ਸਿੰਘ ਡਟ ਗਏ। ਪਿੰਡ ਵਾਸੀ ਦੂਰ ਚਲੇ ਗਏ ਅਤੇ ਜੰਗ ਹੋਣ ਲੱਗੀ। ਖੂਬ ਕਟਾ ਵੱਢ ਹੋਈ। ਸਤਿਗੁਰੂ ਜੀ ਉਪਰ ਬੈਠੇ ਸਨ ਕਿ ਪਹਾੜੀਆਂ ਦੇ ਤੋਪਚੀ ਨੇ ਸਤਿਗੁਰੂ ਜੀ ਵਲ ਤੋਪ ਦਾ ਮੂੰਹ ਕਰਕੇ ਐਸਾ ਨਿਸ਼ਾਨਾ ਮਾਰਿਆ ਕਿ ਉਹ ਗੋਲਾ ਸਿਧਾ ਸਤਿਗੁਰੂ ਜੀ ਵਲ ਆਇਆ, ਪਰ ਅਕਾਲ ਪੁਰਖ ਦੇ ਰਖਣ ਦੇ ਰਾਹ ਨਿਆਰੇ ਹਨ, ਸਾਹਿਬ ਪਾਸੇ ਹੋ ਗਏ ਤੇ ਗੋਲਾ ਪਿਛਲੇ ਸਿੰਘ ਨੂੰ ਵੱਜਾ ਜੋ ਚੋਰ ਕਰ ਰਿਹਾ ਸੀ ਅਤੇ ਓਹ ਸਿੰਘ ਸ਼ਹੀਦ ਹੋ ਗਿਆ ।

ਉਸ ਸਿੰਘ ਦੀ ਸ਼ਹੀਦੀ ਨੂੰ ਦੇਖਕੇ ਸਤਿਗੁਰੂ ਜੀ ਬੜੇ ਕਰੋਧ ਵਿਚ ਆਏ । ਸਾਹਿਬਾਂ ਨੇ ਤੀਰ ਕਮਾਨ ਸੰਭਾਲੀ ਤੇ ਤੀਰ ਚਲਾਉਣੇ ਸ਼ੁਰੂ ਕੀਤੇ ਪਹਿਲੇ ਤੀਰ ਨਾਲ ਤੋਪਚੀ ਨੂੰ ਪਾਰ ਬੁਲਾਇਆ, ਸਾਹਿਬਾਂ ਦੇ ਤੀਰਾਂ ਵਿਚ ਐਨੀ ਬਰਕਤ ਸੀ ਕਿ ਰਾਜਿਆਂ ਦੀ ਸੈਨਾ ਦਾ ਅਗੇ ਵਧਣਾ ਰੁਕ ਗਿਆ । ਸਿੰਘ ਵੀ ਬਹੁਤ ਜੋਸ਼ ਨਾਲ ਤੀਰਾਂ ਦੀ ਵਰਖਾ ਕਰਨ ਲਗੇ ਏਥੋਂ ਤਕ ਕਿ ਕਿਲੇ ਵਿਚੋਂ ਨਿਕਲਕੇ ਰਾਜਿਆਂ ਦੀ ਸੈਨਾ ਦੇ ਗਲ ਜਾ ਪਏ ਤੇ ਹਥੋ ਹਥੀ ਲੜਾਈ ਕਰਨ ਲਗੇ । ਪਹਾੜੀਆਂ ਦੀ ਸੈਨਾ ਨਾਲੋਂ ਸਿੰਘਾਂ ਦੀ ਗਿਣਤੀ ਬਹੁਤ ਘਟ ਸੀ ਐਸੀ ਘਟ ਜੋ ਮੁਕਾਬਲਾ ਵੀ ਨਹੀਂ ਸੀ ਕਰ ਸਕਦੀ ਪਰ ਸਤਿਗੁਰੂ ਜੀ ਦੀ ਮੇਹਰ ਤੇ ਅਕਾਲ ਪੁਰਖ ਦੀ ਕਿਰਪਾ ਨਾਲ ਇਕ ਇਕ ਸਿੰਘ ਸੌ ਸੌ ਪਹਾੜੀਏ ਨਾਲ ਲੜ ਰਿਹਾ ਸੀ ।

Sri Satguru Jagjit Singh Ji eLibrary NamdhariElibrary@gmail.com

ਅੱਧੇ ਦਿਨ ਦੀ ਲੜਾਈ ਪਿਛੋਂ ਪਹਾੜੀਏ ਮੈਦਾਨ ਛੱਡਕੇ ਤੁਰ ਗਏ। ਫਤਹ ਸਿੰਘਾਂ ਦੀ ਹੋਈ। ਪੰਮੇ ਵਰਗੇ ਪਾਂਬਰ ਬ੍ਰਾਹਮਣ ਤਾਂ ਨੱਸ ਕੇ ਘਰ ਜਾ ਵੜੇ। ਮੰਦੀ ਕੰਮੀ ਮੰਦਾ ਹੁੰਦਾ ਹੈ। ਸੱਚ ਵਾਲੇ ਪਾਸੇ ਸਦਾ ਵਾਹਿਗੁਰੂ ਦੀ ਮਦਦ ਹੁੰਦੀ ਹੈ। ਸਤਿਗੁਰੂ ਜੀ ਸਚੇ ਸਨ, ਆਪ ਸੱਤ ਧਰਮ, ਨੇਕ ਕੰਮ ਤੇ ਲੋਕ ਭਲਾਈ ਵਾਸਤੇ ਲੜਦੇ ਸਨ, ਇਸ ਕਰਕੇ ਅਕਾਲ ਪੁਰਖ ਉਹਨਾਂ ਦੀ ਸਹਾਇਤਾ ਕਰਦਾ ਸੀ।

ਪਹਾੜੀ ਰਾਜਿਆਂ ਦੇ ਨੱਠ ਜਾਣ ਪਿਛੋਂ ਸਤਿਗੁਰੂ ਜੀ ਮੁੜ ਲੋਹਗੜ੍ਹ ਕਿਲੇ ਵਿਚ ਆ ਪੁਜੇ। ਇਸ ਘਟਨਾ ਤੋਂ ਸਿੰਘਾਂ ਨੇ ਸਿਖਿਆ ਲਈ ਕਿ ਐਸੇ ਦੁਸ਼ਮਨ ਦੀ ਸੌਂਹ ਤੇ ਕਦੀ ਭਰੋਸਾ ਨਹੀਂ ਕਰਨਾ ਚਾਹੀਦਾ।

੧੦. ਸਤਿਗੁਰੂ ਜੀ ਦਾ ਬਸਾਲੀ ਜਾਣਾ

ਪੰਮੇ ਦੀ ਚਾਲ ਸਫਲ ਨਾ ਹੋਈ, ਸਗੋਂ ਰਾਜਿਆਂ ਨੂੰ ਉਲਟੀ ਪਈ। ਰਾਜੇ ਬਹੁਤ ਸਾਰੀ ਸੈਨਾ ਤੇ ਲੜਾਈ ਦਾ ਸਾਮਾਨ ਨਸ਼ਟ ਕਰਾ ਬੈਠੇ। ਵਜ਼ੀਰ ਖਾਂ ਦੇ ਆਦਮੀ ਵੀ ਮਾਰੇ ਗਏ। ਮੈਦਾਨ ਛਡਕੇ ਘਰੋ ਘਰੀ ਚਲੇ ਗਏ। ਇਸ ਹਾਰ ਨੇ ਉਨ੍ਹਾਂ ਦੇ ਮਨਾਂ ਉਤੇ ਬਹੁਤ ਬੁਰਾ ਅਸਰ ਪਾਇਆ, ਓਹ ਸ਼ਰਮ ਦੇ ਮਾਰੇ ਸਿਰ ਉਚਾ ਨਹੀਂ ਸਨ ਕਰ ਸਕਦੇ ਆਪਣੀਆਂ ਇਸਤਰੀਆਂ ਦੇ ਸਾਹਮਣੇ ਵੀ ਨਹੀਂ ਸਨ ਹੁੰਦੇ।

ਦੂਸਰੇ ਪਾਸੇ ਵਜ਼ੀਰ ਖਾਂ ਸੂਬਾ ਸਰਹਿੰਦ ਵੀ ਤੰਗ ਸੀ ਕਿ ਓਹਦੇ ਸੂਬੇ ਵਿਚ ਲੜਾਈਆਂ ਹੋ ਰਹੀਆਂ ਸਨ। ਦਿੱਲੀ ਵਲੋਂ ਓਹਨਾਂ ਨੂੰ ਝਾੜਾਂ ਪੈਂਦੀਆਂ ਸਨ ਇਸ ਵਾਸਤੇ ਓਹ ਵੀ ਕਿਸੇ ਸੋਚ ਵਿਚ ਸੀ ਕਿ ਕੀ ਕਰੇ।

ਰਾਜਾ ਬਸਾਲੀ ਸਤਿਗੁਰੂ ਜੀ ਤੇ ਸ਼ਰਧਾ ਰਖਦਾ ਸੀ, ਉਸਨੂੰ ਵਜ਼ੀਰ ਖਾਂ ਨੇ ਆਪਣੇ ਕੋਲ ਸਦਿਆ ਤੇ ਆਖਿਆ—'ਹੇ ਰਾਜਨ! ਕੋਈ ਵਸੀਲਾ ਦਸੋ ਜਿਸ ਨਾਲ ਅਨੰਦਪੁਰ ਦੀਆਂ ਲੜਾਈਆਂ ਦਾ ਅੰਤ ਹੋਵੇ, ਸਿੰਘ ਤਾਂ ਬਸੀ ਨੂੰ ਵੀ ਲੁਟਕੇ ਲੈ ਗਏ ਹਨ। ਓਥੋਂ ਦੀਆਂ ਲੜਾਈਆਂ ਵਿਚ ਵੀ ਬਹੁਤ ਨੁਕਸਾਨ ਹੋਇਆ ਹੈ। ਦਸੋ ਕੀ ਚਾਰਾ ਕਰੀਏ ਅਸਾਂ ਨੂੰ ਕੋਈ ਸਮਝ ਨਹੀਂ ਆਉਂਦੀ

Sri Satguru Jagjit Singh Ji eLibrary NamdhariElibrary@gmail.com

ਕਿ ਕੀ ਕੀਤਾ ਜਾਵੇ। ਸਿਆਣੇ, ਜੇ, ਕੋਈ ਚੰਗੀ ਸਲਾਹ ਦੇਵੋ।'

ਜਹਾਂ-ਪਨਾਹ ! ਮੈਂ ਨਾਚੀਜ਼ ਬੰਦਾ ਕੀ ਸਲਾਹ ਦੇ ਸਕਦਾ ਹਾਂ ! ਆਪ ਸਿਆਣੇ ਤੇ ਨੀਤੀਵੇਤਾ ਹੋ, ਫਿਰ ਵੀ ਮੈਂ ਕਹਿੰਦਾ ਹਾਂ ਕਿ ਲੜਾਈ ਨਹੀਂ ਹੋਣੀ ਚਾਹੀਦੀ। ਖ਼ੂਨ ਖਰਾਬਾ ਮਾੜਾ ਹੁੰਦਾ ਹੈ। ਦੇਸ਼ ਬਰਬਾਦ ਹੋ ਜਾਂਦਾ ਹੈ। ਰਾਜ ਕਾਜ ਦਾ ਕੰਮ ਵੀ ਚੰਗਾ ਪੱਧਰ ਨਾਲ ਨਹੀਂ ਹੁੰਦਾ । ਕੋਈ ਰਾਹ ਲਭਣਾ ਚਾਹੀਦਾ ਹੈ ਜਿਸ ਰਾਹੀਂ ਅਮਨ ਦੀ ਮੰਜ਼ਲ ਤੇ ਪਹੁੰਚ ਸਕੀਏ। ਓਹ ਫਕੀਰ ਹਨ, ਫਕੀਰ ਅੱਲਾ ਦੇ ਪਿਆਰੇ ਹੁੰਦੇ ਹਨ, ਉਨ੍ਹਾਂ ਨਾਲ ਵੈਰ ਵਿਰੋਧ ਕਰਨਾ ਠੀਕ ਨਹੀਂ। ਇਨ੍ਹਾਂ ਨੂੰ ਹਰਾਉਣਾ ਕਠਨ ਹੈ। ਪਿਆਰ ਨਾਲ ਹੀ ਸਾਰੇ ਮਾਮਲੇ ਨਜਿਠੇ ਜਾਣੇ ਚਾਹੀਦੇ ਹਨ, ਜ਼ਿਦ ਨਾਲ ਨਹੀਂ ।

ਇਹ ਗਲ ਠੀਕ ਹੈ ਪਰ ਉਨ੍ਹਾਂ (ਸਤਿਗੁਰੂ ਜੀ) ਨਾਲ ਪਿਆਰ ਪਾਉਣਾ ਵੀ ਔਖਾ ਹੈ। ਸ਼ਰ੍ਹਾ ਤੇ ਬਾਦਸ਼ਾਹੀ ਦਾ ਡਰ ਭੈ ਭੀਤ ਕਰਦਾ ਹੈ। ਇਜ਼ਤ ਦਾ ਵੀ ਸਵਾਲ ਹੋਇਆ। ਇਕ ਵਿਉਂਤ ਹੈ ਕਿ ਜੇ ਓਹ (ਗੁਰੂ ਜੀ) ਅਨੰਦਪੁਰ ਨੂੰ ਛਡਕੇ ਕਿਤੇ ਚਲੇ ਜਾਣ ਤਾਂ ਅਸੀਂ ਆਪਣੀ ਜਿਤ ਸਮਝਾਂਗੇ ਤੇ ਮੁੜਕੇ ਰੇਲਾ ਰੌਲਾ ਨਹੀਂ ਹੋਵੇਗਾ।' ਵਜ਼ੀਰ ਖਾਂ ਦਾ ਦਿਲੀ ਇਰਾਦਾ ਸੀ ।

ਫਿਰ ਇਉਂ ਕਰੀਏ ਕਿ ਮੈਂ ਸਤਿਗੁਰੂ ਜੀ ਨੂੰ ਆਪਣੇ ਰਾਜ ਵਿਚ ਲੈ ਜਾਂਦਾ ਹਾਂ। ਮੈਨੂੰ ਆਸ ਹੈ ਕਿ ਸਤਿਗੁਰੂ ਜੀ ਮੇਰੀ ਬੇਨਤੀ ਜ਼ਰੂਰ ਪਰਵਾਨ ਕਰਨਗੇ। ਮੈਂ ਜਾਕੇ ਉਹਨਾਂ ਨੂੰ ਆਖਦਾ ਹਾਂ, ਪਰ ਜੇ ਆਪ ਬਚਨ ਦੇਵੋ ਕਿ ਤੁਸੀਂ ਉਨ੍ਹਾਂ ਦੀ ਸੈਨਾ ਉਪਰ ਹਮਲਾ ਨਹੀਂ ਕਰੋਗੇ।

'ਨਹੀਂ ਹਮਲਾ ਹੋਵੇਗਾ ਰਾਜਾ ਸਾਹਿਬ ! ਅਸੀਂ ਬਚਨ ਦੇਂਦੇ ਹਾਂ ਕਿ ਕੋਈ ਹਮਲਾ ਨਹੀਂ ਕਰੇਗਾ ।'

ਇਉਂ ਫੈਸਲਾ ਹੋ ਗਿਆ, ਰਾਜਾ ਬਸਾਲੀ ਵਜ਼ੀਰ ਖਾਂ ਕੋਲੋਂ ਉਠ ਕੇ ਸਿੱਧਾ ਅਨੰਦਪੁਰ ਨੂੰ ਗਿਆ। ਆਨੰਦਪੁਰ ਪੁਜਾ, ਅਗੇ ਸਤਿਗੁਰੂ ਜੀ ਦਰਬਾਰ ਲਾਈ ਬੈਠੇ ਸਨ। ਅਨੰਦਪੁਰ ਦੀ ਸਾਰੀ ਸਰਹੱਦ ਤੇ ਮੋਰਚੇਬੰਦੀ ਹੋਈ ਹੋਈ ਸੀ। ਸਿੰਘ ਸੂਰਮੇ ਏਧਰ ਉਧਰ ਤੁਰੇ ਫਿਰਦੇ ਸਨ। ਰਾਜਾ ਬਸਾਲੀ ਸਤਿਗੁਰੂ ਜੀ ਪਾਸ ਪੁਜ ਗਿਆ। ਉਸ ਨੂੰ ਕਿਸੇ ਨਾ ਰੋਕਿਆ ਟੋਕਿਆ। ਸਤਿਗੁਰੂ ਜੀ ਦੇ

Sri Satguru Jagjit Singh Ji eLibrary NamdhariElibrary@gmail.com

ਚਰਨਾਂ ਉਪਰ ਮੱਥਾ ਟੇਕ ਕੇ ਓਹ ਬੈਠ ਗਿਆ। ਬੈਠਣ ਪਿਛੋਂ ਸਤਿਗੁਰੂ ਜੀ ਨੇ ਬਚਨ ਕੀਤਾ—'ਹੇ ਰਾਜਨ ! ਕਹੋ ਕਿਵੇਂ ਆਉਣੇ ਹੋਏ ?'

'ਸਤਿਗੁਰੂ ਜੀ ! ਆਪਦੇ ਦਰਸ਼ਨਾਂ ਵਾਸਤੇ ! ਪਾਪੀ ਜੀਵ ਹਾਂ ਭਵ ਸਾਗਰ ਦਾ ਭੈ ਤੰਗ ਕਰ ਰਿਹਾ ਹੈ। ਭਵ ਸਾਗਰ ਤੋਂ ਪਾਰ ਕਰੋ। ਦਿਲ ਦੇ ਡਰ ਨੂੰ ਦੂਰ ਕਰੋ।' ਰਾਜੇ ਬਸਾਲੀ ਦਾ ਉਤਰ ਸੀ।

'ਵਾਹਿਗੁਰੂ ਦੇ ਨਾਮ ਸਿਮਰਨ ਨਾਲ ਭਵਸਾਗਰ ਦਾ ਭੈ ਦੂਰ ਹੁੰਦਾ ਹੈ। ਵਾਹਿਗੁਰੂ ਨੂੰ ਨਹੀਂ ਭੁਲਣਾ ਚਾਹੀਦਾ। ਓਹੋ ਹੀ ਸਰਬ ਦਾ ਰਾਖਾ ਹੈ। ਗਰੀਬਾਂ ਦੀ ਸੇਵਾ, ਸੰਤਾਂ ਦੀ ਸੰਗਤ ਜੀਵਨੀ ਨੂੰ ਚੰਗੇ ਪਾਸੇ ਲਾਉਂਦੀ ਹੈ। ਵਾਹਿਗੁਰੂ ਨੂੰ ਚੇਤੇ ਰਖੋ।' ਸਤਿਗੁਰੂ ਜੀ ਨੇ ਉਪਦੇਸ਼ ਦਿਤਾ।

ਬਹੁਤ ਚਿਰ ਬਚਨ ਬਿਲਾਸ ਹੋਣ ਪਿਛੋਂ ਰਾਜੇ ਬਸਾਲੀ ਨੇ ਬੇਨਤੀ ਕੀਤੀ—'ਸਤਿਗੁਰੂ ਜੀ ! ਦਾਸ ਇਕ ਬੇਨਤੀ ਕਰਨਾ ਚਾਹੁੰਦਾ ਹੈ ਉਹ ਬੇਨਤੀ ਇਹ ਹੈ ਕਿ ਸੇਵਕ ਦੀ ਇਛਾ ਹੈ ਆਪ ਸੰਗਤ ਸਮੇਤ ਮੇਰੀ ਰਿਆਸਤ ਵਿਚ ਚਰਨ ਪਾਵੋ। ਸੇਵਕ ਸੇਵਾ ਕਰੇ ! ਨਾਲ ਹੀ ਇਹ ਜੋ ਲੜਾਈ ਦੇ ਬੱਦਲ ਇਸ ਸ਼ਾਂਤੀ ਰੂਪ ਨਗਰੀ ਉਤੇ ਚੜ੍ਹੇ ਹਨ, ਇਹ ਪਾਸੇ ਹੋ ਜਾਣਗੇ ਤੇ ਵਾਯੂ ਮੰਡਲ ਨਿਰਮਲ ਹੋ ਜਾਵੇਗਾ। ਇਹ ਜ਼ਰੂਰ ਬੇਨਤੀ ਪਰਵਾਨ ਕਰਨੀ ਚਾਹੀਦੀ ਹੈ।'

'ਆਪ ਦੀ ਬੇਨਤੀ ਤਾਂ ਪਰਵਾਨ ਕਰ ਲੈਂਦੇ ਹਾਂ। ਪਰਵਾਨ ਕਰਨ ਵਿਚ ਕੋਈ ਝਿਜਕ ਨਹੀਂ ਪਰ ਦੁਸ਼ਮਨ ਬੇਈਮਾਨ ਹੈ। ਉਹ ਬਿਨਾਂ ਕਾਰਨ ਲੜਾਈ ਲੜਨ ਤੋਂ ਨਹੀਂ ਭਉਂਦਾ। ਉਸ ਦਾ ਕੀ ਇਲਾਜ ਕੀਤਾ ਜਾਵੇ ?' ਸਤਿਗੁਰੂ ਜੀ ਦਾ ਬਚਨ ਸੀ।

'ਨਹੀਂ ! ਹੁਣ ਨਾ ਹਿੰਦੂ ਸੈਨਾ ਆਪ ਵਲ ਦੇਖੇਗੀ ਤੇ ਨਾ ਵਜ਼ੀਰ ਖਾਂ ਦੀ ਸੈਨਾ। ਕਿਉਂਕਿ ਉਹਨਾਂ ਨੂੰ ਗਿਆਨ ਹੋ ਗਿਆ ਹੈ ਕਿ ਹੁਣ ਉਹ ਤੁਸਾਂ ਦਾ ਕੁਝ ਨਹੀਂ ਵਿਗਾੜ ਸਕਦੇ ਆਪ ਦੀ ਸ਼ਕਤੀ ਪ੍ਰਬਲ ਹੈ। ਭਗਵਾਨ ਆਪ ਦੀ ਸਹਾਇਤਾ ਕਰਦਾ ਹੈ, ਇਸ ਵਾਸਤੇ ਦੁਸ਼ਮਨ ਤੋਂ ਨਹੀਂ ਡਰਨਾ ਚਾਹੀਦਾ। ਜੇ ਕਿਸੇ ਤਰ੍ਹਾਂ ਦਾ ਡਰ ਵੀ ਹੋਵੇ ਤਾਂ ਆਪ ਨੂੰ ਕੋਈ ਚਿੰਤਾ ਨਹੀਂ। ਆਪ ਸਰਬ ਕਲਾ ਸੰਪੂਰਨ, ਮਹਾਂ ਬ੍ਰਹਮਾਂ ਦਾ ਰੂਪ। ਆਪ ਦਾਤਾ ਵਿਸ਼ਨੂੰ ਅਵਤਾਰ, ਆਖ

Sri Satguru Jagjit Singh Ji eLibrary NamdhariElibrary@gmail.com

ਨੂੰ ਕੌਣ ਜਿਤ ਸਕਦਾ ਹੈ। ਸ੍ਰੀਰਾਮਚੰਦਰ ਜੀ ਨੂੰ ਜਿੱਤਣ ਵਾਸਤੇ ਪਾਪੀ ਰਾਵਣ ਨੇ ਬਹਤ ਯਤਨ ਕੀਤਾ ਸੀ ਪਰ ਆਖਰ ਆਪਣੇ ਆਪ ਦਾ ਨਾਸ ਕਰਾ ਲਿਆ ਤੇ ਸੋਨੇ ਦੀ ਲੰਕਾ ਸੜਵਾ ਲਈ ਸੀ ਕੋਈ ਬਲੀ ਨਹੀਂ ਜੋ ਆਪ ਨੂੰ ਯੁਧ ਵਿਚ ਸਨਮੁਖ ਹੋਕੇ ਜਿਤ ਸਕੇ। ਬਸ ! ਮੇਰੀ ਬੇਨਤੀ ਪਰਵਾਨ ਕਰੋ।ਕੁਝ ਚਿਰ ਬਸਾਲੀ ਰਹਿ ਕੇ ਵਾਪਸ ਆ ਜਾਣਾ।

'ਵਾਹਿਗੁਰੂ ਦੇ ਭੇਜਾਂ ਦਾ ਕੁਝ ਪਤਾ ਨਹੀਂ ਲਗਦਾ।'ਸਤਿਗੁਰੂ ਜੀ ਨੇ ਬਚਨ ਕੀਤਾ ਇਹ ਆਖਕੇ ਸਾਹਿਬ ਕੁਝ ਸੋਚਣ ਲਗ ਪਏ।ਫਿਰ ਬੋਲੇ—'ਚਿਤ ਤਾਂ ਨਹੀਂ ਕਰਦਾ ਕਿ ਅਨੰਦਪੁਰੀ ਨੂੰ ਛੱਡੀਏ ਪਰ ਨਾਲ ਤੁਮਾਂ ਦਾ ਪਰੇਮ ਮਜਬੂਰ ਕਰਦਾ ਹੈ ਤਾਂ ਜ਼ਰੂਰ ਚਲੇ ਚਲਦੇ ਹਾਂ।'

ਨਾਲ ਹੀ ਉਹਨਾਂ ਲੋਕਾਂ ਵੀ ਸਾਹਿਬਾਂ ਅਗੇ ਬੇਨਤੀ ਕੀਤੀ ਕਿ ਜ਼ਰੂਰ ਚਾਰ ਦਿਨ ਪਾਸੇ ਹੋ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਮੌਤ ਕੋਲੋਂ ਡਰ ਆਉਂਦਾ ਸੀ; ਜਿਹੜੇ ਬਹੁਤੇ ਖਾਣ ਪੀਣ ਵਾਲੇ ਮਸੰਦ ਸਨ ਤੇ ਲੜਾਈ ਦੇ ਦਿਨਾਂ ਵਿਚ ਘਟ ਖਾਣ ਨੂੰ ਮਿਲਦਾ ਸੀ। ਆਖਰ ਸਾਹਿਬਾਂ ਨੇ ਬਸਾਲੀ ਜਾਣ ਵਾਸਤੇ ਤਿਆਰੀ ਕਰਨ ਦਾ ਹੁਕਮ ਦੇ ਦਿਤਾ ਤੇ ਨਗਾਰੇ ਉਤੇ ਚੋਟ ਲਾ ਦਿਤੀ। ਰਣਜੀਤ ਨਗਾਰੇ ਦੀ ਚੋਟ ਨੇ ਪਰਬਤਾਂ ਨੂੰ ਕੰਬਾ ਦਿਤਾ । ਸਤਿਗੁਰੂ ਜੀ ਦੇ ਮਹਿਲ ਸੇਵਕ ਤੇ ਸ਼ੈਨਿਕ ਤਿਆਰ ਹੋਏ,ਪਰ ਅਨੰਦਪੁਰ ਨੂੰ ਬਿਲਕੁਲ ਖਾਲੀ ਨਹੀਂ ਕੀਤਾ। ਚੰਗੇ ਜਵਾਨ ਲੜਾਕੇ ਸਿੰਘ ਕਿਲੇ ਤੇ ਸ਼ਹਿਰ ਦੀ ਰਾਖੀ ਕਰਨ ਵਾਸਤੇ ਛਡ ਦਿਤੇ।

ਜਦ ਸਹਿਰ ਤੋਂ ਸਤਿਗੁਰੂ ਜੀ ਦਾ ਸ਼ਾਹੀ ਜਲੂਸਨਿਕਲਿਆ ਤਾਂ ਕੁਝ ਕੁ ਵੈਰੀ ਸਿੰਘਾਂ ਵਲ ਉਲਟੇ ਪਰ ਸਿੰਘਾਂ ਨੇ ਤਿੱਖੀ ਤਲਵਾਰ ਨਾਲ ਐਸੇ ਆਹੂ ਲਾਹੇ ਕਿ ਉਨ੍ਹਾਂ ਦੇ ਮੂੰਹ ਭਵਾ ਦਿਤੇ। ਮਾਰ ਖਾਕੇ ਨੱਠੇ ਜਾਂਦੇਵੈਰੀਆਂ ਨੇ ਪਿਛੇ ਮੁੜਕੇ ਨਹੀਂ ਦੇਖਿਆ। ਸਤਿਗੁਰੂ ਜੀ ਦਾ ਡੇਰਾ ਅਗੇ ਅਗੇ ਤੁਰਿਆਗਿਆ।ਚਲਾ ਚਲ ਬਸਾਲੀ ਜਾ ਪੁਜੇ। ਬਸਾਲੀ ਪੁਜਕੇ ਸਤਿਗੁਰੂ ਜੀ ਨੇ ਰਾਜ ਭਵਨ ਵਿਚ ਡੇਰਾ ਲਾ ਦਿਤਾ ਤੇ ਸਿੰਘ ਸੈਨਿਕ ਬਾਗ ਵਿਚ ਤੰਬੂ ਲਾਕੇ ਰਹਿਣਲਗੇ।ਦੋਵੇਂ ਵੇਲੇ ਦੀਵਾਨ ਹੋਣ ਲਗੇ ਤੇ ਸਤਿਗੁਰੂ ਜੀ ਪਾਪੀ ਜੀਵਾਂ ਨੂੰ ਭਵ ਸਾਗਰ ਤੋਂ ਪਾਰ ਕਰਨਲਗੇ।

Sri Satguru Jagjit Singh Ji eLibrary NamdhariElibrary@gmail.com

ਤਕਰੀਬਨ ਪੂਰਾ ਮਹੀਨਾ ਰਹਿਣ ਪਿਛੋਂ ਸਤਿਗੁਰੂ ਜੀ ਮੁੜ ਅਨੰਦਪੁਰ ਆ ਪੁਜੇ ਕਿਸੇ ਨੇ ਰਾਹ ਵਿਚ ਨਾ ਰੋਕਿਆ ਤੇ ਨਾ ਝਗੜਾ ਕੀਤਾ। ਅਨੰਦਪੁਰ ਵਿਚ ਮੁੜ ਤੰਦਕਾਂ ਹੋਣੀਆਂ ਸ਼ੁਰੂ ਹੋ ਗਈਆਂ। ਮਾਝੇ ਮਾਲਵੇ ਤੇ ਪੋਠੋਹਾਰ ਦੀ ਸੰਗਤ ਦਰਸ਼ਨਾਂ ਵਾਸਤੇ ਆਉਣੀ ਸ਼ੁਰੂ ਹੋਈ। ਕਾਰ ਭੇਟਾ ਨਾਲ ਸਾਰੀਆਂ ਕਮੀਆਂ ਪੂਰੀਆਂ ਹੋਣ ਲਗੀਆਂ।

੧੧. ਸਤਿਗੁਰੂ ਜੀ ਰਵਾਲਸਰ ਵਿਚ

ਜਦੋਂ ਸਾਹਿਬ ਬਸਾਲੀ ਤੋਂ ਵਾਪਸ ਮੁੜ ਰਹੇ ਸਨ ਤਾਂ ਰਾਹ ਵਿਚ ਰਾਜੇ ਅਜਮੇਰ ਚੰਦ ਦਾ ਪਰੋਹਤ ਪੰਮਾ ਮਿਲਿਆ ਤੇ ਉਸਨੇ ਬੇਨਤੀ ਕੀਤੀ-ਮਹਾਰਾਜ! ਸਾਰੇ ਰਾਜੇ ਰਵਾਲਸਰ ਇਕਠੇ ਹੋਏ ਹਨ, ਉਹ ਆਪਦੇ ਦਰਸ਼ਨ ਕਰਨਾ ਚਾਹੁੰਦੇ ਹਨ ਤਾਂਕਿ ਸਮਝੌਤਾ ਹੋ ਸਕੇ ਤੇ ਸਦੀਵੀ ਕਾਲ ਵਾਸਤੇ ਅਮਨ ਨਾਲ ਰਹੀਏ। ਕੋਈ ਖਤਰੇ ਵਾਲੀ ਗਲ ਨਹੀਂ ਕੋਈ ਧੋਖਾ ਨਹੀਂ ਹੋਵੇਗਾ।'

'ਪੰਡਿਤ ਜੀ! ਅਸਾਂ ਨੂੰ ਧੋਖੇ ਦੀ ਚਿੰਤਾ ਨਹੀਂ। ਇਹ ਵੀ ਅਸਾਂ ਨੂੰ ਪਤਾ ਹੈ ਕਿ ਤੁਸੀਂ ਧੋਖਾ ਨਹੀਂ ਕਰਦੇ। ਵੈਸੇ ਚਲਦੇ ਹਾਂ, ਅਸਾਡਾ ਵੀ ਚਿਤ ਕਰਦਾ ਹੈ ਕਿ ਰਾਜਿਆਂ ਨਾਲ ਚਾਰ ਖਰੀਆਂ ਖਰੀਆਂ ਗਲਾਂ ਕਰੀਏ। ਅਸੀਂ ਪਿਆਰ ਮਿਲਾਪ ਤੇ ਸ਼ਾਂਤੀ ਦੇ ਹਾਮੀ ਹਾਂ, ਪਰ ਦੁਸ਼ਟਾਂ ਦੇਸ਼ ਧਰੋਹੀਆਂ ਤੇ ਅਕ੍ਰਿਤਘਣਾਂ ਦਾ ਅੰਤ ਵੀ ਅਸਾਂ ਨੇ ਕਰਨਾ ਹੈ।

ਇਹ ਬਚਨ ਕਰਕੇ ਸਤਿਗੁਰੂ ਜੀ ਨੇ ਘੋੜਾ ਰਵਾਲਸਰ ਦੇ ਰਾਹੇ ਮੋੜ ਲਿਆ। ਅਗੇ ਮੇਲਾ ਸੀ ਪਹਾੜਾਂ ਦੇ ਲੋਕ ਵੀ ਬਹੁਤ ਗਿਣਤੀ ਦੇ ਵਿਚ ਆਏ ਹੋਏ ਸਨ। ਇਕ ਖੁਲੇ ਅਸਥਾਨ ਉਤੇ ਸਤਿਗੁਰੂ ਜੀਵੀਡੇਰੇ ਲਾ ਦਿਤੇ।ਇਕ ਪਾਸੇ ਦੀਵਾਨ ਪੰਡਾਲ ਤਿਆਰ ਹੋ ਗਿਆ ਤੇ ਦੂਸਰੇ ਪਾਸੇ ਗੁਰੂ ਕਾ ਲੰਗਰ।ਸਤਿਗੁਰੂ ਜੀ ਦਾ ਸ਼ਾਹੀ ਠਾਠ ਬਾਠ ਦੇਖਕੇ ਪਹਾੜੀਏ ਹੈਰਾਨ ਸਨ। ਹੌਲੀ ਹੌਲੀ ਓਹਨਾਂ ਨੂੰ ਪਤਾ ਲਗ ਗਿਆ ਕਿ ਇਹੋ ਪ੍ਰਤਾਪੀ ਮਹਾਰਾਜ ਹਨ ਜਿਨ੍ਹਾਂ ਪਹਾੜੀ ਰਾਜਿਆਂ ਨਾਲ ਲੜਾਈਆਂ ਲੜੀਆਂ ਤੇ ਰਾਜਿਆਂ ਨੂੰ ਹਰਾਇਆ ਹੈ ਉਹ ਸਾਹਿਬਾਂ ਕੋਲ

Sri Satguru Jagjit Singh Ji eLibrary NamdhariElibrary@gmail.com

ਦੀਵਾਨ ਵਿਚ ਆ ਕੇ ਉਪਦੇਸ਼ ਸੁਣਨ ਲਗੇ। ਜਿਹੜੇ ਪਹਿਲਾਂ ਜਾਣੂ ਸਨ ਓਹ ਨਾਮ ਦਾਨ ਮੰਗਣ ਲਗੇ।

ਪਰਮਾਨੰਦ ਤੇ ਹੋਰ ਰਾਜਿਆਂ ਦੇ ਵਜੀਰ ਇਕੱਠੇ ਹੋਕੇ ਸਤਿਗੁਰੂ ਜੀ ਦੇ ਪਾਸ ਆਏ। ਓਹਨਾਂ ਨੇ ਇਹ ਇਛਾ ਪ੍ਰਗਟ ਕੀਤੀ ਕਿ ਰਾਜੇ ਦੀਵਾਨ ਵਿਚ ਹਾਜ਼ਰ ਹੋਕੇ ਸਤਿਗੁਰੂ ਜੀ ਨਾਲ ਮੇਲ ਪਿਆਰ ਦੇ ਬਚਨ ਕਰਨਾ ਚਾਹੁੰਦੇ ਹਨ। ਸਾਹਿਬਾਂ ਨੇ ਬੇਨਤੀ ਪ੍ਰਵਾਨ ਕਰ ਲਈ। ਰਾਜਿਆਂ ਨੂੰ ਦਰਬਾਰ ਵਿਚ ਪੁਜਣ ਦੀ ਖੁਲ੍ਹ ਦੇ ਦਿਤੀ। ਰਾਜਾ ਅਜਮੇਰ ਚੰਦ ਕਹਿਲੂਰੀਆ ਭਾਵੇਂ ਛੋਟੀ ਉਮਰ ਦਾ ਸੀ ਫਿਰ ਵੀ ਉਹ ਸਾਰੇ ਰਾਜਿਆਂ ਦਾ ਆਗੂ ਸੀ। ਉਸ ਦੀ ਅਗਵਾਈ ਹੇਠਾਂ ਰਾਜਿਆਂ ਨੇ ਸਤਿਗੁਰੂ ਜੀ ਨੂੰ ਨਮਸ਼ਕਾਰ ਕੀਤੀ ਕਿਸੇ ਯੋਗ ਭੇਟਾ ਵੀ ਚਾੜ੍ਹੀ ਤੇ ਓਧਰੋ ਓਧਰੀ ਸੁਖ ਸਾਂਦ ਪੁਛੀ ਗਈ। ਸੁਖ ਸਾਂਦ ਪੁਛਣ ਪਿਛੋਂ ਰਾਜਿਆਂ ਨੇ ਬਚਨ ਬਿਲਾਸ ਸ਼ੁਰੂ ਕੀਤੇ। ਬਚਨ ਬਿਲਾਸ ਮਾਮੂਲੀ ਨਹੀਂ ਸਗੋਂ ਰਾਜਸੀ ਵਾਯੂ ਮੰਡਲ ਬਾਰੇ ਇਕ ਨੀਤੀ ਗੋਸ਼ਟ ਸੀ। ਉਸ ਗੋਸ਼ਟੀ ਦਾ ਆਰੰਭ ਰਾਜੇ ਅਜਮੇਰ ਚੰਦ ਨੇ ਕੀਤਾ। ਜਦੋਂ ਉਸ ਨੇ ਆਖਿਆ—'ਮੁਗਲ ਬਾਦਸਾਹ ਦੇ ਵਿਰੁਧ ਨਹੀਂ ਹੋਣਾ ਚਾਹੀਦਾ, ਕਿਉਂਕਿ ਅਸੀਂ ਲੋਕ ਟਾਕਰਾ ਨਹੀਂ ਕਰ ਸਕਦੇ, ਨਿਰਬਲ ਹਾਂ। ਤੁਸੀਂ ਯਤਨ ਕਰੋ ਲੜਾਈਆਂ ਦਾ ਵਿਚਾਰ ਛਡ ਦੇਵੋ। ਅਮਨ ਨਾਲ ਰਹਿਣਾ ਚੰਗਾ ਹੈ, ਬਾਦਸ਼ਾਹ ਵੀ ਪ੍ਰਸੰਨ ਹੋ ਜਾਵੇਗਾ।'

'ਹੇ ਰਾਜਨ ! ਸਦਾ ਭੁਲੇਖਾ ਮਨੁਖ ਨੂੰ ਤੰਗ ਕਰਦਾ ਹੈ। ਅਸੀਂ (ਹਿੰਦੂ) ਕਮਜ਼ੋਰ ਨਹੀਂ ਅਸੀਂ ਇਸ ਦੇਸ਼ ਦੇ ਵਸਨੀਕ ਹਾਂ। ਅਨੇਕਾਂ ਰਾਜੇ ਤੇ ਰਾਜਪੂਤ ਹਨ,ਮਰਹਟੇ ਤੇ ਚੁਹਾਨ ਹਨ। ਅਸੀਂ ਸਭ ਤੋਂ ਚੰਗਾ ਲੜ ਸਕਦੇ ਤੇ ਦਿਲ ਵਾਲੇ ਹਾਂ; ਪਰ ਅਸਾਂ ਕੋਲ ਕਮਜ਼ੋਰੀ ਸਿਰਫ ਇਹ ਹੈ ਕਿ ਅਸਾਂ ਵਿਚ ਮਿਲਾਪ ਨਹੀਂ; ਇਕੱਠ ਨਹੀਂ। ਪ੍ਰਦੇਸੀ ਹੁਕਮਰਾਨ ਨੇ ਸਾਨੂੰ ਖੇਰੂੰ ਖੇਹੂੰ ਕਰ ਦਿਤਾ ਹੈ। ਜੇ ਸਾਰੇ ਇਕੱਠੇ ਹੋਕੇ ਇਕ ਸਲਾਹ ਨਾਲ ਦੁਸ਼ਮਨ ਦਾ ਟਾਕਰਾ ਕਰੀਏ ਤਾਂ ਜ਼ਰੂਰ ਮੁਗਲ ਹਕੂਮਤ ਨੂੰ ਖਤਮ ਕਰਨ ਵਿਚ ਕਾਮਯਾਬ ਹੋ ਸਕਦੇ ਹਾਂ। ਬਾਕੀ ਰਹੀ ਗਲ ਅਮਨ ਦੀ,ਅਸੀਂ ਅਮਨ ਦੇ ਹਾਮੀ ਹਾਂ। ਅਸਾਡੀਆਂ ਲੜਾਈਆਂ ਅਮਨ ਵਾਸਤੇ ਹਨ। ਜਿੰਨਾ ਚਿਰ ਮੰਦਰ ਢੱਠਣੇ ਨਹੀਂ ਹਟਦੇ, ਜਿੰਨਾ ਚਿਰ ਹਿੰਦੂ ਨੂੰ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਬਨਾਉਣ ਦਾ ਖਿਆਲ ਨਹੀਂ ਛਡਿਆ ਜਾਂਦਾ, ਜਿੰਨਾ ਚਿਰ ਹਿੰਦੂਆਂ ਤੋਂ ਜੇਜੀਆ(ਕਰ)ਨਹੀਂ ਹਟਾਇਆ ਜਾਂਦਾ, ਜੰਨਾ ਚਿਰ ਹਿੰਦੂ ਨਾਰੀ ਦੀ ਅਸਮਤ ਨਹੀਂ ਬਚਦੀ ਉਨ੍ਹਾਂ ਚਿਰ ਅਸੀਂ ਲੜਨੋਂ ਨਹੀਂ ਰੁਕ ਸਕਦੇ। ਜ਼ੁਲਮ ਦਾ ਟਾਕਰਾ ਕੀਤਾ ਜਾਵੇਗਾ। ਇਹ ਨਹੀਂ ਹੋ ਸਕਦਾ ਕਿ ਪਰਦੇਸੀ ਆਉਣ ਤੇ ਹਿੰਦੂ ਨੂੰ ਲੁਟਕੇ ਟੁਰਦੇ ਬਣਨ। ਇਹ ਨਹੀਂ ਹੋ ਸਕਦਾ ਕਿ ਹਿੰਦੂ ਦੇਵੀਆਂ ਨੂੰ ਪ੍ਰਦੇਸਾਂ ਦੀਆਂ ਮੰਡੀਆਂ ਵਿਚ ਪਸ਼ੂਆਂ ਤੇ ਗਾਜਰਾਂ ਮੂਲੀਆਂ ਦੀ ਤਰ੍ਹਾਂ ਵੇਚਿਆ ਜਾਵੇ। ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਹਿੰਦੂ ਰਾਜੇ ਡਰ ਕਾਰਨ ਮਜਬੂਰ ਹੋਕੇ ਧੀਆਂ ਦੇ ਡੋਲੇ ਦੇਣ। ਇਹਨਾਂ ਹਾਲਤਾਂ ਵਿਚ ਅਸੀਂ ਲੜਾਈ ਬੰਦ ਨਹੀਂ ਕਰ ਸਕਦੇ ਅਸੀਂ ਤਾਂ ਸਰੋਂ ਤੁਸਾਂ ਨੂੰ ਆਖਦੇ ਹਾਂ ਕਿ ਡਰ ਦਾ ਤਿਆਗ ਕਰੋ। ਅਰਜਨ ਭੀਮ ਤੇ ਹੋਰ ਪ੍ਰਾਚੀਨ ਬਹਾਦਰਾਂ ਵਾਂਗ ਦਲੇਰ ਤੇ ਅਣਖੀਲੇ ਬਣੋਂ। ਆਓ ਮਿਲਕੇ ਇਕ ਮਹਾਨ ਸ਼ਕਤੀ ਕਾਇਮ ਕਰੀਏ। ਉਹ ਸ਼ਕਤੀ ਜਿਹੜੀ ਸਾਰੇ ਭਾਰਤ ਵਰਸ਼ ਨੂੰ ਸੁਤੰਤ੍ਰ ਕਰੇ, ਜਿਸਦੇ ਹੁੰਦਿਆਂ ਹੋਇਆਂ ਕਿਸੇ ਨੂੰ ਭੈ ਨਾ ਰਹੇ, ਸਾਰੇ ਖੁਸ਼ਹਾਲ, ਸੁਤੰਤਰ ਰਹਿਣ ਤੇ ਆਪੋ-ਆਪਣੇ ਧਰਮ ਇਸ਼ਟ ਦੀ ਪੂਜਾ ਕਰਨ।'

ਸਤਿਗੁਰੂ ਜੀ ਬਚਨ ਕਰੀ ਗਏ ਕਿ 'ਇਹਨਾਂ ਨੂੰ ਕੋਈ ਖੁਸ਼ ਨਹੀਂ ਕਰ ਸਕਦਾ, ਕਿਉਂਕਿ ਇਨ੍ਹਾਂ ਦੀ ਆਤਮਾ ਉਪਰ ਭੂਤ ਸਵਾਰ ਹੈ, ਉਹ ਭੂਤ ਨਿਰਾਲਾ ਹੈ, ਓਹ ਇਕੋ ਗੱਲ ਅਖਵਾਈ ਜਾਂਦਾ ਹੈ—'ਸਾਰੇ ਪੁਰਖਾਂ ਨਾਰੀਆਂ ਨੂੰ ਮੁਸਲਮਾਨ ਬਨਾਉਣਾ ਹੈ। ਮੰਦਰਾਂ ਦੀ ਥਾਂ ਮਸੀਤਾਂ ਦਾ ਹੋਣਾ ਜ਼ਰੂਰੀ ਹੈ। ਹੁਣ ਉਹ ਬੁਢੇਪੇ ਵਿਚ ਹਨ ਪਰ ਅਜੇ ਵੀ ਜ਼ੁਲਮ ਕਰਨੋਂ ਨਹੀਂ ਹਟਦੇ। ਝੂਠ ਤੇ ਜ਼ੁਲਮ ਦਾ ਤਿਆਗ ਨਹੀਂ ਕਰਦੇ। ਐਸੇ ਪੁਰਖ ਨਾਲ ਅਸਾਂ ਦਾ ਮੇਲ ਹੋਣਾ ਕਿਵੇਂ ਚੰਗਾ ਹੈ। ਬਸ ਯਤਨ ਕਰੋ ਤੁਸੀਂ ਆਸਾਂ ਦਾ ਸਾਥ ਦੇਵੋ। ਆਪੋ ਵਿਚ ਲੜਨਾ ਛਡੋ, ਲੜਨਾ ਚੰਗਾ ਨਹੀਂ।'

ਸਤਿਗੁਰੂ ਜੀ ਦੇ ਇਹ ਦਲੇਰੀ ਭਰੇ ਸ਼ਬਦ ਸੁਣਕੇ ਪਹਾੜੀ ਜਨਤਾ ਬਹੁਤ ਪ੍ਰਸੰਨ ਹੋਈ। ਕਈ ਰਾਜੇ ਹੈਰਾਨ ਹੋਏ ਤੇ ਕਰੋਧਵਾਨ ਹੋ ਗਏ, ਸਾਰੇ ਹੀ ਅਸਚਰਜ ਦਸ਼ਾ ਵਿਚ ਪੁਜ ਗਏ। ਅਜਮੇਰ ਚੰਦ ਨਿਰੁਤਰ ਹੋ ਰਿਆ।

Sri Satguru Jagjit Singh Ji eLibrary NamdhariElibrary@gmail.com

ਓਹ ਚੁਪ ਚਾਪ ਬੈਠ ਗਿਆ। ਉਸਨੂੰ ਚੁਪ ਹੋਇਆਂ ਦੇਖਕੇ ਸਤਿਗੁਰੂ ਜੀ ਨੇ ਆਪ ਸੰਗਤਾਂ ਨੂੰ ਉਪਦੇਸ਼ ਦਿਤਾ। ਚਾਰ ਦਿਨ ਰਵਾਲਸਰ ਰਹਿਕੇ ਸਾਹਿਬ ਅਨੰਦਪੁਰ ਆਏ ਸਨ। ਰਾਜਿਆਂ ਨੇ ਸਤਿਗੁਰੂ ਜੀ ਨੂੰ ਬਚਨ ਦੇ ਦਿਤਾ ਕਿ ਉਹ ਸਤਿਗੁਰੂ ਜੀ ਨਾਲ ਮੇਲ ਰਖਣਗੇ ਪਰ ਉਹਨਾਂ ਦੇ ਬਚਨਾਂ ਦਾ ਭਰੋਸਾ ਕੋਈ ਨਹੀਂ ਸੀ।

੧੨. ਇਕ ਮਾਈ ਦਾ ਲੜਕਾ ਰਾਜ਼ੀ ਕਰਨਾ

ਇਕ ਦਿਨ ਸਤਿਗੁਰੂ ਜੀ ਦਰਬਾਰ ਵਿਚ ਬਿਰਾਜੇ ਹੋਏ ਸਨ ਕਿ ਇਕ ਬਿਰਧ ਮਾਤਾ ਰੋਂਦੀ ਹੋਈ ਆਈ। ਉਸਦੇ ਵਾਲ ਖਿਲਰੇ ਹੋਏ ਸਨ। ਓਹ ਬਹੁਤ ਹੀ ਮੰਦੀ ਦਸ਼ਾ ਵਿਚ ਸੀ, ਸਾਹਿਬਾਂ ਨੇ ਉਸ ਨੂੰ ਦੂਰੋਂ ਦੇਖਿਆ। ਸੇਵਾਦਾਰ ਨੂੰ ਭੇਜਕੇ ਕੋਲ ਸਦਿਆ। ਕੋਲ ਆਕੇ ਉਸ ਮਾਈ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ, ਮੱਥਾ ਟੇਕਕੇ ਹਥ ਜੋੜਕੇ ਖਲੋ ਗਈ, ਓਹ ਅਜੇ ਕੁਝ ਆਖਣਾ ਹੀ ਚਾਹੁੰਦੀ ਸੀ ਕਿ ਸਤਿਗੁਰੂ ਜੀ ਨੇ ਬਚਨ ਕੀਤਾ 'ਮਾਤਾ ਜੀ ! ਆਪ ਕਿਉਂ ਰੋਂਦੇ ਹੋ ? ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਬਾਰ ਵਿਚ ਕੋਈ ਨਹੀਂ ਰੋਂਦਾ। ਏਥੋਂ ਤਾਂ ਸਾਰੇ ਦੁਖ ਦੂਰ ਹੁੰਦੇ ਹਨ ਕੀ ਵੇਦਨਾ ਹੈ ਆਪ ਨੂੰ ?'

ਹੇ ਦਾਤਾਰ ! ਦੀਨ ਦਿਆਲ ! ਮੈਂ ਬਹੁਤ ਦੁਖੀ ਹਾਂ। ਮੇਰੇ ਦੁਖਾਂ ਦੀ ਹਾਥ ਨਹੀਂ ਆਉਂਦੀ, ਮੇਰੇ ਤੇ ਮੇਹਰ ਕਰੋ। ਮੇਰੇ ਦੁਖ ਦੂਰ ਕਰੋ।' ਮਾਈ ਭਬਾਂ ਮਾਰਦੀ ਹੋਈ ਬੋਲੀ।

'ਏਹੋ ਤਾਂ ਅਸੀਂ ਪੁਛ ਰਹੇ ਹਾਂ ਕਿ ਜੋ ਦੁਖ ਹੈ ਉਸਦਾ ਬਿਆਨ ਕਰੋ।' ਸਤਿਗੁਰੂ ਜੀ ਨੇ ਮੁੜ ਬਚਨ ਕੀਤਾ।

ਮੇਰੇ ਦੁਖਾਂ ਦੀ ਕਹਾਣੀ ਨਿਰਾਲੀ ਹੈ। ਮੈਂ ਇਕ ਵਿਧਵਾ ਹਾਂ, ਇਕ ਮੇਰਾ ਜਵਾਨ ਪੁਤ੍ਰ ਪੂਤਾਪਾ ਹੈ। ਮੈਂ ਵਿਧਵਾ ਕਿਵੇਂ ਹੋਈ ? ਇਹ ਵੀ ਇਕ ਕਥਾ ਹੈ। ਮੈਂ ਉਹ ਕਥਾ ਸੁਨਾਉਣਾ ਚਾਹੁੰਦੀ ਹਾਂ, ਤਾਂਕਿ ਮੇਰਾ ਦਿਲ ਹੌਲਾ ਹੋਵੇ ਤੇ ਮੇਰੇ ਦੁਖ ਦਾ ਅੰਤ ਹੋਵੇ।

Sri Satguru Jagjit Singh Ji eLibrary NamdhariElibrary@gmail.com

'ਮਾਈ ਜੀ ! ਆਪ ਆਪਣੇ ਦੁਖਾਂ ਦੀ ਕਥਾ ਸੁਣਾਓ ! ਅਸੀਂ ਜ਼ਰੂਰ ਸੁਣਨਾ ਚਾਹੁੰਦੇ ਹਾਂ, ਜਗਤ ਜੀਵਾਂ ਦੇ ਦੁਖਾਂ ਦੀਆਂ ਕਥਾਵਾਂ ਸੁਣਨ ਵਾਸਤੇ ਹੀ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ, ਇਹ ਤਖਤ ਸਦਾ ਸੇਵਾ ਕਰਦਾ ਹੈ। ਦੁਖੀਆਂ ਦੀ ਸੇਵਾ ਤੇ ਸਹਾਇਤਾ ।' ਸਤਿਗੁਰੂ ਜੀ ਦਾ ਵਚਨ ਸੀ।

'ਮਹਾਰਾਜ !' ਮਾਈ ਬੋਲੀ—'ਮੇਰਾ ਪਤੀ ਸੀ ਤੇ ਦੋ ਪੁਤਰ ਹੋਰ ਸਨ, ਪਹਿਲਾਂ ਮੇਰਾ ਪਤੀ ਜੁਧ ਵਿਚ ਸ਼ਹੀਦ ਹੋਇਆ। ਉਸ ਵੇਲੇ ਮੈਂ ਘਾਬਰੀ ਨਹੀਂ ਸਗੋਂ ਪ੍ਰਸੰਨ ਚਿਤ ਰਹੀ। ਉਸਦੇ ਪਿਛੋਂ ਮੇਰਾ ਵੱਡਾ ਪੁਤਰ ਸ਼ਹੀਦ ਹੋਇਆ, ਉਹ ਵੀ ਆਪ ਦੇ ਜੁਧ ਵਿਚ, ਜਦੋਂ ਰਾਜਿਆਂ ਤੇ ਤੁਰਕਾਂ ਦੀ ਫੌਜ ਨਾਲ ਯੁਧ ਹੋਏ ਸਨ। ਉਸ ਤੋਂ ਛੋਟਾ (ਵਿਚਕਾਰਲਾ) ਉਹ ਵੀ ਸ਼ਹੀਦ ਹੋ ਗਿਆ। ਸ਼ਹੀਦ ਹੋਇਆ ਤੁਰਕਾਂ ਨਾਲ ਜੁਧ ਕਰਦਾ ਹੋਇਆ। ਦੋ ਪੁਤਰ ਤੇ ਇਕ ਪਤੀ ਯੁਧ ਵਿਚ ਸ਼ਹੀਦ ਕਰਵਾਕੇ ਮੈਂ ਬਹੁਤ ਪ੍ਰਸੰਨ ਹੋਈ ਕਿਉਂਕਿ ਸਿੰਘ ਦਾ ਜੀਵਨ ਹੀ ਧਰਮ ਯੁਧ ਵਾਸਤੇ ਹੈ।'

'ਪਰ ਅਜ ਮੈਨੂੰ ਦੁਖ ਇਸ ਗੱਲ ਦਾ ਹੈ ਕਿ ਮੇਰਾ ਇਕ ਪੁਤ੍ਰ ਤੀਸਰਾ ਹੈ। ਉਹ ਅਜੇ ਕੁਝ ਹੌਲਾ ਹੈ। ਮੇਰੀ ਇਛਾ ਹੈ ਕਿ ਉਹ ਵੀ ਧਰਮ-ਜੁਧ ਵਿਚ ਹੀ ਸ਼ਹੀਦ ਹੋਵੇ। ਓਹ ਕਿਸੇ ਬੀਮਾਰੀ ਨਾਲ ਨਾ ਮਰੇ, ਪਰ ਹੁਣ ਉਹ ਪਿਛਲੇ ਦਸਾਂ ਦਿਨਾਂ ਤੋਂ ਤਾਪ ਨਾਲ ਮੰਜੇ ਤੇ ਪਿਆ ਹੈ। ਉਸਦਾ ਹੁਲੀਆ ਬਦਲਦਾ ਜਾਂਦਾ ਹੈ। ਮੈਨੂੰ ਚਿੰਤਾ ਹੈ ਕਿਤੇ ਉਹ ਚਲਾਣਾ ਨਾ ਕਰ ਜਾਵੇ। ਇਸ ਤਰਾਂ ਉਸਦਾ ਜੀਵਨ ਵਿਅਰਥ ਜਾਵੇਗਾ। ਮੇਰੇ ਪੁਤ੍ਰਾਂ ਦੀ ਵੀ ਇਹੋ ਇਛਾ ਹੈ ਕਿ ਉਹ ਇਸ ਤਰਾਂ ਬਿਨਾਂ ਕਾਰਨ ਨਾ ਮਰੇ ਸਗੋਂ ਧਰਮ ਜੁਧ ਵਿਚ ਸ਼ਹੀਦ ਹੋਵੇ, ਪਰ ਮੇਰੇ ਪੁਤ੍ਰ ਤੋਂ ਮੇਰੀ ਸੱਧਰ ਪੂਰੀ ਨਹੀਂ ਹੁੰਦੀ ਦਿਸ ਰਹੀ। ਮੈਂ ਬਹੁਤ ਦੁਖੀ ਹਾਂ, ਮੇਰਾ ਪੁਤਰ ਰੋਗ ਤੋਂ ਅਰੋਗ ਹੋ ਜਾਵੇ। ਜਦੋਂ ਵੀ ਵੇਲਾ ਆਵੇ, ਤਦੋਂ ਹੀ ਧਰਮ ਯੁਧ ਵਿਚ ਸ਼ਹੀਦ ਹੋਵੇ, ਮੇਰੇ ਤੇ ਮੇਹਰ ਕਰੋ, ਮੇਰੇ ਤੇ ਦਇਆ ਕਰੋ।'

ਮਾਤਾ ਦੀ ਇਹ ਨਿਰਾਲੀ ਅਰਦਾਸ ਸੁਣਕੇ ਸੰਗਤ ਤਾਂ ਹੈਰਾਨ ਹੋਈ

Sri Satguru Jagjit Singh Ji eLibrary NamdhariElibrary@gmail.com

ਤੇ ਸਤਿਗੁਰ ਜੀ ਪ੍ਰਸੰਨਤਾ ਨਾਲ ਮੁਸਕਰਾਏ। ਮੁਸਕਰਾਉਂਦੇ ਹੋਏ ਹੀ ਸਾਹਿਬ ਅੰਤ੍ਰ ਧਿਆਨ ਹੋ ਗਏ। ਆਪਣੀ ਬ੍ਰਹਮ ਸ਼ਕਤੀ ਨਾਲ ਮਾਈ ਦੇ ਬਚੇ ਨੂੰ ਦੇਖਿਆ ਅਤੇ ਉਸਨੂੰ ਾਜ਼ੀ ਕਰ ਦਿਤਾ। ਜਦੋਂ ਬੱਚਾ ਮੰਜੀ ਤੇ ਬੈਠ ਗਿਆ ਤਾਂ ਸਾਹਿਬਾਂ ਨੇ ਸਮਾਧੀ ਖੋਹਲੀ ਤੇ ਮਾਈ ਨੂੰ ਕਿਹਾ—'ਹੇ ਮਾਤਾ! ਜਾਹ ਘਰ ਨੂੰ ਤੇਰੀ ਅਰਦਾਸ ਸਤਿਗੁਰ ਨਾਨਕ ਦੇਵ ਜੀ ਦੇ ਘਰ ਪਰਵਾਨ ਹੋਈ ਹੈ। ਤੇਰੀਆਂ ਮੁਰਾਦਾਂ ਪੂਰੀਆਂ ਹੋਣਗੀਆਂ ਚਿੰਤਾ ਨਾ ਕਰ! ਜਾਹ ਘਰ, ਤੇਰਾ ਬੱਚਾ ਤੈਨੂੰ ਲਭ ਰਿਹਾ ਹੈ। ਉਸ ਨੂੰ ਇਛਾ ਹੈ ਕਿ ਉਹ ਤੇਰੇ ਹਥੋਂ ਸੀਤਲ ਜਲ ਪੀਵੇ।'

ਸਤਿਗੁਰ ਜੀ ਦੇ ਬਚਨਾਂ ਉਪਰ ਮਾਈ ਨੂੰ ਭਰੋਸਾ ਸੀ। ਓਹ ਓਸੇ ਵੇਲ਼ੇ ਉਠਕੇ ਘਰ ਨੂੰ ਨੱਠ ਉਠੀ, ਘਰ ਜਾ ਕੇ ਉਸ ਨੇ ਦੇਖਿਆ ਕਿ ਓਹਦੇ ਪੁਤਰ ਦਾ ਤਾਪ ਟੁਟ ਚੁਕਾ ਸੀ ਤੇ ਉਹ ਅਰੋਗ ਗਭਰੂਆਂ ਵਾਂਗ ਮੰਜੇ ਉਤੇ ਬੈਠਾ ਸੀ, ਉਸਨੇ ਹੱਸਕੇ ਪੁਛਿਆ, 'ਮਾਂ! ਤੂੰ ਕਿਥੇ ਗਈ ਸੀ? ਮੈਂ ਤੈਨੂੰ ਕਦੇ ਦਾ ਲੱਭ ਰਿਹਾ ਹਾਂ। ਸਤਿਗੁਰ ਜੀ ਆਏ ਸਨ ਅਰ ਉਹ ਚਲੇ ਗਏ। ਤੂੰ ਘਰ ਨਹੀਂ ਸੀ ਅਤੇ ਮੈਂ ਉਹਨਾਂ ਦੀ ਸੇਵਾ ਨਹੀਂ ਕਰ ਸਕਿਆ। ਉਹ ਮੈਨੂੰ ਪਿਆਰ ਦੇ ਕੇ ਤੁਰ ਗਏ। ਮਾਂ ਸਤਿਗੁਰ ਜੀ ਨੇ ਜਿਉਂ ਹੀ ਮੇਰੇ ਸਿਰ ਉਪਰ ਹਥ ਰਖਿਆ ਤਿਉਂ ਹੀ ਮੇਰਾ ਤਾਪ ਟੁਟ ਗਿਆ।

ਮਾਈ ਆਪਣੇ ਪੁਤਰ ਦੀ ਜ਼ਬਾਨੋਂ ਇਹ ਕੌਤਕ ਸੁਣਕੇ ਬਹੁਤ ਹੈਰਾਨ ਹੋਈ, ਪਰ ਉਸਨੂੰ ਸਮਝ ਆ ਗਈ ਕਿ ਇਹ ਸਾਹਿਬਾਂ ਦੀ ਮਾਯਾ ਹੈ, ਜਿਸਦਾ ਮਨੁਖ ਨੂੰ ਗਿਆਨ ਨਹੀਂ ਹੋ ਸਕਦਾ। ਉਸ ਨੇ ਉਸ ਵੇਲੇ ਸਤਿਗੁਰ ਜੀ ਦਾ ਧੰਨਵਾਦ ਕੀਤਾ। ਕਈ ਦਿਨ ਸਾਹਿਬਾਂ ਦਾ ਜਸ ਗਾਉਂਦੀ ਰਹੀ।

ਉਸ ਮਾਈ ਦਾ ਪੁਤ੍ਰ ਰਾਜ਼ੀ ਹੋ ਗਿਆ ਤੇ ਅਨੰਦਪੁਰ ਦੇ ਛੱਡਣ ਸਮੇਂ ਸਰਸਾ ਨਦੀ ਕਿਨਾਰੇ ਸਾਹਿਬਜ਼ਾਦਿਆਂ ਦੀ ਰਾਖੀ ਕਰਦਾ ਹੋਇਆ ਸ਼ਹੀਦ ਹੋਇਆ। ਧੰਨ ਸਿਖੀ ਤੇ ਧੰਨ ਸਤਿਗੁਰੂ ਜੀ ਦੇ ਸਿੱਖ।

Sri Satguru Jagjit Singh Ji eLibrary NamdhariElibrary@gmail.com

੧੩. ਸਿਖਾਂ ਦੇ ਹੁਕਮ ਮੰਨਣ ਦੀ ਕਥਾ

ਸਤਿਗੁਰ ਜੀ ਉਸ ਦਿਨ ਰਵਾਲਸਰ ਹੀ ਸਨ ਕਿ ਇਕ ਸਿਖ ਇਕ ਸੁੰਦਰ ਬੰਦੂਕ ਤਿਆਰ ਕਰਕੇ ਲਿਆਇਆ ਤੇ ਉਸ ਨੇ ਉਹ ਬੰਦੂਕ ਸਤਿਗੁਰ ਜੀ ਦੀ ਭੇਟਾ ਕੀਤੀ। ਉਸ ਸਮੇਂ ਸਤਿਗੁਰ ਜੀ ਦੇ ਪਾਸ ਕੁਝ ਕੁ ਪਹਾੜੀ ਰਾਜੇ ਤੇ ਚੋਖੀ ਸੰਗਤ ਬੈਠੀ ਸੀ। ਉਸ ਬੰਦੂਕ ਨੂੰ ਹਥ ਵਿਚ ਲੈਕੇ ਸਾਹਿਬਾਂ ਨੇ ਇਕ ਕੌਤਕ ਕੀਤਾ, ਉਹਨਾਂ ਨੇ ਬਚਨ ਕੀਤਾ—'ਇਸ ਬੰਦੂਕ ਦੀ ਪ੍ਰੀਖਿਆ ਵਾਸਤੇ ਇਕ ਸਿਖ ਦੀ ਲੋੜ ਹੈ ਜਿ ਸ਼ਾ ਇਸਦੀ ਗੋਲੀ ਦਾ ਨਿਸ਼ਾਨਾ ਬਣ ਸਕੇ। ਕੀ ਕੋਈ ਤਿਆਰ ਹੈ?'

'ਤਿਆਰ ਹੈ?' ਸ਼ਬਦ ਅਜੇ ਸਤਿਗੁਰ ਜੀ ਦੇ ਬੁਲ੍ਹਾਂ ਉਤੇ ਹੀ ਸੀ ਕਿ ਅਠ ਦਸ ਸਿੰਘ ਉਠਕੇ ਤਿਆਰ ਹੋ ਪਏ। ਉਹਨਾਂ ਦਾ ਆਪੋ ਵਿਚ ਦੀ ਝਗੜਾ ਹੋ ਗਿਆ।

ਪਿਉ ਆਖੇ ਕਿ ਉਸ ਨੇ ਪਹਿਲਾਂ ਸਤਿਗੁਰ ਦਾ ਹੁਕਮ ਸੁਣਿਆ ਤੇ ਇਸ਼ਾਰਾ ਦੇਖਿਆ ਤੇ ਪੁਤਰ ਆਖੇ ਨਹੀਂ ਉਸਨੇ ਪਹਿਲਾਂ ਹੁਕਮ ਸਰਵਣ ਕੀਤਾ ਹੈ ਉਸਦੀ ਵਾਰੀ ਹੈ, ਉਹੋ ਹੀ ਗੋਲੀ ਦਾ ਨਿਸ਼ਾਨਾ ਬਣੇਗਾ, ਪਰ ਦੂਸਰੇ ਪਾਸੇ ਪਿਤ ਮਰਨ ਵਾਸਤੇ ਕਾਹਲਾ ਸੀ।

ਪਿਉ ਪੁਤ੍ਰਾਂ ਤੋਂ ਬਿਨਾਂ ਹੋਰ ਸਿਖ ਬਹੁਤ ਕਾਹਲੇ ਸਨ। ਓਹ ਵੀ ਚਾਹੁੰਦੇ ਸੀ ਕਿ ਸਤਿਗੁਰ ਜੀ ਦੀ ਗੋਲੀ ਦਾ ਨਿਸ਼ਾਨਾ ਬਣਕੇ ਓਹ ਆਪਣਾ ਜੀਵਨ ਸਫਲ ਕਰਨ, ਇਸਤਰਾਂ ਸਿੰਘਾਂ ਦੀ ਭੀੜ ਲਗ ਗਈ ਤੇ ਇਕ ਤਕੜੀ ਕਤਾਰ ਬਣ ਗਈ। ਦਰਸ਼ਕ ਬਹੁਤ ਹੈਰਾਨ ਸਨ, ਉਹ ਸੋਚਦੇ ਸੀ ਸਿੰਘਾਂ ਦਾ ਸਤਿਗੁਰ ਜੀ ਨਾਲ ਕਿੰਨਾ ਪਿਆਰ ਹੈ? ਐਸੇ ਪਰੇਮੀ ਤੇ ਸ਼ਰਧਾਲੂ ਸਿਖਾਂ ਦੇ ਹੁੰਦਿਆਂ ਹੋਇਆਂ ਕੋਈ ਐਸਾ ਸਤਿਗੁਰ ਜੀ ਨੂੰ ਨਹੀਂ ਜਿਤ ਸਕਦਾ। ਜਿਹੜੇ ਬਿਨਾਂ ਕਾਰਨ ਮਰਨਾ ਚਾਹੁੰਦੇ ਹਨ, ਉਹ ਕਿਸੇ ਕਾਰਨ ਵਾਸਤੇ ਕਦੋਂ ਮਰਨੋਂ ਪਿਛੇ ਹਟਦੇ ਹਨ। ਜਿਸ ਮਹਾਂ ਬਲੀ ਕੋਲ ਐਸੇ ਸਿਰਲਥ ਸੂਰਮਿਆਂ ਦੀ ਸੈਨਾ ਹੋਵੇ ਉਹ ਜ਼ਰੂਰ ਚੱਕਰਵਰਤੀ ਬਾਦਸ਼ਾਹ ਬਣਦਾ ਹੈ। ਪਹਾੜੀ ਰਾਜਿਆਂ ਨੇ ਤਾਂ

Sri Satguru Jagjit Singh Ji eLibrary NamdhariElibrary@gmail.com

ਉਂਗਲਾਂ ਮੂੰਹ ਵਿਚ ਪਾ ਲਈਆਂ, ਉਹ ਅਚਮਭ ਅੱਖਾਂ ਨਾਲ ਬਿਟ ਬਿਟ ਤਕਦੇ ਰਹੇ।

ਆਖਰ ਇਮਤਿਹਾਨ ਦਾ ਵੇਲਾ ਆ ਪੁਜਾ, ਸਤਿਗੁਰੂ ਜੀ ਨੇ ਨਿਸ਼ਾਨਾ ਲਿਆ, ਬੰਦੂਕ ਦਾ ਘੋੜਾ ਨਪਿਆ ਪਰ ਗੋਲੀ ਉਪਰੋਂ ਦੀ ਕਢ ਦਿਤੀ। ਕਿਸੇ ਮਨੁਖ ਦਾ ਨੁਕਸਾਨ ਨਾ ਕੀਤਾ। ਇਹ ਕੌਤਕ ਦੇਖਕੇ ਸਾਰੇ ਹੈਰਾਨ ਹੋਏ। ਸਤਿਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਵਰ ਦਿਤੇ ਤੇ ਆਖਿਆ—'ਕਦੀ ਅਸਾਂ ਦੇ ਸੁਪਨੇ ਪੂਰਨ ਜ਼ਰੂਰ ਹੋਣਗੇ।'

੧੪. ਕਿਰਤ ਕਮਾਈ ਦੀ ਮਹਾਨਤਾ

"ਜਿਹੜਾ ਕਰੇ ਸੋ ਖਾਵੇ,ਜਿਹੜਾ ਵੇਹਲਾ ਰਹੇ ਉਹ ਭੁਖਾ ਮਰ ਜਾਵੇ" ਦਾ ਵਿਚਾਰ ਅਜ ਕਿਹਾ ਜਾਂਦਾ ਹੈ ਨਵਾਂ ਹੈ, ਪਰ ਇਹ ਨਵਾਂ ਨਹੀਂ ਸਗੋਂ ਪ੍ਰਾਚੀਨ ਹੈ। ਸਤਿਗੁਰੂ ਜੀ ਨੇ ਜਦੋਂ ਦੇਖਿਆ ਕਿ ਹਿੰਦ ਦੇ ਵਿਚ ਸਾਧੂ ਵਿਹਲੇ ਬੈਠਕੇ ਖਾਂਦੇ ਹਨ, ਗ੍ਰਿਹਸਥੀਆਂ ਦੇ ਸਿਰ ਭਾਰ ਹਨ ਤਾਂ ਉਹਨਾਂ ਨੇ ਹਰ ਇਕ ਸਿਖ ਨੂੰ ਹੱਥੀਂ ਕਿਰਤ ਕਮਾਈ ਕਰਨ ਦਾ ਉਪਦੇਸ਼ ਦਿਤਾ । ਨਿਰਾ ਉਪਦੇਸ਼ ਹੀ ਨਹੀਂ ਸਗੋਂ ਅਮਲ ਵਿਚ ਲਿਆਂਦਾ। ਸਾਰੇ ਅਨੰਦਪੁਰ ਵਿਚ ਐਸਾ ਆਦਮੀ ਕੋਈ ਨਹੀਂ ਜੋ ਰਾਜੀ ਬਾਜੀ ਨਾ ਹੋਵੇ ਤੇ ਕਿਰਤ ਜਾਂ ਸੇਵਾ ਨਾ ਕਰਦਾ ਹੋਵੇ। ਹਰ ਇਕ ਸਿਖ ਨੂੰ ਲਕੜਾਂ, ਘਾਹ, ਗੁਰੂ ਕੇ ਲੰਗਰ, ਇਮਾਰਤ ਜਾਂ ਕਿਸੇ ਨਾ ਕਿਸੇ ਹੋਰ ਧੰਦੇ ਵਿਚ ਜ਼ਰੂਰ ਲਾਇਆ ਜਾਂਦਾ ਸੀ, ਕਿਸੇ ਨੁਕਰੇ ਲੁਕ ਕੇ ਵੀ ਕੋਈ ਆਦਮੀ ਵੇਹਲਾ ਨਹੀਂ ਸੀ ਬੈਠ ਸਕਦਾ ਜੋ ਖਾ ਖਾ ਕੇ ਪੇਟ ਵਧਾ ਛਡੇ ਤੇ ਗੱਪਾਂ ਰੇਹੜਦਾ ਹੋਇਆ ਮਨੁਖਾ ਜੀਵਨ ਨੂੰ ਐਵੇਂ ਗਵਾਵੇ। ਇਸ ਵਾਸਤੇ ਸਾਰੇ ਸਿਖ ਸੇਵਾ ਕਰਨ ਲਗ ਪਏ ਸਨ। ਇਕ ਕਥਾ ਹੈ ਕਿ ਇਕ ਦਿਨ ਸੰਗਤ ਵਿਚ ਬੈਠਿਆਂ ਸਤਿਗੁਰੂ ਜੀ ਨੇ ਜਲ ਮੰਗਿਆ। ਉਸ ਵੇਲੇ ਸਤਿਗੁਰੂ ਜੀ ਦੇ ਪਾਸ ਇਕ ਨੌਜਵਾਨ ਬੈਠਾ ਸੀ। ਇਹ ਸੁਣਦੇ ਸਾਰ ਉਹ ਨੱਠਕੇ ਗਿਆ ਤੇ ਪਾਣੀ ਦਾ ਗਲਾਸ ਲੈ ਕੇ ਆ ਗਿਆ। ਗਲਾਸ ਵਿਚ ਜੈਸਾ ਨਿਰਮਲ ਪਾਣੀ ਸੀ ਵੈਸੇ ਹੀ ਉਸ ਨੌਜਵਾਨ ਦੇ ਹੱਥ ਕੋਮਲ ਤੇ ਨਿਰਮਲ ਸਨ। ਗੁਲਾਬ

Sri Satguru Jagjit Singh Ji eLibrary NamdhariElibrary@gmail.com

ਦੀਆਂ ਪੱਤੀਆਂ ਵਾਂਗ ਹੱਥਾਂ ਦੀਆਂ ਤਲ਼ੀਆਂ ਸਨ। ਉਨ੍ਹਾਂ ਨੂੰ ਦੇਖ ਕੇ ਸਾਹਿਬਾਂ ਨੇ ਲੜਕੇ ਨੂੰ ਪੁਛਿਆ—'ਕਾਕਾ ! ਤੂੰ ਕੀ ਕੰਮ ਕਰਦਾ ਹੈਂ ?'

'ਮੈਂ—ਜੀ ਕੋਈ ਕੰਮ ਨਹੀਂ ਕਰਦਾ। ਮੇਰੇ ਮਾਂ-ਬਾਪ ਅਮੀਰ ਹਨ। ਖਾਣ ਨੂੰ ਚੰਗਾ ਚੋਖਾ, ਹੰਢਾਉਣ ਨੂੰ ਮਨ ਭਾਉਂਦੇ ਕਪੜੇ ਮਿਲਦੇ ਹਨ। ਬਸ ਮੈਂ ਅਜ਼ਾਮ ਨਾਲ ਰਹਿੰਦਾ ਹਾਂ। ਮੈਨੂੰ ਕੰਮ ਕਰਨ ਦੀ ਲੋੜ ਨਹੀਂ।'

ਨੌਜਵਾਨ ਨੇ ਝਿਜਕ ਕੇ ਸੱਚੀ ਗੱਲ ਆਖ ਸੁਣਾਈ।

'ਫਿਰ ਅਸਾਂ ਤੇਰੇ ਹਥੋਂ ਪਾਣੀ ਨਹੀਂ ਪੀਣਾ। ਤੂੰ ਸੇਵਾ ਜਾਂ ਕਿਰਤ ਕਰਕੇ ਹਥ ਸਫਲ ਨਹੀਂ ਕੀਤੇ। ਅਮੀਰ ਹਥਾਂ ਦਾ ਪਾਣੀ ਪੀ ਕੇ ਸਜਣ ਭਗਤੀ ਨਹੀਂ ਕਰ ਸਕਦਾ।'

ਸਤਿਗੁਰ ਜੀ ਦੇ ਇਹ ਬਚਨ ਸੁਣਕੇ ਨੌਜਵਾਨ ਸ਼ਰਮਿੰਦਾ ਹੋ ਗਿਆ। ਉਸ ਨੇ ਅੱਖਾਂ ਨੀਵੀਆਂ ਕਰ ਲਈਆਂ। ਜੋਹੜੇ ਹੋਰ ਵੀ ਕਿਰਤ ਨਹੀਂ ਸਨ ਕਰਦੇ ਓਹ ਵੀ ਸ਼ਰਮਿੰਦੇ ਹੋਏ ਤੇ ਆਪਣੇ ਆਪ ਨੂੰ ਲਾਹਨਤਾਂ ਪਾਉਣ ਲਗੇ। ਇਕ ਹੋਰ ਸਿੰਘ ਆ ਗਿਆ ਤੇ ਪਾਣੀ ਦਾ ਗਲਾਸ ਲੈ ਆਇਆ, ਉਹ ਗਲਾਸ ਸਤਿਗੁਰੂ ਜੀ ਨੇ ਪੀਤਾ।

ਪਹਿਲਾਂ ਨੌਜਵਾਨ ਸ਼ਰਮਿੰਦਾ ਜਿਹਾ ਹੋਇਆ। ਸੰਗਤ ਵਿਚੋਂ ਬਾਹਰ ਚਲਿਆਂ ਗਿਆ ਤੇ ਸੰਗਤ ਦੇ ਜੋੜੇ ਝਾੜਕੇ ਸੇਵਾ ਕਰਨ ਲਗਾ ਅਤੇ ਨਾਲੇ ਉਹ ਸੇਵਾ ਕਰੀ ਜਾਂਦਾ ਸੀ ਤੇ ਨਾਲੇ ਅੱਖਾਂ ਵਿਚੋਂ ਅੱਧਰੂ ਕੇਰੀ ਜਾਂਦਾ ਸੀ।

* * *

੧੫. ਮੁਸਲਮਾਨ ਇਸਤ੍ਰੀ ਦੀ ਕਥਾ

ਸਤਿਗੁਰੂ ਜੀ ਦਾ ਮਿਸ਼ਨ ਸੀ ਕਿ ਉਹ ਪਰ-ਨਾਰੀ ਦਾ ਬਹੁਤ ਸਤਿਕਾਰ ਕਰਦੇ ਸਨ। ਇਸਤ੍ਰੀ ਆਪਣੇ ਧਰਮ ਨਾਲ ਸਬੰਧ ਰਖਦੀ ਹੋਵੇ ਜਾਂ ਗੈਰ ਧਰਮ ਨਾਲ ਉਸ ਨੂੰ ਭੈਣ ਤੇ ਮਾਤਾ ਦੇ ਸਮਾਨ ਹੀ ਸਤਿਕਾਰਦੇ ਸਨ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਿਸੇ ਸਿਖ ਨੇ ਕਦੀ ਕਿਸੇ ਇਸਤ੍ਰੀ ਨੂੰ ਕਿਸੇ ਤਰਾਂ ਵੀ ਤੰਗ ਨਹੀਂ ਸੀ ਕੀਤਾ।

Sri Satguru Jagjit Singh Ji eLibrary NamdhariElibrary@gmail.com

ਇਕ ਵਾਰੀ ਲੜਾਈ ਵਿਚ ਇਕ ਅਮੀਰ ਮੁਸਲਮਾਨ ਇਸਤ੍ਰੀ ਪਾਲਕੀ ਵਿਚ ਬੈਠੀ ਹੋਈ ਸਿੰਘਾਂ ਦੇ ਇਕ ਜਥੇ ਦੇ ਹੱਥ ਆ ਗਈ। ਸਿੰਘਾਂ ਨੇ ਉਸ ਨੂੰ ਜਥੇਦਾਰਾਂ ਦੇ ਹਵਾਲੇ ਕਰ ਦਿਤਾ ਪਰ ਪਾਲਕੀ ਦਾ ਕਪੜਾ ਨਹੀਂ ਚੁਕਿਆ ਤੇ ਨਾ ਹੀ ਦੇਖਿਆ ਇਸਤ੍ਰੀ ਕੌਣ ਤੇ ਕਿਸ ਤਰਾਂ ਦੀ ਹੈ। ਜਥੇਦਾਰ ਨੇ ਪਾਲਕੀ ਨੂੰ ਅਨੰਦਪੁਰ ਲੈ ਆਂਦਾ ਤੇ ਸਤਿਗੁਰੂ ਜੀ ਦੇ ਪੇਸ਼ ਕੀਤਾ। ਜਦ ਪਾਲਕੀ ਸਾਹਿਬਾਂ ਦੇ ਕੋਲ ਪੁਜੀ ਤਾਂ ਸਾਹਿਬਾਂ ਨੇ ਪੁਛਿਆ—'ਇਸ ਪਾਲਕੀ ਵਿਚ ਕੌਣ ਹੈ?'

'ਮਹਾਰਾਜ! ਇਕ ਮੁਸਲਮਾਨ ਇਸਤ੍ਰੀ ਹੈ?' ਜਥੇਦਾਰ ਨੇ ਉਤਰ ਦਿਤਾ।

ਸਤਿਗੁਰੂ ਜੀ—'ਕਿਸ ਦੀ ਹੈ?'

ਜਥੇਦਾਰ ਜੀ—ਮਹਾਰਾਜ! ਇਹ ਤਾਂ ਪਤਾ ਨਹੀਂ ਕਿਸਦੀ ਹੈ, ਕਿਉਂਕਿ ਨਾ ਅਸਾਂ ਪਾਲਕੀ ਦਾ ਕਪੜਾ ਚੁਕਿਆ ਹੈ ਤੇ ਨਾ ਦੇਖਿਆ ਹੈ ਕਿ ਕੌਣ ਹੈ, ਕੈਸੀ ਹੈ ਤੇ ਨਾ ਕਿਸੇ ਜ਼ਬਾਨ ਸਾਂਝੀ ਕੀਤੀ ਹੈ।'

ਸਤਿਗੁਰ ਜੀ—'ਤੁਸਾਂ ਬਹੁਤ ਚੰਗਾ ਕੀਤਾ। ਹਰ ਇਕ ਮੇਰੇ ਸਿਖ ਨੂੰ ਇਸਤਰਾਂ ਹੀ ਕਰਨਾ ਚਾਹੀਦਾ ਹੈ। ਕੋਈ ਇਸਤ੍ਰੀ ਭਾਵੇਂ ਰਾਹ ਜਾਂਦਿਆਂ ਜਾਂ ਲੜਾਈ ਦੇ ਮੈਦਾਨ ਵਿਚ ਮਿਲ ਜਾਵੇ, ਉਸਨੂੰ ਭੈਣ ਤੇ ਬੇਟੀ ਸਮਝੋ। ਹੁਣ ਇਸਦਾ ਘਰ ਘਾਟ ਪੁਛੋ ਤੇ ਵਾਪਸ ਭੇਜੋ।

ਸਤਿਗੁਰੂ ਜੀ ਦੇ ਇਹ ਸ਼ਬਦ ਸੁਣ ਕੇ ਮੁਸਲਮਾਨ ਦੇਵੀ ਦੇ ਮਨ ਤੇ ਬਹਤ ਅਸਰ ਪਿਆ। ਉਸ ਸ਼ਰਧਾ ਦੇ ਵਲਵਲੇ ਦੀ ਪਟੇਰੀ ਹੋਈ ਨੇ ਪਾਲਕੀ ਦੇ ਕਪੜੇ ਦਾ ਪੱਲਾ ਚੁਕਿਆ ਤੇ ਬੋਲੀ—ਮਹਾਰਾਜ! ਮੈਂ ਆਪ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦੀ ਹਾਂ, ਖੁਦਾ ਆਪਦਾ ਇਕਬਾਲ ਵਧਾਵੇ। ਮੈਂ ਨਵਾਬ ਖਿਜ਼ਰ ਅਲੀ ਦੀ ਬੇਟੀ ਤੇ ਰਹੀਮਪੁਰ ਦੇ ਨਵਾਬ ਦੀ ਪਤਨੀ ਹਾਂ। ਮੈਨੂੰ ਉਥੇ ਭੇਜ ਦਿਤਾ ਜਾਵੇ, ਆਪ ਦੇ ਸਿਖ ਬਹੁਤ ਚੰਗੇ ਤੇ ਨੇਕ ਪੁਰਸ਼ ਹਨ, ਫਰਿਸ਼ਤੇ ਹਨ, ਖੁਦਾ ਸਭ ਦਾ ਭਲਾ ਕਰੇ।'

ਇਸ ਤਰਾਂ ਉਸਨੇ ਗੁਰੂ ਪੰਥ ਤੇ ਸਤਿਗੁਰੂ ਜੀ ਦੀ ਬਹੁਤ ਉਸਤਤਿ

Sri Satguru Jagjit Singh Ji eLibrary NamdhariElibrary@gmail.com

ਕੀਤੀ। ਸਤਿਗੁਰੂ ਜੀ ਨੇ ਜਥੇਦਾਰ ਨੂੰ ਹੁਕਮ ਕੀਤਾ ਕਿ ਉਹ ਉਸ ਇਸਤ੍ਰੀ ਨੂੰ ਓਹਦੇ ਪਿੰਡ ਰਹੀਮਪੁਰ ਭੇਜ ਦੇਣ।

੧੬. ਸਯਾਦ ਬੇਗ ਦਾ ਪ੍ਰਸੰਗ

ਸਤਿਗੁਰ ਜੀ ਨੂਹ ਰੂਪ ਹੋਕੇ ਪਰਾਣੀ ਮਾਤ੍ਰ ਦੇ ਹਿਰਦਿਆਂ ਵਿਚ ਵੱਸ ਰਿਹਾ ਹੈ, ਪਰ ਉਨ੍ਹਾਂ ਨਾਲ ਈਰਖਾ ਤੇ ਵੈਰ ਕਰਨ ਵਾਲੇ ਲੋਕਾਂ ਦਾ ਅੱਜ ਨਾਮ ਨਿਸ਼ਾਨ ਨਹੀਂ, ਉਨ੍ਹਾਂ ਦੀ ਵੰਸ਼ ਅੱਜ ਘਸਿਆਰੇ ਤੇ ਗਰੀਬ ਹੈ ਸ਼ਾਇਦ ਉਨ੍ਹਾਂ ਦੇ ਕਰਮਾਂ ਦਾ ਫਲ ਹੈ ਕਿ ਅਜ ਪਹਾੜ ਦੇ ਲੋਕ ਗਰੀਬ ਤੇ ਨਿਥਾਵੇਂ ਹਨ। ਸਤਿਗੁਰੂ ਜੀ ਦੇ ਸਿੰਘ ਤਾਂ ਅਜ ਵੀ ਪਾਤਸ਼ਾਹੀ ਭੋਗਦੇ ਹਨ।

ਪਹਾੜ ਦੇ ਰਾਜਿਆਂ ਨੇ ਅਨੇਕਾਂ ਵਾਰ ਸਤਿਗੁਰੂ ਜੀ ਪਾਸੋਂ ਖਿਮਾ ਮੰਗੀ ਪਰ ਦਿਲ ਨਿਰਮਲ ਨਾ ਹੋਏ, ਦਿਲਾਂ ਵਿਚ ਵੈਰ ਤੇ ਈਰਖਾ ਦੀ ਅੱਗ ਬਲਦੀ ਰਹੀ। ਇਸ ਈਰਖਾ ਦਾ ਜੁਆਲਾ ਬਲਦੇ ਰਹਿਣ ਦਾ ਸਾਇਦ ਇਹ ਭੀ ਕਾਰਨ ਹੈ ਕਿ ਉਨ੍ਹਾਂ ਦੇ ਨਾਲ ਬਾਹਮਣ ਰਹਿੰਦਾ ਸੀ। ਉਹ ਗੁਰਮਤ ਦੀ ਵਿਰੋਧਤਾ ਕਰਦਾ ਸੀ। ਸਤਿਗੁਰੂ ਜੀ ਹਰ ਵਾਰ ਖਿਮਾਂ ਕਰਦੇ ਰਹੇ।

ਸਤਿਗੁਰੂ ਜੀ ਆਪਣੀ ਸੈਨਾ ਸਮੇਤ ਕੁਰੁਛੇਤ੍ਰ ਸੂਰਜ ਗ੍ਰਹਿਣ ਦੇ ਮੇਲੇ ਤੇ ਗਏ ਹੋਏ ਸਨ। ਓਥੇ ਪਹਾੜੀ ਰਾਜੇ ਵੀ ਪੁਜੇ ਸਨ। ਉਨ੍ਹਾਂ ਚੰਦਰਿਆਂ ਨੇ ਨੀਤ ਮਾੜੀ ਕਰ ਲਈ। ਉਨ੍ਹਾਂ ਨੇ ਫੈਸਲਾ ਕੀਤਾ ਕਿ ਸਤਿਗੁਰੂ ਜੀ ਉਤੇ ਕਿਸੇ ਕੋਲੋਂ ਹਮਲਾ ਕਰਾ ਦਿਤਾ ਜਾਵੇ। ਆਪ ਦੂਰ ਰਹਿਣ ਤੇ ਅਗਲੇ ਦੇ ਗਲ ਲੜਾਈ ਮੜ੍ਹ ਦੇਣ। ਸਬੱਬ ਨਾਲ ਪਿਪਲੀ ਦੇ ਮੁਕਾਮ ਤੇ ਦੋ ਮੁਸਲਮਾਨ ਠਹਿਰੇ ਹੋਏ ਸਨ। ਉਨ੍ਹਾਂ ਦੇ ਕੋਲ ਦਸ ਕੁ ਹਜ਼ਾਰ ਫੌਜ ਸੀ। ਓਹ ਜਰਨੈਲ ਸਨ ਸਯਦ ਬੇਗ ਤੇ ਆਲਿਫ ਖਾਂ। ਦੋਵੇਂ ਦਿੱਲੀ ਤੋਂ ਲਾਹੌਰ ਨੂੰ ਜਾ ਰਹੇ ਸਨ। ਪਹਾੜੀ ਰਾਜੇ ਉਨ੍ਹਾਂ ਦੇ ਕੋਲ ਪੁਜੇ, ਓਹਨਾਂ ਨੇ ਜਾਕੇ ਦੋਹਾਂ ਜਰਨੈਲਾਂ ਨੂੰ ਮਨਾਇਆ ਕਿ ਓਹ ਗੁਰੂ ਜੀ ਨਾਲ ਲੜਾਈ ਕਰਨ ਤੇ ਖਰਚ ਵਾਸਤੇ ਰੁਪਿਆ ਦਿਤਾ ਜਾਵੇਗਾ। ਦੋਹਾਂ ਜਰਨੈਲਾਂ ਨੇ ਰੁਪਿਆ ਮੰਗਿਆ। ਰਾਜਿਆਂ ਨੇ ਰੁਪਿਆ ਦੇ ਦਿਤਾ। ਜਿਸ ਵੇਲੇ ਇਹ ਸੌਦਾ ਹੋਇਆ ਤਦੋਂ ਸਤਿਗੁਰੂ ਜੀ ਵਾਪਸ

Sri Satguru Jagjit Singh Ji eLibrary NamdhariElibrary@gmail.com

ਅਨੰਦਪੁਰ ਨੂੰ ਆ ਰਹੇ ਸਨ ਕਿ ਦੋਹਾਂ ਜਰਨੈਲਾਂ ਨੇ ਪਿੱਛਾ ਕਰਨਾ ਸ਼ੁਰੂ ਕੀਤਾ। ਰੋਪੜ ਦੇ ਨੇੜੇ ਸਤਿਗੁਰੂ ਜੀ ਨੇ ਡੇਰਾ ਲਾਇਆ ਹੋਇਆ ਸੀ ਕਿ ਮੁਸਲਮਾਨ ਫੌਜ ਆ ਪਈ। ਪਹਾੜੇ ਦੇ ਟਟੂ ਮੁਸਲਮਾਨ ਸਿੰਘਾਂ ਨਾਲ ਲੜਨ ਵਾਸਤੇ ਆਏ। ਉਹ ਵੀ ਬਿਨਾਂ ਸੋਚੇ ਸਮਝੇ ਦੇ ਅਤੇ ਅਨਿਆਈ ਮੌਤੇ ਮਰਨ ਲਈ।

ਸਤਿਗੁਰੂ ਜੀ ਦੇ ਸਿੰਘਾਂ ਕੋਈ ਚੂੜੀਆਂ ਤਾਂ ਪਹਿਨੀਆਂ ਨਹੀਂ ਸਨ। ਉਹ ਤਾਂ ਚੌਵੀ ਘੰਟੇ ਤਿਆਰ ਰਹਿੰਦੇ ਸਨ। ਦੁਸ਼ਮਨ ਦਾ ਵਸਾਹ ਨਹੀਂ ਸਨ ਖਾਂਦੇ। ਜਦੋਂ ਟਾਂਗ੍ਰੀ ਨੇ ਦਸਿਆ ਕਿ ਦੁਸ਼ਮਨ ਦੀ ਸੈਨਾ ਆ ਰਹੀ ਹੈ ਤਾਂ ਸੂਰਮਿਆਂ ਨੂੰ ਚੜ੍ਹ ਲਾਲੀਆਂ ਗਈਆਂ। ਉਹ ਨਿਰਭੈਤਾ ਨਾਲ ਅਕਾਲ ! ਅਕਾਲ ! ਦੇ ਨਾਹਰੇ ਲਾਕੇ ਆਪਣੇ ਆਪਨੂੰ ਤਕੜਾ ਕਰਨ ਲਗੇ। ਉਸ ਵੇਲੇ ਧਰਤੀ ਥਰਥਰਾਈ ਤੇ ਅਸਮਾਨ ਉਤੇ ਗਿਲਝਾਂ ਤੇ ਕਲਜੋਗਨਾਂ ਆ ਪੁਜੀਆਂ। ਹਾਲਾਤ ਹੋਰ ਦੇ ਹੋਰ ਗਏ। ਸਤਿਗੁਰੂ ਜੀ ਦੇ ਰਣਜੀਤ ਨਗਾਰੇ ਨੇ ਰੋਪੜ ਦਾ ਸਾਰਾ ਵਾਯੂ ਮੰਡਲ ਗੂੰਜਾ ਦਿਤਾ। ਉਸ ਨਗਾਰੇ ਦੀ ਗੂੰਜ ਸੁਣਕੇ ਦੁਸ਼ਮਨ ਦੇ ਪੈਰਾਂ ਦੀ ਕਾਹਲ ਮੱਠੀ ਪੈ ਗਈ ਸੀ।

ਦੋਹਾਂ ਦਲਾਂ ਦਾ ਮੁਕਾਬਲਾ ਹੋਇਆ, ਕਟਾ-ਵਢ ਆਰੰਭ ਹੋ ਗਈ, ਸਿੰਘ ਅਕਾਲ ਅਕਾਲ ਦੇ ਨਾਹਰੇ ਲਾਉਂਦੇ ਹੋਏ ਦੁਸ਼ਮਨਾਂ ਨੂੰ ਇਉਂ ਚੀਰਨ ਲਗੇ ਜਿਵੇਂ ਕਾਰੀਗਰ ਲਕੜੀ ਨੂੰ ਚੀਰੀ ਜਾਂਦਾ ਹੈ, ਜਿਵੇਂ ਪੱਠੇ ਕੁਤਰਨ ਵਾਲਾ ਗੌਂਗਲੂਆਂ ਨੂੰ ਕੁਤਰੀ ਜਾਂਦਾ ਹੈ। ਪਹਾੜੇ ਦੇ ਟਟੂ ਲਾਲਚੀ ਮੁਗਲ ਸਿਪਾਹੀ ਇਹ ਸਮਝਦੇ ਸਨ ਕਿ ਜਿਨ੍ਹਾਂ ਨਾਲ ਉਹਨਾਂ ਨੂੰ ਲੜਾਇਆ ਜਾ ਰਿਹਾ ਹੈ ਉਹ ਆਪ ਹਿੰਦੂ ਹਨ, ਉਹ ਡਰ ਦੇ ਪੁਤਲੇ ਜੋ ਮੁਗਲਾਂ ਨੂੰ ਦੇਖਕੇ ਹੀ ਨੱਸ ਜਾਂਦੇ ਜਾਂ ਹਥ ਜੋੜ ਖਲੋਂਦੇ ਹਨ ਪਰ ਉਹ ਮੈਦਾਨੇ ਜੰਗ ਵਿਚ ਪਹੁੰਚਕੇ ਬਹੁਤ ਹੈਰਾਨ ਹੋਏ॥ ਉਹਨਾਂ ਦੇ ਪੈਰਾਂ ਹੇਠੋਂ ਮਿਟੀ ਨਿਕਲ ਦੀ ਜਾਂਦੀ ਸੀ॥ ਓਹ ਸਿੰਘਾਂ ਦੇ ਵਾਰ ਨਹੀਂ ਸਨ ਸੰਭਾਲ ਸਕਦੇ ਤੀਰਾਂ ਦੀ ਬਰਖਾ ਉਨ੍ਹਾਂ ਨੂੰ ਅਖਾਂ ਉਘੇੜਨ ਨਹੀਂ ਸੀ ਦੇਂਦੀ, ਸਤਿਗੁਰੂ ਜੀ ਉਚੀ ਥਾਂ ਬਿਰਾਜੇ ਹੋਏ ਤੀਰਾਂ ਨਾਲ ਸਿੰਘਾਂ ਦੀ ਸਹਾਇਤਾ ਕਰ ਰਹੇ ਸਨ ਜਿਸ ਪਾਸੇ ਦੇਖਦੇ ਕਿ ਦੁਸ਼ਮਨ ਅਗੇ ਵਧ ਰਿਹਾ ਹੈ, ਉਧਰ ਹੀ ਤੀਰ ਛਡਦੇ ਬਰਕਤਾਂ ਵਾਲੇ

Sri Satguru Jagjit Singh Ji eLibrary NamdhariElibrary@gmail.com

ਤੀਰ ਜਿਸਨੂੰ ਵੀ ਲਗਦੇ ਓਸੇ ਦਾ ਜਨਮ ਮਰਨ ਸਵਾਰ ਦੇਂਦੇ। ਓਹ ਦੁਨੀਆਂ ਛਡਕੇ ਪ੍ਰਲੋਕ ਜਾਂਦਾ ਤਾਂ ਬੈਕੁੰਠ ਵਿਚ ਵਾਸ ਕਰਦਾ, ਇਉਂ ਸਾਹਿਬ ਪਾਪੀ ਜੀਵਾਂ ਦਾ ਉਧਾਰ ਕਰੀ ਜਾਂਦੇ ਸਨ। ਇਸ ਤਰ੍ਹਾਂ ਘਮਸਾਨ ਦੀ ਲੜਾਈ ਹੁੰਦੀ ਰਹੀ।

ਲੜਾਈ ਦਾ ਜ਼ੋਰ ਦੇਖਕੇ ਸਤਿਗੁਰੂ ਜੀ ਮੈਦਾਨੇ ਜੰਗ ਵਿਚ ਆਏ। ਆਪ ਘੋੜੇ ਉਤੇ ਸਵਾਰ ਸਨ। ਹਥ ਵਿਚ ਤੀਰ ਕਮਾਨ ਤੇ ਦੋਧਾਰਾ ਖੰਡਾ ਸੀ। ਖੰਡੇ ਦੀ ਲਿਸ਼ਕ ਨਾਲੋਂ ਚੇਹਰੇ ਦੇ ਨੂਰ ਦੀ ਲਿਸ਼ਕ ਬਹੁਤੀ ਸੀ। ਸਾਹਿਬ ਜਿਧਰ ਜਾਂਦੇ ਓਧਰ ਹੀ ਵੈਰੀ ਪਿਛੇ ਹਟ ਜਾਂਦਾ।

ਸਯਾਦ ਬੇਗ ਨੇ ਸਤਿਗੁਰੂ ਜੀ ਦਾ ਜਸ ਸੁਣਿਆ ਬਹੁਤ ਸੀ, ਪਰ ਦਰਸ਼ਨ ਨਹੀਂ ਸਨ ਕੀਤੇ, ਜੇ ਦਰਸ਼ਨ ਕਰਨ ਦਾ ਸਮਾਂ ਮਿਲਿਆ ਤਾਂ ਉਹ ਵੀ ਮੈਦਾਨੇ ਜੰਗ ਵਿਚ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਸਨੂੰ ਲੜਨਾ ਭੁਲ ਗਿਆ। ਉਸਦੀਆਂ ਅੱਖਾਂ ਸਤਿਗੁਰੂ ਜੀ ਦੇ ਚੇਹਰੇ ਉਤੇ ਗੱਡੀਆਂ ਗਈਆਂ, ਅੰਗ ਅੰਗ ਝੂਠਾ ਪੈ ਗਿਆ 'ਹਾਂ ਠੀਕ ਹੈ !' ਉਸਦੀ ਜ਼ਬਾਨੋਂ ਨਿਕਲਿਆ—

'ਸਚਮੁਚ ਖੁਦਾ ਦਾ ਨੂਰ ! ਓਹੋ ਨੂਰ ਜਿਸਨੂੰ ਦੇਖਕੇ ਮੂਸਾ ਵਿਆਕੁਲ ਹੋਇਆ ਸੀ—ਮੈਂ ਇਹਨਾਂ ਨਾਲ ਲੜਾਂ ? ਇਹ ਕਿਵੇਂ ਹੋ ਸਕਦਾ ਹੈ ? ਧੰਨ ਸਤਿਗੁਰੂ !—ਉਫ ਕੀ ਹੋ ਗਿਆ ਮੈਨੂੰ ! ਮੇਰੇ ਹਥੋਂ ਤਲਵਾਰ ਨਿਕਲ ਰਹੀ ਹੈ। ਚਿਤ ਕਰਦਾ ਹੈ ਚਰਨਾਂ ਤੇ ਜਾ ਡਿੱਗਾਂ, ਜੇ ਮਰਾਂ ਤਾਂ ਇਹਨਾਂ (ਸਤਿਗੁਰੂ ਜੀ) ਦੇ ਹਥੋਂ ਮਰਾਂ।' ਸਯਾਦ ਬੇਗ ਦੇ ਮਨੋ ਭਾਵ ਸਨ। ਓਹ ਤਾਂ ਸਤਿਗੁਰੂ ਜੀ ਦੇ ਚੇਹਰੇ ਦੇ ਨੂਰ ਦਾ ਪਰੇਮੀ ਬਣ ਗਿਆ ਸ਼ਰਧਾਲੂ ਹੋ ਗਿਆ, ਓਹ ਘੋੜੇ ਉਤੇ ਸਵਾਰ ਸੀ। ਉਸਦਾ ਚਿਤ ਕਰੇ ਕਿ ਘੋੜੇ ਤੋਂ ਉਤਰਕੇ ਧਰਤੀ ਤੇ ਤੁਰੇ ਓਹ ਨਸਕੇ ਚਰਨਾਂ ਨੂੰ ਚੁੰਮੇ। ਚਰਨਾਂ ਦੀ ਖਾਕ (ਧੂੜ) ਲੈ ਕੇ ਨੈਣਾਂ ਨੂੰ ਲਾਵੇ।

ਉਸਦੇ ਸਾਥੀ ਓਹਦੇ ਵਲ ਦੇਖਕੇ ਹੈਰਾਨ ਹੋ ਗਏ ਕਿ ਵਡੀਆਂ ਵਡੀਆਂ ਲੜਾਈਆਂ ਵਿਚ ਫਤਹ ਪ੍ਰਾਪਤ ਕਰਨ ਵਾਲਾ ਸਯਾਦ ਬੇਗ ਅਜ ਦਿਲ ਨਾਲ ਲੜ ਨਹੀਂ ਰਿਹਾ ॥ ਸਤਿਗੁਰੂ ਜੀ ਦੇ ਸਿੰਘਾਂ ਤੇ ਸਤਿਗੁਰੂ ਜੀ ਵਲ ਦੇਖੀ ਜਾਂਦਾ ਹੈ ॥ ਓਹਦਾ ਸਾਥੀ ਅਲਫ ਖਾਂ ਖੁਦ ਹੈਰਾਨ ਹੋਇਆ, ਉਹ

Sri Satguru Jagjit Singh Ji eLibrary NamdhariElibrary@gmail.com

ਤਾਂ ਭਾਈ ਉਦੈ ਸਿੰਘ ਜੀ ਦੇ ਹਥੋਂ ਫਟੜ ਵੀ ਹੋ ਗਿਆ। ਜ਼ਖਮੀ ਹੋਣ ਤੇ ਲੜਨ ਦੇ ਕਾਬਲ ਨਾ ਰਿਹਾ। ਓਹ ਮੈਦਾਨ ਛਡਕੇ ਨੱਸਣ ਨੂੰ ਤਿਆਰ ਸੀ। ਓਹਦੀ ਫੌਜ ਹੈਰਾਨ ਸੀ। ਓਹ ਘੋੜਾ ਨਸਾਕੇ ਸਯਾਦ ਬੇਗ ਪਾਸ ਪੁਜਾ ਤੇ ਉਸ ਨੇ ਕਿਹਾ–'ਬੇਗ ! ਕੀ ਮਾਮਲਾ ਹੈ ? ਤੂੰ ਲੜਦਾ ਨਹੀਂ ? ਕੀ ਮਰਨ ਦਾ ਫੈਸਲਾ ਕੀਤਾ ਹੈ ? ਕੀ ਜੀਵਨ ਤੋਂ ਤੰਗ ਆ ਗਿਆ ਹੈਂ ? ਛੇਤੀ ਦਸ ਮਾਮਲਾ ਕੀ ਹੈ। ਕਾਫਰ ਉਪਰ ਚੜ੍ਹੀ ਆ ਰਿਹਾ ਹੈ।'

'ਮੈਂ ਨਹੀਂ ਲੜ ਸਕਦਾ' ਸਯਾਦ ਬੇਗ ਦਾ ਉਤਰ ਸੀ। ਅਸਾਂ ਦੇ ਸਾਹਮਣੇ ਆਪ ਖੁਦਾ ਲੜ ਰਿਹਾ ਹੈ। ਖੁਦਾ ਨਾਲ ਬੇਟਾ ਕਿਵੇਂ ਮੁਕਾਬਲਾ ਕਰ ਸਕਦਾ ਹੈ। ਮੇਰਾ ਤਾਂ ਚਿਤ ਕਰ ਰਿਹਾ ਹੈ ਕਿ ਮੈਂ ਅਗੇ ਵਧਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਵਾਂ।'

'ਸਯਾਦ ! ਕੀ ਤੂੰ ਪਾਗਲ ਤਾਂ ਨਹੀਂ ਹੋ ਗਿਆ ? ਇਕ ਕਾਫਰ ਪੀਰ ਨੂੰ ਸਲਾਮ ਕਰੇਂ ? ਉਸਦੇ ਪੈਰ ਚੁੰਮੇਂ ! ਕੀ ਤੈਨੂੰ ਬਾਦਸ਼ਾਹ ਦਾ ਡਰ ਨਹੀਂ ? ਮੁਸਲਮਾਨ ਹੋ ਕੇ ਸ਼ਰਾ ਦੇ ਉਲਟ ਚਲ ਰਿਹਾ ਹੈਂ, ਕਾਜ਼ੀ ਤੇ ਮੌਲਵੀ ਫਤਵਾ ਲਾ ਕੇ ਜੀਉਂਦੇ ਜੀ ਖਲ ਉਤਰਵਾ ਦੇਣਗੇ। ਕੋਈ ਅਕਲ ਕਰ। ਹੋਸ਼ ਤੋਂ ਕੰਮ ਲੈ, ਤਲਵਾਰ ਨੂੰ ਸੰਭਾਲ ਤੇ ਲੜ।' ਅਲਫ ਖਾਂ ਨੇ ਬੜੇ ਕਰੋਧ ਨਾਲ ਆਖਿਆ।

ਸਯਾਦ ਬੇਗ ਵਿਕ ਚੁਕਾ ਸੀ। ਓਹ ਤਾਂ ਭੌਰੇ ਦੇ ਸਮਾਨ ਸਤਿਗੁਰੂ ਜੀ ਦੇ ਚਰਨ ਕੰਵਲਾਂ ਕੋਲੋਂ ਸਦੀਵੀ ਸ਼ਾਂਤੀ ਦਾ ਜੀਵਨ ਰਸ ਪ੍ਰਾਪਤ ਕਰਨਾ ਚਾਹੁੰਦਾ ਸੀ, ਉਸ ਨੇ ਅਲਫ ਖਾਂ ਦੀ ਇਕ ਗੱਲ ਨਾ ਸੁਣੀ। ਓਹ ਤਨੋਂ ਮਨੋਂ ਸਤਿਗੁਰੂ ਜੀ ਦਾ ਹੋ ਗਿਆ, ਉਸਦੇ ਵਿਚਾਰ ਬਦਲੇ ਦੇਖਕੇ ਅਲਫ ਖਾਂ ਮੈਦਾਨ ਛਡਕੇ ਨੱਠ ਉਠਿਆ। ਉਸਨੂੰ ਨਠਿਆਂ ਦੇਖਕੇ ਓਹਦੇ ਸਾਥੀ ਸੈਨਿਕ ਵੀ ਨੱਠ ਤੁਰੇ। ਮੈਦਾਨ ਖਾਲੀ ਹੋ ਗਿਆ, ਪਰ ਸਯਾਦ ਬੇਗ ਨਾ ਗਿਆ। ਉਹ ਘੋੜੇ ਤੋਂ ਉਤਰਕੇ ਸਤਿਗੁਰੂ ਜੀ ਦੇ ਪਾਸ ਆਇਆ। ਨੇੜੇ ਆ ਕੇ ਨਮਸ਼ਕਾਰ ਕਰਦਿਆਂ ਹੋਇਆਂ ਬੇਨਤੀ ਕੀਤੀ, 'ਦੀਨ ਦੁ ੀ ਦੇ ਵਾਲੀ ! ਖੁਦਾ ਰੂਪ ! ਭਗਵਾਨ ! ਮੈਨੂੰ ਬਖਸ਼ਣਾ, ਮੈਂ ਵਡਾ ਗੁਨਾਹਗਾਰ ਹਾਂ। ਮੈਂ ਆਪ ਨਾਲ

Sri Satguru Jagjit Singh Ji eLibrary NamdhariElibrary@gmail.com

ਲੜਨ ਵਾਸਤੇ ਆ ਗਿਆ। ਮੈਨੂੰ ਲਾਲਚ ਨੇ ਘੇਰਿਆ ਮੈਂ ਅੰਨਾ ਸਾਂ, ਹੁਣ ਮੇਰੀਆਂ ਅੱਖਾਂ ਖੁਲ੍ਹ ਗਈਆਂ, ਮੈਨੂੰ ਬਖ਼ਸ਼ੋ !'

'ਸਯਾਦ ਬੇਗ ! ਤੂੰ ਨਿਹਾਲ ਹੋ ਗਿਆ ! ਨਿਹਾਲ !'

ਸਤਿਗੁਰੂ ਜੀ ਨੇ ਬਚਨ ਕੀਤਾ। ਸਾਹਿਬ ਉਸਦੀ ਸ਼ਰਧਾ ਉਤੇ ਬਹੁਤ ਪ੍ਰਸੰਨ ਹੋਏ। ਸਾਹਿਬਾਂ ਨੇ ਬਚਨ ਕੀਤਾ—'ਹੋਣੀ ਮਨੁਖ ਨੂੰ ਕਈਆਂ ਚੱਕਰਾਂ ਵਿਚ ਫੇਰਦੀ ਹੈ। ਜੋ ਮਨੁਖ ਹੋਣੀ ਦੇ ਚੱਕਰਾਂ ਤੋਂ ਨਹੀਂ ਘਬਰਾਉਂਦਾ ਓਹ ਹੋਣੀ ਨੂੰ ਜਿਤ ਜਾਂਦਾ ਹੈ। ਜੋ ਅਕਲ ਹਥੋਂ ਨਹੀਂ ਗਵਾਉਂਦਾ ਓਹ ਚੰਗੇ ਮਾੜੇ ਆਪਣੇ ਪਰਾਏ ਦੀ ਸਮਝ ਕਰ ਲੈਂਦਾ ਹੈ। ਮੈਦਾਨੇ ਜੰਗ ਵਿਚ ਤੂੰ ਸਮਝ ਕੀਤੀ ਹੈ। ਅਸੀਂ ਸੱਚ ਤੇ ਹੱਕ ਵਾਸਤੇ ਹਾਂ। ਨਿਰਵੈਰ ਹਾਂ। ਅਸਾਂ ਤੇ ਜੋ ਹਮਲਾ ਕਰਦਾ ਹੈ ਸੋ ਮੂੰਹ ਦੀ ਮਾਰ ਖਾਂਦਾ ਹਾਂ।'

'ਮੇਰੀ ਆਤਮਾ ਆਖ ਰਹੀ ਹੈ ਤੁਸੀਂ ਬਲੀ ਹੋ, ਆਪ ਖੁਦਾ ਹੋ। ਤੁਸਾਂ ਦੇ ਚੇਹਰੇ ਦਾ ਨੂਰ ਓਹੋ ਨੂਰ ਹੈ, ਜੋਹੜਾ ਨੂਰ ਮੂਸੇ ਨੇ ਕੋਹਤੂਰ ਪਹਾੜ ਤੇ ਦੇਖਿਆ ਸੀ ਤੇ ਬੇਸੁਰਤ ਹੋ ਗਿਆ ਸੀ। ਮੈਨੂੰ ਮੁਰੀਦ ਬਣਾਓ ! ਮੈਂ ਤੁਸਾਂ ਦਾ ਬੰਦਾ ਹਾਂ।'

ਸਾਹਿਬਾਂ ਨੇ ਸਯਾਦ ਬੇਗ ਨੂੰ ਧਰਤੀ ਤੋਂ ਉਠਾਇਆ ਤੇ ਘੋੜੇ ਉਤੇ ਚੜ੍ਹਾਇਆ। ਉਸਦੇ ਸਾਥੀ ਸਾਰੇ ਚਲੇ ਗਏ, ਪਰ ਓਹ ਸਤਿਗੁਰੂ ਜੀ ਦੇ ਸਾਥ ਹੀ ਅਨੰਦਪੁਰ ਨੂੰ ਚਲਿਆ ਗਿਆ। ਸਤ ਅਠ ਦਿਨ ਰਹਿਣ ਪਿਛੋਂ ਵਾਪਸ ਲਾਹੌਰ ਨੂੰ ਤੁਰ ਗਿਆ। ਜਿੰਨਾ ਚਿਰ ਜੀਵੀਆਂ ਓਹ ਗੁਰੂ ਘਰ ਦਾ ਸ਼ਰਧਾਲੂ ਰਿਹਾ।

੧੭. ਮਾਮਲਾ ਵਧਦਾ ਹੀ ਗਿਆ

ਸਯਾਦ ਖਾਂ ਲੜਨ ਜੋਗਾ ਨਾ ਰਿਹਾ। ਓਹ ਤਾਂ ਸਤਿਗੁਰੂ ਜੀ ਦਾ ਚੇਲਾ ਬਣ ਗਿਆ, ਓਹ ਤਾਂ ਮੁਸਲਮਾਨ ਹੁੰਦਾ ਹੋਇਆ ਸਤਿਨਾਮੁ, ਵਾਹਿਗੁਰੂ' ਦਾ ਸਿਮਰਨ ਕਰਨ ਲਗਾ। ਇਹ ਖਬਰਾਂ ਔਰੰਗਜ਼ੇਬ ਨੂੰ ਪੁਜੀਆਂ। ਉਸ ਵੇਲੇ

Sri Satguru Jagjit Singh Ji eLibrary NamdhariElibrary@gmail.com

ਔਰੰਗਜ਼ੇਬ ਭਾਵੇਂ ਬੁਢੇਪੇ ਵਿਚ ਸੀ। ਉਮਰ ਦੇ ਬਾਕੀ ਦਿਨ ਥੋੜੇ ਰਹਿੰਦੇ ਸਨ, ਫਿਰ ਵੀ ਉਸਨੇ ਮਜ਼ਹਬੀ ਤਅੱਸਬ ਨਹੀਂ ਸੀ ਛਡਿਆ।

ਉਸਨੂੰ ਜਦੋਂ ਦਸਿਆ ਗਿਆ ਕਿ ਸਯਾਦ ਖਾਂ ਸਤਿਗੁਰੂ ਦੇ ਚਰਨਾਂ ਦਾ ਭੌਰਾ ਬਣਕੇ ਕਾਫਰ ਹੋ ਗਿਆ ਹੈ ਤਾਂ ਔਰੰਗਜ਼ੇਬ ਸੋਚੀਂ ਪੈ ਗਿਆ ਉਸ ਨੇ ਸੋਚਿਆ—'ਇਹ (ਸਤਿਗੁਰੂ ਜੀ) ਡਾਢਾ ਬੰਦਾ ਹੈ ਜੋ ਮੁਸਲਮਾਨਾਂ ਦੇ ਦਿਲਾਂ ਨੂੰ ਵੀ ਜਿਤੀ ਜਾਂਦਾ ਹੈ। ਜੇ ਇਸਦੀ ਸ਼ਕਤੀ ਨੂੰ ਨਸ਼ਟ ਨਾ ਕੀਤਾ ਤਾਂ ਜ਼ਰੂਰ ਇਹ ਸਾਰੇ ਭਾਰਤ ਵਿਚ ਛਾ ਜਾਵੇਗਾ ਤੇ ਮੁਸਲਮਾਨਾਂ ਨੂੰ ਹਿੰਦੂ ਬਨਾਉਣਾ ਸ਼ੁਰੂ ਕਰ ਦੇਵੇਗਾ। ਜੇਹੜੇ ਹਿੰਦੂ ਮੁਸਲਮਾਨ ਬਣੇ ਹਨ, ਓਹ ਇਸਲਾਮ ਨੂੰ ਤਿਆਗ ਜਾਣਗੇ। ਸਯਾਦ ਖਾਂ ਨੂੰ ਸਜ਼ਾਏ ਮੌਤ, ਅਨੰਦਪੁਰ ਨੂੰ ਉਜਾੜਨਾ ਅਤੇ ਉਸ ਗੁਰੂ (ਜੀ) ਨੂੰ ਫੜਨਾ ਮੇਰਾ ਹੁਕਮ ਹੈ, ਬਸ ਏਹੋ ਹੁਕਮ!'

ਇਉਂ ਸੋਚਕੇ ਤੇ ਕ੍ਰੋਧਵਾਨ ਹੋ ਕੇ ਉਸਨੇ ਸਾਰੇ ਦਰਬਾਰੀ ਸੱਦੇ। 'ਮੈਂ ਬਹੁਤ ਤੰਗ ਆ ਗਿਆ। ਇਕ ਫਕੀਰ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ। ਮੇਰੇ ਸਬਰ ਦਾ ਪਿਆਲਾ ਟੁਟ ਗਿਆ, ਮੈਂ ਹੁਣ ਕੁਝ ਨਹੀਂ ਸੁਣਨਾ ਚਾਹੁੰਦਾ, ਬਸ ਅਨੰਦਪੁਰ ਤੇ ਅਨੰਦਪੁਰ ਦਾ ਗੁਰੂ ਨਹੀਂ ਰਹਿਣਾ ਚਾਹੀਦਾ। ਕੋਈ ਹੌਂਸਲਾ ਕਰਦਾ ਹੈ ਉਸਨੂੰ ਖਤਮ ਕਰਨ ਦਾ?' ਔਰੰਗਜ਼ੇਬ ਦੀ ਦਰਬਾਰ ਵਿਚ ਗਰਜ ਸੀ। ਓਹ ਆਖੀ ਗਿਆ—'ਸਯਾਦ ਖਾਂ ਉਸਦਾ ਮੁਰੀਦ ਬਣ ਗਿਆ ਹੈ। ਓਹ ਵੀ ਜੀਉਂਦਾ ਨਹੀਂ ਰਹਿ ਸਕਦਾ। ਓਹ ਜਿਥੇ ਹੈ ਫੜਕੇ ਲਿਆਂਦਾ ਜਾਵੇ। ਇਹ ਰੋਜ਼ ਰੋਜ਼ ਦੀ ਬਕਬਕ ਮਾੜੀ ਹੈ। ਅਜ ਰਾਜ ਤੇ ਇਸਲਾਮ ਦੋਹਾਂ ਨੂੰ ਖਤਰਾ ਹੈ॥ ਇਸ ਖਤਰੇ ਤੋਂ ਬਚਣ ਵਾਸਤੇ ਹੁਣੇ ਯਤਨ ਕਰਨਾ ਚਾਹੀਦਾ ਹੈ। ਜੇ ਰਤਾ ਵੀ ਢਿਲ ਹੋਈ ਤਾਂ ਪੰਜਾਬ ਹਥੋਂ ਜਾਂਦਾ ਰਹੇਗਾ।'

ਇਕ ਸਿਆਣਾ ਦਰਬਾਰੀ ਕਹਿਣ ਲਗਾ—'ਜਹਾਂ ਪਨਾਹ?' ਓਹ ਕਰਾਮਾਤੀ ਹੈ ਉਸਨੂੰ ਲੜਾਈ ਵਿਚ ਜਿਤਣਾ ਔਖਾ ਹੈ। ਜਿਵੇਂ ਓਹਦੇ ਬਾਪ ਨੂੰ ਦਿੱਲੀ ਸਦਕੇ ਬਿਲੇ ਲਾਇਆ ਸੀ, ਠੀਕ ਓਸੇ ਤਰਾਂ ਇਹਨਾਂ ਨੂੰ ਵੀ ਦਿੱਲੀ ਸਦਿਆ ਜਾਵੇ। ਏਥੇ ਆਉਣ ਤੇ ਉਸਨੂੰ ਕੋਈ ਨਾ ਕੋਈ ਬਹਾਨਾ ਕਰਕੇ

Sri Satguru Jagjit Singh Ji eLibrary NamdhariElibrary@gmail.com

ਕਤਲ ਕਰਾ ਦਿਤਾ ਜਾਵੇ ਆਪੇ ਕਲਪਨਾ ਦਾ ਅੰਤ ਹੋ ਜਾਵੇਗਾ। ਇਹ ਕੇਹੜੀ ਵੱਡੀ ਗੱਲ ਹੈ ਰਤਾ ਹਲੇਮੀ ਨਾਲ ਚਿੱਠੀ ਲਿਖਕੇ ਨੀਤੀ ਵਰਤੀ ਜਾਵੇ। ਏਸੇ ਤਰਾਂ ਹੋਰ ਦਰਬਾਰੀਆਂ ਨੇ ਵੀ ਐਸੀ ਹੀ ਸਲਾਹ ਦਿਤੀ ਜਿਸ ਕਾਰਨ ਔਰੰਗਜ਼ੇਬ ਚਿਠੀ ਲਿਖਣ ਵਾਸਤੇ ਤਿਆਰ ਹੋ ਗਿਆ। ਉਸਨੇ ਸਤਿਗੁਰੂ ਜੀ ਵਲ ਇਕ ਲੰਮੀ ਚਿਠੀ ਲਿਖੀ ਜਿਸਦਾ ਭਾਵ ਸੀ ਕਿ ਸਤਿਗੁਰੂ ਜੀ ਦਿਲੀ ਪੁਜਕੇ ਔਰੰਗਜ਼ੇਬ ਨੂੰ ਮਿਲਣ।

ਕਲਗੀਧਰ ਪਿਤਾ ਨੂੰ ਕੌਣ ਛਲ ਸਕੇ? ਦਇਆ ਦੇ ਸ਼ਾਗਰ ਆਪ ਘਟਘਟ ਦੀ ਜਾਣਦੇ ਸਨ। ਔਰੰਗਜ਼ੇਬ ਦੀ ਚਿਠੀ ਦੇ ਇਕ ਇਕ ਅੱਖਰ ਤੋਂ ਓਹ ਸਮਝ ਗਏ ਕਿ ਓਹ ਧੋਖਾ ਕਰ ਰਿਹਾ ਹੈ। ਦਿਲੀ ਨਹੀਂ ਜਾਣਾ ਚਾਹੀਦਾ। ਸਗੋਂ ਕਰੜਾ ਤੇ ਸੱਚਾ ਉਤਰ ਦੇਣਾ ਚਾਹੀਦਾ ਹੈ। ਇਹ ਵਿਚਾਰਕੇ ਸਤਿਗੁਰੂ ਜੀ ਨੇ ਇਉਂ ਉਤਰ ਲਿਖਿਆ—ਜੋ ਕੁਝ ਤੁਸਾਂ ਲਿਖਿਆ ਹੈ ਓਹ ਕੁਝ ਤੁਸਾਂ ਦੇ ਵਿਚਾਰਾਂ ਅਨੁਸਾਰ ਹੋ ਸਕਦਾ ਹੈ ਸਭ ਕੁਝ ਠੀਕ ਹੋਵੇ, ਪਰ ਅਸਾਂ ਦੇ ਵਿਚਾਰ ਅਨੁਸਾਰ ਨਹੀਂ, ਇਹ ਝੂਠ ਹੈ ਕਿ ਤੁਸੀਂ ਇਕ ਖੁਦਾ ਦੇ ਪੁਜਾਰੀ ਹੋ, ਮਨੁਖਤਾ ਨਾਲ ਤੁਸਾਂ ਦਾ ਪਿਆਰ ਹੈ। ਤੁਸੀਂ ਤਾਂ ਮਜ਼ਹਬੀ ਤਅੱਸਬ ਦੇ ਸ਼ਿਕਾਰ ਹੋ ਚੁਕੇ ਹੋ। ਮੌਲਵੀਆਂ ਕਾਜ਼ੀਆਂ ਦੇ ਆਖੇ ਲਗਕੇ ਖੁਦਾ ਦੇ ਬੰਦਿਆਂ ਉਤੇ ਜ਼ੁਲਮ ਕਰ ਰਹੇ ਹੋ। ਹਿੰਦੂ ਤੁਸਾਂ ਦੀ ਨਿਗਾਹ ਵਿਚ ਕਾਫਰ ਹੈ ਤੇ ਸ਼ਰ੍ਹਾ ਅਨੁਸਾਰ ਕਾਫਰ ਨੂੰ ਮਾਰਨਾ ਠੀਕ ਹੈ। ਤੁਸਾਂ ਦੇ ਸਾਰੇ ਕਰਮ ਮਾੜੇ ਤੇ ਦੋਜ਼ਕ ਵਲ ਖੜਨ ਵਾਲੇ ਹਨ। ਇਸ ਵਾਸਤੇ ਅਸੀਂ ਤੁਸਾਂ ਨੂੰ ਨਹੀਂ ਮਿਲ ਸਕਦੇ। ਜੇ ਅਸਾਂ ਨਾਲ ਮਿਲਵਰਤਨ ਕਰਨਾ ਜਾਂ ਮਿਤ੍ਰਤਾ ਕਰਨ ਦਾ ਵਿਚਾਰ ਹੈ ਤਾਂ ਪਹਿਲਾਂ ਆਪਣੇ ਦਿਲ ਨੂੰ ਸਾਫ ਕਰੋ। ਅੱਖਾਂ ਉਤੋਂ ਮਜ਼ਹਬੀ ਤਅੱਸਬ ਦੀ ਪੱਟੀ ਲਾਹ ਸੁਟੋ। ਹਿੰਦੂ ਤੇ ਮੁਸਲਮਾਨ ਬੰਦਿਆਂ ਨੂੰ ਇਕ ਨਿਗਾਹ ਨਾਲ ਦੇਖੋ। ਹਿੰਦੂਆਂ ਤੋਂ ਜੇਜੀਆ ਹਟਾ ਦੇਵੋ। ਜੇ ਐਸੀਆਂ ਗੱਲਾਂ ਨਾ ਕਰ ਸਕੋ ਤਾਂ ਅਸਾਂ ਦਾ ਤੇ ਤੁਸਾਂ ਦਾ ਕਿਸੇ ਤਰਾਂ ਮੇਲ ਨਹੀਂ ਹੋ ਸਕਦਾ।

ਇਸ ਚਿੱਠੀ ਦਿੱਲੀ ਪੁਜੀ, ਆਪਣੇ ਪਾਪ ਕਰਮਾਂ ਵਲ ਦੇਖਣ ਦੀ ਥਾਂ ਉਲਟਾ ਉਸ ਨੇ ਸਚੀਆਂ ਗਲਾਂ ਦਾ ਗੁਸਾ ਕੀਤਾ॥ ਬੁਢੇਪੇ ਨੇ ਵੀ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਸਮਝ ਨਾ ਦਿਤੀ। ਓਹ ਮੂਰਖ, ਮੂਰਖ ਹੀ ਰਿਹਾ। ਉਸ ਨੇ ਭਰੇ ਦਰਬਾਰ ਵਿਚ ਆਖਿਆ—'ਬਸ ਕੋਈ ਜਰਨੈਲ ਅਗੇ ਆਵੇ ਜੋ ਬੀੜਾ ਉਠਾਵੇ ਕਿ ਉਹ ਗੁਰੂ (ਜੀ) ਨੂੰ ਅਨੰਦਪੁਰ ਤੋਂ ਬਾਹਰ ਕਢਕੇ ਅਨੰਦਪੁਰ ਦੇ ਕਿਲੇ ਨੂੰ ਢਾਹ ਫੇਰੀ ਕਰੇਗਾ ਤੇ ਗੁਰੂ (ਜੀ) ਨੂੰ ਜੀਉਂਦਾ ਜਾਂ ਮੋਇਆਂ ਫੜਕੇ ਮੇਰੇ ਪੇਸ਼ ਕਰੇਗਾ ਉਸ ਜਰਨੈਲ ਦੇ ਪਿਛੇ ਸਾਰੀ ਮੁਗਲ ਹਕੂਮਤ ਹੋਵੇਗੀ। ਚਿੰਤਾ ਕਰਨ ਦੀ ਲੋੜ ਨਹੀਂ, ਲੋੜ ਪੈਣ ਤੇ ਮੈਂ ਖ਼ੁਦ ਵੀ ਇਸ ਮੁਹਿੰਮ ਉਤੇ ਜਾਣ ਨੂੰ ਤਿਆਰ ਹਾਂ। ਬਸ ਕੋਈ ਉਠੇ ਤੇ ਮੂੰਹੋਂ ਮੰਗਿਆ ਇਨਾਮ ਪਾਵੇ।'

ਬਾਦਸ਼ਾਹ ਦਾ ਇਹ ਹੁਕਮ ਸੁਣਕੇ ਮੁਗਲ ਜਰਨੈਲ ਰਮਜ਼ਾਨ ਖਾਂ ਉਠਿਆ ਉਸ ਨੇ ਪਾਨ ਦਾ ਬੀੜਾ ਤੇ ਨੰਗੀ ਤਲਵਾਰ ਨੂੰ ਚੁਕਿਆ। ਬਾਦਸ਼ਾਹ ਨੂੰ ਸਲਾਮ ਕੀਤੀ ਤੇ ਬਚਨ ਦਿਤਾ ਕਿ ਉਹ ਅਨੰਦਪੁਰ ਨੂੰ ਉਜਾੜਕੇ ਤੇ ਗੁਰੂ (ਜੀ) ਨੂੰ ਫੜਕੇ ਲਿਆਵੇਗਾ ਨਹੀਂ ਤਾਂ ਜੀਉਂਦਾ ਨਹੀਂ ਆਵੇਗਾ।

੧੮. ਜਰਨੈਲ ਰਮਜ਼ਾਨ ਖਾ ਦਾ ਅਨੰਦਪੁਰ ਤੇ ਹੱਲਾ

ਜਰਨੈਲ ਰਮਜ਼ਾਨ ਖਾਂ ਨਗਾਰਿਆਂ (ਦੌਂਸਿਆਂ) ਤੇ ਡੱਗਾ ਮਾਰਕੇ ਦਿੱਲੀ ਤੋਂ ਚੜ੍ਹਿਆ। ਉਸਦੇ ਨਾਲ ਬੜੀ ਭਾਰੀ ਫੌਜ ਸੀ। ਦਿੱਲੀ ਸ਼ਹਿ ਦੇ ਅੱਧੇ ਮੁਸਲਮਾਨ ਉਸਦੀ ਚੜ੍ਹਾਈ ਨੂੰ ਦੇਖਣ ਵਾਸਤੇ ਆਏ। ਉਹ ਰਾਹ ਵਿਚੋਂ ਵੀ ਫੌਜ ਲੈਂਦਾ ਆਇਆ ਤੇ ਥੋੜੀਆਂ ਮੰਜ਼ਲਾਂ ਵਿਚ ਅਨੰਦਪੁਰ ਪਹੁੰਚ ਗਿਆ।

ਅਨੰਦਪੁਰ ਵਿਚ ਸਤਿਗੁਰੂ ਜੀ ਪਾਸ ਸਿਖ ਸੈਨਾ ਚੋਖੀ ਸੀ ਫਿਰ ਵੀ ਮੁਗਲ ਸੈਨਾ ਉਨ੍ਹਾਂ ਦੀ ਸੈਨਾ ਨਾਲੋਂ ਕਈ ਗੁਣਾਂ ਵਧ ਸੀ। ਸੂਰਜ ਦੇ ਚੜ੍ਹਨਸਾਰ ਜਰਨੈਲ ਰਮਜ਼ਾਨ ਖਾਂ ਨੇ ਅਨੰਦਪੁਰ ਉਤੇ ਹਮਲਾ ਕਰ ਦਿਤਾ। ਪਹਿਲਾ ਹੱਲਾ ਕਿਲ੍ਹਾ ਲੋਹਗੜ੍ਹ ਉਤੇ ਕਰਨ ਦੀ ਥਾਂ ਸ਼ਹਿਰ ਤੇ ਅਨੰਦਗੜ੍ਹ ਕਿਲਿਆਂ ਤੇ ਕੀਤਾ। ਤਾਜ਼ਾ ਦਮ ਮੁਗਲ ਸੈਨਾ ਬੜੇ ਕਰੋਧ ਤੇ ਇਸਲਾਮ ਦੇ ਪਿਆਰ ਅਤੇ ਜੋਸ਼ ਨਾਲ ਲੜਨ ਲਗੀ। ਦੂਸਰੇ ਪਾਸੇ ਸਿੰਘ ਵੀ ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਸਨ, ਉਹ ਧਰਮ. ਕੌਮ ਦੇਸ਼ ਦੀ ਸੁਤੰਤਰਤਾ ਤੇ ਸਤਿਗੁਰੂ ਜੀ ਤੋਂ ਜਾਨਾਂ ਵਾਰਨ ਨੂੰ ਤਿਆਰ ਰਹਿੰਦੇ ਸਨ। ਕਿਸੇ ਨੂੰ ਜਾਨ ਦੀ ਪਰਵਾਹ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ। ਹਰ ਇਕ ਅਗੇ ਵਧਕੇ ਲੜਾਈ ਲੜਦਾ ਸੀ । ਐਸੀ ਲੜਾਈ ਜੋ ਬਹੁਤ ਭਿਆਨਕ ਲੜਾਈ, ਜੈਸੀ ਕ'ਦੀ ਮਹਾਂ ਭਾਰਤ ਦੇ ਮੈਦਾਨ ਵਿਚ ਕੌਰਵਾਂ ਤੇ ਪਾਂਡਵਾਂ ਨੇ ਲੜੀ ਸੀ।

ਦੁਸ਼ਮਨ ਨੇ ਬਾਹਰੋਂ ਹੱਲਾ ਕੀਤਾ । ਸਿੰਘ ਅੰਦਰੋਂ ਲੜਦੇ ਸਨ । ਸ਼ਹਿਰ ਦੀ ਰਾਖੀ ਵੀ ਕੀਤੀ ਜਾ ਰਹੀ ਸੀ। ਹਰ ਇਕ ਮੋਰਚੇ ਵਿਚ ਸਿੰਘ ਜਾਨਾਂ ਤੋੜਕੇ ਲੜਦੇ ਰਹੇ ਪਰ ਵਾਹਿਗੁਰੂ ਦੇ ਭਾਣਿਆਂ ਨੂੰ ਕੌਣ ਮੋੜ ਸਕਦਾ ਹੈ। ਇਕ ਪਾਸੇ ਮੁਸਲਮਾਨਾਂ ਦਾ ਬਹੁਤਾ ਜ਼ੋਰ ਵੀ ਪੈ ਗਿਆ। ਓਹਨਾਂ ਨੇ ਸ਼ਹਿਰ ਨੂੰ ਲੁਟਿਆ ਤੇ ਚਾਰ ਪੰਜ ਥਾਂ ਅਗ ਵੀ ਲਾਈ, ਸਿੰਘ ਸੂਰਮੇ ਵੀ ਚੋਖੀ ਗਿਣਤੀ ਵਿਚ ਸ਼ਹੀਦ ਹੋਏ। ਸ਼ਹਿਰ ਨੂੰ ਲੁਟਕੇ ਤੇ ਸਿੰਘਾਂ ਨੂੰ ਸ਼ਹੀਦ ਕਰਕੇ ਜਰਨੈਲ ਰਮਜ਼ਾਨ ਖਾਂ ਨੂੰ ਹੰਕਾਰ ਹੋ ਗਿਆ। ਉਧਰੋਂ ਸੂਰਜ ਭਗਵਾਨ ਵੀ ਸਾਰਾ ਦਿਨ ਲੜਾਈ ਦੇਖਦਾ ਹੋਇਆ ਥੱਕ ਚੁਕਾ ਸੀ । ਓਹ ਵੀ ਡੁਬ ਗਿਆ ਤੇ ਹਨੇਰੇ ਨੇ ਥਾਂ ਆ ਮੱਲੀ। ਹਨੇਰੇ ਨੂੰ ਦੇਖਕੇ ਜਰਨੈਲ ਨੇ ਮੁਗਲ ਫੌਜਾਂ ਨੂੰ ਹੁਕਮ ਦਿਤਾ ਕਿ ਪਿਛੇ ਹਟ ਜਾਣ ਤੇ ਦੂਰ ਜਾ ਡੇਰੇ ਕਰਕੇ ਅਰਾਮ ਕਰਨ।

ਮੁਗਲ ਪਿਛੇ ਹਟ ਗਏ। ਕੋਈ ਦੋ ਕੁ ਮੀਲ ਦੀ ਵਿਥ ਤੇ ਜਾ ਕੇ ਡੇਰੇ ਲਾਏ। ਓਹਨਾਂ ਨੇ ਅਨੁਭਵ ਕੀਤਾ ਕਿ ਫਤਹ ਉਨ੍ਹਾਂ ਨੂੰ ਹੋਈ ਹੈ। ਓਹ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਪ੍ਰਸੰਨਤਾ ਦੇ ਜੋਸ਼ ਵਿਚ ਸ਼ਰਾਬਾਂ ਪੀਤੀਆਂ ਤੇ ਨਾਚ ਰੰਗ ਕੀਤੇ । ਉਹ ਐਸੇ ਮਸਤ ਹੋਏ ਕਿ ਭੁਲ ਹੀ ਗਏ ਕਿ ਓਹ ਵੈਰੀ (ਸਿੰਘਾਂ) ਦੇ ਨੇੜੇ ਹਨ। ਉਹ ਨਿਰਭੈਤਾ ਨਾਲ ਸੌਂ ਗਏ।

੧੯. ਸਾਹਿਬਜ਼ਾਦੇ ਅਜੀਤ ਸਿੰਘ ਜੀ ਨੇ ਸੁਤੇ ਮੁਗਲਾਂ ਉਤੇ ਹੱਲਾ ਕਰਨਾ

ਜਦੋਂ ਰਾਤ ਦਾ ਹਨੇਰਾ ਛਾ ਗਿਆ, ਲੜਾਈ ਬੰਦ ਹੋ ਗਈ ਤਾਂ ਲੜਾਈ ਦੇ ਮੈਦਾਨ ਵਿਚੋਂ ਸਿੰਘ ਸ਼ਹੀਦਾਂ ਦੀਆਂ ਦੇਹਾਂ ਨੂੰ ਚੁਕਵਾਇਆ ਗਿਆ । ਇਕ ਥਾਂ ਰਖਕੇ ਸਿੰਘ ਸਸਕਾਰ ਕਰਨ ਲਗੇ ਤਾਂ ਦੂਸਰੇ ਪਾਸੇ ਕੁਝ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਤੇ ਸਾਹਿਬਜ਼ਾਦਾ ਅਜੀਤ ਸਿੰਘ ਜੀਨੇ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਦੁਸ਼ਮਨ ਉਤੇ ਹੱਲਾ ਕਰ ਦਿਤਾ ਜਾਵੇ। ਸੋਚ ਸੋਚਕੇ ਸਤਿਗੁਰੂ ਜੀ ਨੇ ਆਗਿਆ ਬਖਸ਼ ਦਿਤੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਜਥੇਦਾਰ ਬਣਾਇਆ ਗਿਆ ਤੇ ਸਿੰਘਾਂ ਦਾ ਤਕੜਾ ਦਲ ਰਾਤ ਦੇ ਹਨੇਰੇ ਵਿਚ ਦੁਸ਼ਮਨਾਂ ਵਲ ਤਰਿਆ।

ਅਗੇ ਮੁਸਲਮਾਨ ਘੂਕ ਸੁਤੇ ਸਨ, ਉਨ੍ਹਾਂ ਵਿਚੋਂ ਬਹੁਤੇ ਸ਼ਰਾਬ ਨਾਲ ਬੇਸੁਰਤ ਸਨ। ਰਮਜ਼ਾਨ ਖਾਂ ਖੁਦ ਰੰਗ ਰਲੀਆਂ ਮਾਨਣ ਵਿਚ ਮਸਤ ਸੀ। ਸਿੰਘਾਂ ਨੇ ਜਾ ਹੱਲਾ ਬੋਲਿਆ। ਅਕਾਲ ਅਕਾਲ ਦੇ ਨਾਹਰੇ ਨਾਲ ਐਸਾ ਹੱਲਾ ਕੀਤਾ ਕਿ ਓਹਨਾਂ ਨੂੰ ਹਥਾਂ ਪੈਰਾਂ ਦੀ ਪੈ ਗਈ। ਕਿਸੇ ਤਲਵਾਰ ਚੁਕੀ ਤੇ ਕਿਸੇ ਨੂੰ ਲੱਭੀ ਹੀ ਨਾ, ਰੌਲਾ ਮਚ ਗਿਆ। ਤੰਬੂਆਂ ਨੂੰ ਅੱਗਾਂ ਲਗ ਗਈਆਂ, ਕਟਾਵੱਢ ਭਿਆਨਕ ਰੂਪ ਧਾਰਨ ਕਰ ਗਈ। ਰਮਜ਼ਾਨ ਖਾਂ ਦਾ ਵੀ ਨਸ਼ਾ ਉਤਰ ਗਿਆ। ਉਸ ਨੇ ਵੀ ਤਲਵਾਰ ਚੁਕੀ ਲੜਨ ਲਗਾ, ਥੋੜਾ ਚਿਰ ਮੁਕਾਬਲਾ ਕਰਨ ਪਿਛੋਂ ਜਦੋਂ ਉਸ ਨੂੰ ਪਤਾ ਲਗਾ ਕਿ ਓਹ ਜਿੱਤਣ ਦੀ ਥਾਂ ਮਾਰਿਆ ਜਾ ਸਕਦਾ ਹੈ ਤਾਂ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਨੱਠ ਉਠਿਆ॥ ਉਸਦੇ ਨੱਠਣ ਨਾਲ ਮੁਗਲ ਫੌਜ ਵਿਚ ਭਾਜੜ ਪੈ ਗਈ॥ ਐਸੀ ਭਾਜੜ ਪਈ ਕਿ ਕਿਸੇ ਨੂੰ ਲੀੜਾ ਜਾਂ ਸਾਮਾਨ ਚੁਕਣ ਦਾ ਵੀ ਖਿਆਲ ਨਾ ਰਿਹਾ॥ ਬਹੁਤ ਸਾਰੇ ਘੋੜਿਆਂ ਤੇ ਵੀ ਨਾ ਚੜ੍ਹ ਸਕੇ॥ ਓਹ ਘੋੜੇ ਛਡ ਕੇ ਨਸ ਗਏ, ਕਈਆਂ ਰੰਗੀਲਿਆਂ ਦੀਆਂ ਮੁਟਿਆਰ ਮੁਸਲਮਾਨ ਔਰਤਾਂ ਘਬਰਾਈਆਂ ਤੇ ਸੁਤੀਆਂ ਹੀ ਰਹਿ ਗਈਆਂ॥ ਓਹ ਅੱਧੜਵੈਂਜੀਆਂ ਹੋਈਆਂ ਏਧਰ ਓਧਰ ਤੰਬੂਆਂ ਵਿਚ ਲੁਕਦੀਆਂ ਸਨ॥

ਜਦ ਮੈਦਾਨ ਖਾਲੀ ਹੋ ਗਿਆ॥ ਮੁਗਲ ਨੱਸ ਗਏ ਤਾਂ ਸਿੰਘਾਂ ਨੇ ਅਨੰਦਪੁਰ ਦੀ ਲੂਟ ਦਾ ਮਾਲ ਤੇ ਹੋਰ ਮੁਗਲਾਂ ਦਾ ਸਮਾਨ ਇਕੱਠਾ ਕਰਕੇ ਚੁਕਵਾਉਨਾ ਆਰੰਭ ਕੀਤਾ॥ ਸਾਰੇ ਤੰਬੂ ਇਕਠੇ ਕਰ ਲਏ ਜੋ ਸੜੇ ਨਹੀਂ ਸਨ॥ ਸਾਰਾ ਸਾਮਾਨ ਗਡਿਆਂ ਘੋੜਿਆਂ ਤੇ ਲਦਵਾ ਕੇ ਅਨੰਦਪੁਰ ਲੈ ਆਂਦਾ॥ ਜਿਨ੍ਹਾਂ ਦਾ ਸਾਮਾਨ ਲੁਟਿਆ ਗਿਆ ਸੀ, ਉਨਾਂ ਨੂੰ ਸਦਕੇ ਸਾਰਾ

Sri Satguru Jagjit Singh Ji eLibrary NamdhariElibrary@gmail.com

ਘਰੇਲੂ ਸਾਮਾਨ ਦੇ ਦਿਤਾ।

ਸਾਹਿਬਜ਼ਾਦੇ ਅਜੀਤ ਸਿੰਘ ਜੀ ਦੀ ਇਹ ਬਹਾਦਰੀ ਤੇ ਅਕਲਨੇਮਹਾਰਾਜ ਜੀ ਨੂੰ ਬਹੁਤ ਪ੍ਰਸੰਨ ਕੀਤਾ।।ਸਾਹਿਬਾਂ ਨੇ ਸ਼ਹੀਦ ।ਸਿੰਘਾਂ ਨੂੰ ਵਰ ਬਖਸ਼ੇ॥

੨੦. ਔਰੰਗਜੇਬ ਦਾ ਕ੍ਰੋਧ

ਜਰਨੈਲ ਰਮਜ਼ਾਨ ਖਾਂ ਦਿਲੀ ਨਹੀਂ ਪੁਜਾ। ਸ਼ਰਮ ਨਾਲ ਸਿਰ ਸੁਟੀ ਸਰਹੰਦ ਦੇ ਨੇੜੇ ਹੀ ਬੈਠਾ ਰਿਹਾ ਉਹ ਕਿਸੇ ਨਾਲ ਨਾ ਗੱਲ ਕਰਦਾ ਸੀ ਤੇ ਨਾ ਕਿਸੇ ਨੂੰ ਮਿਲਦਾ ਸੀ। ਉਹ ਆਪਣੀ ਹਾਰ ਤੇ ਨਿਰਾਦਰੀ ਨੂੰ ਸੋਚਦਾ ਹੋਇਆ ਉਸ ਦਾ ਦਿਲ ਕਈ ਵਾਰ ਮਲੋ ਮਲੀ ਸਤਿਗੁਰੂ ਜੀ ਦੀ ਬ੍ਰਹਮ ਸ਼ਕਤੀ ਸੈਨਾ ਬਲ ਤੇ ਪ੍ਰਤਾਪ ਦਾ ਜਸ ਕਰਨ ਲੱਗ ਪੈਂਦਾ ਪਰ ਮਜਹਬ ਦੇ ਤੁਅੱਸਬ ਨੇ ਉਸ ਨੂੰ ਪਾਗਲ਼ ਕੀਤਾ ਹੋਇਆ ਸੀ। ਉਹ ਪਾਗਲ ਪਨ ਉਸ ਦੀ ਕੋਈ ਪੇਸ਼ ਨਾ ਜਾਣ ਦਿੰਦਾ। ਉਸ ਨੇ ਫੈਸਲਾ ਕੀਤਾ ਕਿ ਉਹ ਇਕ ਵਾਰ ਮੁੜ ਅਨੰਦਪੁਰ ਦੇ ਕਿਲੇ ਉਤੇ ਹਮਲਾ ਕਰੇਗਾ ਤੇ ਕਦੀ ਵੀ ਹਾਰ ਖਾ ਕੇ ਜੀਉਂਦਾ ਦਿੱਲੀ ਨਹੀਂ ਜਾਵੇਗਾ। ਜੇ ਦਿਲੀ ਜਾਵੇਗਾ ਤਾਂ ਜੇਤੂ ਦੇ ਰੂਪ ਵਿਚ ਜਾਵੇਗਾ ਜਦੋਂ ਉਸ ਦੀ ਵਡਿਆਈ ਹੋਵ॥

ਓਧਰ ਔਰੰਗਜ਼ੇਬ ਨੂੰ ਖਬਰਾਂ ਪਹੁੰਚ ਗਈਆਂ ਕਿ ਰਮਜ਼ਾਨ ਖਾਂ ਨਿਰਾ ਹਾਰਿਆ ਹੀ ਨਹੀਂ ਸਗੋਂ ਘੋੜੇ, ਤੰਬੂ ਰਾਸ਼ਨ ਤੇ ਹੋਰ ਸਮਾਨ ਵੀ ਖੁਹਾ ਬੈਠਾ ਹੈ॥ ਹੁਣ ਉਸ ਦੀ ਪੇਸ਼ ਕੋਈ ਨਹੀਂ ਜਾਂਦੀ ਯਤੀਮਾਂ ਵਾਂਗ ਅਨੰਦਪੁਰ ਤੋਂ ਦੂਰ ਸਰਹੰਦ ਦੇ ਨੇੜੇ ਬੈਠਾ ਹੈ॥ ਬਹੁਤ ਸਾਰੀ ਸੈਨਾ ਮਾਰੀ ਗਈ ਹੈ॥ ਅਨੰਦਪੁਰ ਦਾ ਗੁਰੂ ਹੁਣ ਜਰੂਰ ਦਿੱਲੀ ਤੇ ਹਮਲਾ ਕਰੇਗਾ॥ ਉਹ ਵਲੀ ਤੇ ਬਲੀ ਹੈ॥

ਔਸੀਆਂ ਗੱਲਾਂ ਸੁਣਕੇ ਔਰੰਗਜ਼ੇਬ ਕਰੋਧਵਾਨ ਹੋ ਗਿਆ ਉਸਨੇ ਫੈਸਲਾ ਕੀਤਾ ਕਿ ਅਨੰਦਪੁਰ ਨੂੰ ਉਜਾੜੇ ਬਿਨਾਂ ਦਮ ਨਹੀਂ ਲਵੇਗਾ॥ ਉਹ ਜਰੂਰ ਸਾਰੀ ਸ਼ਕਤੀ ਵਰਤੇਗਾ॥ ਉਸ ਦੀ ਲੜਕੀ ਜੇਬਲ ਨਿਸ਼ਾ ਨੇ ਉਸ ਨੂੰ ਸਮਝੌਣ ਦਾ ਯਤਨ ਕੀਤਾ ਕਿ ਔਰੰਗਜ਼ੇਬ! ਬੁਢੇਪੇ ਵਿਚ ਸਾਧੂ ਫਕੀਰਾਂ ਨਾਲ

Sri Satguru Jagjit Singh Ji eLibrary NamdhariElibrary@gmail.com

ਲੜਾਈ ਲੜ ਕੇ ਦੋਜਕ ਭਾਗੀ ਨਾ ਬਣੇਂ ਪਰ ਔਰੰਗਜ਼ੇਬ ਸੇ ਕਦੀ ਕੋਈ ਗਲ ਸੁਣਨ ਵਾਲਾ ਨਹੀਂ ਸੀ ਉਹ ਤਾਂ ਵਡਾ ਜ਼ਾਲਮ ਸੀ। ਉਸ ਆਪਹੁਦਰੇ ਨੇ ਵਜ਼ੀਰ ਨੂੰ ਸਦਕੇ ਸੂਬੇਦਾਰ ਸਰਹਿੰਦ, ਲਾਹੌਰ ਤੇ ਪਹਾੜੀ ਰਾਜਿਆਂ ਵਲ ਹੁਕਮਨਾਮੇ ਭੇਜੇ। ਉਹਨਾਂ ਨੂੰ ਹੁਕਮ ਕੀਤਾ ਕਿ ਜਿੰਨੀ ਜਿੰਨੀ ਫੌਜ ਉਹਨਾਂ ਦੇ ਕੋਲ ਹੈ ਉਨੀਂ ਲੈਕੇ ਉਹ ਅਨੰਦਪੁਰ ਵਲ ਵਧਣ ਤੇ ਦਿਲੀ ਤੋਂ ਸ਼ਾਹੀ ਫੌਜ ਭੇਜੀ ਜਾਂਦੀ ਹੈ, ਇਸ ਦੀ ਸਹਾਇਤਾ ਕਰਨ। ਅਨੰਦਪੁਰ ਦਾ ਗੁਰੂ ਮਾਰਿਆ ਜਾਂ ਜੀਉਂਦਾ ਹੱਥ ਆਉਣਾ ਚਾਹੀਦਾ ਹੈ। ਅਨੁਦਪੁਰ ਨੂੰ ਘੇਰ ਲਿਆ ਜਾਵੇ। ਬੇਸ਼ਕ ਸਰੇ ਪੰਜਾਬ ਦੇ ਮੁਸਲਮਾਨ ਹੁਕਮਨ ਇਕੱਠੇ ਕੀਤੇ ਜਾਣ। ਅਨੰਦਪੁਰ ਦਾ ਗੁਰੂ ਬਾਗੀ ਹੈ। ਉਹ ਮੁਗਲ ਹਕੂਮਤ ਤੇ ਇਸਲਾਮ ਦੇਵ ਵਿਰੁਧ ਪ੍ਰਚਾਰ ਕਰ ਰਿਹਾ ਹੈ।

ਜਦੋਂ ਐਸੇ ਹੁਕਮਨਾਮੇ ਸਰਹਿੰਦ ਤੇ ਲਾਹੌਰ ਪੁਜੇ ਤਾਂ ਉਸੇ ਵੇਲੇ ਦੋਹਾਂ ਸੂਬੇਦਾਰਾਂ ਨੇ ਜਹਾਦ ਦਾ ਝੰਡਾ ਖੜਾ ਕਰ ਦਿਤਾ। ਇਸਲਾਮ ਦੇ ਨਾਮ ਉਤੇ ਮਸਲਮਾਨਾਂ ਨੂੰ ਪਰੇਰਨਾ ਕੀਤੀ ਕਿ ਉਹ ਸ਼ਾਹੀ ਫੌਜਾਂ ਦੀ ਸਹਾਇਤਾ ਕਰਨ॥ ਜੋਹੜਾ ਸਹਾਇਤਾ ਕਰੇਗਾ ਉਹੋ ਹੀ ਇਨਾਮ ਪ੍ਰਾਪਤ ਕਰੇਗਾ॥ ਇਸ ਤਰ੍ਹਾਂ ਮੂਰਖ ਮੁਸਲਮਾਨ ਚੋਖੇ ਇਕੱਠੇ ਹੋ ਕੇ ਸ਼ਾਹੀ ਫੌਜਾਂ ਦੇ ਨਾਲ ਅਨੰਦਪੁਰ ਨੂੰ ਤੁਰ ਪਏ, ਜਿਤੜੇ ਸਮਝਦਾਰ ਸਨ ਉਹਨਾਂ ਨੇ ਕਿਹਾ'—ਖੁਦਾ ਦੇ ਯਾਰ ਨਾਲ ਵੈਰ ਕਰਕੇ ਦੋਜਕ ਦੀ ਅੱਗ ਵਿਚ ਸੜਨ ਦੇ ਬਾਨਣੂ ਕਿਉਂ ਬੰਨੀਏਂ? ਉਹ ਵਲੀ ਹੈ ਉਸ ਦੀਆਂ ਕਰਾਮਾਤਾਂ ਪ੍ਰਸਿਧ ਹਨ॥

ਸਬਾ ਸਰਹਿੰਦ ਦੇ ਵਜ਼ੀਰ ਖਾਂ ਨੇ ਤਾਂ ਬਾਦਸ਼ਾਹ ਨੂੰ ਖੁਸ਼ ਕਰਨ ਵਾਸਤੇ ਜੀਵਨ ਬਾਜੀ ਲਾਉਣ ਦਾ ਫੈਸਲਾ ਕਰ ਦਿਤਾ॥ ਉਸ ਨੇ ਆਪਣੀ ਸਾਰੀ ਫੌਜ ਅਨੰਦਪੁਰ ਵਲ ਤੋਰ ਦਿਤੀ॥ ਇਲਾਕੇ ਦੇ ਪੀਰਾਂ ਫਕੀਰ ਨੇ ਉਸ ਨੂੰ ਰੋਕਿਆ, ਉਹਨਾਂ ਨੇ ਕਿਹਾ ਅਨੰਦਪੁਰ ਤਾਂ ਸ਼ਾਇਦ ਨਾ ਉਜੜੇ ਪਰ ਇਸ ਕਰਮ ਨਾਲ ਤੇਰਾ ਕੱਖ ਨਹੀਂ ਰਹਿਣਾ। ਤੂੰ ਜਰੂਰ ਉਜੜ ਜਾਵੇਂਗਾ॥ ਤੇਰੀ ਸਰਹਿੰਦ ਦੀ ਇੱਟ ਇੱਟ ਨਹੀਂ ਰਹੇਗੀ ਤੇ ਤੇਰੀ ਮੌਤ ਹੋਵੇਗੀ॥ ਆਪਣੇ ਪੈਰੀਂ ਆਪ ਕੁਹਾੜਾ ਨਾ ਮਾਰ, ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਖੁਦਾਦੀ

Sri Satguru Jagjit Singh Ji eLibrary NamdhariElibrary@gmail.com

ਸ਼ਕਤੀ ਵਾਲੀ ਹੈ। ਜਿਸਨੇ ਇਸ ਗੁਰ ਗੱਦੀ ਨਾਲ ਟੱਕਰ ਲਈ ਓਸੇ ਨੂੰ ਮੂੰਹ ਦੀ ਖਾਣੀ ਪਈ। ਸਾਰੇ ਪਹਿਲੇ ਬਾਦਸ਼ਾਹ ਇਸ ਗੁਰ ਗੱਦੀ ਦਾ ਸਤਿਕਾਰ ਕਰਦੇ ਆਏ ਹਨ। ਖੁਦਾਈ ਕਹਿਰ ਤੋਂ ਲੋਂ ਡਰਨਾ ਚਾਹੀਦਾ ਹੈ।

ਪਰ ਵਜ਼ੀਰ ਖਾਂ ਉਸ ਉਸ ਵੇਲੇ ਬੋਲਾ ਹੋ ਗਿਆ। ਉਸ ਨੇ ਇਕ ਨਾ ਸੁਣੀ ਉਹ ਤਾਂ ਲਗਾ ਮਨ ਆਈਆਂ ਕਰਨ। ਉਸ ਨੇ ਹੰਕਾਰ ਨਾਲ ਆਖਿਆ-,ਮੈਂ ਵਜ਼ੀਰ ਖਾਂ ਹਾਂ, ਵਜ਼ੀਰ ਖਾਂ ਨੂੰ ਜਿੱਤਣ ਵਾਲਾ ਅਜੇ ਕੋਈ ਪੈਦਾ ਹੀ ਨਹੀਂ ਹੋਯਾ ਮੇਰਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਬਸ ਮੈਂ ਅਨੰਦਪਰ ਤੇ ਚੜ੍ਹਾਈ ਕਰਾਂਗਾ ਤੇ ਉਸ(ਸ੍ਰੀ ਗੁਰੂ ਜੀ)ਨੂੰ ਜੀਉਂਦਾ ਫੜਕੇ ਬਾਦਸ਼ਾਹ ਦੇ ਪੇਸ਼ ਕਰਾਂਗਾ। ਬਾਦਸ਼ਾਹ ਸਲਾਮਤ ਬੇਅੰਤ ਇਨਾਮ ਦੇਵੇਗਾ। ਮੈਂ ਕਿਉਂ ਡਰਾ ? ਮੈਂ ਮੁਲਕ ਦਾ ਮਾਲ,ਕ ਉਹ ਇਕ ਫਕੀਰ ਨਾ ਕੋਲ ਖਜਾਨਾ ਨਾ ਦੇਸ ਕੀ ਹੋ ਗਿਆ ਜੇ ਮੁਠੀ ਭਰ ਸਾਧ ਉਸਦੇ ਕੋਲ ਹਨ ? ਜਦੋਂ ਘੇਰਾ ਪੈ ਗਿਆ ਤਾਂ ਦੇਖਾਂਗਾ ਕਿਵੇਂ ਮੱਦਦ ਬਾਹਰੋਂ ਮਿਲਦੀ ਹੈ, ਅਨੁਦਪੁਰ ਨੂੰ ਆਉਣ ਵਾਲੇ ਸਾਰੇ ਰਸਤੇ ਰੋਕ ਦਿਤੇ ਜਾਣੇ ਹਨ। ਕੋਈ ਸਿਖ ਅਨੰਦਪੁਰ ਨੂੰ ਨਹੀਂ ਜਾਵੇਗਾ। ਜਿਹੜਾ ਮਲੋ ਮਲੀ ਅਗੇ ਵਧਣ ਦਾ ਯਤਨ ਕਰੇਗਾ ਉਸ ਨੂੰ ਮਾਰ ਦਿਤਾ ਜਾਵੇਗਾ। ਅਨੰਪੁਦਪੁਰਦਾਵੇਗਿਰਦਾ ਘੇਰਿਆ ਜਾਵੇਗਾ।ਤੁਸੀਂ ਸਰੋਂ ਜਾਕੇ ਉਸ(ਸ੍ਰੀ ਗੁਰੂ ਜੀ) ਨੂੰ ਸਮਝਾਓ ਕਿ ਉਹ ਅਨੰਦਪੁਰ ਨੂੰ ਛਡ ਜਾਣ। ਬਾਦਸ਼ਾਹ ਨਾਲ ਮੁਕਾਬਲਾ ਨਾ ਕਰਨ। ਦਿਲੀ ਜਾਕੇ ਬਾਦਸ਼ਾਹ ਕੋਲੋਂ ਖਿਮਾਂ ਮੰਗਣ। ਅਗੇ ਨੂੰ ਮਿਲਕੇ ਰਹਿਣ ਦਾ ਭਰੋਸਾ ਦਿਵਾਉਣ, ਐਸਾ ਕਰਨ ਵਿਚ ਉਨਾਂ ਦਾ ਭਲਾ ਹੈ। ਜੇ ਅਨੰਦਪੁਰ ਵਿਚ ਡਟੇ ਰਹੇ ਤਾਂ ਜਰੂਰ ਨੁਕਸਾਨ ਉਠਾਣਗੇ।'

ਸਾਰੇ ਪੀਰ ਫਕੀਰ ਨਿਰਾਸ਼ ਹੋ ਕੇ ਮੁੜ ਗਏ। ਵਜ਼ੀਰ ਖਾਂ ਸੂਰਮੇ ਨੇ ਇਕ ਨਾ ਸੁਣੀ, ਉਸ ਨੇ ਅਨੰਦਪੁਰ ਉਤੇ ਚੜ੍ਹਾਈ ਕਰਨ ਦੇ ਸਾਰੇ ਪਰਬੰਧ ਕਰ ਲਏ।

ਦੂਸਰੇ ਪਾਸੇ ਹਿੰਦੂ (ਪਹਾੜੀ) ਰਾਜਿਆਂ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਸੁਨੇਹੇ ਪੁਜੇ। ਉਨ੍ਹਾਂ ਨੂੰ ਧਮਕੀਆਂ ਵੀ ਮਿਲਦੀਆਂ ਕਿ ਜੇ ਰਤਾ ਢਿਲੇ ਮੱਠੇ ਹੋਏ ਤਾਂ ਸਾਰੇ ਮਾਰੇ ਜਾਣਗੇ। ਇਹ ਹੁਕਮ ਸੁਣ ਕੇ ਹਿੰਦੂ ਰਾਜੇ ਜਾਗੀਰਦਾਰ

Sri Satguru Jagjit Singh Ji eLibrary NamdhariElibrary@gmail.com

ਤੇ ਰਈਸ ਸਭ ਆਪਣੀਆਂ ਆਪਣੀਆਂ ਫੌਜਾਂ ਲੈ ਕੇ ਅਨੰਦ ਪੁਰ ਨੂੰ ਘੇਰਾ ਪਾਉਣ ਦੀਆਂ ਤਿਆਰੀਆਂ ਕਰਨ ਲਗੇ। ਪਹਾੜੀ ਰਾਜਿਆਂ ਵਿਚ ਮਸ਼ਹੂਰ ਰਾਜੇ ਇਹ ਸਨ—ਬਿਲਾਸਪੁਰ ਤੇ ਕਹਿਲੂਰ ਦਾ ਰਾਜਾ ਅਜਮੇਰ ਚੰਦ, ਕਾਂਗੜੇ ਦਾ ਘਮੰਡ ਚੰਦ, ਜਸਪਾਲ ਦਾ ਬੀਰ ਸਿਹੁੰ, ਰਾਜਾ ਕੁਲੂ, ਕੈਥਲ, ਮੰਡੀ, ਜੰਮੂ, ਨੂਰਪੁਰ ਚੰਬਾ, ਗੁਲੇਰ ਸ੍ਰੀ ਨਗਰ, ਬਿਝੜਵਾਲ, ਡਰੌਲੀ ਫਤਵਾਲ ਦੜਲ ਚੰਬੇਲ, ਅਰਕੀ ਭੱਜੀ ਆਦਿਕ ਇਹਨਾਂ ਤੋਂ ਬਿਨਾਂ ਬਹੁਤ ਸਾਰੇ ਗੁਜਰ ਵੀ ਨਾਲ ਰਲੇ। ਧਾੜਾਂ ਦੀਆ ਧਾੜਾਂ ਹਜਾਰਾਂ ਦੀ ਗਿਣਤੀ ਵਿਚ ਅਨੰਦਪੁਰ ਨੂੰ ਆਈਆਂ। ਕਿਸੇ ਦੇ ਮਨ ਨੇ ਨਾ ਸੋਚਿਆ ਕਿ ਪ੍ਰਦੇਸੀ ਸਰਵਾਣੇ ਦੇ ਆਖੇ ਲਗ ਕੇ ਜਿਸ ਮਹਾਂ ਪੁਰਖ ਨੂੰ ਅਸੀਂ ਉਜਾੜਨ ਦਾ ਜਤਨ ਕਰਨ ਵਾਸਤੇ ਜਾ ਰਹੇ ਹਾਂ ਉਹ ਤਾਂ ਸ਼ਾਇਦ ਨਾ ਉਜੜੇ ਪਰ ਉਜਾੜਨ ਵਾਲਿਆਂ ਦਾ ਕੱਖ ਨਹੀਂ ਰਹਿਣਾ। ਸਤਿਗੁਰੂ ਜੀ ਨੂੰ ਤਾਂ ਆਪ ਪ੍ਰਮੇਸ਼ਰ ਨੇ ਭੇਜਿਆ ਸੀ। ਉਹਦਾ ਨਾਸ ਕਰਨ ਵਾਲਾ ਮਨੁਖ ਕੌਣ ਵਿਚਾਰਾ ਸਾ ? ਇਹ ਤਾਂ ਇਕ ਭਾਣੇ ਦੀ ਖੇਡ ਸੀ ਜੋ ਹੋਣ ਲੱਗੀ ਸੀ। ਜਿਵੇਂ ਬੀਜ ਧਰਤੀ ਵਿਚ ਆਪਣੇ ਆਪ ਦਾ ਨਾਸ ਕਰਕੇ ਨਵੇਂ ਬੂਟੇ ਨੂੰ ਜਨਮ ਦਿੰਦਾ ਹੈ ਤੇ ਉਹ ਬੂਟਾ ਬੜਾ ਵਡਾ ਵੈਸ਼ਾਲ ਦਰਖਤ ਬਣਦਾ ਹੈ। ਉਸ ਦਰਖਤ ਹੇਠਾਂ ਫੇਰ ਸੈਂਕੜੇ ਜਾਨਵਰ ਤੇ ਪੰਛੀ ਬੈਠਦੇ ਤੇ ਆਸਰਾ ਲੈਂਦੇ ਹਨ ਠੀਕ ਏਸੇ ਤਰ੍ਹਾਂ ਸਤਿਗੁਰੂ ਜੀ ਪ੍ਰਮਾਤਮਾ ਦੇ ਹੁਕਮ ਨਾਲ ਆਪਣੇ ਜਿਸਮਾਨੀ ਦਿਖਾਵੇ ਦਾ ਅੰਤ ਕਰਕੇ ਖਾਲਸਾ ਪੰਥ, ਦੇ ਬੋਹੜ ਰੂਪ ਦਰਖਤ ਨੂੰ ਜਨਮ ਦੇਣਾ ਚਾਹੁੰਦੇ ਸਨ ਜੋ ਗਰੀਬਾਂ ਤੇ ਮਜਲਮਾਂ ਦਾ ਜੀਵਨ ਆਸਰਾ ਬਣੇਗਾ।

ਪੱਥਰ ਪੂਜ ਪੂਜ ਹਿੰਦੂ ਤੇ ਪੱਥਰ ਤੋੜ ਮੁਸਲਮਾਨ ਖੁਦਗਰਜੀ ਦੇ ਕਾਰਨ ਇਕਠੇ ਹੋ ਬੈਠੇ ॥ ਜਬਰਦਸਤ ਖਾ, ਦਿਲਾਵਰ ਖਾਂ ਤੇ ਵਜੀਰ ਖਾਂ ਆਦਿਕ ਮੁਸਲਮਾਨ ਮੁਛਾਂ ਨੂੰ ਤਾਉ ਦੇਂਦੇ ਹੋਏ ਅਗੇ ਵਧੇ ਤੇ ਅਨੰਦ ਪੁਰ ਨੂੰ ਘੇਰਾ ਪਾ ਲਿਆ। ਦਸਾਂ ਕੋਹਾਂ ਵਿਚ ਦੁਸ਼ਮਣ ਫੌਜ ਦੇ ਡੇਰੇ ਲਗ ਗਏ। ਉਤਰ ਪੂਰਬ ਪੱਛਮ ਤੇ ਦੱਖਣ ਵਲ ਮੁਗਲ ਫੌਜ ਹੀ ਫੌਜ ਦਿਖਾਈ ਦੇਣ ਲਗੀ। ਔਰੰਗਜ਼ੇਬ ਦੀ ਇਛਾ ਅਨੁਸਾਰ ਘੇਰਾ ਪੈ ਗਿਆ।

Sri Satguru Jagjit Singh Ji eLibrary NamdhariElibrary@gmail.com

੨੧. ਸਿੰਘਾਂ ਦਾ ਅਨੰਦਪੁਰ ਵਿਚ ਇਕੱਠਿਆਂ ਹੋਣਾਂ

ਸਤਿਗੁਰ ਜੀ ਦੇ ਭਰੋਸਾ ਰਖਣ ਵਾਲੇ ਸਿੰਘ ਤੁਰਕ ਸੈਨਾ ਦੇ ਹੜ੍ਹ ਨੂੰ ਦੇਖ ਕੇ ਘਬਰਾਏ ਨਹੀ ਪਰ ਜੋ ਢਿੱਲੜ ਸਨ ਉਹਨਾਂ ਦਾ ਹੁਲੀਆ ਵਿਗੜ ਗਿਆ। ਉਹ ਘਬਰਾਹਟ ਵਿਚ ਏਧਰ ਉਧਰ ਫਿਰਨ ਲਗੇ ਦਿਲੀ ਤੇ ਸਰਹੰਦ ਦੀ ਸਿਖ ਸੰਗਤ ਨੇ ਸਾਰੇ ਦੇਸ਼ ਵਿਚ ਖਬਰਾਂ ਭੇਜ ਦਿਤੀਆ ਕਿ ਅਨੰਦਪੁਰ ਤੇ ਘੇਰਾ ਪੈ ਗਿਆ ਹੈ, ਮਹਾਂ ਭਾਰਤ ਦੀ ਤਰ੍ਹਾਂ ਭਿਆਨਕ ਜੁਧ ਹੋਵੇਗਾ। ਸਤਿਗੁਰੂ ਜੀ ਦੇ ਚਰਨਾਂ ਤੋਂ ਜੀਵਨ ਵਾਰਨ ਵਾਲੇ ਸਿਦਕੀ ਸਿਖ ਘਰਾਂ ਤੋਂ ਘੋੜੇ ਤ ਹਥਿਆਰ ਆਦਿਕ ਲੈ ਕੇ ਅਨੰਦਪੁਰ ਨੂੰ ਤੁਰ ਪਏ। ਬ੍ਰਹਮ ਵਿਦਿਆ ਦੇ ਉਪਦੇਸ਼ ਨੇ ਉਹਨਾਂ ਦੇ ਮਨ ਨੂੰ ਤਸੱਲੀ ਦਿਤੀ ਹੋਈ ਸੀ ਕਿ ਉਹ ਇਕ ਦਿਨ ਜਰੂਰ ਜਾਣਗੇ। ਜੇ ਇਕ ਦਿਨ ਮਰਨਾ ਹੈ ਤਾਂ ਸਤਿਗੁਰੂ ਜੀ ਦੇ ਚਰਨਾਂ ਵਿਚ ਜਧ ਵਿਚ ਜਾਕੇ ਕਿਉਂ ਨਾ ਮਰਨ। ਮਾਲਵੇ ਤੇ ਰਿਆੜਕੀ ਆਦਿਕ ਦੇ ਨੌਜੁਆਨ ਸਿੰਘ ਵਹੀਰਾਂ ਘੱਤ ਕੇ ਅਨੰਦਪੁਰ ਨੂੰ ਆਏ। ਕਈ ਥਾਈਂ ਉਹਨਾਂ ਨੂੰ ਰੋਕਿਆ ਗਿਆ। ਉਹ ਤਲਵਾਰ ਦੇ ਬਲ ਦੁਸ਼ਮਨਾਂ ਦੀਆਂ ਸਫਾਂ ਚੀਰ ਕੇ ਅਗੇ ਲੰਘਦੇ ਗਏ। ਸਤਲੁਜ ਨੂੰ ਪਾਰ ਕਰਕੇ ਅਨੰਦਪੁਰ ਪਹੁੰਚ ਗਏ।

ਕਈਆਂ ਮਾਵਾਂ ਨੇ ਆਪਣੇ ਪੁਤਰਾਂ ਨੂੰ ਮੌਤ ਲਾੜੀ ਦੇ ਗਾਨੇ ਬੰਨ੍ਹ ਕੇ ਅਨੰਦਪੁਰ ਨੂੰ ਭੇਜਿਆ ਕਈਆਂ ਭੈਣਾਂ ਨੇ ਵੀਰ ਤੋਰੇ। ਕਈ ਬਾਪ ਪੁਤ੍ਰਾਂ ਸਮੇਤ ਹੀ ਅਨੰਦਪੁਰ ਨੂੰ ਆ ਗਏ। ਧਰਮ ਜੁਧ ਵਿਚ ਮਰਨ ਦਾ ਚਾਅ ਸਾਰਿਆਂ ਨੂੰ ਸੀ। ਉਸ ਸਾਰੇ ਸ਼ਹੀਦ ਹੋਣ ਵਾਸਤੇ ਆਏ ਸਨ।

ਰਾਏਪੁਰ ਦੀ ਰਾਣੀ ਸਤਿਗੁਰੂ ਜੀ ਦੇ ਚਰਨਾਂ ਦੀ ਸ਼ਰਧਾਲੂ ਸੀ ਉਸ ਨੂੰ ਸ਼ਾਹੀ ਹੁਕਮ ਗਿਆ ਕਿ ਆਪਣੀ ਫੌਜ ਗੁਰੂ ਜੀ ਦੇ ਵਿਰੁਧ ਭੇਜੇ। ਜਦ ਵਜ਼ੀਰ ਇਹ ਖਬਰ ਰਾਣੀ ਨੂੰ ਦਿਤੀ ਤਾਂ ਰਾਣੀ ਗਸ਼ ਖਾ ਗਈ। ਉਸ ਦੇ ਮੂੰਹੋਂ ਇਹੋ ਨਿਕਲਿਆ—'ਹਾਇ! ਮੈਂ ਸਤਿਗੁਰੂ ਜੀ! ਪਿਆਰੇ ਪ੍ਰੀਤਮ ਜੀ ਦੇ ਵਿਰੁਧ ਫੌਜਭੇਜਾਂ? ਐਨਾ ਪਾਪ! ਹਨੇਰ! ਵਾਹਿਗੁਰੂ! ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਇਹ ਮੈਥੋਂ ਨਹੀਂ ਹੋ ਸਕਦਾ ? ਮੈਂ ਤਾਂ ਇਹ ਹੁਕਮ ਨਹੀਂ ਦੇ ਸਕਦੀ। ਹਾਂ ਇਹ ਕਹਿ ਸਕਦੀ ਹਾਂ ਕਿ ਮੇਰੀ ਫੌਜ ਦੇ ਸਿਪਾਹੀ ਸਤਿਗੁਰੂ ਜੀ ਦੀ ਸੇਵਾ ਕਰਨ ਵਾਸਤੇ ਮੁਗਲਾ ਤੁਰਕਾ ਦੇ ਵਿਰੁਧ ਸੇਵਾ ਕਰਨ। ਬਾਦਸ਼ਾਹ ਜ਼ਾਲਮ ਹੈ। ਇਕ ਜ਼ਾਲਮ ਦੀ ਸਹਾਇਤਾ ਨਹੀਂ ਕਰ ਜਾ ਸਕਦੀ।

ਰਾਣੀ ਦੇ ਐਸੇ ਬਚਨ ਸੁਣ ਵਜ਼ੀਰ ਨੇ ਅਧੀਨਗੀ ਨਾਲ ਕਿਹਾ'— ਇਹ' ਠੀਕ ਹੈ ਰਾਣੀ ਜੀ ! ਪਰ ਔਰੰਗੇ ਦੇ ਗੁਸੇ ਦਾ ਸ਼ਿਕਾਰ ਨਾ ਹੋ ਜਾਵੇ, ਇਹ ਰਿਆਸਤ, ਹਾਂ ਇਹ ਰਿਆਸਤ ਤਾਂ ਇਕ ਬੁਰਕੀ ਦੇ ਸਮਾਨ ਹੈ। ਮੁਗਲ ਦੇਂਤ ਇਕ ਪਲ ਵਿਚ ਨਿਗਲ ਜਾਵੇਗਾ। ਇਹ ਮਾਮਲਾ ਸੋਚਣ ਵਾਲਾ ਹੈ।'

ਰਿਆਸਤ ਚਲੀ ਜਾਵੇ, ਮਹਿਲ ਢੱਠ ਜਾਣ ਮੈਂ ਉਜੜ ਜਾਵਾਂ।ਮੇਰੀ ਮੌਤ ਹੋ ਜਾਵੇ, ਮੈਨੂੰ ਭੈ ਨਹੀਂ ਪਰ ਮੈਂ ਸਤਿਗੁਰੂ ਜੀ ਦੇ ਵਿਰੁਧ ਨਹੀਂ ਹੋ ਸਕਦੀ। ਮੇਰਾ ਪ੍ਰੀਤਮ ! ਜੀਵਨ ਦਾਤਾ ! ਅੰਮ੍ਰਿਤ ਬਖਸ਼ ਕੇ ਅਮਰ ਕਰਨ ਵਾਲਾ। ਸੜ ਜਾਣ ਉਹ ਨੈਣ ਪ੍ਰਾਣ ਜੋ ਸਤਿਗੁਰੂ ਜੀ ਬਾਰੇ ਮਾੜਾ ਚਿਤਵ ਰਹੇ ਹਨ। ਉਹ ਜੀਭ ਕੱਟੀ ਜਾਵੇ ਜਿਹੜੀ ਸਤਿਗੁਰੂ ਜੀ ਦੀ ਨਿੰਦਾ ਕਰ ਰਹੀ ਹੈ। ਮੈਂ ਤਾਂ ਸਤਿਗੁਰੂ ਜੀ ਦੇ ਚਰਨਾਂ ਦੀ ਸੇਲਕਾ ਹਾਂ। ਮੇਰਾ ਸਭ ਕੁਝ ਗੁਰੂ ਵਾਸਤੇ ਹੈ।'

ਵਜ਼ੀਰ ਨਿਰੁਤਰ ਹੋ ਗਿਆ। ਉਹ ਹੈਰਾਨ ਸੀ ਤੇ ਘਬਰਾਇਆ ਹੋਇਆ ਸੀ ਕਿਉਂ ਕਿ ਉਹਦੇ ਮਨ ਨੂੰ ਸਿਦਕ ਨਹੀਂ ਸੀ। ਉਹ ਸਤਿਗੁਰੂ ਜੀ ਦਾ ਸ਼ਰਧਾਲੂ ਨਹੀਂ ਸੀ। ਉਹ ਤਾਂ ਦੇਵੀ ਦਾ ਪੁਜਾਰੀ ਸੀ॥ ਰਾਣੀ ਨੇ ਆਇਆ— 'ਜਾਹ ! ਆਰਾਮ ਨਾਲ ਬੈਠ ! ਕਿਤੇ ਫੌਜਾਂ ਭੇਜਣ ਦੀ ਲੋੜ ਨਹੀਂ ਸਤਿਗੁਰ ਜੀ ਅੰਗ ਸੰਗ ਹੋ ਕੇ ਸਹਾਇਤਾ ਕਰਨਗੇ। ਉਹ ਅੰਤਰਜਾਮੀ ਹਰ ਇਕ ਆਤਮਾ ਦੀਆਂ ਮਜਬੂਰੀਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ॥ ਸਿਦਕ ਰਖ॥'

ਸਿਖਾਂ ਦੇ ਭਰੋਸਿਆਂ ਦੀਆਂ ਸਾਖੀਆਂ ਬੇਅੰਤ ਹਨ॥ ਸਾਰੀਆਂ ਲਿਖੀਆਂ ਜਾਣ ਤਾਂ ਸੈਕੜੇ ਪੁਸਤਕ ਬਣਦੇ ਹਨ। ਮਾਲਵੇ ਦਾ ਇਕ ਪਰਵਾਰ ਸੀ ॥ ਪ੍ਰਵਾਰ ਦਾ ਮੁਖੀਆ ਰਾਮ ਸਿੰਘ ਧਰਮ ਯੁਧ ਵਾਸਤੇ ਤੁਰਿਆ॥ ਉਹਦੀ ਪਤਨੀ ਬੇਟੀ, ਪੁਤ੍ਰ ਤੇ ਨੂੰਹ ਵੀ ਨਾਲ ਤਿਆਰ ਹੋ ਪਏ ॥ ਉਸਨੇ ਬਹੁਤ ਸਮਝਾਇਆ ਕਿ ਸੈਂਕੜੇ ਔਕੜਾਂ ਦਾ ਮੁਕਾਬਲ ਕਰਨਾ ਪੈਣਾ ਹੈ, ਇਸ ਵਾਸਤੇ ਬਾਕੀ

Sri Satguru Jagjit Singh Ji eLibrary NamdhariElibrary@gmail.com

ਪ੍ਰੀਵਾਰ ਘਰ ਰਹੇ ਪਰ ਘਰ ਦਾ ਕੋਈ ਜੀਅ ਘਰ ਰਹਿਣ ਵਾਸਤੇ ਨਾਮੰਨਿਆ। ਉਸ ਟੱਬਰ ਦੇ ਪੰਜੇ ਜੀਅ ਅਨੰਦਪੁਰ ਜਾਣ ਵਾਸਤੇ ਤਿਆਰ ਹੋ ਤੁਰੇ। ਇਕ ਤਕੜਾ ਜਥਾ ਬਣ ਗਿਆ, ਨਾਭੇ ਦੇ ਨੇੜੇ ਉਹਨਾਂ ਦਾ ਪਿੰਡ ਸੀ। ਦਿਨੇ ਰਾਤ ਤੁਰਦੇ ਹੋਏ ਸਤਿਲੁਜ ਦੇ ਕਿਨਾਰੇ ਜਾ ਪੁਜੇ। ਜਦੋਂ ਸਤਲੁਜ ਦੇ ਕੰਢੇ ਪੁਜੇ ਤਾਂ ਕੀ ਕੀ ਦੇਖਦੇ ਹਨ ਕਈਆਂ ਕੋਹਾਂ ਵਿਚ ਦੁਸ਼ਮਨ ਹੀ ਦੁਸ਼ਮਨ ਹੈ। ਦੁਸ਼ਮਨ ਦੀ ਬਹ ਗਿਣਤੀ ਨਾਲ ਉਹ ਟੱਕਰ ਵੀ ਨਹੀਂ ਸਨ ਲੈ ਸਕਦੇ ਅਤੇ ਨਾ ਹੀ ਪਿਛੇ ਰਹਿ ਸਕਦੇ ਸਨ। ਕਿਉਂਕਿ ਪ੍ਰਤਿਗਿਆ ਕੀਤੀ ਹੋਈ ਸੀ ਕਿ ਅਨੰਦਪੁਰ ਸਾਹਿਬ ਪੁਜ ਕੇ ਸਤਿਗੁਰੂ ਜੀ ਦੀ ਸੇਵਾ ਕਰਨੀ ਹੈ। ਸਾਰਿਆਂ ਨੇ ਅਰਦਾਸਾ ਸੋਧਿਆ ਤੇ ਦਰਿਆ ਤੋਂ ਪਾਰ ਹੋ ਗਏ। ਦੁਸ਼ਮਨਾਂ ਦੇ ਦਲ ਵਿਚ ਦੀ ਲੰਘਣ ਲਗਿਆਂ ਕੁਦਰਤ ਦਾ ਐਸਾ ਭਾਣਾ ਵਰਤਾਇਆ ਕਿ ਅਚਾਨਕ ਹਨੇਰੀ ਤੇ ਬੱਦਲ ਆ ਗਿਆ। ਉਹ ਝੱਖੜ ਝਾਂਜੇ ਵਿਚ ਲਿੰਘ ਤੁਰੇ ਗਏ। ਮੁਗਲਾਂ ਨੇ ਉਹਨਾਂ ਨੂੰ ਨਾ ਦੇਖਿਆ ਤੇ ਨਾ ਰੋਕਿਆ ਕਿਉਂਕਿ ਉਹ ਤੰਬੂ ਵਿਚੋਂ ਹੀ ਬਾਹਰ ਨਾ ਨਿਕਲੇ। ਸਾਰੇ ਸਿੰਘ ਕਿਲ੍ਹਾ ਲੋਹਗੜ੍ਹ ਦੇ ਦਰਵਾਜ਼ੇ ਅਗੇ ਜਾ ਪੁਜੇ। ਜਦੋਂ ਖਤਰੇ ਤੋਂ ਬਾਹਰ ਹੋਏ ਤਾਂ ਅਸਮਾਨ ਫਿਰ ਨਿਰਮਲ ਹੋ ਗਿਆ। ਸਾਰੇ ਸਤਿਗੁਰੂ ਜੀ ਦਾ ਧੰਧਵਾਦ ਕਰਦੇ ਹੋਏ ਉਹਨਾ ਦਾ ਜਸ ਕਰਨ ਲਗੇ।

੨੨. ਛੋਟੀਆਂ ਛੋਟੀਆਂ ਲੜਾਈਆਂ ਤੋਂ

ਮਸੰਦਾਂ ਦਾ ਘਬਰਾਉਣਾ

ਅਨੰਦਪੁਰ ਦਾ ਘੇਰਾ ਪੱਕਾ ਹੋ ਗਿਆ। ਦੁਸ਼ਮਣ ਸਾਰੇ ਰਾਹ ਰੋਕ ਬੈਠਾ। ਅੰਨ ਸਬਜ਼ੀਆ ਦੁਧ ਘਿਓ ਤੇ ਹੋਰ ਲੋੜੀਦੀਆਂ ਚੀਜ਼ਾਂ ਬਾਹਰੋਂ ਆਉਣੀਆ ਬੰਦ ਹੋ ਗਈਆਂ। ਸ਼ਹਿਰ ਦੇ ਸੁਦਾਗਰ ਤੇ ਆਮ ਵਸਨੀਕ ਦੁਖੀ ਹੋਣ ਲਗੇ। ਦੁਕਾਨਾਂ ਵਿਚ ਜੋ ਸਮਾਨ ਸੀ ਉਹ ਮੁਕ ਗਿਆ ਚੋਰ ਬਾਜ਼ਾਰੀ ਕੋਈ ਕਰਨੀ ਨਹੀਂ ਸੀ ਜਾਣਦਾ, ਸਾਰੇ ਧਰਮੀ ਤੇ ਨੇਕ ਬੰਦੇ ਸਨ। ਜਿਸ ਪਾਸ ਜੋ ਕੁਝ ਸੀ ਉਹ ਕੁਝ ਉਹ ਮੰਗਨ ਵਾਲੇ ਦੇ ਹਵਾਲੇ ਕਰ ਦੇਂਦਾ ਸੀ ਕੋਈ

Sri Satguru Jagjit Singh Ji eLibrary NamdhariElibrary@gmail.com

ਕਿਸੇ ਕੋਲੋਂ ਭਾਅ ਤੋਂ ਵਧ ਪੈਸੇ ਨਹੀਂ ਸੀ ਲੈਂਦਾ। ਹੌਲੀ ਹੌਲੀ ਸਾਰੇ ਗੁਦਾਮ ਖਾਲੀ ਹੋ ਗਏ।

ਅਨੁਦਪੁਰ ਦੇ ਦੋਹਾਂ ਵਡੇ ਕਿਲ੍ਹਿਆਂ ਅਨੰਦਪੁਰ ਤੇ ਲੋਹਗੜ੍ਹ ਵਿਚ ਜੋ ਵੀ ਅੰਨ ਤੇ ਘਾਹ ਦਾ ਜਖੀਰਾ ਸੀ ਉਹ ਵੀ ਘਟਣ ਲਗਾ। ਸਤਿਗੁਰੂ ਜੀ ਅਕਾਲ ਪੁਰਖ ਦੇ ਭਾਣੇ ਨੂੰ ਮੰਨਦੇ ਹੋਏ ਗੰਭੀਰ ਸਨ। ਉਹ ਸਿਖ ਸੰਗਤਾਂ ਨੂੰ ਹੌਂਸਲੇ ਤੇ ਅਕਾਲ ਪੁਰਖ ਉਤੇ ਭਰੋਸੇ ਦਾ ਉਪਦੇਸ਼ ਦੇਂਦੇ ਸਨ। ਹਜ਼ਾਰਾ ਸਿਦਕੀ ਸਿਖ ਅਡੋਲ ਸਨ। ਬਹੁਤੇ ਇਹ ਆਖਦੇ ਸੀ—,ਮਰਨਾ ਤਾਂ ਜਰੂਰ ਹੈ। ਅੱਜ ਨਾ ਮਰੇ ਤਾਂ ਕੱਲ ਮਰਨਾ ਹੈ ਫਿਰ ਸਤਿਗੁਰੂ ਜੀ ਦੇ ਚਰਨਾਂ ਵਿਚ ਕਿਉਂ ਨਾ ਮਰੀਏ? ਗੁਰੂ ਘਰ ਮਰਨ ਵਾਲਾ ਸਦੀਵੀ ਕਾਲ ਵਾਸਤੇ ਜਨਮ ਮਰਨ ਤੋਂ ਦੂਰ ਹੋ ਜਾਵੇਗਾ। ਨਹੀਂ ਮਰੇਗਾ ਦਾਤਾਰ ਸਤਿਗੁਰੂ ਜੀ ਕ੍ਰਿਪਾ ਕਰਕੇ ਕਲਿਆਣ ਦਾ ਵਰ ਬਖਸ਼ਣਗੇ।' ਪਰ ਐਸੇ ਗੁਰਮੁਖ ਵੀ ਸਨ ਜਿਨ੍ਹਾਂ ਦਾ ਮਿਸ਼ਨ ਪੇਟ ਭਰ ਕੇ ਖਾਣਾ ਤੇ ਚੈਨ ਉਡਾਉਣਾ ਸੀ। ਉਹ ਵਡੇ ਵਡੇ ਮਸੰਦ ਸਨ ਉਹ ਸਤਿਗੁਰੂ ਜੀ ਦੀ ਬ੍ਰਿਧ ਮਾਤਾ ਗੂਜਰੀ ਜੀ ਪਾਸ ਜਾ ਕੇ ਮਾਤਾ ਜੀ ਨੂੰ ਪਰੇਰਨਾ ਕਰਨ ਲਗੇ ਕਿ ਲੜਾਈ ਝਗੜੇ ਦਾ ਕੀ ਲਾਭ, ਸਾਧ ਸੰਤਾਂ ਵਾਂਗ ਕਿਤੇ ਇਕਾਂਤ ਵਿਚ ਜਾ ਕੇ ਸੁਖ ਦੇ ਦਿਨ ਕੱਟਣੇ ਚਾਹੀਦੇ ਹਨ। ਹੁਣ ਦੁਸ਼ਮਨ ਦਲ ਦੀ ਗਿਣਤੀ ਕੋਈ ਨਹੀਂ ਸਾਰੇ ਭਰਤ ਦੀ ਮੁਗਲ ਸੈਨਾ ਤੇ ਲੱਖਾਂ ਮੁਸਲਮਾਨ ਲੋਕਾਈ ਇਕੱਠੀ ਹੋ ਕੇ ਆ ਪੁਜੀ ਹੈ। ਅਸੀਂ ਜੁਧ ਕਿਵੇਂ ਕਰ ਸਕਦੇ ਹਾਂ। ਜਦੋਂ ਨਾ ਬਾਹਰੋਂ ਸਿਖ ਆਉਂਦੇ ਹਨ ਤੇ ਕੋਈ ਚੜ੍ਹਾਵਾ ਚੜ੍ਹਦਾ ਹੈ। ਘਾਹ ਮਕ ਚਕਾ ਹੈ। ਅੰਨ ਵੀ ਮਕਣ ਲਾਵਾ ਹੈ। ਲਵੇਰੀਆਂ ਮਰ ਰਹੀਆਂ ਹਨ ਘੋੜੇ ਸੁਕ ਰਹੇ ਹਨ। ਕਵੀ ਤੇ ਗੁਣੀ ਲੋਕ ਚਿੰਤਾਤੁਰ ਹਨ ਕੀ ਕੀਤਾ ਜਾਵੇ? ਆਪ ਸਤਿਗੁਰੂ ਜ ਨੂੰ ਸਮਝਾਈਏ ਕਿ ਉਹ ਅਨੰਦਪੁਰ ਨੂੰ ਛਡ ਕੇ ਕਿਤੇ ਹੋਰ ਥਾਂ ਟਿਕਾਣਾ ਕਰਨ। ਅਸੀਂ ਸਿਖੀ ਵਿਦ ਫਿਰਕੇ ਮੁੜ ਏਸੇ ਤਰ੍ਹਾਂ ਦਾ ਪ੍ਰਤਾਪ ਕਾਇਮ ਕਰ ਲਵਾਂਗੇ।

ਉਨ੍ਹਾਂ ਮਸੰਦਾਂ ਦੇ ਐਸੇ ਬਚਨ ਸੁਣਕੇ ਮਾਤਾ ਜੀ ਚੁਪ ਰਹਿ ਜਾਂਦੇ ਜਦੋਂ ਸਤਿਗੁਰੂ ਜੀ ਮਾਤਾ ਜੀ ਦੇ ਕੋਲ ਆਉਂਦੇ ਤਾਂ ਮਾਤਾ ਜੀ ਨੂੰ ਐਸੇ ਬਚਨ ਕਰਨ

Sri Satguru Jagjit Singh Ji eLibrary NamdhariElibrary@gmail.com

ਦਾ ਖਿਆਲ ਹੀ ਨਾ ਰਹਿੰਦਾ। ਕਿਉਂਕਿ ਸਤਿਗੁਰ ਜੀ ਦਾ ਪ੍ਰਤਾਪੀ ਤੇ ਪ੍ਰਭਾਵ ਸ਼ਾਲੀ ਚੇਹਰਾ ਅਸਚਰਜ ਅਸਰ ਕਰਨ ਵਾਲਾ ਸੀ।

ਮੁਸਲਮਾਨਾਂ ਨੇ ਫੈਸਲਾ ਕੀਤਾ ਕਿ ਇਕ ਅੱਧੀ ਲੜਾਈ ਕਰਕੇ ਦੇਖਣ ਉਹਨਾਂ ਨੇ ਫੌਜ ਅਗੇ ਵਧਾਈ। ਉਸ ਵੇਲੇ ਸਤਿਗੁਰ ਜੀ ਪਾਸੋਂ ਆਗਿਆ ਲੈ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਉਹਨੇ ਸਿੰਘ ਦੁਸ਼ਮਨ ਦਾ ਮੁਕਾਬਲਾ ਕਰਨ ਵਾਸਤੇ ਕਿਲੇ ਤੋਂ ਬਾਹਰ ਨਿਕਲੇ ਸਾਰੇ ਘੋੜਿਆਂ ਉਤੇ ਸਵਾਰ ਸਨ। ਹਥਾਂ ਵਿਚ ਤੇਗਾਂ ਤੇ ਤੀਰ ਕਮਾਨਾਂ ਸਨ। ਕਿਲੇ ਦੇ ਮੋਰਚਿਆਂ ਉਤੇ ਵੀ ਸਿੰਘ ਤੀਰ ਕਮਾਨ ਲੈ ਕੇ ਬੈਠੇ ਸਨ। ਉਹਨਾਂ ਉਪਰੋਂ ਤੀਰਾਂ ਦੀ ਵਰਖਾ ਕਰਨੀ ਆਰੰਭ ਕੀਤੀ। ਸਤਿਗੁਰੂ ਜੀ ਸਾਰੇ ਕੋਤਕ ਨੂੰ ਦੇਖਣ ਵਾਸਤੇ ਕਿਲੇ ਦੀ ਉਪਰਲੀ ਚੋਬੁਰਜੀ ਵਿਚ ਜਾ ਖਲੋਤੇ ਸਾਹਿਬ ਅਕਾਲ ਪੁਰਖ ਦਾ ਜਸ ਕਰਦੇ ਆਪਣੇ ਸਿਖਾਂ ਦਾ ਸਿਦਕ ਤੇ ਬਲ ਦੇਖਣ ਲਗੇ।

ਸਿੰਘਾਂ ਨੇ ਜਾਂਦਿਆਂ ਹੀ ਦੁਸ਼ਮਨ ਨੂੰ ਐਸਾ ਕੱਟਣਾ ਵਢਣਾ ਸ਼ੁਰੂ ਕੀਤਾ ਕਿ ਉਨ੍ਹਾਂ ਨੂੰ ਸਤੇ ਸੁਧਾਂ ਭੁਲ ਗਈਆਂ ਘੋੜਿਆਂ ਦੇ ਮੂੰਹ ਦੂਸਰੇ ਪਾਸੇ ਹੋ ਗਏ। ਉਹ ਸਨਮੁਖ ਹੋ ਕੇ ਲੜਨ ਦੀ ਥਾਂ ਆਪਣੀਆਂ ਮੋਰਾਂ ਵਿਚ ਤੀਰ ਖਾਣ ਲਗੇ। ਤੀਰਾਂ ਦੀ ਵਰਖਾਂ ਨਾਲ ਲੋਥਾਂ ਤੇ ਲੋਥਾਂ ਚੜ੍ਹਨ ਲਗੀਆਂ ਧਰਤੀ ਰੰਗੀ ਜਾਣ ਲਗੀ। ਧਰਮ ਯੁਧ ਨੂੰ ਦੇਖਕੇ ਕਲਜੋਗਨਾਂ ਖੁਸ਼ੀਮਨਾਉਣ ਵਾਸਤੇ ਆ ਪੁਜੀਆਂ। ਉਨ੍ਹਾਂ ਨੇ ਮਨੁਖ ਰੱਤ ਦੇ ਖਪਰ ਭਰ ੨ ਕੇ ਪੀਤੇ ਉਹਨਾਂ ਦੇ ਚਿਤ ਪ੍ਰਸੰਨ ਹੁੰਦੇ ਸਨ ਤੇ ਮੁਗਲ਼ ਨਵਾਬਾਂ ਦੇ ਬੇੜੇ ਵਿਚ ਪਥਰ ਪੈਂਦੇ ਜਾਂਦੇ ਸਨ। ਚਾਰ ਘੰਟੇ ਡਟ ਕੇ ਲੜਾਈ ਹੋਈ। ਐਸੀ ਲੜਾਈ ਜੈਸੀ ਕਦੀ ਭਾਰਤ ਸਮੇਂ ਅਰਜਨ ਨੇ ਕੀਤੀ ਸੀ। ਨੌਂ ਸੌ ਤੋਂ ਉਪਰ ਤੁਰਕ ਤੇ ਪਹਾੜੀਏ ਹਿੰਦੂ ਸਿਪਾਹੀ ਜਿਹੜੇ ਤੁਰਕਾਂ ਦੀ ਸਹਾਇਤਾ ਕਰ ਰਹੇ ਸਨ ਧਰਤੀ ਉਤੇ ਡਿਗ ਪਏ। ਜਾਨਾਂ ਦਾ ਐਸਾ ਭਾਰੀ ਨੁਕਸਾਨ ਦੇਖਕੇ ਤੁਰਕ ਘਾਬਰ ਗਏ।ਉਹਨਾਂ ਨੇ ਫੌਜ ਨੂੰ ਪਿਛਾਂਹ ਹਟਾ ਲਿਆ। ਸਾਹਿਬਜਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਨੇ ਆਪਣੀ ਸੈਨਾ ਨੂੰ ਅਗੇ ਵਧਣ ਤੋਂ ਰੋਕ ਲਿਆ ਪਰ ਉਹਨਾਂ ਦੀਆਂ ਨੇੜੇ ਦੀਆਂ ਛਾਉਨੀਆਂ ਵਿਚੋਂ ਘਾਹ ਤੇ ਅੰਨ ਜ਼ਰੂਰ ਲੁਟਕੇ ਲੈ ਆਂਦਾ ਇਸ ਫਤਹ ਨੇ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਦੇ ਹੌਂਸਲੇ ਵਧਾਏ ਤੇ ਮੁਗਲਾਂ ਨੇ ਦਿਲ ਬੈਠਾਏ।

ਮੁਗਲ ਰਾਤ ਨੂੰ ਇਕਠੇ ਹੋਏ ਉਹਨਾਂ ਨੇ ਆਪੋ ਵਿਚ ਦੀ ਵਿਚਾਰਾਂ ਕੀਤੀਆਂ। ਕਈਆਂ ਤੁਰਕ ਜਰਨੈਲਾਂ ਦੇ ਮਨੋ ਭਾਵ ਸਨ-- ਇਹ ਪੀਰ ਸਤਿਗੁਰੂ ਜੀ ਕੋਈ ਕਰਾਮਾਤੀ ਹੈ। ਜਿਹੜਾ ਘੇਰੇ ਤੋਂ ਘਬਰਾਂਦਾ ਨਹੀਂ ਜੋਹੜਾ ਲੱਖਾਂ ਦੀ ਗਿਣਤੀ ਵਿਚ ਅਸਾਂ ਨੂੰ ਦੇਖਕੇ ਵੀ ਚਿੱਟਾ ਝੰਡਾ ਨਹੀਂ ਖੜਾ ਕਰਦਾ।ਅੰਨ ਚਾਰਾ ਤੇ ਲੀੜਾ ਕਪੜਾ ਮੁਹਿਆ ਹੈ ਸਭ ਅਲਾਦੀਨ ਦੇ ਚਰਾਗ ਵਾਂਗ ਗੈਬੀ ਸ਼ਕਤੀ ਨਾਲ ਮਿਲਦਾ ਹੈ। ਸਭ ਕੰਮ ਆਪੇ ਹੁੰਦੇ ਜਾਂਦੇ ਹਨ। ਅਸੀਂ ਕਦੀ ਨਹੀਂ ਜਿੱਤ ਸਕਦੇ। ਇਹ ਜਰੂਰ ਜਿਤੇਗਾ। ਕਿਤੇ ਜਾਦੂ ਮੰਤ੍ਰ ਨਾਲ ਹੀ ਸਾਰੀ ਸੈਨਾ ਗਰਕ ਨਾ ਕਰ ਦੇਵੇ! ਹਿੰਦੂ ਤਾਂ ਇਕ ਪਾਸੇ ਰਹੇ ਮੁਸਲਮਾਨ ਫਕੀਰ ਵੀ ਬਹੁਤ ਉਸਤਤਾਂ ਕਰਦੇ ਹਨ। ਕਹਿੰਦੇ ਹਨ ਕਿਸੇ ਕੋਲੋਂ ਦੇਵੀ ਪ੍ਰਗਟ ਨਹੀਂ ਸੀ ਹੋਈ ਪਰ ਇਹਨਾਂ ਪ੍ਰਗਟ ਕੀਤੀ ਹੈ।ਦੇਵੀ ਨੇ ਵਰ ਦਿਤਾ ਹੈ ਕਦੀ ਨਾ ਮਰੇਂ ਤੇ ਕਿਸੇ ਦੁਸ਼ਮਨ ਦੇ ਹੱਥ ਨਾ ਆਵੇਂ ਐਵੇਂ ਤਾਂ ਨਹੀਂ ਸਯਦ ਖਾਂ ਮੁਰੀਦ ਬਨ ਗਿਆ।'

ਇਕ ਮੁਸਲਮਾਨ–ਇਹ ਪੀਰ ਨਾਨਕ ਜੀ ਦੀ ਗਦੀਹੈ। ਓਹ ਪੀਰ ਜੀ ਤਾਂ ਪਥਰਾਂ ਨੂੰ ਤੋਰ ਦੇਂਦੇ ਸਨ। ਸਮੁੰਦਰ ਉਤੇ ਤੁਰਦੇ ਤੇ ਅਸਮਾਨਾਂ ਵਿਚ ਉਡਦੇ ਸਨ। ਉਹਨਾਂ ਨੇ ੨੪ ਤਬਕ ਦੇਖੇ ਸਨ। ਕੌਣ ਰੀਸ ਕਰ ਸਕਦਾ ਹੈ। ਮੈਂ ਤਾਂ ਆਖਦਾ ਹਾਂਕਿ ਆਪਾਂ ਮੁੜ ਚਲੀਏ ਬਾਦਸ਼ਾਹ ਨੂੰ ਹੀ ਭੇਜੋ ਉਹ ਆਪ ਲੜੇ'

ਵਜੀਰ ਖਾਂ ਸਰਹੰਦ ਬਜਦਿਲੋ ? ਇਹ ਕੋਈ ਖਦਾਈ ਪੀਰ ਨਹੀਂ ਐਵੇਂ ਠਗ ਬਾਜੀ ਦਾ ਜਾਲ ਤਾਣਿਆਂ ਹੋਇਆ ਹੈ। ਘਾਬਰੋ ਨਾ ਅਸੀਂ ਜ਼ਰੂਰ ਇਹਨਾਂ ਨੂੰ ਅਨੰਦਪੁਰ ਤੋਂ ਕਢ ਕੇ ਬਾਦਸ਼ਾਹ ਸਲਾਮਤ ਪਾਸੋਂ ਇਨਾਮ ਪ੍ਰਾਪਤ ਕਰਾਂਗੇ। ਦਿਲ ਨਾ ਛਡੋ ਕੋਈ ਜਿੰਨ ਭੂਤ ਜਾਂ ਦਿਓ ਇਹਨਾਂ ਕੋਲ ਨਹੀਂ।

ਇਸ ਤਰਾਂ ਆਪੋ ਵਿਚ ਦੀ ਸਲਾਹੀਂ ਕਰਦਿਆਂ ਹੋਇਆਂ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਰਾਤ ਬਤੀਤ ਕੀਤੀ ਜਿਹੜੇ ਮਰੇ ਸਨ ਉਹਨਾਂ ਦੀਆਂ

Sri Satguru Jagjit Singh Ji eLibrary NamdhariElibrary@gmail.com

ਲੋਥਾਂ ਚੁਕਣ ਦਾ ਵੀ ਕਿਸੇ ਨੂੰ ਹੌਂਸਲਾਂ ਨਾ ਪਿਆ। ਲੋਥਾਂ ਮੈਦਾਨੇ ਜੰਗ ਵਿਚ ਹੀ ਸੜਨ ਲਗੀਆਂ।

ਵਜ਼ੀਦ ਖਾਂ ਤੇ ਜਬਰਦਸਤ ਖਾਂ ਵਿਚ ਆਖਰ ਇਹ ਸਾਂਝਾ ਸਮਝੌਤਾ ਹੋਇਆ ਕਿ ਲੜਾਈਆਂ ਲੜਨ ਵਲ ਨਹੀਂ ਪੈਣਾ ਚਾਹੀਦਾ ਕਿਉਂਕਿ ਲੜ ਕੇ ਕੇ ਫਤਹ ਹੋਣ ਦੀ ਕੋਈ ਆਸ ਨਹੀਂ। ਢੰਗ ਇਹੋ ਹੈ ਕਿ ਘੇਰਾ ਪਾਕੇ ਬੈਠੇ ਰਹੀਏ ਅਤੇ ਬਾਹਰੋਂ ਅੰਦਰੋਂ ਕਿਸੇ ਸਿਖ ਨੂੰ ਏਧਰ ਉਧਰ ਨਾ ਹੋਣਦਈਏ।ਜਿਹੜਾ ਹੋਵੇ ਉਸ ਨੂੰ ਕਤਲ ਕਰ ਦੇਈਏ। ਦੇਖਾ ਜਾਵੇਗਾ ਕਿੰਨਾ ਚਿਰ ਗੁਰੂ ਅੰਦਰ ਬੈਠਦਾ ਹੈ।

ਇਸ ਫੈਸਲੇ ਦੇ ਨਾਲ਼ ਹੀ ਉਹਨਾ ਨੇ ਇਕ ਚਿਠੀ ਗੁਰੂ ਜੀ ਵਲ ਲਿਖੀ। ਉਸ ਚਿਠੀ ਵਿਚ ਲਿਖਿਆ ਪਹਿਲਾਤੁਸਾਂਨਾਲ ਪਹਾਵੀ ਰਾਜੇ ਲੜਦੇ ਰਹੇਹਨ ਜਿਹਨਾਂ ਦੀ ਸ਼ਕਤੀ ਕੁਝ ਨਹੀਂ ਸੀ ਹੁਣ ਇਹ ਫੌਜ ਪਹਾੜੀ ਰਾਜਿਆਂ ਦੀ ਕਮਜ਼ੋਰ ਫੌਜ ਨਹੀਂ ਸਗੋਂ ਮੁਗਲ ਸਮਰਾਟ ਸ਼ਹਿਨਸ਼ਾਹ ਆਲਮ ਔਰੰਗਜੇਬ ਬਾਦਸ਼ਾਹ ਹਿੰਦ ਦੀ ਹੈ। ਜਿਸਦੇ ਸਾਮਣੇ ਰਾਜਪੂਤਾਂ ਤੇ ਹੈਦਰਾਬਾਦ ਦਖਣ ਤੇ ਬੰਗਾਲ ਦੇ ਬਾਗੀ ਨਹੀਂ ਖਲੋ ਸਕੇ। ਜਿਹਨਾਂ ਦੇ ਕੋਲ ਲਖਾ ਦੀ ਗਿਣਤੀ ਦੀ ਫੌਜ ਸੀ। ਤੁਹਾਡੀ ਫੌਜ ਤਾ ਆਟੇ ਵਿਚ ਲੂਣ ਹੈ। ਸਮਝੌਤਾ ਕਰ ਲਵੋ ਇਹ ਥਾ ਛਡ ਕੇ ਕਿਧਰੇ ਚਲੇ ਜਾਓ ਤੇ ਬਾਦਸ਼ਾਹ ਸਲਾਮਤ ਦੀ ਅਧੀਨਗੀ ਪਰਵਾਨ ਕਰੋ।

ਐਸੀ ਚਿਠੀ ਇਕ ਏਲਚੀ ਦੇ ਹਥ ਭੇਜੀ ਏਲਚੀ ਸਤਿਗੁਰ ਜੀ ਦੇ ਦਰਬਾਰ ਵਿਚ ਪੁਜਾ ਪਹਿਲਾਂ ਤਾ ਓਹ ਸਾਹਿਬਾਂ ਦਾ ਪਰਤਾਪ ਦੇਖਕੇ ਬਹੁਤ ਹੀ ਹੈਰਾਨ ਹੋਇਆ।ਆਖਰ ਉਸਨੇ ਚਿਠੀ ਪੜ ਕੇ ਸੁਣਾਈ।ਚਿਠੀ ਸੁਨਾਣ ਦੇ ਪਿਛੋਂ ਜੂ ਰਖ ਚੁਪ ਨਾ ਕੀਤਾ ਰਿਹਾ ਸਖੋਂ ਵਧ ਘਟ ਬੋਲਣ ਲਗਾ। ਉਸ ਨੇ ਕਿਹਾ ਦੇਖੋਜੀ ਚੁਪ ਚਾਪ ਸਮਝੌਤਾ ਕਰਕੇ ਕਿਲਾ ਖਾਲੀ ਕਰ ਦੇਵੋ ਜੇ ਆਕੜੇ ਤਾਂ ਬਹੁਤ ਬੁਰੀ ਹੋਵੇਗੀ।

ਅਜੇ ਉਸਨੇ ਪੂਰੀ ਗਲ ਵੀ ਨਹੀਂ ਸੀ ਕੀਤੀ ਕਿ ਸਾਹਿਬਜਾਦੇ ਅਜੀਤ ਸਿੰਘ ਜੀ ਨੇ ਉਸ ਨੂੰ ਧੌਣੋਂ ਫੜ ਲਿਆ ਖਬਰਦਾਰ ਜੇ ਜਬਾਨੋਂ ਕੋਈ ਵਧ

Sri Satguru Jagjit Singh Ji eLibrary NamdhariElibrary@gmail.com

ਘਟ ਸ਼ਬਦ ਬੋਲਿਆ ਤਾਂ ਸਤਿਗੁਰੂ ਜੀ ਦੀ ਸ਼ਾਨ ਦੇ ਉਲਟ ਕੁਝ ਬੋਲਿਆ ਤਾਂ ਜ਼ਬਾਨ ਖਿਚ ਲਈ ਜਾਵੇਗੀ। ਬੋਲ ਕੁਬੋਲ ਬੋਲਨ ਦੀ ਲੋੜ ਨਹੀਂ। ਜੋਹੜੇ ਫੈਸਲੇ ਹੋਣੇ ਹਨ ਉਹ ਯੁਧ ਵਿਚ ਹੀ ਹੋ ਜਾਣਗੇ।'

ਇਹ ਬਚਨ ਸੁਣਕੇ ਏਲਚੀ ਦਾ ਲਹੂ ਖੁਸ਼ਕ ਹੋ ਗਿਆ ਪਰ ਉਹ ਸਪ ਵਾਂਗ ਵਿਸ ਘੋਲਦਾ ਹੋਇਆ ਤੁਰ ਗਿਆ। ਕਿਉਂਕਿ ਸਤਿਗੁਰ ਜੀ ਨੇ ਸਾਂਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਰੋਕ ਲਿਆ ਸੀ ਤੇ ਉਸ ਨੂੰ ਵਿਦਾ ਕਰ ਦਿਤਾ ਸੀ। ਸਮਝੌਤੇ ਬਾਰੇ ਕਿਹਾ ਸੀ--ਇਕ ਪਾਸੇ ਸੱਚ ਹੈ ਦੂਸਰੇ ਪਾਸੇ ਝੂਠ। ਸਚ ਅਤੇ ਝੂਠ ਦਾ ਕਦੀ ਮੇਲ ਨਹੀਂ ਹੁੰਦਾ ਜਾਂ ਤਾਂ ਮੁਗਲ ਵੀ ਸਚੇ ਇਨਸਾਨ ਬਣਨ ਦਾ ਯਤਨ ਕਰਨ। ਜਿੰਨਾਂ ਚਿਰ ਮੁਗਲ ਇਨਸਾਨ ਨਹੀਂ ਬਣਦੇ ਓਹਨਾਂ ਚਿਰ ਉਨ੍ਹਾਂ ਨਾਲ ਮੇਲ ਹੋਣਾ ਬਹੁਤ ਔਖਾ ਹੈ। ਜਿਵੇਂ ਅਕਾਲ ਪੁਰਖ ਦਾ ਹੁਕਮ ਹੈ ਤਿਵੇਂ ਹੁੰਦਾ ਜਾ ਰਿਹਾ ਹੈ। ਅਸਾਂ ਨੂੰ ਨਾ ਭੈ ਹੈ ਤੇ ਨਾ ਕੋਈ ਚਿੰਤਾ ਤਨ ਮਨ ਧਨ ਆਦਿਕ ਸਭ ਕੁਝ ਪੰਥ ਦਾ ਹੈ ਤੇ ਪੰਥ ਅਕਾਲ ਪੁਰਖ ਦਾ ਹੈ ਅਸਾਂ ਦੀ ਲੜਾਈ ਆਦਰਸ਼ਕ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਆਸ਼ਿਆਂ ਤੇ ਆਦਰਸ਼ਾਂ ਨੂੰ ਕਾਇਮ ਰਖਣਾ ਹੈ।

ਏਲਚੀ ਗਿਆ ਉਸ ਨੇ ਵਜ਼ੀਰ ਖਾਂ ਜ਼ਬਰਦਸਤ ਖਾਂ ਤੇ ਅਜਮੇਰ ਚੰਦ ਨੂੰ ਸਾਰੀ ਗੱਲ ਹੋਰ ਵਾਧੂ ਮਸਾਲੇ ਲਾ ਕੇ ਸੁਣਾ ਦਿੱਤੀ। ਵਜ਼ੀਰ ਖਾਂ ਨੇ ਉਸ ਵੇਲੇ ਨਾ ਕਾਬੰਦੀ ਨੂੰ ਹੋਰ ਕਰੜਾ ਕਰਨ ਵਾਸਤੇ ਹੁਕਮ ਦਿਤਾ। ਜਿਨ੍ਹਾਂ ਫੌਜੀਆਂ ਤੇ ਸ਼ਕ ਸੀ ਕਿ ਉਹ ਨਰਮ ਦਿਲ ਹਨ ਉਹਨਾਂ ਨੂੰ ਪਿਛੇ ਹਟਾ ਦਿੱਤਾ। ਉਹਨਾਂ ਦੀ ਥਾਂ ਤੇ ਹੋਰ ਲਾ ਦਿਤੇ ਐਸੇ ਹੁਕਮਾਂ ਨੂੰ ਦੇਖਕੇ ਸਤਿਗੁਰੂ ਜੀ ਫਿਰ ਵੀ ਨਹੀਂ ਘਬਰਾਏ।

੨੩. ਭਾਈ ਘਨਈਆ ਜੀ ਦਾ ਪ੍ਰਸੰਗ

ਜ਼ਾਲਮ ਨੇ ਘੇਰਾ ਪਾਈ ਰਖਿਆ ਪਰ ਸਿਦਕੀ ਸਿੱਖਾਂ ਨੇ ਉਹਨਾਂ ਨੂੰ ਸਤਾਉਣੋਂ ਨਹੀਂ ਛਡਿਆ ਉਹ ਸਤਾਉਂਦੇ ਰਹੇ। ਨਿੱਕੀਆਂ ਨਿੱਕੀਆਂ ਗੁਰੀਲਾ (ਛਾਪਾ ਮਾਰ ਲੜਾਈਆ ਹੁੰਦੀਆਂ ਰਹੀਆਂ। ਉਹਨਾਂ ਲੜਾਈਆਂ

Sri Satguru Jagjit Singh Ji eLibrary NamdhariElibrary@gmail.com

ਵਿਚ ਕਈ ਨਿਰਾਲੇ ਕੌਤਕ ਹੁੰਦੇ ਰਹੇ ਸਤਿਗੁਰੂ ਜੀ ਦੀ ਬ੍ਰਹਮ ਸ਼ਕਤੀ, ਸਰਬ ਪ੍ਰੀਤ ਭਗਤੀ ਤੇ ਸ਼ਕਤੀ ਦੇ ਕੌਤਕ ਦੇਖਣ ਅਤੇ ਸੁਨਣ ਵਾਲੇ ਸਨ। ਸਾਹਿਬਾਂ ਨੇ ਜਰਨੈਲ ਸਿਖ ਦੁਸ਼ਮਨ ਦੀਆਂ ਸਫਾਂ ਚੀਰ ਕੇ ਓਹ ਦੀਆਂ ਛਾਉਣੀਆਂ ਤੇ ਸਾਮਾਨ ਦੇ ਜ਼ਖੀਰਿਆਂ ਵਿਚੋਂ ਚੀਜ਼ਾਂ ਚੁਕ ਲਿਆਉਂਦੇ ਸਨ। ਨਿਕੀਆਂ ੨ ਲੜਾਈਆਂ ਵੀ ਹੁੰਦੀਆਂ। ਓਹਨਾਂ ਲੜਾਈਆਂ ਵਿਚ ਸਿੰਘਾਂ ਦਾ ਬਹੁਤ ਨੁਕਸਾਨ ਨਹੀਂ ਸੀ ਹੁੰਦਾ।

ਸਤਿਗੁਰ ਜੀ ਦਾ ਸਚਾ ਸਿਖ ਭਾਈ ਘਨਈਆ ਸੀ। ਓਹ ਜਦ ਤੋਂ ਆਨੰਦਪੁਰ ਆਇਆ ਤਦ ਤੋਂ ਓਸ ਨੇ ਪਾਣੀ ਪਿਲਾਉਣ ਦੀ ਸੇਵਾ ਚੁਕੀ। ਓਹ ਪਾਣੀ ਮਸ਼ਕ ਨਾਲ ਪਿਲਾਉਂਦਾ ਰਹਿੰਦਾ ਸੀ ਅਮਨ ਦੇ ਸਮੇਂ ਵਿਚ ਵੀ ਇਹ ਸੇਵਾ ਰਹੀ ਤੇ ਲੜਾਈ ਦੇ ਦਿਨਾਂ ਵਿਚ ਵੀ ਪਾਣੀ ਪਿਲਾਉਣਾ ਨਾ ਛਡਿਆ। ਓਹ ਬਹੁਤ ਦਲੇਰ ਤੇ ਨਿਡਰ ਪੁਰਸ਼ ਸੀ। ਸਤਿਗੁਰ ਜੀ ਦਾ ਬਚਨ 'ਮਾਣਸ ਕੀ ਜਾਤ ਸਭੈ ਏਕੈ ਪਹਿਚਾਨਬੋ' ਅਤੇ ਜਿਨ ਪਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥' ਅਦਿਕ ਦੇ ਬਚਨਾਂ ਨੂੰ ਨਿਰਾ ਸੁਣ ਹੀ ਨਹੀਂ ਸੀ ਛਡਿਆ ਸਗੋਂ ਅਮਲ ਕਰਨਾ ਅਰੰਭ ਕੀਤਾ ਉਹ ਹਰ ਇਨਸਾਨ ਨੂੰ ਇਨਸਾਨ ਤੇ ਵਾਹਿਗੁਰੂ ਦਾ ਪੁਤ੍ਰ ਸਮਝਦਾ ਸੀ। ਜ਼ਾਤ ਗੋਤ ਤੇ ਮਜਹਬ ਦਾ ਖਿਆਲ ਨਹੀਂ ਸੀ ਕਰਦਾ ਬਸ ਓਹ ਏਹੋ ਸੁਣਦਾ ਬਾਬਾ ਜੀ !ਪਾਣੀ ਪਿਲਾਓ' ਉਹ ਸਤਿਨਾਮ ਵਾਹਿਗੁਰੂ ਆਖ ਕੇ ਪਾਣੀ ਪਿਲਾ ਦੇਂਦਾ।

ਗੁਰੀਲਾ ਲੜਾਈ ਹੋਈ, ਲੜਾਈ ਵਡੀ ਖਿਲਰ ਗਈ, ਦੁਸ਼ਮਣ ਬਹਤੀ ਗਿਣਤੀ ਵਿਚ ਅਗੇ ਆ ਗਿਆ। ਸਿੰਘਾਂ ਦੀ ਮੱਦ ਵੀ ਹੋਰ ਪੁਜ ਗਈ ਤਾਂ ਲੜਾਈ ਅੱਧੀ ਰਾਤ ਤੋਂ ਆਰੰਭ ਹੋਈ। ਅਗਲਾ ਦਿਨ ਵੀ ਹੁੰਦੀ ਰਹੀ ਦਿਨੇ ਲੜਾਈ ਵਿਚ ਭਾਈ ਘਨੱਈਆ ਜਾ ਵੜਿਆ। ਉਹ ਜਖਮੀਆ ਨੂੰ ਪਾਣੀ ਪਿਲਾਈ ਜਾਂਦਾ ਸੀ। ਉਸ ਨੂੰ ਨਾ ਤਲਵਾਰ ਦਾ ਭੈ ਸੀ ਤੇ ਨਾ ਗੋਲੀ ਦਾ। ਸ਼ਾਇਦ ਉਹ ਦੁਸ਼ਮਨ ਨੂੰ ਦਿਸਦਾ ਹੀ ਨਹੀਂ ਸੀ। ਉਸ ਸਮੇਂ ਉਹ ਮੁਸਲਮਾਨ ਜ਼ਖਮੀਆਂ ਨੂੰ ਵੀ ਜਲ ਪਿਲਾਈ ਜਾਂਦਾ ਸੀ ਤੇ ਸਿੰਘਾਂ ਨੂੰ ਵੀ। ਕਈ ਮੁਸਲਮਾਨ ਪਾਣੀ ਪੀ ਕੇ ਹੁਸ਼ਿਆਰ ਹੁੰਦੇ ਤੇ ਸਿੰਘਾਂ ਨਾਲ ਲੜਨ

Sri Satguru Jagjit Singh Ji eLibrary NamdhariElibrary@gmail.com

ਲੱਗ ਪੈਂਦੇ ਸਨ । ਭਾਈ ਘਨੱਈਆ ਐਸੀ ਵਿਚਾਰ ਨਹੀਂ ਸੀ ਕਰਦਾ ।

ਉਸਨੂੰ ਜਲ ਪਿਲਾਉਂਦਿਆਂ ਹੋਇਆਂ ਸਿੰਘਾਂ ਨੇ ਦੇਖਿਆ । ਇਕ ਸਿੰਘ ਨੇ ਜਦੋਂ ਇਹ ਤੱਕਿਆ ਕਿ ਭਾਈ ਘਨੱਈਆ ਜੀ ਨੇ ਇਕ ਮੁਸਲਾਨ ਨੂੰ ਪਾਣੀ ਪਿਲਾਇਆ ਹੈ ਉਹ ਮੁਸਲਮਾਨ ਪਾਣੀ ਪੀ ਕੇ ਹੁਸ਼ਿਆਰ ਹੋਇਆ ਤੇ ਸਿੰਘਾਂ ਨਾਲ ਲੜਨ ਲਗ ਪਿਆ ਹੈ ਤਾਂ ਉਸ ਸਿੰਘ ਨੂੰ ਭਾਈ ਘਨੱਈਆ ਜੀ ਦੀ ਇਸ ਸੇਵਾ ਤੇ ਬਹੁਤ ਕਰੋਧ ਆਇਆ ਉਸ ਨੇ ਝਟ ਪਟ ਜਥੇਦਾਰ ਅਗੇ ਬੇਨਤੀ ਕੀਤੀ ਤੇ ਜਥੇਦਾਰ ਨੇ ਖੁਦ ਦੇਖਿਆ ਕਿ ਭਾਈ ਘਨੱਈਆ ਤੁਰਕਾਂ ਨੂੰ ਪਾਣੀ ਪਿਲਾਈ ਜਾ ਰਿਸਾ ਹੈ । ਉਹ ਵੀ ਗੁਸੇ ਨਾਲ ਕਪੜਿਆਂ ਤੋਂ ਬਾਹਰ ਹੋ ਗਏ ਭਾਈ ਘਨਈਆ ਦੇ ਕੋਲ ਪੁਜਕੇ ਉਸਨੂੰ ਡਾਟਣ ਲਗੇ ਕਿਉਂ ਭਾਈ ਤੂੰ ਤੁਰਕਾਂ ਨੂੰ ਪਾਣੀ ਪਿਲਾ ਰਿਹਾ ਹੈਂ ।

ਉਸ ਜਥੇਦਾਰ ਨੂੰ ਭਾਈ ਘਨਈਏ ਨੇ ਹੈਰਾਨ ਹੋ ਕੇ ਉਤਰ ਦਿਤਾ --ਤੁਰਕਾ ਨੂੰ ਪਾਣੀ ਪਿਲਾ ਰਿਹਾ ਹਾਂ ? ਇਹ ਕਿਵੇ ? ਮੈਨੂੰ ਤਾਂ ਤੁਰਕ ਕੋਈ ਦਿਸਦਾ ਹੀ ਨਹੀਂ ਮੈਨੂੰ ਤਾਂ ਸਿੰਘ ਦਿਸਦੇ ਹਨ । ਸਤਿਗੁਰੂ ਜੀ ਆਪ ਦਿਸਦੇ ਹਨ । ਜਥੇਦਾਰ ਜੀ ਸੇਵਕ ਤਾਂ ਸਿੰਘਾਂ ਨੂੰ ਪਾਣੀ ਪਿਲੌਂਦਾ ਹੈ ਉਹ ਪਾਣੀ ਜੋ ਅਕਾਲ ਪੁਰਖ ਦੀ ਦਾਤ ਹੈ ਸਭ ਵਾਸਤੇ ਹੈ । ਖਿਮਾਂ ਕਰਨਾ ਜਥੇਦਾਰ ਜੀ ਮੈਨੂੰ ਤਾਂ ਤੁਰਕ ਦਿਸਦਾ ਹੀ ਨਹੀਂ ।

ਤੁਰਕ ਨਹੀਂ ਦਿਸਦਾ ? ਕੀ ਤੂੰ ਅੰਨਾਂ ਹੈ ? ਮੈਂ ਆਪ ਦੇਖਿਆ ਹੈ ਤੈਨੂੰ ਤੁਰਕ ਨੂੰ ਪਾਣੀ ਪਿਲਾਉਂਦਿਆਂ।ਝੂਠ ਬੋਲਣਾ ਸਿੰਘਾਂ ਦਾ ਧਰਮ ਨਹੀਂ । ਜਥੇਦਾਰ ਹੋਰ ਲਾਲ ਪੀਲਾ ਹੋ ਕੇ ਕਹਿਣ ਲਗਾ ।

ਮੈਂ ਅੰਨਾਂ ਹਾਂ ਜਾਂ ਸੁਜਾਖਾ ਇਹ ਮੇਰਾ ਸਤਿਗੁਰੂ ਜੀ ਜਾਨਣ । ਮੈਂ ਤਾਂ ਝੂਠ ਨਹੀਂ ਬੋਲਦਾ ਹਾਂ ਮੈਨੂੰ ਸਿੰਘ ਤੁਰਕ ਵਿਚ ਕਾਫੀ ਫਰਕ ਅਨੁਭਵ ਨਹੀਂ ਹੁੰਦਾ । ਮੈਂ ਤਾਂ ਜਿਧਰ ਦੇਖਦਾ ਹਾਂ ਮੈਨੂੰ ਜਾਂ ਸਤਿਗੁਰ ਜੀ ਆਪ ਦਿਸਦੇ ਹਨ ਜਾਂ ਸਿੰਘ । ਮੈਂ ਕਿਸੇ ਤੁਰਕ ਨੂੰ ਪਾਣੀ ਨਹੀਂ ਪਿਲਾਉਂਦਾ । ਜੇ ਮੇਰਾ ਸਤਿਗੁਰੂ ਕੋਈ ਚੋਜ਼ ਵਰਤਾ ਰਿਹਾ ਹੈ ਤਾਂ ਮੈਂ ਕਹਿ ਨਹੀਂ ਸਕਦਾ।ਸ਼ਾਇਦ ਮੈਂ ਭੁਲ ਕਰਦਾ ਹੋਵਾਂ ਕਿਉਂਕਿ ਜੀਵ ਭੁਲਣਹਾ ਹੈ । ਉਹੋ ਮੇਰਾ ਦਾਤਾ ਹੀ ਅਭੁਲ

Sri Satguru Jagjit Singh Ji eLibrary NamdhariElibrary@gmail.com

ਹੈ। ਭਾਈ ਘਨਈਏ ਦਾ ਉਤਰ ਸੀ ਉਹਦੇ ਨੈਣ ਮੁੰਦੀਦੇ ਜਾਂਦੇ ਸਨ। ਉਹਦੇ ਸਾਹਮਣੇ ਸਤਿਗੁਰ ਜੀ ਦੀ ਤਸਵੀਰ ਸੀ। ਉਹਦੇ ਬੁਲ੍ਹਾਂ ਤੋਂ ਆਪ ਮੁਹਾਰਾ ਨਿਕਲਦਾ ਜਾਂਦਾ ਸੀ–'ਦਾਤਾ ਕਲਗੀਆਂ ਵਾਲਾ ਪਿਤਾ ਸਤਿਨਾਮ ਵਾਹਿਗੁਰੂ।'

ਬਸ ਹੋਸ਼ ਨਾਲ ਪਾਣੀ ਪਿਲਾ। ਜੇ ਹੁਣ ਤੂੰ ਦੁਸ਼ਮਣ ਨੂੰ ਪਾਣੀ ਪਿਲਾਇਆ ਤਾਂ ਤੈਨੂੰ ਸਤਿਗੁਰਾਂ ਦੇ ਪੇਸ਼ ਕੀਤਾ ਜਾਵੇਗਾ ਕੋਈ ਲਿਹਾਜ਼ ਨਹੀਂ ਹੋਣਾ।'

ਜਥੇਦਾਰ ਇਹ ਹੁਕਮ ਦੇ ਕੇ ਦੁਸ਼ਮਨਾਂ ਨਾਲ ਯੁਧ ਕਰਨ ਲਗ ਪਿਆ। ਜੁਧ ਹੁੰਦਾ ਰਿਹਾ, ਭਾਈ ਘਨੱਈਆ ਜਲ ਪਿਲਾਉਂਦਾ ਰਿਹਾ। ਉਸ ਨੇ ਕੋਈ ਵਿਤਕਰਾ ਨਹੀਂ ਕੀਤਾ ਤੇ ਨਾ ਉਸਨੇ ਇਹ ਖਿਆਲ ਰਖਣ ਦਾ ਯਤਨ ਕੀਤਾ ਕਿ ਜਥੇਦਾਰ ਜੀ ਉਸ ਨੂੰ ਕੀ ਹੁਕਮ ਦੇ ਗਏ ਹਨ ਉਹ ਤੁਾਂ ਮਸਤ ਮੌਲਾ ਜਿਵੇਂ ਪਹਿਲੇ ਜਲ ਦੀ ਸੇਵਾ ਕਰਦਾ ਸੀਤਿਵੇਂ ਕਰੀ ਗਿਆ। 'ਸਤਿਨਾਮ ਵਾਹਿਗੁਰੂ ਆਖ ਕੇ ਤੁਰਕਾਂ ਨੂੰ ਪਾਣੀ ਪਿਲਾਈ ਗਿਆ।

ਪਹਿਲੇ ਜਥੇਦਾਰ ਨੇ ਮੁੜ ਦੇਖਿਆ ਕਿ ਭਾਈ ਘਨਈਆਂ ਦੁਸ਼ਮਣਾਂ ਦੀ ਸੇਵਾ ਕਰਨ ਤੋਂ ਨਹੀਂ ਟੱਲਦਾ ਤਾਂ ਉਸ ਨੇ ਹੁਕਮ ਦਿਤਾ ਕਿ ਘਨਈਏ ਜੀ ਨੂੰ ਫੜ ਕੇ ਸਤਿਗੁਰੂ ਜੀ ਦੇ ਪੇਸ਼ ਕੀਤਾ ਜਾਵੇ। ਸਿੰਘਾਂ ਨੇ ਜਥੇਦਾਰ ਦੀ ਆਗਿਆ ਦਾ ਪਾਲਨ ਕੀਤਾ, ਉਸੇ ਵੇਲੇ ਭਾਈ ਘਨਈਆ ਜੀ ਨੂੰ ਪਕੜ ਲਿਆ ਗਿਆ।

ਜਦ ਯੁਧ ਰੁਕ ਗਿਆ, ਸਾਰੀ ਸਿੰਘ ਸੈਨਾ ਕਿਲੇ ਵਿਚ ਆ ਪੁਜੀ ਤਾਂ ਸਤਿਗੁਰ ਜੀ ਦੇ ਦਰਬਾਰ ਵਿਚ ਭਾਈ ਘਨਈਏ ਦਾ ਮੁਕੱਦਮਾ ਪੇਸ਼ ਹੋਇਆ। ਜਥੇਦਾਰ ਨੇ ਭਾਈ ਘਨਈਏ ਦਾ ਦੋਸ਼ ਦਸਿਆ ਤੇ ਸਤਿਗੁਰਾਂ ਅਗੇ ਨਿਆਇ ਕਰਨ ਦੀ ਅਪੀਲ ਕੀਤੀ।

ਸਤਿਗੁਰੂ ਜੀ ਨੇ ਭਾਈ ਘਨਈਏ ਨੂੰ ਪੁਛਿਆ--ਕਿਉਂ ਭਾਈ ਘਨਈਆ ਜੀ! ਕੀ ਇਹ ਗਲ ਠੀਕ ਹੈ ਜੋ ਕੁਝ ਜਥੇਦਾਰ ਜੀ ਆਖ ਰਹੇ ਹਨ?'

ਹੇ ਪਿਤਾ! ਹੇ ਅੰਤਰਯਾਮੀ ਦਾਤਾਰ ਕਲਗੀਧਰ ਪਿਤਾ ਜੀਓ

Sri Satguru Jagjit Singh Ji eLibrary NamdhariElibrary@gmail.com

ਗਰੀਬ ਸੇਵਕ ਨੂੰ ਕੁਝ ਪਤਾ ਨਹੀਂ ਜਥੇਦਾਰ ਜੀ ਠੀਕ ਆਖ ਰਹੇ ਹਨ ਜਾਂ ਝੂਠ, ਪਰ ਮੈਂ ਤਾਂ ਇਹ ਆਖਦਾ ਹਾਂ ਕਿ ਮੈਨੂੰ ਤਾਂ ਸਿੱਖਾਂ ਤੇ ਆਪ ਦੇ ਰੂਪ ਤੋਂ ਬਿਨਾਂ ਕੁਝ ਦਿਸਦਾ ਹੀ ਨਹੀਂ ਰਿਹਾ। ਕੀ ਪਤਾ ਮੇਰੀ ਨਿਗਾਹ ਨੂੰ ਕੀ ਹੋ ਗਿਆ ਮੈਂ ਤਾਂ ਜਿਧਰ ਦੇਖਦਾ ਹਾਂ ਉਧਰ ਤੁਸੀਂ ਹੀ ਨਜ਼ਰ ਆ ਰਹੇ ਹੋ। ਮੈਂ ਕਈਆਂ ਨੂੰ ਰੋਕਿਆ ਕਿ ਉਹ ਤੁਰਕ ਨਾ ਹੋਣ ਪਰ ਮੈਨੂੰ ਤੁਰਕ ਦਿਸਿਆ ਹੀ ਕੋਈ ਨਹੀਂ। ਦਾਤਾ ਬਾਲਕ ਨੂੰ ਇਹ ਤਾਂ ਨਹੀਂ ਕਿਤੇ ਤੁਸਾਂ ਦਾ ਬਾਲਕ ਸਚ ਮੁਚ ਅੰਨ੍ਹਾਂ ਤਾਂ ਨਹੀਂ ਹੋ ਗਿਆ।'

ਨਹੀਂ ਭਾਃ ਘਨੱਈਆ ਤੂੰ ਅੰਨ੍ਹਾਂ ਨਹੀਂ ਹੋਯਾ ਸਗੋਂ ਸੁਜਾਖਾ ਹੋ ਗਿਆ ਹੈਂ। ਸਚ ਮੁਚ ਤੇਰੀਆਂ ਅੱਖਾਂ ਵਿਚ ਉਹ ਜੋਤ ਆ ਗਈ ਹੈ ਜੋ ਜੋਤ ਸਤਿਗੁਰ ਨਾਨਕ ਦੇਵ ਜੀ ਮਹਾਰਾਜ ਦੇ ਸਿਖ ਵਿਚ ਹੋਣੀ ਚਾਹੀਦੀ ਹੈ ਤੂੰ ਧੰਨ ਹੈਂ ਭਾਈ ਘਨੱਈਆ ਤੂੰ ਨਿਹਾਲ ਹੈਂ। ਤੂੰ ਸਿਖੀ ਨੂੰ ਸਮਝਿਆ ਹੀ ਨਹੀਂ ਸਗੋਂ ਅਮਲ ਕੀਤਾ ਹੈ। ਸਗਲ ਸੰਗਿ ਹਮ ਕਉ ਬਨਿ ਆਈ॥' ਪਾਣੀ ਦੇ ਨਾਲ ਮਲ੍ਹਮ ਵੀ ਲੈ ਜਾਇਆ ਕਰ ਜਿਨ੍ਹਾਂ ਜ਼ਖਮੀਆਂ ਨੂੰ ਪਾਣੀ ਪਿਲਾਇਆ ਕਰੇਂ ਉਹਨਾਂ ਦੇ ਜ਼ਖਮਾਂ ਉਤੇ ਮਲ੍ਹਮ ਵੀ ਲਾਇਆ ਕਰ ਸੇਵਾ ਕਰਨਾ ਇਨਸਾਨ ਦਾ ਪਰਮ ਧਰਮ ਹੈ ਦ੍ਵੈਖ ਨੂੰ ਮਾਰ ਕੇ ਕੀਤੀ ਹੋਈ ਸੇਵਾ ਪਰਵਾਨ ਹੁੰਦੀ ਹੈ ਅਸਾਂ ਦਾ ਜ਼ਾਲਮ ਨਾਲ ਵੈਰ ਹੈ। ਮੁਸਲਮਾਨ ਮਜ਼ਹਬ ਤੇ ਮੁਸਲਮਾਨ ਬੰਦਿਆਂ ਨਾਲ ਨਹੀਂ। ਯੁਧ ਭੂਮੀ ਵਿਚ ਲੜਨ ਵਾਲੇ ਸਾਰੇ ਸੂਰਮੇ ਇਕ ਜੈਸੇ ਹੁੰਦੇ ਹਨ ਭਾਵੇਂ ਉਹ ਕਿਸੇ ਪੱਖ ਵਲੋਂ ਲੜਨ, ਸੇਵਕ ਨੇ ਸੇਵਾ ਕਰਨੀ ਹੈ।

ਭਾਈ ਘਨੱਈਏ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਸੇਵਾ ਕਰਨ ਤੁਰ ਗਿਆ। ਭਾਈ ਘਨਈਏ ਜੀ ਦੇ ਸੇਵਕ ਅਜੇ ਤਕ ਹਨ ਤੇ 'ਸੇਵਾ ਪੰਥੀਏ' ਅਖਵਾਉਂਦੇ ਹਨ। ਬਾਕੀ ਦੇ ਸਿੰਘਾਂ ਨੇ ਭਾਈ ਘਨਈਏ ਜੀ ਦੇ ਜੀਵਨ ਤੋਂ ਬਹੁਤ ਸਿਖਿਆ ਲਈ।

***

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੨੪.ਸਤਿਗੁਰੂ ਜੀ ਦਾ ਤੀਰ

ਢਾਈ ਮਹੀਨੇ ਤੋਂ ਉਪਰ ਸਮਾਂ ਬਤੀਤ ਹੋ ਗਿਆ ਅਰ ਘੇਰਾ ਨਾ ਟੁਟਾ ਛੋਟੀਆਂ ੨ ਲੜਾਈਆਂ ਲੜ ਕੇ ਤੁਰਕ ਥੱਕ ਗਏ। ਹਜ਼ਾਰਾਂ ਫੌਜੀਆਂ ਜਾਨੀ ਨੁਕਸਾਨ ਹੋ ਗਿਆ। ਬਾਦਸ਼ਾਹ ਵਲੋਂ ਰਾਸ਼ਨ ਆਉਂਦਾ ਜਾਂਦਾ ਸੀ ਆਰਾਮ ਨਾਲ ਬੈਠੇ ਖਾਈ ਜਾਂਦੇ ਸਨ। ਉਹਨਾਂ ਦਾ ਖਿਆਲ ਸੀ ਕਿ ਸਾਲ ਤਕ ਵੀ ਕਿਉ ਨਾ ਬੈਠਣਾ ਪਵੇ ਉਹ ਠੀਕ ਰਹਿਣਗੇ। ਕਦੀ ਕਦੀ ਹੌਂਸਲਾ ਹਾਰ ਵੀ ਜਾਂਦੇ ਸਨ।

ਇਕ ਦਿਨ ਇਕ ਬ੍ਰਿਛ ਦੇ ਹੇਠਾਂ ਜ਼ਬਰਦਸਤ ਖਾਂ ਤੇ ਵਜ਼ੀਰ ਖਾਂ ਬੈਠੇ ਹੋਏ ਸ਼ਤਰੰਜ ਖੇਡ ਰਹੇ ਸਨ। ਦੋਹਾਂ ਦੇ ਲਾਗੇ ਹੋਰ ਜਰਨੈਲ ਬੈਠੇ ਸਨ ਤੇ ਹਿੰਦੂ ਰਾਜਿਆਂ ਦੀ ਬਾਜ਼ੀ ਬਹੁਤ ਜਬਰਦਸਤ ਲਗੀ ਹੋਈ ਸੀ। ਉਸ ਸਮੇਂ ਸਤਿਗੁਰੂ ਜੀ ਕਿਲੇ ਉਪਰ ਚੜ੍ਹੇ ਦੂਰਬੀਨ ਨਾਲ ਉਨ੍ਹਾਂ ਦੇਖਿਆ ਕਿ ਮੁਗਲ ਸ਼ਤਰੰਜ ਖੇਡ ਰਹੇ ਹਨ। ਸਾਹਿਬਾਂ ਦੇ ਮਨ ਵਿਚਾਰ ਆ ਫੁਰਿਆ ਕਿ ਇਕ ਤੀਰ ਛਡਿਆ ਜਾਵੇ। ਢਾਈ ਕੋਹ ਤੇ ਬੈਠੇ ਮੁਗਲਾਂ ਦੇ ਮੰਜੇ ਦੇ ਪਾਵੇ ਵਿਚ ਮਾਰਿਆ ਜਾਵੇ। ਇਹ ਸੋਚ ਕੇ ਅੰਮ੍ਰਿਤ ਸ਼ਕਤੀ ਦੇ ਦਾਤੇ ਨੇ ਧਨੁਖ ਫੜਿਆ ਸੋਨੇ ਦੀ ਪੂਛ ਵਾਲਾ ਤੀਰ ਭੱਥੇ ਵਿਚੋਂ ਕੱਢਿਆ ਤੇ ਪੂਰੇ ਤਾਣ ਨਾਲ ਤੀਰ ਨੂੰ ਛਡਿਆ, ਜਦੋਂ ਤੀਰ ਛਡਿਆ ਤਦੋਂ ਧਨੁਖ ਦੀ ਗੂੰਜ ਬਹੁਤ ਦੂਰ ਤਕ ਸੁਣਾਈ ਦਿਤੀ।

ਉਧਰ ਜਬਰਦਸਤ ਖਾਂ ਤੇ ਵਜ਼ੀਰ ਖਾਂ ਆਪਣੇ ਧਿਆਨ ਖੇਡ ਰਹੇ ਸਨ ਅਚਾਨਕ ਉਹਨਾਂ ਦੇ ਪਲੰਘ ਦੇ ਪਾਵੇ ਵਿਚ ਸ਼ਾਂ ਤੇ ਠੱਕ ਕਰਕੇ ਤੀਰ ਆ ਖੁਭਿਆ। ਸਾਰੇ ਅਚੰਭਾ ਹੋ ਗਏ। ਹੇਠਾਂ ਉਪਰ ਚੌਹੀਂ ਪਾਸੀ ਦੇਖਣ ਲਗੇ, ਪਰ ਨੇੜੇ ਕੋਈ ਨਹੀਂ ਸੀ। ਵਜੀਰ ਖਾਂ ਨੇ ਪਾਵੇ ਵਿਚੋਂ ਤੀਰ ਪੁਟਿਆ ਉਸ ਨੂੰ ਦੇਖਣ ਲਗਾ। ਲਾਗੇ ਖਲੋਤੇ ਅਜਮੇਰਚੰਦ ਨੇ ਤੀਰ ਦੇਖਕੇ ਪਛਾਣ ਕੇ ਆਖਿਆ (ਇਹ ਤੀਰ ਗੁਰੂ ਗੋਬਿੰਦ ਸਿੰਘ ਜੀ) ਦਾ ਹੈ। ਸੋਨੇ ਦੀਆਂ ਪੂਛਾਂ ਆਪ ਦੇ ਤੀਰ ਨੂੰ ਹਨ ਪਰ ਹੈਰਾਨੀ ਇਸ ਗਲ ਦੀ ਹੈ ਕਿ ਉਨ੍ਹਾਂ ਤੀਰ ਮਾਰਿਆ ਕਿਥੇ ਖਲੋ ਕੇ ?'

Sri Satguru Jagjit Singh Ji eLibrary NamdhariElibrary@gmail.com

'ਉਹ ਬਹੁਤ ਬਲੀ ਹਨ। ਜ਼ਰੂਰ ਤੀਰ ਉਹਨਾਂ ਨੇ ਕਿਲੇ ਤੋਂ ਮਾਰਿਆ ਹੋਵੇਗਾ।' ਰਾਜਾ ਮੰਡੀ ਦਾ ਬੋਲ ਸੀ।

'ਕਿਲ੍ਹਾਂ ਤਾਂ ਏਥੋ ਢਾਈ ਕੋਹ ਹੈ।' ਜ਼ਬਰਦਸਤ ਖਾਂ ਦਾ ਉਤਰ ਸੀ।

'ਉਨ੍ਹਾਂ (ਸਤਿਗੁਰੂ ਜੀ) ਦੇ ਤੀਰ ਤਾਂ ਚਾਰ ਕੋਹ ਤਕ ਮਾਰ ਕਰਦੇ ਹਨ। ਪੂਰੇ ਕਰਾਮਾਤੀ ਹਨ। ਮਹਾਂ ਬਲੀ ਭੀਮ ਦੇ ਸਮਾਨ।'

'ਹੇ ਖੁਦਾ! ਤੇਰੀ ਮਿਹਰ! ਪਰਵਦਗਾਰ ਆਪ ਨੇ ਅੱਜ ਜਾਨ ਬਚਾਈ ਹੈ ਉਨ੍ਹਾਂ ਜ਼ਰੂਰ ਮੈਨੂੰ ਮਾਰਨ ਵਾਸਤੇ ਇਹ ਤੀਰ ਮਾਰਿਆ ਹੋਵੇਗਾ। ਪਰ ਹੇ ਖੁਦਾ! ਤੂੰ ਬਚਾ ਲਿਆ।' ਵਜੀਰ ਖਾਂ ਨੇ ਦੋਵੇਂ ਹਥ ਫਲਾਕੇ ਆਖਿਆ— ਸਤਿਗੁਰ ਜੀ ਦੀ ਬਹਾਦਰੀ, ਬ੍ਰਹਮ ਸ਼ਕਤੀ ਆਦਿ ਤੇ ਚਰਚਾ ਕਰ ਹੀ ਰਹੇ ਸਨ ਕਿ ਉਸੇ ਪਾਵੇ ਵਿਚ ਦੂਸਰਾ ਤੀਰ ਵੱਜਾ। ਉਸ ਤੀਰ ਦੇ ਨਾਲ ਇਕ ਚਿੱਠੀ ਸੀ। ਉਹ ਚਿਠੀ ਫਾਰਸੀ ਦੇ ਸ਼ੇਅਰਾਂ ਵਿਚ ਸੀ।

ਦੂਸਰੇ ਤੀਰ ਨੂੰ ਦੇਖ ਕੇ ਸਾਰੇ ਮੰਜੇ ਤੋਂ ਉਠਕੇ ਬ੍ਰਿਛ ਦੇ ਉਹਲੇ ਹੋ ਗਏ। ਕਈਆਂ ਦੇ ਚਿਹਰਿਆਂ ਦਾ ਰੰਗ ਬਦਲ ਗਿਆ। ਜਬਰਦਸਤ ਖਾਂ ਨੇ ਤੀਰ ਨਾਲੋਂ ਚਿੱਠੀ ਖੋਲ੍ਹੀ ਤੇ ਪੜ੍ਹਨ ਲਗਾ। ਉਸ ਚਿਠੀ ਵਿਚ ਲਿਖਿਆ ਸੀ— 'ਇਹ ਕਰਾਮਾਤੀ ਨਹੀਂ' ਕਸਰਤ ਤੇ ਹੁਨਰ ਦੇ ਕਮਾਲ ਹਨ। ਅਸੀਂ ਨਾ ਕਰਾਮਾਤ ਵਰਤਣਾ ਚਾਹੁੰਦੇ ਹਾਂ ਤੇ ਨਾ ਵਜੀਰਖਾਂ ਦੀ ਜਾਨ ਲੈਣਾ।ਐਵੇਂ ਉਨ੍ਹਾਂ ਨੂੰ ਭਰਮ ਹੈ ਕਿ ਪਹਿਲਾ ਤੀਰ ਉਹਨਾਂ ਨੂੰ ਮਾਰਨ ਵਾਸਤੇ ਛਡਿਆ ਸੀ॥'

ਦੂਰ ਬੈਠਿਆਂ ਸਾਹਿਬ ਤੁਰਕਾਂ ਦੇ ਮਨਾਂ ਦੀ ਅਵਸਥਾ ਨੂੰ ਤਾੜ ਗਏ॥ ਇਹ ਅਨੁਭਵ ਕਰਕੇ ਸਾਰੇ ਮੁਗਲ ਮੁਖੀਆਂ ਦੇ ਹੋਸ਼ ਗੁੰਮ ਹੋ ਗਏ॥ ਉਹਾਂ ਸਾਰੇ ਹਰੇ ਘਾਹ ਤੇ ਉਤੇ ਬੈਠਕੇ ਸੋਚਣ ਲਗੇ—'ਇਹ ਲੜਾਈ ਲੜ ਕੇ ਨਹੀਂ ਜਿਤੀ ਜਾਨੀ ਤੇ ਨਾ ਅਨੰਦਪੁਰ ਨੂੰ ਖਾਲੀ ਕਰਾ ਸਕਣਾ ਹੈ ਜਿੰਨਾਂ ਚਿਰ ਕਿ ਕੋਈ ਚਾਲ ਨਾ ਚਲੀ ਜਾਵੇ ਜਾਂ ਗੁਰੂ ਆਪ ਨਾ ਕਿਲ੍ਹਿਆਂ ਨੂੰ ਛਡਕੇ ਕਿਧਰੇ ਜਾਵੇ॥ ਇਹ ਬਹੁਤ ਟੇਢੀ ਖੀਰ ਹੈ ਇਹ ਨਹੀਂ ਖਾਈ ਜਾ ਸਕਣੀ ਪਰ ਬਾਦਸ਼ਾਹ ਦਾ ਵੀ ਡਰ ਹੈ॥ ਉਸ ਨੇ ਵੀ ਸਾਰੇ ਜਰਨੈਲਾਂ ਨੂੰ ਕਤਲ ਕਰਵਾ ਦੇਣਾ ਹੈ ਇਸ ਵਾਸਤੇ ਰਲ ਕੇ ਸੋਚੋ॥'

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਰਾਜਾ ਅਜਮੇਰ ਚੰਦ ਵਜ਼ੀਰ ਖਾਂ ਨੂੰ ਕਹਿਣ ਲਗਾ—ਨਵਾਬ ਸਾਹਿਬ! ਇਹ ਗੱਲ ਠੀਕ ਹੈ ਇਸ(ਸਤਿਗੁਰੂਜੀ)ਨੂੰ ਲੜਕੇ ਅਸੀਂ ਨਾ ਜਿੱਤ ਸਕਦੇ ਹਾਂ ਤੇ ਨਾ ਇਸ ਨੇ ਕਿਲ੍ਹਾ ਖਾਲੀ ਕਰਨਾ ਹੈ ਕਿਉਂਕਿ ਇਹ ਕਰਾਮਾਤੀ ਹਨ। ਕਰਾਮਾਤ ਨਾਲ ਹਥਿਆਰ ਤੇ ਅੰਨ ਚਾਰਾ ਆਦਿ ਕਿਲੇ ਵਿਚ ਪੈਦਾ ਕਰ ਲੈਂਦੇ ਹਨ। ਜਾਦੂ ਦੇ ਕਾਰਨ ਇਹਨਾਂ ਦੇ ਸਿਖ ਬਹੁਤ ਘਟ ਮਰਦੇ ਹਨ। ਘੋੜਾ ਕੋਈ ਮਰਦਾ ਨਹੀਂ। ਜੇ ਸਿੰਘ ਛਾਪੇ ਮਾਰਦੇ ਹਨ ਤਾਂ ਅਸਾਂ ਨੂੰ ਲੁਟ ਕੇ ਲੈ ਜਾਂਦੇ ਹਨ। ਅਸੀਂ ਵੇਖਦੇ ਹੀ ਰਹਿ ਜਾਂਦੇ ਹਾਂ। ਅਸਾਂ ਦੀ ਫੌਜ ਉਤੇ ਵੀ ਜਾਦੂ ਕੀਤਾ ਹੋਇਆ ਹੈ ਜੋ ਅਸਾਡੀ ਫੌਜ ਹੌਂਸਲੇ ਨਾਲ ਲੜਦੀ ਨਹੀਂ ਸਗੋਂ ਸਿਪਾਹੀਆਂ ਦੇ ਰੰਗ ਹੀ ਉਡੇ ਰਹਿੰਦੇ ਹਨ। ਸੈਂਕੜੇ ਸਿਪਾਹੀ ਬੀਮਾਰ ਹਨ, ਸੈਂਕੜਿਆਂ ਨੂੰ ਹੋਸ਼ ਹੀ ਨਹੀਂ ਆਉਂਦੀ ਹਜ਼ਾਰਾ ਦੀ ਗਿਣਤੀ ਵਿਚ ਆਇਆ ਹੋਇਆ ਮੁਲਖੱਈਆ ਆਪੋ ਆਪਣੇ ਪਿੰਡਾਂ ਵਲ ਹਰਨ ਹੋ ਗਿਆ। ਦਸੋ ਫਿਰ ਅਸੀਂ ਕੀ ਕਰ ਸਕਦੇ ਹਾਂ। ਪੌਣੇ ਤਿੰਨ ਮਹੀਨੇ ਦਾ ਘੇਰਾ ਥੋੜਾ ਹੁੰਦਾ ਹੈ? ਅਜੇ ਤਕ ਐਨਾ ਲੰਬਾ ਘੇਰਾ ਕਿਸੇ ਕਿਲੇ ਜਾਂ ਰਾਜ ਨੂੰ ਫਤਹ ਕਰਨ ਬਾਰੇ ਨਹੀਂ ਪਾਇਆ ਗਿਆ।

ਵਜ਼ੀਰ ਖਾਂ ਹੇ ਰਾਜਨ! ਫਿਰ ਕੀ ਕੀਤਾ ਜਾਵੇ? ਕੋਈ ਉਪਰਾਲਾ ਦਸੋ। ਜਾਨ ਬਹੁਤ ਬੁਰੀ ਤਰਾਂ ਸਕੰਜੇ ਵਿਚ ਫਸੀ ਹੈ।

ਰਾਜਾ ਅਜਮੇਰ ਚੰਦ--ਮੇਰੀ ਤਾਂ ਇਹ ਸਲਾਹ ਹੈ ਕਿ ਸਮਝੌਤੇ ਦੇ ਧੋਖੇ ਤੋਂ ਕੰਮ ਲਿਆ ਜਾਵੇ।

ਵਜ਼ੀਰ ਖਾਂ-- ਉਹ ਕਿਵੇ?

ਅਜਮੇਰ ਚੰਦ ਮੁਲਾਂ ਤੇ ਪੰਡਤ ਗੁਰੂ ਜੀ ਦੇ ਦਰਬਾਰ ਵਿਚ ਭੇਜੀਏ। ਉਹ ਸੁਰੀਧਾਂ ਚੁਕਕੇ ਗੁਰੂ ਜੀ ਨੂੰ ਕਹਿਣ ਕਿ ਜੇ ਗੁਰੂ ਜੀ ਕਿਲ੍ਹਾਂ ਛਡ ਕੇ ਬਾਹਰ ਕਿਤੇ ਚਲੇ ਜਾਣ ਤਾਂ ਉਹਨਾਂ ਉਤੇ ਹਮਲਾ ਨਹੀਂ ਕੀਤਾ ਜਾਵੇਗਾ। ਪਰ ਜਦੋਂ ਗੁਰੂ ਕਿਲੇ ਤੋਂ ਬਾਹਰ ਨਿਕਲੇ ਤਾਂ ਹੱਲਾ ਬੋਲ ਦੇਵਾਂਗੇ ਬਸ ਫਿਰ ਖੁਲੇ ਮੈਦਾਨ ਵਿਚ ਸਾਰੇ ਸਿੰਘਾਂ ਨੂੰ ਗੁਰੂ ਸਮੇਤ ਘੇਰ ਲਵਾਂਗੇ।

ਜ਼ਬਰਦਸਤ ਖਾਂ ਬਹੁਤ ਖੂਬ! ਬਹੁਤ ਖੂਬ! ਇਹ ਠੀਕ ਹੈ।

Sri Satguru Jagjit Singh Ji eLibrary NamdhariElibrary@gmail.com

ਸੱਪ ਵੀ ਮਰੇ ਸੋਟਾ ਵੀ ਰਹਿ ਜਾਵੇ ਤੇ ਬਾਦਸ਼ਾਹ ਕੋਲੋਂ ਇਨਾਮ ਪਰਾਪਤ ਕਰਾਂਗੇ। ਸਾਰਿਆਂ ਨੇ ਇਸ ਸਲਾਹ ਨੂੰ ਪ੍ਰਵਾਨ ਕਰ ਲਿਆ।

੨੫. ਸ਼ਰਫ ਅਲੀ ਦੀ ਮੌਤ

ਸ਼ਰਫ ਅਲੀ, ਫਜ਼ਲ ਸ਼ਾਹ ਤੇ ਕਮਰ ਬੇਗ ਖਾਂ ਆਦਿਕ ਛੋਟੇ ਤਿੰਨ ਫੌਜਦਾਰ ਸਨ, ਪਰ ਬਹੁਤ ਹੰਕਾਰੀ ਸਨ। ਓਹ ਐਵੇਂ ਹੀ ਆਕੜੇ ਰਹਿੰਦੇ ਸਨ। ਉਹਨਾਂ ਵਿਚੋਂ ਸ਼ਰਫ ਅਲੀ ਨੇ ਇਕ ਦਿਨ ਵਜ਼ੀਰ ਖਾਂ ਨੂੰ ਕਿਹਾ—ਕਲ ਮੈਂ ਕਿਲੇ ਉਪਰ ਹਮਲਾ ਕਰਾਂਗਾ। ਇਹ ਜੋ ਹੋਲਗੜ੍ਹ ਤੇ ਲੋਹਗੜ੍ਹ ਕਿਲੇ ਹਨ, ਇਹਨਾਂ ਨੀਆ ਕੰਧਾਂ ਨੂੰ ਤਾਂ ਮੇਰੇ ਆਦਮੀ ਹਰਨਾਂ ਵਾਂਗ ਹੀ ਚੁਘੀਆ ਮਾਰ ਕੇ ਟੱਪ ਜਾਣਗੇ। ਮੁਠੀ ਭਰ ਆਦਮੀ ਹਨ, ਉਹ ਕੀ ਮੁਗਲਾਂ ਨਾਲ ਲੜ ਸਕਦੇ ਹਨ। ਅਸਾਡੀ ਤਲਵਾਰ ਚੰਗੇਜ਼ ਖਾਨੀ ਤਲਵਾਰ ਹੈ। ਮੇਰੀ ਤਲਵਾਰ ਅਗੇ ਕੋਈ ਨਹੀਂ ਅਟਕ ਸਕਦਾ। ਇਸ ਤਰ੍ਹਾਂ ਉਹ ਫੜਾਂ ਮਾਰਦਾ ਰਿਹਾ।

ਸਬੱਬ ਨਾਲ ਸ਼ਰਫ ਅਲੀ ਦੀ ਹੀ ਡਿਊਟੀ ਆ ਗਈ ਰਾਤ ਨੂੰ ਰਾਖੀ ਕਰਨ ਦੀ ਉਸ ਨੇ ਆਪਣੇ ਆਦਮੀ ਨੌਕਰੀਆਂ ਤੇ ਖੜੇ ਕਰ ਦਿਤੇ।

ਉਸ ਦਿਨ ਗੁਰੂ ਜੀ ਦੇ ਕਿਲ੍ਹਿਆਂ ਵਿਚ ਇਹ ਅਨੁਭਵ ਹੋਣ ਲਗਾ ਕਿ ਅਗਲੇ ਦਿਨ ਰਾਸ਼ਨ ਮੁਕ ਜਾਵੇਗਾ ਤੇ ਗੁਰੂ ਕੇ ਲੰਗਰ ਅਸਤ ਰਹਿਣਗੇ। ਤੁਰਕਾਂ ਦਾ ਰਾਸ਼ਨ ਲੁਟੇ ਬਿਨਾ ਗੁਜ਼ਾਰਾ ਨਹੀਂ ਹੋ ਸਕਦਾ ਪਰ ਸਤਿਗੁਰੂ ਜੀ ਰਾਸ਼ਨ ਲੁਟਣ ਦੇ ਵਿਰੁਧ ਸਨ। ਉਹ ਆਪ ਆਗਿਆ ਨਾ ਦੇਂਦੇ ਸਿੰਘ ਫਿਰ ਵੀ ਮਲੋ ਮਲੀ ਲੈ ਆਉਂਦੇ।

ਜਿਸ ਦਿਨ ਸ਼ਰਫ ਅਲੀ ਦਾ ਪਹਿਰਾ ਸੀ, ਉਸ ਦਿਨ ਅੱਧੀ ਰਾਤ ਨੂੰ ਨਾਹਰ ਸਿੰਘ ਸ਼ੇਰ ਸਿੰਘ, ਉਦੇ ਸਿੰਘ, ਕੇਹਰ ਸਿੰਘ ਤੇ ਆਲਮ ਸਿੰਘ ਆਦਿਕ ਸਿਖਾਂ ਨੇ ਫੈਸਲਾ ਕੀਤਾ ਕਿ ਰਾਤ ਨੂੰ ਛਾਪਾ ਮਾਰਿਆ ਜਾਵੇ। ਉਸ ਵੇਲੇ ਉਹਨਾਂ ਨੇ ਭਾਈ ਦਇਆ ਸਿੰਘ ਨੂੰ ਹੀ ਪੁਛਿਆ ਤੇ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਪਾਸੋਂ ਆਗਿਆ ਲੈਣ ਦਾ ਸਮਾ ਹੀ ਨਾ ਮਿਲਿਆ ॥ ਸਿੰਘਾਂ ਦੀ ਗਿਣਤੀ ਹਜ਼ਾਰ ਦੇ ਲਗ ਪਗ ਸੀ ॥ ਉਹ ਲੋਹਗੜ੍ਹ ਕਿਲੇ ਵਿਚੋਂ ਨਿਕਲੇ ਤੇ ਛੋਟੇ ਛੋਟੇ ਜਥਿਆਂ ਦੀ ਸੂਰਤ ਵਿਚ ਦੁਸ਼ਮਨ ਦੇ ਤੰਬੂਆਂ ਵਿਚ ਜਾ ਵੜੇ। ਰਾਤ ਬਹਤ ਹਨੇਰੀ ਸੀ। ਸਿਆਲ ਦੇ ਦਿਨ ਸਨ,ਸਾਰੀ ਤੁਰਕ ਸੈਨਾ ਤੰਬੂਆਂ 'ਚ ਨਿੱਘੀ ਹੋ ਕੇ ਸੁਤੀ ਸੀ ॥ ਉਹਨਾਂ ਦਾ ਵਿਚਾਰ ਸੀ ਕਿ ਜਿਹੜੀ ਫੌਜ ਦਾ ਪਹਿਰਾ ਹੈ ਉਹੋ ਹੀ ਆਏ ਸਿੰਘਾਂ ਨੂੰ ਰੋਕੇਗੀ। ਇਸ ਵਾਸਤੇ ਉਹ ਨਿਰਭੈਤਾ ਨਾਲ ਸੁਤੇ ਸਨ।

ਸਿੰਘਾਂ ਨੇ ਸਭ ਤੋਂ ਪਹਿਲਾਂ ਪਹਿਰੇਦਾਰਾ ਨੂੰ ਬੋਚਿਆ। ਉਹਨਾਂ ਵਿਚੋਂ ਕਿਸੇ ਨੂੰ ਕੁਸਕਨ ਨਾ ਦਿਤਾ ਤੇ ਕਿਸੇ ਨੂੰ ਬੋਲਣ ਹੀ ਨਾ ਦਿਤਾ। ਜਿਥੇ ਜਿਥੇ ਮਸਾਲਾਂ ਬਲਦੀਆਂ ਸਨ ਉਹ ਬੁਝਾ ਦਿਤੀਆਂ। ਫਿਰ ਵੀ ਲੜਨ ਦੇ ਸ਼ੋਰ ਸ਼ਰਾਬੇ ਨੇ ਸੁਤਿਆਂ ਨੂੰ ਜਗਾ ਦਿਤਾ। ਅਗੇ ਸਿੰਘਾਂ ਦੇ ਛਾਪਿਆਂ ਦਾ ਡਰ ਵੀ ਬਹਤ ਸੀ ॥ ਜਦ ਇਹ ਗਲ ਹੋਈ ਤਾਂ ਉਹ ਘਬਰਾ ਗਏ ਘਬਰਾਹਟ ਵਿਚ ਕਿਸੇ ਨੂੰ ਹਥਿਆਰ ਮਿਲੇ ਤੇ ਕੋਈ ਖਾਲੀ ਹਥ ਹੀ ਉਠ ਕੇ ਨੱਠ ਉਠਿਆ।

ਸ਼ਰਰ ਅਲੀ ਖਾਂ, ਫਜ਼ਲ ਸ਼ਾਹ ਤੇ ਕਮਰਬੇਗ ਖਾਂ ਲੜਨ ਵਾਸਤੇ ਅਗੇ ਵਧੇ। ਸ਼ੇਰ ਸਿੰਘ ਦੇ ਨਾਲ ਸ਼ਰਫ ਅਲੀ ਦਾ ਮੁਕਾਬਲਾ ਹੋ ਗਿਆ। ਦੋਵੇਂ ਸੂਰਮੇ ਤਕਰੀਬਨ ਇਕ ਘੰਟਾ ਲੜਦੇ ਰਹੇ ॥ ਉਸ ਲੜਾਈ ਵਿਚ ਸ਼ਰਫ ਅਲੀ ਖਾਂ ਮਾਰਿਆ ਗਿਆ ਤੇ ਉਹਦੀ ਲੋਥ ਨੂੰ ਵੀ ਕਿਸੇ ਨਾ ਚੁਕਿਆ ਸਿੰਘਾਂ ਨੇ ਤੁਰਕਾਂ ਦੇ ਚਹੁਤ ਸਿਰ ਲਾਹੇ ਤੇ ਉਠਾਂ ਦੇ ਭਾਰ ਕੋਲ ਚਲੇ ਗਏ। ਅੰਨ ਦੇ ਲੱਦੇ ਉਠ ਅਜੇ ਬਾਹਰੋਂ ਆਏ ਹੀ ਸਨ ਤੇ ਉਹਨਾਂ ਦੇ ਬੈਠਾਉਣ ਦਾ ਵਿਚਾਰ ਹੋ ਰਿਹਾ ਸੀ। ਸਿੰਘਾਂ ਨੇ ਉਠ ਨੂੰ ਘੇਰਿਆ ਤੇ ਕਿਲ੍ਹਾ ਲੋਹਗੜ੍ਹ ਵਲ ਤੋਰ ਦਿਤਾ ॥ ਕੁਝ ਸਿੰਘ ਉਠਾਂ ਦੇ ਨਾਲ ਹੋ ਤੁਰੇ ਤੇ ਕੁਝ ਸਿੰਘ ਤੁਰਕਾਂ ਨਾਲ ਲੜਦੇ ਰਹੇ, ਬਹੁਤ ਰੌਲਾ ਪੈਂਦਾ ਰਿਹਾ ॥ ਜਦੋਂ ਸਿੰਘਾਂ ਦੇਖਿਆ ਕਿ ਉਠ ਕਿਲੇ ਅੰਦਰ ਚਲੇ ਗਏ ਹਨ, ਤਾਂ ਉਹ ਵੀ ਪਿਛੇ ਹਟ ਗਏ ॥ ਕਿਲੇ ਵਿਚ ਜਾ ਵੜੇ ਤਾਂ ਭਾਰ (ਕਣਕ ਤੇ ਜਵਾਂ) ਦਆਂ ਬੋਰੀਆਂ ਲਾਹ ਕੇ ਉਠਾਂ ਨੂੰ ਬਾਹਰ ਕੱਢ ਦਿਤਾ ॥

Sri Satguru Jagjit Singh Ji eLibrary NamdhariElibrary@gmail.com

ਸਵੇਰ ਹੋਈ ਤਾਂ ਜ਼ਬਰਦਸਤ ਖਾਂ ਨੇ ਰਾਤ ਦੀ ਬੀਤੀ ਸਾਰੀ ਵਾਰਤਾ ਨੂੰ ਸੁਣਿਆਂ। ਉਸ ਨੇ ਸੁਣ ਕੇ ਫਿਰ ਸਾਰੀ ਛਾਉਣੀ ਦੀ ਦੇਖ ਭਾਲ ਕੀਤੀ ਤਾਂ ਉਸ ਨੇ ਸ਼ਰਫ ਅਲੀ ਦੀ ਤੇ ਹੋਰ ਚੰਗੇ ਤੁਰਕ ਸਿਪਾਹੀਆਂ ਦੀਆਂ ਲੋਥਾਂ ਦੇਖੀਆਂ, ਦੇਖਦੇ ਸਾਰ ਉਹ ਸਿਰ ਤੋਂ ਪੈਰਾਂ ਤਕ ਸੜ ਉਠਿਆ ਉਸ ਵੇਲੇ ਬੜੇ ਕਰੋਧ ਨਾਲ ਆਪਣੇ ਤੰਬੂ ਵਿਚ ਜਾ ਪੁਜਾ ਤੇ ਸਾਰੇ ਹਿੰਦੂ ਰਾਜਿਆਂ ਨੂੰ ਉਸ ਨੇ ਆਪਣੇ ਕੋਲ ਸਦਿਆ। ਅਜਮੇਰ ਚੰਦ ਤੇ ਹੋਰ ਰਾਜੇ ਜਾਂ ਆਏ ਤਾਂ ਉਸ ਨੇ ਬੜੇ ਗੁਸੇ ਨਾਲ ਪੁਛਿਆ--'ਕਿਉਂ ਕੰਬਖਤ! ਇਹ ਕੀ ਮਾਮਲਾ? ਤੁਸੀਂ ਕਿਉਂ ਝੂਠ ਬੋਲ ਰਹੇ ਹੋ? ਤੁਸੀਂ ਕੀ ਆਖਦੇ ਸੀ ਕਿ ਗੁਰੂ ਜੀ ਕੋਲ ਕੋਈ ਸੈਨਾ ਨਹੀਂ। ਮੁਠੀ ਭਰ ਨਾਈ, ਝੀਵਰ, ਪੁਮਿਆਰ, ਤਰਖਾਣ ਆਦਿਕ ਨਿੱਕੀਆ ਜਾਤਾਂ ਦੇ ਬੰਦੇ ਹਨ ਜਿਹੜੇ ਲੜਨ ਨਹੀਂ ਜਾਣਦੇ ਇਹ ਕੀ ਹੋ ਰਿਹਾ? ਤਿੰਨ ਮਹੀਨੇ ਹੋਣ ਲਗੇ ਹਨ ਅਸਾਂ ਦੀ ਨਾਕਾਬੰਦੀ ਨਾਲ ਕੋਈ ਅਸਰ ਨਹੀਂ ਪਇਆ। ਕੀ ਤੁਸੀਂ ਤਾਂ ਚੋਰੀ ਮੱਦਦ ਨਹੀਂ ਕਰ ਰਹੇ?'

'ਹਰੇ ਰਾਮ! ਭਵਾਨੀ ਦੀ ਸੁਗੰਧ! ਇਹ ਆਪ ਕੀ ਕਰ ਰਹੇ ਹੋ। ਅਸੀਂ ਤਾਂ ਉਹਨਾਂ ਦੇ ਵੱਡੇ ਦੁਸ਼ਮਣ ਹਾਂ। ਉਹਨਾਂ ਨੇ ਨਾਲ ਕਦੀ ਅਸਾਡਾ ਸਮਝੌਤਾ ਨਹੀਂ ਹੋ ਸਕਦਾ। ਉਹ ਅਸਾਡੇ ਦੇਵੀ ਦੇਵਤੀਆਂ ਦਾ ਵੈਰੀ ਹੈ। ਅਜਮੇਰ ਚੰਦ ਨੇ ਕਿਹਾ—ਅਸਾਂ ਤਾਂ ਪਹਿਲਾਂ ਕਿਹਾ ਸੀ ਕਿ ਖਿਆਲ ਰਖੋ ਉਹ ਸਤਿਗੁਰੂ ਜੀ ਕਰਾਮਾਤੀ ਹੈ। ਸਭ ਕੁਝ ਕਰਾਮਾਤ ਦੇ ਬਲ ਨਾਲ ਹੀ ਹੋ ਰਿਹਾ ਹੈ।

'ਮੈਂ ਨਹੀਂ ਮੰਨਦਾ! ਤੁਸਾਂ ਹੀ ਕੁਤਿਆਂ ਦਾ ਕਸੂਰ। ਤੁਸੀਂ ਜ਼ਰੂਰ ਬੇਈਮਾਨ ਹੋ। ਦੋਹੀਂ ਪਾਸੀਂ ਕੰਮ ਕਰ ਰਹੇ ਹੋ। ਗੁਲਾਮ ਕੁਤੇ! ਤੁਸਾਂ ਅਸਾਂ ਨਾਲ ਧੋਖਾ ਕੀਤਾ ਹੈ।' ਜ਼ਬਰਦਸਤ ਖਾਂ ਦਾ ਗੁਸਾ ਹੋਰ ਵਧ ਗਿਆ।

'ਨਹੀਂ ਹਜ਼ੂਰ? ਐਵੇਂ ਸ਼ੱਕ ਨਾ ਕਰੋ, ਹਜ਼ੂਰ ਅਸਾਂ ਦੇ ਮਾਈ ਬਾਪ ਹਨ। ਅਸੀਂ ਕਿਸੇ ਕੀਮਤ ਤੇ ਵੀ ਬਾਦਸ਼ਾਹ ਤੇ ਆਪ ਦਾ ਸਾਥ ਨਹੀਂ ਛਡ ਸਕਦੇ। ਅਸੀਂ ਤਾਂ ਤਨ ਮਨ ਵਾਰਨ ਨੂੰ ਤਿਆਰ ਹਾਂ। ਅਸਾਂ ਨੂੰ ਨਾ ਹਿੰਦੂ ਜ਼ਾਤੀ ਦੀ ਪਰਵਾਹ ਹੈ ਨਾ ਧਰਮ ਦੇਸ਼ ਦੀ' ਅਸੀਂ ਤਾਂ ਤੁਸਾਂ ਦੇ ਵਫਾਦਾਰ

Sri Satguru Jagjit Singh Ji eLibrary NamdhariElibrary@gmail.com

ਰਹਿਣਾ। ਖਿਮਾ ਕਰੋ।' ਅਜਮੇਰ ਚੰਦ ਨੇ ਹੱਥ ਜੋੜ ਕੇ ਇਉਂ ਜਬਰਦਸਤ ਖਾਂ ਦੇ ਗੁਸੇ ਨੂੰ ਟਾਲਣ ਦਾ ਯਤਨ ਕੀਤਾ ਦੂਸਰਿਆਂ ਰਾਂਜਿਆਂ ਦੇ ਵੀ ਹਥ ਜੁੜ ਗਏ। ਗੁਸਾਮੀ ਨੇ ਉਹਨਾਂ ਦੀ ਅਣਖ ਦਾ ਅੰਤ ਕਰ ਦਿਤਾ ਸੀ ਉਹ ਮੁਗਲਾਂ ਦੇ ਪ੍ਰਛਾਵਿਆਂ ਪਾਸੋਂ ਡਰਦੇ ਸਨ। ਬੜੀ ਮੁਸ਼ਕਲ ਨਾਲ ਜ਼ਬਰਦਸਤ ਖਾਂ ਦਾ ਗੁਸਾ ਮੱਠਾ ਹੋਇਆ ਉਹ ਵੀ ਇਸ ਸ਼ਰਤ ਉਤੇ ਕਿ ਅਗੇ ਨੂੰ ਰਾਜਿਆਂ ਦੀ ਸੈਨਾ ਮੋਹਰੇ ਹੋ ਕੇ ਲੜੇਗੀ।

੨੬. ਤੰਗੀ ਦਾ ਵਧ ਜਾਣਾ

ਕਿਲ੍ਹਾ ਲੋਹਗੜ੍ਹ ਤੇ ਅਨੰਦਗੜ੍ਹ ਦੋਵੇਂ ਕੋਲ ਰਹਿ ਗਏ ਤੇ ਬਾਕੀ ਦੇ ਸਾਰੇ ਕਿਲੇ ਤੇ ਅਸਥਾਨ ਖੁਸ ਗਏ। ਸਤਿਗੁਰੂ ਜੀ ਨੂੰ ਬਾਹਰੋਂ ਸਹਾਇਤਾ ਆਉਣੀ ਬੰਦ ਹੋ ਗਈ। ਚਾਰਾ ਮੁਕ ਗਿਆ, ਅੰਨ ਦੇ ਜ਼ਖੀਰੇ ਮੁਕ ਗਏ ਤੇ ਲੰਗਰ ਮਸਤ ਰਹਿਣ ਲਗੇ। ਚੰਗੇ ਘੋੜੇ ਗਉਆਂ ਬੈਲ ਆਦਿਕ ਪਸ਼ੂ ਚਾਰੇ ਦੇ ਘਾਟੇ ਨਾਲ ਪ੍ਰਲੋਕ ਗਮਨ ਕਰ ਗਏ। ਪ੍ਰਸਾਦੀ ਹਾਥੀ ਨਾ ਰਿਹਾ। ਦੋ ਹੋਰ ਹਾਥੀ ਸਨ ਉਹ ਵੀ ਵਿਛੋੜਾ ਦੇ ਗਏ। ਕਵੀ ਤੇ ਵਿਦਵਾਨ ਆਗਿਆ ਲੈ ਕੇ ਭੇਸ ਬਦਲ ਕੇ ਤੁਰ ਗਏ। ਸਿਦਕੀ ਸਿਖਾਂ ਦੇ ਪ੍ਰਵਾਰ ਸਭ ਭੁਖ ਦਾ ਸ਼ਿਕਾਰ ਹੋ ਗਏ। ਮਾਸੂਮ ਬਚਿਆਂ ਨੇ ਸ਼ਹੀਦੀਆਂ ਪਾਈਆਂ। ਕਿਲੇ ਵਿਚ ਹਰ ਪਾਸੇ ਮੌਤ ਨਚਣ ਲਗੀ।

ਦਾਤਾਰ ਸਤਿਗੁਰੂ ਜੀ ਅਡੋਲ ਰਹੇ ਉਹਨਾਂ ਦੇ ਚਿਹਰੇ ਦਾ ਨੂਰ ਥੋੜੇ ਵਿਚ ਰਿਹਾ। ਉਹ ਨਾ ਘਾਬਰੇ ਤੇ ਨਾ ਉਦਾਸ ਹੋਏ। ਉਹ ਤਾ ਅਕਾਲ ਪੁਰਖ ਦੇ ਭਾਣੇ ਦੇ ਆਸਰੇ ਰਹਿੰਦੇ ਸਨ। ਬਹੁਤ ਸਾਰੇ ਸਿਖ ਤੇ ਮਾਤਾ ਗੁਜਰੀ ਜੀ ਕੁਝ ਘਬਰਾ ਗਏ। ਮਸੰਦਾਂ ਤੇ ਸਿਖਾਂ ਨੇ ਜਾਕੇ ਮਾਤਾ ਜੀ ਅਗੇ ਬੇਨਤੀਆਂ ਕੀਤੀਆਂ—ਹੇ ਮਾਤਾ ਜੀ, ਦਇਆ ਕਰੋ, ਪ੍ਰਵਾਰ ਨੂੰ ਬਚਾਵੋ। ਸਿਖ ਤੇ ਸਾਹਿਬਾਂ ਦੇ ਲਾਲਾ ਅਰ ਮਾਤਾ ਸੁੰਦਰੀਜੀ ਤੇ ਮਾਤਾ ਸਾਹਿਬਕੌਰ ਜੀ ਆਦਿ ਕਿਤੇ ਕਿਲੇ ਵਿਚ ਹੀ ਨਾ ਸਦੀਵੀ ਵਿਛੋੜਾ ਦੇ ਜਾਣ। ਹੁਣ ਕਿਲ੍ਹਾ ਛਡ ਕੇ ਮਾਲਵੇ ਨੂੰ ਚਲੇ ਜਾਣਾ ਚਾਹੀਦਾ ਹੈ। ਸਾਰਾ ਦੇਸ ਪਿਆ ਹੈ। ਇਥੇ

Sri Satguru Jagjit Singh Ji eLibrary NamdhariElibrary@gmail.com

ਜੁਧਾਂ ਵਿਚ ਰਹਿਣਾ ਚੰਗਾ ਨਹੀਂ, ਹੁਣ ਦੁਸ਼ਮਣ ਕਿਲ੍ਹਿਆਂ ਦੀਆਂ ਕੰਧਾਂ ਨੂੰ ਉਡਾਉਣ ਤੇ ਤੁਲਿਆ ਹੋਯਾ ਹੈ, ਪਾਉੜੀਆਂ ਲਾਕੇ ਚੜ੍ਹਨ ਦਾ ਯਤਨ ਕਰਦਾ ਹੈ, ਇਸ ਵਾਸਤੇ ਯਤਨ ਕਰੋ ਕਿ ਸਾਹਿਬ ਮੰਨ ਜਾਣ। ਦੁਸ਼ਮਣ ਦੇ ਦਲ ਦਿਨੋਂ ਦਿਨ ਵਾਧਾ ਹੋ ਰਿਹਾ ਹੈ ਤੇ ਸਿੰਘ ਘਟ ਰਹੇ ਹਨ। ਬਾਹਰ ਦੀ ਵਾਹੀ ਖਤਮ ਹੋ ਗਈ, ਧਰਤੀ ਉਤੇ ਮੁਗਲਾਂ ਦਾ ਕਬਜ਼ਾ ਹੈ। ਸਿੱਖ ਸੰਗਤ ਆ ਨਹੀਂ ਸਕਦੀ, ਚੜ੍ਹਾਵਾ ਆਉਂਦਾ ਨਹੀਂ ਆਖਰ ਹਥਿਆਰ ਅੰਨ, ਬਸਤ੍ਰ ਤੇ ਘਿਉ ਆਦਿਕ ਸਮੱਗਰੀ ਕਿਥੋਂ ਆਵੇਗੀ ? ਦਸੋ ਨਾ ਕੋਈ ਵਸੀਲਾ ਹੈ ?'

'ਸੋਚ ਤਾਂ ਮੈਂ ਵੀ ਇਹੋ ਕੁਝ ਰਹੀ ਹਾਂ ਪਰ ਸਮਝ ਨਹੀਂ ਲਗਦੀ ਕੀ ਕੀਤਾ ਜਾਵੇ। ਬੇਟੇ ਸਤਿਗੁਰੂ ਜੀ ਨੂੰ ਮੈਂ ਤਾਂ ਬਹੁਤ ਸਮਝਾ ਦੇਖੀ ਹਾਂ ਉਹ ਨਹੀਂ ਮੰਨਦੇ। ਹੁਣ ਏਥੇ ਨਹੀਂ ਰਹਿਣਾ ਚਾਹੀਦਾ। ਇਹ ਅਨੰਦ ਦੀ ਪੁਰੀ ਕਲਾ ਦਾ ਘਰ ਹੋ ਗਈ ਹੈ। ਹੱਛਾ! ਅੱਜ ਮੈਂ ਉਹਨਾਂ ਨੂੰ ਆਖਾਂਗੀ, ਜ਼ਰੂਰ ਸਮਝਾਵਾਂਗੀ।' ਮਾਤਾ ਜੀ ਇਸ ਤੋਂ ਵਧ ਕੋਈ ਉਤਰ ਨਾ ਦੇ ਸਕੇ। ਕਿਉਂਕਿ ਉਹਨਾਂ ਦਾ ਮਨ ਭਰਿਆ ਹੋਇਆ ਸੀ। ਉਹ ਨਹੀਂ ਸਨ ਚਾਹੁੰਦੇ ਕਿ ਆਪਣੇ ਪੁਤਰ ਅਤੇ ਪੋਤਰਿਆਂ ਦਾ ਘਰ, ਦਰਬਾਰ ਅਤੇ ਜੀਵਨ ਬਰਬਾਦ ਹੁੰਦਾ ਦੇਖਣ।

ਉਸੇ ਦਿਨ ਇਕ ਹੋਰ ਘਟਨਾ ਵਾਪਰੀ, ਕੁਝ ਸਿੰਘਾਂ ਦਾ ਜਥਾ ਬਹੁਤ ਘਾਬਰ ਗਿਆ। ਉਹ ਦੁਖਾਂ, ਮੁਸੀਬਤਾ, ਭੁਖਾਂ ਤੇ ਠੰਢਾਂ ਦਾ ਮੁਕਾਬਲਾ ਨਾ ਕਰ ਸਕਿਆ ਸਰੀਰਕ ਸੁਖਾਂ ਦੇ ਜਾਣ ਉਤੇ ਧਰਮ ਤੇ ਸਤਿਗੁਰੂ ਜੀ ਨੂੰ ਭੁਲ ਗਿਆ, ਮੌਤ ਡਰਾਉਣੀ ਪ੍ਰਤੀਤ ਹੋਈ। ਉਹ ਸਾਰੇ ਜਥੇ ਦੇ ਮੈਂਬਰ ਇਕੱਠੇ ਹੋ ਕੇ ਸਤਿਗੁਰੂ ਜੀ ਪਾਸ ਆਏ। ਇਕ ਇਕ ਨੇ ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਫਿਰ ਉਨ੍ਹਾਂ ਦੇ ਮੁਖੀਏ ਭਾਈ ਮਹਾਂ ਸਿੰਘ ਨੇ ਕਿਹਾ 'ਹੇ ਦਾਤਾ! ਹੁਣ ਭੁਖ ਨਹੀਂ ਕੱਟੀ ਜਾ ਸਕਦੀ। ਹੁਣ ਤਾਂ ਮੇਹਰ ਕਰੋ, ਇਸ ਕਿਲੇ ਨੂੰ ਛਡੋ, ਮਿੱਤਰ ਪਿਆਰੇ ਤੁਰ ਗਏ। ਘੋੜੇ ਨਹੀਂ ਰਹੇ, ਅਸਾਂ ਵਿਚੋਂ ਕਿਸੇ ਵਿਚ ਜਾਨ ਨਹੀਂ, ਭੁਖ ਨਾਲ ਕਿਉਂ ਮਰਵਾਉਂਦੇ ਹੋ, ਜੇ ਕਿਲ੍ਹਾ ਨਹੀਂ ਛੱਡਣਾ ਤਾਂ ਅਸਾਂ ਨੂੰ ਛੁਟੀ ਬਖਸੋ ਅਸੀਂ ਰਹਿ ਨਹੀਂ ਸਕਦੇ।

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇਐਸੇ ਬਚਨਾਂ ਨੂੰ ਸਤਿਗੁਰੂਜੀ ਤਿੰਨ ਚਾਰ ਦਿਨ ਤੋਂ ਸੁਣ ਰਹੇ ਸਨ। ਆਖਰ ਸਤਿਗੁਰ ਜੀ ਨੇ ਹੁਕਮ ਕੀਤਾ 'ਬਹੁਤ ਹੱਛਾ ? ਜਿਸ ਨੇ ਜਾਣਾ ਹੈ, ਜਾ ਸਕਦਾ ਹੈ ਪਰ ਅਸਾਂ ਨੂੰ ਲਿਖਕੇ ਦੇ ਜਾਵੇ ਕਿ'ਨਾ ਤੁਸੀਂ ਅਸਾਡੇ ਗੁਰੂ ਤੇ ਨਾ ਅਸੀਂ ਤੁਸਾਂ ਦੇ ਸਿੱਖ।' ਜਿਹੜਾ ਇਹ ਲਿਖਕੇ ਦੇ ਜਾਵੇ ਉਹ ਬੜੀ ਖੁਸ਼ੀ ਨਾਲ ਚਲਿਆ ਜਾਵੇ। ਕਿਲੇ ਦੇ ਦਰਵਾਜੇ ਖੋਹਲ ਦਿਤੇ ਜਾਣਗੇ। ਰਾਹ ਵਿਚ ਕੋਈ ਜੇ ਕੋਈ ਦੁਖ ਤੰਗੀ ਹੋਵੇ ਉਸ ਦੇ ਅਸੀਂ ਜ਼ੁਮੇਵਾਰ ਨਹੀ।

'ਏਥੇ ਭੁਖ ਨਾਲ ਮਰਨ ਨਾਲੋਂ ਉਥੇ ਦੁਸ਼ਮਨਾਂ ਨਾਲ ਲੜ ਕੇ ਮਰਨਾ ਚੰਗਾ ਹੈ। ਅਸੀਂ ਹੁਣ ਨਹੀਂ ਰਹਿਣਾ, ਲਿਆਓ ਕਾਗਜ਼ ਦਵਾਤ ਲਿਖ ਦੇਂਦੇ ਹਾਂ।' ਮਹਾਂ ਸਿੰਘ ਦਾ ਉਤਰ ਸੀ।

ਕਾਗਜ਼ ਅਤੇ ਕਲਮ ਦਵਾਤ ਆ ਗਈ। ਉਸ ਵੇਲੇ ਮੌਤ ਵਰਗੀ ਚੁਪ ਛਾ ਗਈ। ਪਿਆਰੇ ਗੁਰੂ ਨੂੰ ਸਿਖ ਛੱਡਣ ਲਗੇ। ਬੇਦਾਵਾ ਲਿਖ ਕੇ ਦੇਣ ਲਗੇ। ਸਤਿਗੁਰੂ ਤੇਗ ਬਹਾਦਰ ਜੀ ਦੇ ਬਚਨ ਸਤਿ ਹੋਏ 'ਬਿਪਤ ਪਰੀ ਸਭ ਹੀ ਸੰਗ ਛਾਡਤ' ਬਿਪਤਾ ਦੇ ਭੂਤ ਨੇ ਧਰਮ ਵੀ ਭੁਲਾ ਦਿਤਾ॥ ਸਿੰਘ ਲਿਖਕੇ ਦੇ ਰਹੇ ਹਨ ਪਰ ਬੁਲਾਂ ਤੇ ਅੱਖਾਂ ਉਤੇ ਗੰਭੀਰਤਾ ਅਤੇ ਉਦਾਸੀ ਸੀ॥ ਕਈ ਸਿਖ ਅਨਬੋਲੇ ਹੀ ਲਿਖਕੇ ਪਿਛੇ ਹਟਦੇ ਗਏ। ਉਨ੍ਹਾਂ ਨੇ ਮੁੜਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਨਹੀਂ ਟੇਕਿਆ। ਮਾਯਾ ਨੇ ਉਨ੍ਹਾਂ ਦੀ ਅਕਲ ਮਾਰ ਦਿਤੀ। ਉਹ ਆਪੋ ਆਪਣੀਆਂ ਤਲਵਾਰਾਂ ਦੁਕ ਤੁਰ ਪਏ। ਚਾਲੀਆਂ ਦਾ ਜਥਾ ਇਕ ਸੀ ਜੋ ਮਾਝੇ ਦੇ ਸਨ ਤੇ ਬਾਕੀ ਵੀ ਬਹੁਤ ਸਾਰੇ ਸਿੰਘ ਸਨ ਜਿਹੜੇ ਇਕਲੇ ੨ ਆਪਣੇ ਘਰਾਂ ਨੂੰ ਬਚ ਕੇ ਜਾਣਾ ਚਾਹੁੰਦੇ ਸਨ। ਕਿਲੇ ਦਾ ਬੂਹਾ ਖੋਹਲ ਕੇ ਉਹਨਾਂ ਨੂੰ ਬਾਹਰ ਕੱਢ ਦਿਤਾ ਗਿਆ। ਉਹ ਰਾਤ ਦੇ ਹਨੇਰੇ ਵਿਚ ਅਲੋਪ ਹੋਕੇ ਦੁਸ਼ਮਨਾਂ ਕੋਲੋਂ ਬਚਦੇ ਹੋਏ ਦਰਿਆ ਨੂੰ ਪਾਰ ਕਰ ਗਏ।

ਜਿਹੜੇ ਇਕਲੇ ੨ ਗਏ ਸਨ, ਉਹਨਾਂ ਵਿਚੋਂ ਬਹੁਤ ਸਾਰੇ ਵੈਰੀਆਂ (ਤੁਰਕਾਂ) ਹਥੋਂ ਮਾਰੇ ਗਏ ਤੇ ਥੋਹੜੇ ਹੀ ਬਚ ਕੇ ਗਏ।

ਉਹਨਾਂ ਦੇ ਜਾਣ ਪਿਛੋਂ ਹੋਰ ਵੀ ਸਿੰਘਾਂ ਦੇ ਹੌਸਲੇ ਟੁਟ ਗਏ। ਹੋਰ ਸਿੰਘ ਆਉਂਦੇ ਸਨ ਤੇ ਕਿਲੇ ਵਿਚਲੇ ਜਾਂ ਸ਼ਹੀਦ ਹੁੰਦੇ ਜਾਂਦੇ ਸਨ ਤੇ

Sri Satguru Jagjit Singh Ji eLibrary NamdhariElibrary@gmail.com

ਜਾਂ ਤੁਰੇ ਜਾਂਦੇ ਸਨ। ਸ਼ਹਿਰ ਉਜੜ ਚੁਕਾ ਸੀ, ਦੁਕਾਨਾਂ ਬੰਦ ਤੇ ਖਾਲੀ ਹੋ ਚੁਕੀਆਂ ਸਨ। ਮਕਾਨ ਢੱਠ ਰਹੇ ਸਨ, ਹਿੰਦੂ ਦੇਵੀ ਤੇ ਕੁਰਾਨ ਦੀਆਂ ਕਸਮਾਂ ਖਾਂਦੇ ਹੋਏ ਹੌਲੀ ੨ ਤੁਰਕਾਂ ਹਿੰਦੂਆਂ ਰਾਜਿਆਂ ਪਾਸੋਂ ਮੁਆਫੀਆਂ ਮੰਗਦੇ ਹੋਏ ਅਨੰਦਪੁਰ ਨੂੰ ਛਡ ਗਏ।

ਸਤਿਗੁਰ ਜੀ ਦੇ ਸਾਰੇ ਸਿੰਘ ਕਿਲ੍ਹਾ ਲੋਹਗੜ੍ਹ ਤੇ ਅਨੰਦਗੜ੍ਹ ਵਿਚ ਇਕੱਤ੍ਰ ਹੋ ਗਏ ਸਨ। ਬਸ! ਮੌਤ, ਵੈਰੀ, ਭੁਖ ਤੇ ਬੇਸਬਰੀ ਅਨੰਦਪੁਰ ਵਿਚ ਨਾਚ ਕਰ ਰਹੀ ਸੀ। ਵਾਹਿਗੁਰੂ ਦੇ ਭਾਣੇ ਨੂੰ ਕੌਣ ਮੇਟੇ, ਉਹਦੇ ਹੁਕਮ ਨਾਲ ਅਨੰਦਪੁਰੀ ਵੱਸੀ ਤੇ ਹੁਕਮ ਨਾਲ ਉਜੜ ਰਹੀ ਸੀ।

੨੭. ਧੋਖੇ ਵਾਲਾ ਸਮਝੌਤਾ

ਗਊ ਤੇ ਕੁਰਾਨ ਦੀ ਕਸਮ

ਜੇ ਅਨੰਦਪਰ ਦੇ ਕਿਲਿਆਂ ਅੰਦਰ ਤੰਗੀ ਆ ਗਈ ਤਾਂ ਬਾਹਰ ਘੇਰਾ ਘੱਤੀ ਬੈਠੇ ਮੁਸਲਮਾਨ ਵੀ ਘਬਰਾ ਗਏ ਸਨ। ਸ਼ਰਫ ਅਲੀ ਅਤੇ ਹੋਰ ਬਹੁਤ ਸਾਰੇ ਮੁਸਲਮਾਨ ਜਰਨੈਲ ਬਿਨਾ ਲੜਾਈ ਲੜਨ ਦੇ ਹੀ ਮਾਰੇ ਗਏ ਸਨ। ਉਪਰੋਂ ਸਿਆਲ ਆ ਗਿਆ। ਜ਼ਬਰਦਸਤ ਖਾਂ ਤੇ ਵਜ਼ੀਰ ਖਾਂ ਨੇ ਰਾਜੇ ਅਜਮੇਰ ਚੰਦ ਨੂੰ ਸਦਿਆ। ਸਾਰੇ ਰਲ ਕੇ ਮਸਲਤ (ਸਲਾਹ) ਕੀਤੀ ਕਿ ਹੁਣ ਘੇਰਾ ਪਾਈ ਰਖਣ ਦਾ ਕੁਝ ਲਾਭ ਨਹੀਂ, ਜਾਂ ਤਾਂ ਵੱਡੀ ਲੜਾਈ ਲੜੀ ਜਾਵੇ ਜੋ ਹੋਵੇ ਵੇਖੀ ਜਾਊ ਪਰ ਕਿਲੇ ਢਾਹ ਕੇ ਢੇਰੀ ਕਰ ਦਿਤੇ ਜਾਣ ਜੇ ਲੜ ਨਹੀਂ ਸਕਦੇ ਤਾਂ ਹੋਰ ਚਲਾਕੀ ਦੀ ਨੀਤੀ ਤੋਂ ਕੰਮ ਲਿਆ ਜਾਵੇ।

ਪਹਾੜੀਏ ਰਾਜੇ ਲੜਾਈ ਤਾਂ ਲੜ ਨਹੀਂ ਸਨ ਸਕਦੇ ਪਰ ਧੋਖੇ ਤੋਂ ਕੰਮ ਲਿਆ ਕਰਦੇ ਸਨ। ਉਹਨਾਂ ਦੇ ਆਗੂ ਰਾਜੇ ਅਜਮੇਰ ਚੰਦ ਨੇ ਬਚਨ ਕੀਤਾ—ਵਿਉਂਤ ਇਹੋ ਚੰਗੀ ਹੈ ਕਿ ਬ੍ਰਾਹਮਣ ਤੇ ਇਕ ਮੌਲਵੀ ਗੁਰੂ ਜੀ ਪਾਸ ਭੇਜੀਏ। ਇਹ ਦੋਵੇਂ ਜਾ ਕੇ ਗਊ ਤੇ ਕੁਰਾਨ ਦੀ ਕਸਮ ਖਾਣ ਤੇ ਅਸਾਂ ਵਲੋਂ ਤਸੱਲੀ ਦਿਵਾਉਣ ਕਿ ਜੇ ਗੁਰੂ ਜੀ ਅਨੰਦਪੁਰ ਦਾ ਕਿਲਾ ਛਡ ਜਾਣ ਤਾਂ ਰਾਹ ਵਿਚ ਉਹਨਾਂ ਤੇ ਹਮਲਾ ਨਹੀਂ ਕੀਤਾ ਜਾਵੇਗਾ। ਉਹ ਬੇਫਿਕਰੀ

Sri Satguru Jagjit Singh Ji eLibrary NamdhariElibrary@gmail.com

ਨਾਲ ਜਿਧਰ ਜਾਣਾ ਚਾਹੁਣ ਉਧਰੇ ਹੀ ਚਲੇ ਜਾਣ ਪਰ ਹਾਂ ਅਸਾਂ ਕਸਮ ਉਤੇ ਕਾਇਮ ਨਹੀਂ ਰਹਿਣਾ। ਜੇ ਗੁਰੂ (ਜੀ) ਮੰਨ ਜਾਵੇ ਕਿਲੇ ਤੋਂ ਬਾਹਰ ਹੀ ਨਿਕਲਣਾ ਤਾਂ ਜਦੋਂ ਰਤਾ ਦੂਰ ਹੋ ਜਾਵੇ ਤਾਂ ਹਮਲਾ ਕਰ ਦੇਵਾਂਗੇ। ਬਸ ਜਿਹੜੇ ਸਿਖ ਹਨ ਉਹਨਾਂ ਨੂੰ ਚੁਣਕੇ ਮਾਰ ਦੇਵਾਂਗੇ ਅਰ ਗੁਰੂ ਜੀ ਨੂੰ ਫੜ ਲਵਾਂਗੇ। ਇਹ ਚਾਲ ਬੜੀ ਚੰਗੀ ਹੈ।'

ਜ਼ਬਰਦਸਤ ਖਾ-'ਜੇ ਉਹ ਨਾ ਮੰਨਿਆਂ ਤਾਂ ?'

ਅਜਮੇਰ ਚੰਦ- 'ਫਿਰ ਫੌਜ ਹੋਰ ਮੰਗਵਾਕੇ ਕਿਲਿਆਂ ਉਤੇ ਹਮਲਾ ਕਰੋ, ਅੰਦਰ ਬਹੁਤ ਘਟ ਸਿੰਘ ਹਨ।'

'ਚਲੋ ਐਸਾ ਕਰਕੇ ਦੇਖ ਲੈਂਦੇ ਹਾਂ। ਇਸ ਮੁਹਿਮ ਦਾ ਅੰਤ ਹੋਣਾ ਚਾਹੀਦਾ ਹੈ, ਜਿੰਨੀ ਛੇਤੀ ਹੋ ਜਾਵੇ। ਬਾਦਸ਼ਾਹ ਵਲੋਂ ਵੀ ਹੁਕਮ ਤੇ ਹੁਕਮ ਆ ਰਿਹਾ ਹੈ ਕਿ ਦਖਣ ਵਿਚ ਬਗਾਵਤਾਂ ਹੋ ਰਹੀਆਂ ਹਨ, ਦਿਲੀ ਦੀ ਸ਼ਾਹੀ ਫੌਜ ਮੁੜਕੇ ਵਾਪਸ ਦਿਲੀ ਪੁਜਣੀ ਚਾਹੀਦੀ ਹੈ। ਜੇ ਇਹ ਮੋਰਚਾ ਜਲਦੀ ਸਰ ਨਾ ਹੋਇਆ ਤਾਂ ਜਰੂਰ ਦਖਣ ਵਿਚ ਬਗਾਵਤ ਹੋ ਜਾਵੇਗੀ।' ਜ਼ਬਰ ਦਸਤ ਖਾਂ ਦਾ ਬਚਨ ਸੀ।

'ਤੁਸਾਂ ਦੀ ਮੁਰਾਦ ਪੂਰੀ ਹੋ ਜਾਵੇਗੀ ਬਹੁਤ ਛੇਤੀ,ਇਹ ਮੋਰਚਾ ਸਰ ਹੋ ਜਾਵੇਗਾ। ਰਾਜੇ ਅਜਮੇਰ ਚੰਦ ਨੇ ਆਖਿਆ—'ਤੁਸੀਂ ਲਿਆਓ ਕੋਈ ਮੌਲਵੀ ਜਾਂ ਕਾਜ਼ੀ ਮੇਰੇ ਵਲੋਂ ਪੰਡਤ ਪਰਮਾਨੰਦ ਤੇ ਸ਼ਿਵਕੁਮਾਰ ਜਾਣਗੇ, ਬਹੁਤ ਹੀ ਸਿਆਣੇ ਪੰਡਤ ਹਨ।'

ਵਜ਼ੀਰ ਖਾਂ ਤੇ ਜ਼ਬਰਦਸਤ ਖਾਂ ਨੇ ਸਲਾਹ ਕਰਕੇ ਸਯਦ ਕਰਮ ਅਲੀ ਨੂੰ ਤੋਰਿਆ। ਉਸਦੀ ਸਹਾਇਤਾ ਵਾਸਤੇ ਕਾਜ਼ੀ ਨਬੀ ਬਖ਼ਸ਼ ਨਾਲ ਸੀ, ਚਾਰੇ ਆਦਮੀ ਗਊ ਤੇ ਕੁਰਾਨ ਲੈਕੇ ਸਤਿਗੁਰੂ ਜੀ ਵਲ ਤੁਰੇ। ਮੋਰਚੇ ਦੀ ਪਹਿਲੀ ਲਾਈਨ ਤੇ ਪੁਜਕੇ ਉਹਨਾਂ ਨੇ ਸਿਖਾਂ ਕੋਲੋਂ ਆਗਿਆ ਮੰਗੀ ਕਿ ਉਹਨਾਂ ਨੂੰ ਸਤਿਗੁਰੂ ਜੀ ਤਕ ਮਿਲਣ ਦਿਤਾ ਜਾਵੇ ਕਿਉਂਕਿ ਉਹ ਸਮਝੌਤਾ ਕਰਾਉਣ ਵਾਸਤੇ ਏਲਚੀ ਦੇ ਰੂਪ ਵਿਚ ਮਿਲਣ ਆਏ ਹਨ।

ਸਿੰਘਾਂ ਨੇ ਉਹਨਾਂ ਨੂੰ ਅਗੇ ਜਾਣ ਦਿਤਾ। ਸਾਰਿਆਂ ਮੋਰਚਿਆਂ ਨੂੰ

Sri Satguru Jagjit Singh Ji eLibrary NamdhariElibrary@gmail.com

ਪਾਰ ਲੰਘਕੇ ਕਿਲੇ ਦੇ ਬੂਹੇ ਕੋਲ ਆਏ। ਪੂਰੀ ਜਾਂਚ ਪੜਤਾਲ ਕਰਨ ਪਿਛੋਂ ਕਿਲੇ ਦਾ ਬੂਹਾ ਖੋਲ੍ਹਿਆ ਤੇ ਇਕ ਵਖਰੇ ਅਸਥਾਨ ਉਤੇ ਗੁਰੂਜੀ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ,ਉਸ ਮੁਲਾਕਾਤ ਵਿਚ ਉਨ੍ਹਾਂ ਨੇ ਕਿਹਾ—'ਪੀਰ ਜੀ। ਅਸੀਂ ਰਾਜਾ ਅਜਮੇਰ ਚੰਦ, ਰਾਜਾ ਗੋਪਾਲਦਾਸ, ਘਮੰਡ ਚੰਦ, ਵਜ਼ੀਰ ਖਾਂ ਜ਼ਬਰਦਸਤਖਾਂ ਦਿਲਾਵਰ ਖਾਂ ਆਦਿਕ ਵਲੋਂ ਆਏ ਹਾਂ ਅਸਾਂ ਚੀਮਾਂ ਗਲਾਂ ਧਿਆਨ ਨਾਲ ਸੁਣੋ।ਇਹ ਫੈਸਲਾ ਕੀਤਾ ਹੈ ਕਿ ਆਪ ਆਪਣੇ ਸਮਾਨ ਸਮੇਤ ਕਿਲੇ ਨੂੰ ਛਡਕੇ ਜਿਧਰ ਇਛਾ ਹੈ ਚਲੇ ਜਾਵੋ। ਕਿਲਾ ਤੇ ਅਨੰਦਪੁਰ ਸ਼ਹਿਰ ਖਾਲੀ ਕਰ ਜਾਵੋ।ਰਾਹ ਦੇ ਵਿਚ ਇਕ ਵੀ ਹਿੰਦੂ ਜਾਂ ਤੁਰਕ ਸਿਪਾਹੀ ਆਪ ਦੇ ਉਤੇ ਹਲਾ ਨਹੀਂ ਕਰੇਗਾ ਤੇ ਨਾ ਕੋਈ ਸਮਾਨ ਲੁਟਣਗੇ। ਜੇ ਭਰੋਸਾ ਨ ਹੋਵੇ ਤਾਂ ਇਹ ਗਊ (ਆਟੇ ਦੀ) ਹਾਜ਼ਰ ਹੈ । ਕੁਰਾਨ ਸ਼ਰੀਫ ਵੀ ਨਾਲ ਲਿਆਏ ਹਾਂ। ਸਾਰਿਆਂ ਵਲੋਂ ਸੁਗੰਧ ਚੁਕਦੇ ਹਾਂ ਕਿ ਆਪ ਦਾ ਰਤਾ ਵੀ ਨਕਸਾਨ ਨਹੀਂ ਹੋਵੇਗਾ ਤੁਸੀਂ ਹਾਂ ਕਰੋ ਕਿ ਕਿਲਾ ਛਡ ਜਾਵੋਗੇ।

ਤੁਸਾਂ ਲੋਕਾਂ ਤੇ ਭਰੋਸਾ ਕਰਨਾ ਵੀ ਅਕਲ ਨੂੰ ਧੋਖਾ ਦੇਣਾ ਹੈ। ਸਤਿਗੁਰੂ ਜੀ ਫੁਰਮਾਇਆ ਕਿ ਤੁਸਾਂ ਵਾਸਤੇ ਕੁਰਾਨ ਸ਼ਰੀਫ ਇਕ ਆਮ ਕਿਤਾਬ ਹੈ ਤੇ ਗਊ ਆਟੇ ਦੀ, ਜਿਉਂ ਹੀ ਅਸੀਂ ਤੁਰੇ ਤਿਉਂ ਹੀ ਮੁਗਲ ਫੌਜ ਨੇ ਹੱਲਾ ਬੋਲ ਦੇਣਾ ਹੈ। ਤੁਸੀਂ ਆਪਣਾ ਕੰਮ ਕਰੋ।

ਪੰਡਤ ਪਰਮਾਨੰਦ—ਰਾਮ ਰਾਮ,ਐਸਾ ਨਹੀਂ ਹੋਸਕਦਾ ਲਾਟਾਂ ਵਾਲੀ ਦੀ ਸੁਗੰਧ ਖਾਂਦੇ ਹਾਂ।ਗਊ ਨੂੰ ਹਥ ਲਾਕੇ ਆਖਦੇ ਹਾਂ ਕਿ ਸਾਰੀ ਤੁਰਕ ਫੌਜ ਇਸ ਹੁਕਮ ਨੂੰ ਮੰਨੇਗੀ, ਕੋਲ ਇਕਰਾਰਾਂ ਤੇ ਕਾਇਮ ਰਹੇਗੀ। ਰਤਾ ਜਿੰਨੀ ਚਿੰਤਾ ਨ ਕਰੋ। ਅਸੀਂ ਵੇਦਾਂ ਗ੍ਰੰਥਾਂ ਦਾ ਵਾਸਤਾ ਪਾਉਂਦੇ ਹਾਂ ਕਿ ਨਾ ਆਪ ਹੈਰਾਨ ਹੋਵੋ ਤੇ ਨਾ ਰਾਜਿਆਂ ਤੇ ਨਵਾਬਾਂ ਨੂੰ ਹੈਰਾਨ ਕਰੋ । ਤਿੰਨ ਮਹੀਨੇ ਘੇਰਾ ਪਿਆ ਹੋ ਗਿਆ ਹੈ। ਅੱਜ ਤਕ ਫੈਸਲਾ ਨਹੀਂ ਹੋਇਆ।

ਸੱਯਦ ਤੇ ਕਾਜ਼ੀ ਨੇ ਵੀ ਆਖਿਆ ਕਿ ਸਤਿਗੁਰੂ ਜੀ ਇਹ ਗਲ ਮੰਨ ਲੈਣ ਉਧਰ ਸਿੰਘ ਤੇ ਗੁਰੂ ਕੇ ਮਹਿਲ ਅਤੇ ਵਡੀ ਮਾਤਾ ਗੂਜਰੀ ਜੀ ਪਹਿਲਾਂ ਹੀ ਚਾਹੁੰਦੇ ਸਨ ਕਿ ਕਿਸੇ ਨਾ ਕਿਸੇ ਬਹਾਨੇ ਅਨੰਦਪੁਰ ਨੂੰ ਛਡਿਆ ਜਾਵੇ।

Sri Satguru Jagjit Singh Ji eLibrary NamdhariElibrary@gmail.com

ਜਦੋਂ ਪਤਾ ਲਗਾ ਏਲਚੀ ਆਏ ਹਨ ਤਾਂ ਉਸ ਵੇਲੇ ਮਾਤਾ ਜੀ ਨੇ ਸਤਿਗੁਰੂ ਜੀ ਨੂੰ ਕੋਲ ਸਦਿਆ ਤੇ ਬਚਨ ਕੀਤਾ 'ਬੇਟਾ ! ਏਲਚੀ ਜੋ ਆਖਦੇ ਹਨ, ਮੰਨੋ ਤੇ ਅਨੰਦਪੁਰ ਨੂੰ ਛਡ ਚਲੀਏ, ਤਿੰਨ ਮਹੀਨੇ ਦੇ ਘੇਰੇ ਵਿਚ ਦੇਖੋ ਕੀ ਦਾ ਕੀ ਹੋ ਗਿਆ ਹੈ। ਸਿਖ, ਹਾਥੀ, ਘੋੜੇ, ਗਊਆਂ ਮੱਝਾਂ ਆਦਿਕ ਸਭ ਵਿਛੋੜਾ ਦੇ ਗਈਆਂ ਹਨ। ਹੁਣ ਇਥੇ ਰਹਿਣਾ ਠੀਕ ਨਹੀਂ ਜਰੂਰ ਏਥੋਂ ਚਲੋ।'

'ਮਾਤਾ ਜੀ!' ਸਤਿਗੁਰੂ ਜੀ ਬੋਲੇ 'ਆਪ ਦੇ ਬਚਨ ਨੂੰ ਮੰਨ ਲੈਂਦੇ ਹਾਂ ਪਰ ਬਹੁਤ ਭਿਆਨਕ ਭਾਣਾ ਵਰਤੇਗਾ ।' ਇਹ ਆਖ ਸਤਿਗੁਰ ਜੀ ਮਾਤਾ ਜੀ ਪਾਸ ਆ ਗਏ ਤੇ ਏਲਚੀਆਂ ਨੂੰ ਆਖਿਆ 'ਹੱਛਾ ਤੁਸਾਂ ਦੀਆਂ ਗੱਲਾਂ ਤੇ ਭਰੋਸਾ ਕਰ ਲੈਂਦੇ ਹਾਂ, ਅੱਜ ਰਾਤ ਤੇ ਕਲ ਰਾਤ ਵਿਚ ਕਿਲਾ ਖਾਲੀ ਕਰਕੇ ਚਲੇ ਜਾਵਾਂਗੇ। ਅਗੇ ਜੋ ਵਾਹਿਗੁਰੂ ਨੂੰ ਭਾਵੇ ਸੋ ਹੋਵੇਗਾ।'

ਏਲਚੀ ਇਹ ਸ਼ਬਦ ਸੁਣਕੇ ਪ੍ਰਸੰਨ ਚਿਤ ਚਲੇ ਗਏ। ਉਹਨਾਂ ਨੇ ਜਾਕੇ ਸਤਿਗੁਰ ਜੀ ਦਾ ਫੈਸਲਾ ਆਪਣੇ ਮਾਲਕਾਂ ਨੂੰ ਸੁਣਾ ਦਿਤਾ ਜਿਸ ਦੇ ਸੁਣਨ ਨਾਲ ਸ਼ਬਰਦਸਤ ਖਾਂ, ਵਜ਼ੀਰ ਚੰਦ ਤੇ ਅਜਮੇਰ ਚੰਦ ਆਦਿਕ ਨੂੰ ਬਹੁਤ ਖੁਸ਼ੀ ਹੋਈ ਉਹਨਾਂ ਦੇ ਹਿਰਦੇ ਫਰੇਬ ਤੇ ਕਪਟ ਨਾਲ ਰੰਗੇ ਹੋਏ ਸਨ। ਉਹ ਸਾਹਿਬਾਂ ਨੂੰ ਧੋਖਾ ਦੇਣਾ ਚਾਹੁੰਦੇ ਸਨ। ਉਹਨਾਂ ਨੇ ਉਸੇ ਵੇਲੇ ਹਰ ਪਾਸੇ ਦੀਆਂ ਫੌਜਾਂ ਨੂੰ ਹੁਕਮ ਦਿਤਾ ਕਿ ਜਿਸ ਪਾਸਿਓਂ ਵੀ ਸਤਿਗੁਰੂ ਜੀ ਦੀ ਸੈਨਾ ਜਾਂ ਸਮਾਨ ਤੇ ਜਾਂ ਸਤਿਗੁਰੂ ਜੀ ਪ੍ਰਵਾਰ ਸਮੇਤ ਲੰਘਣ ਤਦੋਂ ਤੁਸੀਂ ਉਹਨਾਂ ਉਪਰ ਹਮਲਾ ਕਰ ਦੇਣਾ। ਗੁਰੂ ਸਾਹਿਬ ਨਿਕਲ ਕੇ ਨਾ ਜਾਵੇ। ਘੇਰਨਾ ਵੀ ਤਦੋਂ ਅਨੰਦਪੁਰ ਦੀਆਂ ਕੰਧਾਂ ਤੋਂ ਰਤਾ ਦੂਰ ਚਲੇ ਜਾਣ। ਇਹ ਦੁਸ਼ਮਨਾਂ ਦੇ ਮਨ ਦੀ ਅਵਸਥਾ ਸੀ।

੧.ਤੁਰਕਾਂ ਦੀ ਪਹਿਲੀ ਬੇਈਮਾਨੀ

ਤੁਰਕ ਬੇਈਮਾਨ ਸਨ। ਇਹ ਸਤਿਗੁਰੂ ਜੀ ਦਾ ਪੂਰਨ ਵਿਸ਼ਵਾਸ ਸੀ। ਤੁਰਕਾਂ ਨੂੰ ਦੇਖਣ ਵਾਸਤੇ ਮਾਤਾ ਜੀ ਤੇ ਹੋਰ ਸਿਖਾਂ ਨੂੰ ਇਹ ਦਸਣ ਵਾਸਤੇ ਕਿ ਤੁਰਕ ਬੇਈਮਾਨ ਹਨ, ਸਾਹਿਬਾਂ ਨੇ ਨਵਾਂ ਕੌਤਕ ਰਚਿਆ। ਉਹ ਕੌਤਕ

Sri Satguru Jagjit Singh Ji eLibrary NamdhariElibrary@gmail.com

ਇਹ ਸੀ ਕਿ ਸਾਹਿਬਾਂ ਨੇ ੨੦ ਖਚਰਾਂ ਤਿਆਰ ਕੀਤੀਆਂ, ਉਨ੍ਹਾਂ ਖਚਰਾਂ ਉਤੇ ਛਟਾਂ ਲਦੀਆਂ,ਉਨ੍ਹਾਂ ਛਟਾਂ ਵਿਚ ਟੁਟੀਆਂ ਜੁਤੀਆਂ,ਲਿਦ ਗੋਹੇ, ਪਾਟੇ ਲੀੜੇ ਆਦਿਕ ਭਰੇ ਸਨ। ਥੋੜੇ ਜਿਹੇ ਸਿੰਘ ਨਾਲ ਦਿਤੇ, ਰਾਤ ਦੇ ਦਸ ਕੁ ਵਜੇ ਸਾਹਿਬਾਂ ਕਿਲ੍ਹੇ ਦਾ ਬੂਹਾ ਖੁਲ੍ਹਾ ਕੇ ਖਚਰਾਂ ਨੂੰ ਬਾਹਰ ਕਢ ਦਿਤਾ।

ਜਦੋਂ ਖਚਰਾਂ ਅਨੰਦਪੁਰ ਤੋਂ ਅਧ ਕੁ ਮੀਲ ਦੂਰ ਗਈਆਂ ਤਾਂ ਤੁਰਕਾਂ ਨੇ ਆਪਣੇ ਮਾਲਕਾਂ ਦੇ ਹੁਕਮ ਅਨੁਸਾਰ ਉਨ੍ਹਾਂ ਤੇ ਹਮਲਾ ਕਰ ਦਿਤਾ। ਸਿੰਘ ਪਿਛੇ ਨਠ ਆਏ ਜਿਵੇਂ ਉਨ੍ਹਾਂ ਨੂੰ ਗੁਰੂ ਜੀ ਦਾ ਹੁਕਮ ਸੀ। ਉਹ ਦੁਸ਼ਮਣ ਦੇ ਹਥ ਨਾ ਆ ਸਕੇ। ਸਹੀ ਸਲਾਮਤ ਕਿਲ੍ਹੇ ਵਿਚ ਪੁਜ ਗਏ। ਉਹਨਾਂ ਸਾਰੀ ਵਾਰਤਾ ਗੁਰੂ ਜੀ ਨੂੰ ਸੁਣਾ ਦਿਤੀ। ਸਾਹਿਬ ਸੁਣਕੇ ਮੁਸਕਰਾਇ।

ਦੂਸਰੇ ਪਾਸੇ ਤੁਰਕ ਸਿਪਾਹੀ ਖਚਰਾਂ ਨੂੰ ਘੇਰਕੇ ਆਪਣੇ ਅਫਸਰਾਂ ਕੋਲ ਲੈ ਗਏ। ਅਫਸਰਾਂ ਦੇ ਹੁਕਮ ਨਾਲ ਜਦੋਂ 'ਮਾਲੇ ਗਨੀਮਤ'(ਲੁਟ ਦਾ ਮਾਲ) ਨੂੰ ਖੋਲ੍ਹਕੇ ਦੇਖਿਆ ਤਾਂ ਬਹੁਤ ਸ਼ਰਮਿੰਦੇ ਹੋਏ ਉਹਨਾਂ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ। ਉਹ ਹੈਰਾਨ ਸਨ ਕਿ ਇਹ ਕਰਮ ਅਸਾਂ ਕਿਉਂ ਕੀਤਾ? ਇਸ ਮਾਮਲੇ ਦੀ ਖਬਰ ਵਜ਼ੀਰ ਖਾਂ ਤੇ ਜ਼ਬਰਦਸਤ ਖਾਂ ਨੂੰ ਵੀ ਮਿਲ ਗਈ ਇਹ ਸੁਣਕੇ ਉਹ ਵੀ ਘਬਰਾ ਗਏ ਉਹਨਾਂ ਅਨੁਭਵ ਕੀਤਾ ਕਿ ਉਹਨਾਂ ਗਲਤੀ ਕੀਤੀ ਹੈ ਇਸ ਲਈ ਉਹ ਘਬਰਾਂ ਗਏ। ਉਹਨਾਂ ਮੁੜ ਏਲਚੀਆਂ ਨੂੰ ਸਦਿਆ ਤੇ ਸਤਿਗੁਰੂ ਜੀ ਵਲ ਘਲਿਆ ਕਿ ਉਹ ਚਿੰਤਾ ਨਾ ਕਰਨ। ਜੋ ਘਟਨਾ ਰਾਤ ਹੋਈ ਹੈ ਉਹ ਮੁੜ ਨਹੀਂ ਹੋਵੇਗੀ। ਜਿਹਨਾਂ ਸਿਪਾਹੀਆਂ ਐਸੀ ਹਰਕਤ ਕੀਤੀ ਹੈ ਉਹਨਾਂ ਨੂੰ ਸਜ਼ਾ ਦਿਤੀ ਗਈ ਹੈ। ਹੁਣ ਤੁਸੀਂ ਬੇਸ਼ਕ ਆਜ਼ਾਦੀ ਨਾਲ ਅਨੰਦਪੁਰ ਨੂੰ ਛਡੋ ਤੁਹਾਨੂੰ ਕੋਈ ਕੁਝ ਵੀ ਨਹੀਂ ਆਖੇਗਾ। ਏਲਚੀਆਂ ਨੇ ਇਸੇ ਤਰ੍ਹਾਂ ਹੀ ਜਾ ਆਖਿਆ ਕਿਉਂਕਿ ਹਾਲਾਤ ਐਸੇ ਬਣ ਚੁਕੇ ਸਨ ਕਿ ਸਤਿਗੁਰੂ ਜੀ ਨੂੰ ਅਨੰਦਪੁਰ ਜ਼ਰੂਰ ਹੀ ਛਡਣਾ ਪੈਣਾ ਸੀ, ਇਸ ਵਾਸਤੇ ਉਹਨਾਂ ਨੇ ਤੁਰਕਾਂ ਦੀਆਂ ਗਲਾਂ ਦਾ ਕੋਈ ਖਿਆਲ ਨਾ ਕੀਤਾ।

* * *

Sri Satguru Jagjit Singh Ji eLibrary NamdhariElibrary@gmail.com

੨. ਅਨੰਦਪੁਰ ਨੂੰ ਛੱਡਣਾ

ਕਈ ਦਿਹਾੜੇ ਸੰਸਾਰ ਦੇ ਇਤਿਹਾਸ ਵਿਚ ਬਹੁਤ ਚੰਦਰੇ ਹਨ। ਉਹਨਾਂ ਚੰਦ੍ਰੇ ਦਿਹਾੜਿਆਂ ਨੇ ਅਨੇਕਾਂ ਮਹਾਂਪੁਰਖਾਂ,ਰਾਜਿਆਂ ਤੇ ਧਰਮੀ ਬੰਦਿਆਂ ਨੂੰ ਵਖ਼ਤ ਪਾਏ ਹਨ। ਇਸੇ ਤਰਾਂ ਦਾ ਚੰਦਰਾ ਦਿਹਾੜਾ ਪੰਦ੍ਰਾਂ ਮਘਰ ਸੰਮਤ ਸਤਾਰਾਂ ਸੌ ਇਕਾਹਠ ਬਿਃ ਮੁਃ ਸਤਾਰਾਂਸੌ ਚਾਰ ਈਸਵੀ ਦਾ ਸਿਖ ਇਤਿਹਾਸ ਵਿਚ ਵੀ ਆਇਆ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਖਾਂ, ਪੁਤਰਾਂ, ਮਹਿਲਾਂ ਤੇ ਦਾਸ ਦਾਸੀਆਂ ਸਮੇਤ ਅਨੰਦਪੁਰ ਛਡਣਾ ਪਿਆ। ਉਹਵੀ ਰਾਤ ਦੇ ਹਨੇਰੇ ਵਿਚ ਜਦੋਂ ਚਾਰ ਚੁਫੇਰੇ ਦੁਸ਼ਮਣ ਹੀ ਦੁਸ਼ਮਣ ਸੀ, ਕੁਦਰਤ ਬਨਾਸਪਤੀ ਜਲ ਵਾਯੂ ਆਦਿਕ ਸਭ ਦੁਸ਼ਮਣ ਬਣ ਚੁਕੇ ਸਨ।

ਮਾਤਾ ਗੁਜਰੀ ਜੀ ਦੇ ਕਹਿਣ ਤੇ ਸਤਿਗੁਰੂ ਜੀ ਨੇ ਅਨੰਦਪੁਰ ਛਡਣ ਦਾ ਫੈਸਲਾ ਕਰ ਲਿਆ। ਉਸ ਵੇਲੇ ਹੁਕਮ ਦਿਤਾ—ਤੰਬੂ ਕਨਾਤਾਂ, ਪੋਥੀਆਂ, ਭਾਂਡਿਆਂ ਅਤੇ ਜ਼ਰੂਰੀ ਲੀੜਿਆਂ ਤੋਂ ਬਿਨਾ ਬਾਕੀ ਸਾਰਾ ਸਮਾਨ ਦਰਿਆ ਤੇ ਅੱਗ ਦੀ ਭੇਟਾ ਕਰ ਦੇਵੋ। ਕੋਈ ਵਸਤੂ ਦੁਸ਼ਮਣਾ ਦੇ ਹਥ ਨਹੀਂ ਆਉਣ ਦੇਣੀ। ਜਿਹੜਾ ਲੜਾਈ ਦਾ ਸਮਾਨ, ਬਾਰੂਦ, ਬੰਦੂਕਾਂ, ਤੋਪਾਂ, ਤਲਵਾਰਾਂ ਤੇ ਬਰਛੀਆਂ ਨੇਜ਼ੇ ਆਦਿਕ ਹਨ ਉਹ ਖਚਰਾਂ ਉਤੇ ਲਦਵਾ ਲਵੋ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰਾਦਿਨ ਤਿਆਰੀ ਹੁੰਦੀ ਰਹੀ ਤੇ ਸਮਾਨ ਸੰਭਾਲੀਦਾ ਰਿਹਾ। ਏਸੇ ਤਰ੍ਹਾਂ ਅਧੀ ਰਾਤ ਤੋਂ ਵਧ ਟਪ ਗਈ। ਉਸ ਵੇਲੇ ਪਹਿਲਾ ਜਥਾ ਤੁਰਨ ਨੂੰ ਤਿਆਰ ਹੋਇਆ। ਸਤਿਗੁਰੂ ਜੀ ਨੇ ਅਰਦਾਸਾ ਸੋਧਿਆ ਤੇ ਗਾਡਿਆਂ ਉਤੇ ਸਮਾਨ, ਰਥਾਂ ਉਤੇ ਮਾਈਆਂ,ਡੋਲਿਆਂ ਵਿਚ ਮਹਿਲ ਬੈਠਾਕੇ ਪਹਿਲਾ ਜਥਾ ਤੋਰਿਆ। ਇਸ ਜਥੇ ਦੇ ਨਾਲ ਭਾਈ ਧਰਮ ਸਿੰਘ, ਭਾਈ ਮੋਹਕਮਸਿੰਘ,ਭਾਈ ਈਸ਼ਰਸਿੰਘ,ਭਾਃਮਿਲਖਾਸਿੰਘ,ਭਾਃ ਮਨੀਸਿੰਘ,ਭਾਈ ਜਵਾਹਰਸਿੰਘ ਤੇ ਭਾਃ ਬਘੇਲਸਿੰਘ ਸੂਰਮੇ ਤਿਆਰ ਕੀਤੇ। ਇਹ ਸਭ ਸਿੰਘ ਤਕੜੇ ਦਲੇਰ ਸਨ ਤੇ ਦੁਸ਼ਮਣ ਦਾ ਕਾਲ ਸਨ। ਇਕ ਇਕ ਸਿੰਘ ਸਵਾ ਸਵਾ ਲਖ ਨਾਲ ਲੜਨ ਵਾਲਾ ਸੀ। ਸਤਿਗੁਰੂ ਜੀ ਦੇ ਚਰਨਾਂ ਉਪਰ ਪੂਰਾ

Sri Satguru Jagjit Singh Ji eLibrary NamdhariElibrary@gmail.com

ਭਰੋਸਾ ਰਖਦੇ ਸਨ। ਇਨ੍ਹਾਂ ਦੇ ਨਾਲ ਦੋ ਸੌ ਸਿੰਘ ਸਨ। ਭਾਈ ਸ਼ਾਮ ਸਿੰਘ ਨੂੰ ਦੋ ਹੁਕਮਨਾਮੇ ਲਿਖਕੇ ਦਿਤੇ ਕਿ ਉਹ ਰਾਜਾ ਸਰਮੌਰ(ਨਾਹਨ ਪਾਸ)ਪਾਸ ਜਾਵੇ ਤੇ ਪਾਉਂਟ ਰਹਿਣ ਦਾ ਪ੍ਰਬੰਧ ਕੀਤਾ ਜਾਵੇ। ਸਤਿਗੁਰੂ ਜੀ ਵੀ ਪਿਛੇ ਆਉਂਦੇ ਹਨ ਅਤੇ ਸਾਰਾ ਵਹੀਰ ਵੀ ਆਵੇਗਾ।

ਇਸ ਤਰਾਂ ਪਕੀਆਂ ਕਰਕੇ ਸਤਿਗੁਰੂ ਜੀ ਨੇ ਸਾਰਿਆਂ ਨੂੰ ਮਿਲਕੇ ਆਪ ਵਿਦਾ ਕੀਤਾ। ਜਿਹੜਾ ਵੀ ਕਿਲੇ ਵਿਚੋਂ ਨਿਕਲਦਾ ਸੀ ਉਸੇ ਦੇ ਨੈਣ ਸਜਲ ਹੁੰਦੇ ਸਨ। ਅਨੰਦਪੁਰੀ ਦਾ ਵਿਛੋੜਾ ਉਹਨਾਂ ਨੂੰ ਤੰਗ ਕਰ ਰਿਹਾ ਸੀ ਪਰ ਮਜਬੂਰਨ ਪਵਿਤ੍ਰ ਨਗਰੀ ਨੂੰ ਛਡਨਾ ਪਿਆ। ਭਾਣੇ ਨੂੰ ਮੰਨਣਾ ਹੀ ਪੈਂਦਾ ਹੈ। ਵਡੇ ੨ ਸ਼ਹਿਰ ਅਰ ਮਹਿਲ ਰਾਜਿਆਂ ਨੂੰ ਛਡਣੇ ਪਏ। ਕਈ ਵਾਰ ਦੇਸ਼ ਵੀ ਛਡਣੇ ਪੈਂਦੇ ਹਨ। ਭਾਵੇਂ ਹਰ ਇਕ ਨੂੰ ਹੌਂਸਲਾ ਦਿਤਾ ਜਾਂਦਾ ਸੀ ਕਿ ਮੁੜ ਜਲਦੀ ਹੀ ਅਨੰਦਪੁਰ ਆਉਣਾ ਹੋਵੇਗਾ। ਕੋਈ ਚਿੰਤਾ ਕਰਨ ਦੀ ਲੋੜ ਨਹੀਂ।

ਵਡਾ ਵਹੀਰ ਸਤਿਗੁਰੂ ਜੀ ਨਾਲ ਸੀ, ਸਾਹਿਬ ਪਹਿਲਾਂ ਪੈਦਲ ਚਲ ਕੇ ਉਸ ਅਸਥਾਨ ਤੇ ਪੁਜੇ ਜਿਥੇ ਗੁਰੂ ਤੇਗਬਹਾਦਰ ਜੀ ਦੇ ਸੀਸ ਦੀ ਸਮਾਧ ਸੀ। ਉਸ ਪਵਿਤ੍ਰ ਅਸਥਾਨ ਉਤੇ ਪ੍ਰਸ਼ਾਦ ਕਰਾਇਆ। ਪ੍ਰਕਰਮਾਂ ਲਈਆਂ ਅਰ ਅਰਦਾਸਾਂ ਕੀਤੀਆਂ।ਜਦੋਂ ਸਤਿਗੁਰੂ ਜੀ ਅਰਦਾਸ ਕਰ ਰਹੇ ਸਨ ਤਦੋਂ ਸਾਰੇ ਸਿੰਘ ਵੈਰਾਗ ਨਾਲ ਨੈਣਾਂ ਚੋਂ ਜਲ ਵਗਾਈ ਜਾਂਦੇ ਸਨ। ਸਾਹਿਬਾਂ ਦੇ ਨਾਲ ਵਡੇ ਸਾਹਿਬਜ਼ਾਦੇ ਤੇ ਪੰਜ ਸੌ ਤੋਂ ਉਪਰ ਲੜਾਕੇ ਜਵਾਨ ਸਨ। ਸਭ ਨੂੰ ਸਾਥ ਲੈਕੇ ਨੀਲੇ ਘੋੜੇ ਉਤੇ ਸਵਾਰ ਹੋਏ ਰਣਜੀਤ ਨਗਾਰੇ ਉਤੇ ਚੋਟ ਲਗੀ ਐਸੇ ਜੋਸ਼ ਨਾਲ ਚੋਟਾਂ ਲਗੀਆਂ ਕਿ ਸਾਰਾ ਵਾਯੂ ਮੰਡਲ ਬਦਲ ਦੇ ਵਾਂਗ ਗੂੰਜਣ ਲਗ ਗਿਆ। ਵੈਰੀਆਂ ਦੇ ਦਿਲ ਹਿਲ ਗਏ। ਜਿਹੜੇ ਸੁਤੇ ਸਨ ਉਹ ਜਾਗ ਪਏ। ਸਤਿਗੁਰੂ ਜੀ ਅਨੰਦਪੁਰ ਤੋਂ ਤੁਰੇ।

ਜਦੋਂ ਕਿਲਾ ਅਨੰਦਗੜ੍ਹ ਤੋਂ ਤਿਆਰ ਕੀਤੇ ਤਾਂ ਸਿਧੇ ਕਰਤਾਰਪੁਰ ਵਲ ਜਾਣ ਲਗੇ। ਵਡੇ ਸਾਹਿਬਜ਼ਾਦੇ ਮੁੜ ਮੁੜ ਕੇ ਪਿਛੇ ਨੂੰ ਦੇਖਦੇ ਸਨ। ਉਨ੍ਹਾਂ ਦੇ ਦੇਖਣ ਤੇ ਸਿੰਘਾਂ ਨੇ ਸਵਾਲ ਕੀਤਾ-'ਬਾਬਾ ਜੀ, ਕੀ ਦੇਖਦੇ ਹੋ?'

Sri Satguru Jagjit Singh Ji eLibrary NamdhariElibrary@gmail.com

ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਉਤਰ ਦਿਤਾ—'ਦੇਖਦਾ ਹਾਂ ਉਸ ਪਵਿਤ੍ਰ ਧਰਤੀ ਵਲ ਜਿਥੇ ਪਲੇ ਖੇਡੇ ਤੇ ਜਵਾਨ ਹੋਇ ਹਾਂ। ਜੋ ਪੁਰੀ ਕਦੀ ਸਚ ਮੁਚ ਅਨੰਦ ਦੀ ਪੁਰੀ ਸੀ। ਅੱਜ ਕਾਲ ਦੇ ਪੈਰੇ ਹੋਏ ਉਸੇ ਤਰ੍ਹਾਂ ਛਡ ਰਹੇ ਹਾਂ ਜਿਵੇਂ ਕਦੀ ਅਜੁਧਿਆ ਪੁਰੀ ਨੂੰ ਸ੍ਰੀ ਰਾਮ ਤੇ ਲਛਮਣ ਨੇ ਛਡਿਆ ਸੀ, ਉਹ ਤਾਂ ਬਾਰਾਂ ਸਾਲ ਪਿਛੋਂ ਵਾਪਸ ਅਜੁਧਿਆ ਨਗਰੀ ਆ ਗਏ ਸਨ ਪਰ ਅਸਾਂ ਮੁੜ ਨਹੀਂ ਆਉਣਾ। ਵਿਧਾਤਾ ਦੀ ਇਹੋ ਇਛਾ ਹੈ। ਇਸ ਵਾਸਤੇ ਅਸੀਂ ਦੇਖਦੇ ਹਾਂ ਕਿ ਰਜਕੇ ਦੇਖ ਲਈਏ। ਦੇਖਣ ਦੀ ਇਛਾ ਵਿਚ ਕੋਈ ਕਮੀ ਨਾ ਰਹਿ ਜਾਵੇ। ਇਹ ਕਿਲੇ, ਇਹ ਬਾਗ ਇਹ ਅਟਾਰੀਆਂ ਤੇ ਸੰਗਤ ਨਾਲ ਮੁੜ ਮੇਲ ਨਹੀਂ ਹੋਣਾ।'

ਇਹ ਸੁਣਕੇ ਭਾਈ ਚੰਦਾ ਸਿੰਘ ਨੇ ਉਤਰ ਦਿਤਾ'—'ਸਚੇ ਪਾਤਿਸ਼ਾਹ! ਐਸੇ ਬਚਨ ਨਾ ਕਰੋ ਛੇਤੀ ਹੀ ਮੁੜਕੇ ਇਥੇ ਆਵਾਂਗੇ। ਇਹ ਅਸਥਾਨ ਅਸਾਂ ਕੋਲ ਹੀ ਰਹੇਗਾ। ਥੋਹੜੇ ਚਿਰ ਨੂੰ ਆ ਜਾਵਾਂਗੇ। ਕਾਲ ਦਾ ਚੱਕ੍ਰ ਹੈ। ਇਹ ਚਲਦਾ ਜਾਵੇਗਾ। ਅਸ਼ੁਭ ਤੋਂ ਸ਼ੁਭ ਹੋ ਜਾਵੇਗਾ।'

ਭਾਈ ਚੰਦਾ ਸਿੰਘ ਨੇ ਇਹ ਬਚਨ ਆਖਣ ਨੂੰ ਤਾਂ ਆਖ ਦਿਤੇ ਪਰ ਹਿਰਦਾ ਉਸਦਾ ਵੀ ਭੈ ਤੇ ਹੈਰਾਨੀ ਨਾਲ ਥਰਥਰਾ ਰਿਹਾ ਸੀ ਤੇ ਅੰਦਰੋਂ ਸਚੀ ਆਵਾਜ਼ ਨਿਕਲ ਰਹੀ ਸੀ—ਜਿਹੜੇ ਅੱਜ ਜਾ ਰਹੇ ਹਨ ਉਹਨਾਂ ਮੁੜ ਕੇ ਇਥੇ ਨਹੀਂ ਆਉਣਾ ਇਹ ਨਗਰੀ ਦਰਸ਼ਨਾਂ ਨੂੰ ਤਰਸਦੀ ਹੋਈ ਵਿਯੋਗ ਦੇ ਗਮ ਨਾਲ ਵੈਰਾਗਣ ਹੋ ਰੋਂਦੀ ਰਹੇਗੀ।

ਸਿੰਘਾਂ ਤੇ ਸਤਿਗੁਰਾਂ ਨੂੰ ਮੁਸਲਮਾਨਾਂ ਉਤੇ ਪੂਰਾ ਭਰੋਸਾ ਨਹੀਂ ਸੀ, ਸਾਰੇ ਸੋਚਦੇ ਸਨ ਕਿ ਪਤਾ ਨਹੀਂ ਕਿਹੜੇ ਸਮੇਂ ਤੇ ਕਿਸ ਅਸਥਾਨ ਉਤੇ ਤੁਰਕਾਂ ਨੇ ਉਹਨਾਂ ਪਰ ਹਮਲਾ ਕਰ ਦੇਣਾ ਹੈ। ਇਸ ਵਾਸਤੇ ਸਾਰੇ ਚੌਕੰਨੇ ਅਰ ਹੁਸ਼ਿਆਰ ਸਨ। ਅਸਤ੍ਰ ਸ਼ਸਤ੍ਰ ਸਭ ਸੰਭਾਲਕੇ ਤਿਆਰ ਸਨ। ਘੋੜਿਆਂ ਦੀਆਂ ਵਾਗਾਂ ਨੂੰ ਘੁਟਕੇ ਫੜਿਆ ਹੋਇਆ ਸੀ। ਪੈਦਲ ਤੁਰਨ ਵਾਲਿਆਂ ਨੇ ਤਲੀ ਪਰ ਸਿਰ ਰਖੇ ਹੋਇ ਸਨ। ਉਹ ਦੁਸ਼ਮਣ ਨਾਲ ਲੋਹਾ ਲੈ ਕੇ ਸ਼ਹੀਦੀਆਂ ਪ੍ਰਾਪਤ ਕਰਨ ਵਿਚ ਪ੍ਰਸੰਨਤਾ ਸਮਝਦੇ ਸਨ ਪਰ ਵੈਰੀ ਨੇ ਦਿਨ ਦੇ ਚੜ੍ਹਾ

Sri Satguru Jagjit Singh Ji eLibrary NamdhariElibrary@gmail.com

ਤੋਂ ਪਹਿਲਾਂ ਹਮਲਾ ਨਹੀਂ ਸੀ ਕਰਨਾ, ਕਿਉਂਕਿ ਵੈਰੀ ਹਨੇਰੇ ਵਿਚ ਲੜ ਨਹੀਂ ਸਕਦੇ ਸਨ। ਉਹ ਅਮੀਰ ਫੌਜੀ ਸਨ।

ਦਰਿਆ ਦਾ ਕਿਨਾਰਾ ਆ ਗਿਆ, ਉਸ ਵੇਲੇ 'ਆਸਾ ਦੀ ਵਾਰ' ਲਾਉਣ ਦਾ ਸਮਾਂ ਹੋ ਗਿਆ। ਸਾਹਿਬਾਂ ਦੇ ਹੁਕਮ ਨਾਲ ਧੌਂਸੇ ਉਤੇ ਚੋਟ ਲਗੀ। ਸਾਰੇ ਸਿੰਘ ਇਕ ਦਮ ਖਲੋ ਗਏ। ਉਹਨਾਂ ਨੂੰ ਹੁਕਮ ਹੋਇਆ ਕਿ ਹਰੇ ਭਰੇ ਘਾਹ ਉਤੇ ਬੈਠ ਜਾਵੋ। ਬ੍ਰਤੀਆਂ ਜੋੜ ਲਵੋ ਤੇ ਅਕਾਲ ਪੁਰਖ ਦਾ ਜਸ ਸੁਣੋ ਤੇ ਗਾਓ। ਰਾਗੀਆਂ ਰਬਾਬੀਆਂ ਨੂੰ ਹੁਕਮ ਹੋਇਆ ਕਿ ਉਹ 'ਆਸਾ ਦੀ ਵਾਰ' ਦਾ ਕੀਰਤਨ ਕਰਨ। ਉਸ ਸਮੇਂ ਹੁਕਮ ਮੰਨਿਆ ਗਿਆ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਕਈਆਂ ਥੋੜੇ ਮਨ ਵਾਲਿਆਂ ਨੇ ਇਤਰਾਜ਼ ਕੀਤਾ ਕਿ ਦੁਸ਼ਮਣ ਨੇੜੇ ਆਉਣ ਵਾਲਾ ਹੈ, ਦਰਿਆ ਸਤਲੁਜ ਤੇ ਸਰਸਾ ਨਦੀ ਨੂੰ ਛੇਤੀ ਤੋਂ ਛੇਤੀ ਪਾਰ ਕਰ ਜਾਣਾ ਚਾਹੀਦਾ ਹੈ ਪਰ ਉਨ੍ਹਾਂ ਦੀ ਗਲ ਵਲ ਕਿਸੇ ਨੇ ਧਿਆਨ ਨ ਦਿਤਾ। ਸੁਰਤਾਂ ਜੁੜੀਆਂ ਹੋਈਆਂ ਸਨ। ਅਕਾਲ ਪੁਰਖ ਉਤੇ ਭਰੋਸਾ ਸੀ ਕਿ ਉਹ ਦਾਤਾ ਆਪੇ ਰਖਿਆ ਕਰੇਗਾ। ਤਕਰੀਬਨ ਦੋ ਘੰਟੇ ਕੀਰਤਨ ਹੁੰਦਾ ਰਿਹਾ। ਕੀਰਤਨ ਦੇ ਭੋਗ ਪਿਛੋਂ ਅਰਦਾਸ ਹੋਈ ਤੇ ਅਗੇ ਕੂਚ ਕਰਨ ਦਾ ਹੁਕਮ ਹੋਇਆ, ਉਸ ਵੇਲੇ ਸਾਰਿਆਂ ਦੇ ਚਿਹਰਿਆਂ ਉਤੇ ਨਿਰਾਲਾ ਹੀ ਨੂਰ ਸੀ, ਨਿਰਭੈਤਾ ਨਾਲ ਦਿਲ ਉਛਲ ਰਹੇ ਸਨ।

੩. ਤੁਰਕਾਂ ਨਾਲ ਭਿਆਨਕ ਯੁਧ

ਸਤਿਗੁਰੂ ਜੀ ਦੇ ਬਚਨ ਸਚੇ ਹੋਏ। ਤੁਰਕ ਤੇ ਹਿੰਦੂ ਰਾਜੇ ਕੁਰਾਨ ਤੇ ਗਊ ਦੀ ਸੁਰੀਦ (ਸੌਂਹ) ਨੂੰ ਭੁਲ ਗਏ। ਅਕ੍ਰਿਤਘਣ ਪਾਪੀ ਲੋਕ ਭੁਲ ਗਏ ਕਿ ਖੁਦਾ ਜਾਂ ਭਗਵਾਨ ਵੀ ਹੈ। ਧੋਖੇ ਨਾਲ ਗੁਰੂ ਜੀ ਦੀ ਸ਼ਕਤੀ ਨੂੰ ਨਸ਼ਟ ਕਰਨ ਵਾਸਤੇ ਆ ਪੁਜੇ। ਦੂਰੋਂ ਹੀ ਧੂੜ ਧੁੰਮਦੀ ਆਉਂਦੀ ਦਿਸੀ, ਲਲਕਾਰੇ ਤੇ ਨਗਾਰੇ ਸੁਣਾਈ ਦੇਣ ਲੱਗ ਪਏ ਸਨ। 'ਮਾਰੋ! ਫੜ ਲਵੋ, ਕੋਈ ਨੱਸੇ ਨਾ! ਅੱਲਾ ਹੂ ਅਕਬਰ! ਜੈਦੇਵਾ ਆਦਿਕ ਨਾਹਰੇ ਸਨ। ਇਹ ਨਾਹਰੇ ਜਦੋਂ ਮਾਤਾ ਗੂਜਰੀ ਜੀ ਨੇ ਸੁਣੇ ਤਾਂ ਕੁਝ ਘਬਰਾਏ। ਸਿੰਘ ਲੜਨ ਵਾਸਤੇ

Sri Satguru Jagjit Singh Ji eLibrary NamdhariElibrary@gmail.com

ਤਿਆਰ ਹੋ ਪਏ। ਜਾਨ ਉਤੇ ਖੇਡਣ ਦਾ ਫੈਸਲਾ ਤਾਂ ਪਹਿਲਾਂ ਹੀ ਕਰ ਚੁਕੇ ਸਨ ਫਿਰ ਭੈ ਕਿਸ ਗਲ ਦਾ ? ਉਹ ਭੈ ਰਹਿਤ ਹੋਕੇ ਦੁਸ਼ਮਣ ਨੂੰ ਰੋਕਣ ਵਾਸਤੇ ਡਟ ਗਏ।

ਸਰਸਾ ਦੇ ਨੇੜੇ ਦੋਹਾਂ ਦਲਾਂ ਦਾ ਮੁਕਾਬਲਾ ਹੋ ਪਿਆ। ਤੁਰਕ ਸੈਨਾ ਦੇ ਸਿਪਾਹੀ ਤਾਂ ਕੁਝ ਨਾ ਕੁਝ ਖਾਕੇ ਆਏ ਸਨ ਪਰ ਸਿੰਘਾਂ ਨੂੰ ਜਲ ਪਾਣੀ ਪੀਣ ਦਾ ਭੀ ਸਮਾਂ ਪ੍ਰਾਪਤ ਨਹੀਂ ਸੀ ਹੋਇਆ। ਗੁਰੂ ਖਾ ਲੰਗਰ ਤਿਆਰ ਹੀ ਨਹੀਂ ਸੀ ਹੋਇਆ, ਸਿੰਘ ਮਸਤਾਨੇ ਹੀ ਲੜਨ ਲਗ ਪਏ। ਕਟਾ ਵਢ ਸ਼ੁਰੂ ਹੋ ਗਈ। ਹਰ ਕੋਈ ਜੀਵਨ ਦੀ ਆਸ ਛਡਕੇ ਲੜਨ ਲਗਾ। ਸਿੰਘ ਪੱਬਾਂ ਭਾਰ ਹੋ ਹੋ ਕੇ ਵੈਰੀ ਉਤੇ ਵਾਰ ਕਰਦੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਭਾਈ ਉਦੇ ਸਿੰਘ ਵਰਗੇ ਸੂਰਮੇ ਤੁਰਕਾਂ ਦਾ ਮੂੰਹ ਦੂਜੇ ਪਾਸੇ ਕਰੀ ਜਾਂਦੇ ਸਨ।

ਸਿੰਘ ਬਹੁਤ ਕਸੂਤੇ ਫਸੇ ਸਨ। ਇਕ ਪਾਸੇ ਸਰਸਾ ਨਦੀ ਮਗਰਮਛ ਵਾਂਗ ਮੂੰਹ ਅੱਡੀ ਬੜ੍ਹਕਾਂ ਮਾਰ ਰਹੀ ਸੀ। ਉਸਦੀ ਭਿਅੰਕਰਤਾ ਨੂੰ ਦੇਖ ਕੇ ਕਲੇਜੇ ਨੂੰ ਹੌਲ ਪੈਂਦੇ ਸਨ। ਪਰੰਪਰਾ ਤੋਂ ਇਹ ਵੀ ਕਥਾ ਚਲੀ ਆਉਂਦੀ ਹੈ ਕਿ ਸਰਸਾ ਜਦੋਂ ਚੜ੍ਹਾ ਤੇ ਹੋਵੇ ਇਹ ਆਪਣੇ ਵਿਚਦੀ ਕਿਸੇ ਨੂੰ ਲੰਘਣ ਨਹੀਂ ਦੇਂਦੀ। ਇਸ ਨੇ ਹਜ਼ਾਰਾਂ ਨੂੰ ਰੋੜ੍ਹਿਆ ਹੈ। ਵਡੇ ਫਨੇ ਖਾਂ ਤਾਰੂ ਵੀ ਇਸ ਨੇ ਰੋੜ੍ਹ ਲਏ, ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਪਹਾੜੀਏ, ਮੁਸਲਮਾਨ ਤੇ ਹੋਰ ਲੋਕ ਗੁਰੂ ਘਰ ਦੇ ਦੁਸ਼ਮਣ ਬਣ ਗਏ ਸਨ, ਤਿਵੇਂ ਕੁਦਰਤ ਦੀ ਬੇਟੀ ਸਰਸਾ ਵੀ ਗੁਰੂ ਪ੍ਰਵਾਰ ਨਾਲ ਦੁਸ਼ਮਣੀ ਕਰਨ ਤੇ ਤੁਲ ਪਈ ਸੀ। ਉਹ ਉਡੀਕ ਰਹੀ ਸੀ ਕਿ ਕਦੋਂ ਹਨੇਰਾ ਹੋਵੇ ਤੇ ਕਦੋਂ ਉਹ ਸਿੰਘਾਂ ਨੂੰ ਹੜੱਪ ਕਰੇ।

ਦੂਸਰੇ ਪਾਸੇ ਵੈਰੀ ਦਲ ਸੀ। ਉਹ ਘੇਰਾ ਪਾਕੇ ਸਤਿਗੁਰੂ ਜੀ ਨੂੰ ਫੜਨਾ ਚਾਹੁੰਦੇ ਸਨ। ਵਾਹਿਗੁਰੂ ਸ਼ਾਇਦ ਇਮਤਿਹਾਨ ਲੈ ਰਿਹਾ ਸੀ, ਸ਼ਾਇਦ ਉਨ੍ਹਾਂ ਦੇ ਹਿਰਦੇ ਨੂੰ ਪਰਖ ਰਿਹਾ ਸੀ, ਬਿਪਤਾ ਹੀ ਬਿਪਤਾ ਖੜੀ ਕਰੀ ਜਾਂਦਾ ਸੀ ਲੜਾਈ ਬਹੁਤ ਭਿਆਨਕ ਹੁੰਦੀ ਰਹੀ। ਕਈ ਖਾਨ ਜ਼ਖਮੀ ਹੋਇ ਤੇ ਮਰੇ।

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੇ ਵੀ ਭੁਖੇ ਸ਼ੇਰਾਂ ਵਾਂਗ ਬਹੁਤ ਕਰੜੀ ਲੜਾਈ ਲੜੀ, ਲੋਥ ਤੇ ਲੋਥ ਚੜ੍ਹਾ ਦਿਤੀ ਸਾਰਾ ਦਿਨ ਲੜਾਈ ਹੁੰਦੀ ਰਹੀ।ਵਹੀਰ ਤੇ ਗੁਰੂ ਜੀ ਦਾ ਪ੍ਰੀਵਾਰ ਸਰਸਾ ਕਿਨਾਰੇ ਇਕ ਪਾਸੇ ਬੈਠਾ ਹੋਇਆ ਭਯਾਨਕ ਜੁਧ ਨੂੰ ਦੇਖਦਾ ਰਿਹਾ ਗੁਰ ਕਾ ਲੰਗਰ ਤਿਆਰ ਕੀਤਾ ਕਿ ਕੀ ਪਤਾ ਲੜਾਈ ਦਾ ਪਾਸਾ ਕਿਧਰ ਪਲਟੇ। ਕੀ ਪਤਾ ਵਹੀਰ ਨੂੰ ਵੀ ਲੜਾਈ ਲੜਨੀ ਪੈ ਜਾਵੇ ਪਰ ਲੜਾਈ ਵਹੀਰ ਤੋਂ ਦੂਰ ਰਹੀ। ਸਿੰਘ ਪਥਰ ਦੀ ਕੰਧ ਵਾਂਗ ਦੁਸ਼ਮਣ ਨੂੰ ਰੋਕੀ ਖਲੋਤੇ ਰਹੇ। ਉਹਨਾਂ ਨੇ ਦੁਸ਼ਮਣ ਨੂੰ ਪਿਛੇ ਧਕਿਆ ਅਗੇ ਨਹੀਂ ਆਉਣ ਦਿਤਾ ! ਇਸ ਹਾਲਤ ਵਿਚ ਸਾਰਾ ਦਿਨ ਹੀ ਲੜਾਈ ਹੁੰਦੀ ਰਹੀ। ਸੂਰਜ ਭਗਵਾਨ ਲੜਾਈ ਨੂੰ ਦੇਖਕੇ ਥਕ ਗਿਆ ਤੇ ਪਛਮ ਵਿਚ ਜਾ ਲੁਕਿਆ । ਹਨੇਰੇ ਦੀ ਕਾਲੀ ਚਾਦਰ ਨੇ ਸਾਰਿਆਂ ਦੇ ਹਥ ਫੜ ਲਏ। ਲੜਾਈ ਰੁਕ ਗਈ,ਦੁਸ਼ਮਣ ਰਤਾ ਪਿਛੇ ਹਟ ਗਿਆ ਤੇ ਸਤਿਗੁਰੂ ਜੀ ਥੋਹੜੇ ਬਚੇ ਸਿੰਘਾਂ ਸਮੇਤ ਸਰਸਾ ਦੇ ਕਿਨਾਰੇ ਵਹੀਰ ਕੋਲ ਆ ਗਏ।

੪. ਸਰਸਾ ਨਦੀ ਦੀ ਕਠੋਰਤਾ

ਇਕ ਸਿਆਲ ਦੇ ਦਿਨ,ਦੂਸਰਾ ਪਹਾੜੀ ਇਲਾਕਾ,ਤੀਸਰਾ ਮੀਂਹ ਹਨੇਰੇ ਦਾ ਜ਼ੋਰ, ਚੌਥੀ ਹਨੇਰੀ ਰਾਤ ਅਰ ਪੰਜਵੇਂ ਅਗੇ ਪਿਛੇ ਦੁਸ਼ਮਣ, ਇਹਨਾਂ ਹਾਲਤਾਂ ਵਿਚ ਸਤਿਗੁਰੂ ਜੀ ਸਰਸਾ ਕਿਨਾਰੇ ਖਲੋਤੇ ਹੋਏ ਕੁਝ ਸੋਚਣ ਲਗੇ। ਥੋਹੜਾ ਚਿਰ ਸੋਚਣ ਪਿਛੋਂ ਆਪਨੇ ਹੁਕਮ ਦਿਤਾ,'ਅਕਾਲਪੁਰਖ ਦਾ ਹੁਕਮ ਐਸਾ ਹੀ ਹੈ ਸਰਸਾ ਵਿਚ ਠਿਲ ਜਾਵੋ। ਗਡੇ ਪਾਲਕੀਆਂ, ਤੰਬੂ ਤੇ ਹੋਰ ਸਾਮਾਨ ਸਾਰਾ ਸਰਸਾ ਦੀ ਭੇਟ ਹੋ ਜਾਣਾ ਹੈ।ਚਿੰਤਾ ਨ ਕਰਨੀ ਅਕਾਲਪੁਰਖ ਦਾ ਇਹੋ ਹੁਕਮ ਹੈ । ਉਸਦੀਆਂ ਦਿਤੀਆਂ ਵਸਤੂਆਂ ਉਹਨੇ ਖਜ਼ਾਨੇ ਪਾ ਜਾਣੀਆਂ ਹਨ।' ਇਹ ਆਖਣ ਦੀ ਢਿਲ ਸੀ ਕਿ ਸਾਰੀ ਵਹੀਰ ਨੇ ਸਤਿਗੁਰੂ ਜੀ ਦਾ ਨਾਮ ਲੈ ਨਦੀ ਵਿਚ ਪੈਰ ਰਖ ਦਿਤੇ,ਉਸੇ ਤਰ੍ਹਾਂ ਸਿਦਕ ਨਾਲ ਜਿਵੇਂ ਕਚੇ ਘੜੇ ਨੂੰ ਦੇਖ ਜਾਚਕੇ ਸੋਹਣੀ ਨੇ ਝਨਾਂ ਵਿਚ ਤਾਰੀ ਲਾਈ ਸੀ।ਪਤਾ ਸੀ ਕਿ ਮਰ ਜਾਣਾ ਹੈ ਪਰ ਮੌਤ ਕੋਲੋਂ ਨਹੀਂ ਸੀ ਡਰੀ,ਕਿਉਂਕਿ ਪਿਆਰੇ ਨਾਲ

Sri Satguru Jagjit Singh Ji eLibrary NamdhariElibrary@gmail.com

ਪਿਆਰ ਨਿਭਾਉਣ ਦਾ ਸਵਾਲ ਸੀ। ਤਿਵੇਂ ਸਤਿਗੁਰੂ ਜੀ ਦੇ ਸਿਖ ਸੇਵਕ ਅਤੇ ਘਰ ਦੇ ਜੀਅ ਉਨ੍ਹਾਂ ਦੇ ਹੁਕਮਾਂ ਤੋਂ ਬਲਿਹਾਰੇ ਜਾਂਦੇ ਸਨ।ਉਹ ਆਗਯਾ ਦਾ ਪਾਲਨ ਕਰਦੇ ਹੋਏ ਸਵਰਗ ਨੂੰ ਜਾਣਾ ਚੰਗਾ ਸਮਝਦੇ ਸਨ। ਘੋੜਿਆਂ ਉਤੇ ਜੋ ਸਵਾਰ ਸਨ,ਉਹਨਾਂ ਨੇ ਘੋੜੇ ਠੇਲ੍ਹ ਦਿਤੇ ਜੋ ਪੈਦਲ ਸਨ ਉਹ ਪੈਦਲ ਹੀ ਠੇਹਲੇ ਤੇ ਤਰਨ ਲਗ ਪਏ, ਜਿਹਨਾਂ ਨੂੰ ਤਰਨਾ ਨਹੀਂ ਸੀ ਆਉਂਦਾ ਉਹ ਪੈਰ ਰਖਦੇ ਸਾਰ ਹੀ ਰੁੜਨ ਲਗ ਪਏ। ਸਤਿਗੁਰੂ ਜੀ ਆਪ ਇਕ ਪਾਸੇ ਸਨ ਤੇ ਉਹਨਾਂ ਦੇ ਨਾਲ ਉਹਨਾਂ ਦੇ ਦੋਵੇਂ ਵਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਸਨ । ਪਿਛੇ ਕੁਝ ਸਿੰਘ,ਸਤਿਗੁਰੂ ਜੀ ਆਪ ਇਕ ਪਾਸੇ ਸਨ, ਉਹਨਾਂ ਦੀ ਸਹਾਇਤਾ ਭਾਈ ਮਨੀ ਸਿੰਘ ਜੀ ਤੇ ਹੋਰ ਸਿਖ ਕਰ ਰਹੇ ਸਨ।

ਬ੍ਰਿਧ ਮਾਤਾ ਗੁਜਰੀ ਜੀ ਵੀ ਅਤੇ ਛੋਟੇ ਸਾਹਿਬਜ਼ਾਦੇ ਰੁੜ੍ਹਕੇ ਇਕ ਪਾਸੇ ਹੋ ਗਏ,ਉਨ੍ਹਾਂ ਦੇ ਨਾਲ ਰੰਗੂ ਬ੍ਰਾਹਮਣ ਤੇ ਹੋਰ ਥੋੜੇ ਜਿਹੇ ਸਿਖ ਸਨ। ਖਚਰਾਂ ਤਕੜੀਆਂ ਹੋਣ ਤੇ ਪਾਰ ਲੰਘਣ ਵਿਚ ਕਾਮਯਾਬ ਹੋਈਆਂ ਪਰ ਬਹੁਤ ਦੂਰ ਜਾ ਕੇ। ਸਰਸਾ ਨੇ ਵੀਰਾਂ ਨਾਲੋਂ ਵੀਰ ਵਿਛੋੜ ਦਿਤੇ, ਮਾਂ ਪੁਤਰ ਦਾ ਮੇਲ ਨਾ ਰਹਿਣ ਦਿਤਾ,ਬਾਪ ਤੇ ਪੁਤ੍ਰ ਦੂਰ ਦੂਰ ਹੋ ਗਏ।ਇਸਤ੍ਰੀ ਤੇ ਭਰਤਾ ਇਕਠੇ ਨਾ ਰਹੇ,ਗੁਰੂ ਜੀ ਕਿਧਰੇ ਤੇ ਸਿਖ ਕਿਧਰੇ ਤੁਰ ਪਏ। ਹਨੇਰੇ ਨੇ ਕਿਸੇ ਨੂੰ ਪਛਾਣ ਜਾਨਣ ਨ ਦਿਤਾ ਤੇ ਹਨੇਰੀ ਝਖੜ ਦੇ ਭਾਰੀ ਅਵਾਜ਼ੇ ਨੇ ਕਿਸੇ ਨੂੰ ਮਾਰਿਆ ਹੋਇਆ ਬੋਲ ਸੁਣਨ ਨਾ ਦਿਤਾ।ਡੁਬਦੇ ਪ੍ਰਾਣੀਆਂ ਦੇ ਕਿਸੇ ਤਰਲੇ ਨਾ ਸੁਣੇ ਰੁੜ੍ਹ ਗਏ,ਡੁਬ ਗਏ, ਤਰ ਗਏ। ਕਿਸੇ ਨੂੰ ਕੋਈ ਪਤਾ ਨਹੀਂ ਸੀ, ਕੌਣ ਕੋਈ ਤੇ ਕਿਹੜੇ ੨ ਕਿਥੇ ਹਨ ? ਇਉਂ ਸਾਰੇ ਵਿਛੜ ਗਏ।

ਸਰਸਾ ਨਦੀ ਦੇ ਅਗਲੇ ਪਾਰ ਜਦ ਪਹੁੰਚੇ ਉਨ੍ਹਾਂ ਦੀ ਗਿਣਤੀ ਬਹੁਤ ਹੀ ਘਟ ਸੀ,ਐਨੀ ਥੋੜੀ ਕਿ ਉਂਗਲਾਂ ਤੇ ਗਿਣੀ ਜਾਣ ਜੋਗੀ। ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਇਕ ਪਾਸੇ ਹਨੇਰੇ ਵਿਚ ਤੁਰੇ। ਭਾਈ ਮਨੀ ਸਿੰਘ ਜੀ ਉਹਨਾਂ ਦੇ ਨਾਲ ਸਨ । ਉਹ ਤਾਂ ਰੋਪੜੋਂ ਹੇਠਾਂ ਹੇਠਾਂ ਪਹਾੜਾਂ ਦੇ ਪੈਰਾਂ ਵਿਚ ਦੀ ਢਿਲੀ ਨੂੰ ਤੁਰ ਪਏ। ਪਾਲਕੀਆਂ ਰੁੜ੍ਹ ਚੁਕੀਆਂ ਸਨ, ਘੋੜਿਆਂ

Sri Satguru Jagjit Singh Ji eLibrary NamdhariElibrary@gmail.com

ਦੀ ਸਵਾਰੀ ਕੀਤੀ। ਘੋੜਿਆਂ ਦੀ ਸਵਾਰੀ ਉਤੇ ਭਾਵੇਂ ਦਿਲੀ ਤਕ ਜਾਂਦਿਆਂ ਹੋਇਆਂ ਬਹੁਤ ਤਕਲੀਫ ਹੋਣੀ ਸੀ ਪਰ ਭਾਣੇ ਨੂੰ ਮੰਨਣਾ ਹੀ ਸਭ ਨੇ ਚੰਗਾ ਜਾਤਾ।

ਦੂਸਰੇ ਹਥ ਸਤਿਗੁਰੂ ਜੀ ਸਰਸਾ ਤੋਂ ਅਗੇ ਤੁਰੇ ਉਹਨਾਂ ਦੇ ਨਾਲ ਦੋ ਸਾਹਿਬਜ਼ਾਦੇ, ਪੰਜ ਪਿਆਰੇ ਅਤੇ ੪੫ ਕੁ ਹੋਰ ਸਿੰਘ ਸਨ। ਪੰਜ ਸੌ ਜਵਾਨਾਂ ਵਿਚੋਂ ਸਿਰਫ ੫੦ ਦੀ ਗਿਣਤੀ ਰਹਿ ਗਈ। ਬਾਕੀ ਸਾਰੇ ਸ਼ਹੀਦ ਹੋ ਗਏ ਪਰ ਸਤਿਗੁਰੂ ਜੀ ਦੇ ਵੈਸ਼ਾਲ ਹਿਰਦੇ ਉਤੇ ਕਿਸੇ ਤਰ੍ਹਾਂ ਦੀ ਕਮਜ਼ੋਰੀ ਨ ਆਈ ਚਿਹਰੇ ਉਤੇ ਨੂਰ ਪਹਿਲੇ ਦੀ ਤਰ੍ਹਾਂ ਹੀ ਸੀ। ਨਿਰਭੈਤਾ ਨਾਲ ਅਗੇ ਨੂੰ ਵਧਦੇ ਗਏ। ਜਿੰਨੇ ਹੋ ਏਨੇ ਹੀ ਚੋਖੇ ਹਨ। ਸਿੰਘਾਂ ਵਲ ਦੇਖਕੇ ਸਤਿਗੁਰੂ ਜੀ ਨੇ ਬਚਨ ਕੀਤਾ ਸੀ। ਢਾਹੋ ਦਾਹੀ ਰੋਪੜ ਵਲ ਤੁਰੀ ਗਏ ਸਨ।

ਸਰਸਾ ਦੇ ਕਿਨਾਰੇ ਤੇ ਹੀ ਸਭ ਨਾਲੋਂ ਵਿਛੜ ਗਏ। ਮਾਤਾ ਗੂਜਰੀ ਜੀ (ਸਤਿਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ) ਤੇ ਉਹਨਾਂ ਦੇ ਨਾਲ ਸਨ ਦੋ ਮਾਸੂਮ ਪੋਤੇ ਬਾਬਾ ਫਤਹ ਸਿੰਘ ਜੀ ਤੇ ਜੋਰਾਵਰ ਸਿੰਘ ਜੀ, ਖਚਰਾਂ ਉਤੇ ਸਵਾਰ ਇਕ ਖਚਰ ਉਤੇ ਖੁਰਜੀ ਵਿਚ ਮੋਹਰਾਂ ਤੇ ਚਾਂਦੀ ਦੇ ਰੁਪਏ ਸਨ। ਉਨ੍ਹਾਂ ਦੇ ਨਾਲ ਕੋਈ ਸਿੰਘ ਨਹੀਂ ਸੀ ਰਿਹਾ, ਸਗੋਂ ਇਕ ਸੇਵਕ ਗੰਗੂ ਜਾਤ ਦਾ ਬ੍ਰਾਹਮਣ ਰਹਿ ਗਿਆ ਸੀ। ਰਾਤ ਦੇ ਹਨੇਰੇ ਵਿਚ ਇਕਲੀ ਮਾਤਾ ਜੀ ਨੂੰ ਉਸ ਹੌਂਸਲਾ ਦਿਤਾ, "ਮਾਤਾ ਜੀ ਕੋਈ ਚਿੰਤਾ ਨਾ ਕਰੋ ਮੇਰਾ ਪਿੰਡ ਏਥੋਂ ਨੇੜੇ ਹੈ। ਓਥੇ ਚਲ ਰਹਿੰਦੇ ਹਾਂ ਜਦ ਅਮਨ ਹੋ ਜਾਵੇਗਾ ਤਾਂ ਸਤਿਗੁਰੂ ਜੀ ਦਾ ਪਤਾ ਕਰਕੇ ਉਹਨਾਂ ਦੇ ਕੋਲ ਪੁਜ ਜਾਵਾਂਗੇ।

ਮਾਤਾ ਜੀ ਨੇ ਕੁਝ ਬਚਨ ਨ ਕੀਤਾ। ਬਚਨ ਕਰ ਵੀ ਕੀ ਸਕਦੇ ਸਨ। ਉਸ ਸਮੇਂ ਪੱਤਾ ੨ ਤਾਂ ਵੈਰੀ ਸੀ। ਡਰ, ਭੁਲੇਖਾ, ਮੌਤ ਅਤੇ ਹਨੇਰਾ ਤਾਂ ਪੈਰ ਪੈਰ ਤੇ ਮਗਰਮਛ ਵਾਂਗ ਮੂੰਹ ਅੱਡੀ ਖਲੋਤਾ ਸੀ। ਉਹ ਤਾਂ ਪੋਤਰਿਆਂ ਦੀ ਸੁਖ ਮੰਗਦੀ ਸੀ। ਪੋਤਰਿਆਂ ਨਾਲ ਹੀ ਜੀਉਂਦੀ ਸੀ ਪੋਤਰੇ ਓਹਦੀ ਜਿੰਦ ਜਾਨ ਸਨ। ਫਿਰ ਇਹ ਵੀ ਮਾਤਾ ਜੀ ਨੂੰ ਚਿੰਤਾ ਸੀ ਕਿ ਪਿਆਰਾ ਸਪੁਤ੍ਰ ਕਿਧਰ ਗਿਆ। ਕੀ ਦੋਵੇਂ ਵਡੇ ਪੋਤਰੇ ਉਨਾਂ ਨਾਲ ਹਨ ਜਾਂ ਵਖਰੇ। ਦੋਹਾਂ ਨੂੰਹਾਂ ਦਾ

Sri Satguru Jagjit Singh Ji eLibrary NamdhariElibrary@gmail.com

ਕੋਈ ਪਤਾ ਨਹੀਂ ਲਗਦਾ। ਉਹ ਕਿਧਰ ਗਈਆਂ। ਕਿਥੇ ਜਾਣਗੀਆਂ ਕੈਸੇ ਭਾਣੇ ਵਰਤੇ।

੫. ਸਤਿਗੁਰੂ ਜੀ ਦਾ ਚਮਕੌਰ ਪੁਜਣਾ

ਸਤਿਗੁਰੂ ਜੀ ਦਾ ਪ੍ਰਵਾਰ ਨਿਖੜ ਗਿਆ, ਮਾਤਾ ਗੂਜਰੀ ਜੀ ਛੋਟੇ ਸਾਹਿਬ ਜ਼ਾਦਿਆਂ ਨਾਲ ਗੰਗਾ ਰਾਮ (ਗੰਗੂ) ਨੇ ਨਾਲ ਓਹਦੇ ਪਿੰਡ ਖੇੜੀ ਵਲ ਚਲੇ ਗਏ। ਦੋਵੇਂ ਮਹਿਲ ਮਰਦਾਵੇਂ ਭੇਸ ਕਰਕੇ ਭਾਈ ਸਿੰਘ ਤੇ ਜਵਾਹਰਸਿੰਘ ਜੀ ਨਾਲ ਦਿੱਲੀ ਨੂੰ ਤੁਰ ਗਏ ਅਤੇ ਸਤਿਗੁਰੂ ਜੀ ਮੁਠੀ ਭਰ ਸਿੰਘਾਂ ਅਤੇ ਆਪਣੇ ਪੁਤਰਾਂ ਨਾਲ ਸਿਧੇ ਰੋਪੜ ਵਲ ਨੂੰ ਵਧੇ। ਜਿਹੜੇ ਬਾਕੀ ਦੇ ਸਿਖ ਬਚੇ, ਕੁਝ ਸ਼ਹੀਦ ਹੋ ਗਏ ਕੁਝ ਜਿਧਰ ਕਿਸੇ ਦੇ ਸਿੰਙ ਅੜੇ ਉਧਰ ਹੀ ਚਲੇ ਗਏ। ਕੁਝ ਮੁਗਲਾਂ ਦੇ ਹਥ ਵੀ ਆਏ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਕਈ ਦੇਵੀਆਂ ਵੀ ਤੁਰਕਾਂ ਦੇ ਹਥ ਆ ਗਈਆਂ।

ਸਰਸਾ ਨਦੀ ਪਾਰ ਹੋਣ ਤੇ ਖਤਰਾ ਟਲਿਆ ਨਹੀਂ ਸਗੋਂ ਪਾਤਸ਼ਾਹ ਤੇ ਵਜ਼ੀਰ ਖਾਂ ਸਰਹੰਦ ਦੇ ਹੁਕਮ ਨਾਲ ਰੋਪੜ ਤੇ ਹੋਰ ਥਾਵਾਂ ਤੇ ਮੁਸਲਮਾਨ ਜਗੀਰਦਾਰ ਆਪਣੀਆਂ ਫੌਜਾਂ ਲੈਕੇ ਅਗੋਂ ਆ ਪਏ ਸਨ। ਹੋਰ ਬਾਦਸ਼ਾਹੀ ਫੌਜ ਵੀ ਦਿੱਲੀ ਤੋਂ ਆਈ। ਸਰਸਾ ਤੇ ਸਰਹੰਦ ਦੇ ਵਿਚਾਲੇ ਦੁਸ਼ਮਣ ਦਲ ਟਿੱਡੀ ਦਲ ਵਾਂਗ ਛਾਏ ਹੋਏ ਸਨ। ਪੈਰ ਪੈਰ ਤੇ ਖਤਰਾ ਸੀ ਜਦੋਂ ਸਤਿਗੁਰ ਜੀ ਅਗੇ ਵਧੇ ਤਾਂ ਪਤਾ ਲਗਾ ਇਸ ਇਲਾਕੇ ਵਿਚੋਂ ਬਚਕੇ ਨਿਕਲਣਾ ਔਖਾ ਹੈ। ਸਿਰਫ ਪੰਜਾਹ, ਸੌ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਖਿਲਰੀ ਫੌਜ ਨਾਲ ਕਿਵੇਂ ਮੁਕਾਬਲਾ ਕਰ ਸਕਦੇ ਹਨ। ਇਹ ਤਾਂ ਪਲੋ ਪਲੀ ਨੂੰ ਇਕ ਲੜਾਈ ਵਿਚ ਹੀ ਸ਼ਹੀਦ ਹੋ ਜਾਣਗੇ।

ਉਹ ਸਮਾਂ ਬਹੁਤ ਖਤਰੇ ਵਾਲਾ ਸੀ, ਐਸੇ ਸਮੇਂ ਜੇ ਸਤਿਗੁਰੂ ਜੀ ਦੀ ਥਾਂ ਕੋਈ ਹੋਰ ਫੌਜੀ ਜਰਨੈਲ ਹੁੰਦਾ ਤਾਂ ਜ਼ਰੂਰ ਹੀ ਦੁਸ਼ਮਣ ਅਗੇ ਹਥਿਆਰ ਸੁਟ ਦਿੰਦਾ। ਜਿਵੇਂ ਕਿ ਸੰਸਾਰ ਦਾ ਇਤਿਹਾਸ ਦਸ ਰਿਹਾ ਹੈ ਕਿ ਵਡੇ ਵਡੇ ਪਾਤਸ਼ਾਹਾਂ, ਜਰਨੈਲਾਂ ਤੇ ਵਜ਼ੀਰਾਂ ਨੇ ਹਜਾਰਾਂ ਦੀ ਗਿਣਤੀ

Sri Satguru Jagjit Singh Ji eLibrary NamdhariElibrary@gmail.com

ਵਿਚ ਫੌਜ ਕੋਲ ਹੁੰਦਿਆਂ ਸੁੰਦਿਆਂ ਵੀ ਦੁਸ਼ਮਣ ਅਗੇ ਹਥਿਆਰ ਸੁਟ ਦਿਤੇ, ਪਰ ਧੰਨ ਸਤਿਗੁਰੂ ਜੀ ਹਨ' ਜਿਹਨਾਂ ਨੇ ਆਪਣੀ ਇਕੱਲੀ ਜਾਨ ਦੇਖ ਕੇ ਵੀ ਦਿਲ ਨਹੀਂ ਛਡਿਆ ਅਤੇ ਸਦਾ ਚੜ੍ਹਦੀਆਂ ਕਲਾ ਵਿਚ ਰਹੇ। ਚਿੰਤਾ ਫਿਕਰ ਵਾਲੀ ਕੋਈ ਗਲ ਨਾ ਹੋਈ, ਨੀਲੇ ਤੇ ਅਸਵਾਰ ਹੋਕੇ ਅਗੇ ਵਧੀ ਗਏ ਨਾ ਕੋਲ ਬਾਜ ਰਿਹਾ, ਨਾ ਪ੍ਰਸਾਦੀ ਹਾਥੀ, ਨਾ ਛਤ੍ਰ (ਚੌਰ) ਤੇ ਨਾ ਰਣਜੀਤ ਨਗਾਰਾ ਉਹ ਰੁੱਖਾਂ ਸਮੇਤ ਸਰਸਾ ਨਦੀ ਵਿਚ ਰਹਿ ਗਏ। ਸਰਸਾ ਨੇ ਸਭ ਨੂੰ ਸਮੇਟ ਲਿਆ।

'ਮਹਾਰਾਜ, ਅਗੇ ਤਾਂ ਤੁਰਕ ਸੈਨਾ ਬੇਅੰਤ ਹੈ ਹੁਣ ਕਿਧਰ ਨੂੰ ਮੁੜਿਆ ਜਾਵੇ, ਕੀ ਹੁਕਮ ਹੈ ?' ਇਕ ਸਿੰਘ ਨੇ ਪੁਛਿਆ।

'ਬਸ ਸਿਧੇ ਰੋਪੜ ਨੂੰ ਚਲੋ, ਉਸ ਤੋਂ ਅਗੇ ਮਾਲਵੇ ਨੂੰ ਜਾਣਾ ਹੋਵੇਗਾ। ਜੇ ਦੁਸ਼ਮਣ ਬਹਤਾ ਹੀ ਆਕੜਿਆ ਫਾਕੜਿਆ ਤਾਂ ਰਾਹ ਵਿਚ ਕੋਈ ਆੜ ਵਾਲੀ ਥਾਂ ਵੇਖ ਕੇ ਉਸ ਨਾਲ ਦੋ ਹਥ ਕੀਤੇ ਜਾਣਗੇ। ਰਤਾ ਲਿਹਾਜ਼ ਨਹੀਂ ਕਰਨਾ ਦੁਸ਼ਮਣ ਦਾ, ਦੁਸ਼ਮਣ ਬੇਈਮਾਨ ਹੈ। ਧੋਖਾ ਕਰ ਰਿਹਾ ਹੈ। ਮੁਗਲ ਰਾਜ ਦਾ ਅੰਤ ਹੋਣ ਵਾਲਾ ਹੈ। ਝੂਠ ਦਾ ਸੂਰਜ ਅਸਤ ਹੋ ਜਾਵੇਗਾ, ਸਚ ਚੰਦ੍ਰਮਾ ਬਣਕੇ ਚਮਕੇਗਾ, ਇਕ ਦਿਨ ਏਸੇ ਬਾਹਰੇ ਵਿਚ ਖਾਲਸਈ ਰਾਜ ਹੋਵੇਗਾ, ਜ਼ਰੂਰ ਹੋਵੇਗਾ, ਅਕਾਲ ਪੁਰਖ ਦੇ ਭਾਣੇ ਨੂੰ ਮੰਨੀ ਜਾਣਾ ਅਸਾਡਾ ਧਰਮ ਹੈ। ਅਕਾਲ ਪੁਰਖ ਜੋ ਕਰਦਾ ਹੈ ਸੋ ਠੀਕ ਕਰਦਾ ਹੈ, ਚਲੋ ਅਗੇ ਵਧੀ ਚਲੋ।' ਸਤਿਗੁਰੂ ਜੀ ਦਾ ਹੁਕਮ ਸੀ।

ਸਤਿਗੁਰੂ ਜੀ ਦੀ ਜਥੇਦਾਰੀ ਹੇਠਾਂ ਜਥਾ ਅਗੇ ਨੂੰ ਤੁਰ ਪਿਆ। ਰੋਪੜ ਦੇ ਨੇੜੇ ਪੁਜੇ ਤਾਂ ਵੈਰੀਆਂ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਜੀ ਆ ਪੁਜੇ ਹਨ। ਰੋਪੜ ਦੇ ਪੂਰਬ ਦਖਣ ਵਲ ਇਕ ਆਵੇ ਦੇ ਲਾਗੇ ਥੋੜਾ ਜਿਹਾ ਟਾਕਰਾ ਹੋਯਾ, ਉਸ ਟਾਕਰੇ ਵਿਚ ਕੁਝ ਸਿੰਘ ਸ਼ਹੀਦ ਹੋ ਗਏ। ਉਹਨਾਂ ਦੀ ਸ਼ਹੀਦੀ ਨੇ ਦੁਸ਼ਮਣ ਨੂੰ ਐਸਾ ਪਿਛੇ ਮੋੜਿਆ ਕਿ ਉਹ ਅਗੇ ਵਧਣ ਜੋਗਾ ਨਾ ਰਿਹਾ। ਦੁਸ਼ਮਣ ਦੂਰ ਜਾ ਖਲੋਤਾ ਸਾਹਿਬਾਂ ਨੂੰ ਅਗੇ ਚਲਣ ਦਾ ਸਮਾਂ ਮਿਲ ਗਿਆ। ਤਕਰੀਬਨ ਸਤ ਮੀਲ ਪੰਧ ਕਰਨ ਪਿਛੋਂ ਗੁਰੂ ਜੀ ਚਮਕੌਰ ਨਾਮ ਦੇ ਨਗਰ

Sri Satguru Jagjit Singh Ji eLibrary NamdhariElibrary@gmail.com

ਵਿਚ ਪੁਜੇ ਉਸ ਵੇਲੇ ਸ਼ਾਮਾਂ ਪੈ ਚੁਕੀਆਂ ਸਨ।ਜੰਗਲ ਵਿਚਾਲੇ ਪਿੰਡ ਨੂੰ ਹਨੇਰੇ ਨੇ ਘੇਰ ਲਿਆ ਸੀ,ਲੋਕ ਸ਼ਾਹੀ ਫੌਜਾਂ ਨੂੰ ਦੇਖ ਸੁਣਕੇ ਘਾਬਰੇ ਹੋਏ ਸਨ ।

ਗੁਰੂ ਜੀ ਨੇ ਇਕ ਕੱਚੀ ਗੜ੍ਹੀ (ਹਵੇਲੀ) ਨੂੰ ਦੇਖਿਆ ਜੋ ਕਿਲਾ ਦਾ ਕੰਮ ਦੇ ਸਕਦੀ ਸੀ । ਜਿਸ ਵਿਚ ਬੈਠਕੇ ਦੁਸ਼ਮਣ ਨਾਲ ਦੋ ਹਥ ਵੀ ਕੀਤੇ ਜਾ ਸਕਦੇ ਸਨ ਤੇ ਘੜੀ ਪਲ ਆਰਾਮ ਵੀ ਕੀਤਾ ਜਾ ਸਕਦਾ ਸੀ । ਚਾਰ ਦਿਨ ਹੋ ਗਏ ਸਨ,ਸਾਹਿਬ ਸੁਤੇ ਨਹੀਂ ਸਨ । ਪੰਧ ਕਰਦਿਆਂ ਤੇ ਲੜਾਈਆਂ ਲੜ-ਦਿਆਂ ਨੂੰ ਵੀ ਚੋਖਾ ਚਿਰ ਬਤੀਤ ਹੋ ਗਿਆ ਸੀ।ਗੁਰੂ ਜੀ ਨੇ ਭਾਃ ਦਯਾ ਸਿੰਘ ਜੀ ਨੂੰ ਭੇਜਿਆ ਕਿ ਉਹ ਜਾਕੇ ਹਵੇਲੀ ਦੇ ਮਾਲਕ ਨੂੰ ਪੁਛੇ ਕਿ ਉਹ ਰਾਤ ਕਟ ਲੈਣ ਜੋਗੇ ਪਰ ਉਹ ਤੁਰਕਾਂ ਕੋਲੋਂ ਡਰਿਆ ਕਰਦਾ ਸੀ। ਉਸਨੇ ਸਤਿਗੁਰੂ ਜੀ ਦਾ ਨਾਮ ਸੁਣਕੇ ਹੀ ਇਕ ਦਮ ਨਾਂਹ ਕਰ ਦਿਤੀ । ਨਿਰੀ ਨਾਂਹ ਹੀ ਨਾ ਕੀਤੀ ਸਗੋਂ ਚੰਦ੍ਰੇ ਨੇ ਮੁੰਹੋਂ ਵਧ ਘਟ ਗਲਾਂ ਕਰ ਦਿਤੀਆਂ। ਉਸਨੇ ਕਿਹਾ, ਇਕ ਬਾਦਸ਼ਾਹ ਦੇ ਬਾਗੀ ਨੂੰ ਪਨਾਹ ਦੇਕੇ ਮੈਂ ਆਪਣਾ ਬਾਲ ਬਚਾ ਘਾਨੀ ਪਿੜਵਾਉਣਾ ਹੈ । ਚਲੇ ਜਾਓ ਪਿੰਡ ਵਿਚੋਂ, ਏਥੇ ਨਾ ਰਹੋ, ਅਮਨ ਵਸਦੇ ਪਿੰਡ ਨੂੰ ਕਿਉਂ ਉਜਾੜਦੇ ਹੋ ।'

ਭਾਈ ਦਯਾ ਸਿੰਘ ਜੀ ਨੇ ਉਸਨੂੰ ਬਹੁਤ ਸਮਝਾਇਆ ਪਰ ਉਹ ਨਾ ਮੰਨਿਆਂ, ਉਸ ਹਵੇਲੀ ਦਾ ਇਕ ਹੋਰ ਹਿਸੇਦਾਰ ਸੀ ਭਾਈ ਗਰੀਬੂ, ਉਸ ਗਰੀਬੂ ਨੇ ਭਾਈ ਦਇਆ ਸਿੰਘ ਨੂੰ ਕਿਹਾ, 'ਮੈਂ ਹਵੇਲੀ ਦਾ ਮਾਲਕ ਹਾਂ, ਪਰ ਇਹ ਮੇਰਾ ਭਲਾ ਮੈਨੂੰ ਹਵੇਲੀ ਵਿਚ ਨਹੀਂ ਰਹਿਣ ਦੇਂਦਾ ਇਸ ਕਰ ਕੇ ਤੁਸੀਂ ਮੇਰੇ ਕਹਿਣ ਤੇ ਹਵੇਲੀ ਤੇ ਕਬਜ਼ਾ ਕਰ ਲਵੋ। ਜਿਵੇਂ ਜੀ ਚਾਹੇ ਵਰਤੋ ।'

ਸਤਿਗੁਰੂ ਜੀ ਨੇ ਗਰੀਬੂ ਨੂੰ ਵਰ ਦੇਕੇ ਨਿਹਾਲ ਕੀਤਾ ਤੇ ਹਵੇਲੀ ਤੇ ਕਬਜ਼ਾ ਕਰ ਲਿਆ। ਚੌਧਰੀ ਨੂੰ ਹਵੇਲੀ ਵਿਚੋਂ ਬਾਹਰ ਕਢ ਦਿਤਾ।ਜਿਹੜਾ ਚੌਧਰੀ ਦਾ ਆਟਾ ਦਾਲ ਪਿਆ ਸੀ ਉਸ ਨਾਲ ਲੰਗਰ ਤਿਆਰ ਕੀਤਾ । ਕੁਝ ਸਿੰਘ ਲੰਗਰ ਤਿਆਰ ਕਰਦੇ ਰਹੇ ਤੇ ਬਾਕੀ ਦੇ ਮੋਰਚੇਬੰਦੀ ਨੂੰ ਸੋਚਦੇ ਰਹੇ। ਸਤਿਗੁਰੂ ਜੀ ਨੇ ਸਾਹਿਬਜ਼ਾਦਿਆਂ ਸਮੇਤ ਆਰਾਮ ਕੀਤਾ ।

Sri Satguru Jagjit Singh Ji eLibrary NamdhariElibrary@gmail.com

੬. ਚਮਕੌਰ ਨੂੰ ਘੇਰਾ ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਦੁਸ਼ਮਣ ਨੂੰ ਠੰਢਾ ਨਹੀਂ ਸੀ ਕਢਦਾ, ਉਹ ਅਨੰਦਪੁਰ ਤੋਂ ਹੀ ਸਤਿਗੁਰੂ ਜੀ ਪਿਛੇ ਧਾਈ ਕਰਕੇ ਆਯਾ।ਦੁਸ਼ਮਣ ਦਾ ਐਨਾ ਇਸ ਤਰ੍ਹਾਂ ਦਾ ਸੀ ਜਿਵੇਂ ਦਰਿਆ ਵਿਚ ਹੜ੍ਹ ਆਉਂਦਾ ਹੈ ਤੇ ਆਪਣਿਆਂ ਪ੍ਰਾਇਆਂ ਨੂੰ ਰੋੜ੍ਹੀ ਜਾਂਦਾ ਹੈ। ਅਕ੍ਰਿਤਘਣ ਹਿੰਦੂ ਰਾਜੇ ਤਾਂ ਪਿਛੇ ਹਟ ਗਏ।ਉਨ੍ਹਾਂ ਮੂਰਖਾਂ ਨੇ ਘਿਉ ਦੇ ਦੀਵੇ ਬਾਲੇ ਕਿ ਗੁਰੂ ਜੀ ਅਨੰਦਪੁਰੋਂ ਨਿਕਲ ਗਏ ਹਨ ਤੇ ਹੋ ਸਕਦਾ ਹੈ ਫੜੇ ਵੀ ਜਾਣ ਪਰ ਉਨ੍ਹਾਂ ਇਹ ਨਾ ਸਮਝਿਆ ਕਿ ਗੁਰੂ ਜੀ ਨੂੰ ਅਨੰਦਪੁਰੋਂ ਕੱਢ ਕੇ ਅਸਾਂ ਆਪਣੀਆਂ ਜੜ੍ਹਾਂ ਆਪ ਪੁਟੀਆਂ ਹਨ। ਗੁਲਾਮੀ ਦੇ ਸੰਗਲਾਂ ਨੂੰ ਪਕਿਆਂ ਕੀਤਾ ਹੈ। ਉਨ੍ਹਾਂ ਦੇ ਰਹਿਣ ਪਿਛੋਂ ਜਿੰਨੀ ਮੁਗਲ ਫੌਜ ਅਨੰਦਪੁਰ ਦੇ ਚੌਗਿਰਦੇ ਸੀ ਉਹ ਸਾਰੀ ਰੋਪੜ ਨੂੰ ਆ ਗਈ। ਅਗੋਂ ਰੋਪੜ ਦੇ ਪਠਾਣ ਤੇ ਹੋਰ ਮੁਸਲਮਾਨ ਪੈ ਗਏ। ਜਿਨ੍ਹਾਂ ਵਿਚ ਨਾਮੀ ਸਰਦਾਰ ਇਹ ਸਨ-ਨਾਹਰ ਖਾਂ,ਹੈਬਤ ਖਾਂ,ਇਸਮਾਈਲਖਾਂ,ਉਸਮਾਨਖਾਂ,ਸੁਲਤਾਨ ਖਾਂ,ਖਵਾਜਾ ਖਿਜਰ ਖਾਂ,ਜਹਾਨਖਾਂ,ਨਜੀਬਖਾਂ,ਮੀਆਂਖਾਂ ਦਿਲਾਵਰ ਖਾਂ,ਸੈਦ ਖਾਂ,ਜ਼ਬਰਦਸਤਖਾਂ, ਵਜ਼ੀਰ ਖਾਂ,ਗੁਲਬੇਗ ਖਾਂ। ਇਨ੍ਹਾਂ ਸਾਰਿਆਂ ਨੇ ਆ ਚਮਕੌਰ ਨੂੰ ਘੇਰਾ ਪਾਯਾ ਉਨ੍ਹਾਂ ਦਾ ਖਿਆਲ ਸੀ ਕਿ ਗੁਰੂ ਜੀ ਪਾਸ ਤਕੜੀ ਫੌਜ ਹੈ ਉਹ ਜ਼ਰੂਰ ਟਾਕਰਾ ਕਰਨਗੇ।ਇਹ ਵੀ ਹੋ ਸਕਦਾ ਹੈਕਿ ਹੁਣ ਗੁਰੂਜੀ ਕਰਾਮਾਤ ਤੋਂ ਸਹੈਤਾ ਪ੍ਰਾਪਤ ਕਰਨਾ।ਇਸ ਕਾਰਨ ਉਹ ਗੁਰੂ ਜੀ ਦੇ ਗਲ ਨਾ ਪਏ।ਕੱਚੀ ਗੜ੍ਹੀ ਉਤੇ ਰਾਤ ਹਮਲਾ ਕਰਨ ਦਾ ਹੌਂਸਲਾ ਨਾ ਪਿਆ।ਉਹ ਦੂਰ ੨ ਬੈਠੇ ਰਹੇ।ਸਤਿਗੁਰੂ ਜੀ ਨੇ ਅੱਠ ੨ ਸਿੰਘ ਰਾਤ ਨੂੰ ਗੜ੍ਹੀ ਦੀਆਂ ਚੌਹਾਂ ਨੁਕਰਾਂ ਵਿਚ ਖੜੇ ਕਰ ਛਡੇ। ਸਿਦਕੀ ਸਿਖ,ਜਿਨ੍ਹਾਂ ਨੂੰ ਨਾ ਭੁਖ ਨਾ ਥਕੇਵਾਂ ਤੇ ਨਾ ਹੀ ਮੌਤ ਚੇਤੇ ਸੀ, ਉਹ ਸਿਰਫ ਇਹੋ ਖਿਆਲ ਕਰ ਰਹੇ ਸਨ ਕਿ ਉਹਨਾਂ ਨੇ ਸਤਿਗੁਰੂ ਜੀ ਦੀ ਜਾਨ ਦੀ ਰਖਿਆ ਕਰਨੀ ਹੈ ਅਤੇ ਰਖਿਆ ਵੀ ਉਸ ਹਾਲਤ ਵਿਚ ਜਦੋਂ ਕਿ ਉਨ੍ਹਾਂ ਪਾਸ ਇਕ ਤਲਵਾਰ ਤੇ ਢਾਲ ਤੋਂ ਬਿਨਾਂ ਹੋਰ ਕੋਈ ਹਥਿਆਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ। ਥੋਹੜਾ ਬਹੁਤਾ ਸਾਮਾਨ ਬੰਦੂਕਾਂ, ਬਾਰੂਦ ਦਾ ਸੀ ਪਰ ਉਹ ਵੀ ਪਾਣ ਨਾਲ ਭਿਜਕੇ ਸਿਲਾ ਹੋ ਚੁਕਾ ਸੀ। ਤੀਰਾਂ ਦੇ ਥੋਹੜੇ ਜਿਹੇ ਬੰਡਲ ਸਨ। ਉਹਨਾਂ ਤੋਂ ਹੀ ਸਹਾਇਤਾ ਲਈ ਜਾਣੀ ਸੀ। ਸਤਿਗੁਰੂ ਜੀ ਦੇ ਤੀਰਾਂ ਵਿਚ ਇਹ ਵਡਿਆਈ ਸੀ ਕਿ ਉਹ ਦੁਸ਼ਮਣ ਦਾ ਸੀਨਾ ਚੀਰ ਕੇ ਮੁੜ ਸਤਿਗੁਰੂ ਜੀ ਦੇ ਪਾਸ ਆ ਜਾਂਦੇ ਸਨ।

ਅਗਲਾ ਦਿਨ ਚੜ੍ਹਿਆ। ਸੂਰਜ ਦੀ ਰੋਸ਼ਨੀ ਵਿਚ ਪਤਾ ਲਗਾ ਕਿ ਦੂਰ ਤਕ ਚੌਗਿਰਦੇ ਵੈਰੀ ਹੀ ਵੈਰੀ ਸੀ। ਕਾਨਿਆਂ ਤੇ ਸਰਕੜਿਆਂ ਵਿਚਾਲੇ ਦੂਰ ਤਕ ਤੰਬੂ ਲਗ ਗਏ ਸਨ। ਮੋਰਚੇ ਲਾਈ ਤੁਰਕ ਬੈਠੇ ਹੋਏ ਆਪਣੇ ਸਰਦਾਰਾਂ ਦੇ ਹੁਕਮਾਂ ਦੀ ਉਡੀਕ ਕਰ ਰਹੇ ਸਨ। ਪੰਧ ਕਰਕੇ ਥਕੇ ਹੋਏ ਤੁਰਕ ਸਰਦਾਰ ਰਾਤ ਨੂੰ ਸ਼ਰਾਬਾਂ ਪੀ ਕੇ ਮਸਤ ਹੋ ਰਹੇ ਹਨ। ਉਹਨਾਂ ਨੂੰ ਤੜਕੇ ਦਿਨ ਚੜੇ ਹੋਸ਼ ਆਈ। ਜਦੋਂ ਸੁਰਤ ਕੀਤੀ ਤਾਂ ਪੁਛਿਆ, 'ਗੁਰੂ ਕਿਤੇ ਨੱਸ ਤਾਂ ਨਹੀਂ ਗਿਆ ?'

'ਨਹੀਂ ਸਰਕਾਰ ! ਅਜੇ ਹਵੇਲੀ ਵਿਚ ਹੀ ਹਨ।' ਰਾਖਿਆਂ ਦਾ ਉਤਰ ਸੀ।

ਬਸ ਫਿਰ ਠੀਕ ਹੈ ਹਵੇਲੀ ਉਤੇ ਹਮਲਾ ਕਰੋ। ਦੇਖਣਾ, ਗੁਰੂ ਨਸ ਨਾ ਜਾਵੇ, ਉਸਨੂੰ ਜੀਉਂਦਿਆਂ ਫੜ ਕੇ ਦਿਲੀ ਬਾਦਸ਼ਾਹ ਪਾਸ ਖੜਨਾ ਹੈ ਤਾਂ ਕਿ ਇਨਾਮ ਪਰਾਪਤ ਕੀਤਾ ਜਾਵੇ। ਜੇ ਉਹ ਕਤਲ ਵੀ ਕੀਤਾ ਜਾਵੇ ਤਾਂ ਉਹਦਾ ਧੜ ਤੇ ਸਿਰ ਨਹੀਂ ਗੁੰਮ ਹੋਣ ਦੇਣਾ। ਸਿਖ ਬੜੇ ਚਲਾਕ ਹਨ। ਗੁਰੂ ਵੀ ਖੁਦ ਕਰਾਮਾਤੀ ਹੈ। ਹੁਸ਼ਿਆਰੀ ਨਾਲ ਸਾਰੇ ਕੰਮ ਕਰਨ ਦੀ ਲੋੜ ਹੈ।'

ਆਖਰ ਸਰਦਾਰਾਂ ਨੇ ਫੌਜ ਨੂੰ ਟੋਲਿਆਂ ਵਿਚ ਵੰਡਿਆ ਤੇ ਉਨ੍ਹਾਂ ਟੋਲਿਆਂ ਵਿਚੋਂ ਇਕ ਟੋਲੇ ਨੂੰ ਹੁਕਮ ਦਿਤਾ ਕਿ ਉਹ ਗੜ੍ਹੀ ਉਤੇ ਪਹਿਲਾਂ ਹਮਲਾ ਕਰੇ। ਉਹ ਤੁਰਕ ਨੌਜਵਾਨਾਂ ਦਾ ਟੋਲਾ ਕੋਈ ਬਹੁਤਾ ਦਿਲ ਨਾਲ ਅਰੋ ਨਹੀਂ ਸੀ ਵਧਿਆ ਉਹ ਭੈ ਭੀਤ ਸੀ। ਓਹਦੇ ਸਾਰੇ ਮੈਂਬਰਾਂ ਨੂੰ ਇਉਂ ਪ੍ਰਤੀਤ ਹੋਇਆ ਕਿ ਜਿਵੇਂ ਉਹ ਸਚ ਮੁਚ ਕਾਲ ਦੇ ਮੂੰਹ ਵਿਚ ਪੈਣ ਵਾਸਤੇ ਜਾ

Sri Satguru Jagjit Singh Ji eLibrary NamdhariElibrary@gmail.com

ਰਹੇ ਹਨ। ਉਹਨਾਂ ਵਿਚੋਂ ਇਕ ਵੀ ਜੀਉਂਦਾ ਨਹੀਂ ਮੁੜੇਗਾ ਉਹ ਹੁਣ ਵੀ ਮਰੇ ਤੇ ਪਲੋ ਪਲੀ ਨੂੰ ਵੀ ਮਰੇ। ਉਹ ਦੁਨੀਆਂ ਦੀਆਂ ਵਸਤੂਆਂ ਵਲ ਨਹੀਂ ਦੇਖਣਗੇ ਤੇ ਨਾ ਹੀ ਘਰ ਦੇ ਜੀਆਂ ਨੂੰ ਮਿਲਣਗੇ ਕੁਝ ਕੁ ਤਾਂ ਇਸ ਵਿਚਾਰ ਨਾਲ ਦਿਲ ਛਡਕੇ ਪਿਛੇ ਹੀ ਰਹਿ ਗਏ ਤੇ ਲੁਕ ਗਏ। ਉਹਨਾਂ ਨੂੰ ਲੜਾਈ ਲੜਨ ਦਾ ਹੌਂਸਲਾ ਨਾ ਪਿਆ।

ਟਿਡੀ ਦਲ ਜਾਂ ਮਖੀਰ ਜਿਵੇਂ ਕਿਸੇ ਤੇ ਹਮਲਾ ਕਰਦਾ ਹੈ ਤਿਵੇਂ ਤੁਰਕਾਂ ਦਾ ਟੋਲਾ ਚਮਕੌਰ ਦੀ ਕਚੀ ਗੜ੍ਹੀ ਵਲ ਵਧਿਆ। ਉਹ ਸਾਰੇ 'ਯਾ ਅਲੀ' ਦੇ ਨਾਅਰੇ ਲਾਉਂਦੇ ਸਨ। ਉਹਨਾਂ ਨਾਹਰਿਆਂ ਨਾਲ ਅਸਮਾਨ ਗੂੰਜ ਉਠਿਆ। ਨਗਾਰ ਦੇ ਵਸਨੀਕ ਆਪੋ ਆਪਣੇ ਕੋਠਿਆਂ ਵਿਚ ਵੜ ਗਏ ਤੇ ਬੂਹੇ ਬੰਦ ਕਰ ਗਏ।

ਸਿੰਘਾਂ ਨੇ ਤੁਰਕਾਂ ਦਾ ਟਿਡੀ ਦਲ ਆਉਂਦਾ ਦੇਖਿਆ, ਉਸ ਵਕਤ ਗੁਰੂ ਜੀ ਤੇ ਪੰਜੇ ਪਿਆਰੇ 'ਚੰਡੀ ਦੀ ਵਾਰ' ਦਾ ਪਾਠ ਕਰ ਚੁਕੇ ਸਨ। ਅਕਾਲ ਪੁਰਖ ਅਗੇ ਅਰਦਾਸ ਕੀਤੀ ਜਾ ਚੁਕੀ ਸੀ। ਨਿਤਨੇਮ ਤੋਂ ਵਿਹਲੇ ਹੋ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ, ਸਿੰਘੋ ਇਕ ਇਕ ਸਿੰਘ ਅਜ ਸਵਾ ਸਵਾ ਲਖ ਨਾਲ ਲੜ ਕੇ ਦਿਖਾ ਦੇਵੋ ਤੀਰਾਂ ਦੀ ਬਰਖਾ ਕਰੋ। ਤੁਸਾਂ ਦੇ ਤੀਰਾਂ ਵਿਚ ਬੇਅੰਤ ਬਲ ਹੋਵੇਗਾ। ਇਕ ਇਕ ਤੀਰ ਕਈਆਂ ਕਈਆਂ ਤੁਰਕਾਂ ਦੀਆਂ ਛਾਤੀਆਂ ਵਿੰਨਣਗੇ।

ਬਸ ਫਿਰ ਕੀ ਸੀ, ਭਾਈ ਆਲਮਸਿੰਘ, ਮਾਨਸਿੰਘ, ਧਰਮਸਿੰਘ, ਮੋਹਕਮ ਸਿੰਘ ਤੇ ਜੁਝਿਆ ਸਿੰਘ ਜੀ ਮੋਹਰਿਆਂ ਵਿਚ ਬੈਠ ਗਏ। ਤੀਰਾਂ ਦੇ ਬੰਡਲ ਕੋਲ ਰਖ ਲਏ, ਕਮਾਨਾਂ ਨੂੰ ਟਣਕਾ ਕੇ ਦੇਖ ਲਿਆ। ਜਿਉਂ ਹੀ ਵੈਰੀ ਮਾਰ ਦੇ ਹੇਠਾਂ ਆਇਆ ਤਾਂ ਤੀਰਾਂ ਦੀ ਵਰਖਾ ਕਰਨੀ ਆਰੰਭ ਦਿਤੀ। ਮੀਂਹ ਦੀ ਵਾਛੜ ਵਾਂਗ ਤੀਰਾਂ ਦੀ ਵਰਖਾ ਹੋਈ। ਐਸੀ ਵਰਖਾ ਜਿਹੜੀ ਦੁਸ਼ਮਨ ਝਲ ਨਾ ਸਕਿਆ ਤੇ ਪਲਾਂ ਵਿਚ ਦੀ ਲੋਥ ਤੇ ਲੋਥ ਚੜ੍ਹ ਗਈ ਦੁਸ਼ਮਣਾਂ ਦੇ ਤੀਰ ਤੇ ਬੰਦੂਕਾਂ ਦੀਆਂ ਗੋਲੀਆਂ ਕੰਮ ਨਹੀਂ ਸਨ ਦੇਂਦੀਆਂ, ਸਿੰਘ ਕੰਧਾਂ ਦੀ ਆੜ ਵਿਚ ਸਨ, ਉਹਨਾਂ ਨੂੰ ਨਾ ਗੋਲੀ ਮਾਰ ਕਰਦੀ ਸੀ ਤੇ

Sri Satguru Jagjit Singh Ji eLibrary NamdhariElibrary@gmail.com

ਨਾ ਤੀਰ। ਉਹ ਬਹੁਤ ਹੀ ਸੁਰੱਖਯਕ ਥਾਂ ਤੇ ਬੈਠੇ ਸਨ। ਲੜਾਈ ਹੁੰਦੀ ਰਹੀ ਓਨਾ ਚਿਰ ਲੜਾਈ ਹੋਈ ਜਿੰਨਾ ਚਿਰ ਵੈਰੀਆਂ ਦਾ ਉਹ ਟੋਲਾ ਸਾਰਾ ਨਹੀਂ ਮਾਰਿਆ ਗਿਆ।

ਜਦੋਂ ਮੁਗਲ ਸਰਦਾਰਾਂ ਨੇ ਐਸੀ ਮਾਰ ਪੈਂਦੀ ਦੇਖੀ ਤਾਂ ਉਹ ਬਹੁਤ ਹੈਰਾਨ ਹੋਏ। ਉਹ ਆਪੋ ਵਿਚਦੀ ਗਲਾਂ ਕਰਨ ਲਗੇ ਕਿ ਆਖਰ ਮਾਮਲਾ ਕੀ ਹੈ। ਇਕ ਦੂਸਰੇ ਦੇ ਦਸਣ ਤੇ ਉਨ੍ਹਾਂ ਨੂੰ ਭਰੋਸਾ ਹੋ ਗਿਆ ਕਿ ਜ਼ਰੂਰ ਰਾਤੋ ਰਾਤ ਬਾਹਰੋਂ ਸਿਖ ਆ ਪੁਜੇ ਹਨ। ਰਾਤ ਦੇ ਪਹਿਲੇ ਹਿਸੇ ਤਾਂ ਪੰਜਾਹ ਤੋਂ ਵਧ ਨਹੀਂ ਸਨ। ਇਉਂ ਵਿਚਾਰਾਂ ਸੁਣਕੇ ਉਹ ਘਾਬਰ ਗਏ ਪਰ ਉਹਨਾਂ ਨੇ ਫੈਸਲਾ ਇਹੋ ਕੀਤਾ ਕਿ ਲੜਾਈ ਲੜੀ ਜਾਵੇ ਕਦੀ ਤਾਂ ਜ਼ਰੂਰ ਅਗੇ ਵਧਣ ਵਿਚ ਸਫਲਤਾ ਪ੍ਰਾਪਤ ਹੋਵੇਗੀ।

ਦੂਜੇ ਪਾਸੇ ਗੁਰੂ ਜੀ ਨੇ ਵੀ ਫੈਸਲਾ ਕੀਤਾ ਕਿ ਏਥੇ ਅੰਤਮ ਲੜਾਈ ਲੜੀ ਜਾਵੇਗੀ। ਬੇਸ਼ਕ ਸ਼ਹੀਦੀ ਪ੍ਰਾਪਤ ਹੋ ਜਾਵੇ। ਤੁਰਕ ਦਲਾਂ ਦੇ ਦਲ ਭੇਜੀ ਗਏ ਤੇ ਸਿੰਘ ਰੋਕੀ ਗਏ। ਆਖਰ ਨੌਬਤ ਐਸੀ ਪਹੁੰਚੀ ਕਿ ਤੀਰ ਮੁਕ ਗਏ। ਤੀਰਾਂ ਦੇ ਮੁਕਣ ਪਿਛੋਂ ਇਕੋ ਵਸੀਲਾ ਸੀ ਕਿ ਹਵੇਲੀ ਦੀ ਛਤ ਤੋਂ ਉਤਰ ਕੇ ਖੁਲ੍ਹੇ ਮੈਦਾਨ ਵਿਚ ਜਾ ਕੇ ਤਲਵਾਰ ਨਾਲ ਲੜਾਈ ਲੜੀ ਜਾਵੇ। ਇਹ ਵੀ ਠੀਕ ਹੈ ਕਿ ਦੁਸ਼ਮਣ ਐਨੇ ਹਨ ਕਿ ਤਲਵਾਰ ਨਾਲ ਯੁਧ ਕੀਤਿਆਂ ਦੁਸ਼ਮਣਾਂ ਦਾ ਅੰਤ ਨਹੀਂ ਹੋ ਸਕਦਾ। ਆਖਰ ਖੁਲ੍ਹੇ ਮੈਦਾਨ ਵਿਚ ਲੜਨ ਦਾ ਫੈਸਲਾ ਹੋ ਗਿਆ।

ਪਹਿਲਾ ਜਥਾ ਬਾਬਾ ਅਜੀਤ ਸਿੰਘ ਜੀ (ਵਡੇ ਸਾਹਿਬਜ਼ਾਦੇ) ਦੀ ਕਮਾਂਡ ਹੇਠ ਹਵੇਲੀ ਵਿਚੋਂ ਨਿਕਲਿਆ। ਅਗੇ ਦੁਸ਼ਮਣਾਂ ਦਾ ਦਲ ਭਾਰੀ ਸੀ। ਜਥਾ ਜਾਕੇ ਤਲਵਾਰ ਨਾਲ ਜੁਧ ਕਰਨ ਲਗਾ। ਉਪਰੋਂ ਗੁਰੂ ਜੀ ਬੀਹ ਆਸਣ ਹੋਕੇ ਤੀਰ ਛਡੀ ਜਾਂਦੇ ਸਨ ਤੇ ਉਹਨਾਂ ਦੇ ਤੀਰਾਂ ਨਾਲ ਚੋਣਵੇਂ ਮੁਸਲਮਾਨ ਸਰਦਾਰ ਮਰਦੇ ਜਾਂਦੇ ਸਨ। ਇਸ ਤਰਾਂ ਦੋ ਘੰਟੇ ਯੁਧ ਹੁੰਦਾ ਰਿਹਾ। ਸੈਂਕੜੇ ਤੁਰਕਾਂ ਦੇ ਸਿਰ ਧੜ ਨਾਲੋਂ ਵਖਰੇ ਹੋਕੇ ਧਰਤੀ ਉਤੇ ਰੁਲਣ ਲਗੇ ਸਨ ਤੇ ਸੈਂਕੜੇ ਅੰਗ ਹੀਨ ਹੋਕੇ ਏਧਰ ਓਧਰ ਘਾਬਰੇ ਫਿਰਦੇ ਸਨ

Sri Satguru Jagjit Singh Ji eLibrary NamdhariElibrary@gmail.com

ਕਈ ਜੀਉਂਦੇ ਹੀ ਸਿੰਘਾਂ ਦੇ ਪੈਰਾਂ ਹੇਠ ਆਕੇ ਕੁਚਲੇ ਜਾ ਰਹੇ ਸਨ। ਸਾਹਿਬਜ਼ਾਦਾ ਜੀ ਨੇ ਸੈਂਕੜੇ ਮੁਗਲ ਝਟਕਾਏ ਪਰ ਆਪ ਜ਼ਖਮੀ ਹੋ ਗਏ। ਅਨੇਕਾਂ ਤੀਰਾਂ ਤੇ ਤਲਵਾਰਾਂ ਦੇ ਫੱਟ ਲਗੇ ਪਰ ਦਿਲ ਨਾ ਛਡਿਆ। ਉਹ ਅਡੋਲ ਲੜਦੇ ਰਹੇ। ਤ੍ਰੇਹ ਲਗੀ ਸੀ, ਪਾਣੀ ਪੀਣ ਵਾਸਤੇ ਵੀ ਲੜਨੋਂ ਨਾ ਰੁਕੇ ਨਾ ਰੁਕ ਸਕਦੇ ਸਨ। ਕਰਤਾਰ ਦਾ ਭਾਣਾ, ਵੀਰਾਂ, ਮਾਤਾਵਾਂ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਬ੍ਰਹਮਲੋਕ ਪੁਜਣ ਦਾ ਸਮਾਂ ਆ ਪੁਜਿਆ। ਦੇਵਤੇ ਪੁਸ਼ਪ ਵਿਮਾਨ ਲੈਕੇ ਆਏ। ਦੁਸ਼ਮਣ ਨਾਲ ਲੜਦਾ ਹੋਇਆ ਨਿਰਭੈ ਯੋਧਾ ਮੈਦਾਨੇ ਜੰਗ ਵਿਚ ਡਿਗ ਪਿਆ। ਧਰਤੀ ਤੇ ਡਿਗਣ ਸਾਰ ਆਤਮਾ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਦੇਵਤਿਆਂ ਦੇ ਲਿਆਂਦੇ ਹੋਏ ਪੁਸ਼ਪ ਵਿਮਾਨ ਵਿਚ ਬੈਠ ਗਈ ਤੇ ਪਲਾਂ ਵਿਚ ਹੀ ਬ੍ਰਹਮ ਲੋਕ ਵਿਚ ਜਾ ਪੁਜੀ।

ਗੜ੍ਹੀ ਦੇ ਮੋਰਚੇ ਉਤੋਂ ਸਤਿਗੁਰੂ ਜੀ ਨੇ ਦੇਖ ਲਿਆ ਕਿ ਉਹਨਾਂ ਦਾ ਵਡਾ ਲਾਲ ਉਹਨਾਂ ਕੋਲੋਂ ਦੂਰ ਚਲਿਆ ਗਿਆ ਹੈ। ਉਸ ਸਮੇਂ ਸਤਿਗੁਰੂ ਜੀ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਕਿ ਅਕਾਲ ਪੁਰਖ ਨੇ ਆਪਣੀ ਅਮਾਨਤ ਆਪ ਹੀ ਛੇਤੀ ਵਾਪਸ ਲੈ ਲਈ ਹੈ। ਸਾਹਿਬਜ਼ਾਦਾ ਮੁਖ ਉਜਲ ਤੇ ਜਸ ਨਾਲ ਵਾਪਸ ਗਿਆ ਹੈ।

ਛੋਟੇ ਵੀਰ ਜੁਝਾਰ ਸਿੰਘ ਜੀ ਨੇ ਜਦੋਂ ਸੁਣਿਆਂ ਕਿ ਉਨ੍ਹਾਂ ਦਾ ਵਡਾ ਵੀਰ ਸ਼ਹੀਦ ਹੋ ਗਿਆ ਤਾਂ ਉਹ ਸਤਿਗੁਰੂ ਜੀ ਕੋਲ ਪੁਜੇ ਤੇ ਨਿਕੇ ੨ ਹਥਾਂ ਨੂੰ ਜੋੜ ਕੇ ਫਤਹ ਬੁਲਾ ਕੇ ਬੇਨਤੀ ਕੀਤੀ, 'ਹੇ ਪਿਤਾ ਜੀ, ਮੈਂ ਵੀ ਵਡੇ ਵੀਰ ਜੀ ਵਾਂਗ ਵੈਰੀਆਂ ਨਾਲ ਹਥ ਕਰਨਾ ਚਾਹੁੰਦਾ ਹਾਂ। ਮੈਨੂੰ ਵੀ ਜੁਧ ਕਰਨ ਦੀ ਆਗਿਆ ਬਖਸ਼ੋ।'

ਆਪਣੇ ਬੇਟੇ ਦੇ ਪਾਸੋਂ ਇਹ ਸ਼ਬਦ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਉਸੇ ਵੇਲੇ ਪਿਆਰ ਦਿਤਾ, ਮਥਾ ਚੁੰਮਿਆ ਤੇ ਸ਼ਹੀਦੀ ਗਾਨਾ ਹਥੀਂ ਬੰਨ੍ਹ ਕੇ ਤੋਰਿਆ। ਪੁਤਰ ਨੂੰ ਜੰਗ ਵਲ ਤੋਰਨ ਲਗਿਆਂ ਰਤਾ ਝਿਜਕ ਨਹੀਂ ਹੋਈ। ਮਨ ਦੇ ਉਤੇ ਕੋਈ ਮਾੜਾ ਅਸਰ ਨਹੀਂ ਪਿਆ, ਪ੍ਰਸੰਨਤਾ ਦੀ ਰੰਗੀਨੀ ਮਨ ਤੇ ਨੈਣਾਂ ਉਤੇ ਰਹੀ। ਛੇ ਸਿੰਘਾਂ ਦੇ ਜਥੇ ਦਾ

Sri Satguru Jagjit Singh Ji eLibrary NamdhariElibrary@gmail.com

ਜਥੇਦਾਰ ਬਣਕੇ ਸਾਹਿਬਜ਼ਾਦਾ ਜੁਝਾਰਸਿੰਘ ਜੀ ਯੁਧ ਭੂਮੀ ਵਲ ਤੁਰ ਪਏ। ਉਸ ਵੇਲੇ ਬਾਹੀਂ ਵਿਚ ਵੈਸ਼ਾਲ ਬਲ ਆ ਗਿਆ । ਸਾਹਿਬਜ਼ਾਦੇ ਦੀ ਆਯੂ ਛੋਟੀ ਤੇ ਕੱਦ ਵੀ ਛੋਟਾ ਸੀ ਪਰ ਵੈਰੀਆਂ ਨੂੰ ਆਪ ਬਹੁਤ ਵਡਾ ਕੱਦ ਵਾਲੇ ਦਿਸਣ ਲਗੇ। ਸਾਹਿਬਜਾਦਾ ਜੀ ਜਦੋਂ ਆਪਣੇ ਵਡੇ ਵੀਰ ਵਾਂਗ ਘੋਰ ਯੁਧ ਕਰਨ ਲਗੇ। ਐਸਾ ਯੁਧ ਜੈਸਾ ਕਿਸੇ ਨੇ ਨਹੀਂ ਸੀ ਦੇਖਿਆ ਅਤੇ ਨਾ ਹੀ ਇਤਿਹਾਸ ਵਿਚ ਐਸਾ ਪਾਤਰ ਆਇਆ ਹੈ। ਵੈਰੀ ਦੇ ਦਲਾਂ ਦੇ ਦਲ ਹਨੇਰੀ ਵਾਂਗ ਅਗੇ ਵਧਦੇ ਗਏ, ਬਾਬਾ ਜੁਝਾਰ ਸਿੰਘ ਜੀ ਉਹਨਾਂ ਨੂੰ ਪਿਛੇ ਕਰੀ ਗਏ ਜਿਸ ਉਤੇ ਵਾਰ ਹੁੰਦਾ, ਉਹੋ ਹੀ ਥਾਂ ਰਹਿੰਦਾ ਇਸ ਤਰ੍ਹਾਂ ਕੋਈ ਘੰਟਾ ਭਰ ਲੜਾਈ ਹੁੰਦੀ ਰਹੀ।

ਬਾਬਾ ਜੀ ਆਯੂ ਵਿਚ ਛੋਟੇ ਸਨ,ਇਕ ਘੰਟੇ ਦੇ ਘੋਰ ਯੁਧ ਪਿਛੋਂ ਆਪ ਨੂੰ ਬਹੁਤ ਪਿਆਸ ਲਗੀ। ਮੈਦਾਨੇ ਜੰਗ ਵਿਚ ਪਾਣੀ ਪਿਲਾਉਨ ਵਾਲਾ ਕੋਈ ਸੇਵਾਦਾਰ ਨਹੀਂ ਸੀ,ਜਿਹੜੇ ਭਾਈ ਘਨੱਈਆ ਜੀ ਵਰਗੇ ਸੇਵਾਦਾਰ ਸਨ ਸਭ ਸ਼ਹੀਦ ਹੋ ਚੁਕੇ ਸਨ। ਪਾਣੀ ਪੀਣ ਵਾਸਤੇ ਬਾਬਾ ਜੀ ਵਾਪਸ ਗੜ੍ਹੀ ਵਿਚ ਆ ਗਏ। ਉਨ੍ਹਾਂ ਨੂੰ ਆਇਆਂ ਦੇਖਕੇ ਸਤਿਗੁਰੂ ਜੀ ਨੇ ਕਰੋਧ ਨਾਲ ਪੁਛਿਆ, 'ਬੇਟਾ ਕਿਉਂ ਆਇਐਂ ?'

'ਮੈਨੂੰ ਪਿਆਸ ਲਗੀ ਹੈ ਪਿਤਾ ਜੀ ਪਾਣੀ ਪਿਲਾ ਦਿਉ, ਫੇਰ ਵੈਰੀ ਨਾਲ ਚਾਰ ਹਥ ਕਰਾਂਗਾ। ਵੈਰੀ ਦਾ ਮੈਨੂੰ ਭੈ ਨਹੀਂ। ਬਾਬਾ ਜੁਝਾਰ ਸਿੰਘ ਜੀ ਨੇ ਉਤਰ ਦਿਤਾ।

'ਬੇਟਾ,ਤੇਰੇ ਵਾਸਤੇ ਪਾਣੀ ਅਸਾਂ ਕੋਲ ਨਹੀਂ। ਤੇਰੇ ਵਾਸਤੇ ਪਾਣੀ ਦਾ ਕੋਲ ਹਥ ਵਿਚ ਲਈ ਵੱਡਾ ਵੀਰ ਅਜੀਤ ਸਿੰਘ ਖਲੋਤਾ ਹੈ। ਉਹਦੇ ਕੋਲ ਜਾ ਕੇ ਓਹਦੇ ਦਿਤੇ ਪਾਣੀ ਨਾਲ ਪਿਆਸ ਬੁਝਾ* । ਛੇਤੀ ਕਰ, ਦੁਸ਼ਮਣ ਗੜ੍ਹੀ

*ਇਹ ਪਾਣੀ ਮੰਗਣ ਵਾਲੀ ਕਹਾਣੀ ਇਕ ਝੂਠੀ ਤੇ ਬੇ-ਬੁਨਿਆਦ ਹੈ। ਜਾਪਦਾ ਹੈ ਕਿ ਲਿਖਾਰੀ ਨੇ ਸਿਖਾਂ ਨੂੰ ਕੇਵਲ ਵੈਰਾਗ ਤੇ ਜੋਸ਼ ਦੇਣ ਲਈ ਹੀ ਇਸ ਗਲ ਨੂੰ ਪਰਗਟ ਕੀਤਾ ਹੈ। ਕਿਉਂ ਜੁ ਇਹ ਕੱਦ ਹੋ ਸਕਦਾ ਹੈ ਕਿ ਜੋ ਰਣ ਮੰਡੇ ਵਿਚ ਆਪ ਹੀ ਆਪਣੇ ਪਿਤਾ ਪਾਸੋਂ ਸ਼ਹੀਦੀ ਪਰਾਪਤ ਕਰਨ ਲਈ ਆਗਿਆ ਮੰਗਦਾ ਹੋਵੇ ਤੇ ਫਿਰ ਵਾਪਸ ਆ ਜਾਵੇ।

Sri Satguru Jagjit Singh Ji eLibrary NamdhariElibrary@gmail.com

ਵਲ ਵਧ ਰਿਹਾ ਹੈ।ਔਹ ਦੇਖੋ ਕਿੰਨੀ ਵੈਸ਼ਾਲ ਦੇਹ ਵਾਲਾ ਤੁਰਕ ਲਲਕਾਰਦਾ ਤੇ ਉਛਲਦਾ ਹੋਇਆ ਤੇਰੇ ਨਾਲ ਯੁਧ ਕਰਨ ਵਾਸਤੇ ਆ ਰਿਹਾ ਹੈ। ਉਸ ਦਾ ਮੂੰਹ ਭੰਨ, ਬੇਟਾ ! ਤੇਰੇ ਬਾਬਾ ਜੀ ਵੀ ਤੈਨੂੰ ਉਡੀਕ ਰਹੇ ਹਨ। ਉਹਨਾਂ ਨੂੰ ਛੇਤੀ ਜਾ ਕੇ ਮਿਲ।'

ਇਉਂ ਬਚਨ ਕਰਕੇ ਗੁਰੂਜੀ ਨੇ ਆਪਣੇ ਲਾਡਲੇ ਪੁਤ੍ਰ ਨੂੰ ਤ੍ਰਿਹਾਇਆ ਹੀ ਤੋਰਿਆ। ਧੰਨਧੰਨ ਸਤਿਗੁਰੂ ਜੀ ਜ਼ਰਾ ਬਲਿਹਾਰੇ ਜਾਵੋ ਐਸੀ ਮਹਾਨ ਆਤਮਾ ਵਾਲੇ ਸਚੇ ਪਾਤਸ਼ਾਹ ਤੋਂ। ਇਕ ਪੁਤ੍ਰ ਸ਼ਹੀਦ ਹੋ ਗਿਆ, ਦੂਸਰੇ ਨੂੰ ਸ਼ਹੀਦੀ ਵਾਸਤੇ ਤੋਰ ਰਹੇ ਹਨ ਤੇ ਬਾਕੀ ਦੋਂਹ ਦਾ ਪਤਾ ਹੀ ਨਹੀਂ ਉਹ ਕਿਥੇ ਹਨ।ਨਾ ਘਰ ਰਿਹਾ, ਨਾ ਕੋਲ ਪ੍ਰਵਾਰ, ਨਾ ਸਿਖ, ਥੋਹੜੇ ਜਿਹੇ ਸਿਖਾਂ ਨਾਲ ਵੈਰੀਆਂ ਦੇ ਘੇਰੇ ਵਿਚ ਹਨ ਫਿਰ ਵੀ ਨਿਰਭੈ, ਪ੍ਰਸੰਨ ਚਿਤ ਅਤੇ ਅਡੋਲ ਹਨ। ਚਿਹਰੇ ਉਤੇ ਖੇੜਾ ਤੇ ਨੂਰ ਪਹਿਲੇ ਦੀ ਤਰ੍ਹਾਂ ਹੈ।

ਬਾਬਾ ਜੁਝਾਰ ਸਿੰਘ ਜੀ ਉਨ੍ਹੀਂ ਪੈਰੀਂ ਪਿਛੇ ਮੁੜ ਪਏ। ਆਪ ਮੈਦਾਨੇ ਜੰਗ ਵਿਚ ਪਜੇ। ਜਦੋਂ ਜੰਗ ਵਿਚ ਅਪੜੇ ਤਾਂ ਅਗੇ ਵੈਰੀ ਭੁਖੇ ਸ਼ੇਰਾਂ ਵਾਂਗ ਬੜ੍ਹਾਂ ਮਾਰ ਰਹੇ ਸੀ।ਬਾਬਾ ਜੀ ਨੇ ਜਾਂਦਿਆਂ ਹੀ 'ਸਤਿ ਸ੍ਰੀ ਅਕਾਲ'ਦਾ ਨਾਹਰਾ ਲਾਇਆ। ਉਸ ਨਾਹਰੇ ਨੂੰ ਸੁਣਕੇ ਦੁਸ਼ਮਣ ਅਗੇ ਵਧਿਆ। ਲੜਾਈ ਹੋਣੀ ਸ਼ੁਰੂ ਹੋਈ,ਬਹੁਤ ਭਿਆਨਕ ਕਟਾ ਵੱਢ ਹੋਈ। ਉਸ ਕਟਾ ਵਢ ਵਿਚ ਬਾਬਾ ਜੀ ਸ਼ਹੀਦ ਹੋ ਗਏ।ਜ਼ਖਮੀ ਹੋਇ ੨ ਵੀ ਲੜਦੇ ਰਹੇ। ਆਖਰ ਦੁਸ਼ਮਣ ਦਾ ਵਾਰ ਖਾਲੀ ਨਾ ਗਿਆ। ਆਪ ਵੀ ਸ਼ਹੀਦੀ ਜਾਮ ਪੀ ਗਏ, ਪੁਜ ਗਏ ਆਪਨੇ ਵਡੇ ਵੀਰ ਕੋਲ ਜਿਹੜਾ ਰਾਹ ਵਿਚ ਖਲੋਤਾ ਹੋਇਆ ਉਡੀਕ ਕਰ ਰਿਹਾ ਸੀ, ਪੁਸ਼ਪ ਵਿਮਾਨ ਤੇ ਅਸਵਾਰ ਹੋਕੇ ਬੈਕੁੰਠ ਧਾਮ ਵਿਚ ਜਾ ਪੁਜੇ।

ਇਉਂ ਦੋਹਾਂ ਸਤਿਗੁਰੂ-ਸਪੁਤ੍ਰਾਂ ਨੇ ਧਰਮ,ਸੁਤੰਤਰਤਾ ਅਤੇ ਪੰਥ ਦੀ ਸ਼ਾਨ ਨੂੰ ਕਾਇਮ ਰਖਣ ਵਾਸਤੇ ਸ਼ਹੀਦੀ ਪ੍ਰਾਪਤ ਕੀਤੀ। ਅੱਜ ਉਨ੍ਹਾਂ ਦੀ ਅਮਰ ਯਾਦ ਗੁਰਦੁਆਰਾ ਚਮਕੌਰ ਸਾਹਿਬ ਕਾਇਮ ਹੈ। ਲਖਾਂ ਯਾਤਰੂ ਹਰ ਸਾਲ ਯਾਤਰਾ ਕਰਨ ਜਾਂਦੇ ਹਨ।ਰਾਤ ਨੂੰ ਦੋ ਜੋਤਾਂ ਅਕਾਸ਼ ਵਿਚ ਘੁਮਦੀਆਂ ਹਨ। ਗੁਰਦੁਆਰੇ ਦੀ ਪ੍ਰਕਰਮਾ ਕਰਕੇ ਅਲੋਪ ਹੋ ਜਾਂਦੀਆਂ ਹਨ । ਇਹ

Sri Satguru Jagjit Singh Ji eLibrary NamdhariElibrary@gmail.com

ਸਿਲਸਿਲਾ ਸਦੀਆਂ ਤੋਂ ਹੁਣ ਤਕ ਜਾਰੀ ਹੈ। ਉਨੀਂ ਤੋਂ ਤੇਈ ਦਸੰਬਰ ਤਕ ਹੀ ਸਾਲ ਬੜਾ ਭਾਰੀ ਮੇਲਾ ਲਗਦਾ ਹੈ । ਸ਼ਹੀਦਾਂ ਦੀ ਯਾਦਗਾਰ ਬੜੀ ਧੂਮ ਧਾਮ ਨਾਲ ਮਨਾਈ ਜਾਂਦੀ ਹੈ।

੭. ਸਤਿਗੁਰ ਜੀ ਨੇ ਚਮਕੌਰ ਨੂੰ ਛਡਣਾ ਤੇ ਖਾਲਸੇ ਨੂੰ ਗੁਰਿਆਈ ਬਖਸ਼ਣੀ

ਲੜਾਈ ਨਹੀਂ ਰੁਕੀ, ਵੈਰੀ ਦੇ ਦਲ ਅਗੇ ਵਧਦੇ ਹੀ ਆਏ। ਉਨ੍ਹਾਂ ਵਿਚ ਵਾਧਾ ਹੁੰਦਾ ਗਿਆ। ਦੂਸਰੇ ਪਾਸੇ ਸਿੰਘ ਸ਼ਹੀਦ ਹੁੰਦੇ ਗਏ।ਉਨ੍ਹਾਂ ਦੀ ਗਿਣਤੀ ਬਹੁਤ ਘਟ ਰਹਿ ਗਈ। ਉਹ ਸਿਰਫ ਅਠ ਰਹਿ ਗਏ ਤੇ ਨਾਵੇਂ ਸਤਿਗੁਰੂ ਜੀ ਹਾਂ, ਸਤਿਗੁਰੂ ਜੀ ਮੋਰਚੇ ਵਿਚ ਬੈਠੇ ਤੀਰ ਛਡੀ ਜਾਂਦੇ ਸਨ। ਉਹਨਾਂ ਪਾਸ ਮਸਾਂ ਸੌ ਕੁ ਤੀਰ ਬਾਕੀ ਰਹਿ ਗਏ ਸਨ । ਸਤਿਗੁਰੂ ਸਮੇਤ ਨੌਂ ਸਿੰਘ ਪਰ ਵੈਰੀ ਲਖ ਤੋਂ ਉਪਰ, ਤੋਪ ਬੰਦੂਕ ਤੇ ਹੋਰ ਹਥਿਆਰ ਨਾ ਰਹੇ। ਐਸੀ ਹਾਲਤ ਵਿਚ ਜੰਗ ਲੜਨੀ ਅਸੰਭਵ ਸੀ। ਉਧਰੋਂ ਉਤੋਂ ਰਾਤ ਪੈ ਗਈ। ਰਾਤ ਵੀ ਮਹਾਂ ਭਿਆਨਕ ਕਾਲੀ, ਕਾਲੀ ਦੇਵੀ ਦੀ ਭੈਣ ਜਿਸ ਕੋਲੋਂ ਹਰ ਇਕ ਨੂੰ ਡਰ ਆਉਂਦਾ ਸੀ।

ਇਸ ਸਮੇਂ ਨੂੰ ਅਨੁਭਵ ਕਰਕੇ ਸਿੰਘਾਂ ਨੇ ਇਕੱਠ ਕੀਤਾ। ਉਸ ਇਕੱਠ ਵਿਚ ਗੁਰਮਤਾ ਸੋਧਿਆ ਕਿ ਸਤਿਗੁਰੂ ਜੀ ਨੂੰ ਚਮਕੌਰ ਗੜ੍ਹੀ ਛਡਕੇ ਅਗੇ ਨਿਕਲ ਜਾਣਾ ਚਾਹੀਦਾ ਹੈ। ਹੁਣ ਦੁਸ਼ਮਣ ਕੋਲੋਂ ਬਚਨਾ ਔਖਾ ਹੈ। ਵੈਰੀ ਦੇ ਦਲਾਂ ਦੀ ਗਿਣਤੀ ਸਾਵਣ ਦੀਆਂ ਘਟਾਂ ਵਾਂਗ ਛਾ ਰਹੀ ਹੈ। ਅੱਠ ਨੌਂ ਪ੍ਰਾਣੀ ਕਿੰਨਾ ਕੁ ਚਿਰ ਯੁਧ ਕਰ ਸਕਦੇ ਹਨ ? ਜੇ ਸਤਿਗੁਰੂ ਜੀ ਅਮਰ ਰਹੇ ਤਾਂ ਅਸਾਂ ਜਿਹੇ ਹੋਰ ਸਿਖ ਸਾਜ ਲੈਣਗੇ।

ਇਉਂ ਵਿਚਾਰਾਂ ਕਰਕੇ ਸਾਰੇ ਸਿੰਘ ਗੁਰੂ ਜੀ ਪਾਸ ਆ ਪੁਜੇ। ਸਮਾਂ ਬੜਾ ਭਿਆਨਕ ਸੀ ਲੜਾਈ ਹੋ ਰਹੀ ਸੀ।ਉਸ ਸਮੇਂ ਦੁਸ਼ਮਣਾਂ ਦੇ ਦਲ ਅਗੇ ਵਧ ਰਹੇ ਸਨ । ਫਿਰ ਵੀ ਭਾਈ ਸੰਤ ਸਿੰਘ ਜੀ ਨੇ ਦੋਵੇਂ ਹਥ ਜੋੜਕੇ ਬੇਨਤੀ ਕੀਤੀ, ਮਹਾਰਾਜ, ਅਸਾਂ ਸਾਰਿਆਂ ਦੀ ਸਲਾਹ ਹੈ ਕਿ ਆਪ ਇਸ ਕੱਚੀ

Sri Satguru Jagjit Singh Ji eLibrary NamdhariElibrary@gmail.com

ਗੜ੍ਹੀ ਵਿਚੋਂ ਨਿਕਲ ਜਾਵੋ। ਦੁਸ਼ਮਣ ਦਾ ਜੋਰ ਵਧ ਗਿਆ ਹੈ। ਹੁਣ ਕੋਈ ਸੂਰਤ ਨਹੀਂ ਰਹੀ ਜੋ ਅਸੀਂ ਬਚ ਸਕੀਏ।

ਅਸੀਂ ਮੋਰਚੇ ਕਾਇਮ ਰਖਦੇਹਾਂ ਤੁਸੀਂ ਰਾਤਦੇ ਹਨੇਰੇਵਿਚ ਨਿਕਲਜਾਵੋ।

ਸਿੰਘਾਂ ਦੇ ਇਹ ਬਚਨ ਸੁਣਕੇ ਗੁਰੂ ਜੀ ਮੁਸਕ੍ਰਾਏ ਤੇ ਕਹਿਣ ਲਗੇ, 'ਸਿੰਘੋ ਤੁਸਾਂ ਨੂੰ ਇਸ ਹਾਲਤ ਵਿਚ ਛਡਕੇ (ਗੁਰੂ) ਗੋਬਿੰਦ ਸਿੰਘ ਨਹੀਂ ਜਾ ਸਕਦਾ। ਤੁਸਾਂ ਦੇ ਨਾਲ ਹੀ ਸ਼ਹੀਦ ਹੋਵੇਗਾ। ਔਹ ਦੇਖੋ, ਵੈਰੀ ਅਗੇ ਵਧ ਰਿਹਾ ਹੈ। ਉਸਦੇ ਰੋਕਣ ਦਾ ਯਤਨ ਕਰੋ। ਐਸੇ ਢਹਿੰਦੀਆਂ ਕਲਾਂ ਵਾਲੇ ਵਿਚਾਰਾਂ ਵਿਚ ਨਾ ਪਵੋ, ਜਾਓ ਆਪੋ ਆਪਣੇ ਮੋਰਚਿਆਂ ਵਿਚ।

ਸਤਿਗੁਰੂ ਜੀ, ਇਹ ਨਹੀਂ ਹੋ ਸਕਦਾ। ਆਪਦਾ ਬਚਨ ਹੈ ਕਿ ਸੰਗਤ ਗੁਰੂ ਨਾਲੋਂ ਵਡੀ ਹੈ ਤੁਸਾਂ ਖਾਲਸੇ ਨੂੰ ਬਹੁਤ ਵਰ ਦਿਤੇ ਹਨ। ਪੰਜ ਤੇ ਪੰਜਾਂ ਤੋਂ ਵਧ ਸਿੰਘ ਸੰਗਤ ਜਾਂ ਪੰਥ ਖਾਲਸਾ ਦਾ ਰੂਪ ਬਣ ਜਾਂਦੇ ਹਨ! ਇਸ ਵਾਸਤੇ ਅਸੀਂ ਪੰਥ ਦੇ ਰੂਪ ਵਿਚ ਵੀ ਆਗਿਆ ਕਰਦੇ ਹਾਂ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਇਸ ਗੜ੍ਹੀ ਵਿਚੋਂ ਨਿਕਲ ਜਾਣ ਕਿਉਂਕਿ ਜੇ ਸਤਿਗੁਰੂ ਅਮਰ ਰਹਿਣਗੇ ਤਾਂ ਜ਼ਰੂਰ ਹੋਰ ਸਿੰਘਾਂ ਦੀ ਸਾਜਨਾ ਕਰਕੇ ਪੰਥ ਨੂੰ ਵਧਾਉਣ ਵਿਚ ਸਹਾਈ ਹੋਣਗੇ ਆਪਨੂੰ ਜਾਣਾ ਪਵੇਗਾ, ਨੀਤੀ ਤੋਂ ਕੰਮ ਲੈਣਾ ਮਾੜੀ ਗਲ ਨਹੀਂ, ਨਾ ਕਾਇਰਤਾ ਹੈ।

ਭਾਃ ਸੰਤ ਸਿੰਘ ਜੀ ਦੇ ਐਸੇ ਬਚਨਾਂ ਨੂੰ ਸੁਣਕੇ ਸਾਹਿਬ ਮੁਸਕ੍ਰਾ ਪਏ। ਨਿਰਾਲੀ ਹੀ ਮੁਸਕ੍ਰਾਹਟ ਵਿਚ ਗੁਰੂ ਜੀ ਨੇ ਬਚਨ ਕੀਤੇ, ਅਸੀਂ ਐਸੇ ਹੀ ਵਿਚਾਰ ਸੁਣਨਾ ਚਾਹੁੰਦੇ ਸਾਂ। ਚਿਤ ਤਾਂ ਨਹੀਂ ਕਰਦਾ ਕਿ ਤੁਸਾਂ ਦਾ ਸਾਥ ਛਡਕੇ ਜਾਈਏ ਪਰ ਭਾਣਾ ਅਕਾਲ ਪੁਰਖ ਦਾ, 'ਪੰਥ' ਗੁਰੂ ਹੈ ਤੇ ਗੁਰੂ ਪੰਥ ਹੈ। ਅਸੀਂ ਅੱਜ ਗੁਰਿਆਈ ਪੰਥ ਨੂੰ ਬਖਸ਼ਦੇ ਹਾਂ। ਅਗੇ ਤੋਂ ਇਕ ਪੁਰਖੀ ਗੁਰੂ ਨਹੀਂ ਹੋਵੇਗਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਸੰਗਤ ਹੀ ਪੰਥ ਹੈ ਤੇ ਸੰਗਤ ਹੀ ਪੰਜਾਂ ਵਿਚ ਹੈ। ਹਰ ਕਾਰਜ ਪੰਜਾਂ ਪਿਆਰਿਆਂ ਦੇ ਗੁਰਮਤੇ ਨਾਲ ਕਰਨਾ ਹੋਵੇਗਾ। ਪੰਜਾਂ ਵਿਚ ਪ੍ਰਮੇਸ਼ਰ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਦਾ ਵਾਸਾ ਹੋਵੇਗਾ। ਪਰਚਾ ਗਰੰਥ ਦਾ ਦੀਦਾਰ ਖਾਲਸੇ ਦਾ

Sri Satguru Jagjit Singh Ji eLibrary NamdhariElibrary@gmail.com

ਤੇ ਪੂਜਾ ਅਕਾਲਪੁਰਖ ਦੀ, ਬਸ ਏਹੋ ਇਸ਼ਟ ਹੈ ਤੇ ਸੇਵਾ, ਧਰਮਕ੍ਰਿਤ ਤੇ ਪਜਾਰ ਏਹ ਉਪਾਸ਼ਨਾ ਹੈ।ਜਦੋਂ ਤਕ ਖਾਲਸਾ ਪੰਥ ਇਉਂ ਧਾਰਮਕ ਜੀਵਨ ਬਤੀਤ ਕਰੇਗਾ ਓਨਾ ਚਿਰ ਉਹ ਚੜ੍ਹਦੀਆਂਕਲਾਂ ਵਿਚ ਰਹੇਗਾ।ਅਸੀਂ ਪੰਥ ਦੇ ਹੁਕਮ ਨੂੰ ਨਮਸਕਾਰ ਕਰਦੇ ਹੋਏ ਅਜ ਇਸ ਸ਼ਹੀਦਾਂ ਦੀ ਗੜ੍ਹੀ ਨੂੰ ਤਿਆਗਦੇ ਹਾਂ। ਨਾਲ ਹੀ ਅੱਜ ਤੋਂ ਗੁਰੂ ਪਦਵੀ ਵੀ ਖਾਲਸੇ ਨੂੰ ਦੇ ਜਾਂਦੇ ਹਾਂ।

ਭਾਈ ਦਯਾ ਸਿੰਘ ਜੀ-ਨਹੀਂ ਮਹਾਰਾਜ, ਗੁਰਿਆਈ ਅਜ ਆਪਣੇ ਕੋਲ ਰਖੋ, ਆਪ ਹੀ ਗੁਰੂ ਰਹੋ। ਖਾਲਸਾ ਫੇਰ ਵੀ ਆਪ ਦਾ ਸੇਵਕ ਤੇ ਸਪੁਤਰ ਹੈ । ਸੇਵਾ ਕਰੀ ਜਾਵੇਗਾ। ਆਪ ਏਥੋਂ ਜਾਓ, ਅਕਾਲ ਪੁਰਖ ਸਹਾਇਤਾ ਕਰੇ।

ਸਤਿਗੁਰੂ ਜੀ-ਭਾਃ ਦਯਾ ਸਿੰਘ ਜੀ, ਜੋ ਭਾਣਾ ਵਰਤ ਰਿਹਾ ਹੈ, ਸਭ ਅਕਾਲਪੁਰਖ ਦੀ ਇਛਾ ਨਾਲ ਹੀ ਵਰਤ ਰਿਹਾ ਹੈ। ਜੋ ਅਸੀਂ ਆਖਦੇ ਜਾਂ ਕਰਦੇ ਹਾਂ ਉਸਨੂੰ ਤੁਸੀਂ ਮੰਨੋ, ਜਦ ਅਸੀਂ ਤੁਰਕਾਂ ਦੇ ਬਚਨਾਂ ਨੂੰ ਪਰਵਾਨ ਕਰਦੇ ਹਾਂ। ਹੁਣ ਕੁਝ ਸਮਾਂ ਤੀਰਾਂ ਦੀ ਬਰਖਾ ਕਰੋ ਤਾਂ ਕਿ ਦੁਸ਼ਮਣ ਦੂਰ ਹਟ ਜਾਵੇ ਤੇ ਮੁੜ ਬਾਕੀ ਵਿਚਾਰਾਂ ਕੀਤੀਆਂ ਜਾਣਗੀਆਂ।

ਸਤਿਗੁਰੂ ਜੀ ਨੇ ਪੰਥ ਦਾ ਹੁਕਮ ਮੰਨਿਆ ਤੇ ਪੰਥ ਨੇ ਗੁਰੂ ਜੀ ਦਾ। ਕੁਝ ਚਿਰ ਤੀਕ ਤੇ ਗੋਲੀ ਦੀ ਵਰਖਾ ਹੁੰਦੀ ਰਹੀ,ਜਦੋਂ ਦੇਖਿਆ ਕਿ ਦੁਸ਼ਮਣ ਦੂਰ ਹਟ ਗਿਆ ਹੈ ਤਦੋਂ ਸਤਿਗੁਰੂ ਮੋਰਚੇ ਵਿਚੋਂ ਉਠੇ। ਇਕ ਵਾਰ ਚਾਰ ਚੁਫੇਰੇ ਤੇ ਅਸਮਾਨ ਵਲ ਹਨੇਰੇ ਵਿਚ ਹੀ ਤਕਿਆ। ਉਹ ਤਕਣੀ ਦੇ ਭੇਤ ਦਾ ਕਿਸੇ ਨੂੰ ਪਤਾ ਨਹੀਂ ਸੀ।ਉਸਦੇ ਪਿਛੋਂ ਸਾਹਿਬਾਂ ਨੇ ਸੀਸ ਤੋਂ ਕਲਗੀ ਉਤਾਰੀ ਤੇ ਸੁਨਹਿਰੀ ਚੋਗਾ ਉਤਾਰਿਆ। ਆਪਣੀ ਹਥੀਂ ਭਾਈ ਸੰਤ ਸਿੰਘ ਜੀ ਦੇ ਸੀਸ ਉਤੇ ਬੰਨ੍ਹੀਂ। ਉਨ੍ਹਾਂ ਨੂੰ ਚੋਗਾ ਪੁਵਾ ਦਿਤਾ ਤੇ ਆਪਣੇ ਤੀਰ ਉਹਨਾਂ ਦੇ ਹਵਾਲੇ ਕਰ ਦਿਤੇ ਕਿਉਂਕਿ ਉਹਨਾਂ ਦਾ ਹੁਲੀਆ ਰੂਪ ਤੇ (ਕੱਦ) ਸਤਿਗੁਰੂ ਜੀ ਦੇ ਹੁਲੀਏ ਨਾਲ ਮਿਲਦਾ ਜੁਲਦਾ ਸੀ। ਉਸਦੇ ਪਿਛੋਂ ਪੰਜਾਂ ਪਿਆਰਿਆਂ ਨੂੰ ਬਿਠਾ ਕੇ ਸਾਹਿਬਾਂ ਨੇ ਆਪ ਪਰਕਰਮਾਂ ਲਈਆਂ ਤੇ ਗੁਰਿਆਈ ਪੰਥ ਨੂੰ ਬਖਸ਼ਕੇ 'ਗੁਰੂ ਪੰਥ' ਦਾ ਵਰ ਦੇ ਦਿਤਾ।

Sri Satguru Jagjit Singh Ji eLibrary NamdhariElibrary@gmail.com

ਜਦੋਂ ਸਾਰੀ ਮੁਯਾਦਾ ਪੂਰੀ ਹੋ ਗਈ ਤਾਂ ਸਾਹਿਬਾਂ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ। ਅਰਦਾਸ ਕਰਨ ਪਿਛੋਂ ਭਾਈ ਸੰਤ ਸਿੰਘ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ, 'ਤੁਸੀਂ ਏਥੇ ਬੈਠੇ ਦੁਸ਼ਮਣਾਂ ਵਲ ਤੀਰ ਚਲਾਈ ਜਾਵੋ ਜਦੋਂ ਦੁਸ਼ਮਣ ਆਵੇ ਤਾਂ ਸ਼ਹੀਦ ਬੇਸ਼ਕ ਹੋ ਜਾਣਾ ਪਰ ਜੀਉਂਦੇ ਜੀ ਦੁਸ਼ਮਣ ਦੇ ਹਥ ਨਾ ਆਉਣਾ। ਨਾ ਕੁਝ ਬੋਲਣਾ ਤੇ ਨਾ ਕੁਝ ਸੁਣਨਾ। ਸਿਰਫ ਤਿੰਨ ਸਿੰਘ ਅਸਾਂ ਨਾਲ ਚਲਣ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ। ਭਾਈ ਜੀਵਨ ਸਿੰਘ ਮਜ਼ਹਬੀ ਤੇ ਕਾਠਾ ਸਿੰਘ ਜੀ ਰਵਿਦਾਸੀਏ ਦੋਵੇਂ ਨਗਾਰੇ ਨੂੰ ਵਜਾਈ ਜਾਣ ਤੇ ਠਾਹ ਠੂਹ ਹੁੰਦੀ ਰਹੇ। ਅਸੀਂ ਹਨੇਰੇ ਵਿਚ ਜਾਂਦੇ ਹਾਂ। ਤੁਸਾਂ ਸਾਰਿਆਂ ਨੇ ਸ਼ਹੀਦ ਹੋਣਾ ਹੈ। ਤੁਸਾਂ ਦਾ ਵਾਸਾ ਬੈਕੁੰਠ ਵਿਚ ਹੋਵੇਗਾ।

ਇਉਂ ਬਚਨ ਕਰਕੇ ਗੁਰੂ ਜੀ ਗੜ੍ਹੀ ਛਡਣ ਵਾਸਤੇ ਤਿਆਰ ਹੋਏ। ਆਪ ਦੇ ਨਾਲ ਭਾਈ ਦਯਾਸਿੰਘ, ਭਾਈ ਧਰਮਸਿੰਘ, ਭਾਈ ਮਾਨਸਿੰਘ ਵੀ ਤਯਾਰ ਹੋਏ ਜਿਵੇਂ ਕਿ ਪਹਿਲਾਂ ਬਚਨ ਕੀਤਾ ਗਿਆ ਸੀ। ਤਿੰਨਾਂ ਹੀ ਸਿੰਘਾਂ ਦੇ ਪਾਸ ਸ਼ਸਤਰ ਸਨ। ਕਲਗੀਆਂ ਵਾਲਾ ਪਿਤਾ, ਜੋ ਕਦੀ ਹਜ਼ਾਰਾਂ ਦੀ ਗਿਣਤੀ ਵਾਲੇ ਲਸ਼ਕਰ ਦੇ ਨਾਲ ਕਿਲਿਆਂ ਤੇ ਰਾਜ ਭਵਨਾਂ ਵਿਚੋਂ ਬਾਹਰ ਜਾਇਆ ਕਰਦੇ ਸਨ, ਅਜ ਚਮਕੌਰ ਦੀ ਗੜ੍ਹੀ ਵਿਚੋਂ ਸਿਰਫ ਤਿੰਨਾਂ ਸਾਥੀਆਂ ਦੇ ਨਾਲ ਬਾਹਰ ਨਿਕਲੇ। ਘੋੜਾ ਕੋਲ ਨਹੀਂ ਨਾ ਕਲਗੀ ਤੇ ਨਾ ਛਤਰ ਅਰ ਅਜ ਸਰੀਂ ਰਾਤ ਵੀ ਮਹਾਂ ਭਿਆਨਕ ਕਾਲੀ ਸੀ। ਸਾਹਿਬਾਂ ਦੇ ਦਿਲ ਤੇ ਨਾ ਦੁਸ਼ਮਣ ਦਾ ਭੈ ਸੀ ਨਾ ਵਿਛੜੇ ਪਰਵਾਰ ਦੀ ਚਿੰਤਾ, ਚੇਹਰੇ ਪਰ ਮੁਸਕ੍ਰਾਹਟ ਅਤੇ ਹਿਰਦੇ ਵਿਚ ਅਕਾਲ ਪੁਰਖ ਦੀ ਯਾਦ ਸੀ। ਆਪ ਜਿਸ ਵੇਲੇ ਗੜ੍ਹੀ ਤੋਂ ਬਾਹਰ ਨਿਕਲੇ ਉਸੇ ਵੇਲੇ ਭਾਈ ਜੀਵਨ ਸਿੰਘ ਤੇ ਕਾਠਾ ਸਿੰਘ ਨੇ ਨਗਾਰੇ ਤੇ ਚੋਟ ਲਗਾ ਦਿਤੀ। ਨਗਾਰੇ ਦੀ ਚੋਟ ਦੇ ਨਾਲ ਹੀ ਸ਼ਬਦ ਆਏ 'ਫੜ ਲਓ ਹਿੰਦੂ ਦਾ ਪੀਰ, ਸਿਖਾਂ ਦਾ ਗੁਰੂ ਅਤੇ ਬਾਦਸ਼ਾਹ ਦਾ ਬਾਗੀ ਨਸਿਆ ਜਾ ਰਿਹਾ ਹੈ ਜੇ। ਇਹ ਆਵਾਜ਼ ਇਕ ਤੋਂ ਕਈ ਰੂਪ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਪ੍ਰਗਟ ਹੋਈ ਅਤੇ ਇਸ ਅਵਾਜ ਨਾਲ ਹਨੇਰੇ ਦੇ ਵਿਚ ਸਾਰਾ ਮੈਦਾਨਿ ਜੰਗ ਗੂੰਜ ਉਠਿਆ।

ਸਤਿਗੁਰੂ ਜੀ ਦੱਖਣ ਦਿਸ਼ਾ ਵਲ ਨਿਰਭੈਤਾ ਨਾਲ ਵਧੀ ਗਏ ਅਤੇ ਦੁਸ਼ਮਨ-'ਫੜ ਲੰ' ਔਹ ਜਾਂਦਾ ਜੇ, ਆਹ ਗਿਆ' ਆਖ ਕੇ ਆਪੋ ਵਿਚ ਦੀ ਹੀ ਆਖ ਕੇ ਮਰਨ ਲਗੇ। ਕਈਆਂ ਮੁਸਲਮਾਨਾਂ ਨੇ ਆਪਣੇ ਸਾਥੀਆਂ ਨੂੰ ਸਿਖ ਸਮਝ ਕੇ ਮਾਰ ਦਿਤਾ। ਅਕਾਲ ਪੁਰਖ ਨੇ ਐਸਾ ਭਾਣਾ ਵਰਤਾਇਆ ਕਿ ਤੁਰਕਾਂ ਦੀ ਮੱਤ ਮਾਰੀ ਗਈ। ਉਹ ਪਾਂਗਲਾਂ ਵਾਂਗ ਆਪੋ ਵਿਚ ਦੀ ਲੜਨ ਲਗੇ, ਜਗਾਂਚੀਆਂ ਮਿਸਾਲਾਂ ਆਪਣੇ ਆਪ ਬੁਝ ਗਈਆਂ। ਸੁਕੇ ਅੰਬਰ ਹੀ ਕਾਲੀ ਬੋਲੀ ਹਨੇਰੀਆਈ ਉਸ ਹਨੇਰੀ ਦੇ ਨਾਲ ਤੁਰਕਾਂ ਦੇ ਤੰਬੂ ਪੁਟੇ ਗਏ ਪਰ ਸਤਿਗੁਰੂ ਜੀ ਦੇ ਨੇੜੇ ਕੋਈ ਤੁਰਕ ਨਾ ਆਇਆ। ਸਤਿਗੁਰੂ ਜੀ ਦੁਸ਼ਮਨਾਂ ਦੀਆਂ ਸਫਾਂ ਚੀਰਦੇ ਹੋਏ ਮੈਦਾਨੇ ਜੰਗ ਤੋਂ ਬਾਹਰ ਹੋ ਗਏ। ਦੂਸਰੇ ਪਾਸੇ ਮੁਸਲਮਾਨਾਂ ਦਾ ਇਕ ਟੋਲਾ ਚਮਕੌਰ ਦੀ ਗੜ੍ਹੀ ਵਲ ਵਧਿਆ ਅਤੇ ਮਸਾਲਾਂ ਬਾਲ ਕੇ ਮਲੋ ਮਲੀ ਗੜ੍ਹੀ ਤੇ ਚੜ੍ਹ ਗਿਆ। ਦੁਸ਼ਮਨਾਂ ਦਾ ਖਿਆਲ ਸੀ ਕਿ ਹਿੰਦ ਦਾ ਪੀਰ ਗੜ੍ਹੀ ਵਿਚ ਹੀ ਹੋਵੇਗਾ ਪਰ ਉਥੇ ਸਿਰਫ ਪੰਜ ਸਿੰਘ ਸਨ। ਤੁਰਕਾਂ ਨੇ ਭਾਈ ਸੰਤ ਸਿੰਘ ਜੀ ਨੂੰ ਗੁਰੂ ਸਮਝ ਕੇ ਉਸ ਦਾ ਸਿਰ ਕੱਟ ਲਿਆ ਤੇ ਬਾਕੀ ਦੇ ਸਿੰਘ ਸ਼ਹੀਦ ਹੋ ਗਏ। ਤੁਰਕ ਭਾਈ ਸੰਤ ਸਿੰਘ ਜੀ ਦਾ ਸੀਸ ਲੈ ਕੇ ਜ਼ਬਰਦਸਤ ਖਾਂ ਕੋਲ ਗਏ ਅਤੇ ਖੁਸ਼ੀ ਦੇ ਨਾਅਰੇ ਲਾਏ ਕਿ ਹਿੰਦ ਦੇ ਪੀਰ ਦਾ ਸੀਸ ਉਹਨਾਂ ਦੇ ਕਬਜੇ ਆ ਗਿਆ ਹੈ ਅਤੇ ਉਹ ਬਾਦਸ਼ਾਹ ਪਾਸੋਂ ਇਨਾਮ ਪਰਾਪਤ ਕਰਨਗੇ ਪਰ ਜਦੋਂ ਸਵੇਰੇ ਵਜ਼ੀਰ ਖਾਂ ਸਰਹੰਦ ਨੇ ਉਸ ਸੀਸ ਨੂੰ ਦੇਖਿਆ ਤਾਂ ਸਾਰੇ ਤੁਰਕਾਂ ਨੂੰ ਨਿਰਾਸਤਾ ਹੋਈ ਕਿਉਂਕਿ ਉਸ ਨੇ ਕਿਹਾ ਸੀ ਕਿ ਇਹ ਸਿਰ ਹਿੰਦ ਦੇ ਪੀਰ 'ਗੁਰੂ ਗੋਬਿੰਦ ਸਿੰਘ ਜੀ' ਦਾ ਨਹੀਂ ਅਤੇ ਰਾਤ ਦੇ ਹਨੇਰੇ ਵਿਚ ਹਿੰਦ ਦਾ ਪੀਰ ਆਪਣੀ ਚਲਾਕੀ ਨਾਲ ਮੈਦਾਨਿ ਜੰਗ ਵਿਚੋਂ ਨਿਕਲ ਗਿਆ ਹੈ ਇਸ ਵਾਸਤੇ ਚਾਰੇ ਪਾਸੇ ਫੌਜਾਂ ਭੇਜ ਕੇ ਪਿੱਛਾ ਕਰੋ।

Sri Satguru Jagjit Singh Ji eLibrary NamdhariElibrary@gmail.com

੮. ਸਤਿਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ

ਚਮਕੌਰ ਦੀ ਗੜ੍ਹੀ ਤੋਂ ਨਿਕਲਕੇ ਸਤਿਗੁਰੂਜੀ ਅਜੇ ਮੈਦਾਨਿ ਜੰਗਤੋਂ ਬਾਹਰ ਨਹੀਂ ਸਨ ਹੋਏ ਕਿ ਹਨੇਰੇ ਵਿਚ ਭਾਈਦਯਾਸਿੰਘ, ਭਾਈਧਰਮਸਿੰਘ ਤੇ ਭਾਈਮਾਨਸਿੰਘ ਜੀ ਸਤਿਗੁਰਾਂ ਨਾਲੋਂ ਵਿਛੜ ਗਏ। ਸਤਿਗੁਰੂਜੀ ਇਕਲੇ ਹੀ ਰਹਿ ਗਏ। ਪੈਰੀਂ ਜੋੜਾ ਵੀ ਨਾ ਰਿਹਾ। ਉਹ ਚਮਕੌਰ ਦੇ ਮੈਦਾਨਿ ਜੰਗ ਵਿਚ ਸਿਪਾਹੀਆਂ ਦੀਆਂ ਲੋਥਾਂ ਨਾਲ ਹੀ ਅੜਕੇ ਪੈਰ ਦਾ ਇਕ ਛਿੱਤ੍ਰ ਪਿਛੇ ਰਹਿ ਗਿਆ । ਦੂਸਰਾ ਛਿੱਤ੍ਰ ਸਾਹਿਬਾਂ ਨੇ ਮੁੜਕੇ ਆਪ ਸੁਟ ਦਿਤਾ। ਰਾਤ ਦਾ ਸਮਾਂ, ਅਣਡਿੱਠੀ ਲੰਮੇਰੀ ਜੂਹ, ਜੂਹ ਦੇ ਵਿਚ ਮੁੱਢ, ਕੰਡੇ, ਝਾੜੀਆਂ ਦੀਆਂ ਮੋਹੜੀਆਂ ਅਤੇ ਹੋਰ ਕਈ ਤਰਾਂ ਦੀਆਂ ਬਲਾਵਾਂ ਸਨ, ਪਰ ਧੰਨ ਹਨ ਮੇਰੇ ਸਤਿਗੁਰੂ ਜੀ ਜੋ ਕਿਸੇ ਗਲੋਂ ਨਾ ਘਬਰਾਏ ਤੇ ਨਾ ਡਰੇ,ਉਹ ਅਗੇ ਵਧੀ ਗਏ। ਉਹਨਾਂ ਨੇ ਸਾਥੀਆਂ ਦਾ ਵਿਛੋੜਾ ਭੀ ਅਨਭਵ ਨਾ ਕੀਤਾ। ਇਕੋ ਸਾਥੀ ਅਕਾਲ ਪੁਰਖ ਨੂੰ ਸਮਝਿਆ ਸੀ। ਉਸੇ ਦਾ ਆਸਰਾ ਸੀ। ਆਹ ! ਅਕਾਲ ਪੁਰਖ ਦੇ ਰੰਗ ! ਤਿੰਨਾਂ ਦਿਨਾਂ ਵਿਚ ਐਸੀ ਖੇਡ ਵਰਤਾਈ ਕਿ ਸਤਿਗੁਰੂ ਜੀ ਇਕਲੇ ਰਹਿ ਗਏ।ਅਸਲ ਗਲ ਤਾਂ ਇਹ ਸੀ ਕਿ ਉਹਨਾਂ ਆਪਣੇ ਵਾਹਿਗੁਰੂ ਅਕਾਲ ਪੁਰਖ ਦਾ ਹੁਕਮ ਮੰਨਣਾ ਸੀ ਉਹ ਇਨ੍ਹਾਂ ਔਕੜਾਂ ਤੇ ਤਕਲੀਫਾਂ ਨੂੰ ਕੀ ਸਮਝਦੇ ਸਨ।ਉਹ ਤਾਂ ਆਪਣੇ ਸਿਖਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸੀ ਕਿ ਅਜੇਹੇ ਔਖੇ ਤੇ ਕਠਨ ਸਮੇਂ ਵੀ ਮੇਰਾ ਸਿਖ ਕਦੇ ਦਿਲਗੀਰ ਨਾ ਹੋਵੇ ਸਗੋਂ ਚੜ੍ਹਦੀਆਂ ਕਲਾ ਵਿਚ ਰਹੇ।

ਚਲਦੇ ਚਲਦੇ ਸਾਹਿਬ ਕਿੜੀ ਪਿੰਡ ਵਿਚ ਪੁਜੇ। ਉਸ ਵੇਲੇ ਦਿਨ ਚੜ੍ਹ ਚੁਕਿਆ ਸੀ। ਸੂਰਜ ਭਗਵਾਨ ਆਪਣੀ ਪੂਰੀ ਤੇਜੀ ਨਾਲ ਪ੍ਰਗਟ ਹੋਇਆ ਸੀ, ਉਸ ਨੇ ਹਨੇਰੇ, ਨੀਂਦ ਤੇ ਆਲਸ ਦਾ ਅੰਤ ਕਰ ਦਿਤਾ ਸੀ। ਕਿੜੀ ਪਿੰਡ ਦੀਆਂ ਸੁਵਾਣੀਆਂ ਕੰਮ ਧੰਦੇ ਲਗ ਚੁਕੀਆਂ ਸਨ ਤੇ ਕਿਸਾਨ ਵੀ ਖੇਤਾਂ ਨੂੰ ਤੁਰੇ ਜਾਂਦੇ ਸਨ। ਸਤਿਗੁਰੂ ਜੀ ਦਾ ਮੇਲ ਪਿੰਡੋਂ ਬਾਹਰ ਅਲਫੂ ਤੇ ਗਾਮੂ ਗੂਜਰਾਂ ਨਾਲ ਹੋਇਆ।

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਸ਼ਾਹੀ ਢੰਡੋਰਾ ਪਿਟਿਆ ਗਿਆ ਸੀ ਕਿ ਜਿਸ ਪਿੰਡ ਵੀ ਹਿੰਦੂ ਪੀਰ (ਸਤਿਗੁਰੂ ਗੋਬਿੰਦ ਸਿੰਘ ਜੀ) ਆਉਣ ਪਿੰਡ ਵਾਲੇ ਉਹਨਾਂ ਨੂੰ ਜ਼ਰੂਰ ਫੜ ਲੈਣ।ਉਹਨਾਂ ਗੁਜਰਾਂ ਦਾ ਕਾਲ ਨੇੜੇ ਆ ਪੁਜਾ ਸੀ। ਉਹਨਾਂ ਨੇ ਸਤਿਗੁਰੂ ਜੀ ਨੂੰ ਦੇਖ ਕੇ ਰੌਲਾ ਪਾਉਣ ਦਾ ਯਤਨ ਕੀਤਾ-'ਓਇ ਦੌੜੋ ! ਹਿੰਦੂ ਪੀਰ ਜਾ ਰਿਹਾ ਜੇ। ਆਓ ਫੜੀਏ।'

ਸਾਹਿਬਾਂ ਨੇ ਦੋਹਾਂ ਮੂਰਖਾਂ ਨੂੰ ਸੋਨੇ ਦੀਆਂ ਮੋਹਰਾਂ ਦਾ ਲਾਲਚ ਦੇਣ ਦਾ ਯਤਨ ਕੀਤਾ ਪਰ ਉਹ ਨਾ ਮੰਨੇ। ਆਖਰ ਸਾਹਿਬਾਂ ਨੇ ਓਹਨਾਂ ਨੂੰ ਝਟਕਾਉਣਾ ਹੀ ਚੰਗਾ ਸਮਝਿਆ। ਉਸ ਵੇਲੇ ਸਤਿਗੁਰੂ ਜੀ ਨੇ ਤਲਵਾਰ ਦੀ ਸਹਾਇਤਾ ਲਈ। ਚੰਡੀ ਨੇ ਅਲਫ਼ ਦਾ ਸਿਰ ਧੜ ਨਾਲੋਂ ਵੱਖ ਕਰ ਦਿਤਾ। ਗਾਮੂ ਨੱਸਣ ਲੱਗਾ, ਉਸਨੂੰ ਵੀ ਸਾਹਿਬਾਂ ਨੇ ਨੱਸਣ ਨਾ ਦਿਤਾ। ਓਹ ਓਹਨਾਂ ਦੋਹਾਂ ਨੂੰ ਝਟਕਾ ਕੇ ਤੁਰੇ। ਕੋਹ ਅਗੇ ਨਿਕਲ ਗਏ ਤਾਂ ਬਹਿਲੋ ਤੇ ਲਵਪੁਰ ਪਿੰਡ ਦੀ ਸਾਂਝੀ ਜੂਹ ਆ ਗਈ।ਸਾਹਿਬਾਂ ਨੇ ਦੂਰੋਂ ਤਕਿਆ ਕਿ ਤੁਰਕ ਫਿਰ ਰਹੇ ਹਨ। ਇਕ ਛੋਟੇ ਜਿਹੇ ਬਾਲਕ ਨੂੰ ਪੁਛਿਆ ਕਿ ਪਿੰਡ ਦੇ ਲੋਗ ਭੀੜ ਕਿਉਂ ਹੈ? ਮਾਸੂਮ ਬਾਲਕ ਨੇ ਸੱਚ ਦਸ ਦਿਤਾ ਕਿ ਸਰਕਾਰੀ ਆਦਮੀ 'ਹਿੰਦੂ ਪੀਰ ਨੂੰ ਲਭਦੇ ਫਿਰਦੇ ਹਨ। ਉਥੇ ਵੀ ਖਤਰਾ ਜਾਣ ਕੇ ਸਤਿਗੁਰੂ ਜੀ ਇਕ ਪਾਸੇ ਜੰਗਲ ਵਲ ਹੋ ਗਏ। ਉਹ ਜੰਗਲ ਪਿੰਡਾਂ ਤੋਂ ਦੂਰ ਸੀ। ਜੰਗਲ ਦੇ ਬਿਲ ਉਤੇ ਪੁਜਕੇ ਇਕ ਜੰਡ ਹੇਠਾਂ ਜਾ ਬੈਠੇ।

ਜੰਡ ਹੇਠਾਂ ਦੁਸ਼ਮਨ ਦਾ ਡਰ ਨਹੀਂ ਸੀ ਪਰ ਭੁਖ ਤੰਗ ਕਰਨ ਲੱਗੀ। ਕਈ ਚਿਰ ਤੋਂ ਅੰਨ ਮੂੰਹ ਨਾ ਪਾਇਆ ਸੀ।ਜੁਧ ਤੇ ਲੰਮੇਰਾ ਪੰਧ ਕਰਦੇ ਰਹੇ। ਪੇਟ ਖਾਲੀ ਹੋਣ ਤੇ ਭੁਖ ਕਲੇਜਾ ਚੱਟਣ ਲੱਗੀ। ਥਕੇਵੇਂ ਨੇ ਹੱਡ ਹੱਡ ਚੂਰ ਕਰ ਛਿਤਾ ਸੀ। ਸਾਹਿਬਾਂ ਨੇ ਕਦੀ ਨੰਗੀ ਚਰਨੀਂ ਪੰਧ ਨਹੀਂ ਸੀ ਕੀਤਾ। ਗੁਲਾਬ ਦੀਆਂ ਪੱਤੀਆਂ ਵਰਗੇ ਕੋਮਲ ਚਰਨ,ਕੰਡਿਆਂ, ਰੋੜਾਂ, ਠੀਕਰੀਆਂ ਤੇ ਮੁਢਾਂ ਨਾਲ ਜ਼ਖਮੀ ਹੋ ਚੁਕੇ ਸਨ। ਪੈਰਾਂ ਦੀਆਂ ਤਲੀਆਂ ਵਿਚ ਛਾਲੇ ਹੀ ਛਾਲੇ ਪੈ ਗਏ ਸਨ। ਕਈਆਂ ਥਾਵਾਂ ਤੋਂ ਲਹੂ ਵੀ ਵਗਦਾ ਸੀ। ਕੋਈ ਸੰਗੀ ਸਾਥੀ ਨਹੀਂ ਸੀ। ਪੱਟੀਆਂ ਬੰਨ੍ਹਣ ਵਾਸਤੇ ਵਾਧੂ ਕੋਈ ਲੀੜਾ ਨਹੀਂ ਸੀ।

Sri Satguru Jagjit Singh Ji eLibrary NamdhariElibrary@gmail.com

ਵਖੋਂ ਵਲ ਜਾ ਨਹੀਂ ਸਨ ਸਕਦੇ, ਐਸੀ ਦਸ਼ਾ ਵਿਚ ਸਤਿਗੁਰੂ ਜੀ ਘਬਰਾਏ ਨਹੀਂ ਆਪ ਚੜ੍ਹਦੀ ਕਲਾ ਵਿਚ ਰਹੇ।

ਭੁਖ ਨੂੰ ਦੂਰ ਕਰਨ ਬਦਲੇ ਸਤਿਗੁਰੂ ਜੀ ਨੇ ਅੱਕਾਂ ਦੇ *ਲੋਂਗ ਤੇ ਅੱਕਾਂ ਦੀਆਂ ਕਰੂਮਲੀਆਂ ਛਕ ਲਈਆਂ। ਇਹਨਾਂ ਜ਼ਹਿਰੀਲੀਆਂ ਚੀਜ਼ਾਂ ਨੇ ਇਕ ਦਮ ਅਮਲ ਕੀਤਾ। ਉਸ ਅਮਲ ਦੇ ਅਸਰ ਨਾਲ ਨੀਂਦ ਆਉਣ ਲੱਗੀ ਪਰ ਸੋਣਾ ਕਿਥੇ? ਨਾ ਮੰਜਾ ਨਾ ਬਿਸਤਰਾ ਤੇ ਨਾ ਕੋਈ ਸੁਤਿਆਂ ਦੀ ਰਾਖੀ ਕਰਨ ਵਾਲਾ। ਫਿਰ ਵੀ ਦੋਂਹ ਜਹਾਨਾਂ ਦੇ ਮਾਲਕ ਕਲਗੀਆਂ ਵਾਲੇ ਪਿਤਾ ਅਕਾਲ ਪੁਰਖ ਉਤੇ ਭਰੋਸਾ ਰਖ ਕੇ ਲੰਮੇ ਪੈਣ ਲਗੇ। ਕੱਚੀ ਮਿਟੀ ਦੀਆਂ ਢੀਮਾਂ ਦਾ ਸਿਰਹਾਣਾ ਬਣਾਇਆ। ਕ੍ਰਿਪਾਨ (ਤਲਵਾਰ) ਸਿਰਹਾਣੇ ਰੱਖਕੇ ਸਾਹਿਬ ਲੇਟ ਗਏ। ਸਿਆਲ ਦੇ ਦਿਨ ਸਨ, ਜੰਡ ਹੇਠਾਂ ਲੇਟਿਆਂ ਨੂੰ ਨੀਂਦ ਆ ਗਈ। ਉਸ ਸਮੇਂ ਅਕਾਲ ਪੁਰਖ ਨੇ ਆਪਣੇ ਸੇਵਕਾਂ ਨੂੰ ਭੇਜਿਆ ਕਿ ਉਹ ਮਾਤ ਲੋਕ ਆਕੇ ਅਨੰਦਪੁਰ ਦੇ ਵਾਸੀ ਤੇ ਪਿਆਰੇ ਪ੍ਰੀਤਮ ਦੀ ਰਾਖੀ ਕਰਨ। ਸੁਤੇ ਪਿਆਂ ਦਿਨ ਢਲ ਗਿਆ। ਜਾਗ ਆਈ, ਉਠਕੇ ਬੈਠ ਗਏ। ਅਕਾਲ ਪੁਰਖ ਦਾ ਧੰਨਵਾਦ ਕੀਤਾ, ਇਕ ਵਾਰ ਰੀਝ ਨਾਲ ਜਸ ਕੀਤਾ, ਬਾਣੀ ਦਾ ਪਾਠ ਕਰਕੇ ਸਰੀਰ ਨੂੰ ਤਕੜਿਆਂ ਕਰਨ ਦਾ ਯਤਨ ਕੀਤਾ। ਉਸ ਜੰਡੋਰੇਵਲ ਤੱਕਿਆ, ਨਿਰਾ ਤੱਕਿਆ ਹੀ ਨਹੀਂ ਸਗੋਂ ਉਸ ਨੂੰ ਨਿਹਾਲ ਕਰ ਦਿਤਾ–'ਅਸਾਂ ਨੂੰ ਅਰਾਮ ਦੇਣ ਵਾਲੇ ਜੰਡੋਰੇ ਤੂੰ ਅਮਰ ਰਹੇਂ‡।'

ਡੰਡ ਨੂੰ ਵਰ ਦੇਕੇ ਸਾਹਿਬਅਗੇ ਤੁਰਨ ਲਗੇ, ਜਿਉਂ ਹੀ ਚਰਨ ਧਰਤੀ ਉਤੇ ਰਖਿਆ ਤਿਉਂ ਹੀ ਪਤਾ ਲੱਗਾ ਕਿ ਚਰਨ ਤਾਂ ਧਰਤੀ ਨਾਲ ਲਾਉਣੇ ਕਠਨ ਹੋਨ, ਕਿਉਂਕਿ ਰਤਾ ਅਰਾਮ ਕਰਨ ਨਾਲ ਠੰਢੇ ਹੋ ਕੇ ਛਾਲੇ ਬਹੁਤੇ ਦੁਖਣ

---

*ਇਸ ਘਟਨਾ ਬਾਰੇ ਗਿਆਨੀ ਗਿਆਨ ਸਿੰਘ ਨੇ ਬਹੁਤ ਗਲਤ ਬਿਆਨੀ ਕੀਤੀ ਹੈ, ਆਪ ਲਿਖਦੇ ਹਨ–'ਅਫੀਮ ਦੀ ਡੱਬੀ ਭਾਈ ਮਾਨ ਸਿੰਘ ਪਾਸ ਰਹਿ ਗਈ। ਉਹ ਤਿੰਨੇ ਸਿੰਘ ਵਿਛੜ ਗਏ ਸੀ, ਇਸ ਕਰਕੇ ਅਮਲ ਦੀ ਤੋਟ ਹੋਈ ਤੇ ਅੱਕ ਤੇ ਲੋਂਗ ਤੇ ਅੱਕ ਦਾ ਦੁਧ ਛਕ ਕੇ ਵਕਤ ਪੂਰਾ ਕੀਤਾ।' (ਤਵਾਰੀਖ ਗੁਰੂ ਖਾਲਸਾ ਪੰਨਾ ੧੯੬੩)

‡ਇਸ ਅਸਥਾਨ ਤੇ 'ਜੰਡ ਸਾਹਿਬ' ਗੁਰਦਵਾਰਾ ਹੈ। ਨਾਲ ਜ਼ਮੀਨ ਚੋਖੀ ਹੈ ਤੇ ਉਸ ਦਿਨ ਤੋਂ ਪੂਜੀਂਦਾ ਆ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਲਗ ਪਏ ਹਨ। ਆਤਮਾ ਤਕੜੀ ਹੋਣ ਕਰਕੇ ਹੌਂਸਲੇ ਨਾਲ ਤੁਰੇ। ਹੌਲੀ ਹੌਲੀ ਜੰਗਲ ਵਿਚ ਨਿਕਲੇ ਸ਼ਾਮਾਂ ਪੈਣ ਤਕ ਮਸਾਂ ਦੋ ਕੋਹ ਟੀ ਪੰਧ ਕੀਤਾ। ਕਿਧਰ ਨੂੰ ਜਾਣਾ ਹੈ ? ਇਹ ਕੋਈ ਪਤਾ ਨਹੀਂ । ਬਸ ਏਨਾ ਪਤਾ ਸੀ ਕਿਤੇ ਨਾ ਕਿਤੇ ਨਰ ਜਾਣਾ ਹੈ ਜਿਧਰ ਅਕਾਲ ਪੁਰਖ ਲੈ ਜਾਵੇ।

ਬੇਰੀਆਂ ਦਾ ਝੁੰਡ ਆ ਗਿਆ, ਤੁਰਿਆ ਜਾਂਦਾ ਨਹੀਂ ਸੀ, ਭੁਖ ਲਗੀ ਹੋਈ ਸੀ। ਆਸਰਾ ਜਾਂ ਤਾਂ ਤਲਵਾਰ ਦਾ ਸੀ ਤੇ ਜਾਂ ਅਕਾਲਪੁਰਖ ਦਾ।ਉਸ ਬੇਰੀਆਂ ਦੀਆਂ ਝੰਗੀਆਂ ਨੂੰ ਦੇਖਕੇ ਸਾਹਿਬਾਂ ਨੇ ਵਿਚਾਰ ਕੀਤਾ ਕਿ ਚੰਗਾ ਹੋਵੇ ਕਿ ਏਥੇ ਰਤਾ ਅਟਕ ਜਾਈਏ। ਜੇ ਲੋੜ ਪਵੇ ਤਾਂ ਰਾਤ ਕਟਣ ਨੂੰ ਇਹ ਥਾਂ ਬਹੁਤ ਚੰਗੀ ਹੈ। ਇਹਨਾਂ ਝਾੜਾਂ ਵਿਚ ਰਾਤ ਨੂੰ ਆਦਮ ਜਾਤ ਤਾਂ ਆਉਣ ਹੀ ਨਹੀਂ ਲਗੀ। ਇਹ ਤਾਂ ਭੂਤਾਂ ਪਰੇਤਾਂ ਦੇ ਵਾਸੇ ਵਾਲਾ ਅਸਥਾਨ ਹੈ ਪਰ ਸਤਿਗੁਰੂ ਜੀ ਨੂੰ ਭੂਤ ਪਰੇਤ ਕੁਝ ਕਹਿ ਨਹੀਂ ਸਨ ਸਕਦੇ । ਉਹਨਾਂ ਨੇ ਓਥੇ ਹੀ ਰਹਿਣ ਦਾ ਫੈਸਲਾ ਕਰ ਲਿਆ। ਬੇਰੀਆਂ ਦੇ ਝਾੜ ਵਿਚ ਦਾਖਲ ਹੋ ਗਏ। ਬੇਰ ਬਹੁਤ ਸਨ, ਪੱਕੇ ਤੇ ਕੱਚੇ ਸਨ। ਉਹਨਾਂ ਬੇਰਾਂ ਨੂੰ ਤੋੜ ਤੋੜ ਕੇ ਛਕਣ ਲਗੇ ਜਿਵੇਂ ਕਦੀ ਸ੍ਰੀ ਰਾਮ ਚੰਦਰ ਜੀ ਨੇ ਭੀਲਣੀ ਦੇ ਹਥੋਂ ਬੇਰ ਖਾਧੇ ਸਨ। ਬੇਰਾਂ ਨੂੰ ਰਜਕੇ ਖਾਧਾ।

ਬੇਰ ਖਾਂਦਿਆਂ ਨੂੰ ਰਾਤ ਪੈ ਗਈ, ਤਾਰੇ ਨਿਕਲ ਆਏ, ਉਜਾੜ ਬੀਆਬਾਨ ਥਾਂ ਸ਼ਾਂ ਸ਼ਾਂ ਕਰਨ ਲਗੀ। ਉਜਾੜ ਦੇ ਵਾਸੀ ਕੀੜੇ ਮਕੌੜੇ ਤੇ ਹੋਰ ਜਾਨਵਰ ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਲਗੇ। ਸਾਹਿਬ ਵੀ ਘਾਹ ਉਤੇ ਇਕ ਬੇਰੀ ਹੇਠਾਂ ਧਰਤੀ ਦਾ ਆਸਣ ਕਰਕੇ ਬਿਰਾਜਮਾਨ ਹੋ ਗਏ। ਇਕਲੇ ਰਾਤ ਕਟ ਰਹੇ ਸਨ। ਉਸ ਸਮੇਂ ਵੀ ਪਰਵਾਰ ਚੇਤੇ ਨਹੀਂ ਆਇਆ ਸਗੋਂ ਅਕਾਲ ਪੁਰਖ ਚੇਤੇ ਆਇਆ। ਉਸ ਵੇਲੇ ਅਕਾਲ ਪੁਰਖ ਦੀ ਉਸਤਤ ਕਰਨ ਲਗੇ।

ਉਸਤਤ ਕਰਨ ਸਮੇਂ ਸਾਹਿਬਾਂ ਨੇ ਇਹ ਸ਼ਬਦ ਉਚਾਰਨ ਕੀਤਾ—

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥

Sri Satguru Jagjit Singh Ji eLibrary NamdhariElibrary@gmail.com

ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ ॥
(ਪਾਤਿਸ਼ਾਹੀ ਦਸਵੀਂ)

ਏਸੇ ਤਰਾਂ ਅਕਾਲ ਪੁਰਖ ਦੀ ਮਹਿਮਾ ਕਰਦਿਆਂ ਹੋਇਆਂ ਰਾਤ ਦਾ ਚੌਥਾ ਹਿਸਾ ਬੀਤ ਗਿਆ। ਤਾਰਿਆਂ ਨੂੰ ਦੇਖਕੇ ਿ ਆਸ ਕੀਤਾ ਕਿ ਇੰਨੀ ਕੁ ਰਾਤ ਰਹਿੰਦੀ ਹੈ। ਉਸ ਵੇਲੇ ਸਾਹਿਬਾਂ ਨੇ ਸੋਚਿਆ, ਹੁਣ ਏਥੋਂ ਚਲਣਾ ਚਾਹੀਦਾ ਹੈ। ਦੂਰ ਮਾਲਵੇ ਨੂੰ ਨਿਕਲ ਚਲੀਏ। ਉਧਰ ਜ਼ਰੂਰ ਸਿਖ ਸੇਵਕ ਹਨ ਕੋਈ ਹੋਰ ਪਰੋਗਰਾਮ ਬਣਾਵਾਂਗੇ। ਉਨ੍ਹਾਂ ਨੂੰ ਉਪਦੇਸ਼ ਰਾਹੀਂ ਪ੍ਰੇਰਕੇ ਇਕੱਠਿਆਂ ਕਰਾਂਗੇ ਤੇ ਇਕ ਵਾਰ ਫਿਰ ਫੌਜ ਤਿਆਰ ਕਰਾਂਗੇ। ਧਨ, ਘਰ ਤੇ ਸਾਥੀ ਜਾਣ ਨਾਲ ਕਿਸੇ ਪੁਰਸ਼ ਜਾਂ ਉਸਦੇ ਵਿਚਾਰਾਂ ਦਾ ਅੰਤ ਨਹੀਂ ਹੁੰਦਾ ਜੋ ਉਹ ਆਪ ਦ੍ਰਿੜ ਵਿਸ਼ਵਾਸੀ ਤੇ ਉਚੇ ਵਿਚਾਰਾਂ ਵਾਲਾ ਹਿੰਮਤੀ ਹੈ।ਸਿਖੀ ਵਿਚ ਮਰਜੀਉੜਿਆਂ ਦਾ ਘਾਟਾ ਨਹੀਂ। ਇਉਂ ਭਵਿਖਤ ਬਾਰੇ ਸੋਚ ਕੇ ਉਠੇ। ਤਾਰਿਆਂ ਦੀ ਛਾਵੇਂ ਮਾਲਵੇ ਨੂੰ ਜਾਣ ਦਾ ਫੈਸਲਾ ਕੀਤਾ। ਮਾਲਵਾ ਨੇੜੇ ਨਹੀਂ ਸੀ। ਲੰਮਾ ਪੰਧ ਪੈਰੀਂ ਕਰਨਾ ਸੀ। ਪੈਰਾਂ ਵਿਚ ਛਾਲੇ ਸਨ। ਫਿਰ ਜੋੜਾ ਮਿਲਣ ਦਾ ਕੋਈ ਸਾਧਨ ਪ੍ਰਤੀਤ ਨਹੀਂ ਸੀ ਹੁੰਦਾ।

ਸਾਹਿਬਾਂ ਨੇ ਬੇਰੀਆਂ ਦੇ ਝਾੜ ਨੂੰ ਛਡਿਆ। (ਏਥੇ ਗੁਰਦਵਾਰਾ ਝਾੜ ਸਾਹਿਬ ਹੈ) ਚਲਦੇ ਚਲਦੇ ਤਿੰਨ ਕੋਹ ਤੁਰ ਆਏ, ਤਿੰਨ ਕੋਹ ਪੰਧ ਕਰਨ ਦੇ ਨਾਲ ਹੀ ਦਿਨ ਵੀ ਚੜ੍ਹ ਪਿਆ ਅਤੇ ਇਕ ਵਡਾ ਪਿੰਡ ਮਾਛੀਵਾੜਾ ਆ ਗਿਆ। ਇਹ ਪਿੰਡ ਉਸ ਵੇਲੇ ਇਕ ਤਕੜਾ ਕਸਬਾ ਸੀ। ਸ਼ਹਿਰ ਦੇ ਵਾਂਗ ਇਸ ਦੇ ਮਕਾਨ ਪਕੇ ਤੇ ਚੌਗਿਰਦੇ ਬਾਗ ਸਨ। ਸਤਿਗੁਰੂ ਜੀ ਇਸ ਬਾਗ ਵਿਚ ਜਾ ਬਿਰਾਜੇ, ਇਸ ਖਿਆਲ ਨਾਲ ਕਿ ਕੋਈ ਦੇਖ ਨਾ ਲਵੇ, ਨਾਲੇ ਪਤਾ ਕਰ ਲਵਾਂਗੇ ਕਿ ਏਥੋਂ ਦੇ ਲੋਕ ਕਿਸ ਤਰਾਂ ਦੇ ਹਨ, ਕੀ ਤੁਰਕ ਸੈਨਾ ਏਥੇ ਹੈ ਜਾਂ ਨਹੀਂ। ਕਈ ਰੁਕਾਵਟਾਂ ਕਾਰਨ ਸਾਹਿਬ ਇਸ ਤੋਂ ਵਧ ਪੰਧ ਕਰ ਵੀ ਨਹੀਂ ਸਨ ਸਕਦੇ।

Sri Satguru Jagjit Singh Ji eLibrary NamdhariElibrary@gmail.com

੯. ਸਤਿਗੁਰੂ ਜੀ ਦਾ ਸਿੰਘਾਂ ਨਾਲ ਮੇਲ

ਚਮਕੌਰ ਦੀ ਗੜ੍ਹੀ ਛਡਣ ਸਮੇਂ ਸਤਿਗੁਰੂ ਜੀ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਸਨ, ਗੜ੍ਹੀ ਤੋਂ ਦੋ ਕੁ ਫਰਲਾਂਗ ਤਕ ਤਾਂ ਇਕਠੇ ਤਰੇਆਏ ਪਰ ਅਗੋਂ ਆਕੇ ਗਰਜੀ ਨਾਲੋਂ ਵਿਛੜ ਗਏ,ਵਿਛੋੜੇ ਦਾ ਕਾਰਨ ਇਕ ਹਨੇਰਾ, ਦੂਸਰਾ ਹਨੇਰੀ ਦਾ ਔਣਾ, ਤੀਸਰਾ ਅਣਡਿਠੇ ਰਸਤੇ ਅਤੇ ਚੌਖਾ ਵੈਰੀ ਨਾਲ ਮੁਕਾਬਲਾ ਕਰਨਾ। ਸਤਿਗੁਰ ਜੀ ਦੁਸ਼ਮਣਾਂ ਨਾਲ ਲੜਦੇ ੨ ਇਕ ਪਾਸੇ ਚਲੇ ਗਏ ਸਨ ਤੇ ਤਿੰਨੇ ਸਿੰਘ ਦੂਸਰੇ ਪਾਸੇ ਨੂੰ ਤੁਰ ਗਏ ਸਨ। ਭਾਵੇਂ ਦੋਹਾਂ ਦੇ ਵਿਚਾਲੇ ਫਾਸਲਾ ਕੋਈ ਬਹੁਤਾ ਨਹੀਂ ਸੀ ਫਿਰ ਵੀ ਇਕ ਦੂਸਰੇ ਨੂੰ ਨਾ ਦੇਖ ਸਕੇ ਤੇ ਨਾ ਮਿਲ ਸਕੇ। ਜਦੋਂ ਦਿਨ ਚੜ੍ਹਿਆ ਤਾਂ ਭਾਈ ਦਯਾ ਸਿੰਘ ਹੋਰਾਂ ਨੇ ਸਤਿਗੁਰੂ ਜੀ ਨੂੰ ਲਭਣ ਦਾ ਯਤਨ ਕੀਤਾ ਪਰ ਸਤਿਗੁਰੂ ਜੀ ਕਿਤੇ ਨਾ ਮਿਲੇ, ਉਨ੍ਹਾਂ ਨੇ ਭੇਸ ਬਦਲ ਲਿਆ ਹੋਇਆ ਸੀ,ਉਹ ਬਿਲਕੁਲ ਪਠਾਣ ਲਗਦੇ ਸਨ ਤੇ ਕੋਈ ਸ਼ੱਕ ਨਹੀਂ ਸੀ ਕਰ ਸਕਦਾ ਕਿ ਉਹ ਮੁਸਲਮਾਨ ਨਹੀਂ ਹਨ। ਸਾਰਾ ਦਿਨ ਲਭਦੇ ੨ ਅਗੇ ਨਿਕਲ ਗਏ। ਰਾਤ ਉਹਨਾਂ ਵੀ ਮਾਛੀਵਾੜੇ ਦੇ ਜੰਗਲਾਂ ਵਿਚ ਕੱਟੀ ਸਵੇਰ ਹੋਈ ਤਾਂ ਉਹ ਵੀ ਮਾਛੀਵਾੜੇ ਵਿਚ ਜਾ ਪੁਜੇ।

ਭਾਃ ਮਾਨਸਿੰਘ ਜੀ ਨੇ ਸ਼ਹਿਰ ਵਿਚ ਵੜਕੇ ਪਤਾ ਕੀਤਾ ਕਿ ਤੁਰਕਾਂ ਦਾ ਕੀ ਹਾਲ ਹੈ।ਉਸਨੂੰ ਇਹ ਭਰੋਸਾ ਹੋ ਗਿਆ ਕਿ ਸ਼ਾਹੀ ਫੌਜਾਂ ਚਮਕੌਰ ਤੋਂ ਚਲ ਕੇ ਅਗੇ ਨਿਕਲ ਆਈਆਂ ਹਨ ਤੇ ਸਤਿਗੁਰੂ ਜੀ ਦੀ ਭਾਲ ਹੋ ਰਹੀ ਹੈ।ਪਿੰਡਾਂ ਦੇ ਚੌਧਰੀਆਂ, ਕਾਜ਼ੀਆਂ ਤੇ ਮੁਲਾਣਿਆਂ ਆਦਿਕ ਨੂੰ ਸਰਕਾਰੀ ਹੁਕਮ ਮਿਲ ਚੁਕੇ ਸਨ ਕਿ ਜਿਵੇਂ ਵੀ ਸਤਿਗੁਰੂ ਜੀ ਮਿਲਣ ਉਨ੍ਹਾਂ ਨੂੰ ਗ੍ਰਿਫਤਾਰ ਕਰੋ ਜਾਂ ਕਰਾਇਆ ਜਾਵੇ। ਜੋ ਇਹ ਕਰੇਗਾ ਉਸਨੂੰ ਬਾਦਸ਼ਾਹੀ ਇਨਾਮ ਮਿਲੇਗਾ।ਜੋ ਸਤਿਗੁਰੂ ਜੀ ਨੂੰ ਪਨਾਹ ਦੇਵੇਗਾ ਉਸਦਾ ਬੱਚਾ ਖੁੱਚਾ ਘਾਣੀ ਵਿਚ ਪੀੜ੍ਹਿਆ ਜਾਵੇਗਾ। ਇਹ ਸੁਣਕੇ ਲੋਕ ਬਹੁਤ ਡਰ ਗਏ ਸਨ। ਉਹਨਾਂ ਸਿਖਾਂ ਹਿੰਦੂਆਂ ਨੂੰ ਬਹੁਤ ਘਬਰਾਹਟ ਸੀ ਜਿਹੜੇ ਸਤਿਗੁਰੂ ਜੀ ਦੇ ਸੇਵਕ ਸਨ।

Sri Satguru Jagjit Singh Ji eLibrary NamdhariElibrary@gmail.com

ਡਰ ਰਹਿੰਦਾ ਸੀ ਕਿ ਐਵੇਂ ਹੀ ਨਾ ਕੋਈ ਆਖ ਦੇਵੇ ਕਿ ਇਸ ਦੇ ਪਾਸ ਸਤਿਗੁਰ ਜੀ ਆਏ ਹਨ।

ਭਾਃਮਾਨਸਿੰਘ ਜੀ ਨੇ ਭਾਃ ਦਯਾਸਿੰਘ ਜੀ ਪਾਸ ਪੁਜਕੇ ਸਾਰੇ ਗੁਪਤ ਭੇਤ ਦਸ ਦਿਤੇ,ਇਹ ਵੀ ਦਸਿਆ ਕਿ ਭਾਈ ਗੁਲਾਬਾ ਜੋ ਸਤਿਗੁਰਾਂ ਦਾ ਮਸੰਦ ਹੈ ਉਹਨੂੰ ਵੀ ਖਬਰਾਂ ਕਰ ਦਿਤੀਆਂ ਹਨ ਕਿ ਤੇਰੇ ਸ਼ਹਿਰ ਦੇ ਨੇੜੇ ਤੇੜੇ ਸਤਿਗੁਰੂ ਜੀ ਹਨ,ਭਾਲ ਕਰ। ਭਾਈ ਗੁਲਾਬਾ ਭੀ ਸਤਿਗੁਰੂ ਜੀ ਦੀ ਭਾਲ ਕਰਨ ਵਿਚ ਰੁਝ ਗਿਆ ਹੈ।

'ਸਤਿਗੁਰ ਜੀ ਕਿਸੇ ਬਾਗ ਜੰਗਲ ਵਿਚ ਹੋਣਗੇ' ਸਿੰਘਾਂ ਦੇ ਹਿਰਦਿਆਂ ਦੀ ਇਹ ਅਵਾਜ਼ ਸੀ,ਉਹ ਝਟਪਟ ਉਠਕੇ ਸਤਿਗੁਰ ਜੀ ਨੂੰ ਲਭਣ ਤੁਰ ਪਏ। ਸਬੱਬ ਨਾਲ ਉਸੇ ਬਾਗ ਵਿਚ ਆ ਪੁਜੇ ਜਿਥੇ ਗੁਰੂ ਜੀ ਸੁਤੇ ਪਏਸਨ।ਪਹਿਲਾਂ ਤਿੰਨਾਂ ਨੇ ਨਮਸ਼ਕਾਰ ਕੀਤਾ, ਨਮਸ਼ਕਾਰ ਕਰਕੇ ਹੌਲੀ ੨ ਚਰਨ ਕਵਲਾਂ ਨੂੰ ਦਬਾਣਾ ਆਰੰਭ ਕੀਤਾ। ਚਰਨਾਂ ਦੇ ਦਬਾਣ ਨਾਲ ਪਿਆਰ ਦੀ ਤਾਰ ਰਾਹੀਂ ਸਾਹਿਬਾਂ ਦੀ ਨੀਂਦ ਖੁਲ੍ਹੀ ਫਿਰ ਸਤਿਗੁਰ ਜੀ ਨੇ ਨੇਤਰਾਂ ਨੂੰ ਖੋਲ੍ਹਕੇ ਦੇਖਿਆ ਬੜੇ ਪ੍ਰਸੰਨ ਹੋਏ, ਜਦੋਂ ਉਨ੍ਹਾਂ ਨੇ ਤਕਿਆ ਕਿ ਉਨ੍ਹਾਂ ਦੇ ਸੇਵਕ ਭਾਃ ਦਯਾ ਸਿੰਘ ਜੀ,ਭਾਈ ਧਰਮ ਸਿੰਘ ਜੀ ਚਰਨ ਦਬਾ ਰਹੇ ਹਨ ਤੇ ਭਾਈ ਮਾਨ ਸਿੰਘ ਜੀ ਲਾਗੇ ਬੈਠੇ ਹਨ। ਸੰਖੇਪਤਾ ਵਿਚ ਹਾਲ ਪੁਛਣ ਪਿਛੋਂ ਗੁਰੂ ਜੀ ਨੇ ਬਚਨ ਕੀਤਾ, ਏਧਰ ਤੁਰਕਾਂ ਦਾ ਕੀ ਹਾਲ ਹੈ ?

ਭਾਈ ਦਯਾ ਸਿੰਘ ਨੇ ਅਗੋਂ ਉਤਰ ਦਿਤਾ,ਏਥੇ ਇਸ ਤਰ੍ਹਾਂ ਲੇਟਣਾ ਜਾਂ ਰਹਿਣਾ ਖਤਰੇ ਤੋਂ ਖਾਲੀ ਨਹੀਂ। ਇਸ ਪਿੰਡ ਦੇ ਚੌਧਰੀਆਂ ਨੂੰ ਹੁਕਮ ਮਿਲ ਚੁਕਿਆ ਹੈ ਕਿ ਉਹ ਆਪ ਨੂੰ ਗ੍ਰਿਫਤਾਰ ਕਰਨ। ਇਸ ਵਾਸਤੇ ਏਥੋਂ ਕਿਤੇ ਹੋਰ ਥਾਂ ਜਾਣਾ ਯੋਗ ਹੈ।

ਪੈਰ ਨਹੀਂ ਤੁਰਦੇ।' ਸਤਿਗੁਰ ਜੀ ਨੇ ਫੁਰਮਾਇਆ।

'ਮੈਂ ਚੁਕ ਲੈਂਦਾ ਹਾਂ' ਭਾਈ ਮਾਨਸਿੰਘ ਨੇ ਬੇਨਤੀ ਕੀਤੀ।

ਭਾਈ ਮਾਨਸਿੰਘ ਨੇ ਗੁਰੂ ਜੀ ਨੂੰ ਮੋਰਾਂ ਤੇ ਚੁਕ ਲਿਆ ਤੇ ਇਕ ਨਵੇਕਲੀ ਥਾਂ ਤੇ ਖੂਹ ਸੀ, ਉਸ ਖੂਹ ਉਤੇ ਲੈ ਆਂਦਾ। ਸਤਿਗੁਰੂ ਜੀ ਨੂੰ ਇਸ਼ਨਾਨ

Sri Satguru Jagjit Singh Ji eLibrary NamdhariElibrary@gmail.com

ਕੀਤਿਆਂ ਬਹੁਤ ਸਮਾਂ ਹੋ ਗਿਆ ਸੀ। ਖੂਹ ਦਾ ਨਿਰਮਲ ਜਲ ਦੇਖ ਸਾਹਿਬਾਂ ਨੇ ਇਛਾ ਕੀਤੀ ਕਿ ਇਸ਼ਨਾਨ ਕਰਾਇਆ ਜਾਵੇ। ਸਿੰਘਾਂ ਨੇ ਉਸੇ ਵੇਲੇ ਆਗਿਆ ਦਾ ਪਾਲਨ ਕੀਤਾ, ਸਤਿਗੁਰੂ ਜੀ ਨੂੰ ਇਸ਼ਨਾਨ ਕਰਾਇਆ ਤੇ ਉਸ ਖੂਹ ਉਤੇ ਹੀ ਡੇਰਾ ਲਾ ਦਿਤਾ।

੧੦. ਭਾਈ ਗੁਲਾਬੇ ਮਸੰਦ ਦਾ ਪ੍ਰਸੰਗ

ਮਾਛੀਵਾੜੇ ਸ਼ਹਿਰ ਦਾ ਰਹਿਣ ਵਾਲਾ ਭਾਃ ਗੁਲਾਬਾ ਮਸੰਦ ਸੀ,ਇਹ ਦੋ ਭਰਾ ਸਨ ਤੇ ਮਸੰਦੀ ਇਨ੍ਹਾਂ ਪਾਸ ਪੁਰਾਣੀ ਤੁਰੀ ਆਂਦੀ ਸੀ।ਸਿਖੀ ਦਾ ਪ੍ਰਚਾਰ ਕਰਦੇ ਸਨ ਤੇ ਸੁਰੂਘਰ ਦੇ ਵੀ ਪਰੇਮੀਸਨ।ਭਾਃ ਮਾਨਸਿੰਘ ਦੇ ਪਾਸੋਂ ਇਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਜੀ ਉਹਦੇ ਸ਼ਹਿਰ ਦੇ ਨੇੜੇ ਆਏ ਹਨ।ਅਨੰਦਪੁਰ ਦੇ ਛਡਣ,ਸਰਸਾਦਾ ਜੁਧ,ਪ੍ਰਵਾਰ ਦੇ ਵਿਛੜਨ ਤੇ ਚਮਕੌਰ ਦੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਪਤਾ ਉਨ੍ਹਾਂ ਨੂੰ ਲਗ ਗਿਆ। ਤਬਾਹੀ ਦਾ ਇਤਿਹਾਸ ਸੁਣਕੇ ਉਹ ਬਹੁਤ ਉਦਾਸ ਹੋਏ ਸਨ।ਉਹ ਗੁਰੂ ਜੀ ਦੀ ਭਾਲ ਕਰਦੇ ਹੋਏ ਉਸੇ ਖੂਹ ਉਤੇ ਆ ਪੁਜੇ ਜਿਥੇ ਸਤਿਗੁਰ ਜੀ ਸਨ। ਸਤਿਗੁਰੂ ਜੀ ਨੂੰ ਨਮਸ਼ਕਾਰ ਕਰਕੇ ਤੇ ਸਤਿਗੁਰੂ ਜੀ ਦੇ ਹਾਲ ਨੂੰ ਦੇਖ ਕੇ ਉਹ ਮਾਤ ਲੋਕ ਦੇ ਬੰਦੇ ਬਹੁਤ ਵੈਰਾਗੀ ਹੋਏ। ਧਾਹੀਂ ਮਾਰ ਕੇ ਰੋਣ ਲਗ ਪਏ। ਸਤਿਗੁਰੂ ਜੀ ਨੇ ਧੀਰਜ ਦਿਤੀ, ਉਪਦੇਸ਼ ਰਾਹੀਂ ਮਨ ਉਤੋਂ ਅਗਿਆਨਤਾ ਦੇ ਪੜਦੇ ਨੂੰ ਦੂਰ ਕੀਤਾ।

ਭਾਈ ਗੁਲਾਬੇ ਨੇ ਘਰੋਂ ਪ੍ਰਸ਼ਾਦਿ ਤਿਆਰ ਕਰਵਾਕੇ ਲਿਆਂਦਾ। ਸਾਰਿਆਂ ਨੂੰ ਛਕਾਇਆ ਤੇ ਜਦੋਂ ਰਾਤ ਪਈ ਤਾਂ ਸਤਿਗੁਰਾਂ ਨੂੰ ਸਿੰਘਾਂ ਸਮੇਤ ਘਰ ਲੈ ਗਿਆ। ਘਰ ਲਿਆ ਕੇ ਸੇਵਾ ਕਰਨ ਲਗਾ।

ਭਾਈ ਗੁਲਾਬੇ ਦੇ ਗਵਾਂਢੀ ਚੰਗੇ ਪੁਰਸ਼ ਨਹੀਂ ਸਨ। ਇਕ ਕਾਜੀ ਸੀ ਤੇ ਦੂਜਾ ਬ੍ਰਾਹਮਣ। ਦੋਵੇਂ ਹੀ ਸਰਕਾਰੀ ਆਦਮੀ ਸਨ। ਉਹ ਮੁਗਲ ਹਕੂਮਤ ਦੇ ਪੱਕੇ ਸੇਵਕਾਂ ਵਿਚੋਂ ਸਨ। ਗੁਲਾਬੇ ਦਾ ਵਿਚਾਰ ਸੀ ਕਿ ਉਹ ਸਤਿਗੁਰੂ ਜੀ ਦੇ ਆਉਣ ਦਾ ਸ਼ਹਿਰ ਵਿਚ ਕਿਸੇ ਨੂੰ ਪਤਾ ਨਾ ਲਗਣ ਦੇਵੇ, ਖਾਸ ਕਰ ਕੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਗੁਆਂਢੀਆਂ ਨੂੰ ਤਾਂ ਉਕਾ ਹੀ ਨਾ ਦਸੇ ਕਿ ਕੋਈ ਘਰ ਆਇਆ ਹੈ ਜਾਂ ਨਹੀਂ। ਉਹ ਮੁਗਲ ਸਰਕਾਰ ਦੇ ਹੁਕਮਾਂ ਤੋਂ ਡਰਦਾ ਸੀ। ਇਕ ਪਾਸੇ ਸਤਿਗੁਰੂ ਜੀ ਨਾਲ ਪਰੇਮ ਸੀ ਤੇ ਦੂਸਰੇ ਪਾਸੇ ਸਰਕਾਰ ਦਾ ਡਰ ਸੀ। ਉਹ ਅਸਚਰਜ ਹੀ ਗੋਰਖ ਧੰਦੇ ਵਿਚ ਫਸ ਗਿਆ ਸੀ।

ਸਤਿਗੁਰੂ ਜੀ ਉਸਦੇ ਮਨ ਦੀ ਹਾਲਤ ਨੂੰ ਸਮਝ ਗਏ ਸਨ ਉਹ ਸਰਬ ਕਲਾ ਸੰਪੂਰਨ ਗੁਰੂ ਜੀ ਨੇ ਅਨੁਭਵ ਕੀਤਾ ਕਿ ਸਿਖ ਦਾ ਮਨ ਡੋਲੇ ਖਾਂਦਾ ਹੈ, ਜੀਵਨ ਪਿਆਰਾ ਸਮਝਦਾ ਹੈ,ਉਨ੍ਹਾਂ ਨੇ ਗੁਲਾਬੇ ਨੂੰ ਹੌਂਸਲਾ ਦਿਤਾ, ਸਿਖਾ ਸਤਿਗੁਰੂ ਨਾਨਕ ਦੇਵ ਜੀ ਦੇ ਚਰਨ ਕਵਲਾਂ ਦਾ ਧਿਆਨ ਧਰ। ਅਕਾਲ ਪੁਰਖ ਭਲੀ ਕਰੇਗਾ। ਅਸਾਂ ਦੇ ਤੇਰੇ ਘਰ ਰਹਿਣ ਬਦਲੇ ਰਾਜ ਦਰਬਾਰੋਂ ਤੈਨੂੰ ਕੋਈ ਡੰਨ ਨਹੀਂ ਮਿਲੇਗਾ। ਚਿੰਤਾ ਨੂੰ ਛਡ। ਅਕਾਲਪੁਰਖ ਦੇ ਭਾਣੇ ਨਾਲ ਸਭ ਕੁਝ ਹੋ ਰਿਹਾ ਹੈ। ਪਰ ਭਾਈ ਗੁਲਾਬੇ ਨੂੰ ਧੀਰਜ ਨਾ ਆਈ ਰੇਤ ਦੀ ਕੰਧ ਵਾਂਗ ਉਸਦਾ ਮਨ ਬੈਠਦਾ ਹੀ ਗਿਆ। ਸਤਿਗੁਰ ਜੀ ਨੇ ਉਸ ਨੂੰ ਕੋਈ ਕੋੜਾ ਬਚਨ ਨਹੀਂ ਕਿਹਾ। ਨਾ ਵਰ ਸਰਾਪ ਦਿਤਾ।ਉਸਦੇ ਨਾਲ ਹੋਰ ਹੋਰ ਬਚਨ ਕਰਦੇ ਰਹੇ। ਆਖਰ ਸਾਹਿਬਾਂ ਨੇ ਫੈਸਲਾ ਕਰ ਲਿਆ ਕਿ ਉਹ ਭਾਈ ਗੁਲਾਬੇ ਦੇ ਘਰੋਂ ਚਲੇ ਜਾਣਗੇ। ਆਪਣੇ ਬਦਲੇ ਉਸ ਨੂੰ ਬਿਪਤਾ ਵਿਚ ਨਹੀਂ ਸੁਣਨਗੇ।

'ਬਿਪਤ ਪਰੀ ਸਭ ਹੀ ਸੰਗਿ ਛਾਡਿਤ ਕੋਊ ਨ ਆਵਤ ਨੇਰੇ।।'

੧੧. ਮਾਈ ਗੁਰਦੇਈ ਦਾ ਪ੍ਰਸੰਗ

ਮਾਛੀਵਾੜੇ ਵਿਚ ਇਕ ਮਾਈ ਗੁਰਦੇਈ ਰਹਿੰਦੀ ਸੀ,ਉਹ ਬਹੁਤਹੀ ਪ੍ਰੇਮਣ ਮਾਈ ਸੀ।ਉਮਰ ਰਤਾ ਵਡੇਰੀ ਹੋ ਗਈ ਸੀ,ਉਹਦੀ ਰੀਝ ਸੀ ਕਿ ਉਹ ਗੁਰੂ ਜੀ ਦੇ ਦਰਸ਼ਨ ਕਰੇ ਕਈਆਂ ਕਾਰਨਾਂ ਦੇ ਕਾਰਣ ਉਹ ਸਤਿਗੁਰ ਜੀ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਨਹੀਂ ਸੀ ਜਾ ਸਕੀ। ਉਹਦੇ ਭਾਗ ਜਾਗ ਪਏ, ਸਤਿਗੁਰੂ ਜੀ ਆਪ ਉਹਦੇ ਪਿੰਡ ਵਿਚ ਆ ਪੁਜੇ । ਅਕਾਲ ਪੁਰਖ ਨੇ ਉਸ ਦੀਆਂ ਮਨੋ ਕਾਮਨਾ ਪੂਰੀਆਂ ਕਰਨੀਆਂ ਸਨ ਸੋ ਕਰ ਦਿਤੀਆਂ।ਉਹ ਸਬੱਬ

Sri Satguru Jagjit Singh Ji eLibrary NamdhariElibrary@gmail.com

ਨਾਲ ਭਾਈ ਗੁਲਾਬੇ ਦੇ ਘਰ ਆ ਗਈ।ਆਈ ਵੀ ਇਹੋ ਪੁਛਣ ਸੀ ਕਿ ਉਸ ਨੇ ਭੈੜੀਆਂ ਖਬਰਾਂ ਸੁਣੀਆਂ ਸਨ ਕੀ ਉਹ ਠੀਕ ਹਨ ਕਿ ਪਿਆਰੇ ਸਤਿਗੁਰੂ ਜੀ ਨੇ ਅਨੰਦਪੁਰ ਨੂੰ ਛਡ ਦਿਤਾ ਹੈ ਪਰ ਜਦੋਂ ਘਰ ਪੁਜੀ ਤਾਂ ਅਗੇ ਮਹਾਰਾਜ ਜੀ ਬਿਰਾਜਮਾਨ ਸਨ। ਦਰਸ਼ਨ ਕਰਕੇ ਨਿਹਾਲ ਹੋ ਗਈ, ਚਰਨਾਂ ਉਪਰ ਮਥਾ ਟੇਕਕੇ ਚਰਨ ਧੂੜ ਅਖਾਂ ਨੂੰ ਲਾਈ,ਉਨ੍ਹਾਂ ਅੱਖਾਂ ਨੂੰ ਜੋਹੜੀਆਂ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤਰਸਦੀਆਂ ਸਨ ਜਿਨ੍ਹਾਂ ਦੇ ਦੀਦਾਰੇ ਨਹੀਂ ਸਨ ਹੁੰਦੇ,ਕਿੰਨਾਂ ਚਿਰ ਚਰਨਾਂ ਨੂੰ ਫੜਕੇ ਬੈਠੀ ਰਹੀ।

ਰਜਕੇ ਦਰਸ਼ਨ ਕਰਨ ਪਿਛੋਂ ਘਰ ਨੂੰ ਮੁੜ ਗਈ।ਜਾਂਦੀ ਹੋਈ ਏਨੀ ਪੱਕੀ ਜ਼ਰੂਰ ਕਰ ਗਈ ਕਿ ਸਚੇ ਪਾਤਿਸ਼ਾਹ,ਕਿਤੇ ਜਾਇਓ ਨਾ, ਮੈਂ ਹੁਣੇ ਆਈ। ਮੈਂ ਸੇਵਾ ਕਰਨੀ ਹੈ,ਮੇਰੀ ਸੇਵਾ ਪਰਵਾਨ ਕਰਨੀ ਮੈਂ ਗਰੀਬਣੀ ਨਿਆਸਰਾ ਭਵਜਲ ਵਿਚ ਗੋਤੇ ਖਾਣੀ ਵਾਲੀ ਦੁਖੀਆ, ਮੇਰੇ ਤੇ ਦਇਆ ਕਰਕੇ ਮੈਨੂੰ ਤਾਰਨਾ। ਹੇ ਦੀਨ ਦਇਆਲ, ਹੇ ਦਾਤਾਰ, ਮੈਂ ਆਈ।

ਮਾਈ ਗੁਰਦੇਵੀ ਭਾਈ ਗੁਲਾਬੇ ਦੇ ਘਰੋਂ ਨਿਕਲਕੇ ਨੱਸੀ ਗਈ, ਖੁਸ਼ੀ ਨਾਲ ਉਹੜੇ ਬੁਢੇਪੇ ਦੇ ਅੰਗਾਂ ਵਿਚ ਚੌਗਨਾਂ ਬਲ ਆ ਚੁਕਿਆ ਸੀ। ਉਹ ਸਤਿਗੁਰ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਚੁਕੀ ਸੀ।ਉਹ ਘਰ ਪੁਜੀ,ਹੱਥੀਂ ਕੱਤਿਆ ਤੇ ਆਪ ਉਣਾਇਆ ਧੁਵਾਇਆ ਹੋਇਆ ਖਦਰ ਕੋਠੀ ਵਿਚੋਂ ਕਢਿਆ ਉਸ ਅਦਰ ਉਤੇ ਇਕ ਗੁੜ ਦੀ ਰੋੜੀ ਤੇ ਇਕ ਰੁਪੱਈਆ ਰਖ ਕੇ ਮੁੜ ਸਤਿਗੁਰੂ ਜੀ ਪਾਸ ਪੁਜ ਗਈ। ਖੱਦਰ ਅਗੇ ਰਖਕੇ ਮਥਾ ਟੇਕਿਆ ਤੇ ਇਹੋ ਬੇਨਤੀ ਕੀਤੀ-'ਦੀਨਦੁਨੀਆਂ ਦੇ ਮਾਲਕ,ਮੇਰਾ ਜਨਮ ਮਰਨ ਸਵਾਰ ਦਿਓ, ਮੈਨੂੰ ਕਾਲ ਦਾ ਭੈ ਸਤਾ ਰਿਹਾ ਹੈ। ਇਹ ਜਨਮ ਮਰਨ ਦਾ ਚੱਕਰ ਕਦੋਂ ਟੁਟੇਗਾ-ਮੇਰੀ ਇਹੋ ਇਛਾ ਹੈ।

ਸਤਿਗੁਰੂ ਜੀ ਦਇਆ ਦੇ ਘਰ ਵਿਚ ਆਏ, ਮਾਈ ਦਾ ਖਦਰ ਚੁਕ ਲਿਆ। ਉਸ ਖਦਰ ਨੂੰ ਹਥਾਂ ਉਤੇ ਤੋਲਦੇ ਹੋਏ ਮਾਈ ਨੂੰ ਪੁਛਣ ਲਗੇ, ਇਹ ਕਿੰਨੇ ਗਜ਼ ਹੈ ?

ਪੂਰੀ ਤਾਣੀ, ਪਾਤਿਸ਼ਾਹ।

Sri Satguru Jagjit Singh Ji eLibrary NamdhariElibrary@gmail.com

'ਹੱਛਾ, ਜਿਵੇਂ ਇਹ ਅਸਾਡੇ ਪੜਦੇ ਕੱਜੇਗਾ ਤਿਵੇਂ ਤੇਰੇ ਪੜਦੇ ਕੱਜੇ ਜਾਣਗੇ। ਤੂੰ ਨਿਹਾਲ ਹੋਈ ਮਾਤਾ। ਅਕਾਲਪੁਰਖ ਤੈਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇਗਾ, ਕੋਈ ਚਿੰਤਾ ਨਾ ਕਰ। 'ਸਤਿਨਾਮ ਵਾਹਿਗੁਰੂ' ਜੀ ਦਾ ਜਾਪ ਕਰ।'

ਇਹ ਵਰ ਲੈਕੇ ਮਾਤਾ ਗੁਰਦੇਵੀ ਪ੍ਰਸੰਨ ਹੋ ਗਈ। ਸਾਹਿਬਾਂ ਦੇ ਚਰਨਾਂ ਉਪਰ ਮਥਾ ਟੇਕ ਕੇ ਆਪਣੇ ਘਰ ਨੂੰ ਚਲੀ ਗਈ। ਭਾਈ ਗੁਲਾਬੇ ਨੇ ਸਮਝਾਉਣ ਤੇ ਉਸਨੇ ਹੋਰ ਕਿਸੇ ਨੂੰ ਨਾ ਦਸਿਆ ਕਿ ਸਤਿਗੁਰੂ ਜੀ ਆਏ ਹਨ ਤੇ ਉਹ ਦਰਸ਼ਨ ਕਰ ਆਈ ਹੈ।

੧੨. ਗਨੀ ਖਾਂ ਤੇ ਨਬੀ ਖਾਂ ਦਾ ਪਰੇਮ

'ਮਜ਼ਹਬੀ ਤੁਅੱਸਬ' ਦਾ ਜਿਸ ਪੁਰਸ਼ ਨੂੰ ਤਾਪ ਚੜ ਜਾਵੇ ਉਹ ਮਨੁਖ ਨਹੀਂ ਰਹਿੰਦਾ।ਇਨਸਾਨੀਅਤ ਦੇ ਗੁਣ ਓਹਦੇ ਅੰਦਰੋਂ ਦੂਰ ਹੋ ਜਾਂਦੇ ਹਨ। ਪਰ ਹਜ਼ਾਰਾਂ ਵਿਚੋਂ ਐਸੇ ਵੀ ਹਨ ਜੋ ਇਨਸਾਨ ਰਹਿੰਦੇ ਹਨ। ਐਸੇ ਨੇਕ ਪੁਰਸ਼ਾਂ ਵਿਚੋਂ ਦੋ ਰੁਹੇਲੇ ਪਠਾਣ ਗਨੀ ਖਾਂ ਤੇ ਨਬੀ ਖਾਂ ਸਨ। ਉਹ ਕਦੀ ਸਤਿਗੁਰ ਜੀ ਪਾਸ ਆਇਆ ਕਰਦੇ ਸਨ। ਘੋੜਿਆਂ ਦੇ ਸੁਦਾਗਰ ਸਨ ਤੇ ਸਤਿਗੁਰ ਜੀ ਨੂੰ ਘੋੜੇ ਦਿਆ ਕਰਦੇ ਸਨ।

ਦੇਵਨੇਤ ਨਾਲ ਉਹ ਉਸ ਦਿਨ ਮਾਛੀਵਾੜੇ ਵਿਚ ਆਏ ਹੋਏ ਸਨ।ਉਨ੍ਹਾਂ ਨੇ ਅਨੰਦਪੁਰ ਵਿਚ ਹੋ ਬੀਤੀਆਂ ਘਟਨਾਵਾਂ ਨੂੰ ਸੁਣ ਲਿਆ ਹੋਇਆ ਸੀ, ਅਚਾਨਕ ਉਨ੍ਹਾਂ ਨੂੰ ਸੂਹ ਮਿਲੀ ਕਿ ਗੁਰੂ ਜੀ ਭਾਈ ਗੁਲਾਬੇ ਦੇ ਘਰ ਆਏ ਹੋਏ ਹਨ।ਉਹ ਸੁਣਦੇ ਸਾਰ ਗੁਲਾਬੇ ਦੇ ਘਰ ਪਹੁੰਚੇ।ਅਗੇ ਸਚਮੁਚ ਸਤਿਗੁਰ ਜੀ ਬਿਰਾਜਮਾਨ ਸਨ।ਇਹ ਦੇਖਕੇ ਉਨ੍ਹਾਂ ਨੂੰ ਪ੍ਰਸੰਨਤਾ ਵੀ ਹੋਈ ਤੇ ਉਦਾਸੀ ਵੀ, ਪ੍ਰਸੰਨਤਾ ਇਸ ਕਰਕੇ ਕਿ ਉਹਨਾਂ ਨੂੰ ਦਰਸ਼ਨ ਹੋ ਗਏ ਅਤੇ ਉਦਾਸੀ ਇਸ ਗਲ ਦੀ ਕਿ ਸ਼ਾਹੀ ਪ੍ਰਤਾਪ ਸਾਰਾ ਨਸ਼ਟ ਹੋ ਗਿਆ। ਜਿਥੇ ਤਖਤ ਤਾਜ(ਕਲਗੀ)ਸੈਨਾ, ਸੇਵਕ, ਪ੍ਰਵਾਰ, ਹਾਥੀ, ਘੋੜੇ, ਗੁਰੂ ਕੇ ਲੰਗਰ, ਮੇਲੇ ਤੇ ਰੌਣਕਾਂ ਸਭ ਚਲੀਆਂ ਗਈਆਂ। ਇਕ ਸਾਧਾਰਨ ਫਕੀਰਾਂ ਦੀ ਹਾਲਤ

Sri Satguru Jagjit Singh Ji eLibrary NamdhariElibrary@gmail.com

ਵਿਚ ਦਾਤਾਰ ਬੈਠੇ ਸਨ। ਉਹਨਾਂ ਦੀਆਂ ਅੱਖਾਂ ਵਿਚ ਜਲ ਭਰ ਆਇਆ ਉਹ ਕਿੰਨਾਂ ਚਿਰ ਚਰਨਾਂ ਉਪਰ ਮਥਾ ਟੇਕਦੇ ਰਹੇ।

ਗੁਰੂ ਜੀ ਨੇ ਚਰਨਾਂ ਤੋਂ ਉਠਾਇਆ, ਪਰੇਮ ਨਾਲ ਗਲ ਲਾਇਆ ਤੇ ਬਚਨ ਕੀਤਾ-'ਪੁਰਸ਼ੋ ! ਹੌਂਸਲਾ ਕਰੋ। ਜੋ ਕੁਝ ਜਗਤ ਵਿਚ ਹੁੰਦਾ ਹੈ ਉਹ ਅਕਾਲ ਪਰਖ ਦੇ ਹਕਮ ਨਾਲ ਹੁੰਦਾ ਹੈ। ਬੀਤੀ ਤੇ ਚਿੰਤਾ ਨਹੀਂ ਕਰਨੀ ਚਾਹੀਦੀ। ਤੁਸਾਂ ਦਾ ਗੁਰੂ ਨਾਲ ਪਰੇਮ ਤੁਸਾਂ ਨੂੰ ਨਿਹਾਲ ਕਰੇ।'

ਇਸ ਦੇ ਪਿਛੋਂ ਸਾਧਾਰਨ ਗਲਾਂ ਹੁੰਦੀਆਂ ਰਹੀਆਂ। ਆਖਰ ਸਤਿਗੁਰੂ ਜੀ ਨੇ ਬਚਨ ਕੀਤਾ, ਪਰੇਮੀਓਂ, ਅਸਾਂ ਅਜ ਏਥੋਂ ਜਾਣਾ ਹੈ। ਜਾਣ ਵਾਸਤੇ ਕੋਈ ਵਸੀਲਾ ਸੋਚਣਾ ਚਾਹੀਦਾ ਹੈ। ਸ਼ਾਹੀ ਫੌਜ ਸਾਰੇ ਬਾਹਰੇ ਵਿਚ ਖਿਲਰ ਗਈ ਹੈ।

ਗਨੀ ਖਾਂ-ਸਚੇ ਪਾਤਿਸ਼ਾਹ ! ਇਹ ਤਾਂ ਠੀਕ ਹੈ ਕਿ ਸ਼ਾਹੀ ਫੌਜ ਦੇ ਸਿਪਾਹੀ ਚੱਪਾ ਚੱਪਾ ਧਰਤੀ ਤੇ ਖਲੋਤੇ ਹਨ। ਘਰ ਘਰ ਲਭਦੇ ਫਿਰਦੇ ਹਨਾਜੀ ਜੀ ਨੂੰ ਪੁਛਿਆ ਜਾ ਰਿਹਾ ਹੈ, ਤਲਾਸ਼ੀਆਂ ਹੋ ਰਹੀਆਂ ਹਨ। ਇਸ ਹਾਲਤ ਵਿਚ ਅਗੇ ਜਾਣਾ ਔਖਾ ਹੈ ਪਰ ਬੰਦਾ ਇਕ ਸਲਾਹ ਦੇਂਦਾ ਹੈ ਜੇ ਪਰਵਾਨ ਕਰੋ ਤਾਂ ਠੀਕ ਹੈ।

ਸਤਿਗੁਰੂ ਜੀ-ਕੈਸੀ ਸਲਾਹ ਹੈ ?

ਗਨੀ ਖਾਂ-ਦੀਨਦੁਨੀ ਦੇ ਮਾਲਕ!ਨਾਚੀਜ਼ ਜਿਹੇ ਬੰਦੇ ਦੀ ਬੇਨਤੀ ਹੈਕਿ ਮਸਲਮਾਨ ਫਕੀਰਾਂ ਵਰਗਾ ਲਿਬਾਸ ਬਣਾਇਆ ਜਾਵੇ। ਨੀਲਾ ਰੰਗ ਚੰਗਾ ਹੈ। ਅਸੀਂ ਆਪਨੂੰ ਉਚ ਦਾ ਪੀਰ ਪਰਗਟ ਕਰਕੇ ਪਾਲਕੀ ਵਿਚ ਬਿਠਾ ਕੇ ਚੁਕਕੇ ਮਾਲਵੇ ਨੂੰ ਜਾਂ ਜਿਧਰ ਆਖੋ ਉਧਰੇ ਹੀ ਲੈ ਚਲਦੇ ਹਾਂ।ਇਸ ਨਾਲੋਂ ਹੋਰ ਚੰਗਾ ਢੰਗ ਕੋਈ ਨਹੀਂ। ਅਗੇ ਜੋ ਖੁਦਾ ਦੀ ਇਛਾ ਹੋਵੇਗੀ ਸੋਈ ਹੋਵੇਗਾ। ਅਸੀਂ ਦੋਵੇਂ ਭਰਾ ਆਪ ਦੀ ਸੇਵਾ ਕਰਕੇ ਜਨਮ ਸਫਲਾ ਕਰਨਾ ਚਾਹੁੰਦੇ ਹਾਂ। ਜੇ ਸੇਵਾ ਕਰਦਿਆਂ ਹੋਇਆਂ ਮਰਨਾ ਵੀ ਪਵੇ ਤਾਂ ਵੀ ਮਰਨ ਤੋਂ ਨਹੀਂ ਝਿਜਕਾਂਗੇ ਬਸ ਹੁਕਮ ਕਰੋ।

ਭਾਈ ਦਯਾ ਸਿੰਘ ਤੇ ਧਰਮਸਿੰਘ ਜੀ ਵੀ ਇਕ ਜ਼ਬਾਨ ਛੇਤੀ ਨਾਲ

Sri Satguru Jagjit Singh Ji eLibrary NamdhariElibrary@gmail.com

ਬੋਲ ਪਏ-'ਇਹ ਵਿਉਂਤ ਚੰਗੀ ਹੈ। ਇਹੋ ਕੁਝ ਕਰੋ, ਹੇ ਦਾਤਾ ਇਸ ਵਿਚ ਕੋਈ ਹਰਜ ਨਹੀਂ, ਨੀਤੀ ਤੋਂ ਕੰਮ ਲੈਣਾ ਅਧਰਮ ਨਹੀਂ ਧੋਖਾ ਨਹੀਂ।'

ਗੁਰੂ ਜੀ ਸੋਚਣ ਲਗ ਪਏ। ਉਸ ਸੋਚ ਸਮੇਂ ਸ਼ਾਇਦ ਆਪ ਨੇ ਪ੍ਰਭੂ ਪ੍ਰਮਾਤਮਾ ਪਾਸੋਂ ਆਗਿਆ ਮੰਗੀ। ਉਨ੍ਹਾਂ ਪਾਸੋਂ ਸਲਾਹ ਲਈ। ਥੋੜਾ ਚਿਰ ਸੋਚਣ ਪਿਛੋਂ ਬਚਨ ਕੀਤਾ-'ਹਛਾ ਇਉਂ ਹੀ ਕੀਤਾਂ ਜਾਵੇ।ਮਾਈ ਗੁਰਦੇਈ ਨੇ ਖੱਦਰ ਦਿਤਾ। ਇਸ ਖੱਦਰ ਨੂੰ ਨੀਲਾ ਰੰਗਿਆ ਜਾਵੇ। ਜਿਸ ਤਰਾਂ ਦਾ ਚੋਲਾ ਸਵਾਉਣਾ ਚਾਹੁੰਦੇ ਜੇ ਮੁਵਾ ਲਵੋ। ਭਾਈ ਗੁਲਾਬਾ ਇਸ ਸੇਵਾ ਨੂੰ ਕਰੇ ਤੇ ਕਲ ਚਲੇ ਜਾਣਾ ਹੈ। ਭਾਈ ਗੁਲਾਬਾ ਵੀ ਕੁਝ ਘਬਰਾ ਰਿਹਾ ਹੈ। ਇਸਦੀ ਆਤਮਾ ਨੂੰ ਦੁਖੀ ਨਹੀਂ ਕਰਨਾ।ਕਾਜ਼ੀ ਤੇ ਬ੍ਰਾਹਮਣ ਗਵਾਂਢੀ ਵੀ ਸੋਚ ਰਹੇ ਹਨ ਕਿ ਉਹ ਅਸਾਂ ਨੂੰ ਗ੍ਰਿਫਤਾਰ ਕਰਵਾ ਕੇ ਇਨਾਮ ਪ੍ਰਾਪਤ ਕਰਨ। ਉਹਨਾਂ ਦੀ ਨੀਤ ਭੈੜੀ ਹੋ ਗਈ ਹੈ।

ਉਸ ਵੇਲੇ ਗੁਲਾਬੇ ਨੂੰ ਸਦਿਆ। ਉਸਨੇ ਕਪੜੇ ਨੂੰ ਰੰਗ ਦਿਆ ਤੇ ਉਹਦੇ ਘਰ ਵਾਲੀ ਨੇ ਦਰਜਣਾਂ ਨੂੰ ਸਦਕੇ ਜਿਵੇਂ ਦਸਿਆ ਗਿਆ ਸੀ ਤਿਵੇਂ ਚੋਲੇ ਸਵਾ ਦਿਤੇ। ਇਹ ਸਾਰਾ ਕੰਮ ਹੋ ਗਿਆ ਤਾਂ ਰਾਤ ਨੂੰ ਸਫਰ ਕਰਨ ਦੀ ਥਾਂ ਦਿਨੇ ਸੁਵਖਤੇ ਹੀ ਇਕ ਪਾਲਕੀ ਵਿਚ ਸਤਿਗੁਰੂ ਜੀ ਨੂੰ ਬੈਠਾਇਆ ਗਿਆ, ਗਨੀ ਖਾਂ ਤੇ ਨਬੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਨੇ ਪਾਲਕੀ ਨੂੰ ਉਠਾਇਆ ਤੇ ਭਾਈ ਦਇਆ ਸਿੰਘ ਜੀ ਸੇਵਕ ਬਣ ਗਏ। 'ਉਚ ਦਾ ਪੀਰ' ਬਣਾ ਕੇ ਸਤਿਗੁਰੂ ਜੀ ਨੂੰ ਲੈ ਤੁਰੇ।

ਮਾਛੀਵਾੜੇ ਦੇ ਬਾਹਰ ਸਰਕਾਰੀ ਆਦਮੀਆਂ ਨੇ ਪੁਛਿਆ-ਪਾਲਕੀ ਵਿਚ ਕੌਣ ਹੈ ?

'ਪੀਰ ਸਾਹਿਬ!'ਗਨੀ ਖਾਂ ਨੇ ਉਤਰ ਦਿਤਾ। ਸ਼ਾਹੀ ਫੌਜ ਦੇ ਆਦਮੀਆਂ ਨੇ ਸਲਾਮ ਕੀਤੀ ਤੇ ਰਾਹ ਦੇ ਦਿਤਾ। ਏਸੇ ਤਰਾਂ ਤੁਰੇ ਗਏ ਤਾਂ ਇਕ ਥਾਂ ਮੁਗਲ ਫੌਜਦਾਰ ਕੁਝ ਕਰੜੇ ਸੁਭਾ ਦਾ ਸੀ। ਉਸ ਨੂੰ ਸ਼ਕ ਪਿਆ ਕਿ ਹੋ ਸਕਦਾ ਹੈ ਸਤਿਗੁਰੂ ਜੀ ਹੀ ਭੇਸ ਬਦਲਕੇ ਜਾ ਰਿਹਾ ਹੋਵੇ। ਉਸਨੇ ਪਾਲਕੀ ਰੋਕ ਲਈ ਤੇ ਸਵਾਲ ਕਰਨੇ ਸ਼ੁਰੂ ਕੀਤੇ। ਗਨੀ ਖਾਂ ਤੇ ਨਬੀ ਖਾਂ ਕਿਉਂਕਿ

Sri Satguru Jagjit Singh Ji eLibrary NamdhariElibrary@gmail.com

ਨਸਲੀ ਤੇ ਜਨਮ ਕਰਕੇ ਮੁਸਲਮਾਨ ਸਨ ਤੇ ਰਹਿਣੀ ਬਹਿਣੀ, ਬੋਲ ਚਾਲ ਸਭ ਕੁਝ ਅਸਲ ਹੋਣ ਕਰਕੇ ਜਦੋਂ ਉਹ ਗਲ ਕਰਦੇ ਤੇ ਉਹਨਾਂ ਦੇ ਸਵਾਲਾਂ ਦੇ ਪੂਰੇ ਉਤਰ ਦੇਂਦੇ ਸਨ ਤਾਂ ਅਫਸਰ ਨੂੰ ਕੁਝ ਤਸਲੀ ਹੁੰਦੀ ਸੀ ਕਿ ਸ਼ਾਇਦ ਇਹ 'ਉਚ ਦੇ ਪੀਰ' ਸਚਮੁਚ ਹੀ ਮੁਸਲਮਾਨ ਹੋਣ। ਫਿਰ ਵੀ ਉਸ ਨੇ ਤਸਲੀ ਕਰਨ ਬਦਲੇ ਇਹ ਸਲਾਹ ਕੀਤੀ ਤੇ ਪੀਰਾਂ ਦੀ ਰੋਟੀ ਵਰਜੀ। ਗਨੀ ਖਾਂ ਬਹੁਤ ਹੁਸ਼ਿਆਰ ਸੀ ਉਸਨੇ ਕਿਹਾ- ਜਹਾਂ ਪਨਾਹ, ਪੀਰ ਜੀ ਦਾ ਰੋਜਾ ਹੈ ਕਿਉਂਕਿ ਆਪ ਨੇ ਹੁਣੇ ਹੀ ਚਿਲੀਹਾ ਕਟਿਆ ਹੈ ਤੇ ਅਜੇ ਅੰਨ ਜਲ ਬਹੁਤਾ ਨਹੀਂ ਛਕਦੇ। ਆਪਨੂੰ ਸ਼ਕ ਨਹੀਂ ਕਰਨਾ ਚਾਹੀਦਾ।' ਏਸੇ ਤਰਾਂ ਬਹੁਤ ਚਿਰ ਬਹਿਸ ਹੁੰਦੀ ਰਹੀ।

ਆਖਰ ਫੌਜਦਾਰ ਨੇ ਇਕ ਕਾਜ਼ੀ ਨੂੰ ਸਦਿਆ ਜੋ ਸਤਿਗੁਰੂ ਜੀ ਦਾ ਚੰਗੀ ਤਰਾਂ ਜਾਣੂ ਸੀ। ਉਸ ਕਾਜੀ, ਮਜਹਬੀ ਜੋਸ਼ ਤੋਂ ਰਹਿਤ ਇਨਸਾਨ ਸੀ। ਉਸ ਨੇ ਆਉਂਦਿਆਂ ਹੀ ਸਤਿਗੁਰੂ ਜੀ ਨੂੰ ਸਿਆਣ ਲਿਆ। ਸਿਆਣ ਕੇ ਸਲਾਮ ਆਖੀ ਪਰ ਫੌਜਦਾਰ ਨੂੰ ਪਤਾ ਨਾ ਲਗਣ ਦਿਤਾ। ਰਜਕੇ ਦਰਸ਼ਨ ਕੀਤੇ, ਨਿਹਾਲ ਹੋਇਆ ਤਾਂ ਉਸਨੇ ਫੌਜਦਾਰ ਨੂੰ ਕਿਹਾ-ਸ਼ੱਕ ਕਰਨ ਦੀ ਲੋੜ ਨਹੀਂ। ਇਹ ਉਚ ਦੇ ਪੀਰ ਦੀਨ ਦੁਨੀਆਂ ਦੇ ਮਾਲਕ ਹਨ। ਐਸੇ ਖੁਦਾ ਦੇ ਪਿਆਰਿਆਂ ਉਤੇ ਸ਼ਕ ਕਰਨਾ ਚੰਗਾ ਨਹੀਂ। ਜਾਣ ਦਿਓ ਖੁਦਾ ਮੇਹਰ ਰਖੇ।

ਅੰਤਰਜਾਮੀ ਸਤਿਗੁਰੂ ਜੀ ਸਾਰੇ ਭੇਤ ਨੂੰ ਜਾਣ ਗਏ ਕਿ ਕਾਜ਼ੀ ਹੁਰੀਂ ਉਹਨਾਂ ਦੇ ਬਦਲੇ ਝੂਠ ਬੋਲ ਰਹੇ ਹਨ। ਸਾਹਿਬਾਂ ਨੇ ਜਬਾਨੋਂ ਕੁਝ ਕਹਿਣ ਬਿਨਾਂ ਹੀ ਉਸਦਾ ਧੰਨਵਾਦ ਕੀਤਾ। ਉਸਨੂੰ ਨਿਹਾਲ ਕੀਤਾ ਤੇ ਜਨਮ ਮਰਨ ਦਾ ਬੰਧਨ ਕਟ ਦਿਤਾ।

ਕਾਜੀ ਦੇ ਆਖਣ ਨੂੰ ਫੌਜਦਾਰ ਦੇ ਸਚ ਮੰਨ ਲਿਆ ਤੇ ਪਾਲਕੀ ਨੂੰ ਅਗੇ ਜਾਣ ਦੀ ਖੁਲ੍ਹ ਦਿਤੀ। ਉਸ ਖਤਰੇ ਦੇ ਟਲਣ ਪਿਛੋਂ ਇਹ ਛੋਟਾ ਜਿਹਾ ਜਥਾ ਅਗੇ ਅਗੇ ਤੁਰਿਆ ਗਿਆ। ਪੂਰੀ ਮੰਜਲ ਕਰਨ ਪਿਛੋਂ ਹੇਹੜ ਪਿੰਡ ਜੋ ਜਿਲਾ ਲੁਧਿਆਣਾ ਵਿਚ ਹੈ ਓਥੇ ਪਹੁੰਚ ਗਏ।

Sri Satguru Jagjit Singh Ji eLibrary NamdhariElibrary@gmail.com

੧੩. ਆਪਣੇ ਪਰਾਏ ਤੇ ਪਰਾਏ ਆਪਣੇ

ਹੋਹੜ ਪਿੰਡ ਪੁਜਕੇ ਸਤਿਗੁਰੂ ਜੀ ਬਹੁਤ ਸਾਰੇ ਸ਼ਾਹੀ ਫੌਜੀ ਖਤਰੇ ਤੋਂ ਦੂਰ ਹੋ ਗਏ ਪਰ ਬਿਲਕੁਲ ਖਤਰਾ ਦੂਰ ਨਹੀਂ ਸੀ ਹੋਇਆ ਉਸੇ ਪਿੰਡ ਵਿਚ ਮਹੰਤ ਕ੍ਰਿਪਾਲ ਦਾਸ ਰਹਿੰਦਾ ਸੀ। ਇਹ ਕਦੀ ਸਤਿਗੁਰੂ ਜੀ ਦੀ ਹਜੂਰੀ ਵਿਚ ਰਹਿ ਆਇਆ ਸੀ ਤੇ ਭੰਗਾਣੀ ਦੇ ਜੁਧ ਵਿਚ ਇਸਨੇ ਬਹੁਤ ਬਹਾਦਰੀ ਦਿਖਾਈ ਸੀ, ਪੰਜ ਕੁ ਸਾਲ ਅਨੰਦਪੁਰ ਰਹਿਕੇ ਆਪਣੇ ਪਿੰਡ ਆ ਗਿਆ ਸੀ। ਫਿਰ ਕਦੀ ਕਦਾਈ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਜਾਇਆ ਕਰਦਾ ਸੀ।

ਜੇਠਨੇਤ ਨਾਲ ਜਦ ਗੁਰੂ ਜੀ ਪਿੰਡ ਦੇ ਲਾਗੇ ਪੁਜੇ ਤਾਂ ਬਾਲ ਤੇ ਇਸਤ੍ਰੀਆਂ ਦਰਸ਼ਨਾਂ ਵਾਸਤੇ ਆਣ ਇਕਠੇ ਹੋਏ। ਉਸ ਇਕਠ ਨੂੰ ਦੇਖਕੇ ਮਹੰਤ ਕਿਰਪਾਲ ਦਾਸ ਵੀ ਨੇੜੇ ਆ ਪੁਜਾ। ਉਸ ਨੇ ਭਾਈ ਦਯਾਸਿੰਘ ਤੇ ਗੁਰੂ ਜੀ ਨੂੰ ਪਛਾਣ ਲਿਆ। ਅਗੇ ਹੋਕੇ ਨਮਸ਼ਕਾਰ ਕੀਤੀ, ਸੁਖ ਸਾਂਦ ਪੁਛਣ ਪਿਛੋਂ ਉਸਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ, ਪ੍ਰਭੂ, ਏਥੇ ਆਰਾਮ ਕਰੋ ਕੁਝ ਸੇਵਾ ਕਰ ਲਵਾਂ।

ਸਾਹਿਬਾਂ ਨੇ ਬੇਨਤੀ ਨੂੰ ਪਰਵਾਨ ਕਰ ਲਿਆ। ਮਹੰਤ ਕ੍ਰਿਪਾਲ ਦਾਸ ਨੇ ਡੇਰੇ ਸਾਹਿਬ ਜਾ ਉਤਰੇ। ਉਥੇ ਪੁਜਕੇ ਸਾਹਿਬਾਂ ਨੇ ਇਕ ਹੁਕਮਨਾਮਾ ਦੇ ਕੇ ਗਨੀ ਖਾਂ ਤੇ ਨਬੀ ਖਾਂ ਨੂੰ ਵਿਦਾ ਕੀਤਾ। ਭਾਵੇਂ ਉਹ ਅਜੇ ਜਾਣਾ ਨਹੀਂ ਸਨ ਚਾਹੁੰਦੇ, ਫਿਰ ਵੀ ਉਹਨਾਂ ਨੂੰ ਭੇਜ ਦਿਤਾ ਕਿ ਉਹ ਹੁਣ ਜਾ ਕੇ ਆਪਣਾ ਕੰਮ ਧੰਦਾ ਕਰਨ।

ਉਨ੍ਹਾਂ ਨੂੰ ਵਿਦਾ ਕਰ ਦਿਤਾ ਮਹੰਤ ਕ੍ਰਿਪਾਲ ਦਾਸ ਕੋਲ ਰਹਿਣ ਲਗੇ ਦੋ ਦਿਨਬੀਤੇ ਤਾਂ ਮਹੰਤ ਕ੍ਰਿਪਾਲਦਾਸ ਬਾਦਸ਼ਾਹੀ ਹੁਕਮ ਕੋਲੋਂ ਡਰਗਿਆਉਹ ਸੋਚਣ ਲਗਾ,ਮੈਂ ਬਹੁਤ ਭੁਲ ਕੀਤੀ,ਪਿੰਡ ਦੇ ਚੌਧਰੀਆਂ ਨੂੰ ਜਦੋਂ ਪਤਾ ਲਗ ਗਿਆ, ਤਦੋਂ ਉਨ੍ਹਾਂ ਨੇ ਸਰਕਾਰ ਦੇ ਆਦਮੀਆਂ ਨੂੰ ਪਤਾ ਦੇ ਦੇਣਾ ਹੈ। ਸਰਕਾਰੀ ਆਦਮੀ ਆਉਣਗੇ ਤੇ ਮੈਨੂੰ ਵੀ ਫੜ ਲੈਣਗੇ। ਬਾਲ ਬਚੇ ਸਮੇਤ

Sri Satguru Jagjit Singh Ji eLibrary NamdhariElibrary@gmail.com

ਕਤਲ ਕੀਤਾ ਜਾਵਾਂਗਾ। ਘਰ ਘਾਟ ਸਾੜ ਦੇਣਗੇ। ਮੈਂ ਕੀ ਖਟਣਾ ਹੈ। ਕਿਉਂ ਨਾ ਸਤਿਗੁਰਾਂ ਨੂੰ ਜਵਾਬ ਦੇ ਦੇਵਾਂ ਤੇ ਅਗੇ ਤੋਰ ਦੇਵਾਂ।

ਇਉਂ ਮਨ ਹੀ ਮਨ ਵਿਚ ਵਿਚਾਰਾਂ ਕਰਕੇ ਉਹ ਸਤਿਗੁਰੂ ਜੀ ਦੇ ਪਾਸ ਜਾ ਬੈਠਾ। ਦੁਸ਼ਮਣਾਂ ਦੀ ਸ਼ਕਤੀ ਦੀ ਉਸਤਤ ਕਰਨ ਲਗਾ ਤੇ ਗਲੀਂ ੨ ਕਹਿਣ ਲਗਾ ਕਿ ਹੋ ਸਕਦਾ ਹੈ ਕਿ ਤੁਰਕ ਆਕੇ ਸਤਿਗੁਰੂ ਜੀ ਨੂੰ ਗ੍ਰਿਫ-ਤਾਰ ਕਰ ਲੈਣ। ਖਤਰਾ ਹੀ ਖਤਰਾ ਹੈ। ਸਤਿਗੁਰੂ ਜੀ ਉਸ ਦੇ ਕਮਜੋਰ ਮਨ ਦੀ ਨਿਰਬਲ ਅਵਸਥਾ ਨੂੰ ਜਾਣ ਗਏ। ਉਹਨਾਂ ਨੇ ਬਚਨ ਕੀਤਾ, ਕ੍ਰਿਪਾਲ ਦਾਸਾ, ਅਸੀਂ ਆਪ ਹੀ ਅਗੇ ਚਲੇ ਹਾਂ ਚਿੰਤਾ ਨਾ ਕਰ। ਖੁਸ਼ੀ ਰਹੋ ਤੇਰੀ ਜਾਨ, ਤੇਰੇ ਪਰਵਾਰ ਦੀ ਜਾਨ ਤੇ ਤੇਰਾ ਘਰ ਘਾਟ ਸਭ ਬਚਿਆ ਰਹੇ। ਅਸੀਂ ਤੇਰੇ ਦੁਸ਼ਮਣ ਨਹੀਂ, ਅਕਾਲ ਪੁਰਖ ਅਸਾਂ ਦਾ ਰਾਖਾ ਹੈ। ਜੋ ਉਸਦੀ ਇਛਾ ਹੈ ਸੋਈ ਹੋਵੇਗਾ। ਅਸੀਂ ਕਿਸੇ ਹੋਰ ਥਾਂ ਜਾ ਸਿਰ ਲੁਕਾਉਂਦੇ ਹਾਂ। ਤਸੀਂ ਤਰਕਾਂ ਦੇ ਯਾਰ ਹੋ।

ਐਸੇ ਬਚਨਾਂ ਨੂੰ ਸੁਣਕੇ ਮਹੰਤ ਕ੍ਰਿਪਾਲਦਾਸ ਸ਼ਰਮਿੰਦਾ ਨਹੀਂ ਹੋਇਆ। ਉਹ ਰਤਾ ਚੁਪ ਹੀ ਕੀਤਾ ਰਿਹਾ। ਉਸਦੀ ਮਤ ਮਾਰੀ ਜਾ ਚੁਕੀ ਸੀ। ਉਹ ਸਵਾਰਥ ਬਦਲੇ ਆਪਣੇ ਆਪ ਨੂੰ ਨਰਕਾਂ ਦਾ ਭਾਗੀ ਬਣਾ ਰਿਹਾ ਸੀ। ਉਹ ਅਭਾਗਾ ਹਠ ਤੇ ਰਿਹਾ ਉਸਨੇ ਸਤਿਗੁਰੂ ਜੀ ਪਾਸੋਂ ਖਿਮਾ ਨਹੀਂ ਮੰਗੀ ਉਹ ਸਤਿਗੁਰੂ ਜੀ ਦੇ ਕੋਲੋਂ ਉਠ ਕੇ ਤੁਰ ਗਿਆ।

ਮਹੰਤ ਕ੍ਰਿਪਾਲਦਾਸ ਦੀ ਅਗਿਆਨਤਾ ਤੇ ਖੁਦਗਰਜ਼ੀ ਨੂੰ ਦੇਖ ਕੇ ਭਾਈ ਦਯਾ ਸਿੰਘ ਦੀ ਤਾਂ ਇਛਾ ਹੋਈ ਕਿ ਓਸਨੂੰ ਝਟਕਾ ਹੀ ਦਿਤਾ ਜਾਵੇ। ਇਕ ਸਿਖ ਹੋਕੇ ਐਸਾ ਅਕ੍ਰਿਤਘਣ ਹੋਵੇ ਕਿ ਆਪਣੇ ਸਤਿਗੁਰੂ ਜੀ ਨੂੰ ਘਰ ਵਿਚ ਨਿਵਾਸ ਨਾ ਕਰਨ ਦੇਵੇ, ਐਸੇ ਪੁਰਸ਼ ਨੂੰ ਜੂਨੀਆਂ ਵਿਚ ਜੀਉਣ ਦਾ ਕੋਈ ਹੱਕ ਨਹੀਂ ਪਰ ਸਮਾਂ ਆਗਿਆ ਨਹੀਂ ਸੀ ਦੇਂਦਾ ਕਿ ਕਿਸੇ ਤਰਾਂ ਦੇ ਝਗੜੇ ਨੂੰ ਦੇਖਿਆ ਜਾਵੇ। ਹੇਹੜੇਂ ਤੁਰਕੇ ਸਤਿਗੁਰੂ ਜੀ 'ਜਟਪੁਰੇ' ਪੁਜੇ।

ਜਟ ਪੁਰੇ ਵਿਚ ਇਕ ਰਜਿਆ ਪੁਜਿਆ ਜਟ ਮੁਸਲਮਾਨ ਰਾਏ ਕੱਲਾ ਸੀ ਉਹ ਗੁਰੂ ਘਰ ਦਾ ਸ਼ਰਧਾਲੂ ਸੀ। ਸਤਿਗੁਰੂ ਜੀ ਉਸ ਦੇ ਖੂਹ ਉਤੇ ਜਾ

Sri Satguru Jagjit Singh Ji eLibrary NamdhariElibrary@gmail.com

ਬਿਰਾਜੇ, ਸਬੱਬ ਨਾਲ ਖੂਹ ਉਤੇ ਸੀ। ਜਿਸ ਸਮੇਂ ਉਸਨੂੰ ਪਤਾ ਲਗਾ ਕਿ ਅਨੰਦਪੁਰ ਦਾ ਮਾਲਕ ਉਹਦੇ ਘਰ ਆਇਆ ਹੈ ਤਾਂ ਉਸ ਨੇ ਬਹੁਤ ਖੁਸ਼ੀ ਮਨਾਈ ਉਹ ਨੱਠਾ ਨੱਠਾ ਪਿੰਡ ਗਿਆ। ਪਿੰਡੋ ਬਰਤਨ ਲਿਆਇਆ ਤੇ ਮੱਝਾਂ ਚੋ ਕੇ ਉਸ ਨੇ ਸਤਿਗੁਰੂ ਜੀ ਨੂੰ ਦੁਧ ਪਿਲਾਉਣ ਦੇ ਪਿਛੋਂ ਸਾਰੀ ਵਾਰਤਾ ਸਣੀ। ਭਾਈ ਦਇਆ ਸਿੰਘ ਜੀ ਨੇ ਅਨੰਦਪੁਰ ਦੇ ਛਡਣ ਦਾ ਸਾਰਾ ਹਾਲ ਸੁਣਾ ਦਿਤਾ।

ਦੁਖ ਭਰੀ ਕਥਾ ਨੂੰ ਸੁਣਕੇ ਰਾਇਕਲੇ ਦੀਆਂ ਅੱਖਾਂ ਵਿਚ ਜਲ ਆ ਗਿਆ। ਉਸਨੇ ਤੁਰਕਾਂ ਨੂੰ ਬਹੁਤ ਬੁਰਾ ਭਲਾ ਕਿਹਾ। ਹਥ ਜੋੜਕੇ ਅਰਜ਼ ਕੀਤੀ, ਦਾਤਾ ਇਹ ਠੀਕ ਹੈ ਮੈਂ ਮੁਸਲਮਾਨ ਹਾਂ ਪਰ ਮੇਰੇ ਉਤੇ ਭਰੋਸਾ ਕਰੋ ਮੈਂ ਆਪ ਦਾ ਸੇਵਕ ਹਾਂ, ਮੈਨੂੰ ਕਿਸੇ ਦਾ ਡਰ ਨਹੀਂ। ਆਪ ਮੇਰੇ ਪਾਸ ਰਹੋ ਮੈਂ ਸੇਵਾ ਕਰਾਂਗਾ। ਹੋਰ ਵੀ ਜੋ ਸੇਵਾ ਦਸੋ ਮੈਂ ਕਰਨ ਨੂੰ ਤਿਆਰ ਹਾਂ। ਮੇਰੇ ਧੰਨਭਾਗ ਜੋ ਮੈਨੂੰ ਆਪ ਦੇ ਦਰਸ਼ਨ ਹੋ ਗਏ। ਮੈਂ ਅਪਰਾਧੀ ਹਾਂ। ਸੇਵਾ ਕਰਕੇ ਮੇਰਾ ਭਲਾ ਹੋ ਜਾਵੇ। ਦੋਜ਼ਕ ਦੀ ਅੱਗ ਦਾ ਭੈ ਲਗਦਾ ਹੈ।

ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਉਹਨਾਂ ਨੇ ਬਚਨ ਕੀਤਾ, ਹੱਛਾ! ਅਸੀਂ ਤੇਰੇ ਪਾਸ ਰਹਾਂਗੇ। ਇਕ ਕੰਮ ਹੈ, ਜੋ ਤੁਸੀਂ ਜ਼ਰੂਰ ਕਰਵਾਓ ਉਹ ਕੰਮ ਇਹ ਹੈ ਕਿ ਅਸਾਂ ਸੁਣਿਆਂ ਹੈ ਮਾਤਾ ਜੀ (ਮਾਤਾ ਗੂਜਰੀ ਜੀ) ਤੇ ਛੋਟੇ ਲਾਲ ਸਰਹੰਦ ਦੇ ਨਵਾਬ ਦੇ ਹਥ ਆ ਗਏ ਹਨ। ਉਹਨਾਂ ਨਾਲ ਕੀ ਬੀਤੀ ਹੈ ? ਉਹ ਕਿਸ ਹਾਲਤ ਵਿਚ ਹਨ ? ਇਹ ਪਤਾ ਮੰਗਵਾ ਕ ਦਵੋ।

ਰਾਏ ਕਲੇ ਨੇ ਉਸੇ ਵੇਲੇ 'ਮਾਹੀ' ਨਾਮ ਦੇ ਇਕ ਆਦਮੀ ਨੂੰ ਸਦਿਆ ਮਾਹੀ ਬਹੁਤ ਤੇਜ ਘੋੜ ਸਵਾਰ ਤੇ ਹੁਸ਼ਿਆਰ ਆਦਮੀ ਸੀ। ਉਹ ਗੁਰੂ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਸਰਹੰਦ ਨੂੰ ਚਲਿਆ ਗਿਆ ਤੇ ਦੂਸਰੇ ਦਿਨ ਆ ਗਿਆ। ਉਸਨੇ ਮਾਤਾ ਗੂਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਹਾਲ ਸਤਿਗੁਰੂ ਜੀ ਨੂੰ ਸੁਣਾਇਆ।

Sri Satguru Jagjit Singh Ji eLibrary NamdhariElibrary@gmail.com

੧੪.ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਜਿਵੇਂ ਪਿਛੇ ਦਸਿਆ ਗਿਆ ਹੈ ਕਿ ਸਰਸਾ ਦੇ ਪਾਰਲੇ ਕੰਢੇ ਲਗ ਕੇ ਮਾਤਾ ਗੂਜਰੀ ਜੀ ਤੇ ਛੋਟੇ ਸਾਹਿਬਜਾਦੇ ਬਾਕੀ ਦੇ ਪਰਵਾਰ ਨਾਲੋਂ ਵਿਛੜ ਗਏ ਸਨ ਤੇ ਉਹਨਾਂ ਦੇ ਨਾਲ ਰਸੋਈਆ ਗੰਗੂ ਬ੍ਰਾਹਮਣ ਸੀ । ਇਸ ਬ੍ਰਾਹਮਣ ਦਾ ਪਿੰਡ 'ਖੇੜੀ' ਰੋਪੜ ਦੇ ਇਲਾਕੇ ਵਿਚ ਸੀ।

ਗੰਗੂ ਦਾ ਮਨ ਬੇਈਮਾਨ ਹੋ ਗਿਆ। ਮਾਤਾ ਜੀ ਪਾਸ ਇਕ ਖਚਰ ਸੀ ਜਿਸ ਉਤੇ ਖੁਰਜੀ ਵਿਚ ਬਹੁਤ ਸਾਰੀਆਂ ਮੋਹਰਾਂ ਤੇ ਸੋਨੇ ਚਾਂਦੀ ਦੇ ਜੇਵਰ ਸਨ। ਉਸਦੀ ਨੀਤ ਹੋਈ ਕਿ ਉਹ ਸਾਰੇ ਧਨ ਪਦਾਰਥ ਨੂੰ ਠਗ ਲਵੇ। ਸਾਰੀ ਆਯੂ ਸੁਖ ਦੇ ਦਿਨ ਕਟੇਗਾ।

ਮਾਤਾ ਜੀ ਜਦੋਂ ਬਹੁਤ ਘਬਰਾਏ ਹੋਏ ਸਨ ਤਾਂ ਉਸ ਪਾਪੀ ਨੇ ਸਲਾਹ ਦਿਤੀ-ਮਾਤਾ ਜੀ,ਡਰਨ ਵਾਲੀ ਕੋਈ ਗਲ ਨਹੀਂ, ਮੇਰੇ ਨਾਲ ਮੇਰੇ ਪਿੰਡ ਚਲੋ, ਅਮਨ ਹੋਣ ਤੇ ਸਤਿਗੁਰੂ ਜੀ ਦੀ ਭਾਲ ਕਰਕੇ ਉਹਨਾਂ ਦੇ ਪਾਸ ਚਲੇ ਚਲਾਂਗੇ। ਉਤਨਾ ਚਿਰ ਤੁਸਾਂ ਨੇ ਮੇਰੇ ਪਿੰਡ ਰਹਿਣਾ। ਉਥੇ ਕਿਸੇ ਨੂੰ ਪਤਾ ਨਹੀਂ ਲਗਣਾ। ਵੈਰੀ ਦਾ ਡਰ ਕੋਈ ਨਹੀਂ । ਮੈਂ ਤੁਸਾਂ ਦੀ ਸੇਵਾ ਕਰਾਂਗਾ ਮੈਂ ਬਹੁਤ ਚਿਰ ਤੁਸਾਂ ਦਾ ਨਿਮਕ ਖਾਧਾ ਹੈ। ਮੇਰੇ ਤੇ ਭਰੋਸਾ ਕਰੋ।

ਉਸ ਦੇ ਐਸੇ ਮਿਠੇ ਬਚਨਾਂ ਨੂੰ ਸਚ ਜਾਣ ਕੇ ਮਾਤਾ ਜੀ ਪੋਤਰਿਆਂ ਨੂੰ ਨਾਲ ਲਈ ਖੇੜੀ ਵਲ ਤੁਰੀ ਗਏ। ਸਿਆਲਾਂ ਦੀ ਠਰੀ ਹੋਈ ਰਾਤ ਸੀ, ਮੀਂਹ ਤੇ ਝਖੜ ਵੀ ਆਪਣਾ ਬਲ ਦਿਖਾ ਰਿਹਾ ਸੀ। ਮਾਸੂਮ ਬਚੇ ਬਿਰਧ ਮਾਤਾ ਜੀ ਠੰਢ ਨਾਲ ਸੁੰਨ ਹੁੰਦੇ ਜਾਂਦੇ ਸਨ । ਵਾਹਿਗੁਰੂ ਤੋਂ ਬਿਨਾਂ ਉਨਾਂ ਦਾ ਕੋਈ ਆਸਰਾ ਨਹੀਂ ਸੀ। ਠੰਢ ਦੇ ਫਾਂਟੇ ਨੂੰ ਝਲਦੇ ਹੋਏ ਦਿਨ ਦੇ ਚੜ੍ਹਾ ਨਾਲ ਖੇੜੀ ਪੁਜ ਗਏ।

ਵੈਰੀ ਰੋਪੜ ਦੇ ਇਲਾਕੇ ਵਿਚ ਬਹੁਤ ਸੀ। ਇਸ ਕਰਕੇ ਗੰਗੂ ਨੇ ਮਾਤਾ ਜੀ ਤੇ ਬਚਿਆਂ ਨੂੰ ਇਕ ਕੋਠੜੀ ਵਿਚ ਬਿਠਾ ਦਿਤਾ ਤੇ ਬਾਹਰੋਂ ਬੂਹਾ ਮਾਰ ਦਿਤਾ ਤਾਂਕਿ ਕਿਸੇ ਪਿੰਡ ਵਾਲੇ ਨੂੰ ਵੀ ਉਹਨਾਂ ਦੇ ਆਉਣ ਦੀ ਸੂਹ ਨਾ

Sri Satguru Jagjit Singh Ji eLibrary NamdhariElibrary@gmail.com

ਲਗ ਜਾਵੇ। ਇਸਤਰ੍ਹਾਂ ਕੋਠੜੀ ਵਿਚ ਬੰਦ ਤਿੰਨ ਚਾਰ ਦਿਨ ਬਤੀਤ ਹੋ ਗਏ।

ਧਨ ਨੂੰ ਦੇਖਕੇ ਗੰਗੂ ਨੂੰ ਘੇਰਾਂ ਪੈ ਰਹੀਆਂ ਸਨ। ਉਹ ਛੇਤੀ ਤੋਂ ਛੇਤੀ ਧਨ ਵਾਲੀ ਛਟ ਨੂੰ ਚੁਕਕੇ ਪਾਸੇ ਕਰ ਦੇਣਾ ਚਾਹੁੰਦਾ ਸੀ ਪਰ ਉਸ ਦਾ ਦਾਅ ਨਹੀਂ ਸੀ ਲਗਦਾ ਕਿਉਂਕਿ ਮਾਤਾ ਜੀ ਜਾਗਦੇ ਰਹਿੰਦੇ ਸਨ। ਚਿੰਤਾ ਦੇ ਕਾਰਨ ਉਹਨਾਂ ਨੂੰ ਨੀਂਦ ਨਹੀਂ ਸੀ ਆਉਂਦੀ।

ਇਕ ਰਾਤ ਮੀਂਹ ਵਰ੍ਹ ਰਿਹਾ ਸੀ ਅੱਧੀ ਰਾਤ ਸਮੇਂ ਗੰਗੂ ਉਸ ਕਮਰੇ ਵਿਚ ਵਿਚ ਪੂਜਾ ਤੇ ਛਟ ਚੁਕਕੇ ਬਾਹਰ ਲੈ ਗਿਆ। ਮਾਤਾਜੀ ਹਨੇਰੇ ਵਿਚ ਜਾਣ ਗਏ ਕਿ ਧਨ ਦੀ ਛਟ ਨੂੰ ਗੰਗੂ ਪਾਪੀ ਚੁਕ ਕੇ ਲਿਜਾ ਰਿਹਾ ਹੈ ਪਰ ਉਹ ਕੁਝ ਕਹਿ ਨ ਸਕੇ। ਧਨ ਦੀ ਛਟ ਨੂੰ ਬਿਲੇਲਾਕੇ ਗੰਗੂ ਨੇ ਰੌਲਾ ਪਾਇਆ ਕਿ ਉਹਦੇ ਘਰ ਚੋਰ ਲਗੇ ਹਨ। ਮਾਤਾ ਜੀ ਨੇ ਉਸਨੂੰ ਕੋਲ ਸਦਕੇ ਕਿਹਾ, ਚੋਰ ਤਾਂ ਕੋਈ ਆਯਾ ਨਹੀਂ ਤੈਨੂੰ ਅਸਾਂ ਦੇਖਿਆ ਸ੍ਰੀ ਕਿ ਤੂੰ ਛਟ ਨੂੰ ਚੁਕੀ ਜਾ ਰਿਹਾ ਹੈਂ। ਅਸਾਂ ਜਾਤਾ ਸ਼ਾਇਦ ਉਸ ਧਨ ਨੂੰ ਤੂੰ ਕਿਸੇ ਚੰਗੀ ਲੁਕਵੀਂ ਥਾਂ ਸਾਂਭਣ ਵਾਸਤੇ ਖੜਿਆ ਹੈ। ਰੋਲਾ ਪਾਣ ਦੀ ਲੋੜ ਨਹੀਂ ਜੇ ਤੈਨੂੰ ਧਨ ਦੀ ਲੋੜ ਹੈ ਤਾਂ ਅੱਧਾ ਧਨ ਮੰਗਕੇ ਹੀ ਲੈ ਲੈ, ਐਵੇਂ ਦੁਖੀਆਂ ਨੂੰ ਹੈਰਾਨ ਨਾ ਕਰ, ਅਸੀਂ ਤੈਨੂੰ ਚੋਰ ਨਹੀਂ ਬਣਾਉਂਦੇ। ਦਿਨਾਂ ਦਾ ਗੇੜ ਹੈ, ਲੰਘ ਜਾਵੇਗਾ ਤੇ ਅਸਾਂ ਦੇ ਦਿਨ ਚੰਗੇ ਆ ਜਾਣਗੇ। ਅਕਾਲ ਪੁਰਖ ਦੀ ਕਿਰਪਾ ਨਾਲ ਧਨ ਪਦਾਰਥ ਦਾ ਘਾਟਾ ਨਹੀਂ।

ਧਨ ਦੇ ਲਾਲਚ ਨੇ ਗੰਗੂ ਦੀ ਮਤ ਮਾਰ ਦਿਤੀ ਸੀ। ਉਹ ਇਕ ਕਿਸਮ ਦਾ ਪਾਗਲ ਹੋ ਗਿਆ ਸੀ। ਮਾਤਾ ਜੀ ਦੇ ਬਚਨਾਂ ਦਾ ਅਸਰ ਉਸਨੇ ਉਲਟਾ ਕਢਿਆ। ਸਚਾ ਹੋਣ ਬਦਲੇ ਬਹੁਤਾ ਰੋਲਾ ਪਾਇਆ ਤੇ ਗੁਸੇ ਨਾਲ ਬੋਲਿਆ, 'ਨੇਕੀ ਦਾ ਫਲ ਇਹ ਕਿ ਚੋਰ ਬਣਾ ਰਹੇ ਹੋ। ਮੈਂ ਤੁਹਾਨੂੰ ਵੈਰੀਆਂ ਕੋਲੋਂ ਬਚਾ ਕੇ ਲਿਆਇਆ, ਠੰਢ ਵਿਚ ਮਰਿਆ। ਹਛਾ! ਮਾੜਾ ਕਰ ਰਹੇ ਹੋ। ਇਸਦਾ ਫਲ ਭੁਗਤਣਾ ਪਵੇਗਾ। ਮੈਂ ਅਜ ਹੀ.....।

ਦੁਸ਼ਟ ਦੇ ਪਿਛਲੇ ਸ਼ਬਦਾਂ ਨੇ ਮਾਤਾ ਜੀ ਦੇ ਦਿਲ ਨੂੰ ਹਿਲਾ ਦਿਤਾ। ਉਹ ਅਗੇ ਹੀ ਚਿੰਤਾ ਤੇ ਭੈ ਨਾਲ ਘਬਰਾਈ ਹੋਈ ਸੀ, 'ਮੈਂ ਅੱਜ ਹੀ' ਸੁਣ ਕੇ

Sri Satguru Jagjit Singh Ji eLibrary NamdhariElibrary@gmail.com

ਉਹ ਕਿਆਸ ਕਰਨ ਲੱਗੀ ਕਿ ਕਿਤੇ ਅੱਜਹੀ ਉਹ ਵੈਰੀਆਂ ਨੂੰ ਨਾ ਦਸ ਦੇਵੇ ਜੇ ਵੈਰੀਆਂ ਨੂੰ ਪਤਾ ਲਗ ਗਿਆ ਤਾਂ ਮੇਰੇ ਮਾਸੂਮ ਪੋਤ੍ਰਿਆਂ ਦੀਆਂ ਜਾਨਾਂ ਖਤਰਿਆਂ ਤੋਂ ਖਾਲੀ ਨਹੀਂ ਰਹਿਣਗੀਆਂ। ਅਜੇ ਪੁਤ੍ਰ ਦਾ ਪਤਾ ਨਹੀਂ ਓਹ ਕਿਥੇ ਹੈ ? ਦੋਂਹ ਪੋਤ੍ਰਿਆਂ ਬਾਰੇ ਕਿਸੇ ਕੁਝ ਨਹੀਂ ਦਸਿਆ, ਮੇਰੀਆਂ ਨੂੰਹਾਂ ਕਿਧਰ ਗਈਆਂ ਹਨ?ਇਹ ਵੀ ਕੋਈ ਨਹੀਂ ਦਸ ਸਕਦਾ।ਹੁਣ ਇਹ ਲੋਹੜਾ ਮਾਰ ਰਿਹਾ ਹੈ।ਕਾਲ ਚੱਕ੍ਰ ਕੈਸਾ ਹੈ ਆਪਣੇ ਵੀ ਵੈਰੀ ਬਣ ਰਹੇ ਹਨ। ਨਿਮਕ ਖਾਣ ਵਾਲੇ ਨਿਮਕ ਹਰਾਮ ਹੋ ਰਹੇ ਹਨ।'ਇਉਂ ਵਿਚਾਰਦੀ ਹੋਈ ਮਾਤਾ ਜੀ ਨੇ ਪ੍ਰਗਟ ਤੌਰ ਤੇ ਗੰਗੂ ਨੂੰ ਕਿਹਾ-ਵੇ ਪੁਤ੍ਰਾ!ਇਸ ਗਲ ਨੂੰ ਏਥੇ ਹੀ ਠੱਪ ਦੇਹ ਦੇਖੀਂ ਕਿਤੇ ਲੋਹੜਾ ਨਾ ਮਾਰੀਂ। ਮੈਂ ਬਹੁੜੀ ਕਰਦੀ ਹਾਂ।ਮੇਰੀਆਂ ਅੱਖੀਆਂ ਦੇ ਇਹ ਦੋ ਤਾਰੇ ਫੁਲਾਂ ਨਾਲੋਂ ਕੋਮਲ ਹਨ। ਜ਼ਾਲਮਾਂ ਤੇ ਜ਼ਲਾਦਾਂ ਦੀ ਕਰੋਧ ਦੀ ਅਗਨੀ ਦਾ ਸੇਕ ਸ਼ਾਇਦ ਨਾ ਝਲ ਸਕਣ । ਧਨ ਦੀ ਪ੍ਰਵਾਹ ਨਹੀਂ। ਧਨ ਪ੍ਰਾਪਤ ਹੋ ਸਕਦਾ ਹੈ, ਵਾਹਿਗੁਰੂ ਤੇਰਾ ਭਲਾ ਕਰੇਗਾ। ਨੇਕੀ ਦਾ ਫਲ ਨੇਕੀ ਮਿਲਦਾ ਹੈ। ਵਾਹਿਗੁਰੂ ਹਰ ਇਕ ਮਨੁਖ ਦੇ ਹਰ ਇਕ ਕਰਮ ਨੂੰ ਦੇਖਦਾ ਹੈ, ਸਤਿਗੁਰੂ ਨਾਨਕ ਜੀ ਦਾ ਵਾਸਤਾ ਹੈ ਦੇਖੀਂ ਕਿਸੇ ਨੂੰ ਅਸਾਂ ਦਾ ਏਥੇ ਹੋਣਾ ਨਾ ਦਸੀਂ।

ਮਾਤਾ ਜੀ ਨੇ ਇਹਨਾਂ ਬਚਨਾਂ ਦਾ ਅਸਰ ਦੁਸ਼ਟ ਦੇ ਮਨ ਉਤੇ ਕੁਝ ਨਾ ਹੋਇਆ, ਉਹ ਆਪਣੀ ਜੜ੍ਹ ਪੁਟਣ ਵਾਸਤੇ ਤਿਆਰ ਹੋ ਪਿਆ। ਧਨ ਹਜ਼ਮ ਕਰਨ ਵਾਸਤੇ ਉਸ ਨੇ ਇਹ ਫੈਸਲਾ ਕੀਤਾ ਕਿ ਉਹ ਮੁਰੰਡੇ ਦੇ ਥਾਣੇ ਜਾਕੇ ਉਥੋਂ ਦੇ ਪਠਾਣਾਂ ਨੂੰ ਇਤਲਾਹ ਦੇ ਆਵੇਗਾ ਕਿ ਗੁਰੂ ਸਾਹਿਬ ਜੀ ਦੇ ਦੋ ਲਾਲ ਉਸ ਦੁਸ਼ਟ ਦੇ ਘਰ ਹਨ ਉਹ ਫੜਾ ਦੇਵੇਗਾ। ਬਸ ਧਨ ਦੀ ਛਟ ਉਹਦੇ ਕੋਲ ਰਹਿ ਜਾਵੇਗੀ। ਡਰ ਕੀ ਹੈ, ਗੁਰੂ ਜੀ ਨੇ ਤਾਂ ਹੁਣ ਕਿਤੇ ਮਿਲਣਾ ਨਹੀਂ।

ਮੁਗਲਾਂ ਦਾ ਰਾਜ ਹੈ। ਮੁਗਲ ਮੇਰੀ ਸਹਾਇਤਾ ਕਰਨਗੇ। ਸਿੰਘਾਂ ਦਾ ਡਰ ਹੀ ਨਹੀਂ ਰਿਹਾ ਕਿਉਂਕਿ ਸਿੰਘ ਰਹੇ ਹੀ ਨਹੀਂ।

ਬਸ ਇਉਂ ਦਲੀਲਾਂ ਕਰਦਾ ਹੋਇਆ ਅਕ੍ਰਿਤਘਣ ਬ੍ਰਾਹਮਣ

Sri Satguru Jagjit Singh Ji eLibrary NamdhariElibrary@gmail.com

ਮੁਸਲਮਾਨ ਚੌਧਰੀ ਦੇ ਪਾਸ ਆ ਪੁਜਿਆ।ਉਸਨੂੰ ਸਾਰੀ ਗਲ ਸਮਝਾ ਮੁਰੰਡੇ ਭੇਜਿਆ ਤੇ ਮੁਰੰਡੇ ਤੋਂ ਘੋੜ ਸਵਾਰ ਪੁਜੇ। ਉਨ੍ਹਾਂ ਨੇ ਉਸ ਮਕਾਨ ਨੂੰ ਘੇਰ ਲਿਆ,ਜਿਥੇ ਮਾਤਾ ਜੀ ਤੇ ਗੁਰੂ ਜੀ ਦੇ ਲਾਲ ਸਨ।ਮੁਰੰਡੇ ਦੇ ਪਠਾਣ ਚੜ੍ਹਕੇ ਆ ਪੁਜੇ।ਕੋਠੇ ਨੂੰ ਘੇਰਾ ਪਾਕੇ ਉਨ੍ਹਾਂ ਨੂੰ ਐਸਾ ਪ੍ਰਗਟ ਕੀਤਾ ਜਿਵੇਂ ਗੰਗੂ ਨੇ ਉਨ੍ਹਾਂ ਨੂੰ ਇਤਲਾਹ ਨਹੀਂ ਦਿਤੀ ਸਗੋਂ ਉਹ ਲਭਦੇ ਹੋਏ ਆਏ ਹਨ। ਗੰਗੂ ਬੁਰਾ ਜਿਹਾ ਮੂੰਹ ਬਣਾਕੇ ਮਾਤਾ ਜੀ ਪਾਸ ਗਿਆ ਤੇ ਕਹਿਣ ਲਗਾ-ਮਾਤਾ ਜੀ!ਮੈਂ ਹੁਣ ਕੀ ਕਰਾਂ ਤੁਰਕ ਫੌਜੀਆਂ ਨੇ ਮੇਰੇ ਘਰ ਨੂੰ ਘੇਰਾ ਪਾ ਲਿਆ ਹੈ, ਕਿਉਂਕਿ ਉਨ੍ਹਾਂ ਨੂੰ ਆਪ ਜੀ ਏਥੇ ਹੋਣ ਦਾ ਪਤਾ ਲਗ ਚੁਕਾ ਹੈ। ਮੈਂ ਹੁਣ ਕਿਸੇ ਤਰਾਂ ਵੀ ਤੁਸਾਂਦੀ ਸਹਾਇਤਾ ਨਹੀਂ ਕਰ ਸਕਦਾ। ਨਾ ਤੁਸਾਂ ਨੂੰ ਕਿਸੇ ਰਸਤੇ ਨਿਤੇ ਭੇਜ ਸਕਦਾ ਹਾਂ।ਹੁਣ ਤਾਂ ਦੁਸ਼ਮਣ ਦੇ ਹਵਾਲੇ ਹੋਣਾ ਪਵੇਗਾ। ਬਾਕੀ ਧਨ ਦਾ ਸ਼ਕ ਮੇਰੇ ਤੇ ਨਾ ਕਰਨਾ ਮੈਂ ਚੋਰੀ ਨਹੀਂ ਕੀਤੀ।ਕੋਈ ਹੋਰ ਹੀ ਤੁਸਾਂ ਦਾ ਧਨ ਚੁਰਾਕੇ ਲੈ ਗਿਆ ਹੈ। ਉਠੋ ਤੇ ਤਿਆਰ ਹੋਵੋ ਮੇਰੇ ਘਰੋਂ ਨਿਕਲਣ ਵਾਸਤੇ,ਨਹੀਂ ਤੇ ਤੁਰਕਾਂ ਨੇ ਮੇਰਾ ਘਰ ਸਾੜ ਦੇਣਾ ਹੈ।ਆਪਣੇ ਅੰਤ ਦੇ ਨਾਲ ਮੇਰਾ ਅੰਤ ਨਾ ਕਰੋ। ਜਾਓ ਤੁਸਾਂ ਦਾ ਵਾਹਿਗੁਰੂ ਸ਼ਾਇਦ ਤੁਸਾਂ ਦੀ ਸਹਾਇਤਾ ਕਰੇ।

ਇਉਂ ਦੁਸ਼ਟ ਗੰਗੂ ਨੇ ਮਨੋ ਭਾਵਾਂ ਨੂੰ ਪ੍ਰਗਟ ਕੀਤਾ। ਦੁਸ਼ਟ ਦੀ ਮੱਤ ਮਾਰੀ ਗਈ ਸੀ। ਪਾਪ ਕਰਨ ਦੇ ਨਾਲ ਕੰਬਦਾ ਹੋਯਾ ਉਹਦਾ ਹਿਰਦਾ ਉਸੇ ਨੂੰ ਫਿਟਕਾਰਾਂ ਪਾ ਰਿਹਾ ਸੀ। ਉਹਦੇ ਕੋਲੋਂ ਗਲ ਸਿਧੀ ਨਹੀਂ ਸੀ ਹੁੰਦੀ। ਉਹ ਏਧਰ ਓਧਰ ਦੀਆਂ ਗਲਾਂ ਮਾਰਕੇ ਸਚੇ ਹੋਣ ਦਾ ਯਤਨ ਕਰਦਾ ਰਿਹਾ ਪਰ ਉਸਦੀ ਝੂਠੀ ਬਕਵਾਸ ਸੁਣਕੇ ਮਾਤਾ ਜੀ ਨੂੰ ਬਹੁਤ ਕਰੋਧ ਆਯਾ।ਮਾਤਾ ਜੀ ਨੇ ਦਲੇਰੀ ਨਾਲ ਉਸਨੂੰ ਲਾਹਨਤਾਂ ਪਾਈਆਂ, ਦੁਸ਼ਟਾ ! ਤੇਰੇ ਵਰਗੇ ਅਕ੍ਰਿਤਘਣ, ਪਾਪੀ ਤੇ ਦੇਸ ਧਰੋਹੀ ਪਾਸੋਂ ਇਹੋ ਹੀ ਆਸ ਹੋ ਸਕਦੀ ਹੈ। ਤੂੰ ਮਾਸੂਮ ਬਚਿਆਂ ਤੇ ਤਰਸ ਨਹੀਂ ਕੀਤਾ ਤੇਰਾ ਸਤਯਾਨਾਸ ਹੋ ਜਾਵੇਗਾ। ਤੇਰਾ ਕੱਖ ਨਹੀਂ ਰਹਿਣਾ, ਜੋ ਕੁਝ ਤੂੰ ਲੁਕਾਯਾ ਤੇ ਚੁਰਾਯਾ ਹੈ ਉਹ ਵੀ ਤੇਰੇ ਕੋਲ ਨਹੀਂ ਰਹਿਣਾ। ਤੁਰਕ ਸਾਰਾ ਧਨ ਲੈ ਜਾਣਗੇ, ਤੇਰੀ ਕੁਲ ਨਾਸ

Sri Satguru Jagjit Singh Ji eLibrary NamdhariElibrary@gmail.com

ਹੋਵੇਗੀ। ਪਾਪੀਆ ! ਗੁਰੂ ਅੰਸ ਨਾਲ ਧੱਕਾ ਤੇ ਧੋਖਾ ਕਰਕੇ ਤੂੰ ਕਦੀ ਸੁਖ ਨਹੀਂ ਪਾਉਣਾ। ਇਹ ਮਾਸੂਮ ਤਾਂ ਸ਼ਾਇਦ ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਵਿਚ ਕਾਮਯਾਬ ਹੋ ਜਾਣਗੇ ਪਰ ਤੂੰ ਜ਼ਰੂਰ ਨਰਕਾਂ ਵਿਚ ਜਾ ਪਵੇਂਗਾਂ ਤੇਰੀ ਬਹਤ ਭੈੜੀ ਬਾਬ ਹੋਵੇਗੀ।

ਇਉਂ ਮਾਤਾ ਜੀ ਗੰਗੂ ਨੂੰ ਲਾਹਨਤਾਂ ਪਾ ਹੀ ਰਹੇ ਸਨ ਕਿ ਤੁਰਕ ਆ ਪੁਜੇ। ਉਨ੍ਹਾਂ ਨੇ ਕਿਹਾ–ਏ ਬੁਢੀਏ, ਇਨ੍ਹਾਂ ਬਾਲਾਂ ਸਮੇਤ ਕੋਠੇ ਤੋਂ ਬਾਹਰ ਆ। ਤੇਰੇ ਪਾਸ ਜੋ ਕੁਝ ਧਨ ਪਦਾਰਥ ਹੈ ਉਹ ਦਸ ਕਿਥੇ ਹੈ।

ਅਕਾਲਪੁਰਖ ਨੇ ਗੰਗੂ ਦੀ ਮੌਤ ਪਹਿਲਾਂ ਹੀ ਲੈ ਆਂਦੀ। ਮਾਤਾ ਜੀ ਦੀ ਜ਼ਬਾਨੋਂ ਸਾਫ ਨਿਕਲ ਗਿਆ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਪੁਤ੍ਰ ਹਨ, ਮੈਂ ਉਨ੍ਹਾਂ ਦੀ ਮਾਤਾ ਹਾਂ। ਅਸਾਂ ਕੋਲ ਜੋ ਧਨ ਪਦਾਰਥ ਸੀ ਉਹ ਇਸ ਗੰਗੂ ਨੇ ਲੁਕਾਕੇ ਰਖ ਲਿਆ ਹੈ। ਧਨ ਇਸ ਕੋਲੋਂ ਪੁਛ ਲਵੋ ਤੇ ਅਸੀਂ ਹਾਜਰ ਹਾਂ।ਅਸਾਂ ਨੂੰ ਜਿਥੇ ਇਛਾ ਹੈ ਲੈ ਚਲੋ ਪਰ ਚੰਗਾ ਤਾਂ ਇਹ ਹੈ ਕਿ ਇਹਨਾਂ ਮਾਸੂਮ ਬਚਿਆਂ ਤੇ ਤਰਸ ਕਰੋ ਕਿਉਂਕਿ ਕੋਈ ਧਰਮ ਆਗਿਆ ਨਹੀਂ ਦੇਂਦਾ ਇਸਤ੍ਰੀ ਤੇ ਮਾਸੂਮ ਬਚਿਆਂ ਉਤੇ ਜੁਲਮ ਕੀਤਾ ਜਾਵੇ,ਮਾਸੂਮ ਬਚੇ ਨਿਰਦੋਸ਼ ਹਨ। ਅੱਜ ਤਕ ਕਿਸੇ ਬਾਦਸ਼ਾਹ ਨੇ ਕਿਸੇ ਦੁਸ਼ਮਣ, ਬਾਗੀ ਜਾਂ ਮੁਖਾਲਫ ਦੇ ਮਾਸੂਮ ਬਚਿਆਂ ਉਤੇ ਜੁਲਮ ਨਹੀਂ ਕੀਤਾ।

ਮਾਤਾ ਜੀ ਦੇ ਇਨ੍ਹਾਂ ਵਾਕਾਂ ਵਲ ਤੁਰਕਾਂ ਨੇ ਕੋਈ ਖਿਆਲ ਨਾ ਕੀਤਾ ਪਰ ਆਪਣੇ ਵਾਕਾਂ ਉਤੇ ਅਮਲ ਕੀਤਾ। ਉਸੇ ਵੇਲੇ ਗੰਗੂ ਨੂੰ ਵੀ ਧੋਣੋਂ ਫੜ ਲਿਆ ਤੇ ਕਿਹਾ–ਕਾਫਰਾ, ਦਸ ਧਨ ਕਿਥੇ ਹੈ। ਕਿਉਂ ਲੁਕਾਇਆ ਹੈ। ਤੇਰਾ ਕੀ ਹਕ ਕਿਸੇ ਦਾ ਮਾਲ ਸਾਂਭੇਂ। ਗੰਗੂ ਨੇ ਅਗੋਂ ਉਰਾ ਪੁਰਾ ਕੀਤਾ ਤਾਂ ਤੁਰਕਾਂ ਨੇ ਲੰਮਾ ਪਾ ਲਿਆ। ਖੂਬ ਤੌਣੀ ਲਾਈ। ਜਦੋਂ ਵਾਹਵਾ ਸੋਟਾ ਲਗਾ ਤਾਂ ਮੋਹਰਾਂ ਤੇ ਗਹਿਣਿਆਂ ਵਾਲੀ ਛਟ ਅੰਦਰੋਂ ਕਢਕੇ ਤੁਰਕਾਂ ਦੇ ਹਵਾਲੇ ਕੀਤੀ। ਰੋ ਰੋ ਸਟਾਂ ਨੂੰ ਅਨੁਭਵ ਕਰਨ ਲਗਾ। ਉਸ ਵੇਲੇ ਉਸ ਨੂੰ ਪਤਾ ਲਗਾ ਕਿ ਉਸ ਨੇ ਮਾੜਾ ਕੀਤਾ। ਕਿਸੇ ਲਈ ਖੂਹ ਪੁਟਣ ਵਾਲੇ ਵਾਸਤੇ ਖਾਤਾ ਤਿਆਰ ਹੁੰਦਾ ਹੈ, ਵਾਲੀ ਗਲ ਹੋਈ। ਜੋ ਸਚੇ

Sri Satguru Jagjit Singh Ji eLibrary NamdhariElibrary@gmail.com

ਪੁਰਸ਼ਾਂ ਨਾਲ ਧੋਖਾ ਕਰਦੇ ਹਨ, ਉਨ੍ਹਾਂ ਨਾਲ ਐਸਾ ਸਲੂਕ ਹੁੰਦਾ ਹੈ। ਮਾਰ ਖਾ ਕੇ ਤੇ ਧਨ ਗਵਾਕੇ ਦੁਸ਼ਟ ਮਾਤਾ ਜੀ ਦੇ ਸਾਹਮਣੇ ਅੱਖਾਂ ਉਚੀਆਂ ਨਹੀਂ ਸੀ ਕਰਦਾ। ਓਹਦੀ ਮਾਂ ਜਿਹੜੀ ਪਾਪ ਕਰਨ ਤੋਂ ਰੋਕਦੀ ਸੀ ਉਹ ਰਾਮ ਨਾਲ ਈ ਮਰ ਗਈ। ਦੁਸ਼ਟ ਗੰਗੂ ਇਕਲਾ ਰਹਿ ਗਿਆ।

ਮੋਰਿੰਡੇ ਦੇ ਪਠਾਣ ਗੰਗੂ, ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਫਤਹਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਸਰਹੰਦ ਨੂੰ ਲੈ ਤੁਰੇ। ਸਰਹੰਦ ਉਸ ਵੇਲੇ ਸੂਬੇਦਾਰੀ ਦੀ ਰਾਜਧਾਨੀ ਸੀ ਤੇ ਵਜੀਰ ਖਾਂ ਸੂਬੇਦਾਰ ਸੀ ਜੋਹੜਾ ਅਨੰਦਪੁਰ ਦੇ ਘੇਰੇ ਕਾਰਣ ਤਿੰਨ ਮਹੀਨੇ ਪਿਛੋਂ ਸ੍ਰਹੰਦ ਪੁਜਿਆ ਸੀ,ਸਤਿਗੁਰੂ ਜੀ ਦੇ ਨਿਕਲ ਜਾਣ ਤੇ ਬਹੁਤ ਉਦਾਸ ਸੀ।

ਦੂਸਰੇ ਦਿਨ ਮਾਤਾ ਜੀ ਤੇ ਸਾਹਿਬਜਾਦਿਆਂ ਨੂੰ ਸਰਹੰਦ ਪਹੁੰਚਾਇਆ ਗਿਆ। ਵਜੀਰ ਖਾਂ ਦੇ ਸੁਕਮ ਨਾਲ ਤਿੰਨਾਂ ਨੂੰ ਕਿਲੇ ਦੇ ਉਚੇ ਬੁਰਜ ਵਿਚ ਨਜਰਬੰਦ ਕਰ ਦਿਤਾ ਗਿਆ।

ਬੁਰਜ ਦਾ ਬੰਦੀਖਾਨਾ !ਸਿਆਲ ਦੇ ਦਿਨਾਂ ਵਿਚ ਬਹੁਤ ਭਿਆਨਕ ਬੰਦੀ ਖਾਨਾ ਸੀ।ਉਚਾ ਹੋਣ ਕਰਕੇ ਬਾਰੀ ਰਾਹੀਂ ਠੰਢੀ ਹਵਾ ਪੈਂਦੀ ਸੀ। ਬਾਰੀਆਂ ਬੰਦ ਨਹੀਂ ਸਨ ਹੋ ਸਕਦੀਆਂ ਹੇਠਾਂ ਫਰਸ਼ ਠੰਡਾ ਸੀ। ਉਪਰ ਲੀੜਾ ਕੋਈ ਨਹੀਂ ਸੀ। ਨਿਕੀਆਂ ੨ ਜਿੰਦਾਂ ਨਜਰਬੰਦ ਸਨ। ਮਾਤਾ ਗੁਜਰੀ ਜੀ ਦੀ ਆਯੂ ਵਡੇਰੀ ਸੀ। ਬੁਢੇਪੇ ਦੇ ਕਾਰਨ ਉਹਨਾਂ ਦੇ ਅੰਗ ਕਮਜੋਰ ਸਨ ਤੇ ਠੰਡ ਨੂੰ ਅਨੁਭਵ ਕਰਦੇ ਸਨ। ਉਸ ਸਮੇਂ ਮਾਤਾ ਜੀ ਅਕਾਲ ਪੁਰਖ ਦੀ ਅਰਾਧਨਾ ਕਰਨ ਲਗੇ।ਅਕਾਲ ਪੁਰਖ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ਸੀ।ਬੰਦੀਖਾਨੇ ਵਿਚ ਰਾਤ ਦੇ ਹਨੇਰੇ ਬੈਠੇ ਹੋਏ ਮਾਤਾਜੀ ਕਈਤਰ੍ਹਾਂ ਦੇ ਖਜਾਲ ਵਿਚਾਰਦੇ ਰਹੇ।ਦੋਹਾਂ ਪੋਤ੍ਰਿਆਂ ਨੂੰ ਗੋਦ ਵਿਚ ਘੁਟਕੇ ਨਿਘਿਆਂ ਕਰਦੇ ਸਨ। ਗੁਰੂ ਤੇਗਬਹਾਦਰ ਜੀ ਤੋਂ ਗੁਰੂ ਗੋਬਿੰਦਸਿੰਘ ਜੀ ਦੇ ਜੀਵਨ ਤਕ ਦਾ ਸਾਰਾ ਸਮਾਂ ਉਨ੍ਹਾਂ ਦੇ ਨੈਣਾਂ ਅਗੋਂ ਦੀ ਇਕ ਫਿਲਮ ਦੀ ਤਰ੍ਹਾਂ ਲੰਘਿਆ। ਚੰਗੇ ਸਮੇਂ ਨੂੰ ਯਾਦ ਕਰਕੇ ਮਾਤਾ ਜੀ ਦੇ ਹਿਰਦੇ ਵਿਚੋਂ ਇਕ ਹੂਕ ਨਿਕਲੀ । ਸਾਰੀ ਰਾਤ ਜਾਗਦਿਆਂ ਹੋਇਆਂ ਬਤੀਤ ਹੋ ਗਈ। ਅੰਨ ਜਲ ਮੂੰਹ ਨਾ

Sri Satguru Jagjit Singh Ji eLibrary NamdhariElibrary@gmail.com

ਲਾਇਆ। ਠੰਡ ਦੇ ਨਾਲ ਸਰੀਰ ਦਾ ਅੰਗ ਅੰਗ ਠੰਡਾ ਹੋ ਗਿਆ।

ਸਵੇਰ ਹੋਈ, ਚੜ੍ਹਦੇ ਪਾਸਿਓਂ ਸੂਰਜ ਬਹੁਤ ਲਾਲ ਹੋਕੇ ਚੜ੍ਹਿਆ ਕਿਤੇ ਦਿਨ ਤਕ ਉਸਨੇ ਰੌਸ਼ਨੀ ਸਾਫ ਨਾ ਦਿਤੀ, ਦੁਨੀਆਂ ਦੇ ਲੋਕਾਂ ਨੇ ਕਿਹਾ, ਅੱਜ ਜਰੂਰ ਕੋਈ ਅਚਰਜ ਘਟਨਾ ਵਾਪਰੇਗੀ ਕਿਉਂ ਸੂਰਜ ਲਹੂ ਰੰਗਿਆ ਹੈ।

ਜਦੋਂ ਰੋਟੀ ਦਾ ਵੇਲਾ ਹੋਇਆ ਤਾਂ ਪਿਆਦੇ ਆਏ। ਉਹਨਾਂ ਨੂੰ ਮਾਤਾ ਜੀ ਨੇ ਪੁਛਿਆ ਤੁਸੀਂ ਕਿਵੇਂ ਆਏ ਹੋ।

ਪਿਆਦਿਆਂ ਨੇ ਅਗੋਂ ਉਤਰ ਦਿਤਾ– ਅਸਾਂ ਨੂੰ ਨਵਾਬ ਵਜ਼ੀਰ ਖਾਂ ਨੇ ਭੇਜਿਆ ਹੈ ਉਹਦੀ ਕਚਹਿਰੀ ਲਗੀ ਹੈ ਸਾਰੇ ਦਰਬਾਰੀ ਆ ਗਏ ਹਨ। ਇਹਨਾਂ ਬਚਿਆਂ ਦਾ ਮੁਕੱਦਮਾ ਪੇਸ਼ ਹੋਵੇਗਾ, ਅਸੀਂ ਬਚਿਆਂ ਨੂੰ ਲੈਣ ਵਾਸਤੇ ਆਏ ਹਾਂ। ਹੇ ਮਾਤਾ ! ਅਸੀਂ ਵੀ ਬਾਲ ਬਚਿਆਂ ਵਾਲੇ ਹਾਂ ਪਰ ਕੀ ਕਰੀਏ ਚੰਦਰੇ ਪੇਟ ਦੀ ਖਾਤਰ ਅਸਾਂ ਨੂੰ ਇਹ ਨੌਕਰੀ ਕਰਨੀ ਪੈਂਦੀ ਹੈ ਅਸੀਂ ਸਮਝਦੇ ਹਾਂ ਕਿ ਹਿੰਦ ਦੇ ਪੀਰ ਦੇ ਮਾਸੂਮ ਬਚੇ ਹਨ।

ਇਹ ਆਖਕੇ ਉਨ੍ਹਾਂ ਨੇ ਬੰਦੀਖਾਨੇ (ਬੁਰਜ) ਦਾ ਬੂਹਾ ਖੋਲ੍ਹ ਦਿਤਾ ਅਤੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘਜੀ ਨੂੰ ਚਲਣ ਵਾਸਤੇ ਆਖਿਆ ਪਿਆਦਿਆਂ ਦੇ ਬੋਲ ਸੁਣਕੇ ਮਾਤਾ ਜੀ ਘਬਰਾ ਗਏ। ਉਨ੍ਹਾਂਦਾ ਸਿਰ ਚਕਰਾ ਗਿਆ, ਉਹ ਗਸ਼ ਖਾਕੇ ਫਰਸ਼ ਉਤੇ ਡਿਗ ਪਏ । ਪਿਆਦੇ ਦੋਹਾਂ ਸਾਹਿਬ-ਜਾਦਿਆਂ ਨੂੰ ਬੁਰਜ ਵਿਚੋਂ ਲੈ ਤੁਰੇ । ਨੌਂ ਤੇ ਸਤ ਸਾਲ ਦੇ ਮਾਸੂਮ ਬਚੇ ਜਾਲਮ ਵਜੀਰ ਖਾਂ ਦੀ ਕਚਹਿਰੀ ਵਿਚ ਪੇਸ਼ ਹੋਣ ਵਾਸਤੇ ਆਏ।

ਜਦੋਂ ਸਾਹਿਬਜ਼ਾਦੇ ਕਚਹਿਰੀ ਵਿਚ ਪੁਜੇ ਤਾਂ ਕਚਹਿਰੀ ਬੰਦਿਆਂ ਨਾਲ ਭਰੀ ਸੀ। ਉਚੇ ਸਿੰਘਾਸਨ ਉਤੇ ਨਵਾਬ ਵਜੀਰ ਖਾਂ ਬੈਠਾ ਸੀ । ਸਾਹਿਬਜਾਦਿਆਂ ਨੇ ਕਚਹਿਰੀ ਵਿਚ ਪੈਰ ਰਖਦੇ ਸਾਰ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਗਜਾਈ। ਫਤਹ ਦੇ ਬੋਲ ਨਾਲ ਕਚਹਿਰੀ ਗੂੰਜ ਉਠੀ।ਉਸ ਗੂੰਜ ਦੇ ਪਿਛੋਂ ਸਾਰੀ ਕਚਹਿਰੀ ਵਿਚ ਮੌਤ ਵਰਗੀ ਚੁਪ ਛਾ ਗਈ। ਕਚਹਿਰੀ ਵਿਚ ਬੈਠੇ ਹੋਏ ਬੰਦੇ ਅੱਖਾਂ ਪਾੜ ਪਾੜ ਕੇ ਮਾਸੂਮ

Sri Satguru Jagjit Singh Ji eLibrary NamdhariElibrary@gmail.com

ਤੇ ਸੁੰਦਰ ਸਾਹਿਬਜਾਦਿਆਂ ਵਲ ਵੇਖਣ ਲਗੇ। ਉਨ੍ਹਾਂ ਦੇ ਚਿਹਰੇ ਦਾ ਨੂਰ ਝਲਿਆ ਨਹੀਂ ਸੀ ਜਾਂਦਾ,ਕਚਹਿਰੀ ਵਿਚ ਪ੍ਰਕਾਸ਼ ਹੋ ਗਿਆ ਤੇ ਉਸ ਪ੍ਰਕਾਸ਼ ਨਾਲ ਵਜੀਰ ਖਾਂ ਨਵਾਬ ਦੀਆਂ ਅੱਖਾਂ ਝੁੰਜਲਾ ਗਈਆਂ'ਫਤਹ ਦੇ ਬੋਲ ਨੇ ਉਸਦੇ ਤਨ ਮਨ ਨੂੰ ਅੱਗ ਲਾ ਦਿਤੀ। ਉਹ ਅਜੇ ਕਰੋਧ ਨਾਲ ਗਰਮ ਹੋਕੇ ਕੁਝ ਬੋਲਣ ਹੀ ਵਾਲਾ ਸੀ ਕਿ ਉਸ ਦਾ ਹਿੰਦੂ ਸਲਾਹਕਾਰ ਸੁਚਾ ਨੰਦ ਕਾਹਲੀ ਨਾਲ ਉਠਕੇ ਸਾਹਿਬਜਾਦਿਆਂ ਕੋਲਆਇਆ ਤੇ ਵਡੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਜੀ ਨੂੰ ਸੰਬੋਧਨ ਕਰਕੇ ਕਹਿਣ ਲਗਾ, ਕਾਕਾ, ਇਹ ਅਸਥਾਨ ਮੁਗਲ ਸਮਰਾਟ ਬਾਦਸ਼ਾਹ ਔਰੰਗਜੇਬ ਦੇ ਸੂਬੇਦਾਰ ਵਜੀਰ ਖਾਂ ਦੀ ਕਚਹਿਰੀ ਹੈ। ਏਥੇ 'ਫਤਹਿ' ਬੁਲਾਉਣੀ ਮਨ੍ਹਾ ਹੈ। ਏਥੇ 'ਸਲਾਮ' ਆਖੀਦਾ ਹੈ। ਇਸ ਕਰਕੇ ਨਵਾਬ ਸਾਹਿਬ ਨੂੰ ਸਲਾਮ ਕਰੋ।

ਨੌਂ ਸਾਲ ਦੇ ਮਾਸੂਮ ਨੌਨਿਹਾਲ ਬਾਬਾ ਜੋਰਾਵਰ ਸਿੰਘ ਜੀ ਨੇ ਮੁਸਕਰਾ ਕੇ ਉਤਰ ਦਿਤਾ,ਦੀਵਾਨ ਜੀ ਅਸੀਂ ਵਾਹਿਗੁਰੂ ਦੀ ਫਤਹ ਬੁਲਾਣ ਤੋਂ ਬਿਨਾਂ ਹੋਰ ਕੁਝ ਸਿਖੇ ਹੀ ਨਹੀਂ,ਅਕਾਲਪੁਰਖ ਦੀ ਪੂਜਾ ਅਤੇ ਵਾਹਿਗੁਰੂ ਦੀ ਫਤਹਿ ਅਸਾਂ ਦਾ ਇਸ਼ਟ ਹੈ।

ਸੁਚਾ ਨੰਦ_ ਏਥੇ ਉਹੋ ਕੁਝ ਕਰਨਾ ਪਵੇਗਾ ਜੋ ਕੁਝ ਏਥੋਂ ਦਾ ਰਵਾਜ ਹੈ।

ਬਾਬਾ ਜੋਰਾਵਰ ਸਿੰਘ ਜੀ_ਅਸੀਂ ਉਹੋ ਕੁਝ ਕਰਨਾ ਜਾਣਦੇ ਹਾਂ ਜੋ ਕੁਝ ਅਸਾਂ ਨੂੰ ਸਿਖਾਇਆ ਹੈ। ਨਵੇਂ ਸਿਖਿਆ ਤੇ ਅਮਲ ਕਰ ਹੀ ਨਹੀਂ ਸਕਦੇ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬਾਬਾ ਜੀ ਨੇ ਸਗੋਂ ਜੋਰ ਨਾਲ ਮੁੜ ਫਤਹਿ ਬੁਲਾਈ।

'ਸੂਲਾਂ ਜੰਮਦੀਆਂ ਦੇ ਮੂੰਹ ਤਿਖੇ ਹਨ' ਸੁਚਾਨੰਦ ਨੇ ਆਖਿਆ ਤੇ ਪਿਛੇ ਹਟ ਗਿਆ। ਉਸਦੇ ਇਸ਼ਾਰੇ ਦਾ ਮਤਲਬ ਨਵਾਬ ਸਮਝ ਗਿਆ।ਇਕ ਮਿੰਟ ਸੋਚਕੇ ਨਵਾਬ ਬੋਲਿਆ_ ਮੈਂ ਤਾਂ ਸਮਝਦਾ ਹਾਂ ਕਿ ਇਹ ਮਾਸੂਮ ਬਚੇ ਹਨ। ਇਨ੍ਹਾਂ ਨੂੰ ਛਡ ਦੇਣਾ ਚਾਹੀਦਾ ਹੈ, ਕਿਉਂਕਿ ਇਸਲਾਮ ਦੀ ਰੂ ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਨਾਰੀ ਤੇ ਮਾਸੂਮ ਬਚੇ ਨੂੰ ਸਜ਼ਾ ਦੇਣੀ ਚੰਗੀ ਨਹੀਂ ਪਰ ਸੁਚਾਨੰਦ ਦੇ ਵਿਚਾਰ ਅਨੁਸਾਰ ਇਹ ਵਡੇ ਹੋਕੇ ਇਸਲਾਮ ਤੇ ਮੁਗਲ ਸਲਤਨਤ ਵਾਸਤੇ ਇਕ ਵਡਾ ਖਤਰਾ ਹੋ ਸਕਦੇ ਹਨ। ਇਨ੍ਹਾਂ ਨੂੰ ਰਿਹਾ ਵੀ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਕਾਹਲ ਵਾਲਾ ਨਹੀਂ ਸੋਚਣ ਵਾਲਾ ਹੈ।

ਨਵਾਬ ਦੇ ਇਹ ਲਫਜ਼ ਸੁਣਕੇ ਕਾਜੀ ਚੁਪ ਨਾ ਕੀਤਾ ਰਿਹਾ। ਉਸਨੇ ਆਪਣੀ ਸਲਾਹ ਦੇਣੀ ਵੀ ਜ਼ਰੂਰੀ ਸਮਝੀ। ਉਸਨੇ ਉਸੇ ਵੇਲੇ ਕਿਹਾ 'ਜਹਾਂ ਪਨਾਹ! ਇਹ ਬਾਲਕ ਜੇ ਮੁਸਲਮਾਨ ਹੋ ਜਾਣ ਤਾਂ ਬਹੁਤ ਚੰਗਾ ਹੈ। ਹਿੰਦੂ ਪੀਰਜਾਦੇ ਹਨ। ਪੀਰਜਾਦੇ ਜੇ ਇਸਲਾਮ ਨੂੰ ਕਬੂਲ ਕਰ ਲੈਣ ਤਾਂ ਬਾਕੀ ਦੇ ਸਿਖ ਵੇਖੋ ਵੇਖੀ ਸਿਖੀ ਨੂੰ ਛਡ ਦੇਣਗੇ।

ਨਵਾਬ ਵਜੀਰ ਖਾਂ-ਗਲ ਤਾਂ ਚੰਗੀ ਹੈ। ਮਨਾ ਦੇਖੋ।

ਨਵਾਬ ਤੇ ਕਾਜੀ ਦੀ ਅੱਖ ਰਲੀ ਦੇਖਕੇ ਕਚਹਿਰੀ ਵਿਚ ਜਿਹੜੇ ਨੇਕ ਇਨਸਾਨ ਬੈਠੇ ਸਨ ਉਹ ਬਹੁਤ ਘਬਰਾ ਗਏ। ਉਹਨਾਂ ਨੇ ਕਿਹਾ, ਜ਼ਰੂਰ ਕੋਈ ਨਾ ਕੋਈ ਭਿਆਨਕ ਘਟਨਾ ਵਾਪਰੇਗੀ, ਇਹ ਸੁੰਦਰ ਤੇ ਮਾਸੂਮ ਬਚੇ ਜੁਲਮ ਦੀ ਅੱਗ ਦਾ ਸੇਕ ਝਲਣ ਵਾਲੇ ਨਹੀਂ। ਕਾਜੀ ਤੇ ਨਵਾਬ ਦੇ ਮੇਲ ਤੋਂ ਚੰਗਾ ਨਤੀਜਾ ਨਹੀਂ ਨਿਕਲ ਸਕਦਾ। ਨਵਾਬ ਮਲੇਰ ਕੋਟਲਾ ਨੇ ਉਠ ਕੇ ਕਿਹਾ-'ਮੇਰੇ ਵਿਚਾਰ ਵਿਚ ਇਹਨਾਂ ਨਾਬਾਲਗ (ਮਾਸੂਮ) ਬਚਿਆਂ ਨੂੰ ਆਜਾਦ ਕਰ ਦੇਣਾ ਚਾਹੀਦਾ ਹੈ। ਨਾ ਕੋਈ ਸਜਾ ਦੇਣੀ ਚਾਹੀਦੀ ਹੈ ਤੇ ਨਾ ਮਸਲਮਾਨ ਬਣਨ ਵਾਸਤੇ ਪਰੇਰਨਾ ਕਰਨੀ ਚਾਹੀਦੀ ਹੈ ਕਿਉਂਕਿ ਇਕ ਤਾਂ ਇਹਨਾਂ ਨੇ ਜੁਰਮ ਕੋਈ ਨਹੀਂ ਕੀਤਾ, ਬਾਪ ਦਾ ਜੁਰਮ ਬੇਟੇ ਵਲ ਖਿੱਚ ਕੇ ਨਹੀਂ ਲਿਆਉਣਾ ਚਾਹੀਦਾ। ਦੂਸਰਾ ਨਾਬਾਲਗ ਗੈਰ ਮੁਸਲਮ ਨੂੰ ਇਸਲਾਮ ਵਿਚ ਦਾਖਲ ਕਰਨਾ ਸ਼ਰ੍ਹਾ ਦੇ ਵਿਰੁਧ ਹੈ।

ਧਰਮੀ, ਨੇਕ ਤੇ ਚੰਗੇ ਇਨਸਾਨ ਦੀ ਗਲ ਸੁਣਨ ਵਾਲੇ ਨਵਾਬ ਦੇ ਕੰਨ ਨਹੀਂ ਸਨ ਰਹੇ। ਉਸਨੇ ਉਹਦੀਆਂ ਗਲਾਂ ਵਲ ਖਿਆਲ ਹੀ ਨਾ ਦਿਤਾ, ਸਗੋਂ ਕਾਜੀ ਵਲ ਮੂੰਹ ਕਰਕੇ ਆਖਿਆ-'ਇਹ ਠੀਕ ਹੈ ਇਹ ਦੋਵੇਂ ਬਾਲਕ ਜਰੂਰ ਮੁਸਲਮਾਨ ਬਣਨੇ ਚਾਹੀਦੇ ਹਨ। ਇਹ ਮੁਸਲਮਾਨ ਬਣ ਗਏ ਤਾਂ

Sri Satguru Jagjit Singh Ji eLibrary NamdhariElibrary@gmail.com

ਇਸਲਾਮ ਵਿਚ ਬਹੁਤ ਵਾਧਾ ਹੋਵੇਗਾ। ਇਹ ਕਦੀ ਇਸਲਾਮ ਦਾ ਨਾਮ ਰੋਸ਼ਨ ਕਰਨਗੇ। ਇਨ੍ਹਾਂ ਨੂੰ ਮੁਸਲਮਾਨ ਹੋਣ ਦੀ ਪਰੇਰਨਾ ਕਰਨੀ ਚਾਹੀਦੀ ਹੈ। ਮੁਹਬਤ ਜਾਂ ਡਰ ਨਾਲ ਜਿਵੇਂ ਹੋਵੇ ਇਹਨਾਂ ਨੂੰ ਮਨਾਉਣਾ ਚਾਹੀਦਾ ਹੈ। ਬਾਦਸ਼ਾਹ ਸਲਾਮਤ ਵੀ ਬਹੁਤ ਪ੍ਰਸੰਨ ਹੋਣਗੇ। ਜਦੋਂ ਉਹ ਸੁਣਨਗੇ ਕਿ ਹਿੰਦ ਦੇ ਪੀਰ ਦੇ ਸਾਹਿਬਜਾਦੇ ਮੁਸਲਮਾਨ ਹੋ ਗਏ ਹਨ, ਅਰਬ ਤਕ ਅਸਾਂ ਦਾ ਨਾਮ ਮਸ਼ਹੂਰ ਹੋਵੇਗਾ। ਹਿੰਦੂਆਂ ਦੇ ਘਰੀਂ ਦੀਵੇ ਬੁਝ ਜਾਣਗੇ ਸਾਰੇ ਇਸਲਾਮ ਦਾ ਸਿਕਾ ਮੰਨਣਗੇ। ਇਹਨਾਂ ਨੂੰ ਪਾਸੇ ਲੈ ਜਾਹ ਤੇ ਮਨਾ ਸਮਝਾ, ਲਾਲਚ ਜਾਂ ਡਰ ਦੇਹ।

ਕਾਜੀ-ਬਹੁਤ ਹਛਾ ਹਜੂਰ, ਮੈਂ ਪੂਰੀ ਹਿੰਮਤ ਕਰਦਾ ਹਾਂ ਕਿ ਇਹ ਖੁਸ਼ੀ ਖੁਸ਼ੀ ਮੁਸਲਮਾਨ ਹੋਣਾ ਪਰਵਾਨ ਕਰ ਲੈਣ, ਚਲੋ ਜੇ ਨਾ ਹੀ ਮੰਨਣਗੇ ਤਾਂ ਕਤਲ ਕਰਵਾ ਦੇਵਾਂਗੇ। ਅਸਾਂ ਦਾ ਕੀ ਵਿਚਲਦਾ ਹੈ। ਪਹਿਲੇ ਤਾਂ ਆਸ ਹੈ ਕਿ ਮੰਨ ਜਾਣਗੇ।

ਇਸਦੇ ਪਿਛੋਂ ਕਾਜੀ ਦੋਹਾਂ ਸਾਹਿਬਜਾਦਿਆਂ ਨੂੰ ਨਾਲ ਲੈ ਕੇ ਕਚਹਿਰੀ ਹਾਲ ਦੇ ਨਾਲ ਦੇ ਕਮਰੇ ਵਿਚ ਲੈ ਗਿਆ। ਉਹ ਕਮਰਾ ਬਹੁਤ ਕੀਮਤੀ ਸਾਮਾਨ ਨਾਲ ਸਜਾਯਾ ਹੋਇਆ ਸੀ। ਸਮਝੋ ਸਵਰਗ ਦਾ ਨਮੂਨਾ ਸੀ। ਉਸ ਕਮਰੇ ਵਿਚ ਜਾਕੇ ਕਾਜੀ ਨੇ ਦੋਹਾਂ ਸਾਹਿਬਜਾਦਿਆਂ ਨੂੰ ਆਸਣਾਂ ਉਤੇ ਬੈਠਣ ਵਾਸਤੇ ਕਿਹਾ। ਉਹ ਚੁਪ ਚਾਪ ਬੈਠ ਗਏ। ਉਹ ਨਾ ਘਬਰਾਏ ਤੇ ਨਾ ਡਰੇ। ਉਹ ਕਾਜੀ ਦੀਆਂ ਹਰਕਤਾਂ ਵਲ ਵੇਖਦੇ ਰਹੇ।

ਬੱਚਿਓ! ਤੁਸੀਂ ਅਜੇ ਬਾਲਕ ਹੋ, ਬਾਲਕ ਵੀ ਬਹੁਤ ਛੋਟੀ ਉਮਰ ਦੇ ਪਰ ਇਉਂ ਜਾਪਦਾ ਹੈ ਕਿ ਸਿਆਣੇ ਮਾਂ ਬਾਪ ਦੀ ਔਲਾਦ ਸਿਆਣੀ ਹੁੰਦੀ ਹੈ ਮੈਂ ਤੁਸਾਂ ਨੂੰ ਅਕਲ ਵਲੋਂ ਸਿਆਣੇ ਸਮਝਦਾ ਹਾਂ। ਕਹਿੰਦਾ ਹਾਂ ਕਿ ਜੋ ਕੁਝ ਨਵਾਬ ਸਾਹਿਬ ਕਹਿੰਦੇ ਹਨ ਉਹ ਕੁਝ ਮੰਨ ਜਾਵੋ। ਜੇ ਮੰਨੋਗੇ ਤਾਂ ਬਹੁਤ ਲਾਭ ਹੋਣਗੇ, ਤੁਸਾਂ ਨੂੰ ਬੜੇ ਸੁਖ ਮਿਲਣਗੇ। ਮੁਸਲਮਾਨਾਂ ਨਵਾਬਾਂ ਦੀਆਂ ਲੜਕੀਆਂ ਨਾਲ ਤੁਸਾਂ ਦੇ ਵਿਆਹ ਕੀਤੇ ਜਾਣਗੇ ਅਤੇ ਤੁਸਾਂ ਨੂੰ ਜਗੀਰਾਂ ਮਿਲਣਗੀਆਂ। ਤੁਸੀਂ ਵੀ ਰਾਜ ਕਰੋਗੇ, ਫੌਜਾਂ ਸੇਵਕ ਸਭ ਕੁਝ

Sri Satguru Jagjit Singh Ji eLibrary NamdhariElibrary@gmail.com

ਹੋਣਗੇ ਪਰ ਜੇ ਮੁਸਲਮਾਨ ਹੋਣਾ ਨਾ ਕਬੂਲ ਕੀਤਾ ਤਾਂ ਤੁਸਾਂ ਨੂੰ ਬਹੁਤ ਦੁਖ ਹੋਵੇਗਾ। ਗਰੀਬੀ ਦੀ ਹਾਲਤ ਵਿਚ ਮਾਰੇਮਾਰੇ ਫਿਰੋਗੇ। ਤੁਸਾਂ ਦੇ ਮਾਂ ਬਾਪ ਦਾ ਪਤਾ ਕੋਈ ਨਹੀਂ ਉਹ ਕਿਥੇ ਹਨ ? ਜੇ ਜੀਉਂਦੇ ਹੋਏ ਤਾਂ ਬਾਦਸ਼ਾਹੀ ਹੁਕਮ ਨਾਲ ਉਹਨਾਂ ਨੂੰ ਕਤਲ ਕਰਵਾਇਆ ਜਾਣਾ ਹੈ। ਇਸ ਵਾਸਤੇ ਤੁਸੀਂ ਮੇਰੀ ਗੱਲ ਮੰਨੋਂ ਤੇ ਸਾਰੀ ਉਮਰ ਸਖ ਪਾਪਤ ਕਰੋ।'

ਕਾਜ਼ੀ ਦੀਆਂ ਇਹ ਗਲਾਂਸੁਣਕੇ ਵਡੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਮੁਸਕ੍ਰਾਏ ਜਿਵੇਂ ਕਿ ਬਹੁਤ ਸਿਆਣਾ ਆਦਮੀ ਮੁਸਕਰਾਉਂਦਾ ਹੈ। ਉਹਨਾਂ ਨੇ ਮੁਸਕ੍ਰਾਉਂਦਿਆਂਹੋਇਆਂ ਆਖਿਆ—'ਕਾਜ਼ੀ ਜੀ!ਬਹਿਸ ਕਰਨ, ਗਲਾਂ ਕਰਨ ਤੇ ਲਾਲਚ ਦੇਣ ਦੀ ਲੋੜ ਨਹੀਂ ਅਸੀਂ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਨਹੀਂ ਛਡ ਸਕਦੇ। ਮੌਤ ਦਾ, ਤੰਗੀ ਦਾ ਸੱਟ ਦਾ ਅਸਾਂ ਨੂੰ ਡਰ ਕੋਈ ਨਹੀਂ।ਐਵੇਂ ਲੁਕ ਕੇ ਜਾਂ ਪਾਸੇ ਕਰਕੇ ਸਮਝਾਉਣ ਦੀ ਲੋੜ ਨਹੀਂ ਤੁਸਾਂ ਜਿਹੜੀ ਕਾਰਵਾਈ ਕਰਨੀ ਹੈ ਉਹ ਕਰੋ। ਅਸੀਂ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਬੇਟੇ ਤੇ ਸਤਿਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ। ਜਿਹੜੇ ਸਤਿਗੁਰੂ ਜੀ ਦਿਲੀ ਵਿਚਸ਼ਹੀਦ ਹੋਏ ਹਨ ਤੇ ਅਸੀਂ ਕਿਵੇਂ ਧਰਮਨੂੰਤਿਆਗ ਸਕਦੇ ਹਾਂ ? ਰਤਾ ਸੋਚੋ। ਕੀ ਮੁਸਲਮਾਨ ਹੋ ਕੇ ਪਿਉ ਦਾਦੇ ਦੇ ਨਾਮ ਨੂੰ ਵੱਟਾ ਲਾਈਏ ? ਕੀ ਇਸਤ੍ਰੀ, ਦੌਲਤ, ਜਗੀਰ, ਫੌਜ ਆਦਿਕ ਵਸਤਆਂ ਸਦਾ ਅਮਰ ਰਹਿੰਦੀਆਂ ਹਨ ? ਕਾਜ਼ੀ ਜੀ! ਇਹਨਾਂ ਝੇੜਿਆਂ ਨੂੰ ਛਡੋ।

ਇਹ ਬਚਨ ਸੁਣਕੇ ਕਾਜ਼ੀ ਦੇ ਤੌਰ ਫਿਰ ਗਏਉਹਦਾ ਸਿਰ ਚਕਰਾ ਗਿਆਉਹ ਹੈਰਾਨ ਜਿਹਾ ਹੋਇਆ ਹੋਇਆ ਕਰੋਧ ਨਾਲ ਬੋਲਿਆ ਇਸਦਾ ਭਾਵ ਇਹ ਹੈ ਕਿ ਤੁਸਾਂ ਨੂੰ ਕਤਲ ਕਰ ਦਿਤਾ ਜਾਵੇ ?

'ਬੇਸ਼ਕ ਕਤਲ ਕਰ ਦੇਵੋ। ਕਤਲ ਕਰਨ ਨਾਲ ਕੀ ਹੋ ਜਾਵੇਗਾ ?'

ਬਾਬਾ ਜੋਰਾਵਰ ਸਿੰਘ ਜੀ ਦਾ ਦੁਲੇਰਾਨਾ ਉਤਰ ਸੀ।

ਕਾਜੀ ਨਿਰਾਸ ਹੋ ਗਿਆ। ਉਹਦੇ ਮਨ ਦੀ ਗਲ ਨਾ ਹੋਈ ਉਸ ਨੂੰ ਮਾਸੂਮ ਬਚਿਆਂ ਕੋਲੋਂ ਹਾਰ ਖਾਣੀ ਪਈ। ਉਹ ਚੁਪ ਚਾਪ ਉਠ ਕੇ ਮੁੜ ਕਚਹਿਰੀ ਵਿਚ ਆ ਗਿਆ ਤੇ ਸਾਹਿਬਜਾਦੇ ਉਸ ਦੇ ਪਿਛੇ ਸਨ।

Sri Satguru Jagjit Singh Ji eLibrary NamdhariElibrary@gmail.com

ਕਾਜ਼ੀ ਨੂੰ ਦੂਰੋਂ ਹੀ ਦੇਖਕੇ ਨਵਾਬ ਵਜ਼ੀਰ ਖਾਂ ਨੇ ਕਾਹਲੀ ਨਾਲ ਪੁਛਿਆ-'ਕਿਉਂ ਜੀ ! ਮੰਨ ਗਏ ?'

ਨਹੀਂ ਜਹਾਂ ਪਨਾਹ ! ਦੀਵਾਨ ਸੁਚਾ ਨੰਦ ਵਾਲੀ ਗਲ ਠੀਕ ਹੀ ਹੈ ਕਿ ਸੱਪਾਂ ਦੇ ਪੁਤ ਮਿਤ ਨਹੀਂ ਹੁੰਦੇ। ਮੂਲਾਂ ਜੰਮਦੀਆਂ ਦੇ ਮੂੰਹ ਤਿਖੇ ਹੁੰਦੇ ਹਨ।' ਕਾਜ਼ੀ ਦਾ ਉਤਰ ਸੀ। ਨਵਾਬ ਹੈਰਾਨੀ ਨਾਲ ਪੁਛਣ ਲਗਾ-

'ਮਾਮਲਾ ਕੀ ਹੈ? ਕੀ ਇਹ ਬੱਚੇ ਮੁਸਲਮਾਨ ਹੋਣਾ ਨਹੀਂ ਮੰਨੇ ?'

ਕਾਜ਼ੀ-'ਨਹੀਂ ਹਜ਼ੂਰ ! ਨਾ ਇਹ ਮੰਨ ਹੀ ਸਕਦੇ ਹਨ।'

ਨਵਾਬ-'ਫਿਰ ਕੀ ਵਰਤਾਉ ਕੀਤਾ ਜਾਵੇ।'

ਕਾਜ਼ੀ'-ਜੋ ਮੁਗਲੀਆ ਹਕੂਮਤ ਵਿਚ ਕਿਸੇ ਬਾਗੀ ਜਾਂ ਕਾਫਰ ਨਾਲ ਕਰਨ ਦਾ ਰਵਾਜ ਹੈ !'

ਨਵਾਬ-'ਮਤਲਬ ਕਤਲ।'

ਕਾਜ਼ੀ-'ਹਾਂ ਹਜ਼ੂਰ। ਸ਼ਰ੍ਹਾ ਇਹੋ ਆਖਦੀ ਹੈ।' 'ਕਤਲ' ਸ਼ਬਦ ਨੇ ਸਾਰੀ ਕਚਹਿਰੀ ਵਿਚ ਮੌਤ ਵਰਗੀ ਚੁਪ ਦਾ ਸਨਾਟਾ ਕਰ ਦਿਤਾ-'ਸਾਰੇ ਹੀ ਅਹਿਲਕਾਰ ਇਕ ਦੂਸਰੇ ਵਲ ਦੇਖਣ ਲਗ ਪਏ।ਜਿਹੜੇ ਇਨਸਾਨ ਸਨ, ਜਿਨ੍ਹਾਂ ਦੇ ਹਿਦਿਆਂ ਵਿਚ ਮਾਸੂਮ ਬਚਿਆਂ ਵਾਸਤੇ ਪਿਆਰ ਤੇ ਦਰਦ ਸੀ ਉਹ ਵੀ ਚੁਪ ਰਹੇ, ਕਿਉਂਕਿ ਮੂੰਹ ਖੋਹਲਣ ਦਾ ਮਤਲਬ ਮੌਤ ਸੀ। ਮੌਤ ਨੂੰ ਆਵਾਜ਼ ਮਾਰਨੀ ਸੀ। ਨਵਾਬ ਮਲੇਰ ਕੋਟਲੇ ਦੇ ਦਿਲ ਨੂੰ ਸੱਟ ਵਜੀ ਉਸ ਨੇ ਕਿਹਾ-'ਨਵਾਬ ਸਾਹਿਬ। ਮਾਸੂਮ ਬੱਚਿਆਂ ਨੂੰ ਕਤਲ ਨਹੀਂ ਕਰਾਉਣਾ ਚਾਹੀਦਾ। ਮਾਸੂਮ ਖੁਦਾ ਦੀ ਆਤਮਾ ਹੁੰਦੇ ਹਨ। ਖੁਦਾ ਦੀ ਰੂਹ (ਆਤਮਾ) ਨੂੰ ਤੋੜਨ ਦਾ ਫਲ ਮਾੜਾ ਹੁੰਦਾ ਹੈ।ਖੁਦਾਈ ਕਹਿਰ ਨਾਜ਼ਲ ਹੋਣ ਦਾ ਖਤਰਾ ਹੈ ਇਹ ਨਾ ਕਰੋ।ਮੈਂ ਖੁਦਾ ਦਾ ਵਾਸਤਾ ਪਾਉਂਦਾ ਹਾਂ ਮੇਰੀਆਂ ਗਲਾਂ ਭਾਵੇਂ ਤੁਸਾਂ ਨੂੰ ਕੌੜੀਆਂ ਲਗਣੀਆਂ ਪਰ ਹੈਨ ਪਤੇ ਦੀਆਂ। ਕਿਤੇ ਇਹ ਨਾ ਹੋਵੇ ਕਿ ਇਹਨਾਂ ਮਾਸੂਮਾਂ ਦਾ ਅੰਤ ਕਰਦੇ ਕਰਦੇ ਆਪਣਾ ਹੀ ਅੰਤ ਕਰ ਲਵੋ। ਛੋਟਾ ਮੂੰਹ ਵੱਡੀਆਂ ਗੱਲਾਂ ਇਸ ਕਰਕੇ ਕਰ ਰਿਹਾ ਹਾਂ ਕਿ ਤੁਸਾਂ ਨਾਲ ਸੱਚੀ ਹਮਦਰਦੀ ਤੇ ਮੁਹੱਬਤ ਹੈ।ਤੁਸੀਂ ਆਪਣੇ ਹੋ, ਆਪਣਿਆਂ ਨੂੰ ਕੁਰਾਹੇ ਜਾਣ

Sri Satguru Jagjit Singh Ji eLibrary NamdhariElibrary@gmail.com

ਤੋਂ ਰੋਕਨਾ ਹੀ ਬੰਦੇ ਦਾ ਸੱਚਾ ਮਜ਼ਹਬ ਹੈ।ਕਈ ਵਾਰ ਬੰਦਾ ਰੌਸ਼ਨੀ ਦੇ ਹੁੰਦੇ ਸੁੰਦੇ ਵੀ ਕੁਝ ਦੇਖਦਾ ਨਹੀਂ। 'ਕਤਲ' ਸ਼ਬਦ ਨੇ ਸਾਰੇ ਦਰਬਾਰੀਆਂ ਦੇ ਸੀਨਿਆਂਨੂੰਸੁੰਨ ਕਰ ਦਿਤਾਹੈ।ਸਾਰਿਆਂ ਦੇ ਚਿਹਰੇਵੇਖੋ ਸਭ ਉਤਰ ਗਏਹਨ। ਇਹਨਾਂ ਮਾਸੂਮਾਂ ਨੇ ਤਾਂ ਕੋਈ ਗੁਨਾਹ ਨਹੀਂ ਕੀਤਾ। ਇਹ ਕਿਸੇ ਤਰ੍ਹਾਂ ਵੀ ਰਾਜ ਡੰਨ ਦੇ ਅਧਿਕਾਰ ਨਹੀਂ।ਸਮਝਣ ਵਾਲੀ ਗਲ ਹੈ, ਆਖਰ ਖੁਦਾ ਨੇ ਆਪ ਨੂੰ ਹਾਕਮ ਬਣਾਇਆਹੈ।ਨਿਆਏ ਕਰਨ ਵਾਸਤੇ ਤਖਤ ਉਤੇ ਬੈਠੇ ਹੋ ਮੈਂ ਵਾਰ ਵਾਰ ਆਖਦਾ ਹਾਂ ਇਹਨਾਂ ਮਾਸੂਮਾਂ ਨੂੰ ਅਜਾਦ ਕਰ ਦੇਵੋ ।'

ਕਿਸੇ ਬੰਦੇ ਦੇ ਜਦੋਂ ਮਾੜੇ ਦਿਨ ਆਉਣ ਤਾਂ ਉਹਦੇ ਕਈ ਸਲਾਹਕਾਰ ਉਸਨੂੰ ਮਾੜੀਆਂ ਸਲਾਹਾਂ ਦੇਣ ਲਗ ਪੈਂਦੇਹਨ ਤੇ ਜਿਹੜੇ ਚੰਗੀਆਂ ਸਲਾਹ ਦੇਣ ਵਾਲੇ ਹੁੰਦੇ ਹਨ,ਉਹਨਾਂਨੂੰਉਹ ਮਾੜੇ ਤੇ ਵੈਰੀ ਸਮਝਦੇਹਨ। ਆਪਣੀ ਉਸਦੀ ਬੁਧੀ ਭ੍ਰਿਸ਼ਟ ਹੋ ਜਾਂਦੀ ਹੈ, ਇਹੋ ਹਾਲਤ ਵਜ਼ੀਰ ਖਾਂ ਨਾਲ ਹੋਈ। ਉਹ ਬਹੁਤ ਸਿਆਣਾ ਹਾਕਮਸੀ,ਪਰ ਹੁਣ ਵਿਧਮਾਤਾ ਨੇ ਉਸਦੇ ਨਾਸ਼ ਦਾ ਮੁਢ ਬੰਨਿਆਂ।।ਪਰ ਮਲੇਰ ਕੋਟਲਾ ਨੇ ਉਸ ਨੂੰ ਨੇਕ ਸਲਾਹ ਦਿਤੀ ਪਰ ਉਸਨੇ ਕੱਖਧਿਆਨ ਨਾ ਦਿਤਾ।।ਉਹ ਅਜੇਆਪ ਤਾਂ ਨਾ ਬੋਲਿਆ,ਪਰਉਸ ਦਾ ਸਲਾਹਕਾਰ ਦੁਸ਼ਟ ਆਤਮਾ ਸੁਚਾ ਨੰਦ ਬੋਲ ਪਿਆ—'ਨਵਾਬ ਮਲੇਰ ਕੋਟਲਾ ਸਦਾ ਉਲਟੀ ਮੱਤ ਦੇਂਦੇ ਹਨ ॥ ਇਹ ਇਸਲਾਮ ਦਾ ਵਫਾਦਾਰ ਸਿਪਾਹੀ ਨਹੀਂ ॥ ਇਹਨਾਂ ਨੂੰ ਕਤਲ ਕਰਨਾ ਹੀ ਚੰਗਾ ਹੈ ॥'

ਸੁਚਾ ਨੰਦ ਦੇ ਕਹਿਣ ਦੀ ਢਿਲ ਹੀ ਸੀ ਕਿ ਕਾਜ਼ੀ,ਮੁਫਤੀ ਤੇ ਮੌਲਵੀ ਜਿਹੜੇ ਵੀ ਖੁਸ਼ਾਮਦੀ ਟੱਟੂ ਸਨ, ਉਹ ਇਕ ਦਮ ਬੋਲ ਉਠੇ-'ਤਰਸ ਨਹੀਂ ਕਰਨਾ ਚਾਹੀਦਾ।।ਇਹ ਬਾਗੀ ਤੇ ਕਾਫਰ ਦੇ ਪੁਤਰ ਹਨ।।ਕੁਫਰ ਦਾ ਪ੍ਰਚਾਰ ਬਹੁਤਾ ਕਰਦੇ ਹਨ ।।'

ਨਵਾਬ ਮਲੇਰ ਕੋਟਲਾ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।। ਉਹ ਮਾਸੂਮਾਂ ਦਾ ਖੂਨ ਹੁੰਦਾ ਨਹੀਂ ਦੇਖ ਸਕਦੇ ਸਨ ॥ ਉਹ ਦਰਦਿ-ਦਿਲ ਤੇ ਖੁਦਾ ਦੇ ਭੈ ਵਾਲੇ ਬੰਦੇ ਸਨ ॥

ਕਚਹਿਰੀ ਨੇ ਪਾਸ ਕਰਵਾ ਲਿਆ ਕਿ ਸਤਿਗੁਰੂ ਗੋਬਿੰਦ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਦੇ ਸਪੁਤ੍ਰਾਂ ਨੂੰ ਕਤਲ ਕੀਤਾ ਜਾਵੇ ਤੇ ਕਤਲ ਵੀ ਨਵੇਂ ਢੰਗ ਨਾਨ, ਉਹ ਢੰਗ ਇਹ ਪਾਸ ਹੋਇਆ ਕਿ ਪੱਕੀ ਕੰਧ ਵਿਚ ਜੀਉਂਦਿਆਂ ਨੂੰ ਚਿਣਿਆਂ ਜਾਵੇ। ਜੇ ਲੱਕ ਤਕ ਚਿਣਾਈ ਤਕ ਦੋਵੇਂ ਬਚੇ (ਸਾਹਿਬਜਾਦੇ) ਮੁਸਲਮਾਨ ਹੋਣਾ ਪ੍ਰਵਾਨ ਕਰ ਲੈਣ ਤਾਂ ਕੰਧ ਢਾਹ ਦਿਤੀ ਜਾਵੇਗੀ ਤੇ ਬਚਾ ਲਿਆ ਜਾਵੇਗਾ। ਜੇ ਨਾ ਮੰਨਣ ਤਾਂ ਏਸੇ ਤਰ੍ਹਾਂ ਜੀਵਨ ਦਾ ਅੰਤ ਕੀਤਾ ਜਾਵੇਗਾ। ਐਸੀ ਸਿਖਿਆ ਦਿਤੀ ਜਾਵੇਗੀ ਜੋ ਅਗੇ ਨੂੰ ਕੋਈ ਸਿਖ ਬਣਨ ਦਾ ਨਾਮ ਨਾ ਲਵੇ। ਜਾਲਮਾਂ ਨੇ ਨਿਰਦੋਸ਼ਿਆਂ ਨੂੰ ਮਲੋ ਮਲੀ ਦੋਸ਼ੀ ਬਣਾ ਲਿਆ। ਨਵਾਬ ਵਜੀਰ ਖਾਂ ਨੇ ਆਖ ਦਿਤਾ—'ਜਾਓ! ਹੁਣ ਕੰਧ ਵਿਚ ਚਿਣੋਂ! ਬੁਰੀ ਮੌਤ ਮਾਰੋ, ਮੈਂ ਹੁਕਮ ਦੇਂਦਾ ਹਾਂ।'

ਇਨ੍ਹਾਂ ਸ਼ਬਦਾਂ ਦੇ ਨਾਲ ਸਾਰੇ ਹਨੇਰਾ ਛਾ ਗਿਆ। ਕਈਆਂ ਦੇ ਦਿਲ ਡੋਲ ਗਏ।ਮਾਵਾਂ(ਬੱਚਿਆਂ ਵਾਲੀਆਂ ਨਾਰੀਆਂ) ਭਾਵੇਂ ਮੁਸਲਮਾਨੀਆਂ ਸਨ ਜਾਂ ਹਿੰਦਣੀਆਂ ਉਹ ਇਕ ਦਮ ਕਲੇਜੇ ਫੜਕੇ ਬੈਠ ਗਈਆਂ ਕਿਸੇ ਚੁਲ੍ਹੇ ਅੱਗ ਨਾ ਬਾਲੀ—'ਹਾਇ! ਐਡਾ ਵਡਾ ਜੁਲਮ' ਹਰ ਹਿਰਦੇ ਦੀ ਅਵਾਜ ਸੀ।

ਇੱਟਾਂ ਪੱਕੀਆਂ ਆ ਗਈਆ,ਰਾਜ ਆਏ,ਗਾਰੇ ਵਾਲੇ ਮਜਦੂਰ ਆਏ ਤੇ ਆ ਖਲੋਤੇ ਇਸਲਾਮ ਦੇ ਕਾਜੀ ਜੋ ਖੁਦਾ ਦੀ ਸੇਵਾ ਕਰਦੇ ਹੋਏ ਖੁਦਾ ਦੇ ਕਲੇਜੇ ਨੂੰ ਹੀ ਪੈ ਗਏ ਸਨ।ਕੈਸਾ ਅਸਚਰਜ ਤੇ ਭਿਆਨਕ ਮਜਹਬੀ ਜੋਸ਼ ਹੈ।

ਪੰਜ ਫੁਟ ਚੌੜੀ ਨੀਂਹ ਰਖ ਕੇ ਕੰਧ ਦਾ ਆਰੰਭ ਕੀਤਾ ਗਿਆ, ਜਦੋਂ ਧਰਤੀ ਨਾਲੋਂ ਫੁਟ ਕੁ ਉਚੀ ਆ ਗਈ ਤਾਂ ਕਾਜੀ ਨੇ ਆਖਿਆ—'ਸੁਣੋਂ ਬਾਲਕੋ। ਕੀ ਤੁਸੀਂ ਮਰਨਾ ਚਾਹੁੰਦੇ ਹੋ ਜਾਂ ਮੁਸਲਮਾਨ ਹੋਣਾ ?

ਦੋਵੇਂ ਸਾਹਿਬਜਾਦੇ ਇਕ ਜਬਾਨ—'ਮਰਨਾ।'

ਕਾਜੀ—'ਜੇ ਮੁਸਲਮਾਨ ਬਣੋਗੇ ਤਾਂ ਬਹੁਤ ਖੁਸ਼ੀਆਂ ਪਰਾਪਤ ਹੋਣਗੀਆਂ। ਦੁਨੀਆਂ ਦੇ ਸੁਖ ਮਿਲਣਗੇ।'

ਸਾਹਿਬਜਾਦੇ—ਅਸੀਂ ਅਕਾਲ ਪੁਰਖ ਦਾਤੇ ਕੋਲੋਂ ਸੁਖਾਂ ਦੀ ਆਸ ਰਖਦੇ ਹਾਂ ਤੇਰੇ ਵਰਗੇ ਕੁਤੇ,ਚੰਡਾਲ ਤੇ ਬੁਚੜ ਕੋਲੋਂ ਨਹੀਂ॥ ਅਸੀਂ ਅਕਾਲ ਪੁਰਖ ਨਾਲ ਚਿਤ ਜੋੜਨਾ ਹੈ,ਅਸਾਂ ਨੂੰ ਬਿਨ ਬੁਲਾਏ ਹੀ ਆਪਣਾ ਕੰਮ ਕਰੀ

Sri Satguru Jagjit Singh Ji eLibrary NamdhariElibrary@gmail.com

ਚਲੋਂ। ਐਵੇਂ ਨਾ ਸਤਾਓ।'

ਇਉਂ ਕਾਜ਼ੀਨੂੰ ਕੜਕਵਾਂ ਉਤਰ ਦੇਕੇਦੋਵੇਂ ਵੀਰ'ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਲਗ ਪਏ। ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਉਹ ਨੀਂਹ (ਕੰਧ) ਉਤੇ ਖਲੋਤੇ ਰਹੇ। ਉਹਨਾਂ ਨੇ ਨੈਣ ਮੁੰਦ ਲਏ, ਸ਼ਾਇਦ ਜ਼ਾਲਮਾਂ ਦੇ ਦਰਸ਼ਨ ਨਹੀਂ ਸਨ ਕਰਨਾ ਚਾਹੁੰਦੇ। ਰਾਜ ਠੋਕ ੨ ਕੇ ਇਟਾਂ ਲਾਉਣ ਲਗੇ। ਕਵਲਾਂ ਵਰਗੇ ਚਰਨ ਲੁਕ ਗਏ, ਕੰਧ ਗਿਟਿਆਂ ਤੋਂ ਉਪਰ ਆ ਗਈ, ਪੈਰਾਂ ਦੀਆਂ ਉਂਗਲਾਂ ਵਲ ਜਾਣੋਂ ਲਹੂ ਰੁਕ ਗਿਆ। ਇਸ ਰੋਕ ਨੂੰ ਦੇਖਕੇ ਵੀ ਘਬਰਾਏ ਨਹੀਂ" 'ਸਤਿਨਾਮ ਵਾਹਿਗੁਰੂ' ਦਾ ਸਿਮਰਨ ਹੁੰਦਾ ਰਿਹਾ।

ਕੰਧ ਗੋਡਿਆਂ ਤਕ ਆਈ ਤਾਂ ਵਜ਼ੀਰ ਖਾਂ ਆਪ ਉਠਕੇ ਸਾਹਿਜਾਦਿਆਂ ਦੇ ਕੋਲ ਆਇਆ। ਉਸਨੇ ਆਖਿਆ–'ਕਿਉਂ ਮੁਫਤ ਵਿਚ ਜਾਨ ਦੇਂਦੇ ਹੋ, ਦੁਨੀਆਂ ਦੇ ਸੁਖ ਛਡਕੇ, ਦੁਨੀਆਂ ਤੋਂ ਨਾ ਜਾਵੋ॥

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਨੇ ਉਤਰ ਦਿਤਾ–'ਅਸੀਂ ਮਾਸੂਮ ਹਾਂ, ਦੁਨੀਆਂ ਦੇ ਸੁਖ ਨਾ ਦੇਖੇ ਤੇ ਨਾ ਦੇਖਣ ਦੀ ਇਛਾ ਹੈ॥ਅਨਖਿੜੇ ਫੁਲ ਦੀ ਤਰਾਂ ਜਾ ਰਹੇ ਹਾਂ॥ ਹੇ ਦੁਸ਼ਟ! ਤੂੰ ਆਪਣੀ ਚਿੰਤਾ ਕਰ, ਤੇਰੀ ਮੌਤ ਦੇ ਦਿਨ ਨੇੜੇ ਆਏ ਹਨ॥ਇਹ ਖਿਆਲ ਨਾ ਕਰ ਜੋ ਤੂੰ ਅਸਾਂ ਨੂੰ ਨੀਂਹਾਂ ਵਿਚ ਚਿਣ ਰਿਹਾ ਹੈਂ,ਸਗੋਂ ਸਰਹੰਦਸ਼ਹਿਰਦੀਆਂ ਨੀਹਾਂ ਖੋਖਲੀਆਂ ਕਰਰਿਹਾਹੈਂ॥ ਤੇਰੇ ਇਹ ਕਿਲੇ, ਰਾਜ ਭਵਨ, ਸੁੰਦਰ ਬਾਜ਼ਾਰ ਤੇ ਬਾਗ, ਇਹ ਸਭ ਦੀਆਂ ਇਟਾਂ ਉਖੇੜੀਆਂ ਜਾਣਗੀਆਂ॥ਇਸ ਸਰਹੰਦ ਦੀ ਇਟ ੨ ਕੀਤੀ ਜਾਵੇਗੀ॥ ਰਾਜ ਭਵਨ ਵਿਚ ਬੇਗਮਾਂ ਨਹੀਂ ਉਲੂ ਰਿਹਾ ਕਰਨਗੇ॥ ਦੁਨੀਆਂ ਦੇ ਸੁਖ ਤੇਰੇ ਖਤਮ ਹੋਣੇ ਹਨ, ਅਸਾਂ ਦੇ ਤੂੰ ਕੀ ਖਤਮ ਕਰਨੇ ਹਨ॥ ਅਸੀਂ ਤਾਂ ਤੇਰੇ ਜ਼ੁਲਮ ਨੂੰ ਖਤਮ ਕਰਨਲਈ ਦੂਸਰੀ ਵੇਰ ਮੁੜਕੇਜਨਮ ਧਾਰਕੇ ਆਜਾਈਏ? ਤੇਰੇ ਪਾਪ ਤੇਰਾ ਕਾਲ ਬਣਨਗੇ॥ ਤੂੰ ਅੰਨ੍ਹਾ ਤੇ ਬੋਲਾ ਹੈਂ॥ ਜਾਹ ਅਸੀਂ ਤੇਰੇ ਜਿਹੇ ਚੰਡਾਲ ਨੂੰ ਮਥੇ ਨਹੀਂ ਲਗਣਾ ਚਾਹੁੰਦੇ, ਸਨਮੁਖ ਨਾ ਹੋ॥

ਨਵਾਬ ਵਜ਼ੀਰ ਖਾਂ ਨੇ ਸੁਣਿਆ ਸੀ ਕਿ ਸਤਿਗੁਰੂ ਤੇਗ ਬਹਾਦਰ ਜੀ ਬਹੁਤ ਦਲੇਰੀ ਨਾਲ ਸ਼ਹੀਦ ਹੋਏ ਸਨ ਪਰ ਉਸੇ ਸਤਿਗੁਰੂ ਤੇਗ ਬਹਾਦਰ

Sri Satguru Jagjit Singh Ji eLibrary NamdhariElibrary@gmail.com

ਜੀ ਦੇ ਸਾਹਿਬਜ਼ਾਦਿਆਂ ਦਾ ਹੌਂਸਲਾ ਤੇ ਸਿਖੀ ਧਰਮ ਵਿਚ ਦ੍ਰਿੜ ਵਿਸ਼ਵਾਸ ਦੇਖਕੇ ਉਹ ਦੰਗ ਰਹਿ ਗਿਆ। ਉਹਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਹਦਾ ਹਿਰਦਾ ਕੰਬ ਗਿਆ। ਖੁਦਾ ਦੇ ਡੰਨ ਦਾ ਭੈ ਚਿਤ ਵਿਚ ਉਪਜਿਆ, ਇਹਨਾਂ ਨੂੰ ਛੱਡ ਦੇਣ ਦਾ ਵਿਚਾਰ ਆਇਆ ਪਰ ਇਸਲਾਮ ਦੇ ਰਾਖਿਆਂ ਕੋਲੋਂ ਡਰ ਗਿਆ। ਬਾਦਸ਼ਾਹ ਦੇ ਗੁਸੇ ਨੇ ਉਸਨੂੰ ਚੁਪ ਰਖਿਆ, ਉਹ ਕੰਧ ਦੇ ਲਾਗਿਓਂ ਚਲਿਆ ਗਿਆ, ਜਾਂਦਿਆਂ ਹੋਇਆਂ ਸਿਰਫ ਇਹ ਕਿਹਾ– 'ਥੋੜੀ ਕੰਧ ਹੋਰ ਉਚੀ ਕਰਕੇ ਕਤਲ ਕਰ ਦੇਣੇ।'

ਕੰਧ ਹੁੰਦੀ ਗਈ, ਕਾਜੀ ਮੌਲਵੀ ਤੇ ਹੋਰ ਪੱਥਰ ਦਿਲ ਮੁਸਲਮਾਨ ਲਾਗੇ ਖਲੋਤੇ ਤਮਾਸ਼ਾ ਵੇਖਦੇ ਰਹੇ। ਕੰਧ ਪੱਟਾਂ ਤੋਂ ਉਪਰ ਹੋ ਗਈ, ਲਹੂ ਰੁਕ ਗਿਆ ਪਰ ਸਾਹਿਬਜ਼ਾਦਿਆਂ ਦੇ ਨੈਣਾਂ ਵਿਚ ਅੰਥਰੂ ਵੀ ਨਹੀਂ ਆਏ, ਉਹ ਹੈਰਾਨ ਤੇ ਉਦਾਸ ਨਾ ਹੋਏ, ਸਗੋਂ ਹੌਂਸਲੇ ਨਾਲ ਜਗਤ ਤਮਾਸ਼ਾ ਦੇਖਦੇ ਰਹੇ ਤੇ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਦੇ ਰਹੇ।

ਉਸ ਸਮੇਂ ਸੂਰਜ ਉਤੇ ਗਹਿਰ ਆ ਗਈ। ਲਾਲ ਖੂਨ ਵਰਗੀ ਗਹਿਰ ਜਿਵੇਂ ਗ੍ਰਹਿਣ ਲਗਣ ਤੇ ਹੁੰਦੀ ਹੈ। ਸਰਹੰਦ ਦੇ ਚੌਗਿਰਦੇ ਸੋਗ ਵਰਤ ਗਿਆ। ਐਸੀ ਹਾਲਤ ਵਿਚ ਬਨਾਸਪਤੀ, ਪਸ਼ੂ, ਪੰਛੀ ਤੇ ਮਨੁਖ ਗਮ ਦਾ ਸ਼ਿਕਾਰ ਹੋ ਗਏ, ਉਹ ਲਗੇ ਵਿਰਲਾਪ ਕਰਨ। ਆਖਰ ਜਾਲਮ ਨੇ ਬੁਚੜ ਨੂੰ ਹੁਕਮ ਦੇ ਹੀ ਦਿਤਾ– 'ਸਿਰ ਕਲਮ ਕਰੋ। ਬਸ ਫਿਰ ਕਹਿਣ ਦੀ ਢਿਲ ਸੀ, ਉਸੇ ਵੇਲੇ ਸਿਰ ਕਲਮ ਕੀਤੇ ਗਏ। ਸਿਰ ਕਲਮ (ਸੀਸ ਧੜ ਨਾਲੋਂ ਵੱਖਰੇ) ਕਰਨ ਦੀ ਢਿਲ ਸੀ ਕਿ ਕੰਧ ਪਾਟ ਗਈ। ਕੰਧ ਦੀ ਇਟ ਇਟ ਹੋ ਗਈ ਤੇ ਧੜ ਇਕ ਪਾਸੇ ਉਲਰ ਗਏ। ਦੋਹਾਂ ਵੀਰਾਂ ਦੇ ਧੜ ਇਕ ਦੂਸਰੇ ਦੇ ਉਤੇ ਡਿਗ ਕੇ ਕੁਦਰਤ ਨਾਲ ਆਪੇ ਜੁੜ ਗਏ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਈ। ਨਵਾਬ ਮਲੇਰ ਕੋਟਲਾ ਜਿਹੇ ਨੇਕ-ਦਿਲ ਬੰਦਿਆਂ ਨੇ 'ਆਹ' ਦਾ ਨਾਹਰਾ ਮਾਰਿਆ।

ਪਾਪੀਆਂ ਤੇ ਜ਼ਾਲਮਾਂ ਦੇ ਵੀ ਦਿਲ ਡੋਲ ਗਏ। ਉਹ ਵੀ ਘੜੀ ਪਲ ਵਾਸਤੇ ਹੈਰਾਨ ਤੇ ਧੜਕਦੇ ਹਿਰਦੇ ਨਾਲ ਡੌਰੇ ਭੌਰੇ ਜਿਹੇ ਹੋ ਕੇ ਖਲੋਤੇ ਰਹੇ। ਮਾਸੂਮ ਬੱਚਿਆਂ (ਪੋਤ੍ਰਿਆਂ) ਦੀ ਸ਼ਹੀਦੀ ਦੀ ਖਬਰ ਸੁਣਕੇ ਮਾਤਾ ਗੂਜਰੀ ਜੀ

Sri Satguru Jagjit Singh Ji eLibrary NamdhariElibrary@gmail.com

ਗਮ ਨਾਲ ਐਸੇ ਉਲਰੇ ਕਿ ਬੁਰਜ ਉਤੋਂ ਹੇਠਾਂ ਉਲਟਕੇ ਧਰਤੀ ਉਤੇ ਆ ਡਿਗੇ। ਡਿਗਣ ਦੇ ਨਾਲ ਹੀ ਉਹਨਾਂ ਦੇ ਪ੍ਰਾਣ ਹਵਾ ਹੋ ਗਏ ਤੇ ਸਵਰਗਾਂ ਨੂੰ ਪਧਾਰ ਗਏ, ਪੋਤ੍ਰਿਆਂ ਦੇ ਨਾਲ ਹੀ ਜਾ ਰਲੇ। ਤਿੰਨ ਮਹਾਨ ਆਤਮਾਵਾਂ ਜ਼ਾਲਮਾਂ ਦੇ ਕੁਕਰਮ ਤੇ ਜ਼ਾਲਮਾਂ ਦਾਂ ਚਿੱਠਾ ਲੈਕੇ ਪਾਰਬ੍ਰਹਮ ਕੋਲ ਪੁਜਗਏ। ਓਧਰ ਤੁਰਕਾਂ ਦੇ ਘਰੀਂ ਉਸੇ ਦਿਨ ਤੋਂ ਰੋਣਾ ਪਿਟਣਾ ਪੈ ਗਿਆ ਕਿ ਜਰੂਰ ਹਨੇਰ ਹੋਵੇਗਾ, ਇਹ ਮਾਸੂਮ ਦਾ ਖੂਨ ਕਦੀ ਖਾਲੀ ਨਹੀਂ ਜਾ ਸਕਦਾ।

ਇਕ ਗੁਰਮੁਖ ਨੇ ਥਾਂ ਮੁਲ ਲੈ ਕੇ ਸਰੀਰਾਂ ਦਾ ਸਸਕਾਰ ਕੀਤਾ। ਅੱਜ ਉਸ ਅਸਥਾਨ ਤੇ ਜੋਤੀ ਸਰੂਪ ਗੁਰਦੁਵਾਰਾ ਹੈ। ਫਿਰ ਜੋ ਸਰਹੰਦ ਤੇ ਵਜੀਰ ਖਾਂ ਨਾਲ ਬੀਤੀ, ਉਸ ਦਾ ਹਾਲ ਬੰਦਾ ਸਿੰਘ ਬਹਾਦਰ ਦੇ ਹਾਲ ਵਿਚ ਪੜ੍ਹਨਾ।

੧੫. ਮਾਹੀ ਨੇ ਸਤਿਗੁਰੂ ਜੀ ਨੂੰ ਸ਼ਹੀਦਾਂ ਦੀ ਕਥਾ ਸਨਾਉਣੀ ਤੇ ਸਾਹਿਬਾਂ ਨੇ ਮਗਲਾਂ ਦੀ ਜੜ੍ਹ ਪੁਟਣ ਦਾ ਸਰਾਪ ਦੇਣਾ

ਰਾਏ ਕਲੇ ਦਾ ਆਦਮੀ ਮਾਹੀ ਸਰਹੰਦ ਪੁਜਾ, ਉਸਨੇ ਸਾਰਾ ਹਾਲ ਦੇਖਿਆ ਸੁਣਿਆ ਤੇ ਸਤਿਗੁਰੂ ਜੀ ਦੇ ਪਾਸ ਜਾ ਕੇ ਜਿਉਂ ਦਾ ਤਿਉਂ ਸੁਣਾ ਦਿਤਾ। ਜਦੋਂ ਮਾਹੀ ਨੇ ਹਾਲ ਸੁਣਾਇਆ ਤਦੋਂ ਸਤਿਗੁਰੂ ਜੀ ਰਾਏ ਕਲੇ ਦੇ ਨਾਲ ਉਹਦੇ ਖੂਹ ਉਤੇ ਇਕ ਖੇਤ ਵਿਚ ਬੈਠੇ ਸਨ। ਮਾਹੀ ਤਾਂ ਹਾਲ ਸੁਣੌਂਦਾ ਗਿਆ ਤੇ ਸਤਿਗੁਰੂ ਜੀ ਤੀਰ ਨਾਲ ਖਭ ਬੂਟਾ ਪੁਟਦੇ ਰਹੇ। ਉਸ ਬੂਟੇ ਨੂੰ ਪੱਟ ਕੇ ਹੱਥ ਵਿਚ ਫੜ ਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ ਜੋ ਆਪਣੀ ਅਮਾਨਤ ਉਸ ਨੇ ਵਾਪਸ ਲੈ ਲਈ ਹੈ। ਚਿੰਤਾ ਸੀ, ਬੇਟੇ ਕਿਧਰੇ ਧਰਮ ਤੋਂ ਨਾ ਡੋਲ ਜਾਣ, ਸੋ ਕੇਸਾਂ ਸਵਾਸਾਂ ਨਾਲ ਨਿਭਾ ਗਏ ਹਨ। ਹੁਣ ਅਸਾਂ ਨੂੰ ਕੋਈ ਚਿੰਤਾ ਨਹੀਂ। ਅਕਾਲ ਪੁਰਖ ਦਾ ਧੰਨਵਾਦਹੈ—ਤੇ ਮੁਗਲ ਹਾਂ...ਮੁਗਲ ਰਾਜ ਦੀ ਜੜ੍ਹ ਵੀ ਨਾਲ ਹੀ ਪੁਟੀਗਈ। ਇਹ ਮੁਗਲ ਜੋ ਅਜ ਐਨੇ ਹੰਕਾਰ ਵਿਚ ਪਾਪ ਜੁਲਮ ਕਰ ਰਹੇ ਹਨ। ਇਹ

Sri Satguru Jagjit Singh Ji eLibrary NamdhariElibrary@gmail.com

ਘਸਿਆਰੇ ਮੰਗਤੇ ਬਣਨਗੇ। ਏਸੇ ਭਾਰਤ ਭੂਮੀ ਵਿਚ ਮੇਰੇ ਸਿਖਾਂ ਦੇ ਘਰ ਉਸਾਰਿਆ ਕਰਨਗੇ। ਪਾਪ ਦਾ ਫਲ ਉਹਨਾਂ ਨੂੰ ਭੁਗਤਣਾ ਹੀ ਪੈਣਾ ਹੈ।

ਇਹ ਸੁਣਕੇ ਰਾਏ ਕੱਲਾ ਭੈ ਭੀਤ ਹੋ ਗਿਆ, ਕਿਉਂਕਿ ਉਹ ਹਿੰਦੂ ਤੋਂ ਮੁਸਲਮਾਨ ਬਣਿਆ ਸੀ। ਉਸ ਨੇ ਬਚਨ ਕੀਤਾ-'ਮਹਾਰਾਜ! ਦਇਆ ਮੇਹਰ! ਸਾਰੇ ਤੁਰਕ ਤੇ ਮਗਲਾਂ ਨੇ ਤਾਂ ਜ਼ੁਲਮ ਨਹੀਂ ਕੀਤਾ। ਸਾਰਿਆਂ ਦੀ ਜੜ੍ਹ ਤਾਂ ਨਹੀਂ ਪੁਟੀ ਜਾਣੀ ਚਾਹੀਦੀ। ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ-'ਜਾਤ ਮਜ਼ਹਬ ਤੇ ਨਸਲ ਦੀ ਗਲ ਨਹੀਂ ਜੋ ਰਾਜ ਨਸ਼ੇ ਵਿਚ ਪਾਗਲ ਹੋ ਕੇ ਪਾਪ ਕਰ ਰਹੇ ਹਨ ਉਹ ਕਰਮਾਂ ਦਾ ਫਲ ਭੁਗਤਣਗੇ।ਤੂੰ ਚਿੰਤਾ ਨਾ ਕਰ ਵਾਹਿਗੁਰੂ ਤੇਰੇ ਤੇ ਖੁਸ਼ ਰਹੇਗਾ। ਤੂੰ ਨੇਕ ਆਦਮੀ ਹੈਂ! ਤੇਰਾ 'ਗੁਰ ਮਾਰੀ ਸਰਹੰਦ ਨਾਲ ਕੋਈ ਸਬੰਧ ਨਹੀਂ। ਤੇਰੀ ਘਾਲ ਥਾਇੰ ਪਈ।'

ਰਾਇ ਕੱਲਾ ਪ੍ਰਸੰਨ ਹੋ ਗਿਆ। ਉਸਨੇ ਸਤਿਗੁਰੂ ਜੀ ਦੀ ਬਹੁਤ ਹੀ ਸੇਵਾ ਕੀਤੀ, ਸਤਿਗੁਰੂ ਜੀ ਉਥੇ ਚੋਖੇ ਦਿਨ ਰਹੇ। ਰਾਇ ਕੱਲੇ ਨੂੰ ਆਪਣੀ ਸ੍ਰੀ ਸਾਹਿਬ ਦੇ ਦਿਤੀ।

੧੬. ਸਤਿਗੁਰੂ ਜੀ ਨੇ ਦੀਨੇ, ਕਾਂਗੜੇ ਨਗਰ ਵਿਚ ਪਹੁੰਚਣਾ

ਸਤਿਗੁਰੂ ਜੀ ਕੁਝ ਚਿਰ ਰਹਿਕੇ ਰਾਇ ਕੱਲਾ ਕੋਲੋਂ ਤੁਰਨ ਲਗੇ ਤਾਂ ਰਾਇ ਕੱਲੇ ਨੇ ਇਕ ਸੁੰਦਰ ਘੋੜਾ, ਤਲਵਾਰ ਢਾਲ ਅਤੇ ਹੋਰ ਹਥਿਆਰ ਸਤਿਗੁਰੂ ਜੀ ਦੀ ਭੇਟਾ ਕੀਤੇ। ਸਤਿਗੁਰੂ ਜੀ ਨੇ ਸਭ ਪ੍ਰਵਾਨ ਕਰ ਲਏ। ਉਸਦੇ ਘੋੜੇ ਉਤੇ ਸਵਾਰ ਹੋ ਪਏ। ਉਸ ਵੇਲੇ ਤੁਰਕਾਂ ਦਾ ਖਤਰਾ ਬਹੁਤ ਸਾਰਾ ਟਲ ਗਿਆ ਸੀ। ਨਾਲੇ ਪਿੰਡਾਂ ਵਿਚ ਖਬਰਾਂ ਨਹੀਂ ਆਉਂਦੀਆਂ ਸਨ ਤੇ ਨਾ ਪਿੰਡੋਂ ਬਾਹਰ ਸ਼ਹਿਰ ਨੂੰ ਜਾਂਦੀਆਂ ਸਨ।

ਸਤਿਗੁਰੂ ਜੀ ਉਥੋਂ ਵਿਦਾ ਹੋ ਕੇ ਮਾਲਵੇ ਨੂੰ ਆ ਗਏ। ਰਾਹ ਵਿਚ ਜਿਸ ਨੂੰ ਵੀ ਪਤਾ ਲੱਗਾ ਉਸੇ ਨੇ ਸੇਵਾ ਕੀਤੀ। ਚਲਦੇ ਚਲਦੇ ਦੀਨੇ ਪੁਜੇ॥ ਇਹ ਦੀਨਾ ਨਗਰ ਵਡੇ ਪਿੰਡ ਕਾਂਗੜੇ ਵਿਚੋਂ ਨਿਕਲ ਕੇ ਵਸਿਆ ਹੋਇਆ

Sri Satguru Jagjit Singh Ji eLibrary NamdhariElibrary@gmail.com

ਸੀ, ਏਥੇ ਰਾਏ ਜੋਧ ਦੇ ਪੁਤ੍ਰ ਰਹਿੰਦੇ ਸਨ। ਉਹ ਗੁਰੂ ਘਰ ਦੇ ਪਰੇਮੀ ਸਨ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਦਸਵੇਂ ਪਾਤਿਸ਼ਾਹ ਨਵੇਂ ਹੀ ਰਪ ਵਿਚ ਏਥੇ ਆਏ ਹੋਏ ਹਨ ਤਾਂ ਬੜੇ ਖੁਸ਼ੀ ਹੋਏ।

ਦੀਨੇ ਦੇ ਚੌਧਰੀ ਲਖਬੀਰ, ਸ਼ਮੀਰ ਤੇ ਤਖਤ ਮਲ ਸਨ। ਇਹ ਤਿੰਨੇ ਭਰਾ ਸਨ।ਸਾਰੇ ਇਲਾਕੇਵਿਚ ਇਹਨਾਂ ਦੀ ਬਹਾਦਰੀ ਤੇ ਚੌਧਰ ਦੀ ਚਰਚਾ ਸੀ। ਇਹਨਾਂ ਦਾ ਬਾਬਾ ਰਾਏ ਜੋਧ ਬੜ੍ਹ ਤ ਵੱਡਾ ਸੂਰਮਾ ਸੀ।ਉਸ ਨੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ ਸੀ । ਗੁਰੂ ਸਰ ਵਾਲੇ ਜੁਧ ਵਿਚ ਉਹ ਸਤਿਗੁਰੂ ਜੀ ਵਲੋਂ ਤੁਰਕਾਂ ਦੇ ਨਾਲ ਲੜਿਆ ਸੀ। ਸਤਿਗੁਰੂ ਜੀ ਦੇ ਵਰ ਨਾਲ ਆਪ ਦੇ ਘਰ ਬਰਕਤਾਂ ਆ ਗਈਆਂ ਸਨ ।

ਲਖਮੀਰ ਤੇ ਸ਼ਮੀਰਨੂੰਸਤਿਗੁਰੂ ਜੀ ਦੇ ਅਨੰਦਪੁਰ ਛਡਣ ਤੇ ਪਿਛੋਂ ਦੇ ਸਾਰੇ ਹਾਲਾਂ ਦਾ ਪਤਾ ਲਗ ਗਿਆ। ਉਹਨਾਂ ਇਹ ਵੀ ਸੁਣ ਲਿਆ ਸੀ ਕਿ ਸਤਿਗੁਰੂ ਜੀ ਨੂੰ ਸ਼ਾਹੀ ਬਾਗੀ ਮਿਥਕੇ ਭਰੋਂਡੇ ਕਰਾਰ ਦੇ ਦਿਤਾਹੈ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਹਨ, ਤੁਰਕ ਪਿੱਛਾ ਕਰ ਰਹੇ ਹਨ । ਪਿੰਡਾਂ ਦੇ ਚੌਧਰੀਆਂ ਨੂੰ ਹੁਕਮ ਹੈ ਕਿ ਉਹ ਸਤਿਗੁਰੂ ਜੀ ਦੀ ਸਹਾਇਤਾ ਨਾ ਕਰਨ । ਸਾਰਾ ਇਤਿਹਾਸ ਸੁਣ ਕੇ ਉਹਨਾਂ ਦੇ ਨੇਂਤਰੀਂ ਜਲ ਆ ਗਿਆ। ਉਹਨਾਂ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਉਹ ਜ਼ਰੂਰ ਸਤਿਗੁਰੂ ਜੀ ਦੀ ਸਹਾਇਤਾ ਕਰਨਗੇ।

ਉਹ ਸਤਿਗੁਰੂ ਜੀ ਦੇ ਸਨਮੁਖ ਪਹੁੰਚੇ। ਸਾਹਿਬਾਂ ਦੇ ਚਰਨਾਂ ਉਪਰ ਮੱਥਾ ਟੇਕਕੇ ਆਪਣੇਆਪ ਦੀ ਜਾਣ ਪਛਾਣ ਕਰਾਈ,ਫਿਰ ਬੇਨਤੀ ਕੀਤੀ—

'ਦਾਤਾ!ਅਸਾਂ ਲੋਕਾਂ ਲੋਕਾਂ ਤੇ ਜਿਵੇਂ ਛੇਵੇਂ ਸਤਿਗੁਰੂਜੀ ਮੇਹਰਕੀਤੀਸੀਤਿਵੇਂ ਆਪ ਮੇਹਰ ਕਰੋ। ਅਸਾਂ ਦੇ ਨਗਰ ਵਿਚ ਚਰਨ ਪਾਓ। ਅਸਾਂ ਦਾ ਨਗਰ ਪਵਿਤ੍ਰ ਕਰੋ,ਜੁਨੀਆਂ ਦੇ ਜੁਖ ਦੂਰ ਹੋਣ ਤੇ ਕਲਜੁਗੀ ਜੀਵ ਨਾਮ ਦਾਨ ਨਾਲ ਜੀਵਨ ਸੁਧਾਰ ਸਕਣ।ਅਸਾਂ ਦੇ ਬਹੁਤ ਬਹੁਤ ਧੰਨ ਭਾਗ ਹਨ ਜੋ ਆਪ ਏਥੇ ਆ ਪੁਜੇ ਹੋ। ਅਸੀਂ ਕਲਜੁਗੀ ਤੇ ਪਾਪੀ ਜੀਵ ਸੇਵਾ ਕਰ ਸਕੀਏ ਅਸਾਂ ਨੂੰ ਸੇਵਾ ਦਾ ਮੌਕਾ ਬਖਸ਼ੋ।'

Sri Satguru Jagjit Singh Ji eLibrary NamdhariElibrary@gmail.com

ਲਖਮੀਰ ਦੀ ਜ਼ਬਾਨੋਂ ਇਹ ਸ਼ਬਦ ਸੁਣਕੇ ਸਤਿਗੁਰੂ ਜੀ ਦਇਆ ਦੇ ਘਰ ਤੇ ਸਹਿਜ ਸੁਭਾ ਮੁਸਕ੍ਰਾ ਕੇ ਬੋਲੇ-'ਭਾਈ ਸਿਖੋ! ਬਚਨ ਤੁਸਾਂ ਦਾ ਠੀਕ ਹੈ ਪਰ ਅਸੀਂ ਤਾਂ ਸ਼ਾਹੀ ਬਾਗੀ ਹਾਂ। ਅਸਾਂ ਫੈਸਲਾ ਕੀਤਾ ਹੈ ਕਿ ਤੁਰਕਾਂ ਨਾਲ ਜੁਧ ਕਰਦੇ ਰਹਿਣਾ ਹੈ, ਕਿਉਂਕਿ ਤੁਰਕ ਧਰਮ ਦਾ ਦੁਸ਼ਮਨ ਹੈ। ਹਿੰਦੂ ਧਰਮ, ਹਿੰਦੂ ਸਭਿਅਤਾ ਤੇ ਆਰੀਆ ਲੋਕਾਂ ਦੀ ਕੀਰਤੀਨੂੰ ਨਸ਼ਟ ਕਰੀ ਜਾਂਦਾ ਹੈ। ਤੁਰਕ ਭਾਰਤ ਨੂੰ ਗੁਲਾਮ ਕਰਕੇ ਏਥੋਂ ਮਨੁਖਤਾ ਦਾ ਅੰਤ ਕਰ ਰਿਹਾ ਹੈ। ਧਰਮ ਦੀ ਖਾਤਰ ਅਸੀਂ ਜੁਧ ਕਰ ਰਹੇ ਹਾਂ। ਹੋਰ ਅਸਾਂ ਦਾ ਕੋਈ ਮਨੋਰਥ ਨਹੀਂ। ਤੁਸੀਂ ਹੋਏ ਤੁਰਕ ਦੇ ਬੇਲੀ, ਕਿਉਂਕਿ ਤੁਸਾਂ ਦੇ ਖੇਤ ਹਨ, ਤੁਰਤ ਹਾਕਮਾਂ ਨਾਲ ਤੁਸਾਂ ਦਾ ਨਿਤ ਵਾਹ ਪੈਂਦਾ ਹੈ। ਤੁਸਾਂ ਨੂੰ ਤੁਰਕ ਤੰਗ ਕਰੇਗਾ। ਤੁਸੀਂ ਤੁਰਕਾਂ ਨਾਲ ਜੁਧ ਨਹੀਂ ਕਰ ਸਕੋਗੇ। ਰਾਤ ਦਿਨ ਡਰ ਰਿਹਾ ਕਰੇਗਾ।

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਸ਼ਮੀਰ ਅਗੇ ਹੋਇਆ,ਬੀਰ ਆਸਣ ਹੋ ਕੇ ਓਸਨੇ ਕਸਮ ਖਾਧੀ ਤੇ ਬਚਨ ਦਿਤਾ-'ਹੇ ਦਾਤਾ! ਜੇ ਅਸੀਂ ਸਚਮੁਚ ਹੀ ਰਾਏ ਜੋਧੇ ਦੇ ਪੋਤਰੇ ਹਾਂ ਤਾਂ ਅਸੀਂ ਆਪ ਨੂੰ ਪਾਸਰਖਾਂਗੇ।ਤੁਰਕਾਂ ਪਾਸੋਂ ਨਹੀਂ ਡਰਾਂਗੇ ਤੇ ਜੇਕਰ ਤੁਸਾਂ ਨਾਲ ਲੜਨਾ ਪਿਆ ਤਾਂ ਪੁਜਾਪੁਰਜਾ ਕੱਟ ਮਰਾਂਗੇ। ਅਸੀਂ ਆਪ ਦੇ ਸਿਖ ਹਾਂ।ਅਸਾਂ ਦੇ ਸਾਥ ਜ਼ਰੂਰ ਨਗਰ ਚਲੋ।

ਜਦੋਂ ਇਉਂ ਚਰਚਾ ਹੋ ਰਹੀ ਸੀ,ਤਦੋਂ ਬਹਤ ਸਾਰੇ ਹੋਰ ਵੀ ਨਗਰ ਵਾਸੀ ਉਥੇ ਆ ਪੁਜੇ।ਬਹੁਤਿਆਂ ਨੇ ਤਾਂ ਸਮਝਿਆ ਕੋਈ ਮੁਸਲਮਾਨਫਕੀਰ ਹੈ ਪਰ ਜਦੋਂ ਸਿਖ ਦੇਖੇ ਤਾਂ ਤਸੱਲੀ ਹੋਈ ਆਖਰ ਸਤਿਗੁਰੂ ਜੀ ਨੂੰ ਬਚਨ ਮੰਨਣਾ ਪਿਆ ਤੇ ਆਪ ਦੀਨੇ ਨਗਰ ਵਲ ਮੁੜੇ।

ਨਗਰ ਦੇ ਵਿਚ ਭਾਈ ਦੇਸੂ ਤੁਖਾਣ(ਰਾਮਗੜ੍ਹੀਆ) ਸਿਖ ਸੀ।ਉਸ ਨੇ ਚੁਬਾਰਾ ਲਿੰਬਪੋਚ ਕੇ ਰਖਿਆ ਹੋਇਆਸੀ ਉਸ ਚੁਬਾਰੇਨੂੰ ਸਾਹਿਬਾਂ ਜਾ ਭਾਗ ਲਾਏ, ਉਥੇ ਉਤਾਰਾ ਹੋ ਗਿਆ।ਨਗਰ ਦੇ ਸਾਰੇ ਮਾਈ ਭਾਈਂ ਆਪਣੇ ਬੱਚਿਆਂ ਨੂੰ ਨਾਲ ਲੈਕੇ ਦਰਸ਼ਨ ਕਰਨ ਆਏ। ਰੱਜ ਕੇ ਦਰਸ਼ਨਕੀਤੇ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਪਹਿਲੇ ਦੀ

Sri Satguru Jagjit Singh Ji eLibrary NamdhariElibrary@gmail.com

ਤਰਾਂ ਉਪਦੇਸ਼ ਕਰਨਲਗੇ।ਜੋ ਚੜ੍ਹਾਵਾ ਚੜਿਆ ਉਸ ਨਾਲ ਗੁਰੂ ਕਾ ਲੰਗਰ ਚੱਲਣ ਲੱਗਾ।

ਪਿੰਡ ਵਾਲਿਆਂਦੀ ਜ਼ਬਾਨੀ ਖਬਰਾਂ ਲਾਗੇ ਦੇ ਪਿੰਡਾਂਵਿਚ ਵੀ ਪਹੁੰਚ ਗਈਆਂ ਕਿ ਬਾਜਾਂ ਵਾਲਾ ਸਤਿਗੁਰੂ ਦੀਨੇਪਿੰਡ ਵਿਚ ਆਇਆ ਹੈ ਤੇ ਦੇਸੂ ਦੇ ਘਰ ਹੈ। ਲੋਕ ਹੁੰਮ ਹੁਮਾ ਕੇ ਦਰਸ਼ਨ ਕਰਨ ਆਉਣ ਲਗੇ। ਦਰਸ਼ਨ ਕਰ ਕਰਕੇ ਨਿਹਾਲ ਹੁੰਦੇ ਗਏ।

ਸਵੇਰੇ ਤੇ ਸ਼ਾਮ ਸਤਿਗੁਰੂ ਜੀ ਘੋੜੇ ਸਵਾਰ ਹੋ ਕੇ ਸੈਰ ਕਰਨ ਵੀ ਜਾਣ ਲਗ ਪਏ। ਸੰਗਤ ਵਿਚ ਬੈਠਕੇ ਉਪਦੇਸ਼ ਵੀ ਕਰਦੇ। ਦੀਨੇ ਵਿਚ ਸਾਹਿਬ-ਬੇਫਿਕਰੀ ਨਾਲ ਰਹਿਣ ਲਗੇ।

੧੭. ਭਾਈ ਧਰਮ ਸਿੰਘ ਪਰਮ ਸਿੰਘ ਦਾ ਸਤਿਗੁਰਾਂ ਪਾਸ ਆਉਣਾ

ਭਾਈ ਰੂਪੇ ਦੀ ਸੰਤਾਨ ਵਿਚੋਂ ਭਾਈਧਰਮਸਿੰਘ ਤੇ ਪਰਮਸਿੰਘਸਨ। ਇਹ ਗੁਰੂ ਘਰ ਤੇ ਬਹੁਤ ਸ਼ਰਧਾ ਰੱਖਦੇ ਸਨ। ਇਨ੍ਹਾਂ ਨੇ ਜਦੋਂ ਸੁਣਿਆਂ ਕਿ ਗੁਰੂਜੀ ਦੀਨੇ ਹਨ ਤਾਂ ਦਰਸ਼ਨ ਕਰਨ ਵਾਸਤੇ ਤਿਆਰ ਹੋਏ।ਨੇੜੇ ਤੇੜੇ ਦੀਆਂ ਸੰਗਤਾਂ ਨੂੰ ਪ੍ਰੇਰਨਾ ਇਹਨਾਂ ਨੇ ਕਰਕੇ ਇਕੱਠਿਆਂ ਕੀਤਾ।ਬਹੁਤ ਸਾਰੀ ਸੰਗਤ ਬਣਾ ਕੇ ਢੋਲਕੀਛੈਨੇ ਤੇ ਚਿਮਟਾ ਲੈਕੇ ਗੁਰਬਾਣੀ ਵਿਚੋਂ ਜੋਟੀਆਂ ਦੇ ਸ਼ਬਦ ਪੜ੍ਹਦੇ ਹੋਏ ਸਤਿਗੁਰੂ ਜੀ ਵਲ ਤੁਰੇ। ਰਾਹ ਵਿਚ ਜਿਸ ਨੇ ਵੀ ਦੇਖਿਆ ਜਾਂ ਸੁਣਿਆਂ ਉਹੋ ਹੀ ਉਹਨਾਂ ਦੇ ਨਾਲ ਰਲਦਾ ਗਿਆ।।ਇਸ ਤਰ੍ਹਾਂ ਸੰਗਤ ਵਿਚ ਹੋਰ ਵੀ ਵਾਧਾ ਹੋ ਗਿਆ ॥ ਦੀਨੇ ਦੇ ਲਾਗੇ ਪੁਜੇ ਤਾਂ ਦੀਨੇ ਵਾਸੀਆਂ ਨੂੰ ਪਤਾ ਲਗ ਗਿਆ ਕਿ ਸੰਗਤ ਬਾਹਰੋਂ ਆ ਰਹੀ ਹੈ।।ਪਿੰਡ ਦੇ ਸਿਆਣੇ ਪੁਰਸ਼ਜੋਹੜੇ ਸਤਿਗੁਰੂ ਜੀ ਪਾਸ ਬੈਠੇ ਸਨ ਉਹ ਉਠ ਕੇ ਅਗਲਵਾਂਢੀ ਪੁਜੇ ਤੇ ਉਨ੍ਹਾਂ ਨੂੰ ਪਿੰਡ ਲਿਆਏ ॥ ਇਕ ਖੁਲ੍ਹੀ ਥਾਂ ਸਤਿਗੁਰੂ ਜੀ ਦਾ ਆਸਣ ਕੀਤਾਗਿਆ।। ਸਤਿਗੁਰੂ ਜੀ ਦਾ ਸਭ ਨੇ ਰੱਜ ਕੇ ਦਰਸ਼ਨ ਕੀਤਾ ॥

ਭਾਈ ਧਰਮ ਸਿੰਘ ਦੇ ਪੁਛਣ ਤੇ ਜਦ ਭਾਈ ਦਇਆ ਸਿੰਘ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਸਾਰਾ ਇਤਿਹਾਸ ਸੁਣਿਆ ਤਾਂ ਭਾਈ ਧਰਮ ਸਿੰਘ ਤੇ ਪਰਮ ਸਿੰਘਜੀਤੇਹੋਰ ਸਿੰਘ ਧਾਹੀਂ ਮਾਰ ਕੇ ਰੋਣ ਲਗ ਪਏ। ਉਹਨਾਂ ਦਾ ਵੈਰਾਗ ਠੱਲਿਆ ਨਹੀਂ ਸੀ ਜਾਂਦਾ। ਸਤਿਗੁਰੂ ਜੀ ਉਹਨਾਂ ਨੂੰ ਸਮਝੌਣ ਲਗੇ ਪਰ ਉਹਨਾਂ ਨੂੰ ਧੀਰਜ ਨਹੀਂ ਸੀ ਆਉਂਦਾ, ਕਿਉਂਕਿ ਗੁਰੂ ਘਰ ਨਾਲ ਹਿਤ ਬਹੁਤ ਸੀ।ਖਾਸ ਕਰਕੇ ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਬਹੁਤ ਹੀ ਬੁਰਾ ਅਸਰ ਦਿਲਾਂ ਉਤੇ ਪਾਇਆ ਸੀ।

ਅੰਤ ਸਤਿਗੁਰੂ ਜੀ ਨੇ ਉਪਦੇਸ਼ ਦਿਤਾ–ਪ੍ਰੇਮੀ ਜਨੋ! ਚਿੰਤਾ ਛਡੋ, ਜਿਵੇਂ ਧਰਤੀ ਤੋਂ ਲਿਕਾਰ ਮਿਟ ਜਾਂਦੀ ਹੈ ਤੇ ਤੁਸਾਂ ਨੂੰ ਹਰਖ ਸੋਗ ਨਹੀਂ ਹੁੰਦਾ, ਤਿਵੇਂ ਸਾਹਿਬਜ਼ਾਦਿਆਂ ਦੇ ਜਾਣ ਦਾ ਅਸਾਂ ਨੂੰ ਅਫਸੋਸ ਨਹੀਂ ਕਿਉਂਕਿ ਆਤਮਾ ਅਮਰ ਰਹਿੰਦਾ ਹੈ। ਸਰੀਰ ਦੇ ਨਾਸ਼ ਹੋਣ ਨਾਲ ਨਾਸ਼ ਨਹੀਂ ਹੁੰਦਾ। ਇਸ ਵਾਸਤੇ ਤੁਸਾਂ ਨੂੰ ਕਿਸੇ ਤਰਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ, ਅਗੇ ਨੂੰ ਸੋਚਣਾ ਚਾਹੀਦਾਹੈ ਕਿ ਕਿਵੇਂਹੋਵੇ ਕਿਉਂਕਿ ਤੁਰਕ ਸਤਿਗੁਰੂਨਾਨਕ ਦੇਵਜੀ ਮਹਾਰਾਜ ਦੀ ਸਿਖੀ ਦਾ ਦੁਸ਼ਮਨ ਹੈ। ਉਹ ਅਸਾਂ ਦਾ ਪਿੱਛਾ ਕਰੀ ਆ ਰਿਹਾ ਹੈ। ਅਸੀਂ ਜੇ ਸ਼ਹੀਦੀ ਪਾ ਵੀ ਜਾਈਏ ਤਾਂ ਸਿਖੀ ਦਾ ਅੰਤ ਨਹੀਂ ਹੋਣਾ ਚਾਹੀਦਾ। ਤੁਸੀਂ ਸਾਰੇ ਸਿਖੀ ਨੂੰ ਜੀਉਂਦੇ ਰੱਖਣ ਵਾਲੇ ਹੋ, ਜੋ ਵੀ ਮਾਂ ਦੇ ਪੇਟੋਂ ਜਨਮਿਆ ਹੈ, ਉਸਨੇ ਜ਼ਰੂਰ ਦੇਹ ਰੂਪ ਚੋਲਾ ਛੱਡਣਾ ਹੈ, ਜਿਸ ਤਰ੍ਹਾਂ ਸਰਪ ਕੁੰਜ ਛੱਡ ਜਾਂਦਾ ਹੈ।'

ਇਸ ਤਰ੍ਹਾਂ ਦੇ ਉਪਦੇਸ਼ਾਂ ਨੂੰ ਸੁਣਕੇਉਨ੍ਹਾਂਨੂੰ ਕੁਝ ਧੀਰਜ ਆਈ, ਫਿਰਹੋਰ ਬਚਨ ਕਰਨ ਪਿਛੋਂ ਜੋ ਵਸਤੂਆਂ ਸਤਿਗੁਰਾਂਵਾਸਤੇਲਿਆਂਦੀਆਂਸਨ, ਉਹ ਭੇਟਾ ਕੀਤੀਆਂ ਉਨ੍ਹਾਂਵਿਚ ਇਕਚਿੱਟਾ ਜੋੜਾ(ਉਦਾਲੇ ਪਾਉਣਵਾਲੇਲੀੜੇ) ਵੀ ਸੀ।ਭਾਈ ਧਰਮਸਿੰਘ ਨੈ ਅਰਜ਼ ਕੀਤੀ–'ਮਹਾਰਾਜ!ਆਪ ਕ੍ਰਿਪਾਕਰਕੇ ਇਹ ਜੋੜਾ ਲਾਹ ਦਿਓ ਜੋ ਨੀਲਾ ਹੈ ਤੇ ਇਹ ਚਿੱਟਾ ਪਹਿਨ ਕੇ ਪਹਿਲ ਦੀ ਤਰ੍ਹਾਂ ਰਹੋ। ਇਹ ਮੁਸਲਮਾਨੀ ਰੰਗ ਵਾਲੇ ਬਸਤ੍ਰ ਨਹੀਂ ਚੰਗੇ ਅਗਾਦੇ। ਇਹਨਾਂ ਦੀ ਸੋਭਾ ਨਹੀਂ, ਦੂਸਰਾ ਸੰਗਤਾਂ ਨੂੰ ਭੁਲੇਖਾ ਲਗਦਾ ਹੈ।'

ਸਤਿਗੁਰੂ ਜੀ ਨੇ ਬਚਨ ਕੀਤਾ–'ਇਹਨਾਂ ਬਸਤ੍ਰਾਂ ਦੇ ਲਾਹੁਣ ਦਾ

Sri Satguru Jagjit Singh Ji eLibrary NamdhariElibrary@gmail.com

ਅਜੇ ਸਮਾਂ ਨਹੀਂ ਆਇਆ।ਜਦੋਂ ਸਮਾਂ ਆ ਪੁਜਾ ਤਾਂ ਉਸ ਸਮੇਂ ਇਕ ਦਮ ਲਾਹ ਦਿਤੇ ਜਾਣਗੇ। ਅਕਾਲ ਪੁਰਖ ਦਾ ਭਾਣਾ ਮੰਨਣਾ ਚੰਗਾ ਹੈ।

ਰੋਣਕਾਂ ਵਧਣ ਲਗ ਪਈਆਂ ਸੇਵਕ ਆ ਪੁਜੇ।ਲੰਗਰ ਚਲਣ ਲਗੇ ਘੋੜੇ ਸਵਾਰੀ ਵਾਸਤੇ ਆ ਗਏ।

ਸ਼ਾਹੀ ਫੌਜ ਕਝ ਮੱਠੀ ਹੋ ਕੇ ਖਿਲਰ ਗਈ ਸੀ। ਥੋੜੀ ਜਿਹੀ ਫੌਜ ਸੀ, ਜਿਹੜੀ ਸਤਿਗੁਰੂ ਜੀ ਦੀ ਭਾਲ ਕਰਦੀ ਫਿਰਦੀ ਸੀ,ਕਿਉਂਕਿ ਉਨ੍ਹਾਂ ਨੂੰ ਭਰੋਸਾ ਹੋ ਚੁਕਾ ਸੀ ਕਿ ਸਤਿਗੁਰੂ ਜੀ ਇਕੱਲੇ ਰਹਿ ਗਏ ਹਨ। ਉਹਨਾਂ ਦੇ ਸੰਗੀ ਸਾਥੀ ਸਭ ਖਿਲਰੇ ਤੇ ਮਾਰੇ ਗਏ ਹਨ।

੧੮. ਮੰਦ ਭਾਗਾ ਸ਼ਮੀਰ

ਲਖਮੀਰ ਏ ਸ਼ਮੀਰ ਦੀ ਸੇਵਾ ਤੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਸਾਹਿਬਾਂ ਨੇ ਇਕ ਦਿਨ ਉਸ ਨੂੰ ਕੋਲ ਸੱਦ ਕੇ ਆਖਿਆ-ਸ਼ਮੀਰ ! ਅਸੀਂ ਤੇਰੇ ਤੇ ਪ੍ਰਸੰਨ ਹਾਂ, ਜੋ ਕੁਝ ਮੰਗਣਾ ਹੈ, ਮੰਗ ਲੈ।'

ਸ਼ਮੀਰ ਨੇ ਕਿਹਾ-ਦਾਤਾ ! ਆਪ ਦਾ ਦਿਤਾ ਬਹੁਤ ਕੁਝ ਹੈ ਮੈਂ ਕੀ ਮੰਗਾਂ?ਰੋਟੀ ਆਰਾਮ ਨਾਲ ਖਾਈ ਜਾਂਦਾ ਹਾਂ। ਹੋਰ ਜਿਵੇਂ ਆਪ ਦੀ ਇੱਛਾ।'

ਸਤਿਗੁਰੂ ਜੀ ਨੇ ਬਚਨ ਕੀਤਾ-'ਜਾਹ ! ਘੋੜੇ ਤੇ ਚੜ੍ਹ ਜਾਹ ਤੇ ਇਹ ਚਿੱਟਾ ਜੋੜਾ ਪਹਿਨ ਲੈ। ਜਿਥੋਂ ਤਕ ਘੋੜਾ ਫੇਰ ਲਵੇਂਗਾ, ਉਥੋਂ ਤਕ ਤੈਨੂੰ ਧਰਤੀ ਮਿਲ ਜਾਵੇਗੀ।

ਸ਼ਮੀਰ ਸਤਿਗੁਰੂ ਜੀ ਤੇ ਭਰੋਸਾ ਰਖਦਾ ਸੀ ਉਸ ਨੇ ਸਤਿਗੁਰੂ ਜੀ ਦੇ ਬਖਸ਼ੇ ਹੋਏ ਲੀੜੇ ਪਾ ਲਏ ਤੇ ਘੋੜੇ ਉਤੇ ਸਵਾਰ ਹੋਣ ਵਾਸਤੇ ਘਰ ਗਿਆ, ਹਵੇਲੀ ਵਿਚ ਉਸ ਦਾ ਮਾਮਾ ਬੈਠਾ ਸੀ ਉਸ ਨੇ ਰੋਕਿਆ ਤੇ ਕਿਹਾ-'ਐਸੇ ਫਕੀਰਾਂ ਨੂੰ ਆਖੇ ਨਹੀਂ ਲੱਗੀ ਦਾ।ਇਸਤਰ੍ਹਾਂ ਰਾਜ ਮਿਲਣ ਲੱਗਣ ਤਾਂ ਜਣਾ ਖਣਾ ਰਾਜਾ ਨਾ ਬਣ ਜਾਵੇ। ਨਾ ਘੋੜਾ ਫੇਰ ਐਵੇਂ ਤੇਰੀ ਮਤ ਮਾਰੀ ਹੋਈਹੈ। ਗੁਰੂ ਤਾਂ ਆਪ ਸਭ ਕੁਝ ਗਵਾ ਕੇ ਮਾਰਿਆ ੨ ਫਿਰ ਰਿਹਾ ਹੈ। ਜੇ ਐਨਾ ਕਰਾਮਾਤੀ ਹੁੰਦਾ ਤਾਂ ਆਪ ਅਨੰਦਪੁਰ ਕਿਉਂ ਛਡਦਾ।

Sri Satguru Jagjit Singh Ji eLibrary NamdhariElibrary@gmail.com

ਆਪਣੇ ਮਾਮੇ ਦੇ ਇਹ ਸ਼ਬਦ ਸੁਣ ਕੇ ਸ਼ਮੀਰ ਕੁਝ ਘਾਬਰ ਗਿਆ, ਪਰ ਉਹ ਸਤਿਗੁਰੂ ਜੀ ਦਾ ਬਚਨ ਵੀ ਨਹੀਂ ਸੀ ਮੋੜਨਾ ਚਾਹੁੰਦਾ ਕਿਉਂਕਿ ਸਰਾਪ ਤੋਂ ਡਰਦਾ ਸੀ ਉਸ ਨੇ ਕਿਹਾ–'ਮਾਮਾ ਜੀ ! ਠੀਕ ਹੈ ਕਿ ਆਪ ਸੁਲਤਾਨੀਏ ਹੋ, ਆਪ ਦੀ ਨਿਗਾਹ ਵਿਚ ਸੁਲਤਾਨ ਤੋਂ ਬਿਨਾਂ ਕੋਈ ਪੀਰ ਗੁਰੂ ਤੇ ਫਕੀਰ ਕਰਨੀ ਵਾਲਾ ਨਹੀਂ ਪਰ ਸੱਚ ਆਖਦੇ ਹਾਂ ਕਿ ਇਹ ਗੁਰੂਜੀ ਕਰਾਮਾਤੀ ਹਨ। ਮੈਂ ਘੋੜਾ ਜ਼ਰੂਰ ਫੇਰਦਾ ਹਾਂ। ਦੂਰ ਨਹੀਂ ਜਾਂਦਾ ਨੇੜੇ ਪੁਜ ਜਾਂਦਾ ਹਾਂ। ਇਉਂ ਆਖਕੇ ਸ਼ਮੀਰ ਘੋੜੇ ਉਤੇ ਸਵਾਰ ਹੋਇਆ ਤੇ ਦੂਰ ਜਾਣ ਦੀ ਥਾਂ ਨੇੜੇ ਫਿਰ ਕੇ ਸਤਿਗੁਰੂ ਜੀ ਦੇ ਪਾਸ ਪੁਜਾ। ਚਰਨਾਂ ਤੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਉਸਨੂੰ ਪੁਛਿਆ–'ਸ਼ਮੀਰ ! ਛੇਤੀ ਮੁੜ ਆਇਉਂ ! ਅ ਸੀਂ ਤਾਂ ਤੈਨੂੰ ਰਾਜਾ ਬਨਾਉਣ ਵਾਸਤੇ ਅਕਾਲ ਪੁਰਖ ਅਗੇ ਅਰਦਾਸ ਕਰ ਰਹੇ ਸਾਂ, ਤੂੰ ਛੇਤੀ ਆ ਪੁਜਾ ਕੀ ਦੂਰ ਦੀ ਧਰਤੀ ਵਲ ਨਹੀਂ ਗਿਆ ?'

ਸ਼ਮੀਰ-ਨਹੀਂ ਦਾਤਾ ! ਮੈਨੂੰ ਮੇਰੇ ਮਾਮੇ ਨੇ ਰੋਕ ਦਿਤਾ ਸੀ। ਮੈਂ ਤਾਂ ਆਪਣੇ ਪਿੰਡ ਦੇ ਚੌਗਿਰਦਿਓਂ ਹੀ ਘੁਮ ਕੇ ਆ ਗਿਆ ਹਾਂ।'

ਇਹ ਸੁਣ ਕੇ ਸਤਿਗੁਰੂ ਜੀ ਦੋ ਕੁ ਮਿੰਟ ਸ਼ਾਂਤ ਚਿਤ ਰਹੇ ਫਿਰ ਮੁਸਕਰਾ ਕੇ ਬੋਲੇ–'ਹੱਡਾ ! ਮਿਲਣਾ ਤਾਂ ਰਾਜ ਸੀ ਪਰ ਤੂੰ ਬਚਨ ਨਹੀਂ ਮੰਨਿਆਂ ਇਸ ਕਰਕੇ ਰਾਜ ਦੀ ਥਾਂ ਸੂਬੇਦਾਰੀ ਰਹੇਗੀ। ਇਹ ਵਰ ਪਾਕੇ ਸ਼ਮੀਰ ਪ੍ਰਸੰਨ ਹੋ ਗਿਆ।

ਇਕ ਦਿਨ ਸਤਿਗੁਰੂ ਜੀ ਪ੍ਰਸ਼ਾਦਿ ਛਕ ਰਹੇ ਸਨ। ਪ੍ਰਸ਼ਾਦ ਦੇ ਵਿਚ ਬਕਰੇ ਦਾ ਮਹਾਂ ਪ੍ਰਸ਼ਾਦਿ (ਮਾਸ) ਸੀ। ਸ਼ਮੀਰ ਲਾਗੇ ਬੈਠਾ ਪੱਖਾ ਝੱਲ ਰਿਹਾ ਸੀ। ਇਸ ਨੇ ਬੇਨਤੀ ਕੀਤੀ ਕਿ ਮੈਨੂੰ ਸੀਤ ਪ੍ਰਸਾਦ ਬਖਸ਼ਿਆ ਜਾਵੇ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਦਾਲ ਸ਼ਮੀਰ ਵੱਲ ਕਰ ਦਿਤਾ ਤੇ ਨਾਲ ਹੀ ਆਖ ਦਿਤਾ–'ਏਥੇ ਹੀ ਛਕ ਲੈ।'

ਪਰ ਸ਼ਮੀਰ ਨੇ ਬੇਨਤੀ ਕੀਤੀ...'ਮਹਾਰਾਜ! ਮੈਂ ਇਹ ਪ੍ਰਸ਼ਾਦਿ ਘਰਲੈ ਜਾਂਦਾ ਹਾਂ। ਘਰ ਵਾਲੇ ਵੀ ਬੁਰਕੀ ਬੁਰਕੀ ਛਕ ਲੈਣਗੇ ਤੇ ਉਹਨਾਂ ਦੀ ਬੁਧੀ ਵੀ ਤੇਜ ਹੋ ਜਾਵੇਗੀ। ਉਹਨਾਂ ਨੂੰ ਵੀ ਸ਼ਾਇਦ ਗਿਆਨ ਹੋ ਜਾਵੇਗਾ।'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਆਗਿਆ ਦੇ ਦਿਤੀ ਕਿ ਸ਼ਮੀਰ ਥਾਲ ਘਰ ਲੈ ਜਾਵੇ। ਸ਼ਮੀਰ ਥਾਲ ਘਰ ਲੈ ਗਿਆ। ਘਰ ਜਾਕੇ ਜਦੋਂ ਉਸ ਨੇ ਆਪਣੀ ਘਰ ਵਾਲੀ ਨੂੰ ਥਾਲ ਦਿਖਾਇਆ ਤਾਂ ਉਸ ਸਿਰ ਤੋਂ ਪੈਰਾਂ ਤਕ ਗਰਮ ਹੋ ਕੇ ਬੋਲੀ-'ਤੇਰੀ ਮਤ ਮਾਰੀ ਗਈ! ਇਹ ਮਾਸ ਘਰ ਚੁਕ ਲਿਆਇਆ ਹੈਂ? ਮਾਸ ਝਟਕਾ ਹੈ, ਝਟਕੇ ਨੂੰ ਖਾ ਕੇ ਕੀ ਆਪਣੀ ਕੁਲ ਦਾ ਨਾਸ ਕਰਨਾ ਚਾਹੁੰਦਾ ਹੈਂ, ਕੀ ਪੀਰ ਸੁਲਤਾਨ ਜੀ ਮੁਆਫ ਕਰਨਗੇ? ਅਸਾ ਇਹ ਮਾਸ ਕਦੀ ਨਹੀਂ ਖਾਣਾ ਨਾ ਤੈਨੂੰ ਖਾਣ ਦੇਣਾ ਹੈ।'

ਅਜੇ ਇਸ ਤਰਾਂ ਦੀ ਚਰਚਾ ਹੋ ਰਹੀ ਸੀ ਕਿ ਸ਼ਮੀਰ ਦਾ ਮਾਮਾ ਆ ਗਿਆ, ਉਹ ਬਹੁਤ ਹੀ ਮਾੜਾ ਆਦਮੀ ਸੀ। ਉਸ ਨੇ ਜਦੋਂ ਇਹ ਮਾਮਲਾ ਸੁਣਿਆਂ ਤਾਂ ਉਹ ਵੀ ਸ਼ਮੀਰ ਦੇ ਗਲ ਪੈ ਗਿਆ। ਭਾਗ ਹੀਣ ਪੁਰਸ਼ ਘਰ ਆਈ ਕਿਸਮਤ ਨੂੰ ਤਿਆਗਣ ਲਗੇ। ਉਹਨਾਂ ਨੇ ਸ਼ਮੀਰ ਕੋਲੋਂ ਥਾਹ ਖੋਹ ਕੇ ਬਾਹਰ ਜਾ ਕੇ ਧਰਤੀ ਵਿਚ ਨੱਪ ਦਿਤਾ। ਉਹ ਮੰਦ ਭਾਗੀ ਪੁਰਖ ਮੂਰਖ ਦੇ ਮੂਰਖ ਹੀ ਰਹੇ।

ਦੂਸਰੇ ਦਿਨ ਸ਼ਮੀਰ ਸਤਿਗੁਰੂ ਜੀ ਦੇ ਪਾਸ ਗਿਆ। ਉਸ ਦਾ ਰੰਗ ਉਡਿਆ ਹੋਇਆ ਸੀ ਤੇ ਉਹ ਸ਼ਰਮਿੰਦਾ ਹੋਇਆ ਚੁਪ ਕਰਕੇ ਜਾ ਬੈਠਾ। ਸਤਿਗੁਰੂ ਜੀ ਨੇ ਪੁਛਿਆ-'ਕਿਉਂ ਸ਼ਮੀਰ ਕੀ ਮਾਮਲਾ ਹੈ? ਚੁਪ ਕਿਉਂ ਹੈ?'

ਸ਼ਮੀਰ ਨੇ ਰੋ ਕੇ ਸਾਰੀ ਵਾਰਤਾ ਦਸ ਦਿਤੀ। ਸਤਿਗੁਰੂ ਜੀ ਨੇ ਕੋਈ ਬਚਨ ਨਹੀਂ ਕੀਤਾ, ਕਰੋਪੀ ਵੀ ਨਹੀਂ ਕੀਤੀ। ਸਹਿਜ ਸੁਭਾ ਕਿਹਾ ਮਾੜਾ ਕੀਤਾ।' ਅਤੇ ਸ਼ਮੀਰ ਨੂੰ ਹੌਂਸਲਾ ਦਿਤਾ ਕਿ ਕੋਈ ਚਿੰਤਾ ਨਾ ਕਰ, ਅਕਾਲ ਪੁਰਖ ਦਾ ਧਿਆਨ ਕਰ।

੧੯. ਸਾਧੂ ਦਿਆਲਪੁਰੀ ਦਾ ਸਤਿਗੁਰਾਂ ਪਾ ਸਅੋਣਾ

ਇਕ ਦਿਨ ਸਤਿਗੁਰੂ ਜੀ ਮਨ ਮੌਜ ਨਾਲ ਬੈਠੇ ਹੋਏ ਥੋਹੜੇ ਜਹੇ ਸਿੱਖਾਂ ਨਾਲ ਬਚਨ ਬਿਲਾਸ ਕਰ ਰਹੇ ਸਨ ਕਿ ਇਕ ਸਾਧੂ ਦਿਆਲਪੁਰੀ ਆਇਆ।

Sri Satguru Jagjit Singh Ji eLibrary NamdhariElibrary@gmail.com

ਦਿਆਲਪੁਰੀ ਸਾਧੂ ਸੀਤਲਪੁਰੀ ਦਾ ਚੇਲਾ ਸੀ। ਬਹੁਤ ਹੀ ਭਗਤੀ ਵਾਨ ਪੁਰਸ਼ ਸੀ।

ਸੁਖ ਸਾਂਦ ਪੁਛਣ ਪਿਛੋਂ ਸਤਿਗੁਰੂ ਜੀ ਨੇ ਬਚਨ ਕੀਤਾ-'ਆਓ ਮਹਾਤਮਾ ਜੀ ਕੋਈ ਸੇਵਾ ਦਸੋ ?' ਸਾਧੂ ਦਿਆਲਪੁਰੀ-'ਮਹਾਰਾਜ ! ਮੈਂ ਸੇਵਾ ਨਹੀਂ, ਬੇਨਤੀ ਕਰਨ ਆਇਆ ਹਾਂ। ਬੇਨਤੀ ਹੈ ਕਿ ਆਪ ਨੇ ਸਰਹੰਦ ਨੂੰ ਉਜੜਨ ਦਾ ਸਰਾਪ ਦਿਤਾ ਹੈ। ਮੈਂ ਆਪ ਵੀ ਸਰਹੰਦ ਰਹਿੰਦਾ ਹਾਂ, ਮੈਂ ਕੀ ਕਰਾਂ ?

ਸਤਿਗੁਰੂ ਜੀ ਨੇ ਬਚਨ ਕੀਤਾ-ਜਾਓ ! ਤੁਸੀਂ ਆਪਣੇ ਡੇਰੇ ਵਿਚ ਜਾਵੋ, ਡੇਰੇ ਪੁਜਕੇ ਸੰਖ ਵਜਾਉਣਾ। ਜਿਥੋਂ ਤਕ ਸੰਖ ਦੀ ਅਵਾਜ਼ ਜਾਵੇਗੀ ਉਥੋਂ ਤਕ ਸ਼ਹਿਰ ਨਹੀਂ ਉਜੜੇਗਾ।

ਇਹ ਬਚਨ ਲੈ ਕੇ ਦਿਆਲਪੁਰੀ ਵਾਪਸ ਸਰਹੰਦ ਪੁਜਾ। ਉਸ ਨੇ ਸਾਰੇ ਸ਼ਹਿਰ ਸਰਹੰਦ ਵਿਚ ਜਾਕੇ ਚਰਚਾ ਛੇੜ ਦਿਤੀ ਕਿ ਸਰਹੰਦਨੂੰ ਸਤਿਗੁਰੂ ਜੀ ਨੇ ਸਰਾਪ ਦੇ ਦਿਤਾ ਹੈ। ਸਾਰਾ ਸ਼ਹਿਰ ਉਜੜ ਜਾਵੇਗਾ, ਇਹ ਬਚਨ ਸੁਣਕੇ ਨੇਕ ਪੁਰਸ਼ ਸਰਹੰਦ ਛਡ ਕੇ ਚਲੇ ਗਏ। ਦਿਆਲਪੁਰੀ ਨੇ ਸੰਖ ਵਜਾਇਆ। ਸੰਖ ਦੀ ਅਵਾਜ਼ ਜਿਥੋਂ ਤਕ ਪੁਜੀ ਓਥੋਂ ਤਕ ਸ਼ਹਿਰ ਨਹੀਂ ਉਜੜਿਆ, ਬਾਕੀ ਦਾ ਸਾਰਾ ਸ਼ਹਿਰ ਸਿੰਘਾਂ ਨੇ ਉਜਾੜ ਕੇ ਢਾਹ ਦਿਤਾ ਸੀ।

੨੦. ਜ਼ਫਰਨਾਮੇ ਦਾ ਉਚਾਰਨ

ਸਤਿਗੁਰੂ ਜੀ ਦੀਨੇ ਹੀ ਰਹੇ ਕਿਉਂਕਿ ਰਾਜਸੀ ਹਾਲਤ ਹੋਰ ਵਿਗੜ ਗਏ। ਲੱਖਣੀ ਹਿੰਦ ਵਿਚ ਬਗਾਵਤਾਂ ਹੋ ਗਈਆਂ ਸਨ। ਸਰਹੰਦ ਦੇ ਚੌਗਿਰਦੇ ਜਿਹੜੀਆਂ ਸ਼ਾਹੀ ਫੌਜਾਂ ਲੜਦੀਆਂਸਨ ਉਹਨਾਂਨੂੰ ਦਿਲੀ ਵਾਪਸ ਬੁਲਾ ਲਿਆ ਗਿਆ ਸੀ ਉਹ ਦਿਲੀ ਨੂੰ ਤੁਰ ਗਈਆਂ। ਵਜ਼ੀਰ ਖਾਂ ਦਾ ਮਨ ਵੀ ਕੁਝ ਡਰ ਗਿਆ, ਕਿਉਂਕਿ ਹਰ ਇਕ ਨੇ ਆਖਣਾ ਸ਼ੁਰੂ ਕਰ ਦਿਤਾ ਕਿ ਸਰਹੰਦ ਉਜੜੇਗੀ, ਵਜ਼ੀਰ ਖਾਂ ਮਾਰਿਆ ਜਾਵੇਗਾ ਤੇ ਮੁਗਲ ਸਲਨਤ ਦਾ ਅੰਤ ਹੋ ਜਾਵੇਗਾ।

Sri Satguru Jagjit Singh Ji eLibrary NamdhariElibrary@gmail.com

ਜਿਹੜੇ ਹਿੰਦੂ ਰਾਜੇ ਸਨ ਉਹ ਤਾਂ ਅਸਲੋਂ ਹੀ ਆਪਣੇ ਘਰੋ ਘਰੀ ਜਾ ਬੈਠੇ। ਉਨ੍ਹਾਂ ਨੇ ਤਾਂ ਕੋਈ ਖਿਆਲ ਨਾ ਕੀਤਾ। ਇਹਨਾਂ ਕਾਰਨਾਂ ਕਰਕੇ ਮਾਲਵੇ ਦੀ ਧਰਤੀ ਵਿਚ ਅਮਨ ਰਿਹਾ। ਜਿਹੜੀਆਂ ਫੌਜਾਂ ਸਤਿਗੁਰੂ ਜੀ ਦੇ ਭਾਲਣ ਤੇ ਆਈਆਂ ਸਨ, ਉਹਨਾਂ ਦਾ ਜੋਸ਼ ਘਟ ਗਿਆ। ਦੀਨਾ ਨਗਰ ਵਿਚ ਬਹੁਤ ਰੋਣਕਾਂ ਹੋਣ ਲਗੀਆਂ, ਸਿਖੀ ਦੀ ਖਿਲਰੀ ਹੋਈ ਸ਼ਕਤੀ ਨੂੰ ਮੁੜ ਕੇ ਇਕੱਠਿਆਂ ਕਰਨ ਦੀਆਂ ਵਿਉਂਤਾਂ ਹੋ ਰਹੀਆਂ ਸਨ ਕਿ ਅਚਾਨਕ ਔਰੰਗਜ਼ੇਬ ਬਾਦਸ਼ਾਹ ਦਾ ਹਲਕਾਰਾ ਆਇਆ ਉਸ ਹਲਕਾਰੇ ਦੇ ਕੋਲ ਇਕ ਚਿੱਠੀ ਸੀ ਜਿਸ ਨੂੰ ਬਾਦਸ਼ਾਹ ਨੇ ਸਤਿਗੁਰੂ ਜੀ ਵਲ ਲਿਖਿਆ ਸੀ ਤੇ ਉਸ ਵਿਚ ਕਿਹਾ ਗਿਆ ਸੀ ਕਿ ਸਤਿਗੁਰੂ ਜੀ ਇਕ ਵਾਰ ਦਿਲੀ ਆਕੇ ਬਾਦਸ਼ਾਹ ਨੂੰ ਮਿਲਣ। ਬਾਦਸ਼ਾਹ ਜ਼ਰੂਰ ਮਿਲਣਾ ਚਾਹੁੰਦਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਕਿ ਬਾਦਸ਼ਾਹ ਨੂੰ ਪਤਾ ਲਗ ਗਿਆ ਹੈ ਕਿ ਸਤਿਗੁਰੂ ਜੀ ਨੂੰ ਅਨੰਦਪੁਰ ਤੋਂ ਕੱਢ ਦਿਤਾ ਗਿਆ ਹੈ ਤੇ ਉਹਨਾਂ ਦੇ ਚਾਰੇ ਲਾਲ ਸ਼ਹੀਦ ਹੋ ਚੁਕੇ ਹਨ। ਬਾਕੀ ਦੇ ਸੰਗੀ ਸਾਥੀ ਵਿਛੜ ਗਏ ਹਨ। ਵਜ਼ੀਰ ਖਾਂ ਸਰਹੰਦ ਨੇ ਜਿਹੜਾ ਮਾਸੂਮਾਂ ਦਾ ਖੂਨਕੀਤਾਹੈ ਉਹ ਮਾੜਾ ਕੀਤਾ ਹੈ, ਬਾਦਸ਼ਾਹ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਸਤਿਗੁਰੂ ਜੀ ਦੀਨਾ ਨਗਰ ਹਨ, ਤਦੇ ਤਾਂ ਹਲਕਾਰਾ ਦੀਨੇ ਪੁਜਿਆ ਫਿਰ ਹਲਕਾਰੇ ਨੇ ਆਖਿਆ ਕੁਝ ਨਹੀਂ ਉਹ ਚਿੱਠੀ ਦੇ ਕੇ ਵਾਪਸ ਦਿਲੀ ਨੂੰ ਗਿਆ।

ਬਾਦਸ਼ਾਹ ਦੇ ਢਿਲੇ ਪੈਣ ਦੇ ਇਹ ਵੀ ਕਾਰਨ ਹਨ ਕਿ ਇਕ ਉਹ ਬਢਾ ਹੋ ਗਿਆ ਸੀ ਤੇ ਜੀਵਨ ਦੇ ਅੰਤਲੇ ਦਿਨਾਂ ਤੇ ਪਜਾ ਹੋਇਆ ਸੀ। ਦੂਸਰਾ ਤਖਤ ਵਾਸਤੇ ਪੁਤਰਾਂ ਵਿਚ ਲੜਾਈ ਹੋਣ ਦਾ ਡਰ ਸੀ ਤੇ ਤੀਸਰਾ ਦੱਖਣ ਦੇ ਵਿਚ ਬਗਾਵਤਾਂ ਹੋ ਗਈਆਂ ਸਨ। ਖਤਰਾ ਸੀ ਕਿ ਰਾਜਪੂਤ ਤੇ ਮੁਗਲ ਨਵਾਬ ਸੁਤੰਤ੍ਰ ਹੋਣ ਦਾ ਯਤਨ ਕਰਨਗੇ। ਸਤਿਗੁਰੂ ਜੀ ਵਲ ਚਿਠੀ ਲਿਖ ਕੇ ਆਪ ਨੇ ਆਪ ਦੱਖਣ ਵਲ ਕੂਚ ਕਰ ਦਿਤਾ ਸੀ।

ਦੀਨੇ ਵਿਚ ਬੈਠਿਆਂ ਫਿਰ ਸਤਿਗੁਰੂ ਜੀ ਨੇ ਫਾਰਸੀ ਕਵਿਤਾ ਵਿਚ ਬਾਦਸ਼ਾਹ ਨੂੰ ਇਕ ਲੰਮੀ ਚਿਠੀ ਲਿਖੀ ਜਿਸ ਦਾ ਨਾਮ 'ਜ਼ਫਰਨਾਮਾ'

Sri Satguru Jagjit Singh Ji eLibrary NamdhariElibrary@gmail.com

(ਫਤਹ ਨਾਮਾ) ਹੈ। ਕਵਿਤਾ ਦੇ ਲਿਹਾਜ਼ ਨਾਲ ਇਹ ਸੰਸਾਰ ਵਿਚ ਜਿਹੜੀਆਂ ਫਾਰਸੀ ਦੀਆਂ ਚੰਗੀਆਂ ਪੁਸਤਕਾਂ ਹਨ ਉਨ੍ਹਾਂ ਵਿਚ ਇਸ ਦਾ ਅਸਥਾਨ ਹੈ। ਅਲੰਕਾਰ, ਛੰਦਾ ਬੰਦੀ, ਸ਼ਬਦਾਂ ਦੀ ਚੋਣ ਤੇ ਫਲਸਫੇ ਦੇ ਲਿਹਾਜ਼ ਨਾਲ ਕਿਸੇ ਹਿੰਦੁਸਤਾਨੀ ਫਾਰਸੀ ਲਿਖਾਰੀ ਦੀ ਐਸੀ ਸੁੰਦਰ ਰਚਨਾ ਨਹੀਂ। ਅਫਸੋਸ ਇਸ ਗਲ ਦਾ ਹੈ ਕਿ ਔਰੰਗਜ਼ੇਬ ਇਸ 'ਫਤਹ ਨਾਮੇ' ਨੂੰ ਪੜ੍ਹ ਕੇ ਚਲਾਣਾ ਕਰ ਗਿਆ। ਉਸ ਨੂੰ ਅਮਲ ਕਰਨ ਜਾਂ ਗੁਰੂ ਜੀ ਨਾਲ ਮੁਲਾਕਾਤ ਕਰਨ ਦਾ ਮੌਕਾ ਨਾ ਦਿਤਾ।

'ਜ਼ਫਰਨਾਮੇ' ਵਿਚ ਸਤਿਗੁਰੂ ਜੀ ਨੇ ਇਹ ਦਸਿਆ ਕਿ ਹੇ ਬਾਦਸ਼ਾਹ! ਤੈਨੂੰ ਇਹ ਮਾਣ ਹੋਵੇਗਾ ਕਿ ਤੂੰ ਅਸਾਂ (ਸਤਿਗੁਰਾਂ) ਦੀ ਸ਼ਕਤੀ ਨੂੰ ਨਸ਼ਟ ਕਰ ਦਿਤਾ ਹੈ ਤੇ ਅਸੀਂ (ਸਤਿਗੁਰੂ) ਹਾਰ ਗਏ ਹਾਂ। ਤੇਰੀ ਫਤਹ ਹੋਈ ਹੈ, ਇਹ ਗਲਤ ਹੈ। ਫਤਹ ਅਸਲ ਵਿਚ ਅਸਾਂ ਦੀ ਹੋਈ ਹੈ। ਇਹ ਭਿਆਨਕ ਜਵਾਲਾ ਵਿਚੋਂ ਤੂੰ ਇਕ ਚੰਗਿਆੜੇ ਨੂੰ ਖਤਮ ਕੀਤਾ ਹੈ। ਬਾਕੀ ਭਾਂਬੜ ਤਾਂ ਜਿਉਂ ਦਾ ਤਿਉਂ ਰਹਿ ਗਿਆ ਹੈ। ਉਸਦੇ ਅਨੇਕਾਂ ਸ਼ੋਅਲੇ ਜ਼ੁਲਮਾਂ ਦਾ ਅੰਤ ਕਰ ਕੇ ਭਾਰਤ ਨੂੰ ਸੁਤੰਤਰ ਤੇ ਸ਼ਾਂਤ ਬਨਾਉਣਗੇ।

ਚਿਹਾ ਸ਼ੁਦ ਕਿ ਚੂੰ ਬਚਗਾ ਕੁਸ਼ਤਹ ਚਾਰ ॥
ਕਿ ਬਾਕੀ ਬਿਮਾਂਦਸਤੁ ਪੇਚੀਦਹ ਮਾਰ ॥ ੭੮ ॥
ਚਿ ਮਰਦੀ ਕਿ ਅਖਗਰ ਖਮੋਸ਼ਾ ਕੁਨੀ ॥
ਕਿ ਆਤਮ ਦਮਾਰਾ ਬਦਉਰਾ ਕੁਨੀ ॥

ਅਰਥ-ਕੀ ਹੋਇਆ ਜੇ ਤੂੰ ਅਸਾਡੇ ਚਾਰ ਪੁਤ੍ਰ ਮਾਰ ਦਿਤੇ ਹਨ, ਕੋਡੀਆਂ ਵਾਲਾ ਸੱਪ ਜਿਸ ਨੂੰ ਲੜੇ ਉਸ ਦੀ ਕੁਲ ਨਾਸ਼ ਹੋ ਜਾਂਦੀ ਹੈ ਤੇਰੀ ਕੁਲ ਨਾਸ਼ ਕਰਨ ਵਾਸਤੇ ਸਤਿਗੁਰੂ ਆਪ ਹਨ। ਇਹ ਤੇਰੀ ਕੋਈ ਮਰਦਾਨਗੀ ਨਹੀਂ, ਜੋ ਤੂੰ ਅੱਗ ਦੇ ਨਿਕੇ ਅੰਗਿਆਰਾਂ ਨੂੰ ਬੁਝਾਉਣ ਦਾ ਉਪਰਾਲਾ ਕੀਤਾ ਹੈ ਇਹ ਤਾਂ ਸਗੋਂ ਉਲਟਾ ਅਸਰ ਹੋਇਆ ਹੈ ਤੂੰ ਆਪਣੇ ਚੌਗਿਰਦੇ ਹੋਰ ਭਾਂਬੜ ਬਾਲ ਲਏ ਹਨ। (ਇਸ ਭਾਂਬੜ ਦੇ ਸ਼ੋਅਲੇ ਤੈਨੂੰ ਸਾੜ ਕੇ ਸਵਾਹ ਕਰਨਗੇ)।

ਜ਼ਫਰਨਾਮੇ ਵਿਚ ਔਰੰਗਜੇਬ ਨੂੰ ਇਹ ਵੀ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਉਹ ਖੁਦਾ ਨੂੰ ਯਾਦ ਕਰੇ। ਆਖਰ ਮਨੁਖ ਹੁੰਦਿਆਂ ਹੋਇਆਂ

Sri Satguru Jagjit Singh Ji eLibrary NamdhariElibrary@gmail.com

ਖ਼ੁਦਾ ਦੇ ਬੰਦਿਆਂਵਾਸਤੇਵੀਉਸਦੇਫਰਜ਼ਹਨਾਇਕ ਥਾਂ ਆਉਂਦਾਹੈਕਿਜ਼ੁਲਮ ਕਰਨ ਦੀ ਥਾਂ ਔਰੰਗਜੇਬ ਕਰਤਾਰ ਨੇ ਕੀਤੇ ਕੰਮਾਂ ਵਲ ਝਾਤ ਮਾਰਾਜਿਵੇਂ–

ਬੁਬੀਂ ਕੁਦ੍ਰਤੇ ਕਿਰਦਗਾਰੇ ਜਹਾਂ ॥
ਕਿ ਈਹਾਂ ਬਬਖ਼ਸ਼ੀਦ ਕੁਸਤਨ ਅਜ਼ਾਂ ॥੭੬॥

ਹੇ ਔਰੰਗਜੇਬ! ਤੂੰ ਜਗਤ ਦੇ ਕਰਤੇ ਦੀ ਕਿਰਤ ਵਲ ਤੱਕ, ਕਰਤਾਰ ਦੀ ਕੁਦਰਤ ਜੀਵਾਂ ਨੂੰ ਬਚਾਉਂਦੀ ਤੇ ਸ਼ੇਰਾਂ ਨੂੰ ਮਰਵਾਉਂਦੀ ਹੈ।

ਸਾਰਾ ਜਫਰਨਾਮਾ ੧੨ ਹਿਕਾਯਤਾਂ ਵਿਚ ਹੈ। ਦੋ ਦੋ ਤੁਕਾਂ ਦੇ ਬੈਂਤ ਹਨ ਤੇ ਹਰ ਇਕ ਹਿਕਾਯਤ ਵਿਚ ੫੭ ਤੋਂ ੬੦ ਤਕ ਬੈਂਤ ਹਨ। ਸਾਖੀਆਂ (ਕਹਾਣੀਆਂ) ਦਸ ਦਸ ਕੇ ਔਰੰਗਜੇਬ ਨੂੰ ਸਿਖਿਆ ਦੇਣ ਦਾ ਯਤਨ ਕੀਤਾ ਗਿਆ ਹੈ। ਇਹ ਗ੍ਰੰਥ ਹਰ ਇਕ ਸੱਜਣ ਨੂੰ ਪੜ੍ਹਨਾ ਚਾਹੀਦਾ ਹੈ। ਜਿਹੜਾ ਪੰਜਾਬੀ ਤੇ ਉਰਦੂ ਵਿਚ ਛਪਿਆ ਹੋਇਆ ਬਜ਼ਾਰ ਵਿਚ ਮਿਲਦਾ ਹੈ,ਫ਼ਾਰਸੀ ਸਾਹਿਤ ਦਾ ਮਹਾਨ ਗ੍ਰੰਥ ਹੈ।ਇਸ ਜਫਰਨਾਮੇ ਦੀ ਇਕ ਕਾਪੀ ਨੂੰ ਨਾਲ ਲੈਕੇ ਭਾ: ਦਯਾ ਸਿੰਘਜੀ ਦੱਖਣ ਦੇਸ਼ ਨੂੰ ਗਏ ਤਾਂਕਿ ਔਰੰਗਜੇਬ ਨੂੰ ਪੜ੍ਹਾਈਜਾਵੇ।

੨੧ ਦੀਨੇ ਤੋਂ ਰਵਾਨਗੀ

ਮਾਲਵਾ ਰਿਆਸਤਾਂ ਤੇ ਬਠਿੰਡੇ ਦਾ ਇਲਾਕਾ ਬਹੁਤ ਜੰਗਲ ਹੁੰਦਾ ਸੀ, ਥਾਂ ਥਾਂ ਲੰਮੇ ਚੌੜੇ ਜੰਗਲ ਸਨ ਤੇ ਉਹਨਾਂ ਜੰਗਲਾਂ ਵਿਚ ਸ਼ਾਹੀ ਫੌਜ ਨਹੀਂ ਸੀ ਪਹੁੰਚਦੀ। ਏਧਰ ਪਾਣੀ ਵੀ ਨਹੀਂ ਸੀ ਹੁੰਦਾ।

ਵਜ਼ੀਰ ਖਾਂ ਸਰਹੰਦ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਜੀ ਦੀਨੇ ਨਗਰ ਵਿਚ ਹਨ। ਉਸ ਨੇ ਕੁਝ ਤਿਆਰੀ ਕੀਤੀ ਕਿ ਉਹ ਸਤਿਗੁਰੂ ਜੀਨੂੰ ਫੜ ਲਵੇ,ਕਿਉਂਕਿ ਉਸਨੂੰ ਇਹ ਵੀ ਖਤਰਾ ਸੀ ਕਿ ਗੁਰੂ ਜੀ ਸ਼ਾਇਦ ਫੌਜ ਨਾ ਇਕੱਠੀ ਕਰ ਲੈਣ, ਕਿਉਂਕਿ ਉਸ ਇਲਾਕੇ ਵਿਚ ਬਹੁਤ ਸਿਖੀ ਸੀ।

ਇਹ ਖਬਰ ਸਤਿਗੁਰੂ ਜੀ ਨੂੰ ਵੀ ਮਿਲ ਗਈ। ਸਾਹਿਬਾਂ ਨੇ ਸੋਚਿਆ ਕਿ ਦੀਨੇ ਬੈਠ ਕੇ ਲੜਾਈ ਨਹੀਂ ਕਰਨੀ ਚਾਹੀਦੀ, ਕਿਤੇ ਜੰਗਲਾਂ ਵਿਚ ਜਾ ਕੇ ਲੜਾਈ ਕਰੀਏ। ਕਿਉਂਕਿ ਜੇ ਅਬਾਦੀਆਂ ਵਿਚ ਲੜਾਂਈ ਹੋਈ ਤਾਂ

Sri Satguru Jagjit Singh Ji eLibrary NamdhariElibrary@gmail.com

ਲੋਕਾਂ ਨੂੰ ਨੁਕਸਾਨ ਪੁਜੇਗਾ। ਇਸ ਵਾਸਤੇ ਸਾਹਿਬਾਂ ਨੇ ਦੀਨੇ ਤੋਂ ਕੂਚ ਕਰਨ ਦਾ ਫੈਸਲਾ ਕਰ ਲਿਆ।ਉਸ ਵੇਲੇ ਲਖਮੀਰ, ਸ਼ਮੀਰ ਤੇ ਤਖਤ ਮਲ ਆਦਿਕ ਸਿਖਾਂ ਨੂੰ ਬਹੁਤ ਦੁਖ ਹੋਇਆ। ਉਹ ਨਹੀਂ ਸਨ ਚਾਹੁੰਦੇ ਕਿ ਸਤਿਗੁਰੂ ਜੀ ਦਾ ਸਾਥ ਛਡਿਆ ਜਾਵੇ। ਸਾਹਿਬਾਂ ਦੇ ਚਰਨਾਂ ਵਿਚ ਬਤੀਤ ਹੋਣ ਤਾਂ ਲਾਭ ਹੈ। ਜਦ ਤੋਂ ਸਤਿਗੁਰੂ ਜੀ ਦੀਨੇ ਉਤਾਰਾ ਲਿਆ ਸੀ ਤਦ ਤੋਂ ਨਗਰ ਵਿਚ ਦਿਨਾਂ ਵਿਚ ਖੁਸ਼ਹਾਲੀ, ਸ਼ਾਂਤੀ ਅਤੇ ਪਿਆਰ ਦਾ ਵਾਸਾ ਹੋ ਗਿਆ ਸੀ। ਸਾਰੇ ਲੋਕ ਬਹੁਤ ਅਨੰਦ ਨਾਲ ਵੱਸਣ ਲਗ ਪਏ ਸਨ। ਕਿਸੇ ਦਾ ਨਾ ਮਾਲ ਮਰਦਾ ਸੀ ਤੇ ਨਾ ਕਿਸੇ ਦੀ ਦੇਹ ਨੂੰ ਕੋਈ ਰੋਗ ਲਗਾ। ਕਿਸੇ ਨੂੰ ਕਿਸੇ ਤਰ੍ਹਾਂ ਦੀ ਔਕੜ ਪੇਸ਼ ਨਾ ਆਈ। ਸਤਿਗੁਰੂ ਜੀ ਪਾਸ ਹੁਣ ਸਿੰਘ ਸੈਨਾ ਵੀ ਚੋਖੀ ਸੀ। ਬਰੂੜ, ਬੰਦੂਕ, ਬਰਛੀ ਤੇ ਤਲਵਾਰ ਦਾ ਅੰਤ ਨਹੀਂ ਸੀ। ਕੁਝ ਸਿੰਘ ਵੀ ਤਨਖਾਹ ਤੇ ਰਖ ਲਏ ਸਨ ਕਿਉਂਕਿ ਸਾਹਿਬਾਂ ਨੂੰ ਕੋਲ ਰੁਪਿਆ ਆਉਣ ਲਗ ਪਿਆ ਸੀ। ਸਾਹਿਬਾਂ ਨੇ ਦੀਨੇ ਤੋਂ ਕੂਚ ਕੀਤਾ ਤੇ ਡੋਡ ਪਿੰਡ ਪਹੁੰਚ ਗਏ। ਉਥੋਂ ਦੇ ਲੋਕਾਂ ਬੜੀ ਸੇਵਾ ਕੀਤੀ। ਡੋਡ ਤੋਂ ਬਾਂਦਰ ਤੇ ਬਾਂਦਰ ਤੋਂ ਚਲ਼ ਕੇ ਬਹਿਬਲ ਆਏ।ਏਥੇ ਸਤਿਗੁਰੂ ਜੀ ਨੇ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ ਤਾਂਕਿ ਸਿੰਘਾਂ ਵਿਚ ਵਾਧਾ ਹੋਵੇ। ਨੌਜੁਆਨ ਮੁੰਡੇ ਸਿੰਘ ਸੱਜਣ ਤੇ ਦੁਸ਼ਮਨ ਦਾ ਟਾਕਰਾ ਕਰਨ ਜੋਗੇ ਹੋ ਜਾਣ। ਇਸ ਤਰ੍ਹਾਂ ਬਹੁਤ ਸਾਰੇ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਕੀਤਾ ॥

ਬਹਿਬਲ ਵਿਚ ਸੰਗਤ ਬਹੁਤ ਇਕੱਠੀ ਹੋ ਗਈ॥ ਉਸ ਵੇਲੇ ਮਾਲਵੇ ਵਿਚ ਕਾਲ ਪਿਆ ਹੋਇਆ ਸੀ॥ ਲੋਕਾਂ ਨੂੰ ਅੰਨ ਜਲ ਦਾ ਤੋੜਾ ਸੀ ਪਰ ਉਸ ਸਮੇਂ ਦੇ ਲੋਕ ਬਹੁਤ ਹੀ ਦਰਿਆ ਦਿਲ ਬੰਦੇ ਸਨ ॥ ਉਹ ਥੁੜਾਂ ਨੂੰ ਅਨੁਭਵ ਨਹੀਂ ਸਨ ਕਰਦੇ॥ਸੰਗਤਾਂ ਨੂੰ ਦੇਖਕੇ ਉਹਨਾਂ ਵਡਾ ਲੰਗਰ ਤਾਂ ਨਾ ਲਾਇਆ ਪਰ ਪੰਜਪੰਜ ਸਿੰਘਾਂ ਨੂੰ ਘਰ ਲਿਆ ਕੇ ਪ੍ਰਸ਼ਾਦਿ ਛਕਾ ਦਿਤਾ॥ ਉਹਨਾਂ ਦਾ ਪਿਆਰ ਦੇਖਕੇ ਗੁਰੂਜੀ ਬਹੁਤ ਪ੍ਰਸੰਨ ਹੋਏ ਉਨ੍ਹਾਂ ਨੇ ਕਈ ਤਰ੍ਹਾਂ ਦੇ ਵਰ ਦਿਤੇ॥

ਬਹਿਬਲ ਤੋਂ ਸਿਉਰਾਮ ਪੁਰ ਪੁਜੇ ਤਾਂ ਓਥੇ ਹੋਰ ਹੀ ਲੀਲ੍ਹਾ ਹੋਈ॥ ਉਥੇ ਬਹੁਤ ਹੀ ਭਿਆਨਕ ਕਾਲ ਪਿਆ ਹੋਇਆ ਸੀ ਪਰ ਪਿੰਡ ਵਾਸੀ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੀ ਸੇਵਾ ਜ਼ਰੂਰ ਕਰਨਾ ਚਾਹੁੰਦੇ ਸਨ।ਉਹਨਾਂ ਨੇ ਇਸ ਫੈਸਲੇ ਅਨੁਸਾਰ ਹਰ ਇਕ ਨੇ ਆਪਣੀ ਪਹੁੰਚ ਅਨੁਸਾਰ ਇਕ ਜਾਂ ਦੋ ਦੋ ਸਿੰਘ ਨੂੰ ਰੋਟੀਂਖਵਾਉਣੀ ਮੰਨ ਲਈ,ਤਰਕਾਲਾਂ ਵੇਲੇ ਸਿੰਘਾਂ ਨੂੰ ਨਾਲ ਲੈ ਕੇ ਘਰਾਂ ਨੂੰ ਚਲੇ ਗਏ।ਕਿਸੇ ਨੇ ਕਣਕ ਦੀ, ਕਿਸੇ ਬਾਜਰੇ ਦੀ ਤੇ ਕਿਸੇ ਮੱਡਲ ਦੀ ਰੋਟੀ ਸਿੰਘਾਂ ਨੂੰ ਛਕਾਈ, ਸਬਰ ਤੇ ਸੰਤੋਖ ਦੇ ਕਾਰਨ ਉਹ ਚੁਪ ਕਰਕੇ ਖਾ ਗਏ। ਹਰ ਬੁਰਕੀ ਦੇ ਨਾਲ ਵਾਹਿਗੁਰੂ ਸ਼ਬਦ ਦਾ ਅਵਾਜ਼ਾ ਆਉਂਦਾਰਿਹਾਂ। ਜਦ ਪ੍ਰਸ਼ਾਦ ਛਕ ਕੇ ਆਏ ਤਾਂ ਸਤਿਗੁਰੂ ਜੀ ਨੇ ਪਿੰਡ ਵਾਲਿਆਂਦੇਹੁੰਦਿਆਂ ਪੁਛਿਆ ਕਿ ਕਿਸ ਨੇ ਕੀ ਕੀ ਖਾਧਾਹੈ? ਸਾਰਿਆਂ ਨੇ ਆਪੋ ਆਪਣੀ ਪਹੁੰਚ ਅਨੁਸਾਰ ਬਿਆਨ ਕਰ ਦਿਤਾ। ਕਿਸੇ ਕੁਝ ਕਿਹਾ ਤੇ ਕਿਸੇ ਕੁਝ ਪਰ ਚਾਰ ਸਿੰਘਾਂ ਨੇ ਉੱਤਰ ਦਿਤਾ-'ਦੀਨ ਦਿਆਲ ! ਅਸੀਂ ਤਾਂ ਬਹੁਤ ਚੰਗੇ ਪਦਾਰਥ ਛਕ ਕੇ ਆਏ ਹਾਂ। ਮਿਠੇ ਖੱਟੇ ਸਲੋਨੇ। ਐਸੇ ਪਦਾਰਥ ਤਾਂ ਕਦੀ ਨਹੀਂ ਸਨ ਖਾਧੇ। ਘਰ ਵਾਲਿਆਂ ਨੇ ਬਹੁਤ ਸੇਵਾ ਕੀਤੀ।ਉਹ ਹਰ ਸਾਹ ਨਾਲ'ਧੰਨ ਸਤਿਗੁਰੂ! ਧੰਨ ਸਤਿਗੁਰੂ' ਦਾ ਅਵਾਜ਼ਾਂ ਦੇਂਦੇ ਰਹੇ ਹਨਾਉਹਨਾਂ ਦੀ ਸੇਵਾ ਪਦਾਰਥਾਂ ਨੂੰ ਦੇਖ ਕੇ ਅਸੀਂ ਤਾਂ ਦੰਗ ਰਹਿ ਗਏ ਸਾਂ।

ਉਹਨਾਂ ਸਿੰਘਾਂਦੇਇਹ ਬਚਨ ਸੁਣਕੇ ਸਤਿਗੁਰੂਜੀ ਮੁਸਕਰਾਏ,ਪਰ ਪਿੰਡ ਦਾ ਚੋਧਰੀ ਕੁਝ ਖਿਝ ਪਿਆ। ਉਸ ਨੇ ਆਖ ਹੀ ਦਿਤਾ-'ਮਹਾਰਾਜ! ਆਪ ਦੇ ਸਿੰਘ ਝੂਠ ਬੋਲਦੇ ਹਨ, ਇਹ ਕਦੀ ਨਹੀਂ ਹੋ ਸਕਦਾ ਕਿ ਉਹਨਾਂ ਘਰਾਂ ਤੋਂ ਜਿਨ੍ਹਾਂ ਦੇ ਘਰੀਂ ਇਹ ਪੁਜੇ ਸਨ,ਪਦਾਰਥ ਛਕਿਆ ਹੋਵੇ।ਵੈਸੇ ਹੀ ਕਿਸੇ ਨੂੰ ਅਨਾਜ ਦੀ ਮੁਠ ਦਾਣਿਆਂ ਦੀ ਲੱਭ ਜਾਵੇ ਐਵੇਂ ਝੂਠ ਨਹੀਂ ਬੋਲਣਾ ਚਾਹੀਦਾ ਹੈ।ਹੋ ਸਕਦਾ ਹੈ ਭੁਖੇ,ਆਏ ਹੋਣ ਅਸਾਂ ਨੂੰ ਸ਼ਰਮਿੰਦਾ ਕਰ ਰਹੇ ਹੋਣ ਇਹ ਚੰਗੀ ਗਲ ਨਹੀਂ।'

ਇਹ ਸੁਣਕੇ ਕਲਗੀਧਰ ਪਿਤਾਜੀ ਮੁਸਕਰਾਏ। ਕ੍ਰਿਪਾ ਦੇ ਸਾਗਰ ਹੱਸ ਕੇ ਬੋਲੇ-ਗੁਰਮੁਖ ਜਨੋਂ ! ਇਹ ਸਤ ਸੰਤੋਖ ਦਾ ਹਾਲ ਹੈ। ਤੁਸੀਂ ਇਸ ਵਾਹਿਗੁਰੂ ਪਿਆਰ ਤੇ ਵਾਹਿਗੁਰੂ ਭਰੋਸੇ ਦੇ ਕੌਤਕਾਂ ਨੂੰ ਨਹੀਂ ਜਾਣਦੇ। ਘਰ ਵਾਲੇ ਅਤੀ ਗਰੀਬ ਹਨ,ਇਸ ਵਿਚ ਕੋਈ ਸ਼ਕ ਨਹੀਂ ਸੁਦਾਮੇ ਤੇ ਭੀਲਣੀ

Sri Satguru Jagjit Singh Ji eLibrary NamdhariElibrary@gmail.com

ਦੀ ਤਰਾਂ ਇਹ ਗਰੀਬ ਹਨ, ਪਰ ਇਹਨਾਂ ਕੋਲ ਪ੍ਰੇਮਾ ਭਗਤੀ ਹੈ। ਪ੍ਰੇਮਾ ਭਗਤੀ ਜੀਵ ਦੇ ਸਾਰੇ ਕਸ਼ਟਾਂ ਤੇ ਘਾਟਿਆਂ ਦਾ ਨਾਸ਼ ਕਰ ਦੇਂਦੀ ਹੈ। ਘਰ ਵਾਲੇ ਗੁਰਮੁਖਾਂ ਦੇ ਘਰ ਜਦੋਂ ਸਿੰਘ ਪੁਜੇ ਤਾਂ ਉਹਨਾਂ ਮੱਥੇ ਵੱਟ ਨਹੀਂ ਪਾਇਆ, ਉਹਨਾਂ ਨੇ ਖਿੜੇ ਮੱਥੇ ਜੀ ਆਇਆਂ ਨੂੰ ਆਖਿਆ, ਆਦਰ ਨਾਲ ਬੈਠਾਇਆ,ਹੱਥ ਧੁਵਾਏ, ਪਰ ਇਹਨਾਂ ਦੇ ਅਗੇ ਰਖਣ ਵਾਸਤੇ ਥਾਲ ਨਹੀਂ ਸਨ। ਇਹਨਾਂ ਦੇ ਜੋ ਕੁਝ ਕੋਲ ਸੀ ਉਸਨੂੰ ਲੁਕੋਇਆ ਨਹੀਂ। ਲੋਕ-ਲਾਜ ਦਾ ਵਿਚਾਰ ਨਹੀਂ ਕੀਤਾ। ਨਿਰਮਲ ਹਿਰਦੇ ਨਾਲ ਮਿੱਟੀ ਦੇ ਬੱਬਰਾਂ ਵਿਚ ਪੀਲੂ ਤੇ ਜੰਡ ਫਲੀਆਂ ਧੋਕੇ ਸਿੰਘਾਂ ਅਗੇ ਰਖ ਦਿਤੀਆਂ, ਨਿਰਮਲ ਹਿਰਦਿਆਂ ਨੇ ਅਰਦਾਸ ਕੀਤੀ-'ਹੇ ਵਾਹਿਗੁਰੂ! ਸਚੇ ਪਾਤਸ਼ਾਹ ਅਸਾਂ ਗਰੀਬ ਕੋਲ ਏਹੋ ਕੁਝ ਹੈ। ਬਖਸ਼ਣਹਾਰ ਪਿਤਾ ਬਖਸ਼ ਲੈ, ਏਸੇ ਵਿਚ ਹੀ ਸਿੰਘਾਂ ਨੂੰ ਪ੍ਰਸੰਨ ਕਰੀਂ, ਤੇਰਾ ਚਿੱਤਾ ਤੇਰੇ ਭਗਤ ਜਨਾਂ ਨੂੰ ਅਰਪਨ ਕਰ ਰਹੇ ਹਾਂ। ਏਹੋ ਹੀ ਉਤਮ ਪਦਾਰਥ ਹੋ ਜਾਨ। ਇਹਨਾਂ ਵਿਚ ਹੀ ਬਰਕਤ ਪਵੇ।

ਘਰ ਵਾਲੇ ਨੇਕ ਜੀਉੜਿਆਂ ਦੀ ਅਰਦਾਸ ਵਾਹਿਗੁਰੂਨੇ ਸੁਣਲਈ, ਹੇ ਭਗਤ ਜਨੋ!ਜਦੋਂ ਸਿੰਘ ਇਕ ਪੀਲੂ ਤੇ ਇਕਇਕ ਜੰਡ ਫਲੀਨੂੰਛਕਣ ਲਗੇ ਤਾਂ ਉਹਨਾਂਨੂੰਐਸਾਂ ਸਵਾਦ ਆਉਣ ਲੱਗਾ ਜੈਸੇ ਉਤਮ ਪਦਾਰਥ ਹੁੰਦੇ ਹਨ। ਇਹਨਾਂ ਨੂੰ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਸੁਵਾਦ ਆਇਆ। ਇਹ ਬਹੁਤ ਪ੍ਰਸੰਨ ਹੋਏ ਤੇ ਖੁਸ਼ੀ ਅਰਦਾਸਾਂ ਕਰਦੇ ਹੋਏ ਉਠ ਆਏ। ਘਰ ਵਾਲਿਆਂ ਦਾ ਭਰੋਸਾ,ਸੰਤੋਖ ਤੇ ਨੇਕਨੀਤੀ ਦੇਖਕੇ ਵਾਹਿਗੁਰੂ ਇਹਨਾਂ ਉਤੇ ਬਹੁਤ ਪ੍ਰਸੰਨ ਹੋਏ ਹਨ। ਹੁਣ ਇਹਨਾਂ ਦੇ ਬੇੜੇ ਭਵਸਾਗਰ ਤੋਂ ਪਾਰ ਹੋ ਜਾਣਗੇ। ਇਹ ਅਗਲਾ ਜੀਵਨ ਸੁਖ ਨਾਲ ਬਤੀਤ ਕਰਨਗੇ।ਇਹਨਾਂ ਦੇ ਘਰਾਂ ਵਿਚ ਅੰਨ, ਜਲ, ਘਿਓ, ਦੁਧ ਦਾ ਘਾਟਾ ਨਹੀਂ ਰਹੇਗਾ। ਇਹ ਨਗਰ ਸਾਰਾ ਹੀ ਤਰ ਜਾਵੇਗਾ, ਨਗਰ ਵਾਸੀ ਭਲੇ ਪੁਰਸ਼ ਹਨ।

ਪ੍ਰਸੰਨਤਾ ਵਿਚ ਆਕੇ ਸਤਿਗੁਰੂ ਜੀ ਨੇ ਇਉਂ ਵਰ ਦੇ ਦਿਤੇ।ਸਾਰੇ ਨਗਰ ਵਾਸੀਆਂ ਮਾਈ ਭਾਈ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ

Sri Satguru Jagjit Singh Ji eLibrary NamdhariElibrary@gmail.com

ਟੇਕਿਆ ਤੇ ਨਿਹਾਲ ਹੋਏ। ਸਾਹਿਬ ਦੋ ਦਿਨ ਉਸ ਨਗਰ ਵਿਚ ਰਹੇ। ਕਥਾ ਉਪਦੇਸ਼ ਸੁਣਾਉਂਦੇ ਰਹੇ।

੧. ਪਾਪੀਆਂ ਨੂੰ ਤਾਰਨਾ ਤੇ ਸ਼ਿਕਾਰ ਖੇਡਣਾ

ਹੁਣ ਸਤਿਗੁਰੂ ਜੀ ਘੋੜੇ ਤੇ ਸਵਾਰੀ ਕਰਨ ਲਗੇ। ਸ਼ਿਕਾਰ ਖੇਡਣਾ ਸ਼ੁਰੂ ਕਰ ਦਿਤਾ। ਸ਼ਿਕਾਰ ਖੇਡਣ ਸਮੇਂ ਨਾਲ ਸਿਖ ਹੁੰਦੇ ਸਨ। ਉਸ ਵੇਲੇ ਭਾਵੇਂ ਉਹ ਸ਼ਾਨ ਨਹੀਂ ਸੀ, ਜੋਹੜੀ ਅਨੰਦਪੁਰ ਵਿਚ ਸੀ ਫਿਰ ਵੀ ਇਕ ਨਿਰਾਲੇ ਹੀ ਠਾਠ ਨਾਲ ਸਾਹਿਬ ਰਹਿੰਦੇਸਨ ਪਿੰਡਾਂ ਦੇ ਲੋਕ ਸਾਹਿਬਾਂ ਦੀ ਬਹੁਤ ਸੇਵਾ ਕਰਦੇ ਸਨ, ਸਾਹਿਬਾਂ ਨੇ ਪੱਕੀ ਰਿਹਾਇਸ਼ ਛਡ ਦਿਤੀ।ਜੋ ਕੁਝ ਭਾਜੜ ਉਪੰਤਲੜਾਈ ਤੇ ਲੰਗਰ ਦਾ ਸਾਮਾਨਸੀ ਉਸਨੂੰਨਾਲਹੀ ਚੁਕਾਈ ਫਿਰਦੇ ਸਨ ਕਿਉਂਕਿ ਸਾਹਿਬ ਦੁਸ਼ਮਨ ਦਾ ਵਿਸਾਹ ਨਹੀਂ ਕਰਦੇ ਸਨ।

ਇਕ ਦਿਨ ਮਨ ਦੀ ਮੌਜ ਨਾਲ ਚਲਦੇ ਹੋਏ ਨਗਰ ਬੁਰਜ ਵਿਚ ਜਾ ਪਹੰਚੇ। ਪਿੰਡ ਦੇ ਬਾਹਰ ਇਕ ਪਿਪਲ ਸੀ ਉਸ ਪਿਪਲ ਦੀ ਛਾਂ ਹੇਠਾਂ ਡੇਰਾ ਲਾ ਦਿਤਾ, ਸਾਹਿਬਾਂਦਾ ਪ੍ਰਤਾਪ ਦੇਖਕੇ ਨਗਰ ਵਾਸੀ ਆਏ ਉਹਨਾਂ ਨੇ ਪਹਿਲਾਂ ਨਮਸ਼ਕਾਰ ਕੀਤਾ ਤੇ ਫਿਰ ਦੁਧ ਦੇ ਮਟਕੇ ਚੁਕ ਲਿਆਏ। ਸਿੰਘਾ ਨੂੰ ਦੁਧ ਛਕਾ ਉਨਾਂ ਬੇਨਤੀ ਕੀਤੀ—'ਮਹਾਰਾਜ ਕੋਈ ਸੇਵਾ ਬਖਸ਼ੋ।'

ਸਤਿਗੁਰੂ ਜੀ ਹੁਕਮ ਕੀਤਾ—'ਅਸਾਂ ਨੂੰ ਸਿੰਘਾਂ ਦੀ ਲੋੜ ਹੈ। ਜੋਹੜੇ ਸਿੰਘ ਜਵਾਨੀ ਦੀ ਪ੍ਰਵਾਹ ਨਾ ਕਰਕੇ ਧਰਮ ਵਾਸਤੇ ਸ਼ਹੀਦ ਹੋਣਾ ਚਾਹੁਣ, ਜੋਹੜੇ ਜਨਮ ਨੂੰ ਸਫਲ ਕਰਨਾ ਲੋੜਦੇ ਹੋਣ। ਉਹਨਾਂ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਸਿੰਘ ਬਣਾਵਾਂਗਾ। ਹਰ ਪ੍ਰਾਣੀ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ। ਜੋਹੜੇ ਅੰਮ੍ਰਿਤ ਨਹੀਂ ਛਕਣਗੇ, ਉਹ ਜੀਵ ਭਵ ਸਾਗਰ ਤੋਂ ਪਾਰ ਨਹੀਂ ਹੋਣਗੇ। ਆਓ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਜਾਵੋ, ਨਿਗੁਰੇ ਨਹੀਂ ਮਰਨਾ ਚਾਹੀਦਾ।

ਉਸ ਸਮੇਂ ਦੇ ਲੋਕ ਭੋਲੇ ਤੇ ਰਬ ਦੇ ਭੈ ਵਾਲੇ ਹੁੰਦੇ ਸਨ। ਉਹ ਗੁਰੂ ਪੀਰਾਂ ਪਾਸੋਂ ਬਹੁਤ ਡਰਿਆ ਕਰਦੇ ਸਨ।ਜਦੋਂ ਉਹਨਾਂ ਨੇ ਸਤਿਗੁਰੂ ਜੀ ਦੇ ਬਚਨ ਸੁਣੇ ਤਾਂ ਝਟਪਟ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਪਏ। ਰਾਤ ਨੂੰ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਤਿਆਰ ਕਰਕੇ ਕਈਆਂ ਨੂੰ ਸਿੰਘ ਸਜਾਇਆ ਤੇ ਅਗਲੇ ਦਿਨ ਉਥੇ ਹੀ ਰਹੇ, ਬਾਣੀ ਪ੍ਰਵਾਹ ਚਲਦਾ ਰਿਹਾ ॥ ਸੁਣ ਸੁਣ ਕੇ ਪਾਪੀ ਤੇ ਅਧਰਮੀ ਜੀਵ ਨਿਹਾਲ ਹੁੰਦੇ ਰਹੇ ॥

ਬੁਰਜ ਤੋਂ ਚਲ ਕੇ ਭਚੌੜ ਪੁਜੇ, ਭਚੌੜ ਦੇ ਲੋਕਾਂ ਨੇ ਕੋਈ ਸੇਵਾ ਨਾ ਕੀਤੀ। ਜੇਹੜੇ ਸੇਵਾ ਨਹੀਂ ਸਨ ਕਰਦੇ ਉਹਨਾਂ ਨੂੰ ਵੀ ਸਤਿਗੁਰੂ ਜੀ ਕੁਝ ਨਹੀਂ ਸਨ ਆਖਦੇ। ਸ਼ਾਂਤ ਚਿਤ ਅਗੇ ਚਲੇ ਜਾਂਦੇ ਸਨ ਭਚੌੜ ਤੋਂ ਨਿਕਲ ਕੇ ਸਤਿਗੁਰੂ ਜੀ ਅਗੇ ਚਲੇ, ਜੰਗਲ ਵਿਚ ਦੀ ਜਾ ਰਹੇ ਸਨ ਕਿ ਭਗਤੇ ਪਿੰਡ ਦੇ ਬਾਹਰ ਇਕ ਖੂਹ ਲਗ ਰਿਹਾ ਸੀ। ਉਸ ਖੂਹ ਦੀ ਪੁਟਾਈ ਤੇ ਤਿਆਰੀ ਹੁੰਦੀ ਦੇਖ ਕੇ ਸਾਹਿਬਾਂ ਨੇ ਸੁਭਾਵਕ ਹੀ ਬਚਨ ਕੀਤਾ—'ਵਾਹ ! ਦੰਮ ਲਗਣ ਪਾਤਸ਼ਾਹਾਂ ਦੇ ਸਬੂਣਗਰਾਂ ਦਾ ਨਾਮ।' ਇਹ ਬਚਨ ਸੁਣਕੇ ਕੇ ਸਾਰੇ ਹੈਰਾਨ ਹੋਏ। ਖੂਹ ਲਾ ਰਹੇ ਤੇ ਦੇਖਣ ਵਾਲਿਆਂ ਨੂੰ ਕੁਝ ਸਮਝ ਨਾ ਰਹੀ ਕਿ ਮਾਮਲਾ ਕੀ ਹੈ। ਸਤਿਗੁਰੂ ਜੀ ਅਗੇ ਜਾਕੇ ਪਿਪਲ ਹੇਠ ਬਿਰਾਜ ਗਏ ਤਾਂ ਉਹਨਾਂ ਨੇ ਜਾਕੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ—'ਮਹਾਰਾਜ ! ਅਸੀਂ ਆਪ ਨੂੰ ਤਾਂ ਜਾਣਦੇ ਨਹੀਂ, ਕਿਸ ਥਾਂ ਦੇ ਰਹਿਣ ਵਾਲੇ ਕੌਣ ਮਹਾਂ ਪੁਰਖ ਜਾਂ ਪੀਰ ਹੋ, ਪਰ ਆਪ ਦੇ ਪਾਸੋਂ ਇਹ ਸੰਸਾ ਦੂਰਕਰਾਉਣਾ ਚਾਹੁੰਦੇ ਹਾਂ ਕਿਜੋ ਆਪ ਨੇ ਬਚਨ ਕੀਤਾ ਹੈ—'ਦੰਮ ਲੱਗਣ ਪਾਤਸ਼ਾਹਾਂ ਦੇ ਸਬੂਣਗਰਾਂ ਦਾ ਨਾਮ, ਇਸ ਦੇ ਕੀ ਅਰਥ ਹਨ ? ਇਹ ਖੂਹ ਤਾਂ ਭਾਈ ਭਗਤਾ ਜੀ ਲਵਾ ਰਹੇ ਹਨ। ਇਹ ਮਹਾਂ ਪੁਰਖ ਹਨ, ਪੈਸਾ ਵੀ ਉਹਨਾਂ ਦਾ ਹੀ ਖਰਚ ਹੋ ਰਿਹਾ ਹੈ। ਸਾਰੀਆਂ ਇੱਟਾਂ ਉਹਨਾਂ ਨੇ ਮੰਗਵਾਈਆਂ ਹਨ। ਫਿਰ ਮਤਲਬ ਕੀ ? ਕਿਸੇ ਹੋਰ ਦੇ ਪੈਸੇ ਲਗ ਰਹੇ ਹਨ ? ਉਹ ਕੌਣ ਹੈ ?'

ਸਾਹਿਬਾਂ ਨੇ ਬਚਨ ਕੀਤਾ—'ਬੈਠ ਜਾਵੋ ਤੁਸਾਂ ਨੂੰ ਸਾਰੀ ਹਕੀਕਤ ਸੁਣਾਉਂਦੇ ਹਾਂ। ਇਹ ਇਕ ਲੰਮੀ ਕਥਾ ਹੈ।' ਇਹ ਸੁਣਕੇ ਪਿੰਡ ਵਾਲੇ ਬੈਠ ਗਏ ਤਾਂ ਸਤਿਗੁਰੂ ਜੀ ਨੇ ਇਉਂ ਕਥਾ ਸੁਣਾਉਣੀ ਆਰੰਭ ਕੀਤੀ—ਹੇ ਭਗਤ ਜਨੋਂ ! ਲਾਹੌਰ ਸ਼ਹਿਰ ਦਾ ਸੇਠ ਰਾਮੂ ਸੀ ਉਸਦੀ ਜਵਾਨ ਲੜਕੀ ਇਕ ਦਿਨ ਦਰਿਆ ਰਾਵੀ ਤੇ ਫਿਰਨ ਗਈ ਤਾਂ ਉਸ ਦੀ ਸੁੰਦਰਤਾ ਦੇਖਕੇ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਭੂਤ ਚੰਬੜ ਗਿਆ, ਕੁੜੀ ਡਰਨ ਲੱਗੀ, ਉਸਦਾ ਡਰ ਦੇਖਕੇ ਸੇਠ ਤੇ ਉਸਦਾ ਪ੍ਰੀਵਾਰ ਬਹੁਤ ਹੈਰਾਨ ਹੋਏ। ਉਹਨਾਂ ਨੇ ਬਹੁਤ ਇਲਾਜ ਕਰਾਏ, ਕਈਆਂ ਮੁਲਾਣਿਆਂ, ਰੌਲਾਂ ਤੇ ਦੇਵੀ ਦੇ ਭਗਤਾਂ ਨੂੰ ਸੱਦਕੇ ਝਾੜੇ ਕਰਵਾਏ, ਪਰ ਕੁੜੀ ਦਾ ਡਰ ਦੂਰ ਨਾ ਹੋਇਆ। ਉਹ ਰਾਤ ਨੂੰ ਡਰ ਕੇ ਜਾਂ ਗੁੰਮ ਹੋ ਜਾਵੇ ਤੇ ਜਾਂ ਚਾਂਗਰਾਂ ਮਾਰਨ ਲਗ ਪਿਆ ਕਰੇ। ਜਦੋਂ ਉਹ ਬੇਹੋਸ਼ ਹੁੰਦੀ ਸੀ ਤਦੋਂ ਭੂਤ ਉਸ ਦੀ ਰੂਹ ਨੂੰ ਚੁਕ ਕੇ ਦੂਰ ਲੈ ਜਾਂਦਾ ਸੀ। ਉਸ ਨੂੰ ਦੂਰ ਦੂਰ ਦੀ ਸੈਰ ਕਰਾਉਂਦਾ ਸੀ! ਇਸਤਰ੍ਹਾਂ ਕਈ ਮਹੀਨੇ ਗੁਜਰਗਏ।ਲੜਕੀ ਦਾ ਵਿਆਹ ਨੇੜੇ ਸੀ। ਹੁਣ ਬਿਮਾਰ ਜਾਣ ਕੇ ਵਿਆਹ ਕਰਨਾ ਔਖਾ ਸੀ।

ਸੇਠ ਰਾਮੂ ਨੂੰ ਇਕ ਦਿਨ ਕਿਸੇਨੇ ਭਾਈ ਭਗਤੇ ਦਾ ਪਤਾ ਦਿਤਾ।ਸੇਠ ਆਪ ਤੁਰਕੇ ਭਗਤੇ ਦੇ ਪਾਸ ਪੁਜਾ ਤੇ ਬੇਨਤੀ ਕਰਕੇ ਸਾਰਾ ਹਾਲ ਦਸਿਆ। ਜਦੋਂ ਭਾਈ ਭਗਤੇ ਨੇ ਕੁਵਾਰੀ ਕੰਨਿਆ ਦੁਖੀ ਹੋਣਾ ਸੁਣਿਆ ਤਾਂ ਉਹਨਾਂ ਨੇ ਵਿਚਾਰ ਕੀਤੀ ਕਿ ਜੇ ਸਤਿਗੁਰੂ (ਨਾਨਕ ਦੇਵ ਜੀ) ਮੇਹ਼ਰ ਕਰਨ ਤਾਂ ਕੁੜੀ ਰਾਜ਼ੀ ਹੋ ਜਾਵੇ ਤਾਂ ਚੰਗਾ ਹੈ।ਇਸ ਤਰਾਂ ਵਿਚਾਰ ਕਰਕੇ ਉਸਨੇ ਗੁਰੂ ਜੀ ਦਾ ਧਿਆਨ ਧਰਕੇ ਅਰਦਾਸ ਕੀਤੀ। ਉਹ ਅਰਦਾਸ ਪ੍ਰਵਾਨ ਹੋ ਗਈ,ਕਿਉਂਕਿ ਭਗਤ ਜਨਾਂ ਦੀ ਅਰਦਾਸ ਕਦੀਂ ਐਵੇਂ ਨਹੀਂ ਜਾਂਦੀ। ਭਗਤ ਨੇ ਭੂਤ ਨੂੰ ਕੈਦ ਕਰਕੇ ਆਪਣੇ ਕੋਲ ਰਖ ਲਿਆ ਤੇ ਕੰਨਿਆਂ ਰਾਜ਼ੀ ਹੋ ਗਈ। ਚਾਰ ਦਿਨ ਭਾਈ ਭਗਤਾ ਜੀ ਸੇਠ ਦੇ ਘਰ ਰਹੇ। ਜਦੋਂ ਕੁੜੀ ਨੂੰ ਮੁੜਕੇ ਕਿਸੇ ਤਰਾਂ ਦਾ ਭੈ ਨਾ ਆਇਆ ਤਾਂ ਭਾਈ ਜੀ ਨੇ ਉਹਨਾਂ ਪਾਸੋਂ ਜਾਣ ਦੀ ਆਗਿਆ ਮੰਗੀ, ਉਹਨਾਂ ਨੇ ਆਗਿਆ ਦੇ ਦਿਤੀ। ਪਰ ਤਰਨ ਵੇਲੇ ਸੇਠ ਜੀ ਨੇ ਇੱਛਾ ਕੀਤ। ਕਿ ਉਹ ਕੋਈ ਸੇਵਾ ਕਰੇ। ਜਦੋਂ ਉਸਨੇ ਇੱਛਾ ਪ੍ਰਗਟ ਕੀਤੀ ਤਾਂ ਭਗਤੇ ਨੇ ਕਿਹਾ ਫਿਰ ਖੂਹ ਲਵਾਉਣ ਦਾ ਖਰਚ ਦੇਵੋ। ਸੇਠ ਨੇ ਸਾਰਾ ਸਾਮਾਨ ਲੈ ਦਿਤਾ। ਉਸੇ ਭੂਤ ਨੇ ਆਦਮੀ ਦਾ ਰੂਪ ਧਾਰਨ ਕਰਕੇ ਖੂਹ ਦੇ ਸਾਰੇ ਸਾਮਾਨ ਨੂੰ ਲਾਹੌਰੋਂ ਏਥੇ ਪਹੁੰਚਾਇਆ, ਇਹ ਖੂਹ ਲਗਣ ਲਗਾ, ਸਭ ਕੰਮ ਤਾਂ ਵਾਹਿਗੁਰੂ ਜੀ ਨੇ ਕੀਤੇ ਪਰ ਖੂਹ ਲਗ ਰਿਹਾ ਹੈ ਭਾਈ ਭਗਤੇ ਦੇ ਨਾਂ, ਦਸੋ ਅਸਾਡਾ ਬਚਨ ਠੀਕ ਨਹੀਂ ਹੈ।'

Sri Satguru Jagjit Singh Ji eLibrary NamdhariElibrary@gmail.com

ਜਦੋਂ ਇਸ ਕਥਾ ਦਾ ਪਤਾ ਭਾਈ ਭਗਤੇ ਦੇ ਪੰਜਾਂ ਪੁਤ੍ਰਾਂ ਤੇ ਪੋਤ੍ਰਿਆਂ ਨੂੰ ਲਗਾ ਤਾਂ ਉਹ ਬਹੁਤ ਡਰ ਗਏ।ਉਹ ਛੇਤੀ ਨਾਲ ਆਕੇ ਗੁਰੂ ਜੀ ਦੇ ਚਰਨੀ ਲਗੇ।ਉਨ੍ਹਾਂ ਨੇ ਖਿਮਾ ਮੰਗਕੇ ਕਿਹਾ—ਮਹਾਰਾਜ,ਇਹ ਖੂਹ ਤਨ ਮਨ ਤੇ ਧਨ ਸਭ ਕੁਝ ਆਪਦਾ ਹੈ। ਅਸੀਂ ਪਾਪੀ ਪੁਰਸ਼ ਮਾਯਾ ਦਾ ਸ਼ਿਕਾਰ ਹੋਕੇ ਸਤ ਨੂੰ ਨਹੀਂ ਪਛਾਣਦੇ । ਸਤਿਗੁਰੂ ਹੀ ਹਨ ਜਿਹੜੇ ਦਯਾ ਕਰਕੇ ਜੀਵ ਨੂੰ ਸਿਧੇ ਰਸਤੇ ਪਾਉਂਦੇ ਹਨ। ਅਸਾਂ ਦੇ ਗ੍ਰਿਹ ਵਿਚ ਚਲੋ। ਗ੍ਰਿਹ ਪਵਿਤ੍ਰ ਹੋਵੇ।

ਸਤਿਗੁਰੂ ਜੀ ਨੇ ਭਗਤੇ ਦੇ ਪੁਤ੍ਰਾਂ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਉਨ੍ਹਾਂ ਦੇ ਘਰ ਜਾਕੇ ਪ੍ਰਸ਼ਾਦ ਛਕਿਆ। ਗੁਰੂ ਜੀ ਦਾ ਸੀਤ ਪ੍ਰਸ਼ਾਦ ਭਾਈ ਭਗਤੇ ਦੇ ਪੁਤ੍ਰਾਂ ਨੇ ਖਾਧਾ।ਉਨ੍ਹਾਂ ਦੇ ਸਾਰੇ ਪਾਪ ਬੰਧਨ ਕਟੇ ਗਏ.ਉਹ ਨਿਹਾਲ ਹੋਏ। ਸਤਿਗੁਰੂ ਜੀ ਰਾਤ ਨੂੰ ਉਨ੍ਹਾਂ ਦੀ ਹਵੇਲੀ ਵਿਚ ਹੀ ਰਹੇ। ਉਨ੍ਹਾਂ ਦੇ ਬੇਨਤੀ ਕਰਨ ਤੇ ਕੁਝ ਦਿਨ ਸਤਿਗੁਰ ਜੀ ਨੂੰ ਉਥੇ ਹੀ ਅਰਾਮ ਕਰਨਾ ਪਿਆ।

ਇਕ ਦਿਨ ਚੋਜੀ ਪ੍ਰੀਤਮ ਖੁਲ੍ਹੀ ਥਾਂ ਪਰ ਬਿਰਾਜਮਾਨ ਸਨ ਉਹਨਾਂ ਦੇ ਸਨਮੁਖ ਵੀਹਕੁ ਨਗਰ ਵਾਸੀ ਮਾਈ ਭਾਈ ਬੈਠੇ ਸਨ ਤੇ ਕੁਝਕੁ ਗੁਰੂ ਜੀ ਦੇ ਆਪਣੇ ਸੇਵਕ ਸਨ। ਸਾਹਿਬ ਉਸ ਵੇਲੇ ਅੰਤਰ ਧਿਆਨ ਹੋਏ,ਸੁਰਤ ਪਾਰ ਬ੍ਰਹਮ ਨਾਲ ਜੁੜ ਗਈ, ਤ੍ਰੈਕਾਲ ਗਿਆਨ ਤੇ ਚਾਨਣ ਪ੍ਰਕਾਸ਼ਵਾਨ ਹੋਯਾ, ਇਸ ਹਾਲਤ ਵਿਚ ਸਾਹਿਬਾਂ ਨੇ ਸਾਹਮਣੇ ਦੇਖਿਆ। ਸਾਹਮਣੇ ਦੇਖ ਕੇ ਮੁਸਕਰਾਏ, ਮੁਸਕਰਾਹਟ ਨਾਲ ਹੀ ਉਚੀ ਸਾਰੀ ਬਚਨ ਕੀਤਾ, ਮਾਇਆ ਕੈਸ਼ੀ ਪਰਬਲ ਹੈ,ਮੁਰਦਿਆਂ ਨੂੰ ਵੀ ਨਹੀਂ ਭੁਲਦੀ। ਧਰਤੀ ਤੇ ਮਾਲਕ ਉਮਰ ਭੋਗਕੇ ਮਰੇ ਪਰ ਮਾਲਕੀ ਦੀ ਵਾਸ਼ਨਾ ਫਿਰ ਪੰਛੀ ਰੂਪ ਵਿਚ ਉਸੇ ਧਰਤੀ ਉਤੇ ਲੈ ਆਈ। ਵਾਹ ਦਾਤਾ, ਤੇਰੀ ਮਹਿਮਾ ਅਪਰ ਅਪਾਰ ਹੈ । ਆਪਣੇ ਗੁਣਾਂ ਨੂੰ ਤੂੰ ਹੀ ਜਾਣਦਾ ਹੈਂ।

ਸਾਹਿਬਾਂ ਦੇ ਇਹ ਬਚਨ ਸੁਣਕੇ ਭਾਈ ਜੋਧ ਸਿੰਘ ਜੀ ਨੇ ਬੇਨਤੀ ਕੀਤੀ ਦਾਤਾ, ਇਹ ਕੀ ਮਾਮਲਾ ਹੈ। ਕਿਹੜਾ ਪੰਛੀ ਰੂਪ ਵਿਚ ਆਪਣੀ ਧਰਤੀ ਨੂੰ ਦੇਖਣ ਵਾਸਤੇ ਆਇਆ ਹੈਂ।

ਸਿੰਘ ਦਾ ਸਵਾਲ ਸੁਣ ਸਤਿਗੁਰੂ ਜੀ ਬੋਲੇ, ਸਿੰਘਾ ! ਉਹ ਸਾਹਮਣੇ ਬੇਹ

Sri Satguru Jagjit Singh Ji eLibrary NamdhariElibrary@gmail.com

ਉਤੇ ਤਿਤ੍ ਬੋਲ ਰਿਹਾ ਹੈ। ਉਹ ਤਿਤ੍ ਆਪਨੇ ਘਰ ਦੇ ਢੇਰ ਉਤੇ ਹੈ। ਜੇ ਪੂਰੀ ਕਥਾ ਸੁਣਨੀ ਹੈ ਤਾਂ ਉਸ ਨੂੰ ਪਕੜ ਲਿਆਵੋ। ਇਹ ਖਬੀ ਅਖੋਂ ਕਾਣਾ ਹੈ,ਜਦੋਂ ਪਕੜੋਗੇ ਤਦੋਂ ਇਹ ਉਡਣ ਦਾ ਯਤਨ ਨਹੀਂ ਕਰੇਗਾ।

ਸਤਿਗੁਰੂ ਜੀ ਦਾ ਇਹ ਬਚਨ ਸੁਣ ਦੇ ਸਿੰਘ ਉਠੇ, ਓਹ ਤਿਤ੍ ਨੂੰ ਫੜ ਲਿਆਏ। ਉਸ ਪੰਛੀ ਨੇ ਉਡਣ ਦਾ ਯਤਨ ਨਾ ਕੀਤਾ। ਉਸਨੂੰ ਲਿਆ ਕੇ ਸਤਿਗੁਰੂ ਜੀ ਨੇ ਚਰਨਾਂ ਵਿਚ ਰਖ ਦਿਤਾ। ਸਤਿਗੁਰੂ ਜੀ ਨੇ ਜਿਉਂ ਹੀ ਪੰਛੀ ਨੂੰ ਆਪਣੇ ਕਮਲ ਰੂਪ ਹਥਾਂ ਵਿਚ ਫੜਿਆ ਤਾਂ ਉਸ ਪੰਛੀ ਨੂੰ ਵੀ ਤ੍ਰੈਕਾਲ ਦੀ ਸੂਝ ਹੋ ਗਈ। ਉਹ ਸਤਿਗੁਰੂ ਜੀ ਦੇ ਇਸ਼ਾਰੇ ਤੇ ਮਰਦਾਂ ਵਾਂਗ ਭਾਖਿਆ ਦੇਣ ਲਗਾ। ਲਾਗੇ ਬੈਠੇ ਹੋਏ ਸਾਰੇ ਸਿੰਘ ਹੈਰਾਨ ਸਨ। ਉਨ੍ਹਾਂ ਦੇ ਬੁਲ੍ਹਾਂ ਤੋਂ ਮਲੋ ਮਲੀ ਨਿਕਲਦਾ ਜਾਂਦਾ ਸੀ, ਧੰਨ ਸਤਿਗੁਰੂ, ਧੰਨ ਧੰਨ ਸਚਾ ਪਾਤਸ਼ਾਹ, ਕਲਗੀਆਂ ਵਾਲਾ ਪਿਤਾ।'

ਤਿਤ੍ ਨੇ ਭਾਖਿਆ ਦੇਂਦਿਆਂ ਹੋਇਆ ਆਖਿਆ, 'ਮੈਂ ਇਸ ਨਗਰ ਦਾ ਚੌਧਰੀ ਸਾਂ, ਭੂਪਾ ਮੇਰਾ ਨਾਮ ਸੀ, ਮੇਰੇ ਕੋਲ ਬਹੁਤ ਸਾਰੀ ਧਰਤੀ ਸੀ,ਮੇਰੇ ਧੀਆਂ ਪੁਤਰ ਸਾਰੇ ਹੀ ਮੇਰੇ ਦੇਖਦਿਆਂ ਦੇਖਦਿਆਂ ਮਰ ਗਏ। ਮੈਂ ਇਕਲਾ ਰਹਿ ਗਿਆ।ਮੇਰੀ ਵਹੁਟੀ ਵੀ ਮੇਰੀ ਮੌਤ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਈ। ਮੈਂ ਅਜੇ ਜਿਉਂਦਾ ਸਾਂ ਕਿ ਸ਼ਰੀਕ ਮੇਰੀ ਧਰਤੀ ਦੀਆਂ ਵੰਡੀਆਂ ਪਾਉਣ ਲਗ ਪਏ। ਮੈਂ ਉਹਨਾਂ ਦੀ ਇਸ ਹਰਕਤ ਨੂੰ ਦੇਖ ਕੇ ਸਹਿ ਨਾ ਸਕਿਆਂ। ਮੈਂ ਚਿਤਵਿਆ ਕਿ ਮੈਂ ਆਪਣੀ ਧਰਤੀ ਦੇਖਦਾ ਰਹਾਂ ਤੇ ਮੇਰੇ ਸ਼ਰੀਕ ਮੇਰੀ ਧਰਤੀ ਦੀਆਂ ਵੰਡਾਂ ਨਾ ਪਾਉਣ। ਹੇ ਦਾਤਾ, ਇਹ ਏਸੇ ਤਰ੍ਹਾਂ ਹੋਇਆ। ਮਹਾਂ ਮਰੀ ਪਈ, ਮੇਰੇ ਸ਼ਰੀਕ ਮੈਥੋਂ ਵੀ ਪਹਿਲਾਂ ਮਰ ਗਏ। ਨਬੇ ਸਾਲ ਦੀ ਉਮਰ ਵਿਚ ਮੈਂ ਵੀ ਮਰ ਗਿਆ। ਮਰਨ ਪਿਛੋਂ ਮੈਂ ਕਾਂ ਦਾ ਜਨਮ ਧਾਰਿਆ, ਕਾਂ ਬਣ ਕੇ ਆਪਨੇ ਖੇਤਾਂ ਵਿਚ ਰਹਿੰਦਾ ਰਿਹਾ। ਬਹੁਤ ਸਾਰੇ ਸਾਲ ਬੀਤਣ ਪਿਛੋਂ ਮੇਰੀ ਮੌਤ ਇਕ ਸ਼ਿਕਾਰੀ ਦੇ ਹਥੋਂ ਹੋਈ, ਉਸ ਮੌਤ ਦਾ ਕਾਰਨ ਇਹ ਸੀ ਕਿ ਜਿਹੜਾ ਮੇਰੀ ਪੈਲੀ ਵਾਹੁੰਦਾ ਸੀ ਮੈਂ ਉਸੇ ਦੇ ਡੰਗਰਾਂ ਨੂੰ ਠੂੰਗੇ ਮਾਰ ਕੇ ਮਾਰ ਸੁਟਦਾ

Sri Satguru Jagjit Singh Ji eLibrary NamdhariElibrary@gmail.com

ਸਾਂ। ਹਥ ਕਿਸੇ ਦੇ ਆਉਂਦਾ ਨਹੀਂ ਸਾਂ। ਗੁਲੇਲਾ ਜਾਂ ਢੀਮ ਮੈਨੂੰ ਮਾਰ ਨਹੀਂ ਸੀ ਸਕਦੀ।ਇਸਤਰ੍ਹਾਂ ਮੈਂ ਬਹੁਤ ਸਾਰੇ ਡੰਗਰ ਮਾਰ ਦਿਤੇ, ਉਨ੍ਹਾਂ ਦੇ ਮਾਰਨ ਦਾ ਇਹ ਫਲ ਹੋਯਾ ਕਿ ਮੈਨੂੰ ਹੋਰ ਹਤਿਆ ਲਗ ਗਈ, ਜ਼ਮੀਨ ਵਾਹੁਣ ਵਾਲਿਆਂ ਨੇ ਇਕ ਸ਼ਿਕਾਰੀ ਲਿਆਂਦਾ ਉਸ ਨੇ ਮੈਨੂੰ ਮਾਰ ਦਿਤਾ । ਮੇਰਾ ਸ਼ੀਰ ਇਕ ਕਿਕਰ ਨਾਲ ਟੰਗ ਦਿਤਾ ਜਿਹੜਾ ਅਜੇ ਤਕ ਹੈ ਮੈਂ ਉਸਨੂੰ ਵੇਖ ਵੇਖਕੇ ਹੈਰਾਨ ਹੁੰਦਾ ਹਾਂ। ਉਸ ਜਨਮ ਪਿਛੋਂ ਮੈਂ ਤਿਤ੍ਰ ਦਾ ਜਨਮ ਪਾਯਾ ਫਿਰ ਵੀ ਆਪਣੀ ਧਰਤੀ ਉਤੇ ਹੀ ਆਕੇ ਟਿਕਿਆ ਹਾਂ, ਭਾਵੇਂ ਮੈਨੂੰ ਏਥੋਂ ਕੁਝ ਖਾਨ ਵਾਸਤੇ ਬਹੁਤ ਕਠਨਤਾ ਨਾਲ ਮਿਲਦਾ ਹੈ। ਹੁਣ ਮੈਂ ਮਰਦਾਂ ਦੀ ਖੁਰਾਕ ਬਣਾ ਦਿਤਾ ਗਿਆ ਹਾਂ। ਅਜ ਆਪ ਦੇ ਦਰਸ਼ਨ ਹੋਏ ਹਨ । ਇਉਂ ਭਾਸ ਰਿਹਾ ਹੈ ਕਿ ਮੁੜਕੇ ਜਨਮ ਮਰਨ ਵਿਚ ਨਹੀਂ ਆਵਾਂਗਾ। ਛੇਤੀ ਹੀ ਪੰਛੀ ਤੇ ਪਸ਼ੂ ਜੀਵਨ ਤੋਂ ਛੁਟਕਾਰਾ ਹੋ ਜਾਵੇਗਾ। ਮੇਰੇ ਤੇ ਮਿਹਰ ਕਰੋ ਹੁਣ ਮੈਂ ਧਰਤੀ ਦਾ ਖਿਆਲ ਨਹੀਂ ਕਰਦਾ, ਧਰਤੀ ਆਪ ਇਕ ਸਾਰ ਅਡੋਲ ਟਿਕੀ ਰਹਿੰਦੀ ਹੈ ਤੇ ਹੋਰਨਾਂ ਦਾ ਖਾਤਮਾ ਕਰ ਦੇਂਦੀ ਹੈ। ਇਹ ਵਾਸ਼ਨਾ ਬਹੁਤ ਭੈੜੀ ਹੈ। ਜਰ ਜੋਰੂ ਤੇ ਜ਼ਮੀਨ ਕਲਾ ਦਾ ਮੂਲ ਹਨ।

ਸਤਿਗੁਰੂ ਜੀ ਨੂੰ ਦਯਾ ਆਈ,ਉਸੇ ਵੇਲੇ ਉਹਦੇ ਜੀਵਨ ਦੇ ਬੰਧਨ ਕਟ ਦਿਤੇ,ਉਹਦੀ ਰੂਹ ਸਵਰਗਾਂ ਨੂੰ ਚਲੀ ਗਈ ਤੇ ਸਰੀਰ ਨੂੰ ਜਾਨਵਰ ਖਾ ਗਏ। ਇਹ ਕੌਤਕ ਵੇਖਕੇ ਲਾਗੇ ਦੇ ਬੈਠੇ ਹੋਏ ਸਿਖ ਸੇਵਕ ਬਹੁਤ ਹੀ ਹੈਰਾਨ ਹੋਏ।

ਇਸਤਰ੍ਹਾਂ ਜੀਵਾਂ ਦਾ ਪਾਰ ਉਤਾਰਾ ਕਰਦੇ ਹੋਏ ਮਿਹਰਾਂ ਦੇ ਦਾਤੇ ਉਸ ਨਗਰ ਵਿਚ ਪੰਜ ਦਿਨ ਰਹੇ ਤੇ ਫਿਰ ਅਗੇ ਤੁਰੇ।

੨. ਚੌਧਰੀ ਕਪੂਰੇ ਦਾ ਪ੍ਰਸੰਗ

ਕਈਆਂ ਪਿੰਡਾਂ ਵਿਚਦੀ ਹੁੰਦੇ ਹੋਇ ਸਤਿਗੁਰੂ ਜੀ ਕੋਟ ਕਪੂਰੇ ਦੇ ਲਾਗੇ ਚਲੇ ਗਏ ਕਿਉਂਕਿ ਸਾਹਿਬਾਂ ਨੂੰ ਪਤਾ ਲਗਾ ਕਿ ਸਰਹੰਦੋਂ ਵਜ਼ੀਰ ਖਾਂ ਦਾ ਭੇਜਿਆ ਹੋਯਾ ਇਕ ਫੌਜੀ ਦਸਤਾ ਗੁਰੂ ਜੀ ਦੀ ਭਾਲ ਵਿਚ ਅਗੇ ਵਧਿਆ ਆਉਂਦਾ ਹੈ। ਜੇ ਉਹ ਆ ਪੁਜਾ ਤਾਂ ਉਸ ਨਾਲ ਲੜਾਈ ਜ਼ਰੂਰ ਹੋਵੇਗੀ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਸਿੰਘਾਂਨੂੰਪੁਛਿਆ ਕਿ ਪਤਾ ਕਰੋ ਕਿ ਮਾਲਵੇ ਵਿਚ ਕੋਈਐਸਾ ਕਿਲ੍ਹਾ ਹੈ, ਜਿਥੇ ਬੈਠਕੇ ਦੁਸ਼ਮਨ ਨਾਲ ਚਾਰ ਹੱਥ ਕੀਤੇ ਜਾਣ? ਉਸ ਵੇਲੇ ਸਿੰਘਾਂ ਨੇ ਪੁਛਣਾ ਆਰੰਭ ਕਰ ਦਿਤਾ। ਪੁਛਦਿਆਂ ਪੁਛਦਿਆਂ ਉਨ੍ਹਾਂ ਨੂੰ ਪਤਾ ਲਗਾ ਕਿ ਕੋਟ ਕਪੂਰਾ ਐਸਾ ਅਸਥਾਨ ਹੈ ਜਿਥੇ ਬੈਠਕੇ ਦੁਸ਼ਮਨ ਨਾਲ ਯੁਧ ਹੋ ਸਕਦਾ ਹੈ ਪਰ ਕੋਟ ਕਪੂਰਾ ਵੀਹ ਕੋਹ ਹੈ। ਇਹ ਸੁਣਕੇ ਸਤਿਗੁਰੂ ਜੀ ਨੇ ਸੇਵਕਾਂ ਨੂੰ ਹੁਕਮ ਦਿਤਾ ਕੋਟ ਕਪੂਰੇ ਵਲ ਚਲੋ।

ਸਤਿਗੁਰੂ ਜੀ ਆਪਣੇ ਲਸ਼ਕਰ ਸਮੇਤ ਕੋਟ ਕਪੂਰੇ ਪੁਜੇ। ਕਿਲੇ ਤੋਂ ਹਟਵੇਂ ਪੱਧਰ ਥਾਂ ਉਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੰਬੂ ਗੱਡ ਦਿਤੇ ਜਾਣ। ਉਸੇ ਵੇਲੇ ਤੰਬੂ ਲਗ ਲਏ। ਗੁਰੂ ਕਾ ਲੰਗਰ ਤਿਆਰ ਹੋਣ ਲਗਾ। ਜਦੋਂ ਲੰਗਰ ਵਾਸਤੇ ਅੱਗ ਬਲੀ ਤਾਂ ਉਸਦਾ ਧੂੰਆਂ ਦੂਰ ਦੂਰ ਤਕ ਪੁਜਾ। ਧੂੰਏਂ ਨੂੰ ਵੇਖਕੇ ਲੋਕਾਂ ਨੇ ਅਨਭਵ ਕੀਤਾ ਕਿ ਕਿਸੇ ਸ਼ਾਹੀ ਫੌਜ ਦਾ ਉਤਾਰਾ ਹੈ ਹੋਰ ਤਾਂ ਕੋਈ ਡਰਦਾ ਦੇਖਣ ਨਾ ਆਇਆ, ਪਰ ਕੋਟ ਕਪੂਰੇ ਦਾ ਮਾਲਕ ਚੌਧਰੀ ਕਪੂਰਾ ਆਇਆ। ਕਿਉਂਕਿ ਉਹ ਚੁਰਾਸੀ ਪਿੰਡਾਂ ਦਾ ਮਾਲਕ ਸੀ ਤੇ ਆਏ ਗਏ ਮੁਗਲਾਂ ਦੀ ਸੇਵਾ ਕਰਿਆ ਕਰਦਾ ਸੀ ਉਹ ਜੀ ਹਜੂਰੀਆ ਪੁਜ ਕੇ ਸੀ। ਉਸ ਦੇ ਜੀ ਹਜ਼ੂਰੀਆ ਦਾ ਸਦਕਾ ਮੁਗਲ ਹਕੂਮਤ ਨੇ ਉਸ ਨੂੰ ਜੰਗਲ ਦਾ ਸ਼ੇਰ ਖਤਾਬ ਦਿਤਾ ਹੋਇਆ ਸੀ। ਉਹ ਘੋੜੇ ਉਤੇ ਸਵਾਰ ਹੋਕੇ ਨਾਲ ਆਪਣੇ ਆਦਮੀ ਲੈਕੇ ਉਸ ਥਾਂ ਪੁਜਾ ਜਿਥੇ ਸਤਿਗੁਰੂ ਜੀ ਸਨ। ਨੇੜੇ ਆਕੇ ਉਸ ਨੇ ਪਛਿਆ—'ਕਿਸਦਾ ਡੇਰਾ ਹੈ?'

'ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜੋਹੜੇ ਅਨੰਦਪੁਰ ਦੇ ਵਾਸੀ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦੇ ਮਾਲਕ ਹ '

'ਏਧਰ ਕਿਵੇਂ ਆਏ ਹਨ?'

'ਮਨ ਦੀ ਮੌਜ ਨਾਲ।'

'ਮੈਂ ਤਾਂ ਸੁਣਿਆਂ ਹੈ, ਗੁਰੂ ਗੋਬਿੰਦਸਿੰਘ(ਜੀ) ਦੇ ਪਿਛੇ ਸ਼ਾਹੀ ਫੌਜ ਲੱਗੀ ਹੋਈ ਹੈ।'

ਇਸ ਤਰ੍ਹਾਂ ਹੀ ਸਮਝੋ।'

Sri Satguru Jagjit Singh Ji eLibrary NamdhariElibrary@gmail.com

'ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ।'

'ਦਰਸ਼ਨ ਹੋ ਸਕਦੇ ਹਨ। ਇਹ ਕੋਈ ਵੱਡੀ ਗਲ ਨਹੀਂ।

ਇਉਂ ਕਪੂਰੇ ਤੇ ਭਾਈ ਮਾਨ ਸਿੰਘ ਜੀ ਦੇ ਵਿਚਾਲੇ ਗਲ-ਬਾਤ ਹੋਈ। ਫਿਰ ਭਾਈ ਮਾਨ ਸਿੰਘ ਚੌਧਰੀ ਕਪੂਰੇ ਨੂੰ ਸਤਿਗੁਰੂ ਜੀ ਦੇ ਹਜ਼ੂਰ ਲੈ ਆਇਆ।

ਕਪੂਰਾ ਸਤਿਗੁਰੂ ਜੀ ਦੇ ਸਨਮੁਖ ਚਲਿਆ ਗਿਆ ਨਮਸ਼ਕਾਰ ਕੀਤੀ ਤੇ ਮਾਮੂਲੀ ਗਲ ਬਾਤ ਕਰਕੇ ਮੁੜ ਆਪਣੇ ਕਿਲੇ ਨੂੰ ਚਲਿਆ ਗਿਆ। ਮੁੜਕੇ ਕਿਲੇ ਵਿਚੋਂ ਇਕ ਘੋੜਾ ਸਵਾ ਸੌ ਰੁਪਿਆ ਨਕਦ ਲੈਕੇ ਸਤਿਗੁਰੂ ਜੀ ਦੇ ਪਾਸ ਆਇਆ। ਘੋੜਾ ਤੇ ਰੁਪਿਆ ਨਜ਼ਰ ਕਰਕੇ ਬਚਨ ਬਿਲਾਸ ਕਰਦਾ ਰਿਹਾ ਪਿੰਡ ਦੇ ਲੋਕ ਵੀ ਬਹੁਤ ਦਰਸ਼ਨਾਂ ਨੂੰ ਆਏ। ਪਰੇਮ ਭਾਵਨਾ ਨਾਲ ਕਿਸੇ ਨੇ ਦੁਧ, ਕਿਸੇ ਨੇ ਘਿਓ, ਅੰਨ ਆਦਿਕ ਸਤਿਗੁਰੂ ਜੀ ਵਾਸਤੇ ਲਿਆਂਦਾ। ਸਤਿਗੁਰੂ ਜੀ ਨੇ ਵੀ ਉਹਨਾਂ ਦੇ ਮਨਾਂ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ। ਉਹ ਨਿਹਾਲ ਹੋ ਕੇ ਤੁਰਦੇ ਗਏ।

ਜਦ ਕਪੂਰਾ ਸਤਿਗੁਰੂ ਜੀਦੀ ਹਜ਼ੂਰੀ ਵਿਚ ਬੈਠਾ ਸੀ ਤਾਂ ਭਾਈ ਦਯਾ ਸਿੰਘ ਨੇ ਬਚਨ ਕੀਤਾ—ਚੌਧਰੀ ਜੀ! ਸਤਿਗੁਰੂ ਜੀ ਪਿਛੇ ਤੁਰਕ ਲਸ਼ਕਰ ਆ ਰਿਹਾ ਹੈ। ਸਤਿਗੁਰੂ ਜੀ ਉਸ ਲਸ਼ਕਰ ਨਾਲ ਲੋਹਾ ਲੈਣਾ ਚਾਹੁੰਦੇ ਹਨ। ਤੁਸੀਂ ਆਪਣਾ ਕਿਲਾ ਸਤਿਗੁਰੂ ਜੀ ਨੂੰ ਦੇਵੋ।ਸਾਹਿਬ ਕਿਲੇ ਦੀ ਓਟ ਵਿਚ ਜੁਧ ਲੜ ਸਕਣ ਕਿਉਂਕਿ ਕਿਲੇ ਤੋਂ ਬਿਨਾ ਜੁਧ ਲੜਨਾ ਬਹੁਤ ਕਠਨ ਹੈ ਖੁਲ੍ਹੀ ਥਾਂ ਦੁਸ਼ਮਣ ਦੇ ਜੋਰ ਪੈਣ ਦੀ ਚਿੰਤਾਂ ਹੈ।

ਚੌਧਰੀ ਤੁਰਕਾਂ ਦਾ ਵਫਾਦਾਰ ਸਿਪਾਹੀਸੀ।ਲਾਲਚ ਨੇ ਉਸ ਦੀ ਮਤ ਮਾਰੀ ਹੋਈਸੀ ਉਹ ਰਾਜ ਕਾਇਮਰਖਣ ਦੀ ਭੁਖ ਨਾਲ ਪ੍ਰਦੇਸੀਆਂ ਦਾ ਮਿਤ੍ਰ ਬਣਕੇ ਦੇਸ਼ ਨਾਲ ਧਰੋਹ ਕਰ ਰਿਹਾ ਸੀ। ਉਸਨੇ ਜਦੋਂ ਭਾਈ ਦਯਾ ਸਿੰਘਜੀ ਦੀ ਜ਼ਬਾਨੀ ਸਤਿਗੁਰੂ ਜੀਦਾ ਹੁਕਮਸੁਣਿਆ ਤਾਂ ਉਹਦਾ ਲਹੂ ਠੰਢਾ ਹੋ ਗਿਆ ਉਹ ਡੌਰ-ਭੌਰਾ ਹੋਕੇ ਪਹਿਲਾਂ ਤਾਂ ਏਧਰਉਧਰ ਦੇਖਦਾ ਰਿਹਾ।ਫਿਰ ਬੋਲਿਆ—

'ਕੀ ਦਸਾਂ! ਔਖੀ ਜਿਹੀ ਗਲ ਹੈ। ਦੇਸ਼ ਦਾ ਬਾਦਸ਼ਾਹ ਬਹੁਤ ਕਰੜੇ ਸੁਭਾ

Sri Satguru Jagjit Singh Ji eLibrary NamdhariElibrary@gmail.com

ਦਾ ਹੈ।ਉਸਨੂੰ ਜਦੋਂ ਪਤਾ ਲੱਗਾ ਤਾਂ ਉਹ ਮੇਰਾ ਘਾਣ-ਬੱਚਾ ਪਿੜਵਾਦੇਵੇਗਾ। ਮੈਨੂੰ ਫਾਹੇ ਲਗਣਾ ਪਵੇਗਾ। ਮੁਗਲਾਂ ਦੇ ਲਸ਼ਕਰ ਨਾਲ ਟੱਕਰ ? ਰਾਮ ! ਰਾਮ ! ਉਹਨਾਂ ਨਾਲ ਟੱਕਰ ਤਾਂ ਪ੍ਰਮਾਤਮਾ ਵੀ ਨਹੀਂ ਲੈ ਸਕਦਾ। ਉਹ ਤਾਂ ਦਰਿਆ ਦੇ ਹੜ੍ਹ ਵਾਂਗ ਹਨ, ਉਹ ਰੋਕਿਆਂ ਨਹੀਂ ਰੁਕ ਸਕਦਾ। ਇਸ ਕਿਲੇ ਨੂੰ ਤਾਂ ਵੈਸੇ ਹੀ ਚੁਕ ਕੇ ਲੈ ਜਾਣਗੇ। ਮੈਂ ਇਹ ਆਖਿਆ ਨਹੀਂ ਦੇ ਸਕਦਾ। ਹੋਰ ਕੋਈ ਸੌਦਾ ਦਸੋ ਜੇ ਕੋਈ ਪਿੰਡ ਲੈਣਾ ਹੋਵੇ ਤਾ ਬੇਝੱਕ ਲੈ ਲਵੋ। ਚੌਰਾਸੀ ਪਿੰਡਾਂ ਦੀ ਮਾਲਕੀ ਹੈ। ਹਾਂ, ਇਹ ਕਰ ਸਕਦਾ ਹਾਂ ਕਿ ਮੁਗਲ ਸਰਕਾਰਾਂ ਤੇ ਤੁਸਾਂ ਵਿਚਾਲੇ ਸਮਝੌਤਾ ਕਰਾ ਸਕਦਾ ਹਾਂ। ਤੁਰਕਾਂ ਦੇ ਵਿਰੁਧ ਲੜਨਾ ਜਾਂ ਤੁਸਾਂ ਨੂੰ ਕਿੱਲਾ ਦੇਣਾ ਤਾਂ ਸਮਝੋ ਮੌਤ ਨੂੰ ਘਰ ਸੱਦਣਾ ਹੈ।

ਕਪੂਰੇ ਦੇ ਇਹ ਬੋਲ ਸੁਣਕੇ ਸਤਿਗੁਰੂ ਜੀ ਮੁਸਕਰਾਉਂਦੇ ਰਹੇ ਪਰ ਭਾਈ ਦਯਾ ਸਿੰਘ ਨੇ ਹੋਰ ਕਿਹਾ-'ਦੇਖੋ ਚੌਧਰੀਸਾਹਿਬ ਕੋਈ ਮਾਣਨਹੀਂ ਕਰਨਾ ਚਾਹੀਦਾ। ਦੌਲਤ, ਕਿਲੇ, ਲਸ਼ਕਰ ਸਭ ਪ੍ਰਭੂ ਦੀਆਂ ਬਖਸ਼ੀਆਂ ਹੋਈਆਂ ਵਸਤੂਆਂ ਹਨ।ਉਹ ਮਾਲਕ ਜਦੋਂ ਚਾਹੇ ਵਾਪਸ ਵੀ ਲੈ ਸਕਦਾ ਹੈ। ਸਤਿਗੁਰੂ ਜੀ ਨੂੰ ਕਿਲੇ ਵਿਚ ਥਾਂ ਦੇਹ, ਤੇਰਾ ਜਸ ਹੋਵੇਗਾ। ਸਰਬ ਸ਼ਕਤੀਵਾਨ ਪ੍ਰਭੂ ਤੇਰਾ ਨੁਕਸਾਨ ਨਹੀਂ ਹੋਣ ਦੇਣਗੇ।'

ਚੌਧਰੀ ਕਪੂਰੇ ਦੀ ਮੱਤ ਤੇ ਪੜ੍ਹਦਾ ਪੈਗਿਆ,ਉਸਨੂੰ ਕੋਈ ਅਕਲ ਨਾ ਸੁਝੀ। ਉਸ ਨੇ ਅਵੱਲਾ ਹੀ ਉੱਤਰ ਦਿਤਾ। ਉਹ ਉੱਤਰ ਕੀ ਸੀ, ਮਾਨੋਂ ਉਸ ਦੀ ਮੌਤ ਦਾ ਵਰੰਟ ਸੀ, ਜੋ ਉਸਨੇ ਆਪਣੇ ਹੱਥੀਂ ਆਪ ਲਿਖ ਲਿਆ॥ ਉਸ ਨੇ ਆਖਿਆ-

ਰਿਪੁ ਸਮ ਜਾਨ ਤੁਰਕ ਗ੍ਰਿਹ ਮੋਹ ॥ ਮਾਰਹਿ ਫਾਸੀ ਦੇ ਕਰ ਕ੍ਰੋਹ ॥
ਸ੍ਰੀ ਗੁਰ ਤੁਮ ਤੌਂ ਬੇ-ਪਰਵਾਹ ॥ ਬਿਗਰ ਲਹੇ ਤੁਰਕੇਸੁਰ ਸ਼ਾਹ ॥
ਲਾਖਹੁ ਨਰ ਮਾਰੇ ਮਰਵਾਏ ॥ ਅਨੰਦਪੁਰ ਉਜਾਰ ਕਰ ਆਏ ॥
ਤਿਨ ਤੁਰਕਨ ਤੇ ਮਹਿਬਿਗਾਰਹੁ॥ਜਿਮ ਉਜਰੇਤਿਮਹਿ ਉਜਾਰਹੁ॥
ਭਲੀ ਸੀਖ ਅਬ ਦੇਵਨ ਲਾਗੇ॥ਜਿਸ ਤੇ ਬਚਹਿ ਨ ਕਿਤ ਕੋ ਭਾਗੇ॥

Sri Satguru Jagjit Singh Ji eLibrary NamdhariElibrary@gmail.com

ਹਮ ਤੋ ਬੰਦੇ ਨਿਤ ਪਾਤਿਸ਼ਾਹੀ। ਬਿਗਰੇ ਮਾਰਹਿ ਮੁਝ ਤੇ ਢਾਹੀ।

(ਸੂਰਜ ਪ੍ਰਕਾਸ਼)

'ਵਾਹ! ਚੰਗੀ ਅਕਲ ਮੈਨੂੰ ਦੇਣ ਲਗੇ ਹੋ। ਬਾਦਸ਼ਾਹ ਮੁਗਲ ਵੱਡਾ ਹੈ, ਉਸ ਦੇ ਵਿਰੁਧ ਮੈਨੂੰ ਕਰਦੇ ਹੋ, ਉਹ ਤਾਂ ਮੈਨੂੰ ਫਾਂਸੀ ਲਾਕੇ ਤੇ ਮੂੰਹ ਵਿਚ ਸੁਵਾਹ ਦੇਕੇ ਮਾਰੇਗਾ। ਆਪ ਤਾਂ ਅਨੰਦ ਪੁਰ ਨੂੰ ਉਜਾੜ ਆਏ। ਹਜ਼ਾਰਾਂ ਜੁਵਾਨ ਮਾਰੇ ਤੇ ਮਰਵਾ ਦਿਤੇ। ਅਮਨ ਦੀ ਧਰਤੀ ਨੂੰ ਲਹੁ ਨਾਲ ਰੰਗਿਆ। ਹੁਣ ਮੈਨੂੰ ਕਹਿੰਦੇ ਹੋ ਕਿ ਮੈਂ ਵੀ ਉਜੜ ਜਾਵਾਂ?ਮਾਰਿਆ ਜਾਵਾਂ?ਮੈਂ ਤੁਸਾਂ ਦੀ ਇਸ ਮੱਤ ਤੇ ਨਹੀਂ ਲੱਗਣਾ, ਚੰਗਾ ਤਾਂ ਇਹੋ ਹੈ ਕਿ ਤੁਸੀਂ ਏਥੋਂ ਡੇਰਾ ਚੁਕ ਤੇ ਕਿਤੇ ਚਲੇਜਾਵੋ।ਮੈਂ ਨਾ ਦੁਸਾਂ ਨਾਲ ਦੁਸ਼ਮਣੀ ਕਰਨਾ ਚਾਹੁੰਦਾਹਾਂ ਤੇ ਨਾ ਮਿਤ੍ਰਤਾ ਰਖਣਾ ਚਾਹੁੰਦਾ ਹਾਂ।'

ਏਹ ਕੋਰਾ ਜੁਵਾਬ ਸੁਣਕੇ ਸਤਿਗੁਰੂ ਜੀ ਗੁਸੇ ਵਿਚ ਆਏ।ਸਾਹਿਬਾਂ ਨੈ ਬਚਨ ਕੀਤਾ–'ਗੁਲਾਮੀ ਦੇ ਟੁਕੜੇ ਖਾ ਖਾ ਕੇ ਤੇਰੀਬੁਧੀ ਭ੍ਰਿਸ਼ਟ ਹੋ ਚੁਕੀ ਹੈ। ਜਾਹ! ਜਿਸ ਮੌਤ ਕੋਲੋਂ ਡਰਦਾ ਹੈਂ,ਉਹੋ ਮੌਤ ਤੈਨੂੰ ਆਵੇਗੀ।ਤੇਰਾਇਹ ਕੋਟ ਉਜੜੇਗਾ ਤੈਨੂੰ ਫਾਹੇ ਲਾਕੇ ਮਾਰਿਆ ਜਾਵੇਗਾ ਤੇ ਤੇਰੇਮੂੰਹ ਵਿਚ ਸੁਵਾਹ ਵੀ ਦਿਤੀ ਜਾਵੇਗੀ।ਅਸਾਂ ਦਾ ਰਾਖਾ ਅਕਾਲ ਪੁਰਖ ਹੈ,ਜੋ ਉਸਦਾ ਭਾਣਾ ਹੈ ਉਹਾਂਕੁਝ ਹੋਕੇ ਰਹੇਗਾ।ਜਾਹ! ਹੁਣ ਤੂੰ ਏਥੋਂ ਉਠ ਕੇ ਤੁਰ ਜਾਹ,ਦੇਰ ਕਰਨ ਤੇ ਸ਼ਾਇਦ ਤੈਨੂੰ ਕੋਈ ਤਕਲੀਫਹੋਵੇ।ਸੂਰਜਪ੍ਰਕਾਸ਼ ਵਿਚ ਭਾਈਸੰਤੋਖਸਿੰਘ ਜੀ ਲਿਖਦੇ ਹਨ–

'ਆਨੰਦ ਪੁਰਾ ਬਸਹਿਗੋ ਸਦਾ॥ਇਸ ਥਲ ਤੇ ਤੂੰ ਹੀ ਹੁਇ ਅਦਾ ॥
ਜਿਸਕੋ ਬੰਦਾ ਕਰਹਿ ਸੁਬੰਦਾ॥ ਦੇ ਫਾਸੀ ਤੁਹਿ ਕਰਹਿ ਨਿਕੰਦ ॥
ਤਤ ਅਤਤ ਨਾ ਮੂਰਖ ਜਾਨੈ ॥ ਲਾਭ ਲੇਤ ਤੇ ਤੋਟਾ ਮਾਨੈ ॥
ਪਸੁ ਜਿਉ ਪੇਟ ਹਰਜੋ ਪਰਸੋਵੈ॥ਅਪਜਸ ਜਗ ਪਰਲੋਕ ਭੀ ਖੋਵੈ ॥
ਮੱਤ ਅੰਧੇ ਜਾਨਜੋ ਕਛੁ ਨਾਹੀ॥ਸਭ ਸੁਖ ਦੇਤ ਪਰਜੋ ਦੁਖਮਾਹੀ॥
ਜਿਨਤੁਰਕਨ ਧਰ ਉਰ ਭਰਵਾਸਾ॥ਤਿਨ ਤੇ ਹੀਕੁਝਹੋਇਬਿਨਾਸਾ॥
ਖੋਹ ਤੋਬਰ ਬਦਨ ਚਢਾਇ ॥ ਫਾਸੀ ਦੇ ਮਾਰਹਿ ਸਹਸਾਇ ॥

Sri Satguru Jagjit Singh Ji eLibrary NamdhariElibrary@gmail.com

ਇਹ ਬਚਨ ਸੁਣਕੇ ਕਪੂਰਾ ਹੈਰਾਨ ਤੇ ਬਹੁਤ ਸ਼ਰਮਿੰਦਾ ਹੋਇਆ। ਸਤਿਗੁਰੂ ਜੀ ਨੇ ਤੀਰ ਛਡ ਦਿਤੇ। ਕਪੂਰੇ ਦੇ ਲਾਂਗੇ ਉਹਦਾ ਛੋਟਾ ਪੁਤਰ ਤੇ ਉਸਦੇ ਹੋਰ ਆਦਮੀ ਬੈਠੇ ਸਨ, ਉਹ ਡਰ ਗਏ, ਕਿਉਂਕਿ ਉਸ ਵੇਲੇ ਪੂਰਾ ਭਰੋਸਾ ਸੀ ਕਿ ਮਹਾ ਪਰਖਾਂ ਦੇ ਬੋਲੇ ਬੋਲ ਸਚੇ ਹੋ ਜਾਂਦੇ ਹਨ। ਉਹ ਮਨ ਹੀ ਮਨ ਕੁੜੇ ਕਿ ਕਪੂਰੇ ਨੇ ਬਹੁਤ ਮੰਦਾ ਕੀਤਾ ਹੈ । ਇਸ ਨੂੰ ਇਸ ਤਰਾਂ ਸਤਿਗੁਰੂ ਜੀ ਨਾਲ ਵਰਤਾਉ ਨਹੀਂ ਸੀ ਕਰਨਾ ਚਾਹੀਦਾ।

ਕਪੂਰਾ ਉਠਕੇ ਆਪਣੇ ਕਿਲੇ ਵਲ ਚਲਿਆ ਗਿਆ। ਉਸ ਦੇ ਛੋਟੇ ਲੜਕੇ ਤੇ ਉਹਦੇ ਆਦਮੀਆਂ ਨੇ ਉਹਦੇ ਪੁਤ੍ਰਾਂ ਨੂੰ ਸਭ ਕੁਝ ਦਸ ਦਿਤਾ। ਉਹਦੇ ਪੁਤਰਾਂ ਨੇ ਉਸ (ਕਪੂਰੇ) ਨੂੰ ਬਹੁਤ ਸਮਝਾਇਆ ਕਿ ਜ਼ਰੂਰ ਤੂੰ ਜਾ ਕੇ ਸਤਿਗੁਰਾਂ ਪਾਸੋਂ ਮਾਫੀ ਮੰਗ ਲੈ। ਸਤਿਗੁਰਾਂ ਦੇ ਬਚਨ ਕਦੀ ਉਕਣੇ ਨਹੀਂ ਜ਼ਰੂਰ ਸਚੇ ਹੋ ਜਾਣਗੇ।ਪਰ ਹੰਕਾਰੀ ਕਪੂਰਾ ਨਾ ਸਤਿਗੁਰੂ ਜੀ ਵਲ ਆਇਆ ਤੇ ਨਾ ਪਤਾਂ ਦੇ ਆਖੇ ਲਗਿਆ।

ਏਹ ਦਸ ਦੇਣਾ ਜ਼ਰੂਰੀ ਹੈਕਿ ਉਪਰੋਕਤ ਘਟਨਾ ਤੋਂ ਪਿਛੋਂ ੧੭੬੫ ਬਿ: ਵਿਚ ਚੌਧਰੀ ਕਪੂਰੇ ਨੂੰ ਈਸਾ ਖਾਂ ਨੇ ਫਾਹੇ ਲਾਕੇ ਮਾਰਿਆ, ਕਪੂਰੇ ਦੇ ਪੁਤ੍ਰ ਸੁਖੀਏ ਨੇ ਈਸੇ ਖਾਂ ਨੂੰ ਮਾਰ ਦਿਤਾ। ਇਸ ਤਰਾਂ ਦੋਹਾਂ ਦੀ ਲੜਾਈ ਹੋਈ ਤੇ ਕੋਟ ਕਪੂਰਾ ਉਜੜ ਗਿਆ। ਸਤਿਗੁਰੂ ਜੀ ਦੇ ਬਚਨ ਪਰੇ ਹੋਏ।

—o—

੧. ਢਿਲਵਾਂ ਚ ਡੇਰਾ ਕਰਨਾ ਤੇ ਨੀਲੇ ਬਸਤ ਉਤਾਰਨੇ

ਕਪੂਰੇ ਦਾ ਮਾੜਾ ਵਤੀਰਾ ਦੇਖਕੇ ਸਤਿਗੁਰੂ ਜੀ ਨੇ ਕੂਚ ਦਾ ਹੁਕਮ ਦਿਤਾ। ਕੋਟ ਕਪੂਰੇ ਤੋਂ ਕੂਚ ਕਰਕੇ ਸਾਹਿਬਾਂ ਦਾ ਕਾਫਲਾ ਤਿੰਨ ਕੋਹ ਅਗੇ ਢਿਲਵਾਂ ਨਗਰ ਵਿਚ ਪੁਜਾ। ਉਸ ਨਗਰ ਵਿਚ ਪ੍ਰਿਥੀ ਚੰਦ ਦੀ ਉਲਾਦ ਰਹਿੰਦੀ ਸੀ, ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੁਰਕਾਂ ਨਾਲ ਜੁਧ ਕੀਤੇ ਸਨ (ਸ੍ਰੀ ਅੰਮ੍ਰਿਤਸਰ ਤੇ ਕਰਤਾਰ ਪੁਰ) ਤਦੋਂ ਪ੍ਰਿਥੀ ਚੰਦ ਦੀ ਉਲਾਦ ਡਰੀ ਹੋਈ ਮਾਲਵੇ ਦੇਸ਼ ਨੂੰ ਗਮਨ ਕਰ ਗਈ ਸੀ, ਤਦੋਂ ਤੋਂ ਉਥੇ ਰਹਿੰਦੀ

Sri Satguru Jagjit Singh Ji eLibrary NamdhariElibrary@gmail.com

ਸੀ। ਪਿੰਡ ਮੱਲ ਕੇ ਬੈਠੇ ਹੋਏ ਕੁਝ ਪੂਜਾ ਪਾਠ ਵੀ ਕਰਾਇਆ ਕਰਦੇ ਸਨ।

ਪ੍ਰਿਥੀ ਚੰਦ ਦੀ ਉਲਾਦਵਿਚੋਂ ਭਾਈ ਕੋਲ ਸੀ। ਉਸਦੇ ਪੁਤ੍ਰ ਵਾਨ ਸਨ ਤੇ ਉਹ ਪੋਤ੍ਰਿਆਂ ਵਾਲਾਸੀ ਜਦੋਂ ਉਸ ਨੂੰ ਪਤਾਲੱਗਾ ਕਿ ਸਤਿਗੁਰੂਜੀ ਆਏ ਹਨ ਤਾਂ ਉਹ ਪੁਤ੍ਰਾਂ ਸਮੇਤ ਦਰਸ਼ਨ ਕਰਨ ਵਾਸਤੇ ਆਇਆ।ਸਾਹਿਬਾਂ ਨੇ ਉਸਨੂੰ ਬੜੇ ਸਤਿਕਾਰ ਨਾਲ ਬੈਠਾਇਆ ਤੇ ਸੁਖ ਸਾਂਦ ਪੁਛੀ।

ਕੌਲ ਨੇ ਉਸ ਵੇਲੇ ਦੱਭ (ਕੁਸ਼ਾ) ਦੇ ਕੜੇ ਤੇ ਛੱਲੇ ਪਾਏ ਹੋਏ ਸਨ। ਇਹ ਦੇਖਕੇ ਸਾਹਿਬਾਂ ਨੇ ਪੁਛਿਆ–'ਸ੍ਰੀ ਮਾਨ ਜੀ! ਇਹ ਕੀ ਹੱਥੀਂ ਪਾਇਆ ਹੋਇਆ ਹੈ!'

"ਮਹਾਰਾਜ! ਵਡਿਆਂ ਦੇ ਨਮਿਤ ਪੰਡਤਾਂ ਨੂੰ ਭੋਜਨ ਕਰਾ ਰਹੇ ਹਾਂ। ਸਮਝੋ ਸਰਾਧ ਕਰਵਾ ਰਹੇ ਹਾਂ। ਆਪ ਦਾ ਆਉਣਾ ਸੁਣ ਕੇ ਕਾਹਲੀ ਨਾਲ ਏਸੇ ਤਰਾਂ ਆ ਗਏ, ਸਗੋਂ ਚਲੋ ਘਰ ਤੇ ਪ੍ਰਸ਼ਾਦ ਛਕੋ।'

ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ–'ਵਾਹ ਗੁਰਮੁਖਾ! ਸਤਿਗੁਰੂ ਰਾਮਦਾਸ ਜੀ ਵੰਸ ਵਿਚੋਂ ਹੋਕੇ ਅਜੇ ਵੀ ਇਹ ਕੂੜੇ ਭਰਮਾਂ ਨੂੰ ਭੁਲਾ ਨਾ ਸਕੇ। ਦੀਵੇ ਥਲੇ ਹਨੇਰਾ ਹੁੰਦਾ ਹੈ, ਇਹ ਗਲ ਠੀਕ ਹੋਈ ਹੈ। ਸਰਾਧ ਪਤਲ ਕਿਰਿਆ ਕਰਮ ਤਾਂ ਗੁਰੂ ਘਰ ਵਿਚ ਮਨਾਹੀ ਹਨ।' ਇਹ ਕਰਮ ਕਰਨੇ ਤਾਂ ਜਹਾਲਤ ਦੀ ਨਿਸ਼ਾਨੀ ਹੈ। ਪੂਰਾ ਜੀਉਂਦੇ ਬਾਪ ਨੂੰ ਤਾਂ ਨਾ ਪ੍ਰਿਥੀਚੰਦ ਨੇ ਮੰਨਿਆ ਤੇ ਨਾ ਪ੍ਰਿਥੀਚੰਦ ਦੀ ਉਲਾਦ ਨੇ ਪ੍ਰਿਥੀਚੰਦ ਦਾ ਸਤਕਾਰ ਕੀਤਾ। ਜਗਤ ਛੱਡ ਜਾਣ ਪਿਛੋਂ ਉਹਨਾਂ ਦੇ ਨਮਿੱਤ ਕੁਝ ਕਰਾਉਣ ਦਾ ਕੀ ਲਾਭ, ਖਾ ਤਾਂ ਜਾਣਾ ਹੈ ਏਥੋਂ [ਮਾਤ ਲੋਕ] ਦੇ ਲੋਕਾਂ ਨੇ ਰੂਹਾਂ ਨੂੰ ਤਾਂ ਕਿਸੇ ਸੂਰਤ ਵਿਚ ਕੁਝ ਮਿਲਦਾ ਹੀ ਨਹੀਂ। ਸਿਆਣੇ ਬਿਆਣੇ ਹੋਕੇ ਐਸੇ ਭਰਮ ਵਿਚ ਕਿਉਂ ਫਸ ਗਏ?ਕੀ ਇਹ ਕੁਝ ਕਰਨਾ ਤੁਸਾਂਵਾਸਤੇ ਯੋਗ ਹੈ?'

ਪ੍ਰਿਥੀ ਚੰਦ ਦੀ ਉਲਾਦ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਤੋਂ ਬਹੁਤ ਦੂਰ ਜਾ ਚੁਕੀਸੀ, ਉਹ ਮੁੜ ਹਿੰਦੂ ਸਮਾਜ ਦੇ ਕਿਰਿਆ-ਕਰਮ ਵਿਚ ਜਾ ਫਸੇ ਸੀ,ਸਤਿਗੁਰੂ ਗੋਬਿੰਦਸਿੰਘਜੀਦੇ ਖਾਲਸਾ ਪੰਥ ਸਜਾਉਣ ਵਾਲੇ

Sri Satguru Jagjit Singh Ji eLibrary NamdhariElibrary@gmail.com

ਨਿਸ਼ਾਨੇ ਤੋਂ ਤਾਂ ਬਹੁਤ ਹੀ ਦੂਰ ਸੀ। ਵਿਰਸੇ ਵਿਚ ਮਿਲੀ ਈਰਖਾ ਦਾ ਕਾਰਨ ਉਹ ਸਤਿਗੁਰੂ ਜੀ ਨੂੰ ਮਿਲੇ ਹੀ ਨਹੀਂ ਸਨ।

ਭਾਈ ਕੌਲ ਨੇ ਸਰਾਧਾਂ ਦੀ ਸਮਸਿਆ ਉਤੇ ਚਰਚਾ ਕਰਨੀ ਆਰੰਭ ਦਿਤੀ। ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਤਕ ਦੀਆਂ ਸਣੀਆਂ ਸਣਾਈਆਂ ਗੱਲਾਂ ਦਸ ਕੇ ਸਿਧ ਕਰਨ ਦਾ ਯਤਨ ਕੀਤਾ ਕਿ ਗੁਰੂ ਘਰ ਵਿਚ ਸਰਾਧ ਹੁੰਦੇ ਆਏ ਹਨ ਪਰ ਸਤਿਗੁਰੂ ਜੀ ਨੇ ਆਪਣੇ ਨਿਸ਼ਾਨੇ ਵਲ ਮੋੜ ਕੇ ਉਸਦੇ ਮਨ ਦੇ ਭਰਮ ਦੂਰ ਕੀਤੇ। ਜਦੋਂ ਸੋਢੀ ਕੌਲ ਨੇ ਇਹ ਸੁਣਿਆ ਕਿ ਸਾਹਿਬਾਂ ਲੜਾਈਆਂ ਲੜੀਆਂ ਹਨ ਤੇ ਚਾਰੇ ਸਾਹਿਬਜ਼ਾਦੇ ਵੀ ਸ਼ਹੀਦ ਕਰਾ ਲਏ ਹਨ ਤਾਂ ਉਸਦੇ ਦਿਲ ਨੂੰ ਬਹੁਤ ਸੱਟ ਲੱਗੀ, ਉਹ ਉਦਾਸ ਜੇਹਾ ਹੋਗਿਆ ਤੇ ਫਿਰ ਉਸਨੇ ਪੁਛਿਆ—'ਹੁਣ ਕਿਧਰ ਜਾ ਰਹੇ ਹੋ। ਜੀਵਨ ਦਾ ਕੀ ਨਿਸ਼ਾਨਾ ਹੈ?'

'ਹੁਣ ਤੁਰਕ ਨਾਲ ਯੁਧ ਕਰਨਾ ਹੈ, ਕਿਉਂਕਿ ਤੁਰਕ ਲਛਕਰ ਪਿਛੇ ਆ ਰਿਹਾ ਹੈ। ਕਪੂਰੇ ਨੇ ਕਿਲੇ ਵਿਚ ਥਾਂ ਦੇਣ ਤੋਂ ਨਾਂਹ ਕਰ ਦਿਤੀ ਸੀ, ਹੁਣ ਕੋਈ ਹੋਰ ਥਾਂ ਲੱਭਦੇਹਾਂ ਜਿਥੇ ਤੁਰਕਾਂ ਨਾਲ ਟੱਕਰ ਲਈ ਜਾਵੇ। ਬਾਦਸ਼ਾਹ ਔਰੰਗਜ਼ੇਬ ਦੀ ਬਾਦਸ਼ਾਹੀ ਹੁਣ ਅੰਤਲੇ ਦਿਨਾਂ ਤੇ ਹੈ। ਉਹ ਛੇਤੀ ਹੀ ਖਤਮ ਹੋ ਜਾਵੇਗੀ। ਉਸ ਦਾ ਅੰਤ ਅਸਾਂ ਦੇ ਸਿਖ ਕਰਨਗੇ। ਝਾੜੀ ਝਾੜੀ ਖਾਲਸਾ ਗਰਜੇਗਾ। 'ਸਤਿ ਸ਼੍ਰੀ ਅਕਾਲ ਦੇ ਜੈਕਾਰਿਆਂ ਨਾਲ ਸਾਰੀ ਪੰਜਾਬ ਦੀ ਧਰਤੀ ਗੂੰਜ ਉਠੇਗੀ।

ਕੌਲ ਦੇ ਚਾਰੇ ਪੁਤ੍ਰ—ਸਤਾ ਨੰਦ, ਹਰੀ ਚੰਦ, ਅਮਰੀਕ, ਬਨਵਾਲੀ, ਜਵਾਣ ਤੇ ਬਹਾਦਰ ਸਨ। ਵਡੇ ਦਾ ਪੁਤ੍ਰ (ਕੌਲ ਦਾ ਪੋਤ੍ਰਾ) ਅਡੈ ਚੰਦ ਵੀ ਹੋਣਹਾਰ ਤੇ ਬਹਾਦਰ ਸੀ। ਉਹਨਾਂ ਨੇ ਵੀ ਸਤਿਗੁਰੂ ਜੀ ਅਗੇ ਪ੍ਰਾਰਥਨਾ ਕੀਤੀ ਕਿ ਸਾਹਿਬ ਉਹਨਾਂ ਦੇ ਘਰ ਚਲਣ ਤੇ ਇਸ਼ਨਾਨ ਕਰਕੇ ਪ੍ਰਸ਼ਾਦ ਛਕਣ। ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਸੋਢੀ ਕੌਲ ਦੇ ਘਰ ਚਲੇ ਗਏ। ਜਦੋਂ ਸਤਿਗੁਰੂ ਇਸ਼ਨਾਨ ਕਰਨ ਲਗੇ ਤਾਂ ਭਾਈ ਕੌਲ ਸਤਿਗੁਰੂ ਜੀ ਵਾਸਤੇ ਚਿਟੇ ਕਪੜੇ ਲੈ ਆਇਆ। ਉਸ ਨੇ ਬੇਨਤੀ ਕੀਤੀ—'ਆਪ ਨੀਲੇ ਵਸਤ੍ਰ ਉਤਾਰ ਦੇਵੋ, ਇਹ ਤੁਰਕੀ ਰੰਗ ਹੈ ਆਪ ਨੂੰ ਸ਼ੋਭਾ ਨਹੀਂ ਦੇਂਦਾ, ਇਹ ਚਿਟੇ

Sri Satguru Jagjit Singh Ji eLibrary NamdhariElibrary@gmail.com

ਬਸਤ੍ਰ ਪਹਿਨ ਲਵੋ, ਖਤਰੇ ਦਾ ਸਮਾਂ ਦੂਰ ਚਲਿਆ ਗਿਆ ਹੈ।ਇਸ ਮਾਲਵੇ ਦੀ ਧਰਤੀ ਵਿਚ ਤੁਰਕੀ ਫੌਜ ਨਾ ਪਹੁੰਚ ਸਕਦੀ ਹੈ ਤੇ ਨਾ ਲੜਾਈ ਕਰ ਸਕਦੀ ਹੈ ਕਿਉਂਕਿ ਏਧਰ ਪਾਣੀ ਘੱਟ ਹੈ।ਪ੍ਰਦੇਸੀਆਂ ਨੂੰ ਪਾਣੀ ਦੇ ਅੱਡਿਆਂ ਦਾ ਪਤਾ ਨਹੀਂ ਲਗਦਾ। ਉਹ ਤਰੇਹ ਨਾਲ ਹੀ ਮਰ ਜਾਂਦੇ ਹਨ।ਬਾਹਰੇ ਦੇ ਆਦਮੀ ਆਪ ਦੀ ਸਹਾਇਤਾ ਕਰਨਗੇ। ਮੈਂ ਆਪਣੇ ਸਿਖਾਂ ਸੇਵਕਾਂ ਨੂੰ ਵੀ ਕਹਾਂਗਾ ਕਿ ਉਹ ਵੀ ਤਨੋਂ ਮਨੋਂ ਤੇ ਧਨੋਂ ਆਪ ਦੀ ਸੇਵਾ ਕਰਨ।

ਸਤਿਗੁਰੂ ਜੀ ਨੇ ਕੌਲ ਦੀ ਅਰਦਾਸ ਨੂੰਸਵੀਕਾਰ ਕੀਤਾ।ਨੀਲੇ ਬਸਤ੍ਰ ਉਤਾਰ ਦਿਤੇ ਤੇ ਚਿਟੇ ਪਹਿਨ ਲਏ।ਬਸਤ੍ਰ ਪਹਿਨਕੇ ਬਾਹਰ ਬੈਠ ਗਏਅੱਗ ਬਾਲ ਲਈ। ਉਹਨਾਂ ਨੀਲੇ ਬਸਤ੍ਰਾਂ ਨੂੰ ਪਾੜ ਕੇ ਬਾਲਣਾ ਆਰੰਭ ਕੀਤਾ, ਹੌਲੀ ਹੌਲੀ ਸਾਰੇ ਦੇ ਸਾਰੇ ਸਾੜ ਦਿਤੇ।ਜਦੋਂ ਇਕ ਲੀਰ ਰਹਿ ਗਈ ਤਾਂ ਉਹ ਲੀਰ ਭਾਈ ਮਾਨ ਸਿੰਘ ਜੀ ਨੇ ਸਤਿਗੁਰਾਂ ਪਾਸੋਂ ਫੜ ਲਈ ਤੇ ਆਪਣੀ ਦਸਤਾਰ ਵਿਚ ਟੰਗ ਲਈ। ਉਹਨਾਂ ਨੂੰ ਬਹੁਤ ਸੋਹਣੀ ਲਗੀ। ਉਸ ਵੇਲੇ ਸਤਿਗੁਰੂ ਜੀ ਨੇ ਬਚਨ ਕੀਤਾ—'ਭਾਈ ਮਾਨ ਸਿੰਘ ਜੀ ! ਇਹ ਨੀਲੀ ਲੀਰ ਤੁਸਾਂ ਨੂੰ ਚੰਗੀ ਲਗਦੀ ਹੈ। ਇਸ ਨੂੰ ਰਖੋ, ਇਸ ਬਾਣੇ ਵਾਲੀ ਆਪ ਦੀ ਸੰਪ੍ਰਦਾਇ ਚਲੇਗੀ ਜੋ ਨਿਹੰਗ ਅਖਵਾਏਗੀ ਪਰ ਇਕ ਗੱਲ ਜਰੂਰ ਹੈ ਕਿ ਨੀਲੇ ਬਾਣੇ ਵਾਲੇ ਨਿਹੰਗ ਸੰਨਿਆਸੀਆਂ ਦੀ ਤਰ੍ਹਾਂ ਤਿਆਗੀ ਹੋਣਗੇ ਗ੍ਰਿਹਸਤੀ ਬਣਕੇ ਨਿਹੰਗ ਸਿੰਘ ਆਪਣੇ ਜੀਵਨ ਨਿਸ਼ਾਨੇ ਤੋਂ ਦੂਰ ਚਲੇ ਜਾਇਆ ਕਰਨਗੇ। ਨਿਹੰਗਾਂ ਦੇ ਜਥੇ ਦੇਸ਼ ਤੇ ਧਰਮ ਦੀ ਰਖਿਆ ਕਰਨਗੇ। ਇਹ ਸੁਤੰਤਰ ਸੁਭਾ ਦੇ ਨਿਡਰ ਤੇ ਨਿਰਵੈਰ ਹੋਣਗੇ। ਤੁਰਕ ਦਾ ਵਿਸਾਹ ਨਹੀਂ ਕਰਨਗੇ ਤੇ ਰਹਿਤਾਂ ਵਿਚ ਰਹਿਕੇਪੂਰਨ ਸਿੰਘ ਰਹਿਣਗੇ ਮੇਰੇ ਖਾਲਸੇ ਦਾ ਸਹੀ ਰੂਪ ਹੋਣਗੇ। ਜਦੋਂ ਇਹ ਧਰਮ ਕਰਮ ਦੀ ਮਰਯਾਦਾ ਵਿਚ ਪੂਰੇ ਰਹਿਣਗੇ, ਤਦੋ ਅਸੀਂ ਅੰਗ ਸੰਗ ਰਿਹਾ ਕਰਾਂਗੇ । ਜਦੋਂ ਮਰਯਾਦਾ ਛਡ ਜਾਣਗੇ ਤਾਂ ਖੁਵਾਰ ਹੋਣਗੇ।'

ਇਸ ਤਰ੍ਹਾਂ ਭਾਈ ਮਾਨ ਸਿੰਘ ਜੀ ਨੂੰ ਵਰ ਦੇਕੇ ਨਿਹਾਲ ਕੀਤਾ।ਭਾਈ ਮਾਨ ਸਿੰਘ ਜੀ ਬਹੁਤ ਪ੍ਰਸੰਨ ਹੋਏ, ਤਦੋਂ ਨਿਹੰਗ ਸਿੰਘਾਂ ਦਾ ਜੱਥਾ ਕਾਇਮ

Sri Satguru Jagjit Singh Ji eLibrary NamdhariElibrary@gmail.com

ਹੋਇਆ ਤੇ ਭਾਈ ਮਾਨ ਸਿੰਘ ਜੀ ਪਹਿਲੇ ਜਥੇਦਾਰ ਹੋਏ ਸਨ।ਵਰਤਮਾਨ ਸਮੇਂ ਵਿਚ ਨਿਹੰਗ ਸਿੰਘ ਕੁਝ ਢਿੱਲੇ ਮੱਠੇ ਹੋ ਗਏ ਹਨ, ਚੜ੍ਹਦੀਆਂ ਕਲਾਂ ਵਿਚ ਨਹੀਂ ਹਨ।

ਢਿਲਵਾਂ ਵਿਚ ਦੋ ਤਿੰਨ ਦਿਨ ਠਹਿਰਕੇ ਸਤਿਗੁਰੂ ਜੀ ਜੀਵਾਂ ਦਾ ਪਾਰ ਉਤਾਰਾ ਕਰਦੇ ਰਹੇ।

੨. ਕੱਪੂਰੇ ਦਾ ਮੁਆਫੀ ਮੰਗਣਾ ਤੇ ਸਤਿਗੁਰੂ ਜੀ ਦਾ ਢਿਲਵਾਂ ਤੋਂ ਅਗੇ ਜਾਣਾ

ਕਪੂਰੇ ਦੇ ਪੁਤ੍ਰਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਗੁਸੇ ਹੋ ਕੇ ਅਗੇ ਚਲੇ ਗਏ ਹਨ ਤੇ ਇਹ ਵੀ ਗਿਆਨ ਹੋ ਗਿਆ ਕਿ ਉਹ ਦੂਰ ਨਹੀਂ ਗਏ ਸਗੋਂ ਸੋਢੀ ਕੋਲ ਪਾਸ ਹਨ। ਉਹਨਾਂ ਨੇ ਆਪਣੇ ਬਾਪ ਕਪੂਰੇ ਨੂੰ ਮਜਬੂਰ ਕੀਤਾ ਕਿ ਉਹ ਜ਼ਰੂਰ ਸਤਿਗੁਰੂ ਜੀ ਪਾਸ ਚਲਣ ਤੇ,ਸਰਾਪ ਦੀ ਥਾਂ ਵਰ ਪ੍ਰਾਪਤ ਕਰਨ। ਪੁਤ੍ਰਾਂ ਦਾ ਆਖਾ ਕਪੂਰਾ ਮੋੜ ਨਾ ਸਕਿਆ।ਉਹ ਪੁਤ੍ਰਾਂ ਦੇ ਅਗੇ ਲੱਗ ਕੇ ਸਤਿਗੁਰੂ ਜੀ ਵਲ ਤੁਰ ਪਿਆ।

ਅਗੇ ਮੇਰੇ ਸਤਿਗੁਰੂ ਜੀ ਦੀਵਾਨ ਲਾਕੇ ਬੈਠੇ ਸਨ । ਬਹੁਤ ਸਾਰੇ ਮਾਲਵੇ ਤੇ ਬੈਰਾੜਾਂ ਦੇ ਜੁਵਾਨ ਸਤਿਗੁਰੂ ਜੀ ਦੀ ਹਜੂਰੀ ਵਿਚ ਬੈਠੇ ਹੋਏ ਉਪਦੇਸ਼ ਸਰਵਨ ਕਰ ਰਹੇਸਨ।ਉਸ ਸਮੇਂ ਚੌਧਰੀ ਕਪੂਰੇ ਨੇ ਜਾ ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ।ਉਸ ਦੇ ਪੁਤ੍ਰ ਵੀ ਨਮਸ਼ਕਾਰ ਕਰਕੇ ਬੈਠ ਗਏ। ਵਡੇ ਪੁਤ੍ਰ ਸੁਖੀਏ ਨੇ ਸਤਿਗੁ_ ਜੀ ਅਗੇ ਬੇਨਤੀ ਕੀਤੀ-'ਮਹਾਰਾਜ! ਬੰਦੇ ਭੁਲਣਹਾਰ ਹਨ। ਅਸਾਂ ਦਾ ਬਾਪ ਭੁਲ ਗਿਆ। ਭੁਲਿਆ ਵੀ ਡਰ ਕਰਕੇ ਕਿਉਂਕਿ ਤੁਰਕ ਬਹੁਤ ਜ਼ਾਲਮ ਹਾਕਮ ਹੈ। ਇਸ ਦੀ ਭੁਲ ਬਦਲੇ ਜੋ ਆਪ ਨੇ ਬਚਨ ਕੀਤਾ ਹੈ ਉਸ ਦੀ ਖਿਮਾਂ ਬਖਸ਼ੋ, ਮੇਹਰ ਕਰੋ, ਆਪ ਵਰਗੇ ਮਹਾਂ ਬਲੀਆਂ ਤੇ ਮਹਾਂ ਪੁਰਸ਼ਾਂ ਨੂੰ ਕ੍ਰੋਧ ਵਿਚ ਆਉਣਾ ਨਹੀਂ ਚਾਹੀਦਾ। ਅਸੀਂ ਤਾਂ ਬੱਚੇ ਹਾਂ, ਅਸਾਂ ਉਤੇ ਹੀ ਦਇਆ ਕਰੋ। ਅਸਾਂ ਦਾ ਇਹ ਕਿਲਾ ਨਾ ਸੜੇ ਤੇ ਨਾ ਸ਼ਹਿਰ ਉਜੜੇ ॥ ਜੋ ਸੇਵਾ ਆਖੋ ਕਰਨ ਨੂੰ ਤਿਆਰ ਹਾਂ ॥

Sri Satguru Jagjit Singh Ji eLibrary NamdhariElibrary@gmail.com

ਬੱਸ ਮੇਹਰ ਕਰੋ ਮੇਹਰ। ਹੇ ਭਗਵਾਨ ! ਅਸਾਂ ਦੇ ਬਾਪ ਨੂੰ ਖਿਮਾਂ ਬਖਸ਼ੋ।'

ਸੋਢੀ ਕੋਲ ਵੀ ਕੋਲ ਬੈਠਾ ਸੀ। ਉਸਨੇ ਵੀ ਲਾਗਿਓਂ ਬੇਨਤੀ ਕਰ ਦਿਤੀ—'ਮਹਾਰਾਜ ! ਇਹ ਬੱਚੇ ਬੜੇ ਨੇਕ ਹਨ। ਆਪ ਨੇ ਜੋ ਬਚਨ ਕੀਤਾ ਹੈ ਉਸ ਨਾਲ ਤਾਂ ਇਨ੍ਹਾਂ ਤੇ ਅਸਰ ਪਵੇਗਾ। ਜੇ ਕਪੂਰਾ ਮਾਰਿਆ ਗਿਆ ਤੇ ਕਿਲ੍ਹਾ ਉਜੜ ਗਿਆ ਤਾਂ ਇਹ ਮਾਸੂਮ ਕਿਧਰ ਜਾਣਗੇ। ਦਇਆ ਕਰੋ। ਹੇ ਕ੍ਰਿਪਾ ਦੇ ਸਾਗਰੋ ਦਇਆ ਕਰੋ।'

ਉਸ ਵੇਲੇ ਕਪੂਰਾ ਵੀ ਚੁਪ ਨਾ ਰਹਿ ਸਕਿਆ। ਉਹਨੇ ਨੈਣਾਂ ਵਿਚ ਵੀ ਜਲ ਆ ਗਿਆ ਤੇ ਉਸ ਨੇ ਬਾਹੀਂ ਲੰਮੀਆਂ ਕਰਕੇ ਸਤਿਗੁਰੂ ਜੀ ਦੇ ਚਰਨ ਫੜ ਲਏ। ਲੰਮੇ ਹੋਕੇ ਲੈਂਦਾ ਹੋਇਆ ਉਹ ਇਉਂ ਡਡਿਆਕੇ ਬੇਨਤੀ ਕਰਨ ਲਗਾ—'ਦਾਤਾ। ਮੇਰੇ ਤੇ ਮੇਹਰ ਕਰੋ, ਮੈਂ ਭੁਲ ਗਿਆ, ਮੈਂ ਪਾਪੀ ਕੋਲੋਂ ਮਾੜੇ ਬਚਨ ਨਿਕਲ ਗਏ। ਮੇਰੇ ਉਤੇ ਦਿਆਲਤਾ ਕਰੋ।

ਸਤਿਗੁਰੂ ਨੇ ਫੁਰਮਾਇਆ—'ਚੌਧਰੀ। ਜੋਹੜਾ ਬਚਨ ਹੋ ਗਿਆ ਹੈ, ਉਹ ਤਾਂ ਨਹੀਂ ਟਲ ਸਕਦਾ। ਤੇਰਾ ਅੰਤ ਤਾਂ ਢਾਹੇ ਦੇ ਰੂਪ ਵਿਚ ਹੋਵੇਗਾ ਪਰ ਤੇਰੇ ਪੁਤ੍ਰਾਂ ਵਾਸਤੇ ਇਹ ਹੈ ਕਿ ਜੇ ਉਹ ਅੰਮ੍ਰਿਤ ਛਕ ਲੈਣ ਤੇ ਤਿਆਰ ਬਰ ਤਿਆਰ ਸਿੰਘ ਰਹਿੰਦੇ ਹੋਏ ਪੰਥ ਦੀ ਸੇਵਾ ਕਰਦੇ ਰਹਿਣਗੇ ਤਾਂ ਇਨ੍ਹਾਂ ਦਾ ਇਕਬਾਲ ਬਹਤ ਵੱਡਾ ਹੋਵੇਗਾ। ਕਿਸੇ ਗਲ ਦਾ ਘਾਟਾ ਨਹੀਂ ਰਹੇਗਾ ਰਾਜ ਕਰਨਗੇ। ਇਹਨਾਂ ਨੂੰ ਅੰਮ੍ਰਿਤ ਛਕਾ ਲੈ।'

ਕਪੂਰਾ—'ਮਹਾਰਾਜ। ਆਪ ਹੁਣੇ ਹੀ ਅੰਮ੍ਰਿਤ ਛਕਾ ਦੇਵੋ। ਇਹ ਹੀ ਸ਼ੁਭ ਸਮਾਂ ਹੈ।

ਉਸ ਵੇਲੇ ਸਤਿਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ। ਜਦੋਂ ਅੰਮ੍ਰਿਤ ਤਿਆਰ ਹੋ ਗਿਆ ਤਾਂ ਕਪੂਰੇ ਦੇ ਪੁਤ੍ਰ ਅਤੇ ਸੋਢੀ ਕੋਲ ਦਾ ਪੋਤਰਾ ਅਤੇ ਚੰਦ ਅੰਮ੍ਰਿਤ ਛਕਨ ਵਾਸਤੇ ਤਿਆਰ ਹੋ ਗਏ। ਸਾਹਿਬਾਂ ਨੇ ਅੰਮ੍ਰਿਤ ਛਕਾਇਆ ਉਹਨਾਂ ਨੂੰ ਤਿਆਰ-ਬਰ ਤਿਆਰ ਸਿੰਘ ਸਜਾ ਕੇ ਪਹਿਲਾਂ ਸੋਢੀ ਅਤੇ ਚੰਦ ਨੂੰ ਬਚਨ ਕੀਤਾ—'ਸਤਿਗੁਰੂ ਜੀ ਦਾ ਬਚਨ ਸੀ ਕਿ ਕੋਈ ਸਿਖ ਪ੍ਰਿਥੀ ਚੰਦ ਦੀ ਉਲਾਦ ਨਾਲ ਨਾ ਵਰਤੇ ਪਰ ਅਜ ਤੋਂ ਅਸੀਂ ਆਖਦੇ ਹਾਂ ਕਿ

Sri Satguru Jagjit Singh Ji eLibrary NamdhariElibrary@gmail.com

ਜੋਹੜਾ ਸੋਢੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਵੇ ਉਸ ਨਾਲ ਖਾਲਸਾ ਪੰਥ ਵਰਤੇ। ਕਿਉਂਕਿ ਅੰਮ੍ਰਿਤ ਛਕਣ ਸਮੇਂ ਹਰ ਮਨੁਖ ਦੇ ਪਹਿਲੇ ਕਰਮ ਜਨਮ ਤੇ ਗੋਤ੍ ਆਦਿਕ ਖਤਮ ਹੋ ਜਾਂਦੇ ਹਨ। ਨਵਾਂ ਜਨਮ ਹੁੰਦਾ ਹੈ। ਜਦੋਂ ਨਵਾਂ ਜਨਮ ਹੋਵੇ ਫਿਰ ਪਹਿਲੇ ਜਨਮ ਦੇ ਸੰਸਕਾਰ ਮਿਟ ਜਾਂਦੇ ਹਨ। ਜਿੰਨਾਂ ਚਿਰ ਸਿੱਖੀ ਨੂੰ ਧਾਰਨ ਕਰੀ ਰਖਣਗੇ ਉੱਨਾ ਚਿਰ ਕਿਸੇ ਗਲ ਦਾ ਘਾਟਾ ਨਹੀਂ ਰਹੇਗਾ।'

ਇਸ ਦੇ ਪਿਛੋਂ ਸਤਿਗੁਰੂ ਜੀ ਨੇ ਕਪੂਰੇ ਦੇ ਪੁਤ੍ਰਾਂ ਨੂੰ ਇਕ ਖੰਡਾ ਦੇ ਕੇ ਬਚਨ ਕੀਤਾ–'ਜਿੰਨਾ ਚਿਰ ਇਸ ਖੰਡੇ ਦਾ ਸਤਕਾਰ ਕਰਦੇ ਰਹਿਣਗੇ ਉੱਨਾ ਚਿਰ ਰਾਜ ਭੋਗਣਗੇ।'

ਅਜੇ ਐਸੇ ਬਚਨ ਹੋ ਹੀ ਰਹੇ ਸਨ ਕਿ ਭੋਰਪਿੰਡ ਦੇ ਬਖਸ਼ਾ ਸਿੰਘ ਤੇ ਉਹਦੇ ਸਾਥੀ ਘੋੜਿਆਂ ਤੇ ਸਵਾਰ ਹੋਏ, ਤੇਜ ਰਫਤਾਰ ਵਿਚ ਸਤਿਗੁਰੂ ਜੀ ਦੇ ਪਾਸ ਪੁਜੇ। ਉਨ੍ਹਾਂ ਨੇ ਬੇਨਤੀ ਕੀਤੀ–'ਮਹਾਰਾਜ ! ਸੂਬੇ ਸਰਹੰਦ ਵਜ਼ੀਰ ਖਾਂ ਦਾ ਤੋਰਿਆ ਹੋਇਆ ਲਸ਼ਕਰ ਵਾਹੋਦਾਹੀ ਆਪ ਦੀ ਭਾਲ ਵਿਚ ਆ ਰਿਹਾ ਹੈ। ਲਸ਼ਕਰ ਦੀ ਗਿਣਤੀ ਸਤ ਹਜ਼ਾਰ ਦੇ ਕਰੀਬ ਦਸੀ ਦੀ ਹੈ, ਆਸ ਹੈ ਪੰਜ ਕੁ ਦਿਨਾਂ ਨੂੰ ਏਥੇ ਪਹੁੰਚ ਜਾਵੇਗਾ। ਜਿਵੇਂ ਹੁੰਦਾ ਹੈ, ਆਪਣੇ ਆਪ ਦਾ ਬਚਾ ਕਰ ਲਵੋ। ਲਸ਼ਕਰ ਦੇ ਨਾਲ ਮੁਲਖੱਈਆ ਵੀ ਹੈ।'

ਕਪੂਰਾ, ਕਪੂਰੇ ਪੁਤ੍, ਕੋਲ ਤੇ ਕੋਲ ਦੇ ਪੁਤ੍ ਸਾਰੇ ਉਥੇ ਸਨ, ਉਨ੍ਹਾਂ ਸਾਰਿਆਂ ਨੇ ਭਾਈ ਬਖਸ਼ਾਸਿੰਘਾਂ ਦੇ ਬਚਨਾਂ ਨੂੰ ਸੁਣਿਆਂ।ਉਹ ਵੀ ਸੋਚਾਂ ਵਿਚ ਗੁੰਮ ਹੋ ਗਏ ਕਿ ਕੀ ਕੀਤਾ ਜਾਵੇ। ਉਨ੍ਹਾਂ ਅਜੇ ਕੋਈ ਗਲ ਨਹੀਂ ਸੀ ਕੀਤੀ ਕਿ ਸਤਿਗੁਰੂ ਜੀ ਨੇ ਬਚਨ ਕੀਤਾ–'ਕਿਉਂ ਭਾਈ ! ਦਸੋ ਤੁਸਾਂ ਤਾਂ ਇਸ ਇਲਾਕੇ ਦੇ ਭੇਤੀ ਹੋ ਕਿਵੇਂ ਤੇ ਕਿਥੇ ਦੁਸ਼ਮਨ ਨਾਲ ਟਕਰ ਲਈ ਜਾਵੇ ਤਾਂਕਿ ਦੁਸ਼ਮਨ ਨੂੰ ਹਾਰ ਹੋਵੇ। ਦੁਸ਼ਮਨ ਬਹੁਤ ਜ਼ਿਦ ਤੇ ਚੜ੍ਹਿਆ ਹੋਇਆ ਹੈ ਉਸਦਾ ਮੂੰਹ ਭੰਨਣਾ ਹੀ ਚੰਗਾ ਹੈ। ਦਸੋ ਕਿਸ ਟਿਕਾਣੇ ਪੁਜੀਏ।'

ਕਪੂਰੇ ਨੇ ਉੱਤਰ ਦਿਤਾ ਮਹਾਰਾਜ ! ਏਥੋਂ ਥੋੜ੍ਹੀ ਦੂਰ ਖਿਦਰਾਣੇ ਦੀ ਢਾਬ ਹੈ ਉਸ ਢਾਬ ਦੇ ਕਿਨਾਰੇ ਬਿਰਾਜੋ, ਉਹਦੇ ਚੌਗਿਰਦੇ ਬਾਰਾਂਬਾਰਾਂ ਕੋਹ

Sri Satguru Jagjit Singh Ji eLibrary NamdhariElibrary@gmail.com

ਕਿਤੇ ਪਾਣੀ ਨਹੀਂ, ਢਾਬ ਉਤੇ ਆਪਦਾ ਕਬਜਾ ਹੋਵੇਗਾ ਦੁਸ਼ਮਨ ਪਾਣੀ ਹਥੋਂ ਤ੍ਰਿਹਾਇਆ ਮਰਦਾ ਹੋਇਆ ਵਾਪਸ ਮੁੜ ਜਾਵੇਗਾ। ਮਾਲਵੇ ਵਿਚ ਤਰੇਹ ਝਲਣੀ ਔਖੀ ਹੈ।ਕੁਝ ਬੈਰਾੜ ਤੁਸਾਂ ਦੀ ਸੇਵਾ ਕਰਨਗੇ। ਉਧਰ ਚਲੋ ਇਕ ਵਾਰ ਦੁਸ਼ਮਨ ਖਿਲਰ ਗਿਆ ਤਾ ਮੁੜ ਕੇ ਨਹੀਂ ਆਵੇਗਾ ਮੇਰੀ ਰਾਇ ਤਾਂ ਇਹ ਹੈ ਬਾਕੀ ਸੋਢੀ ਕੋਲ ਜੀ ਪਾਸੋਂ ਪੁਛ ਲਵੋ।'

ਸੋਢੀ ਕੋਲ ਨੇ ਵੀ ਇਹ ਹੀ ਸਲਾਹ ਦਿਤੀ,ਅੰਤ ਏਹੋ ਫੈਸਲਾ ਹੋਇਆ ਕਿ ਖਤਰਾਣੇ ਦੀ ਢਾਬ ਵਲ ਕੂਚ ਕੀਤਾ ਜਾਵੇ। ਅਗਲੇ ਦਿਨ ਕੂਚ ਕੀਤਾ। ਕਪੂਰੇ ਦੇ ਮੁਹਤਬਿਰ ਖਾਨੇ ਨਾਮ ਦੇ ਇਕ ਬੈਰਾੜ ਨੂੰ ਸਤਿਗੁਰੂ ਜੀ ਨੇ ਨਾਲ ਤੋਰਿਆ ਤਾਂਕਿ ਉਹ ਰਾਹ ਦਸੀ ਜਾਵੇ ਤੇ ਲੋੜ ਪੈਣ ਤੇ ਸਹਾਇਤਾ ਕਰੇ।

ਢਿਲਵਾਂ ਤੋਂ ਚਲਕੇ ਜੈਤੋਨਗਰ ਤੋਂ ਹੋਕੇ ਸੁਨੀਅਰ ਪਿਡ ਜਾ ਟਿਕੇ, ਉਥੋਂ ਦੇ ਸ਼ਾਮੇ ਡੋਗਰ ਨੇ ਸਤਿਗੁਰੂਜੀ ਤੇ ਸਿੰਘਾਂਨੂੰਦੁਧ ਪਿਲਾਇਆਕਿਉਂਕਿ ਉਸ ਕੋਲ ਬਹੁਤ ਸਾਰੀਆਂ ਮੱਝਾਂ ਸਨ। ਏਥੇ ਕੁਝ ਧਾੜਵੀ ਵੀ ਸਤਿਗੁਰੂ ਜੀ ਦੇ ਸਿਖ ਬਣੇ। ਉਹਨਾਂ ਨੇ ਬਚਨ ਦਿਤਾ ਕਿ ਉਹ ਅਗੇ ਨੂੰ ਧਾੜੇ ਨੂੰ ਨਹੀਂ ਮਾਰਿਆ ਕਰਨਗੇ। ਉਹਨਾਂ ਵਿਚੋਂ ਦੋਂਹ ਦਾ ਨਾਮ ਅਤਰਾ ਤੇ ਚਤਰਾ ਸੀ।

ਸੁਨੀਅਰ ਤੋਂ ਚਲ ਕੇ ਰਾਮੋਆਣੇ ਨਗਰ ਵਿਚ ਪੁਜੇ।ਇਸ ਪਿਡ ਦੇ ਬਾਹਰ ਇਕ ਸੁੰਦਰ ਤਲਾਬ ਸੀ ਉਸ ਤਲਾਬ ਤੇ ਡੇਰਾ ਲਾ ਦਿਤਾ। ਨਗਰ ਵਾਸੀਆਂ ਨੇ ਸਤਿਗੁਰੂ ਜੀ ਦੀ ਬਹੁਤ ਸੇਵਾ ਕੀਤੀ। ਉਹਨਾਂ ਦੀ ਸੇਵਾ ਤੇ ਸਾਹਿਬ ਬਹੁਤ ਪ੍ਰਸੰਨ ਹੋਏ।

ਸਾਹਿਬ ਜੰਗਲ ਵਿਚ ਫਿਰਨ ਤੁਰਨ ਗਏ ਤਾਂ ਅਗੇ ਇਕ ਜੱਟ ਡੇਲੇ ਤੋੜ ਰਿਹਾ ਸੀ।ਉਸ ਨੂੰ ਦੇਖਕੇ ਸਾਹਿਬਾਂ ਨੇ ਪੁਛਿਆ-ਭਾਈ ਕੀ ਕਰਦਾ ਹੈਂ ਉਸਨੇ ਅਗੋਂ ਉੱਤਰ ਦਿਤਾ-'ਜੀ ਡੇਲੇ ਤੋੜ ਰਿਹਾ ਹਾਂ।

ਸਤਿਗੁਰੂ ਜੀ-'ਇਹ ਕੀ ਕੀਤੇ ਜਾਣਗੇ ?'

ਜੱਟ-'ਮਹਾਰਾਜ! ਇਸ ਦੇਸ਼ ਵਿਚ ਕੰਕਾਲੀ ਬਹੁਤ ਹੈ। ਇਹ ਡੇਲੇ ਤੋੜਕੇ ਰੱਖ ਛਡਾਂਗੇ ਇਹਨਾਂ ਨੂੰ ਕਈਆਂ ਢੰਗਾਂ ਨਾਲ ਰਤਾ ਸਵਾਦੀ ਬਣਾ ਖਾਵਾਂਗੇ। ਇਹ ਖੁਰਾਕ ਭੁਖਿਆਂ ਦੀ ਹੈ ॥'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ–'ਇਕ ਦਾਣਾ ਅਸਾਂ ਨੂੰ ਦਿਖਾਲ ਖਾਂ ਭਲਾ।'

ਜਟ ਨੇ ਦੋ ਤਿੰਨ ਦਾਣੇ ਡੇਲਿਆਂ ਦੇ ਸਤਿਗੁਰੂ ਜੀ ਨੂੰ ਦੇ ਦਿਤੇ।ਚੋਜੀ ਪ੍ਰੀਤਮ ਨੇ ਇਕ ਡੇਲਾ ਮੂੰਹ ਪਾਇਆ ਤਾਂ ਉਹਨਾਂਨੂੰ ਬਹੁਤ ਕੌੜਾ ਲਗਿਆ। ਸਾਹਿਬਾਂ ਨੇ ਜਟ ਨੂੰ ਕਿਹਾ–'ਇਹ ਕੌੜੇ ਹਨ ਇਹਨਾਂ ਨੂੰ ਸੁਟ ਦੇਹ।ਉਸ ਨੇ ਥੋੜ੍ਹਾ ਜਿਹਾ ਬਚਨ ਮੰਨਿਆਂ। ਬਹੁਤ ਥੋੜੇ ਡੇਲੇ ਸੁਟੇ । ਭੁਖੇ ਨੂੰ ਹੌਂਸਲਾ ਨਹੀਂ ਸੀ ਪੈਂਦਾ ਕਿ ਉਹ ਡੇਲੇ ਸੁਟ ਦੇਵੇ। ਸਤਿਗੁਰੂ ਜੀ ਨੇ ਤਿੰਨ ਵਾਰ ਬਚਨ ਕੀਤਾ ਉਸ ਨੇ ਤਿੰਨੇ ਵੇਰ ਡੇਲੇ ਸੁਟੇ ਪਰ ਸੇਰ ਵਿਚੋਂ ਪਾ ਰਖ ਲਏ। ਉਹਦੀ ਇਹ ਕਮ–ਦਿਲੀ ਦੇਖਕੇਸਾਹਿਬਾਂ ਨੇ ਬਚਨ ਕੀਤਾ–'ਜੇ ਸਾਰੇ ਡੇਲੇ ਸੁਟ ਦੇਂਦੇ ਤਾਂ ਮਾਲਵੇ ਦੀ ਸਾਰੀ ਕੰਗਾਲੀ ਦੂਰ ਹੋ ਜਾਣੀ ਸੀ ਹੁਣ ਤਿੰਨ ਹਿੱਸੇ ਕੰਗਾਲੀ ਦੂਰ ਹੋਵੇਗੀ।' ਇਕ ਹਿੱਸਾ ਰਹੇਗੀ। ਇਹ ਬਚਨ ਕਰਕੇ ਗੁਰੂ ਸਾਹਿਬ ਅਗੇ ਨਿਕਲ ਗਏ। ਉਹ ਜੱਟ ਉਥੇ ਖਲੋਤਾ ਹੋਇਆ ਹੀ ਪਛਤਾਉਂਦਾ ਰਿਹਾ।

੩. ਚਾਲੀ ਮੁਕਤੇ ਮੁਕਤਸਰ ਤੀਰਥ

ਰਾਮੇਆਣੇ ਤੋਂ ਸਾਹਿਬ ਅਗੇ ਤੁਰਨ ਲਗੇ ਤਾਂ ਰਾਹ ਵਿਚ ਉਸ ਪਿੰਡ ਦਾ ਚੌਧਰੀ ਜੁਗਰਾਜ ਮਿਲਿਆ। ਉਹ ਗੋਤ ਦਾ 'ਵਿੜੈਂਗ ਜੱਟ' ਸੀ ਤੇ ਪੱਕਾ ਬੇਈਮਾਨ ਸੀ। ਭਾਈ ਮਾਨ ਸਿੰਘ ਨੇ ਉਸ ਨੂੰ ਕਿਹਾ ਕਿ ਉਹ ਸਤਿਗੁਰੂਜੀ ਦਾ ਏਧਰ ਜਾਣਾ ਸ਼ਾਹੀ ਲਸ਼ਕਰ ਨੂੰ ਨਾ ਦਸੇ। ਉਸਨੇ ਬਚਨ ਦਿਤਾ–'ਮੈਂ ਕਦੀ ਨਹੀਂ ਦਸਾਂਗਾ ਬਚਨ ਦੇਂਦਾ ਹਾਂ।' ਪਰ ਜਦੋਂ ਸਤਿਗੁਰੂ ਜੀ ਅਗੇ ਚਲੇ ਗਏ ਤੇ ਪਿਛੋਂ ਸ਼ਾਹੀ ਲਸਕਰ ਆਇਆ। ਜੁਗਰਾਜ ਨੇ ਲਸ਼ਕਰ ਨੂੰ ਦਸ ਦਿਤਾ ਕਿ ਸਤਿਗੁਰੂ ਜੀ ਖਦਰਾਂਣੇ ਦੀ ਢਾਬ ਵਲ ਗਏ ਹਨ। ਉਧਰੇ ਤੁਸੀਂ ਵੀ ਚਲੇ ਜਾਵੋ।

ਚੌਧਰੀ ਬਚਨਤੋਂ ਫਿਰਿਆ ਉਸ ਦਾ ਫਲ ਇਹ ਹੋਇਆਕਿਚੌਧਰੀ ਆਪ ਆਫਰ ਕੇ ਮਰਿਆ ਤੇ ਹੁਣ ਤਕ ਉਹਦੀ ਉਲਾਦ ਜਦੋਂ ਮਰਦੀ ਹੈ ਤਾਂ ਤਿੰਨ ਦਿਨ ਆਫਰ ਕੇ ਮਰਦੀ ਹੈ.ਉਹ ਹੋਰ ਕਿਸੇ ਰੋਗ ਨਾਲ ਨਹੀਂਮਰਦੀ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਖਦਰਾਣੇ ਦੀ ਢਾਬ ਵਲ ਨਿਕਲ ਗਏ। ਉੱਚੀ ਟਿੱਬੀ ਤੇ ਉਹਨਾਂ ਜਾਕੇ ਡੇਰੇ ਲਾ ਦਿਤੇ। ਉਥੋਂ ਸਚਮੁਚ ਚਾਰ ਚੌਫੇਰੇ ਜੰਗਲ ਸੀ ਤੇ ਬਾਰਾਂ ਬਾਰਾਂ ਕੋਹ ਦੇ ਰਕਬੇ ਵਿਚ ਕਿਤੇ ਪਾਣੀ ਨਹੀਂ ਸੀ, ਖੁਲ੍ਹੀ ਉਜਾੜ ਸੀ।

ਜਦੋਂ ਸਤਿਗੁਰੂ ਜੀ ਅਜੇ ਰਾਮੇਆਣੇ ਦੇ ਨੇੜੇ ਸਨ ਤਾਂ ਮਾਝੇ ਦੇ ਚੌਧਰੀਆਂ ਦਾ ਇਕ ਜਥਾ ਜਾਕੇ ਮਿਲਿਆ। ਸਾਰੀ ਕਥਾ ਇਸ ਤਰਾਂ ਹੈ— ਅਨੰਦਪੁਰ ਦੀ ਜੰਗ ਸਮੇਂ ਘਾਬਰ ਕੇ ਕੁਝ ਸਿੰਘ ਜੁਨੀ ਚੰਦ ਮਸੰਦ ਦੇ ਕਹਿਣ ਤੇ ਮੌਤ ਤੋਂ ਡਰਦੇ ਹੋਏ ਸਤਿਗੁਰੂ ਜੀ ਨੂੰ ਬੇਦਾਵਾ ਲਿਖਕੇ ਚਲੇ ਗਏ ਸਨ, ਜਿਸ ਬਾਰੇ ਪਿਛੇ ਲਿਖਿਆ ਜਾ ਚੁਕਾ ਹੈ।

ਜਦ ਉਹ ਸਿੰਘ ਘਰੀਂ ਪੁਜੇ ਤਾਂ ਘਰਾਂ ਵਾਲਿਆਂ ਤੇ ਲੋਕਾਂ ਨੇ ਉਹਨਾਂ ਨੂੰ ਬਹੁਤ ਲਾਹਨਤਾਂ ਪਾਈਆਂ। ਇਸਤ੍ਰੀਆਂ ਨੇ ਤਾਂ ਹੱਥਾਂ ਤੋਂ ਚੂੜੀਆਂ ਲਾਹਕ ਸੁਟੀਆਂ ਤੇ ਆਖਿਆ—'ਲੈ ਮਨਖੱਟੂਓ! ਇਨ੍ਹਾਂ ਚੂੜੀਆਂ ਨੂੰ ਪਹਿਨ ਕੇ ਘਰੀਂ ਬੈਠੋ। ਤਲਵਾਰਾਂ ਤੇ ਢਾਲਾਂ ਅਸਾਂ ਨੂੰ ਦੇਵੋ। ਅਸੀਂ ਆਪ ਲੜਨ ਵਾਸਤੇ ਜਾਂਦੀਆਂ ਹਾਂ। ਸਤਿਗੁਰੂ ਜੀ ਵਲੋਂ ਬੇ-ਮੁਖ ਹੋ ਕੇ ਆਏ ? ਮੌਤ ਭੁਖ ਤੋਂ ਡਰਦੇ ਹੋਏ ? ਉਹ ਮੌਤ ਜੋ ਜ਼ਰੂਰ ਆਉਣੀ ਹੈ ? ਕਿਸੇ ਨੂੰ ਅੱਜ ਆਵੇਗੀ ਤੇ ਕਿਸੇ ਨੂੰ ਕਲ। ਕਿਥੇ ਦੁਨੀ ਚੰਦ ? ਰਾਹ ਵਿਚ ਹੀ ਮਰ ਗਿਆ। ਨਿਗੁਰਿਓ ਕਿਉਂ ਮਰਦੇ ਹੋ ਜੇ ਤੁਸੀਂ ਸਤਿਗੁਰੂ ਜੀ ਨੂੰ ਛਡ ਆਏ ਹੋ ਤਾਂ ਅਸੀਂ ਤੁਸਾਂ ਨੂੰ ਛੱਡਨੀਆਂ ਹਨ।'

ਇਸਤਰਾਂ ਕੌੜੀਆਂ ਬੋਲੀਆਂ ਮਾਰੀਆਂ ਤਾਂ ਉਹ ਪਛਤਾਉਣ ਲੱਗੇ। ਉਹਨਾਂ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ। ਜਦ ਸਮਾਂ ਬੀਤ ਜਾਵੇ ਤਾਂ ਫਿਰ ਮਨੁਖ ਕੋਲ ਪਛਤਾਵਾ ਹੀ ਰਹਿ ਜਾਂਦਾ ਹੈ। ਹੋਰ ਕੁਝ ਨਹੀਂ ਹੱਥ ਆਉਂਦਾ ਉਹ ਲੋਕਾਂ ਤੋਂ ਡਰਦੇਹੋਏ ਬਾਹਰ ਨਹੀਂਸਨ ਨਿਕਲਦੇ, ਰਾਤ ਦਿਨੇ ਅੰਦਰ ਵੜੇ ਰਹਿਣ ਲੱਗੇ। ਇਸਤਰਾਂ ਉਹਨਾਂ ਦਾ ਜੀਉਣਾ ਔਖਾ ਹੋ ਗਿਆ।

ਬਹੁਤੇ ਸਿੰਘ ਮਾਝੇ ਦੇ ਮਸ਼ਹੂਰ ਪਿੰਡ ਝਬਾਲ ਵਿਚੋਂ ਸਨ॥ ਝਬਾਲ ਦੀ ਇਕ ਬੀਬੀ ਭਾਗੋ ਸੀ, ਇਸਨੇ ਜਦੋਂ ਸੁਣਿਆਂ ਤਾਂ ਤਲਵਾਰ ਨੰਗੀ ਕਰਕੇ ਘੋੜੇ ਤੇ ਸ਼ਵਾਰ ਹੋਈ ਅਤੇ ਮਾਝੇ ਦੇ ਪਿੰਡਾਂ ਵਿਚ ਫਿਰੀ ॥ ਉਸਦਾ ਨਾਹਰਾ

Sri Satguru Jagjit Singh Ji eLibrary NamdhariElibrary@gmail.com

ਸੀ-'ਮੈਂ ਸਤਿਗੁਰੂ ਜੀ ਦੇ ਹਜ਼ੂਰ ਚਲੀ ਹਾਂ। ਆਓ ਜਿਸਨੇ ਸ਼ਹੀਦ ਹੋਣਾ ਹੈ, ਸ਼ਹੀਦੀ ਪ੍ਰਾਪਤ ਕਰਨੀ ਹੈ। ਅਕਾਲ ਪੁਰਖ ਦੇ ਕੋਲ ਜਾਣਾ ਹੈ। ਉਹ ਆਉਣ।

ਬੀਬੀ ਭਾਗੋ ਦੇ ਨਾਹਰੇ ਨਾਲ ਕਾਫੀ ਸਿੰਘ ਇਕੱਠੇ ਹੋ ਗਏ। ਬਹੁਤੇ ਉਹ ਸਨ ਜੋਹੜੇ ਸਤਿਗੁਰੂ ਜੀ ਨੂੰ ਬੇਦਾਵਾ ਲਿਖਕੇ ਦੇ ਆਏ ਸਨ। ਇਕ ਸਰਦਾਰ ਮਹਾਂ ਸਿੰਘ ਸੀ, ਉਹ ਵੀ ਬੀਬੀ ਭਾਗੋ ਦੇ ਕੋਲ ਆ ਗਿਆ।ਇਹ ਇਕ ਤਕੜਾ ਜਥਾ ਬਣਕੇਤੁਰਨਲਗੇ ਤਾਂ ਇਹਨਾਂਨੂੰਪਤਾ ਲੱਗਾ ਕਿ ਲਾਹੌਰ ਤੇ ਮਾਝੇ ਦੇ ਚੌਧਰੀਆਂ ਦਾ ਵੀ ਇਕਜਥਾ ਚਲਿਆਹੈ,ਜੋਹੜਾ ਇਸਵਿਚਾਰ ਨਾਲ ਜਾ ਰਿਹਾ ਕਿ ਸਤਿਗੁਰੂ ਜੀ ਨੂੰ ਮਾਝੇ ਵਿਚ ਲਿਆਂਦਾ ਜਾਵੇ। ਜੇ ਹੋ ਸਕੇ ਤਾਂ ਤੁਰਕਾਂ ਨਾਲ ਸਮਝੌਤਾ ਕਰਾ ਦਿਤਾ ਜਾਵੇ। ਬੀਬੀ ਭਾਗੋ ਦਾ ਜੱਥਾ ਵੀ ਉਹਨਾਂ ਨਾਲ ਜਾ ਰਲਿਆ। ਸਾਰੇ ਇਕੱਠੇ ਹੋ ਕੇ ਮਾਲਵੇ ਨੂੰ ਤੁਰੇ ਤੇ ਰਾਮੇ ਆਣੇ ਕੋਲ ਸਤਿਗਰ ਜੀ ਦੇ ਦਰਸ਼ਨ ਹੋਏ। ਦਰਸ਼ਨ ਸਾਰਿਆਂ ਨੇ ਕੀਤਾ। ਇਕ ਦੀਵਾਨ ਦੀ ਸ਼ਕਲ ਵਿਚ ਸਭ ਬੈਠ ਗਏ।ਸਤਿਗੁਰੂ ਜੀ ਉਚੇ ਆਸਣ ਉਤੇ ਬੈਠੇ। ਬਚਨ-ਬਿਲਾਸ ਹੋਣ ਲਗੇ।

ਲਾਹੌਰ ਦੇ ਮੁਖੀ ਚੌਧਰੀ ਨੇ ਉਠਕੇ ਬੇਨਤੀ ਕੀਤੀ-ਮਹਾਰਾਜ! ਛੋਟਾ ਮੂੰਹ ਤੇ ਵੱਡੀ ਗਲ ਕਰਨ ਵਾਸਤੇ ਆਏ ਹਾਂ। ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰ ਅਰਜਨ ਦੇਵ ਜੀ ਤਕ,ਸਾਰੇ ਸਤਿਗੁਰੂਸਾਹਿਬਾਨ ਸ਼ਾਂਤਮਈ ਢੰਗ ਨਾਲ ਧਰਮ, ਸੇਵਾ ਤੇ ਪ੍ਰੇਮ ਦਾ ਉਪਦੇਸ਼ ਦੇਂਦੇ ਰਹੇ।ਉਹਨਾਂ ਨੇ ਬਾਦਸ਼ਾਹੀ ਕੰਮਾਂ ਵਿਚ ਕੋਈ ਦਖਲ ਨਾ ਦਿਤਾ ਤੇ ਬਾਦਸ਼ਾਹ ਸਗੋਂ ਦਰਸ਼ਨ ਕਰਨ ਵਾਸਤੇ ਆਉਂਦੇ ਰਹੇ। ਮਾਝੇ ਦੀ ਸੰਗਤ ਸੇਵਾ ਕਰਦੀ ਰਹੀ। ਦੂਸਰੇ ਗੁਰੂ ਜੀ ਵੀ ਸਾਂਤਿਸਰੂਪ ਰਹੇ।ਮਹਾਰਾਜ!ਆਪ ਨੇ ਫੌਜਾਂ ਤਿਆਰ ਕੀਤੀਆਂ ਜੁਧ ਕੀਤੇ, ਕਿਲ੍ਹਾ, ਸ਼ਹਿਰ ਤੇ ਇਮਾਰਤਾਂ ਤਬਾਹ ਕਰਵਾਏ। ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ, ਕੁਝ ਲਾਭ ਨਹੀਂ ਹੋਇਆ। ਇਹਨਾਂ ਹਾਲਤਾਂ ਵਿਚ ਅਸੀਂ ਇਹ ਆਖਣ ਆਏ ਹਾਂ ਕਿ ਆਪ ਅਸਾਂ ਨਾਲ ਮਾਝੇ ਨੂੰ ਚਲੋ। ਅਗੇ ਨੂੰ ਜੁਧ ਲੜਾਈਆਂ ਕਰਨੀਆਂ ਬੰਦ ਕਰ ਦੇਵੋ। ਜਿਹੜਾ ਸ਼ਾਹੀ ਲਸ਼ਕਰ ਆਪ ਦਾ

Sri Satguru Jagjit Singh Ji eLibrary NamdhariElibrary@gmail.com

ਪਿੱਛਾ ਕਰ ਰਿਹਾ ਹੈ ਉਸ ਨਾਲ ਅਸੀਂ ਸਮਝੌਤਾ ਕਰਾ ਦੇਂਦੇ ਹਾਂ ਅਤੇ ਭਰੋਸਾ ਦਿਵਾਉਂਦੇ ਹਾਂ ਕਿ ਆਪ ਦਾ ਵਾਲ ਵਿੰਗਾ ਨਹੀਂ ਹੋਵੇਗਾ।ਆਪ ਜਰੂਰ ਅਸਾਂ ਦੀ ਬੇਨਤੀ ਪ੍ਰਵਾਨ ਕਰੋ ਤੇ ਅਸਾਡੇ ਨਾਲ ਚਲੋ।'

ਮਖੀ ਚੌਧਰੀ ਦੀਆਂ ਗਲਾਂ ਸੁਣਦੇ ਹੋਏ ਸਤਿਗੁਰੂ ਜੀ ਮੁਸਕਰਾਉਂਦੇ ਰਹੇ ਉਹਨਾਂ ਨੇ ਕੋਈ ਉੱਤਰ ਨਹੀਂ ਦਿਤਾ ਪਹਿਲੇ ਚੌਧਰੀ ਦੀ ਤਰ੍ਹਾਂ ਦੂਸਰੇ ਚੌਧਰੀਆਂ ਨੇ ਵੀ ਐਸੇ ਹੀ ਬਚਨ ਆਖੇ।ਸਾਰਿਆਂ ਦੀਆਂ ਬੇਤੁਕੀਆਂ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ–'ਹੇ ਚੌਧਰੀਓ ! ਅਸੀਂ ਜੋ ਕੁਝ ਕੀਤਾ ਹੈ ਸੋ ਠੀਕ ਕੀਤਾ ਹੈ। ਆਪ ਲੋਕ ਅਸਾਂ ਦੇ ਗੁਰੂ ਬਣਕੇ ਅਸਾਂਨੂੰ ਸਿਖਿਆ ਦੇਣ ਆਏ ਹੋ ਕਿਉਂਕਿ ਮੁਗਲਾਂ ਦੀ ਲੰਮੀਗੁਲਾਮੀ ਨੇ ਤੁਸਾਂ ਦੀ ਮਤ ਮਾਰ ਦਿਤੀ ਹੈ। ਦੇਸ਼ ਤੇ ਧਰਮ ਦੇ ਬਦਲੇ ਸੋਚਣ ਦਾ ਤੁਸਾਂ ਨੂੰ ਖਿਆਲ ਹੀ ਨਹੀਂ।ਤੁਸੀਂ ਲੋਕ ਜਾਓ!ਜਿਧਰੋਂ ਆਏ ਹੋ ਉਧਰੇਜਾਓ,ਖਾਲਸਾ ਪੰਥ ਵਧੇਗਾ,ਤਲਵਾਰਾਂ ਦੀਆਂ ਛਾਵਾਂ ਹੇਠ ਵਧੇਗਾ। ਇਸ ਨੂੰ ਖਤਮ ਕਰਨ ਵਾਲੇ ਖੁਦ ਖਤਮ ਹੋ ਜਾਣਗੇ। ਇਸ ਵਾਸਤੇ ਤੁਸੀਂ ਲੋਕ ਇਕ ਤਰੀਂ ਤੇ ਅਸਾਂ ਨੂੰ ਵੀ ਗੁਲਾਮ ਬਨਾਉਣ ਵਾਸਤੇ ਆਏ ਹੋ।ਅਸਾਂ ਕੋਲ ਉਹ ਰਹੇ, ਜਿਸ ਨੇ ਦੇਸ਼ ਤੇ ਧਰਮ ਦੀ ਖਾਤਰ ਸ਼ਹੀਦ ਹੋਣਾ ਹੈ। ਜਿਸ ਨੇ ਸ਼ਹੀਦ ਨਹੀਂ ਹੋਣਾ ਉਹ ਛੇਤੀ ਚਲਿਆ ਜਾਵੇ, ਕਿਉਂਕਿ ਦੁਸ਼ਮਣ ਆ ਰਿਹਾ ਹੈ।ਹੋਰ ਪਲੋ ਪਲੀ ਨੂੰ ਬਹੁਤ ਅੰਨ੍ਹੀ ਲਹੂ–ਡੁੱਲ੍ਹਵੀਂ ਲੜਾਈ ਹੋਵੇਗੀ।ਅਸਾਂ ਤੁਰਕ ਨਾਲ ਸਮਝੌਤਾ ਨਹੀਂ ਕਰਨਾ, ਨਾ ਅਸਾਂਨੂੰ ਕਿਤੇ ਜਾਣ ਦੀ ਲੋੜ ਹੈ ਦੁਸ਼ਮਨ ਜਦੋਂ ਆਪੇਹੀ ਰਹਿ ਜਾਵੇਗਾ ਤਾਂ ਦੇਖੀ ਜਾਵੇਗੀ, ਫਿਰ ਦੇਸ਼ ਦਾ ਰਟਨ ਕਰਾਂਗੇ । ਵਾਹਿਗੁਰੂ ਦਾ ਸ਼ੁਕਰ ਹੈ ਕਿ ਉਹ ਆਪਣੇ ਸੇਵਕ ਪਾਸੋਂ ਸੇਵਾ ਲਈ ਜਾਂਦਾ ਹੈ।'

ਸਤਿਗੁਰੂ ਜੀ ਦੇ ਐਸੇ ਖਰੇ ਖਰੇ ਬਚਨ ਸੁਣਕੇ ਮੁਖੀਏ ਸ਼ਰਮਿੰਦੇ ਹੋ ਗਏ। ਉਹ ਸਾਰੇ ਸਰਕਾਰੀ ਆਦਮੀ ਸਨ, ਉਹਨਾਂ ਨੂੰ ਸੁਤੰਤਰ ਜੀਵਨ ਦਾ ਪਤਾ ਨਹੀਂ ਸੀ। ਉਹ ਤਾਂ ਤੁਰਕਾਂ ਦੇ ਕਹਿਣ ਤੇ ਸਾਰੇ ਕੁਠਾ ਖਾਂਦੇ ਤੇ ਹੁਕੀਆਂ ਪੀਂਦੇ ਸਨ।ਉਹ ਭਲਾ ਕਿਵੇਂ ਸਤਿਗੁਰੂ ਜੀ ਨੂੰ ਉਚੇ ਨਿਸ਼ਾਨੇ ਵਲੋਂ ਮੋੜ ਸਕਦੇ ਸਨ।ਉਹਨਾਂ ਨੂੰ ਤਾਂ ਐਸੀ ਸਲਾਹ ਹੀ ਨਹੀਂ ਸੀ ਦੇਣੀ ਚਾਹੀਦੀ

Sri Satguru Jagjit Singh Ji eLibrary NamdhariElibrary@gmail.com

ਉਹ ਬਹੁਤ ਆਖਦੇ ਰਹੇ ਪਰ ਸਤਿਗੁਰੂ ਜੀ ਨੇ ਇਕ ਨਾ ਮੰਨੀ ਸਾਹਿਬਾਂ ਨੇ ਅਗੇ ਤੁਰਨ ਦਾ ਹੁਕਮ ਦਿਤਾ। ਸਾਹਿਬ ਤਾਂ ਕੂਚ ਕਰਕੇ ਖਦਰਾਣੇ ਦੀ ਢਾਬ ਵਲ ਗਏ। ਮਾਝੇ ਤੇ ਲਾਹੌਰ ਦੇ ਚੌਧਰੀ ਪਿਛੇ ਨੂੰ ਮੁੜ ਪਏ।

ਸਤਿਗੁਰਾਂ ਤੋਂ ਕੁਝ ਦੂਰ ਆ ਕੇ ਮਾਈ ਭਾਗੋ ਖਲੋ ਗਈ। ਉਸ ਸ਼ੇਰਨੀ ਨੇ ਪੱਲਾ ਫੇਰਿਆ ਤੇ ਉੱਚੀ ਬੋਲਕੇ ਬਚਨ ਕੀਤਾ, ਘਰ ਮੁੜਕੇ ਜਾਣਾ ਕਾਇਰਤਾਹੈ ਜਦੋਂ ਕਿ ਪਿਆਰੇਸਤਿਗੁਰੂ ਜੀ ਵਲ ਦੁਸ਼ਮਨਵਧਿਆ ਆ ਰਿਹਾ ਹੈ। ਮੈਂ ਤਾਂ ਸ਼ਹੀਦੀ ਪਾਵਾਂਗੀ।ਆਓ ! ਜਿਸ ਨੇ ਜੀਵਨ-ਮਰਨ ਤੇ ਚੋਰਾਸੀ ਦੇ ਗੇੜ ਨੂੰ ਖਤਮ ਕਰਨਾ ਉਹ ਸ਼ਹੀਦੀ ਬਾਟਾ ਗਟਾਗਟ ਪੀਣ ਵਾਸਤੇ ਤਿਆਰ ਹੋ ਜਾਓ, ਘਰੀਂ ਜਾਕੇ ਸ਼ਰਮਿੰਦਗੀ ਦੀ ਮੌਤੇ ਮਰਨ ਨਾਲੋਂ ਸਤਿਗੁਰੂਜੀਦੀ ਸੇਵਾਕਰਦਿਆਂਹੋਇਆਂਸ਼ਹੀਦ ਹੋਣਾਸੈਂਕੜੇ ਗੁਣਾਚੰਗਾਹੈ।'

ਇਹ ਆਖ ਕੇ ਬੀਬੀ ਭਾਗੋ ਨੇ ਇਕ ਲਿਕਾਰ ਖਿੱਚ ਦਿਤੀ। ਉਸ ਲਿਕਾਰ ਨੂੰ ਜੋਹੜਾ ਪਾਰ ਕਰਦਾ ਗਿਆ ਉਹੋ ਹੀ ਉਸਦੇ ਸ਼ਹੀਦੀ ਜਥੇ ਦਾ ਮੈਂਬਰ ਬਣਦਾ ਗਿਆ। ਇਸ ਤਰ੍ਹਾਂ ਕੋਈ ਬਤਾਲੀ ਕੁ ਸਿੰਘ ਬੀਬੀ ਜੀ ਦੇ ਜਥੇ ਵਿਚ ਸ਼ਾਮਲ ਹੋਏ। ਬਾਕੀ ਦੇ ਸਾਰੇ ਆਦਮੀ ਗਿਦੜਾਂ ਵਾਂਗ ਡਰਦੇ ਹੋਏ ਦੂਸਰੇ ਰਾਹ ਤੁਰ ਗਏ।ਉਹਨਾਂ ਮੂਰਖਾਂ ਨੂੰ ਜੀਵਨ ਮੋਹ ਲਾਲਚ ਤੇ ਦਿਖਾਵੇ ਦੀ ਭੁਖ ਸੀ। ਕਾਲ ਤੋਂ ਬਚੇ ਜਾ ਰਹੇ ਸਨ,ਪਰ ਪਤਾ ਨਹੀਂ ਅੰਤ ਸਮੇਂ ਆਖਰ ਕਾਲ ਨੇ ਹੀ ਆਪਨੀਆਂ ਦਾਹੜਾਂ ਹੇਠ ਉਹਨਾਂ ਦੀਆਂ ਹੱਡੀਆਂ ਨੂੰ ਚੱਬਣਾ ਹੈ।

ਚੌਧਰੀਆਂ ਨੇ ਤੁਰ ਜਾਣ ਦੇ ਥੋੜੇ ਚਿਰ ਪਿਛੋਂ ਬੀਬੀ ਭਾਗੋ ਨੇ ਇਕ ਜੁਵਾਨ ਨੂੰ ਉਚੇ ਦਰਖਤ ਉਤੇ ਚੜ੍ਹਾਇਆ ਤੇ ਉਸਨੂੰ ਕਿਹਾ ਉਹ ਵੈਰੀ ਦੇ ਆਉਣ ਦਾ ਪਤਾ ਦੇਵੇ। ਜਦ ਉਹ ਦਰਖਤ ਤੇ ਚੜ੍ਹਿਆ ਤਾਂ ਉਸਨੇ ਦੇਖਿਆ ਪੂਰਬ ਵਲੋਂ ਧੂੜ ਧੁੰਮਦੀ ਆ ਰਹੀ ਸੀ। ਉਸ ਧੂੜ ਨੂੰ ਦੇਖਕੇ ਉਸ ਨੇ ਇਸ਼ਾਰਾ ਕੀਤਾ—'ਵੈਰੀ ਆ ਰਿਹਾ ਹੈ। ਦੋ ਕੋਹ ਉਤੇ ਹੈ।'

ਇਹ ਸੁਣਕੇ ਬੀਬੀ ਭਾਗੋ ਨੇ ਦੂਸਰੇ ਸਿੰਘਾਂ ਨਾਲ ਸਲਾਹ ਕੀਤੀ ਕਿ ਕਿਵੇਂ ਵੈਰੀ ਨਾਲ ਦੋ ਹੱਥ ਕੀਤੇ ਜਾਣ?ਲੰਮੀ ਵਿਚਾਰ ਪਿਛੋਂ ਇਹ ਫੈਸਲਾ ਹੋਇਆ ਕਿ ਝਾੜੀਆਂ ਉਤੇ ਕਛਹਿਰੇ ਤੇ ਹੋਰ ਲੀੜੇ ਪਾ ਦਿਤੇ ਜਾਣ ਜੋ ਦੁਸ਼ਮਨ

Sri Satguru Jagjit Singh Ji eLibrary NamdhariElibrary@gmail.com

ਨੂੰ ਇਹ ਦਿਸੇ ਕਿ ਸਿੰਘਾਂ ਦੇ ਤੰਬੂ ਲਗੇ ਹੋਏ ਹਨ। ਬਹੁਤ ਸਾਰੀ ਫੌਜ ਹੈ। ਉਸ ਫੌਜ ਨੂੰ ਦੇਖਕੇ ਦੁਸ਼ਮਨ ਰੁਕ ਜਾਵੇਗਾ ਤੇ ਏਥੇ ਹੀ ਫੈਸਲੇ ਦੀ ਲੜਾਈ ਹੋ ਜਾਵੇਗੀ, ਦੁਸ਼ਮਨ ਨੂੰ ਪਾਣੀ ਵਲ ਵਧਣ ਨਾ ਦੇਵੀਏ। ਤਰੇਹ ਨਾਲ ਤੰਗ ਆਕੇ ਦੁਸ਼ਮਨ ਜ਼ਰੂਰ ਪਿਛੇ ਹਟੇਗਾ।ਇਹ ਰੁਰਮਤਾ ਸੋਧਕੇ ਸਿੰਘਾਂ ਨੇ ਆਪਣੇ ਚਾਦਰੇ ਤੇ ਕਛਹਿਰੇਝਾੜੀਆਂ ਤੇ ਰਖਾਂਉਤੇ ਐਸੇ ਢੰਗ ਨਾਲ ਖਿਲਾਰੇ ਜੇਹੜੇ ਸਚ ਮੁਚ ਤੰਬੂ ਦਿਸਦੇ ਸਨ। ਉਹਨਾਂ ਤੰਬੂਆਂ ਨੂੰ ਦੇਖ ਕੇ ਵੈਰੀ ਜ਼ਰੂਰ ਹੈਰਾਨ ਹੋਵੇਗਾ।

'ਦੁਸ਼ਮਨ ਆ ਗਿਆ! ਟਾਂਗੂ ਨੇ ਅਵਾਜ਼ ਦਿਤੀ ਤੇ ਦਰਖਤ ਤੋਂ ਹੇਠਾਂ ਉਤਰ ਆਇਆ।ਸਿੰਘ ਮੋਰਚਿਆਂ ਵਿਚ ਬੈਠ ਗਏ।ਉਨ੍ਹਾਂ ਦੇ ਮੋਰਚੇ ਝਾੜੀਆਂ ਸਨ। ਉਹਨਾਂ ਮੋਰਚਿਆਂ ਵਿਚ ਬੈਠੇ ਹੋਏ ਦੁਸ਼ਮਨ ਦੀ ਉਡੀਕ ਕਰਨ ਲਗੇ। ਸਾਰਿਆਂ ਦਾ ਲਹੂ ਖੌਲ ਰਿਹਾ ਸੀ ॥ ਉਹ ਧਰਮ ਤੋਂ ਕੁਰਬਾਨ ਹੋਣ ਵਾਸਤੇ ਉਤਾਵਲੇ ਸਨ। ਉਸ ਵੇਲੇ ਉਹ ਦੇਵਤਿਆਂ ਦੇ ਰੂਪ ਵਿਚ ਪ੍ਰਤੀਤ ਹੁੰਦੇ ਸਨ। ਮੌਤ, ਦੁਨੀਆਂ,ਬਾਲਬੱਚੇ ਤੇ ਸੰਸਾਰ ਦੇ ਸੁਖ ਭੁਲ ਚੁਕੇਸਨ ਤੇ ਸਿਰਫ ਨੈਣਾਂ ਵਿਚ ਸਤਿਗੁਰੂ ਜੀ ਦੀ ਤਸਵੀਰ ਸੀ। ਉਹ ਹੁਣ ਜੀਵਨ ਦੇ ਧੋਣੇ ਧੋ ਦੇਨਾ ਚਾਹੁੰਦੇ ਸਨ।

ਵੈਰੀ ਆ ਗਿਆ,ਵੈਰੀ ਨੇ ਦੇਖਿਆਤੇਸਮਝਿਆ ਕਿ ਸਤਿਗੁਰੂ ਜੀਦੇ ਹੀ ਤੰਬੂ ਹਨ। ਉਹ ਟੁਟਕੇ ਅਗੇ ਵਧੇ। ਜਿਉਂ ਹੀ ਨੇੜੇ ਆਏ ਤਾਂ ਸਿੰਘ ਝਾੜੀਆਂ ਉਹਲਿਓਂ ਨਿਕਲਕੇਤੁਰਕਾਂ ਨੇ ਗਲ ਪੈਗਏ।ਕਹਿਰ ਦੀ ਕਟਾ ਵੱਢ ਆਰੰਭ ਕੀਤੀ ਦਸ਼ਮਨਦੀਆਂ ਸਾਰੀਆਂਸ਼ਰਤਾਂ ਤੇ ਸ਼ੇਖੀਆਂ ਭੁਲਾਦਿਤੀਆਂ। ਉਹ ਬੜੇ ਜੋਸ਼ ਨਾਲ ਲੜਦੇ ਹੋਏ ਅਗੇ ਵਧਣ ਦਾ ਯਤਨ ਕਰਦੇ ਰਹੇ,ਪਰ ਸਿੰਘ ਉਹਨਾਂ ਦੀ ਪੇਸ਼ ਨਹੀਂ ਸਨ ਜਾਣ ਦੇਂਦੇ।ਸਿੰਘ ਵਾਰ ਕਰਦੇ ਤਾਂ ਉਹ ਖਾਲੀ ਨਹੀਂ ਸੀ ਜਾਂਦਾ, ਪਰ ਜਦ ਤੁਰਕ ਵਾਰ ਕਰਦੇ ਸਨ ਤਾਂ ਉਹਨਾਂ ਦੇ ਬਹੁਤੇ ਵਾਰ ਖਾਲੀ ਜਾਂਦੇ ਸਨ।ਐਸੀ ਕਟਾਵੱਢਹੋਈ ਕਿ ਦੁਸ਼ਮਨਦੇਹੌਂਸਲੇ ਟੁਟ ਗਏ। ਇਕ ਫੌਜ ਵੈਸੇ ਹੀ ਲੰਮੀ ਮੰਜ਼ਲ ਕਰਕੇ ਆਈ ਥੱਕੀ ਹੋਈਸੀ, ਬਿਨਾ ਅੰਨ ਜਲ ਮੂੰਹ ਲਾਉਣ ਦੇ ਲੜਨਾ ਪੈ ਗਿਆ, ਜਿਸ ਕਰਕੇ ਉਸਦੇ

Sri Satguru Jagjit Singh Ji eLibrary NamdhariElibrary@gmail.com

ਦਿਲ ਟੁਟ ਗਏ, ਉਹ ਘਬਰਾ ਗਈ । ਬਾਕੀ ਸਿੰਘਾਂ ਨੇ ਇਕੋ ਵਾਰ ਹਮਲਾ ਨਹੀਂ ਸੀ ਕੀਤਾ,ਸਗੋਂ ਥੋੜੇ ਥੋੜੇ ਝਾੜੀਆਂ ਤੋਂ ਨਿਕਲਨਿਕਲ ਕੇ ਲੜਦੇ ਰਹੇ।

ਬੀਬੀ ਭਾਗੋ ਨੇ ਚੰਡੀ ਦੀ ਤਰ੍ਹਾਂ ਜੁਧ ਕੀਤਾ। ਪਹਿਲਾਂ ਉਹ ਨੇਜ਼ੇ ਨਾਲ ਲੜਦੀ ਰਹੀ। ਅਨੇਕਾਂ ਦੁਸ਼ਮਨ ਦੇ ਸੀਨੇ ਚੀਰ ਕੇ ਉਸ ਨੇ ਉਹਨਾਂ ਨੂੰ ਘੋੜਿਆਂ ਤੋਂ ਹੇਠਾਂ ਸੁਟਿਆ। ਇਕ ਇਸਤ੍ਰੀ ਨੂੰ ਲੜਦੀ ਦੇਖਕੇ ਰੁਸਤਮ ਖਾਨ ਵਰਗੇ ਹੈਰਾਨ ਹੋਏ ਤੇ ਦਿਲ ਛੱਡ ਦਿਤਾ। ਉਹਨਾਂ ਕਿਹਾ ਜ਼ਰੂਰ ਕੋਈ ਦੇਵੀ ਆਈ ਹੈ। ਸਤਿਗੁਰੂ ਜੀ ਦੀ ਕਰਾਮਾਤ ਦੇ ਨਾਲ ਦੇਵੀ ਚੰਡਕਾ ਪ੍ਰਗਟ ਹੋਈਹੈ। ਅਲੀ ਹੈਦਰ ਇਕ ਲੜਾਕਾ ਸੂਰਮਾ ਸੀ, ਉਹ ਘੋੜਾ ਨਠਾ ਕੇ ਬੀਬੀ ਭਾਗੋ ਵਲ ਵਧਿਆ। ਉਸ ਨੇ 'ਯਾ ਅਲੀ' ਆਖ ਕੇ ਲਲਕਾਰਿਆ ਤੇ ਤਲਵਾਰ ਘੁਮਾਈ । ਸਤਿਗੁਰੂ ਦੀ ਸਪੁਤ੍ਰੀ 'ਸਤਿ ਸ੍ਰੀ ਅਕਾਲ' ਦਾ ਨਾਹਰਾ ਲਾਕੇ ਸ੍ਰੀ ਸਾਹਿਬ ਨੂੰ ਚਮਕਾਉਂਦੀ ਹੋਈ ਅਗੇ ਵਧੀ।ਦੋਹਾਂ ਦੇ ਵਿਚਾਲੇ ਜੁਧ ਹੋਣ ਲੱਗਾ। ਐਸਾ ਜੁਧ ਜੋ ਕਦੀ ਵੇਖਾ ਸੁਰ ਦਾ ਜੁਧ ਹੋਇਆ । ਸਤਿਗੁਰੂ ਜੀ ਦਾ ਸਪੁਤ੍ਰੀ ਢਾਲਨਾਲਵਾਰ ਬਚਾਉਂਦੀਹੋਈ ਆਪ ਵਾਰ ਕਰਨ ਲੱਗੀ।ਤਲਵਾਰ ਤੇ ਤਲਵਾਰ ਵਜਕੇ ਮਾਰੂ ਰਾਗ ਪੈਦਾ ਹੁੰ ਰਿਹਾ।। ਆਖਰ ਸਤਿਗੁਰੂ ਜੀ ਦੀ ਸਪੁਤ੍ਰੀ ਨੇ ਹੈਦਰ ਅਲੀ ਦੀ ਬਾਂਹ ਵਢ ਸੁਟੀ। ਜਦੋਂ ਬਾਂਹ ਲਥੀ ਤਾਂ ਉਹ ਤਲਵਾਰ ਚਲਾਉਣ ਜੋਗਾ ਨਾ ਰਿਹਾ ਤੇ ਲੱਗਾ ਨੱਸਣ,ਬੀਬੀ ਨੇ ਨਸਣ ਨਾ ਦਿਤਾ।ਉਹਦਾ ਸਿਰ ਧੜ ਨਾਲੋਂ ਵਖ ਕਰ ਦਿਤਾ।ਉਹ ਸਿਰ ਤਰਬੂਜ਼ ਵਾਂਗ ਧਰਤੀ ਤੇ ਰਿੜਨ ਲੱਗਾ।ਬੀਬੀ ਦਾ ਘੋੜਾ ਸ਼ਹੀਦ ਹੋ ਚਕਾਸੀ ਇਸ ਵਾਸਤੇ ਉਸ ਨੇ ਹੈਦਰ ਦਾ ਘੋੜਾ ਲੈ ਲਿਆ ਤੇ ਉਸ ਉਤੇ ਸਵਾਰ ਹੋਕੇ ਵੈਰੀਆਂ ਦੇ ਆਹੂ ਲਾਹੁਣ ਲਗੀ। ਲੜਦੀਲੜਦੀ ਥਕ ਕੇ ਤੇ ਜ਼ਖਮੀ ਹੋਕੇ ਮੈਦਾਨਿ ਜੰਗ ਵਿਚ ਡਿਗ ਪਈ ਪਰ ਉਸ ਦੇ ਪ੍ਰਾਣ ਨਾ ਨਿਕਲੇ । ਉਹ ਬੇਸੁਰਤ ਹੋਕੇ ਪਈ ਰਹੀ ॥

ਸਿੰਘਾਂ ਵਿਚੋਂ ਸਰਦਾਰ ਮਹਾਂ ਸਿੰਘ, ਹਰਨਾਮ ਸਿੰਘ,ਬਘੇਲ ਸਿੰਘ ਤੇ ਹੋਰ ਸਿੰਘਾਂ ਨੇ ਵੀ ਵਧ ਚੜ੍ਹ ਕੇ ਲੜਾਈ ਕੀਤੀ॥ ਮਹਾਂ ਸਿੰਘ ਬਹੁਤ ਹੀ

Sri Satguru Jagjit Singh Ji eLibrary NamdhariElibrary@gmail.com

ਦਲੇਰ ਦਿਲ ਮਰਦ ਸੀ। ਉਸਨੇ ਡਟਕੇ ਦੁਸ਼ਮਨਾਂ ਦੇ ਸਿਰ ਲਾਹੇ, ਮੁਗਲ ਸੈਨਾਪਤੀ ਗੁਲਾਮ ਰਸੂਲ ਬੜੀ ਦਲੇਰੀ ਨਾਲ ਅਗੇ ਵਧਿਆ। ਉਸ ਨੇ ਮਹਾਂ ਸਿੰਘ ਨੂੰ ਰੋਕਣ ਵਾਸਤੇ ਪੂਰਾ ਟਿੱਲ ਲਾਇਆ ਪਰ ਸੂਰਮੇ ਮਹਾਂ ਸਿੰਘ ਨੇ ਐਸੇ ਵਾਰ ਕੀਤੇ ਗੁਲਾਮ ਰਸੂਲ ਦੀ ਸੁਰਤ ਭੁਲਾ ਦਿਤੀ। ਆਖਰ ਉਹ ਕਤਲ ਹੋ ਗਿਆ। ਉਸ ਦੇ ਕਤਲ ਹੋਣ ਦੇ ਨਾਲ ਹੀ ਮਹਾਂ ਸਿੰਘ ਵੀ ਜ਼ਖਮੀ ਹੋਕੇ ਧਰਤੀ ਉਤੇ ਡਿਗ ਪਿਆ।

ਸੈਨਾਪਤੀ ਗੁਲਾਮਰਸੂਲ ਦੇ ਮਾਰੇਜਾਣ ਤੇ ਤੁਰਕ ਸੈਨਾ ਦਾ ਹੌਂਸਲਾ ਟੁਟ ਗਿਆ। ਸਾਰੇ ਸਿੰਘ ਸ਼ਹੀਦ ਹੋ ਗਏ। ਝਾੜੀਆਂ ਵਿਚ ਤੇ ਮੈਦਾਨਿ ਜੰਗ ਵਿਚ ਕੋਈ ਸਿੰਘ ਨਾ ਦਿਸਿਆ, ਫਿਰ ਵੀ ਸੈਨਾ ਪਿਛੇ ਨੂੰ ਨੱਠ ਉਠੀ। ਕੁਝ ਸਿਆਣੇ ਸੈਨਕਾਂ ਨੇ ਰੋਕਣ ਦਾ ਯਤਨ ਕੀਤਾ, ਇਹ ਵੀ ਕਿਹਾ ਕਿ ਅਗੇ ਖਿਦਰਾਣੇ ਦੀ ਢਾਬ ਹੈ, ਉਥੇ ਚਲਕੇ ਪਾਣੀ ਪੀਵੋ, ਪਰ ਕੋਈ ਨਾ ਰੁਕਿਆ। ਨਾਲ ਹੀ ਉਧਰੋਂ ਕਝ ਮਲਵਈ ਸਿੰਘ ਆਉਂਦੇ ਨਜ਼ਰ ਪਏ। ਬਸ ਫੇਰ ਕੀ ਸੀ ਫੌਜ ਤਾਂ ਖਿਲਰ ਕੇ ਦੌੜ ਉਠੀ ਜਿਧਰ ਕਿਸੇ ਦਾ ਮੂੰਹ ਸੀ ਉਧਰ ਹੀ ਤੁਰ ਗਿਆ। ਨਾਲਦਿਆਂ ਨੂੰ ਵੀ ਨਾ ਉਡੀਕਿਆ। ਕਿਸੇ ਨੇ ਆਪਣਿਆਂ ਮੁਰਦਿਆਂ ਵਲ ਨਹੀਂ ਦੇਖਿਆ। ਸਭ ਮੈਦਾਨਿਜੰਗ ਤੋਂ ਦੂਰ ਚਲੇਗਏ। ਫਤਹ ਸਿੰਘਾਂ ਦੇ ਹੱਥਰਹੀ, ਸਤਿਗੁਰੂਜੀ ਦੀਆਂਲੜਾਈਆਂ ਦੀ ਇਹਅੰਤਮਲੜਾਈ ਸੀ ਪਰ ਇਹ ਫਤਹ ਤੇ ਲੜਾਈ ਬਹੁਤ ਨਿਰਾਲੀ ਸੀ। ਜਿਨ੍ਹਾਂ ਫਤਹ ਹਾਸਲ ਕੀਤੀ ਉਹ ਸ਼ਹੀਦ ਹੋ ਚੁਕੇ ਸਨ। ਮੈਦਾਨ ਵਿਚ ਲੋਥਾਂ ਹੀ ਲੋਥਾਂ ਸਨ॥ ਕੁਝ ਕੁ ਮੁਸਲਾਨ ਫਟੜ ਜ਼ਖਮਾਂ ਦੀਆਂ ਦਰਦਾਂ ਨਾਲ ਇਉਂ ਕੁਰਲਾ ਰਹੇ ਸਨ ਜਿਵੇਂ ਰਾਤ ਸਮੇਂ ਜੰਗਲ ਵਿਚ ਗਿੱਦੜ ਹਵਾਂ ਕਢੇ ਹਨ ਉਹ ਘੜੀਘੜੀ ਏਹੋ ਆਖਦੇ ਸਨ–'ਹਾਇ ਪਾਣੀ !' ਹਾਇ ਪਾਣੀ ! ਅਸਚਰਜ ਖੇਡ ਸੀ ਉਹਨਾਂ ਨੂੰ ਪਾਣੀ ਪਿਲਾਉਣ ਵਾਲਾ ਕੋਈ ਨਹੀਂ ਸੀ॥

ਟਾਂਗੂ ਨੇ ਸਤਿਗੁਰੂ ਜੀ ਨੂੰ ਯੁਧ ਦਾ ਹਾਲ ਦਸਿਆ ਇਹ ਵੀ ਜਾਕੇ ਦਸਿਆ ਕਿ ਸਿੰਘ ਸ਼ਹੀਦ ਹੋਏ ਪਏ ਹਨ ਤੇ ਤੁਰਕ ਸੈਨਾ ਪਿਛੇ ਨੂੰ ਨਸ ਗਈ ਹੈ, ਸਾਰਾ ਮੈਦਾਨਿ ਜੰਗ ਖਾਲੀ ਹੈ।। ਗਿੱਦੜ ਇੱਲਾਂ ਗਿਰਜਾਂ ਤੇ ਕੁਤੇ ਵਧੇ ਆ

Sri Satguru Jagjit Singh Ji eLibrary NamdhariElibrary@gmail.com

ਰਹੇ ਹਨ ਜੋ ਸ਼ਹੀਦਾਂ ਦੇ ਮਾਸ ਨੂੰ ਖਾਣ ਦੀ ਇੱਛਾ ਰਖਦੇ ਹਨ। ਚਲਕੇ ਜ਼ਰੂਰ ਦੇਖਣਾ ਚਾਹੀਦਾ ਹੈ। ਸਿੰਘ ਵੀ ਉਹੋ ਮਾਝੇ ਦੇ ਹਨ ਜੋ ਮੁੜ ਗਏ ਸਨ।

ਜਦੋਂ ਸਾਹਿਬਾਂਨੇ ਇਹ ਵਾਰਤਾ ਸੁਣੀ ਤਾਂ ਛੇਤੀ ਨਾਲ ਉਸ ਪਾਸੇਨੂੰ ਤੁਰ ਪਏ ਜਿਥੇ ਜੁਧਹੋਇਆਸੀ।ਮੈਦਾਨਿ ਜੰਗ ਵਿਚ ਪੁਜੇ,ਸਾਹਿਬਾਂਨੇਦੇਖਿਆ ਕਿ ਮਾਝੇ ਦੇ ਸੂਰਮੇਂ ਵੀਹ ਵੀਹ ਤੁਰਕਾਂ ਦੀਆਂ ਲੋਥਾਂ ਵਿਚ ਇਕੱਲੇ ਇਕੱਲੇ ਪਏ ਸਨ। ਕਈ ਥਾਵਾਂ ਤੇ ਪੰਜਾਹ ਤੁਰਕਾਂ ਵਿਚ ਇਕ ਸਿੰਘ ਸੀ। ਦਾਤਾਰ ਇਹ ਦੇਖਕੇ ਬਹੁਤ ਪ੍ਰਸੰਨ ਹੋਏ। ਉਹ ਇਕਇਕ ਸਿੰਘ ਦਾ ਚੇਹਰਾ ਦੇਖਦੇ, ਆਪਣੇਰੁਮਾਲ ਨਾਲ ਚੇਹਰਾਸਾਫ ਕਰਕੇ ਵਰ ਦੇਈਜਾਂਦੇ—'ਇਹ ਮੇਰਾ ਪੰਜ' ਹਜ਼ਾਰੀ ਹੈ,ਇਹ ਦਸਹ ਜ਼ਾਰੀ ਹੈ।ਵਾਹ ਸੂਰਮਿਆਂ ਚੰਗੀਘਾਲ ਕਮਾਈਕੀਤੀ ਹੈ।। ਜਸ ਖਟ ਲਿਆ ਹੈ, ਤੂੰ ਨਿਹਾਲ ਹੋਇਆ।'ਆਦਿਕ ਸਾਹਿਬਾਂ ਦੇ ਬਚਨ ਸਨ। ਜਿਨ੍ਹਾਂ ਸ਼ਹੀਦ ਸਿੰਘਾਂਨੂੰਦੇਖੀ ਜਾਂਦੇ ਉਨ੍ਹਾਂਨੂੰ ਨਾਲੋਨਾਲ ਚੁਕਵਾਈਵੀ ਜਾਂਦੇ ਤੇ ਇਕ ਥਾਂ ਰਖਾਈ ਜਾਂਦੇ ਤਾਂਕਿ ਉਹਨਾਂ ਦਾ ਸਸਕਾਰ ਕੀਤਾਜਾਵੇ। ਇਕਇਕ ਕਰਕੇ ਕੋਈ ਤੀਹ ਕੁ ਸਿੰਘ ਚੁਕਵਾਏ ਫਿਰ ਭਾਈ ਮਹਾਂ ਸਿੰਘਕੋਲ ਕਲਗੀਆਂ ਵਾਲੇ ਪਿਤਾ ਜੀ ਪੁਜੇ। ਉਹ ਅਜੇ ਸਹਿਕਦੇ ਸਨ। ਪੰਛੀ ਰੂਪ ਆਤਮਾ ਦੇਹਰੂਪੀ ਆਲਹਣੇ ਵਿਚੋਂਉਡਣ ਵਾਲੀਸੀ।।ਉਹਕਿਸੇ ਦੀ ਉਡੀਕ ਕਰ ਰਹੀ ਸੀ।।ਸ਼ਾਇਦ ਉਹ ਸਚਮੁਚ ਹੀ ਸਤਿਗੁਰੂ ਜੀ ਦੇ ਦਰਸ਼ਨਦੀਦਾਰੇ ਕਰਨ ਵਾਸਤੇ ਤੜਪ ਰਹੀ ਸੀ।। ਉਹਦੀ ਇੱਛਾ ਸੀ ਕਿ ਸਾਹਿਬਾਂ ਦੇ ਪਾਸੋਂ ਖਿਮਾਂ ਦਾ ਦਾਨ ਮੰਗਿਆ ਜਾਵੇ ।। ਦਾਤੇ ਕੋਲੋਂ ਭੁਲਾਂ ਬਖਸ਼ਾਈਆਂ ਜਾਣ।।

ਸਤਿਗੁਰੂ ਜੀ ਉਥੇ ਪੁਜੇ ਮਹਾਂ ਸਿੰਘ ਨੂੰ ਜਾਣ ਕੇ ਚੇਹਰੇ ਤੋਂ ਲਹੂ ਸਾਫ ਕੀਤਾ ।। ਲਹੂ ਸਾਫ ਕਰਨ ਦੀ ਢਿੱਲ ਸੀ ਕਿ ਮਹਾਂ ਸਿੰਘ ਨੇ ਅੱਖਾਂ ਖੋਹਲੀਆਂ, ਅੱਖਾਂ ਖੋਹਲ ਕੇ ਦੇਖਿਆ ਸਤਿਗੁਰੂ ਜੀ ਝੁਕੇ ਹੋਏ ਉਹਦੇ ਵਲ ਤੱਕ ਰਹੇ ਸਨ।।ਸਾਹਿਬਾਂ ਦੇ ਦੇਖਣ ਨਾਲ ਜਨਮਜਨਮ ਦੇ ਕਿਲਵਿਖ ਦੂਰ ਹੋ ਰਹੇ ਸਨ ।। ਦਾਤਾ ਮਨ ਹੀ ਮਨ ਬੇਦਾਵੇ ਦਾ ਕਾਗਜ਼ ਪਾੜ ਰਹੇ ਸਨ ।। ਕਿਉਂਕਿ ਆਪ ਇਨ੍ਹਾਂ ਦੀ ਸ਼ਹੀਦੀ ਉਤੇ ਪ੍ਰਸੰਨ ਸਨ।

'ਕਲਗੀਆਂ ਵਾਲੇ ਪਿਤਾ!' ਭਾਈ ਮਹਾਂ ਸਿੰਘ ਦਾ ਬੋਲ ਸੀ।।ਆਪ

Sri Satguru Jagjit Singh Ji eLibrary NamdhariElibrary@gmail.com

ਦੇ ਦਰਸ਼ਨ ਕਰਨੇ ਸਨ,ਸੋ ਕਰ ਲਏ,ਹੁਣ ਚਾਲੇਚਾਲੇ! ਬਖਸ਼ੋ!ਦਾਤਾ ਬਖਸ਼ੋ।'

ਸਤਿਗੁਰੂ ਜੀ ਨੇ ਮਹਾਂ ਸਿੰਘ ਦਾ ਸਿਰ ਆਪਣੇ ਪੱਟਾਂ ਉਤੇ ਰਖ ਲਿਆ ਤੇ ਬੜੇ ਪਰੇਮ ਨਾਲ ਬਚਨ ਕੀਤਾ—'ਮਹਾਂ ਸਿੰਘ!ਦਸ ਕੋਈ ਮਨ ਦੀ ਇਛਾ। ਅਸੀਂ ਤੇਰੇ ਨਾਲ ਨਿਹਾਲ ਹਾਂ, ਤੂੰ ਵੀਹ ਹਜ਼ਾਰੀ ਸੂਰਮਾ ਹੈਂ। ਵਾਹਿਗੁਰੂ ਤੈਨੂੰ ਸਵਰਗਾਂ ਵਿਚ ਥਾਂ ਦੇਵੇਗਾ ॥ ਸ਼ਹੀਦਾਂ ਵਿਚ ਆਸਣ ਮਿਲੇਗਾ ॥'

ਭਾਈ ਮਹਾਂ ਸਿੰਘ ਹੌਲੀ ਜਹੀ ਅਟਕ ਅਟਕ ਕੇ ਬੋਲਿਆ—'ਦਾਤਾ ! ਖਿਮਾ ਕਰੋ ! ਅਸੀਂ ਉਹ ਪਾਪੀ ਹਾਂ,ਜੋਹੜੇ ਅਨੰਦ ਪੁਰ ਦੇ ਕਿਲੇ ਵਿਚੋਂ ਨਸੇ ਸਾਂ ਜਿਨ੍ਹਾਂ ਮੂਰਖਾਂ ਨੇ ਆਪ ਨੂੰ ਲਿਖਕੇ ਦਿਤਾ ਸੀ—'ਨਾ ਤੂੰ ਅਸਾਡਾ ਗੁਰੂ ਤੇ ਨਾ ਅਸਾਂ ਤੇਰੇ ਸਿਖ' ਹੁਣ ਬਖਸ਼ੋ, ਉਹ ਬੇਦਾਵੇ ਦੀ ਲਿਖਤ ਪਾਟ ਜਾਵੇ, ਅਸਾਂ ਦੇ ਲਹੂ ਨਾਲ ਪੋਚੀ ਜਾਵੇ।।ਦਇਆ ਕਰੋ ਦਾਤਾ, ਹੋਰ ਨਾ ਹੁਣ ਜੀਵਨ ਦੀ ਇੱਛਾ ਹੈ ਤੇ ਨਾ ਰੂਪ ਧਨ ਦੀ ਸ਼ਹੀਦੀ ਦਾ ਪਿਆਲਾ ਵੀਰਾਂ ਨਾਲ ਪੀ ਚੁਕੇ ਹਾਂ, ਏਹੋ ਦਇਆ ਕਰੋ, ਏਹੋ ਸੁਣਨਾ ਚਾਹੁੰਦਾ ਹਾਂ ਕਿ ਆਪ ਨੇ ਅਸਾਂ ਪਾਪੀਆਂ ਤੇ ਭੁਲੜਾਂ ਨੂੰ ਬਖਸ਼ ਦਿਤਾ ਹੈ ॥'

ਭਾਈ ਮਹਾਂ ਸਿੰਘ ਦੀ ਬੇਨਤੀ ਸੁਣਕੇ ਸਤਿਗੁਰੂਜੀ ਨਿਹਾਲ ਹੋ ਗਏ। ਖੁਸ਼ੀ ਦੇ ਵਲਵਲੇ ਨਾਲ ਉਹਨਾਂ ਦੇ ਕਮਲ ਨੈਨਾਂ ਵਿਚ ਹੰਝੂ ਆਏ॥ ਉਹ ਹੰਝੂ ਜੋ ਧਰਤੀ ਉਤੇ ਡਿਗਕੇ ਖਦਰਾਣੇ ਦੀ ਢਾਬ ਦੀ ਸਾਰੀ ਧਰਤੀਨੂੰ ਨਿਹਾਲ ਕਰ ਗਏ।।ਸਾਰੇ ਮਾਲਵੇ ਦੇਸ਼ ਨੂੰ ਹੀ ਵਸਾ ਗਏ ॥ ਉਹਨਾਂ ਹੰਝੂਆਂ ਦਾ ਸੱਦਾ ਅਜ ਮਾਲਵਾ ਦੇਸ਼ ਸਿਖੀ ਦਾ ਕੇਂਦਰ ਹੈ ॥ ਬੈਰਾੜ ਵੀ ਸਿਖੀ ਦੇ ਮੁਖੀਏ ਤੇ ਰਾਖੇ ਹਨ।।ਧੰਨਧੰਨ ਸਚਾ ਪਾਤਸ਼ਾਹ!ਦਾਤੇਨੇਪ੍ਰਸੰਨਤਾ ਨਾਲ ਫੁਰਮਾਇਆ—'ਧੰਨਧੰਨ ਸਤਿਗੁਰੂ ਨਾਨਕ ਦੇਵ ਜੀ ਹਨ। ਨਿਹਾਲ ! ਨਿਹਾਲ ਧੰਨ ਸਿੱਖੀ ਤੇ ਧੰਨ ਮਹਾਂ ਸਿੰਘ ਜੈਸੇ ਸੂਰਮੇ, ਸਿਦਕੀ ਸਿੰਘ। ਸਿੰਘਾ । ਅਸਾਂ ਬਖਸ਼ਿਆ। ਬਾਪ ਪੁਤ੍ਰਾਂ ਨੂੰ ਸਦਾ ਬਖਸ਼ਦੇ ਰਹਿੰਦੇ ਹਨ।। ਹੋਸ਼ ਕਰ ਤਕੜਾ ਹੋ। ਆਪਣੀ ਭੁਲ ਨੂੰ ਤੁਸਾਂ ਆਪਣੇ ਲਹੂ ਨਾਲ ਮੇਟਿਆ ਹੈ।।ਇਹ ਸਭ ਤੋਂ ਉਤਮ ਕੁਰਬਾਨੀ ਹੈ॥ ਤੁਸੀਂ ਸਾਰੇ ਮੇਰੇ ਪਿਆਰੇ ਬੇਟੇ, ਸਾਰੇ ਮੁਕਤੇ, ਇਸ ਥਾਂ ਤੁਸਾਂ ਦੀ ਯਾਦ ਮਨਾਈ ਜਾਇਆ ਕਰੇਗੀ ॥ ਏਥੇ ਮੁਕਤਸਰ ਤੀਰਥ ਬਣੇਗਾ। ਉਹ ਤੀਰਥ

Sri Satguru Jagjit Singh Ji eLibrary NamdhariElibrary@gmail.com

ਜਿਥੋਂ ਦੀ ਧੂੜ ਲੈ ਕੇ ਸਾਰਾ ਦੇਸ਼ ਮੁਕਤ ਹੋਇਆ ਕਰੇਗਾ, ਸਿੰਘਾ। ਅਸੀਂ ਨਿਹਾਲ। ਬਿਲਕੁਲ ਨਿਹਾਲ ਹਾਂ।'

ਭਾਣਾ ਅਕਾਲ ਪੁਰਖ ਦਾ ਜਿਉਂ ਹੀ ਸਤਿਗੁਰੂ ਜੀ ਨੇ ਆਪ ਨੂੰ ਬਖਸ਼ਿਆ ਤਿਉਂ ਹੀ ਭਾਈ ਮਹਾਂ ਸਿੰਘ ਜੀ ਦੇ ਪ੍ਰਾਣ ਪੰਖੇਰੂ ਹਵਾ ਰੂਪ ਹੋਕੇ ਪੰਜ ਭੂਤਕ ਸਰੀਰ ਨੂੰ ਛੱਡਕੇ ਸਵਰਗ ਲੋਕ ਨੂੰ ਚਲੇ ਗਏ, ਜਿਥੇ ਉਹਨਾਂ ਦੇ ਸਾਥੀ ਗਏ ਸਨ। ਸਤਿਗੁਰੂ ਜੀ ਨੇ ਆਪ ਦਾ ਮਿਰਤਕ ਸਰੀਰ ਵੀ ਚੁਕਵਾ ਲਿਆ ਤੇ ਅਗੇ ਹੋਏ।

ਸਾਹਿਬ ਸਿੰਘਾਂ ਦੀ ਭਾਲ ਕਰ ਹੀਰਹੇ ਸਨ ਕਿ ਅਗੇ ਬੀਬੀ ਭਾਗੋ ਜੀ ਜ਼ਖਮੀ ਹੋਏ ਹੋਏ ਤੁਰਕਾਂ ਦੀਆਂ ਲੋਥਾਂ ਉਥੇ ਪਏ ਸਨ। ਬੀਬੀ ਜੀ ਹੋਸ਼ ਵਿਚ ਤਾਂ ਸਨ, ਪਰ ਜ਼ਖਮ ਐਸੇ ਸਨ ਉਠ ਕੇ ਤੁਰ ਨਹੀਂ ਸਨ ਸਕਦੇ। ਕੁਝ ਥਕੇਵੇਂ ਤੇ ਤਰੇਹ ਨਾਲ ਬੋਂਦਲੇ ਵੀ ਸਨ। ਸਤਿਗੁਰੂ ਜੀ ਨੇ ਝੱਟ ਸਿਆਣ ਲਿਆ ਕਿ ਬੀਬੀ ਜੀ ਮਾਝੇ ਦੇ ਜਥੇ ਨਾਲ ਸਨ। ਅਗੇ ਹੋਏ ਇਕ ਇਕ ਅੰਗ ਨੂੰ ਦੇਖਿਆ। ਜ਼ਖਮਾਂ ਉਤੇ ਪੱਟੀਆਂ ਬੰਨ੍ਹੀਆਂ ਤਾਂਕਿ ਲਹੂ ਨਿਕਲਣੋਂ ਬੰਦ ਹੋ ਜਾਵੇ ਅਕਾਲ ਪੁਰਖ ਦੀ ਸਹਾਇਤਾ ਨਾਲ ਮੇਹਰ ਦੀ ਨਿਗਾਹ ਨਾਲ ਬੀਬੀ ਵਲ ਤਕਿਆ। ਉਹਦੇ ਚੇਹਰੇ ਨੂੰ ਉਪਰ ਕੀਤਾ ਤੇ ਫੁਰਮਾਇਆ-'ਬੇਟੀ ! ਦੇਖ। ਧਿਆਨ ਨਾਲ ਦੇਖ। ਜਿਸ ਦੀ ਤੂੰ ਉਡੀਕ ਕਰ ਰਹੀ ਸੀ, ਉਹ ਆ ਗਏ।'

ਨੈਣਾਂ ਨੂੰ ਖੋਹਲਣ ਤੋਂ ਬਿਨਾਂ ਹੀ ਹੱਥਾਂ ਦੀ ਛੋਹ ਨੂੰ ਹੀ ਅਨੁਭਵ ਕਰਕੇ ਬੀਬੀ ਭਾਗੋ ਨੇ ਪੁਛਿਆ-ਕੌਣ। ਮੇਰੇ ਸਤਿਗੁਰੂ ਜੀ ਆ ਗਏ ? ਮੈਂ ਬਲਿਹਾਰੇ ਜਾਵਾਂ ? ਵਾਰੀ ਜਾਵਾਂ ਮੇਰੇ ਧੰਨ ਭਾਗ ਮੇਰੇ ਪਿਤਾ ਜੀ ਆ ਪੁਜੇ। ਏਨਾ ਆਖਣ ਦੇ ਨਾਲ ਹੀ ਉਸਨੇਅੱਖਾਂ ਝਮਕਣ ਦਾ ਯਤਨਕੀਤਾ ਪਰ ਸਿਰ ਦੀ ਸੱਟ ਦੇ ਕਾਰਨ ਲਹੂ ਸਿਰ ਵਿਚੋਂ ਨਿਕਲਕੇ ਅੱਖਾਂ ਉਤੇ ਜੰਮਿਆਂ ਹੋਇਆ ਸੀ ॥ ਸਤਿਗੁਰੂ ਜੀ ਨੇ ਉਹਦੀਆਂ ਅੱਖਾਂ ਉਪਰੋਂ ਲਹੂ ਸਾਫ ਕੀਤਾ ॥

ਬੀਬੀ ਜੀਨੂੰ ਚੁਕਵਾ ਕੇ ਡੇਰੇ ਵਲ ਭੇਜਿਆ ਤਾਂ ਇਲਾਜਕਰਵਾਇਆ ਜਾਵੇ ॥ ਉਹਨਾਂ ਦੇ ਪ੍ਰਾਣ ਬਚ ਸਕਦੇ ਸਨ ॥ ਬਾਕੀ ਦੇ ਸਿੰਘਾਂ ਵਾਸਤੇ ਇਕ

Sri Satguru Jagjit Singh Ji eLibrary NamdhariElibrary@gmail.com

ਅੰਗੀਠਾ ਤਿਆਰ ਕਰਵਾਇਆ, ਉਸ ਅੰਗੀਠੇ ਦੇ ਆਸਰੇ ਸਾਰਿਆਂ ਦਾ ਸਸਕਾਰਕੀਤਾ ਤੇ ਵਰ ਦਿਤੇ।ਅਜਉਸ ਅਸਥਾਨ ਤੇ ਗੁਰਦੁਵਾਰਾਮੁਕਤਸਰ ਹੈ। ਏਸੇ ਨਾਮ ਦਾ ਸ਼ਹਿਰ ਤੇ ਰੇਲਵੇ ਸਟੇਸ਼ਨ ਵੀ ਹੈ। ਸਾਹਿਬਾਂ ਦੇ ਬਚਨ ਸੱਤ ਹੋਏ ਸ਼ਹੀਦਾਂ ਦੇ ਅਸਥਾਨ ਤੇ ਮਾਘੀ ਦਾ ਮੇਲਾ ਲਗਦਾ ਹੈ । ਲੱਖਾਂ ਆਦਮੀ ਉਥੋਂ ਦੀ ਯਾਤਰਾ ਕਰਦੇ ਹਨ। ਉਸ ਵੇਲੇ ਦੇ ਹਾਕਮਾਂ ਤੇ ਚੌਧਰੀਆਂ ਨੂੰ ਤਾਂ ਜਗਤ ਭੁਲ ਗਿਆ ਹੈ, ਪਰ ਮੁਕਤੇ ਸ਼ਹੀਦਾਂ ਨੂੰ ਯਾਦ ਕਰਦਾ ਹੈ ਤੇ ਕਰਦਾ ਰਹੇਗਾ। ਧੰਨ ਸਿੱਖੀ ਤੇ ਧੰਨ ਸ਼ਹੀਦ ਸਿੰਘ ਹਨ।

੪. ਇਕ ਜੋਗੀ ਨਾਲ ਮੇਲ

ਮੁਕਤਸਰ ਦਾ ਮੇਲਾ ਭਾਵੇਂ ਪਹਿਲੀ ਮਾਘ ਨੂੰ ਹੁੰਦਾ ਹੈ ਪਰ ਜੁਧ ਮੁਕਤਸਰ ਵੈਸਾਖ ਦੇ ਮਹੀਨੇ ਵਿਚ ਹੋਇਆ ਸੀ, ਜਦੋਂ ਗਰਮੀ ਦਾ ਜ਼ੋਰ ਹੁੰਦਾ ਹੈ ਗਰਮੀ ਕਰਕੇ ਹੀ ਸ਼ਾਇਦ ਸ਼ਹੀਦਾਂ ਦੀ ਯਾਦ ਸਿਆਲ ਵਿਚ ਮਨਾਈ ਜਾਂਦੀ ਹੈ।ਕਿਉਂਕਿ ਗਰਮੀਆਂ ਵਿਚ ਸਫਰ ਕਰਨਾ ਬਹੁਤ ਕਠਨ ਤੇ ਅਸੰਭਵ ਹੁੰਦਾ ਹੈ। ਸਤਿਗੁਰੂਜੀ ਸਿੰਘਾਂ ਸ਼ਹੀਦਾਂ ਦਾ ਸਸਕਾਰ ਕਰਕੇ ਖਦਰਾਣੇ ਦੀ ਢਾਬ ਦੇ ਦੂਸਰੇ ਪਾਸੇ ਨਾਂਗੇ ਦੀ ਸਰਾਇ (ਇਹ ਨਗਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਪਿੰਡ ਸੀ) ਜਾ ਪੁਜੇ। ਉਥੇ ਛਾਂ ਦਾਰ ਦਰਖਤ ਸਨ। ਉਹਨਾਂ ਦਰਖਤਾਂ ਹੇਠਾਂ ਜਾ ਡੇਰੇ ਲਾਏ।

ਤੁਰਕਾਂ ਦਾ ਡਰ ਨਹੀਂ ਸੀ ਰਿਹਾ। ਤੁਰਕ ਗਰਮੀ ਤੋਂ ਡਰਦੇ ਹੋਏ, ਆਪਣਾ ਸੈਨਾਪਤੀ ਮਰਵਾ ਕੇ ਪਿਛੇ ਹਟ ਗਏ ਸਨ। ਕੁਝ ਚੌਧਰੀ ਕਪੂਰੇ ਵਰਗਿਆਂ ਨੇ ਤੁਰਕਾਂ ਨੂੰ ਡਰਾ ਦਿਤਾ ਸੀ ਕਿ ਸਤਿਗੁਰੂ ਜੀ ਨੂੰ ਹੁਣ ਲਭਣਾ ਔਖਾ ਹੈ ਏਥੇ ਤਾਂ ਬੈਰਾੜਾਂ ਨੌਜਵਾਨਾਂ ਨੇ ਹੀ ਤੁਸਾਂ ਨੂੰ ਮਾਰ ਸੁਟਣਾ ਹੈ। ਉਹ ਜੰਗਲ ਦੇ ਭੇਤੀ ਹਨ ਤੇ ਤੁਸੀਂ ਭੇਤੀ ਨਹੀਂ, ਨਾਲ ਹੀ ਸ਼ਾਹੀ ਫੌਜ ਨੂੰ ਪਿਛੋਂ ਹੁਕਮ ਆ ਪੁਜਾ ਸੀ ਕਿ ਛੇਤੀ ਤੋਂ ਛੇਤੀ ਫੌਜ ਪਿਛੇ ਮੁੜ ਆਵੇ। ਕਿਉਂਕਿ ਦੇਸ ਦੇ ਦੂਸਰਿਆਂ ਹਿੱਸਿਆਂ ਵਿਚ ਹਾਲਾਤ ਬਹੁਤ ਖਰਾਬ ਹੋ ਰਹੇ ਸਨ। ਔਰੰਗਜੇਬ ਦੱਖਣ ਨੂੰ ਤੁਰ ਗਿਆ ਹੋਇਆ ਸੀ ॥ ਨਾਲ ਹੀ ਜਿਵੇਂ

Sri Satguru Jagjit Singh Ji eLibrary NamdhariElibrary@gmail.com

ਔਰੰਗਜ਼ੇਬ ਨੇ ਆਪਣੇ ਬਾਪਨੂੰਕੈਦ ਕਰਕੇ ਤੇ ਭਰਾਵਾਂਨੂੰਮਾਰ ਕੇ ਬਾਦਸ਼ਾਹੀ ਪ੍ਰਾਪਤ ਕੀਤੀ ਸੀ ਤਿਵੇਂ ਉਹਦੇ ਪੁਤ੍ਰ ਵੀ ਬਾਦਸ਼ਾਹੀ ਪ੍ਰਾਪਤ ਕਰਨ ਵਾਸਤੇ ਬਾਪ ਦੇ ਜੀਉਂਦੇ ਜੀਅ ਹੀ ਆਪੋ ਵਿਚ ਦੀ ਲੜ ਮਰਨਨੂੰ ਤਿਆਰ ਖਲੋਤੇ ਸਨ।ਉਹ ਨਾ ਬਾਪ ਦਾ ਵਿਸਾਹ ਖਾਂਦੇਸਨ ਤੇ ਨਾ ਬਾਦਸ਼ਾਹੀ ਦਾ,ਹਰ ਇਕ ਪੁਤ੍ਰ ਨੇ ਫੌਜ ਆਪਣੇਹੱਥਾਂਵਿਚ ਕਰ ਲਈਸੀ-ਔਰੰਗਜੇਬ ਦੇਤਿੰਨਪੁਤ੍ਰਸਨ, ਮੁਅੱਜ਼ਮ, ਆਜ਼ਮ ਤੇ ਕਾਮਬਖਸ਼ਾ।ਮੁਅੱਜ਼ਮ ਕਾਬਲ ਵਲ ਸੀ ਤੇ ਕਾਮਬਖਸ਼ ਦਖਣੀ ਹਿੰਦ ਵਿਚ ਤੇ ਆਜ਼ਮ ਆਗਰੇ ਦੇ ਨੇੜੇ ਸੀ। ਇਸ ਖਿਚੋਤਾਣ ਨੇ ਪੰਜਾਬ ਦੇ ਸੂਬੇਦਾਰਾਂ ਦੇ ਵੀ ਸਿਰ ਚਕਰਾ ਦਿਤੇ। ਉਹ ਵੀ ਆਪੋ ਆਪਣੇ ਘਰ ਬੈਠ ਕੇ ਆਪਣੀਆਂ ਸੂਬੇਦਾਰੀਆਂ ਦੀਆਂ ਰਾਖੀਆਂ ਕਰਨ ਲਗੇ। ਸਤਿਗੁਰੂ ਜੀ ਦਾ ਪਿੱਛਾ ਕਰਨਾ ਉਹਨਾਂ ਛਡ ਦਿਤਾ॥ ਇਹ ਵੀ ਵਿਚਾਰ ਸੀ। ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਾਰੀ ਹਿੰਦੂ ਜਾਤੀ ਤੰਗ ਆ ਗਈ ਹੈ। ਸੇਵਾਜੀ ਮਰਹੱਟਾ ਦੇ ਪੁਤ੍ਰ ਸ਼ਾਹੂ ਜੀ ਕੈਦ ਕੀਤੇ ਹੋਏ ਸਨ। ਹੋ ਸਕਦਾ ਸੀ ਕਿ ਸਾਰੇ ਹਿੰਦੂ ਇਕੋ ਵਾਰ ਬਗਾਵਤ ਕਰਦੇਣ,ਪਰ ਹਿੰਦੂਆਂ ਵਿਚ ਕਿਉਂਕਿ ਜਥੇਬੰਦੀ ਨਹੀਂ ਸੀ, ਇਸ ਕਰਕੇ ਉਹ ਬਗਾਵਤ ਨਹੀਂ ਸਨ ਕਰ ਸਕਦੇ।ਇਸ ਸਾਰੇ ਰਾਸਸੀ ਵਾਯੂ ਮੰਡਲ ਨੂੰ ਅਨੁਭਵ ਕਰਕੇ ਹੀ ਹੀ ਸਤਿਗੁਰੂ ਜੀ ਨੇ ਮਾਲਵੇ ਵਿਚ ਤੁਰਕਾਂ ਨਾਲ ਟੱਕਰ ਲੈਣ ਦੀ ਪੱਕੀ ਸਲਾਹ ਕੀਤੀ ਸੀ ਪਰ ਸਮਾਂ ਹੱਥ ਨਾ ਲੱਗਾ ਸਾਹਿਬਾਂ ਦੇ ਚਾਲੇ ਸਿੰਘਾਂ ਨੇ ਹੀ ਸਤ ਹਜ਼ਾਰ ਫੌਜ ਦਾ ਲਕ ਤੋੜ ਦਿਤਾ ਤੇ ਉਸ ਨੂੰ ਵਾਪਸ ਭੇਜ ਦਿਤਾ।

ਨਾਂਗੇ ਦੀ ਸਰਾਏ ਢਾਬ ਦੇ ਕਿਨਾਰੇ ਇਕ ਬਢਾ ਜੋਗੀ ਰਹਿੰਦਾ ਸੀ। ਉਸਦੀ ਬਹੁਤ ਹੀ ਲੰਮੀ ਉਮਰ ਸੀ।ਉਹ ਤਾਂ ਹਿੰਦੂ ਰਾਜ ਤੋਂ ਵੀ ਪਹਿਲਾਂ ਦਾ ਸੀ ਉਸ ਨੇ ਰਾਜ'ਸਮਾਜ ਤੇ ਬੰਦੇ ਪਲਟਦੇ ਦੇਖੇ ਸਨ।ਜਿਥੇ ਅਜ ਸ਼ਹਿਰ ਹਨ ਏਥੇ ਜੰਗਲ ਵਗਦੇ ਤੇ ਜਿਥੇ ਹਲ ਵਗਦੇ ਹਨ, ਏਥੇ ਸ਼ਹਿਰ ਵਸਦੇ ਦੇਖੇ ਸਨ। ਉਸਦੀ ਲੰਮੀ ਉਮਰ ਨੇ ਉਸ ਨੂੰ ਕੁਝ ਹੰਕਾਰੀ ਬਣਾ ਦਿਤਾ ਸੀ॥ ਉਹ ਸਾਧੂ ਸੰਤ ਤੇ ਫਕੀਰ ਜੋਗੀ ਨੂੰ ਕੁਝ ਨਹੀਂ ਸੀ ਸਮਝਦਾ॥ ਪੰਜਾਹ ਸੱਠ ਸਾਲ ਦੇ ਪੁਰਸ਼ ਨੂੰ ਉਹ ਬਾਲਕ ਖਿਆਲ ਕਰਦਾ ਸੀ॥ ਉਹਦਾ ਹਿਰਦਾ ਸ਼ਾਂਤ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ ਕਿਉਂਕਿ ਉਹ ਹੰਕਾਰ ਬਹੁਤ ਕਰਦਾ ਰਹਿੰਦਾ। ਉਸ ਦੇ ਕੋਲ ਬਹੁਤੇ ਸੰਤ ਜੋਗੀ ਬੈਠਦੇ ਵੀ ਨਹੀਂ ਸਨ। ਉਸਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਆਏ ਹਨ। ਸਤਿਗੁਰੂ ਜੀ ਸਤਿਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਤੇ ਦਸਵੇਂ ਜਾਮੇਂ ਵਿਚ ਹਨ। ਬਹੁਤ ਸਾਰੀਆਂ ਘਾਲਣਾਂ ਘਾਲੀਆਂ ਹਨ। ਸਤਿਗੁਰੂ ਜੀ ਦਾ ਜਸ ਸੁਣ ਕੇ ਤਾਂ ਉਸ ਨੂੰ ਖਿਆਲ ਆਇਆ ਕਿ ਉਹ ਸਤਿਗੁਰੂ ਜੀ ਦਾ ਦਰਸ਼ਨ ਕਰੇ,ਪਰ ਜਦੋਂ ਉਸ ਨੇ ਪੁਛਿਆ—'ਐਸੇ ਸਤਿਗੁਰੂ ਜੀ ਦੀ ਆਯੂ ਕਿਤਨੀ ਹੈ? ਉਸਨੂੰ ਉੱਤਰ ਮਿਲਿਆ—'ਏਹੋ ਕੋਈ ੩੭-੩੮ ਸਾਲ।' ਤਾਂ ਉਹ ਆਪੇ ਤੋਂ ਬਾਹਰ ਹੋ ਗਿਆ ਕਰੋਧ ਨਾਲ ਬੋਲਿਆ—'ਹੂੰ! ਸੌਂਤੀ ਅਠੱਤੀ ਸਾਲ ਦੀ ਆਯੂ ਵਾਲਾ ਕਿਵੇਂ ਗੁਰੂ ਹੋ ਸਕਦਾ ਹੈ? ਮੈਂ ਨਹੀਂ ਜਾਂਦਾ, ਜੋਗ ਦੀ ਨਿਰਾਦਰੀ ਹੈ। ਮੇਰੀ ਆਯੂ ਦਾ ਮੈਨੂੰ ਪਤਾ ਨਹੀਂ। ਇਹ ਨਿਕੇ ਬਾਲਕ ਨੂੰ ਦੇਖਣ ਜਾਵਾਂ?' ਇਹ ਆਖ ਕੇ ਉਹ ਜੋਗੀ ਮੁੜ ਆਪਣੇ ਆਸਣ ਉਤੇ ਜਾ ਬੈਠਾ।

ਸਤਿਗੁਰੂ ਜੀ ਦੇ ਸਿੰਘਾਂ ਨੂੰ ਪਤਾ ਲਗਾ। ਉਹਨਾਂ ਨੇ ਜੋਗੀ ਦਾ ਹਾਲ ਸਤਿਗੁਰੂ ਜੀ ਨੂੰ ਸੁਣਾਇਆ। ਸਾਹਿਬਾਂ ਨੇ ਸੁਣ ਕੇ ਕਿਹਾ—ਜੋਗੀ ਨੂੰ ਹੰਕਾਰ ਤੰਗ ਕਰ ਰਿਹਾ ਹੈ। ਉਸ ਨੂੰ ਲੰਮੀ ਉਮਰ ਦਾ ਹੰਕਾਰ ਹੈ। ਲੰਮੀ ਉਮਰ ਤੇ ਭਲਾ ਕੀ ਮਾਣ, ਐਨੀ ਉਮਰ ਤਾਂ ਸੱਪਾਂ ਦੀ ਵੀ ਹੈ।ਅਨੇਕਾਂ ਸੱਪ ਦਸ ਦਸ ਹਜ਼ਾਰ ਸਾਲ ਦੀ ਆਯੂ ਵਾਲੇ ਹਨ। ਉਹ ਜੋਗ ਦੀ ਜੁਗਤੀ ਨਹੀਂ ਜਾਣਦਾ ਸਿਰਫ ਲੋਕ ਦਿਖਾਵੇ ਮੌਤ ਤੋਂ ਬਚਣਾ ਸਿਖਿਆ ਹੋਇਆ ਹੈ। ਜੇ ਉਸ ਨੇ ਵਧ ਘਟ ਗਲਾਂ ਕੀਤੀਆਂ ਹਨ ਤਾਂ ਤੁਸਾਂ ਨੂੰ ਗੁਸਾ ਨਹੀਂ ਕਰਨਾ ਚਾਹੀਦਾ।

ਸਤਿਗੁਰੂ ਜੀ ਦੇ ਬੋਲੇ ਬਚਨਾਂ ਦਾ ਪਤਾ ਜੋਗੀ ਨੂੰ ਲਗ ਗਿਆ॥ ਉਹ ਸੋਚਨ ਬੈਠਾ, ਆਖਰ ਆਪ ਉਠਿਆ ਤੇ ਸਤਿਗੁਰੂ ਜੀ ਵਲ ਤੁਰਿਆ ਜਦੋਂ ਕੋਲ ਪਹੁੰਚ ਕੇ ਸਤਿਗੁਰੂਜੀ ਦੇ ਚੇਹਰੇਨੂੰ ਦੇਖਿਆ ਤਾਂ ਬਹੁਤ ਹੈਰਾਨ ਹੋਇਆ। ਨੂਰੋ ਨੂਰ ਚੇਹਰੇ ਦੀ ਤਾਬ ਨਾ ਝੱਲ ਸਕਿਆ।ਉਹ ਕਿੰਨਾਂ ਚਿਰ ਦੇਖਦਾ ਹੀ ਰਿਹਾ ਫਿਰ ਵੀ ਉਸ ਨੇ ਨਿਮਸ਼ਕਾਰ ਨਹੀਂ ਕੀਤੀ॥ਸਤਿਗੁਰੂਜੀ ਆਪਅਰੋ ਹੋਏ ਨਿਮਸ਼ਕਾਰ ਕਰਕੇ ਜੋਗੀ ਨੂੰ ਆਦਰ ਸਤਕਾਰ ਨਾਲ ਬੈਠਾ ਲਿਆ॥

Sri Satguru Jagjit Singh Ji eLibrary NamdhariElibrary@gmail.com

ਫਿਰ ਗਿਆਨ ਚਰਚਾ ਹੋਣ ਲੱਗੀ।

ਸਤਿਗੁਰੂ ਜੀ-ਸੁਣਾਓ ਜੋਗੀ ਰਾਜ ਜੀ ! ਆਪ ਦੀ ਆਯੂ ਕਿੰਨੇ ਕੁ ਵਰ੍ਹਿਆਂ ਦੀ।'

ਜੋਗੀ ਰਾਜ-'ਮੈਂ ਨਹੀਂ ਦਸ ਸਕਦਾ, ਕਈ ਸਦੀਆਂ ਗੁਜ਼ਰ ਗਈਆਂ ਹਨ। ਮੈਂ ਕੀ ਦਸ ਸਕਦਾ ਹਾਂ। ਹੁਣ ਤਾਂ ਮੈਨੂੰ ਇਹ ਵੀ ਪਤਾ ਨਹੀਂ ਮੈਂ ਕੇਹੜੇ ਬਾਪ ਦੇ ਘਰ ਜਨਮ ਲਿਆ ਸੀ।ਕੇਹੜੇ ਸ਼ਹਿਰ ਵਿਚ ਜਨਮ ਲਿਆ॥'

ਸਤਿਗੁਰੂ ਜੀ-'ਕੀ ਜੋਗ ਬਲ ਨਾਲ ਵੀ ਜਾਚ ਨਹੀਂ ਸਕਦੇ।

ਜੋਗੀ ਰਾਜ-'ਸ਼ਾਇਦ ਜਾਚ ਲਈਏ, ਕਿਹਾ ਨਹੀਂ ਜਾ ਸਕਦਾ॥'

ਸਤਿਗੁਰੂ ਜੀ-'ਜੋਗ ਤੋਂ ਤੁਸਾਂ ਦੀ ਕੀ ਮੁਰਾਦ ਹੈ ?'

ਜੋਗੀ ਰਾਜ--ਮੈਂ ਤਾਂ ਇਕੋ ਗੱਲ ਸਿਖੀ ਹੈ ਕਿ ਉਮਰ ਵਡੀ ਕਰਨੀ ਜੋਗ ਵਿਦਿਆ ਦੇ ਬਲ ਨਾਲ ਉਮਰ ਲੰਮੀ ਕਰੀ ਜਾਂਦਾ ਹਾਂ॥ ਮੈਨੂੰ ਗਿਆਨ ਹੈ ਕਿ ਜਦੋਂ ਮੌਤ ਨੇ ਆਉਣਾ ਹੁੰਦਾ ਹੈ ਮੈਂ ਸਮਾਂ ਜਾਣ ਜਾਂਦਾ ਹਾਂ॥ ਉਸ ਵੇਲੇ ਸਵਾਸ ਦੁਸਵੇਂ ਦੁਵਾਰ ਚੜ੍ਹਾ ਕੇ ਸਮਾਧੀ ਲਾ ਬੈਠਦਾ ਹਾਂ,ਬਸ ਫਿਰ ਕੀ ਮੌਤ ਦਾ ਸਮਾਂ ਲੰਘ ਜਾਂਦਾ ਹੈ॥ ਮੁੜ ਜੀਉਂਦਾ ਰਹਿੰਦਾ ਹਾਂ॥

ਸਤਿਗੁਰੂ ਜੀ ਇਹ ਸੁਣ ਕੇ ਮੁਸਕਰਾਏ ਤੇ ਮੁਸਕਰਾਉਂਦੇ ਹੋਏ ਬੋਲੇ-'ਲੰਮੀ ਆਯੂ ਤੋਂ ਕੀ ਲਾਭ। ਲੰਮੀ ਆਯੂ ਤਾਂ ਪਸ਼ੂਆਂ ਦੀ ਚਾਹੀਦੀ ਹੈ। ਪਰ ਲੰਮੀ ਆਯੂ ਤੋਂ ਤਾਂ ਪਸ਼ੂ ਵੀ ਤੰਗ ਆ ਜਾਂਦੇ ਹਨ॥ ਸੱਪ ਦੀ ਆਰਜਾ ਬਹੁਤ ਲੰਮੀ ਹੈ, ਉਹ ਦੁਖ ਪਾਉਂਦਾ ਹੈ॥ ਪੇਟ ਦੇ ਭਾਰ ਚਲ ਕੇ ਤੰਗ ਹੁੰਦਾ ਹੈ॥'

ਜੋਗੀ ਰਾਜ-'ਤੁਸਾਂ ਦਾ ਭਾਵ ਕਿ ਆਰਜਾ (ਉਮਰ) ਲੰਮੀ ਨਹੀਂ ਹੋਣੀ ਚਾਹੀਦੀ।'

ਸਤਿਗੁਰੂ-'ਕਦੀ ਨਹੀਂ, ਜੇਕਰ ਉਸ ਨੂੰ ਹੰਕਾਰ ਰਹਿਣਾ ਹੈ, ਹੰਕਾਰ ਦੀ ਜੁਵਾਲਾ ਨਾਲ ਆਤਮਾਂ ਸੜ ਸੜ ਕੇ ਦੁਖੀ ਹੁੰਦੀ ਰਹੀ ਤਾਂ ਜੀਉਣ ਦਾ ਕੀ ਲਾਭ। ਕਰਾਮਾਤਾਂ ਮਨੁਖ ਹਿਰਦੇ ਨੂੰ ਸ਼ਾਂਤ ਨਹੀਂ ਕਰਦੀਆਂ ਮਨੁਖ ਦੇ ਹਿਰਦੇ ਨੂੰ ਸ਼ਾਂਤੀ ਤਾਂ ਹੀ ਪ੍ਰਾਪਤ ਹੋ ਸਕਦੀਹੈ ਜੇਕਰ ਵਾਹਿਗੁਰੂ ਦਾ ਸਿਮਰਨ ਕਰੇ, ਸੇਵਾ ਕਰੇ ਤੇ ਲੋਕ ਭਲਾਈ ਕਰਨਾ ਹੋਇਆ ਦਸਾਂ ਨੌਹਾਂ ਦੀ ਕਮਾਈ

Sri Satguru Jagjit Singh Ji eLibrary NamdhariElibrary@gmail.com

ਵੀ ਕਰੋ। ਜੇ ਮਨੁਖ ਜਗਤ ਦੇ ਕੰਮ ਨਹੀਂ ਆ ਸਕਦਾ, ਸਗੋਂ ਜਗਤ ਜੀਵਾਂ ਤੇ ਭਾਰ ਬਣਕੇ ਰਹਿੰਦਾ ਹੈ, ਮੰਗ ਕੇ ਖਾਂਦਾ ਹੈ ਦਸੋ ਉਸ ਦੇ ਬਹੁਤਾ ਜੀਉਣ ਦਾ ਕੀ ਲਾਭ?ਚੰਗਾ ਨਹੀਂ ਐਸਾ ਪੁਰਸ਼ ਛੇਟੀ ਉਮਰੇ ਹੀ ਮਰ ਜਾਵੇ।ਜੀਵਨ ਗੁਲਾਬ ਫੁਲ ਦੀ ਤਰ੍ਹਾਂ ਹੋਣਾ ਚਾਹੀਦਾ ਹੈ। ਥੋੜਾ ਚਿਰ ਜੀਵੇ, ਖਿੜੇ,ਮਹਿਕ ਦੁਨੀਆਂ ਨੂੰ ਦਿਤੀ ਤੇ ਤੁਰਦੇ ਹੋਏਹੇ ਜੋਗੀ ਰਾਜ। ਤੁਸੀਂ ਭੁਲੇਖੇ ਵਿਚ ਰਹੇ ਹੋ ਤੁਸਾਂ ਦੇ ਹਿਰਦੇ ਨੂੰ ਭਰਮ ਹੈ। ਹੰਕਾਰ ਦਾ ਸੇਕ ਹੈ, ਇਸ ਨੂੰ ਦੂਰ ਕਰਨ ਦਾ ਢੱਜ ਅਚਾਰ ਸਿਖੋ। ਅੰਤ ਨੂੰ ਤਾਂ ਮਰਨਾ ਹੀ ਹੈ। ਭਾਵੇਂ ਚਾਰ ਦਿਨ ਜਿਉ ਲਿਆ ਤੇ ਭਾਵੇਂ ਸੈਂਕੜੇ ਸਾਲ, ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ–

ਮਿਥਿਆ ਧੋਹ ਮੋਹ ਅਭਿਮਾਨ ॥ ਮਿਥਿਆ ਆਪਸ ਉਪਰ ਕਰਤ ਗੁਮਾਨ ॥
ਅਸਥਿਰੁ ਭਗਤਿ ਸਾਧ ਕੀ ਸਰਨ॥ਨਾਨਕ ਜਪਿਜਪਿ ਜੀਵੈ ਹਰਿ ਕੇ ਚਰਨ॥
ਮਿਥਿਆ ਸ੍ਰਵਨ ਪਰਨਿੰਦਾ ਸੁਨਹਿ ॥ ਮਿਥਿਆ ਹਸਤ ਪਦਾਰਥ ਕਉ ਹਿਰਹਿ ॥ ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦ॥ਮਿਥਿਆ ਰਸਨਾ ਭੋਜਨ ਅਨਸਵਾਦ ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥ ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ॥ਸਫਲ ਦੇਹ ਨਾਨਕ ਹਰਿਹਰਿਨਾਮੁਲਏ॥
ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥
'ਬਿਨ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥ ਮੇਘ ਬਿਨਾ ਜਿਉ ਖੇਤੀ ਜਾਇ ॥'

ਅੰਮ੍ਰਿਤ ਰੂਪੀ ਬਾਣੀ ਨੂੰ ਸੁਣ ਕੇ ਜੋਗੀ ਦਾ ਦਿਲ ਧੜਕਿਆ,ਉਸ ਦਾ ਮੱਥਾ ਠਣਕਿਆ। ਉਸ ਨੂੰ ਪ੍ਰਤੀਤ ਹੋਇਆ ਜਿਵੇਂ ਉਸ ਤੋਂ ਕੋਈ ਵਡੀ ਉਮਰ ਵਾਲਾ ਗੁਰੂ ਉਸਦੇ ਕੰਨ ਫੜ ਕੇ ਉਸ ਨੂੰ ਕਹਿਣ ਲੱਗਾ ਹੈ। 'ਜੋਗੀ ਤੂੰ ਬਣਿਓ ਪਰ ਜੋਗ ਦੀਜੁਗਤੀ ਨਾ ਸਿਖੀ।'ਲੰਮੀਉਮਰ ਦੇ ਅਭਿਮਾਨਵਿਚ ਹੀ ਰਿਹਾ ਤੇ ਮੁਕਤੀ ਵਾਸਤੇ ਕੁਝ ਨਾ ਕੀਤਾ,ਕੀ ਇਹ ਗੱਲ ਠੀਕਹੈ? ਇਹ

Sri Satguru Jagjit Singh Ji eLibrary NamdhariElibrary@gmail.com

ਗੁਰੂ ਮੇਰੇ ਨਾਲੋਂ ਵੱਡਾ ਹੈ? ਕੀ ਇਹ ਸਭ ਕੁਝ ਠੀਕ ਆਖਦਾ ਹੈ। ਸਾਧੂ ਹੋਣਾ ਮਾੜਾ ਹੈ।' ਇਉਂ ਪਹਿਲਾਂ ਤਾਂ ਉਹ ਚਿਤ ਵਿਚ ਸੋਚਦਾ ਰਿਹਾ ਤੇ ਮੁੜ ਉਸ ਨੇ ਕੌਬਚੇ ਹਿਰਦੇ ਨਾਲ ਸਤਿਗੁਰੂ ਜੀ ਅਗੇ ਸਵਾਲ ਕਰ ਹੀ ਦਿਤਾ–'ਮੈਂ ਪੁਛਦਾ ਹਾਂ ਕੀ ਸਾਧੂ ਹੋਣਾ ਮਾੜਾ ਹੈ।'

ਉਸ ਵੇਲੇ ਸਾਹਿਬਾਂ ਨੇ ਉਤਰ ਦਿਤਾ–'ਇਹ ਨਹੀਂ ਗਲ, ਸਾਧੂ ਹੋਣਾ ਮਾੜਾ ਨਹੀਂ, ਸਾਧੂ ਉਤਮ ਹਸਤੀ ਹੈ। ਸਾਧੂ ਦਾ ਮਤਲਬ ਹੈ ਸਾਧਨਾ ਕਰਨ ਵਾਲਾ ਪਰ ਮਾਨਨਾ ਖੁਦਗਰਜ਼ੀ ਵਾਸਤੇ ਨਾ ਹੋਵੇ, ਸਗੋਂ ਸਾਧਨਾ ਦਾ ਫਲ ਸਿਰਫ ਲੋਕ ਭਲਾਈ ਹੋਣਾ ਚਾਹੀਦਾ ਹੈ। ਜੋ ਸਾਧੂ ਸਚੇ ਹਿਰਦੇ ਨਾਲ ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਹੈ। ਜਗਤ ਦੇ ਸਮਾਜਕ ਰਾਜਸੀ ਤੇ ਕੁਦਰਤ ਅਵਸਥਾ ਨੂੰ ਇਕ ਪਧਰ ਉਤੇ ਰਖਣਾ ਚਾਹੁੰਦਾ ਹੈ ਉਸਦੇ ਤਾਂ ਦਰਸ਼ਨ ਕਰਕੇ ਹੀ ਆਮ ਲੋਕ ਤਰ ਜਾਂਦੇ ਹਨ।।ਐਸੇ ਮਹਾਂ ਪੁਰਖਾਂ ਬਾਰੇ ਸਤਿਗੁਰੂ ਜੀ ਫਰਮਾਉਂਦੇ ਹਨ–

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥
ਸਾਧ ਕੈ ਸੰਗਿ ਭਏ ਆਗਿਆਕਾਰੀ॥ਸਾਧ ਸੰਗਿ ਗਤਿ ਭਈ ਹਮਾਰੀ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥ ਨਾਨਕ ਸਾਧ ਭੇਟੇ ਸੰਜੋਗ ॥
ਸਾਧ ਕੀ ਮਹਿਮਾ ਬੇਦ ਨ ਜਾਨਹਿ॥ਜੇਤਾ ਸੁਨਹਿ ਤੇਤਾ ਬਖਿਆਨਹਿ॥

ਤ੍ਰਿਸਦਾ ਪ੍ਰਮਾਰਥ–(ਐਸੇਨੇਕ)ਸਾਧੂਆਂਦੀਸੰਗਤ ਕਰਨਦੇਵਾਹਿਗੁਰੂ ਦਾ ਸਿਮਰਨ ਪਿਆਰਾ ਤੇ ਮਿੱਠਾ ਲਗਦਾ ਹੈ (ਜਦੋਂ) ਸਿਮਰਨ ਕੀਤਾ ਜਾਵੇ ਤਦੋਂ ਵਾਹਿਗੁਰੂਹਿਰਦੇ ਵਸਿਆ ਹੋਇਆ ਪ੍ਰਗਟਰੂਪਵਿਚਦਿਸਦਾਹੈ।।ਸਾਧੂਆਂ ਦੀ ਸੰਗਤ ਕਰਨ ਤੇ ਜੀਵਾਂਨੂੰ ਆਗਿਆ ਦਾ ਪਾਲਨ ਕਰਨ ਦਾ ਅਭਿਆਸ ਹੋ ਜਾਂਦਾ ਹੈ।। ਸਾਧੂ ਦੇ ਮਿਲਾਪ ਨਾਲ ਜੀਵਾਂ ਦੀ ਗਤੀ ਹੋ ਜਾਂਦੀ ਹੈ ।। ਮਨ ਤੇ ਤਨ ਦੇ ਰੋਗ ਮਿਟ ਜਾਂਦੇ ਹਨ।।ਐਸੇ ਗੁਰਮੁਖਾਂ ਨਾਲ ਮੇਲ ਭਲੇ ਸੰਜੋਗ ਨਾਲ ਹੀ ਹੁੰਦਾ ਹੈ ।। ਐਸੇ ਮਹਾਂ ਪੁਰਖਾਂ ਸਾਧੂਆਂ ਦਾ ਜੱਸ ਤਾਂ ਬੇਦ ਵੀ ਨਹੀਂ ਕਰ ਸਕਦੇ।। ਉਹ ਜਿੰਨਾ ਸੁਣਨ ਉੱਨਾਂ ਹੀ ਬਿਆਨ ਕਰੀ ਜਾਂਦੇ ਹਨ।।ਭਾਵ ਕਿ ਐਸੇ ਸਾਧੂਆਂਦੀਮਹਿਮਾਂ ਬਹੁਤ ਹੀ ਅਪਰਅਪਾਰਹੈ,ਕੋਈਭੇਤਨਹੀਂਜਾਣਦਾ।।

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਉਪਦੇਸ਼ ਸੁਣ ਕੇ ਹਜ਼ਾਰਾਂ ਸਾਲ ਦੀ ਆਯੂ ਭੋਗਣ ਵਾਲੇ ਜੋਗੀ ਨੂੰ ਗਿਆਨ ਹੋ ਗਿਆ। ਹੁਣ ਤਕ ਹਨੇਰੇ ਵਿਚ ਹੀ ਰਿਹਾ ਤੇ ਆਤਮਿਕ ਸ਼ਾਂਤੀ ਪ੍ਰਾਪਤ ਨਾ ਕੀਤੀ। ਉਸ ਦੀ ਆਤਮਾ ਨੇ ਇਹ ਗੱਲ ਮੰਨ ਲਈ ਕਿ ਉਹ ਹਨੇਰੇ ਵਿਚ ਜਾ ਰਿਹਾ ਹੈ। ਉਸ ਨੇ ਸਤਿਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ। ਦਰਸ਼ਨ ਕਰਕੇ ਨਿਹਾਲ ਹੋਕੇ ਆਪਣੇ ਡੇਰੇ ਚਲਿਆ ਗਿਆ ਤੇ ਥੋੜਾ ਚਿਰ ਪਿਛੋਂ ਸਮਾ ਗਿਆ, ਕਿਉਂਕਿ ਉਸ ਨੇ ਫੈਸਲਾ ਕਰ ਲਿਆ ਸੀ ਕਿ ਆਰਜ਼ਾ ਲੰਮੀ ਕਰਨ ਦਾ ਕੁਝ ਲਾਭ ਨਹੀਂ।

੫. ਭਾਈ ਦਾਨੇ ਦਾ ਸਿੱਖੀ ਪ੍ਰੇਮ

ਜਿਵੇਂ ਪਿਛੇ ਦੱਸ ਆਏ ਹਾਂ ਕਿ ਤੁਰਕਾਂ ਦੀ ਸੈਨਾ ਤੁਰ ਗਈ। ਚੌਧਰੀ ਕਪੂਰੇ ਦੇ ਪੁਤ੍ਰਾਂ ਤੇ ਹੋਰ ਬੈਰਾੜਸੇਵਕਾਂ ਨੇ ਆਕੇ ਦਸਿਆ ਕਿ ਤੁਰਕ ਤਾਂ ਆਪਣੇ ਪਾਪਾਂ ਦੀ ਅੱਗ ਵਿਚ ਆਪ ਸੜ ਕੇ ਹੋਏ ਪਿਛੇ ਮੁੜ ਗਏ ਹਨ ਹੁਣ ਕੋਈ ਡਰ ਵਾਲੀ ਗਲ ਨਹੀਂ ਮਾਲਵੇ ਵਿਚ ਸਤੰਤ੍ਰਤਾ ਨਾਲ ਵਿਚਰੋ।

ਸਾਹਿਬਾਂ ਨੇ ਆਪਣੇ ਮਿਸ਼ਨ ਦੀ ਪੂਰਤੀ ਵਾਸਤੇ ਇਕ ਵਾਰ ਪੂਰੇ ਭਰੋਸੇ ਨਾਲ ਫਿਰ ਸਿਖੀ ਪ੍ਰਚਾਰ ਕਰਨ ਦਾ ਫੈਸਲਾ ਕੀਤਾ। ਮੁਕਤਸਰ ਤੋਂ ਅਗੇ ਰਾਜਪੂਤਾਨੇ ਵਲ ਜਾਣ ਦੀ ਥਾਂ ਸਾਹਿਬਾਂ ਨੇ ਪਿਛੇ ਮਾਲਵੇ ਵਲ ਨੂੰ ਮੋੜੇ ਪਾਏ। ਜਿਸ ਨਗਰ ਵਿਚ ਜਾਂਦੇ ਉਥੇ ਹੀ ਸਿਖੀ ਪ੍ਰਚਾਰ ਕਰਦੇ ਅੰਮ੍ਰਿਤ ਛਕਾ ਕੇ ਸਿੰਘਾਂ ਦੀ ਗਿਣਤੀ ਵਧਾਉਂਦੇ ਰਹੇ।

ਸਤਿਗੁਰੂ ਜੀ ਪਾਸ ਕੁਝ ਤਾਂ ਸਿਦਕੀ, ਭਰੋਸੇ ਵਾਲੇ, ਤਿਆਗੀ ਸੰਤ ਤੇ ਸੇਵਕ ਸਿੰਘ ਸਨ ਤੇ ਕੁਝਕੁ ਬੈਰਾੜ ਤੇ ਮਾਲਵੇ ਦੇ ਜਵਾਨ ਸਤਿਗੁਰੂ ਜੀ ਨੇ ਤਨਖਾਹ ਤੇ ਰਖੇ ਹੋਏ ਸਨ। ਭਾਈ ਦਾਨਾ ਉਹਨਾਂ ਦਾ ਸੈਨਾਪਤੀ ਸੀ। ਵਾਹਵਾ ਦਿਨ ਬੀਤ ਗਏ, ਸਤਿਗੁਰੂ ਜੀ ਨੇ ਤਨਖਾਹ ਨਾ ਦਿਤੀ ਕਿਉਂਕਿ ਭੰਡਾਰੇ ਵਿਚ ਮਾਯਾ ਨਹੀਂ ਸੀ। ਇਕ ਦਿਨ ਸਤਿਗੁਰੂ ਜੀ ਦੀਵਾਨ ਵਿਚ ਬੈਠੇ ਸਨ ਕਿ ਬੈਰਾੜਾਂ ਸਿਪਾਹੀਆਂ ਨੇ ਇਕੱਠੇ ਹੋਕੇ ਕਿਹਾ—ਮਹਾਰਾਜ ! ਅਸੀਂ ਆਪ ਪਾਸ ਨੌਕਰਹਾਂ, ਨੌਕਰ ਹੋਇਆਂਵੀ ਸਾਨੂੰ ਕਈ ਮਹੀਨੇ ਬੀਤ ਗਏ ਹਨ

Sri Satguru Jagjit Singh Ji eLibrary NamdhariElibrary@gmail.com

ਅਜੇ ਤਕ ਅਸਾਂ ਨੂੰ ਤਨਖਾਹ ਦਾ ਕੋਈ ਪੈਸਾ ਨਹੀਂ ਮਿਲਿਆ,ਅਜ ਅਸੀਂ ਬੇਨਤੀ ਕਰਦੇ ਹਾਂ ਕਿ ਆਪ ਜ਼ਰੂਰ ਅਸਾਂ ਦੀਆਂ ਤਨਖਾਹਾਂ ਦੇ ਪੈਸੇ ਦਿਓ।'

ਤਨਖਾਹ ਜਰੂਰ ਦੇਣੀਸੀ।ਇਸ ਗਲੋਂ ਸਤਿਗੁਰੂਜੀ ਨਮੁਕਰਨਹੀਂ ਸਨ, ਪਰ ਮਾਯਾ ਦੇ ਗਫੇ ਕਿਤਿਓਂ ਆਏ ਨਹੀਂ ਸਨ। ਗੁਰੂ ਕੇ ਲੰਗਰ ਦਾ ਖਰਚ ਢੇਰ ਸੀ।ਸਾਹਿਬਾਂ ਨੇ ਗੰਭੀਰਤਾ ਨਾਲ ਉੱਤਰ ਦਿਤਾ-ਸਿੰਘੋ! ਤੁਸਾਂ ਦੀਆਂ ਤਨਖਾਹੀਂ ਦੇਣੀਆਂ ਹਨ। ਹਿਸਾਬ ਕਰਕੇ ਪਾਈ ਪਾਈ ਦੇ ਦੇਵਾਂਗੇ ਪਰ ਮਾਯਾ ਦੇ ਗਫੇ ਆਉਣ ਤੇ,ਜਿੰਨਾਂ ਚਿਰ ਮਾਯਾ ਨਹੀਂ ਆਉਂਦੀ ਉਨ੍ਹਾਂ ਚਿਰ ਤਨਖਾਹ ਤਾਰਨੀ ਔਖੀ ਹੈ। ਥੋੜ੍ਹਾ ਸਬਰ ਕਰੋ। ਅਕਾਲ ਪੁਰਖ ਸਾਰੇ ਕਾਰਜ ਰਾਸ ਕਰ ਦੇਵੇਗਾ।'

ਬੈਰਾੜ ਸਿਪਾਹੀ'-ਇਹ ਕੀ ਪਤਾ ਕਦੋਂ ਆਪ ਨੂੰ ਮਾਇਆ ਦੇ ਗੱਫੇ ਮਿਲਣਗੇ ? ਆਪ ਕੋਈ ਰਾਜੇ ਤਾਂ ਹੈ ਹੀ ਨਹੀਂ ਜੋ ਜ਼ਮੀਨ ਦਾ ਮਾਮਲਾ ਆਉਣਾ ਹੈ। ਟਿਕ ਕੇ ਤਾਂ ਬੈਠਦੇ ਨਹੀਂ ਜਿਸ ਨਾਲ ਸਿਖੀ ਹਾਜ਼ਰ ਹੋਵੇ ਤੇ ਚੜ੍ਹਾਵਾ ਚੜੇ ਜੋ ਚੜ੍ਹਾਵਾ ਚੜ੍ਹਦਾ ਹੈ ਉਹ ਨਾਲੋ ਨਾਲ ਖਰਚ ਹੁੰਦਾ ਜਾਂਦਾ ਹੈ। ਅਸੀਂ ਸਭ ਕੁਝ ਦੇਖ ਰਹੇ ਹਾਂ ਬਸ ਅਸਾਂ ਤਾਂ ਫੈਸਲਾ ਕੀਤਾ ਹੈ ਕਿ ਅਜ ਜ਼ਰੂਰ ਤਨਖਾਹੀਂ ਲੈ ਲੈਣੀਆਂ ਹਨ। ਭਾਵੇ ਤੁਝੀਂ ਕੁਝ ਯਤਨ ਕਰੋ। ਅਸਾਂ ਨੂੰ ਤਨਖਾਹ ਦੇਵੋ।

ਸਤਿਗੁਰੂ ਜੀ-'ਜਿਦ ਕਰਨੀ ਚੰਗੀ ਨਹੀਂ ਨਾ ਕਿਸੇ ਦੀ ਚੁਕਣਾ ਵਿਚ ਆਉਣਾ ਚਾਹੀਦਾ।ਜਦ ਤੁਸੀਂ ਦੇਖਦੇ ਹੋ ਕਿ ਮਾਯਾ ਨਹੀਂ ਆਉਂਦੀ ਤਾਂ ਅਸੀਂ ਤੁਸਾਂ ਦੀਆਂ ਤਨਖਾਹੀ ਤਾਰੀਏ ਕਿਵੇਂ ?'

ਇਹ ਬਚਨ ਸੁਣਕੇਕੁਝ ਸੋਚਣ ਦੀ ਥਾਂ ਬੈਰਾੜ ਤੇਮਲਵਈਜਵਾਨ ਜੋਸ਼ ਨਾਲ ਗਰਮ ਹੋਕੇ ਬੋਲੇ-'ਇਸ ਦਾ ਕੀ ਮਤਲਬ। ਜੇ ਤਨਖਾਹਨਹੀਂ ਦੇ ਸਕਦੇ ਤਾਂ ਫੌਜ ਰਖਣ ਦਾ ਕੀ ਚਾਅ। ਕਿਉਂ ਨਹੀਂ ਸਾਧੂਆਂ ਵਾਂਗ ਡੇਰਾ ਮਲ ਕੇ ਬੈਠਦੇ ਤੇ 'ਵਾਹਿਗੁਰੂ' ਜਪਦੇ, ਇਹ ਸ਼ਾਹੀ ਸ਼ਾਨ ਦਿਖਾਉਣ ਦਾ ਕੀ ਭਾਵ।

ਅਗਿਆਨ ਦੇ ਵਸ ਹੋਕੇ ਪੁਰਸ਼ ਕਈ ਵਾਰ ਐਸੇ ਬਚਨ ਬੋਲ

Sri Satguru Jagjit Singh Ji eLibrary NamdhariElibrary@gmail.com

ਦੇਂਦਾ ਹੈ, ਜੋ ਉਸਨੂੰ ਕਦੀ ਨਹੀਂ ਬੋਲਣੇ ਚਾਹੀਦੇ, ਪਰ ਮਾਇਆ ਦਾ ਲੋਭੀ ਅੰਨ੍ਹਾ ਬੋਲਾ ਹੋ ਜਾਂਦਾ ਹੈ। ਉਹ ਸ਼ੁਭ ਅਸ਼ੁਭ ਨਹੀਂ ਵਿਚਾਰਦਾ, ਇਕ ਅਨਪੜ੍ਹ, ਦੂਸਰੇ ਜੰਗਲ ਦੇ ਰਹਿਣ ਵਾਲੇ,ਤੀਸਰੇ ਜਵਾਨ ਤੇ ਚੌਥੇ ਮਾਯਾ ਦੇ ਪੁਤਲੇ, ਫਿਰ ਉਹਨਾਂ ਨੂੰ ਸਤਿਗੁਰੂ ਜੀ ਦੀ ਉੱਚੀ ਪਦਵੀ ਕਿਵੇਂ ਦਿਸਦੀ ਉਹ ਨਰਕ ਦੇ ਭਾਗੀ ਬਣਨ ਦੀ ਤਿਆਰੀ ਕਰ ਰਹੇ ਸਨ। ਉਹਨਾਂ ਦੇ ਕੌੜੇ ਬਚਨਾਂ ਨੂੰ ਸੁਣਕੇ ਸਤਿਗੁਰੂਜੀਕਰੋਧਵਾਨ ਨਹੀਂਹੋਏ,ਉਹ ਧੀਰਜ ਵਿਚਰਹੇ। ਉਹ ਸੋਚਣ ਲਗ ਪਏ, ਕੁਝ ਚਿਰ ਸੋਚ ਕੇ ਬੋਲੇ—'ਸਿੰਘੋ ਜੋ ਕੁਝ ਤੁਸੀਂ ਆਖਦੇ ਹੋ ਠੀਕ ਹੈ। ਕਿਉਂਕਿ ਤੁਸਾਂ ਦਾ ਗਿਆਨ ਏਨਾ ਕੁ ਹੈ ਹੁਣ ਇਹ ਦੇਖੋ! ਇਕ ਪਾਸੇ ਹੈ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਤੇ ਦੂਸਰੇ ਪਾਸੇ ਹਨ ਤਨਖਾਹ ਦੇ ਛਿਲੜ, ਦਸੋ ਸਿਖੀ ਲੈਣੀ ਜੇ ਕਿ ਤਨਖਾਹ ਦੇ ਛਿਲੜ।'

ਸਿਆਣੇ ਤਾਂ ਚੁਪ ਹੋ ਗਏ, ਪਰ ਗਭਰੂਆਂ ਨੇ ਉੱਚੀ ਕੂਕ ਕੇ ਆਖਿਆ 'ਸਿਖ ਤਾਂ ਅਸੀਂ ਅਗੇ ਹਾਂ, ਹੁਣ ਕੋਈ ਨਵੀਂ ਸਿੱਖੀ ਥੋੜ੍ਹੀ ਧਾਰਨ ਕਰਨੀਹੈ, ਪਰ ਤਨਖਾਹ ਨਹੀਂ ਛਡਣੀ, ਅਸਾਂ ਨੂੰ ਤਨਖਾਹ ਦੇ ਛਿਲੜ ਚਾਹੀਏ।' ਉਹ ਸਤਿਗੁਰੂ ਜੀ ਦੇ ਬਚਨਾਂ ਦਾ ਭਾਵ ਨਾ ਸਮਝ ਸਕੇ।

ਭਾਣਾ ਕਰਤਾਰ ਦਾ ਐਸਾਵਰਤਿਆ ਕਿ ਉਸ ਵੇਲੇ ਇਕ ਸੁਹਾਗਰ ਸਿੱਖਸਤਿਗੁਰੂ ਨਾਨਕ ਦੇਵ ਜੀਦਾ ਜੱਸ ਗਾਉਂਦਾ ਹੋਇਆ ਤੇ ਧੰਨਸਤਿਗੁਰੂ ਜੀ ! ਸਤਿਨਾਮ ਵਾਹਿਗੁਰੂ ! ਦਾ ਜਾਪ ਜਪਦਾ ਹੋਇਆ ਸਤਿਗੁਰੂ ਜੀ ਦੇ ਹਜ਼ੂਰ ਆ ਪਹੁੰਚਾ, ਸਾਹਿਬਾਂ ਦੇ ਚਰਨਾਂ ਉਪਰ ਮੱਥਾ ਟੇਕ ਕੇਉਸ ਨੇ ਬੇਨਤੀ ਕੀਤੀ—'ਸਚੇ ਪਾਤਿਸ਼ਾਹ ! ਮੈਂ ਪੋਠੋਹਾਰ ਵਿਚੋਂ ਆਇਆ ਹਾਂ ਅਸਾਂ ਦੇ ਨਗਰਾਂ ਦਾ ਦਸਵੰਧ ਜਮ੍ਹਾਂ ਸੀ। ਉਹ ਰਕਮ ਗੁਰੂ ਕੇ ਲੰਗਰ ਵਿਚ ਪਾਉਣ ਵਾਸਤੇ ਆਇਆ ਹਾਂ। ਦੋ ਖੱਚਰਾਂ ਲੱਦੀਆਂ ਹਨ।ਆਪਨੂੰਲੱਭਦਾਲੱਭਦਾ ਪੁਜਿਆ ਹਾਂ। ਬਹੁਤ ਪੰਧ ਝਾਕਣੇ ਪਏ ਹਨ। ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈਕਿ ਆਪ ਦੇ ਦਰਸ਼ਨ ਹੋ ਗਏ। ਲੋਕ ਤਾਂ ਬਹੁਤ ਡਰਾਉਂਦੇ ਸੀ । ਆਪ ਦੀ ਕ੍ਰਿਪਾ ਨਾਲ ਚੋਰ ਤੇ ਡਾਕੂ ਵੀ ਨਹੀਂ ਮਿਲੇ, ਸ਼ਾਹੀ ਫੌਜਾਂ ਨੇ ਵੀ ਕੁਝ ਨਹੀਂ ਕਿਹਾ, ਸਰਹੰਦ ਦਾ ਲਸ਼ਕਰ ਰਾਹ ਵਿਚ ਮਿਲਿਆ ਸੀ ਉਹ ਵੀ ਪਾਸੇ ਪਾਸੇ ਚੁਪ

Sri Satguru Jagjit Singh Ji eLibrary NamdhariElibrary@gmail.com

ਚਾਪ ਲੰਘ ਗਿਆ। ਆਪਣੀ ਅਮਾਨਤ ਸੰਭਾਲੋ! ਪੋਠੋਹਾਰ ਦੀ ਸਾਰੀ ਸੰਗਤ ਦਰਸ਼ਨਾਂ ਵਾਸਤੇ ਤੁਰਲੋ-ਮੱਛੀ ਹੋ ਰਹੀ ਹੈ। ਹੁਣ ਮੈਂ ਜਾਕੇ ਦਸਾਂਗਾ ਸੰਗਤ ਦਰਸ਼ਨ ਕਰਨ ਵਾਸਤੇ ਆਵੇਗੀ।'

ਇਕ ਸਾਹੇ ਹੀ ਸਿੱਖ ਨੇ ਸਾਰੀਆਂ ਗੱਲਾਂ ਕਰ ਦਿਤੀਆਂ। ਸਤਿਗੁਰੂ ਜੀ ਦੇ ਰਜ ਕੇ ਦਰਸ਼ਨ ਕੀਤੇ ਤੇ ਨਿਹਾਲ ਹੋਇਆ। ਸਾਹਿਬਾਂ ਨੇ ਸਿੰਘਾਂ ਨੂੰ ਹੁਕਮ ਕੀਤਾ। ਉਹ ਮਾਯਾ ਨਾਲੀਆਂ ਭਰੀਆਂ ਹੋਈਆਂ ਖੁਰਜੀਆਂ ਖੱਚਰ ਉਪਰੋਂ ਚੁਕ ਕੇ ਸਾਹਿਬਾਂ ਦੇ ਕੋਲ ਲੈ ਆਏ। ਚਾਂਦੀ ਦੇ ਰੁਪੈ ਤੇ ਸੋਨੇ ਦੀਆਂ ਮੋਹਰਾਂ ਸਨ, ਜਿਨ੍ਹਾਂ ਦੀ ਲਿਸ਼ਕ ਨੇ ਬੈਰਾੜਾਂ ਦੇ ਦਿਲ ਠੰਢੇ ਕਰ ਦਿਤੇ। ਉਹ ਕੁਝ ਸ਼ਰਮਿੰਦੇ ਜਹੇ ਵੀ ਹੋ ਗਏ। ਬਾਕੀ ਦੀ ਸੰਗਤ ਹੈਰਾਨ ਸੀ।

ਉਸ ਵੇਲੇ ਸਤਿਗੁਰੂ ਜੀ ਨੇ ਬਚਨ ਕੀਤਾ-'ਜਿਨ੍ਹਾਂ ਨੇ ਤਨਖਾਹ ਦੇ ਰੁਪੈ ਲੈਣੇ ਹਨ, ਉਹ ਉਠਕੇ ਇਕ ਪਾਸੇ ਖਲੋ ਜਾਣ। ਸਭ ਦੀ ਤਨਖਾਹ ਹੁਣੇ ਪੂਰੀ ਕੀਤੀ ਜਾਂਦੀ ਹੈ। ਅਗੇ ਤੋਂ ਅਸਾਂ ਕਿਸੇ ਨੂੰ ਤਨਖਾਹ ਤੇ ਨੌਕਰੀ ਨਹੀਂ ਰਖਣਾ। ਜਿਸ ਨੇ ਅਸਾਂ ਕੋਲ ਰਹਿਣਾ ਹੋਵੇ ਉਹ ਸੇਵਾ ਜਾਂ ਸਿੱਖੀ ਭਾਵ ਨਾਲ ਅਸਾਂ ਪਾਸ ਰਹਿ ਸਕਦਾ ਹੈ।'

ਇਹ ਬਚਨ ਨੂੰ ਸੁਣਕੇ ਅਨਸੋਚੇ ਹੀ ਕਈ ਮਲਵਈ ਤੇ ਬੈਰਾੜ ਗਭਰੂ ਉਠਕੇ ਇਕ ਪਾਸੇ ਹੋ ਖਲੋਤੇ। ਉਹ ਤਨਖਾਹ ਚਾਹੁੰਦੇ ਸਨ। ਉਹਨਾਂ ਦੀ ਤਨਖਾਹ ਦਾ ਹਿਸਾਬ ਕਰਕੇ ਸਤਿਗੁਰੂ ਜੀ ਨੇ ਸਭ ਨੂੰ ਰਕਮ ਵੰਡ ਦਿੱਤੀ। ਜਿਸ ਨੂੰ ਵੀ ਪੈਸੇ ਦਿਤੇ ਉਹਨੂੰ ਨੌਕਰੀ ਤੋਂ ਜਵਾਬ ਦੇ ਦਿਤਾ। ਬੈਰਾੜਾਂ ਦੇ ਸੈਨਾਪਤੀ ਭਾਈ ਦਾਨੇ ਦੀ ਵਾਰੀ ਆਈ। ਉਸ ਦੀ ਰਕਮ ਬਹੁਤੀ ਸੀ, ਉਹ ਰਕਮ ਲੈਣ ਵਾਸਤੇ ਨਾ ਉਠਿਆ। ਸਤਿਗੁਰੂ ਜੀ ਨੇ ਉਸ ਨੂੰ ਕਿਹਾ-ਕਿਉਂ ਭਾਈ ਦਾਨਿਆਂ ਤੂੰ ਕਿਉਂ ਨਹੀਂ ਪੈਸੇ ਲੈਂਦਾ?

ਭਾਈ ਦਾਨਾ ਉਠਕੇ ਖਲੋਗਿਆ, ਉਸ ਨੇ ਹੱਥ ਜੋੜਕੇ ਬੇਨਤੀ ਕੀਤੀ-'ਮਹਾਰਾਜ! ਰੁਪਿਆਂ ਦੀ ਲੋੜ ਨਹੀਂ। ਆਪ ਦੇ ਦਰਸ਼ਨਾਂ ਦੀ ਲੋੜ ਹੈ। ਆਪ ਦੇ ਚਰਨ ਕਮਲਾਂ ਵਿਚ ਰਹਿਣ ਦੀ ਲੋੜ ਹੈ। ਸਿਖੀ ਦਾਨ ਹੀ ਬਖਸ਼ੋ, ਚਰਨਾਂ ਵਿਚ ਸੇਵਾ ਕਰਦੇ ਰਹਾਂਗੇ।'

Sri Satguru Jagjit Singh Ji eLibrary NamdhariElibrary@gmail.com

ਭਾਈ ਦਾਨੇ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਸਾਹਿਬਾਂ ਬਚਨ ਕੀਤਾ-'ਭਾਈਦਾਨਿਆ ਤੂੰ ਮਾਲਵੇ ਦੀ ਸਿਖੀ ਰੱਖ ਲਈਹੈ।

ਉਸੇ ਦਿਨ ਭਾਈ ਦਾਨੇ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾ ਦਿਤਾ ਤੇ ਨਾਮ 'ਦਾਨ ਸਿੰਘ' ਰਖਿਆ।

੬. ਸੰਮੂ ਫਤੂ ਦੀਆਂ ਟਾਹਲੀਆਂ

ਜੋਹੜੇ ਤਨਖਾਹ ਦੀ ਇੱਛਾ ਵਾਲੇਬੈਰਾੜ ਤੇ ਮਲਵਈ ਗਭਰੂ ਸਨ, ਸਤਿਗੁਰੂ ਜੀ ਨੇ ਉਹਨਾਂ ਸਾਥਿਆਂ ਨੂੰ ਜੁਵਾਬ ਦੇ ਦਿਤਾ ਤੇ ਉਹਨਾਂ ਨੂੰ ਹੀ ਸਾਥ ਰਖਿਆ ਜੋਹੜੇਸਿਦਕ-ਭਰੋਸੇ ਵਾਲੇ ਤਿਆਗੀ ਤੇ ਗੁਰਮੁਖਸਜਨ ਸਨ। ਸਤਿਗੁਰੂ ਜੀ ਬੇਫਿਕਰੀ ਨਾਲ ਫਿਰਨ ਲਗੇ।

ਚਲਦੇ ਚਲਦੇ ਸਾਹਿਬ 'ਨੌਖੇਹੇ' ਪਿੰਡ ਆ ਪੁਜੇ। ਉਥੋਂ ਦੇ ਜੱਟ ਬੜੇ ਰਜੇ ਪੁਜੇ ਹੋਣ ਕਰਕੇ ਰਤਾ ਘਮੰਡੀ ਸਨ। ਉਹਨਾਂ ਨੇ ਸਤਿਗੁਰੂ ਜੀ ਦੀ ਸੇਵਾ ਤਾਂ ਕੀਤੀ ਪਰ ਕੋਈ ਬਹੁਤੀ ਖੁਲ੍ਹ ਦਿਲੀ ਨਾਲ ਨਹੀਂ, ਸਗੋਂ ਐਵੇਂ ਚਲਦੇ ਮਨ ਨਾਲ, ਉਸ ਸਮੇਂ ਸਤਿਗੁਰੂ ਜੀ ਦਾ ਮਨ ਐਸਾ ਸੀ ਕਿ ਜੇ ਕੋਈ ਸੇਵਾ ਨਹੀਂ ਸੀ ਕਰਦਾ ਤਾਂ ਵੀ ਸ਼ਾਂਤ ਰਹਿੰਦਾ ਸੀ।

ਰਾਤ ਪਈ ਸਾਹਿਬਾਂ ਦਾ ਡੇਰਾ ਬਾਹਰ ਸੀ। ਉਸ ਸਮੇਂ ਡਾਕੇ ਵੀ ਪਿਆ ਕਰਦੇ ਸਨ ਤੇ ਵੈਰੀ ਦਾ ਵੀ ਵਿਚਾਰ ਰਹਿੰਦਾ ਸੀ। ਨਾਲ ਹੀ ਸਤਿਗੁਰੂ ਜੀ ਨੂੰ ਸਿੰਘ ਇਕੱਲਿਆਂ ਨਹੀਂ ਸਨ ਸੌਣ ਦੇਂਦੇ ਕਿਉਂਕਿ ਤੁਰਕਾਂ ਦਾ ਡਰ ਰਹਿੰਦਾ ਸੀ ਕਿ ਧੋਖਾ ਨਾ ਕਰਨ ਸਾਹਿਬਾਂ ਦੇ ਤੰਬੂ ਉਦਾਲੇ ਰਾਤਨੂੰ ਪਹਿਰਾ ਰਖਿਆ ਜਾਂਦਾ ਸੀ। ਪਹਿਰੇਦਾਰ ਸਾਰੀ ਰਾਤ ਬੜੀ ਹੁਸ਼ਿਆਰੀ ਨਾਲ ਪਹਿਰਾ ਦੇਂਦੇ ਸਨਡੇਰੇ ਦਾ ਪਹਿਰਾਨਗਰ ਦੇ ਆਦਮੀਆਂਕੋਲੋਂਦਿਵਾਇਆ ਕਰਦੇ ਸਨ।ਸਾਹਿਬਾਂ ਨੇ ਜੱਟਾਂਨੂੰਪਹਿਰੇ ਵਾਸਤੇ ਆਖਿਆ ਉਨ੍ਹਾਂ ਨੇ ਹਾਂ ਤਾਂ ਕਰ ਦਿਤੀ ਪਰ ਆਪ ਪਹਿਰਾ ਦੇਣ ਦੀ ਥਾਂ ਕੰਮੀ,ਡੋਗਰਾਂ ਨੂੰ ਪਹਿਰਾ ਦੇਣ ਵਾਸਤੇ ਆਖਿਆ,ਉਹ ਜੱਟਾਂ ਪਾਸੋਂ ਪੈਲੀਲੈਕੇ ਵਾਹਿਆ ਕਰਦੇਸਨ ਤੇ ਸਾਰੇ ਉਹਨਾਂ ਨੂੰ ਪਾਹੀ ਆਖਦੇ ਸਨ। ਡੋਗਰ ਵਿਚੋਂ ਸੰਮੂ ਤੇ ਫਤੂ ਦੇ ਜਵਾਨ

Sri Satguru Jagjit Singh Ji eLibrary NamdhariElibrary@gmail.com

ਪਹਿਰਾ ਦੇਣ ਵਾਸਤੇ ਆਏ। ਗਰੀਬ ਆਦਮੀ ਖੁਦਾ ਦੇ ਭੈ ਵਾਲਾ ਹੁੰਦਾ ਹੈ। ਉਹ ਸਦਾ ਰਬੀ ਕਹਿਰ ਕੋਲੋਂ ਡਰਦਾ ਹੋਇਆ ਸਾਧੂ ਫਕੀਰਾਂ ਦੀ ਸੇਵਾ ਕਰਦਾ ਰਹਿੰਦਾ ਹੈ ਪਰ ਵਡੇ ਤੇ ਮਾਇਆ ਧਾਰੀ ਲੋਕ ਸੇਵਾ ਨਹੀਂ ਕਰਦੇ।

ਸੰਮੂ ਤੇ ਫਤੂ ਨੇ ਸਿਖਾਂ ਦਾ ਭੇਸ ਧਾਰ ਕੇ ਪਹਿਰਾ ਦਿਤਾ ਜਿਵੇਂ ਜੱਟਾਂ ਨੇ ਆਖਿਆ ਸੀ। ਸਤਿਗੁਰੂ ਜੀ ਨੂੰ ਸਾਰੀ ਕਾਰਵਾਈ ਦਾ ਪਤਾ ਲਗ ਗਿਆ ਸਾਹਿਬ ਚੁਪ ਰਹੇ, ਰਾਤ ਦੇ ਸਮੇਂ ਇਕ ਦੋ ਵਾਰ ਉਠੇ ਤੇ ਪੁਛਿਆ-'ਪਹਿਰੇ ਤੇ ਕੌਣ ਹੈ।'

ਸੰਮੂ ਤੇ ਫਤੂ! ਗਰੀਬ ਬੰਦੇ, ਖੁਦਾ ਭਲਾ ਕਰੇ।'

ਅਗੋਂ ਅਵਾਜ਼ ਆਉਂਦੀ ਰਹੀ ਤੇ 'ਖੁਦਾ' ਸ਼ਬਦ ਦਸਦਾ ਸੀ ਕਿ ਭੋਗਰ ਮੁਸਲਮਾਨ ਸਨ।ਸਤਿਗੁਰੂ ਜੀ ਮੁਸਲਮਾਨ ਜਾਤੀ ਕੋਲੋਂ ਘਬਰਾਉਂਦੇ ਨਹੀਂ ਰਹੇ। ਉਹ ਸਮਝਦੇ ਸਨ ਕਿ ਕੋਈ ਕੌਮ ਸਾਰੀ ਦੀ ਸਾਰੀ ਮਾੜੀ ਨਹੀਂ ਹੋ ਸਕਦੀ, ਵੈਰ ਜ਼ੁਲਮ ਨਾਲ ਹੈ, ਬੰਦਿਆਂ ਨਾਲ ਨਹੀਂ।

ਸੁਖੀ ਸਾਂਦੀ ਰਾਤ ਬੀਤ ਗਈ। ਸੰਮੂ ਤੇ ਫਤੂ ਘਰ ਨੂੰ ਨਾ ਗਏ। ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਬੈਠ ਗਏ।ਉਨ੍ਹਾਂ ਦੇ ਹੱਥ ਜੁੜ ਗਏ ਤੇ ਅੱਖਾਂ ਮੀਟੀਆਂ ਗਈਆਂ। ਮਨ ਹੀ ਮਨ ਉਨ੍ਹਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਉਨ੍ਹਾਂ ਦੀ ਗਰੀਬੀ ਨੂੰ ਦੂਰ ਕਰ ਦੇਣ। ਉਨ੍ਹਾਂ ਨੂੰ ਗਰੀਬੀ ਬਹੁਤ ਤਗ ਕਰ ਰਹੀ ਹੈ।ਉਹ ਜੱਟਾਂ ਪਾਸੋਂ ਜ਼ਮੀਨ ਲੈਕੇ ਵਾਹੁੰਦੇ ਹਨ। ਵਾਹੀ ਖੁਤੰਤਰ ਚਾਹੀਦੀ ਹੈ।

ਰੋਜੀ ਪ੍ਰੀਤਮ ਉਨ੍ਹਾਂ ਦੇ ਮਨੋਭਾਵਾਂ ਨੂੰ ਜਾਣ ਗਏ ਪਰ ਕੋਈ ਬਚਨ ਪ੍ਰਗਟ ਤੋਰ ਤੇ ਨਾ ਕੀਤਾ। ਸਾਰਾ ਦਿਨ ਦੀਵਾਨ ਲਗਾ ਰਿਹਾ। ਉਪਦੇਸ਼ ਹੁੰਦੇ ਰਹੇ। ਅਗਲੇ ਦਿਨ ਉਸ ਥਾਂ ਤੋਂ ਕੂਚ ਕੀਤਾ, ਜਦੋਂ ਕੂਚ ਕਰਕੇ ਅਗੇ ਜਾ ਰਹੇ ਸਨ। ਤਾਂ ਸੰਮੂ ਤੇ ਫਤੂ ਨੂੰ ਨਾਲ ਹੀ ਰਖ ਲਿਆ ਸੀ ॥ ਪਿੰਡੋਂ ਦੂਰ ਆ ਕੇ ਖੁਲ੍ਹੀ ਜੂਹ ਆਈ॥ਕਈਆਂ ਮੀਲਾਂ ਦੇ ਚੋਗਿਰਦੇ ਦੀ ਖੁਲ੍ਹੀ ਜੂਹ ਸੀ, ਜੂਹ ਧਰਤੀ ਬਹੁਤ ਉਪਜਾਊ ਤੇ ਸੁੰਦਰ ਸੀ ਸਤਿਗੁਰੂਜੀ ਚਲਦੇ ਚਲਦੇ ਇਕ ਟਾਹਲੀਆਂ ਦੇ ਝੁੰਡ ਹੇਠਾਂ ਖਲੋ ਗਏ॥ ਉਸ ਵੇਲੇ ਸਾਹਿਬਾਂ ਨੇ ਸੰਮੂ ਤੇ ਫਤੂ ਨੂੰ ਸੱਦਿਆ॥ ਉਨ੍ਹਾਂ ਨੂੰ ਕੋਲ ਸੱਦਕੇ ਬਚਨ ਕੀਤਾ-'ਤੁਸਾਂ ਦੀ ਸੇਵਾ ਤੇ ਅਸੀਂ ਬਹੁਤ ਪ੍ਰਸੰਨ

Sri Satguru Jagjit Singh Ji eLibrary NamdhariElibrary@gmail.com

ਹਾਂ। ਤੁਸੀਂ ਨਿਹਾਲ ਹੋਏ ਜੋ ਮਨ ਇੱਛਾ ਹੈ ਸੋ ਪ੍ਰਗਟ ਕਰੋ।'

ਜਿਵੇਂ ਭੁਖੇ ਨੂੰ ਅੰਨ ਕਿਹਾ ਜਾਵੇ ਤਾਂ ਉਹ ਚੌਂਕ ਉਠਦਾ ਹੈ ਤੇ ਉਛਲ ਕੇ ਅਗੇ ਹੁੰਦਾ ਹੈ, ਤਿਵੇਂ ਸੰਮੂ ਤੇ ਫਤੂ ਹਥ ਜੋੜ ਕੇ ਹਾਜਰ ਹੋਏ। ਫਤੂ ਨੇ ਕਿਹਾ–'ਮਹਾਰਾਜ। ਅਸੀਂ ਗਰੀਬ ਹਾਂ। ਅਸਾਡੀ ਗਰੀਬੀ ਦੂਰ ਕਰੋ। ਅਸਾਂ ਨੂੰ ਸੁਤੰਤਰ ਭੂਮੀ ਚਾਹੀਦੀ ਹੈ। ਇਸ ਦੀ ਕਿਰਪਾ ਕਰੋ, ਮੇਹਨਤੀ ਬੰਦੇ ਹਾਂ। ਹੋਰ ਅਸੀਂ ਕਝ ਨਹੀਂ ਮੰਗਦੇ।'

ਫਤੂ ਦਾ ਬੋਲ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ–'ਇਥੇ ਅਸੀ' ਡੇਰਾ ਕਰਨ ਹਾਂ।ਤੁਸੀਂ ਘੋੜਾ ਫੇਰਕੇ ਜਮੀਨ ਮਲਲਵੋ ਤੇ ਇਨ੍ਹਾਂ ਟਾਹਲੀਆਂ ਹੇਠਾਂ ਪਿੰਡ ਬੰਨ੍ਹ ਲਵੋ। ਤੁਸਾਂ ਦਾ ਪਿੰਡ ਵਲਿਆ ਜਾਵੇਗਾ ਤਾਂ ਅਸੀਂ ਅਗੇ ਜਾਵਾਂਗੇ। ਜਾਓ ਘੋੜਾ ਫੇਰੋ ॥ ਤੁਸਾਂ ਦਾ ਘੋੜਾ ਕੋਈ ਨਹੀਂ ਰੋਕੇਗਾ ॥ ਚੰਗੀ ਤਰ੍ਹਾਂ ਵਾਹੁਣਾ ਤੇ ਰੱਜ ਕੇ ਖਾਣਾ ॥'

ਉਸੇ ਵੇਲੇ ਫਤੂ ਤੇ ਸੰਮੂ ਘੋੜਿਆਂ ਤੇ ਸਵਾਰ ਹੋ ਗਏ ਦੂਰ ਦੂਰ ਤਕ ਉਹਨਾਂ ਨੇ ਘੋੜੇ ਫੇਰੇ।ਉਸਦੇ ਪਿਛੋਂ ਟਾਹਨੀਆਂ ਵੱਢ ਕੇ ਝੁਗੀਆਂ ਪਾਉਣੀਆਂ ਆਰੰਭ ਕੀਤੀਆਂ।ਤੇ ਚਾਰ ਦਿਨਾਂ ਵਿਚ ਝੁਗੀਆਂ ਪੈ ਗਈਆਂ, ਉਹ ਆਪਣੇ ਨਾਲ ਡੰਗਰ ਤੇ ਬਾਲ-ਬੱਚਾ ਉਸੇ ਥਾਂ ਲੈ ਆਏ ॥ ਖੁਸ਼ੀ ਨਾਲ ਰਹਿਣ ਲਗੇ ॥ ਅਜੇ ਤਕ ਉਹਨਾਂ ਦੇ ਪਿੰਡ ਨੂੰ ਸੰਮੂ ਤੇ ਫਤੂ ਦੀਆਂ ਟਾਹਲੀਆਂ ਆਖਿਆ ਜਾਂਦਾ ਹੈ ਕਿਉਂਕਿ ਸਤਿਗੁਰੂ ਜੀ ਨੇ ਦੋਹਾਂ ਸੇਵਕਾਂ ਨੂੰ ਨਿਹਾਲ ਕੀਤਾ ਸੀ ॥

੭. ਲਖੀ ਜੰਗਲ ਵਿਚ ਰੌਣਕਾਂ

ਲਾਤੇ ਦੇ ਚੋਜਾਂ ਦਾ ਵਰਣਨ ਕਰਨਾ ਔਖਾ ਹੈ ॥ ਜਿਵੇਂ ਅਸਮਾਨ ਦੇ ਤਾਰੇ ਨਹੀਂ ਗਿਣੇ ਜਾਂਦੇ ਤਿਵੇਂ ਤਾਰੇ ਹੋਏ ਸਿਖ ਨਹੀਂ ਗਿਣੇ ਜਾਂਦੇ॥ ਸਤਿਗੁਰੂ ਜੀ ਜੇ ਸ਼ਿਕਾਰ ਖੇਡਦੇ ਸਨ ਤਾਂ ਵੀ ਕਿਸੇ ਨਾ ਕਿਸੇ ਜੀਅ ਦਾ ਉਧਾਰ ਕਰਦੇ ਸਨ ਜੇ ਉਪਦੇਸ਼ ਕਰਦੇਸਨ ਤਾਂ ਵੀ ਜੀਵਾਂਨੂੰਭਵਜਲ ਤੋਂ ਪਾਰਕਰਦੇਸਨ, ਪੰਛੀ ਤੇ ਪਸ਼ੂਆਂ ਦੇ ਪਿਛਲੇ ਜਨਮ ਦੇ ਭੇਤੀ ਹੋਣ ਕਰਕੇ ਸਭ ਦਾ ਖਿਆਲ

Sri Satguru Jagjit Singh Ji eLibrary NamdhariElibrary@gmail.com

ਰਖਦੇ ਸਨ। ਸਾਹਿਬਾਂ ਨੇ ਇਕ ਦਿਨ ਤਿੱਤਰ ਮਾਰਿਆ ਉਸ ਦੇ ਵਿਚ ਕੋਈ ਭੇਤ ਸੀ।

ਸਾਹਿਬ ਕੌਤਕ ਕਰਦੇ ਹੋਏ ਭਾਈਦਾਨੇ ਨਾਲ ਉਹਦੇ ਪਿੰਡ(ਦਾਨੇ ਵਾਲ) ਨੂੰ ਜਾ ਰਹੇ ਸਨ ਕਿਉਂਕਿ ਉਸ ਦੀ ਰੀਝ ਸੀ ਕਿ ਸਤਿਗੁਰੂ ਜੀ ਉਹਦੇ ਪਿੰਡ ਜ਼ਰੂਰ ਜਾਣ ਉਹ ਪੂਰਾ ਮੁਰੀਦ ਬਣ ਚੁਕਾ ਸੀ। ਤਨ, ਮਨ ਤੇ ਧਨ ਉਸ ਨੇ ਸਤਿਗੁਰੂ ਜੀ ਦੇ ਹਵਾਲੇ ਕਰ ਦਿਤਾ ਸੀ ਸਤਿਗੁਰੂ ਜੀ ਵੀ ਉਸ ਉਤੇ ਬਹੁਤ ਪ੍ਰਸੰਨ ਸਨ।ਉਸ ਨੂੰ ਮਾਲਵੇ ਦੀ ਇੱਜਤ ਸਮਝਦੇ ਸਨ ਉਹ ਵੀ ਸੇਵਾ ਕਰਦਾ ਹੋਇਆ ਥੱਕਦਾ ਨਹੀਂ ਸੀ।

ਸਾਹਿਬ ਰੁਮਾਣੇ ਪੁਜੇ, ਉਥੇ ਇਕ 'ਘੋਗੜ' ਜਾਨਵਰ ਦੇਖਿਆ ਤੇ ਸਾਹਿਬਾਂ ਨੇ ਉਸ ਨੂੰ ਆਪਣੇ ਤੀਰ ਨਾਲ ਮਾਰ ਦਿਤਾ।ਜਦੋਂ ਉਹ ਜਾਨਵਰ ਮਾਰਿਆ ਤਾਂ ਭਾਈ ਦਾਨਾ ਸਿੰਘ ਨੇ ਬੇਨਤੀ ਕਰਕੇ ਪੁਛਿਆ-'ਮਹਾਰਾਜ ! ਇਹ ਕੀ ਕੌਤਕ ਹੈ ? ਇਸ ਨੂੰ ਕਿਉਂ ਮਾਰਿਆ ਗਿਆ ਹੈ ?

ਸਤਿਗੁਰੂ ਜੀ ਬੋਲੇ-'ਭਾਈ ਦਾਨਿਆਂ ! ਇਸਨੂੰ ਮਾਰਿਆ ਨਹੀਂ ਗਿਆ, ਸਗੋਂ ਜੀਅ ਦਾਨ ਦਿਤਾ ਗਿਆ ਹੈ ਇਹ ਇਕ ਪਾਪੀ ਪੁਰਸ਼ ਸੀ। ਇਹ ਰਾਜਾ ਸੀ ਬਹੁਤ ਹੀ ਦੁਸ਼ਟ ਤੇ ਦੁਰਾਚਾਰੀ ਸੀ।ਇਕ ਦਿਨ ਇਸ ਨੇ ਕਾਮ ਵਸ ਹੋਕੇ ਇਕ ਮਾਸੂਮ ਕੰਨਿਆਂ ਨੂੰ ਫੜ ਲਿਆ । ਮਲੋ ਮਲੀ ਧਕੇ ਨਾਲ ਉਹਦੇ ਨਾਲ ਮੂੰਹ ਕਾਲਾ ਕੀਤਾ। ਉਸ ਕੰਨਿਆਂ ਨੇ ਇਸ ਨੂੰ ਸਰਾਪ ਦਿਤਾ ਕਿ ਤੂੰ ਮਰ ਕੇ ਘੋਗੜ ਬਣੇ ਤੇ ਦੁਖੀ ਹੋਕੇ ਗੰਦ-ਮੰਦ ਖਾਇਆ ਕਰੇਂ। ਪਾਪ ਕਰਮ ਦਾ ਫਲ ਪਾਪ ਹੁੰਦਾ ਹੈ। ਉਹ ਕੰਨਿਆਂ ਜ਼ਹਿਰ ਖਾਕੇ ਮਰ ਗਈ ਉਸ ਕਾਰਨ ਰਾਜਾ ਘੋਗੜ ਬਣਿਆਂ ਤੇ ਹੁਣ ਤਕ ਦੁਖ ਝੱਲਦਾ ਆਇਆ, ਅਜ ਇਸ ਦੇ ਦੁਖ ਦਾ ਅੰਤ ਹੋ ਗਿਆ। ਹੁਣ ਇਹ ਭ੍ਰਿਸ਼ਟ ਜੂਨੀ ਵਿਚੋਂ ਛੁਟਕਾਰਾ ਪਾ ਲਵੇਗਾ।'

ਇਉਂ ਸਾਖੀ ਸੁਣਾਕੇ ਸਤਿਗੁਰੂ ਜੀ ਨੇ ਉਪਦੇਸ਼ ਦਿਤਾ-'ਹੇ ਭਾਈ ਦਾਨਾ ਸਿੰਘ! ਕਿਸੇ ਸਿਖ ਨੂੰ ਕਦੀ ਵੀ ਕਾਮ ਵਸ ਹੋਕੇ ਕਿਸੇ ਪਰਨਾਰੀ ਨਾਲ ਧੱਕਾ ਨਹੀਂ ਕਰਨਾ ਚਾਹੀਦਾ।ਜੇਹੜੇ ਪਰਨਾਰੀ ਨਾਲ ਗਮਨ ਕਰਨ ਵਾਲੇ ਹੁੰਦੇ

Sri Satguru Jagjit Singh Ji eLibrary NamdhariElibrary@gmail.com

ਹਨ ਉਹਨਾਂ ਦਾ ਜਨਮ ਨਸ਼ਟ ਹੋ ਜਾਂਦਾ ਹੈ।' ਇਉਂ ਉਪਦੇਸ਼ ਕਰਕੇ ਸਾਹਿਬ ਸਮਾਧੀ ਲਾਕੇ ਬੈਠੇ, ਕਿੰਨਾ ਚਿਰ ਸਮਾਧੀ ਲਗੀ ਰਹੀ।

ਰੁਮਾਣੇ ਦੇ ਨੇੜੇ ਹੀ ਥੋਹੜੀ ਪਿੰਡ ਵਿਚ ਇਕ ਮੁਸਲਮਾਨ ਦਾ ਮਕਬਰਾ ਸੀ, ਉਸ ਵਿਚ ਮੁਸਲਮਾਨ ਤਾਂ ਨਹੀਂ ਸੀ ਰਹਿੰਦਾ, ਪਰ ਇਕ ਕੰਨ ਪਾਟਿਆਂ ਵਾਲਾ ਜੋਗੀ ਰਹਿੰਦਾ ਸੀ। ਇਹ ਜੋਗੀ ਬਹੁਤ ਹੰਕਾਰੀ ਸੀ, ਕੁਝ ਕਰਾਮਾਤਾਂ ਵੀ ਉਸ ਕੋਲ ਸਨ। ਸਾਹਿਬ ਉਸ ਦੇ ਕੋਲ ਚਲੇ। ਉਸ ਨੇ ਸਾਹਿਬਾਂ ਨੂੰ ਕਿਹਾ--'ਕੋਈ ਕਰਾਮਾਤ ਦਿਖਾਵੋ!'

ਸਤਿਗੁਰੂ ਜੀ ਨੇ ਉੱਤਰ ਦਿਤਾ--ਕਰਾਮਾਤ ਦਿਖਾਉਣੀ ਨਹੀਂ ਚਾਹੀਦੀ। ਇਹ ਕਹਿਰ ਰੂਪ ਹੁੰਦੀ ਹੈ। ਕਿਸੇ ਨਾ ਕਿਸੇ ਦਾ ਨੁਕਸਾਨ ਜ਼ਰੂਰ ਹੋ ਜਾਂਦਾ ਹੈ।

ਸਾਹਿਬਾਂ ਦਾ ਇਹ ਉੱਤਰ ਸੁਣਕੇ ਵੀ ਜੋਗੀ ਨੇ ਦਮ ਨਾ ਲਿਆ ਉਸ ਨੇ ਹੋਰ ਜ਼ਿੱਦ ਕੀਤੀ। ਜਦ ਉਹ ਜ਼ਿੱਦ ਕਰੀ ਗਿਆ ਤਾਂ ਸਾਹਿਬਾਂ ਨੇ ਰਤਾ ਕੁ ਨੈਣ ਮੁੰਦੇ। ਬਸ ਉਨ੍ਹਾਂ ਨੈਣਾਂ ਦੇ ਮੁੰਦਣ ਦੀ ਢਿਲ ਸੀ ਕਿ ਜੋਗੀ ਦਾ ਹਿਰਦਾ ਕੰਬ ਉਠਿਆ ਉਸ ਦੀ ਸਾਰੀ ਸ਼ਕਤੀ ਨਸ਼ਟ ਹੋ ਗਈ, ਉਹ ਰੀਆਂ ਰਿਧੀਆਂ ਸਿਧੀਆਂ ਉਡ ਗਈਆਂ। ਪਹਿਲਾਂ ਉਹ ਦੂਰ ਸ਼ਹਿਰਾਂ ਤੋਂ ਰੋਟੀ ਖਾ ਕੇ ਆ ਜਾਂਦਾ ਸੀ, ਉਹ ਹਿਲਣ ਜੋਗਾ ਨਾ ਰਿਹਾ। ਉਸ ਨੇ ਸਤਿਗੁਰੂ ਜੀ ਨੂੰ ਕਿਹਾ--'ਮਾੜਾ ਕੀਤਾ ਹੈ। ਤੁਸਾਂ ਤਾਂ ਮੇਰੀ ਹੀ ਸ਼ਕਤੀ ਨਸ਼ਟ ਕਰ ਦਿਤੀ।'

ਸਾਹਿਬਾਂ ਨੇ ਮੁਸਕਰਾਕੇ ਬਚਨ ਕੀਤਾ--'ਤੁਸਾਂਨੂੰ ਤਾਂ ਪਹਿਲਾਂ ਕਿਹਾ ਸੀ ਕਿ ਕਰਾਮਾਤ ਨਹੀਂ ਦਿਖਾਉਣੀ ਚਾਹੀਦੀ। ਤੁਸਾਂ ਦੀ ਜ਼ਿਦ ਦਾ ਫਲ ਹੈ। ਹੁਣ ਇਹ ਥਾਂ ਛੱਡ ਦੇਵੋ ਤਾਂ ਉਹ ਕਰਾਮਾਤ ਤੁਸਾਂ ਕੋਲ ਆ ਜਾਵੇਗੀ। ਅਗੇ ਨੂੰ ਕਦੀ ਹੰਕਾਰ ਨਾ ਕਰਨਾ, ਨਾ ਕਿਸੇ ਸਾਧੂ ਫਕੀਰ ਨੂੰ ਕਦੀ ਇਹ ਕਹਿਣਾ ਕਿ ਉਹ ਅਜਮਤ ਦਿਖਾਵੇ।'

ਉਹ ਜੋਗੀ ਉਸ ਥਾਂ ਤੋਂ ਉਠਕੇ ਦਸਰੀ ਥਾਂ ਚਲਿਆ ਗਿਆ। ਸਤਿਗੁਰੂ ਜੀ ਨੇ ਅਗੇ ਨੂੰ ਕੂਚ ਕੀਤਾ।

ਚਲਦੇ ਚਲਦੇ ਸਤਿਗੁਰੂ ਜੀ ਬੰਬੀਹੇ ਪਿੰਡ ਵਿਚ ਪੁਜੇ। ਉਸ ਪਿੰਡ

Sri Satguru Jagjit Singh Ji eLibrary NamdhariElibrary@gmail.com

ਦੀ ਸੰਗਤ ਨੇ ਬਹੁਤ ਪਰੇਮ ਕੀਤਾ। ਸਤਿਗੁਰੂ ਜੀ ਤੇ ਸਿੰਘਾਂ ਵਾਸਤੇ ਲੰਗਰ ਤਿਆਰ ਕਰਵਾਇਆ। ਖੀਰ ਤੇ ਕੜਾਹ ਪ੍ਰਸ਼ਾਦ ਦੇ ਦੇਗੇ ਕੀਤੇ।ਉਹਨਾਂ ਦਾ ਸਿਖੀ ਪਰੇਮ ਦੇਖਕੇ ਸਤਿਗੁਰੂਜੀ ਉਥੇ ਨੌਂ ਦਿਨਰਹੇ।ਨੌਂ 'ਦਿਨ ਹੀ ਉਪਦੇਸ਼ ਕਰਦੇ ਰਹੇ, ਸਾਰੇ ਨਗਰ ਵਾਸੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਸਾਰੀਆਂ ਕਰੀਤੀਆਂ ਤੋਂ ਹਟਾਇਆ।

ਏਥੇ ਹੀ ਪੰਜਾਬ ਦੇ ਕੁਝ ਹਿਸਿਆਂ ਦੀ ਸੰਗਤ ਦਰਸ਼ਨ ਕਰਨ ਵਾਸਤੇ ਆ ਪੁਜੀ। ਸਤਿਗੁਰੂ ਜੀ ਦੇ ਦਰਸਨਾਂ ਦੇ ਭੁਖੇ ਸਿਖ ਪਪੀਹੇ ਵਾਂਗ ਕੂਕਦੇ ਹੋਏ ਸਤਿਗੁਰੂ ਜੀ ਨੂੰ ਲਭ ਰਹੇ ਸਨ। ਉਹ ਬਹੁਤ ਵਿਆਕੁਲ ਹੋਕੇ ਲੰਮਾ ਪੰਧ ਮਾਰਕੇ ਅਤੇ ਤਨਾਂ ਦੇ ਕਸ਼ਟ ਸਹਾਰਕੇ ਸਤਿਗੁਰੂ ਜੀ ਨੂੰ ਮਿਲੇ।ਕੁਝ ਮਾਝੇ ਦੇ ਚੋਧਰੀਆਂ ਨੇ ਲੋਕਾਂ ਨੂੰ ਪਤਾ ਦੇ ਦਿਤਾ ਕਿ ਸਤਿਗੁਰੂ ਜੀ ਮਾਲਵੇ ਵਿਚ ਹਨ। ਮੁਕਤਸਰ ਜੁਧ ਦੀਆਂ ਵੀ ਖਬਰਾਂ ਪਹੁੰਚ ਗਈਆਂ ਸਨ,ਇਸ ਕਰਕੇ ਸੰਗਤ ਬਹੁਤ ਘਰਾਂ ਤੋਂ ਤੁਰ ਪਈ ਸੀ, ਜੇਹੜੇ ਸਿੰਘ ਅਨੰਦਪੁਰ ਨੂੰ ਛੱਡਣ ਸਮੇਂ ਤੇ ਸਰਸਾ ਦੀ ਲੜਾਈ ਸਮੇਂ ਵਿਛੜ ਗਏਸਨ ਉਹ ਵੀ ਸਤਿਗੁਰੂ ਜੀ ਨੂੰ ਲਭਦੇ ਫਿਰਦੇ ਸਨ। ਉਹਨਾਂ ਵਿਚੋਂ ਵੀ ਬਹੁਤੇ ਆ ਪੁਜੇ।

ਸਾਰਿਆਂ ਸਿੰਘਾਂ ਨੇ ਰੱਜਕੇ ਦਰਸ਼ਨ ਕੀਤੇ,ਅਰਜ਼ਾਂਕੀਤੀਆਂ ਤੇ ਇਹ ਵੀ ਅਰਦਾਸ ਕੀਤੀ–'ਦਾਤਾ ! ਭਵਜਲ ਦਾ ਡਰ ਜ਼ਾਨ ਖਿਚੀ ਜਾਂਦਾ ਹੈ। ਮਨ ਅਸ਼ਾਂਤ ਰਹਿੰਦਾ ਹੈ। ਸ਼ਾਂਤੀ ਬਖਸ਼ੋ! ਦਇਆ ਕਰੋ।'

ਸਤਿਗੁਰੂ ਜੀ ਨੇ ਉਪਦੇਸ਼ ਕੀਤਾ–ਸਤਿਗੁਰੂ ਜੀ ਦੀ ਬਾਣੀ ਪੜ੍ਹਨੀ ਦੇਸ਼ ਤੇ ਧਰਮ ਦੀ ਸੇਵਾ ਅਤੇ ਦਸਾਂ ਨੌਂਹਾਂ ਦੀ ਕਿਰਤ ਕਮਾਈ ਕਰਕੇ ਰੋਟੀ ਖਾਣੀ ਆਦਿਕ ਚੰਗੇ ਗੁਣ ਦਸੇ। ਮਨ ਉਤੇ ਕਾਬੂ ਪਾਉਣ ਦਾ ਉਪਦੇਸ਼ ਵੀ ਦਿਤਾ।

ਉਸ ਸੰਗਤ ਵਿਚੋਂ ਕੁਝ ਸਿੰਘ ਤਾਂ ਵਾਪਸ ਘਰਾਂ ਨੂੰ ਚਲੇ ਗਏ ਤੇ ਕੁਝ ਉਥੇ ਹੀ ਸਤਿਗੁਰੂ ਦਾ ਸਿਮਰਨ ਕਰਨ ਤੇ ਸੇਵਾ ਕਰਨ ਰਹਿ ਪਏ॥ ਸਤਿਗੁਰੂ ਜੀ ਵਾਸਤੇ ਸੁੰਦਰ ਬਸਤ੍ਰ ਘੋੜੇ ਤੇ ਗਹਿਣੇ ਆਦਿਕ ਬਹੁ-ਮੁਲੀਆਂ ਵਸਤੂਆਂ ਵੀ ਆ ਪੁਜੀਆਂ॥ਖਜਾਂਨੇ ਵਿਚ ਮਾਜਾ ਦਾ ਵਾਧਾ ਹੋਣਲਗਪਿਆ,

Sri Satguru Jagjit Singh Ji eLibrary NamdhariElibrary@gmail.com

ਲੰਗਰ ਅਟੁਟ ਚਲਣ ਲੱਗਾ। ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਹੋ ਗਈਆਂ। ਦੁਸ਼ਮਨ ਬਦਲ ਰੂਪ ਵਿਚ ਆਏ ਤੇ ਆਪੇ ਹੀ ਸਮੇਂ ਦੀ ਹਵਾ ਨਾਲ ਉਡ ਗਏ। ਸਿਖੀ ਦਾ ਵਾਯੂ ਮੰਡਲ ਖਤਰੇ ਦੇ ਬਦਲਾਂ ਤੋਂ ਨਿਰਮਲ ਹੋ ਗਿਆ। ਸਿੰਘ ਭੌਰਿਆਂ ਵਾਂਗ 'ਅੰਮ੍ਰਿਤ ਦਾ ਅਨੰਦ ਲੈਣ ਲਗੇ।

ਸਾਹਿਬ ਮਾਲਵੇ ਦੇ ਉਸ ਹਿਸੇ ਵਿਚ ਪੁਜੇ ਜੋਹੜਾ ਬਹੁਤ ਹੀ ਹਰਿ-ਆਵਲ ਵਾਲਾ ਸੀ। ਉਸੇ ਇਲਾਕੇ ਵਿਚ ਹੀ ਭਾਈ ਦਾਨੇ ਦਾ ਪਿੰਡ ਸੀ। ਉਹ ਧਰਤੀ ਸਾਹਿਬਾਂ ਨੂੰ ਬਹੁਤ ਸੁੰਦਰ ਲੱਗੀ। ਪਿੰਡੋ ਪਿੰਡ ਜੀਵਾਂ ਨੂੰ ਤਾਰਦੇ ਹੋਏ ਸਤਿਗੁਰੂਜੀ ਅਗੇ ਤੁਰ ਗਏ।ਸਿਖ ਸੰਗਤਾਂ ਬਹੁਤਪਿਆਰ ਕਰਦੀਆਂਸਨ, ਐਨਾ ਪਿਆਰਕਿ ਜੋ ਬਿਆਨ ਨਹੀਂ ਕੀਤਾ ਜਾਂਦਾ।ਜਿਸਨਗਰ ਦੇ ਲਾਗਿਓਂ ਦੀ ਲੰਘਣ ਲਗਦੇ ਉਸੇ ਹੀ ਨਗਰ ਦੇ ਲੋਕ ਉਹਨਾਂ ਨੂੰ ਰੋਕ ਲੈਂਦੇ।ਪ੍ਰਸ਼ਾਦ ਛਕਾਉਂਦੇ ਦੁਧ ਪਿਆਉਂਦੇ ਅਤੇ ਰੇਜੇ (ਕਪੜੇ) ਤੇ ਨਗਦੀ ਦੇਂਦੇ ਸਨ।

ਤੁਰੇ ਜਾ ਹੀ ਰਹੇ ਸਨ ਕਿ ਇਕ ਮਸਲਮਾਨ ਵਹਿਮੀ ਫਕੀਰ ਮਿਲ ਪਿਆ। ਉਹ ਬਹੁਤ ਹੀ ਪੁਜਿਆ ਹੋਇਆ ਸੂਫੀ ਫਕੀਰ ਸੀ। ਉਸ ਬਾਹਰੇ ਵਿਚ ਉਹਦੀਆਂ ਕਰਾਮਾਤਾਂ ਬਹੁਤ ਮਸ਼ਹੂਰਸਨ।ਉਹ ਸਤਿਗੁਰੂ ਜੀਦੀ ਸ਼ਰਨ ਆਇਆ। ਸਤਿਗੁਰੂ ਜੀ ਨੇ ਉਸ ਨੂੰ ਜੀ ਆਇਆਂ ਆਖਿਆ ਤੇ ਸੁਖ ਸਾਂਦ ਪੁਛੀ। ਉਸ ਨੇ ਕੁਝ ਚਿਰ ਬਚਨ ਬਿਲਾਸ ਕੀਤੇ ਤੇ ਸਤਿਗੁਰੂ ਜੀ ਦੇ ਨਾਲ ਹੀ ਤੁਰ ਪਿਆ।

ਸਾਹਿਬ ਚਲਦੇਚਲਦੇ ਉਸ ਅਸਥਾਨ ਤੇ ਪੁਜੇ ਜਿਥੇ ਅੱਜ ਗੁਪਤਸਰ ਤੀਰਥ ਹੈ ਤੇ ਜਿਥੇ ਸਾਹਿਬਾਂ ਨੇ'ਲੱਖੀ ਜੰਗਲ' ਨੂੰ ਵਰ ਦਿਤਾਸੀ ਉਸ ਥਾਂ ਤੋਂ ਭਾਈ ਦਾਨੇ ਦਾ ਪਿੰਡ ਕੋਈ ਸਵਾ ਕੁ ਕੋਹ ਰਹਿੰਦਾ ਸੀ। ਸੂਰਜ ਅਸਤ ਹੋਣ ਲਗਾ।ਸਾਹਿਬਾਂਨੇਚੋਗਿਰਦੇ ਧਿਆਨ ਮਾਰਿਆ,ਚਾਰੇ ਪਾਸੇਕੁਦਰਤ ਦੀ ਸੁੰਦਰਤਾ ਹੱਸਦੀ ਹੋਈ ਨਜ਼ਰ ਆਈ॥ਉੱਚੀਆਂ ਟਾਲੀਆਂ,ਹਰਿਆਹਰਿਆ ਘਾਹ ਅਤੇ ਕਿਤੇਕਿਤੇ ਚਮਕਦੀ ਰੇਤ ਦੇ ਟਿੱਬੇ ਸਨ ॥ ਉਸ ਸੁਹਾਵਣੀ ਥਾਂ ਨੂੰ ਦੇਖਕੇ ਸਾਹਿਬ ਅਜੇ ਖਲੋਤੇ ਹੀ ਹੋਏ ਸਨ ਕਿ ਇਕ ਸਿੰਘ ਨੇ ਬੇਨਤੀ ਕੀਤੀ-ਮਹਾਰਾਜ ! ਸੋਦਰ ਦੇ ਪਾਠ ਦਾ ਸਮਾਂ ਹੋ ਗਿਆਹੈ ਭਾਈ ਦਾਨੇ ਦਾ

Sri Satguru Jagjit Singh Ji eLibrary NamdhariElibrary@gmail.com

ਨਗਰ ਤਾਂ ਅਜੇ ਦੂਰ ਹੈ। ਹੁਕਮ ਕਰੋ ਕੀ ਕੀਤਾ ਜਾਵੇ। ਸੋਦਰ ਦਾ ਪਾਠ ਕਰਨਾ ਜ਼ਰੂਰੀ ਹੈ।'

ਸਤਿਗੁਰੂ ਜੀ ਨੇ ਹੁਕਮ ਕੀਤਾ—'ਏਥੇ ਹੀ ਡੇਰਾ ਕਰੋ। ਏਥੇ ਹੀ 'ਸੋਦਰ' ਦਾ ਪਾਠ ਕੀਤਾ ਜਾਵੇਗਾ। ਐਸੀ ਸੁੰਦਰ ਥਾਂ ਹੋਰ ਮੁਸ਼ਕਲ ਹੀ ਮਿਲਣੀ ਹੈ। ਮੇਰੇ ਵਾਹਿਗੁਰੂ ਦੇ ਕੌਤਕ ਨਿਰਾਲੇ ਹਨ। ਦੇਖੋ ਕੈਸਾ ਅਸਚਰਜ ਸਮਾਂ ਹੈ ਜਿਧਰ ਦੇਖੀਏ ਅੱਖਾਂ ਉਧਰ ਹੀ ਰੁਕ ਜਾਂਦੀਆਂ ਹਨ।' ਇਹ ਬਚਨ ਕਰਨ ਦੀ ਹੀ ਢਿਲ ਸੀ ਕਿ ਸਿੰਘਾਂ ਨੇ ਉਥੇ ਹੀ ਘੋੜੇ ਰੋਕ ਦਿਤੇ। ਜੰਗਲ ਵਿਚ ਡੇਰਾ ਲਾ ਦਿਤਾ। ਉਸੇ ਵੇਲੇ ਦਰੀਆਂ ਵਿਛ ਗਈਆਂ ਦੀਵਾਨ ਲੱਗ ਗਿਆ ਸਾਰੇ ਸਿੰਘ ਬੈਠ ਗਏ। ਭਾਈ ਮਾਨ ਸਿੰਘ ਜੀ ਪਾਠ ਕਰਨ ਲਗੇ ਸੋਦਰ ਰਹਿਰਾਸ ਸਾਹਿਬ ਦਾ ਪਾਠ ਹੋਣ ਲਗਾ। ਪਾਠ ਦੇ ਭੋਗ ਪੈਣ ਤਕ ਵਾਹਵਾ ਹਨੇਰਾ ਹੋ ਗਿਆ। ਦੀਵਿਆਂ. ਮਸਾਲਾਂ ਤੇ ਵੜੇਵਿਆਂ ਦੇ ਬਾਲਣ ਨਾਲ ਚਾਨਣ ਕੀਤਾ ਗਿਆ। ਹਨੇਰੀ ਰਾਤ ਸੀ। ਪਰ ਤਾਰਾ ਮੰਡਲ ਨੇ ਚੰਦ ਜਿੰਨਾ ਚਾਨਣ ਕਰ ਦਿਤਾ। ਜੰਗਲ ਵਿਚ ਮੰਗਲ ਹੋ ਗਿਆ। ਅਸਚਰਜ ਲੀਲ੍ਹਾ ਹੈ ਵਾਹਿਗੁਰੂ ਦੀ, ਜਿਥੇ ਜੰਗਲ ਹੈ ਉਥੇ ਸ਼ਹਿਰ ਉਸਰ ਜਾਂਦੇ ਹਨ ਤੇ ਜਿਥੇ ਮਹਿਲ ਹਨ ਉਥੇ ਹਲ ਵਗ ਜਾਂਦੇ ਹਨ। ਕਾਲ ਦਾ ਕੋਈ ਪਤਾ ਨਹੀਂ ਲਗਦਾ ਕਿ ਕੀ ਭਾਣਾ ਵਰਤਾਉਂਦਾ ਹੈ।

ਭਾਈ ਦਾਨਾ ਪਿੰਡ ਗਿਆ ਸੀ, ਉਹ ਗੁਰੂ ਕਾ ਲੰਗਰ ਤਿਆਰ ਕਰਵਾ ਲਿਆਇਆ। ਸਾਰੀ ਸੰਗਤ ਨੇ ਪ੍ਰਸ਼ਾਦ ਛਕਿਆ ਤੇ ਅਨੰਦ ਨਾਲ ਉਥੇ ਰਾਤ ਕਟੀ। ਅਗਲੇ ਦਿਨ ਚੌਗਿਰਦੇ ਦੇ ਨਗਰਾਂ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਜੀ ਆਏ ਹਨ। ਬੱਸ ਫਿਰ ਕੀ ਸੀ ਲੋਕ ਹੁਮ ਹੁਮਾ ਕੇ ਦਰਸ਼ਨਾਂ ਵਾਸਤੇ ਆ ਪੁਜੇ। ਕਿਸੇ ਦੁਧ, ਕਿਸੇ ਕਪੜਾ, ਕਿਸੇ ਘਿਓ, ਕਿਸੇ ਨਗਦੀ ਤੇ ਕਿਸੇ ਘੋੜੇ ਆਦਿਕ ਅਰਪਨ ਕੀਤੇ। ਪਲਾਂ ਵਿਚ ਦੀ ਭੰਡਾਰੇ ਭਰਪੂਰ ਹੋ ਗਏ। ਇਹ ਦੇਖਕੇ ਸਤਿਗੁਰੂ ਜੀ ਨੇ ਹੁਕਮ ਕੀਤਾ--'ਇਹ ਤਾਂ ਲੱਖੀ ਜੰਗਲ' ਹੈ। ਉਸ ਦਿਨ ਤੋਂ ਇਸ ਸਾਰੇ ਬਾਹਰੇ ਦਾ ਨਾਮ ਲੱਖੀ ਜੰਗਲ ਪੈ ਗਿਆ, ਜੋ ਹੁਣ ਤਕ ਪ੍ਰਚਲਤ ਹੈ।

Sri Satguru Jagjit Singh Ji eLibrary NamdhariElibrary@gmail.com

੮. ਸੁਮੇ ਚੌਧਰੀ ਦੀ ਕਥਾ

ਜਿਸ ਅਸਥਾਨ ਤੇ ਸਤਿਗੁਰੂ ਜੀ ਨੇ ਡੇਰਾ ਲਾਇਆ ਸੀ, ਉਸ ਦੇ ਨੇੜੇ ਦੇ ਇਕ ਨਗਰ ਵਿਚ ਸੁਮਾ ਚੌਧਰੀ ਰਹਿੰਦਾ ਸੀ ਉਹ ਬੜਾ ਨੇਕ ਤੇ ਸਾਧੂ-ਸੰਗੀ ਪੁਰਖ਼ ਸੀ। ਉਸਦੇ ਘਰ ਦੁਧ ਬਹੁਤ ਰਹਿੰਦਾ ਸੀ, ਜਦ ਵੀ ਕਦੀ ਉਹ ਕਿਸੇ ਸਾਧੂ ਸੰਤ ਨੂੰ ਦੇਖਦਾ ਤਾਂ ਉਹਦੇ ਦਰਸ਼ਨ ਕਰਨ ਜਾਂਦਾ ਤੇ ਨਾਲੇ ਦੁਧ ਲੈ ਜਾਂਦਾ। ਉਹ ਚਿਤ ਵਿਚ ਧਾਰਦਾ ਕਿ ਦੁਧ ਪੀਣ ਵਾਲਾ ਉਸ ਨੂੰ ਦਸੇ ਕਿ ਉਹਦਾ ਦੁਧ ਕਿਸ ਮੱਝ ਦਾ ਦੁਧ ਹੈ। ਮੱਝ ਦਾ ਰੰਗ ਉਸ ਦੇ ਸਿੰਗ ਆਦਿਕ ਦਸ ਕੇ ਚੁਲੀਆ ਬਿਆਨ ਕਰੇ। ਜੇਹੜਾ ਸਾਧੂ ਜਾਂ ਫਕੀਰ ਉਸ ਨੂੰ ਦਸਦਾ ਉਹਦਾ ਉਹ ਸੇਵਕ ਬਣ ਜਾਂਦਾ।

ਸੁਮੇ ਨੂੰ ਇਹ ਗਿਆਨ ਨਹੀਂ ਸੀ ਕਿ ਸਾਧੂ ਫਕੀਰਾਂ ਦੀ ਪ੍ਰੀਖਿਆ ਕਰਨਾ ਠੀਕ ਨਹੀਂ, ਕਿਉਂਕਿ ਪ੍ਰੀਖਿਆ ਕਰਨ ਵਾਲੇ ਲੋਕ ਸਾਧੂਆਂ ਪਾਸੋਂ ਲਾਭ ਨਹੀਂ ਪ੍ਰਾਪਤ ਕਰ ਸਕਦੇ, ਉਹਨਾਂ ਦੇ ਹਿਰਦੇ ਅੰਦਰ ਹੰਕਾਰ ਰਹਿੰਦਾ ਹੈ। ਹੰਕਾਰ ਉਹ ਜਵਾਲਾ ਹੈ ਜੋ ਹਰ ਇਕ ਗਿਆਨ ਦੇ ਵਰ ਨੂੰ ਭਸਮ ਕਰ ਦੰਦੀ ਹੈ। ਸ਼ਾਇਦ ਉਹੋ ਕਾਰਨ ਸੀ ਕਿ ਸੁਮੇ ਨੇ ਕੁਝ ਪ੍ਰਾਪਤ ਨਹੀਂ ਸੀ ਕੀਤਾ। ਉਹ ਘਾਟੇ ਵਿਚ ਹੀ ਗਿਆ ਸੀ। ਉਹਦੇ ਹਿਰਦੇ ਨੂੰ ਸਦੀਵੀ ਸ਼ਾਂਤੀ ਪ੍ਰਾਪਤ ਨਹੀਂ ਸੀ ਹੋਈ। ਵਡੀ ਗਲ ਇਹ ਕਿ ਉਸ ਦੇ ਘਰ ਜੋ ਮੱਝਾਂ ਸਨ ਓਹ ਰੰਗ ਬਰੰਗੀਆਂ ਸਨ। ਉਸ ਨੇ ਬੂਰੀ ਮਹੀਂ ਦਾ ਦੁਧ ਲਿਆ ਕੇ ਗੁਰ ਜੀ ਦੇ ਅਗੇ ਰੱਖ ਕੇ ਨਮਸ਼ਕਾਰ ਕੀਤੀ, ਦੋਵੇਂ ਹੱਥ ਜੋੜਕੇ ਸਨਮੁਖ ਬੈਠ ਗਿਆ। ਸਾਹਿਬਾਂ ਦੇ ਚੇਹਰੇ ਵਲ ਦੇਖਿਆਂ, ਪਰ ਬਹੁਤਾ ਚਿਰ ਦੇਖ ਨਾ ਸਕਿਆ ਉਹਦੀਆਂ ਅੱਖਾਂ ਮਲੋਮਲੀ ਨੀਵੀਆਂ ਹੋ ਗਈਆਂ। ਸਤਿਗੁਰੂ ਜੀ ਨੇ ਦੁਧ ਨੂੰ ਦੇਖਿਆ, ਦੁਧ ਨੂੰ ਅਣਪੀਤੇ ਹੀ ਸਤਿਗੁਰੂ ਜੀ ਨੇ ਬਚਨ ਕੀਤਾ—'ਸੁਣਾ ਭਾਈ ਸੁਮਿਆ! ਖੁਸ਼ ਅਨੰਦ ਹੈਂ? ਇਹ ਬੂਰੀ ਮੱਝ ਦਾ ਦੁਧ ਲਿਆਇਆ ਹੈਂ!'

ਹੈਰਾਨੀ ਨਾਲ ਸੁਮੇ ਦਾ ਹਿਰਦਾ ਥਰਥਰਾ ਉਠਿਆ। ਉਹ ਹੈਰਾਨ

Sri Satguru Jagjit Singh Ji eLibrary NamdhariElibrary@gmail.com

ਜੀ ਕਿ ਉਸਦਾ ਨਾਮ ਵੀ ਸਤਿਗੁਰੂ ਜੀ ਨੇ ਦਸ ਦਿਤਾ ਤੇ ਉਹਦੇ ਮਨੋਂ ਭਾਵ ਨੂੰ ਵੀ ਪ੍ਰਗਟ ਕੀਤਾ। ਅੰਤਰਜਾਮੀ ਦਾਤੇ ਸਭ ਕੁਝ ਜਾਣ ਗਏ । ਇਹ ਸ਼ਕਤੀ ਦੇਖਕੇ ਉਸ ਨੇ ਗੁਰ ਚਰਨਾਂ ਉਤੇ ਦੁਬਾਰਾ ਨਮਸ਼ਕਾਰ ਕੀਤੀ, ਨਾਲ ਹੀ ਆਖਿਆ--'ਮਹਾਰਾਜ ! ਦਇਆ ਕਰੋ, ਇਹ ਦੁਧ ਪੀਵੋ। ਸਾਧੂ ਸੰਤਾਂ ਨੂੰ ਦੁਧ ਪਿਆਉਣ ਵਿਚ ਮੈਨੂੰ ਪ੍ਰਸੰਨਤਾ ਹੁੰਦੀ ਹੈ।'

ਸਤਿਗੁਰੂ ਜੀ ਨੇ ਦੁਧ ਛਕ ਲਿਆ। ਕੁਝ ਸਿਖਾਂ ਨੂੰ ਛਕਾ ਦਿਤਾ ਅਤੇ ਸੂਮਾ ਆਪਣੇ ਘਰ ਚਲਿਆ ਗਿਆ। ਘਰ ਜਾਕੇ ਉਸ ਨੂੰ ਸ਼ਾਂਤ ਨਾ ਆਈ। ਉਹ ਇਹ ਸੋਚਦਾ ਸੀ ਕਿ ਜੋ ਬੇਨਤੀ ਕਰਨੀ ਸੀ ਉਹ ਤਾਂ ਕੀਤੀ ਨਾ। ਫਿਰ ਉਸ ਨੂੰ ਵਿਚਾਰ ਆਇਆ ਕਿ ਉਹ ਹੋਰ ਪ੍ਰੀਖਿਆ ਕਰ ਲਵੇ। ਅਗਲੇ ਦਿਨ ਉਸਨੇ ਕਾਲੀ ਮੱਝ ਦਾ ਦੁਧ ਲਿਆ ਤੇ ਸਤਿਗੁਰੂ ਜੀ ਦੇ ਪਾਸ ਚਲਿਆ ਗਿਆ। ਜਦ ਸਾਹਿਬਾਂ ਨੇ ਦੁਧ ਦੇਖਿਆ ਤਾਂ ਸਹਿਜ ਸੁਭਾ ਬਚਨ ਕੀਤਾ--'ਕਿਉਂ ਸੂਮਿਆ ! ਅੱਜ ਅਜ਼ਮਤ ਦੇਖਣ ਵਾਸਤੇ ਆਇਆ ਹੈਂ ਤੇ ਦੁਧ ਕਾਲੀ ਮੱਝ ਦਾ ਲਿਆਇਆ ਹੈਂ ? ਕਰਾਮਾਤ ਦੀ ਆਸ ਨਹੀਂ ਰਖਣੀ ਚਾਹੀਦੀ, ਤੂੰ ਤਾਂ ਅਸਾਂ ਦੀ ਪ੍ਰੀਖਿਆ ਲੈਣੀ ਚਾਹੁੰਦਾ ਹੈਂ ਏਥੇ ਤਾਂ ਇਹ ਧਰਤੀ ਵੀ ਪੂਜਨੀਕ ਹੋ ਜਾਣੀ ਹੈ। ਇਹ ਲੱਖੀ ਜੰਗਲ ਹੈ, ਏਥੋਂ ਲੱਖਾਂ ਤਰਨਗੇ ਤੇ ਲੱਖਾਂ ਹੀ ਸਿੰਘ ਸਜਣਗੇ। ਜੋ ਕੋਈ ਸ਼ਰਧਾ ਕਰਕੇ ਆਵੇਗਾ ਸੋ ਤਰੇਗਾ। ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ ਇਹ ਤੀਰਥ ਪੁਰਾਣਾ ਹੈ । ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਏਥੇ ਚਰਨ ਪਾਏ ਸਨ। ਏਥੇ ਜੋਹੜਾ ਸਿਖ ਇੰਦ੍ਰੀਆਂ ਰੋਕ ਕੇ ਜਪੁਜੀ ਸਾਹਿਬ ਦਾ ਸਵਾ ਲਖ ਪਾਠ ਕਰੇਗਾ ਉਹ ਰਿਧੀਆਂ ਸਿਧੀਆਂ ਪ੍ਰਾਪਤ ਕਰੇਗਾ-ਹੱਛਾ ਹੁਣ ਤਾਂ ਤੈਨੂੰ ਖਿਮਾਂ ਕੀਤੀ ਜਾਂਦੀ ਹੈ, ਅਗੇ ਨੂੰ ਕਿਸੇ ਸਾਧੂ ਸੰਤ ਫਕੀਰ ਦੀ ਪ੍ਰੀਖਿਆ ਨਾ ਲਵੀਂ। ਪ੍ਰੀਖਿਆ ਲਵੇਂਗਾ ਤਾਂ ਪਛਤਾਵੇਂਗਾ।'

ਸੂਮੇ ਦੀਆਂ ਅੱਖਾਂ ਖੁਲ੍ਹ ਗਈਆਂ, ਉਹ ਬਹੁਤ ਸ਼ਰਮਿੰਦਾ ਹੋਇਆ, ਉਸਨੇ ਉਸੇ ਵੇਲੇ ਸਤਿਗੁਰੂ ਜੀ ਦੇ ਚਰਨ ਫੜ ਲਏ। ਬੇਨਤੀਆਂ ਕੀਤੀਆਂ ਮਹਾਰਾਜ ! ਖਿਮਾਂ ਕਰੋ ਭੁਲ ਹੋ ਗਈ, ਅਸੀਂ ਅਗਿਆਨੀ ਬੰਦੇ ਜੋ ਹੋਏ ਮੂਰਖ

Sri Satguru Jagjit Singh Ji eLibrary NamdhariElibrary@gmail.com

ਨੂੰ ਸਿਧੇ ਰਾਹ ਪਾਓ ! ਮੈਂ ਭੁਲ ਕੀਤੀ ਬਹੁਤ ਵੱਡੀ ਕੁਲ ਬਖਸ਼ੋ । ਦਾਤਾ ! ਬਖਸ਼ੋ ! ਨਾਲ ਹੀ ਇਕ ਬੇਨਤੀ ਵੀ ਹੈ।'

ਸਤਿਗੁਰੂ ਜੀ--'ਅਸੀਂ ਸਮਝ ਗਏ ਜਾਹ ! ਤੇਰੇ ਘਰ ਪੁਤਰ ਹੋਵੇਗਾ। ਤੇਰੀ ਕੁਲ ਵਧੇਗੀ, ਘਬਰਾਉਣ ਦੀ ਲੋੜ ਨਹੀਂ, ਵਾਹਿਗੁਰੂ ਨਾਮ ਦਾ ਸਿਮਰਨ ਕਰਿਆ ਕਰ।' ਇਉਂ ਸੂਮੇ ਦੇ ਮਨ ਦੀਆਂ ਮੁਰਾਦਾਂ ਸਤਿਗੁਰੂ ਜੀ ਨੇ ਪੂਰੀਆਂ ਕਰ ਦਿਤੀਆਂ ਅਤੇ ਉਹ ਪ੍ਰਸੰਨ ਹੋਕੇ ਘਰ ਨੂੰ ਖੁਸ਼ੀ ਖੁਸ਼ੀ ਆ ਗਿਆ।

੯. ਸੱਯਦ ਵਹਿਮੀ ਸਿਖ ਬਣ ਗਿਆ

ਅਸੀਂ ਪਿਛੇ ਦਸ ਆਏ ਹਾਂ ਕਿ ਸਤਿਗੁਰੂ ਜੀ ਨੂੰ ਇਕ ਮੁਸਲਮਾਨ ਫਕੀਰ ਸਯਦ ਵਹਿਮੀ ਮਿਲੇ ਸਨ। ਇਹ ਫਕੀਰ ਛਤਿਆਣੇ ਪਿੰਡ ਦੇ ਸਨ ਤੇ ਦੁਹਤੀ ਕਰਣੀ ਵਾਲੇ ਹੋਏ ਸਨ। ਸੂਫੀ ਮਤ ਦਾ ਅਸਰ ਸੀ। ਦੀਵਾਨਗੀ ਵਿਚ ਢੋਲੇ ਤੇ ਕਾਫੀਆਂ ਗਾਉਂਦੇ ਰਹਿੰਦੇ। ਜਦ ਕਦੀ ਸਹਿਜ ਸੁਭਾ ਹੀ ਕੋਈ ਬਚਨ ਕਰ ਦੇਂਦੇ ਤਾਂ ਉਹ ਬਚਨ ਸੱਚਾ ਹੋ ਜਾਂਦਾ। ਇਸ ਤਰ੍ਹਾਂ ਇਲਾਕੇ ਵਿਚ ਆਪ ਦਾ ਬੜਾ ਸਤਿਕਾਰ ਸੀ ਹਿੰਦੂ ਤੇ ਮੁਸਲਮਾਨ ਇਸ ਕੋਲੋਂ ਡਰਦੇ ਸਨ ਤੇ ਇਹਦੇ ਬਹੁਤ ਸਾਰੇ ਮੁਰੀਦ ਸਨ।

ਇਕ ਵਾਰ ਆਖਦੇ ਹਨ ਕਿ ਕਿਸੇ ਅਧਖੜ ਇਸਤ੍ਰੀ ਨੇ ਇਸ ਨੂੰ ਦੁਧ ਪਿਲਾਇਆ। ਦੁਧ ਪਿਆਉਣ ਦੇ ਨਾਲ ਹੀ ਉਹਨੇ ਇਹ ਵੀ ਬੇਨਤੀ ਕਰ ਦਿਤੀ ਕਿ ਉਸ ਨੂੰ ਪੁਤ੍ਰ ਦੀ ਇਛਾ ਹੈ। ਉਹ ਨਪੁਤੀ ਜਾ ਰਹੀ ਹੈ। ਫਕੀਰ ਨੇ ਸਹਿਜ ਸੁਭਾ ਬਚਨ ਕੀਤਾ--'ਪੁਤ੍ਰ ! ਖੁਦਾ ਨੇ ਪੁਤ੍ਰ ਨਹੀਂ ਦਿਤਾ ! ਹੱਛਾ ਉਸ ਨੂੰ ਖਿਆਲ ਨਹੀਂ ਰਿਹਾ ਹੋਵੇਗਾ, ਹੁਣ ਉਹ ਜ਼ਰੂਰ ਪੁਤ੍ਰ ਦੇਵੇਗਾ। ਬਹੁਤ ਵੱਡਾ ਵਰਿਆਮ ਪੁਤ੍ਰ ਹੋਵੇਗਾ।' ਇਸਤ੍ਰੀ ਨੇ ਘਰ ਜਾ ਕੇ ਆਪਣੇ ਪਤੀ ਨਾਲ ਗਲ ਕੀਤੀ ਤੇ ਬਹੁਤ ਪ੍ਰਸੰਨ ਹੋਈ। ਫਕੀਰ ਦੇ ਬਚਨ ਸਚੇ ਹੋ ਗਏ। ਪੂਰੇ ਸਾਲ ਪਿਛੋਂ ਮਾਈ ਦੇ ਘਰ ਪੁਤ੍ਰ ਹੋ ਗਿਆ। ਉਸ ਨੇ ਸਾਰੇ ਇਲਾਕੇ ਵਿਚ ਪੀਰ ਦੀ ਉਸਤਤੀ ਦਾ ਢੰਡੋਰਾ ਪਿਟ ਦਿਤਾ।

ਫਕੀਰ ਜਦ ਸਤਿਗੁਰੂ ਜੀ ਨੂੰ ਮਿਲਿਆ ਤਾਂ ਸਤਿਗੁਰੂ ਜੀ ਚੇਹਰੇ ਦੇ

Sri Satguru Jagjit Singh Ji eLibrary NamdhariElibrary@gmail.com

ਨੂਰ ਨੂੰ ਦੇਖਦਾ ਰਿਹਾ। ਜਦ ਨੂਰ ਦੇਖ ਦੇਖ ਕੇ ਰਜ ਗਿਆ ਤਾਂ ਸਤਿਗੁਰੂ ਜੀ ਦਾ ਉਸਨੇ ਜੀਵਨ ਇਤਿਹਾਸ ਸੁਣਿਆ। ਜਦੋਂ ਇਤਿਹਾਸ ਸੁਣ ਚੁਕਾ ਤਾਂ ਉਸਨੇ ਸਿੰਘਾਂ ਦੀ ਰਹਿਣੀ ਬਹਿਣੀ ਦੇਖੀ। ਉਸਨੂੰ ਹਰ ਅੰਗ ਵਿਚ ਕੁਝ ਨਾ ਕੁਝ ਚੰਗਾ ਦਿਸਿਆ, ਐਸਾ ਚੰਗਾ ਕਿ ਉਹ ਦੀਵਾਨਾ ਹੋ ਗਿਆ, ਸੁਤੇ ਤੇ ਜਾਗਦੇ ਹੋਏ ਉਸਨੂੰ ਹਿਰਦੇ ਵਿਚੋਂ ਅਵਾਜ਼ ਆਉਣ ਲੱਗੀ—'ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਪਿਆਰ ਦੀ ਗੱਦੀ ਹੈ। ਸ਼ਾਂਤੀ ਤੇ ਸੱਚ ਰਾਜ ਵਾਲੀ ਗੱਦੀ ਹੈ, ਇਸ ਵਿਚ ਮਜ਼ਹਬ ਦਾ ਤੁਅੱਸਬ ਨਹੀਂ. ਇਨਸਾਨ ਨੂੰ ਇਨਸਾਨ ਸਮਝਿਆ ਜਾਂਦਾ ਹੈ। 'ਇਕ ਖੁਦਾ' (ਅਕਾਲ ਪੁਰਖ) ਦੀ ਪੂਜਾ ਹੈ। ਸਾਰੇ ਭਾਈ ਭਾਈ ਹਨ। ਕਬਰ, ਮੜ੍ਹੀ, ਪੱਥਰ ਬੁਤ ਆਦਿਕ ਕਿਸੇ ਵਸਤੂ ਦੀ ਪੂਜਾ ਨਹੀਂ, ਜਿਧਰ ਦੇਖੋ ਮੇਲ—'ਸਾਂਝ ਹੈ। ਜੀਵਨ ਵਿਚ ਖੇੜਾ ਭੇ ਹਮਦਰਦੀ ਹੈ। ਉਚਾ ਉਠਣ ਦੀ ਤਾਂਘ ਹੈ।

ਇਉਂ ਸੱਜਦ ਵਹਿਮੀ ਵਹਿਮ ਵਿਚ ਫਸ ਗਿਆ। ਉਸਦਾ ਜੀਵਨ ਬੇੜਾ ਡੋਲਦਾ ਸੀ। ਉਹ ਇਕ ਮੋੜ ਉਤੇ ਜਾ ਖਲੋਤਾ ਜਿਥੋਂ ਸਿਖੀ ਦੇ ਰਾਹ ਵਲ ਰਸਤਾ ਮੁੜਦਾ ਸੀ, ਉਹ ਸੋਚਦਾ ਰਿਹਾ ਕਿ ਉਹ ਕੀ ਕਰੇ ?

ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਪੁਜਾ। ਉਸ ਨੇ ਬੇਨਤੀ ਕਰਦਿਆਂ ਹੋਇਆਂ ਦਿਲ ਦੀ ਭਾਵਨਾ ਦਸ ਦਿਤੀ। ਉਸ ਨੇ ਆਖ ਦਿਤਾ—'ਹੇ ਪ੍ਰੀਤਮ। ਤੇਰੇ ਪਿਆਰ ਨੇ ਆਤਮਾ ਨੂੰ ਕਮਲੀ ਕਰ ਦਿਤਾ ਹੈ। ਆਤਮਾ ਦੀਵਾਨੀ ਹੋ ਗਈ ਹੈ। ਜਿਵੇਂ ਸੱਸੀ ਪੁੰਨੂੰ ਪਿਛੇ ਵਿਆਕੁਲ ਸੀ, ਏਸੇ ਤਰ੍ਹਾਂ ਮੇਰੀ ਆਤਮਾ ਤੜਪ ਰਹੀ ਹੈ, ਇਹ ਚੈਨ ਨਹੀਂ ਕਰਦੀ ਇਸ ਨੂੰ ਸ਼ਾਂਤੀ ਬਖਸ਼ੋ। ਦਾਤਾ। ਮੇਹਰ ਕਰੋ।'

'ਸਤਿਗੁਰੂ ਜੀ ਉਹਦੇ ਮਨੋਭਾਵਾਂ ਨੂੰ ਸਮਝ ਗਏ। ਉਹਦੇ ਜੀਵਨ ਨੂੰ ਤਾੜ ਗਏ, ਪਰ ਸਾਹਿਬਾਂ ਨੇ ਜੋ ਕੁਝ ਸਮਝਿਆ ਸੀ ਉਸ ਨੂੰ ਪ੍ਰਗਟ ਨਾ ਕੀਤਾ ਉਹਨਾਂ ਪੁਛਿਆ—'ਸਦਾ ਮਸਤ ਰਹਿਣ ਵਾਲੇ ਕਰਾਮਾਤੀ ਫਕੀਰ ਨੂੰ ਬੇਚੈਨੀ ਕਿਉਂ ? ਕੀ ਮੁਰਸ਼ਦ ਚੇਤੇ ਨਹੀਂ ਰਖਿਆ ?'

'ਮੁਰਸ਼ਦ ! ਪਹਿਲਾ ਮੁਰਸ਼ਦ ਤਾਂ ਭੁਲ ਗਿਆ। ਹੁਣ ਤਾਂ ਨਵਾਂ ਪ੍ਰੀਤਮ

Sri Satguru Jagjit Singh Ji eLibrary NamdhariElibrary@gmail.com

ਟੋਲਿਆ ਹੈ। ਨਵੇਂ ਪ੍ਰੀਤਮ ਦੀ ਤਸਵੀਰ ਹਿਰਦੇ ਤੇ ਅੱਖਾਂ ਵਿਚ ਚਿਤਰੀ ਗਈ ਹੈ। ਬਸ ਚਿਤ ਵਿਆਕੁਲ ਹੈ ਇਹ ਸੁਣਨ ਵਾਸਤੇ ਕਿ ਪ੍ਰੀਤਮ ਆਖ ਦੇਵੇ ਪਿਆਰ ਪ੍ਰਵਾਨ ਹੋਇਆ' ਸੱਜਦ ਵਹਿਮੀ ਦੇ ਦਿਲ ਦੀ ਅਵਾਜ਼ ਸੀ।

'ਭਾਵ ਕੀ?' ਸਤਿਗੁਰੂ ਜੀ ਨੇ ਪੁਛਿਆ।

'ਦਾਤਾ ! ਮੈਂ ਸਿਖ ਬਣਨਾ ਚਾਹੁੰਦਾ ਹਾਂ। ਮੈਨੂੰ ਅੰਮ੍ਰਿਤ ਛਕਾਕੇ ਸਿੰਘ ਬਣਾਓ. ਪੂਰਾ ਤਿਆਰ ਬਰ-ਤਿਆਰ ਸਿੰਘ। ਬਸ ਮੈਨੂੰ ਆਪ ਦੇ ਪਿਆਰ ਦੇ ਆਬੇ-ਹਯਾਤ ਦੀ ਲੋੜ ਹੈ। ਬਖਸ਼ੋ ! ਦਇਆ ਕਰੋ ! ਦੀਨ ਦਿਆਲ ਸਰਬ ਕੇ ਦਾਤੇ, ਕਲਗੀਆਂ ਵਾਲੇ ਪਿਤਾ। ਦਿਆਲੂ ਕ੍ਰਿਪਾਲੂ ਮਹਾਰਾਜ। ਬਖਸ਼ੋ। ਅੰਮ੍ਰਿਤ ਦਾਨ ਬਖਸ਼ੋ।'

ਵਹਿਮੀ ਦੇ ਬਚਨ ਸੁਣਕੇ ਅਤੇ ਸਿਖ ਬਨਣ ਵਾਸਤੇ ਸਚੀ ਤੜਪ ਦੇਖਕੇ ਸਤਿਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਹੁਕਮ ਕੀਤਾ ਕਿ ਸੱਜਦ ਵਹਿਮੀ ਨੂੰ ਅੰਮ੍ਰਿਤ ਛਕਾ ਦਿਤਾ ਜਾਵੇ । ਭਾਈ ਮਾਨ ਸਿੰਘ ਜੀ ਨੇ ਸਤਿਗੁਰਾਂ ਦੇ ਹੁਕਮ ਦੀ ਪਾਲਨਾ ਕੀਤੀ। ਉਸੇ ਸਮੇਂ ਅੰਮ੍ਰਿਤ ਤਿਆਰ ਕੀਤਾ ਗਿਆ ਹੋਰ ਵੀ ਅੰਮ੍ਰਿਤ ਅਭਿਲਾਖੀ ਸਨ। ਉਹਨਾਂ ਨੂੰ ਵੀ ਨਾਲ ਰਲਾਕੇ ਅੰਮ੍ਰਿਤ ਪਾਨ ਕਰਾਇਆ ਗਿਆ। ਅੰਮ੍ਰਿਤ ਛਕਣ ਤੋਂ ਪਿਛੋਂ ਪਹਿਲਾ ਨਾਮ ਬਦਲਣਾ ਬਹੁਤ ਜ਼ਰੂਰੀ ਹੈ ਇਸ ਵਾਸਤੇ ਸੱਜਦ ਵਹਿਮੀ ਦਾ ਸਿੰਘ ਨਾਮ 'ਭਾਈ ਅਜਮੇਰ ਸਿੰਘ ਜੀ ਰਖਿਆ ਗਿਆ। ਉਸ ਸਮੇਂ ਬਹੁਤ ਹੀ ਖੁਸ਼ੀਆਂ ਮਨਾਈਆਂ ਗਈਆਂ, ਲੱਖੀ ਜੰਗਲ ਦੀ ਇਹ ਵਡੀ ਇਤਿਹਾਸਕ ਘਟਨਾ ਸੀ ਕਿ ਇਕ ਮੁਸਲਮਾਨ ਫਕੀਰ ਨੇ ਅੰਮ੍ਰਿਤ ਛਕਿਆ। ਫਕੀਰ ਵੀ ਉਹ ਜੋਹੜਾ ਕਰਾਮਾਤੀ ਤੇ ਖੁਦਾ ਨੂੰ ਪਿਆਰਾ ਸੀ।

ਜਦੋਂ ਇਹ ਖਬਰ ਸਾਰੇ ਬਾਹਰੇ ਵਿਚ ਸੁਣੀ ਗਈ ਕਿ ਸੱਜਦ ਵਹਿਮੀ ਨੇ ਅੰਮ੍ਰਿਤ ਪਾਨ ਕਰ ਲਿਆ ਹੈ ਉਹ 'ਭਾਈ ਅਜਮੇਰ ਸਿੰਘ' ਨਾਮ ਦਾ ਸਿੰਘ ਹੋ ਗਿਆ ਹੈ ਤਾਂ ਲੋਕਾਂ ਦੇ ਮਨਾਂ ਉਤੇ ਬਹੁਤ ਚੰਗਾ ਅਸਰ ਪਿਆ। ਜੋਹੜੇ ਹਿੰਦੂ ਸੁਲਤਾਨੀਏ ਸਨ ਉਹ ਸਿੰਘ ਸਜਣ ਵਾਸਤੇ ਵਹੀਰਾ ਘੱਤਕੇ ਲੱਖੀ

Sri Satguru Jagjit Singh Ji eLibrary NamdhariElibrary@gmail.com

ਜੰਗਲ ਵਲ ਆਏ। ਸਾਹਿਬ ਸਾਰਿਆਂ ਨੂੰ ਅੰਮ੍ਰਿਤ ਛਕਾਈ ਗਏ ਤੇ ਤਿਆਰ ਬਰ ਤਿਆਰ ਸਿੰਘ ਬਣਦੇ ਗਏ।

੭੫. ਭਾਈ ਦੇ ਕੋਟ ਅੰਮ੍ਰਿਤ ਪ੍ਰਚਾਰ

ਜਦੋਂ ਸਤਿਗੁਰੂ ਜੀ ਲੱਖੀ ਜੰਗਲ ਵਿਚ ਸਨ, ਤਦੋਂ ਸਾਰਾ ਮਾਲਵਾ ਸ਼ਾਹੀ ਫੌਜਾਂ ਤੋਂ ਖਾਲੀ ਹੋ ਗਿਆ। ਕਿਸੇ ਪਾਸਿਓਂ ਵੀ ਕੰਨ-ਸੋ ਨਾ ਆਈ ਕਿ ਸ਼ਾਹੀ ਫੌਜ ਦੇ ਆਉਣ ਦਾ ਖਤਰਾ ਹੈ। ਚਾਰੇ ਪਾਸੇ ਅਮਨ ਹੋ ਗਿਆ। ਦੂਰ ਦੂਰ ਤਕ ਖਬਰਾਂ ਪੁਜ ਗਈਆਂ ਕਿ ਸਤਿਗੁਰੂ ਜੀ ਮਾਲਵੇ ਵਿਚ ਵਿਚਰ ਰਹੇ ਹਨ। ਉਹਨਾਂ ਦੇ ਦਰਸ਼ਨ ਕਰਨ ਵਾਲੇ ਮਾਲਵੇ ਵਿਚ ਚਲੇ ਜਾਣ।

'ਲਖੀ ਜੰਗਲ' ਨੂੰ ਨਿਹਾਲ ਕਰਕੇ ਸਤਿਗੁਰੂ ਇਲਾਕੇ ਵਿਚ ਧਰਮ ਪ੍ਰਚਾਰ ਕਰਨ ਲਗੇ। ਧਰਮ ਪ੍ਰਚਾਰ ਵਲ ਬਹੁਤਾ ਧਿਆਨ ਦੇਣ ਦਾ ਭਾਵ ਸੀ ਕਿ ਸਿੰਘਾਂ ਦੀ ਗਿਣਤੀ ਜੋ ਘਟ ਗਈ ਹੈ ਉਹ ਦੂਸਰੇ ਲੋਕਾਂ ਦੇ ਮਨਾਂ ਉਤੇ ਅਸਰ ਨਾ ਪਵੇ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਘਟ ਰਹੀ ਹੈ। ਸਿਖ ਧਰਮ ਦੇ ਦੁਸ਼ਮਨ ਹਿੰਦੂ ਤੇ ਮੁਸਲਮਾਨ ਹੁਸ਼ਿਆਰ ਨਾ ਹੋ ਜਾਣ।

'ਲਖੀ ਜੰਗਲ' ਦੇ ਨੇੜੇ ਪਿੰਡਾਂ ਵਿਚ ਪ੍ਰਚਾਰ ਕਰਨ ਪਿਛੋਂ ਸਤਿਗੁਰੂ ਜੀ ਦੂਰ ਦੇ ਪਿੰਡਾਂ, ਵਲ ਵਧੇ ਹੁਣ ਆਪ ਦਾ ਪ੍ਰਤਾਪ ਬਹੁਤ ਸੀ ਘੋੜੇ, ਸੇਵਕ, ਬੈਲ ਗੱਡੀਆਂ ਤੰਬੂ ਤੇ ਨੰਗਰ ਦੇ ਬਰਤਣ ਆਦਿਕ ਸਾਮਾਨ ਇਕੱਠਾ ਹੋ ਗਿਆ ਸੀ। ਸਤਿਗੁਰੂ ਜੀ ਦਾ ਲਿਬਾਸ ਵੀ ਚੰਗਾ ਸੀ, ਕੀਮਤੀ ਚੋਲਾ ਫਿਰ ਪਾਇਆ ਗਿਆ ਸੀ। ਸਾਹਿਬ ਚਲਦੇ ਚਲਦੇ ਭਾਈ ਦੇ ਕੋਟ ਪੁਜੇ। ਭਾਈ ਦਾ ਕੋਟ ਭਾਈ ਭਗਤੂ ਦਾ ਨਗਰ ਸੀ ਜਿਸਦਾ ਬਿਆਨ ਪਿਛੇ ਕੀਤਾ ਗਿਆ ਹੈ। ਉਥੋਂ ਦੇ ਵਸਨੀਕਾਂ ਨੇ ਬਹੁਤ ਸੇਵਾ ਕੀਤੀ। ਉਸ ਸੇਵਾ ਭਾਵ ਨੂੰ ਦੇਖਕ ਉਥੋਂ ਦੇ ਸ਼ਾਹੂਕਾਰਾਂ ਦੇ ਚਿਤ ਵਿਚ ਆਇਆ ਕਿ ਉਹ ਸਤਿਗੁਰੂ ਜੀ ਦਾ ਭੰਡਾਰਾ ਕਰਨ। ਉਹਨਾਂ ਦਾ ਮੁਖੀਆ ਸਤਿਗੁਰੂ ਜੀ ਦੇ ਪਾਸ ਆਇਆ ਤੇ ਆਕੇ ਕਹਿਣ ਲੱਗਾ—'ਮਹਾਰਾਜ ! ਅਸਾਂ ਬੰਦਿਆਂ ਦੀ ਇੱਛਾ ਹੈ ਕਿ ਆਪ ਨੂੰ ਸੰਗਤ ਸਮੇਤ

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਾਦ ਛਕਾਇਆ ਜਾਵੇ। ਸੋ ਹੁਕਮ ਕਰੋ ਤਾਂ ਪ੍ਰਸ਼ਾਦ ਤਿਆਰ ਕਰੀਏ।

ਸਤਿਗੁਰੂ ਜੀ ਨੇ ਉਤਰ ਦਿਤਾ—'ਪ੍ਰਸ਼ਾਦ ਛਕਣ ਿ ਵਚ ਕੋਈ ਢਿਲ ਨਹੀਂ, ਪਰ ਜੇਕਰ ਤੁਸੀਂ ਅੰਮ੍ਰਿਤ ਛਕ ਕੇ ਤਿਆਰ ਬਰ-ਤਿਆਰ ਸਿੰਘ ਸਜ ਜਾਵੋ ਤਾਂ; ਅਸੀਂ ਚਾਹੁੰਦੇ ਹਾਂ ਅੰਮ੍ਰਿਤ ਛਕੋ, ਅੰਮ੍ਰਿਤ ਛਕਣ ਦੇ ਨਾਲ ਤੁਸਾਂ ਦਾ ਤਨ, ਮਨ ਤੇ ਘਰ ਪਵਿਤ੍ਰ ਹੋ ਜਾਵੇਗਾ। ਸਤਿਗੁਰੂ ਨਾਨਕ ਦੇਵ ਜੀ ਆਪ ਤੇ ਕ੍ਰਿਪਾ ਕਰਨਗੇ। ਸਾਰੀਆਂ ਮਨੋ-ਕਾਮਨਾ ਪੂਰਨ ਹੋਣਗੀਆਂ। ਸੁਲਤਾਨੀਆਂ ਦੇ ਘਰਾਂ ਤੋਂ ਅਸੀਂ ਪ੍ਰਸ਼ਾਦ ਨਹੀਂ ਛਕਣਾ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਸ਼ਾਹੂਕਾਰ ਮੁਖੀਆ ਸੋਚੀਂ ਪੈ ਗਿਆ। ਉਸਨੇ ਕਿਹਾ--'ਮਹਾਰਾਜ! ਮੈਂ ਘਰੋਂ ਹੋ ਆਵਾਂ, ਘਰਦਿਆਂ ਤੇ ਨਾਲ ਦੇ ਸ਼ਾਹੂਕਾਰਾਂ ਨੂੰ ਪੁਛ ਆਵਾਂ ਕੀ ਉਹ ਅੰਮ੍ਰਿਤ ਛਕਣ ਨੂੰ ਤਿਆਰ ਹਨ? ਮੈਂ ਇਕੱਲਾ ਏਥੇ ਹਾਂ ਕਰ ਜਾਵਾਂ ਉਹ ਨਾ ਮੰਨਣ ਫਿਰ ਮੈਨੂੰ ਝੂਠਾ ਹੋਣਾ ਪਵੇ। ਹੇ ਦਾਤਾ! ਅਸਾਂ ਤੇ ਦਇਆ ਰਖਣੀ, ਮੈਂ ਕੋਈ ਕੂੜ ਨਹੀਂ ਕਹਿ ਰਿਹਾ।'

ਸਾਹਿਬ ਉਸ ਦੀ ਅਕਲ ਤੇ ਪ੍ਰਸੰਨ ਹੋਏ ਤੇ ਉਹਨਾਂ ਬਚਨ ਕੀਤਾ—'ਠੀਕ ਹੈ! ਜੋਹੜਾ ਕਾਰਜ ਸੋਚ ਵਿਚਾਰ ਕੇ ਕੀਤਾ ਜਾਵੇ ਉਹੋ ਹੀ ਚੰਗਾ ਹੁੰਦਾ ਹੈ। ਆਪ ਘਰ ਜਾਈਏ, ਘਰ ਦੇ ਸਾਰੇ ਪ੍ਰਵਾਰ ਅਗੇ ਇਹ ਸਵਾਲ ਰਖ ਕੇ ਹੱਲ ਕਰ ਲਵੋ, ਫਿਰ ਆ ਜਾਣਾ। ਅਸੀਂ ਲੋਕਾਂ ਤੇ ਪ੍ਰਸੰਨ ਹਾਂ, ਕੋਈ ਵਿਚਾਰ ਨਾ ਕਰਨਾ।'

ਸਤਿਗੁਰੂ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਸ਼ਾਹੂਕਾਰ ਮੁਖੀਆ ਆਪਣੇ ਘਰ ਨੂੰ ਚਲਿਆ ਗਿਆ, ਘਰ ਪੁਜ ਕੇ ਉਸਨੇ ਸਾਰਾ ਪ੍ਰਵਾਰ ਇਕੱਠਾ ਕੀਤਾ। ਸਾਰੇ ਪੱਗ ਬੰਨ੍ਹ ਬਿਠਾ ਕੇ ਆਖਿਆ—'ਸਤਿਗੁਰੂ ਜੀ ਪ੍ਰਸ਼ਾਦ ਛਕਣ ਨੂੰ ਤਾਂ ਤਿਆਰ ਹਨ, ਪਰ ਉਹ ਇਹ ਆਖਦੇ ਹਨ ਕਿ ਸਾਰੇ ਘਰ ਦੇ ਜੀਅ ਪਹਿਲਾਂ ਸਿੱਖੀ ਨੂੰ ਧਾਰਨ ਕਰੋ। ਅੰਮ੍ਰਿਤ ਛਕੋ ਫਿਰ ਤੁਸਾਂ ਦੇ ਪ੍ਰਸ਼ਾਦ ਛਕਾਂਗੇ। ਕਿਉਂਕਿ ਤੁਸੀਂ ਸੁਲਤਾਨੀਏ ਹੋ, ਕਬਰ ਮੜ੍ਹੀ ਦੇ ਪੁਜਾਰੀ ਹੋ। ਤੁਸਾਂ ਦੇ ਹਥੋਂ ਪ੍ਰਸ਼ਾਦ ਨਹੀਂ ਛਕ ਸਕਦੇ।

ਮੁਖੀਏ ਦੀਆਂ ਇਹ ਗਲਾਂ ਸੁਣਕੇ ਮਰਦ ਤਾਂ ਮੰਨ ਗਏ, ਪਰ

Sri Satguru Jagjit Singh Ji eLibrary NamdhariElibrary@gmail.com

ਇਸਤ੍ਰੀਆਂ ਪੰਜ ਪੱਥਰ ਚੁਕਕੇ ਪਈਆਂ। ਉਹਨਾਂ ਨੇ ਰੌਲਾ ਪਾ ਦਿਤਾ ਕਿ ਕਦੀ ਪੀਰ ਦੀ ਮੰਨਤ ਨਹੀਂ ਛਡਣੀ। ਜੇ ਸਿਖੀ ਨੂੰ ਧਾਰਨ ਕਰ ਲਿਆ ਤਾਂ ਪੀਰ ਸਭ ਕੁਝ ਨਸ਼ਟ ਕਰ ਦੇਵੇਗਾ। ਪੀਰ ਜੀ ਨੇ ਅਨੇਕਾਂ ਨੂੰ ਇਸ ਤਰਾਂ ਨਸ਼ਟ ਕੀਤਾ ਹੈ ਆਦਿਕ। ਇਸ ਤਰਾਂ ਸਾਰਾ ਦਿਨ ਚਰਚਾ ਹੁੰਦੀ ਰਹੀ। ਆਖਰ ਸ਼ਾਈਆਂ ਨੂੰ ਹਥਿਆਰ ਸੁਟਣੇ ਪਏ। ਮੁਖੀਆ ਆਪਣੇ ਭਰਾਵਾਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੀ ਸ਼ਰਨ ਆਇਆ ਸਭ ਨੇ ਫੈਸਲਾ ਸੁਣਾ ਦਿਤਾ ਕਿ ਉਹ ਅੰਮ੍ਰਿਤ ਛਕਣ ਨੂੰ ਤਿਆਰ ਹਨ।

ਉਸੇ ਵੇਲੇ ਭਾਈ ਗੁਰਬਖਸ਼ ਸਿੰਘ ਤੇ ਭਾਈ ਮਾਨ ਸਿੰਘ ਜੀ ਨੇ ਹੋਰ ਸਿੰਘਾਂ ਨੂੰ ਸਾਥ ਲੈ ਕੇ ਅੰਮ੍ਰਿਤ ਤਿਆਰ ਕੀਤਾ ਤੇ ਸ਼ਾਹੂਕਾਰਾਂ ਨੂੰ ਛਕਾਇਆ ਉਹਨਾਂ ਦੇ ਮੁਖੀਆਂ ਦਾ ਨਾਮ ਰੰਗੀ ਘੁੰਮੀ ਸੀ। ਉਹਨਾਂ ਦੇ ਮੁੜ ਨਾਂ ਏਹੋ ਹੀ ਰਹੇ–'ਰੰਗੀ ਸਿੰਘ ਤੇ ਘੁੰਮੀ ਸਿੰਘ' ਬਾਕੀ ਦੇ ਪ੍ਰਵਾਰ ਦੇ ਨਾਮ ਬਦਲ ਦਿਤੇ। ਇਕ ਪਾਸੇ ਅੰਮ੍ਰਿਤ ਤਿਆਰ ਹੁੰਦਾ ਰਿਹਾ ਤੇ ਦੂਸਰੇ ਪਾਸੇ ਗੁਰੂ ਕਾ ਲੰਗਰ, ਉਸ ਦਿਨ ਦੇ ਗੁਰੂ ਕੇ ਲੰਗਰ ਦਾ ਖਰਚ ਉਹਨਾਂ ਸ਼ਾਹੂਕਾਰਾਂ ਦਾ ਸੀ। ਸਤਿਗੁਰੂ ਜੀ ਨੇ ਪ੍ਰਸ਼ਾਦ ਛਕਿਆ ਤੇ ਉਹਨਾਂ ਨੂੰ ਨਿਹਾਲ ਕੀਤਾ। ਇਨ੍ਹਾਂ ਸ਼ਾਹੂਕਾਰਾਂ ਨੇ ਸਿਖੀ ਪ੍ਰਚਾਰ ਵਿਚ ਬਹੁਤ ਸਹਾਇਤਾ ਕੀਤੀ।

੧੧. ਬਾਜਕ ਨਗਾਰ ਦੀ ਸੰਗਤ ਦਾ ਪਾਰ ਉਤਾਰਾ ਕਰਨਾ

ਹੁਣ ਸਤਿਗੁਰੂ ਜੀ ਸ਼ਿਕਾਰ ਬਹੁਤ ਖੇਡਿਆ ਕਰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਸ਼ਿਕਾਰ ਖੇਡਣ ਨਾਲ ਜੰਗਲ ਦਾ ਅਭਿਆਸ ਕਾਇਮ ਰਹਿੰਦਾ ਹੈ। ਸਰੀਰ ਵਿਚ ਆਲਸ ਨਹੀਂ ਆਉਂਦਾ। ਸ਼ਿਕਾਰ ਜੀਵਨ ਅਰੋਗਤਾ ਤੇ ਜੁੱਧ ਹੁਨਰ ਵਾਸਤੇ ਇਕ ਅਸਚਰਜ ਵਸੀਲਾ ਹੈ।

ਸਤਿਗੁਰੂ ਜੀ ਸ਼ਿਕਾਰ ਦੇ ਸਮੇਂ ਆਮ ਉਹਨਾਂ ਜਾਨਵਰਾਂ ਦਾ ਸ਼ਿਕਾਰ ਕਰਦੇ ਸਨ, ਜੇਹੜੇ ਜਾਨਵਰ ਖਾਧੇ ਜਾਂਦੇ ਹਨ, ਜਾਂ ਉਹਨਾਂ ਜਾਨਵਰਾਂ ਦਾ ਸ਼ਿਕਾਰ ਕਰਦੇ ਹਨ ਜਿਨ੍ਹਾਂ ਦੀ ਕਲਿਆਣ ਕਰਨੀ ਹੁੰਦੀ ਸੀ ਜੇਹੜੇ ਪਾਪੀ ਲੋਕ

Sri Satguru Jagjit Singh Ji eLibrary NamdhariElibrary@gmail.com

ਆਪਣੇ ਪਾਪਾਂ ਦੇ ਫਲ ਸਰੂਪ ਚੁਰਾਸੀ ਦੇ ਗੇੜ ਵਿਚ ਭਟਕਦੇ ਫਿਰਦੇ ਸਨ ਸਾਹਿਬਾਂ ਨੇ ਉਹਨਾਂ ਦਾ ਜਨਮ ਮਰਨ ਕਟਿਆ । ਉਹ ਮੁਕਤੀ ਸਰੂਪ ਹੋ ਵਾਹਿਗੁਰੂ ਦੇ ਦਰਬਾਰ ਨੂੰ ਗਏ। ਇਸ ਤਰਾਂ ਸਤਿਗੁਰੂ ਜੀ ਨੇ ਬਹੁਤ ਜੀਵਾਂ ਦਾ ਉਧਾਰ ਕੀਤਾ।

ਇਕ ਦਿਨ ਘਣੇ ਜੰਗਲ ਵਿਚ ਸ਼ਿਕਾਰ ਖੇਡਦੇ ਹੋਏ ਸਤਿਗੁਰੂ ਜੀ ਸੁਨੀਅਰ ਨਗਰ ਦੇ ਵਿਚ ਦੀ ਹੋ ਕੇ ਬਾਜਕ ਪਿੰਡ ਵਿਚ ਚਲੇ ਗਏ। ਉਥੋਂ ਦੇ ਵਸਨੀਕ ਗਊਆਂ ਮੱਝਾਂ ਬਹੁਤ ਰਖਦੇ ਹੁੰਦੇ ਸਨ । ਉਹ ਦੁਧ ਲੈ ਕੇ ਆ ਪੁਜੇ। ਸਤਿਗੁਰੂ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਉਨ੍ਹਾਂ ਨੇ ਦੁਧ ਛਕਣ ਵਾਸਤੇ ਬੇਨਤੀ ਕੀਤੀ । ਸਾਹਿਬਾਂ ਨੇ ਦੁਧ ਪੀਣਾ ਪ੍ਰਵਾਨ ਕਰ ਲਿਆ । ਸਾਰੀ ਸੰਗਤ ਨੇ ਰੱਜ ਰੱਜ ਕੇ ਦੁਧ ਪੀਤਾ, ਪਰ ਇਕ ਸਿੰਘ ਨੇ ਦੁਧ ਨਾ ਪੀਤਾ, ਜਦੋਂ ਉਸ ਨੂੰ ਪੁਛਿਆ ਗਿਆ ਤਾਂ ਉਹਨੇ ਉਤਰ ਦਿਤਾ—ਹੇ ਦਾਤਾ ਇਹ ਲੋਕ ਜੰਗਲ ਵਿਚ ਰਹਿਣ ਕਰਕੇ ਬਹਤ ਡਕੈਤ ਤੇ ਚੋਰ ਹੋ ਗਏ ਹਨ । ਲੋਕਾਂ ਦੀਆਂ ਮੱਝੀਂ ਗਾਈਂ ਚੁਰਾ ਲਿਆਉਂਦੇ ਹਨ ਤੇ ਕਾਹਲੀ ਵਿਚ ਗਾਈਆਂ ਤੇ ਮੱਝੀਆਂ ਦੇ ਵਛੇ ਕਟੇ ਪਿਛੇ ਛਡ ਆਉਂਦੇ ਹਨ । ਉਹ ਮਾਸੂਮ ਭੁਖੇ ਤੇ ਪਿਆਰ ਵਿਛੋੜੇ ਵਿਚ ਮਰ ਜਾਂਦੇ ਹਨ । ਇਹ ਮਹਾਂ ਪਾਪ ਹੈ ਐਸੇ ਪਾਪ ਕਰਨ ਵਾਲਿਆਂ ਦੇ ਹਥੋਂ ਦੁਧ ਪੀਣਾ ਭਲਾ ਨਹੀਂ ਹੈ।

ਸਤਿਗੁਰੂ ਜੀ ਘਟ ਘਟ ਦੀ ਜਾਨਣਹਾਰ ਸਨ । ਸ਼ਾਇਦ ਉਹਨਾਂ ਹੀ ਆਪਣੀ ਬ੍ਰਹਮ ਸ਼ਕਤੀ ਦੇ ਨਾਲ ਇਹ ਵਿਚਾਰ ਰਾਏ ਸਿੰਘ ਦੇ ਹਿਰਦੇ ਪਾਈ ਤੇ ਉਸ ਕੋਲੋਂ ਹੀ ਬਿਆਨ ਕਰਾਇਆ । ਉਹ ਸਿਖਿਆ ਦੇਣੀ ਚਾਹੁੰਦੇ ਸਨ । ਇਹ ਸੁਣਕੇ ਸਤਿਗੁਰੂ ਜੀ ਨੇ ਸਾਰੇ ਮੁਖੀਆਂ ਨੂੰ ਸਦਿਆ ਤੇ ਪੁਛਿਆ—'ਜੋ ਕੁਝ ਰਾਏ ਸਿੰਘ ਕਹਿੰਦੇ ਹਨ ਕੀ ਇਹ ਠੀਕ ਹੈ ?'

ਮੁਖੀਏ ਅਗੋਂ ਬੋਲੇ—'ਸਤ ਹੈ ਮਹਾਰਾਜ ! ਕਰਦੇ ਅਸੀਂ ਇਸੇ ਤਰਾਂ ਹੀ ਹਾਂ । ਅਸਾਂ ਨੂੰ ਖਿਮਾਂ ਕੀਤੀ ਜਾਵੇ ।'

ਸਤਿਗੁਰੂ ਜੀ—'ਚੋਰੀ ਕਰਮ ਮਾੜਾ ਹੈ। ਚੋਰੀ ਤੇ ਧਾੜੇ ਤੋਂ ਮੁਰਾਦ ਹੈ ਮਾੜੇ ਨੂੰ ਡਰ ਦੇਣਾ, ਮਾਰਨਾ ਤੇ ਲੁਟਣਾ । ਫਿਰ ਦੂਸਰਾ ਗਊ ਦੇ ਜਾਇਆਂ

Sri Satguru Jagjit Singh Ji eLibrary NamdhariElibrary@gmail.com

ਮਾਸੂਮਾਂ ਨੂੰ ਮਾਵਾਂ ਤੋਂ ਵਿਛੋੜਨਾ ਤਾਂ ਸਮਝੋ ਰੱਬ ਦੇ ਕਲੇਜੇ ਨੂੰ ਹੱਥ ਪਾਉਣਾ ਹੈ। ਕਦੀ ਅਕਾਲ ਪੁਰਖ ਇਹ ਮੰਨ ਸਕਦਾ ਹੈ ਕਿ ਉਸਦੇ ਪੁਤ੍ਰਾਂ ਨੂੰ ਦੁਖ ਹੋਵੇ ਤੇ ਉਹ ਚੁਪ ਕਰਕੇ ਬੈਠਾ ਰਹੇ ? ਉਹ ਉਸੇ ਵੇਲੇ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਕੋਧਤਾ ਨੂੰ ਪ੍ਰਗਟ ਕਰਕੇ ਪਾਪੀ ਜੀਵਾਂ ਨੂੰ ਸਿਖਿਆ ਦੇਂਦਾ ਹੈ। ਇਸ ਵਾਸਤੇ ਜੀਵਾਂ ਉਤੇ ਦਯਾ ਕਰੋ, ਮੇਹਰ ਕਰੋ, ਉਹਨਾਂ ਨਾਲ ਪਿਆਰ ਕਰੋ ਕਿਉਂਕਿ ਉਹ ਬੇਜ਼ਬਾਨ ਹਨ। ਪਸ਼ੂ ਦਾ ਹਿਰਦਾ ਮਨੁਖ ਹਿਰਦੇ ਨਾਲੋਂ ਵੀ ਕੋਮਲ ਹੁੰਦਾ ਹੈ। ਉਹ ਛੇਤੀ ਛੇਤੀ ਟੁਟਦਾ ਹੈ ਤੇ ਉਸਦੇ ਟੁਟਣ ਤੇ ਵਾਹਿਗੁਰੂ ਨੂੰ ਦੁਖ ਅਨੁਭਵ ਹੁੰਦਾ ਹੈ। ਬੱਸ ਇਹ ਬਚਨ ਦੇਵੋ ਕਿ ਅਗੇ ਨੂੰ ਚੋਰੀ ਨਹੀਂ ਕਰੋਗੇ, ਧਰਮ ਕਿਰਤ ਕਰਕੇ ਉਪਜੀਵਕਾ ਕਰੋਗੇ।'

ਸਤਿਗੁਰੂ ਜੀ ਦਾ ਇਕ ਇਕ ਬਚਨ ਉਹਨਾਂ ਦੇ ਹਿਰਦੇ ਨੂੰ ਤੀਰ ਵਾਂਗ ਲੱਗਾ, ਉਹ ਵਿਆਕੁਲ ਹੋ ਗਏ ਉਹਨਾਂ ਦੀਆਂ ਅੱਖਾਂ ਵਿਚ ਜਲ ਆ ਗਿਆ ਤੇ ਹਿਰਦੇ ਕੰਬਣ ਲੱਗ ਪਏ, ਉਹਨਾਂ ਦੇ ਹੱਥ ਜੁੜ ਗਏ। ਥਰ ਥਰਾਂਦੇ ਬੁਲਾਂ ਨਾਲ ਉਹਨਾਂ ਨੇ ਬਚਨ ਦਿਤਾ—'ਮਹਾਰਾਜ ! ਖਿਮਾਂ ਕਰੋ, ਇਹ ਸੱਚ ਹੈ ਅਸੀਂ ਪਾਪੀ ਹਾਂ, ਬਹੁਤ ਪਾਪ ਕਰਦੇ ਹਾਂ, ਅਜ ਤੋਂ ਨਹੀਂ ਸਗੋਂ ਅਜ ਤੋਂ ਵੀ ਪਹਿਲਾਂ ਦਇਆ ਕਰੋ, ਅਸਾਂ ਨੂੰ ਗਿਆਨ ਹੋ ਗਿਆ ਕਿ ਅਸਾਂ ਦੇ ਪਾਪ ਕਰਮ ਦਾ ਫਲ ਜ਼ਰੂਰ ਮਾੜਾ ਮਿਲੇਗਾ। ਨਰਕ ਦੀ ਅੱਗ ਵਿਚ ਸੜਨਾ ਪਵੇਗਾ। ਜਨਮ ਜਨਮ ਠੋਕਰਾਂ ਖਾਣੀਆਂ ਪੈਣਗੀਆਂ। ਦਾਤਾਰ ! ਬਖਸ਼ੋ ਤੇ ਜ਼ਰੂਰ ਦਇਆ ਕਰੋ, ਅਸੀਂ ਬਚਨ ਦੇਂਦੇ ਹਾਂ ਕਿ ਇਸ ਨਗਰ ਦੇ ਵਾਸੀ ਡੰਗਰ ਦੀ ਚੋਰੀ ਨਹੀਂ ਕਰਨਗੇ। ਬੱਸ ਧਰਮ ਕਿਰਤ ਕਰਕੇ ਮੇਹਨਤ ਕਰਕੇ ਆਪਣੇ ਡੰਗਰ ਪਾਲਾਂਗੇ ਤੇ ਧਰਮ ਕਿਰਤ ਨਾਲ ਜੀਵਨ ਨਿਰਬਾਹ ਕਰਾਂਗੇ। ਕੋਲ ਭੋਏਂ ਬਹੁਤ ਖੁਲੀ ਹੈ ਉਸਨੂੰ ਵਾਹ ਕੇ ਗੁਜ਼ਾਰਾ ਕਰਾਂਗੇ। ਦਇਆ ਕਰਨੀ, ਅਗੇ ਨੂੰ ਕੋਈ ਸ਼ਿਕਾਇਤ ਨਹੀਂ ਆਏਗੀ।'

ਉਹਨਾਂ ਦੇ ਤਰਲੇ ਨੂੰ ਸੁਣਕੇ ਸਤਿਗੁਰੂ ਜੀ ਦਇਆ ਦੇ ਘਰ ਆਏ ਉਹਨਾਂ ਨੂੰ ਨਿਹਾਲ ਕਰਦੇ ਹੋਏ ਕਹਿਣ ਲੱਗਾ—'ਅੰਮ੍ਰਿਤ ਛਕਕੇ ਸਤਿਗੁਰੂ ਨਾਨਕ ਦੇਵ ਜੀ ਦੇ ਸਿਖੀ ਮੰਡਲ ਵਿਚ ਆਓ, ਧਰਮ ਕਿਰਤ ਕਰਨ।

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਦਾ ਸਿਮਰਨ ਕਰਨਾ, ਬਸ ਫਿਰ ਜਮਾਂ ਦਾ ਦਾ ਡਰ ਨਹੀਂ ਭਾਸੇਗਾ, ਜੀਵਨ ਮੁਕਤ ਹੋ ਜਾਵੋਗੇ। ਲੋਕ ਤੇ ਪ੍ਰਲੋਕ ਵਿਚ ਸੁਖ ਭੋਗੋਗੇ । ਸਤਿਗੁਰੂ ਫੁਰਮਾਉਂਦੇ ਹਨ—

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੋਰੇ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੇ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੇ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੇ ਨਾਮੁ ਕੋਟਿ ਪਾਪ ਪਰਹਰੈ ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੁਖ ਘਨੇਰੇ ॥

(ਸੁਖਮਨੀ ਸਾਹਿਬ)

ਤਿਸ ਦਾ ਪਰਮਾਰਥ—ਹੇ ਜੀਵ ! ਜਿਸ (ਦੁਖਾਂ ਵਾਲੀ ਥਾਂ) ਤੇਰਾ ਮਾਤ ਪਿਤਾ ਪੁਤ੍ਰ ਤੇ ਭਾਈ ਮਿਤ੍ਰ ਤੇਰੀ ਸਹਾਇਤਾ ਨਹੀਂ ਕਰ ਸਕਦੇ ਉਸ ਥਾਂ ਇਕ ਵਾਹਿਗੁਰੂ ਦਾ ਨਾਮ ਹੀ ਤੇਰੀ ਸਹਾਇਤਾ ਕਰ ਸਕਦਾ ਹੈ। ਜਿਥੇ (ਨਰਕ ਵਿਚ) ਵਡੇ ਵਡੇ ਜਮਾਂ ਤੇ ਦੂਤਾਂ ਦਾ ਡਰ ਹੈ, ਉਥੇ ਤੇਰੀ ਰਖਿਆ ਵੀ ਨਾਮ ਨੇ ਹੀ ਨਾਲ ਚਲਕੇ ਕਰਨੀ ਹੈ । ਜਿਥੇ ਬਹੁਤ ਵਡੀ ਮੁਸ਼ਕਲ ਹੋਵੇ ਉਥੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੀਏ ਤਾਂ ਸਭ ਕੁਝ ਠੀਕ ਹੋ ਜਾਂਦਾ ਹੈ ਜੇਹੜੇ ਅਨੇਕਾਂ ਪੁੰਨ ਕਰਦੇ ਹੋਏ ਨਹੀਂ ਤਰੇ ਉਹ ਵਾਹਿਗੁਰੂ ਦੇ ਸਿਮਰਨ ਕਰਨ ਤੇ ਹਜ਼ਾਰਾਂ ਪਾਪਾਂ ਦੇ ਹੁੰਦਿਆਂ ਹੋਇਆਂ ਵੀ ਤਰ ਗਏ । ਇਸ ਵਾਸਤੇ ਹੇ ਗੁਰਮੁਖ ਜਨੋਂ ! ਰਾਤ ਦਿਨੇ ਵਾਹਿਗੁਰੂ ਦਾ ਸਿਮਰਨ ਕਰੋ ਸੁਖ ਪਾਵੋ ।

ਸਤਿਗੁਰੂ ਜੀ ਉਪਦੇਸ਼ ਕਰੀ ਗਏ—'ਹੇ ਭਾਈ ! ਮਨੁਖਾ ਜੀਵਨ ਦਾ ਏਹੋ ਲਾਭ ਹੈ ਕਿ ਭਗਤੀ ਸੇਵਾ ਤੇ ਮੇਹਨਤ ਕਰਕੇ ਇਸ ਜਗਤ ਨੂੰ ਸੁਖਾਂ ਦਾ ਘਰ ਬਣਾਇਆ ਜਾਵੇ ।'

ਸਾਰੇ ਨਗਰ ਵਾਸੀਆਂ ਨੇ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜੇ । ਚਾਰ ਦਿਨ ਸਤਿਗੁਰੂ ਜੀ ਉਨ੍ਹਾਂ ਪਾਸ ਟਿਕੇ ਰਹੇ ।

Sri Satguru Jagjit Singh Ji eLibrary NamdhariElibrary@gmail.com

੧੩. ਦੀਵਾਨੇ ਸਾਧਾ ਦੀ ਕਥਾ

ਘੁੱਦੇ ਪਿੰਡ ਦੀਵਾਨੇ ਸਾਧੂ ਰਹਿੰਦੇ ਸਨ ਜੋ ਪ੍ਰਭੂ ਭਗਤੀ ਵਿਚ ਮਸਤ ਤੇ ਕੁਝ ਨਸ਼ੇ ਵਰਤ ਕੇ ਦੀਵਾਨੇ ਹੋਏ ਰਹਿੰਦੇ ਸੀ ਉਨ੍ਹਾਂ ਦੀ ਗਿਣਤੀ ਬਹੁਤ ਸੀ। ਉਹ ਭੰਗ, ਚਰਸ ਆਦਿਕ ਦਾ ਸੇਵਨ ਕਰਦੇ। ਸੁਖੂ ਤੇ ਬੁਧੂ ਉਨ੍ਹਾਂ ਦੇ ਮਹੰਤ ਸਨ ਉਨ੍ਹਾਂ ਮਹੰਤਾਂ ਦਾ ਇਕ ਭਰਾ ਸਤਿਗੁਰੂ ਜੀ ਦੇ ਸਿਖ ਹਥੋਂ ਮਾਰਿਆ ਗਿਆ ਸੀ ਜਦੋਂ ਸਤਿਗੁਰੂ ਜੀ ਰੋਪੜ ਵਲੋਂ ਆਉਂਦੇ ਹੋਏ ਕੋਟ ਕਪੂਰੇ ਨੂੰ ਜਾ ਰਹੇ ਸਨ । ਉਨ੍ਹਾਂ ਮਹੰਤਾਂ ਨੂੰ ਜਦੋਂ ਪਤਾ ਲਗਾ ਕਿ ਸਤਿਗੁਰੂ ਜੀ ਉਨ੍ਹਾਂ ਦੇ ਚੌਗਿਰਦੇ ਹੀ ਸ਼ਿਕਾਰ ਖੇਡ ਰਹੇ ਹਨ ਤਾਂ ਉਹਨਾਂ ਨੇ ਭੰਗ ਦੇ ਨਸ਼ੇ ਦੇ ਲੋਰ ਵਿਚ ਭਰਾ ਦਾ ਬਦਲਾ ਲੈਣ ਦੀ ਸਲਾਹ ਕੀਤੀ। ਰਜਕੇ ਭੰਗ ਛਕੀ ਹੋਈ ਸੀ, ਭੰਗ ਦਾ ਨਸ਼ਾ ਖਿੜਿਆ ਹੋਇਆ ਸੀ ਉਸ ਵੇਲੇ ਇਕ ਦੇ ਦੋ ਬੰਦੇ ਦਿਸਦੇ ਸਨ, ਉਹਨਾਂ ਨੇ ਨਾਹਰਾ ਲਾ ਦਿਤਾ--'ਚਲੋ 'ਬੁਧੂ' ਦੇ ਖੂਨ ਦਾ ਬਦਲਾ ਲਵੋ।'

ਉਹਨਾਂ ਮੂਰਖਾਂ ਦਾ ਨਾਹਰਾ ਸੁਣਕੇ ਪੰਜਾਹ ਕੁ ਦੀਵਾਨੇ ਸਾਧੂ ਲਾਠੀਆਂ ਤੇ ਕੁਹਾੜੀਆਂ ਚੁਕ ਕੇ ਉਨ੍ਹਾਂ ਦੇ ਨਾਲ ਆ ਰਲੇ। ਪਿੰਡ ਵਾਲੇ ਤਮਾਸ਼ਾ ਦੇਖਣ ਵਾਸਤੇ ਉਹਨਾਂ ਨੂੰ ਸਗੋਂ ਹੋਰ ਹਲਾ ਸ਼ੇਰੀ ਦੇਣ ਲਗੇ। ਦੀਵਾਨਿਆਂ ਦੀ ਫੌਜ ਕਲਗੀਧਰ ਪਿਤਾ ਜੀ ਨਾਲ ਜੁਧ ਕਰਨ ਵਾਸਤੇ ਤੁਰੀ।

ਪਿੰਡੋਂ ਤੁਰਦਿਆਂ ਕਰਦਿਆਂ ਨੂੰ ਕੁਵੇਲਾ ਹੋ ਗਿਆ ਸੀ। ਭੰਗ ਧਤੂਰਾ ਛਕਦਿਆਂ ਦੇਰ ਹੋ ਚੁਕੀ ਸੀ ਜਦ ਉਹ ਘੁਦੇ ਪਿੰਡ ਦੀ ਹੱਦ ਨੂੰ ਟਪਣ ਲਗੇ ਤਾਂ ਉਹਨਾਂ ਦਾ ਨਸ਼ਾ ਉਤਰ ਗਿਆ। ਉਸ ਵੇਲੇ ਉਹਨਾਂ ਨੂੰ ਗਿਆਨ ਹੋਇਆ ਕਿ ਓਹ ਕੀ ਮੂਰਖਤਾ ਕਰ ਰਹੇ ਹਨ ਓਹਨਾਂ ਦੇ ਮਨ ਨੇ ਸੋਚਿਆ--'ਇਹ ਪਾਗਲਪਨ ਹੈ, ਓਹ ਕਲਗੀਆਂ ਵਾਲਾ ਮਹਾਂ ਬਲੀ ਗੁਰੂ ਔਰੰਗਜ਼ੇਬ ਨਾਲ ਜੁਧ ਕਰਨ ਵਾਲਾ, ਫੌਜਾ ਨੂੰ ਉਸਨੇ ਹਰਾ ਦਿਤਾ ਭਲਾ ਅਸੀ ਕਿਵੇਂ ਓਹਦੇ ਨਾਲ ਲੜ ਲਵਾਂਗੇ ? ਓਹ ਸਰਬ ਕਲਾ ਸੰਪੂਰਨ ਗੁਰੂ ਇਕ ਕਰਾਮਾਤ ਨਾਲ ਅਸਾਂ ਸਾਰਿਆਂ ਨੂੰ ਮਾਰ ਸੁਟੇਗਾ। ਅਸੀਂ ਕਿਹੜੇ ਬਾਗ ਦੀ ਮੂਲੀ ਹਾਂ ਜੋ

Sri Satguru Jagjit Singh Ji eLibrary NamdhariElibrary@gmail.com

ਜੁਧ ਕਰਨ ਵਾਸਤੇ ਤੁਰ ਪਏ।' ਅਜੇ ਇਸ ਤਰ੍ਹਾਂ ਸੋਚ ਹੀ ਰਹੇ ਸਨ ਕਿ ਇਕ ਅਮਲੀ ਨੇ ਐਵੇਂ ਰੌਲਾ ਪਾ ਦਿਤਾ—'ਔਹ ! ਗੁਰੂ ਜੀ ਆ ਗਏ। ਬੁਧੂ ਮਾਰ ਡਾਂਗ; ਮਾਰੋ ਕੁਹਾੜੀ ਹਰੇ ਰਾਮ ! ਲਗੇ ਜੇ ਤਲਵਾਰ ਨਾਲ ਸਿਰ ਧੜ ਨਾਲੋਂ ਵਖ ਕਰਨ।'

ਉਸੀ ਅਮਲੀ ਦਾ ਰੌਲਾ ਸੁਣ ਕੇ ਸਾਰੇ ਅਮਲੀ ਘਬਰਾ ਗਏ, ਕਿਸੇ ਨੇ ਅੱਖਾਂ ਪੁਟਕੇ ਨਹੀਂ ਦੇਖਿਆ ਕਿ ਸਤਿਗੁਰੂ ਜੀ ਜਾਂ ਉਹਨਾਂ ਦੇ ਸਿਖ ਕਿਧਰ ਹਨ ਬਸ ਪਿਛੇ ਨੂੰ ਮੁੜ ਪਏ। 'ਅਸਾਂ ਨਹੀਂ ਲੜਨਾ ! ਸਤਿਗੁਰੂ ਜੀ ਖਿਮਾਂ ਕਰਿਓ ! ਅਸਾਂ ਨੂੰ ਨਾ ਮਾਰਿਓ !' ਇਉਂ ਪੁਕਾਰਦੇ ਹੋਏ ਇਕ ਦੂਸਰੇ ਦੇ ਅਗੇ ਲੰਘ ਗਏ।

ਬੁਧੂ ਤੇ ਸੁਖ ਨੇ ਬਹੁਤ ਰੌਲਾ ਪਾਇਆ, ਪੁਕਾਰ ਪੁਕਾਰ ਕੇ ਪੂਰਾ ਸੰਘ ਪਾੜ ਕੇ ਤੇ ਗਾਲ੍ਹਾਂ ਦੇ ਆਖਿਆ—'ਮੂਰਖੋ ! ਨਾ ਨਸੋ, ਸਤਿਗੁਰੂ ਜੀ ਤਾਂ ਕਿਤੇ ਨਜ਼ਰ ਨਹੀਂ ਆਉਂਦੇ। ਕਿਤੇ ਘੋੜੇ ਨਹੀਂ, ਘੋੜਿਆਂ ਦੀਆਂ ਟਾਪਾਂ ਵੀ ਸੁਣਾਈ ਨਹੀਂ ਦੇਂਦੀਆਂ। ਕਿਉਂ ਨਸਦੇ ਹੋ ? ਕੀ ਤੁਸਾਂ ਨੂੰ ਡਰ ਪੈ ਗਿਆ ? ਖਲੋ ਜਾਵੋ, ਪਿਛੇ ਮੁੜੋ, ਗਲ ਸੁਣੋਂ।' ਉਹ ਬੋਲਦੇ ਰਹੇ ਪਰ ਕਿਸੇ ਨੇ ਉਹਨਾਂ ਦੀ ਇਕ ਨਾ ਸੁਣੀ ਸਗੋਂ ਨੱਸੇ ਜਾਂਦੇ ਸਾਧੂ ਆਖੀ ਗਏ—'ਤੁਸੀਂ ਅੰਨੇ ਜੇ ਤੁਸਾਂ ਨੂੰ ਗੁਰੂ ਜੀ ਨਹੀਂ ਦਿਸਦੇ ਉਹ ਤਾਂ ਨੇੜੇ ਆ ਗਏ ਹਨ ਅਸਾਂ ਨਹੀਂ ਬੇਗੁਨਾਹੀ ਮੌਤੇ ਮਰਨਾ ਤੁਸੀਂ ਮਰੋ।'

ਸੁਖੂ ਤੇ ਬੁਧੂ ਨੇ ਬਹੁਤ ਯਤਨ ਕੀਤਾ ਕਿ ਸਾਧੂ ਰੁਕ ਜਾਣ, ਪਰ ਕੋਈ ਨਾ ਰੁਕਿਆ। ਸੁਖੂ ਤੇ ਬੁਧੂ ਇਕੱਲੇ ਰਹਿ ਗਏ। ਉਹ ਲਗੇ ਦੋਵੇਂ ਇਕ ਦੂਸਰੇ ਦੇ ਮੂੰਹ ਵਲ ਵੇਖਣ। ਉਹਨਾਂ ਨੂੰ ਗਲ ਕੋਈ ਆਉੜੇ ਨਾ, ਕੀ ਉਹ ਕਰਨ ਤੇ ਕੀ ਨਾ ਕਰਨ। ਜੇ ਪਿਛੇ ਜਾਣ ਤਾਂ ਲੋਕਾਂ ਦਾ ਡਰ। ਜੇ ਅਗੇ ਜਾਣ ਤਾਂ ਸ਼ਾਇਦ ਸਤਿਗੁਰੂ ਜੀ ਗੁਸੇ ਹੋਣ। ਉਹ ਐਸੀਆਂ ਵਿਚਾਰਾਂ ਵਿਚ ਰੋਤੇ ਖਾਣ ਲਗੇ। ਆਖਰ ਉਹਨਾਂ ਨੇ ਫੈਸਲਾ ਕੀਤਾ ਕਿ ਉਹ ਸਤਿਗੁਰੂ ਜੀ ਦੀ ਸ਼ਰਨ ਚਲਣ ਤਾਂ ਚੰਗਾ ਹੈ। ਇਹ ਸੋਚਕੇ ਉਹ ਦੋਵੇਂ ਭਰਾ ਸਤਿਗੁਰੂ ਜੀ ਵਲ ਤੁਰ ਪਏ। ਉਹਨਾਂ ਨੇ ਹੱਥਾਂ ਦੇ ਸੋਟੇ ਤੇ ਦੱਡ-ਸਾਂਦੇਰੇ ਇਕ ਝਾੜੀ ਵਿਚ ਰਖ ਦਿਤੇ।

Sri Satguru Jagjit Singh Ji eLibrary NamdhariElibrary@gmail.com

ਜਦੋਂ ਸਤਿਗੁਰੂ ਜੀ ਦੇ ਦੀਦਾਰੇ ਹੋਏ ਤਾਂ ਦੋਹਾਂ ਦਾ ਲਹੂ ਠੰਢਾ ਹੋ ਗਿਆ, ਓਹ ਲਗੇ ਥਰਥਰ ਕੰਬਣ, ਨੇੜੇ ਪੁਜੇ ਤਾਂ ਹਥ ਜੁੜ ਗਏ ਨਮਸਕਾਰ ਕਰਨ ਵਾਸਤੇ ਸਿਰ ਝੁਕਿਆ। ਨਮਸ਼ਕਾਰ ਕਰ ਹੀ ਦਿਤੀ। ਘਰੋਂ ਲੜਨ ਆਏ ਸਨ ਪਰ ਬਿਨਾਂ ਲੜਿਆਂ ਹੀ ਹਾਰ ਗਏ। ਸਾਥੀ ਜੀਉਂਦੇ ਹੀ ਮਰ ਗਏ। ਉਹ ਨੱਸ ਗਏ। ਸਤਿਗੁਰੂ ਜੀ ਦੇ ਚਰਨਾਂ ਵਿਚ ਪੁਜਿਆਂ ਵੀ ਉਹਨਾਂ ਦਾ ਦਿਲ ਡਰੀ ਜਾਂਦਾ ਸੀ ਕਿ ਕਿਤੇ ਸਚਮੁਚ ਬ੍ਰਹਮ ਸ਼ਕਤੀ ਨਾਲ ਸਤਿਗੁਰੂ ਜੀ ਜਾਣ ਨਾ ਜਾਣ ਕਿ ਅਸੀਂ ਉਹਨਾਂ ਨਾਲ ਲੜਨ ਵਾਸਤੇ ਆਏ ਹਾਂ ਜੇ ਪਤਾ ਲਗ ਗਿਆ ਤਾਂ ਕਦੀ ਖਿਮਾਂ ਨਹੀਂ ਕਰਨਗੇ, ਮਾਰ ਸੁਟਣਗੇ। ਅਸਾਂ ਬਹੁਤ ਮੂਰਖਤਾ ਕੀਤੀ। ਭੰਗ ਦੇ ਨਸ਼ੇ ਦੇ ਲੋਰ ਵਿਚ ਹੀ ਗਲਤ ਫੈਸਲਾ ਕੀਤਾ। ਇਹ ਫੈਸਲਾ ਕਰਨਾ ਨਹੀਂ ਸੀ।

ਸਤਿਗੁਰੂ ਜੀ ਨੇ ਆਪਣੀ ਸ਼ਕਤੀ ਪ੍ਰਗਟ ਕੀਤੀ, ਸਾਹਿਬਾਂ ਨੇ ਆਖਿਆ—ਕਿਉਂ ਸੁਖੂ-ਬੁਧੂ ! ਜੁਧ ਕਰਨ ਆਏ, ਪਰ ਰਾਹ ਵਿਚ ਢੱਢ ਸਰੰਗੀ ਭੀ ਲੁਕਾ ਆਏ। ਕੀ ਮਾਮਲਾ ਹੈ? ਤੁਸਾਂ ਦੀ ਸੈਨਾ ਕਿਥੇ ਹੈ ?'

ਬੁਧੂ—'ਅੰਤਰਜਾਮੀ ਪਿਤਾ ! ਖਿਮਾਂ ਕਰਨਾ, ਅਸੀਂ ਪਾਪੀ ਤੇ ਕੁਲਣਹਾਰ ਜੀਵ ਹਾਂ। ਕੋਈ ਪੇਸ਼ ਨਹੀਂ ਜਾਂਦੀ। ਭੰਗ ਦੇ ਲੋਰ ਵਿਚ ਪਾਪ ਕਰ ਬੈਠੇ। ਅਸੀਂ ਆਪ ਨਾਲ ਕਿਵੇਂ ਲੜ ਸਕਦੇ ਹਾਂ, ਅਸੀਂ ਹੋਏ ਕੀੜੀਆਂ, ਆਪ ਪਰਬਤ ! ਕਿਵੇਂ ਮੇਲ ਹੋਵੇ। ਬਸ ਦਾਤਾ ! ਖਿਮਾਂ ਕਰੋ, ਮੇਹਰ ਕਰੋ ਤੇ ਅਸਾਂ ਨੂੰ ਬਖਸ਼ੋ ! ਅਸੀਂ ਭੁਲ ਬਖਸ਼ਾਉਣ ਵਾਸਤੇ ਆਪ ਦੀ ਸ਼ਰਨ ਆਏ ਹਾਂ, ਦਿਲੋਂ ਦੁਸ਼ਮਨੀ ਨਹੀਂ। ਆਪ ਪਤਿਤ ਪਾਵਨ ਹੋ, ਅਸੀਂ ਅਜਾਮਲ ਵਾਂਗ ਪਾਪੀ ਜੀਵ ਹਾਂ ! ਅਸਾਂ ਤੇ ਦਇਆ ਕਰੋ।'

ਉਨ੍ਹਾਂ ਦੀ ਬੇਨਤੀ ਸੁਣਕੇ ਸਤਿਗੁਰੂ ਜੀ ਨੂੰ ਦਇਆ ਆ ਗਈ। ਆਪ ਜੀ ਨੇ ਪ੍ਰਸੰਨ ਹੋਕੇ ਬਚਨ ਕੀਤਾ—'ਹੱਛਾ ਜਾਓ ! ਆਪਣਾ ਢੱਡ ਤੇ ਸਰੰਗਾ ਲਿਆਓ, ਉਸ ਦੇ ਪਿਛੇ ਕੁਝ ਗਾ ਕੇ ਸੁਣਾਓ।'

ਸਾਹਿਬਾਂ ਦੇ ਇਹ ਬੋਲ ਸੁਣ ਕੇ ਉਹ ਦੀਵਾਨੇ ਸਾਧੂ ਖੁਸ਼ੀ ਨਾਲ ਨੱਚਦੇ ਹੋਏ ਉਹਨਾਂ ਝਾੜੀਆਂ ਵਲ ਚਲੇ ਗਏ, ਜਿਥੇ ਢੱਡ ਤੇ ਸਰੰਗਾ ਲੁਕੇ

Sri Satguru Jagjit Singh Ji eLibrary NamdhariElibrary@gmail.com

ਆਏ ਸਨ। ਉਹ ਉਥੋਂ ਸਰੰਗਾ ਤੇ ਵੱਡ ਫੜਕੇ ਆਏ ਤੇ ਦੂਰੋਂ ਹੀ ਉਹਨਾਂ ਨੇ ਗਾਉਣਾ ਆਰੰਭ ਕਰ ਦਿਤਾ—

'ਕੱਚਾ ਕੋਠਾ ਵਿਚ ਵਸਦਾ ਜਾਨੀ, ਸਦਾ ਨਾ ਮਾਪੇ ਨਿਤ ਨਹੀਂ ਜੁਵਾਨੀ ॥ ਚਲਣਾ ਅਗੇ ਕਿਉਂ ਭਜੋਂ ਗੁਮਾਨੀ, ਹੁਣ ਹੋਹੁ ਸਿਆਣਾ ਨਹੀਂ ਪੁਗੂ ਨਿਦਾਨੀ ॥ ਭੁਲਾ ਹੋਇਆ ਤੇਰੇ ਘਰ ਨੂੰ ਆਏ, ਜਿਨਾਂ ਨੂੰ ਲੱਭਦਾ ਤੇਰੇ ਦਿਲਬਰ ਜਾਨੀ ॥ ਸਿਮਰ ਸਿਮਰ 'ਸਤਿਨਾਮੁ ਵਾਹਿਗੁਰੂ' ਛਡ ਦੁਨੀਆਂ ਅਭਿਮਾਨੀ ॥ ਕੱਚਾ ਕੋਠਾ ਵਿਚ ਵਸਦਾ ਜਾਨੀ ॥'

ਇਸ ਤਰਾਂ ਉਹ ਸਤਿਗੁਰੂ ਜੀ ਦੇ ਅੱਗੇ ਜੱਸ ਕਰਦੇ ਰਹੇ। ਉਹ ਗਾਉਂਦੇ ਹੋਏ ਸਤਿਗੁਰੂ ਜੀ ਦੇ ਨਾਲ ਹੀ ਤੁਰ ਪਏ। ਇਸਤਰਾਂ ਕੌਤਕ ਕਰਦੇ ਹੋਏ ਸਤਿਗੁਰੂ ਜੀ ਜੱਸੀਆਂ ਪੁਜੇ। ਜੱਸੀ ਨਗਰ ਵਿਚ ਇਕ ਬਹੁਤ ਵੱਡੀ ਢਾਬ ਸੀ, ਉਸ ਢਾਬ ਦੇ ਕਿਨਾਰੇ ਵੀ ਸਾਹਿਬਾਂ ਨੇ ਇਕ ਕੌਤਕ ਕੀਤਾ। ਉਹ ਕੌਤਕ ਇਹ ਸੀ ਕਿ ਸਾਹਿਬ ਘੋੜੇ ਸਮੇਤ ਢਾਬ ਵਿਚੋਂ ਦੀ ਲੰਘੇ, ਜਦੋਂ ਕਿ ਢਾਬ ਵਿਚ ਪਾਣੀ ਸੀ। ਕਈਆਂ ਅਗਿਆਨੀਆਂ ਨੇ ਸਾਹਿਬਾਂ ਨੂੰ ਰੋਕਣ ਦਾ ਯਤਨ ਕੀਤਾ ਜੋ ਗੁਰੂ ਜੀ ਦੀ ਮਹਿਮਾਂ ਨਹੀਂ ਸੀ ਜਾਣਦੇ ਪਰ ਸਤਿਗੁਰੂ ਜੀ ਨਹੀਂ ਰੁਕੇ ਉਹ ਮਨ ਦੀ ਮੌਜ ਨਾਲ ਘੋੜੇ ਨੂੰ ਅਗੇ ਲਈ ਗਏ। ਸਿਦਕੀ ਸਿਖ ਸਤਿਗੁਰੂ ਜੀ ਦੇ ਪਿਛੇ ਪਿਛੇ ਗਏ ਤੇ ਦੂਸਰੇ ਲੋਕ ਉਪਰ ਦੀ ਆਏ।

ਕਿਨਾਰੇ ਖਲੋਤਿਆਂ ਨੇ ਦੇਖਿਆ ਕਿ ਸਤਿਗੁਰੂ ਜੀ ਨੂੰ ਪਾਣੀ ਨੇ ਰਾਹ ਦੇ ਦਿਤਾ। ਪਾਣੀ ਜਿਥੇ ਦਸ ਬਾਰਾਂ ਹੱਥ ਸੀ, ਉਥੇ ਮੁਸ਼ਕਲ ਨਾਲ ਦੋ ਹਥ ਤੇ ਕਿਤੇ ਦੋ ਹਥ ਤੋਂ ਵੀ ਹੇਠਾਂ ਹੋ ਗਿਆ। ਸਤਿਗੁਰੂ ਜੀ ਸਹਜੇ ਹੀ ਅਗੇ ਲੰਘ ਗਏ। ਸਤਿਗੁਰੂ ਜੀ ਦਾ ਇਹ ਕੌਤਕ ਦੇਖਕੇ ਸਾਰੇ ਹੈਰਾਨ ਹੋਏ ਤੇ ਇਕ ਜ਼ਬਾਨ ਆਖਣ ਲਗ ਪਏ—'ਧੰਨ ਸਤਿਗੁਰੂ ਮਹਾਰਾਜ ਜੀ।'

ਤਾਰੇ ਗਿਣੇ ਜਾ ਸਕਦੇ ਹਨ, ਪਰ ਸਤਿਗੁਰਾਂ ਦੇ ਤਾਰੇ ਹੋਏ ਨਹੀਂ ਗਿਣੇ ਜਾ ਸਕਦੇ ਤੇ ਨਾ ਉਹਨਾਂ ਦੇ ਕੌਤਕਾਂ ਦੀ ਗਿਣਤੀ ਹੋ ਸਕਦੀ ਹੈ। ਸਾਹਿਬ ਢਾਬ ਦੇ ਵਿਚੋਂ ਲੰਘੇ, ਇਹ ਇਕ ਨਿਰਾਲਾ ਕੌਤਕ ਸੀ। ਉਹ ਕੌਤਕ ਇਹ

Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਜੇਹੜਾ ਕਾਲਾ ਪੁਰਸ਼ ਲੰਘਿਆ ਉਹ ਗੋਰਾ ਹੋ ਗਿਆ ਤੇ ਜੇਹੜਾ ਕਾਲਾ ਕਪੜਾ ਸੀ ਉਹ ਚਿਟਾ ਹੋ ਗਿਆ ਘੋੜੇ ਦੀ ਚਮੜੀ ਉਤੇ ਕਾਲੇ ਧਬੇ ਸਨ, ਉਹ ਵੀ ਚਿਟੇ ਹੋ ਗਏ। ਜਦੋਂ ਸਾਹਿਬਾਂ ਦੇ ਸਿਖ ਕਿਨਾਰੇ ਆਏ ਤਾਂ ਹੁਲੀਆ ਬਦਲਿਆ ਹੋਇਆ ਦੇਖਕੇ ਸਾਰੀ ਸੰਗਤ ਤੇ ਜੱਸੀ ਨਗਰ ਦੇ ਵਸਨੀਕ ਜੇਹੜੇ ਕਿਨਾਰੇ ਖਲੋਤੇ ਸਨ, ਉਹ ਬਹੁਤ ਹੈਰਾਨ ਹੋਏ ਕਿ ਇਹ ਕੀ ਕੌਤਕ ਹੋਇਆ। ਰੰਗ ਕਿਉਂ ਬਦਲ ਗਿਆ?

ਉਹਨਾਂ ਸਾਰਿਆਂ ਨੇ ਸਤਿਗੁਰੂ ਜੀ ਅਗੇ ਸੁਆਲ ਪਾਇਆ— 'ਮਹਾਰਾਜ! ਇਹ ਕੀ ਮਾਮਲਾ ਹੈ? ਅਸਾਂ ਦੀ ਤਾਂ ਅਕਲ ਚਕਰਾ ਗਈ ਹੈ। ਅੱਖਾਂ ਮਲ ਮਲ ਕੇ ਦੇਖ ਰਹੇ ਹਾਂ ਕਾਲੇ ਬੰਦੇ ਗੋਰੇ ਹੋ ਗਏ।'

ਸਾਹਿਬਾਂ ਨੇ ਫੁਰਮਾਇਆ—'ਸਿੰਘੋ! ਇਹ ਢਾਬ ਕੋਈ ਮਾਮੂਲੀ ਪਾਣੀ ਦੀ ਢਾਬ ਨਹੀਂ ਸਗੋਂ ਕਦੀ ਮਹਾਨ ਤੀਰਥ ਰਿਹਾ ਹੈ। ਸਤਿਯੁਗ ਵਿਚ ਇਸਦੀ ਪੂਜਾ ਹੋਇਆ ਕਰਦੀ ਸੀ। ਇਹਦੇ ਚੌਗਿਰਦੇ ਰਿਖੀਆਂ ਦੇ ਆਸ਼੍ਰਮ ਸਨ। ਸੀ ਰਾਮਚੰਦਰ ਤੇ ਲਛਮਨ ਜੀ ਜਦੋਂ ਸੀਤਾ ਜੀ ਤੇ ਲਵ-ਕੁਸ਼ ਨੂੰ ਲੈਣ ਵਾਸਤੇ ਆਏ ਸਨ ਤਾਂ ਇਸ ਤੀਰਥ ਤੇ ਪੁਜੇ ਸਨ। ਸਮੇਂ ਦੇ ਲੰਮੇ ਚੱਕਰ ਨੇ ਇਸਦਾ ਹੁਲੀਆ ਬਦਲਾ ਦਿਤਾ। ਅਜ ਇਹ ਇਕ ਪਾਣੀ ਦਾ ਛਪੜ ਪਰਤੀਤ ਹੁੰਦਾ ਹੈ। ਜੇਹੜੇ ਇਸ ਦੇ ਵਿਚ ਦੀ ਲੰਘ ਗਏ ਨੇ ਅਸਾਂ ਨਾਲ ਉਹ ਜੀਵਨ ਮੁਕਤ ਹੋ ਗਏ ਹਨ। ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਣਗੇ। ਇਹ ਤੀਰਥ ਕਲਜੁਗ ਵਿਚ ਪ੍ਰਗਟ ਹੋਵੇਗਾ, ਪਰ ਜੋ ਮਹਾਨਤਾ ਇਸ ਦੀ ਸਤਿਜੁਗ ਵਿਚ ਸੀ, ਉਹ ਹੁਣ ਨਹੀਂ ਹੋ ਸਕਦੀ। ਫਿਰ ਵੀ ਜੇਹੜਾ ਸ਼ਰਧਾ ਨਾਲ ਇਸ ਵਿਚ ਇਸ਼ਨਾਨ ਕਰੇਗਾ, ਉਹ ਕਲਿਆਣ ਪ੍ਰਾਪਤ ਕਰੇਗਾ।'

ਸਾਹਿਬਾਂ ਦਾ ਇਹ ਬਚਨ ਸੁਣਕੇ ਸਾਰੀ ਸੰਗਤ ਦੀ ਹੈਰਾਨੀ ਤਾਂ ਦੂਰ ਹੋ ਗਈ, ਪਰ ਜੇਹੜੇ ਸਾਹਿਬਾਂ ਦੇ ਨਾਲ ਢਾਬ ਵਿਚ ਦੀ ਨਹੀਂ ਸਨ ਲੰਘੇ ਉਹ ਪਛਤਾਏ, ਪਰ ਵੇਲਾ ਬੀਤਿਆ ਹੋਇਆ ਹੱਥ ਨਹੀਂ ਆਉਂਦਾ।

Sri Satguru Jagjit Singh Ji eLibrary NamdhariElibrary@gmail.com

੧੩. ਭਾਈ ਡੱਲੇ ਨੂੰ ਸਤਿਗੁਰ ਜੀ ਦੇ ਦਰਸ਼ਨ ਹੋਏ

ਤਲਵੰਡੀ ਸਾਬੋ, ਮਾਲਵੇ ਦਾ ਉਹ ਭਾਗਾਂ ਵਾਲਾ ਨਗਰ ਹੈ ਜਿਸ ਦੀ ਮਹਿਮਾਂ ਦਾ ਵਰਨਣ ਕਰਨਾ ਔਖਾ ਹੈ। ਜਿਸਦੀ ਮਹਿਮਾ ਅਪਰ ਅਪਾਰ ਹੈ। ਵਾਹਿਗੁਰੂ ਦੀ ਕ੍ਰਿਪਾ ਨਾਲ ਸਤਿਗੁਰੂ ਸਾਹਿਬਾਨ ਇਸ ਨਗਰ ਵਿਚ ਚਰਨ ਪਉਂਦੇ ਰਹੇ ਤੇ ਇਸ ਅਸਥਾਨ ਨੂੰ ਪੂਜਨੀਕ ਬਣਾਉਂਦੇ ਰਹੇ। ਛੇਵੀਂ ਪਾਤਿਸ਼ਾਹੀ ਤੇ ਨਾਵੀਂ ਪਾਤਿਸ਼ਾਹੀ ਨੇ ਵੀ ਏਥੇ ਪੁਜ ਕੇ ਮਾਲਵੇ ਦੇ ਵਸਨੀਕਾਂ ਨੂੰ ਨਿਹਾਲ ਕੀਤਾ, ਪਾਪੀ ਜਗਤ ਜੀਵਾਂ ਦੇ ਡੁਬਦੇ ਬੇੜੇ ਤਾਰਦੇ ਰਹੇ।

ਤਲਵੰਤੀ ਸਾਬੋ ਦਾ ਚੌਧਰੀ ਭਾਈ ਡੱਲਾ ਸੀ। ਇਹ ਤਕਰੀਬਨ ਇਸ ਬਾਹਰੇ ਦਾ ਰਾਜਾ ਸੀ ਕਈ ਪਿੰਡ ਇਸ ਦੇ ਅਧੀਨ ਸਨ। ਗੁਰੂ ਘਰ ਉਤੇ ਸ਼ਰਧਾ ਰਖਿਆ ਕਰਦਾ ਸੀ। ਇਸ ਦਾ ਦਬਦਬਾ ਐਨਾ ਸੀ ਕਿ ਇਸ ਦੇ ਇਲਾਕੇ ਵਿਚ ਵਸਣ ਵਾਲਾ ਕੋਈ ਆਦਮੀ ਇਸ ਦੇ ਅਗੇ ਉਬਾਸਰਦਾ ਨਹੀਂ ਸੀ ਸਾਰੇ ਇਹਦੀ ਈਨ ਮੰਨਦੇ ਤੇ ਇਹਦੇ ਆਖੇ ਲਗਦੇ ਸਨ। ਜਦੋਂ ਇਹ ਇਲਾਕੇ ਵਿਚ ਫਿਰਨ ਜਾਂਦਾ ਤਾਂ ਇਹਦੇ ਨਾਲ ਪੰਜ ਸੌ ਦੇ ਲਗ-ਪਗ ਜੁਵਾਨ ਹੁੰਦੇ। ਇਹ ਤਕੜਾ ਸੂਰਮਾ ਤੇ ਸ਼ਿਕਾਰੀ ਸੀ, ਇਹਨਾਂ ਗੱਲਾਂ ਦੇ ਨਾਲ ਇਸਦਾ ਸੁਭਾਅ ਹੰਕਾਰੀ ਤੇ ਫੋਕੀ ਵਡਿਆਈ ਦਾ ਚਾਹਵਾਨ ਸੀ।

ਸਬੱਬ ਨਾਲ ਚੌਧਰੀ ਡੱਲਾ ਬਾਹਰੇ ਵਿਚ ਫਿਰਨ (ਦੌਰੇ ਉਤੇ) ਗਿਆ ਹੋਇਆ ਸੀ ਕਿ ਇਸ ਨੂੰ ਪਤਾ ਲਗਾ ਕਿ ਸਚੇ ਪਾਤਸ਼ਾਹ ਕਲਗੀਆਂ ਵਾਲੇ ਪਿਤਾ ਉਹਦੇ ਰਾਜ ਵਿਚ ਆਏ ਹਨ ਤੇ ਸ਼ਿਕਾਰ ਖੇਡ ਰਹੇ ਹਨ। ਨਿਰਾ ਸ਼ਿਕਾਰ ਹੀ ਨਹੀਂ ਖੇਡ ਹਹੇ ਸਗੋਂ ਆਪਣੀ ਮੇਹਰ ਦੀ ਨਿਗਾਹ ਨਾਲ ਜੀਵਾਂ ਦਾ ਵੀ ਪਾਰ ਉਤਾਰਾ ਕਰ ਰਹੇ ਹਨ ਤੇ ਆ ਵੀ ਨੇੜੇ ਰਹੇ ਹਨ ਤਾਂ ਇਹ ਅਗੇ ਹੋਕੇ ਸਤਿਗੁਰੂ ਜੀ ਦਾ ਸਵਾਗਤ ਕਰਨ ਵਾਸਤੇ ਉਛਲਿਆ। ਜਵਾਨ ਸਾਥ ਲਏ ਤੇ ਸਭ ਨੂੰ ਕਿਹਾ ਕਿ ਸਤਿਗੁਰੂ ਜੀ ਆ ਰਹੇ ਹਨ। ਚਲੋ 'ਜੀ ਆਇਆਂ' ਆਖੀਏ, ਦਰਸ਼ਨ ਕਰੀਏ ਤੇ ਜਨਮ ਸਫਲਾ ਕਰੀਏ। ਸੰਤਾਂ ਮਹਾਤਮਾਂ ਦੇ ਦਰਸ਼ਨ ਕਰਕੇ ਜੀਵਨ ਸਫਲ ਕਰਨਾ ਚਾਹੀਦਾ ਹੈ।' ਸਾਰਾ ਜੱਥਾ ਸਤਿਗੁਰੂ ਜੀ ਦੇ ਨੇੜੇ

Sri Satguru Jagjit Singh Ji eLibrary NamdhariElibrary@gmail.com

ਪੁਜ ਗਿਆ।

ਸਤਿਗੁਰੂ ਜੀ ਮਹਾਰਾਜ ਨੇ ਵੀ ਦੇਖਿਆ ਕਿ ਉਹਨਾਂ ਦਾ ਸਿਖ ਉਹਨਾਂ ਵਲ ਆ ਰਿਹਾ ਹੈ ਉਹ ਵੀ ਅਗੇ ਵਧੇ। ਰਾਹ ਵਿਚ ਮੇਲ ਹੋਇਆ ਡੱਲਾ ਬੜੀ ਸ਼ਰਧਾ ਨਾਲ ਪੈਦਲ ਤੁਰਕੇ ਸਤਿਗੁਰੂ ਜੀ ਦੇ ਚਰਨਾਂ ਉਪਰ ਨਮਸਕਾਰ ਕਰਨ ਵਾਸਤੇ ਅਗੇ ਹੋਇਆ। ਸਿਰ ਚਰਨਾਂ ਉਪਰ ਰੱਖ ਕੇ ਅਸੀਸ ਪ੍ਰਾਪਤ ਕੀਤੀ ਤੇ ਇਕ ਘੋੜਾ ਸਵਾ ਸੌ ਰੁਪਿਆ ਸਤਿਗੁਰੂ ਜੀ ਦੀ ਭੇਟਾ ਕੀਤਾ। ਸਤਿਗੁਰੂ ਜੀ ਨੇ ਵੀ ਸੁਖਸਾਂਦ ਪੁਛੀ ਤਾਂ ਭਾਈ ਡਲੇ ਨੇ ਆਪਣੇ ਸੁਭਾਅ ਅਨੁਸਾਰ ਰਤਾ ਅਭਿਮਾਨ ਨਾਲ ਇਉਂ ਆਪਣੀ ਜਾਣ ਪਛਾਣ ਸਤਿਗੁਰੂ ਜੀ ਨੂੰ ਆਪ ਕਰਾਈ—'ਮੈ ਡਲਾ ਨਾਮ ਦਾ ਸੇਵਕ ਹਾਂ। ਤਲਵੰਡੀ ਸਾਬੋ ਨਗਰ ਹੈ ਤੇ ਇਹ ਸਾਰੀ ਮਲ ਗੁਜਾਰ ਮੇਰੇ ਅਧੀਨ ਹੈ ਮੇਰੇ ਨਗਰ ਚਲੋ ਜੋ ਹੋ ਸਕੇਗੀ ਮੈਂ ਸੇਵਾ ਕਰਾਂਗਾ। ਅਸਾਂ ਦੇ ਨਗਰ ਵਿਚ ਪਹਿਲੇ ਸਤਿਗੁਰੂ ਜੀ ਭੀ ਆਉਂਦੇ ਰਹੇ ਹਨ। ਚੌਗਿਰਦੇ ਸਿਖੀ ਵੀ ਹੈ ਦੇਖਣਾਂ ਕਿਵੇਂ ਮੇਰੇ ਸੇਵਕ ਆਪ ਦੀ ਸੇਵਾ ਕਰਦੇ ਹਨ। ਏਥੇ ਬਹੁਤ ਖੁਸ਼ੀਆਂ ਅਨੰਦ ਪ੍ਰਾਪਤ ਹੋਵੇਗਾ, ਰਾਤ ਦਿਨੇ ਲੰਗਰ ਚਲਣਗੇ, ਇਸ ਇਲਾਕੇ ਵਿਚ ਅੰਨ ਜਲ, ਦੁਧ ਆਦਿਕ ਦਾ ਕੋਈ ਘਾਟਾ ਨਹੀਂ।'

ਸਤਿਗੁਰੂ ਜੀ ਉਸਦੇ ਅਭਿਮਾਨ ਭਰੇ ਸ਼ਬਦ ਸੁਣਦੇ ਰਹੇ, ਉਹਨਾਂ ਨੇ ਕੋਈ ਉਤਰ ਨਾ ਦਿਤਾ, ਸਿਰਫ ਏਹੋ ਕਿਹਾ--'ਠੀਕ ਹੈ--'ਠੀਕ ਹੈ, ਭਾਈ ਡੱਲਾ! ਅਸੀਂ ਤੇਰੇ ਨਗਰ ਚਲਦੇ ਹਾਂ। ਕੁਝ ਦਿਨ ਟਿਕਾਂਗੇ। ਚਲ ਦਸ ਕਿਥੇ ਹੈ ਤੇਰਾ ਨਗਰ, ਤੇਰੀਆ ਹਵੇਲੀਆਂ ਤੇ ਤਰੀਆਂ ਫੌਜਾਂ ਹਨ।'

ਭਾਈ ਡੱਲੇ ਦੇ ਨਾਲ ਸਤਿਗੁਰੂ ਜੀ ਨੇ ਤਲਵੰਡੀ ਸਾਬੋ ਵਲ ਕੂਚ ਕੀਤਾ। ਭਾਗਾਂ ਵਾਲੀ ਧਰਤੀ ਨੂੰ ਸਾਹਿਬ ਹੋਰ ਭਾਗ ਲਾਉਣ ਲਗੇ।

੧੪. ਦਮਦਮਾ ਸਾਹਿਬ ਦਾ ਪ੍ਰਗਟ ਹੋਣਾ

ਡੱਲੇ ਦੇ ਨਾਲ ਸਤਿਗੁਰੂ ਜੀ ਤੁਰੇ ਗਏ। ਤਲਵੰਡੀ ਸਾਬੋ ਦੇ ਨੇੜੇ ਪੁਜੇ ਤਾਂ ਇਕ ਸੁੰਦਰ ਖੁਲ੍ਹੀ ਥਾਂ ਆਈ। ਉਸ ਥਾਂ ਪੁਜਕੇ ਸਤਿਗੁਰੂ ਜੀ ਦਾ ਘੋੜਾ ਆਪਣੇ ਆਪ ਰੁਕ ਗਿਆ। ਘੋੜੇ ਦੇ ਰੁਕਣ ਸਾਰ ਇਕ ਸੱਦ ਆਈ,

Sri Satguru Jagjit Singh Ji eLibrary NamdhariElibrary@gmail.com

ਅਰੀਮੀ ਸੱਦ 'ਏਥੇ ਹੀ ਠਹਿਰੋ !' ਨਾਲ ਹੀ ਅੰਤਰਜਾਮੀ ਪਿਤਾ ਦੇ ਸਾਹਮਣੇ ਐਸੀ ਝਾਕੀ ਕਲਪਤ ਦ੍ਰਿਸ਼ਟੀ ਰਾਹੀਂ ਆਈ ਜਿਵੇਂ ਸਤਿਗੁਰੂ ਤੇਗ ਬਹਾਦਰ ਜੀ ਏਸੇ ਧਰਤੀ ਦੇ ਇਕ ਹਰੇ ਭਰੇ ਦਰਖਤ ਹੇਠਾਂ ਬੈਠੇ ਹੋਏ ਸਤਿਗੁਰੂ ਜੀ ਜਾਪ ਜਪ ਰਹੇ ਹਨ। ਸਿਖ ਸੰਗਤ ਹਥ ਜੋੜਕੇ ਬੈਠੀ ਹੈ ਬਚਨ ਹੋ ਰਹੇ ਹਨ—'ਇਹ ਧਰਤ ਸੁਹਾਵੀ ਹੈ ਇਹ ਮੰਦਰਾਂ ਵਾਲੀ ਤੇ ਵਿਦਿਆ ਵਾਲੀ ਹੈ।'

ਕਲਗੀਆਂ ਵਾਲੇ ਪਿਤਾ ਨੇ ਚੌਗਿਰਦੇ ਝਾਤੀ ਮਾਰੀ ਡਿਕਰਾਂ ਟਾਹਲੀਆਂ ਬੇਰੀਆਂ, ਕਰੀਰ, ਤੂਤ ਆਦਿ ਹਰੇ ਭਰੇ ਬ੍ਰਿਛਾਂ ਨੂੰ ਦੇਖਿਆ ਪੰਛੀ ਕਲੋਲਾਂ ਕਰ ਰਹੇ ਸਨ। ਉਸ ਮਨਮੋਹਣੀ ਥਾਂ ਨੂੰ ਦੇਖ ਕੇ ਸਾਹਿਬਾਂ ਨੇ ਹੁਕਮ ਦਿਤਾ-- 'ਠਹਿਰੋ? ਏਥੇ ਦਮ ਲਵੋ, ਕੋਈ ਗੈਬੀ ਸਦ ਆ ਰਹੀ ਹੈ ਸੁਣੋ ! ਇਹ ਸੁੰਦਰ ਤੇ ਭਾਗ ਭਰੀ ਧਰਤੀ ਹੈ।'

ਸਾਹਿਬਾਂ ਦਾ ਹੁਕਮ ਸੁਣਕੇ ਉਸੇ ਵੇਲੇ ਸਾਕੇ ਸਿੰਘ ਰੁਕ ਗਏ। ਹਰੇ ਹਰੇ ਖਬਲ ਘਾਹ ਨੂੰ ਦੇਖਕੇ ਘੋੜੇ ਤੋਂ ਸਾਹਿਬ ਉਤਰੇ। ਸਾਹਿਬਾਂ ਦੇ ਹੇਠਾਂ ਚਰਨ ਰਖਣ ਦੀ ਢਿਲ ਸੀ ਕਿ ਉਸੇ ਵੇਲੇ ਸਾਰੇ ਸਿੰਘਾਂ ਨੇ ਘੋੜੇ ਦਰਖਤਾਂ ਨਾਲ ਬੰਨ੍ਹ ਦਿਤੇ ਤੇ ਬਿਜਲੀ ਵਰਗੀ ਫੁਰਤੀ ਨਾਲ ਉਹ ਸਤਿਗੁਰੂ ਜੀ ਵਾਸਤੇ ਆਸਨ ਵਛਾਉਣ ਦਾ ਪ੍ਰਬੰਧ ਕਰਨ ਲਗੇ। ਇਹ ਕੌਤਕ ਦੇਖਕੇ ਡੱਲਾ ਅਗੇ ਹੋਇਆ ਤੇ ਉਸ ਨੇ ਹਥ ਜੋੜਕੇ ਬੇਨਤੀ ਕੀਤੀ--

ਪਹੁੰਚੇ ਜਬ ਤਲਵੰਡੀ ਜਾਇ। ਤਬ ਡੱਲਾ ਕਰ ਜੋਰ ਅਲਾਇ।
ਕਰਹੁ ਦੁਰਗ ਕੇ ਅੰਤਰ ਡੇਰਾ। ਸਭ ਬਿਧ ਤੇ ਸੁਖ ਹੋਇ ਘਨੇਰਾ।
(ਸੂਰਜ ਪ੍ਰਕਾਸ਼)

'ਸਤਿਗੁਰੂ ਜੀ ! ਕ੍ਰਿਪਾ ਕਰੋ ਮੇਰੇ ਕਿਲੇ ਵਿਚ ਚਲੋ ਉਥੇ ਖੁਲ੍ਹਾ ਥਾਂ ਹੈ। ਮੇਰਾ ਗ੍ਰਿਹ ਪਵਿਤ੍ਰ ਹੋਵੇਗਾ ਤੇ ਆਪ ਨੂੰ ਹਰ ਤਰਾਂ ਦੀ ਸਹੂਲਤ ਹੋਵੇਗੀ। ਸੇਵਾ ਕਰਨ ਵਾਸਤੇ ਮੇਰੇ ਸਿਪਾਹੀ ਚਵੀ ਘੰਟੇ ਹਾਜ਼ਰ ਰਿਹਾ ਕਰਨਗੇ ਏਥੇ ਉਜਾੜ ਹੈ ਜੰਗਲ ਵਿਚ ਕਈਆਂ ਚੀਜ਼ਾਂ ਦੀ ਲੋੜ ਰਹੇਗੀ ਸਿਆਲ ਦੇ ਦਿਨ ਹਨ ਛੱਤ ਤੋਂ ਬਿਨਾ ਰਾਤਾਂ ਕਟਣੀਆਂ ਕਠਨ ਹਨ।'

ਸਤਿਗੁਰੂ ਜੀ ਨੇ ਬਚਨ ਕੀਤਾ—'ਭਾਈ ਡੱਲਿਆ ! ਸਾਧੂ ਸੰਤਾਂ ਦਾ

Sri Satguru Jagjit Singh Ji eLibrary NamdhariElibrary@gmail.com

ਗ੍ਰਿਹਸਤੀ ਘਰਾਂ ਦੇ ਵਿਚ ਰਹਿਣਾ ਚੰਗਾ ਨਹੀਂ। ਅਸਾਂ ਕੋਲ ਫੌਜ ਸੰਗਤ ਆਉਣੀ ਹੋਈ ਘਰ ਜਾਕੇ ਅਸਾਂ ਵਾਸਤੇ ਤੁਸਾਂ ਨੂੰ ਮਕਾਨ ਖਾਲੀ ਕਰਾਉਣਾ ਪਵੇਗਾ। ਦੂਸਰਾ ਅਸੀਂ ਬਾਹਰ ਰਹਿਕੇ ਪ੍ਰਸੰਨ ਹਾਂ ਰਾਤ੍ਰੀ ਸਮੇਂ ਕੁਦਰਤ ਨਾਲ ਬਚਨ ਬਿਲਾਸ ਕਰ ਲਈਦੇ ਹਨ। ਇਸ ਥਾਂ ਇਕ ਡੇਰਾ ਬਣੇਗਾ ਬਹੁਤ ਵਡਾ ਡੇਰਾ ਸਿੱਖ ਸੰਗਤ ਆਵੇਗੀ।'

'ਹਛਾ ! ਤੁਸਾਂ ਦੀ ਖੁਸ਼ੀ, ਫਿਰ ਮੈਂ ਤੰਬੂ ਤੇ ਹੋਰ ਲੋੜੀਂਦਾ ਸਮਾਨ ਤਾਂ ਘਰੋਂ ਲੈ ਆਵਾਂ ਉਹ ਤਾਂ ਪ੍ਰਵਾਨ ਕਰੋਗੇ ਨਾ ? ਡੱਲੇ ਦੀ ਦੂਸਰੀ ਬੇਨਤੀ ਸੀ।

'ਜਿਵੇਂ ਤੇਰੀ ਇਛਾ ਹੈ।' ਸਤਿਗੁਰੂ ਜੀ ਨੇ ਹੁਕਮ ਕੀਤਾ।

ਡੱਲਾ ਰਾਜਾ ਸੀ ਉਸ ਕੋਲ ਤੰਬੂ, ਸਾਏਬਾਨ ਤੇ ਕਨਾਤਾਂ ਆਦਿਕ ਸਮਾਨ ਬਹੁਤ ਸੀ। ਲੰਗਰ ਦੇ ਭਾਰੇ ਬਰਤਨ ਵੀ ਉਸ ਕੋਲ ਬੇਅੰਤ ਸਨ। ਉਸਨੇ ਗਾਗਰਾਂ, ਵਲਟੋਹੇ, ਕੜਾਹੇ ਤੇ ਲੋਹਾਂ ਆਦਿਕ ਸਭ ਸਮਾਨ ਭੇਜ ਦਿਤਾ ਰਾਸ਼ਨ ਵੀ ਘਰੋਂ ਭੇਜਿਆ।

ਰਾਤ ਤੋਂ ਪਹਿਲਾਂ ਪਹਿਲਾਂ ਤੰਬੂ ਲਗ ਗਏ। ਸਤਿਗੁਰੂ ਜੀ ਵਾਸਤੇ ਰਿਹਾਇਸ਼ ਤੇ ਦੀਵਾਨ ਲਾਉਣ ਵਾਸਤੇ ਵੀ ਅਸਥਾਨ ਤਿਆਰ ਕਰ ਦਿਤੇ ਗਏ। ਜੰਗਲ ਵਿਚ ਮੰਗਲ ਲਗ ਗਿਆ ਟੋਣਕਾਂ ਹੋ ਗਈਆਂ। ਜੇਹੜੀ ਥਾਂ ਡਰਾਉਲੀ ਸੀ ਉਹ ਸੁਹਾਵਣੀ ਹੋ ਗਈ। ਜਿਸ ਛੰਭ ਦੇ ਪਾਣੀ ਵਾਸਤੇ ਕੋਈ ਤਰਕਾਲਾਂ ਨੂੰ ਨਹੀਂ ਸੀ ਆਉਂਦਾ ਉਹ ਪਾਣੀ ਅੰਮ੍ਰਿਤ ਰੂਪ ਹੋ ਗਿਆ। ਅੱਗ ਨੇ ਕਈ ਰੂਪ ਧਾਰਨ ਕਰਕੇ ਚਾਨਣ ਕੀਤਾ। ਸੇਵਾ ਕਰਨੀ ਆਰੰਭ ਕੀਤੀ ਪ੍ਰੀਤਮ ਦੇ ਚਰਨ ਕੰਵਲਾਂ ਨਾਲ ਛੂਹਕੇ ਉਹ ਧਰਤਿ, ਘਾਹ ਤੇ ਹੋਰ ਵਣ-ਤ੍ਰਿਣ ਭਾਗਾਂ ਵਾਲਾ ਹੋ ਗਿਆ, ਪੂਜਨੀਕ ਹੋ ਗਿਆ। ਸਾਧ ਸੰਗਤ ਦੀ ਸੇਵਾ ਕਰਨ ਦਾ ਸੁਨਹਿਰੀ ਸਮਾਂ ਪ੍ਰਾਪਤ ਹੋ ਗਿਆ।

ਅਗਲੀ ਸਵੇਰ ਹੋਈ ਆਸਾ ਦੀ ਵਾਰ ਦਾ ਕੀਰਤਨ ਹੋਇਆ, ਕੀਰਤਨ ਦੇ ਪਿਛੋਂ ਸੁਖੂ ਤੇ ਬੁਧੂ ਨੇ ਸਾਧ ਬਚਨਾਂ ਨੂੰ ਗਾ ਕੇ ਸੁਣਾਇਆ। ਉਨ੍ਹਾਂ ਪਿਛੋਂ ਸਾਹਿਬਾਂ ਨੇ ਉਪਦੇਸ਼ ਕੀਤਾ। ਤਲਵੰਡੀ ਦੇ ਸਾਰੇ ਵਸਨੀਕ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ, ਸਭ ਮਾਈ ਭਾਈ ਨੇ ਰੱਬੀ

Sri Satguru Jagjit Singh Ji eLibrary NamdhariElibrary@gmail.com

ਕੀਰਤਨ ਦਾ ਅਨੰਦ ਲਿਆ ਤੇ ਸਤਿਗੁਰੂ ਜੀ ਦਾ ਉਪਦੇਸ਼ ਸੁਣਿਆ। ਪਾਪੀ ਹਿਰਦੇ ਵਾਲੇ ਅਗਿਆਨੀਆਂ ਨੂੰ ਸੂਝ ਆਈ, ਜੋ ਸਿਆਣੇ ਸਨ ਉਹ ਗੁਰ ਸਿਖੀ ਦੇ ਨੇੜੇ ਆਉਣ ਵਾਸਤੇ, ਕਾਹਲੇ ਪਏ। ਹਰ ਇਕ ਦੇ ਹਿਰਦੇ ਵਿਚ ਨਵੀਂ ਜੀਵਨ ਰੌ ਆਈ ਮੁਰਦਾ ਆਤਮਾਵਾਂ ਸੁਰਜੀਤ ਹੋਣ ਲਗੀਆਂ।

ਭਰੇ ਦੀਵਾਨ ਵਿਚ ਉਠਕੇ ਕਿਸੇ ਨੇ ਬੇਨਤੀ ਕੀਤੀ—'ਮਹਾਰਾਜ! ਮੈਂ ਵਡਾ ਪਾਪੀ ਹਾਂ, ਹੁਣ ਤਕ ਧਾੜੇ ਮਾਰਦਾ ਰਿਹਾ ਹਾਂ, ਕੋਈ ਨੇਕ ਕੰਮ ਨਹੀਂ ਕੀਤਾ। ਕਿਸੇ ਨਾਲ ਭਲਾ ਨਹੀਂ ਕੀਤਾ, ਸਾਧੂ ਸੰਤਾਂ ਦੀ ਸੰਗਤ ਤੋਂ ਵਾਂਜਿਆਂ ਰਿਹਾ ਹਾਂ ਮੈਂ ਕੀ ਕਰਾਂ, ਮੇਰਾ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ? ਆਪ ਦੇ ਦਰਬਾਰ ਵਿਚ ਪੁਜਕੇ ਮੈਨੂੰ ਪਤਾ ਲਗਾ ਹੈ ਕਿ ਮੈਂ ਜੋ ਕਰਮ ਕਰਦਾ ਰਿਹਾ ਹਾਂ, ਉਹ ਚੰਗੇ ਕਰਮ ਨਹੀਂ ਸਨ। ਸਾਰੇ ਕੁਕਰਮ ਕਰਦਾ ਰਿਹਾ ਹਾਂ, ਇਹ ਵੀ ਪਤਾ ਲਗਾ ਕਿ ਹਰ ਇਕ ਆਦਮੀ ਨੂੰ ਆਪਣੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ। ਹੁਣ ਮੇਰਾ ਹਿਰਦਾ ਡਰ ਗਿਆ ਹੈ। ਦਇਆ ਕਰੋ, ਮੇਹਰ ਕਰੋ, ਮੈਨੂੰ ਜੀਵਨ ਰਾਹ ਦਸੋ।

ਦੂਸਰੇ ਨੇ ਲੋਕ ਲਾਜ, ਸ਼ਰਮ ਨੱਕ ਆਦਿਕ ਦਾ ਵਿਚਾਰ ਛੱਡ ਕੇ ਹੱਥ ਜੋੜੇ ਤੇ ਆਖਿਆ—'ਦਾਤਾ! ਮੈਂ ਵਡਾ ਪਾਪੀ ਹਾਂ। ਮੈਂ ਹੁਣ ਤਕ ਧੀਆਂ ਦਾ ਪੈਸਾ ਲੈਂਦਾ ਰਿਹਾ ਹਾਂ ਫਿਰ ਵੀ ਮੇਰੇ ਚੁਲ੍ਹੇ ਅਗ ਨਹੀਂ ਬਲਦੀ। ਜਨਮ ਜਨਮ ਦੀ ਕੁਖ ਮੇਰੇ ਘਰ ਹੈ ਮੇਰੇ ਤੇ ਮੇਹਰ ਕਰੋ। ਮੇਰੇ ਘਰ ਦੀ ਕੁਖ ਦੂਰ ਹੋਵੇ। ਕੰਨਿਆਂ ਦਾ ਪੈਸਾ ਲੈਣ ਦਾ ਜੋ ਪਾਪ ਹੈ ਉਸਦਾ ਫਲ ਆਖਦੇ ਨੇ ਮਾਸ ਦੇਣਾ ਪੈਂਦਾ ਹੈ। ਨਰਕ ਦੇ ਦੁਖ ਸਹਾਰਨੇ ਪੈਂਦੇ ਹਨ। ਇਸ ਵਾਸਤੇ ਮੇਰੇ ਉਤੇ ਦਇਆ ਕਰੋ।'

ਤੀਸਰਾ ਬੋਲਿਆ—'ਮੈਂ ਸਖੀ ਸਰਵਰ ਦਾ ਚੇਲਾ ਮੁਲਤਾਨੀਆ ਹਾਂ। ਮੜ੍ਹੀ ਦੀ ਪੂਜਾ ਕਰਦਾ ਰਿਹਾ ਹਾਂ। ਮੈਨੂੰ ਸਿਖੀ ਦਾਨ ਬਖਸ਼ੋ ਚੌਰਾਸੀ ਦਾ ਗੇੜ ਖਤਮ ਹੋ ਜਾਵੇ।'

ਇਸਤਰਾਂ ਦੀਆਂ ਬੇਨਤੀਆਂ ਸਣਕੇ ਸਤਿਗੁਰੂ ਜੀ ਨੇ ਫੁਰਮਾਇਆ—'ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋਕੇ ਅੰਮ੍ਰਿਤ ਪਾਨ

Sri Satguru Jagjit Singh Ji eLibrary NamdhariElibrary@gmail.com

ਕਰੋ, ਸਿਖੀ ਦੀ ਮਰਯਾਦਾ ਤੇ ਚਲੋ.ਵਾਹਿਗੁਰੂ ਦਾ ਸਿਮਰਨ ਕਰਨ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਮਾਯਾ ਮੋਹਨੀ ਨੇ ਜੀਵ ਨੂੰ ਆਪਣੇ ਪਿਛੇ ਲਾਇਆ ਹੋਇਆ ਹੈ। ਉਸ ਦਾ ਪਰੇਰਿਆ ਹੋਇਆ ਜੀਵ ਵਾਸ਼ਨਾ ਪਿਛੇ ਫਿਰਦਾ ਹੈ—

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥

ਤਿਸਦਾ ਪ੍ਰਮਾਰਥ—ਸੈਂਕੜੇ (ਰੁਪੈ) ਕਮਾਕੇ ਮਨੁਖ ਲੱਖਾਂ ਦੀ ਆਸ ਕਰਦਾ ਹੋਇਆ ਅਗੇ ਨੂੰ ਨੱਸਦਾ ਹੈ। ਕਦੀ ਰੱਜਦਾ ਨਹੀਂ, ਮਾਇਆ ਨਾਗਨੀ ਦੇ ਪਿਛੇ ਪਿਛੇ ਨਸਿਆ ਜਾਂਦਾ ਹੈ। ਵਾਸ਼ਨਾ ਦਾ ਗੁਲਾਮ ਹੋਕੇ ਅਨੇਕਾਂ ਮਾੜੇ ਕਰਮ ਕਰਦਾ ਹੈ। ਕਦੀ ਰਜਦਾ ਨਹੀਂ, ਭੋਗਾਂ ਨੂੰ ਭੋਗਦਾ ਹੋਇਆ ਆਪ ਹੀ ਭੋਗਿਆ ਜਾਂਦਾ ਹੈ। ਬਿਨਾ ਸਬਰ ਸੰਤੋਖ ਦੇ ਕੋਈ ਰੱਜਦਾ ਨਹੀਂ। ਉਹਦੇ ਸਾਰੇ ਮਨੋਰਥ ਸੁਪਨੇ ਦੀ ਤਰਾਂ ਛੇਤੀ ਖਤਮ ਹੋ ਜਾਂਦੇ ਹਨ। ਬੱਸ ਚੰਗਾ ਤਾਂ ਏਹੋ ਹੈ ਕਿ ਨਾਮ ਦਾ ਸਿਮਰਨ ਕੀਤਾ ਜਾਵੇ—'ਨਾਮ ਰੰਗਿ ਸਰਬ ਸੁਖੁ ਹੋਇ।' ਨਾਮ ਹੀ ਹੈ ਜੋਹੜਾ ਸਾਰ ਸੁਖ, ਸ਼ਾਂਤੀ, ਮੁਕਤੀ ਦੇਂਦਾ ਹੈ। ਵਾਹਿਗੁਰੂ ਸਿਮਰਨ ਕਰਨ ਵਾਲੇ ਦਾ ਜਸ ਇਸ ਲੋਕ ਤੇ ਅਗਲੇ ਲੋਕ ਹੋ ਜਾਂਦਾ ਹੈ।'

ਇਸ ਤਰਾਂ ਦੇ ਉਪਦੇਸ਼ ਸੁਣਕੇ ਵਡੇ ਵਡੇ ਪਾਪੀਆਂ ਦੇ ਦਿਲ ਰੋ ਉਠੇ। ਉਹਨਾਂ ਦੇ ਬੁਲ੍ਹ ਜੋਹੜੇ ਗਾਲਾਂ ਕਢਣ ਵਾਲੇ ਸਨ, ਜੋਹੜੀਆਂ ਜਬਾਨਾਂ ਦਿਲ ਨੂੰ ਚੀਰਨ ਵਾਲੀਆਂ ਸਨ, ਉਹ ਆਪ ਮਹਾਰਾਂ—'ਵਾਹਿਗੁਰੂ। ਵਾਹਿਗੁਰੂ ਦਾ ਜਾਪ ਜਪਣ ਲਗ ਪਈਆਂ, ਜੋਹੜੇ ਸਿਰ ਕਿਸੇ ਅਗੇ ਝੁਕੇ ਨਹੀਂ ਸੀ, ਉਹ ਨਮਸ਼ਕਾਰ ਕਰਨ ਲਗੇ। ਜਿਹੜਿਆਂ ਹੱਥਾਂ ਨੇ ਘਰ ਪਾਣੀ ਪਾਕੇ ਨਹੀਂ ਸੀ ਪੀਤਾ ਉਹ ਸੰਗਤ ਦੇ ਜੂਠੇ ਭਾਂਡੇ ਮਾਂਜਣ ਲਗੇ। ਸੇਵਾ ਹੋਣ ਲਗੀ। ਕਈ ਸਤਿਗੁਰੂ ਜੀ ਦੇ ਘੋੜਿਆਂ ਵਾਸਤੇ ਘਾਹ ਲਿਆਉਣ ਲਗੇ। ਜੰਗਲ ਵਿਚ ਬੇਅੰਤ ਰੌਣਕਾਂ ਹੋ ਗਈਆਂ।

Sri Satguru Jagjit Singh Ji eLibrary NamdhariElibrary@gmail.com

ਦਸਾਂ ਦਿਨਾਂ ਵਿਚ ਦੀ ਜੰਗਲ ਦੀ ਹਾਲਤ ਹੀ ਬਦਲ ਗਈ। ਲਾਗੇ ਲਾਗੇ ਦੇ ਪਿੰਡ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਆਉਣ ਲਗ ਪਏ। ਚੜਾਵਾ ਚੜ੍ਹਨ ਲਗ ਪਿਆ। ਐਨਾ ਚੜ੍ਹਾਵਾ ਕਿ ਗਿਣਤੀ ਨਹੀਂ ਸੀ ਆਉਂਦੀ, ਪਹਿਲੇ ਦਸ ਦਿਨ ਤਾਂ ਸਤਿਗੁਰੂ ਜੀ ਤੇ ਸੰਗਤ ਦਾ ਲੰਗਰ ਭਾਈ ਡੱਲੇ ਦੇ ਘਰੋਂ ਆਉਂਦਾ ਰਿਹਾ। ਦਸਵੇਂ ਦਿਨ ਸਾਹਿਬਾਂ ਨੇ ਹੁਕਮ ਕੀਤਾ ਕਿ ਬਾਹਰੋਂ ਆਈ ਮਾਇਆ ਨਾਲ ਗੁਰੂ ਕਾ ਲੰਗਰ ਚਲੇ, ਇਹ ਅਸ਼ਥਾਨ 'ਦਮਦਮਾ ਸਾਹਿਬ' ਹੈ। ਏਥੇ ਸਤਿਗੁਰੂ ਤੇਗ਼ ਬਹਾਦਰ ਜੀ ਆਏ ਸਨ। ਉਹ ਵੀ ਏਥੇ ਹੀ ਬੈਠੇ ਸਨ। ਪਹਿਲਾਂ ਗੁਰੂ ਕੇ ਲੰਗਰ ਦੀ ਇਮਾਰਤ ਤਿਆਰ ਹੋਵੇ ਤੇ ਉਸ ਦੇ ਪਿਛੋਂ ਦੀਵਾਨ ਵਾਸਤੇ ਅਸਥਾਨ ਬਣੇ ਹੁਣ ਕੁਝ ਚਿਰ ਅਰਾਮ ਕੀਤਾ ਜਾਵੇਗਾ। ਸਾਹਿਬਾਂ ਦਾ ਹੁਕਮ ਮੰਨਿਆ ਗਿਆ ਉਸੇ ਵੇਲੇ ਕੁਹਾੜੇ ਕਹੀਆਂ ਆਰੀਆਂ ਆ ਗਈਆਂ। ਕਿਧਰੇ ਥਾਵਾਂ ਸਾਫ ਹੋਣ ਲੱਗੀਆਂ ਤੇ ਕਿਧਰੇ ਦਰਖਤ ਕੱਟਕੇ ਲਕੜੀ ਤਿਆਰ ਹੋਣ ਲਗੀ। ਸਰੋਵਰ ਪੁਟਣਾ ਸ਼ੁਰੂ ਕੀਤਾ ਗਿਆ ਜੋਹੜਾ ਕਿ ਅਗੇ ਢਾਬ ਦੀ ਤਰਾਂ ਸੀ। ਗੁਰੂ ਕਾ ਲੰਗਰ ਸੁਤੰਤ੍ਰ ਚਲਣ ਲਗਾ। ਬਾਹਰੋਂ ਸੰਗਤ ਆਉਣ ਲੱਗੀ ਤੇ ਰਾਤ ਵੀ ਰਹਿਣ ਲੱਗੀ। ਬਹੁਤ ਸਾਰੇ ਵਿਦਵਾਨ ਵੀ ਸਾਹਿਬਾਂ ਦੇ ਕੋਲ ਆਕੇ ਵਿਦਿਆ ਪ੍ਰਾਪਤ ਕਰਨ ਲਗੇ। ਥੋੜੇ ਦਿਨਾਂ ਵਿਚ ਹੀ ਰੌਣਕਾਂ ਵਧ ਗਈਆਂ। ਉਸੇ ਤਰਾਂ ਮਹਿਮਾਂ ਬਣ ਗਈ ਜਿਵੇਂ ਕਦੀ ਅਨੰਦ ਪੁਰ ਹੁੰਦੀ ਸੀ।

ਸਚ ਹੈ ਜੋਹੜੇ ਵਡੇ ਆਦਮੀ ਹਿੰਮਤ ਤੇ ਆਪਣੇ ਜੀਵਨ ਨਿਸ਼ਾਨੇ ਦਾ ਤਿਆਗ ਨਹੀਂ ਕਰਦੇ, ਉਹ ਸਭ ਕੁਝ ਗੁਵਾ ਕੇ ਵੀ ਕੁਝ ਨਹੀਂ ਗਵਾਉਂਦੇ ਉਹਨਾਂ ਨੂੰ ਸਭ ਕੁਝ ਫਿਰ ਪ੍ਰਾਪਤ ਹੋ ਜਾਂਦਾ ਹੈ—'ਸਦਾ ਬਹਾਰ ਉਹਨਾਂ ਤੇ ਰਹਿੰਦੀ ਜੋ ਹੋ ਦਿਲਗੀਰ ਨਾ ਬਹਿੰਦੇ॥' ਕਿਉਂਕਿ ਉਹਨਾਂ ਦੇ ਹਿਰਦੇ ਵਿਚ ਉਮਾਹ ਰਹਿੰਦਾ ਹੈ ਉਹ ਚਿੰਤਾ ਦੇ ਸ਼ਿਕਾਰ ਹੋਕੇ ਜੀਉਂਦੇ ਨਹੀਂ ਮਰਦੇ ਹੋਣੀ ਦਾ ਮੁਕਾਬਲਾ ਕਰਦੇ ਹਨ। ਸਮੇਂ ਦੀ ਹਵਾ ਤਬਦੀਲ ਕਰ ਦੇਂਦੇ ਹਨ। ਕਲਗੀਆਂ ਵਾਲੇ ਪਿਤਾ ਮਹਾਨ ਇਨਕਲਾਬੀ ਸਨ। ਉਸ ਵੇਲੇ ਇਨਕਲਾਬ ਲਿਆ ਕੇ ਸ਼ਹਿਨਸ਼ਾਹੀਅਤ ਦਾ ਖਾਤਮਾ ਕਰਨਾ ਚਾਹੁੰਦੇ ਸਨ,

Sri Satguru Jagjit Singh Ji eLibrary NamdhariElibrary@gmail.com

ਜਦੋਂ ਰਜਵਾੜਾ ਸ਼ਾਹੀ ਤੇ ਸ਼ਹਿਨਾਸ਼ਾਹੀਅਤ ਦਾ ਬੋਲ ਬਾਲਾ ਸੀ।

ਸਾਹਿਬਾਂ ਨੇ ਜਨਤਕ ਰਾਜ ਦੀ ਨੀਂਹ ਹਿੰਦੁਸਤਾਨ ਵਿਚ ਰਖੀ ਸੀ, ਭਾਵੇਂ ਰਾਜ ਨਹੀਂ ਸੀ ਕੀਤਾ। ਉਸ ਖਿਆਲ ਨੂੰ ਪ੍ਰਚਾਰਿਆ ਸੀ ਕਿ ਆਪਣੇ ਜੀਉਂਦੇ ਜੀ ਧਰਮ ਦੀ ਬਾਦਸ਼ਾਹੀ ਦੀ ਸਾਰੀ ਸ਼ਕਤੀ ਪੰਜਾਂ ਦੇ ਹੱਥ ਦੇ ਕੇ ਸੰਗਤ ਕਾਇਮ ਕੀਤੀ ਸੀ ਜੇਕਰ ਉਸ ਵੇਲੇ ਹਿੰਦੂ ਰਾਜੇ ਸਤਿਗੁਰੂ ਜੀ ਦਾ ਸਾਥ ਦੇਂਦੇ ਤਾਂ ਜ਼ਰੂਰ ਹੀ ਹਿੰਦ ਵਿਚ ਇਨਕਲਾਬ ਆ ਜਾਂਦਾ। ਮੁਗਲ ਰਾਜ ਦੀਆਂ ਜੜ੍ਹਾਂ ਨੂੰ ਜਿੰਨਾਂ ਸਤਿਗੁਰੂ ਜੀ ਦੀ ਸਿਖਿਆ ਨੇ ਖੋਖਲਾ ਕੀਤਾ ਸੀ ਓਨਾਂ ਕਿਸੇ ਹੋਰ ਸ਼ਕਤੀ ਨੇ ਨਹੀਂ ਕੀਤਾ।

ਦਮਦਮੇ ਸਾਹਿਬ ਬੈਠਕੇ ਸਤਿਗੁਰੂ ਜੀ ਨੇ ਸਿਖੀ ਪ੍ਰਚਾਰ ਕਰਨਾ ਆਰੰਭ ਕੀਤਾ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤ ਛਕਾਇਆ, ਉਹਨਾਂ ਅੰਮ੍ਰਿਤ ਪਾਨ ਕੀਤੇ ਹੋਏ ਸਿਖਾਂ ਨੇ ਹੀ ਬੰਦੇ ਬਹਾਦਰ ਦੀ ਸਹਾਇਤਾ ਕੀਤੀ ਸੀ, ਦਮਦਮੇ ਸਾਹਿਬ ਦੀ ਮਹਾਨਤਾ ਬਹੁਤ ਵੱਡੀ ਹੈ।

੧੫. ਡੱਲੇ ਦੀ ਪ੍ਰੀਖਿਆ

ਇਕ ਦਿਨ ਦਰਬਾਰ ਵਿਚ ਬੈਠਿਆਂ ਬੈਠਿਆਂ ਬਚਨ ਬਿਲਾਸਾਂ ਵਿਚ ਇਹ ਚਰਚਾ ਹੋਈ ਕਿ ਅਨੰਦਪੁਰ ਦੇ ਕਿਲੇ ਛੱਡਣ ਤੋਂ ਪਿਛੋਂ ਦੇ ਹਾਲਾਤ ਦੇ ਹੋਣ ਦਾ ਕਾਰਨ ਕੀ ਸੀ? ਉਸ ਵੇਲੇ ਡੱਲੇ ਨੇ ਕਿਹਾ—'ਮਹਾਰਾਜ! ਮੈਨੂੰ ਪਤਾ ਨਾਂ ਲਗਾ ਜੇ ਕਿਤੇ ਪਤਾ ਲਗ ਜਾਂਦਾ ਤਾਂ ਮੈਂ ਹਜ਼ਾਰਾਂ ਬੈਰਾੜ ਬਹਾਦਰਾਂ ਨੂੰ ਨਾਲ ਲੈ ਕੇ ਮੁਗਲਾਂ ਨਾਲ ਜੁਧ ਕਰਦਾ। ਮੇਰੇ ਸੂਰਮੇ ਮੌਤ ਕੋਲੋਂ ਨਹੀਂ ਡਰਦੇ ਇਹ ਦੁਸ਼ਮਨਾਂ ਦਾ ਲਹੂ ਪੀਂਦੇ ਹੋਏ ਨਾ ਥਕਦੇ। ਅਨੰਦਪੁਰ ਵੀ ਛਡਣਾ ਨਾ ਪੈਂਦਾ ਤੇ ਨਾ ਚੌਹਾਂ ਸਾਹਿਬਜਾਦਿਆਂ ਦੀ ਸ਼ਹੀਦੀ ਹੁੰਦੀ, ਮੈਨੂੰ ਕੀ ਪਤਾ ਲਗਣਾ ਸੀ, ਮਾਲਵੇ ਦੇ ਕਿਸੇ ਵੀ ਜੁਆਨ ਨੂੰ ਕੋਈ ਸੁਨੇਹਾ ਨਹੀਂ ਮਿਲਿਆ। ਜੇਕਰ ਸੁਨੇਹਾ ਮਿਲ ਜਾਂਦਾ ਤਾਂ ਅਸੀਂ ਮੁਗਲ ਰਾਜ ਹੀ ਖਤਮ ਕਰ ਦੇਂਦੇ। ਮੇਰੇ ਆਦਮੀ ਐਸੇ ਸੂਰਮੇ ਹਨ ਜੋ ਘੋੜਿਆਂ ਸਮੇਤ ਹੀ ਦੁਸ਼ਮਨਾਂ ਨੂੰ ਚੁਕ ਕੇ ਲੈ ਜਾਂਦੇ। ਵਾਹਵਾ ਰੰਗ ਕਰਤਾਰ ਦੇ, ਪਰ ਅਫਸੋਸ ਜਰੂਰ ਹੈ। ਉਸ ਵੇਲੇ ਆਪ

Sri Satguru Jagjit Singh Ji eLibrary NamdhariElibrary@gmail.com

ਨੂੰ ਜ਼ਰੂਰ ਪਤਾ ਦੇਣਾ ਚਾਹੀਦਾ ਸੀ।'

ਡੱਲੇ ਦੀ ਜ਼ਬਾਨੋਂ ਐਸੀਆਂ ਗਲਾਂ ਸੁਣਕੇ ਸਤਿਗੁਰੂ ਜੀ ਮੁਸਕ੍ਰਾਏ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ—'ਭਾਈ ਡੱਲਿਆ ! ਅਜੇ ਕਈ ਐਸੇ ਮੌਕੇ ਆਉਣੇ ਹਨ, ਉਸ ਵੇਲੇ ਤੇਰੇ ਬੈਰਾੜ ਸੂਰਮਿਆਂ ਨੂੰ ਦੇਖ ਲਵਾਂਗੇ। ਇਹਨਾਂ ਦੀ ਬਹਾਦਰੀ ਦੀ ਪ੍ਰੀਖਿਆ ਕੀਤੀ ਜਾਵੇਗੀ। ਚਿੰਤਾ ਨਾ ਕਰ, ਜੀਵਨ ਵਿਚ ਮਨੁਖ ਨੂੰ ਕਈ ਐਸੇ ਸਮੇਂ ਆਉਂਦੇ ਹਨ।'

ਵਾਹਿਗੁਰੂ ਸਬੱਬ ਬਨਾਉਣ ਵਾਲਾ ਹੈ। ਇਕ ਦਿਨ ਇਕ ਕਾਰੀਗਰ ਲੱਕੜ ਦੀ ਨਵੀਂ ਕਿਸਮ ਦੀ ਬੰਦੂਕ ਬਣਾ ਕੇ ਲੈ ਆਇਆ ਉਹ ਬੰਦੂਕ ਭੇਟਾ ਕਰਕੇ ਉਸ ਨੇ ਬਹੁਤ ਤਸਲੀ ਦਿਵਾਈ ਕਿ ਬੰਦੂਕ ਬਹੁਤ ਹੀ ਸ਼ਾਨ ਨਾਲ ਚਲਣ ਵਾਲੀ ਹੈ।

ਉਸ ਬੰਦੂਕ ਨੂੰ ਦੇਖਕੇ ਸਤਿਗੁਰੂ ਜੀ ਨੂੰ ਸੁਝਿਆ ਕਿ ਕਿਉਂ ਨਾ ਭਾਈ ਡਲੇ ਦਾ ਸਿਦਕ ਦੇਖਿਆ ਜਾਵੇ। ਉਹਨਾਂ ਨੇ ਝਟ ਡਲੇ ਨੂੰ ਸਦਿਆ ਤੇ ਬਚਨ ਕੀਤਾ—'ਭਾਈ ਡਲਿਆ ! ਉਸ ਦਿਨ ਤੂੰ ਆਖਦਾ ਸੀ ਤੇਰੇ ਨੌਜਵਾਨ ਬਹੁਤ ਹਨ ਤੇ ਇਹ ਬੈਰਾੜ ਨੌਜਵਾਨ ਮੌਤ ਕੋਲੋਂ ਨਹੀਂ ਡਰਦੇ, ਉਹ ਕਿਥੇ ਹਨ ?'

'ਹਾਜ਼ਰ ਹਨ ਮਹਾਰਾਜ!' ਡਲੇ ਨੇ ਉਤਰ ਦਿਤਾ ਤੇ ਸਤਿਗੁਰੂ ਜੀ ਦੇ ਚਰਨਾਂ ਦੇ ਨੇੜੇ ਬੈਠ ਗਿਆ !' ਕਿਧਰ ਜਾਣਾ ਹੈ ? ਕੀ ਕੋਈ ਦੁਸ਼ਮਨ ਕਿਤੇ ਚੜ੍ਹਾਈ ਕਰਕੇ ਆਇਆ ਹੈ ?'

ਸਤਿਗੁਰੂ ਜੀ ਨੇ ਫੁਰਮਾਇਆ—'ਲੜਾਈ ਦਾ ਵੇਲਾ ਨਹੀਂ, ਨਾ ਕਿਤੇ ਚੜ੍ਹਾਈ ਕਰਨੀ ਹੈ ਇਹ ਬੰਦੂਕ ਕਾਰੀਗਰ ਲਿਆਇਆ। ਇਸ ਬੰਦੂਕ ਦਾ ਬਹੁਤ ਜਸ ਕਰਦਾ ਹੈ। ਅਸਾਂ ਦੀ ਇਛਾ ਹੈ ਕਿ ਇਸ ਨੂੰ ਦੇਖੀਏ ਕਿ ਇਹ ਨਿਸ਼ਾਨਾ ਵੀ ਚੰਗਾ ਲੈਂਦੀ ਹੈ ਜਾਂ ਨਹੀਂ।

'ਫਿਰ ਮਹਾਰਾਜ ਕੀ ਹੁਕਮ ਹੈ ?'

'ਆਪਣੇ ਬੈਰਾੜ ਨੌਜਵਾਨ ਵਿਚੋਂ ਕੋਈ ਨੌਜਵਾਨ ਸੱਦੋ, ਜਿਸਨੂੰ ਦੂਰ ਖਿਲ੍ਹਾਰਕੇ ਅਸੀਂ ਇਸ ਬੰਦੂਕ ਨੂੰ ਚਲਾਈਏ ਤੇ ਉਹਦਾ ਨਿਸ਼ਾਨਾ ਲਈਏ ! ਇਹ ਵੀ ਦੇਖੀਏ ਕਿ ਪਹਿਲੀ ਗੋਲੀ ਨਾਲ ਮਰਦਾ ਹੈ ਜਾਂ ਨਹੀਂ ? ਜੇ ਨਾ

Sri Satguru Jagjit Singh Ji eLibrary NamdhariElibrary@gmail.com

ਮਰੇ ਤਾਂ ਇਹ ਨਕੰਮੀ, ਜੇ ਮਾਰ ਦੇਵੇ ਤਾਂ ਠੀਕ। ਹਥਿਆਰ ਦੀ ਪ੍ਰੀਖਿਆ ਕੀਤੇ ਬਿਨਾ ਉਸਨੂੰ ਰਖਣਾ ਠੀਕ ਨਹੀਂ, ਕਿਉਂਕਿ ਸਮਾਂ ਆਉਣ ਤੇ ਕਿਤੇ ਧੋਖਾ ਨਾ ਹੋਵੇ।'

ਸਤਿਗੁਰੂ ਜੀ ਦੀ ਜ਼ਬਾਨੋਂ ਇਹ ਬਚਨ ਸੁਣ ਕੇ ਭਲੇ ਦੇ ਸਿਰ ਉਤੇ ਪਹਾੜ ਆ ਡਿਗਾ, ਉਹ ਚੁਪ ਹੋ ਗਿਆ। ਉਹ ਸਤਿਗੁਰੂ ਜੀ ਪਾਸੋਂ ਡਰਦਾ ਸੀ, ਡਰ ਦੇ ਕਾਰਨ ਉਸ ਨੇ ਚੁਪ ਰਹਿਣਾ ਚੰਗਾ ਨਾ ਜਾਤਾ, ਉਸਨੇ ਕਿਹਾ—'ਮੈਂ ਹੁਣੇ ਸੱਦਦਾ ਹਾਂ।'

ਉਹ ਆਪਣੀ ਹਵੇਲੀ ਵਿਚ ਗਿਆ ਉਸਨੇ ਸਾਰੇ ਬੈਰਾੜ ਨੌਜਵਾਨਾਂ ਨੂੰ ਆਖਿਆ ਕਿ ਕੋਈ ਜਵਾਨ ਅਗੇ ਨਿਕਲੇ ਜੋ ਮੇਰੇ ਤੇ ਸਤਿਗੁਰੂ ਜੀ ਦੇ ਹੁਕਮ ਨਾਲ ਮਰਨਾ ਚਾਹੁੰਦਾ ਹੈ। ਰੋਲੀ ਦਾ ਨਿਸ਼ਾਨਾ ਬਣੇ, ਪਰ ਕੋਈ ਨੌਜਵਾਨ ਐਸਾ ਨਾ ਨਿਕਲਿਆ ਸਭ ਨੇ ਅਗੋਂ ਉਤਰ ਦਿਤਾ—'ਮੈਦਾਨੇ ਜੰਗ ਵਿਚ ਤਾਂ ਲੜਕੇ ਮਰਿਆ ਜਾ ਸਕੀਦਾ ਹੈ, ਪਰ ਇਸਤਰਾਂ ਗੋਲੀ ਅਗੇ ਖਲੋਕੇ ਮਰਨਾ ਔਖਾ ਹੈ। ਮਰਿਆ ਵੀ ਨਹੀਂ ਜਾ ਸਕਦਾ।' ਟਕੇ ਵਰਗਾ ਕੋਰਾ ਉਤਰ ਸੁਣਕੇ ਭੱਲਾ ਹੈਰਾਨ ਤੇ ਸ਼ਰਮਿੰਦਾ ਹੋਇਆ ਹੋਇਆ ਸਤਿਗੁਰੂ ਜੀ ਦੇ ਪਾਸ ਆ ਗਿਆ। ਸਾਹਿਬਾਂ ਨੇ ਪੁਛਿਆ—

'ਕਿਉਂ ਭਾਈ ਭਲੇ! ਕੀ ਗਲ ਹੈ, ਓਧਰੋਂ ਆਏ ਹੋ? ਕੋਈ ਜਵਾਨ ਤੁਸਾਂ ਦੇ ਸਾਥ ਨਹੀਂ ਆਇਆ ਕਿਧਰ ਗਏ ਤੇਰੇ ਜਵਾਨ?'

ਸਾਹਿਬਾਂ ਦਾ ਇਹ ਉਤਰ ਸੁਣਕੇ ਸ਼ਰਮਿੰਦਾ ਹੋਇਆ ਹੋਇਆ ਭੱਲਾ ਕਹਿਣ ਲਗਾ—'ਮਹਾਰਾਜ! ਇਸ ਤਰਾਂ ਕੋਈ ਜਵਾਨ ਬਿਅਰਥ ਮਰਨ ਵਾਸਤੇ ਤਿਆਰ ਨਹੀਂ। ਜੇ ਬੈਰਾੜਾਂ ਦੀ ਬਹਾਦਰੀ ਦੇਖਣੀ ਹੈ ਤਾਂ ਕਿਸੇ ਦੁਸ਼ਮਨ ਦੇ ਨਾਲ ਦੇਖੋ।'

ਜਿਸਨੇ ਕਿਸੇ ਦੇ ਹੁਕਮ ਨੂੰ ਮੰਨਕੇ ਮਰਨਾ ਹੈ, ਉਹ ਕਦੀ ਵੇਲਾ ਨਾ ਲੜਾਈ ਦਾ ਮੈਦਾਨ ਨਹੀਂ ਦੇਖਦਾ, ਇਹ ਤੇਰੀ ਭੁਲ ਹੈ। ਮਤਲਬ ਤਾਂ ਇਹ ਹੋਇਆ ਕਿ ਜਵਾਨ ਤੇਰੇ ਆਖੇ ਨਹੀਂ ਲਗਦੇ, ਤੇਰਾ ਹੁਕਮ ਨਹੀਂ ਮੰਨਦੇ, ਹੋ ਸਕਦਾ ਹੈ ਦੁਸ਼ਮਨ ਦੇ ਆਉਣ ਤੇ ਵੀ ਇਹ ਧੋਖਾ ਦੇ ਜਾਣ। ਇਹਨਾਂ

Sri Satguru Jagjit Singh Ji eLibrary NamdhariElibrary@gmail.com

ਨੌਜਵਾਨਾਂ ਤੇ ਮਾਨ ਕਰਦਾ ਸੀ ? ਚਲੋ. ਜੇ ਉਹ ਆਖੇ ਨਹੀਂ ਲਗਦੇ ਤਾਂ ਨਾ ਸਹੀ ਤੂੰ ਆਪ ਹੀ ਅਗੇ ਖਲੋ, ਬਥੇਰਾ ਚਿਰ ਜੀ ਲਿਆ ! ਹੁਣ ਕੀ ਜੀਉਕੇ ਕਰਨਾ ਹੈ ਚਲੋ !'

ਇਹ ਸੁਣਕੇ ਭਲੇ ਦਾ ਲਹੂ ਸੁਕ ਗਿਆ, ਉਹਦਾ ਸਿਰ ਚਕਰਾਉਣ ਲਗ ਪਿਆ ਮੌਤ ਕੋਲੋਂ ਡਰ ਗਿਆ ! ਧੀਆਂ, ਪੁਤ੍ਰਾਂ ਨਾਰੀ, ਰਾਜ ਕਿਲਾ ਸਭ ਕੁਝ ਅਖਾਂ ਅਗੇ ਆਇਆ, ਇਹ ਚੀਜ਼ਾਂ ਛਡਣੀਆਂ ਸੌਖੀਆ ਨਹੀਂ, ਨਾ ਕੋਈ ਛਡ ਸਕਦਾ ਹੈ। ਮਾਯਾ ਤੇ ਮਮਤਾ ਨੇ ਜੀਵਨ ਬਹੁਤ ਪਿਆਰਾ ਕੀਤਾ ਹੋਇਆ ਹੈ। ਉਹ ਕੰਬਦੀ ਤੇ ਥਥਲਾਂਦੀ ਜਬਾਨ ਨਾਲ ਬੋਲਿਆ—'ਮਹਾਰਾਜ ! ਇਹ ਕੀ ਦੋਜ ਹੈ। ਮੈਂ ਤਾਂ ਅਜੇ ਆਪਦੀ ਸਹਾਇਤਾ ਕਰਨੀ ਹੈ ! ਮੇਰੇ ਪੁਤ੍ਰ ਅਜੇ ਬਾਲ ਰੂਪ ਵਿਚ ਹਨ ! ਮੈਨੂੰ ਹੀ ਗੋਲੀ ਦਾ ਨਿਸ਼ਾਨਾ ਬਨਾਉਣਾ ਹੈ ?'

ਇਹ ਸੁਣਕੇ ਸਾਹਿਬ ਹਸ ਪਏ ਸਾਹਿਬਾਂ ਨੇ ਬਚਨ ਕੀਤਾ—'ਦੰਗਾ ਡੱਲਿਆ ! ਅਸੀਂ ਆਪਣੇ ਕਿਸੇ ਸਿਖ ਨੂੰ ਸੱਦ ਲੈਂਦੇ ਹਾਂ।' ਇਹ ਆਖਕੇ ਕਲਗੀਧਰ ਪਿਤਾ ਨੇ ਸੇਵਾਦਾਰ ਨੂੰ ਭੇਜਿਆ ਕਿ ਲੰਗਰ ਵਲ ਜਾ ਕੇ ਆਖੋ ਸਤਿਗੁਰੂ ਜੀ ਨੂੰ ਇਕ ਸਿਖ ਦੀ ਲੋੜ ਹੈ ਜੋਹੜਾ ਹੁਣੇ ਮਰਨਾ ਚਾਹੁੰਦਾ ਹੈ।

ਸੇਵਾਦਾਰ ਗਿਆ, ਹਾਕ ਦਿਤੀ। ਪਹਿਲੀ ਹਾਕ ਦੋਹਾਂ ਪਿਉ-ਪੁਤਾਂ ਨੇ ਸੁਣੀ ਉਹ ਦੋਵੇਂ ਹੀ ਨੱਠ ਕੇ ਆ ਗਏ ਉਹਨਾਂ ਦੇ ਪਿਛੇ ਵੀਹ ਪੰਝੀ ਹੋਰ ਸਿਖ ਸਨ। ਸਭ ਨੇ ਆਕੇ ਵਾਰੀ ਵਾਰੀ ਆਖਿਆ—'ਮਹਾਰਾਜ ! ਮੈਂ ਮਰਨ ਨੂੰ ਤਿਆਰ ਹਾਂ ਗੋਲੀ ਦਾ ਨਿਸ਼ਾਨਾ ਮੈਨੂੰ ਬਣਾਵੋ ਮੈਂ ਸਭ ਤੋਂ ਪਹਿਲਾਂ ਹੁਕਮ ਸੁਣਿਆ ਹੈ ਹੱਕ ਮੇਰਾ ਹੈ।'

ਪਰ ਸਾਹਿਬਾਂ ਨੇ ਕਿਹਾ—'ਨਹੀਂ ਸਭ ਤੋਂ ਪਹਿਲਾਂ ਇਹ ਦੋ ਸਿੰਘ ਆਏ ਹਨ ਇਨ੍ਹਾਂ ਦਾ ਹਕ ਹੈ ਏਹੋ ਹੀ ਮਰਨਗੇ।'

ਸਾਹਿਬਾਂ ਦਾ ਹੁਕਮ ਸੁਣਕੇ ਬਾਕੀ ਦੇ ਸਿਖ ਪਿਛੇ ਹੋ ਗਏ ਤੇ ਦੋਵੇਂ ਪਿਉ ਪੁਤ ਝਗੜਨ ਲਗੇ ਪਿਉ ਆਖੇ--'ਪਹਿਲਾਂ ਮੈਂ ਸੁਣਿਆਂ ਸੀ ਇਸ ਵਾਸਤੇ ਮੇਰਾ ਹਕ ਹੈ, ਨਾਲੇ ਮੈਂ ਤੇਰਾ ਬਾਪ ਹਾਂ ਬਾਪ ਦਾ ਕੰਮ ਹੈ ਪਹਿਲਾਂ ਸ਼ਹੀਦ ਹੋਣਾ, ਮੈਨੂੰ ਇਹ ਗੱਫਾ ਪ੍ਰਾਪਤ ਕਰਨ ਦੇ ਤੂੰ ਅਜੇ ਜਵਾਨੀ ਮਾਨਣੀ ਹੈ।'

Sri Satguru Jagjit Singh Ji eLibrary NamdhariElibrary@gmail.com

ਪਰ ਪੁਤ੍ਰ ਨੇ ਅਗੋਂ ਉਤਰ ਦਿਤਾ—ਨਹੀਂ ਇਹ ਕਦੀ ਨਹੀਂ ਹੋ ਸਕਦਾ! ਬਾਪ ਦੇ ਜੀਉਂਦੇ ਜੀ ਪੁਤਰ ਦਾ ਧਰਮ ਹੈ ਕਿ ਉਹ ਠੰਢ-ਤਤ ਨੂੰ ਝਲੇ। ਮੈਂ ਮਰਦਾ ਹਾਂ ਤੂੰ ਬੈਠ।'

ਇਸ ਤਰ੍ਹਾਂ ਦੋਹਾਂ ਦੀ ਲੜਾਈ ਹੁੰਦੀ ਰਹੀ ਉਸ ਲੜਾਈ ਨੂੰ ਦੇਖਕੇ ਡੱਲਾ ਬਹੁਤ ਹੀ ਸ਼ਰਮਿੰਦਾ ਹੋਇਆ। ਡੱਲੇ ਦੇ ਆਦਮੀ ਉਥੇ ਆ ਪੁਜੇ ਸਨ ਉਹਨਾਂ ਨੇ ਵੀ ਦੇਖਿਆ ਸਤਿਗੁਰੂ ਜੀ ਦੇ ਸਿਖ ਕਿੰਨੇ ਸਨ। ਉਹਨਾਂ ਨੂੰ ਕਿੰਨਾ ਪਰੇਮ ਹੈ ਮਰਨ ਵਾਸਤੇ। ਉਹ ਸ਼ਰਮਿੰਦੇ ਹੁੰਦੇ ਜਾਂਦੇ ਸਨ। ਸਿਰ ਲੱਥ ਹਨ, ਧਰਤੀ ਵੇਹਲ ਨਹੀਂ ਸੀ ਦੇਂਦੀ ਡੱਲਾ ਜ਼ਮੀਨ ਵਲ ਹੀ ਦੇਖੀ ਜਾਂਦਾ ਸੀ।

ਪਿਉ ਪੁਤਾਂ ਦਾ ਫੈਸਲਾ ਨਾ ਹੋ ਸਕਿਆ ਉਹ ਦੋਵੇਂ ਹੀ ਇਕ ਦੂਸਰੇ ਨਾਲੋਂ ਬਹੁਤਾ ਵਧ ਚੜ੍ਹਕੇ ਮਰਨ ਨੂੰ ਤਿਆਰ ਸਨ। ਸਤਿਗੁਰੂ ਜੀ ਨੇ ਉਹਨਾਂ ਦਾ ਹਠ ਦੇਖਕੇ ਹੁਕਮ ਕੀਤਾ—'ਹੱਛਾ! ਦੋਵੇਂ ਖਲੋ ਜਾਓ ਗੋਲੀ ਦੋਹਾਂ ਦੇ ਵਿਚ ਦੀ ਲੰਘੇਗੀ।' ਅਗੇ ਪਿਉ ਖਲੋਤਾ ਤੇ ਪਿਛੇ ਪੁਤ੍ਰ ਦੋਹਾਂ ਦੇ ਇਸ ਕੌਤਕ ਨੂੰ ਸਾਰਿਆਂ ਨੇ ਤਕਿਆ।

ਸਾਹਿਬਾਂ ਨੂੰ ਸਿਖ ਪੁਤ੍ਰਾਂ ਨਾਲੋਂ ਵਧ ਪਿਆਰੇ ਸਨ ਭਲਾ ਉਹ ਕਿਵੇਂ ਸ਼ਹੀਦ ਕਰ ਸਕਦੇ ਸਨ। ਉਹਨਾਂ ਨੇ ਤਾਂ ਡਲੇ ਨੂੰ ਦਸਣਾ ਸੀ ਕਿ ਸਿਖੀ ਕੀ ਹੈ? ਸਾਹਿਬਾਂ ਨੇ ਬੰਦੂਕ ਨੂੰ ਤਿਆਰ ਕੀਤਾ, ਨਿਸ਼ਾਨਾ ਲਿਆ ਤੇ ਘੋੜਾ ਨਪਿਆ ਪਰ ਗੋਲੀ ਉਪਰੋਂ ਦੀ ਟਪਾ ਦਿਤੀ ਸਿੰਘ ਬਚ ਗਏ।

ਇਸ ਕੌਤਕ ਨੂੰ ਕਰਕੇ ਸਤਿਗੁਰੂ ਜੀ ਨੇ ਭਾਈ ਡੱਲੇ ਨੂੰ ਕਿਹਾ—'ਭਾਈ ਡੱਲਿਆ! ਐਵੇਂ ਦਿਲ ਛੱਡ ਗਿਓਂ ਅਸਾਂ ਤੇਰੀ ਪ੍ਰੀਖਿਆ ਲੈਣ ਵਾਸਤੇ ਇਹ ਯਤਨ ਕੀਤਾ ਸੀ ਪਰ ਤੂੰ ਜੀਵਨ ਨਿਸ਼ਾਨੇ ਨੂੰ ਅਜੇ ਨਹੀਂ ਸਮਝ ਸਕਿਆ ਤੇ ਨਾ ਹੀ ਤੂੰ ਸਿਖੀ ਨੂੰ ਸਮਝਿਆ ਹੈ। ਸਿਖੀ ਪਿਆਰ ਤੇ ਪਿਆਰ ਵਿਚ ਮੌਤ ਦਾ ਡਰ ਨਹੀਂ ਹੁੰਦਾ। ਇਹ ਦੁਨੀਆਂ ਸਰਾਂ ਹੈ ਸਰਾਂ ਵਿਚ ਮੁਸਾਫਰਾਂ ਨੂੰ ਉਤਾਰਾ ਲੈਕੇ ਕਦੀ ਉਸ ਨੂੰ ਆਪਣਾ ਘਰ ਨਹੀਂ ਸਮਝਣਾ ਚਾਹੀਦਾ, ਨਾ ਹੀ ਜਿਸ ਨਾਲ ਪਿਆਰ ਹੋਵੇ ਉਸ ਤੋਂ ਕੁਰਬਾਨ ਹੁੰਦਿਆਂ ਹੋਇਆਂ ਡਰਨਾ ਚਾਹੀਦਾ ਹੈ।'

ਡੱਲਾ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ ਉਸ ਨੇ ਰੋ ਰੋ ਕੇ

Sri Satguru Jagjit Singh Ji eLibrary NamdhariElibrary@gmail.com

ਖਿਮਾਂ ਮੰਗੀ ਬੇਨਤੀ ਕੀਤੀ–'ਮਹਾਰਾਜ! ਮੈਂ ਭੁਲਿਆ, ਪਰ ਇਹ ਭੁਲ ਤਾਂ ਹੋਈ ਕਿ ਮੈਂ ਆਪ ਦਾ ਅੰਮ੍ਰਿਤ ਨਹੀਂ ਛਕਿਆ, ਪਹਿਲਾਂ ਮੈਨੂੰ ਅੰਮ੍ਰਿਤ ਛਕਾਵੋ ਸਿਖ ਬਣਾਵੋ।'

ਸਾਹਿਬਾਂ ਨੇ ਹੁਕਮ ਕੀਤਾ–'ਚੰਗਾ ਤੈਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਜਾਵੇਗਾ।'

੧੬. ਇਕ ਬੀਬੀ ਨੂੰ ਪੁਤ੍ਰਾ ਦਾ ਵਰ

ਦਮਦਮੇ ਸਾਹਿਬ ਸਤਿਗੁਰੂ ਜੀ ਦਾ ਪੱਕਾ ਡੇਰਾ ਹੋ ਗਿਆ। ਸਾਹਿਬਾਂ ਦੇ ਇਕ ਥਾਂ ਬਿਰਾਜਮਾਨ ਹੋ ਜਾਣ ਤੇ ਬਹੁਤ ਹੀ ਸੁਖ ਤੇ ਸ਼ਾਂਤੀ ਦਾ ਵਾਯੂ ਮੰਡਲ ਬਣ ਗਿਆ। ਸਿਖ ਸੰਗਤ ਦੂਰੋਂ ਨੇੜਿਓਂ ਸਾਹਿਬਾਂ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੀ। ਅਮਨ ਦੇ ਦਿਨ ਸਨ ਰਾਤ ਦਿਨੇ ਲੰਗਰ ਵਰਤਣ ਲਗੇ ਤੇ ਦੀਵਾਨ ਸਜਣ ਲਗੇ। ਸ੍ਰੀ ਅਨੰਦਪੁਰ ਦੀ ਤਰ੍ਹਾਂ ਹਰ ਰੋਜ਼ ਸਵੇਰੇ ਤੇ ਸ਼ਾਮ ਦੇ ਦੀਵਾਨ ਵਿਚ ਰੌਣਕ ਰਹਿਣ ਲੱਗੀ। ਨਾਮ ਬਾਣੀ ਤੇ ਅੰਮ੍ਰਿਤ ਦਾ ਪ੍ਰਵਾਹ ਚਲਣ ਲਗਾ।

ਇਕ ਦਿਨ ਦੀਵਾਨ ਲੱਗਾ ਹੋਇਆ ਸੀ ਦੀਵਾਨ ਦੇ ਵਿਚ ਸਤਿਗੁਰੂ ਜੀ ਬਿਰਾਜਮਾਨ ਸਨ ਤੇ ਸਿਖਾਂ ਨੂੰ ਅੰਮ੍ਰਿਤ ਛਕਣ ਵਾਸਤੇ ਪ੍ਰੇਰਨਾ ਕਰ ਰਹੇ ਸਨ ਕਿ ਇਕ ਮਾਈ ਨੇ ਬੇਨਤੀ ਕੀਤੀ–'ਹੇ ਦਾਤਾ ਮੈਂ ਸੁਣਿਆਂ ਹੈ ਛੇਵੇਂ ਰੂਪ ਵਿਚ ਆਪ ਨੇ ਇਕ ਮਾਈ ਨੂੰ ਸੱਤ ਪੁਤ੍ਰ ਬਖਸ਼ੇ ਸਨ ਉਹ ਕਿਤੇ ਦੂਰ ਮਾਝੇ ਦੀ ਰਹਿਣ ਵਾਲੀ ਸੀ। ਆਪ ਦੇ ਦਰਬਾਰ ਵਿਚੋਂ ਬਹੁਤ ਸਾਰੇ ਲੋਕਾਂ ਨੇ ਮੁਰਾਦਾਂ ਪ੍ਰਾਪਤ ਕੀਤੀਆਂ ਸਨ, ਮੈਂ ਵੀ ਬੇਨਤੀ ਕਰਨ ਆਈ ਹਾਂ ਕਿ ਮੈਨੂੰ ਵੀ ਸੱਤਾਂ ਪੁਤ੍ਰਾਂ ਦੀ ਦਾਤ ਮਿਲੇ। ਮੈਂ ਬਹੁਤ ਤੰਗ ਹਾਂ। ਮੇਰੇ ਸੌਹਰੇ ਪਿੰਡ ਵਾਲੇ ਮੈਨੂੰ ਵਸਾਉਂਦੇ ਨਹੀਂ। ਮੈਂ ਨਪੁਤੀ ਹਾਂ, ਸਾਰੀਆਂ ਜਨਾਨੀਆਂ ਮੈਨੂੰ ਤਾਹਨੇ-ਮੇਹਣੇ ਮਾਰਦੀਆਂ ਹਨ, ਮੇਰੇ ਜੀਵਨ ਦਾ ਰੱਜ ਕੋਈ ਨਹੀਂ, ਸੱਸ ਮੈਨੂੰ ਸਾਰਾ ਦਿਨ ਕੰਮ ਦਸ ਦਸ ਕੇ ਰੋਲ ਸੁਟਦੀ ਹੈ ਉਹ ਜਦੋਂ ਵੀ ਬੋਲਦੀ ਹੈ ਏਹੋ ਕਹਿੰਦੀ ਹੈ–'ਜੇ ਕੰਮ ਨਹੀਂ ਕਰਨਾ ਤਾਂ ਹੋਰ ਕੀ ਕਰਨਾ ਈ। ਕੇਹੜੇ ਤੇਰੇ

Sri Satguru Jagjit Singh Ji eLibrary NamdhariElibrary@gmail.com

ਬਸੰਤੇ ਹੁਰੀਂ ਹਨ ਜਿਨ੍ਹਾਂ ਨੂੰ ਖਿਡਾਉਣਾ ਹੈ ਤੇਰੇ ਮਾਪਿਆਂ ਨਖਤਿਆਂ ਨੇ ਅਸਾਂ ਨੇ ਪਲੇ ਪਾ ਦਿਤੀ—'ਮਹਾਰਾਜ ! ਮੇਰੇ ਤੇ ਦਇਆ ਕਰੋ, ਮੇਹਰ ਕਰੋ ਮੈਂ ਆਪ ਦੇ ਚਰਨਾਂ ਵਿਚ ਆ ਡਿਗੀ ਹਾਂ।

ਉਸ ਬੀਬੀ ਦੀ ਇਹ ਬੇਨਤੀ ਸੁਣਕੇ ਦੀਵਾਨ ਵਿਚ ਬੈਠੀ ਸੰਗਤ ਹੈਰਾਨੀ ਨਾਲ ਚੁਪ ਹੋ ਗਈ। ਸਤਿਗੁਰੁ ਜੀ ਸੋਚੀਂ ਪੈ ਗਏ ਅਤੇ ਸੋਚਾਂ ਵਿਚ ਹੀ ਅੰਤ੍ਰ ਧਿਆਨ ਹੋਏ ਤੇ ਕੁਝ ਚਿਰ ਅੰਤਰ ਧਿਆਨ ਰਹਿਣ ਪਿਛੋਂ ਉਹਨਾਂ ਨੇ ਬਚਨ ਕੀਤਾ—'ਬੇਟੀ ! ਅਸੀਂ ਕੀ ਕਹਿ ਸਕਦੇ ਹਾਂ ਵਿਧਾਤਾ ਨੇ ਤੇਰੇ ਮੱਥੇ ਦੇ ਲੇਖ ਵਿਚ ਪੁਤਰ ਦਾ ਅੱਖਰ ਨਹੀਂ ਲਿਖਿਆ।

ਇਹ ਸੁਣ ਕੇ ਬੀਬੀ ਗਿੜਗਿੜਾ ਕੇ ਬੋਲੀ—'ਮਹਾਰਾਜ ! ਉਥੇ ਵੀ ਤੁਸਾਂ ਲਿਖਣਾ ਸੀ ਤੇ ਏਥੇ ਵੀ ਤੁਸਾਂ, ਹੁਣ ਲਿਖ ਦੇਵੋ, ਜਰੂਰ ਲਿਖ ਦੇਵੋ ਨਹੀਂ ਤੇ ਮੈਂ ਆਤਮ-ਘਾਤ ਕਰ ਲੈਣਾ ਹੈ। ਸਾਧਨੀ ਹੋਕੇ ਕਿਧਰੇ ਚਲੀ ਜਾਣਾ ਹੈ ਕਿਉਂਕਿ ਮੇਰਾ ਘਰ ਰਹਿਣਾ ਕਿਸੇ ਨੂੰ ਪ੍ਰਵਾਨ ਨਹੀਂ ਹੁੰਦਾ, ਮੇਰੇ ਤੇ ਦਇਆ ਕਰੋ। ਜ਼ਰੂਰ ਹੀ ਮੇਰੇ ਭਾਗ ਪਲਟ ਦੇਵੋ।

ਸਤਿਗੁਰੂ ਜੀ ਮੇਹਰ ਦੇ ਘਰ ਆਏ। ਪਾਰਬ੍ਰਹਮ ਨਾਲ ਸੁਰਤ ਜੋੜਕੇ ਉਹਨਾਂ ਪਾਸੋਂ ਮੰਗ ਕੀਤੀ। ਬੀਬੀ ਦੀ ਕਿਸਮਤ ਨੂੰ ਪਲਟ ਦਿਤਾ। ਵਰ ਮੰਗ ਲਿਆ ਕਿ ਇਸ ਦੇ ਘਰ ਸਤ ਹੀ ਪੁਤ੍ਰ ਹੋਣ। ਪਾਰਬ੍ਰਹਮ ਵਾਹਿਗੁਰੂ ਦੇ ਘਰ ਕਿਸ ਗਲ ਦਾ ਘਾਟਾ ਹੈ ? ਉਹ ਭਗਤਾਂ ਦਾ ਹੈ ਤੇ ਭਗਤ ਉਸ ਦੇ, ਕਦੀ ਭਗਤਾਂ ਦਾ ਬਚਨ ਨਹੀਂ ਮੋੜਦਾ. ਸਾਹਿਬਾਂ ਨੇ ਬੀਬੀ ਨੂੰ ਕਿਹਾ—'ਜਾਹ ਤੇਰੀਆਂ ਮੁਰਾਦਾਂ ਪੂਰੀਆਂ ਹੋਣਗੀਆ। ਤੇਰੇ ਘਰ ਸਮੇਂ ਨਾਲ ਸੱਤ ਹੀ ਪੁਤ੍ਰ ਹੋਣਗੇ ਪਰ ਇਹ ਦੇਖ ਕੇ ਸਦਾ ਉਨ੍ਹਾਂ ਨੂੰ ਸਿਖਿਆ ਦੇਣੀ ਕਿ ਉਹ ਸਿਖੀ ਨੂੰ ਧਾਰਨ ਕਰੀ ਰਖਣ। ਜਿੰਨਾ ਚਿਰ ਸਿਖੀ ਕੇਸਾਂ ਸੁਵਾਸਾਂ ਨਾਲ ਨਿਭਾਉਣਗੇ, ਉਹਨਾਂ ਚਿਰ ਕਦੀ ਉਹਨਾਂ ਨੂੰ ਕਿਸੇ ਗਲ ਦਾ ਘਾਟਾ ਨਹੀਂ ਆਵੇਗਾ। ਘਰ ਜਾ ਕੇ ਵਾਹਿਗੁਰੂ ਦਾ ਸਿਮਰਨ ਕਰ ਤੇਰੀ ਸਸ, ਤੇਰਾ ਸਹੁਰਾ ਤੇ ਪਤੀ ਤੈਨੂੰ ਕੁਛ ਨਹੀਂ ਕਹਿਣਗੇ। ਤੂੰ ਸੁਖ ਪਾਵੇਂਗੀ।'

ਇਹ ਵਰ ਪ੍ਰਾਪਤ ਕਰਕੇ ਬੀਬੀ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ

Sri Satguru Jagjit Singh Ji eLibrary NamdhariElibrary@gmail.com

ਮੱਥਾ ਟੇਕਿਆ ਤੇ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਚਲੀ ਗਈ। ਕੁਝ ਸਮਾਂ ਪਾਕੇ ਉਸ ਦੇ ਘਰ ਪਹਿਲਾ ਪੁਤ੍ਰ ਹੋਇਆ ਤੇ ਸਾਲ ਸਾਲ ਤੇ ਸਵਾ ਸਵਾ ਸਾਲ ਦੀ ਵਿੱਥ ਤੇ ਬਾਕੀ ਦੇ ਪੁਤ੍ਰ ਹੋਏ। ਸਤਿਗੁਰੂ ਜੀ ਦੇ ਬਹਨ ਭਾਤ ਹੋਏ। ਉਹ ਸਭੇ ਹੀ ਸਤਿਗੁਰੂ ਜੀ ਦੇ ਸਿਖ ਰਹੇ।

੧੭. ਸਤਿਗੁਰੂ ਜੀ ਦੇ ਮਹਿਲਾ ਦਾ ਤਲਵੰਡੀ ਪੁਜਣਾ

ਸਤਿਗੁਰੂ ਜੀ ਦੇ ਤਲਵੰਡੀ ਬੈਠਣ ਦੀ ਖਬਰ ਦਿਲੀ ਵੀ ਜਾ ਪੁਜੀ, ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਭਾਈ ਮਨੀ ਸਿੰਘ ਤੇ ਹੋਰ ਸਿਦਕੀ ਸਿੱਖਾਂ ਦੇ ਕੋਲ ਦਿਲੀ ਰਹਿੰਦੇ ਸਨ। ਪਹਿਲਾਂ ਗੁਪਤ ਰਹੇ, ਹੌਲੀ ਹੌਲੀ ਜਦੋਂ ਬਾਦਸ਼ਾਹੀ ਗੁਸਾ ਟਲ ਗਿਆ ਤਾਂ ਦਿਲੀ ਦੇ ਸਿਖਾਂ ਨੂੰ ਪਤਾ ਲਗ ਗਿਆ ਕਿ ਸਾਹਿਬਾਂ ਦੇ ਮਹਿਲ ਏਥੇ ਆਏ ਹਨ। ਉਹ ਸੇਵਾ ਕਰਨ ਵਾਸਤੇ ਆ ਗਏ। ਦੋਹਾਂ ਹੀ ਮਾਤਾਵਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਨਾ ਹੋਈ।

ਪਰ ਆਤਮਾ ਸੁਖੀ ਨਹੀਂ ਸੀ। ਆਤਮਾ ਸਤਿਗੁਰੂ ਜੀ ਦੇ ਵਿਛੋੜੇ ਵਿਚ ਵਿਆਕੁਲ ਸੀ। ਚੌਹਾਂ ਪੁਤ੍ਰਾਂ ਦੇ ਮਨ ਮੋਹਣੇ ਮੁਖੜੇ ਦੇਖਣ ਵਾਸਤੇ ਅੱਖਾਂ ਤੜਪ ਰਹੀਆਂ ਸਨ। ਜਦੋਂ ਪਤਾ ਲੱਗਾ ਕਿ ਸਾਹਿਬ ਤਲਵੰਡੀ ਹਨ ਤਾਂ ਭਾਈ ਮਨੀ ਸਿੰਘ ਜੀ ਨੂੰ ਸਾਥ ਲੈਕੇ ਡੋਲਿਆਂ ਵਿਚ ਬੈਠਕੇ ਉਸੇ ਵੇਲੇ ਦਿਲੀ ਤੋਂ ਤਿਆਰੇ ਕਰ ਦਿਤੇ। ਖੁਸ਼ੀ ਐਨੀ ਹੋਈ ਕਿ ਚਿਤ ਨੂੰ ਅੰਨ-ਜਲ ਨਾ ਭਾਇਆ, ਵਾਹਿਗੁਰੂ ਦਾ ਲੱਖ ਲੱਖ ਧੰਨਵਾਦ ਕੀਤਾ। ਉਹਦੇ ਨਾਮ ਦਾ ਸਿਮਰਨ ਹੋਰ ਸ਼ਰਧਾ ਨਾਲ ਕੀਤਾ।

ਮੰਜ਼ਲੋ ਮੰਜ਼ਲੀ ਆਖਰ ਮਹਿਲ ਤਲਵੰਡੀ ਦੇ ਨੇੜੇ ਪੁਜ ਪਏ। ਦੋਹਾਂ ਮਹਿਲਾਂ ਨੇ ਸਿਖਾਂ ਨੂੰ ਹੁਕਮ ਦਿਤਾ ਕਿ ਉਹ ਡੋਲੇ ਹੇਠਾਂ ਰਖ ਦੇਣ। ਜਦੋਂ ਡੋਲੇ ਹੇਠਾਂ ਰਖੇ ਗਏ ਤਾਂ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰਾਂ ਜੀ ਡੋਲਿਆਂ (ਪਾਲਕੀਆਂ) ਵਿਚੋਂ ਨਿਕਲੇ, ਸਾਹਿਬਾਂ ਵਲ ਪੈਦਲ ਤੁਰ ਪਏ।

Sri Satguru Jagjit Singh Ji eLibrary NamdhariElibrary@gmail.com

ਸਿਖਾਂ ਨੇ ਬਥੇਰਾ ਕਿਹਾ ਕਿ ਸਾਹਿਬਾਂ ਦਾ ਡੇਰਾ ਅਜੇ ਦੂਰ ਹੈ। ਪੈਦਲ ਤੁਰਿਆਂ ਦੁਖ ਹੋਵੇਗਾ, ਪਰ ਮਹਿਲ ਨਾ ਮੰਨੇ, ਪੈਦਲ ਤੁਰੀ ਗਏ। ਪਤੀ ਪ੍ਰਮੇਸ਼ਰ ਨੂੰ ਮਿਲਣ ਦੀ ਅੱਖਾਂ ਵਿਚ ਤਾਂਘ ਤੇ ਹਿਰਦੇ ਵਿਚ ਸਚੀ ਸ਼ਰਧਾ ਸੀ। ਪੈਰ ਆਪੇ ਹੀ ਉਠਦੇ ਜਾਂਦੇ ਸਨ । ਬਹੁਤ ਕਾਹਲੀ ਕਾਹਲੀ ਚਲਕੇ ਜਦ ਦਮਦਮੇ ਦੇ ਨੇੜੇ ਪੁਜੇ ਤਾਂ ਸੰਗਤ ਹੈਰਾਨ ਸੀ–ਕਿਉਂਕਿ ਤਲਵੰਡੀ ਦੀ ਸੰਗਤ ਨਹੀਂ ਸੀ ਜਾਣਦੀ ਕਿ ਇਹ ਸਤਿਗੁਰੂ ਜੀ ਦੇ ਮਹਿਲ ਹਨ। ਭਾਈ ਮਨੀ ਸਿੰਘ ਜੀ ਮਿਆਂ ਨੂੰ ਪਾਸੇ ਕਰੀ ਗਏ ਤੇ ਜਿਥੇ ਕਿਸੇ ਪੁਛਿਆ ਤਾਂ ਦਸੀ ਵੀ ਗਏ ਕਿ 'ਦੋਵੇਂ ਮਾਈਆਂ ਸਤਿਗੁਰੂ ਜੀ ਦੇ ਮਹਿਲ ਹਨ।'

ਅਗੇ ਸਤਿਗੁਰੂ ਜੀ ਦਰਬਾਰ ਵਿਚ ਉਚੇ ਸਿੰਘਾਸਨ ਉਪਰ ਬੈਠੇ ਹੋਏ ਗੁਰਮਤਿ ਦਾ ਉਪਦੇਸ਼ ਸਮਝਾ ਰਹੇ ਸਨ । ਸਾਹਿਬਾਂ ਨੇ ਦੂਰੋਂ ਦੇਖਿਆ ਜੀਵਨ ਸਾਥੀ ਆ ਰਹੇ ਹਨ, ਪਿਆਰੇ ਸਿੱਖ ਵੀ ਨਾਲ ਹਨ। ਉਸ ਵੇਲੇ ਸਿੰਘਾਸਨ ਤੋਂ ਉਠ ਬੈਠੇ, ਅਜੇ ਅਗੇ ਹੋਏ ਹੀ ਸਨ ਕਿ ਸਤਿਗੁਰੂ ਜੀ ਦੇ ਦੋਵੇਂ ਮਹਿਲ– ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਹਰਨੀਆਂ ਵਾਂਗ ਚੁੰਗੀਆਂ ਮਾਰਦੀਆ ਹੋਈਆਂ ਅਜੇ ਹੋਈਆਂ ਤੇ ਸਤਿਗੁਰੂ ਜੀ ਦੇ ਚਰਨਾ ਉਪਰ ਜਾ ਡਿੱਗੀਆਂ, ਮਿਲਾਪ ਦੀ ਖੁਸ਼ੀ ਦੇ ਵਲਵਲੇ ਨੇ ਦੋਹਾਂ ਦੇ ਸੰਘ ਘੁਟ ਲਏ। ਦਿਲ ਦਾ ਵੈਰਾਗ ਹੰਝੂ ਬਣ ਗਿਆ ਸਾਹਿਬਾਂ ਦੇ ਚਰਨ ਫੜੀ ਉਹ ਰੁਦਨ ਕਰਦੀਆਂ ਰਹੀਆਂ। ਵੈਰਾਗ ਥੰਮਿਆਂ ਨਹੀਂ ਸੀ ਜਾਂਦਾ। ਸਤਿਗੁਰੂ ਜੀ ਚੁਪ ਚਾਪ ਖਲੋਤੇ ਹੋਏ ਵਾਹਿਗੁਰੂ ਦਾ ਧੰਨਵਾਦ ਕਰਦੇ ਰਹੇ, ਜਿਨਾਂ ਨੇ ਵਿਛੜੇ ਮੁੜ ਮਿਲਾ ਦਿਤੇ। ਕਿੰਨਾਂ ਚਿਰ ਇਹ ਵੈਰਾਗ ਮਈ ਮੇਲ ਹੁੰਦਾ ਰਿਹਾ।

ਅੰਤ ਸਤਿਗੁਰੂ ਜੀ ਨੇ ਦੋਹਾਂ ਮਹਿਲਾਂ ਨੂੰ ਧੀਰਜ ਦਿਤੀ ਤੇ ਬਚਨ ਕੀਤਾ–– 'ਚਲੋ ! ਉਠੋ ! ਧੀਰਜ ਕਰੋ, ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੀ ਅਸਾਂ ਦਾ ਪਰਮ ਧਰਮ ਹੈ। ਏਹੋ ਕੁਝ ਸਤਿਗੁਰੂ ਜੀ ਅਸਾਂ ਨੂੰ ਸਿਖਾ ਗਏ ਹਨ। ਜਿਥੇ ਮੇਲ ਹੈ, ਓਥੇ ਵਿਛੋੜਾ ਵੀ ਜਰੂਰ ਹੈ। ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰ ਹੈ ਜਿਨਾਂ ਨੇ ਮੁੜ ਮੇਲ ਕਰਾ ਦਿਤਾ। ਐਸੇ ਮੇਲ ਵਿਛੋੜੇ ਦਾ ਨਾਮ ਹੀ ਤਾਂ ਜਿੰਦਗੀ ਹੈ !'

Sri Satguru Jagjit Singh Ji eLibrary NamdhariElibrary@gmail.com

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਬੈਠ ਗਏ। ਉਹਨਾਂ ਦਾ ਵੈਰਾਗ ਥੰਮਿਆਂ, ਦੋਹਾਂ ਨੇ ਸਾਰੇ ਦੀਵਾਨ ਵਿਚ ਇਕ ਝਾਤ ਮਾਰੀ, ਕਿਤੇ ਚਾਰੇ ਸਾਹਿਬਜ਼ਾਦੇ ਬੈਠੇ ਹੋਏ ਨਜ਼ਰ ਨਾ ਆਏ, ਨਾ ਹੀ ਬ੍ਰਿਧ ਮਾਤਾ ਗੁਜਰੀ ਜੀ ਸਨ। ਹਿਰਦਾ ਥਰ ਥਰਾ ਗਿਆ ਸ਼ੱਕ ਪਿਆ, ਕਿਤੇ ਕੋਈ ਭਾਣਾ ਠਾ ਵਰਤ ਗਿਆ ਹੋਵੇ। ਉਹਨਾਂ ਨੇ ਝਟ ਪਟ ਸਤਿਗੁਰੂ ਜੀ ਨੂੰ ਪੁਛ ਹੀ ਲਿਆ— 'ਸੁਆਮੀ ਜੀ ! ਚਾਰੇ ਸਾਹਿਬਜ਼ਾਦੇ ਤੇ ਮਾਤਾ ਜੀ ਕਿਥੇ ਹਨ ? ਕੋਈ ਪਤਾ ਦੇਵੋ ਕਿਤੇ ਨਜ਼ਰ ਨਹੀਂ ਆਉਂਦੇ, ਨਾ ਦੇਖਕੇ ਕਲੇਜੇ ਨੂੰ ਡੋਬ ਜਿਹੇ ਪੈਣ ਲਗ ਪਏ ਹਨ। ਅਸੀਂ ਤਾਂ ਕੂੰਜਾਂ ਵਾਂਗ ਉਨ੍ਹਾਂ ਨੂੰ ਚਿਤ ਵਿਚ ਰਖਦੀਆਂ ਸਾਂ। ਕੁਝ ਦਸੋ।'

ਸਤਿਗੁਰੂ ਜੀ ਬੇਟਿਆਂ ਦਾ ਜ਼ਿਕਰ ਸੁਣਕੇ ਘਬਰਾਏ ਨਹੀਂ, ਚੇਹਰੇ ਦਾ ਰੰਗ ਨਹੀਂ ਉਡਿਆ। ਅਖਾਂ ਵਿਚ ਹੰਝੂ ਨਹੀਂ ਆਏ। ਉਹਨਾਂ ਨੇ ਇਹ ਮੁਸਕਰਾਉਂਦਿਆਂ ਹੋਇਆਂ ਆਖਿਆ—'ਖੁਲ੍ਹੀ ਨਿਗਾਹ ਨਾਲ ਤਕੋ ! ਇਹ ਜੋ ਸੰਗਤ ਵਿਚ ਬੈਠੇ ਹਨ ਇਹ ਸਾਰੇ ਪੁਤ੍ਰ ਹਨ। 'ਇਨ ਪੁਤ੍ਰਨ ਕੇ ਕਾਰਨੇ ਵਾਰ ਦੀਏ ਸੁਤ ਚਾਰ ! ਚਾਰ ਮੁਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ।' ਇਸਦੇ ਪਿਛੋਂ ਸਤਿਗੁਰੂ ਜੀ ਨੇ ਚਮਕੌਰ ਤੇ ਸਰਹੰਦ ਦੇ ਹੋਏ ਸਾਕੇ ਸੁਣਾ ਦਿਤੇ ਉਹਨਾਂ ਸਾਕਿਆਂ ਨੂੰ ਸੁਣਕੇ ਮਾਤਾਵਾਂ ਦੇ ਹਿਰਦੇ ਸਹਿ ਨਾ ਸਕੇ ਉਹਨਾਂ ਦੀਆਂ ਡੁੱਬਾਂ ਨਿਕਲ ਗਈਆਂ, ਵੈਰਾਗ ਗੰਗਾ ਨਦੀ ਵਾਂਗ ਨੈਣਾਂ ਵਿਚੋਂ ਵਗ ਤੁਰਿਆ। ਉਹ ਠੱਲਿਆ ਨਹੀਂ ਸੀ ਜਾਂਦਾ ਉਹਨਾਂਨੂੰਵੈਰਾਗੀ ਹਾਲਤ ਵਿਚ ਪੁਜਿਆ ਦੇਖਕੇਸਾਰੀ ਸੰਗਤ ਦੀਆਂ ਅਖਾਂ ਵਿਚ ਵੀ ਜਲ ਆ ਗਿਆ, ਮੌਤ ਵਰਗੀ ਚੁਪਦਾਸਨਾਟਾਛਾ ਗਿਆ।ਇਕ ਸਤਿਗੁਰੂ ਜੀ ਤੋਂ ਬਿਨਾਂ ਸਭ ਡੋਲ ਗਏ। ਸਭ ਨੇ ਸਾਹਿਬਜ਼ਾਦਿਆਂ ਦੇ ਵਿਛੋੜੇ ਨੂੰ ਬਹੁਤ ਬੁਰੀ ਤਰਾਂ ਅਨੁਭਵ ਕੀਤਾ। ਸਾਰਿਆਂ ਦੀ ਹਾਲਤ ਬਦਲੀ ਦੇਖਕੇ ਸਤਿਗੁਰੂ ਜੀ ਨੇ ਸਭ ਨੂੰ ਸਾਂਝਾ ਉਪਦੇਸ਼ ਦਿਤਾ—'ਵੈਰਾਗ ਕਰਨ ਦੀ ਲੋੜ ਨਹੀਂ। ਜੀਵ ਆਤਮਾ ਕਦੀ ਮਰਦਾ ਨਹੀਂ ਉਹ ਸਦਾ ਅਮਰ ਰਹਿੰਦਾ ਹੈ। ਸਰਾਂ ਦੇ ਮੁਸਾਫਰ ਵਾਂਗ ਇਸ ਜਗਤ ਵਿਚ ਆਉਂਦਾ ਹੈ ਤੇ ਵਾਹਿਗੁਰੂ ਦੇ ਹੁਕਮ ਅਨੁਸਾਰ ਜੀਵਨ ਭੋਗਕੇ ਤੁਰ ਜਾਂਦਾ ਹੈ। ਮਾੜਾ ਉਹਨਾਂ ਦਾ ਜੀਵਨ ਹੈ, ਜੇਹੜੇ ਜਗਤ ਭਲੇ, ਧਰਮ ਦੇਸ਼ ਹਿਤ ਕੁਝ ਨਹੀਂ ਕਰਦੇ, ਜੇਹੜੇ ਧਰਮ ਦੇ

Sri Satguru Jagjit Singh Ji eLibrary NamdhariElibrary@gmail.com

ਤੋਂ ਸ਼ਹੀਦ ਹੁੰਦੇ ਹਨ ਉਹਨਾਂ ਵਰਗਾ ਭਾਗਾਂ ਵਾਲਾ ਹੋਰ ਕੌਣ ਹੈ ? ਇਹ ਤਾਂ ਜਨਮ ਨੂੰ ਸਫਲ ਕਰ ਗਏ। ਕੀ ਪਤਾ ਜਵਾਨ ਹੋਕੇ ਜੀਵਨ ਵਿਚ ਕੋਈ ਘਾਟ ਆ ਜਾਂਦੀ ਸਿਖੀ ਦੇ ਬੂਟੇ ਨੂੰ ਆਪਣੇ ਲਹੂ ਨਾਲ ਸਿੰਜਕੇ ਅਮਰ ਕੀਤਾ। ਖਾਲਸਾ ਪੰਥ ਹੁਣ ਵਧੇ ਫੁਲੇਗਾ। ਇਸ ਦੀਆਂ ਸ਼ਾਖਾਂ ਦੂਰ ਦੂਰ ਤਕ ਜਾਣਗੀਆਂ। ਪੰਥ ਦੇ ਦੁਸ਼ਮਨ ਨੀਵੇਂ ਹੋਣਗੇ। ਅਸਾਂ ਦੇ ਪੁੱਤਰਾਂ ਦਾ ਖਿਆਲ ਕਰਕੇ ਹਜ਼ਾਰਾਂ ਸਿਖ ਸ਼ਹੀਦੀ ਪਾਇਆ ਕਰਨਗੇ । ਖੁਸ਼ੀ ਸਨਾਓ ਕਿ ਤੁਸਾਂ ਦੇ ਪੁਤਰਾਂ ਨੇ ਜੀਵਨ ਦਾ ਰੋਸ਼ਨ ਮੁਨਾਰ ਕਾਇਮ ਕੀਤਾ ਹੈ ਉਸ ਰੌਸ਼ਨ ਮੁਨਾਰੇ ਦੇ ਕਾਰਨ ਅਨੇਕਾਂ ਦੇ ਜੀਵਨ ਬੇੜੇ ਭਵਸਾਗਰ ਦੀਆ ਚਟਾਨਾਂ ਨਾਲ ਟਕਰਾਉਣ ਤੋਂ ਬਚ ਜਾਣਗੇ। ਸਭ ਵੈਰਾਗ ਛਡੋ ਤੇ ਵਾਹਿਗੁਰੂ ਦਾ ਸਿਮਰਨ ਕਰੋ ।'

ਸਾਹਿਬਾਂ ਦੇ ਉਪਦੇਸ਼ ਨੂੰ ਸੁਣਕੇ ਸਭ ਦੇ ਹਿਰਦਿਆਂ ਦਾ ਵੈਰਾਗ ਕੁਝ ਥੰਮਿਆ ਗਿਆ। ਉਸੇ ਵੇਲੇ ਸਾਹਿਬਾਂ ਨੇ ਸ਼ਬਦੀ ਜਥੇ ਨੂੰ ਹੁਕਮ ਕੀਤਾ ਕਿ ਉਹ ਜੋਟੀਆਂ ਦੀ ਤਰਜ਼ ਤੇ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਨ ਤਾਂ ਕਿ ਹਿਰਦੇ ਉਤੋਂ ਵੈਰਾਗ ਦਾ ਪ੍ਰਛਾਵਾਂ ਦੂਰ ਹੋ ਜਾਵੇ। ਸਾਹਿਬਾਂ ਦਾ ਹੁਕਮ ਮੰਨਕੇ ਉਸੇ ਤਰਾਂ ਹੀ ਸ਼ਬਦ ਪੜ੍ਹਨੇ ਆਰੰਭ ਕਰ ਦਿਤੇ ।

੧੮. ਭਾਈ ਰਾਮੇ ਤੇ ਤਿਲੋਕੇ ਦਾ ਪ੍ਰਸੰਗ

ਸਤਿਗੁਰੂ ਜੀ ਦੀ ਦਿਆਲਤਾ ਦਾ ਸਦਕਾ ਸਿਖਾਂ ਦੇ ਪ੍ਰਸੰਗ ਵੀ ਅਸਚਰਜ ਹਨ। ਕਈਆਂ ਸਿਖਾਂ ਨੇ ਐਸੀਆਂ ਖੇਡਾਂ ਕੀਤੀਆਂ ਹਨ, ਜਿਨਾਂ ਦਾ ਬਿਆਨ ਕਰਦਿਆਂ ਹੋਇਆਂ ਹੈਰਾਨੀ ਹੁੰਦੀ ਹੈ। ਸਿਖਾਂ ਦੀਆਂ ਨਿਰਾਲੀਆਂ ਖੇਡਾਂ ਤੇ ਨਿਰਾਲੀਆਂ ਹੀ ਜੀਵਨੀਆ ਹਨ। ਹੈਰਾਨ ਕਰਨ ਵਾਲੀ ਗਲ ਕਰਨ ਵਾਲੇ ਦੋ ਭਾਈ ਸਨ-ਰਾਮਾ ਤੇ ਤਿਲੋਕਾ ਇਹ ਦੋਵੇਂ ਫੁਲਕੀਆਂ ਰਿਆਸਤਾਂ ਨਾਭਾ ਪਟਿਆਲਾ ਤੇ ਫਰੀਦ ਕੋਟ ਦੇ ਮੋਢੀ ਸਨ।

ਪ੍ਰਸੰਗ ਇਸਤਰਾਂ ਹੈ ਕਿ ਜਦੋਂ ਵੈਰੀਆਂ ਨੇ ਅਨੰਦਪੁਰ ਦੇ ਚੌਗਿਰਦੇ ਘੇਰਾ

Sri Satguru Jagjit Singh Ji eLibrary NamdhariElibrary@gmail.com

ਪਾਇਆ ਹੋਇਆ ਸੀ, ਤਦੋਂ ਭਾਈ ਰਾਮਾ ਤੇ ਤਿਲੋਕਾ ਜੁਵਾਨ ਲੈਕੇ ਅਨੰਦ ਪੁਰ ਪੁਜੇ ਸਨ। ਅਨੰਦਪੁਰ ਤੇ ਸਰਸਾ ਦੀਆਂ ਲੜਾਈਆਂ ਵਿਚ ਇਹਨਾਂ ਦੇ ਜਵਾਨ ਸ਼ਹੀਦ ਹੋ ਗਏ। ਰੋਪੜ ਤੋਂ ਅਗੇ ਚਮਕੌਰ ਤਕ ਨਾ ਪੁਜ ਸਕੇ। ਸਰਸਾ ਦੇ ਕਿਨਾਰਿਓਂ ਹੀ ਸਤਿਗੁਰੂ ਜੀ ਨਾਲੋਂ ਵਿਛੜ ਗਏ ਸਨ। ਰੋਪੜ ਦੇ ਨੇੜੇ ਰੋਪੜੀ ਪਠਾਣਾਂ ਨਾਲ ਇਹਨਾਂ ਦੀ ਲੜਾਈ ਹੋਈ। ਉਸ ਲੜਾਈ ਵਿਚ ਦੋਹਾਂ ਭਰਾਵਾਂ ਨੇ ਬਹੁਤ ਹੀ ਬਹਾਦਰੀ ਦਿਖਾਈ ਪਰ ਦੁਸ਼ਮਨ ਦੀ ਗਿਣਤੀ ਬਹੁਤ ਹੋਣ ਕਰਕੇ ਉਹਨਾਂ ਦੀ ਕੋਈ ਪੇਸ਼ ਨਾ ਗਈ, ਪਰ ਸਿਖੀ ਪਿਆਰ ਅਟੁਟ ਸੀ। ਸਤਿਗੁਰੂ ਜੀ ਦਾ ਪ੍ਰੀਵਾਰ ਵਿਛੜਦਾ ਦੇਖਿਆ, ਅਨੰਦ ਪੁਰ ਦੇ ਉਜਾੜ ਦੀ ਝਾਕੀ ਤੱਕੀ, ਸਤਿਗੁਰੂ ਜੀ ਦੇ ਸਿਖਾਂ ਸੇਵਕਾਂ ਤੇ ਹੋਰ ਸ਼ਰਧਾਲੂਆਂ ਦਾ ਸਰਸਾ ਤੇ ਸ਼ਹੀਦ ਹੋਣਾ ਦੇਖਿਆ, ਇਹਨਾਂ ਦੇਖਣੀਆਂ ਨੇ ਉਹਨਾਂ ਨੂੰ ਤਿਆਗੀ ਬਣਾ ਦਿਤਾ। ਉਹ ਮੌਤ ਤੋਂ ਨਿਰਭੈ ਹੋ ਗਏ। ਉਹਨਾਂ ਨੇ ਫੈਸਲਾ ਕੀਤਾ ਕਿ ਗੁਰੂ ਘਰ ਦੀ ਸੇਵਾ ਕਰੀ ਜਾਣੀ ਹੈ। ਸਿਖਾਂ ਦੀ ਸਹਾਇਤਾ ਕਰਨੋਂ ਨਹੀਂ ਟਲਣਾ ਭਾਵੇਂ ਮੌਤ ਕਿਉਂ ਨਾ ਆ ਜਾਵੇ। ਜੀਵਨ ਸੇਵਾ ਹੈ, ਪ੍ਰੇਮ ਹੈ, ਮੌਤ ਜੀਵਨ ਦੀ ਤਬਦੀਲੀ ਹੈ। ਮਰਕੇ ਵੀ ਨਹੀਂ ਮਰਨਾ। ਇਸ ਵਾਸਤੇ ਡਰ ਕਿਸ ਗੱਲ ਦਾ ਹੈ।

ਰਾਮਾ ਤੇ ਤਿਲੋਕਾ ਇਕੱਲੇ ਰਹਿ ਗਏ। ਕੋਲ ਤਲਵਾਰਾਂ ਤੇ ਢਾਲਾਂ ਰਹਿ ਗਈਆਂ, ਹੋਰ ਸਾਰੇ ਹਥਿਆਰ ਨਿਕਾਰੇ ਹੋ ਗਏ। ਪਹਿਲੇ ਤਾਂ ਉਹਨਾਂ ਨੇ ਫੈਸਲਾ ਕੀਤਾ ਕਿ ਉਹ ਮੈਦਾਨੇ ਜੰਗ ਵਿਚ ਮਰੇ ਪਏ ਦੁਸ਼ਮਨਾਂ ਦੇ ਹਥਿਆਰ ਚੁਕਕੇ ਦੋਵੇਂ ਭਰਾ ਜੀਉਂਦੇ ਵੈਰੀਆਂ ਨਾਲ ਇਕੱਲੇ ਹੀ ਜੁਧ ਕਰਨ, ਜੁਧ ਕਰਕੇ ਸ਼ਹੀਦ ਹੋ ਜਾਣ ਪਰ ਫਿਰ ਉਹਨਾਂ ਸੋਚ ਕੀਤੀ--'ਇਸ ਤਰਾਂ ਸ਼ਹੀਦ ਨਹੀਂ ਹੋਣਾ ਚਾਹੀਦਾ, ਚੰਗਾ ਹੈ ਕਿ ਸਤਿਗੁਰੂ ਜੀ ਪਾਸ ਚਲੀਏ, ਸਤਿਗੁਰੂ ਜੀ ਨੂੰ ਸ਼ਾਇਦ ਅਸਾਂ ਦੀ ਲੋੜ ਹੋਵੇ, ਸੇਵਾ ਕਰਨੀ ਸਾਡਾ ਧਰਮ ਹੈ।'

ਉਸ ਵੇਲੇ ਸਤਿਗੁਰੂ ਜੀ ਚਮਕੌਰ ਜਾ ਚੁਕੇ ਸਨ। ਲੜਾਈ ਹੋ ਰਹੀ ਸੀ। ਇਹ ਸਿੰਘ ਰੋਪੜ ਤੋਂ ਜੰਗਲ ਵਿਚ ਦੀ ਚਮਕੌਰ ਨੂੰ ਵਧ ਤੁਰੇ, ਰਾਹ ਵਿਚ ਵੈਰੀ ਟਿੱਡੀ ਦਲ ਵਾਂਗ ਸੀ। ਕਿਤੇ ਸੁੰਞਾਂ ਰਾਹ ਨਹੀਂ ਸੀ। ਖਤਰਾ

Sri Satguru Jagjit Singh Ji eLibrary NamdhariElibrary@gmail.com

ਝਾੜੀ ਝਾੜੀ ਨਾਲ ਸੀ। ਫਿਰ ਵੀ ਦੋਵੇਂ ਸਿੰਘ ਵਾਹਿਗੁਰੂ ਤੇ ਭਰੋਸਾ ਰਖ ਕੇ ਅਗੇ ਵਧੀ ਗਏ, ਜਾਂ ਉਹ ਨੇੜੇ ਪਹੁੰਚੇ ਤਾਂ ਚਮਕੌਰ ਨਗਰ ਵਿਚ ਦਾਖਲ ਹੋਣਾ ਬਹੁਤ ਕਠਨ ਸੀ। ਪਿਛੇ ਹੀ ਲੁਕੇ ਰਹੇ, ਜਿਥੇ ਉਹ ਲੁਕੇ ਹੋਏ ਸਨ, ਉਥੋਂ ਉਹਨਾਂ ਦੁਸ਼ਮਨਾਂ ਦੀਆਂ ਗਲਾਂ ਸੁਣੀਆਂ ਜਾਂਦੀਆਂ ਸਨ। ਉਨਾਂ ਦੀਆਂ ਗੱਲਾਂ ਤੋਂ ਸਿੰਘਾਂ ਨੂੰ ਪਤਾ ਲਗਾ ਕਿ ਸਤਿਗੁਰੂ ਜੀ ਚਮਕੌਰ ਨੂੰ ਛਡ ਕੇ ਨਿਕਲ ਗਏ ਹਨ ਤੇ ਉਹਨਾਂ ਦੇ ਸਾਥੀ ਸ਼ਹੀਦ ਹੋ ਗਏ ਹਨ।

ਭਾਈ ਰਾਮੇ ਤੇ ਤਿਲੋਕੇ ਨੇ ਇਹ ਸੁਣ ਕੇ ਆਪਸ ਵਿਚ ਸਲਾਹ ਕੀਤੀ ਕਿ ਦੁਸ਼ਮਨ ਰਤਾ ਅਵੇਸਲੇ ਹੋ ਜਾਣ ਤਾਂ ਸ਼ਹੀਦ ਸਿੰਘਾਂ ਦਾ ਸਸਕਾਰ ਹੀ ਕਰ ਦੇਵੀਏ। ਇਸ ਨਾਲੋਂ ਵਧ ਹੋਰ ਕੀ ਸੇਵਾ ਹੋ ਸਕਦੀ ਹੈ ? ਐਸੀ ਸੇਵਾ ਕਰਦਿਆਂ ਹੋਇਆਂ ਜੇਕਰ ਸ਼ਹੀਦੀ ਪ੍ਰਾਪਤ ਹੋ ਜਾਵੇਗੀ ਤਦ ਵੀ ਕੋਈ ਗਲ ਨਹੀਂ ਆਖਰ ਇਕ ਦਿਨ ਤਾਂ ਜ਼ਰੂਰ ਹੀ ਮਰਨਾ ਹੈ। ਇਹ ਸੇਵਾ ਕਰੀਏ।

ਇਉਂ ਫੈਸਲਾ ਕਰਕੇ ਦੋਵੇਂ ਸੂਰਮੇਂ ਰਾਤ ਦੇ ਹਨੇਰੇ ਵਿਚ ਨਿਕਲੇ, ਜਦੋਂ ਹਥ ਪਸਾਰਿਆ ਨਜ਼ਰ ਨਹੀਂ ਸੀ ਆਉਂਦਾ ਅਤੇ ਠੰਢੀ ਹਵਾ ਅੰਗਾਂ ਨੂੰ ਚੀਰਦੀ ਜਾਂਦੀ ਸੀ ਵੈਰੀ ਤੰਬੂਆਂ ਵਿਚ ਵੜੇ ਬੈਠੇ ਸਨ, ਨਾਲੇ ਉਹਨਾਂ ਨੂੰ ਬੇ-ਫਿਕਰੀ ਹੋ ਗਈ ਕਿ ਚਮਕੌਰ ਦੀ ਗੜ੍ਹੀ ਉਤੇ ਹੁਣ ਉਹਨਾਂ ਦਾ ਕਬਜ਼ਾ ਹੈ ਤੇ ਜੋਹੜੇ ਸਿੰਘ ਵਿਚ ਮੋਰਚੇ ਲਾਈ ਬੈਠੇ ਸਨ ਉਹ ਸ਼ਹੀਦ ਹੋ ਗਏ ਹਨ। ਹੁਣ ਡਰ ਕਾਹਦਾ, ਜੇ ਸਤਿਗੁਰੂ ਅਗੇ ਨਿਕਲ ਗਿਆ ਹੈ ਤਾਂ ਉਸਦੇ ਪਿਛੇ ਫੌਜ ਲਗੀ ਹੈ ਤੇ ਉਹ ਛੇਤੀ ਹੀ ਹਥ ਆ ਜਾਵੇਗਾ। ਰੋਪੜ ਦੇ ਇਲਾਕੇ ਵਿਚ ਸੌ ਸੌ ਮੀਲ ਤੋਂ ਕਿਸੇ ਸਿਖ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ, ਇਨ੍ਹਾਂ ਵਿਚਾਰਾਂ ਨੇ ਉਹਨਾਂ ਨੂੰ ਬਿਲਕੁਲ ਨਿਰਭੈ ਤੇ ਲਾ ਪਰਵਾਹ ਕਰ ਦਿਤਾ ਹੈ। ਉਹ ਜਿਤ ਦੀ ਖੁਸ਼ੀ ਵਿਚ ਰਜ ਕੇ ਸ਼ਰਾਬਾਂ ਪੀ ਕੇ ਥਕੇਵੇਂ ਲਾਹ ਰਹੇ ਸਨ। ਉਹ ਘੂਕ ਸੁਤੇ ਹੋਏ ਸੀ।

ਭਾਈ ਰਾਮੇ ਤੇ ਤਿਲੋਕੇ ਦੇ ਸਾਹਮਣੇ ਇਕ ਹੋਰ ਔਕੜ ਪੇਸ਼ ਆਈ ਉਹ ਇਹ ਸੀ ਕਿ ਰਾਤ ਹਨੇਰੀ ਸੀ। ਹਨੇਰੇ ਵਿਚ ਲੋਥਾਂ ਦੇ ਢੇਰਾਂ ਵਿਚੋਂ 'ਸਿੰਘਾਂ' ਦੀਆਂ ਦੇਹਾਂ ਨੂੰ ਕਿਵੇਂ ਟੋਲਣ ਬੜਾ ਔਖਾ ਸੀ ਟੋਲਣਾ। ਜੇ ਰੌਸ਼ਨੀ ਕਰਨ

Sri Satguru Jagjit Singh Ji eLibrary NamdhariElibrary@gmail.com

ਤਾਂ ਦੁਸ਼ਮਨਾਂ ਨੂੰ ਪਤਾ ਲਗ ਜਾਵੇਗਾ ਉਨ੍ਹਾਂ ਨੂੰ ਸਮਝ ਨਾ ਆਵੇ ਕੀ ਕੀਤਾ ਜਾਵੇ ? ਹਨੇਰੇ ਵਿਚ ਫਿਰਦੇ ਰਹੇ। ਜਿਥੇ ਲੋਥਾਂ ਪੈਰਾਂ ਨਾਲ ਅੜਦੀਆਂ ਓਥੇ ਹੀ ਖਲੋਕੇ ਹਥਾਂ ਨਾਲ਼ ਦੇਖਣ ਲਗ ਪੈਂਦੇ ਕਿ ਸਿਰ ਤੇ ਵਾਲ ਤੇ ਚੇਹਰੇ ਉਤੇ ਦਾਹੜੀ ਹੈ ਕਿ ਨਹੀਂ। ਇਸ ਤਰ੍ਹਾਂ ਉਹਨਾਂ ਨੂੰ ਮਸਾਂ ਚਾਰ ਕੁ ਲੋਥਾਂ ਮਿਲੀਆਂ ਜਿਨ੍ਹਾਂ ਨੂੰ ਉਹਨਾਂ ਨੇ ਪਛਾਣਿਆਂ ਕਿ ਉਹ ਸਿੰਘਾਂ ਦੀਆਂ ਹੀ ਹਨ। ਬਹੁਤ ਮੁਸ਼ਕਲ ਹੋਈ, ਆਖਰ ਉਹਨਾਂ ਨੇ ਹੌਂਸਲਾ ਕੀਤਾ ਤੇ ਆਪਣੇ ਲੀੜੇ ਪਾੜ ਕੇ ਮਸਾਲ ਬਨਾਉਣੀ ਚਾਹੀ, ਪਰ ਤੇਲ ਕਿਥੋਂ ਲੈਣ ?

ਤਿਲੋਕਾ ਬਹੁਤ ਦਲੇਰ ਤੇ ਹਿੰਮਤੀ ਸੀ। ਉਸ ਨੇ ਵੀਰ ਨੂੰ ਕਿਹਾ—'ਮੈਂ ਕਿਸੇ ਤੰਬੂ ਵਿਚੋਂ ਤੇਲ ਦੀ ਕੁਪੀ ਤੇ ਮਸਾਲ ਚੁਕ ਲਿਆਉਂਦਾ ਹਾਂ, ਨਾਲੇ ਆਪਾਂ ਲੀੜੇ ਪਾੜ ਸੁਟੀਏ। ਦੇਖਣ ਵਾਲੇ ਨੂੰ ਇਉਂ ਮਲੂਮ ਹੋਵੇ ਜਿਵੇਂ ਪਾਗਲ ਹੁੰਦੇ ਹਾਂ। ਪਾਗਲਾਂ ਵਾਂਗ ਕਰੀਏ। ਸਤਿਗੁਰੂ ਦੇ ਸਿੰਘਾਂ ਦਾ ਸਸਕਾਰ ਕਰਨ ਖਾਤਰ ਪਾਗਲ ਬਣ ਜਾਈਏ ਪਾਗਲ।

ਭਾਈ ਰਾਮਾ—'ਵੀਰਾ ! ਤੇਰੀ ਗੱਲ ਠੀਕ ਹੈ। ਕਰ ਲਈਏ ਸੇਵਾ, ਹੀਲਾ ਕਰ, ਮਰੇ ਤਾਂ ਹੋਏ ਹੀ ਹਾਂ, ਫਿਰ ਡਰ ਕਿਸ ਦਾ, ਜਾਹ ਕਿਸੇ ਤੰਬੂ ਵਿਚੋਂ ਦੋਵੇਂ ਚੀਜਾਂ ਚੁਕ ਲਿਆ।'

ਤਿਲੋਕਾ ਚਲਿਆ ਗਿਆ, ਇਕ ਤੰਬੂ ਵਿਚ ਚਾਰ ਮਗਲ ਸੁਤੇ ਸਨ। ਤੇਲ ਦੀ ਕੁਪੀ ਪਈ ਸੀ, ਮਿਸਾਲ ਜਗ ਰਹੀ ਸੀ। ਪਹਿਰੇ ਵਾਲਾ ਦੂਰ ਸੀ। ਬਸ ਉਸਨੇ ਕਾਹਲੀ ਨਾਲ ਮਿਸਾਲ ਤੇ ਕੁਪੀ ਨੂੰ ਚੁਕ ਲਿਆ। ਝਟ ਮੈਦਾਨੇਜੰਗ ਵਿਚ ਪੁਜਾ, ਦੋਹਾਂ ਵੀਰਾਂ ਨੇ ਦਸ ਕੁ ਸਿੰਘਾਂ ਦੀਆਂ ਲੋਥਾਂ ਇਕੱਠੂ ਕੀਤੀਆਂ ਅੰਗ ਅੰਗ ਜ਼ਖਮੀ ਹੋਇਆ ਹੋਇਆ ਸੀ। ਜਿਥੇ ਇਕ ਸਿੰਘ ਸੀ ਉਥੇ ਚਾਲੀ ਪੰਜਾਹ ਮੁਗਲ ਪਠਾਣ ਵੀ ਸਨ। ਵਾਰੀ ਵਾਰੀ ਦੁਕਕੇ ਇਕ ਪਾਸੇ ਰਖਕੇ ਲਗੇ ਲੱਕੜਾਂ ਦੀ ਭਾਲ ਕਰਨ। ਭਾਲ ਕਰਦਿਆਂ ਹੋਇਆਂ ਨੂੰ ਇਕ ਲੱਕੜਾਂ ਦਾ ਢੇਰ, ਮਿਲਿਆ। ਇਨ੍ਹਾਂ ਦੇਖਿਆ ਤਾਂ ਸਮਝਿਆ ਕਿ ਸ਼ਾਇਦ ਨਿਰੀਆਂ ਲੱਕੜਾਂ ਕਿਸੇ ਨੇ ਰਖੀਆਂ ਹਨ। ਜਦੋਂ ਨੇੜੇ ਜਾਕੇ ਦੇਖਿਆ ਤਾਂ ਪਤਾ ਲੱਗਾ ਕਿ ਉਹ ਚਿਖਾ ਹੀ ਬਣੀ ਹੋਈ ਸੀ। ਉਸ ਵਿਚ ਸਿੰਘਾਂ ਦੀਆਂ ਦੇਹਾਂ ਸਨ। ਉਹਨਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਦੇਖਕੇ ਉਹ ਬਹੁਤ ਹੈਰਾਨ ਹੋਏ। ਆਪੋ ਵਿਚ ਦੀ ਇਹ ਕਹਿਣ ਲਗੇ—'ਅਸਾਂ ਤੋਂ ਪਹਿਲਾਂ ਕੋਈ ਸੇਵਾ ਕਰਨ ਲੱਗਾ ਸੀ। ਧੰਨ ਭਾਗ ! ਧੰਨ ਸਿਖੀ' ਇਹ ਆਖਕੇ ਜਾਂ ਅਗੇ ਹੋਏ ਤਾਂ ਕੀ ਦੇਖਦੇ ਹਨ ਕਿ ਇਕ ਨੌਜਵਾਨ ਸਿੰਘਣੀ ਹੱਥ ਵਿਚ ਤਲਵਾਰ ਫੜੀ ਸ਼ਹੀਦ ਹੋਈ ਪਈ ਹੈ। ਉਸ ਦਾ ਸਿਰ ਧੜ ਨਾਲੋਂ ਵੱਖ ਕੀਤਾ ਹੋਇਆ ਸੀ। ਉਹਦਾ ਹੋਰ ਕੋਈ ਅੰਗ ਘਟ ਹੀ ਜਖਮੀ ਸੀ।

ਉਸ ਦੇਵੀ ਨੂੰ ਦੇਖਕੇ ਭਾਈ ਰਾਮ ਸਿੰਘ ਨੇ ਕਿਹਾ—'ਇਹ ਕਿਸੇ ਸਿੰਘ ਦੀ ਲੜਕੀ ਹੈ। ਜਰੂਰ ਇਹ ਸਿੰਘਾਂ ਦਾ ਸਸਕਾਰ ਕਰਨ ਲਗੀ ਹੋਵੇਗੀ।

ਦੋਹਾਂ ਵੀਰਾਂ ਨੇ ਬਾਕੀ ਦੀਆਂ ਲੋਥਾਂ ਵੀ ਉਸੇ ਚਿਖਾ ਉਤੇ ਜਾ ਰਖੀਆਂ ਤੇ ਉਹਨਾਂ ਨੂੰ ਚੰਗੀ ਤਰ੍ਹਾਂ ਟਿਕਾ ਕੇ ਬਲਦੀ ਮਿਸਾਲ ਨਾਲ ਅੱਗ ਲਾ ਦਿਤੀ। ਅੱਗ ਦੇ ਲਗਣ ਨਾਲ ਸਾਰੇ ਚਾਨਣ ਹੋ ਗਿਆ। ਇਹ ਦੋਵੇਂ ਜਾਰੇ ਖਲੋਤੇ ਰਹੇ, ਡਰੇ ਨਹੀਂ ਥਿੜਕੇ ਨਹੀਂ। ਅਖਤ ਜਦੋਂ ਦੇਖਿਆ ਕਿ ਲਕੜਾਂ ਨੇ ਅੱਗ ਫੜ ਲਈ ਹੈ ਤਾਂ ਉਹ ਪਾਗਲਾਂ ਵਾਂਗ ਕਿਲਕਾਂ ਮਾਰਦੇ ਹੋਏ ਇਕ ਪਾਸੇ ਨੂੰ ਨੱਠ ਉਠੇ। ਅੱਗ ਨੂੰ ਦੇਖਕੇ ਤੇ ਕਿਲਕਾਂ ਸੁਣ ਕੇ ਤੁਰਕ ਓਧਰ ਨੱਠੇ, ਪਰ ਵਾਹਿਗੁਰੂ ਦੀ ਕ੍ਰਿਪਾ ਨਾਲ ਅੱਗ ਐਸੀ ਸੀ ਜੋਹੜੀ ਬੁਝ ਨਹੀਂ ਸੀ ਸਕਦੀ। ਤੁਰਕ ਉਸ ਨੂੰ ਦੇਖ ਦੇਖਕੇ ਹੈਰਾਨ ਹੋ ਰਹੇ ਸਨ। 'ਕਿੰਨਾ ਹੌਂਸਲਾ ਕੀਤਾ ਸਿੰਘਾਂ ਨੇ ?' ਉਹਨਾਂ ਦੇ ਹਿਰਦਿਆਂ ਦੀ ਅਵਾਜ਼ ਸੀ।

ਭਾਈ ਤਿਲੋਕਾ ਤੇ ਰਾਮਾ ਇਉਂ ਸੇਵਾ ਕਰਕੇ ਨਸ ਆਏ। ਵੈਰੀ ਨੇ ਪਿੱਛਾ ਕੀਤਾ ਪਰ ਉਹ ਹੱਥ ਨਾ ਆਏ। ਉਹ ਮਾਛੀਵਾੜੇ ਵਿਚੋਂ ਦੀ ਪਾਗਲਾਂ ਵਾਲੀ ਸੂਰਤ ਬਣਾਈ ਆਪਣੇ ਮਾਲਵੇ ਦੇਸ਼ ਨੂੰ ਆ ਗਏ। ਜਦੋਂ ਖਤਰੇ ਤੋਂ ਬਾਹਰ ਹੋ ਗਏ ਤਾਂ ਹੋਸ਼ ਨਾਲ ਚੰਗੀਆਂ ਗੱਲਾਂ ਕਰਦੇ ਹੋਏ ਘਰ ਪੁਜੇ, ਪਰ ਘਰੀਂ ਜਾਕੇ ਚਿਤ ਨਾ ਲੱਗਾ, ਹਿਰਦੇ ਵਿਚ ਤੜਪ ਪੈਦਾ ਹੋਈ ਕਿ ਸਤਿਗੁਰੂ ਜੀ ਦੇ ਦਰਸ਼ਨ ਜਰੂਰ ਕੀਤੇ ਜਾਣ ਪਰ ਦਰਸ਼ਨ ਹੋਣੇ ਔਖੇ ਸਨ ਕਿਉਂਕਿ ਸਾਹਿਬ ਕਿਥੇ ਹਨ ?' ਅੰਤ ਉਹਨਾਂ ਨੂੰ ਸੂਹ ਮਿਲੀ ਕਿ ਸਾਹਿਬ ਕੇਟ ਕਪੂਰੇ ਵਲ ਕਿਤੇ ਹਨ। ਇਹ ਸੁਣਕੇ ਦੋਵੇਂ ਭਰਾ ਘਰੋਂ ਨਿਕਲ ਤੁਰੇ, ਹੁਣ ਪੈਦਲ ਨਹੀਂ ਤੁਰੇ ਸਗੋਂ ਘੋੜਿਆਂ ਤੇ ਸਵਾਰ ਹੋਏ। ਸਤਿਗੁਰੂ ਜੀ ਨੂੰ ਲਭਦੇ ਲਭਦੇ

Sri Satguru Jagjit Singh Ji eLibrary NamdhariElibrary@gmail.com

ਸਾਬੋ ਦੀ ਤਲਵੰਡੀ ਪੁਜੇ। ਸਾਹਿਬਾਂ ਦੇ ਦਰਸ਼ਨ ਕੀਤੇ, ਰੋ ਰੋ ਕੇ ਅਨੰਦ੍ਰ ਤੋਂ ਵਿਛੜਨ ਦਾ ਹਾਲ ਦਸਿਆ ਤੇ ਚਮਕੌਰ ਦੇ ਸ਼ਹੀਦਾਂ ਦੇ ਸਸਕਾਰ ਕਰਨ ਦਾ ਸਾਕਾ ਵੀ ਬਿਆਨ ਕੀਤਾ। ਇਹ ਸਭ ਕੁਝ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਬਚਨ ਕੀਤਾ—'ਅਸੀਂ ਤੁਸਾਂ ਦੋਹਾਂ ਭਰਾਵਾਂ ਦੀ ਸੇਵਾ ਤੇ ਬਹੁਤ ਪ੍ਰਸੰਨ ਹਾਂ, ਤੁਸੀਂ ਨਿਹਾਲ ਹੋਏ। ਕੁਝ ਮੰਗਣਾ ਹੈ ਤਾਂ ਮੰਗ ਲਵੋ।' ਏਸੇ ਤਰ੍ਹਾਂ ਸਤਿਗੁਰੂ ਜੀ ਨੇ ਤਿੰਨ ਵਾਰ ਬਚਨ ਚੀਤਾ ਤਾਂ ਰਾਮੇ ਨੇ ਕਿਹਾ—'ਦਾਤਾ ! ਆਪ ਦਾ ਦਿਤਾ ਬਹੁਤ ਕੁਝ ਹੈ। ਜੇ ਦਿਆਲੂ ਹੋਏ ਹੋ ਤਾਂ ਧਰਤੀ ਬਖਸ਼ੋ।'

'ਬਹੁਤ ਅੱਛਾ ! ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਦਿਤੇ ਹੋਏ ਵਰ ਸੱਤ ਹੋਣਗੇ, ਜਾਓ ਮਾਲਵੇ ਦੇ ਰਾਜੇ ਹੋਵੋਗੇ, ਰਾਜ ਕਰੋਗੇ।' ਸਾਹਿਬਾਂ ਮੋਹਰ ਕਰ ਦਿਤੀ।

ਭਾਈ ਰਾਮਾ ਤੇ ਤਿਲੋਕਾ ਵਰ ਲੈਕੇ ਘਰ ਚਲੇ ਗਏ, ਉਹ ਦੋਵੇਂ ਰਾਮ ਸਿੰਘ ਤੇ ਤਿਲੋਕ ਸਿੰਘ ਹੋਏ, ਭਾਈ ਰਾਮ ਸਿੰਘ ਦੀ ਕੁਲ ਵਿਚੋਂ ਪਟਿਆਲਾ ਰਾਜ ਤੇ ਭਾਈ ਤਿਲੋਕ ਸਿੰਘ ਦੀ ਵੰਸ਼ ਵਿਚੋਂ ਨਾਭਾ ਤੇ ਫਰੀਦ ਕੋਟ ਰਿਆਸਤਾਂ ਕਾਇਮ ਹੋਈਆਂ, ਇਉਂ ਸਾਹਿਬਾਂ ਨੇ ਸੇਵਾ ਕਰਨ ਵਾਲਿਆਂ ਨੂੰ ਤਾਰਿਆ ਹੈ।

੧੯. ਦਮਦਮੇ ਸਾਹਿਬ ਨੂੰ ਵਰ

ਸਤਿਗੁਰੂ ਜੀ ਨੇ ਦਮਦਮੇਂ ਸਾਹਿਬ, ਮੁੜ ਕੇ ਅਨੰਦਪੁਰ ਸਾਹਿਬ ਵਾਲੀਆਂ ਰੌਣਕਾਂ ਬਣਾ ਲਈਆਂ, ਸੰਗਤ ਹਰ ਰੋਜ਼ ਬਹੁ ਗਿਣਤੀ ਵਿਚ ਦਰਸ਼ਨਾਂ ਨੂੰ ਆਉਣ ਲਗੀ, ਸਾਹਿਬਾਂ ਨੂੰ ਵਿਚਾਰ ਆਇਆ ਕਿ ਉਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ। ਭਾਈ ਮਨੀ ਸਿੰਘ ਜੀ ਤੇ ਹੋਰ ਵਿਦਵਾਨ ਵੀ ਆ ਪੁਜੇ ਸਨ, ਜੋਹੜਾ ਸਾਹਿਤਕ ਖਜ਼ਾਨਾ ਬਰਬਾਦ ਹੋ ਗਿਆ ਸੀ ਯਾਦ ਸ਼ਕਤੀ ਨਾਲ ਉਸ ਵਿਚੋਂ ਕੁਝ ਨਾ ਕੁਝ ਮੁੜ ਉਸਾਰਨ ਲਗੇ, ਸਾਹਿਬਾਂ ਨੇ ਨਾਵੇਂ ਪਾਤਸ਼ਾਹ ਦੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਉਣੀ ਆਰੰਭ ਕੀਤੀ, ਕਈ ਵਾਰ ਸਾਹਿਬ ਕਲਮਾਂ ਘੜ ਘੜ ਕੇ

Sri Satguru Jagjit Singh Ji eLibrary NamdhariElibrary@gmail.com

ਸਰੋਵਰ ਵਿਚ ਸੁਟੀ ਜਾਇਆ ਕਰਦੇ ਸਨ, ਨਾਲ ਹੀ ਬਚਨ ਕਰਦੇ—'ਇਹ ਲਿਖਣ ਸਰ ਹੈ। ਇਕ ਕਾਂਸ਼ੀ ਪੂਰਬ ਵਿਚ ਹੈ, ਦੂਸਰੀ ਇਹ ਕਾਂਸ਼ੀ ਪੰਜਾਬ ਵਿਚ, ਇਹ 'ਗੁਰੂ ਕੀ ਕਾਂਸ਼ੀ।'

ਸੰਗਤ ਆਉਂਦੀ, ਸਾਹਿਬ ਦੀਵਾਨ ਵਿਚ ਬੈਠਕੇ ਗੁਰਬਾਣੀ ਚੰਗੇ, ਅਸੂਲਾਂ ਤੇ ਸਿਖੀ ਨਿਸ਼ਾਨੇ ਦਾ ਉਪਦੇਸ਼ ਕਰਦੇ। ਜੀਵਨ ਦੀ ਸਿਖਿਆ ਵੀ ਮਿਲਦੀ ਰਹਿੰਦੀ। ਏਥੇ ਸਤਿਗੁਰੂ ਜੀ ਨੇ ਜਿਥੇ ਹੋਰ ਕੌਤਕ ਕੀਤੇ ਓਥੇ ਮਾਲਵੇ ਦੇ ਲੋਕਾਂ ਵਿਚੋਂ ਭਾਈਚਾਰਕ ਖਰਾਬੀਆਂ ਵੀ ਦੂਰ ਕਰਨ ਦਾ ਜਤਨ ਕੀਤਾ।ਮਾਲਵੇ ਦੇ ਲੋਕ ਸੁਲਤਾਨੀਏ ਹੋਣ ਕਰਕੇ ਤਮਾਕੂ ਬਹੁਤ ਵਰਤਦੇ ਸਨ। ਸਾਹਿਬਾਂ ਨੇ ਤਮਾਕੂ ਦੇ ਵਿਰੁਧ ਪ੍ਰਚਾਰ ਕਰਕੇ ਲੋਕਾਂ ਨੂੰ ਦਸਿਆ ਕਿ ਇਹ ਨਖਿਧ ਵਸਤੂ ਹੈ। ਇਸ ਦੇ ਸੇਵਨ ਕਰਨ ਤੇ ਮਨੁਖ ਦਾ ਧਰਮ. ਈਮਾਨ, ਸਰੀਰ ਤੇ ਸੁਭਾ ਨਸ਼ਟ ਹੋ ਜਾਂਦਾ ਹੈ। ਇਸ ਦੀ ਵਰਤੋਂ ਕਦੀ ਨਹੀਂ ਕਰਨੀ ਚਾਹੀਦੀ। ਗੁਰੂ ਕੇ ਸਿਖ ਵਾਸਤੇ ਦੂਸਰੀ ਵਸਤੂ ਮਨਾਂ ਹੈ 'ਕੁਠਾ ਖਾਣਾ' ਕੁਠੇ ਤੋਂ ਭਾਵ ਹੈ, ਇਸਲਾਮ ਦਾ ਕਲਮਾ ਪੜ੍ਹਕੇ ਹਲਾਲ ਕੀਤਾ ਹੋਇਆ ਬਕਰਾ ਜਾਂ 'ਹਲਾਲ ਮਾਸ'। ਸਿੰਘ ਮਾਸ ਛਕਣ, ਇਸ ਦੇ ਨਾਲ ਹੀ ਸਾਹਿਬਾਂ ਨੇ ਉਪਦੇਸ਼ ਦਿਤਾ ਕਿ ਸੱਚਾ ਸਿੰਘ ਉਹੋ ਹੋ ਸਕਦਾ ਹੈ ਜੋਹੜਾ 'ਇਕ ਨਾਰੀ' ਪਤੀ ਹੋਵੇ।

ਸਾਹਿਬਾਂ ਨੇ ਫੁਰਮਾਇਆ—'ਮਰਦ ਦੀ ਇਹ ਵੀ ਵੱਡੀ ਕਮਜ਼ੋਰੀ ਹੁੰਦੀ ਹੈ ਕਿ ਉਹ 'ਇਕ ਨਾਰੀ' ਜਿਸ ਨੂੰ ਉਸਨੇ ਵਿਆਹਿਆ ਹੋਇਆ ਹੋਵੇ, ਉਸ ਨੂੰ ਛੱਡਕੇ ਹੋਰ ਨਾਰੀਆਂ ਦੀ ਜੁਵਾਨੀ ਤੇ ਸੁੰਦਰਤਾ ਉਤੇ ਮਨ ਡੁਲਾਉਂਦਾ ਫਿਰੇ, ਇਹ ਪਾਪ ਹੈ ਸਦਾ ਆਪਣੀ ਇਸਤ੍ਰੀ ਨਾਲ ਪਿਆਰ ਵਧਾਈ ਜਾਵੇ ਤੇ ਬਿਗਾਨੀਆਂ ਨਾਰੀਆਂ ਨੂੰ ਮਾਵਾਂ ਭੈਣਾਂ ਧੀਆਂ ਸਮਝੇ। ਇਸਤਰਾਂ ਜੇ ਆਪਣਾ ਇਖਲਾਕ ਉਚਾ ਬਣਾ ਲੈਂਦਾ ਹੈ, ਉਹ ਸਦਾ ਸੁਖੀ ਰਹਿੰਦਾ ਹੈ। ਨਾਰੀ ਨੂੰ ਵੀ ਚਾਹੀਏ ਕਿ ਉਹ ਵੀ ਸਤਵੰਤੀ ਰਹੇ।'

ਸਤਿਗੁਰੂ ਜੀ ਦਾ ਇਹ ਵੀ ਉਪਦੇਸ਼ ਸੀ—'ਹਰ ਇਕ ਸਿੰਘ ਨੂੰ ਅੰਮ੍ਰਿਤ ਵੇਲੇ ਉਠਕੇ, ਸੁਚੇਤੇ ਪਾਣੀ ਹੋਕੇ ਇਸ਼ਨਾਨ ਕਰਕੇ, ਕੇਸਾਂ ਨੂੰ ਕੰਘਾ ਕੇਰਨਾ ਚਾਹੀਦਾ ਹੈ ਤੇ ਦਸਤਾਰ ਸਜਾਕੇ ਫਿਰ ਭਜਨ ਕਰਨਾ ਚਾਹੀਦਾ ਹੈ। ਭਜਨ

Sri Satguru Jagjit Singh Ji eLibrary NamdhariElibrary@gmail.com

ਪਿਛੋਂ ਦੁਨੀਆਂਦਾਰੀ ਦੇ ਧੰਦੇ ਕਰਨੇ ਚਾਹੀਦੇ ਹਨ, ਫਿਰ ਕੋਈ ਘਾਟਾ ਨਹੀਂ ਰਹੇਗਾ। ਜੋਹੜਾ ਇਸਤਰਾਂ ਕਰੇਗਾ ਉਹ ਪੂਰਨ ਸਿੰਘ ਤੇ ਅਰੋਗ ਸਰੀਰ ਵਾਲਾ ਹੋਵੇਗਾ।

ਇਹ ਕਥਾ ਹੈ ਕਿ ਤਲਵੰਡੀ ਦੀ ਇਕ ਬੀਬੀ ਬਹੁਤ ਸੁੰਦਰ ਤੇ ਜਵਾਨ ਸੀ। ਵਿਆਹੀ ਹੋਈ ਸੀ ਉਸਦਾ ਪਤੀ ਬਹੁਤ ਦੇਵਤਾ ਸਰੂਪ ਸੀ। ਦੋਵੇਂ ਜੀ ਖੁਸ਼ੀ ਨਾਲ ਰਹਿੰਦੇ। ਇਕ ਦਿਨ ਉਸ ਇਸਤ੍ਰੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਜਦੋਂ ਸਾਹਿਬ ਸ਼ਿਕਾਰ ਖੇਡਕੇ ਆ ਰਹੇ ਸਨ। ਸਾਹਿਬਾਂ ਦੇ ਚੇਹਰੇ ਦਾ ਅਲਾਹੀ ਨੂਰ ਦੇਖਕੇ ਅਤੇ ਸਾਹਿਬਾਂ ਦਾ ਅਰੋਗ ਸਰੀਰ ਦੇਖਕੇ ਉਹ ਸਿਦਕ ਛੱਡ ਖਲੋਤੀ, ਉਸਨੇ ਮਨ ਵਿਚ ਹੀ ਚਿਤਵਿਆ—'ਕਿਹਾ ਚੰਗਾ ਹੋਵੇ ਕਿ ਐਸੇ ਸੁੰਦਰ ਜਵਾਨ ਤੇ ਪ੍ਰਤਾਪ ਵਾਲੇ ਮਰਦ ਨੂੰ ਪ੍ਰਸੰਨ ਕਰਾਂ। ਇਨ੍ਹਾ ਪਾਸੋਂ ਮੈਨੂੰ ਪੁਤ੍ਰ ਦੀ ਪ੍ਰਾਪਤੀ ਹੋਵੇ, ਬਸ ਫਿਰ ਬੇੜੇ ਤਰ ਜਾਣਗੇ।'

ਇਹ ਕੁਝ ਚਿੱਤ ਵਿਚ ਚਿਤਵਕੇ ਉਹ ਹਰ ਰੋਜ਼ ਸਤਿਗੁਰੂ ਜੀ ਦੇ ਰਾਹ ਵਿਚ ਖਲੋਕੇ ਉਡੀਕ ਕਰਿਆ ਕਰਨ ਲੱਗੀ ਪਰ ਜਦੋਂ ਸਤਿਗੁਰੂ ਜੀ ਉਸਦੇ ਕੋਲੋਂ ਦੀ ਲੰਘਦੇ ਉਸ ਸਮੇਂ ਉਸਨੂੰ ਸਾਹਿਬਾਂ ਦੇ ਨਾਲ ਗਲ ਕਰਨ ਦਾ ਹੌਸਲਾ ਨਾ ਪੈਂਦਾ। ਉਹਦੀ ਪਾਪੀ ਕਰਮ ਚਿਤਵਨ ਵਾਲੀ ਆਤਮਾ ਕੰਬ ਜਾਂਦੀ, ਉਹਦੇ ਬੁਲ੍ਹ ਫਰਕਦੇ ਤੇ ਜ਼ਬਾਨ ਤਾਲੂ ਨਾਲ ਜੁੜ ਜਾਂਦੀ, ਉਹ ਗਲ ਨਾ ਕਰ ਸਕਦੀ। ਇਸ ਤਰਾਂ ਕਿੰਨੇ ਦਿਨ ਬੀਤ ਗਏ ਜਦੋਂ ਵੀ ਸਤਿਗੁਰੂ ਜੀ ਬਾਹਰ ਨੂੰ ਜਾਂਦੇ ਜਾਂ ਬਾਹਰੋਂ ਆਉਂਦੇ ਸਨ ਤਾਂ ਉਹ ਰਾਹ ਵਿਚ ਖਲੋਤੀ ਹੋਈ ਸਾਹਿਬਾਂ ਵਲ ਦੇਖਦੀ ਰਹਿੰਦੀ ਸੀ।

ਘਟ ਘਟ ਦੇ ਜਾਨਣਹਾਰ ਸਤਿਗੁਰੂ ਜੀ ਬ੍ਰਹਮ ਸ਼ਕਤੀ ਨਾਲ ਉਹਦੇ ਮਨੋਭਾਵਾਂ ਨੂੰ ਤਾੜ ਗਏ। ਸਾਹਿਬਾਂ ਨੇ ਉਸਦਾ ਉਧਾਰ ਕਰਨਾ ਚਾਹਿਆ। ਉਨ੍ਹਾਂ ਨੇ ਘੋੜੇ ਦੀਆਂ ਵਾਗਾਂ ਖਿਚੀਆਂ, ਘੋੜਾ ਆਪਣੇ ਆਪ ਹੀ ਉਸ ਇਸਤ੍ਰੀ ਦੇ ਕੋਲ ਜਾ ਖਲੋਤਾ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ 'ਪੁਤ੍ਰੀ! ਜਾਹ ਆਪਣੇ ਘਰ! ਤੇਰਾ ਪਤੀ ਤੇਰੀ ਉਡੀਕ ਕਰ ਰਿਹਾ ਹੈ। ਤੇਰੀ ਕੁਖੋਂ ਬਿਕ ਪ੍ਰਤਾਪੀ ਪੁਤ੍ਰ ਜਨਮ ਲਵੇਗਾ, ਪਤੀ ਦੇ ਹੁੰਦਿਆਂ ਸੁੰਦਿਆਂ ਇਕ ਸੁਹਾਗਵੰਤੀ ਨਾਰੀ ਵਾਸਤੇ

Sri Satguru Jagjit Singh Ji eLibrary NamdhariElibrary@gmail.com

ਪਾਪ ਕਰਮ ਨਹੀਂ ਸੋਚਣਾ ਚਾਹੀਦਾ। ਵਾਹਿਗੁਰੂ ਤੇਰਾ ਸੁਹਾਗ ਭਾਗ ਕਾਇਮ ਰਖੇ। ਜੋ ਕੁਝ ਤੂੰ ਖਿਆਲ ਕਰਕੇ ਖਲੋਤੀ ਹੈਂ, ਉਹ ਤੇਰੀ ਭਾਵਨਾ ਪੂਰੀ ਨਹੀਂ ਹੋਸਕਈ, ਜਾਹ ਘਰ ਨੂੰ। ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਸਾਹਿਬਾਂ ਦੀ ਬ੍ਰਹਮ ਸ਼ਕਤੀ ਨੂੰ ਦੇਖਕੇ ਤੇ ਸਾਹਿਬਾਂ ਦੀਆਂ ਅੱਖਾਂ ਦੀ ਜੋਤਨਾਂ ਦੀਆਂ ਰਿਸ਼ਮਾਂ ਪੈਣ ਦੇ ਕਾਰਨ ਉਸ ਜੋਬਨ ਮਤੀ ਨਾਰੀ ਦਾ ਸਾਰਾ ਸਰੀਰ ਠੰਢਾ ਹੋ ਗਿਆ। ਉਹਦੇ ਹਿਰਦੇ ਵਿਚੋਂ ਪਾਪ ਭਾਵਨਾ ਦੂਰ ਹੋ ਗਈ। ਉਹ ਅੱਖਾਂ ਭਰਕੇ ਸਤਿਗੁਰੂ ਜੀ ਦੇ ਚਰਨ ਫੜ ਖਲੋਤੀ। ਉਸਦੀ ਜ਼ਬਾਨੋਂ ਇਹ ਨਿਕਲਿਆ—'ਧੰਨ ਹੋ ਆਪ ਸਤਿਗੁਰੂ ਜੀ! ਬਲਿਹਾਰੀ! ਮੈਂ ਬਲਿਹਾਰੀ!' ਆਖਦੀ ਹੋਈ ਚਰਨ ਛੋਹੀ ਪ੍ਰਾਪਤ ਕਰਕੇ ਨਸ ਗਈ। ਨਸੀ ਨਸੀ ਆਪਣੇ ਘਰ ਪਹੁੰਚੀ ਤੇ ਆਪਣੇ ਪਤੀ ਦੇ ਗਲ ਲੱਗਕੇ ਖੂਬ ਰੋਈ, ਉਸ ਦਿਨ ਤੋਂ ਪਿਛੋਂ ਉਸ ਨੇ ਕਦੀ ਪਰਾਏ ਮਰਦ ਵਲ ਧਿਆਨ ਨਾ ਕੀਤਾ ਤੇ ਆਪਣੇ ਪਤੀ ਨਾਲ ਪਿਆਰ ਕਰਦੀ ਰਹੀ। ਉਹਦੀ ਕੁਖੋਂ ਪ੍ਰਤਾਪੀ ਪੁਤ੍ਰ ਨੇ ਜਨਮ ਲਿਆ ਉਹ ਸਾਰਾ ਖਾਨਦਾਨ ਪੂਰਨ ਸਿਖ ਬਣਿਆਂ ਦਾਤੇ ਨੇ ਮੇਹਰ ਕੀਤੀ।

ਇਕ ਦਿਨ ਇਕ ਆਦਮੀ ਘਿਓ ਦੀ ਚਾਟੀ ਲੈਕੇ ਸਤਿਗੁਰੂ ਜੀ ਦੇ ਕੋਲ ਪੁਜਾ, ਚਾਟੀ ਭੇਟਾ ਕਰਕੇ ਉਸ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਸਾਹਿਬਾਂ ਨੇ ਪੁਛਿਆ—'ਭਾਈ ਤੂੰ ਕਿਥੋਂ ਆਇਆ ਹੈਂ?

'ਮਹਾਰਾਜ!' ਮਰਦ ਨੇ ਉਤਰ ਦਿਤਾ—'ਮੇਰਾ ਪਿੰਡ ਮੌੜ ਹੈ ਤੇ ਭੀਮੇ ਮੌੜ ਦਾ ਪੁਤ੍ਰ ਦਲਪਤ ਹਾਂ।'

ਸਾਹਿਬ ਓਹਦੀ ਸ਼ਰਧਾ ਦੇਖਕੇ ਪ੍ਰਸੰਨ ਹੋਏ ਤੇ ਉਸ ਨੂੰ ਇਕ ਦਸਤਾਰ (ਪਗ) ਤੇ ਹੋਰ ਬਸਤਰ ਭੇਟਾ ਕੀਤੇ, ਨਾਲ ਹੀ ਵਰ ਦਿਤਾ ਕਿ 'ਤੂੰ ਦਲਾਂ ਦਾ ਪਤੀ ਹੋਵੇਂ।' ਇਹ ਵਰ ਲੈਕੇ ਦਲਪਤ ਪਿੰਡ ਨੂੰ ਜਾ ਰਿਹਾ ਸੀ ਕਿ ਰਾਹ ਵਿਚ ਉਸਨੂੰ ਮਰਾਸੀ ਮਿਲਿਆ ਉਸ ਮਰਾਸੀ ਨੇ ਉਸ ਦੀ ਬਹੁਤ ਉਸਤਤ ਕੀਤੀ, ਉਸਤਤ ਨੂੰ ਸੁਣਕੇ ਉਸ ਨੇ ਪੱਗ ਲਾਹ ਕੇ ਮਰਾਸੀ ਨੂੰ ਦੇ ਦਿਤੀ ਸੀ।

ਮੁੜਕੇ ਫਿਰ ਦਰਸ਼ਨ ਕਰਨ ਆਇਆ ਤਾਂ ਸਤਿਗੁਰੂ ਜੀ ਨੇ ਪੁਛਿਆ 'ਦਲਪਤ! ਅਸਾਂ ਦੀ ਦਿਤੀ ਹੋਈ ਦਸਤਾਰ ਕਿਥੇ ਹੈ?

Sri Satguru Jagjit Singh Ji eLibrary NamdhariElibrary@gmail.com

'ਜੀ ਉਹ ਤਾਂ ਮੈਂ ਇਕ ਮਰਾਸੀ ਨੂੰ ਦੇ ਦਿਤੀ ਹੈ।' ਦਲਪਤ ਦਾ ਉਤਰ ਸੀ।

ਬਹੁਤ ਮਾੜਾ ਕੀਤਾ ਹੈ ਅਸਾਂ ਤੈਨੂੰ ਸੈਨਾਪਤੀ ਬਨਾਉਣਾ ਸੀ, ਪਰ ਤੂੰ ਤਾਂ ਕੁਲ ਨਾਸ ਕਰ ਲਈ ਹੈ।'

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਦਲਪਤ ਦੀਆਂ ਡਾਡਾਂ ਨਿਕਲ ਗਈਆਂ। ਉਸ ਨੇ ਸਤਿਗੁਰੂ ਜੀ ਦੇ ਚਰਨ ਫੜ ਲਏ ਤੇ ਰੋ ਰੋ ਕੇ ਭੁਲ ਬਖਸ਼ਾਉਣ ਲਗਾ। ਅੰਤ ਸਾਹਿਬਾਂ ਨੇ ਦਇਆ ਕਰਕੇ ਆਖਿਆ— 'ਜਾਹ ਤੁਣ ਤੇਰਾ ਪੜੋਤਾ ਦਲ ਦਾ ਮੋਹਰੀ ਬਣੇਗਾ।' ਸਤਿਗੁਰੂ ਜੀ ਦੇ ਇਹ ਬਚਨ ਸਤ ਹੋਏ, ਧੰਨਾ ਸਿੰਘ 'ਮੋੜ' ਖਾਲਸਾ ਫੌਜਾਂ ਦਾ ਸੈਨਾਪਤੀ ਬਣਿਆਂ। ਇਸ ਤਰਾਂ ਸਾਹਿਬਾਂ ਦੇ ਅਨੇਕਾਂ ਹੀ ਕੌਤਕ ਹਨ ਜਿਨਾਂ ਰਾਹੀਂ ਭੁਲੇ ਬੰਦਆਂ ਨੂੰ ਸਾਹਿਬ ਜੀਵਨ ਦੇ ਸਿਧੇ ਰਾਹੇ ਪਾਉਂਦੇ ਰਹੇ।

ਦਮਦਮੇਂ ਸਾਹਿਬ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਗਈ। ਸਾਹਿਬਾਂ ਨੇ ਭਾਈ ਮਨੀ ਸਿੰਘ ਜੀ ਨੂੰ ਸਾਰੀ ਬੀੜ ਜ਼ਬਾਨੀ ਲਿਖਵਾ ਦਿਤੀ। ਵਾਧਾ ਇਹ ਕੀਤਾ ਕਿ ਨਾਵੇਂ ਪਾਤਸ਼ਾਹ (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ) ਸਾਰੀ ਬਾਣੀ ਚੜ੍ਹਾ ਦਿਤੀ ਇਹ ਰਚਨਾ ਸ਼ਾਇਦ ਇਸ ਵਾਸਤੇ ਵੀ ਕੀਤੀ ਕਿ ਪਹਿਲੀ ਬੀੜ ਕਰਤਾਰ ਪੁਰ ਦੇ ਸੋਢੀਆਂ ਨੇ ਸਾਂਭ ਲਈ ਸੀ। ਉਸਦਾ ਉਤਾਰਾ ਕਿਸੇ ਨੂੰ ਕਰਨ ਨਹੀਂ ਸਨ ਦੇਂਦੇ ਇਸ ਮਹਾਨ ਕਾਰਜ ਨੂੰ ਸੰਪੂਰਨ ਕਰਕੇ ਦਮਦਮੇ ਸਾਹਿਬ ਨੂੰ ਵਰ ਦਿਤੇ ਜਿਵੇਂ ਕਿ ਪਿਛੇ ਦਸਿਆ ਗਿਆ ਹੈ।

੨੦. ਭਾਈ ਦਯਾ ਸਿੰਘ ਜੀ ਦਾ ਪੱਤ੍ਰ ਆਉਣ ਤੇ ਦਮਦਮੇ ਸਾਹਿਬ ਤੋਂ ਕੂਚ ਕਰਨਾ

ਦੀਨੇ ਨਗਰ ਤੋਂ ਸਤਿਗੁਰੂ ਜੀ ਨੇ 'ਜਫਰਨਾਮਾ' ਨਾਮ ਦੀ ਚਿਠੀ ਦੇਕੇ ਔਰੰਗਜ਼ੇਬ ਵਲ ਤੋਰਿਆ ਸੀ। ਉਸ ਵੇਲੇ ਔਰੰਗਜ਼ੇਬ ਬਾਦਸ਼ਾਹ ਦਨਟ

Sri Satguru Jagjit Singh Ji eLibrary NamdhariElibrary@gmail.com

ਵਲ ਗਿਆ ਹੋਇਆ ਸੀ, ਇਕ ਤਾਂ ਉਹ ਦੁਸ਼ਮਨ ਨਾਲ ਲੜਾਈ ਲੜ ਰਿਹਾ ਸੀ, ਦੂਸਰਾ ਮੌਤ ਨਾਲ ਘੋਲ ਕਰ ਰਿਹਾ ਸੀ, ਮੌਤ ਛੇਤੀ ਆਉਣ ਵਾਲੀ ਸੀ ਉਹ ਜੀਉਂਦਾ ਰਹਿਣਾ ਚਾਹੁੰਦਾ ਸੀ. ਨਾਲ ਹੀ ਉਸ ਨੂੰ ਇਹ ਵੀ ਚਿੰਤਾ ਸੀ ਕਿ ਜੇ ਉਹ ਮਰ ਗਿਆ ਤਾਂ ਓਹਦੇ ਪੁਤ੍ਰ ਤਖਤ ਵਾਸਤੇ ਆਪੋ ਵਿਚ ਲੜ ਕੇ ਮਰ ਜਾਣਗੇ। ਐਸੇ ਵਿਚਾਰਾਂ ਵਿਚ ਰੋਤੇ ਖਾਂਦਾ ਹੋਇਆ ਲਾਲਚੀ ਮਨ ਔਰੰਗਜ਼ੇਬ ਦਖਣ ਵਿਚ ਸੀ।

ਭਾਈ ਦਯਾ ਸਿੰਘ ਜੀ ਬਾਦਸ਼ਾਹ ਔਰੰਗਜੇਬ ਨੂੰ ਜਾ ਮਿਲੇ ਉਹਨਾਂ ਨੇ ਸਤਿਗੁਰੂ ਜੀ ਦੀ ਚਿਠੀ ਬਾਦਸ਼ਾਹ ਨੂੰ ਜਾ ਫੜਾਈ। ਉਸ ਵੇਲੇ ਬਾਦਸ਼ਾਹ ਆਪ ਚਿਠੀ ਨਹੀਂ ਸੀ ਪੜ੍ਹ ਸਕਦਾ, ਉਸ ਦੇ ਵਜ਼ੀਰ ਨੇ ਚਿਠੀ ਪੜ੍ਹ ਕੇ ਸੁਣਾਈ। ਚਿਠੀ ਨੂੰ ਸੁਣ ਕੇ ਬਾਦਸ਼ਾਹ ਦਾ ਪਾਪੀ ਮਨ ਡੋਲ ਗਿਆ, ਉਸ ਨੂੰ ਮੌਤ, ਨਰਕ, ਫਰਿਸ਼ਤੇ, ਖੁਦਾ ਦੀ ਕਚਹਿਰੀ ਆਦਿਕ ਅਗਲੀ ਦੁਨੀਆਂ ਦੀਆਂ ਤਸਵੀਰਾਂ ਤੇ ਝਾਕੀਆਂ ਨਜ਼ਰ ਆਉਣ ਲਗ ਪਈਆਂ। ਉਸ ਵਲੋਂ ਹੀ ਉਸ ਨੂੰ ਦੇਤਾ ਆਇਆ ਕਿ ਇਸਲਾਮ ਦੇ ਪਵਿਤ੍ਰ ਨਾਮ ਤੇ ਜੋ ਮਸੂਮ ਬਚਿਆਂ ਦਾ ਖੂਨ ਕੀਤਾ ਗਿਆ ਹੈ ਉਹ ਬਹੁਤ ਹੀ ਵਡਾ ਪਾਪ ਹੋਇਆ ਹੈ, ਉਸ ਨੇ ਉਸੇ ਵੇਲੇ ਪੰਜਾਬ ਦੇ ਹਾਕਮਾਂ ਵਲ ਹੁਕਮ ਲਿਖਿਆ ਕਿ ਸਤਿਗੁਰੂ ਜੀ ਨੂੰ ਕੁਝ ਨਾ ਆਖਿਆ ਜਾਵੇ।

ਇਹ ਸਾਰਾ ਹਾਲ ਭਾਈ ਦਯਾ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਵੇਰਵੇ ਨਾਲ ਇਕ ਚਿੱਠੀ ਵਿਚ ਲਿਖ ਦਿਤਾ। ਉਸ ਚਿਠੀ ਨੂੰ ਪੜ੍ਹ ਕੇ ਸਤਿਗੁਰੂ ਜੀ ਨੇ ਸੇਵਕਾਂ ਨੂੰ ਹੁਕਮ ਦਿਤਾ—'ਦਮਦਮੇ ਸਾਹਿਬ ਤੋਂ ਕੂਚ ਕੀਤਾ ਜਾਵੇ। ਮਹਿਲਾਂ ਸਮੇਤ ਅੱਗੇ ਦੀ ਤਿਆਰੀ।'

ਸੰਗਤ ਇਹ ਸੁਣ ਬਹੁਤ ਹੈਰਾਨ ਹੋਈ। ਕਈ ਪਰੇਮੀ ਤਾਂ ਵਿਆਕੁਲ ਹੋ ਗਏ। ਕਈਆਂ ਨੇ ਕੂਕਣਾ ਆਰੰਭ ਕੀਤਾ। ਜੰਗਲ ਦੀ ਅੱਗ ਵਾਂਗ ਸਾਰੇ ਇਹ ਖਬਰ ਖਿਲਰ ਗਈ, ਜਿਸ ਨੇ ਵੀ ਖਬਰ ਸੁਣੀ ਕਿ ਸਤਿਗੁਰੂ ਜੀ ਜਾ ਰਹੇ ਹਨ ਉਹੋ ਹੀ ਸਾਹਿਬਾਂ ਦੇ ਕੋਲ ਦੌੜ ਕੇ ਆਇਆ, ਉਸ ਨੇ ਆਕੇ ਸਾਹਿਬਾਂ ਦੇ ਚਰਨ ਫੜ ਲਏ ਤੇ ਬੇਨਤੀ ਕੀਤੀ—'ਮਹਾਰਾਜ! ਏਥੇ ਹੀ ਰਹੋ

Sri Satguru Jagjit Singh Ji eLibrary NamdhariElibrary@gmail.com

ਅਸਾਂ ਦਾ ਚਿਤ ਲਗਾ ਹੋਇਆ ਹੈ। ਐਵਾ ਕਰੀ ਜਾਵਾਂਗੇ, ਮਹਾਰਾਜ ! ਨਾ ਏਥੋਂ ਜਾਵੋ, ਅਸੀਂ ਵਿਛੋੜਾ ਨਹੀਂ ਸਹਿ ਸਕਦੇ, ਦਇਆ ਕਰੋ।'

ਭਾਈ ਭਲਾ ਸਿੰਘ ਤੇ ਉਸਦੇ ਪ੍ਰਵਾਰ ਨੂੰ ਖਬਰਾਂ ਮਿਲ ਗਈਆਂ। ਉਹ ਬਹੁਤ ਉਦਾਸ ਹੋਏ। ਸਾਹਿਬਾਂ ਪਾਸ ਆਕੇ ਇਕ ਨਹੀਂ ਲੱਖ ਵਾਰ ਬੇਨਤੀਆਂ ਕੀਤੀਆਂ, ਪਰ ਸਾਹਿਬਾਂ ਨੇ ਇਕ ਨਾ ਸੁਣੀ, ਉਹਨਾਂ ਨੇ ਆਪਣਾ ਅਗੇ ਪਰੋਗਰਾਮ ਤਿਆਰ ਕਰ ਲਿਆ। ਉਹਨਾਂ ਦੇ ਨੈਣਾਂ ਵਿਚ ਹੋਰ ਹੀ ਰੋਸ਼ਨੀ ਆਈ। ਉਸ ਰੋਸ਼ਨੀ ਨਾਲ ਉਹਨਾਂ ਨੇ ਦੂਰ ਬੈਠੇ ਬੰਦਿਆ ਵਲ ਦੇਖਿਆ, ਸਾਹਿਬ ਨਹੀਂ ਰੁਕਦੇ, ਕਿਉਂਕਿ ਉਹਨਾਂ ਨੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਾਸਤੇ ਕੋਈ ਹੋਰ ਹੀ ਖੇਡਾਂ ਕਰਨੀਆਂ ਸਨ।

ਆਖਰ ਕੱਤਕ ਦੇ ਮਹੀਨੇ ਸੰਮਤ ੧੭੬੩ ਵਿਚ ਸਤਿਗੁਰੂ ਜੀ ਨੇ ਦਮਦਮੇ ਸਾਹਿਬ ਤੋਂ ਕੂਚ ਕਰ ਦਿਤਾ। ਦੋ ਸਾਲ ਮਾਲਵੇ ਨੂੰ ਭਾਗ ਲਾਏ। ਮਾਲਵੇ ਦੀ ਧਰਤੀ ਨੂੰ ਵਰ ਦਿਤਾ ਤੇ ਸਿਖੀ ਦਾ ਪ੍ਰਚਾਰ ਕੀਤਾ। ਕਈਆਂ ਭਾਗਾਂ ਵਾਲਿਆਂ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ। ਅਨੇਕਾਂ ਮੁਰਦਿਆਂ ਨੂੰ ਅੰਮ੍ਰਿਤ ਪਿਲਾਕੇ ਜੀਵਨ-ਮੁਕਤ ਕੀਤਾ ਤੇ ਸੁਰਜੀਤ ਕੀਤਾ। ਅਜੇ ਤਕ ਮਾਲਵੇ ਦੀ ਧਰਤੀ ਸਾਹਿਬਾਂ ਦੀ ਉਪਮਾ ਕਰਦੀ ਹੈ।

੨੭. ਭਾਈ ਦਿਆਲੇ ਨੂੰ ਨਿਹਾਲ ਕਰਨਾ

ਸਤਿਗੁਰੂ ਜੀ ਤਲਵੰਡੀ ਤੋਂ ਤੁਰੇ ਬਹੁਤ ਸਾਰੇ ਸਿੰਘ ਨਾਲ ਸਨ। ਮਹਿਲਾਂ ਦੇ ਡੋਲੇ, ਗੱਡੇ ਤੇ ਤੰਬੂ ਆਦਿਕ ਸਮਾਨ ਸਨ, ਸਾਹਿਬ ਆਪ ਘੋੜੇ ਉਤੇ ਸਵਾਰ ਸਨ। ਨਾਲ ਕਾਫੀ ਸਿੰਘ ਸੂਰਮੇ ਸਨ। ਇਕ ਤਕੜੇ ਕਾਫਲੇ ਦੇ ਰੂਪ ਵਿਚ ਸਾਰੇ ਜਾ ਰਹੇ ਸਨ। ਜਿਸ ਨਗਰ ਵਿਚ ਦੀ ਲੰਘਦੇ ਉਥੋਂ ਦੇ ਹੀ ਸਿੰਘ ਉਨ੍ਹਾਂ ਦੀ ਸੇਵਾ ਕਰਦੇ, ਭਾਈ ਰਾਮ ਸਿੰਘ ਵਰਗਿਆਂ ਨੇ ਬਹੁਤ ਹੀ ਸਵਾ ਕੀਤੀ।

ਚਲਦੇ ਚਲਦੇ ਸਾਹਿਬ ਭੁਚੋ ਪਿੰਡ ਵਿਚ ਪੁਜੇ. ਉਥੇ ਭਾਈ ਦਿਆਲਾ ਰਹਿੰਦਾ ਸੀ ਭਾਈ ਦਿਆਲੇ ਦਾ ਬਾਪ ਦਾਦਾ ਕਦੀ ਗੁਰੂ ਘਰ ਦੇ ਮਸੰਦ ਸਨ

Sri Satguru Jagjit Singh Ji eLibrary NamdhariElibrary@gmail.com

ਤੇ ਬੇ-ਮੁਖ ਹੋ ਗਏ ਸਨ। ਸਤਿਗੁਰੂ ਜੀ ਪਿੰਡ ਦੇ ਲਾਗਿਓਂ ਦੀ ਲੰਘਣ ਲਗੇ ਤਾਂ ਭਾਈ ਦਿਆਲੇ ਨੇ ਅਗੇ ਆਕੇ ਨਮਸ਼ਕਾਰ ਕੀਤਾ ਤੇ ਬੇਨਤੀ ਕੀਤੀ ਕਿ ਓਹ ਸਤਿਗੁਰੂ ਜੀ ਨੂੰ ਪ੍ਰਸ਼ਾਦ ਛਕਾਉਣਾ ਚਾਹੁੰਦਾ ਹੈ। ਉਸਦੇ ਵਚਨ ਸੁਣਕੇ ਸਤਿਗੁਰੂ ਜੀ ਚੁਪ ਰਹੇ। ਜਦੋਂ ਮੁੜ ਮੁੜ ਕੇ ਬੇਨਤੀ ਕੀਤੀ ਤਾਂ ਸਾਹਿਬਾਂ ਨੇ ਬਚਨ ਕੀਤਾ—'ਅਸੀਂ ਕੀ ਕਰੀਏ! ਇਸ ਪਿੰਡ ਦੇ ਤਲਾ ਵਿਚੋਂ ਤਾਂ ਅਸਾਂ ਦਾ ਘੋੜਾ ਵੀ ਪਾਣੀ ਨਹੀਂ ਪੀਂਦਾ, ਉਹ ਵੀ ਤ੍ਰਿਹਾਇਆ ਹੀ ਚੁਲ੍ਹੇ ਚਲਿਆ ਹੈ।'

'ਇਸ ਦਾ ਕਾਰਨ ਮਹਾਰਾਜ!' ਭਾਈ ਰਾਮ ਸਿੰਘ ਨੇ ਪੁਛਿਆ।

'ਹਰ ਜਗ੍ਹਾ ਮਸੰਦੀ ਦੀ ਈਰਖਾ ਨੇ ਖਰਾਬ ਕਰ ਦਿਤੀ ਹੈ, ਅਸੀਂ ਪ੍ਰਸ਼ਾਦ ਨਹੀਂ ਛਕਣਾ।' ਇਹ ਆਖਕੇ ਸਤਿਗੁਰੂ ਜੀ ਅਗੇ ਤੁਰ ਪਏ ਕਿ ਅਗਲੇ ਪਿੰਡ ਪੁਜ ਕੇ ਡੇਰਾ ਕੀਤਾ ਜਾਵੇਗਾ।

ਭਾਈ ਦਿਆਲਾ ਬਹੁਤ ਹੈਰਾਨ ਹੋਇਆ ਓਹ ਉਦਾਸ ਹੋ ਗਿਆ ਕਿ ਸਤਿਗੁਰੂ ਜੀ ਨੇ ਓਹਨਾਂ ਨੂੰ ਠੁਕਰਾ ਦਿਤਾ ਹੈ। ਓਹ ਕੀ ਪਤਾ ਕਿੰਨੇ ਕੁ ਪਾਪੀ ਹਨ? ਕੀ ਪਤਾ ਓਹਨਾਂ ਨੂੰ ਨਰਕ ਵੀ ਝਲੇਗਾ ਕਿ ਨਹੀਂ'। ਇਉਂ ਓਹ ਸੋਚੀਂ ਪਿਆ ਹੋਇਆ ਸੀ ਕਿ ਉਸ ਨੂੰ ਸਾਧੂ ਰੋਦੜੀਏ ਨੇ ਹੌਂਸਲਾ ਦਿਤਾ, ਨਾਲ ਰਾਮ ਸਿੰਘ ਨੇ ਵੀ ਕਿਹਾ—'ਭਾਈ ਦਿਆਲਿਆ! ਪ੍ਰਸ਼ਾਦ ਤਿਆਰ ਕਰਕੇ ਗਡਿਆਂ ਉਤੇ ਰਖ ਕੇ ਲੈ ਚਲ, ਅਗਲੇ ਪਿੰਡ ਪੁਜ ਕੇ ਜ਼ਰੂਰ ਹੀ ਸਤਿਗੁਰੂ ਜੀ ਪ੍ਰਸ਼ਾਦ ਛੱਕ ਲੈਣਗੇ।

ਭਾਈ ਦਿਆਲਾ ਰੋਦੜੀਏ ਦੇ ਬਚਨ ਨਹੀਂ ਸੀ ਮੋੜ ਸਕਦਾ ਭਾਵੇਂ ਕਿੰਨਾ ਨੁਕਸਾਨ ਹੋ ਜਾਵੇ ਕਿਉਂਕਿ ਭਾਈ ਰੋਦੜੀਆ ਇਕ ਸਾਦਾ ਸੁਭਾ, ਬ੍ਰਹਮ ਗਿਆਨੀ ਤੇ ਰੱਬ ਦੇ ਦਰ ਤੇ ਪੁਜਿਆ ਹੋਇਆ ਸਾਧੂ ਸੀ। ਓਹ ਸਤਿਗੁਰੂ ਹਰਿਰਾਏ ਜੀ ਦੇ ਮਾਮੇ ਭਾਈ ਗੋਰੇ ਪਾਸ ਰਿਹਾ ਕਰਦਾ ਸੀ। ਜੋ ਬਚਨ ਕਹਿੰਦਾ ਸੀ ਸੋ ਸਤ ਹੁੰਦਾ ਸੀ, ਉਸਦੇ 'ਸਤ ਬਚਨਾ' ਦੀਆਂ ਕਈ ਸਾਖੀਆਂ ਹਨ, ਪਰ ਅਸੀਂ ਦੋ ਲਿਖਦੇ ਹਾਂ, ਜਿਨ੍ਹਾਂ ਤੋਂ ਪਾਠਕਾਂ ਨੂੰ ਪਤਾ ਲਗੇ ਕਿ ਉਹ ਕਿੰਨੇ ਪੁਜੇ ਹੋਏ ਸਾਧੂ ਸਨ—

Sri Satguru Jagjit Singh Ji eLibrary NamdhariElibrary@gmail.com

(੧) ਗੋਰਾ, ਤਕੜਾ ਸੂਰਮਾ ਸੀ ਉਸ ਦੇ ਦੇਸ਼ ਬਹੁਤ ਸਾਰੇ ਜਵਾਨ ਹੁੰਦੇ ਸਨ। ਇਕ ਦਿਨ ਗੋਰੇ ਨੇ ਇੱਛਾ ਕੀਤੀ ਕਿ ਬਠਿੰਡਾ ਲੁਟ ਲਿਆ ਜਾਵੇ ਜਦੋਂ ਉਹ ਬਠਿੰਡਾ ਲੁਟਣ ਵਾਸਤੇ ਤੁਰਿਆ ਤਾਂ ਸਾਧੂ ਗੋਦੜੀਏ ਨੇ ਉਸ ਨੂੰ ਕਿਹਾ–'ਬਠਿੰਡੇ ਨੂੰ ਲੁਟਣ ਨਾਂ ਜਾ, ਜੇ ਇਹ ਸ਼ਹਿਰ ਲੁਟੇਂਗਾ ਤਾਂ ਤੇਰੀ ਮੌਤ ਹੋ ਜਾਵੇਗੀ, ਇਹ ਲੁਟ ਤੇਰਾ ਕਾਲ ਹੈ।'

ਪਰ ਬਲ ਨਾਲ ਪਾਗਲ ਹੋਏ ਹੋਏ ਗੋਰੇ ਨੇ ਇਹ ਨਾ ਸੁਣੀ ਤੇ ਬਠਿੰਡਾ ਲੁਟਣ ਵਾਸਤੇ ਚਲਿਆ ਗਿਆ, ਬਠਿੰਡੇ ਵਿਚੋਂ ਬਹੁਤ ਸਾਰੀ ਮਾਯਾ ਲੁਟੀ, ਉਸ ਲੁਟ ਨੂੰ ਦੇਖਕੇ ਗੋਰੇ ਦੇ ਸਾਲੇ ਦੇ ਮਨ ਈਰਖਾ ਆ ਗਈ, ਈਰਖਾ ਵਿਚ ਉਸ ਨੇ ਗੋਰੇ ਨੂੰ ਸੁਤੇ ਪਏ ਦੇਖ ਕੇ ਮੰਜੇ ਦੀ ਪੈਂਦ ਨਾਲ ਗਲ ਘੁਟ ਕੇ ਹੀ ਮਾਰ ਦਿਤਾ।

(੨) ਭਗਤ ਭਗਤੂ ਦਾ ਪੁਤ੍ਰ ਜੀਉਣਾ ਸੀ, ਓਹ ਇਕ ਦਿਨ ਆਪਣੇ ਸੇਵਕਾਂ (ਖੇਤ ਦੇ ਕਾਮਿਆਂ) ਨੂੰ ਬਹੁਤ ਝਿੜਕ ਰਿਹਾ ਸੀ ਕਿ ਸਾਧੂ ਗੋਦੜੀਆ ਉਧਰ ਜਾ ਨਿਕਲਿਆ ਉਸ ਨੇ ਜੀਉਣੇ ਨੂੰ ਕਿਹਾ–'ਕਾਕਾ! ਕਿਉਂ ਝਿੜਕ ਦਾ ਹੈਂ?

ਮੈਂ ਓਸ ਜੀਉਣਾ ਜੋਸ਼ ਵਿਚ ਸੀ ਓਸ ਨੂੰ ਦੀਨ ਦੁਨੀਆਂ ਭੁਲੀ ਹੋਈ ਸੀ, ਬਜ਼ੁਰਗਾਂ ਦਾ ਸਤਕਾਰ ਕਰਨਾ ਵੀ ਭੁਲ ਗਿਆ ਸੀ, ਓਸ ਨੇ ਅਗੋਂ ਉਤਰ ਦਿਤਾ–'ਤੁਹਾਨੂੰ ਰਾਜਨੀਤੀ ਦਾ ਕੀ ਪਤਾ ! ਜਾਓ ਤੁਸੀਂ ਮਾਲਾ ਫੇਰੋ।'

ਜੀਉਣੇ ਦੇ ਇਹ ਸ਼ਬਦ ਸੁਣ ਕੇ ਸਹਿਜ ਸੁਭਾ ਗੋਦੜੀਏ ਦੇ ਮੁੰਹੋਂ ਨਿਕਲ ਗਿਆ–'ਕਿਓਂ ਆਫਰਿਆ ਹੋਇਆ ਹੈਂ ! ਕੀ ਤੇਰਾ ਅੰਨ ਜਲ ਚਕਿਆ ਗਿਆ ਹੈ ?

ਇਹ ਬਚਨ ਕਰਕੇ ਗੋਦੜੀਆ ਇਕ ਪਾਸੇ ਨੂੰ ਤੁਰ ਗਿਆ। ਓਸੇ ਵੇਲੇ ਹੀ ਜੀਉਣੇ ਦਾ ਢਿਡ ਆਫਰ ਗਿਆ। ਐਸਾ ਅਫਰੇਵਾਂ ਹੋਇਆ ਕਿ ਓਹ ਲਥਾ ਹੀ ਨਾ ਤੇ ਜੀਉਣੇ ਦੀ ਮੌਤ ਹੋ ਗਈ।

(੩) ਗੋਦੜੀਆ ਜਿਸ ਕੰਮ ਨੂੰ ਲਗਦਾ ਸੀ ਉਸ ਨੂੰ ਕਰੀ ਹੀ ਜਾਂਦਾ ਸੀ। ਇਕ ਵਾਰ ਇਕ ਮੂਰਖ ਜਟ ਨੇ ਉਸਨੂੰ ਫੜਕੇ ਹਾਂਡੀ ਵਢਣ ਲਾ ਲਿਆ। ਓਸ ਨੂੰ ਵਢਣ ਲਾਕੇ ਆਪ ਪਿੰਡ ਚਲਿਆ ਗਿਆ ਤੇ ਜਾਕੇ ਸੌਂ ਗਿਆ ਰੋਟੀ

Sri Satguru Jagjit Singh Ji eLibrary NamdhariElibrary@gmail.com

ਵੀ ਨਾ ਪਹੁੰਚਾਈ, ਤਰਕਾਲਾਂ ਪੈ ਗਈਆਂ, ਗੋਦੜੀਆ ਹਾੜੀ ਵਢਣੋਂ ਨਾ ਹਟਿਆ ਉਹ ਵਡਦਾ ਗਿਆ। ਜਟ ਜਾਕੇ ਤਰਕਾਲਾਂ ਨੂੰ ਰੋਕਣ ਲਗਾ ਤਾਂ ਨਾ ਰੁਕਿਆ। ਜਦੋਂ ਜਟ ਘਰ ਆਇਆ ਤਾਂ ਕੀ ਦੇਖੇ ਕਿ ਉਹਦੇ ਤਿੰਨੋ ਪੁਤ੍ਰ ਮਰ ਗਏ, ਇਸਤ੍ਰੀ ਮਰ ਗਈ ਤੇ ਇਕ ਲੜਕੀ ਸੀ ਉਹ ਵੀ ਮਰ ਗਈ। ਸਾਰਾ ਟਬਰ ਮਰ ਗਿਆ ਉਹ ਦੇਖਕੇ ਧਾਹੀਂ ਮਾਰਨ ਲਗਾ। ਪਿੰਡ ਇਕਠਾ ਹੋ ਗਿਆ, ਉਸ ਨੂੰ ਇਕ ਸਿਆਣੇ ਦਸਿਆ ਕਿ ਸਾਰੀਆਂ ਮੌਤਾਂ ਦਾ ਕਾਰਨ ਸਾਧੂ ਰੋਦੜੀਏ ਨੂੰ ਕੰਮੇ ਲਾਉਣਾ ਹੈ। ਉਸ ਨੂੰ ਹਾੜੀ ਵਢਣੋਂ ਹਟਾਓ। ਸਾਰੇ ਨਗਰ ਵਾਲੇ ਖੇਤ ਵਿਚ ਪੁਜੇ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ਤਾਂ ਗੋਦੜੀਆ ਜੀ ਨੇ ਦਾਤਰੀ ਛਡੀ।

(੪) ਗੋਦੜੀਆ ਬਹੁਤ ਤਿਆਗੀ ਤੇ ਰਾਗ-ਦਵੈਖ ਤੋਂ ਨਿਰਲੇਪ ਸੀ। ਜਗਤ ਵਿਚ ਰਹਿੰਦਾ ਹੋਇਆ ਜਗਤ ਨੂੰ ਆਪਣਾ ਨਹੀਂ ਸੀ ਸਮਝਦਾ। ਇਕ ਵਾਰ ਓਸਦੇ ਪੁਤਰਾਂ ਨੇ ਉਸ ਸਰੋਂ ਪੁਟਣ ਭੇਜ ਦਿਤਾ ਕਿਉਂਕਿ ਮੀਹ ਪੈਂ ਰਿਹਾ ਸੀ ਤੇ ਆਪ ਤੇ ਨਾ ਗਏ। ਗੋਦੜੀਏ ਨੇ ਕੋਈ ਉਜਰ ਨਾ ਕੀਤਾ, ਸਰੋਂ ਪੁਟਣ ਜਾ ਲਗਾ। ਸਾਰਾ ਦਿਨ ਸਰੋਂ ਪੁਟਦਾ ਰਿਹਾ, ਪਰ ਉਹਦੀ ਰੋਟੀ ਦਾ ਕਿਸੇ ਨੂੰ ਖਿਆਲ ਨਾ ਆਇਆ। ਸਬੱਬ ਨਾਲ ਇਕ ਉਹਦਾ ਜਾਣੂਆ ਗਿਆ, ਉਸ ਨ ਪੁਛਿਆ--'ਬਾਬਾ ਜੀ ਕੀ ਬਣ ਰਿਹਾ ਹੈ?'

'ਪੁਤ੍ਰਾਂ ਦੀਆਂ ਜੜ੍ਹਾਂ ਪੁਟ ਰਿਹਾ ਹਾਂ।' ਗੋਦੜੀਏ ਨੇ ਬਚਨ ਕਰ ਦਿਤਾ, ਇਹ ਸੁਣ ਕੇ ਪੁਛਨ ਵਾਲਾ ਬਹੁਤ ਹੀ ਸ਼ਰਮਿੰਦਾ ਤੇ ਭੈ-ਭੀਤ ਹੋਇਆ ਉਸ ਨੇ ਕਿਹਾ ਕਿਤੇ ਉਸ ਨੂੰ ਵੀ ਨੁਕਸਾਨ ਨਾ ਪੁਜੇ, ਪਰ ਗੋਦੜੀਏ ਦੇ ਬਚਨ ਸਤ ਹੋਏ, ਉਹਤੇ ਤਿੰਨੇ ਪੁਤ੍ਰ ਮਰ ਗਏ। ਪੁਤ੍ਰਾਂ ਦੀ ਮੌਤ ਉਤੇ ਉਸ ਨੇ ਕੋਈ ਅਫਸੋਸ ਨਹੀਂ ਕੀਤਾ ਓਹ ਪ੍ਰਸੰਨ'ਚਿਤ ਰਿਹਾ।

ਜਿਥੇ ਨੁਕਸਾਨ ਵਾਲੀਆਂ ਗਲਾਂ ਹਨ ਓਥੇ ਗੋਦੜੀਏ ਦੇ ਵਰ ਦੇਣ ਦੀਆਂ ਭੀ ਬਹੁਤ ਸਾਰੀਆਂ ਕਥਾ ਕਹਾਣੀਆਂ ਹਨ।

(੫) ਇਕ ਵਾਰੀ ਇਕ ਮਾਈ ਨੇ ਓਸਦੀ ਸੇਵਾ ਕੀਤੀ ਓਸ ਨੂੰ ਪ੍ਰਸੰਨਤਾ ਨਾਲ ਪ੍ਰਸ਼ਾਦ ਛਕਾਇਆ। ਖੁਸ਼ ਹੋਕੇ ਗੋਦੜੀਏ ਸਾਧੂ ਨੇ ਸਹਿਜ ਸੁਭਾ ਵਰ

Sri Satguru Jagjit Singh Ji eLibrary NamdhariElibrary@gmail.com

ਦੇ ਦਿਤਾ—'ਜਾਹ ਮਾਈ ਤੇਰੇ ਘਰ ਪੁਤ੍ਰ ਹੋਵੇ।' ਮਾਈ ਦੇ ਅਗੇ ਪੁਤ੍ਰ ਪੋਤ੍ਰੇ ਸਨ ਉਮਰ ਤਕਰੀਬਨ ੫੦ ਸਾਲ ਦੇ ਲਗ ਪਗ ਸੀ ਤੇ ਉਸਦੀ ਕੁਖੋਂ ਬਚਾ ਹੋਣੇ ਨੂੰ ੧੫ ਸਾਲ ਹੋ ਚੁਕੇ ਸਨ। ਇਨਾਂ ਦੇ ਬਚਨ ਸਤ ਹੋਏ ਸਮਾਂ ਪਾ ਕੇ ਮਾਈ ਦੇ ਘਰ ਪੁਤ੍ਰ ਹੋਇਆ।

ਇਸਤਰਾਂ ਦੀਆਂ ਅਨੇਕਾਂ ਸਾਖੀਆਂ ਪ੍ਰਚਲਤ ਹਨ, ਗਲ ਕੀ ਕਿ ਰੋਦੜੀਆ ਰਬ ਦੀ ਦਰਗਾਹੇ ਪੁਜਾ ਹੋਇਆ ਸਾਧੂ ਸੀ।

ਸਤਿਗੁਰੂ ਜੀ ਜਦ ਭਾਈ ਦਿਆਲੇ ਦੇ ਪਿੰਡੋਂ ਤੁਰ ਪਏ ਤੇ ਉਹਦੇ ਘਰੋਂ ਪ੍ਰਸ਼ਾਦ ਨ ਛਕਿਆ ਤਾਂ ਭਾਈ ਰੋਦੜੀਆ ਸਤਿਗੁਰੂ ਜੀ ਦੇ ਸਾਥ ਤੁਰਿਆ ਉਸਨੇ ਰਾਹ ਵਿਚ ਫਿਰ ਬੇਨਤੀ ਕੀਤੀ ਕਿ ਭਾਈ ਦਿਆਲੇ ਦੇ ਘਰ ਦਾ ਪ੍ਰਸ਼ਾਦ ਛਕਣਾ ਚਾਹੀਦਾ ਹੈ। ਸਾਹਿਬਾਂ ਨੇ ਪ੍ਰਸੰਨ ਹੋਕੇ ਉਤਰ ਦਿਤਾ—'ਹੱਛਾ ਤੁਸਾਂ ਦਾ ਬਚਨ ਮੰਨ ਕੇ ਅਸੀਂ ਭਾਈ ਦਿਆਲੇ ਦਾ ਪ੍ਰਸ਼ਾਦ ਛਕ ਲਵਾਂਗੇ ਪਰ ਜੇ ਉਹ ਅੰਮ੍ਰਿਤ ਪਾਠ ਕਰ ਲਵੇ ਪੂਰਨ ਸਿੰਘ ਸਜ ਜਾਵੇ।

'ਮਹਾਰਾਜ ! ਇਸਤਰਾਂ ਹੀ ਹੋ ਜਾਵੇਗਾ ਜੋ ਆਪ ਦਾ ਹੁਕਮ।' ਰੋਦੜੀਏ ਨੇ ਹੁਕਮ ਦਿਤਾ।

ਅਗਲੇ ਪਿੰਡ ਡੇਰਾ ਕੀਤਾ ਡੇਰਾ ਕਰਨ ਤੇ ਭਾਈ ਦਿਆਲੇ ਨੂੰ ਅੰਮ੍ਰਿਤ ਛਕਾਇਆ ਗਿਆ। ਉਸ ਨੇ ਪ੍ਰਵਾਰ ਸਮੇਤ ਅੱਮ੍ਰਿਤ ਪਾਨ ਕੀਤਾ ਤੇ ਪੂਰਨ ਸਿੰਘ ਸਜਕੇ ਭਾਈ ਦਿਆਲੇ ਸਿੰਘ ਹੋ ਗਿਆ ਸਾਹਿਬਾਂ ਨੇ ਸਾਰੇ ਪ੍ਰਵਾਰ ਨੂੰ ਨਿਹਾਲ ਕੀਤਾ, ਪਿਛਲੇ ਕੁਕਰਮ ਬਖਸ਼ ਦਿਤੇ ਤੇ ਅਗੇ ਨੂੰ ਸ਼ੁਭ ਰਾਹ ਪਾਇਆ ਅਤੇ ਰੋਦੜੀਏ ਨੂੰ ਵੀ ਹੋਰ ਨਿਹਾਲ ਕੀਤਾ।

੨੨—ਬਠਿੰਡੇ ਦੇ ਵਸਨੀਕਾ ਦੇ ਦੁਖ ਦੂਰ ਕਰਨੇ

ਬਠਿੰਡਾ (ਪੈਪਸੂ ਵਿਚ) ਮਾਲਵੇ ਦਾ ਇਕ ਮਸ਼ਹੂਰ ਸ਼ਹਿਰ ਹੈ ਤੇ ਰੇਲਵੇ ਸਟੇਸ਼ਨ ਹੈ। ਏਥੇ ਕਿਲੇ ਵਿਚ ਗੁਰਦਵਾਰਾ ਵੀ ਹੈ। ਏਥੇ ਪਹਿਲਾਂ ਛੇਵੀਂ ਪਾਤਸ਼ਾਹੀ ਤੇ ਦਸਵੀਂ ਪਾਤਸ਼ਾਹੀ ਪੁਜਦੇ ਰਹੇ ਤੇ ਇਸ ਥਾਂ ਨੂੰ ਨਿਹਾਲ ਕਰਦੇ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਇਤਿਹਾਸਕ ਤੇ ਪੁਰਾਣਿਕ ਕਥਾਂ—ਇਸ ਸਾਰੇ ਸ਼ਹਿਰ ਨੂੰ ਰਾਜਾ ਬਿਨੇ ਪਾਲ ਨੇ ਵਸਾਇਆ ਸੀ। ਬਿਨੈਪਾਲ ਭਟਨੇਰ ਦੇ ਰਾਜੇ ਦਾ ਪੁਤਰ ਸੀ। ਰਾਜੇ ਨੇ ਇਸਨੂੰ ਘਰੋਂ ਕੱਢ ਦਿਤਾ ਉਹ ਭਟਨੇਰ ਤੋਂ ਤੁਰਕੇ ਇਸ ਅਸਥਾਨ ਤੇ ਪੁਜਾ ਜਿਥੇ ਹੁਣ ਬਠਿੰਡਾ ਹੈ। ਉਸ ਸਮੇਂ ਏਥੇ 'ਅੱਲੜਾ' ਨਾਮ ਦੀ ਨਦੀ ਵਗਦੀ ਹੁੰਦੀ ਸੀ। ਬਿਨੇਪਾਲ ਦੇ ਨਾਲ ਥੋੜੇ ਜਹੇ ਆਦਮੀ ਸਨ ਉਹ ਵੀ ਸਦੇ ਮੇਵਕ ਤੇ ਮਿਤ੍ਰ, ਪਰ ਹੌਲੀ ਹੌਲੀ ਉਹ ਵੀ ਚਲੇ ਗਏ ਤੇ ਸਿਰਫ ਚਾਰ ਸਾਥੀ ਰਹਿ ਗਏ। ਇਕ ਦਿਨ ਬਿਨੇਪਾਲ ਨੇ ਦੇਖਿਆ ਇਕ ਬਕਰੀ ਆਪਣੇ ਬਚਿਆਂ ਨੂੰ ਬਚਾਉਣ ਵਾਸਤੇ ਦੋਹ ਬਘਿਆੜਾਂ ਨਾਲ ਜੁਧ ਕਰ ਰਹੀ ਹੈ ਪਹਿਲਾਂ ਇਹ ਉਸਦੀ ਲੜਾਈ ਦੇਖਦਾ ਰਿਹਾ ਫਿਰ ਇਸਨੇ ਬਘਿਆੜਾਂ ਨੂੰ ਮਾਰ ਦਿੱਤਾ।

ਬਘਿਆੜ ਨੂੰ ਮਾਰਕੇ ਇਸ ਥਾਂ ਨੂੰ 'ਜੋਤ੍ਰ' ਤੇ ਸ਼ੁਭ ਸਮਝ ਕੇ ਉਥੇ ਹੀ ਝੁਗੀ ਪਾ ਲਈ ਤੇ ਤਪਸੀਆਂ ਵਾਂਗ ਰਹਿਣ ਲਗੇ। ਸ਼ਿਕਾਰ ਖੇਡ ਛਡਦੇ ਤੇ ਚੰਗੇ ਦਿਨ ਦੀ ਉਡੀਕ ਕਰਦੇ ਰਹੇ। ਉਥੇ ਇਕ ਸਾਧੂ ਰਹਿੰਦਾ ਸੀ ਬਿਨੇਪਾਲ ਨੇ ਉਸਦੀ ਸੇਵਾ ਕੀਤੀ, ਤੇ ਪ੍ਰਸੰਨ ਹੋ ਕੇ ਸਾਧੂ ਤਾਂ ਕਿਧਰੇ ਚਲਿਆ ਗਿਆ ਪਰ ਬਿਨੇਪਾਲ ਨੇ ਗਿਲਟ, ਸਿੱਕਾ ਤੇ ਚਾਂਦੀ ਆਦਿਕ ਤੋ, ਸੋਨਾ ਬਨਾਉਣਾਂ ਆਰੰਭ ਕਰ ਦਿਤਾ, ਜਿਸ ਨਾਲ ਉਹ ਅਮੀਰ ਹੋ ਗਿਆ ਉਸ ਨੇ ਆਂਢ ਗੁਆਂਢ ਦੇ ਆਦਮੀ ਇਕਠੇ ਕਰਕੇ ਫੌਜ ਬਣਾ ਲਈ। ਉਸ ਰੌਣਕ ਦੇਖਕੇ ਬਿਨੈ ਪਾਲ ਦੇ ਮਤਰਏ ਭਰਾ ਨੇ ਉਸਦੇ ਉਤੇ ਚੜਾਈ ਕਰ ਦਿਤੀ। ਉਸ ਲੜਾਈ ਵਿਚ ਬਿਨੇਪਾਲ ਦੀ ਫਤਹ ਹੋਈ ਉਹਦਾ ਭਰਾ ਮਾਰਿਆ ਗਿਆ। ਬਿਨੇਪਾਲ ਮੁੜ ਭਟਨੇਰ ਦਾ ਰਾਜਾ ਬਣ ਗਿਆ ਪਰ ਉਹ ਆਪਣੀ ਝੁਗੀ ਨੂੰ ਨਾ ਭੁਲਿਆ ਉਸਨੇ ਉਸ ਥਾਂ ਇਕ ਕਿਲਾ ਉਸਾਰਨ ਦੀ ਸਲਾਹ ਕੀਤੀ।

ਬਿਨੇਪਾਲ ਦੇ ਹੁਕਮ ਨਾਲ ਕਿਲਾ ਉਸਾਰਨ ਦੀ ਸਲਾਹ ਪੱਕੀ ਹੋਈ ਜਦੋਂ ਨੀਂਹ ਰਖਣ ਲਗੇ ਤਾਂ ਨੀਂਹ ਹੇਠਾਂ ਹੀ ਗਰਕ ਹੋ ਗਈ। ਉਸਦਾ ਗਰਕ ਹੋਣਾ ਦੇਖਕੇ ਬਿਨੇਪਾਲ ਬਹੁਤ ਹੈਰਾਨ ਹੋਇਆ। ਉਸ ਨੇ ਜੋਤਸ਼ੀਆਂ ਨੂੰ ਪੁਛਿਆ ਕਿ ਕੀ ਮਾਮਲਾ ਹੈ? ਕਿਉਂ ਨੀਂਹ ਨਹੀਂ ਖਲੋਂਦੀ?'

ਜੋਤਸ਼ੀਆਂ ਨੇ ਹਿਸਾਬ ਲਾ ਕੇ ਪੂਰਾ ਪਤਾ ਕੀਤਾ ਤੇ ਆਖਿਆ—'ਹੇ

Sri Satguru Jagjit Singh Ji eLibrary NamdhariElibrary@gmail.com

ਰਾਜਨ ! ਏਥੇ ਤਦ ਕਿਲਾ ਉਸਰੇਗਾ ਜੇਕਰ ਤੁਸਾਂ ਵਰਗੇ ਸੁੰਦਰ ਤੇ ਚੰਗੇ ਬੰਦੇ ਦੀ ਬਲੀ ਦਿਤੀ ਜਾਵੇ. ਇਹ ਧਰਤੀ ਹੈ ਏਥੇ ਬਲੀ ਦਿਤੇ ਬਿਨਾਂ ਕਦੀ ਮਕਾਨ ਨਹੀਂ ਉਸਰੇਗਾ ।

ਜੋਤਸ਼ੀਆਂ ਦੇ ਇਹ ਬਚਨ ਸੁਣ ਕੇ ਬਲੀ ਦੇਣ ਵਾਲੇ ਆਦਮੀ ਦੀ ਖੋਜ ਹੋਣ ਲਗੀ, ਆਖਰ ਇਕ ਆਦਮੀ ਲਭਾ, ਉਹ ਉਸ ਦਾ ਵਜ਼ੀਰ ਠੰਡਾ ਸੀ, ਉਹ ਰਾਜੇ ਦੇ ਇਸ਼ਾਰੇ ਨੂੰ ਸਮਝ ਗਿਆ, ਉਸ ਨੂੰ ਯਕੀਨ ਹੋ ਗਿਆ ਕਿ ਉਸ ਨੂੰ ਜ਼ਰੂਰ ਸ਼ਹੀਦ ਕੀਤਾ ਜਾਵੇਗਾ । ਉਦੇ ਬਲੀ ਦਿਤੇ ਬਿਨਾਂ ਕਦੀ ਕਿਲੇ ਦੀ ਨੀਂਹ ਨਹੀਂ ਖਲੋਣੀ ਇਸ ਵਾਸਤੇ ਉਸ ਨੇ ਆਪਣੇ ਆਪ ਹੀ ਮਰਨ ਦਾ ਫੈਸਲਾ ਕਰ ਲਿਆ. ਉਸ ਨੇ ਆਪਣੇ ਆਪ ਜਾ ਕੇ ਰਾਜੇ ਬਿਨੈਪਾਲ ਨੂੰ ਕਿਹਾ-'ਹੇ ਰਾਜਨ ! ਇਸ ਕਿਲੇ ਦੀ ਨੀਂਹ ਬਲੀ ਦਿਤੇ ਬਿਨਾਂ ਨਹੀਂ ਖਲੋਣੀ, ਇਸ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਮੇਰਾ ਸਰੀਰ ਲਾ ਦਿਤਾ ਜਾਵੇ । ਮੈਂ ਹਾਜ਼ਰ ਹਾਂ ! ਪਰ ਸ਼ਰਤ ਇਹ ਹੈ ਕਿ ਮੇਰਾ ਨਾਮ ਰਹਿ ਜਾਵੇ । ਦੁਨੀਆ ਯਾਦ ਕਰੇ ਕਿ ਕਦੀ 'ਠੰਡਾ' ਹੁੰਦਾ ਸੀ ਮੈਨੂੰ ਜੀਵਨ ਦੀ ਕੋਈ ਪ੍ਰਵਾਹ ਨਹੀਂ । ਮੈਂ ਭਾਵੇਂ ਰਜ ਕੇ ਨਹੀਂ ਖਾਧਾ ਰਜ ਕੇ ਨਹੀਂ ਹੰਢਾਇਆ ਤੇ ਨਾ ਜੀਵਨ ਖੁਸ਼ੀਆਂ ਮਾਣੀਆਂ ਹਨ, ਫਿਰ ਵੀ ਮੈਂ ਆਪਣੇ ਆਪ ਨੂੰ ਪੇਸ਼ ਕਰਦਾ ਹੈ ।'

ਵਜ਼ੀਰ ਠੰਡਾ ਦੀ ਇਹ ਗਲ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਉਸ ਨੂੰ ਪ੍ਰਸੰਨਤਾ ਦੇ ਨਾਲ ਅਫਸੋਸ ਵੀ ਸੀ ਕਿ ਠੰਡੇ ਵਰਗਾ ਲਾਇਕ ਵਜ਼ੀਰ ਕੀ ਪਤਾ ਉਸ ਨੂੰ ਮੁੜ ਕੇ ਮਿਲੇ ਜਾਂ ਨਾ ਮਿਲੇ । ਉਹ ਬਹੁਤ ਹੀ ਨੇਕ ਈਮਾਨ ਦਾਰ ਤੇ ਨੀਤੀਵਾਨ ਸੀ, ਉਸ ਨੂੰ ਰਾਜੇ ਨੇ ਕਿਹਾ--'ਮੈਂ ਇਹ ਗਲ ਮੰਨ ਲੈਂਦਾ ਹਾਂ, ਪਰ ਗਲ ਮੰਨਦਿਆ ਹੋਇਆ ਮੈਨੂੰ ਦੁਖ ਜ਼ਰੂਰ ਹੈ ਕਿ ਆਪ ਵਰਗਾ ਚੰਗਾ ਸਲਾਹਕਾਰ ਮੈਨੂੰ ਹੋਰ ਕੋਈ ਨਹੀਂ ਲਭਣਾ, ਤੇਰਾ ਨਾਮ ਜਰੂਰ ਅਮਰ ਕੀਤਾ ਜਾਵੇਗਾ ਏਸੇ ਨਾਮ ਦਾ ਸ਼ਹਿਰ ਵਸੇਗਾ । ਮੈਂ ਆਪਣਾ ਤੇ ਤੇਰਾ ਨਾਮ ਜੋੜ ਕੇ ਸ਼ਹਿਰ ਦਾ ਨਾਮ 'ਬਠਿੰਡਾ' ਰਖਾਗਾਂ । 'ਬ' ਤੋਂ ਭਾਵ ਬਿਨੈਪਾਲ ਤੇ ਠੰਡਾ ਤੋਂ ਤੇਰਾ ਨਾਮ । ਜਦੋਂ ਤਕ ਦੁਨੀਆਂ ਰਹੇਗੀ, ਤਦੋਂ ਤਕ ਤੇਰੇ ਨਾਮ ਨੂੰ ਯਾਦ ਕਰੇਗੀ । ਭਗਵਾਨ ਮੈਨੂੰ ਇਹ ਬਖਸ਼ੇ ਕਿ ਤੈਨੂੰ ਨਾ ਭੁਲਾਂ । ਤੇਰੇ ਪ੍ਰਵਾਰ ਦੀ

Sri Satguru Jagjit Singh Ji eLibrary NamdhariElibrary@gmail.com

ਪਾਲਨਾ ਕਰਾਂਗਾ। ਤੇਰਾ ਖਾਨਦਾਨ ਭਟਨੇਰ ਰਾਜ ਦਾ ਵਜ਼ੀਰ ਹੀ ਰਹੇਗਾ। ਤੇਰਾ ਇਹ ਬਲੀਦਾਨ ਕੌਮ ਵਾਸਤੇ ਨਮੂਨਾ ਹੋਵੇਗਾ ਕਿ ਐਸੇ ਵਡੇ ਕੰਮਾਂ ਵਾਸਤੇ ਜਦੋਂ ਕਦੀ ਸਿਰ ਦੇਣ ਦੀ ਲੋੜ ਪਵੇ ਤਦੋਂ ਝਿਜਕ ਨਹੀਂ ਹੋਣੀ ਚਾਹੀਦੀ। ਜਿਸ ਵਿਚ ਐਸੇ ਤਿਆਗੀ ਤੇ ਬਲੀ ਜੋਧੇ ਹੋਣ ਉਹ ਰਾਜ ਸਦਾ ਅਮਰ ਰਹਿੰਦਾ ਹੈ।'

ਇਸਦੇ ਪਿਛੋਂ ਦਿਨ ਮਿਥਿਆ ਗਿਆ, ਮਿਥੇ ਦਿਨ ਉਤੇ ਠੰਡੇ ਵਜ਼ੀਰ ਦੀ ਬਲੀ ਦਿਤੀ ਗਈ। ਬਲੀ ਦੇਣ ਪਿਛੋਂ ਕਿਲੇ ਦੀਆਂ ਨੀਹਾਂ ਭਰੀਆਂ ਤਾਂ ਉਹ ਬਿਲਕੁਲ ਨਾ ਡੋਲੀਆਂ। ਕਿਲ੍ਹਾ ਉਸਰ ਗਿਆ ਤੇ ਉਸ ਕਿਲੇ ਦੇ ਨਾਲ ਸ਼ਹਿਰ ਵਸਿਆ ਕਿਲੇ ਤੇ ਸ਼ਹਿਰ ਦਾ ਨਾਮ 'ਬਠਿੰਡਾ' ਰਖਿਆ।

ਇਸ ਬਠਿੰਡੇ ਸ਼ਹਿਰ ਸ਼ਹਿਰ ਦੀ ਸੰਗਤ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ, ਸੰਗਤ ਦੇ ਬੇਨਤੀ ਕਰਨ ਤੇ ਸਾਹਿਬ ਬਠਿੰਡੇ ਪਹੁੰਚੇ। ਸੰਗਤ ਨੂੰ ਨਿਹਾਲ ਕੀਤਾ ਉਥੇ ਹੀ ਸਾਹਿਬਾਂ ਨੂੰ ਪਤਾ ਲਗਾ ਕਿ ਕਪੂਰਾ ਮਾਰ ਦਿਤਾ ਗਿਆ ਹੈ ਏਥੋਂ ਤਕ ਡਲਾ ਸਿੰਘ ਵੀ ਸਤਿਗੁਰੂ ਜੀ ਦੇ ਨਾਲ ਆਇਆ, ਬਠਿੰਡੇ ਦਾ ਕਿਲਾ ਉਸ ਵੇਲੇ ਡੱਲਾ ਸਿੰਘ ਕੋਲ ਸੀ ਸਾਹਿਬਾਂ ਦੇ ਕਿਲੇ ਵਿਚ ਦੀਵਾਨ ਕਰਕੇ ਜੀਵਾਂ ਦਾ ਪਾਰ-ਉਤਾਰਾ ਕੀਤਾ।

ਬਠਿੰਡੇ ਕੁਝ ਦਿਨ ਰਹਿਕੇ ਸਤਿਗੁਰੂ ਜੀ ਨੇ ਮਾਲਵੇ ਦੀ ਧਰਤੀ ਨੂੰ ਵਰ ਦਿਤੇ। ਜਦੋਂ ਧਰਤੀ ਨੂੰ ਵਰ ਦੇ ਰਹੇ ਸਨ ਤਾਂ ਇਕ ਮਾਈ ਨੇ ਅਰਜ਼ ਕੀਤੀ—'ਸਚੇ ਪਾਤਸ਼ਾਹ ਬਠਿੰਡੇ ਦੇ ਕਿਲੇ ਵਿਚ ਕਿਸੇ ਦੇਵ ਦਾ ਵਾਸਾ ਹੈ ਇਹ ਦਿਓ ਸਾਰੀਆਂ ਵਸਤੂਆਂ ਨੂੰ ਭਸਮ ਕਰੀ ਜਾਂਦਾ ਹੈ। ਮਾਲਵੇ ਦੀ ਧਰਤੀ ਇਸ ਨੇ ਉਜਾੜ ਦਿਤੀ ਹੈ। ਇਸ ਦਿਓ ਨੂੰ ਮਾਰੋ, ਆਪ ਉਪਕਾਰੀ ਦੀਨਾ ਦੇ ਰਖਯਕ ਤੇ ਵਾਹਿਗੁਰੂ ਦੇ ਪਿਆਰੇ ਹੋ ਦਇਆ ਕਰੋ; ਇਸ ਧਰਤੀ ਦੀ ਕਲਿਆਨ ਹੋਵੇ।'

ਸਤਿਗੁਰੂ ਜੀ ਨੇ ਅੰਤਰਯਾਮਤਾ ਨਾਲ ਅਨੁਭਵ ਕੀਤਾ ਕਿ ਮਾਈ ਦਿਬਦ੍ਰਿਸ਼ਟੀ ਵਾਲੀ ਇਕ ਆਤਮਾ ਹੈ। ਸਾਹਿਬਾਂ ਨੇ ਉਸੇ ਵੇਲੇ ਇਹ ਵੀ ਦੇਖ ਲਿਆ ਕਿ ਦਿਓ ਕੌਣ ਹੈ ?' ਸਾਹਿਬਾਂ ਨੇ ਮਾਈ ਨੂੰ ਕਿਹਾ—'ਹੇ

Sri Satguru Jagjit Singh Ji eLibrary NamdhariElibrary@gmail.com

ਮਾਤਾ ! ਇਹ ਕ੍ਰਾਂਣਾ ਦਿਓ ਹੈ। ਹਾਥੀ ਜਾਂ ਝੋਟੇ (ਸੰਢੇ) ਦੇ ਰੂਪ ਵਿਚ ਫਿਰਦਾ ਰਹਿੰਦਾ ਹੈ। ਸਚ ਮੁਚ ਹੀ ਇਸਨੇ ਮਾਲਵੇ ਦੇਸ਼ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੋਇਆ ਹੈ ਜਾਓ ! ਝੋਟਾ ਫੜਕੇ ਲਿਆਵੋ, ਅਖੌਂ ਕਾਣਾ ਹੈ। ਉਹ ਕਿਸੇ ਦੇ ਕਾਬੂ ਨਹੀਂ ਆਉਂਦਾ। ਮੇਰੇ ਸਿਖ ਪੰਜ ਜਾਂਦੇ ਹਨ ਇਹ ਫੜਕੇ ਲਿਆਣਗੇ।' ਇਹ ਬਚਨ ਕਰਕੇ ਸਤਿਗੁਰੂ ਜੀ ਨੇ ਪੰਜਾਂ ਸਿਖਾਂ ਨੂੰ ਝੋਟਾ ਫੜਨ ਵਾਸਤੇ ਭੇਜਿਆ। ਉਹ ਸਹਿਜੇ ਹੀ ਝੋਟੇ ਨੂੰ ਫੜ ਲਿਆਏ ਜੇਹੜਾ ਝੋਟਾ ਕਿਸੇ ਨੂੰ ਨੇੜੇ ਤੇੜੇ ਨਹੀਂ ਸੀ ਆਉਣ ਦੇਂਦਾ। ਉਹ ਝੋਟਾ ਜਦੋਂ ਸਤਿਗੁਰੂ ਜੀ ਦੇ ਪਾਸ ਪਹੁੰਚਾਇਆ ਗਿਆ ਤਾਂ ਸਾਹਿਬਾਂ ਨੇ ਉਹਦੇ ਵਲ ਤਕਿਆ, ਤਕਦੇ ਸਾਰ ਹੀ ਉਹ ਦੜ ਕਰਕੇ ਧਰਤੀ ਉਤੇ ਡਿਗ ਪਿਆ ਤੇ ਉਸਦੀ ਜਾਨ ਹਵਾ ਰੂਪ ਹੋਕੇ ਤੁਰ ਗਈ, ਤਾਂ ਸਾਰੀ ਸੰਗਤ ਨੇ ਦੇਖਿਆ, ਝੋਟੇ ਦੇ ਮੂੰਹ ਨਾਸਾਂ ਵਿਚੋਂ ਧੂੰਆਂ ਉਠਿਆ ਤੇ ਅਸਮਾਨ ਨੂੰ ਚੜਦਾ ਗਿਆ ਉਹ ਧੂੰਆਂ ਦਿਓ ਦੀ ਚੰਡਾਲ ਰੂਹ ਸੀ।

ਇਸ ਕੌਤਕ ਨੂੰ ਦੇਖਕੇ ਸੰਗਤ ਸਤਿਗੁਰੂ ਜੀ ਦੇ ਚਰਨੀ ਢੱਠੀ ਸਾਹਿਬਾਂ ਨੇ ਉਸ ਮਾਈ ਨੂੰ ਕਿਹਾ—ਹੇ ਮਾਤਾ ਲੈ, ਦਿਓ ਮਾਲਵੇ ਤੇ ਬਠਿੰਡੇ ਨੂੰ ਛਡਕੇ ਚਲਿਆ ਗਿਆ ਹੈ। ਹੁਣ ਇਹ ਧਰਤੀ ਸੁਖੀ ਵਸੇਗੀ, ਏਥੇ ਅੰਨ ਜਲ ਦਾ ਘਾਟਾ ਨਹੀਂ ਰਹੇਗਾ। ਨਹਿਰਾਂ ਵਗਣਗੀਆਂ ਤੇ ਬਹੁਤ ਖੁਸ਼ੀਆਂ ਹੋਣਗੀਆਂ। ਲੋਕ ਸੁਖੀ ਵਸਣਗੇ।' ਇਹ ਵਰ ਦੇਕੇ ਸਤਿਗੁਰੂ ਜੀ ਸਰਸੇ ਨੂੰ ਤਿਆਰ ਹੋਏ।

੨੩. ਮਾਈ ਭਾਗੋ ਨੇ ਸਤਿਗੁਰੂ ਜੀ ਦੇ ਸਾਥ ਜਾਣਾ

ਮੁਕਤਸਰ ਦੇ ਜੁਧ ਵਿਚ ਮਾਈ ਭਾਗੋ ਨੂੰ ਬਹੁਤ ਸਾਰੀਆਂ ਸੱਟਾਂ ਸਿਰ ਵਿਚ ਲਗ ਗਈਆਂ ਸਨ। ਭਾਰੀ ਜ਼ਖਮਾਂ ਦੇ ਹੋਣ ਤੇ ਅਰ ਸਤਿਗੁਰੂ ਜੀ ਦੇ ਇਲਾਜ ਕਰਨ ਤੇ ਉਸ ਦੀ ਜਾਨ ਬਚ ਗਈ ਸੀ, ਪਰ ਮਾਈ ਜਾ ਬਹੁਤ ਵੈਰਾਗਣ ਹੋ ਗਏ ਸਨ। ਉਹ 'ਵਾਹਿਗੁਰੂ ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੇ ਰਹਿੰਦੇ ਜਾਂ ਸ਼ਬਦਾਂ ਨੂੰ ਉੱਚੀ ਉੱਚੀ ਪੜ੍ਹਦੇ ਹੋਏ ਆਪੇ ਤੋਂ ਬਾਹਰ ਹੋ ਜਾਂਦੇ। ਕਦੀ ਵਿਸਮਾਦ ਵਿਚ ਪੁਜਕੇ ਬ੍ਰਹਮ ਅਨੰਦ ਦਾ ਅਨੰਦ ਲੈਂਦੇ ਦੁਨੀਆਂ

Sri Satguru Jagjit Singh Ji eLibrary NamdhariElibrary@gmail.com

ਕੁਲ ਗਈ। ਸ਼ਰਮਾ ਚੁਕੀਆਂ ਗਈਆਂ। ਵੱਡੇ ਨਿੱਕੇ ਮਰਦ ਇਸਤ੍ਰੀ, ਨੰਗੇ ਕਜੇ, ਮਾੜੇ ਚੰਗੇ ਦਾ ਕੋਈ ਗਿਆਨ ਨਾ ਰਿਹਾ। ਸਾਰੀ ਧਰਤੀ ਆਪਣੀ ਤੇ ਉਸ ਧਰਤੀ ਉਪਰ ਅਸਮਾਨ ਦੀ ਛਾਂ; ਬਸ ਉਸ ਦਾ ਘਰ ਹੋ ਗਿਆ।

ਮਾਤਾ ਜੀ ਕੁਝ ਚਿਰ ਤਾਂ ਸਤਿਗੁਰੂ ਜੀ ਦੇ ਪਾਸ ਰਹੇ ਪਰ ਫਿਰ ਇਕ ਦਿਨ ਅਚਨਚੇਤ ਹੀ ਕਿਧਰੇ ਚਲੇ ਗਏ ਬਸ ਦੀਵਾਨਗੀ ਵਿਚ ਮਾਲਵੇ ਵਿਚ ਵਿਚਰਦੇ ਰਹੇ। ਜਦ ਸਤਿਗੁਰੂ ਜੀ ਬਠਿੰਡੇ ਤੋਂ ਸਰਸਾ ਨੂੰ ਤੁਰਨ ਲਗੇ ਤਾਂ ਮਾਈ ਭਾਗੋ ਜੀ ਕਿਤਿਓਂ ਆ ਪੁਜੇ। ਉਹਨਾਂ ਦਾ ਸਾਰਾ ਤਨ ਨੰਗਾ ਸੀ, ਤਨ ਤੇ ਘੱਟਾ ਮਲਿਆ ਹੋਇਆ ਸੀ। ਉਹਨਾਂ ਦੀ ਇਹ ਹਾਲਤ ਦੇਖਕੇ ਆਮ ਲੋਕ ਤਾਂ ਭੈ ਭੀਤ ਹੋ ਜਾਏ ਕਿ ਕੋਈ ਭੂਤ ਪ੍ਰੇਤ ਹੈ ਪਰ ਸਾਹਿਬਾਂ ਨੇ ਗੰਭੀਰਤਾ ਨਾਲ ਦੇਖਿਆ ਤੇ ਸਿਰ ਤੇ ਹੱਥ ਰਖਕੇ ਬਚਨ ਕੀਤਾ—'ਬੇਟੀ! ਇਸ ਤਰ੍ਹਾਂ ਵਿਚਰਨਾ ਠੀਕ ਨਹੀਂ, ਤੇਰ ਕਛਹਿਰਾ ਤੇ ਗਲ ਚੋਲਾ ਰਖਿਆ ਕਰ।' ਇਹ ਬਚਨ ਕਰਨ ਦੇ ਨਾਲ ਹੀ ਦੋਵੇਂ ਚੀਜ਼ਾਂ ਪਵਾ ਦਿੱਤੀਆਂ। ਆਪਣੀ ਸ਼ਕਤੀ ਨਾਲ ਸਾਹਿਬਾਂ ਨੇ ਮੇਹਰ ਕਰਕੇ ਮਾਈ ਦਾ ਦੀਵਾਨਾਪਨ ਦੂਰ ਕੀਤਾ ਅਤੇ ਮਾਈ ਜੀ ਸਤਿਗੁਰੂ ਜੀ ਦੇ ਨਾਲ ਹੀ ਚਲਣ ਵਾਸਤੇ ਤਿਆਰ ਹੋ ਪਈ। ਇਸ਼ਨਾਨ ਕਰਕੇ ਨਵੇਂ ਬਸਤ੍ਰ ਵੀ ਪਾ ਲਏ ਪਰ ਮਨ ਵੈਰਾਗੀ ਰਿਹਾ—'ਸਤਿਨਾਮੁ ਵਾਹਿਗੁਰੂ' ਦੀ ਧੁਨ ਲੂੰ ਲੂੰ ਵਿਚੋਂ ਆਉਂਦੀ ਰਹੀ। ਜੀਵਨ ਹੀ ਸਿਮਰਣ ਬਣ ਗਿਆ।

੨੪. ਮਾਈਆਂ ਦਾ ਦਿਲੀ ਨੂੰ ਮੁੜ ਜਾਣਾ

ਬਠਿੰਡੇ ਪੁਜਕੇ ਸਾਹਿਬਾਂ ਨੇ ਇਕ ਹੋਰ ਫੈਸਲਾ ਕੀਤਾ। ਉਹ ਇਹ ਕਿ ਮਾਈਆਂ ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਾ ਦਖਣ ਦੇਸ਼ ਨੂੰ ਨਾਲ ਖੜਨਾ ਚੰਗਾ ਨਾ ਜਾਣਿਆਂ। ਉਹਨਾਂ ਨੇ ਮਾਤਾ ਸੁੰਦਰੀ ਜੀ ਨੂੰ ਹੁਕਮ ਕੀਤਾ—'ਚੰਗਾ ਹੈ ਕਿ ਤੁਸੀਂ ਦੋਵੇਂ ਭੈਣਾਂ ਦਿਲੀ ਹੀ ਜਾ ਰਹੋ। ਅਸੀਂ ਅਗੋਂ ਫਿਰਕੇ ਦਿੱਲੀ ਆ ਜਾਵਾਂਗੇ। ਸ਼ਾਇਦ ਬਾਦਸ਼ਾਹ ਨਾਲ ਮੁਲਾਕਾਤ ਕਰਨ ਬਦਲੇ ਦੂਰ ਦਖਣ ਨੂੰ ਜਾਣਾ ਪਵੇ। ਲੰਮੇ ਪੰਧ ਕਰਨੇ ਬਹੁਤ ਕਠਨ ਹਨ। ਤੁਸੀਂ ਜਾ ਕੇ ਅਰਾਮ ਨਾਲ ਦਿਲੀ ਰਹੋ। ਭਾਈ ਮਨੀ

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਤੇ ਮੁਨਸ਼ੀ ਨੂੰ ਵੀ ਨਾਲ ਲੈ ਜਾਵੋ ਉਥੇ ਹਰ ਪ੍ਰਕਾਰ ਦਾ ਸੁਖ ਅਰਾਮ ਹੋਵੇਗਾ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਦਾ ਲਹੂ ਠੰਢਾ ਹੋ ਗਿਆ ਉਹਨਾਂ ਦਾ ਸਾਹ ਉਤਾਂਹ ਦਾ ਉਤਾਂਹ ਰਿਹਾ ਤੇ ਹੇਠਾਂ ਦਾ ਹੇਠਾਂ। ਉਹ ਹੈਰਾਨ ਹੋਕੇ ਸਤਿਗੁਰੂ ਜੀ ਵਲ ਵੇਖਣ ਲਗ ਪਈਆਂ ਉਨ੍ਹਾਂ ਦੀਆਂ ਜ਼ਬਾਨਾਂ ਤਾਲੂ ਨਾਲ ਜੁੜ ਗਈਆਂ ਤੇ ਦੰਦ ਮਿਲ ਗਏ। ਮਾਤਾ ਸੁੰਦਰੀ ਜੀ ਨੇ ਹੌਂਸਲਾ ਕੀਤਾ ਕਲੇਜੇ ਉਪਰ ਹੱਥ ਰਖਕੇ ਹੰਝੂ ਕੇਰਦਿਆਂ ਹੋਇਆਂ ਆਇਆ—'ਸੁਆਮੀ ਜੀ! ਜੋ ਕੁਝ ਆਪ ਨੇ ਕਿਹਾ ਹੈ, ਅਸਾਂ ਸੁਣ ਲਿਆ ਹੈ ਪਰ ਅਰਥ ਨਹੀਂ ਸਮਝੇ। ਉਸਦਾ ਹੈਰਾਨੀ ਨਾਲ ਹਿਰਦਾ ਕੰਬਣ ਲੱਗ ਪਿਆ ਹੈ। ਅਸਾਂ ਨਿਮਾਣਿਆਂ ਕੋਲੋਂ ਕੀ ਖੁਨਾਮੀ ਹੋਈ ? ਅਸਾਂ ਨੂੰ ਚਰਨਾਂ ਕੋਲੋਂ ਦੂਰ ਕਰਨ ਦਾ ਕਿਉਂ ਹੁਕਮ ਦਿਤਾ ਜਾ ਰਿਹਾ ਹੈ? ਕੀ ਵੇਲ ਆਸਰੇ ਤੋਂ ਬਿਨਾਂ ਖਲੋ ਸਕਦੀ ਹੈ ? ਕੀ ਆਪਦੇ ਚਰਨਾਂ ਤੋਂ ਦੂਰ ਰਹਿਕੇ ਅਸੀਂ ਜੀਉਂਦੀਆਂ ਰਹਾਂਗੀਆਂ ? ਮਹਾਰਾਜ ! ਮੇਹਰ ਕਰੋ ! ਚਰਨਾਂ ਤੋਂ ਦੂਰ ਨਾ ਕਰੋ ਪਹਿਲੇ ਹੀ ਦੇਖੋ ਕਿੰਨੇ ਦੁਖ ਉਠਾਏ ਹਨ। ਸਰਸਾ ਤੋਂ ਵਿਛੜ ਕੇ ਕਿੰਨਾਂ ਚਿਰ ਮੱਛੀ ਵਾਂਗ ਤੜਪਕੇ ਦਿਨ ਕਟੇ। ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ ਕਿ ਉਸਨੇ ਵਿਛੜਿਆਂ ਨੂੰ ਮੇਲਿਆ ਹੈ। ਤੁਰਦੇ ਲਾਲਾਂ ਦੇ ਮੁਖੜੇ ਨਾ ਦੇਖੇ। ਬ੍ਰਿਧ ਮਾਤਾ ਜੀ ਵਿਛੋੜਾ ਦੇ ਗਏ। ਕੀ ਅੱਜ ਤੁਸੀਂ ਵੀ ਦੂਰ ਕਰ ਰਹੇ ਹੋ?'

ਸਤਿਗੁਰੂ ਜੀ ਅਜੇ ਕੁਝ ਫੁਰਮਾਉਣ ਹੀ ਵਾਲੇ ਸਨ ਕਿ ਮਾਤਾ ਸਾਹਿਬ ਕੌਰ ਜੀ ਨੇ ਬਚਨ ਕੀਤਾ—'ਹੇ ਦਾਤਾ! ਮੇਰਾ ਜੀਵਨ ਦਾ ਆਸਰਾ ਤਾਂ ਸਿਰਫ ਆਪ ਦੇ ਦਰਸ਼ਨ ਹੀ ਹਨ। ਸੇਵਾ ਕਰਕੇ ਜੀਉਂਦੀ ਹਾਂ ਦਰਸ਼ਨ ਕਰਕੇ ਅੱਖਾਂ ਤੇ ਹਿਰਦਾ ਸ਼ਾਂਤ ਕਰਦੀ ਹਾਂ। ਮੇਰੇ ਤੇ ਦਇਆ ਕਰੋ, ਮੇਹਰ ਕਰੋ ! ਮੈਨੂੰ ਚਰਨਾਂ ਨਾਲੋਂ ਤੋੜਕੇ ਦੂਰ ਨਾ ਸੁਟੋ। ਜਿਵੇਂ ਜਲ ਤੋਂ ਬਿਨਾਂ ਸਾਖ ਕੁਮਲਾ ਜਾਂਦੀ ਹੈ, ਜਿਵੇਂ ਪਾਣੀ ਬਿਨਾਂ ਮਛਲੀ ਨਹੀਂ ਜੀਉਂਦੀ ਰਹਿ ਸਕਦੀ ਤਿਵੇਂ ਮੈਂ ਆਪ ਤੋਂ ਦੂਰ ਰਹਿਕੇ ਨਹੀਂ ਜੀਉਂਦੀ ਰਹਿ ਸਕਦੀ, ਸੁਆਮੀ ਜੀ ਕ੍ਰਿਪਾ ਕਰੋ, ਨਿਮਾਣੀ ਦੇ ਦੋਸ਼ ਨਾ ਚਿਤਾਰੋ, ਇਹ ਬਾਂਦੀ ਆਪ ਦੀ ਚਰਨ ਸੇਵਾ ਕਰੇਗੀ,

Sri Satguru Jagjit Singh Ji eLibrary NamdhariElibrary@gmail.com

ਸੀਤਾ ਵਾਂਗ ਚਰਨਾਂ ਵਿਚ ਦਿਨ ਕਟੇਗੀ, ਜੰਗਲਾਂ ਵਿਚ ਫਿਰਨਾ ਪਵੇ ਤਾਂ ਫਿਰਾਂਗੀ, ਭੁਖਾ ਮਰਨਾ ਪਵੇ ਤਾਂ ਭੁਖ ਝਲਾਂਗੀ. ਮੇਹਰ ਕਰੋ, ਦਇਆ ਭਰੋ।'

ਦੋਹਾਂ ਮਹਿਲਾਂ ਦੇ ਕੀਰਨੇ ਸੁਣਕੇ ਸਾਹਿਬ ਚੁਪ ਹੋ ਗਏ, ਹਲਕਾ ਜੇਹਾ ਮੋਹ ਦਾ ਅਸਰ ਹੋਇਆ, ਪਿਆਰ ਨੇ ਹਿਰਦੇ ਨੂੰ ਚੁੰਢੀ ਵਢੀ। ਆਖਰ ਜੀਵਨ ਸਾਥਣਾਂ ਸਨ। ਜੀਵਨ ਸਾਥਣਾਂ ਨਾਲ ਬਹੁਤਾ ਮਨ ਕਰੜਾ ਕਰਨਾ ਵੀ ਸੌਖ ਨਹੀਂ ਸੀ, ਪਰ ਥੋਹੜਾ ਚਿਰ ਇਹ ਦਸ਼ਾ ਰਹੀ, ਫਿਰ ਬਚਨ ਕੀਤਾ—ਨਹੀਂ ! ਤੁਸਾਂ ਨੂੰ ਜਾਣਾ ਹੀ ਪਵੇਗਾ। ਸਮੇਂ ਐਸੇ ਔਣੇ ਹਨ ਤੁਸਾਂ ਦਾ ਸਾਥ ਰਹਿਣਾ ਔਕੜਾਂ ਦਾ ਕਾਰਨ ਹੋ ਸਕਦਾਹੈ। ਅਸੀਂ ਜਿਸ ਨਿਸ਼ਾਨੇ ਨੂੰ ਸਾਹਮਣੇ ਰਖਕੇ ਜਾ ਰਹੇ ਹਾਂ ਉਹ ਸ਼ਾਇਦ ਪੂਰਾ ਨਾ ਹੋਵੇ, ਇਸ ਲਈ ਤੁਸੀਂ ਹੁਕਮ ਨੂੰ ਮੰਨੋ, ਜਾਵੋ ਜਿਵੇਂ ਅਕਾਲ ਪੁਰਖ ਹੁਕਮ ਕਰੇਗਾ ਤਿਵੇਂ ਅਗੇ ਨੂੰ ਕੀਤਾ ਜਾਵੇਗਾ।'

ਸਤਿਗੁਰੂ ਜੀ ਦਾ ਬਚਨ ਮੋੜਨਾ ਸੌਖਾ ਨਹੀਂ ਸੀ। ਚੌਹਾਂ ਮਹਿਲਾਂ ਨੇ ਹੁਕਮ ਅਗੇ ਸਿਰ ਝੁਕਾ ਦਿਤੇ। ਸਜਲ ਨੇਤ੍ਰਾਂ ਨਾਲ ਸਾਹਿਬਾਂ ਵਲ ਤਕਿਆ, ਇਕ ਵਾਰ ਨਹੀਂ ਸਗੋਂ ਕਈ ਵਾਰ ਤੱਕਿਆ ਪਰ ਸਾਹਿਬਾਂ ਦੇ ਨੈਣਾਂ ਵਿਚ ਤਿਆਗ ਹੀ ਤਿਆਗ ਨਜ਼ਰ ਆਇਆ। ਮੂੰਹ ਤੇ ਦੁਨਿਆਵੀ ਪਿਆਰ ਦੀ ਰਤਾ ਝਲਕ ਨਹੀਂ ਸੀ। ਦੋਹਾਂ ਮਹਿਲਾਂ ਨੇ ਅਕਾਲ ਪੁਰਖ ਦਾ ਧਿਆਨ ਕੀਤਾ ਤੇ ਮਾਤਾ ਸੁੰਦਰੀ ਜੀ ਨੇ ਦੋਹਾਂ ਦੀ ਜ਼ਬਾਨ ਬਣ ਕੇ ਉਤਰ ਦਿਤਾ—ਜਿਵੇਂ ਪ੍ਰਭੂ ਦੀ ਆਗਿਆ। ਅਸੀਂ ਜਾਂਦੀਆਂ ਹਾਂ, ਆਪ ਨੇ ਛੇਤੀ ਹੀ ਦਰਸ਼ਨ ਦੇਣੇ। ਆਪ ਦੇ ਦਰਸ਼ਨਾਂ ਖਾਤਰ ਮਛਲੀ ਵਾਂਗ ਤੜਪਦੀਆਂ ਰਹਾਂਗੀਆਂ। ਰਾਤ ਦਿਨੇ ਉਡੀਕ ਹੋਵੇਗੀ।

ਵਾਹਿਗੁਰੂ ਦਾ ਸਿਮਰਨ ਕਰਨਾ, ਅਕਾਲ ਪੁਰਖ ਸਹਾਈ ਹੋਵੇਗਾ। ਮੇਹਰ ਕਰੇਗਾ ਕਿ ਤੁਸਾਂ ਦੇ ਹਿਰਦਿਆਂ ਨੂੰ ਸ਼ਾਂਤੀ ਪ੍ਰਾਪਤ ਹੋਵੇ। ਖਾਲਸਾ ਪੰਥ ਦੀਆਂ ਮਾਤਾਵਾਂ ਬਣੀਆਂ ਰਹੋ, ਅਸੀਂ ਦੂਰ ਚਲੇ ਹਾਂ। ਲੰਮੇ ਰਾਹਾਂ ਦੇ ਮਾਮਲੇ ਜੋ ਹੋਏ ਕੀ ਪਤਾ ਕੀ ਬਣਨਾ। ਅਕਾਲ ਪੁਰਖ ਦੇ ਭਾਣੇ ਅੰਦਰ ਵਿਚਰੇ ਫਿਰੇ ਹਾਂ। ਉਹਦਾ ਭਾਣਾ ਮੰਨਣਾ ਹੀ ਠੀਕ ਹੈ। ਜਾਓ ! ਸਿਖ ਸੇਵਕ ਤੁਸਾਂ ਦੀ ਸੇਵਾ ਕਰਨਗੇ। ਆਪ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਹੋਰਨਾ

Sri Satguru Jagjit Singh Ji eLibrary NamdhariElibrary@gmail.com

ਨੂੰ ਕਰਾਉਣਾ, ਸਿਮਰਨ ਹੀ ਐਸਾ ਕਲਪ ਬ੍ਰਿਛ ਹੈ ਜਿਸਦੇ ਆਸਰੇ ਸਾਰੀਆਂ ਮਨੋ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਵਾਹਿਗੁਰੂ ਦਾ ਸਿਮਰਨ ਬਜਰ ਤੋਂ ਬਜਰ ਪਾਪ ਵੀ ਨਸ਼ਟ ਕਰ ਦੇਂਦਾ ਹੈ।'

ਭਾਈ ਮਨੀ ਸਿੰਘ ਜੀ ਨੂੰ ਹੁਕਮ ਕੀਤਾ ਗਿਆ, ਉਨ੍ਹਾਂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ ਤੇ ਜਿਵੇਂ ਹੁਕਮ ਹੋਇਆ ਤਿਵੇਂ ਸੇਵਾ ਕਰਨ ਦਾ ਫੈਸਲਾ ਕੀਤਾ। ਕੋਈ ਝਿਜਕ ਜਾਂ ਰੁਕਾਵਟ ਨਹੀਂ ਆਈ, ਉਸੇ ਵੇਲੇ ਪਸ਼ੂ ਅਗੇ ਕਰ ਲਏ, ਊਠਾਂ ਉਤੇ ਸਾਮਾਨ ਸੀ, ਓਹ ਉਸੇ ਤਰ੍ਹਾਂ ਰਹਿਣ ਦਿਤਾ ਤੇ ਊਠ ਵੀ ਮੋੜ ਲਏ, ਮਾਈਆਂ ਨੂੰ ਡੋਲਿਆਂ ਵਿਚ ਬੈਠਾ ਲਿਆ ਤੇ ਦਿਲੀ ਵਲ ਨੂੰ ਮੁਹਾਰਾਂ ਮੋੜ ਲਈਆਂ। ਕੂੰਜਾਂ ਡਾਰੋਂ ਵਿਛੜੀਆਂ ਪਰ ਮਜਬੂਰ ਹਨ ਭਾਈ ਮਨੀ ਸਿੰਘ ਜੀ ਖੁਦ ਵੀ ਸਤਿਗੁਰੂ ਜੀ ਦੇ ਚਰਨਾਂ ਤੋਂ ਵਖ ਨਹੀਂ ਸਨ ਹੋਣਾ ਚਾਹੁੰਦੇ ਪਰ ਓਹਦੇ ਹੁਕਮਾਂ ਨੂੰ ਕੌਣ ਮੋੜੇ। ਅਕਾਲ ਪੁਰਖ ਨੇ ਆਪ ਵਿਛੋੜਾ ਪਾਇਆ ਸੀ, ਉਹ ਵਿਛੋੜਾ ਝਲਣਾ ਜ਼ਰੂਰੀ ਸੀ ਕਿਉਂਕਿ ਹੁਕਮ ਆਸਰੇ ਹੀ ਸਾਰਾ ਜਗਤ ਤੇ ਅਸਮਾਨ ਖਲੋਤਾ ਹੈ।

ਸਤਿਗੁਰੂ ਜੀ ਦੇ ਸਿਖ ਤੇ ਸਾਹਿਬਾਂ ਦਾ ਪ੍ਰਵਾਰ ਹੁਕਮ ਮੰਨਦਾ ਸੀ। ਇਹੋ ਕਾਰਨ ਕਿ ਜਥੇਬੰਦੀ ਮਜਬੂਤ ਸੀ, ਖਾਲਸਾ ਪੰਥ ਵਿਚ ਵੀ ਸ਼ਕਤੀ ਓਨਾ ਚਿਰ ਰਹੀ ਹੈ ਜਿੰਨਾ ਚਿਰ ਹੁਕਮ ਮੰਨਣ ਦਾ ਵਿਚਾਰ ਅਮਰ ਰਿਹਾ।

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰਾਂ ਵਾਸਤੇ ਇਕ ਪਲ ਵਿਛੜਨਾ ਔਖਾ ਸੀ ਕਿਉਂਕਿ ਜੀਵਨ ਦੇ ਸਾਰੇ ਸੁਖ ਨਸ਼ਟ ਹੋ ਚੁਕੇ ਸਨ ਚਾਰ ਪੁਤਰ ਸਦੀਵੀ ਕਾਲ ਦਾ ਵਿਛੋੜਾ ਦੇ ਗਏ ਸਨ। ਇਸ ਹਾਲਤ ਵਿਚ ਪਤੀ ਪਾਸੋਂ ਵੀ ਦੂਰ ਜਾਣਾ ਇਕ ਭਾਰਤੀ ਇਸਤ੍ਰੀ ਵਾਸਤੇ ਬਹੁਤ ਹੀ ਕਠਨ ਹੈ। ਪਰ ਭਾਰਤ ਦੀ ਦੇਵੀ ਪਤੀ ਦੀ ਆਗਿਆ ਮੰਨਣ ਵਿਚ ਵੀ ਇਕ ਨਮੂਨਾ ਬਣੀ ਰਹੀ।

ਭਾਈ ਪਨੀ ਸਿੰਘ ਜੀ ਮਾਤਾਵਾਂ ਨੂੰ ਨਾਲ ਲੈਕੇ ਦਿਲੀ ਪੁਜ ਗਏ ਰਾਹ ਵਿਚ ਕੋਈ ਔਕੜ ਪੇਸ਼ ਨਾ ਆਈ।

Sri Satguru Jagjit Singh Ji eLibrary NamdhariElibrary@gmail.com

੨੫. ਸਤਿਗੁਰੂ ਜੀ ਦਾ ਸਰਸੇ ਪੁਜਣਾ

ਬਠਿੰਡੇ ਤੋਂ ਸਤਿਗੁਰੂ ਜੀ ਪੂਰਬ ਵਲ ਤੁਰ ਪਏ। ਸਿਦਕੀ ਸਿਖ ਨਾਲ ਸਨ। ਮਾਲਵੇ ਦੇ ਸਿੰਘ ਵਿਦਾ ਕਰਕੇ ਵਾਪਸ ਮੁੜ ਗਏ, ਸਤਿਗੁਰੂ ਜੀ ਚੱਲਦੇ ਚਲਦੇ ਸਰਸਾ ਪੁਜੇ। ਸਰਸਾ ਉਸ ਵੇਲੇ ਮਾਮੂਲੀ ਕਸਬਾ ਸੀ, ਫਿਰ ਵੀ ਜਿੰਨੇ ਕੁ ਹਿੰਦੂ ਖੱਤ੍ਰੀਆਂ ਦੇ ਘਰ ਸਨ, ਉਹ ਚੰਗੇ ਸਨ ਸਾਰੇ ਰਜਕੇ ਖਾਂਦੇ ਸੀ।

ਸਤਿਗੁਰੂ ਜੀ ਦਾ ਡੇਰਾ ਪੁਜਿਆ ਦੇਖਕੇ ਇਕ ਖੱਤ੍ਰੀ ਨੇ ਸਿੰਘਾਂ ਕੋਲੋਂ ਪੁਛ ਕੀਤੀ ਕਿਸਦਾ ਡੇਰਾ ਹੈ ? ਅਗੋਂ ਸਿੰਘਾਂ ਉਤਰ ਦਿਤਾ—'ਸਚੇ ਪਾਤਿਸ਼ਾਹ ਕਲਗੀਆਂ ਵਾਲੇ ਪਿਤਾ ਸਤਿਗੁਰੂ ਗੋਬਿੰਦ ਸਿੰਘ ਜੀ ਆਪ ਸਾਥ ਹਨ, ਉਨ੍ਹਾਂ ਦਾ ਡੇਰਾ ਹੈ, ਆਪ ਸਤਿਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਦਸਵੇਂ ਰੂਪ ਹਨ। ਆਪ ਦੀ ਮਹਿਮਾ ਕਥਨ ਨਹੀਂ ਹੋ ਸਕਦੀ, ਜੀਵਾਂ ਨੂੰ ਤਾਰ ਰਹੇ ਹਨ।

ਇਹ ਸੁਣਕੇ ਖੱਤ੍ਰੀ ਘਰ ਆ ਗਿਆ, ਬਾਕੀ ਦੇ ਖੱਤ੍ਰੀਆਂ ਨੂੰ ਇਕੱਠਾ ਕਰਕੇ ਉਸਨੇ ਪ੍ਰੇਰਨਾ ਕੀਤੀ ਕਿ ਸਾਰੇ ਰਲਕੇ ਸਤਿਗੁਰੂ ਜੀ ਤੇ ਸਿੰਘਾਂ ਦੀ ਸੇਵਾ ਕਰੀਏ। ਉਸ ਵੇਲੇ ਸਾਧੂ ਸੰਤ ਤੇ ਮਹਾਂ ਪੁਰਖਾਂ ਦੀ ਸੇਵਾ ਕਰਨੀ ਬਹੁਤ ਚੰਗੀ ਸਮਝੀ ਜਾਂਦੀ ਸੀ, ਕਿਉਂਕਿ ਅਮਨ ਦਾ ਸਮਾਂ ਨਹੀਂ ਸੀ। ਦੂਸਰਾ ਉਸ ਸਮੇਂ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਵਿਚ ਭਗਤੀ ਭਾਵ ਬਹੁਤਾ ਸੀ ਉਸ ਵੇਲੇ ਰਰ ਇਕ ਘਰ ਦਾ ਕੋਈ ਨਾ ਕੋਈ ਗੁਰੂ ਹੁੰਦਾ ਸੀ ਹਰ ਕੋਈ ਕਿਸੇ ਨਾ ਕਿਸੇ ਇਸ਼ਟ ਦੀ ਉਪਾਸ਼ਨਾ ਜ਼ਰੂਰ ਕਰਦਾ ਸੀ। ਸਰਸਾ ਵਰਗੇ ਜੰਗਲੀ ਇਲਾਕੇ ਵਿਚ ਤਾਂ ਕੁਦਰਤੀ ਧਰਮ ਭਾਵ ਸੀ ਕਿਉਂਕਿ ਸ਼ਾਹੂਕਾਰ ਲੋਕ ਚੋਰਾਂ, ਹਕੂਮਤ ਦੇ ਮਾਰੇ ਕਰਿੰਦਿਆਂ ਕੋਲੋਂ ਡਰਦੇ ਰਹੰਦੇ ਸਨ।

ਖੱਤ੍ਰੀਆਂ ਨੇ ਸਤਿਗੁਰੂ ਜੀ ਦਾ ਡੇਰਾ ਇਕ ਖੁਲ੍ਹੀ ਥਾਂ ਤੇ ਕਰਾ ਦਿਤਾ। ਬਹੁਤ ਖੁਸ਼ੀ ਤੇ ਉਤਸ਼ਾਹ ਨਾਲ ਸੇਵਾ ਕੀਤੀ ਸਾਹਿਬਾਂ ਨੇ ਉਨ੍ਹਾਂ ਦਾ ਭਗਤੀ ਭਾਵ ਦੇਖਕੇ ਉਥੇ ਦੀਵਾਨ ਕੀਤਾ ਤੇ ਉਪਦੇਸ਼ ਕੀਤਾ। ਜਿਸ ਵੇਲੇ ਸਾਹਿਬ ਉਪਦੇਸ਼ ਕਰ ਰਹੇ ਸਨ ਤਾਂ ਇਕ ਅਧਖੜ ਇਸੱਤ੍ਰੀ ਵਿਰਲਾਪ ਕਰਦੀ ਹੋਈ ਸਾਹਿਬਾਂ ਦੀ ਹਜ਼ੂਰੀ ਵਿਚ ਪੁਜੀ, ਉਸਨੂੰ ਸਤਿਗੁਰੂ ਜੀ ਨੇ ਹੌਂਸਲਾ ਦਿਤਾ ਤੇ

Sri Satguru Jagjit Singh Ji eLibrary NamdhariElibrary@gmail.com

ਪੁਛਿਆ ਕਿ ਉਸ ਦੇ ਰੋਣ ਦਾ ਕਾਰਨ ਕੀ ਹੈ?

ਉਸ ਇਸਤ੍ਰੀ ਨੇ ਕਿਹਾ—'ਮਹਾਰਾਜ! ਮੇਰੇ ਪਤੀ ਨੂੰ ਖੁਡਾਲਾ ਦੇ ਹਾਕਮ ਨੇ ਮਲੋ ਮਲੀ ਨਿਰਦੋਸ਼ ਭੋਰੇ ਵਿਚ ਸੁਟ ਛਡਿਆ ਹੈ। ਉਹ ਚੰਦਰਾ ਹਾਕਮ ਆਖਦਾ ਹੈ, ਤੁਸਾਂ ਦੀ ਬੇਟੀ ਸੁੰਦਰ ਤੇ ਜਵਾਨ ਹੈ ਉਹ ਮੈਨੂੰ ਦੇ ਦਿਓ। ਪਰ ਸਚੇ ਪਾਤਿਸ਼ਾਹ ਅਸਾਂ ਆਪਣੀ ਬੇਟੀ ਦਾ ਧਰਮ ਬਚਾਉਣ ਦੇ ਬਦਲੇ ਉਸ ਨੂੰ ਦੂਰ ਭੇਜ ਦਿਤਾ ਤੇ ਵਿਆਹ ਦਿਤਾ ਹੈ। ਮੇਰੇ ਪਤੀ ਨੂੰ ਛੁਡਾਇਆ ਜਾਵੇ ਨਹੀਂ ਤੇ ਪਾਪੀ ਮਾਰ ਸੁਟੇਗਾ। ਉਹ ਬਹੁਤ ਕਰੜੇ ਸੁਭਾ ਦਾ ਤੁਰਕ ਹਾਕਮ ਹੈ। ਮੇਰੇ ਤੇ ਦਯਾ ਕਰੋ ਮੇਹਰ ਕਰੋ। ਉਹ ਇਸਤ੍ਰੀ ਦਾ ਇਹ ਤਰਲਾ ਸੁਣਕੇ ਤੇ ਉਹਦੀ ਮੰਦੀ ਦਸ਼ਾ ਦੇਖਕੇ ਸਤਿਗੁਰੂ ਜੀ ਆਸਣ ਤੋਂ ਉਠੇ ਉਸੇ ਵੇਲੇ ਘੋੜੇ ਉਤੇ ਸਵਾਰ ਹੋਵੇ ਤੇ ਨਾਲ ਪੰਜ ਸਿਖ ਲੈਕੇ ਖੁਡਾਲੇ ਨੂੰ ਚੱਲ ਪਏ। ਡੇਰਾ ਸਰਸੇ ਹੀ ਰਿਹਾ ਉਹ ਇਸਤ੍ਰੀ ਵੀ ਸਾਹਿਬਾਂ ਦੇ ਡੇਰੇ ਰਹੀ।

ਖੁਡਾਲਾ ਸਰਸੇ ਤੋਂ ਨੇੜੇ ਹੀ ਸੀ, ਉਥੋਂ ਦਾ ਜ਼ਾਲਮ ਹਾਕਮ ਨਬੀ ਬਖਸ਼ ਸੀ ਉਹ ਬਹੁਤ ਹੀ ਦੁਰਾਚਾਰੀ ਲਾਲਚੀ ਪੁਰਸ਼ ਸੀ, ਸਾਹਿਬਾਂ ਨਿਰਭੈਤਾ ਨਾਲ ਉਹਦੀ ਹਵੇਲੀ ਦੇ ਵਿਚ ਪੁਜ ਕੇ ਨਬੀ ਬਖਸ਼ ਨੂੰ ਹਾਕ ਮਾਰੀ। ਉਹਦੇ ਆਦਮੀ ਬਾਹਰ ਆਏ ਉਹਨਾਂ ਨੇ ਨਬੀ ਬਖਸ਼ ਨੂੰ ਸਦਿਆ ਉਹ ਉਸੇ ਵੇਲੇ ਸ਼ਰਾਬ ਦੇ ਨਸ਼ੇ ਵਿਚ ਚੂਰ ਸੀ। ਸਾਹਿਬਾਂ ਨੇ ਬਿਨਾਂ ਕੁਝ ਆਖੇ ਦੇ ਉਸ ਨੂੰ ਗਲੋਂ ਫੜ ਲਿਆ ਤੇ ਬਚਨ ਕੀਤਾ—'ਦਸ ਗੁਲਾਬਾ ਕਿਥੇ ਹੈ? ਉਸਨੂੰ ਭੋਹਰੇ ਵਿਚ ਕਿਉਂ ਪਾ ਛਡਿਆ ਹੈ। ਤੇਰਾ ਕਾਲ ਨੇੜੇ ਆ ਪੁਜਾ ਹੈ। ਖੁਦਾ ਨੂੰ ਯਾਦ ਕਰਨਾ ਹੈ ਤਾਂ ਕਰ ਲੈ, ਤੇਰੇ ਪਾਪਾਂ ਦਾ ਅੰਤ ਹੋਣ ਲਗਾ ਹੈ ਤੇਰੇ ਜ਼ੁਲਮਾਂ ਦੀ ਪੁਕਾਰ ਦੂਰ ਤਕ ਪੁਜ ਗਈ ਹੈ।

ਨਬੀ ਬਖਸ਼ ਘਾਬਰ ਗਿਆ ਇਕ ਬਾਜ਼ ਵਾਂਗ ਅਚਨਚੇਤ ਸਤਿਗੁਰੂ ਜੀ ਨੇ ਉਸ ਨੂੰ ਇਉਂ ਫੜ ਲਿਆ ਜਿਵੇਂ ਬਾਜ ਕਬੂਤਰ ਨੂੰ ਫੜ ਲੈਂਦਾ ਹੈ। ਦੂਜਾ ਉਹ ਸ਼ਰਾਬੀ ਸੀ, ਤੀਸਰਾ ਉਹਦੇ ਆਦਮੀ ਉਹਦੇ ਕੋਲ ਨਹੀਂ ਸਨ ਉਹ ਤਾਂ ਬਹੁਤ ਭੈ ਭੀਤ ਹੋਇਆ, ਉਸ ਨੇ ਸਾਹਿਬਾਂ ਅਗੇ ਜਾਨ ਦਾ ਤਰਲਾ ਕੀਤਾ—ਹੇ ਖੁਦਾ ਦੇ ਬੰਦੇ! ਮੈਂ ਪਾਪੀ ਜ਼ਰੂਰ ਹਾਂ, ਮੈਂ ਦੁਰਾਚਾਰੀ ਹਾਂ ਪਰ ਮੇਰਾ

Sri Satguru Jagjit Singh Ji eLibrary NamdhariElibrary@gmail.com

ਗੱਲ ਛਡਦੇ ਮੈਨੂੰ ਰਤਾ ਸਾਹ ਲੈ ਦੇਣ ਦੇਹ, ਫਿਰ ਮੈਂ ਕੁਝ ਦਸਾਂਗਾ। ਮੇਰੀ ਜਾਨ ਬਖਸ਼ੀ ਕਰ, ਖ਼ੁਦਾ ਦੇ ਵਾਸਤੇ ਮੇਰੇ ਤੇ ਮਿਹਰ ਕਰ, ਮੈਂ ਹੁਣੇ ਹੀ ਗੁਲਾਬੇ ਨੂੰ ਕੋਹਰੇ ਵਿਚੋਂ ਬਾਹਰ ਮੰਗਵਾ ਦੇਂਦਾ ਹਾਂ।

ਉਸਦੇ ਝੂਠ ਬੋਲਣ ਤੇ ਸਤਿਗੁਰੂ ਜੀ ਨੂੰ ਹੋਰ ਕ੍ਰੋਧ ਆਇਆ, ਸਾਹਿਬਾਂ ਨੇ ਉਸ ਨੂੰ ਹਲੂਣ ਕੇ ਕਿਹਾ–'ਮਰਨ ਵੇਲੇ ਵੀ ਝੂਠ ਬੋਲਣੋਂ ਨਹੀਂ ਟਲਦਾ।' ਗੁਲਾਬੇ ਨੇ ਚੋਰੀ ਨਹੀਂ ਕੀਤੀ ਸਗੋਂ ਤੂੰ ਝੂਠੀ ਚੋਰੀ ਕੀਤੀ ਹੈ। ਡਾਕਾ ਮਾਰਨ ਦੀ ਨੀਤ ਕੀਤੀ ਸੀ ਉਸਦੀ ਜਵਾਨ ਰੂਪਵਤੀ ਲੜਕੀ ਨੂੰ ਆਪਣੇ ਘਰ ਪੌਣਾ ਚਾਹੁੰਦਾ ਸੀ। ਕੀ ਇਹ ਗਲ ਠੀਕ ਹੈ? ਪਾਪੀ ਤੇਰੇ ਵਰਗੇ ਬੰਦਿਆ ਦਾ ਧਰਤੀ ਤੇ ਜੀਉਣਾ ਚੰਗਾ ਨਹੀਂ। ਤੈਨੂੰ ਅਜ ਨਰਕਾਂ ਨੂੰ ਭੇਜਿਆ ਜਾਵੇਗਾ।'

ਸਾਹਿਬ ਇਸਤਰਾਂ ਨਬੀ ਬਖਸ਼ ਨੂੰ ਡਰਾ ਰਹੇ ਸਨ ਕਿ ਨਬੀ ਬਖਸ਼ ਦੀ ਬੇਗਮ ਆ ਪੁਜੀ ਉਸ ਨੇ ਸਤਿਗੁਰੂ ਜੀ ਦੇ ਚਰਨ ਫੜ ਲਵੇ। ਚਰਨ ਫੜ ਕੇ ਰੋ ਰੋ ਤੇ ਕੰਬ ਕੰਬਕੇ ਤਰਲਾ ਕੀਤਾ--'ਹੇ ਖ਼ੁਦਾ ਰੂਪ ਪੀਰ ਜੀ! ਮੈਨੂੰ ਰੰਡੀ ਨਾ ਕਰੋ ਮੇਰੇ ਤੇ ਤਰਸ ਕਰੋ ਇਸਦੀ ਜਾਨ ਬਖਸ਼ੀ ਕਰੋ'

ਸਤਿਗੁਰੂ ਜੀ ਨੇ ਨਬੀ ਬਖਸ਼ ਨੂੰ ਛਡ ਦਿਤਾ ਤੇ ਉਸ ਦੀ ਬੇਗਮ ਨੂੰ ਬਾਹੋਂ ਫੜਕੇ ਉਪਰ ਖਲਿਆਰ ਕੇ ਕਿਹਾ–'ਬੇਟੀ! ਇਸ ਪਾਪੀ ਨੂੰ ਡੰਨ ਦੇਣਾ ਹੀ ਚੰਗਾ ਹੈ। ਤੇਰੇ ਵਰਗੀ ਦੇਵੀ ਕੋਲ ਹੁੰਦਿਆਂ ਹੋਇਆ ਵੀ ਦੂਸਰਿਆਂ ਦੀਆਂ ਨੂੰਹਾਂ ਧੀਆਂ ਨਾਲ ਧੱਕਾ ਕਰਦਾ ਹੈ। ਖੁਦਾ ਕੋਲੋਂ ਮੂਲ ਨਹੀਂ ਡਰਦਾ। ਐਸਾ ਪਾਪੀ ਪੁਰਸ਼ ਹਾਕਮ ਨਹੀਂ ਹੋਣਾ ਚਾਹੀਦਾ।'

ਨਬੀ ਬਖਸ਼ ਤਾੜ ਗਿਆ ਕਿ ਕੋਈ ਵਲੀ ਪੀਰ ਖੁਦਾ ਦੇ ਹੁਕਮ ਨਾਲ ਆਇਆ ਹੈ ਨਹੀਂ ਤਾਂ ਬੰਦੇ ਦੀ ਕੀ ਮਜਾਲ ਕਿ ਉਹ ਨਬੀ ਬਖਸ਼ ਦੀ ਹਵੇਲੀ ਵਿਚ ਪੁਜੇ। ਉਹ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ ਤੇ ਤੋਬਾ ਤੋਬਾ ਕਰਨ ਲਗ ਪਿਆ ਉਸ ਦੀਆਂ ਧਾਹੀਂ ਨਿਕਲ ਗਈਆਂ। ਉਹ ਪਾਪੀ ਨਿਰਬਲ ਆਤਮਾ ਰੋਣ ਲਗ ਪਈ। ਉਸ ਵੇਲੇ ਸਤਿਗੁਰੂ ਜੀ ਵੀ ਉਸ ਦਾ ਰੋਣ ਸੁਣਕੇ ਮੇਹਰ ਦੇ ਘਰ ਆ ਪੁਜੇ। ਸਾਹਿਬਾਂ ਨੇ ਉਸੇ ਵੇਲੇ ਹੁਕਮ ਕੀਤਾ–'ਪਹਿਲਾਂ ਗੁਲਾਬੇ ਨੂੰ ਬਾਹਰ ਲਿਆਉ।'

Sri Satguru Jagjit Singh Ji eLibrary NamdhariElibrary@gmail.com

ਉਸੇ ਵੇਲੇ ਨਬੀ ਬਖਸ਼ ਗੁਲਾਬੇ ਨੂੰ ਭੋਹਰੇ ਵਿਚੋਂ ਕੱਢ ਲਿਆਇਆ ਉਸਦਾ ਹੁਲੀਆ ਬਹੁਤ ਖਰਾਬ ਹੋਇਆ ਹੋਇਆ ਸੀ। ਉਹ ਭੁਖ,ਦੀ ਮਾਰ ਦੇ ਕਾਰਨ ਡੌਲ ਰਿਹਾ ਸੀ ਉਹਦਾ ਸਰੀਰ ਸੁਕ ਗਿਆ ਤੇ ਅਖਾਂ ਅੰਦਰ ਵੜੀਆਂ ਹੋਈਆਂ ਸਨ। ਸਤਿਗੁਰੂ ਜੀ ਨੇ ਉਸ ਨੂੰ ਦੇਖਿਆ ਤੇ ਨਬੀ ਬਖਸ਼ ਨੂੰ ਕਿਹਾ—ਦੇਖ! ਦਿਸ ਖੁਦਾ ਦੇ ਬੰਦੇ ਨੂੰ ਜੀਉਂਦੇ ਜੀ ਇਸ ਦੋਜ਼ਕ ਵਿਚ ਸੁਟਿਆ ਹੈ, ਕਿ ਤੈਨੂੰ ਖੁਦਾ ਦੋਜ਼ਕ ਦੀ ਅੱਗ ਵਿਚ ਨਾ ਸਾੜੂ ? ਕੀ ਤੂੰ ਆਸ ਕਰ ਸਕਦਾ ਹੈਂ ਕਿ ਖੁਦਾ ਤੈਨੂੰ ਬਹਿਸ਼ਤ ਵਿਚ ਥਾਂ ਦੇਵੇਗਾ ? ਕੀ ਕੁਲ ਨਾਸ ਕਰਨ ਦਾ ਸਾਧਨ ਨਹੀ ਕੀਤਾ ?

'ਹਾਂ ਸਾਈਂ ! ਸਭ ਕੁਝ ਕੀਤਾ'ਹੈ ਮੇਹਰ ਕਰੋ ! ਬਖਸ਼ੋ ! ਬੰਬਾ ਭੁਲ ਗਿਆ । ਰਾਜਸੀ ਸ਼ਕਤੀ ਦੇ ਕਾਰਨ ਖ਼ੁਦਾ ਚੇਤੇ ਨਹੀਂ ਰਿਹਾ। ਮੇਹਰ ਕਰੋ ਦੋਜ਼ਕ ਦੀ ਅੱਗ ਤੋਂ ਬਚਾਓ। ਸਾਧਨ ਦਸੋ ਕਿਵੇਂ ਬਚ ਸਕਦਾ ਹਾਂ। ਮੈਂ ਤੋਬਾ ਕਰਦਾ ਹਾਂ ਕਿ ਅਗੇ ਨੂੰ ਪਾਪ ਕਰਮ ਨਹੀਂ ਕਰਾਂਗਾ ਜੋ ਕੁਝ ਪਿਛੇ ਹੋ ਗਿਆ ਉਸਦੀ ਖਿਮਾਂ ਬਖਸ਼ੀ ਜਾਵੇ।'

ਸਾਹਿਬਾਂ ਨੇ ਉਪਦੇਸ਼ ਦੇ ਕੇ ਨਬੀ ਬਖਸ਼ ਨੂੰ ਸਿਧੇ ਰਸਤੇ ਪਾਇਆ ਤੇ ਆਪ ਗੁਲਾਬੇ ਨੂੰ ਨਾਲ ਲੈ ਕੇ ਸਰਸੇ ਆ ਪੁਜੇ। ਸਾਹਿਬਾਂ ਦੀ ਇਸ ਦਲੇਰੀ ਤੇ ਸਚਾਈ ਦਾ ਅਸਰ ਲੋਕਾਂ ਦੇ ਮਨਾਂ ਉਤੇ ਬਹੁਤ ਪਿਆ ਸਾਰੇ 'ਧੰਨ ਸਤਿਗੁਰੁ ਜੀ, ਧੰਨ ਸਤਿਗੁਰੂ ਜੀ ਆਖਣ ਲਗ ਪਏ ।

ਜੋ ਸਤਿਗੁਰੂ ਜੀ ਦੇ ਦਰਸ਼ਨ ਕਰਨ ਨਹੀਂ ਆਏ ਸੀ ਗੁਲਾਬੇ ਦੇ ਆਉਣ ਤੇ ਉਹ ਵੀ ਸਾਹਿਬਾਂ ਦੇ ਦਰਸ਼ਨ ਕਰਨ ਆਏ। ਸਾਰੀ ਖਲਕਤ ਹੁਮ ਹੁਮਾ ਕੇ ਪੁਜ ਗਈ, ਘਰ ਤੇ ਘਰ ਤੇ ਥੜੇ ਥੜੇ ਤੇ ਚਰਚਾ ਹੋਣ ਲਈ।

ਜਦੋਂ ਇਸਤਰਾਂ ਉਪਮਾ ਹੋਣ ਲਗੀ ਤਾਂ ਸ਼ਹਿਰ ਦੇ ਪੰਡਤ ਜੋ ਬੁਤ ਪੂਜਾ ਕਰਦੇ ਤੇ ਆਨੇ ਬਹਾਨੇ ਨਾਲ ਜਨਤਾ ਨੂੰ ਲੁਟਦੇ ਸਨ ਉਹ ਈਰਖਾ ਨਾਲ ਸੜ ਬਲ ਗਏ ਦੂਸਰੇ ਉਥੇ ਮੁਸਲਮਾਨ ਪੀਰ ਰਹਿੰਦੇ ਸਨ ਉਨ੍ਹਾਂ ਦੇ ਵੀ ਢਿਡ ਪੀੜ ਹੋਈ ਉਹ ਵੀ ਬਹੁਤ ਤੰਗ ਹੋਏ। ਉਨ੍ਹਾਂ ਨੇ ਫੈਸਲਾ ਕੀਤਾ ਕਿ ਸਤਿਗੁਰੂ ਜੀ ਨਾਲ ਚਰਚਾ ਕਰਕੇ ਜਨਤਾ ਵਿਚ ਅਸਰ ਰਸੂਖ ਕਾਇਮ ਰਖਿਆ ਜਾਵੇ।

Sri Satguru Jagjit Singh Ji eLibrary NamdhariElibrary@gmail.com

ਉਹ ਪੀਰ ਖ਼ੁਵਾਜਾ ਖਿਜ਼ਰ ਦੀ ਦਰਗਾਹ ਤੇ ਸਭ ਇਕਠੇ ਹੋ ਕੇ ਆਏ ਉਨ੍ਹਾਂ ਨੇ ਸਾਹਿਬਾਂ ਨੂੰ ਕਿਹਾ—'ਪੀਰ ਜੀ ! ਤੁਸੀਂ ਜੋ ਬੁਤ ਪੂਜ ਤੇ ਮੜ੍ਹੀ ਮਸ਼ਾਣ ਦੀ ਵਿਰੋਧਤਾ ਕਰਦੇ ਹੋ ਇਹ ਠੀਕ ਨਹੀਂ ।'

ਸਾਹਿਬਾਂ ਨੇ ਉਤਰ ਇਤਾ—'ਸਭ ਦਾ ਕਰਤਾ ਹਰਤਾ ਖ਼ੁਦਾ ਹੈ। ਜਿਸ ਨੂੰ ਅਕਾਲ ਪੁਰਖ, ਰਹੀਮ, ਭਗਵਾਨ, ਈਸ਼ਵਰ ਤੇ ਪ੍ਰਮਾਂਤਮਾ ਆਦਿਕ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਉਸ ਦਾ ਨਾ ਚੋਈ ਸ਼ੀਕ ਹੈ ਤੇ ਨਾਂ ਉਹ ਰੂਪਾਂ ਵਿਚ ਹੈ । ਉਹ ਅਰੂਪ ਹੈ। ਇਸ ਵਾਸਤੇ ਪੂਜਾ ਉਸਦੀ ਹੋ ਸਕਦੀ ਹੈ ਉਹ ਵੀ ਸਖਤੀ ਨਾਲ ਇਸ ਤਰ੍ਹਾਂ ਨਹੀਂ ਜਿਵੇਂ ਤੁਸੀਂ ਕਰਦੇ ਹੋ। ਤੁਸੀਂ ਤਾਂ ਜਗਤ ਨੂੰ ਧੋਖਾ ਦੇਂਦੇ ਹੋ ਪਰ ਖ਼ੁਦਾ ਨੂੰ ਧੋਖਾ ਨਹੀਂ ਦੇ ਸਕਦੇ। ਇਸ ਧੋਖੇ ਦੇ ਕਰਮ ਦਾ ਫਲ ਤੁਸਾਂ ਨੂੰ ਜਰੂਰ ਭੁਗਤਣਾਂ ਪਵੇਗਾ। ਇਸ ਤਰ੍ਹਾਂ ਦੀਆਂ ਸੱਚੀਆਂ ਗਲਾਂ ਸੁਣਕੇ ਸਾਰੇ ਮਜ਼ੌਰ ਚੁਪ ਚਾਪ ਤੁਰ ਗਏ।

੨੬. ਜੈਨੀਆਂ ਨੂੰ ਉਪਦੇਸ਼ ਕਰਨਾ

ਸਰਸਾ ਤੋਂ ਚਲਕੇ ਸਤਿਗੁਰੂ ਜੀ ਨਿਕੇ ਨਿਕੇ ਕਸਬਿਆਂ ਵਿਚ ਵਸਦੇ ਜੀਵਾਂ ਨੂੰ ਤਾਰਦੇ ਹੋਦੇ ਛੀਨਤਲਾਈ (ਨੌਹਰ ਸ਼ਹਿਰ) ਜਾ ਪੁਜੇ, ਉਸ ਸ਼ਹਿਰ ਦੇ ਹਿੰਦੂ ਜੈਨ ਮਤ ਦੇ ਧਾਰਨੀ ਸਨ । ਜੈਨੀ ਲੋਕ ਮਾਸ ਨਹੀਂ ਖਾਂਦੇ ਤੇ ਨਾਂ ਹੀ ਕਿਸੇ ਤਰ੍ਹਾ ਦੀ ਜੀਵ ਹਤਿਆ ਕਰਦੇ ਹਨ, ਪਰ ਮਨੁਖਾਂ ਨੂੰ ਲੁਟਕੇ ਮਾਯਾ ਜ਼ਰੂਰ ਇਕਠੀ ਕਰਦੇ ਹਨ ਗਰੀਬਾਂ ਨਾਲ ਹਮਦਰਦੀ ਨਹੀਂ ਕਰਦੇ ।

ਸਤਿਗੁਰੂ ਜੀ ਦੇ ਇਕ ਸਿਖ ਦੇ ਪੈਰ ਹੇਠਾਂ ਆਕੇ ਕਬੂਤਰ ਦੀ ਮੌਤ ਹੋ ਗਈ ਕਿਉਂਕਿ ਜੈਨੀ ਮੰਦਰ ਵਿਚ ਕਬੂਤਰ ਅਨਗਿਣਤ ਸਨ । ਉਹ ਦਾਣੇ ਤੇ ਲਗੇ ਹੋਏ ਪੈਰਾਂ ਵਿਚ ਨਹੀਂ ਸਨ ਉਡਦੇ ਤੇ ਨਾ ਪੁਰਸ਼ ਕੋਲੋਂ ਡਰਦੇ ਸਨ । ਕਬੂਤਰ ਦੇ ਮਰਨ ਤੇ ਜੈਨੀ ਪੁਜਾਰੀਆਂ ਨੇ ਰੌਲਾਂ ਪਾ ਦਿਤਾ। ਇਕ ਪੁਜਾਰੀ ਨੇ ਕਿਹਾ 'ਦੇਵ ਪੰਛੀ ਦੀ ਮੌਤ ਹੋ ਗਈ ਹੈ। ਜੀਵ ਹਤਿਆ ਲਗੇਗੀ ਮਾਰਨ ਵਾਲੇ ਪੁਰਸ਼ ਨੂੰ ਹਤਿਆ ਦਾ ਪ੍ਰਾਸਚਿਤ ਕਰਨਾ ਚਾਹੀਦਾ ਹੈ ਇਸਨੇ ਬਹੁਤ ਮਾੜਾ ਕੀਤਾ ਹੈ। ਦੇਵ ਪੰਛੀ ਨੂੰ ਅਜ ਤਕ ਕਿਸੇ ਨੇ ਨਹੀਂ ਮਾਰਿਆ ਇਹ ਪਾਪੀ ਹੈ।'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਉਸ ਪੁਜਾਰੀ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਇਸ ਤਰਾਂ ਨਹੀਂ ਕਰਨਾ ਚਾਹੀਦਾ। ਜੀਵ ਜਿਹੜੇ ਤੁਮੇ ਹਨ ਉਹ ਕਿਸੇ ਨੇ ਕਿਸੇ ਵਸੀਲੇ ਨਾਲ ਮਰਦੇ ਜਾਣੇ ਹਨ। ਕੋਈ ਪਾਪ ਨਹੀਂ ਕਬੂਤਰ ਦੇ ਮਰਨ ਦਾ। ਇਹ ਮਰਨ ਵਾਸਤੇ ਹੀ ਜੀਉਂਦੇ ਹਨ। ਮਨੁਖ ਦੀ ਖੁਰਾਕ ਹਨ।'

ਸਤਿਗੁਰੂ ਜੀ ਦਾ ਇਹ ਬਚਨ ਸੁਣਕੇ ਜੈਨੀ ਤਾਂ ਸਿਰ ਤੋਂ ਪੈਰਾਂ ਤਕ ਸੜ ਬਲ ਕੇ ਆਪੇ ਤੋਂ ਬਾਹਰ ਹੋ ਗਏ, ਉਨ੍ਹਾਂ ਨੇ ਡਾਢਾ ਰੋਲਾ ਪਾਇਆ। ਆਪ ਚੰਗੇ ਸੰਤ ਹੋ ਜਿਹੜੇ ਜੀਵ ਹਤਿਆ ਦਾ ਪ੍ਰਚਾਰ ਕਰਦੇ ਹੋ। ਹਿੰਸਾਵਾਦ ਨੂੰ ਏਥੇ ਥਾਂ ਨਹੀਂ ਜੇ ਕੋਈ ਕਰਮਾਤ ਰਖਦੇ ਹੋ ਕੋਈ ਬ੍ਰਹਮ ਸ਼ਕਤੀ ਦਾ ਬਲ ਹੈ ਤਾਂ ਮਾਰੋ ਖਾਂ ਭਲਾ ਸਾਰੇ ਕਬੂਤਰ ਨੂੰ? ਐਵੇਂ ਸੰਤ ਗੀਰੀ ਦਾ ਢੋਂਗ ਰਚੀ ਫਿਰਦੇ ਹੋ। ਸ਼ਿਕਾਰ ਖੇਡਣਾ, ਬਾਜ, ਤਲਵਾਰ, ਬੰਦੂਕ, ਊਠ, ਘੋੜੇ ਤੇ ਸੇਵਕ ਨਾਲ ਲਈ ਫਿਰਦੇ ਹੋ।'

ਜੈਨੀ ਪੁਜਾਰੀਆਂ ਦੀ ਅਗਿਆਨਤਾ, ਕੁੜਤਣ ਤੇ ਕਰੋਧਤਾ ਉਪਰ ਸਤਿਗੁਰੂ ਜੀ ਨਰਾਜ਼ ਨਹੀਂ ਹੋਏ। ਉਨ੍ਹਾਂ ਨੇ ਇਕ ਨਿਰਾਲੀ ਹੀ ਮੁਸਕ੍ਰਾਹਟ ਨਾਲ ਬਚਨ ਕੀਤਾ—'ਫਿਕੇ ਬਚਨ ਨਹੀਂ ਬੋਲਣੇ ਚਾਹੀਦੇ। ਪੁਰਖ ਨੂੰ ਧਾਰਿਮਕ ਅਸਥਾਨ ਦਾ ਪੁਜਾਰੀ ਹੋ ਕੇ ਕਦੀ ਕਰੋਧ ਨਹੀਂ ਕਰਨਾ ਚਾਹੀਦਾ ਪਰ ਜੇ ਤੁਸੀ ਕਹਿੰਦੇ ਹੋ ਤਾਂ ਲਓ ਫਿਰ ਸਾਰੇ ਕਬੂਤਰ ਸੋਂ ਗਏ।'

ਇਹ ਬਚਨ ਕਰਨ ਦੀ ਢਿਲ ਹੀ ਸੀ ਕਿ ਮੰਦ੍ਰ ਦੀ ਚਾਰ ਦੀਵਾਰੀ ਵਿਚ ਜਿੰਨੇ ਕਬੂਤਰ ਸਨ ਤੇ ਜਿਥੇ ਜਿਥੇ ਚੋਗਾ ਚੁਗ ਰਹੇ ਸਨ, ਕਈ ਗੁਟਕੂ ੨ ਕਰਦੇ ਸਨ ਉਹ ਸਾਰੇ ਉਥੇ ਦੇ ਉਥੇ ਸੋਂ ਗਏ। ਧੌਣਾਂ ਸੁਟ ਦਿਤੀਆਂ ਦੇਖਣ ਵਾਲਿਆਂ ਨੂੰ ਪ੍ਰਤੀਤ ਹੋਇਆ ਕਿ ਉਹ ਮਰ ਗਏ ਹਨ। ਇਹ ਕੌਤਕ ਦੇਖਕੇ ਪੁਜਾਰੀ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ, ਉਸਦਾ ਸਿਰ ਚਕ੍ਰਾਉਣ ਲਗ ਪਿਆ। ਉਹ ਸਤਿਗੁਰੂ ਜੀ ਵਲ ਤੇ ਕਬੂਤਰਾਂ ਵਲ ਭੌਰਾ ਡੌਰਾ ਹੋ ਕੇ ਦੇਖਦਾ ਰਿਹਾ। ਉਹ ਗਲ ਕਰਨ ਜੋਗਾ ਨਾ ਰਿਹਾ, ਜਿਹੜੇ ਹੋਰ ਦੇਖਣ ਵਾਲੇ ਸਨ ਉਹ ਘਬਰਾ ਕੇ ਚਲੇ ਗਏ ਸ਼ਹਿਰ ਵਿਚ ਰੌਲਾ ਮਚ ਗਿਆ—'ਮੰਦਰ ਦੇ ਕਬੂਤਰ ਸਾਰੇ ਮਰ ਗਏ। ਹੁਣ ਹੇਠਲੀ ਉਤੇ ਹੋਵੇਗੀ ਜ਼ਰੂਰ ਦੁਨੀਆਂ ਗਰਕ

Sri Satguru Jagjit Singh Ji eLibrary NamdhariElibrary@gmail.com

ਹੋਵੇਗੀ। ਕਿਸੇ ਨੇ ਸ਼ੋਰ ਮਚਾਇਆ। ਇਕ ਸਾਧੂ ਆਇਆ ਹੈ ਉਸਦੇ ਬਚਨ ਨਾਲ ਸਾਰੇ ਕਬੂਤਰ ਮਰ ਗਏ, ਦੇਵ ਪੰਛੀਆਂ ਦੀ ਮੌਤ ਭਲੇ ਦੀ ਮੌਤ ਨਹੀਂ। ਇਹ ਸ਼ਹਿਰ ਜ਼ਰੂਰ ਗਾਰਕ ਹੋ ਜਾਵੇਗਾ। ਕੋਈ ਉਪਰਾਲਾ ਕਰੋ, ਜਤਨ ਕਰੋ, ਹੋਮ ਜਗ ਕਰੋ। ਸਾਧੂ (ਸਤਿਗੁਰੂ ਜੀ ਦੇ ਚਰਨੀ ਲਗੇ। ਜਿੰਨੇ ਜੀ ਮੂੰਹ ਓਨੀਆਂ ਹੀ ਕਿਸਮਾਂ ਦੀਆਂ ਗਲਾਂ ਸਨ। ਕੋਈ ਕਿਸੇ ਦੀ ਸੁਣਦਾ ਸੀ ਤੇ ਕੋਈ ਨਹੀਂ ਸੀ ਸੁਣਦਾ ਸਤਿਗੁਰੂ ਜੀ ਤੇ ਸਿੰਘ ਖੜੋਤੇ ਮੁਸਕ੍ਰਾਈ ਜਾਂਦੇ ਸਨ।

'ਹੇ ਮਹਾਂ ਪੁਰਸ਼ੋ! ਇਹ ਆਪ ਨੇ ਕੀ ਕੀਤਾ? ਸਾਰੇ ਕਬੂਤਰ ਮਾਰ ਦਿਤੇ। ਇਹ ਹਤਿਆ ਕਿਸ ਨੂੰ ਲਗੇਗੀ?'

ਇਕ ਸੇਠ ਨੇ ਸਤਿਗੁਰੂ ਜੀ ਤੋਂ ਪੁਛਿਆ।

ਇਹ ਹਤਿਆ ਕੁਝ ਅਸਾਂ ਨੂੰ ਲਗੇਗੀ ਤੇ ਕੁਝ ਸ਼ਹਿਰ ਵਾਸੀਆਂ ਨੂੰ ਜਿਹਨਾਂ ਨੇ ਹਤਿਆ ਕੀਤੀ ਹੈ ਤੇ ਕਰਦੇ ਰਹੇ ਹਨ।

ਸਤਿਗੁਰੂ ਜੀ ਦਾ ਉਤਰ ਸੀ।

ਸਾਰੇ ਜੈਨੀ ਇਕਠੇ ਹੋਏ ਪੁਜਾਰੀਆਂ ਦੀਆਂ ਅਖਾਂ ਖੁਲੀਆਂ ਤੇ ਗੁਰੂ ਜੀ ਦੀ ਚਰਨੀ ਡਿਗ ਕੇ ਇਉਂ ਆਖਣ ਲਗੇ—'ਹੇ ਦਾਤਾ! ਦਇਆ ਕਰੋ ਅਸਾਂ ਦੀ ਭੁਲ ਬਖਸ਼ੋ। ਆਪ ਦੀ ਸ਼ਕਤੀ ਪ੍ਰਖਕੇ ਭੁਲ ਕੀਤੀ ਇਹ ਕੁਝ ਨਹੀਂ ਸੀ ਕਰਨਾ ਚਾਹੀਦਾ। ਹੁਣ ਇਹਨਾਂ ਦੇਵ ਪੰਛੀਆਂ ਨੂੰ ਸੁਰਜੀਤ ਕਰੋ, ਇਨ੍ਹਾਂ ਦੇ ਬਿਨਾਂ ਇਹ ਸ਼ਹਿਰ ਤੇ ਮੰਦਰ ਸੁਨਾ ਹੋ ਜਾਵੇਗਾ।'

ਪੁਜਾਰੀਆਂ ਤੇ ਸ਼ਹਿਰ ਦਾ ਤਰਲਾ ਸੁਣਕੇ ਸਤਿਗੁਰੂ ਜੀ ਦਇਆ ਦੇ ਘਰ ਆਏ। ਉਨ੍ਹਾਂ ਨੇ ਬਚਨ ਕੀਤਾ—'ਹੱਛਾ! ਜਾਓ ਚੋਗ ਲਿਆਉ। 'ਵਾਹਿ-ਗੁਰੂ' ਸਬਦ ਜ਼ਬਾਨੋਂ ਉਚਾਰ ਕੇ ਚੋਗ ਖਿਲਾਰੋ ਤਾਂ ਸਾਰੇ ਪੰਛੀ ਸੁਰਜੀਤ ਹੋ ਜਾਣਗੇ ਪਰ ਜਿਹੜਾ ਪਹਿਲੋਂ ਮਰਿਆ ਹੈ ਉਹ ਨਹੀਂ ਉਠੇਗਾ ਕਿਉਂਕਿ ਉਹ ਪ੍ਰਭੂ ਦੇ ਹੁਕਮ ਨਾਲ ਮਰਿਆ ਹੈ। ਉਸਦੀ ਰੂਹ ਉਡ ਗਈ ਹੈ ਉਹ ਕਾਲ ਚੱਕਰ ਵਿਚੋਂ ਨਿਕਲ ਗਿਆ ਹੈ। ਉਸਦੀ ਮੁਕਤੀ ਹੋ ਗਈ ਹੈ।

ਸਾਹਿਬਾਂ ਦੇ ਇਹ ਬਚਨ ਸੁਣਕੇ ਜੈਨੀ ਨਠੇ ਗਏ, ਚੋਗ (ਦਾਣੇ) ਲੈ ਆਏ ਵਾਹਿਗੁਰੂ ਆਖ ਕੇ ਚੋਗ ਸੁਟੀ ਗਏ ਤਾਂ ਕਬੂਤਰ ਉਠਕੇ ਚੋਗ ਚੁਗਦੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਗਏ, ਐਥੋਂ ਤਕ ਕਿ ਸਾਰੇ ਕਬੂਤਰ ਮੁੜ ਸੁਰਜੀਤ ਹੋ ਗਏ ਪਰ ਉਹ ਕਬੂਤਰ ਨਾ ਉਠਿਆ ਜਿਹੜਾ ਸਿੰਘ ਦੇ ਪੈਰਾਂ ਹੇਠ ਆਕੇ ਮਰਿਆ ਸੀ।

ਇਹ ਕੌਤਕ ਦੇਖ ਕੇ ਸ਼ਹਿਰ ਵਾਸੀ ਬਹੁਤ ਹੈਰਾਨ ਤੇ ਸਤਿਗੁਰੂ ਜੀ ਦੇ ਸ਼ਰਧਾਲੂ ਬਣੇ। ਸਾਹਿਬਾਂ ਨੇ ਸਾਰੇ ਜੈਨੀਆਂ ਨੂੰ ਕਿਹਾ—'ਹੇ ਮਹਾਂਬੀਰ ਦੇ ਪੁਜਾਰੀਓ! ਤੁਸੀਂ ਜੀਵਨ ਤੋਂ ਦੂਰ ਜਾ ਰਹੇ ਹੋ, ਸੱਤਯ ਦੀ ਪੂਜਾ ਕਰਨ ਦਾ ਥਾਂ ਝੂਠ ਦੇ ਸੇਵਕ ਬਣ ਰਹੇ ਹੋ। ਪੰਛੀ ਦਾ ਮਾਰਨਾ ਜਾਂ ਮਰਨਾ ਜੀਵ ਹਤਿਆ ਨਹੀਂ। ਇਹ ਤੁਸਾਂ ਦਾ ਭਰਮ ਹੈ । ਵਹਿਮ ਹੈ ਅਸਲ ਜਿਹੜੀ ਜੀਵ ਹਤਿਆ ਹੋ ਰਹੀ ਹੈ। ਉਧਰ ਤੁਸੀਂ ਧਿਆਨ ਹੀ ਨਹੀਂ ਦੇਂਦੇ, ਪਾਪ ਮਹਾਂ ਭਿਆਨਕ ਪਾਪ ਹੋ ਰਹੇ ਹਨ। ਭਾਰਤ ਮਾਤਾ ਪਾਪਾਂ ਦੇ ਕਾਰਨ ਘਬਰਾ ਗਈ। ਉਹਨਾਂ ਪਾਪਾਂ ਦਾ ਸ਼ਾਇਦ ਤੁਸਾਂ ਨੂੰ ਗਿਆਨ ਨਹੀਂ। ਸੁਣੋ ਅਸੀਂ ਤੁਸਾਂ ਨੂੰ ਦਸਦੇ ਹਾਂ। ਓਹ ਪਾਪ ਇਹ ਹੈ ਕਿ ਪ੍ਰਦੇਸੀ ਤੁਰਕ, ਮੁਗਲ ਤੇ ਪਠਾਣ ਹਿੰਦੂ ਧਰਮ ਸਭਿਅਤਾ ਸਦਾਚਾਰ, ਨਾਰੀ ਧਰਮ, ਵੇਦ ਗਰੰਥ ਤੇ ਮੰਦਰਾਂ ਦੀ ਹੋਂਦ ਨੂੰ ਨਸ਼ਟ ਕਰ ਰਿਹਾ ਹੈ। ਹਜ਼ਾਰਾਂ ਦੇਵੀਆਂ ਤੇ ਪੁਰਸ਼ਾਂ ਨੂੰ ਕੋਹਲੂ ਦੇ ਬੈਲ ਵਾਂਗ ਵਿਗਾਹੇ ਜੋਇਆ ਜਾਂਦਾ ਹੈ। ਕੁਟ ਕੁਟ ਕੇ ਭੁਖਿਆਂ ਮਾਰਿਆ ਜਾਂਦਾ ਹੈ, ਦੇਵੀਆਂ ਦੇ ਸਤ ਭੰਗ ਕੀਤੇ ਜਾਂਦੇ ਹਨ । ਦੇਵ ਪੂਜਾ ਬੰਦ ਹੋ ਰਹੀ ਹੈ। ਇਹ ਜੀਵ ਹਤਿਆ ਨਹੀਂ ? ਬਦੇਸ਼ੀ ਹੁਕਮਰਾਨ ਤੇ ਜ਼ਾਲਮ ਚੰਗੇਜ਼ ਦੇ ਜੁਲਮ ਨੂੰ ਸਹਿਣਾ ਤੇ ਗੁਲਾਮ ਹੋ ਕੇ ਰਹਿਣਾ ਹੀ ਮਹਾਂ ਪਾਪ ਨਹੀਂ । ਕਬੂਤਰ ਮਰੇ ਦਾ ਤਰਸ ਆਉਂਦਾ ਹੈ। ਪਰ ਕੀ ਬੰਦੇ ਮਰੇ ਦਾ ਤਰਸ ਨਹੀਂ ? ਔਰੰਗਜ਼ੇਬ ਨੇ ਮਥਰਾ, ਬਿੰਦਰਾਪਨ, ਹਰਿਦੁਆਰ ਤੇ ਹੋਰ ਥਾਂਵਾਂ ਦੇ ਮੰਦਰ ਢਾਹ ਢੇਰੀ ਕੀਤੇ ਹਨ, ਕਿ ਇਹ ਪਾਪ ਨਹੀਂ ! ਜ਼ਾਲਮ ਦੇ ਜ਼ੁਲਮਾਂ ਦਾ ਅੰਤ ਕਰਨ ਲਈ ਕਦੀ ਕੁਝ ਸੋਚਿਆ ਹੈ ?'

ਸਤਿਗੁਰੂ ਦੀ ਦੀਆਂ ਖਰੀਆਂ ਗੱਲਾਂ ਸੁਣਕੇ ਜੈਨੀ ਘਬਰਾ ਗਏ। ਉਹ ਝੂਠੇ ਮਨ, ਉਨਾਂ ਨੇ ਕਦੀ ਸੁਤੰਤ੍ਰਤਾ ਤੇ ਗੁਲਾਮੀ ਦਾ ਮੁਕਾਬਲਾ ਕਰਕੇ ਨਹੀਂ ਸੀ ਦੇਖਿਆ। ਉਹ ਤਾਂ ਬਸ ਪੈਸਾ ਕਮੌਣਾ ਜਾਣਦੇ ਸਨ। ਮੁਗਲਾਂ ਤੇ ਤੁਰਕਾਂ ਦੀ ਸੇਵਾ ਕਰਕੇ ਜਾਨਾਂ ਬਚਾਉਂਦੇ ਸਨ ਉਹ ਸਾਰੇ ਸਤਿਗੁਰੂ ਜੀ ਦੀ ਚਰਨੀ

Sri Satguru Jagjit Singh Ji eLibrary NamdhariElibrary@gmail.com

ਢਠੇ ਤੇ ਭੁਲ ਬਖਸ਼ਾਈ, ਸਹੀ ਜੀਵਨ ਦਾ ਰਸਤਾ ਪੁਛਿਆ, ਭਰੋਸਾ ਦਿਤਾ ਕਿ ਅਗੇ ਨੂੰ ਪਖੰਡ ਛਡਕੇ ਅਸਲ ਭਗਤੀ ਕਰਾਂਗੇ।

ਸ਼ਤਿਗੁਰੂ ਜੀ ਦਾ ਉਪਦੇਸ਼ ਸੁਣਕੇ ਤੇ ਬ੍ਰਹਮ ਸ਼ਕਤੀ ਦਾ ਕੌਤਕ ਦੇਖਕੇ ਸਾਰੇ ਸਾਹਿਬਾਂ ਦੀ ਸੇਵਾ ਕਰਨ ਲਗੇ। ਜਿਸ ਨੇ ਕਦੀ ਕਿਸੇ ਸਾਧੂ ਦੇ ਦਰਸ਼ਨ ਨਹੀਂ ਸਨ ਕੀਤੇ, ਉਸ ਵੀ ਦਰਸਨ ਕੀਤੇ, ਉਹ ਨਿਹਾਲ ਹੋਇਆ ਸੁਗੰਧੀ ਦੀ ਤਰਾਂ ਸਤਿਗੁਰੂ ਜੀ ਦਾ ਜਸ ਚੁਫੇਰੇ ਖਿਲਰ ਗਿਆ।

ਨੌਹਰ ਸ਼ਹਿਰ ਵਿਚ ਜਸ ਖਿਲਰਨ ਨਾਲ ਕਈ ਐਸੇ ਪੁਰਖ ਵੀ ਦਰਸ਼ਨ ਕਰਕੇ ਆਏ ਜਿਹੜੇ ਖੁਦ ਕਿਸੇ ਨਾ ਕਿਸੇ ਗੁਣ ਕਰਕੇ ਮਸ਼ਹੂਰ ਸਨ ਉਥੇ ਪੰਡਤ ਕਿਸ਼ਨ ਚੰਦ ਜੋਤਸ਼ੀ ਰਹਿੰਦਾ ਸੀ, ਉਹ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆ ਗਿਆ, ਉਸਨੂੰ ਆਉਂਦਿਆਂ ਦੇਖ ਸਾਹਿਬਾਂ ਨੇ ਉਸਨੂੰ ਗੁਣੀ ਸਮਝ ਕੇ ਉਸਦਾ ਸਤਿਕਾਰ ਕੀਤਾ, ਉਸਨੇ ਬੈਠਦਿਆਂ ਹੀ ਕਿਹਾ—ਮਹਾਰਾਜ ਆਪ ਧੰਨ ਹੋ ਜਿਹਨਾਂ ਨੂੰ ਪਾਰਬ੍ਰਹਮ ਦੇ ਦੀਦਾਰ ਹੋਏ ਹਨ। ਨੂਰੀ ਜੋਤ ਦਾ ਪ੍ਰਕਾਸ਼ ਆਪ ਦੇ ਹਿਰਦੇ ਵਿਚ ਹੈ।

ਸਤਿਗੁਰੂ ਜੀ ਨੇ ਪੁਛਿਆ—'ਪੰਡਤ ਜੀ! ਜੋਤਸ਼ ਵਿਦਿਆ ਦੇ ਹਿਸਾਬ ਨਾਲ ਦਸੋ ਭਲਾ ਅਸੀਂ ਕੰਮ ਤੇ ਕਿਧਰ ਜਾ ਰਹੇ ਹਾਂ?' ਸਤਿਗੁਰੂ ਜੀ ਦੀ ਇਹ ਗਲ ਸੁਣ ਕਰ ਜੋਤਸੀ ਨੇ ਆਖਿਆ—'ਮੈਂ ਜੋਤਸ਼ ਦਾ ਹਿਸਾਬ ਕਰ ਕੇ ਦਸਦਾ ਹਾਂ। ਜੇ ਕੁਝ ਮੇਰੇ ਹਿਸਾਬ ਵਿਚ ਆ ਏ ਜਾਤਾਂ।'

ਇਹ ਆਖਕੇ ਕਿਸ਼ਨ ਚੰਦ ਨੇ ਜੋਤਸ਼ ਲਾਂਉਣਾ ਆਰੰਭ ਕੀਤਾ। ਉਸ ਜੋਤਸ਼ ਲਾਕੇ ਉਤਰ ਦਿਤਾ—'ਮਹਾਰਾਜ! ਆਪ ਦਖਣ ਦੇਸ਼ ਬਾਦਸਾਹ ਔਰੰਗਜ਼ੇਬ ਨੂੰ ਮਿਲਣ ਵਾਸਤੇ ਜਾ ਰਹੇ ਹੋ, ਬਾਦਸ਼ਾਹ ਨਾਲ ਆਪਦਾ ਮੇਲ ਨਹੀਂ ਹੋਏਗਾ ਕਿਉਂਕਿ ਬਾਦਸ਼ਾਹ ਦੀ ਮੌਤ ਛੇਤੀ ਹੋ ਜਾਵੇਗੀ, ਹਾਂ ਉਸ ਦੇ ਪੁਤਰ ਨਾਲ ਮੇਲ ਜ਼ਰੂਰ ਹੋਵੇਗਾ। ਆਪ ਦੱਖਣ ਦੇਸ਼ ਜਰੂਰ ਜਾਵੋਗੇ ਕਿਸੇ ਯੋਗ ਆਦਮੀ ਨਾਲ ਆਪਦਾ ਮੇਲ ਹੋਵੇਗਾ।' ਇਹ ਜੋਤਸ ਵਿਦਿਆ ਦਾ ਕਿਆਸ ਹੈ।'

ਕਿਸ਼ਨ ਚੰਦ ਦਾ ਹਿਸਾਬ ਕੁਝ ਠੀਕ ਦੇਖਕੇ ਸਤਿਗੁਰੂ ਜੀ ਨੇ ਉਸ ਨੂੰ ਸੋਨੇ ਦੀਆਂ ਮੋਹਰਾਂ ਦੇਨੀਆਂ ਚਾਹੀਆਂ ਪਰ ਉਸ ਨੇ ਮੋਹਰਾਂ ਮੋੜ ਕੇ ਬੇਨਤੀ

Sri Satguru Jagjit Singh Ji eLibrary NamdhariElibrary@gmail.com

ਕੀਤੀ—ਹੇ ਦਾਤਾਰ ! ਆਪ ਤਾਂ ਦੋ ਜਹਾਨ ਦੇ ਮਾਲਕ ਹੋ, ਇਹ ਮਾਜਾ ਆਪ ਕੋਲੋਂ ਲੋਕੇ ਮੇਰੀ ਕਲਿਆਣ ਕਦ ਹੋਵੇਗੀ । ਮਾਜਾ ਨਾਗਨੀ ਨੇ ਤਾਂ ਪਹਿਲਾਂ ਡੰਗਿਆ ਹੋਯਾ ਹੈ । ਦਇਆ ਕਰੋ, ਦਿਆਲਤਾ ਕਰਕੇ ਭਵਜਲ ਪਾਰ ਕਰਨ ਕਾ ਸਾਧਨ ਦਸੋ ਪਾਰ ਉਤਾਰਾ ਕਰੋ, ਮਾਜਾ ਦੀ ਥਾਂ ਨਾਮ ਬਖਸ਼ੋ, ਮੈਨੂੰ ਮਾਜਾ ਦੀ ਲੋੜ ਨਹੀਂ, ਮੁਕਤੀ ਪਦਾਰਥ ਦੀ ਲੋੜ ਹੈ, ਅਮਰ ਸ਼ਾਂਤੀ ਦੀ ਜ਼ਰੂਰਤ ਹੈ।'

ਕਿਸ਼ਨ ਚੰਦ ਦੀ ਇਹ ਗਲ ਸੁਣਕੇ ਸਾਹਿਬ ਹੋਰ ਵੀ ਖੁਸ਼ ਹੋ ਗਏ ਸਾਂਹਿਬਾ ਨੇ ਉਸੇ ਵੇਲੇ ਕਿਸ਼ਨ ਚੰਦ ਨੂੰ ਨਿਹਾਲ ਕੀਤਾ ਤੇ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿਤਾ । ਇਸ ਲਹੌਰ ਸ਼ਹਿਰ ਵਿਚ ਸਤਿਗੁਰੂ ਜੀ ਜਿਤਨੇ ਦਿਨ ਵੀ ਰਹੇ ਉਤਨੇ ਦਿਨ ਲੋਕਾਂ ਨੇ ਬਹੁਤ ਸੇਵਾ ਕੀਤੀ, ਉਹਨਾਂ ਨੇ ਸੇਵਾ ਦੇ ਨਾਲ ਨਾਲ ਸਿਮਰਨ ਦਾ ਉਪਦੇਸ਼ ਵੀ ਸੁਣਿਆਂ।

ਇਸ ਸ਼ਹਿਰ ਵਿਚ ਗੁਰੂ ਜੀ ਨੇ ਹੋਰ ਅਨੇਕਾਂ ਸਾਧੂ ਸੰਤਾਂ ਨੂੰ ਪਖੰਡ ਵਲੋਂ ਮੋੜਕੇ ਸਿਧੇ ਰਸਤੇ ਪਾਯਾ । ਉਹ ਭਗਤੀ ਤੇ ਸੇਵਾ ਵਿਚ ਸੁਚਜੇ ਤੇ ਸਹੀ ਢੰਗ ਨਾਲ ਕਰਨ ਲਗੇ, ਕੁਝ ਦਿਨ ਏਥੇ ਰਹਿਕੇ ਸਤਿਗੁਰੂ ਜੀ ਨੇ ਅਗੇ ਕੂਚ ਕੀਤਾ

੧. ਸਤਿਗੁਰੂ ਜੀ ਦਾ ਅਮੇਰ ਪ੍ਰਜਣਾ

ਸਤਿਗੁਰੂ ਜੀ ਲੌਹਰ ਤੋਂ ਤੁਰੇ ਪਹਿਲੀ ਮੰਜ਼ਲ ਹੀ ਅਠਾਰਾਂ ਕੋਹ ਚਲੇ ਗਏ । ਰਾਹ ਵਿਚ ਨਗਰ ਆਇਆ, ਉਥੇ ਇਕ ਬ੍ਰਿਧ ਜੋਗੀ ਸੀ ਉਸ ਜੋਗੀ ਨੇ ਸਤਿਗੁਰੂ ਜੀ ਨਾਲ ਗਿਆਨ ਚਰਚਾ ਕੀਤੀ। ਜੋਗੀ ਦੇ ਪੁਛਣ ਤੇ ਸਾਂਹਿਬਾਂ ਨੇ ਫੁਰਮਾਇਆ—'ਭਾਵੇਂ ਕਿਨੀਆਂ ਔਕੜਾਂ ਪੇਸ਼ ਆਉਣ ਫਿਰ ਵੀ ਸਤਿਗੁਰੂ ਨਾਨਕਦੇਵ ਜੀ ਦਾ ਪੰਥ ਜ਼ਰੂਰ ਚਲੇਗਾ । ਇਹ ਪੰਥ ਅਕਾਲ ਪੁਰਖ ਦੇ ਹੁਕਮ ਨਾਲ ਸਾਜਿਆ ਗਿਆ ਹੈ ਪਰ ਇਹ ਸ਼ਰਤ ਹੈ ਕਿ ਜੋਕਰ ਇਸ ਪੰਥ ਦੇ ਸਿੰਘ ਅਸੂਲਾਂ ਉਤੇ ਕਾਇਮ ਰਹਿਣਗੇ, ਦਸਾਂ ਨੋਹਾਂ ਦੀ ਕਿਰਤ ਕਰਣੀ, ਨਾਮ ਦਾ ਸਿਮਰਨ ਕਰਨਾ, ਸੱਚ ਬੋਲਣਾ ਤੇ ਧਰਮ, ਦੇਸ਼ ਤੇ ਲੋਕ ਭਲਾਈ ਵਾਸਤੇ ਕੁਰਬਾਨ ਹੁੰਦੇ ਰਹਿਣਗੇ ।

ਇਸਤਰਾਂ ਦਾ ਉਪਦੇਸ਼ ਕਰਦੇ ਹੋਏ ਤੇ ਜੀਵਾਂ ਨੂੰ ਤਾਰਦ ਹੋਏ ਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਚੱਲਦੇ ੨ ਅਜਮੇਰ ਜਾ ਪੁਜੇ। ਅਜਮੇਰ ਮਾਰਵਾੜ (ਰਾਜਸਥਾਨ)ਦਾ ਸ਼ਹਿਰਹੈ। ਏਥੇ ਮੁਸਲਮਾਨ ਫਕੀਰਾਂ ਦੀ ਬਹੁਤ ਵਡੀ ਥਾਂ ਹੈ ਤੇ ਮੇਲੇ ਵੀ ਲਗਦੇ ਹਨ। ਇਕ ਕਿਸਮ ਦਾ ਅਜਮੇਰ ਇਸਲਾਮ ਦਾ ਵਡਾ ਅੱਡਾ ਸੀ। ਸਤਿਗੁਰੂ ਨਾਨਕ ਦੇਵ ਜੀ ਵੀ ਅਜਮੇਰ ਤੇ ਪੁਸ਼ਕਰ ਰਾਜ ਆਏ ਸਨ। ਸਤਿਗੁਰ ਜੀ ਨੇ ਪੀਰਾਂ ਨਾਲ ਚਰਚਾ ਵੀ ਕੀਤੀ ਸੀ ਤੇ ਉਨ੍ਹਾਂ ਦੇ ਹਿਰਦਿਆਂ ਵਿਚੋਂ ਤੁਅੱਸਬ ਦੀ ਅਗਨੀ ਦੂਰ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਜਮੇਰ ਬਹੁਤ ਪ੍ਰਸਿਧ ਸ਼ਹਿਰ ਸੀ। ਸਾਹਿਬਾਂ ਨੇ ਵੀ ਫੈਸਲਾ ਕੀਤਾ ਕਿ ਇਸ ਸ਼ਹਿਰ ਨੂੰ ਜ਼ਰੂਰ ਦੇਖਣਾ ਚਾਹੀਏ। ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਵੀ ਸੀ। ਉਦਾਸੀ ਸਾਧੂ ਸਿਖੀ ਦਾ ਪ੍ਰਚਾਰ ਮਾਰਵਾੜੀਆਂ ਵਿਚ ਕਰਦੇ ਸਨ। ਇਹਨਾਂ ਵਿਚੋਂ ਹੀ ਨਰੈਣੇ ਪਿੰਡ ਵਿਚ ਦਾਦੂ ਦੀ ਸਮਾਧ ਤੇ ਮਹੰਤ ਜੈਤ ਰਾਮ ਸਨ। ਸਾਹਿਬਾਂ ਨੇ ਉਸ ਅਸਥਾਨ ਤੇ ਵੀ ਆਸਣ ਜਾ ਜਮਾਏ ਸਨ ਤੇ ਜੈਤਰਾਮ ਨੇ ਬਹੁਤ ਸੇਵਾ ਕੀਤੀ ਸੀ। ਏਥੇ ਆਂਖਦੇ ਹਨ ਕਿ ਸਤਿਗੁਰੂ ਜੀ ਨੇ ਤੀਰ ਨਾਲ ਦਾਦੂ ਦੀ ਸਮਾਧ ਨੂੰ ਨਮਸ਼ਕਾਰ ਕੀਤੀ ਇਸ ਨਮਸ਼ਕਾਰ ਨੂੰ ਦੇਖਕੇ ਮਿੰਘਾਂ ਨੇ ਇਤਰਾਜ਼ ਕੀਤਾ ਸਾਹਿਬਾਂ ਨੂੰ ਦਲੇਰੀ ਨਾਲ ਆਖਿਆ—ਮਹਾਰਾਜ ਜੀ! ਇਹ ਆਪ ਨੇ ਕੀ ਕੀਤਾ। ਆਪ ਜੀ ਦਾ ਹੁਕਮ ਹੈ ਕਿ ਕਿਸੇ ਮੜ੍ਹੀ ਕਬਰ ਨੂੰ ਮਥਾ ਨਹੀਂ ਟੇਕਣਾ। ਆਪ ਨੇ ਹੁਣ ਕਿਉਂ ਮਥਾ ਟੇਕਿਆ, ਕੀ ਤੁਸਾਂ ਖਾਲਸਾ ਪੰਥ ਦੇ ਅਸੂਲਾਂ ਦੀ ਵਿਰੋਧਤਾ ਨਹੀਂ ਕੀਤੀ?

ਸਤਿਗੁਰੂ ਜੀ ਮੁਸ਼ਕਰਾ ਪਏ। ਉਹਨਾਂ ਨੇ ਫੁਰਮਾਇਆ—ਠੀਕ ਹੈ। ਅਸਾਂ ਅਸੂਲਾਂ ਦੀ ਉਲੰਘਣਾ ਕੀਤੀ ਹੈ। ਅਸਾਂ ਨੂੰ ਇਹ ਖੁਸ਼ੀ ਹੈ ਕਿ ਤੁਸੀਂ ਗਲਤੀ ਫੜਨ ਵਾਲੇ ਨਿਡਰ ਤੇ ਸਚੇ ਸਿੰਘ ਬਣ ਗਏ ਹੋ। ਬਾਕੀ ਦਾਦੂ ਜੀ ਇਕ ਮਹਾਂ ਪੁਰਖ ਸਨ।

ਇਹ ਆਖ ਕੇ ਸਤਿਗੁਰੂ ਜੀ ਨੇ ਸਿੰਘਾਂ ਨੂੰ ਦਾਦੂ ਜੀ ਦੀ ਕਥਾ ਸੁਣਾਈ ਜੋਹੜੀ ਕਿ ਉਨ੍ਹਾਂ ਨੇ ਜੈਤਰਾਮ ਮਹੰਤ ਪਾਸੋਂ ਸੁਣੀ ਸੀ। ਸਾਹਿਬਾਂ ਨੇ ਦਸਿਆ ਕਿ ਦਾਦੂ ਜੀ ਦਾ ਜਨਮ ੧੬੯੭ ਬਿ: ਵਿਚ ਅਹਿਮਦ ਬਾਦ ਕਿਸੇ ਦੇ ਘਰ ਹੋਇਆ ਸੀ ਤੇ ਜੰਮਦੇ ਨੂੰ ਨਦੀ ਕਿਨਾਰੇ ਸੁਟ ਗਏ। ਇਕ ਬ੍ਰਾਹਮਣ ਨੇ ਚੁਕ ਕੇ

Sri Satguru Jagjit Singh Ji eLibrary NamdhariElibrary@gmail.com

ਪਾਲ ਲਿਆ। ਉਸ ਬ੍ਰਾਹਮਣ ਦੇ ਘਰ ਉਲਾਦ ਨਹੀਂ ਸੀ। ਉਸਨੇ ਉਸਦੀ ਬੜੀ ਪਾਲਨਾ ਕੀਤੀ, ਜਵਾਨ ਹੋਕੇ ਦਾਦੂ ਬਹੁਤ ਚੰਗਾ ਸਾਧੂ ਬਣਿਆ, ਉਸਦੇ ਸਾਧੂ-ਪੁਣੇ ਨੇ ਲੋਕਾਂ ਨੂੰ ਬਹੁਤ ਲਾਭ ਦਿਤਾ ਕਿਉਂਕਿ ਆਪ ਸਤ-ਬਚਨਾਂ ਦਾ ਉਪਦੇਸ਼ ਕਰਿਆ ਕਰਦੇ ਸਨ। ਬੰਦਗੀ ਕਰਨ ਦੇ ਨਾਲ ਬ੍ਰਹਮਸ਼ਕਤੀ ਵੀ ਆ ਗਈ, ਜੋ ਬਚਨ ਕਰਦੇ ਉਹ ਬਚਨ ਸਤ ਹੋ ਜਾਂਦੇ । ਸ਼ਕਤੀ, ਸਚਾਈ ਤੇ ਨਿਰਭੈਤਾ ਨੂੰ ਦੇਖਕੇ ਅਨੇਕਾਂ ਆਪ ਦੇ ਚੇਲੇ ਤੇ ਸੇਵਕ ਬਣ ਗਏ। ਨਰੈਣੇ ਨਗਰ ਵਿਚ ਆਪ ਨੇ ਚਲਾਣਾ ਕੀਤਾ ਇਕ ਸਮਾਧ ਤਿਆਰ ਕਰਵਾਈ ਗਈ ਅਜ ਦਾਦੂ ਪੰਥੀ ਨਾਮ ਦੀ ਸੰਪ੍ਰਦਾਏ ਵੀ ਕਾਇਮ ਹੈ।

ਇਸਦੇ ਪਿਛੋਂ ਮਹੰਤ ਜੈਤਰਾਮ ਨੇ ਸਿੰਘਾਂ ਨੂੰ ਦਾਦੂ ਜੀ ਦੇ ਬਚਨ ਗਾਕੇ ਸੁਣਾਏ ਜੋ ਕੁਝਕੁ ਇਸ ਪ੍ਰਕਾਰ ਸਨ।

ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕੱਟ।
ਕੇਤੀ ਸੌਦਾ ਕਰ ਗਈ ਏਸ ਪਸਾਰੀ ਦੀ ਹੱਟ।
ਦਾਦੂ ਸਮਾਂ ਵਿਚਾਰ ਕੇ ਕਲ ਕਾ ਕੀਜੇ ਭਾਇ।
ਜੇ ਕੋ ਮਾਰੇ ਈਟ ਢੀਂਮ ਲੀਜੈ ਸੀਸ ਟਢਾਇ।

ਇਸਦੇ ਪਿਛੋਂ ਸਤਿਗੁਰੂ ਜੀ ਨੇ ਬਚਨ ਕੀਤਾ ਸਿੰਘੋ ਜੋ ਚਾਹੋ ਤਨਖਾਹ ਲਾ ਦੇਵੋ, ਸਾਰੇ ਸਿੰਘਾਂ ਨੇ ਗੁਰਮਤਾਂ ਸੋਧਕੇ ਸਵਾ ਸੌ ਰੁਪਿਆ ਤਨਖਾਹ ਸਾਹਿਬਾਂ ਨੂੰ ਲਾਈ। ਸਤਿਗੁਰੂ ਜੀ ਨੇ ਮੰਗਤ ਦੇ ਹੁਕਮ ਨੂੰ ਪ੍ਰਵਾਨ ਕੀਤਾ ਤੇ ਭਾਈ ਹਰਦਿਤ ਸਿੰਘ ਖਜ਼ਾਨਚੀ ਪਾਸੋਂ ਸਵਾ ਸੌ ਰੁਪਿਆ ਦਿਵਾ ਦਿਤਾ, ਉਸ ਰੁਪੈ ਦਾ ਕੜਾਹ ਪ੍ਰਸ਼ਾਦ ਤਿਆਰ ਕਰਕੇ ਸੰਗਤ ਨੂੰ ਛਕਾਇਆ ਗਿਆ, ਉਥੋਂ ਚਲਕੇ ਸਤਿਗੁਰੂ ਜੀ ਅਜਮੇਰ ਗਏ ਤੇ ਅਜਮੇਰ ਤੋਂ ਪੁਸ਼ਕਰ ਰਾਜ ਪੁਜੇ। ਪੁਸ਼ਕਰ ਰਾਜ ਹਿੰਦੂ ਤੀਰਥ ਹੈ ਜਿਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਤ ਵਿਚ ਬਿਆਨ ਕੀਤਾ ਗਿਆ ਹੈ। ਏਥੇ ਸੰਤਾਂ ਮਹੰਤਾਂ ਨਾਲ ਸਤਿਗੁਰੂ ਜੀ ਨੇ ਗਿਆਨ ਚਰਚਾ ਕਰਕੇ ਕਈ ਭੁਲੇਖੇ ਦੂਰ ਕੀਤੇ ਤੇ ਮੰਡਾ ਫੜਨ ਦੀ ਸਾਰੀ ਵਿਦਿਆ ਦਸੀ। ਭਾਰਤ ਨੂੰ ਕਿਸ ਸ਼ਕਤੀ ਤੇ ਕਿਸ ਧਰਮ ਦੀ ਲੋੜ ਹੈ, ਇਹ ਵੀ ਵਿਚਾਰ ਪ੍ਰਗਟ ਕੀਤੇ ਸਾਰਿਆਂ ਨੇ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਦੀ ਸੇਵਾ ਕੀਤੀ।

ਪੁਸ਼ਕਰ ਰਾਜ਼ ਤੋਂ ਚਲਕੇ ਸਤਿਗੁਰੂ ਜੀ ਉਸ ਇਲਾਕੇ ਵਿਚ ਸਿਖੀ ਪ੍ਰਚਾਰ ਕਰਦੇ ਰਹੇ। ਕਈ ਰਾਜਪੂਤ ਬਹਾਦਰਾਂ ਨਾਲ ਮੇਲ ਹੋਇਆ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਸਿਖਿਆ ਦਿਤੀ ਕਿ ਉਹ ਆਪਣੀ ਸਾਰੀ ਸ਼ਕਤੀ ਮੁਗਲ ਹਕੂਮਤ ਨੂੰ ਨਸ਼ਟ ਕਰਨ ਵਾਸਤੇ ਖਰਚਣ, ਉਹ ਆਪੋ ਵਿਚ ਨਾ ਲੜਨਾਆਪੋ ਵਿਚ ਦੀ ਲੜ ਕੇ ਰਾਜਸੀ ਸ਼ਕਤੀ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ ਤੇ ਨਾ ਪ੍ਰਦੇਸੀਆਂ ਨੂੰ ਰਾਜ ਕਰਨ ਦਾ ਮੋਕਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਈਆਂ ਰਾਜਪੂਤਾਂ ਨੂੰ ਦੇਸ਼ ਭਗਤੀ ਦਾ ਗਿਆਨ ਹੋਇਆ।

ਇਲਾਕੇ ਵਿਚ ਫਿਰਦੇ ਫਿਰਾਂਦੇ ਸਤਿਗੁਰੂ ਜੀ ਕਲਾਇਤ ਪੁਜੇ, ਏਥੇ ਡੇਰਾ ਕੀਤਾ ਹੀ ਸੀ ਕਿ ਭਾਈ ਦਯਾ ਸਿੰਘ ਪੰਜਾਂ ਸਿੰਘਾਂ ਸਮੇਤ ਸਤਿਗੁਰੂ ਜੀ ਪਾਸ ਆ ਪੁਜਾ। ਤਕਰੀਬਨ ਯਾਰਾਂ ਮਹੀਨਿਆਂ ਪਿਛੋਂ ਭਾਈ ਦਯਾ ਸਿੰਘ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਚਰਨਾਂ ਉਪਰ ਮੱਥਾ ਟੇਕਕੇ ਚਰਨ ਧੂੜ ਲੈ ਕੇ ਮਸਤਕ ਨੂੰ ਲਾਈ, ਸੁਖ ਸਾਂਦ ਪੁਛਣ ਪਿਛੋਂ ਭਾਈ ਦਯਾ ਸਿੰਘ ਜੀ ਨੇ ਸਾਹਿਬਾਂ ਨੂੰ ਇਉਂ ਹਾਲ ਦਸਿਆ—'ਮਹਾਰਾਜ ! ਮੈਂ ਔਰੰਗਾਬਾਦ ਔਰੰਗਜ਼ੇਬ ਬਾਦਸ਼ਾਹ ਨੂੰ ਮਿਲਿਆ ਜਾਂ ਬਾਦਸ਼ਾਹ ਨੇ ਆਪ ਹੀ ਚਿਠੀ ਨੂੰ ਪੜ੍ਹਿਆ ਤੇ ਮੁਨਸ਼ੀਆਂ ਪਾਸੋਂ ਚਾਰ ਵਾਰ ਸੁਣਿਆਂ ਸੀ। ਉਸ ਵੇਲੇ ਉਹਦਾ ਪਾਪੀ ਮਨ ਡੋਲ ਗਿਆ ਸੀ, ਉਸ ਨੇ ਉਸ ਵੇਲੇ ਹੁਕਮ ਦਿਤਾ ਕਿ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਪ੍ਰਵਾਰ ਨੂੰ ਕੁਝ ਨਾ ਕਿਹਾ ਜਾਵੇ ਪਰ ਉਸਦਾ ਹੁਕਮ ਦੇਣਾ ਬਹੁਤ ਪਛੇਤਾ ਸੀ ਕੁਝ ਲਾਭ ਨਹੀਂ ਸੀ।'

ਇਸ ਵਾਰਤਾ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਹੁਣ ਔਰੰਗਜ਼ੇਬ ਕਿਥੇ ਮਿਲੇਗਾ ? ਉਹ ਕਿਸ ਹਾਲਤ ਵਿਚ ਹੈ ?'

ਭਾਈ ਦਯਾ ਸਿੰਘ ਜੀ ਨੇ ਉਤਰ ਦਿਤਾ—'ਮੈਨੂੰ ਉਸ ਪਾਸੋਂ ਆਇਆਂ ਚੋਖਾ ਚਿਰ ਹੋ ਗਿਆ ਹੈ। ਦਖਣ ਦੀ ਬਗਾਵਤ ਅਜੇ ਚੰਗੀ ਤਰ੍ਹਾਂ ਦਬਾਈ ਨਹੀਂ ਗਈ, ਨਾਲ ਹੀ ਬਾਦਸ਼ਾਹ ਨੂੰ ਦਮੇ ਦਾ ਰੋਗ ਹੈ, ਹੋ ਸਕਦਾ ਹੈ ਕਿ ਉਹ ਚਲਾਣਾ ਹੀ ਕਰ ਜਾਵੇ ਆਪ ਨਾਲ ਮੇਲ ਨਾ ਹੋ ਸਕੇ।'

Sri Satguru Jagjit Singh Ji eLibrary NamdhariElibrary@gmail.com

ਇਸ ਦੇ ਪਿਛੋਂ ਭਾਈ ਦਯਾ ਸਿੰਘ ਜੀ ਇਸ਼ਨਾਨ ਕਰਨ ਵਾਸਤੇ ਚਲੇ ਗਏ ਤੇ ਸਤਿਗੁਰੂ ਜੀ ਨੇ ਸਮਾਧੀ ਲਾ ਲਈ, ਸਾਹਿਬ ਪਾਰਬ੍ਰਹਮ ਨਾਲ ਗੋਸ਼ਟ ਕਰਨ ਲਗ ਪਏ।

੨. ਸਤਿਗੁਰੂ ਜੀ ਨੇ ਬਘੌਰ ਪਹੁੰਚਣਾ

ਕਲਾਇਤ ਤੋਂ ਚੱਲ ਕੇ ਸਤਿਗੁਰੂ ਜੀ ਬਘੌਰ ਆ ਪੁਜੇ। ਸ਼ਹਿਰ ਤੋਂ ਬਾਹਰ ਇਕ ਸੁੰਦਰ ਅਸਥਾਨ ਉਤੇ ਸਾਹਿਬਾਂ ਨੇ ਡੇਰਾ ਲਾ ਦਿਤਾ। ਸਤਿਗੁਰੂ ਜੀ ਨਾਲ ਸ਼ਸਤ੍ਰਧਾਰੀ ਸਿੰਘ ਬਹੁਤ ਸਨ। ਸਤਿਗੁਰੂ ਜੀ ਦਾ ਪ੍ਰਤਾਪ, ਸਿੰਘਾਂ ਦਾ ਰੋਹਬ ਦਾਬ ਦੇਖਕੇ ਨਗਰ ਨਿਵਾਸੀਆਂ ਨੇ ਇਹ ਸੋਚਿਆ ਕਿ ਕੋਈ ਰਾਜਾ ਜਾਂ ਲੁਟੇਰਾ ਸ਼ਹਿਰ ਨੂੰ ਲੁਟਣ ਵਾਸਤੇ ਆ ਪੁਜਾ ਹੈ, ਕਿਉਂਕਿ ਉਸ ਵੇਲੇ ਐਸਾ ਆਮ ਹੋਇਆ ਕਰਦਾ ਸੀ।

ਸ਼ਹਿਰ ਦੇ ਮੁਖੀਏ ਬਘੌਰ ਦੇ ਰਾਣੇ ਪਾਸ ਪੁਜੇ, ਉਹ ਰਾਣਾ ਕੁਝ ਸ਼ਮਝਦਾਰ ਪੁਰਸ਼ ਸੀ ਜਦ ਉਸ ਨੇ ਸਾਰਾ ਹਾਲ ਸੁਣਿਆਂ ਤਾਂ ਉਹ ਇਕਦਮ ਜੋਸ਼ ਵਿਚ ਨਾ ਆਇਆ ਤੇ ਨਾ ਹੀ ਘਬਰਾਯਾ ਸਗੋਂ ਗੰਭੀਰ ਜੇਹਾ ਹੋਕੇ ਸੋਚਣਲਗ ਪਿਆ ਉਸ ਨੇ ਸੋਚ ਕੇ ਆਪਣੇ ਇਕ ਸਲਾਹਕਾਰ ਨੂੰ ਭੇਜਿਆ ਕਿ ਉਹ ਪਤਾ ਲਿਆਵੇ ਕਿ ਬਾਹਰੋਂ ਆਉਣ ਵਾਲਾ ਕੌਣ ਹੈ ਤੇ ਉਸ ਦਾ ਮਨੋਰਥ ਕੀ ਹੈ?

ਰਾਣੇ ਦਾ ਸਲਾਹਕਾਰ ਬਹੁਤ ਨੇਕ ਤੇ ਸਮਝਦਾਰ ਪੁਰਸ਼ ਸੀ, ਉਹ ਘੋੜੇ ਉਤੇ ਚੜ੍ਹ ਕੇ ਝਟ ਸਤਿਗੁਰੂ ਜੀ ਦੇ ਡੇਰੇ ਪੁਜਾ। ਸਤਿਗੁਰੂ ਜੀ ਦੇ ਸਿਖਾਂ ਨੇ ਉਸਦਾ ਸਵਾਗਤ ਕੀਤਾ, ਜੀ ਆਇਆਂ ਆਖਣ ਪਿਛੋਂ ਆਦਰ ਸਤਿਕਾਰ ਕੀਤਾ ਤੇ ਫਿਰ ਪੁਛਿਆ ਕਿ ਕਿਵੇਂ ਆਉਣਾ ਹੋਇਆ ਹੈ। ਰਾਣੇ ਦੇ ਸਲਾਹਕਾਰ ਨੇ ਸਾਰੀ ਗੱਲ ਦਸਦਿਆਂ ਹੋਇਆਂ ਕਿਹਾ—'ਮੇਰਾ ਨਾਮ ਰਾਮ ਪ੍ਰਸ਼ਾਦ ਹੈ ਮੈਂ ਇਸ ਬਘੌਰ ਸ਼ਹਿਰ ਦੇ ਰਾਣੇ ਦਾ ਸਲਾਹਕਾਰ ਮੰਤ੍ਰੀ ਹਾਂ। ਤੁਸਾਂ ਦੇ ਡੇਰੇ ਨੂੰ ਦੇਖਕੇ ਪ੍ਰਜਾ ਨੂੰ ਸ਼ਕ ਪਿਆ ਹੈ ਕਿ ਸ਼ਾਇਦ ਤੁਸੀਂ ਸ਼ਹਿਰ ਨੂੰ ਲੁਟਣ ਵਾਸਤੇ ਆਏ ਹੋਂ। ਰਾਣੇ ਨੇ ਮੈਨੂੰ ਪਤਾ ਕਰਨ ਭੇਜਿਆ ਹੈ। ਸੋ ਆਪ ਦਸੋ ਕਿ ਆਪ ਦੇ ਆਉਣ ਦਾ ਮਨੋਰਥ ਕੀ ਹੈ? ਇਹ ਡੇਰਾ ਕਿਸ ਸਰਦਾਰ ਦਾ ਹੈ?'

Sri Satguru Jagjit Singh Ji eLibrary NamdhariElibrary@gmail.com

ਭਾਈ ਧਰਮ ਸਿੰਘ ਤੇ ਮਾਨ ਸਿੰਘ ਨੇ ਮੰਤ੍ਰੀ ਨੂੰ ਇਉਂ ਸਮਝਾਇਆ ਡਰਨ ਵਾਲੀ ਕੋਈ ਗਲ ਨਹੀਂ, ਇਹ ਡੇਰਾ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਹੈ ਜਿਨ੍ਹਾਂ ਦੇ ਪਿਤਾ ਨੂੰ ਕਦੀ ਹਿੰਦੂ ਜਾਤੀ ਦੀ ਰਖਿਆ ਬਦਲੇ ਬਾਦਸ਼ਾਹ ਔਰੰਗਜ਼ੇਬ ਨੇ ਸ਼ਹੀਦ ਕਰ ਦਿਤਾ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਗੁਰ-ਗੱਦੀ ਦੇ ਦਸਵੇਂ ਪਾਤਿਸ਼ਾਹ ਹਨ। ਅਮਨ, ਪਿਆਰ, ਦੇਸ਼ ਭਲਾਈ, ਹਿੰਦੂ ਧਰਮ ਸਭਿਅਤਾ, ਮੰਦਰ ਅਤੇ ਨਿਰਬਲ ਮਜ਼ਲੂਮਾਂ ਦੀ ਰਖਿਆ ਕਰਨਾ ਆਪਦਾ ਜੀਵਨ ਨਿਸ਼ਾਨਾ ਹੈ। ਆਪ ਜਗਤ ਦੇ ਭਲੇ ਵਾਸਤੇ ਪ੍ਰਗਟ ਹੋਏ ਹਨ ਬ੍ਰਹਮ ਸ਼ਕਤੀਆਂ ਆਪ ਦੇ ਪਾਸ ਹਨ ਰਿਧੀਆਂ ਸਿਧੀਆਂ ਤੇ ਨੌ ਨਿਧੀਆਂ ਚਰਨ ਸੇਵਾ ਕਰਦੀਆਂ ਹਨ। ਸਾਹਿਬਾਂ ਦੇ ਦਰਸ਼ਨ ਕੀਤਿਆਂ ਭੁਖ ਲੱਥਦੀ ਹੈ। ਜੇਹੜਾ ਕਰ ਲਵੇ ਉਹ ਭਵਜਲ ਤੋਂ ਪਾਰ ਹੋ ਜਾਂਦਾ ਹੈ। ਬਾਣੀ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਹਨ। ਦੇਸ਼ ਤੇ ਧਰਮ ਦੀ ਖਾਤਰ ਪ੍ਰਵਾਰ ਵਾਰ ਚੁਕੇ ਹਨ। ਆਪ ਦਾ ਜੀਵਨ ਹੀ ਕੌਮ ਵਾਸਤੇ ਹੈ। ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਖਣ ਨੂੰ ਜਾ ਰਹੇ ਹਨ। ਕਿਸੇ ਨਾਲ ਵੈਰ ਨਹੀਂ। ਕਿਸੇ ਨੂੰ ਲੁਟਣ, ਡਰਾਉਣ, ਧਮਕਾਉਣ ਦੀ ਇੱਛਾ ਨਹੀਂ, ਕੰਗਲੇ ਤੇ ਰਾਜੇ ਸੇਵਾ ਕਰਦੇ ਹਨ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ, ਭਰਮ ਵਿਚ ਆਕੇ ਕੋਈ ਵਾਧਾ ਨਾ ਹੋਵੇ, ਆਪ ਸਾਹਿਬਾਂ ਦੇ ਦਰਸ਼ਨ ਕਰ ਜਾਵੋ।'

ਮੰਤ੍ਰੀ ਦੀ ਤਸੱਲੀ ਹੋ ਗਈ, ਭਾਵੇਂ ਉਸਦੇ ਹਿਰਦੇ ਵਿਚ ਪਹਿਲਾਂ ਵੀ ਕੋਈ ਡੋ ਨਹੀਂ ਸੀ ਫਿਰ ਤਾਂ ਉੱਕਾ ਹੀ ਨਾ ਰਿਹਾ। ਸਿੰਘ ਦੇ ਦਰਸ਼ਨ ਕਰਕੇ ਤੇ ਮਿਠੇ ਬਚਨ ਸੁਣਕੇ ਨਿਹਾਲ ਹੋ ਗਿਆ। ਭਾਈ ਧਰਮ ਸਿੰਘ ਤੇ ਹਰਦਿਤ ਸਿੰਘ ਜੀ ਉਸਨੂੰ ਸਤਿਗੁਰੂ ਜੀ ਦੇ ਪਾਸ ਲੈ ਗਏ। ਉਸਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਮਿਰਜਾਦਾ ਅਨੁਸਾਰ ਕੁਝ ਮੋਹਰਾਂ ਭੇਟਾ ਕੀਤੀਆਂ; ਸਤਿਗੁਰੂ ਜੀ ਦੇ ਅਲਾਹੀ ਨੂਰ ਵਾਲੇ ਚੇਹਰੇ ਨੂੰ ਵੇਖਕੇ ਉਹ ਪ੍ਰਸੰਨ ਹੋ ਗਿਆ। ਉਸਦੇ ਮਨ ਨੂੰ ਪੱਕਾ ਭਰੋਸਾ ਹੋ ਗਿਆ ਕਿ ਸਤਿਗੁਰੂ ਜੀ ਵਿਸ਼ਨੂੰ ਅਵਤਾਰ ਹਨ। ਜੋ ਸਿਖ ਕਹਿੰਦੇ ਹਨ ਸਤ ਹੈ।

ਮੰਤ੍ਰੀ ਨੇ ਆਪ ਹੀ ਦਸ ਦਿਤਾ ਕਿ ਉਹ ਕਿਉਂ ਆਇਆ ਹੈ, ਉਸਦੇ

Sri Satguru Jagjit Singh Ji eLibrary NamdhariElibrary@gmail.com

ਬਿਆਨ ਨੂੰ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ—'ਰਾਣਾ ਜੀ ਨੂੰ ਕਹਿਣਾ ਚਿੰਤਾ ਨਾ ਕਰਨ। ਅਸਾਂ ਦਾ ਕਿਸੇ ਨਾਲ ਵੈਰ ਨਹੀਂ, ਅਸੀਂ ਤਾਂ ਜ਼ੁਲਮ ਦੇ ਵੈਰੀ ਹਾਂ। ਜੋ ਪਰਜਾ ਪਾਲਕ ਹੈ ਜੋਹੜਾ ਧਰਮ ਕਰਮ ਕਰਦਾ ਹੈ ਜੋਹੜਾ ਮਨੁਖ ਜਾਤੀ ਦੀ ਸੇਵਾ ਕਰਦਾ ਹੈ, ਉਹ ਅਸਾਂ ਦਾ ਮਿਤ੍ਰ ਹੈ।'

ਮੰਤ੍ਰੀ ਮੱਥਾ ਟੇਕ ਕੇ ਚਲਿਆ ਉਸਨੇ ਰਾਣੇ ਨੂੰ ਸਾਰੀ ਵਾਰਤਾ ਕਹੀ, ਰਾਜਾ ਸੁਣਕੇ ਬਹੁਤ ਪ੍ਰਸੰਨ ਹੋਇਆ, ਉਸੇ ਵੇਲੇ ਫੈਸਲਾ ਕੀਤਾ ਕਿ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਜਰੂਰ ਜਾਵੇਗਾ, ਜੇ ਐਸੇ ਮਹਾਂ ਪੁਰਖ ਹਨ ਤਾਂ ਸੇਵਾ ਕਰੇਗਾ।

ਰਾਣਾ ਸ਼ਿਵ ਪ੍ਰਤਾਪ ਨੇ ਪੂਰੀ ਤਿਆਰੀ ਕੀਤੀ; ਕੁਝ ਬਸਤ੍ਰ ਤੇ ਕੁਝ ਨਗਦੀ ਮੋਹਰਾਂ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਇਆ ਉਸਨੇ ਦਰਸ਼ਨ ਕੀਤੇ, ਦਰਸ਼ਨ ਕਰਕੇ ਨਿਹਾਲ ਹੋਇਆ, ਗਲਾਂ ਬਾਤਾਂ ਵਿਚ ਉਸਦਾ ਮਨ ਸਤਿਗੁਰ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ। ਉਸ ਨੇ ਸਾਹਿਬਾਂ ਨੂੰ ਕਿਹਾ ਕਿ ਸਾਹਿਬ ਉਸਦੇ ਰਾਜ ਭਵਨ ਵਿਚ ਚਰਨ ਪਾਉਣ ਤੇ ਨਿਹਾਲ ਕਰਨ। ਸਤਿਗੁਰੂ ਜੀ ਨੇ ਬੇਨਤੀ ਮੰਨ ਲਈ, ਰਾਜੇ ਨੇ ਦੋ ਵਾਰ ਸੰਗਤ ਨੂੰ ਪ੍ਰਸ਼ਾਦ ਛਕਾਇਆ।

ਰਾਣਾ ਸ਼ਿਵ ਪ੍ਰਤਾਪ ਸ਼ਿਕਾਰ ਦਾ ਬਹੁਤ ਪ੍ਰੇਮੀ ਸੀ ਉਸਨੇ ਸਤਿਗੁਰੂ ਜੀ ਅਗੇ ਇੱਛਾ ਪ੍ਰਗਟ ਕੀਤੀ ਤੇ ਸਾਹਿਬ ਉਸਦੇ ਨਾਲ ਸ਼ਿਕਾਰ ਨੂੰ ਗਏ। ਕਹਿੰਦੇ ਹਨ ਕਿ ਜਦੋਂ ਜੰਗਲ ਵਿਚ ਜਾ ਕੇ ਸ਼ਿਵ ਪ੍ਰਤਾਪ ਨੇ ਸਤਿਗੁਰੂ ਜੀ ਦੇ ਤੀਰ ਚਲਾਉਣੇ ਦੇਖੇ ਤਾਂ ਉਹ ਬਹੁਤ ਹੀ ਮੁਗਧ ਹੋ ਗਿਆ ਉਸਨੇ ਫੈਸਲਾ ਕੀਤਾ ਕਿ ਓਹ ਜ਼ਰੂਰ ਸਤਿਗੁਰੂ ਜੀ ਪਾਸੋਂ ਧਨੁਖ ਬਾਣ ਦੀ ਵਿਦਿਆ ਸਿਖੇਗਾ।

ਸਤਿਗੁਰੂ ਜੀ ਨੇ ਕੁਝ ਦਿਨ ਝੱਜਰ ਰਹਿਣ ਦਾ ਫੈਸਲਾ ਕਰ ਲਿਆ ਰਾਨੇ ਦੀ ਸ਼ਰਧਾ ਭਗਤੀ ਨੇ ਮਜਬੂਰ ਕੀਤਾ, ਕੁਝ ਇਲਾਕੇ ਵਿਚ ਵੀ ਸਿਖੀ ਵਧਣ ਲਗੀ।

Sri Satguru Jagjit Singh Ji eLibrary NamdhariElibrary@gmail.com

੩. ਔਰੰਗਜ਼ੇਬ ਦੀ ਮੌਤ ਤੇ ਤਖਤ ਵਾਸਤੇ ਉਸਦੇ ਪੁੱਤਾ ਦੀ ਲੜਾਈ

ਮਨੁੱਖ ਭਾਵੇਂ ਕੰਗਲਾ ਹੋਵੇ ਜਾਂ ਰਾਜਾ। ਗੁਰੂ ਹੋਵੇ ਜਾਂ ਅਵਤਾਰ, ਰਿਖੀ ਜਾਂ ਪਹਿਲਵਾਨ, ਉਸ ਦੇ ਪੰਜ ਭੂਤਕ ਸਰੀਰ ਨੇ ਇਕ ਦਿਨ ਜਰੂਰ ਨਸ਼ਟ ਹੋਣਾ ਹੈ। ਦੁਨੀਆਂ ਵਿਚ ਅਮਰ ਰਹਿਣੇ ਹਨ ਮਨੁਖ ਦੇ ਕਰਮ, ਜੇ ਉਹ ਸ਼ੁਭ ਹਨ ਤਾਂ ਨਾਮ ਦੀ ਸ਼ੋਭਾ ਹੈ, ਜੇ ਕਰਮ ਮਾੜੇ ਹਨ ਤਾਂ ਬਦਨਾਮੀ ਹੁੰਦੀ ਹੈ। ਜੋ ਆਇਆ ਸੋ ਤੁਰ ਗਿਆ। ਆਖਰ ਇਹ ਹੀ ਹੁੰਦਾ ਹੈ ਕਿ ਹਰ ਇਕ ਨੂੰ ਕਾਲ ਖਾ ਜ਼ਰੂਰ ਜਾਂਦਾ ਹੈ।

ਔਰੰਗਜ਼ੇਬ ਅਠਾਸੀ ਸਾਲ (੮੮) ਦੀ ਉਮਰ ਦਾ ਹੋ ਚੁਕਾ ਸੀ। ਜਿਉਂ ਜਿਉਂ ਉਹ ਬੁੱਢਾ ਹੁੰਦਾ ਜਾਂਦਾ ਸੀ ਤਿਉਂ ਤਿਉਂ ਜੀਵਨ ਦੇ ਰਾਜਸੀ ਝਮੇਲੇ ਵਧਦੇ ਜਾਂਦੇ ਸਨ, ਕਿਉਂਕਿ ਉਸਦੀ ਰਾਜਸੀ ਪਾਲਸੀ ਵਿਤਕਰੇ ਵਾਲੀ ਸੀ। ਹਿੰਦੂ ਤੇ ਗੈਰ ਮੁਸਲਮ ਪਰਜਾ ਨੂੰ ਸੁਖੀ ਤੇ ਖੁਸ਼ਹਾਲ ਜੀਉਣ ਦਾ ਹੁਕਮ ਨਹੀਂ ਸੀ। ਹਿੰਦੂ ਤੇ ਹਮਦਰਦ-ਮਰਹਟੇ ਰਾਜਪੂਤ ਤੇ ਸਤਿਗੁਰੂ ਜੀ ਦੇ ਸਿੱਖ ਜ਼ੁਲਮਾਂ ਭਰੀ ਪਾਲਸੀ ਦੇ ਵਿਰੁਧ ਰਹਿੰਦੇ ਸਨ। ਇਕ ਪਾਸਿਓਂ ਮੁਗਲ ਫੌਜਾਂ ਦਬਾਉਂਦੀਆਂ ਸਨ ਤਾਂ ਦੂਸਰੇ ਪਾਸੇ ਬਗਾਵਤ ਹੋ ਜਾਂਦੀ ਸੀ। ਮਥਰਾ ਦੇ ਚੌਗਿਰਦੇ ਜਾਟ ਹੀ ਸਾਹ ਨਹੀਂ ਸਨ ਲੈਣ ਦੇਂਦੇ ਜਿਨ੍ਹਾਂ ਦੇ ਮੰਦਰਾਂ ਨੂੰ ਢਾਹ ਢੇਰੀ ਕਰ ਦਿਤਾ ਗਿਆ ਸੀ।

ਸੰਨ ੧੭੦੬ ਈਸਵੀ ਵਿਚ ਔਰੰਗਜ਼ੇਬ ਦਖਣ ਨੂੰ ਤੁਰ ਗਿਆ। ਦਖਣ ਵਿਚ ਭਾਰੀ ਬਗਾਵਤ ਸੀ, ਉਮਰ ਸੀ ਬੁਢੇਰੀ, ਨਾਲ ਹੀ ਉਹਦੇ ਪਾਪ ਉਹਦੇ ਸਾਹਮਣੇ ਨੰਗਾ ਨਾਚ ਕਰਨ ਲਗੇ, ਕਾਲ ਡਰਾਉਣ ਲੱਗਾ। ਕਾਲ ਦੀ ਕਰੂਪ ਸੂਰਤ ਦੇਖਕੇ ਉਹ ਸੁਤਾ ਪਿਆ ਪਿਆ ਜਾਗਦਾ ਲੇਟਿਆ ਹੋਇਆ ਭੈ ਭੀਤ ਹੋ ਜਾਇਆ ਕਰਦਾ। ਉਸ ਨੂੰ ਗਿਆਨ ਹੋ ਗਿਆ ਕਿ ਉਸਨੇ ਜ਼ਰੂਰ ਮਰ ਜਾਣਾ ਹੈ! ਕੋਈ ਸ਼ਕਤੀ ਉਸ ਨੂੰ ਬਚਾ ਨਹੀਂ ਸਕਦੀ। ਮਰਨਾ ਨੇੜੇ ਆਇਆ ਦੇਖਕੇ ਉਸਨੇ ਇਹ ਨਹੀਂ ਸੋਚਿਆ ਕਿ ਉਹ ਖੁਦਾ ਨੂੰ ਯਾਦ ਕਰੇ, ਕੀਤੇ ਪਾਪਾਂ

Sri Satguru Jagjit Singh Ji eLibrary NamdhariElibrary@gmail.com

ਤੋਂ ਤੋਬਾ ਕਰੇ, ਸਰੋਂ ਲਗਾ ਉਲਟੀਆਂ ਸੋਚਾਂ ਸੋਚਣ ਉਹ ਸੋਚਾਂ ਸਨ—'ਮੈਂ ਆਪਣੇ ਬਾਪ ਨੂੰ ਕੈਦ ਕਰਕੇ ਤੇ ਵਡੇ ਭਰਾ ਨੂੰ ਮਾਰ ਕੇ ਰਾਜ ਤਖਤ ਪ੍ਰਾਪਤ ਕੀਤਾ ਸੀ। ਕੀ ਮੇਰੇ ਪੁਤ੍ਰ ਵੀ ਏਸੇ ਤਰ੍ਹਾਂ ਨਹੀਂ ਕਰਨਗੇ ? ਕੀ ਇਹ ਵੀ ਲੜਾਈਆਂ ਲੜ ਕੇ ਮਾਰੇ ਜਾਣਗੇ ? ਜੇ ਇਹ ਆਪਸ ਵਿਚ ਲੜ ਪਏ ਤਾਂ ਮੁਗਲ ਰਾਜ ਦਾ ਅੰਤ ਹੋ ਜਾਵੇਗਾ। ਹਰ ਪਾਸੇ ਬਗਾਵਤ ਹੀ ਬਗਾਵਤ ਹੈ ਹਿੰਦੂ ਮੁਗਲ ਦਾ ਦੁਸ਼ਮਨ ਹੈ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਦਾ ਰਿਹਾ।

ਅਜੇ ਔਰੰਗਜ਼ੇਬ ਐਸੀਆਂ ਸੋਚਾਂ ਵਿਚ ਹੀ ਸੀ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਫਤਹ ਦੀ ਚਿੱਠੀ ਉਸਨੂੰ ਮਿਲ ਗਈ। ਉਹ ਚਿਠੀ ਨਹੀਂ ਸੀ ਉਹ ਤਾਂ ਕਾਲ ਦਾ ਸੁਨੇਹਾ ਸੀ। 'ਫਤਹ ਨਾਮਾਂ' ਜਿਸ ਨੇ ਓਹਦੀ ਆਤਮਾ ਨੂੰ ਹਲੂਣਿਆਂ, ਓਹਦੇ ਦਿਮਾਗ ਨੂੰ ਹੋਸ਼ ਦਾ ਟੀਕਾ ਕੀਤਾ। ਉਸ ਨੂੰ ਮੌਤ ਯਾਦ ਆਈ। ਉਹਦਾ ਪਾਪੀ ਆਤਮਾ ਡੋਲ ਗਿਆ । ਔਰੰਗਾਬਾਦ ਵਿਚ ਹੀ ਮੌਤ ਦੇ ਮੰਜੇ ਉਤੇ ਓਸਨੇ ਆਪਣੇ ਪੁਤਰਾਂ ਵਲ ਚਿਠੀਆਂ ਲਿਖੀਆਂ। ਉਸ ਨੇ ਆਪਣੇ ਪੁਤ੍ਰ ਆਜ਼ਮ ਨੂੰ ਲਿਖਿਆ—'ਬੁਢੇਪਾ ਆ ਗਿਆ, ਕਮਜ਼ੋਰੀ ਜ਼ੋਰ ਫੜ ਗਈ, ਸ਼ਕਤੀ ਅਜ ਮੇਰੀਆਂ ਪਸਲੀਆਂ ਨੂੰ ਛੱਡ ਗਈ ਹੈ। (ਹਿਰਦੇ ਵਿਚ ਹੁਣ ਹੋਰ ਲੜਾਈਆਂ ਲੜਨ ਦਾ ਹੌਸਲਾ ਨਹੀਂ ਰਿਹਾ) ਇਸ ਜਗਤ ਵਿਚ ਮੈਂ ਇਕੱਲਾ ਆਇਆ ਸਾਂ ਤੇ ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਹ ਚੇਤੇ ਨਹੀਂ ਮੈਂ ਕੀ ਹਾਂ ਤੇ ਕੀ ਕਰਦਾ ਰਿਹਾ ਹਾਂ—(ਮੇਰੇ ਕਰਮਾਂ ਦਾ ਹਿਸਾਬ ਕੀਤਾ ਜਾਵੇ) ਆਹ ! ਆਜ਼ਮ ਅਜ ਮੈਨੂੰ ਪਤਾ ਲਗਾ, ਪੂਰਾ ਗਿਆਨ ਹੋਇਆ ਕਿ ਮੈਂ ਜੋ ਕੁਝ ਕਰਦਾ ਰਿਹਾ ਹਾਂ, ਓਹ ਖੁਦਾ ਦੀ ਪੂਜਾ ਨਹੀਂ ਸੀ। ਸਤਿਗੁਰੂ ਜੀ ਦੇ ਜ਼ਫਰਨਾਮੇ ਨੇ ਮੈਨੂੰ ਸੂਝ ਦਿਤੀ ਹੈ। ਮੈਂ ਦੇਸ਼ ਤੇ ਲੋਕ ਭਲਾਈ ਵਾਸਤੇ ਕੁਝ ਨਹੀਂ ਕਰਦਾ ਰਿਹਾ। ਮੇਰੀ ਸਾਰੀ ਉਮਰ ਪਾਪਾਂ ਦੇ ਕਾਰਨ ਭੰਗ ਦੇ ਭਾੜੇ ਗੁਜਰੀ ਹੈ। ਕਿਸੇ ਨੂੰ ਨੁਕਸਾਨ ਜ਼ਰੂਰ ਹੋਇਆ ਹੈ, ਪਰ ਲਾਭ ਕੌਡੀ ਦਾ ਨਹੀਂ ਹੋਇਆ ਮੇਰਾ ਪ੍ਰਭੂ ਖੁਦਾ ਮੇਰੇ ਘਰ ਸੀ, ਪਰ ਮੇਰੀਆਂ ਅੱਖਾਂ ਉਤੇ ਤੁਅੱਸਬ ਦੀ ਪੱਟੀ ਬਝੀ ਹੋਣ ਕਰਕੇ ਮੈਨੂੰ ਨਜ਼ਰ ਕੁਝ ਨਹੀਂ ਆਇਆ। ਮੈਂ ਪਛਾਣ ਨਹੀਂ ਸਕਿਆ, ਜਾਣ ਨਹੀਂ ਸਕਿਆ, ਮੈਨੂੰ ਅਫਸੋਸ ਹੈ—ਵਡਾ ਅਫਸੋਸ ਜ਼ਿੰਦਗੀ

Sri Satguru Jagjit Singh Ji eLibrary NamdhariElibrary@gmail.com

ਇਕ ਚਲਦੀ ਨਦੀ ਵਾਗ ਹੈ। ਜੇਹੜਾ ਦਿਹਾੜਾ ਬੀਤ ਗਿਆ, ਉਹ ਮੁੜਕੇ ਨਹੀਂ ਆਉਂਦਾ ਹੁਣ ਭਵਿਖਤ ਵਿਚ ਮੈਨੂੰ ਕੋਈ ਆਸ ਨਹੀਂ ਰਹੀ ਕਿ ਮੈਂ ਕਿਸੇ ਤਰਾਂ ਵੀ ਜੀਵਨ ਸੁਧਾਰਨ ਬਦਲੇ ਕੁਝ ਕਰ ਸਕਾਂ ਕਿਉਂਕਿ ਮੌਤ ਦੇ ਮੰਜੇ ਦੇ ਪਿਆ ਹਾਂ। ਮੇਰੀ ਸ਼ਕਤੀ ਦਾ ਛਾਪ ਉਤਰ ਗਿਆ ਹੈ। ਹੁਣ ਤਾਂ ਮਿਰਤ ਮਾਸ ਤੇ ਹੱਡੀਆਂ ਹੀ ਹਨ। ਜਿਉਂ ਜਿਉਂ ਮੈਂ ਮੰਜੇ ਤੇ ਬੈਠ ਰਿਹਾ ਹਾਂ ਤਿਉਂ ਤਿਉਂ ਫੌਜੀ ਹੈਰਾਨ ਤੇ ਮਾਯੂਸ ਹੋ ਰਹੇ ਹਨ। ਉਨ੍ਹਾਂ ਕੋਲੋਂ ਖ਼ੁਦਾ ਮੈਨੂੰ ਵਿਛੋੜ ਰਿਹਾ ਹੈ। ਅਜ ਮੇਰੇ ਹਿਰਦੇ ਨੂੰ ਚੈਨ ਨਹੀਂ, ਮੈਂ ਪਾਗਲ ਹੋ ਰਿਹਾ ਹਾਂ। ਹੇ ਬੇਟਾ ! ਮੈਂ ਸਚ ਆਖਦਾ ਹਾਂ ਕਿ ਅੱਜ ਮੈਂ ਆਪਣੇ ਨਾਲ ਆਪਣੇ ਪਾਪਾਂ ਦੀ ਭਾਰੀ ਗਠੜੀ ਲਿਜਾ ਰਿਹਾ ਹਾਂ। ਮੈਂ ਨਹੀਂ ਜਾਣਦਾ ਇਸ ਪਾਪਾਂ ਦੀ ਗਠੜੀ ਦੇ ਕਾਰਨ ਪਤਾ ਨਹੀਂ ਕੀ ਸਜਾ ਮਿਲੇ। ਮੈਂ ਜੋ ਭੁਲਾਂ ਕੀਤੀਆਂ ਹਨ ਉਨ੍ਹਾਂ ਨੂੰ ਚੇਤੇ ਕਰ ਰਿਹਾ ਹਾਂ। ਛੇਤੀ ਪੁਜੋ, ਮੇਰੀ ਜੀਵਨ ਬੇੜੀ ਮੌਤ ਪਾਣੀ ਉਤੇ ਡਾਵਾਂ ਡੋਲ ਹੈ

ਏਸ ਤਰਾਂ ਦੂਸਰੀ ਚਿੱਠੀ ਔਰੰਗਜ਼ੇਬ ਨੇ ਆਪਣੇ ਦੂਸਰੇ ਪਤ ਕਾਮ ਬਖਸ਼ ਵਲ ਲਿਖੀ ਜੋ ਦੂਰ ਕਾਬਲ ਵਲ ਫਿਰਦਾ ਸੀ। ਉਸ ਚਿਠੀ ਵਿਚ ਵੀ ਔਰੰਗਜੇਬ ਨੇ ਆਪਣੇ ਕੰਮਾਂ ਨੂੰ ਚੇਤੇ ਕੀਤਾ. ਪਰ ਉਸ ਵੇਲੇ ਚੇਤੇ ਕਰਨ ਦਾ ਕੁਝ ਲਾਭ ਨਹੀਂ ਸੀ ਉਹ ਵੇਲਾ ਤਾਂ ਹਿਸਾਬ ਦਾ ਆ ਪੁਜਾ ਸੀ, ਜੀਵਨ ਗਲਤੀਆਂ ਉਸੇ ਵੇਲੇ ਨਹੀਂ ਸੁਧਾਰੀਆਂ ਜਾ ਸਕਦੀਆਂ। ਚਿਠੀ ਦਾ ਭਾਵ ਇਸ ਤਰ੍ਹਾਂ ਹੈ—

'ਭਾਵੇਂ ਖੁਦਾ ਆਪਣੇ ਬੰਦਿਆਂ ਦੀ ਰਾਖੀ ਕਰਦਾ ਹੈ, ਮੇਰੇ ਪੁਤ੍ਰਾਂ ਤੇ ਮੁਸਲਮਾਨਾਂ ਦੀ ਰਾਖੀ ਕਰੇਗਾ, ਪਰ ਮੈਥੋਂ ਕੁਝ ਚੰਗਾ ਨਹੀ ਸਰਿਆ। ਮੈਂ। ਜਦੋਂ ਜਵਾਨ ਸਾਂ ਤਦੋਂ ਵੀ ਬਚਾ ਨ ਸਕਿਆ ਹੁਣ ਮੈਂ ਕੀ ਬਚਾਉਣਾ ਹੈ ਹੁਣ ਤਾਂ ਮੈਥੋਂ ਆਪਣੀ ਰਾਖੀ ਨਹੀਂ ਹੁੰਦੀ, ਅਜ ਪਾਣੀ ਦਾ ਪਿਆਲਾ ਵੀ ਨਹੀਂ ਫੜ ਸਕਦਾ, 'ਫਰੀਦਾ ਇਨੀ ਨਿਕੀ ਜੰਘੀਐ ਥਲ ਝੁਗਰ ਭਵਿਓਮਿ ਅਜ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।'

ਅਜ ਮੇਰਾ ਸਾਹ ਰੁਕ ਰਿਹਾ ਮੇਰੇ ਕੋਲ ਗਲ ਨਹੀਂ ਹੁੰਦੀ। ਸਾਹ ਬੰਦ ਹੋਇਆ ਹੋਇਆ ਮੁੜ ਕੇ ਨਹੀਂ ਵਾਪਸ ਆਵੇਗਾ, ਬੇਟਾ ! ਛੇਤੀ ਆ, ਅਜ

Sri Satguru Jagjit Singh Ji eLibrary NamdhariElibrary@gmail.com

ਮੈਂ ਖੁਦਾ ਅਗੇ ਬੇਨਤੀ ਕਰਨ ਤੋਂ ਬਿਨਾ ਹੋਰ ਕੁਝ ਨਹੀਂ ਕਰ ਸਕਦਾ।'

ਕਾਲ ਸਮਾਂ ਕਿੰਨਾ ਭਿਆਨਕ ਹੈ ਉਹ ਵਡੇ ਵਡੇ ਜ਼ਾਲਮਾਂ ਕਸਾਈਆਂ ਤੇ ਲੁਟੇਰਿਆਂ ਨੂੰ ਵੀ ਘਬਰਾ ਦੇਂਦਾ ਹੈ। ਜਿਸ ਔਰੰਗਜ਼ੇਬ ਨੇ ਪਿਉਂ ਤੇ ਭਰਾਵਾਂ ਨੂੰ ਮਾਰਨ ਲਗਿਆਂ, ਭੈਣਾਂ ਤੇ ਧੀਆਂ ਨੂੰ ਤੰਗ ਕਰਨ ਲਗਿਆ ਕਦੇ ਅੱਥਰੂ ਨਹੀਂ ਸੀ ਕੇਰੀ ਉਹ ਮੌਤ ਦੇ ਮੰਜੇ ਉਤੇ ਪਿਆ ਰੋਂਦਾ ਸੀ ਉਹ ਆਪਣੀ ਗਲਤ ਪਾਲਸੀ ਨੂੰ ਮੰਨ ਗਿਆ। ਜਿਸ ਸਤਿਗੁਰੂ ਜੀ ਨੂੰ ਉਸਨੇ ਉਜਾੜਨ ਦਾ ਯਤਨ ਕੀਤਾ ਸੀ ਉਹ ਸਤਿਗੁਰੂ ਸਭ ਕੁਝ ਗੁਵਾਕੇ ਵੀ ਪ੍ਰਸੰਨ ਚਿਤ ਰਿਹਾ ਪਰ ਔਰੰਗਜ਼ੇਬ ਬਾਦਸ਼ਾਹੀ ਪ੍ਰਾਪਤਕਰਕੇ ਵੀ ਦੁਖੀ ਸੀ ਤੇ ਅੰਤ ਸਮੇਂ ਪਛਤਾ ਰਿਹਾਸੀ।

ਆਖਰ ਪਛਤਾਵਾਂ ਵੀ ਮੁਕ ਗਿਆ ਮਾਰਚ (੧੭੦੭) ਦੇ ਇਕ ਦਿਨ ਔਰੰਗਾਬਾਦ (ਆਪਣੇ ਨਾਮ ਬਣਾਏ ਸਹਿਰ) ਵਿਚ ਉਹ ਮੰਜੇ ਉਤੇ ਪਿਆ ਸੀ ਕਿ ਜਮ ਆ ਪਜੇ। ਉਹਦੇ ਸੈਨਕਾਂ, ਵਜ਼ੀਰਾਂ, ਅਹਿਲਕਾਰਾਂ ਤੇ ਗੁਲਾਮ ਦੇ ਹੰਦਿਆਂ ਤੇ ਦੇਖਦਿਆਂ ਹੋਇਆ ਹਿੰਦ ਦੇ ਬਾਦਸ਼ਾਹ ਔਰੰਗਜੇਬ ਨੂੰ ਦੋਸ਼ੀਆਂ ਵਾਂਗ ਫੜਕੇ ਅਗੇ ਲਾ ਤੁਰੇ। ਉਨ੍ਹਾਂ ਨੂੰ ਕਿਸੇ ਨਾ ਰੋਕਿਆ। ਧੌਲ ਮੁਕੀ ਹੋਈ, ਔਰੰਗਜ਼ੇਬ ਨੇ ਹਥ ਪੈਰ ਮਾਰਕੇ ਵਾਸਤਾ ਪਾਇਆ ਕਿ ਕੋਈ ਉਸ ਨੂੰ ਬਚਾਂਵੇਂ ਪਰ ਕਿਸੇ ਨਾ ਬਚਾਇਆ। ਅਜਰਾਈਲ ਫਰਿਸ਼ਤਾ ਕ੍ਰੋਧ ਨਾਲ ਕੁਟਦਾ ਹੋਇਆ ਪਾਪੀ ਔਰੰਗੇ ਨੂੰ ਨਰਕਾਂ ਵਲ ਲੈ ਗਿਆ। ੮੮ ਸਾਲ ਪਿਛੋਂ ਮਹਾਂ ਦੁਸ਼ਟ ਦੀ ਜੀਵਨ ਕਹਾਣੀ ਦਾ ਅੰਤ ਹੋ ਇਆ। ਉਹਦੇ ਸਰੀਰ ਨੂੰ ਮਿਟੀ ਵਿਚ ਨਪ ਦਿਤਾ ਗਿਆ ਜਿਥੇ ਉਹ ਰੌਜ਼ਾ ਨਾਮ ਦੇ ਪਿੰਡ ਵਿਚ ਅਜੇ ਤਕ ਪਿਆ ਹੈ।

ਔਰੰਗਜ਼ੇਬ ਦੇ ਮਰਨ ਦੀ ਢਿਲ ਸੀ ਕਿ ਦਿਲੀ ਤਖਤ ਦੀ ਪ੍ਰਾਪਤੀ ਵਾਸਤੇ ਪੁਤ੍ਰਾਂ ਵਿਚਾਲੇ ਜੁਧ ਸ਼ੁਰੂ ਹੋ ਗਿਆ। ਉਹ ਜਿਥੇ ਜਿਥੇ ਸਨ ਉਥੋਂ ਹੀ ਨੱਸ ਉਠੇ। ਕਿਸੇ ਨੇ ਪਿਉਂ ਦੀ ਮੌਤ ਉਤੇ ਅਥਰੂ ਨਾ ਕੇਰਿਆ ਕਿਸੇ ਨੇ ਅਫਸੋਸ ਨਾ ਕੀਤਾ, ਨਾ ਮਰਦੇ ਪਿਉ ਦਾ ਮੂੰਹ ਦੇਖਣ ਦੀ ਇਛਾ ਹੋਈ ਸਿਰਫ ਰਾਜ ਪ੍ਰਾਪਤੀ ਦੀ ਭੁਖ ਨੇ ਉਹਨਾਂ ਨੂੰ ਵਿਆਕੁਲ ਕਰ ਦਿਤਾ।

ਮੌਅਜ਼ਮ ਕਾਬਲ ਵਿਚ ਸੀ ਉਸਨੂੰ ਦੂਰੋਂ ਆਉਂਦਿਆਂ ਹੋਇਆ ਦੇਰ ਲਗਣੀ ਸੀ ਤੇ ਕਾਮ ਬਖਸ਼ ਤੇ ਆਜ਼ਮ ਹਿੰਦ ਵਿਚ ਸਨ। ਕਾਮ ਬਖਸ਼

Sri Satguru Jagjit Singh Ji eLibrary NamdhariElibrary@gmail.com

ਤਾਂ ਦਖਣ ਵਿਚ ਰਿਹਾ ਤੇ ਆਜ਼ਮ ਆਗਰੇ ਵਲ ਵਧਿਆ। ਆਗਰੇ ਵਧਣ ਦਾ ਭਾਵ ਸੀ ਕਿ ਆਗਰੇ ਵਿਚ ਜਮਾਂ ਹੋਏ ਖਜਾਨੇ ਉਤੇ ਕਬਜ਼ਾ ਕੀਤਾ ਜਾਵੇ। ਆਗਰੇ ਵਿਚ ਚਾਰ ਪੀੜੀਆਂ ਦਾ ਖਜ਼ਾਨਾ ਸੀ ਉਹ ਫੌਜਾਂ ਲੈ ਕੇ ਵਾਹ ਦਾਹੀ ਆਗਰੇ ਪੁਜਾ। ਖਜਾਨੇ, ਸ਼ਹਿਰ ਤੇ ਕਿਲੇ ਉਤੇ ਕਬਜਾ ਕਰ ਲਿਆ ਕਬਜਾ ਹੋ ਜਾਣ ਪਿਛੋਂ ਉਸਨੇ ਆਪਣੇ ਨਾਮ ਦਾ ਨਵਾਂ ਰਪਿਆ ਵੀ ਢਲਵਾ ਲਿਆ ਪਰ ਕਾਲ ਕਿਸਦੀ ਸਹਾਇਤਾ ਕਰਦਾ ਹੈ, ਇਹ ਕਿਸੇ ਨੂੰ ਕੋਈ ਪਤਾ ਨਹੀਂ ਹੁੰਦਾ।

ਉਧਰੋਂ ਮੌਅਜ਼ਮ ਕਾਬਲੋਂ ਤੁਰ ਪਿਆ, ਉਸਦਾ ਪੁਤ੍ਰ ਬੰਗਾਲ ਦਾ ਹਾਕਮ ਸੀ ਉਸਨੂੰ ਲਿਖਿਆ ਤੇ ਤਕੜੀ ਸੈਨਾਂ ਇਕੱਠੀ ਕਰਕੇ ਦਿੱਲੀ ਵਲ ਵਧਿਆ। ਫੌਜ ਕਾਬਲ ਤੋਂ ਹਵਾ ਨਾਲ ਗਲਾਂ ਕਰਦੀ ਹੋਈ ਛੇਤੀ ਪੁਜ ਗਈ ਮੁਨੀਮ ਖਾਨ ਉਹਦੇ ਪੁਤ੍ਰ ਨੇ ਵੀ ਬੰਗਾਲ ਤੋਂ ਚੜਾਈ ਕਰ ਦਿਤੀ ਮੌਅਜ਼ਮ ਪੰਜਾਬ ਲੰਘਕੇ ਰਾਜਪੁਤਾਨੇ ਵਿਚ ਪੁਜਾ।

ਉਸ ਸਮੇਂ ਸਤਿਗੁਰੂ ਜੀ ਬਘੌਰ ਹੀ ਸਨ। ਸਤਿਗੁਰੂ ਜੀ ਹੈ ਔਰੰਗਜ਼ੇਬ ਦੀ ਮੌਤ ਤਖਤ ਵਾਸਤੇ ਉਹਦੇ ਪੁਤ੍ਰਾਂ ਦਾ ਲੜਾਈ ਲੜਨ ਵਾਸਤੇ ਤਿਆਰ ਹੋਣਾ ਆਦਿਕ ਸਾਰੇ ਹਾਲ ਦਾ ਪਤਾ ਲੱਗ ਗਿਆ। ਸਤਿਗੁਰੂ ਜੀ ਨੂੰ ਇਹ ਅਫਸੋਸ ਹੋਇਆ ਕਿ ਔਰੰਗਜ਼ੇਬ ਨਾਲ ਮੇਲ ਨਾ ਹੋ ਸਕਿਆ ਕਿਉਂਕਿ ਸਾਹਿਬ ਉਸ ਨਾਲ ਖਰੀਆਂ ਖਰੀਆਂ ਗਲਾਂ ਨਾਲ ਕਰਨਾ ਚਾਹੁੰਦੇ ਸਨ ਉਹ ਖਰੀਆਂ ਗਲਾਂ ਕਰਕੇ ਉਹਦੇ ਪਾਪਾਂ ਦੀ ਪੰਡ ਹੋਰਭਾਰੀ ਕਰਨਾ ਚਾਹੁੰਦੇਸਨ। ਅੰਤ ਵਿਚ ਸਾਹਿਬਾਂ ਨੇ ਕਿਹਾ—'ਚੰਗਾ ਹੋਇਆ ਔਰੰਗਜੇਬ ਛੇਤੀ ਹੀ ਮਰ ਗਿਆ। ਹਿਸਾਬ ਛੇਤੀ ਦੇਵੇਗਾ।'

੪. ਭਾਈ ਨੰਦ ਲਾਲ ਜੀ ਦਾ ਸਤਿਗੁਰੂ ਪਾਸ ਐਣਾ

ਭਾਈ ਨੰਦ ਲਾਲ ਜੀ ਪਹਿਲਾਂ ਮੌਅਜ਼ਮ ਕੋਲ ਰਹਿੰਦੇ ਸਨ ਪਰ ਔਰੰਗਜ਼ੇਬ ਦੇ ਜੁਲਮ ਤੋਂ ਤੰਗ ਆ ਕੇ ਸਤਿਗੁਰੂ ਜੀ ਪਾਸ ਆ ਪੁਜੇ ਸਨ ਪਰ

Sri Satguru Jagjit Singh Ji eLibrary NamdhariElibrary@gmail.com

ਅਨੰਦ ਪੁਰ ਦੀਆਂ ਬੜਾਈਆਂ ਸਮੇਂ ਅਨੰਦਪੁਰ ਤੋਂ ਚਲੇ ਗਏ ਸਨ ਤੇ ਮੁੜ ਮੌਅਜ਼ਮ ਕੋਲ ਜਾ ਰਹੇ ਸਨ। ਮੌਅਜ਼ਮ ਬਹੁਤ ਨੇਕ ਪੁਰਸ਼ ਸੀ ਤੇ ਰਬ ਦੇ ਭੈ ਵਾਲਾ ਸੀ। ਨੰਦ ਲਾਲ ਤੇ ਮੌਅਜ਼ਮ ਦੀ ਆਪਸ ਵਿਚ ਨਿਘੀ ਮਿਤ੍ਰਤਾ ਸੀ।

ਮੌਅਜ਼ਮ ਦੀਆਂ ਫੌਜਾਂ ਰਾਜਪੁਤਾਨੇ ਪੁਜੀਆਂ ਤਾਂ ਭਾਈ ਨੰਦ ਲਾਲ ਜੀ ਨੂੰ ਸੂਹ ਮਿਲੀ ਕਿ ਉਸਦੇ ਮਾਲਕ ਸਤਿਗੁਰੂ ਜੀ ਬਘੌਰ ਹਨ। ਸਾਹਿਬਾਂ ਦੇ ਦਰਸ਼ਨ ਕਰਨ ਬਿਨਾਂ ਭਲਾ ਕਿਵੇਂ ਅਗੇ ਜਾਵੇ? ਉਸਨੂੰ ਮੌਅਜ਼ਮ ਨੂੰ ਜਾ ਬੇਨਤੀ ਕੀਤੀ। ਮੌਅਜ਼ਮ ਸਤਿਗੁਰੂ ਜੀ ਨੂੰ ਚੰਗੀ ਤਰਾਂ ਜਾਣਦਾ ਸੀ ਇਸ ਵਾਸਤੇ ਉਸਨੇ ਨੰਦ ਲਾਲ ਨੂੰ ਕਿਹਾ—'ਖੁਸ਼ੀ ਨਾਲ ਤੁਸੀਂ ਸਤਿਗੁਰੂ ਜੀ ਪਾਸ ਜਾਵੋ ਤੇ ਮੇਰੀ ਫਤਹ ਵਾਸਤੇ ਵੀ ਬੇਨਤੀ ਕਰਨੀ, ਮੈਂ ਉਹਨਾਂ ਦਾ ਸ਼ਰਧਾਲੂ ਬਣਿਆ ਰਹਾਂਗਾ। ਉਹ (ਸਤਿਗੁਰੂ ਜੀ) ਖੁਦਾ ਦੇ ਪ੍ਰੇਮੀ ਹਨ। ਉਹਨਾਂ ਦੀ ਬੇਨਤੀ (ਅਰਦਾਸ) ਕੀਤੀ ਐਵੇ ਨਹੀਂ ਜਾਂਦੀ। ਜ਼ਰੂਰ ਜਾਂਵੋ। ਨਜ਼ਰਾਨੇ ਵਾਸਤੇ ਮੋਹਰਾਂ ਲੈ ਜਾਵੋ।'

ਇਉਂ ਸਲਾਹ ਕਰਕੇ ਤੇ ਬਹੁਤ ਸਾਰੀਆਂ ਉੱਤਮ ਵਸਤੂਆਂ ਤੇ ਮੋਹਰਾਂ ਲੈ ਕੇ ਭਾਈ ਨੰਦ ਲਾਲ ਜੀ ਬਘੌਰ ਨੂੰ ਤੁਰੇ। ਦੂਸਰੇ ਦਿਨ ਬਘੌਰ ਪੁਜੇ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਓਹਨਾਂ ਦਾ ਲੂੰ ਲੂੰ ਖੁਸ਼ ਹੋ ਗਿਆ। ਪਿਆਰ ਨੇ ਮਨ ਵਿਆਕੁਲ ਕੀਤਾ, ਚਿਰਾਂ ਪਿਛੋਂ ਪਿਆਰੇ ਨਾਲ ਮੇਲ ਹੋਇਆ, ਓਸ ਵੇਲੇ ਜੀਭਾ ਮਲੋ ਮਲੀ ਓਸਤਤਿ ਕਰਨ ਲਗ ਪਈ ਅਤੇ ਰੂਹ ਆਪ ਮੁਹਾਰੀ ਰੋਣ ਲਗ ਪਈ।

ਰਹਿ ਰਸਾਨੇ ਰਾਹੇ ਹੱਕ ਆਮਦ ਅਦਬ। ਹਮ ਬਦਿਲ ਯਾਦੇ ਖੁਦਾਓ ਹਮ ਗਲਬ। ਹਰ ਕੁਜਾ ਦੀਦੇਮ ਅਨਵਾਰੇ ਖੁਦਾ। ਬਸ ਕਿ ਅਜ ਸੁਹਬਤ ਬਜੁਰਗਾਂ ਸ਼ੁਦ ਜਜ਼ਬ। ਚਸ਼ਿਮ ਮਾ ਰੌਰ ਅਜ ਜਮਾਲਸ ਵਾ ਨਸ਼ੁਦ। ਜਾਂ ਕਿ ਜੁਮਲਹ ਖਲਕ ਰਾ ਦੀਦੇਮ ਰੱਬ। ਖਾਕਿ ਕੁਦਮਸ ਰੋਸ਼ਨੀਏ ਦਿਲ ਕੁਨਦ। ਗਰ ਤੁਰਾਬਾ ਸਾਲਕਾਂ ਬਾਸਾਦ ਨਸਬ। ਕੀਸਤ 'ਗੋਯਾ' ਕੋ ਮੁਰੀਦ ਦਿਲ ਨਯਾਫਤ। ਹਰ ਕਸੇ ਬਾ ਨਫਿਸ ਖੁਦ ਕਰਦਹ ਗਜ਼ਬ।

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਉਲਥਾ—

ਮਹਬੂਬਾਂ ਦੇ ਕੂਚੇ ਅੱਦਰ, ਨਾਲ ਗਰੀਬੀ ਜਾਈਦਾ ॥
ਦਿਲ ਵਿਚ ਯਾਦ ਪੀਆਂਦੀ ਵੱਸੇ, ਮੁਖ ਥੀਂ ਨਾਨ ਅਲਾਈਦਾ ॥
ਜਿਤ ਵਲ ਨਜ਼ਰ ਤਿਤੇ ਵਲ ਸਜਨ ਆਪਣਾ ਨੂਰ ਦਿਖਾਂਦਾ ਏ ॥
ਪਰ ਇਹ ਨੂਰੀ ਦਰਸ਼ਨ ਮਿਲਕੇ, ਸਾਧ ਸੰਗਤ ਵਿਚ ਪਾਈਦਾ ॥
ਨੇਤਰ ਬੰਦ ਨ ਖੁਲ੍ਹਦੇ ਮੂਲੋਂ ਬਾਂਝੋਂ ਦਰਸ ਪਿਆਰ ਦੇ
ਜਲ ਥਲ ਮਹੀਅਲ ਪੂਰ ਰਿਹਾ ਹੈ, ਜਲਵਾ ਰੂਪ ਇਲਾਹੀ ਦਾ ॥
ਚਰਨ ਧੂੜ ਨੈਣਾਂ ਦਾ ਸੁਰਮਾਂ ਚਾਨਣ ਦਿਲ ਵਿਚ ਕਰਦਾ ਏ ॥
ਮੁਰਸ਼ਦ ਕਾਮਲ ਸਤਿਗੁਰੂ ਨਾਨਕ ਭਾਗ ਵਡੇ ਜੇ ਪਾਈਦਾ ॥
ਜਗ ਵਿਚ 'ਗੋਜਾ' ਕਿਸਨੇ ਆਪਣੀ ਦਿਲੀ ਮੁਰਾਦ ਨ ਪਾਈਏ ॥
ਨਾਲ ਵਿਕਾਰਾਂ ਜਿਸਨੇ ਸਨ ਮੁਖ ਬੱਧਾ ਲੱਕ ਲੜਾਈਦਾ ॥

(ਪ੍ਰੀਤ-ਰੀਤਿ ਵਿਚੋਂ)

ਇਹ ਆਖਕੇ ਜ਼ਬਾਨ ਨਾ ਰੁਕੀ ਮਨ ਮਸਤੀ ਵਿਚ ਆਇਆ ਹੋਇਆ ਪਿਆਰੇ ਦੇ ਸਨਮੁਖ ਗਾਈ ਗਿਆ—

ਗਦਾਏ ਕੂਏ ਤੁਰਾ ਮੈਲੇ ਬਾਦਸ਼ਾਹੀ ਨੇਸਤ। ਹਵਾਏ ਸਲਤਨ ਤੇ ਜੋਕਿ ਕਜਕੁਲਾਹੀ ਨੇਸਤ। ਹਰ ਆਂਕਿ ਮਮਲਕਤੇ ਦਿਲ ਗਰਿਫਤ ਓ ਸੁਲਤਾ ਸ਼ੁਦ। ਕਸੇ ਕਿ ਯਾਫਤ ਤੁਰਾ, ਹਮਚੂ ਓ ਸਿਪਾਹੀ ਨੇਸਤ। ਗਦਾਏ ਕੂਏ ਤੋ ਬਾਦਸ਼ਾਹੇ ਹਰ ਦੋ ਸਰਾ ਅਸਤ। ਅਸੀਰੇ ਖੱਤੇ ਤੁਰ ਹਾਜਤੇ ਰਿਹਾਈ ਨੇਸਤ ॥ ਕੁਦਾਮ ਦੀਦਹ ਕਿ ਦਰ ਵੈ ਸੁਆਦੇ ਨੂਰੇ ਤੋ ਨੇਸਤ। ਕੁਦਾਨ ਸੀਨਾ ਕਿ ਓ ਮਖਜਨੇ ਇਲਾਹੀ ਨੇਸਤ। ਫਿਦਾਏ ਓ ਸ਼ੋ ਆ ਉਜਰੇ ਮਖਾਹ ਐ 'ਗੋਜਾ' ਕਿ ਦਰ ਤਰੀਕਤੇ ਮਾ ਜਾਏ ਉਜਰ ਖਾਹੀ ਨੇਸਤ। ਪੰਜਾਬੀ ਉਲਥਾ

ਦਰਵਾਜੇ ਤੇਰੇ ਦੇ ਮੰਗਤੇ, ਲੋੜ ਨਾ ਰਖਦੇ ਸ਼ਾਹੀ ਦੀ
ਨਾ ਉਹ ਤਖਤ ਜੜਾਊ ਲੋਚਣ, ਤਾਜ ਨਾ ਟੋਪੀ ਪਾਈ ਦੀ
ਗੜ੍ਹ ਬੰਕਾ ਜਿਨ੍ਹ ਜਿਤ ਲੀਤਾ ਬੈਠੇ ਤਖਤ ਮੁਦਾਮੀ ਨੇ

Sri Satguru Jagjit Singh Ji eLibrary NamdhariElibrary@gmail.com

ਪਕੜ ਜਿਨ੍ਹਾਂ ਨੂੰ ਬੁਕਲ ਬੱਧਾ, ਰੀਸ ਨ ਉਸ ਸਿਪਾਹੀ ਦੀ।
ਦੀਨ ਦੁਨੀ ਦੇ ਸਾਹਿਬ ਨੇ ਜੋ ਦਰ ਤੇਰੇ ਦੇ ਮੰਗਤੇ ਸਨ।
ਫਾਥੇ ਪ੍ਰੇਮ ਰਾਸ ਜੇ ਤੇਰੀ ਹਾਜਤ ਨਹੀਂ ਰਿਹਾਈ ਦੀ।
ਹਰ ਨੇਤ੍ਰ ਦਾ ਸੁਰਮਾ ਤੇਰਾ ਨੂਰ ਪਿਆਰ ਦਿਸਦਾ ਏ
ਜੋ ਜੋ ਹਿਰਦਾ ਫੋਲ ਤਕਾਵਾਂ, ਬੈਠਕ ਆਪ ਇਲਾਹੀ ਦੀ।
ਤਨ ਮਨ ਵਾਰ ਪ੍ਰੀਤਮ ਉਤੋਂ, ਮੁਖ ਥੀਂ 'ਗੋਜਾ' ਬੋਲ ਲਹੀਂ।
ਗੁਰ ਸਿਖੀ ਵਿਚ ਚੁਪ ਕਰ ਰਹਿਣਾ, ਰੀਤ ਨਾ ਰੌਲੀ ਪਾਈ ਦੀ।
(ਪ੍ਰੀਤ—ਰੀਤਿ ਨੰਦ ਲਾਲ ਦੀਆਂ ਗਜਲਾਂ ਵਿਚੋਂ}

ਇਹ ਸੁਣਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਉਹਨਾਂ ਨੇ ਭਾਈ ਨੰਦ ਲਾਲ ਨੂੰ ਗਲ ਨਾਲ ਲਾ ਲਿਆ। ਸੁਖ-ਸਾਂਦ ਪੁਛੀ, ਵਿਛੜੇ ਸਮੇਂ ਦੇ ਹਾਲ ਪੁਛੋ। ਅੰਤ ਵਿਚ ਸਾਰੀਆਂ ਘਟਨਾਵਾਂ ਦਸੀਆਂ ਕਿ ਕਿਵੇਂ ਅਨੰਦਪੁਰ ਦੇ ਛਡਣ ਪਿਛੋਂ ਸਾਹਿਬਾਂ ਨੂੰ ਜੀਵਨ ਘੋਲ ਕਰਨਾ ਪਿਆ।

'ਮੈਨੂੰ ਸਾਹਜ਼ਾਦਾ ਮੌਅਜ਼ਮ ਨੇ ਭੇਜਿਆ ਹੈ। ਉਸ ਨੇ ਬੇਨਤੀ ਕੀਤੀ ਹੈ ਕਿ ਉਸਨੂੰ ਬਾਦਸ਼ਾਹੀ ਪ੍ਰਾਪਤ ਹੋਵੇ, ਅਤੇ ਵਾਹਿਗੁਰੂ ਅਗੇ ਅਰਦਾਸ ਕਰੋ ਉਹ ਬਹੁਤ ਮਿੰਨਤਾਂ ਕਰਦੇ ਹਨ ਉਨਹਾਂ ਦਾ ਵਿਚਾਰ ਹੈ ਲੜਾਈ ਲੜ ਕੇ ਰਾਜ ਪ੍ਰਾਪਤ ਕਰਨਾ। ਉਹਦੇ ਭਰਾ ਨੇ ਆਗਰਾ ਸੰਭਾਲ ਲਿਆ ਹੈ ਤੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਹੈ।'

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ—'ਔਰੰਗਜ਼ੇਬ ਮਰ ਗਿਆ ਆਪਣੇ ਕੀਤੇ ਕਰਮਾਂ ਦਾ ਫਲ ਉਹ ਨਰਕ ਪੁਰੀ ਵਿਚ ਭੁਗਤ ਰਿਹਾ ਹੈ। ਮੌਅਜ਼ਮ ਚੰਗਾ ਬੇਟਾ ਹੈ ਉਸ ਨੇ ਅਸਾਂ ਦੀ ਹਮਦਰਦੀ ਪ੍ਰਗਟ ਕੀਤੀ ਸੀ। ਚਾਹੁੰਦੇ ਹਾਂ ਕਿ ਓਹ ਬਾਦਸ਼ਾਹ ਬਣੇ। ਜੇ ਚੰਗਾ ਰਹੇਗਾ, ਪਰਜਾ ਨਾਲ ਪਿਆਰ ਕਰੇਗਾ ਤਾਂ ਰਾਜ ਭੋਗ ਲਵੇਗਾ, ਨਹੀਂ ਤੇ ਤੁਰ ਜਾਵੇਗਾ.....।'

ਇਸ ਤਰਾਂ ਦਾਤੇ ਨੇ ਬਚਨ ਕਰ ਦਿਤਾ, ਗਲਬਾਤ ਹੁੰਦੀ ਰਹੀ। ਅਖੀਰ ਭਾਈ ਨੰਦ ਲਾਲ ਜੀ ਨੇ ਸਤਿਗੁਰੂ ਜੀ ਨੂੰ ਪੂਰੇ ਤੌਰ ਮਨਾ ਲਿਆ ਕਿ ਸਾਹਿਬ ਹਰ ਤਰਾਂ ਸ਼ਾਹਜਾਦਾਂ ਮੌਅਜਮ ਦੀ ਸਹਾਇਤਾ ਕਰਨਗੇ। ਸਾਹਿਬਾਂ

Sri Satguru Jagjit Singh Ji eLibrary NamdhariElibrary@gmail.com

ਨੇ ਹਾਂ ਕਰ ਦਿਤੀ ਤੇ ਆਪਣੇ ਸਿੱਖਾਂ ਨੂੰ ਕਹਿ ਦਿਤਾ ਕਿ ਉਹ ਮੌਅਜ਼ਮ ਦੀ ਸਹਾਇਤਾ ਕਰਨ।

ਅਸਲ ਵਿਚ ਸਤਿਗੁਰੂ ਜੀ ਦੀ ਆਤਮਿਕ ਸਹਾਇਤਾ ਹੀ ਮੌਅਜ਼ਮ ਨੂੰ ਮਿਲ ਸਕਦੀ ਸੀ। ਸਤਿਗੁਰੂ ਜੀ ਦੇ ਸਿਖ ਤਾਂ ਪੰਜਾਬ ਵਿਚ ਸਨ ਤੇ ਲੜਾਈ ਆਗਰੇ ਹੋਣੀ ਸੀ। ਇਹ ਫੈਸਲਾ ਕਰਨ ਵੇਲੇ ਨਿਰਭੈਤਾ ਤੇ ਨਿਰਵੈਰਤਾ ਦੇ ਬਾਨੀ ਤੇ ਅਵਤਾਰੀ ਸਤਿਗੁਰੂ ਜੀ ਨੇ ਰਤਾ ਵਿਚਾਰ ਨਹੀਂ ਕੀਤਾ ਕਿ ਮੌਅਜ਼ਮ ਦੇ ਬਾਪ ਅਤੇ ਮੁਗਲ ਹਕੂਮਤ ਨੇ ਉਹਨਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਾਹਿਬ ਮੁਸਲਮਾਨ ਜਾਤ ਦੇ ਦੁਸ਼ਮਨ ਨਹੀਂ ਸਨ ਉਹ ਤਾਂ ਜ਼ੁਲਮ ਦੇ ਤੇ ਜ਼ੁਲਮ ਕਰਨ ਵਾਲੇ ਦੇ ਵੈਰੀ ਸਨ।

ਭਾਈ ਨੰਦ ਲਾਲ ਜੀ ਦਾ ਲੂੰ ਲੂੰ ਖੁਸ਼ ਹੋ ਰਿਆ ਉਹ ਪ੍ਰਸੰਨਤਾ ਨਾਲ ਉਛਲਦੇ ਹੋਏ ਸਤਿਗੁਰੂ ਜੀ ਦੇ ਗੁਣ ਗਾਉਂਦੇ ਰਹੇ। ਰਜ ਕੇ ਦਰਸ਼ਨ ਕਰਕੇ ਵਾਪਸ ਮੁੜੇ, ਵਾਪਸ ਮੁੜ ਕੇ ਉਸ ਨੇ ਸ਼ਾਹਜਾਦਾ ਮੌਅਜ਼ਮ ਨੂੰ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਗਟ ਕਰ ਦਿਤੀਆਂ। ਮੌਅਜ਼ਮ ਸਾਧੂ ਫਕੀਰਾਂ ਤੇ ਸਤਿਗੁਰਾਂ ਦੇ ਸ਼ਬਦਾਂ ਉਤੇ ਭਰੋਸਾ ਕਰਿਆ ਕਰਦਾ ਸੀ। ਉਸ ਨੇ ਜਦੋਂ ਸੁਣਿਆਂ ਕਿ ਉਹਦੀ ਫਤਹ ਦਾ ਬਚਨ ਹੋ ਰਿਆ ਹੈ ਤਾਂ ਉਹਦਾ ਹੌਸਲਾ ਕਈ ਗੁਣਾਂ ਵਧ ਗਿਆ, ਉਹ ਜੋਰ ਜੋਰ ਨਾਲ ਲੜਾਈ ਲੜਨ ਦਾ ਯਤਨ ਕਰਨ ਲਗਾ। ਉਸੇ ਵੇਲੇ ਉਹ ਮਥਰਾ ਦਾ ਮੁਕਾਮ ਤੇ ਸੀ ਤੇ ਆਗਰੇ ਆਗਰੇ ਉਤੇ ਚੜ੍ਹਾਈ ਕਰਨੀ ਸੀ।

ਗਿਆਨੀ ਗਿਆਨ ਸਿੰਘ ਜੀ ਦਾ ਇਹ ਵਿਚਾਰ ਹੈ ਕਿ ਸਤਿਗੁਰੂ ਜੀ ਨੇ ਧਰਮ ਸਿੰਘ ਦੀ ਜਥੇਦਾਰੀ ਹੇਠਾਂ ਪੰਝੀ ਸਿੰਘ ਵੀ ਭਾਈ ਨੰਦ ਲਾਲ ਦੇ ਨਾਲ ਤੋਰੇ, ਓਹਨਾਂ ਸਿੰਘ ਨੇ ਵੀ ਬਹਾਦਰ ਸ਼ਾਹ ਨੂੰ ਬਹੁਤ ਹੌਸਲਾ ਦਿਤਾ। ਓਹਨਾਂ ਨੇ ਕਿਹਾ—'ਆਪ ਲੜਾਈ ਲੜੀਏ, ਸਤਿਗੁਰੂ ਜੀ ਦੇ ਬਚਨ ਜਰੂਰ ਪੂਰੇ ਹੋਣਗੇ ਆਪ ਦਿਲੀ ਦੇ ਬਾਂਦਸ਼ਾਹ ਬਣੋਗੇ। ਜੇ ਨੇਕੀ ਦਾ ਰਾਜ ਕਰੋਗੇ ਤਾਂ ਲੰਮੀ ਓਮਰ ਹੋਵੇਗੀ। ਵਾਹਿਗੁਰੂ (ਖੁਦਾ) ਉਤੇ ਭਰੋਸ਼ਾ ਰਖੋ ਓਹ ਜੋ ਕੁਝ ਕਰਦਾ ਹੈ ਸੋ ਠੀਕ ਕਰਦਾ ਹੈ।'

Sri Satguru Jagjit Singh Ji eLibrary NamdhariElibrary@gmail.com

ਮੌਅਜ਼ਮ ਦੀਆਂ ਫੌਜਾਂ ਨੇ ਮਥਰਾ ਤੋਂ ਅਗੇ ਕੂਚ ਕੀਤਾ। ਮਾਰੂ ਵਜਿਆ, ਜਵਾਨਾਂ ਵਿਚ ਜੋਸ਼ ਆਇਆ ਉਹਨਾਂ ਨੇ ਹਲਾਸ਼ੇਰੀ ਨਾਲ ਉੱਚੀਆਂ ਨੀਵੀਆਂ ਥਾਵਾਂ ਨਦੀਆਂ ਨਾਲੇ ਲੰਮੇ ਪੰਧ ਨੂੰ ਪਾਰ ਕਰਨਾ ਅਰੰਭਿਆ ਆਖਰ ਚੰਬਲ ਨਦੀ ਪਾਰ ਹੋ ਗਿਆ, ਮੋਰਚੇ ਪੁਟੇ ਗਏ। ਤੋਪਾਂ ਬੀੜ ਦਿਤੀਆਂ ਗਈਆਂ।

ਆਜਮ ਸ਼ਾਹ, ਜੋਹੜਾ ਆਗਰੇ ਵਿਚ ਹਿੰਦੂਸਤਾਨ ਦਾ ਬਾਦਸ਼ਾਹ ਬਣਕੇ ਬੈਠਾ ਸੀ, ਉਸਨੂੰ ਜਦੋਂ ਪਤਾ ਲਗਾ ਕਿ ਉਸਦਾ ਭਰਾ ਭਾਰੀ ਫੌਜ ਨਾਲ ਚੜ੍ਹਾਈ ਕਰਕੇ ਆ ਪੁਜਾ ਹੈ ਤਾਂ ਉਸ ਨੇ ਫੌਰਨ ਆਪਣੀ ਫੌਜ ਨੂੰ ਮਾਰਚ ਕਰਨ ਦਾ ਹੁਕਮ ਦੇ ਦਿਤਾ। ਇਕ ਪਲ ਵੀ ਉਸ ਵਾਸਤੇ ਰੁਕਣਾ ਔਖਾ ਸੀ। ਉਹਦੇ ਵਾਸਤੇ ਜੀਵਨ ਮੌਤ ਦਾ ਸਵਾਲ ਸੀ। ਭਰਾ ਦੀ ਮੌਤ ਸੁਣਕੇ ਉਹ ਪ੍ਰਸੰਨ ਹੋਣਾ ਚਾਹੁੰਦਾ ਸੀ।

ਆਹ! ਕਿੰਨੀ ਚੰਦਰੀ ਬਾਦਸ਼ਾਹੀ ਹੈ! ਜੋਹੜੀ ਵੀਰਾਂ, ਬਾਪ ਤੇ ਭੈਣਾਂ ਨੂੰ ਮਾਰਨ ਲਗਿਆ ਅੱਥਰੂ ਨਹੀਂ ਕੇਰਦੀ, ਸ਼ਾਹ ਜਹਾਨ ਨੇ ਭਰਾਵਾਂ ਦਾ ਖੂਨ ਕੀਤਾ ਉਸਦੇ ਪੁਤ੍ਰ ਔਰੰਗਜੇਬ ਨੇ ਭਰਾ ਮਾਰੇ ਤੇ ਹੁਣ ਔਰੰਗਜੇਬ ਦੇ ਪੁਤ੍ਰ ਲੜਨ ਲਗੇ, ਵਾਹ! ਕੈਸੀ ਬਾਦਸ਼ਾਹੀ ਦੀ ਭੁਖ ਹੈ। ਵੀਰਾਂ ਦਾ ਲਹੂ ਪੀ ਕੇ ਤ੍ਰਿਪਤ ਹੁੰਦੀ ਹੈ। ਹਜਾਰਾਂ ਹੋਰ ਮਰ ਜਾਣੇ ਹਨ। ਫਿਰ ਵੀ ਇਸਨੇ ਰਜਣਾ ਨਹੀਂ, ਚੰਦਰੀ! ਚੰਡਾਲ!

ਦੋਵੇਂ ਦਲ ਇਕਠੇ ਹੋ ਗਏ, ਤੋਪਾਂ ਦੇ ਮੂੰਹ ਖੋਹਲ ਦਿਤੇ ਗਏ। ਅੱਗ ਵਰਸਣਲਗੀ, ਗੋਲੀਆਂ ਦੀ ਕੜਕੜ ਜਵਾਨਾਂ ਨੂੰ ਧਰਤੀ ਉਤੇ ਲਟਾਈ ਜਾਣ ਲਗੀ। ਹਰ ਪਾਸੇ ਜੀਵਨ ਨਹੀਂ ਸਗੋਂ ਮੌਤ, ਮੌਤ ਦਾ ਬੋਲ ਬਾਲਾ ਹੋ ਗਿਆ ਸਾਰੇ ਖੁਲ੍ਹੇ ਮੈਦਾਨ ਵਿਚ ਸਵੇਰ ਤੋਂ ਸ਼ਾਮ ਤਕ ਲੜਾਈ ਹੁੰਦੀ ਰਹੀ ਮੋਜ਼ਮਾਨਾ ਜਿਤਿਆ, ਉਹਦੇ ਆਦਮੀ, ਘੋੜੇ ਤੇ ਹਥਿਆਰ ਨਸ਼ਟ ਹੁੰਦੇ ਗਏ। ਓਹ ਕੁਝ ਘਬਰਾਇਆ ਘਬਰਾਉਣ ਦੇ ਨਾਲ ਉਹ ਹੈਰਾਨ ਵੀ ਸੀ, ਪਰ ਖੁਦਾਈ ਲੀਲ੍ਹਾਂ ਨੂੰ ਕੌਈ ਨਹੀਂ ਜਾਣਦਾ ਜਦ ਸੂਰਜ ਡੁਬਣ ਲਗਾ ਤਾਂ ਆਜ਼ਮ ਸ਼ਾਹ ਮਾਰਿਆ ਗਿਆ ਕਿਸੇ ਗਭਰੂ ਦਾ ਤੀਰ ਉਸਦੀ ਛਾਤੀ ਵਿਚ ਜਾ ਵਜਾ। ਉਹ ਹਾਥੀ ਦੇ

Sri Satguru Jagjit Singh Ji eLibrary NamdhariElibrary@gmail.com

ਹੌਦੇ ਵਿਚੋਂ ਬਾਹਰ ਆ ਪਿਆ। ਉਸਦੀ ਇਹ ਦਸ਼ਾ ਦੇਖਕੇ ਉਹਦੇ ਸਾਰੇ ਸਾਥੀ ਦਿਲ ਤੋੜ ਬੈਠੇ, ਜਿਧਰ ਮੂੰਹ ਸੀ ਉਧਰ ਹੀ ਨੱਠ ਉਠੇ। ਲੜਾਈ ਜਿਤਨ ਦੀ ਥਾਂ ਜਾਨ ਬਚਾਉਣ ਦਾ ਖਿਆਲ ਕਰਨ ਲਗੇ। ਮੋਜ਼ਮ ਜਿਤ ਗਿਆ ਫਤਹ ਦੇ ਨਗਾਰੇ ਵਜਾਉਂਦਾ ਹੋਇਆ ਆਗਰਾ ਸ਼ਹਿਰ ਤੇ ਇਤਿਹਾਸਕ ਕਿਲੇ ਵਿਚ ਦਾਖਲ ਹੋਇਆ।

ਉਸਨੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਤੇ ਮੋਜ਼ਮ ਦੀ ਥਾਂ ਆਪਣਾ ਨਾਮ ਬਹਾਦਰ ਸ਼ਾਹ ਰੱਖ ਲਿਆ। 'ਬਹਾਦਰ ਸ਼ਾਹ' ਦੇ ਨਾਮ ਹੇਠਾਂ ਰਾਜ ਕਰਨ ਲੱਗਾ। ਉਸਦੇ ਬਾਦਸ਼ਾਹ ਬਣਨ ਉਤੇ ਉਸਦੇ ਸਾਥੀਆਂ ਨੇ ਬਹੁਤ ਖੁਸ਼ੀ ਮਨਾਈ, ਭਾਈ ਨੰਦ ਲਾਲ ਜੀ ਮੁੜ ਸਤਿਗੁਰੂ ਜੀ ਦੇ ਪਾਸ ਆਏ ਤੇ ਬੇਨਤੀ ਕੀਤੀ ਕਿ ਬ.ਾਦਰ ਸ਼ਾਹ ਸਤਿਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਇਸ ਵਾਸਤੇ ਸਾਹਿਬ ਜ਼ਰੂਰ ਆਗਰੇ ਵਲ ਤਸ਼ਰੀਫ ਲੈ ਚਲਣ।'

ਇਹ ਗਲ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ—'ਬਹੁਤ ਚੰਗਾ ਹੋਇਆ ਜੋ ਮੋਜ਼ਮ ਜਿਤ ਗਿਆ ਹੈ ਤੇ ਬਹਾਦਰ ਸ਼ਾਹ ਦੇ ਨਾਲ ਰਾਜ ਕਰਨ ਲਗ ਪਿਆ ਹੈ। ਇਸ ਨਾਲੋਂ ਹੋਰ ਗਲ ਕੀ ਹੋ ਸਕਦੀ ਹੈ। ਦੂਸਰਾ ਰਿਹਾ ਅਸਾਂ ਦੇ ਜਾਣ ਦਾ। ਅਸਾਂ ਨੂੰ ਸਮਾਂ ਤਾਂ ਦਖਣ ਨੂੰ ਜਾਣ ਵਾਸਤੇ ਪੈ ਰਿਹਾ ਹੈ ਪਰ ਚਲੋ ਆਗਰੇ ਤੋਂ ਹੋਕੇ ਅਗੇ ਚਲੇ ਜਾਵਾਂਗੇ, ਕਈ ਰੂਹਾਂ ਆਗਰੇ ਵਲ ਵੀ ਦੁਖੀ ਹਨ, ਉਹਨਾਂ ਦਾ ਦੁਖ ਨਵਿਰਤ ਕਰਨਾ ਜ਼ਰੂਰੀ ਹੈ। ਅਸੀਂ ਕਲ ਹੀ ਤਿਆਰਾ ਕਰਾਂਗੇ, ਹੌਲੀ ਆਵਾਂਗੇ, ਤੁਸੀਂ ਚਲੋ।'

ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਬਚਨ ਲੈਕੇ ਭਾਈ ਨੰਦ ਲਾਲ ਤਾਂ ਆਗਰੇ ਨੂੰ ਮੁੜ ਗਿਆ ਤੇ ਸਾਹਿਬਾਂ ਨੇ ਬਘੌਰ ਤੋਂ ਚਲਣ ਦਾ ਹੁਕਮ ਦਿਤਾ।

੫. ਸਤਿਗੁਰੂ ਜੀ ਦਾ ਆਗਰੇ ਪੁਜਣਾ

ਸਤਿਗੁਰੂ ਜੀ ਦੇ ਤੁਰਨ ਦਾ ਪਤਾ ਜਦੋਂ ਲੱਗਾ ਤਾਂ ਲੋਕ ਬਹੁਤ ਹੀ ਵਿਆਕੁਲ ਹੋਏ ਰੋਣਾ ਤਾਂ ਕਾਹਲੀ ਨਾਲ ਨੱਠਾ ਆਇਆ ਤੇ ਬਹੁਤ ਵਿਆਕੁਲਤਾ ਨਾਲ ਸਤਿਗੁਰੂ ਜੀ ਨੂੰ ਕਹਿਣ ਲੱਗਾ—'ਹੇ ਦਾਤਾ! ਇਹ ਕੀ ਖਿਆਲ ਹੈ।

Sri Satguru Jagjit Singh Ji eLibrary NamdhariElibrary@gmail.com

ਸਿਮਰਨ ਤੇ ਪਿਆਰ ਦੀ ਚਾਟ ਲਾ ਕੇ ਕੀ ਆਪ ਹੁਣ ਦੂਰ ਚਲੇ ਚਲੇ ਹੋ! ਆਪ ਦੇ ਦਰਸ਼ਨ ਕੀਤੇ ਬਿਨਾਂ ਕੀ ਅਸੀਂ ਹੁਣ ਉਸੇ ਤਰ੍ਹਾਂ ਨਹੀਂ ਤੜਪਾਂਗੇ ਜਿਵੇਂ ਮੱਛੀ ਤੜਪਦੀ ਹੈ ? ਮੇਹਰ ਕਰੋ ! ਦੀਨ ਦਿਆਲ ਦਇਆ ਦੇ ਸਾਗਰ; ਦਇਆ ਕਰੋ, ਅਗੇ ਜਾਣ ਦਾ ਖਿਆਲ ਛੱਡ ਦੇਵੋ। ਏਥੇ ਜੋ ਸੇਵਾ ਆਖੋਗੇ, ਸੋ ਕਰਾਂਗੇ। ਅਸੀਂ ਤਾਂ ਆਪ ਦੇ ਸੇਵਕ ਹਾਂ ਬੰਦੇ ਹਾਂ, ਆਪ ਦੇ ਆਉਣ ਨਾਲ ਜੀਵਨ ਹੋਰ ਦਾ ਹੋਰ ਹੋ ਗਿਆ।'

ਇਹ ਸੁਣ ਕੇ ਸਾਹਿਬਾਂ ਨੇ ਫ਼ਰਮਾਇਆ—'ਹੇ ਰਾਜਨ ! ਇਹ ਜਗਤ ਨਾਸ਼ਵੰਤ ਹੈ। ਮਾਇਆ ਦਾ ਖੇਲ ਹੈ ਹਰ ਜੀਵ, ਬਨਾਸਪਤੀ, ਪੰਛੀ ਸਭ ਪ੍ਰਭੂ ਦੀ ਮਾਇਆ ਦਾ ਇਕ ਨਜ਼ਾਰਾ ਹਨ, ਮਮਤਾ ਨੂੰ ਤਿਆਗਨ ਵਿਚ ਹੀ ਪੁਰਸ਼ ਦੀ ਕਲਿਆਨ ਹੈ। ਐਵੇਂ ਦੁਖ ਕਰਨ ਦੀ ਲੋੜ ਨਹੀਂ। ਅਸੀਂ ਵੀ ਪ੍ਰਭੂ ਦੀ ਮਾਯਾ ਵਿਚੋਂ ਇਕ ਹਾਂ। ਅਸਾਂ ਨਾਲ ਪਿਆਰ ਕਰਨ ਦੀ ਥਾਂ ਵਾਹਿਗੁਰੂ ਨਾਲ ਮਨੋਂ ਤਨੋਂ ਪਿਆਰ ਕਰੋ ਰਾਤ ਦਿਨੇ ਉਹਦੇ ਭਾਣੇ ਵਿਚ ਰਹੋ। ਅਸੀਂ ਦੂਰ ਰਹੀਏ ਜਾਂ ਨੇੜੇ ਇਸ ਨਾਲ ਭਗਤੀ ਜੀਵਨ ਤੇ ਕੋਈ ਫਰਕ ਨਹੀਂ ਪੈਣਾ ਚਾਹੀਦਾ। ਵਾਹਿਗੁਰੂ ਹਿਰਦੇ ਵਿਚ ਬੈਠਾ ਹੈ। ਉਸ ਨਾਲ ਪਿਆਰ ਕਰੋ, ਗਲਾਂ ਕਰੋ, ਉਹ ਆਪੇ ਹਿਰਦੇ ਨੂੰ ਸ਼ਾਂਤ ਰਖੇਗਾ। ਕਿਉਂਕਿ ਉਹ ਹਿਰਦੇ (ਆਤਮਾ) ਦਾ ਮਾਲਕ ਹੈ। ਦੂਸਰਾ ਜਿਸ ਨਾਲ ਪਿਆਰ ਹੋਵੇ, ਉਹ ਦੀ ਤਾਂ ਤਸਵੀਰ ਮਨ ਅੱਖਾਂ ਵਿਚ ਵੱਸ ਜਾਂਦੀ ਹੈ। ਪੰਜ ਭੂਤਕ ਸਰੀਰ ਦੇ ਮੇਲ ਦੀ ਫਿਰ ਲੋੜ ਨਹੀਂ ਰਹਿੰਦੀ। ਪਿਆਰਾ ਦੂਰ ਹੁੰਦਾ ਹੋਇਆ ਵੀ ਨੇੜੇ ਹੁੰਦਾ ਹੈ।

ਸਤਿਗੁਰੂ ਜੀ ਦਾ ਇਸ ਤਰ੍ਹਾਂ ਦਾ ਉਪਦੇਸ਼ ਸੁਣਕੇ ਰਾਣੇ ਨੂੰ ਗਿਆਨ ਹੋ ਗਿਆ। ਉਸ ਦਾ ਕੁਝ ਵੈਰਾਗ ਥੰਮਿਆ, ਉਸ ਨੇ ਮੋਹਰਾਂ ਦੁਸ਼ਾਲੇ ਤੇ ਹੋਰ ਕਈ ਵਸਤੂਆਂ ਸਤਿਗੁਰੂ ਜੀ ਦੀ ਭੇਟਾ ਕੀਤੀਆਂ। ਨਾਮ-ਦਾਨ ਦਾ ਦਾਨ ਲਿਆ। ਸ਼ਾਂਤ-ਚਿਤ ਹੋਕੇ ਸ਼ਾਹਿਬਾਂ ਨੂੰ ਤੋਰਨ ਵਾਸਤੇ ਦੂਰ ਤਕ ਨਾਲ ਆਇਆ, ਸ਼ਹਿਰ ਵਾਸੀ ਸਾਰੇ ਨਾਲ਼ ਆਏ, ਉਸ ਦਿਨ ਕਿਸੇ ਨੇ ਕੋਈ ਕੰਮ ਨਾ ਕੀਤਾ ਬਹੁਤ ਹੀ ਪ੍ਰੇਮ ਤੇ ਸ਼ਰਧਾ ਹਿਤ ਸਤਿਗੁਰੂ ਜੀ ਨੂੰ ਤੋਰਨ ਵਾਸਤੇ ਆਏ।

ਸ਼ਹਿਰ ਦੀ ਹੱਦ ਮੁਕ ਗਈ, ਉਥੇ ਪਾਣੀ ਦਾ ਸਰੋਵਰ ਸੀ। ਉਸ

Sri Satguru Jagjit Singh Ji eLibrary NamdhariElibrary@gmail.com

ਸਰੋਵਰ ਦੇ ਕਿਨਾਰੇ ਤੋਂ ਨਗਰ ਵਾਸੀਆਂ ਨੇ ਵਾਪਸ ਮੁੜ ਆਉਣਾ ਸੀ ਤੇ ਸਤਿਗੁਰੂ ਜੀ ਨੇ ਅਗੇ ਤੁਰ ਜਾਣਾ ਸੀ। ਉਸ ਅਸਥਾਨ ਤੇ ਇਕ ਬੀਬੀ ਨੇ ਬੇਨਤੀ ਕੀਤੀ। ਉਹ ਸੰਗਦੀ ਸੀ, ਉਸ ਨੇ ਸੰਗਦੀ ਸੰਗਦੀ ਨੇ ਦੋ ਮਹੀਨੇ ਦਾ ਸਮਾਂ ਲੰਘਾਹ ਦਿਤਾ, ਪਰ ਬੇਨਤੀ ਨਾ ਕਰ ਸਕੀ, ਜੀਵਨ ਦਾਤੇ ਪਾਸੋਂ ਮਨ ਦੀ ਮੁਰਾਦ ਨਾ ਮੰਗ ਸਕੀ, ਬੇਨਤੀ ਕੀਤੀ, ਮਹਾਰਾਜ ! ਮੇਰੀ ਬੇਨਤੀ ਹੈ ਜ਼ਬਾਨ ਨੂੰ ਜਿੰਦਰਾ ਸੰਗਦਾ ਹੈ। ਆਪ ਅੰਤਰਯਾਮੀ ਹੋ ਦਿਲ ਦੀਆਂ ਬੁਝ ਲੈਂਦੇ ਹੋ ਮੇਰੇ ਤੇ ਮੇਹਰ ਕਰੋ ਮੈ।'

ਉਹ ਪੂਰੀ ਗਲ ਨਾ ਕਰ ਸਕੀ, ਉਹਦਾ ਗਲਾ ਭਰ ਗਿਆ ਤੇ ਮੋਟੇ ਨੈਣਾਂ ਵਿਚੋਂ ਜਲ ਧਾਰਾ ਵਗਣ ਲੱਗੀ। ਉਸ ਦੇ ਮਨੋਭਾਵਾਂ ਨੂੰ ਸਤਿਗੁਰੂ ਜੀ ਜਾਣ ਗਏ। ਸਾਹਿਬਾਂ ਨੇ ਉਸ ਉਤੇ ਦਇਆ ਕੀਤੀ—'ਹੇ ਦੇਵੀ ! ਅਸੀਂ ਤੇਰੇ ਮਨੋਭਾਵਾਂ ਨੂੰ ਸਮਝ ਗਏ ਹਾਂ, ਤੂੰ ਪੁਤ੍ਰ ਦੀ ਇਛਾ ਕਰ ਰਹੀ ਹੈਂ। ਤੇਰੀ ਕੁਖ ਹਰੀ ਨਹੀਂ ਹੋਈ, ਇਹ ਭਾਣਾ ਸੀ ਵਾਹਿਗੁਰੂ ਦਾ, ਵਿਧ ਮਾਤਾ ਨੇ ਜੋ ਲਿਖਿਆ ਸੋ ਹੁੰਦਾ ਹੈ। ਹਰ ਘਟਨਾ ਸਮੇਂ ਨਾਲ ਵਾਪਰਦੀ ਹੈ। ਚਿੰਤਾ ਨਾ ਕਰ, ਜਾਹ ! ਵਾਹਿਗੁਰੂ ਦਾ ਸਿਮਰਨ ਕਰ, ਗਰੀਬ ਗੁਰਬੇ ਦੀ ਸੇਵਾ ਕਰ ਸਾਧ ਸੰਗਤ ਦੀ ਸੇਵਾ ਕਰ, ਜੂਠੇ ਬਰਤਨ ਮਾਂਜਿਆ ਤੇ ਪੱਖੇ ਜਲ ਦੀ ਸੇਵਾ ਕਰਿਆ ਕਰ, ਤੇਰੀ ਕੁੱਖ ਹਰੀ ਹੋ ਜਾਵੇਗੀ। ਤੇਰੇ ਘਰ ਸੁੰਦਰ ਬਾਲਕ ਜਨਮ ਲਵੇਗਾ। ਉਹ ਸਾਧੂ ਸੁਭਾ ਤੇ ਤੇਰੇ ਨਾਮ ਨੂੰ ਰੌਸ਼ਨ ਕਰਨ ਵਾਲਾ ਹੋਵੇਗਾ, ਤੇਰਾ ਪਤੀ ਤੇਰੇ ਨਾਲ ਹਿਤ ਕਰੇਗਾ, ਤੂੰ ਬੁਢ ਸੁਹਾਗਣ ਤੇ ਸਪੁਤੀ ਹੋਵੇਂਗੀ।

ਇਹ ਵਰ ਪ੍ਰਾਪਤ ਕਰਕੇ ਬੀਬੀ ਦਾ ਲੂੰ ਲੂੰ ਪ੍ਰਸੰਨ ਹੋ ਗਿਆ ਉਸ ਨੇ ਸਤਿਗੁਰੂ ਜੀ ਤੇ ਸੰਗਤ ਦੀ ਚਰਨ ਧੂੜ ਲੈਕੇ ਮਸਤਕ ਨੂੰ ਲਾਈ। ਇਹ ਕੌਤਕ ਦੇਖਕੇ ਸਾਰੀ ਸੰਗਤ ਇਕ ਜ਼ਬਾਨ ਬੋਲੀ—'ਧੰਨ ਸਤਿਗੁਰੂ ਜੀ ! ਮੇਹਰਾਂ ਦੇ ਦਾਤੇ ! ਦਇਆ ਦੇ ਸਾਗਰ, ਧੰਨ ਧੰਨ ਕਲਗੀਆਂ ਵਾਲੇ ਪਿਤਾ ! ਜਿਨ੍ਹਾਂ ਦਾ ਅੰਤ ਨਹੀਂ ਆਉਂਦਾ, ਜੋਹੜੇ ਅਨੰਤ ਜੋਤੀ ਦਾ ਪ੍ਰਕਾਸ਼ ਹਨ।'

ਸੰਗਤ ਪਾਸੋਂ ਵਿਦਾ ਹੋਏ ਸਤਿਗੁਰੂ ਜੀ ਦਾ ਜਲੂਸ ਅਗੇ ਤੁਰਿਆ ਅਗੇ ਅਗੇ ਸਤਿਗੁਰੂ ਜੀ ਮਹਾਰਾਜ ਘੋੜੇ ਉਤੇ ਸਵਾਰ ਸਨ, ਪਿਛੇ ਸਿੰਘ ਤੇ

Sri Satguru Jagjit Singh Ji eLibrary NamdhariElibrary@gmail.com

ਓਸਦੇ ਪਿਛੇ ਸਮਾਨ ਵਾਲੇ ਗੱਡੇ ਚਲਦੇ ਚਲਦੇ ਸਤਿਗੁਰੂ ਜੀ ਆਗਰੇ ਪਹੁੰਚ ਗਏ।

ਸ਼ਹਿਰ ਤੋਂ ਬਾਹਰ ਖੁਲ੍ਹੀ ਥਾਂ ਬਾਗ ਵਿਚ ਸਾਹਿਬਾਂ ਨੇ ਡੇਰਾ ਕੀਤਾ ਡੇਰਾ ਕਰਨ ਦੀ ਢਿਲ ਸੀ ਕਿ ਸ਼ਹਿਰ ਦੀ ਸਿੱਖ ਸੰਗਤ ਨੂੰ ਪਤਾ ਲਗ ਗਿਆ, ਸਾਰੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆ ਪੁਜੇ; ਜਿਵੇਂ ਪਹਿਲਾਂ ਦਸਿਆ ਗਿਆ ਹੈ ਕਿ ਆਗਰਾ ਜਿਥੇ ਹਿੰਦੁਸਤਾਨ ਦੀ ਰਾਜਧਾਨੀ ਉਥੇ ਸਿਖੀ ਪ੍ਰਚਾਰ ਦਾ ਵੀ ਕੇਂਦਰ ਰਿਹਾ ਸੀ, ਭਾਈ ਗੁਰਦਾਸ ਜੀ ਜਿਹੇ ਗੁਰਮੁਖ ਜਨ ਸਿੱਖੀ ਪ੍ਰਚਾਰ ਕਰਦੇ ਰਹੇ ਸਨ। ਸਭ ਮਾਈ ਭਾਈ ਦਰਸਨਾਂ ਵਾਸਤੇ ਆਉਣ ਲਗੇ ਤੇ ਕਾਰ ਭੇਟਾ ਚੜ੍ਹਾਉਣ ਲਗੇ। ਬਾਦਸਾਹ ਨੂੰ ਵੀ ਪਤਾ ਲੱਗ ਗਿਆ ਉਸਨੇ ਆਪਣੇ ਮਾਮੇ ਤੇ ਭਾਈ ਨੰਦ ਲਾਲ ਜੀ ਨੂੰ ਸਤਿਗੁਰੂ ਜੀ ਪਾਸ ਭੇਜਿਆ ਤੇ ਸਿਖ ਫੌਜ (ਸਤਿਗੁਰੂ ਜੀ ਦੇ ਸਿੰਘਾਂ) ਵਾਸਤੇ ਰਾਸ਼ਨ ਦਾ ਬੰਦੋਬਸਤ ਕੀਤਾ। ਉਸ ਦਿਨ ਬਾਦਸ਼ਾਹ (ਬਹਾਦਰ ਸਾਹ) ਨੂੰ ਕੁਝ ਜ਼ਰੂਰੀ ਰਾਜਸੀ ਧੰਧੇ ਸਨ, ਇਸ ਵਾਸਤੇ ਦਰਸ਼ਨ ਕਰਨ ਨਾ ਆ ਸਕਿਆ।

ਦੂਸਰੇ ਦਿਨ ਸਵੇਰੇ ਸਤਿਗੁਰੂ ਜੀ ਨੇ ਦੀਵਾਨ ਲਾਇਆ। ਸਿਖ ਸੰਗਤਾਂ ਤੜਕੇ ਤੋਂ ਹੀ ਦੀਵਾਨ ਵਿਚ ਆ ਬਰਾਜੀਆਂ, ਨਾਮ ਦੀ ਵਰਖਾ ਹੋਣ ਲੱਗੀ, ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਭਾਈ ਧਰਮ ਸਿੰਘ ਜੀ ਨੇ ਬਾਣੀ ਦੀ ਵਿਆਖਿਆ ਕੀਤੀ ਤੇ ਸਤਿਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਦਿਤਾ। ਅਜੇ ਉਪਦੇਸ਼ ਕਰ ਹੀ ਰਹੇ ਸਨ ਕਿ ਬਹਾਦਰ ਸ਼ਾਹ ਸਾਹਿਬਾਂ ਦੇ ਦਰਸਨ ਕਰਨ ਵਾਸਤੇ ਆ ਪੁਜਿਆ, ਮੇਵੜੇ ਸਿੰਘਾਂ ਨੇ ਬਹਾਦਰ ਸਾਹ ਨੂੰ ਸਤਿਕਾਰ ਨਾਲ ਅਗੇ ਲਿਆਂਦਾ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੁਚਾਇਆ। ਬਹਾਂਦਰ ਸਾਹ ਨੇ ਨਮਸਕਾਰ ਕੀਤੀ ਸੋਨੇ ਦੀਆਂ ਮੋਹਰਾਂ ਦੀ ਥੈਲੀ ਭੇਟਾ ਕੀਤੀ ਤੇ ਹੱਥ ਜੋੜਕੇ ਦਰਬਾਰ ਵਿਚ ਬੈਠ ਗਿਆ, ਉਸਦੀ ਨਜਰ ਨਿਆਜ਼ ਵਿਚ ਖਿਲਅਤ ਤੇ ਪੁਸ਼ਾਕੇ ਵੀ ਸੀ ਜੋ ਸਭ ਨੂੰ ਸਤਿਗੁਰੂ ਜੀ ਨੇ ਪ੍ਰਵਾਨ ਲਿਆ, ਨਿਘੇ ਤੇ ਉਤਸਾਹ ਭਰੇ ਹਿਰਦੇ ਨਾਲ ਦੋਹਾਂ ਪਾਸਿਆਂ ਤੋਂ ਸੁਖ-ਸਾਂਦ ਪੁਛੀ ਗਈ।

Sri Satguru Jagjit Singh Ji eLibrary NamdhariElibrary@gmail.com

'ਮੇਰੀ ਇਛਾ ਹੈ ਕਿ ਆਪ ਹੁਣ ਕੁਝ ਚਿਰ ਮੇਰੇ ਪਾਸ ਰਹੋ ਮੈਂ ਆਪ ਦੀ ਸੰਗਤ ਤੋਂ ਲਾਭ ਉਠਾ ਸਕਾਂ।' ਬਹਾਦਰ ਸ਼ਾਹ ਦਾ ਤਰਲਾ ਸੀ।

'ਜਿਵੇਂ ਅਕਾਲ ਪੁਰਖ ਦਾ ਹੁਕਮ ਤਿਵੇਂ ਹੋਇਗਾ, ਜੇ ਅਕਾਲ ਪੁਰਖ ਦੀ ਏਹੋ ਇਛਾ ਹੈ ਕਿ ਅਸੀਂ ਏਥੇ ਰਹੀਏ ਤਾਂ ਏਥੇ ਰਹਾਂਗੇ ਜਦੋਂ ਅਗੇ ਦਾ ਹੁਕਮ ਹੋਵੇਗਾ ਤਦੋਂ ਅਗੇ ਜਾਵਾਂਗੇ, ਅਸੀ ਤਾਂ ਹੁਕਮ ਦੇ ਬੰਦੇ ਹਾਂ।' ਸਤਿਗੁਰੂ ਜੀ ਦਾ ਹੁਕਮ ਸੀ।

ਇਸ ਦੇ ਪਿਛੋਂ ਸਰਸਰੀ ਗਲ ਬਾਤ ਹੁੰਦੀ ਰਹੀ ਤੇ ਬਹਾਦਰ ਸ਼ਾਹ ਆਗਿਆ ਲੈਕੇ ਵਾਪਸ ਚਲਿਆ ਗਿਆ, ਪਰ ਜਾਂਦਾ ਹੋਇਆ ਸ਼ਾਹੀ ਖਜ਼ਾਨਚੀਆਂ ਤੇ ਮੋਦੀ ਖਾਨੇ ਦੇ ਇੰਨਚਾਰਜਾਂ ਨੂੰ ਹੁਕਮ ਕਰ ਗਿਆ ਕਿ ਸਤਿਗੁਰੂ ਜੀ ਤੇ ਉਹਨਾਂ ਦੇ ਸਾਰੇ ਲਸ਼ਕਰ ਨੂੰ ਖੁਲ੍ਹੀਆਂ ਰਸਦਾਂ ਦਿਤੀਆਂ ਜਾਣ। ਜਿਧਰ ਆਪ ਜਾਣਾ ਚਾਹੁਣ ਉਧਰ ਚਲੇ ਜਾਣ। ਸਿੰਘਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਔਕੜ ਪੇਸ਼ ਨਾ ਆਵੇ, ਜੀਵਨ ਦੀਆਂ ਖੁਸ਼ੀਆਂ ਕਰਨ ਸਾਰੇ ਸ਼ਾਹੀ ਮਹਿਮਾਨ ਹਨ। ਬਾਦਸ਼ਾਹ ਦੇ ਇਸ ਹੁਕਮ ਦੀ ਪਾਲਨਾ ਹੋਈ ਸਤਿਗੁਰੂ ਜੀ ਦੇ ਲੰਗਰ ਵਾਸਤੇ ਰਸਦਾਂ ਆਉਣੀਆਂ ਸ਼ੁਰੂ ਹੋ ਗਈਆਂ।

੬. ਸਤਿਗੁਰੂ ਜੀ ਤੇ ਬਹਾਦਰ ਸ਼ਾਹ ਦੇ ਬਚਨਬਿਲਾਸ

ਲੋਢਾ ਵਲਾ ਸੀ ਜਮਨਾ ਆਪਣੇ ਮਸਤ ਵੇਗ ਵਿਚ ਦੀਵਾਨੀ ਜਹੀ ਹੋਈ ਹੌਲੀ ਹੌਲੀ ਚਲ ਰਹੀ ਸੀ। ਉਹ ਸਾਗਰ ਪਤੀ ਵਲ ਜਾ ਰਹੀ ਸੀ, ਸ਼ਾਹ ਜਹਾਨ ਦੇ ਪਿਆਰ ਦਾ ਬੁਤ ਤਾਜ ਮਹਲ ਦਾ ਪ੍ਰਛਾਵਾਂ ਤੇ ਅਕਸ ਜਮਨਾ ਦੇ ਨਿਰਮਲ ਜਲ ਤੇ ਪੈ ਰਿਹਾ ਸੀ। ਸਾਰੀ ਥਾਂ ਚੁਪ ਤੇ ਸ਼ਾਂਤੀ ਦੀ ਥਾਂ ਸੀ ਹਰ ਇਕ ਪੰਛੀ ਹਰ ਇਕ ਬ੍ਰਿਛ ਚੁਪ ਸੀ, ਉਸ ਸ਼ਾਂਤਮਈ ਵਾਤਾਵਰਨ ਵਿਚ ਜਮਨਾ ਦੇ ਕਿਨਾਰੇ ਸਤਿਗੁਰੂ ਜੀ ਤੇ ਬਹਾਦਰ ਸ਼ਾਹ ਖਲੋਤੇ ਸਨ। ਦੋਵੇਂ ਇਕੱਲੇ ਸਨ, ਦੋਹਾਂ ਦੇ ਚੇਹਰਿਆਂ ਉਤੇ ਗੰਭੀਰਤਾ ਸੀ। ਸ਼ਿਕਾਰ ਖੇਡਨ ਪਿਛੋਂ ਰਲ ਕੇ ਗੱਲਾਂ ਕਰਨ ਵਾਸਤੇ ਓਧਰ ਹੋ ਗਏ ਸਨ। ਸਤਿਗੁਰੂ ਜੀ ਦੇ ਸਿਖ ਤੇ ਬਹਾਦਰ ਸ਼ਾਹ ਦੇ ਅਹਿਲਕਾਰ (ਦਰਬਾਰੀ) ਦੂਰ ਖਲੋਤੇ ਸਨ।

Sri Satguru Jagjit Singh Ji eLibrary NamdhariElibrary@gmail.com

ਬਹਾਦਰ ਸ਼ਾਹ ਨੇ ਆਖਿਆ—ਮੈਂ ਆਪ ਦੀ ਸੇਵਾ ਕਰਨਾ ਚਾਹੁੰਦਾ ਹਾਂ। ਮੈਨੂੰ ਕੋਈ ਸੇਵਾ ਦਸੋ ! ਜੇ ਰਾਜ ਕਰਨ ਦੀ ਇਛਾ ਹੈ ਤਾਂ ਤਕੜੀ ਜਗੀਰ ਦਿਤੀ ਜਾਂਦੀ ਹੈ। ਰਿਆਸਤ ਕਾਇਮ ਕਰ ਲਵੋ, ਫੌਜ ਰਖੋ, ਦਰਬਾਰ ਲਾਓ ਜਿਵੇਂ ਚਿਤ ਕਰੇ ਆਪਣੇ ਰਾਜ ਵਿਚ ਆਜ਼ਾਦ ਰਹੋ।

ਇਹ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ—'ਅਸਾਂ ਨੂੰ ਜਗੀਰ ਜਾਂ ਰਿਆਸਤ ਦੀ ਲੋੜ ਨਹੀਂ। ਇਹ ਚੀਜ਼ਾਂ ਝਮੇਲਿਆਂ ਦੇ ਕਾਰਨ ਹਨ। ਨਿਰਦੋਸ਼ਿਆਂ ਦਾ ਖੂਨ ਕਰਾਉਂਦੀਆਂ ਹਨ। ਅਸੀਂ ਵਾਹਿਗੁਰੂ ਦੇ ਹੁਕਮ ਹੇਠਾਂ ਹੀ ਪ੍ਰਸੰਨਤਾ ਨਾਲ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਪਰ ਇਕ ਇੱਛਾ ਜ਼ਰੂਰ ਹੈ।'

'ਉਹ ਕੀ ?' ਬਹਾਦਰ ਸ਼ਾਹ ਨੇ ਕਾਹਲੀ ਨਾਲ ਪੁਛਿਆ। 'ਉਹ ਇਹ ਕਿ ਸਤਿਗੁਰੂ ਜੀ ਬਹਾਦਰ ਸਾਹ ਨੂੰ ਜਵਾਬ ਦੇਣ ਲਗੇ—'ਤੁਸਾਂ ਦੇ ਬਾਪ ਨੇ ਹਿੰਦੂ ਜਾਤੀ ਉਤੇ ਬਹੁਤ ਜ਼ੁਲਮ ਕੀਤਾ ਹੈ। ਮੰਦਰ ਢਾਹੇ, ਲੁਟੇ ਤੇ ਮੂਰਤੀਆਂ ਤੋੜੀਆਂ। ਇਸਲਾਮ ਦੇ ਨਾਮ ਉਤੇ ਨਿਰਦੋਸਿਆਂ ਤੇ ਮਾਸੂਮਾਂ ਦਾ ਖੂਨ ਕੀਤਾ, ਚੰਗੀ ਸਭਿਅਤਾ, ਚੰਗੇ ਹੁਨਰ ਤੇ ਚੰਗੀ ਮਨੁਖਤਾ ਨੂੰ ਬਹੁਤ ਪੱਥਰ ਦਿਲੀ ਨਾਲ ਕੁਚਲਕੇ ਰੱਖ ਦਿਤਾ। ਸਾਰੇ ਹਿੰਦ ਦੇ ਹਿੰਦੂ ਦਿਲ, ਬੇਸਕ ਮੌਤ ਦੇ ਭੈ ਕਰਕੇ ਤੁਸਾਂ ਅਗੇ ਨਾ ਕੁਸਕਣ ਪਰ ਉਹਨਾਂ ਦੇ ਦਿਲਾਂ ਵਿਚ ਨਫਰਤ ਹੈ, ਈਰਖਾ ਦੀ ਜਵਾਲਾ ਹੈ ਰਾਤ ਦਿਨੇ ਉਸ ਭਗਵਾਨ ਅਗੇ ਏਹੋ ਪ੍ਰਾਰਥਨਾ ਕਰਦੇ ਹਨ ਕਿ ਜ਼ੁਲਮ ਤੇ ਜ਼ੁਲਮ ਰਾਜ ਦਾ ਅੰਤ ਹੋਵੇ।'

'ਹੂੰ ! ਬਹਾਦਰ ਸਾਹ ਨੇ ਹੁੰਗਾਰਾ ਦੇ ਕੇ ਸਤਿਗੁਰੂ ਜੀ ਦੇ ਚੇਹਰੇ ਵਲ ਦੇਖਿਆ, ਸਾਹਿਬ ਨਿਰਭੈਤਾ ਨਾਲ ਮਨ ਦੇ ਭਾਵ ਪ੍ਰਗਟ ਕਰੀ ਗਏ। ਉਹਨਾਂ ਨੇ ਬਚਨ ਕੀਤਾ—'ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਚੇ ਮੁਸਲਮਾਨ ਬਣੋਂ। ਗਵਾਂਢੀਆਂ ਤੇ ਹੋਰ ਧਰਮਾਂ ਵਾਲਿਆਂ ਨਾਲ ਵਿਤਕਰੇ ਦਾ ਸਲੂਕ ਨਾ ਕਰੋ ਸਗੋਂ ਭਰਾਵਾਂ ਵਾਲਾ ਪਿਆਰ ਭਰਿਆ ਵਰਤਾਓ ਕਰਕੇ ਖਲਕਤ ਦੀ ਸੇਵਾ ਕਰਦੇ ਹੋਏ ਖਾਲਕ (ਖੁਦਾ) ਦੀ ਖੁਸ਼ੀ ਹਾਸਲ ਕਰੋ। ਬਾਦਸ਼ਾਹ ਦਾ ਧਰਮ ਹੈ ਪਰਜਾ ਦਾ ਪਾਲਕ ਬਣੇ। ਹਰ ਧਰਮ ਤੇ ਨਸਲ ਦੇ ਬੰਦੇ ਦਾ ਸਤਿਕਾਰ ਕਰੇ ਤੇ ਆਪਣਾ ਸਤਕਾਰ ਕਰਾਵੇ। ਜਿਵੇਂ ਅਕਬਰ ਬਾਦਸਾਹ ਕਰਦੇ ਰਹੇ, ਅਕਬਰ

Sri Satguru Jagjit Singh Ji eLibrary NamdhariElibrary@gmail.com

ਦਾ ਦਰਬਾਰ ਮੁਗਲ ਰਾਜ ਦਾ ਚੰਗਾ ਨਮੂਨਾ ਸੀ, ਉਸ ਵੇਲੇ ਮੁਗਲ ਰਾਜ ਵਧਦਾ ਗਿਆ, ਅੱਜ ਹਰ ਪਾਸੇ ਬਗਾਵਤ ਦੀ ਅੱਗ ਸੁਲਗ ਰਹੀ ਹੈ। ਉਤਰ, ਦਖਣ, ਪਛਮ ਤੇ ਪੂਰਬ ਜਿਧਰ ਵੀ ਨਿਗਾਹ ਮਾਰੋ ਦੁਸਮਨਾਂ ਵਿਚ ਵਾਧਾ ਹੈ।

ਬਾਦਸ਼ਾਹ ਚੁਪ ਨਾ ਰਹਿ ਸਕਿਆ, ਜਮਨਾ ਦੇ ਜਲ ਵਿਚੋਂ ਦਿਸ ਰਹੇ ਆਪਣੇ ਤੇ ਸਤਿਗੁਰੂ ਜੀ ਦੇ ਪ੍ਰਤਿਬਿੰਬ (ਪ੍ਰਛਾਵੇਂ) ਨੂੰ ਵੇਖਦਾ ਹੋਇਆ ਬੋਲਿਆ 'ਏਹੋ ਕੁਝ ਮੈਂ ਰਾਤ ਦਿਨੇ ਸੋਚਦਾ ਹਾਂ ਕਿ ਬਗਾਵਤਾਂ ਦੀ ਅੱਗ ਕਿਵੇਂ ਮੱਠੀ ਹੋਵੇ। ਚਾਰ ਚੌਫੇਰੇ ਜੋ ਦਰਦ, ਪੀੜਾ ਵੈਰ ਆਹ ਦੇ ਨਾਹਰੇ ਹਨ। ਇਨ੍ਹਾਂ ਦਾ ਕਿਵੇਂ ਅੰਤ ਹੋਵੇ?'

ਇਹ ਸਭ ਕੁਝ ਖਤਮ ਹੋ ਸਕਦਾ ਹੈ, ਸਤਿਗੁਰੂ ਜੀ ਨੇ ਫੁਰਮਾਇਆ— 'ਤਦੋਂ ਹੀ ਜੇ ਮਾੜੇ ਹਾਕਮਾਂ, ਸੂਬੇਦਾਰਾਂ ਤੇ ਫੌਜਦਾਰਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਾਣ। ਜਿਨ੍ਹਾਂ ਨੇ ਪਰਜਾ ਨੂੰ ਲੁਟਿਆ, ਕੁਟਿਆ ਤੇ ਮਾਰਿਆ ਹੈ ਉਨ੍ਹਾਂ ਨੂੰ ਸਜ਼ਾਵਾਂ ਦੇਵੋ। ਪੰਜਾਬ ਦਾ ਹਿੰਦੂ ਤੇ ਸਿਖ ਆਪ ਦਾ ਹਮਦਰਦੀ ਬਣ ਸਕਦਾ ਹੈ ਜੇ ਵਜ਼ੀਰ ਖਾਂ ਵਰਗਿਆਂ ਨੂੰ ਸਜ਼ਾਵਾਂ ਦੇਵੋ। ਕੀ ਉਹਨਾਂ ਨੇ ਮਾਸੂਮ ਬੱਚਿਆਂ ਨੂੰ ਜਿੰਦਾ ਨੀਂਹ ਵਿਚ ਚਿਣਵਾ ਕੇ ਪਾਪ ਨਹੀਂ ਕੀਤਾ? ਕੀ ਜਿਸ ਰਾਜ ਵਿਚ ਐਸੇ ਕਰਮਚਾਰੀ ਹੋਣ ਉਹ ਰਾਜ ਕਾਇਮ ਰਹਿ ਸਕਦਾ ਹੈ?

ਬਾਦਸ਼ਾਹ—ਆਪ ਦੇ ਬਚਨ ਠੀਕ ਹਨ। ਮੈਂ ਯਤਨ ਕਰਾਂਗਾ, ਉਹਨਾਂ ਸਾਰਿਆਂ ਹਾਕਮਾਂ ਨੂੰ ਸਜ਼ਾਵਾਂ ਦੇਵਾਂ ਜਿਨ੍ਹਾਂ ਨੇ ਆਪ ਦਾ ਦਿਲ ਦੁਖਾਇਆ ਹੈ। ਉਹ ਜ਼ਾਲਮ ਹਨ ਦੋਸ਼ੀ ਹਨ, ਮੈਂ ਹੁਕਮ ਲਿਖਾਂਗਾ!'

ਸਤਿਗੁਰੂ ਜੀ—'ਹੁਕਮ ਲਿਖੋਗੇ ਚੰਗੀ ਗਲ ਹੈ, ਪਰ ਜੇ ਨਾ ਲਿਖਿਆ ਜੇ ਲਿਹਾਜ਼ ਵਿਚ ਆ ਗਏ, ਜੇ ਸ਼ਤ੍ਰੂਆਂ ਦੇ ਵਾਸਤੇ ਸ਼ਿਕਾਰ ਹੋ ਗਏ ਤਾਂ ਯਾਦ ਰਖਣਾ ਤੁਸਾਂ ਵਾਸਤੇ ਬਹੁਤ ਮੁਸ਼ਕਲ ਪੇਸ਼ ਆਵੇਗੀ।'

ਬਹਾਦਰ ਸਾਹ—ਮੈਂ ਬਚਨ ਦੇਂਦਾ ਹਾਂ ਕਿ ਮੈਂ ਜ਼ਰੂਰ ਆਪ ਦੇ ਦੁਸ਼ਮਨਾਂ ਪਾਸੋਂ ਗਿਣ ਗਿਣ ਕੇ ਬਦਲੇ ਲਵਾਂਗਾ ਮੈਨੂੰ ਡਰ ਕੋਈ ਨਹੀਂ। ਤੁਸਾਂ ਮੇਰੀ ਸਹਾਇਤਾ ਕੀਤੀ ਹੈ। ਮੈਨੂੰ ਬਾਦਸ਼ਾਹੀ ਆਪ ਦੇ ਬਚਨਾਂ ਨਾਲ ਮਿਲੀ ਹੈ। ਮੈਂ ਆਪ ਦਾ ਅਹਿਸਾਨ ਕਦੀ ਨਹੀਂ ਭੁਲ ਸਕਦਾ। ਮੈਂ ਯਤਨ

Sri Satguru Jagjit Singh Ji eLibrary NamdhariElibrary@gmail.com

ਕਰਾਂਗਾ ਕਿ ਹਿੰਦੂ ਵੀਰਾਂ ਨੂੰ ਖੁਸ਼ ਕਰਾਂ ਮੰਦਰਾਂ ਨੂੰ ਖਤਰਾ ਨਾ ਹੋਵੇ, ਵੇਦ ਮਤ ਦੀ ਪੂਜਾ ਹੋਵੇ। ਇਸਲਾਮ ਵੀ ਵਧੇ ਤੇ ਹੋਰ ਵੀ ਸੁਖੀ ਰਹਿਣ।'

'ਜੇ ਇਸਤਰਾਂ ਕਰੋਗੇ ਤਾਂ ਸੁਖ ਨਾਲ ਰਾਜ ਕਰੋਗੇ।' ਸਤਿਗੁਰੂ ਜੀ ਨੇ ਉਤਰ ਦਿਤਾ।

ਸਤਿਗੁਰੂ ਜੀ ਤੇ ਬਾਦਸ਼ਾਹ (ਬਹਾਦਰ ਸ਼ਾਹ) ਇਉਂ ਬਚਨ ਕਰਦੇ ਰਹੇ। ਅੰਤ ਇਹ ਫੈਸਲਾ ਹੋਇਆ ਕਿ ਸਤਿਗੁਰੂ ਜੀ ਬਾਦਸ਼ਾਹ ਦੇ ਨਾਲ ਦਿਲੀ ਵੀ ਚਲਣ। ਦਿੱਲੀ ਦੇ ਲਾਲ ਕਿਲ੍ਹੇ ਵਿਚ ਦਰਬਾਰ ਕਰਨਾ ਵੀ ਜ਼ਰੂਰੀ ਸੀ।

ਸ਼ਤਿਗੁਰੂ ਜੀ ਦੀ ਇਛਾ ਵੀ ਹੋਈ ਕਿ ਦਿਲੀ ਵੀ ਦੇਖ ਲੈਣੀ ਚਾਹੀਏ। ਕਈ ਸਿਖ ਉਥੇ ਹਨ, ਦੇਵੇਂ ਮਹਿਲ ਵੀ ਉਥੇ ਹੀ ਰਹਿੰਦੇ ਹਨ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸਿਖੀ ਵੀ ਚਲੀ ਆਉਂਦੀ ਹੈ।

ਜਮਨਾਂ ਦੇ ਕਿਨਾਰਿਓਂ ਹਟਕੇ ਸਤਿਗੁਰੂ ਜੀ ਤਾਜ ਮਹਿਲ ਵਲ ਹੋਏ। ਉਸਦੇ ਬਾਗ, ਨਹਿਰਾਂ ਮਮਤਾਜ ਦਾ ਮਕਬਰਾ ਤੇ ਹੋਰ ਥਾਵਾਂ ਦੇਖੀਆਂ ਫਿਰ ਸ਼ਾਮ ਪੈਣ ਤੇ ਡੇਰੇ ਆ ਪੁਜੇ। ਰਹਿਰਾਸ ਜੀ ਦਾ ਪਾਠ ਕੀਤਾ ਤੇ ਸੁਖਣ ਕੀਤਾ। ਉਸ ਦੇ ਪਿਛੋਂ ਸ਼ਾਮ ਦਾ ਦੀਵਾਨ ਸਜਿਆ। ਪੰਜਾਹ ਪ੍ਰਾਣੀਆਂ ਨੂੰ ਅੰਮ੍ਰਿਤ ਪ੍ਰਚਾਰ ਕੀਤਾ।

੭. ਸਤਿਗੁਰੂ ਜੀ ਦਾ ਦਿਲੀ ਵਲ ਜਾਣਾਂ ਤੇ ਰਾਹ ਵਿਚ ਜੀਵਾਂ ਨੂੰ ਜੀਵਨ ਦਾਨ ਬਖਸ਼ਣਾ

ਬਹਾਦਰ ਸ਼ਾਹ ਤਾਂ ਦਿੱਲੀ ਨੂੰ ਸਿੱਧਾ ਚਲਿਆ ਗਿਆ। ਸਤਿਗੁਰੂ ਜੀ ਧਰਮ ਪ੍ਰਚਾਰ ਕਰਨ ਬਦਲੇ ਹੌਲੀ ਹੌਲੀ ਛੋਟੇ ਪੜਾਅ ਕਰਦੇ ਦਿੱਲੀ ਵਲ ਨੂੰ ਜਾਣ ਲੱਗੇ। ਰਾਹ ਦੇ ਵਿਚ ਜਿਥੇ ਵੀ ਪੜਾਅ ਕਰਦੇ ਉਥੇ ਹੀ ਸਾਧੂ-ਸੰਤ ਫਕੀਰ ਤੇ ਦੁਖੀਏ ਨੇੜੇ ਆ ਪੁਜਦੇ, ਜੈਸੀ ਕੋਈ ਨੀਤ ਧਾਰ ਕੇ ਆਉਂਦਾ ਵੈਸੀ ਹੀ ਉਸਦੀ ਭਾਵਨਾ ਪੂਰੀ ਹੁੰਦੀ! ਉਹ ਸਦਾ ਖ਼ੁਸ਼ੀ ਖੁਸ਼ੀ ਵਾਪਸ ਜਾਂਦਾ।

ਮਥਰਾ ਤੋਂ ਪਰੇ ਇਕ ਸਾਧੂਆਂ ਦੀ ਮੰਡਲੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ। ਉਸ ਮੰਡਲੀ ਦੇ ਸਾਧੂ ਵਡੇ ਵਡੇ ਢਿੱਡਾਂ ਵਾਲੇ ਸਨ। ਉਹਨਾਂ

Sri Satguru Jagjit Singh Ji eLibrary NamdhariElibrary@gmail.com

ਦੀ ਗਿਣਤੀ ਸੋ ਦੇ ਲਗ ਪਗ ਸੀ ਤੇ ਇਕ ਗੋਰਾੜ ਵਾਲਾ ਉਹਨਾਂ ਦਾ ਗੁਰੂ ਸੀ। ਉਹ ਗੁਰੂ ਆਪਣੇ ਆਪ ਨੂੰ ਚਾਰ ਵੇਦ ਦਾ ਗਿਆਨੀ ਤੇ ਕਰਾਮਾਤੀ ਅਖਵਾਉਂਦਾ ਸੀ ਓਹ ਇਹ ਵੀ ਸਿਧ ਕਰਦਾ ਸੀ ਕਿ ਉਸਨੇ ਅਮਰ ਨਾਥ ਦਦਰੀ ਨਹਾਇਣ ਤੇ ਕੈਲਾਸ਼ ਪਰਬਤ ਵਰਗੇ ਅਸਥਾਨ ਉਤੇ ਘੋਰ ਤਪਸਿਆਂ ਵੀ ਕੀਤੀ ਹੋਈ ਹੈ। ਓਸਦੇ ਚੇਲੇ ਆ ਦੀ ਪੂਜਾ ਤੇ ਐਸ਼ ਕਰਦੇ ਸਨ। ਓਹ ਆ ਕੇ ਸਤਿਗੁਰੂ ਜੀ ਨਾਲ ਗੋਸ਼ਟ ਕਰਨ ਲਗ ਪਏ। ਓਹਨਾਂ ਵਿਚੋਂ ਇਕ ਨੇ ਪੁਛਿਆ—'ਆਪ ਤੇ ਸਾਧੂ ਬ੍ਰਿਤੀ ਵਾਲੇ ਪੁਰਸ਼ ਹੋ। ਇਹ ਵੀ ਆਖਦੇ ਹੋ ਕਿ ਆਪ ਕਾ ਗੁਰੂ ਸਤਿਗੁਰੂ ਨਾਨਕ ਜੀ ਥਾ ਫਿਰ ਯੇਹ ਸ਼ਸਤ੍ਰ ਅਸਤ੍ਰ ਕਿਸ ਲੀਏ ਧਾਰਨ ਕੀਏ ਹੈਂ ?'

ਸਾਹਿਬਾਂ ਨੇ ਉੱਤਰ ਦਿਤਾ, ਇਹ ਸ਼ਸਤ੍ਰ ਅਸਤ੍ਰ ਧਰਮ ਦੀ ਰਖਿਆ ਵਾਸਤੇ ਹਨ। ਭਗਤੀ ਦੀ ਵਾੜ ਹੈ ਸਕਤੀ। ਆਪ ਲੋਕਾਂ ਨੂੰ ਗਿਆਨ ਨਹੀਂ ਸੋ ਭਗਤੀ ਕਰਦੇ ਹੋਏ ਸ਼ਕਤੀ ਦਾ ਤਿਆਗ ਕਰੀ ਫਿਰਦੇ ਹੋ। ਜੇ ਸ਼ਕਤੀ ਦਾ ਤਿਆਗ ਨਾ ਕਰਦੇ ਤਾਂ ਭਾਰਤ ਗੁਲਾਮ ਨਾ ਹੁੰਦਾ, ਮੰਗ ਕੇ ਖਾਣਾ ਮੇਹਨਤ ਕੋਈ ਨਾ ਕਰਨੀ ਤੇ ਦੇਸ਼ ਉਤੇ ਭਾਰੀ ਬਣੇ ਤਦੋਂ ਪਹਾੜਾਂ ਦੀਆਂ ਗਾਰਾਂ ਵਿਚ ਜਾ ਲੁਕਣਾ ਇਹ ਤੁਸਾਂ ਦਾ ਧਰਮ ਹੈ। ਤੁਸੀਂ ਦੇਸ਼ ਉਤੇ ਭਾਰ ਹੋ, ਪੁਰਦੇ ਦੇ ਜਨਮ ਦਾ ਮਨੋਰਥ ਹੈ ਸੇਵਾ ਕਰਨਾ ਮਨੁਖ ਜਾਤੀ ਦੇ ਭਲੇ, ਧਰਮ ਸ਼ ਬਚਾਓ ਅਤੇ ਨੇਕੀ ਆਦਿਕ ਸੁਭ ਕਰਮ ਕਰਨਾ ਹੈ। ਰੋਟੀ, ਖੀਰ ਤੇ ਪੂੜੇ ਤੇ ਕੜਾਹ ਖਾਕੇ ਲੇਟ ਰਹਿਣਾ ਨਹੀਂ ਜੇਹੜੀ ਕੌਮ ਸਕਤੀ ਨੂੰ ਗਵਾ ਬੈਠਦੀ ਹੈ ਉਹ ਧਰਸ ਦੀ ਵੀ ਰਖਿਆ ਨਹੀਂ ਕਰ ਸਕਦੀ, ਸੋਮ ਨਾਥ, ਜੁਵਾਲਾ ਜੀ ਕਾਂਗੜਾ ਤੇ ਹੋਰ ਮੰਦਰ ਲੁਟੇ ਗਏ; ਕੀ ਤੁਸਾਂ ਸਾਧੂਆਂ ਕੋਈ ਲੜਾਈ ਲੜੀ ? ਬਲੀਦਾਨ ਦਿਤਾ ? ਦੁਸ਼ਮਨ ਗਉਆਂ ਦਾ ਵਰਗ ਅਗੇ ਲਾਕੇ ਤੁਸਾਂ ਨੂੰ ਲੁਟਦਾ ਰਿਹਾ। ਹਿੰਦ ਦੀਆਂ ਜਨਾਨੀਆਂ ਪ੍ਰਦੇਸ਼ਾਂ ਵਿਚ ਜਾਕੇ ਜਾਕੇ ਵਿਕਦੀਆਂ ਰਹੀ। ਇਸਤਰਾਂ ਦੀਆਂ ਸੱਚੀਆਂ ਗਲਾਂ ਸੁਣਕੇ ਸਾਧੂ ਘਬਰਾ ਗਏ ਉਹਨਾਂ ਦੇ ਮੱਥਿਆਂ ਉਤੇ ਤ੍ਰੇਲੀਆਂ ਆਈਆਂ ਹਿਰਦੇ ਕੰਬਣ ਲਗ ਪਏ। ਉਹ ਹੈਰਾਨ ਸਨ ਕਿ ਅਜ ਤਕ ਕਿਸੇ ਨੇ ਉਹਨਾਂ ਨੂੰ ਖਰੀਆਂ ਗਲਾਂ ਨਹੀਂ ਸਨ ਕਹੀਆਂ।

Sri Satguru Jagjit Singh Ji eLibrary NamdhariElibrary@gmail.com

ਉਨ੍ਹਾ ਕੋਲੋ: ਤਾਂ ਜਨਤਾ. ਰਾਜਵਾੜੇ ਤੇ ਧਨਾਢ ਪੁਰਸ਼ ਡਰਦੇ ਹਰ ਹਰ ਕਰਦੇ ਸ਼ਨ। ਚੇਲੇ ਸਾਧੂ ਆਪਣੇ ਗੁਰੂ ਵਲ ਤਕਦੇ ਸੀ ਕਿ ਉਨ੍ਹਾਂ ਦਾ ਕਰਾਮਾਤੀ ਗੁਰੂ ਸਤਿਗੁਰੂ ਜੀ ਨੂੰ ਕੀ ਉਤਰ ਦੇਂਦਾ ਹੈ। ਉਨ੍ਹਾਂ ਦਾ ਝੂਠਾ ਗੁਰੂ ਆਪ ਕੰਬੀ ਜਾਂਦਾ ਸੀ ਕਿ ਉਸਦੇ ਪਖੰਡ ਦਾ ਪਾਜ ਨਾ ਖੁਲ੍ਹ ਜਾਵੇ, ਓਹ ਤਾਂ ਜਾਣਦਾ ਕੁਝ ਨਹੀਂ ਸਿਰਫ ਰੋਟੀਆਂ ਕਾਰਨ ਓਸ ਨੇ ਪਖੰਡ ਕੀਤਾ ਹੋਇਆ ਹੈ ਉਸ ਦਾ ਜੀਵਨ ਤਾਂ ਇਕ ਪਾਪਾਂ ਦੀ ਗਠੜੀ ਸੀ। ਸਤਿਗੁਰੂ ਜੀ ਦੇ ਪ੍ਰਤਾਪੀ ਬ੍ਰਹਮ ਸ਼ਕਤੀ ਵਾਲੇ ਨੂਰੀ ਚੇਹਰੇ ਨੂੰ ਦੇਖਕੇ ਵੀ ਓਸ ਨੂੰ ਸ਼ਕ ਪਿਆ ਕਿ ਕਿਤੇ ਕੋਈ ਭੇਤ ਦੀ ਗਲ ਨਾ ਕਹਿਨ, ਉਸ ਨੇ ਡਰ ਕੇ ਪਹਿਲਾਂ ਹੀ ਆਖ ਦਿਤਾ—ਮੈਂ ਤਾਂ ਇਕ ਨਾਚੀਜ ਜਿਹਾ ਪੁਰਸ਼ ਹਾਂ ਭਗਤੀ ਦਾ ਵਲ ਸਿਖ ਰਿਹਾ ਹਾਂ।'

'ਆਪਣਾ ਪੈਂਤੜਾ ਬਦਲ ਲੈ, ਇਹਨਾਂ ਜਵਾਨਾਂ ਨੂੰ ਮੰਗਣਾ ਨਾ ਸਿਖਾ ਦੇਸ਼ ਵਾਸਤੇ ਕੁਝ ਕਰਨਾ ਸਿਖ।' ਸਤਿਗੁਰੂ ਜੀ ਨੇ ਬਚਨ ਕੀਤਾ।

ਉਸ ਸਾਧੂ ਗੁਰੂ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ ਮਥਾ ਟੇਕ ਕੇ ਸਭ ਨੇ ਪ੍ਰਤਿੱਗਿਆ ਕੀਤੀ ਕਿ ਅਗੇ ਨੂੰ ਉਹ ਜਰੂਰ ਦੇਸ਼ ਸੇਵਾ ਵਲ ਲਗਣਗੇ। ਲੋੜ ਪਈ ਤਾਂ ਉਹ ਸ਼ਹੀਦ ਵੀ ਹੋਣਗੇ। ਦੇਸ਼ ਦੇ ਕੋਨੇ ਕੋਨੇ ਵਿਚ ਫਿਰਕੇ ਜਾਗਰਤੀ ਪੈਦਾ ਕਰਣਗੇ।

ਇਸ ਤੋਂ ਅਗੇ ਸਤਿਗੁਰੂ ਜੀ ਮਥਰਾ ਚਲੇ ਗਏ। ਮਥਰਾ ਦੇ ਪਾਂਡਿਆਂ ਨਾਲ ਚਰਚਾ ਹੋਈ। ਜਿਨ੍ਹਾਂ ਪਾਂਡਿਆਂ ਦਾ ਧਰਮ ਸਿਰਫ ਲਡੂ ਪੇੜੇ ਖਾਣਾ ਹੀ ਸੀ। ਜੇਹੜੇ ਕ੍ਰਿਸ਼ਨ ਦੇ ਮੰਦਰਾਂ ਦੀ ਰਾਖੀ ਨਹੀਂ ਕਰ ਸਕੇ, ਜਿਨ੍ਹਾਂ ਵਿਚੋਂ ਬਹੁਤੇ ਮੁਸਲਮਾਨ ਹੋਕੇ ਕੁਰੈਸ਼ੀ ਤੇ ਸੱਯਦ ਅਖਵਾਉਣ ਲਗ ਪਏ ਸਨ। ਮੁਗਲਾਂ ਦੇ ਢਾਹ ਫੇਰੀ ਕੀਤੇ ਮੰਦਰਾਂ ਨੂੰ ਦੇਖਕੇ ਹਿੰਦੂ ਜਾਤੀ ਦੀ ਕਮਜ਼ੋਰੀ ਉਤੇ ਸਤਿਗੁਰੂ ਜੀ ਨੂੰ ਬਹੁਤ ਗੁਸਾ ਆਇਆ। ਸਾਹਿਬਾਂ ਨੇ ਸਾਰਿਆਂ ਨੂੰ ਇਕਤੋ ਕਰਕੇ ਉਪਦੇਸ਼ ਦਿਤਾ। ਬਹਾਦਰੀ ਦੀ ਨਵੀਂ ਰੂਹ ਭਰੀ, ਸਾਹਿਬਾਂ ਨੇ ਪ੍ਰੇਰਿਆ 'ਐ ਹਿੰਦੂ ਜ਼ਾਤੀ ਦੇ ਮੁਖੀ ਜਨੋਂ ! ਕੁਝ ਸਮਝ ਕਰੋ, ਜ਼ੁਲਮ ਕੋਲੋਂ ਡਰਨ ਦੀ ਥਾਂ ਜ਼ੁਲਮ ਦਾ ਟਾਕਰਾ ਕਰੋ, ਇਹ ਮੁਗਲ ਸ਼ਾਹੀ ਹੁਣ ਖਤਮ ਹੋਣ ਦੀ ਲੋੜ ਹੈ। ਛੇਤੀ ਹੀ ਖਤਮ ਹੋ ਜਾਵੇਗੀ ਤੁਸਾਂ ਦੀ ਮਿਲਕੇ ਇਕਠੇ ਹੋਣ ਦੀ ਲੋੜ

Sri Satguru Jagjit Singh Ji eLibrary NamdhariElibrary@gmail.com

ਹੈ। ਅਗੇ ਪਾਟੇ-ਧਾੜ ਨੇ ਹੀ ਤੁਸਾਂ ਨੂੰ ਨੁਕਸਾਨ ਪਹੁੰਚਾਇਆ ਹੈ। ਕਈ ਕਰੋੜ ਦੀ ਵਸੋਂ ਵਾਲਾ ਦੇਸ਼ ਪ੍ਰਦੇਸੀਆਂ ਦਾ ਗੁਲਾਮ ਨਹੀਂ ਹੋ ਸਕਦਾ ਜੇ ਓਸ ਦੀ ਵਸੋਂ ਵਿਚ ਮਿਲਾਪ ਹਿੰਮਤ ਤੇ ਧਰਮ ਦੀ ਰਖਿਆ ਕਰਨ ਦੀ ਸੱਚੀ ਲਗਨ ਹੋਵੇ ਤਸੀਂ ਸ੍ਰੀ ਕ੍ਰਿਸ਼ਨ ਜੀ ਦੀ ਸੰਤਾਨ ਹੋ, ਤੁਸਾਂ ਦੇ ਵਡੇ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਵਿਚ ਆਪਣੀ ਸ਼ਸਤ੍ਰ ਵਿਦਿਆ ਦੀ ਧਾਂਕ ਬੈਠਾਈ ਸੀ। ਤੁਸੀਂ ਤਾਂ ਕੁਝ ਕਰਕੇ ਦਿਖਾਉਨ ਵਾਲੇ ਹੋ, ਆਪਣੇ ਬਜ਼ੁਰਗਾਂ ਵਲ ਤਕੋ, ਓਹਨਾਂ ਦੇ ਜੀਵਨ ਇਤਿਹਾਸ ਨੂੰ ਪੜ੍ਹੋ ਤੇ ਵਿਚਾਰੋ, ਸ੍ਰੀ ਕ੍ਰਿਸ਼ਨ ਜੀ ਅਨਿਆਏ, ਜ਼ੁਲਮ ਪਾਪ ਧੱਕੇ ਦੇ ਵਿਰੁਧ ਲੜਦੇ ਰਹੇ। ਕੰਸ, ਜਰਾ ਸਿੰਧ ਆਦਿਕ ਕਈਆਂ ਆਪ ਹੁਦਰਿਆ ਨੂੰ ਆਪਨੇ ਮਾਰਿਆ। ਲਿਖਿਆ ਹੈ ਕਿ ਸ੍ਰੀ ਕ੍ਰਿਸ਼ਨ ਜੀ ਤੇ ਜਰਾਸਿੰਧ ਦਾ ਜੁਧ ਹੋ ਪਿਆ। ਜਰਾਸਿੰਧ ਬਹੁਤ ਸੈਨਾਂ ਨੂੰ ਮਾਰਦਾ ਫਿਰਦਾ ਦੇਖ ਕੇ ਸ੍ਰੀ ਕਿਸ਼ਨ ਜੀ ਨੇ ਕਰੋਧ ਕੀਤਾ। ਆਪ ਜੁਧ ਕਰਨ ਵਾਸਤੇ ਅਗੇ ਹੋਏ ਤੇ ਜਰਾ ਸਿੰਧ ਨਾਲ ਇਸ ਪ੍ਰਕਾਰ ਜੁਧ ਕੀਤਾ—

ਸਵੈਯਾ—ਧਨ ਸਾਇਕ ਲੈ ਰਸ ਭੂਪਤ ਕੈ ਤਨ, ਘਾਇ ਕਰੇ ਬਿਜ਼ਰਾਜ ਜਬੈ।
ਪੁਨਿ ਚਾਰੋਈ ਬਾਨਨ ਸੋ ਹਯ ਚਾਰੋਈ ਰਾਮ ਭਨੈ ਹਨ ਦੀਨੈ ਸਬੈ।
ਤਿਲ ਕੋਟਿਕ ਸਿਯੰਦਨ ਕਾਟਿ ਕੀਯੋ ਧਨੁ ਕਾਟਿ ਦੀਯੋ ਕਰਿ ਕੋਪ ਜਬੈ।
ਨ੍ਰਿਪ ਪਿਆਦੇ ਗਦਾ ਗਹਿ ਸਉਹੈ ਗਜੇ ਅਤਿ ਜੁਧ ਭਯੇ ਕਹਿ ਹੋ ਸੁ ਅਬੈ।

ਜਿਸਦਾ ਪ੍ਰਮਾਰਥ—ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਦੇਖਿਆ ਕਿ ਧਰਮ ਸੈਨਾਂ ਮਾਰੀ ਜਾ ਰਹੀ ਤਾਂ ਧਨੁਖ ਬਾਣ ਹੱਥ ਲੈ ਕੇ ਅਗੇ ਵਧੇ ਤੇ ਜਰਾ ਸਿੰਧ ਨਾਲ ਜੁਧ ਕਰਨ ਲਗੇ, ਤੀਰਾਂ ਨਾਲ ਉਹਨਾਂ ਨੇ ਜਰਾਸਿੰਧ ਦਾ ਸਰੀਰ ਵਿੰਨ ਕੇ ਛਾਨਣੀ ਕਰ ਦਿਤਾ, ਦੋਂਹ ਤੀਰਾਂ ਨਾਲ ਉਸਦੇ ਦੋਵੇਂ ਘੋੜੇ ਮਾਰ ਸੁਟੇ, ਰਥ ਰੁਕ ਗਿਆ; ਰਥ ਨੂੰ ਵੀ ਨਾ ਰਹਿਨ ਦਿਤਾ, ਤੀਰਾਂ ਨਾਲ ਰਥ ਦੀ ਛਟੀ ਛਟ ਉਖੇੜ ਕੇ(ਕਰੋੜਾਂ ਟੁਕੜੇ ਕਰਕੇ) ਕਿਧਰੋ ਦੇ ਕਿਧਰੇ ਭੇਜ ਦਿਤੇ। ਆਖ਼ਰ ਓਹਦੇ ਧਨੁਖ ਨੂੰ ਵੀ ਤੋੜ ਸੁਟਿਆ,ਉਹ ਖਾਲੀ ਹਥ ਪੈਦਲ ਗਦਾ ਫੜਕੇ ਜੁਧ ਕਰਨ ਲਗਾ, ਐਸੀ, ਦਸ਼ਾ ਦੇਖਕੇ ਜਰਾਸਿੰਧ ਨੂੰ ਵੀ ਬਹੁਤ ਕਰੋਧ ਆਇਆ, ਪਰਤੀ

Sri Satguru Jagjit Singh Ji eLibrary NamdhariElibrary@gmail.com

ਕਿਸ਼ਨ ਜੀ ਲੀ ਘੋਰ ਯੁਧ ਕਰਨ ਲਗੇ। ਫਿਰ ਦਸਿਆ ਹੈ—

ਕਾਟਿ ਗਦਾ ਬਲਦੇਵ ਦਈ ਤਿਹ ਭੂਪਤ ਕੀ ਅਰੁ ਬਾਨਨ ਮਾਰਯੋ।
ਪਉਰਖ ਯਾਹੀ ਭਿਰਨੋ ਹਮਸੋ ਰਿਸਕੈ ਅਰਿ ਕਉ ਇਹ ਭਾਂਤਿਪਚਾਰਯੋ।
ਇਹ ਕਹਿਕੈ ਪੁਧ ਬਾਨਿਨ ਮਾਰ ਸਰਾਦਨ ਲੈ ਤਿਹ ਗ੍ਰੀਵਹ ਡਾਰਯੋ
ਦੇਵ ਕਰੇ ਉਪਮਾ ਸੁ ਕਹੈ ਜਦੁਬੀਰ ਸੁ ਬਡੋ ਮਰਿ ਹਾਰਯੋ

ਪਰਮਾਰਥ—ਦੇਖੋ ਕੀ ਖੇਡ ਹੋਈ, ਸ੍ਰੀ ਕ੍ਰਿਸ਼ਨ ਦੇ ਇਸਾਰੇ ਉਤੇ ਬਲਦੇਵ ਜੀ ਅਗੇ ਹੋਏ। ਸ੍ਰੀ ਕ੍ਰਿਸ਼ਨ ਜੀ ਤੀਰ ਚਲਾਉਂਦੇ ਰਹੇ ਤੇ ਬਲਰਾਜ ਨੇ ਜਰਾਸਿੰਧ ਦੀ ਗਦਾ ਤੋੜ ਸੁਟੀ। ਉਸ ਨੂੰ ਵਿਆਕੁਲ ਕਰਕੇ ਧਰਤੀ ਉਤੇ ਸੁਟ ਦਿਤਾ। ਧਰਤੀ ਉਤੇ ਡਿਗਕੇ ਜਰਾਸਿੰਧ ਹਾਰ ਗਿਆ। ਉਸ ਦੀ ਹਾਰ ਦੇਖਕੇ ਦੇਵਤਿਆਂ ਬਹੁਤ ਖੁਸ਼ੀ ਮਨਾਈ। ਉਹਨਾਂ ਨੇ ਫੁਲ ਵਰਸਾਏ ਤੇ ਧੰਨ ਧੰਨ ਕਹਿਣ ਲਗੇ। ਉਸ ਵੇਲੇ ਕਾਲ ਆਂ ਪੁਜਾ ਦੇਖਕੇ ਜਰਾਸਿੰਧ ਬਹੁਤ ਹੀ ਭੈ ਭੀਤ ਹੋ ਗਿਆ।

ਕੰਪਤ ਹੈ ਜਿਹ ਤੇ ਸੁ ਖਗੇਸ ਮਹੇਸ਼ ਮੁਨੀ ਜਹਿ ਤੇ ਭੈ ਭੀਤਯੋ।
ਸੇਸ ਜਲੇਬ ਦਿਨੇਸ ਸੁਲੇਸ ਹੁਤੇ ਚਿਤ ਮੈਂ ਕਬਹੀ ਨ ਨਿਚੀਤਯੋ।
ਤਾਂ ਨ੍ਰਿਪਕੇ ਸਿਰ ਪੈ ਕਬਿ ਸਯਾਮ ਕਹੈ ਇਹ ਕਾਲ ਇਸੋ ਅਬ ਬੀਤਯੋ
ਧੰਨਹਿ ਧੰਨੁ ਕਹੈ ਸਭ ਭਗਵਾਨ ਬਡੇ ਅਰਿ ਜੀਤਯੋ।

ਜਿਸ ਜਰਾਸਿੰਧ ਕੋਲੋਂ ਗਰੜ,ਸ਼ਿਵਜੀ ਸ਼ੇਸ਼ਨਾਥ ਤੇ ਇੰਦਰ ਆਦਿਕ ਦੇਵਤੇ ਡਰਦੇ ਸਨ। ਭੈ ਦੇ ਮਾਰੇ ਕੁਸਕਦੇ ਨਹੀਂ ਸਨ, ਉਸ ਜਰਾਸਿੰਧ ਦੇ ਸਿਰ ਤੋਂ ਬਲਵਾਨ ਭਰਾਵਾਂ ਨੇ ਕਾਲ ਨੂੰ ਆਂਦਾ ਇਹ ਹਿੰਮਤ ਦੀ ਗਲ ਸੀ, ਉਸ ਵੇਲੇ ਮਾਤ ਲੋਕ ਤੇ ਇੰਦ੍ਰਲੋਕ ਵਿਚ ਜੈ ਜੈਕਾਰ ਹੋਣ ਲਗੀ। ਬਲਰਾਜ ਜੀ ਦਾ ਵਿਚਾਰ ਸੀ ਕਿ ਜਰਾਸਿੰਧ ਦਾ ਅੰਤ ਕੀਤਾ ਜਾਵੇ, ਪਰ ਸ੍ਰੀ ਕਿਸ਼ਨ ਜੀ ਨੂੰ ਜਰਾਸਿੰਧ ਦੇ ਰੋਣ ਉਤੇ ਤਰਸ ਆ ਗਿਆ। ਉਸ ਨੂੰ ਉਸ ਸਮੇਂ ਤਾਂ ਨਹੀਂ ਮਾਰਿਆ, ਪਰ ਅਖੀਰ ਵਿਚ ਮਰਵਾ ਦਿਤਾ 'ਇਸ ਤਰਾਂ ਇਤਿਹਾਸਕ ਪ੍ਰਸੰਗ ਸੁਣਾਕੇ ਸਤਿਗੁਰੂ ਜੀ ਨੇ ਅੰਤ ਵਿਚ ਪੰਡਿਆਂ ਨੂੰ ਕਿਹਾ ਹੇ ਸਿਆਣੇ ਲੋਕੋ ਰਤਾ ਸੋਚੋ ! ਤੁਸੀਂ ਵੀ ਉਹਨਾਂ ਦੀ ਸੰਤਾਨ ਹੋ ਜਿਥੇ ਜਰਾਸਿੰਧ ਵਰਗਿਆਂ

Sri Satguru Jagjit Singh Ji eLibrary NamdhariElibrary@gmail.com

ਮਾਰਦੇ ਸੀ ਤੇ ਕਿਥੇ ਮਾਮੂਲੀ ਲੋਕਾਂ (ਮੁਗਲਾਂ ਤੇ ਤੁਰਕਾਂ) ਕੋਲੋਂ ਡਰਦੇ ਹੋਏ ਧਰਮ ਦਾ ਤਿਆਗ ਕਰੀ ਜਾਂਦੇ ਹੋ, ਰਤਾ ਸੋਚੋ, ਉਸ ਸੁਤੀ ਸ਼ਕਤੀ ਨੂੰ ਉਸੇ ਤਰਾਂ ਉਠਾਵੋ ਜਿਵੇਂ ਹਨੂੰਮਾਨ ਦੀ ਗੁਪਤ ਸ਼ਕਤੀ ਨੂੰ ਓਹਦੇ ਸਾਥੀਆਂ ਨੇ ਓਸ ਨੂੰ ਦਸ ਕੇ ਪ੍ਰਗਟ ਕੀਤਾ ਸੀ, ਅਜ ਸ੍ਰੀ ਕਿਸ਼ਨ ਦੀਆਂ ਯਾਦਾਂ ਬਰਬਾਦ ਕੀਤੀਆਂ ਜਾਂਦੀਆਂ ਹਨ । ਗਊ ਦੇ ਲਹੂ ਨਾਲ ਮੰਦਰ ਧੋਤੇ ਜਾਂਦੇ ਹਨ। ਕੰਨਿਆਂ ਦਾ ਧਰਮ ਨਸ਼ਟ ਕੀਤਾ ਜਾਂਦਾ ਹੈ, ਪਰ ਤੁਸੀਂ ਲੋਕ ਚੁਪ ਰਹਿੰਦੇ ਹੋ ਹੋ ਉਠੋ ! ਬਲਧਾਰੋ ਤੇ ਤਲਵਾਰ ਫੜੋ ਏਹੋ ਸਚਾ ਧਰਮ ਹੈ। ਤਲਵਾਰ ਤੋਂ ਬਿਨਾ ਹੁਣ ਧਰਮ ਨਹੀਂ ਬਚ ਸਕਦਾ।'

ਐਸੇ ਉਪਦੇਸ਼ ਸੁਣਕੇ ਪੰਦਿਆ ਨੂੰ ਗਿਆਨ ਹੋਇਆ ਉਹ ਆਪਣੀ ਕਮਜ਼ੋਰੀ ਨੂੰ ਅਨੁਭਵ ਕਰਕੇ ਪਛਤਾਉਣ ਲਗੇ। ਓਸ ਵੇਲੇ ਕਤਿਗੁਰੂ ਜੀ ਨੇ ਇਕ ਹੋਰ ਸਟ ਮਾਰੀ, ਸਾਹਿਬਾਂ ਨੇ ਕਿਹਾ—ਕੀ ਤੁਸੀਂ ਲੋਕ ਮੋਤ ਕੋਲੋਂ ਡਰਦੇ ਹੋ ? ਕੀ ਮੌਤ ਨੇ ਕਦੀ ਨਹੀਂ ਆਉਣਾ ? ਆਉਣਾ ਹੈ । ਮੌਤ ਟਲ ਨਹੀਂ ਸਕਦੀ ਸਮੇਂ ਨਾਲ ਜ਼ਰੂਰ ਆਉਣੀ ਹੈ । ਜੇ ਮਰਨਾ ਸਤਯ ਹੈ ਤਾਂ ਓਸ ਕੋਲੋਂ ਭੁ ਕਿਓਂ ਕਰਨਾ ? ਕਿਓਂ ਨਾ ਹੱਸ ਹੱਸ ਕੇ ਸ਼ਹੀਦੀਆਂ ਪਾਈਆਂ ਜਾਣ ਕਾਲ ਬਲੀ ਰਾਣੇ, ਰਾਜੇ ਕੰਗਾਲ ਤੇ ਪੰਡਤ ਕਿਸੇ ਨੂੰ ਜੀਓਂਦਾ ਨਹੀਂ ਛਡਦਾ, ਇਹ ਐਸਾ ਹੀ ਵਿਚਾਰ ਹੈ।'

ਪੰਡਤਾਂ ਨੇ ਸਤਿਗੁਰੂ ਜੀ ਨੂੰ ਕਲਜੁਗ ਦਾ ਸਚਾ ਅਵਤਾਰ ਮੰਨਿਆ ਤੇ ਬਹੁਤ ਸੇਵਾ ਕੀਤੀ, ਚਾਰ ਦਿਨ ਸਤਿਗੁਰੂ ਜੀ ਮਥਰਾ ਤੇ ਬਿੰਦਰਾਪਨ ਵਿਚ ਇਤਿਹਾਸਕ ਅਸਥਾਨਾਂ ਨੂੰ ਦੇਖਦੇ ਰਹੇ ਕਈ ਜੀਵਾਂ ਦਾ ਓਧਾਰ ਕਰਕੇ ਸਾਹਿਬ ਅਗੇ ਨੂੰ ਤੁਰੇ।

੯. ਸਤਿਗੁਰੂ ਜੀ ਦਾ ਦਿੱਲੀ ਪਹੁੰਚਣਾ

ਸਤਿਗੁਰੂ ਜੀ ਹੌਲੀ ਹੌਲੀ ਮਨ ਦੀ ਮੌਜ ਨਾਲ ਜਾ ਰਹੇ ਸਨ ਤੇ ਦਿੱਲੀ ਪੁਜਣ ਤੇ ਦੇਰ ਹੋ ਗਈ, ਬਹਾਦਰ ਸ਼ਾਹ ਨੂੰ ਸ਼ੱਕ ਪਿਆ ਕਿਤੇ ਸਤਿਗੁਰੂ ਜੀ ਮਰਹੱਟਿਆਂ ਜਾਂ ਹੋਰ ਹਿੰਦੂ ਰਾਜਿਆ ਨੂੰ ਪ੍ਰੇਰਕੇ ਬਗਾਵਤ ਹੀ ਨਾ ਕਰਾ ਦੇਣ

Sri Satguru Jagjit Singh Ji eLibrary NamdhariElibrary@gmail.com

ਜਾ ਕਿਤੇ ਹੋਰ ਨੂੰ ਨਾ ਚਲੇ ਜਾਣ । ਉਸਨੇ ਭਾਈ ਨੰਦ ਲਾਲ ਤੇ ਆਪਣੇ ਮਾਮੇ ਨੂੰ ਦਿਲੀਓਂ ਭੇਜਿਆ, ਰਾਹ ਵਿਚ ਉਹ ਜਾ ਮਿਲੇ ਤੇ ਏਨਤੀ ਕੀਤੀ ਕਿ ਬਾਦਸ਼ਾਹ ਸਲਾਮਤ ਆਪ ਨੂੰ ਮਿਲਣਾ ਚਾਹੁੰਦੇ ਹਨ। ਉਹਾਂ ਤਾਂ ਦਰਸਨਾਂ ਵਾਸਤੇ ਉਤਾਵਲੇ ਹਨ ।'

ਇਹ ਸੁਣਕੇ ਸਾਹਿਬ ਮੁਸਕਰਾ ਪਏ, ਅੰਤਰਜਾਮੀ ਦਾਤੇ ਨੇ ਦਿਲ ਦੀ ਗਲ ਬੁਝ ਲਈ, ਪਰ ਪ੍ਰਗਟ ਨਹੀਂ ਕੀਤੀ ਮੁਸਕ੍ਰਾਂਦੇ ਹੋਏ ਬੋਲੇ—ਹੱਛਾ ! ਜਿਵੇਂ ਵਾਹਿਗੁਰੂ ਦਾ ਹੁਕਮ ਤਿਵੇਂ ਹੋਣਾ ਹੈ। ਬਾਦਸ਼ਾਹ ਬਹੁਤ ਕਮਜੋਰ ਦਿਲ ਦਾ ਹੈ। ਇਹ ਦਿਲ ਦੀ ਕਮਜ਼ੋਰੀ ਉਸ ਨੂੰ ਨੁਕਸਾਨ ਪਹੁੰਚਾਵੇਗੀ, ਕਦੀ ਉਸਦਾ ਦਿਲ ਦਿਮਾਗ ਸੋਚਣ ਤੇ ਕੰਮ ਕਰਨ ਤੋਂ ਹਟ ਜਾਵੇਗਾ। ਵਹਿਮੀ ਹੈ ਅਸਲ ਵਹਿਮੀ ਹੋ ਜਾਵੇਗਾ ।'

ਬਾਦਸ਼ਾਹ ਦੇ ਮਾਮੇ ਨੇ ਇਨ੍ਹਾਂ ਸ਼ਬਦਾਂ ਦਾ ਅਰਥ ਨਾ ਸਮਝਿਆ ਪਰ ਭਾਈ ਨੰਦ ਲਾਲ ਜੀ ਜੋਹੜੇ ਸਤਿਗੁਰੂ ਜੀ ਦੀਆਂ ਅਜ਼ਮਤਾਂ ਨੂੰ ਜਾਣਦੇ ਸਨ, ਉਹ ਡਰ ਗਏ, ਪਰ ਉਸ ਵੇਲੇ ਉਹਨਾਂ ਵੀ ਕੋਈ ਗਲ ਪ੍ਰਗਟ ਨਹੀਂ ਕੀਤੀ

ਸਤਿਗੁਰੂ ਜੀ ਰਾਹ ਵਿਚ ਜੀਵਾਂ ਦਾ ਪਾਰ ਉਤਾਰਾ ਕਰਦੇ ਹੋਏ ਤੇ ਨਾਮ ਦਾਨ ਦੀ ਬਖਸ਼ਸਾਂ ਕਰਦੇ ਹੋਏ ਦਿਲੀ ਆ ਪੁਜੇ, ਬਾਦਸ਼ਾਹ ਦੇ ਹੁਕਮ ਨਾਲ ਮੋਤੀ ਬਾਗ ਵਿਚ ਆਪ ਦਾ ਡੇਰਾ ਕਰਵਾ ਦਿਤਾ ਗਿਆ।

'ਸਤਿਗੁਰੂ ਜੀ ਦਿਲੀ ਆ ਪੁਜੇ, ਮੋਤੀ ਬਾਗ ਵਿਚ ਬਿਰਾਜੇ ਰਹੇ ਹਨ। ਇਹਨਾਂ ਸ਼ਬਦਾਂ ਰਾਹੀਂ ਜੰਗਲ ਦੀ ਅਗ ਵਾਂਗ ਖਬਰ ਸਾਰੇ ਦਿਲੀ ਸ਼ਹਿਰ ਵਿਚ ਇਕਦਮ ਖਿਲਰ ਗਈ। ਜਿਸ ਵੀ ਗੁਰੂ ਪਿਆਰੇ ਸੁਣਿਆ ਉਹੋ ਹੀ ਸਾਹਿਬਾਂ ਦੇ ਦਰਸ਼ਨ ਕਰਨ ਵਾਸਤੇ ਧਾ ਆਇਆ। ਦਿਲੀ ਦੇ ਸਿੱਖਾਂ ਤੇ ਗੁਰੂ ਘਰ ਦੇ ਪ੍ਰੇਮੀਆਂ ਨੇ ਪਹਿਲਾਂ ਹੀ ਸੁਣ ਛਡਿਆ ਸੀ ਕਿ ਸਤਿਗੁਰੂ ਜੀ ਨੂੰ ਦੇਸ਼ ਬਦਲੇ ਬਹੁਤ ਵਡੀ ਕੁਰਬਾਨੀ ਕਰਨੀ ਪਈ ਹੈ। ਐਸੇ ਕੁਰਬਾਨੀਆਂ ਦੇ ਪੁੰਜ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਸਾਰੇ ਪ੍ਰੇਮੀ ਬਹੁਤ ਉਤਾਵਲੇ ਸਨ ।

ਸਤਿਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਜੀ ਉਸ ਵੇਲੇ ਸਰਦਾਰ ਜਵਾਹਰ ਸਿੰਘ ਦੀ ਹਵੇਲੀ ਵਿਚ ਰਹਿੰਦੇ ਸਨ। ਦੋਹਾਂ ਹੀ

Sri Satguru Jagjit Singh Ji eLibrary NamdhariElibrary@gmail.com

ਮਹਿਲਾਂ ਨੇ ਬਿਨੈ ਕਰ ਭੇਜੀ ਕਿ ਸਾਹਿਬ ਦਰਸ਼ਨ ਦੇਣ। ਮਹਿਲਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਤਿਗੁਰੂ ਜੀ ਹਵੇਲੀ ਵਿਚ ਪੁਜੇ, ਨਾਲ ਥੋੜੇ ਜਹੇ ਸਿੰਘ ਸਨ। ਪਰ ਜਦੋਂ ਸਾਹਿਬ ਬਜ਼ਾਰਾਂ ਵਿਚ ਦੀ ਜਾ ਰਹੇ ਸਨ ਤਾਂ ਲੋਕਾਂ ਨੂੰ ਪਤਾ ਲੱਗ ਗਿਆ ਲੋਕ ਕੰਮ ਛੱਡ ਕੇ, ਰਾਹ ਭੁਲਕੇ, ਹੱਟੀਆਂ ਸੁੰਞੀਆਂ ਛੱਡਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਨਾਲ ਹੋ ਤੁਰੇ, ਤਕੜਾ ਜਲੂਸ ਬਣ ਗਿਆ। ਬੜੀ ਸ਼ਾਨ ਨਾਲ ਜਵਾਹਰ ਸਿੰਘ ਦੀ ਹਵੇਲੀ ਤਕ ਪੁਜਾ, ਅਗੋਂ ਮਹਿਲਾਂ ਤੇ ਸਿੱਖਾਂ ਸੇਵਕਾਂ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ।

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਦੇ ਹੋਏ ਵੈਰਾਗਸਾਨ ਹੋ ਗਏ। ਉਹ ਲਗੇ ਹੰਝੂਆਂ ਨਾਲ ਸਾਹਿਬਾਂ ਦੇ ਚਰਨ ਪਵਿਤ੍ਰ ਕਰਨ, ਇਹ ਦੇਖਕੇ ਸਤਿਗੁਰੂ ਜੀ ਨੇ ਧੀਰਜ ਦਿਤੀ, ਪਿਆਰ ਨਾਲ ਸੁਖ ਸਾਂਦ ਪੁਛੀ।

ਇਕੱਲਤਾ ਵਿਚ ਸਤਿਗੁਰੂ ਜੀ ਬੈਠੇ ਸਨ ਕਿ ਮਾਤਾ ਸੁੰਦਰੀ ਜੀ ਨੇ ਇਕ 'ਅਜੀਤ ਸਿੰਘ' ਨਾਮ ਦਾ ਲੜਕਾ ਸਤਿਗੁਰੂ ਜੀ ਦੇ ਪੇਸ਼ ਕੀਤਾ, ਉਸਦਾ ਹੁਲੀਆ ਸਤਿਗੁਰੂ ਜੀ ਦੇ ਅਜੀਤ ਨਾਲ ਮਿਲਦਾ ਜੁਲਦਾ ਸੀ, ਉਸਨੂੰ ਪੇਸ਼ ਕਰਕੇ ਮਾਤਾ ਜੀ ਨੇ ਬੇਨਤੀ ਕੀਤੀ—'ਮਹਾਰਾਜ? ਇਹ ਮੈਂ ਧਰਮ ਪੁਤ੍ਰ ਬਣਾਇਆਂ ਹੈ। ਮੇਰੇ ਅਜੀਤ ਵਾਂਗ ਹੈ। ਮੇਰੀ ਇੱਕਲੀ ਦਾ ਚਿਤ ਨਹੀਂ ਲਗਦਾ ਸੀ, ਰਹਿ ੨ ਕੇ ਸ਼ਾਹਜਾਦੇ ਚੇਤੇ ਆਉਂਦੇ ਸਨ। ਹੁਣ ਦਿਲ ਪ੍ਰਚਿਆ ਰਹਿੰਦਾ ਹੈ। ਆਪ ਕ੍ਰਿਪਾ ਕਰਕੇ ਇਹਨਾਂ ਨੂੰ ਅਸੀਸ ਦੇਵੋ।

ਸਤਿਗੁਰੂ ਜੀ ਨੇ ਸਹਿਜ ਸੁਭਾ ਬਚਨ ਕੀਤਾ—'ਇਹ ਆਪ ਨੇ ਮਾੜਾ ਕੀਤਾ ਹੈ। ਮੋਹ ਦੇ ਵਸ ਹੋਕੇ ਪੁਤ੍ਰ ਬਨਾ ਬੈਠੇ ਹੋ। ਮੋਹ ਕਰਨਾ ਅਸਾਂ ਵਾਸਤੇ ਯੋਗ ਨਹੀਂ ਵਾਹਿਗੁਰੂ ਨੇ ਅਸਾਂ ਨੂੰ ਚਾਰ ਬੇਟੇ ਦਿਤੇ, ਉਹ ਚਾਰੇ ਕੌਈ ਹਜਾਰ ਦੀ ਗਿਣਤੀ ਵਾਲੇ 'ਖਾਲਸਾ ਪੰਥ' ਉਤੋਂ ਵਾਰ ਦਿਤੇ, ਅਮਾਨਤ ਸਨ। ਵਾਹਿਗੁਰੂ ਨੇ ਆਪਣੀ ਅਮਾਨਤ ਵਾਪਸ ਲੈ ਲਈ, ਉਨ੍ਹਾਂ ਦੀ ਥਾਂ ਹੋਰ ਪੁਤ੍ਰ ਲਭਣੇ ਇਹ ਨੀਕ ਨਹੀਂ। ਪ੍ਰੇਮ ਦੀ ਖੇਡ ਦਾ ਫਲ ਪ੍ਰੇਮ ਹੁੰਦਾ ਹੈ ਤੇ ਮੋਹ ਦੀ ਖੇਡ ਦਾ ਫਲ ਮੋਹ ਤੇ ਪਾਪ ਕਰਮ, ਇਹ ਜਵਾਨ ਹੋਕੇ ਤੁਸਾਂ ਦੇ ਹਿਰਦੇ

Sri Satguru Jagjit Singh Ji eLibrary NamdhariElibrary@gmail.com

ਨੂੰ ਦੁਖੀ ਕਰੇਗਾ। ਮੋਹ ਵਸ ਹੋ ਕੇ ਤੁਸਾਂ ਨੇ ਇਸਨੂੰ ਰਖਿਆ ਹੈ, ਮਾਇਆ ਇਸ ਨੂੰ ਮੋਹ ਲਵੇਗੀ ਤੇ ਅੰਤ ਮਾੜਾ ਹੋਵੇਗਾ, ਜੋ ਹੋਇਆ ਠੀਕ ਹੈ।'

ਸਾਹਿਬਾਂ ਦੇ ਇਹ ਬਚਨ ਸੁਣਕੇ ਮਾਤਾ ਸੁੰਦਰੀ ਜੀ ਘਬਰਾ ਗਏ, ਉਹਨਾਂ ਦੇ ਸਿਰ ਨੂੰ ਚਕਰ ਆਉਣ ਲਗ ਪਏ, ਸਾਹਿਬਾਂ ਨੇ ਉਹਨਾਂ ਦੀ ਹਾਲਤ ਠੀਕ ਰਖਣ ਵਾਸਤੇ ਬਚਨ ਕੀਤਾ—'ਹਰ ਇਕ ਮਾਤਾ ਬੱਚੇ ਨਾਲ ਪਿਆਰ ਕਰਦੀ ਤੇ ਉਸਦੇ ਵਿਛੋੜੇ ਤੇ ਵਿਆਕੁਲ ਹੁੰਦੀ ਹੈ। ਪਰ ਇਹ ਨਹੀਂ ਜਾਣਦੀ ਬੱਚਾ ਉਸ ਕੋਲ ਅਮਾਨਤ ਸੀ। ਆਤਮਾ ਆਈ। ਕੁਖ ਵਿਚ ਅਰਾਮ ਕੀਤਾ। ਜਗਤ ਤੇ ਆਈ ਤੇ ਮੁੜ ਵਾਹਿਗੁਰੂ ਦੇ ਸੱਦੇ ਉਤੇ ਉਹਦੇ ਕੋਲ ਚਲ ਗਈ ਇਹ ਜੇਹੜਾ ਵੀ ਕੁਟੰਬ, ਇਹ ਚਲਣਹਾਰ ਹੈ। ਅਸਾਂ ਤੇ ਤੁਸਾਂ ਇਕ ਦਿਨ ਇਹ ਸਰੀਰ ਤਿਆਗ ਕੇ ਬ੍ਰਹਮ ਵਿਚ ਮਿਲ ਜਾਣ ਹੈ।। ਕੀ ਪਤਾ ਫਿਰ ਰੂਹਾਂ ਦਾ ਮੇਲ ਹੋਣਾ ਜਾ ਨਹੀਂ। ਉਸ ਦਾਤੇ ਦੇ ਹਥ ਵਸ ਡੋਰ ਹੈ। ਇਸ ਵਾਸਤੇ ਮੋਹ ਦਾ ਤਿਆਗ ਕਰੋ। ਮੋਹ ਹੀ ਤੁਸਾਂ ਦੇ ਮਨ ਨੂੰ ਦੁਖੀ ਕਰ ਰਿਹਾ ਹੈ।'

ਇਹ ਉਪਦੇਸ਼ ਸੁਣਕੇ ਮਾਤਾ ਜੀ ਨੂੰ ਕੁਝ ਹੌਸਲਾ ਹੋਇਆ। ਮਾਤਾ ਸਾਹਿਬ ਕੌਰ ਜੀ ਨੇ ਜੀਵਨ-ਮੁਕਤੀ ਬਾਰੇ ਬਚਨ ਸੁਣੇ। ਚਰਨ ਧੂੜ ਲੈ ਕੇ ਸ਼ਾਂਤੀ ਪ੍ਰਾਪਤ ਕੀਤੀ। ਦਾਤੇ ਦੀਆਂ ਮੇਹਰਾਂ ਸਨ ਕਿ ਉਹਨਾਂ ਨੂੰ ਧੀਰਜ ਸੀ। ਨਾ ਵਾਸ਼ਨਾ ਤੰਗ ਕਰਦੀ ਸੀ ਤੇ ਨਾ ਪੁਤ੍ਰ ਮੋਹ, ਉਹ ਇਨ੍ਹਾਂ ਬਚਨਾਂ ਉਤੇ ਭਰੋਸਾ ਕਰੀ ਬੈਠੇ ਸਨ ਕਿ ਉਹ ਖਾਲਸੇ ਦੀ ਮਾਤਾ ਹੈ। ਸਾਰਾ ਖਾਲਸਾ ਪੰਥ ਉਸਦਾ ਪੁਤ੍ਰ ਹੈ—ਪਰਵਾਰ ਹੈ ਉਹ ਵਡ ਪ੍ਰਵਾਰੀ ਹੈ।

ਜਿਸ ਅਜੀਤ ਸਿੰਘ ਨੂੰ ਮਾਤਾ ਸੁੰਦਰੀ ਜੀ ਨੇ ਪੁਤ੍ਰ ਬਣਾਇਆ ਸੀ। ਉਹ ਵਡਾ ਹੋ ਕੇ ਮਾੜਾ ਨਿਕਲਿਆ। ਉਸ ਨੇ ਮਾਤਾ ਜੀ ਦੀ ਦੌਲਤ ਨੂੰ ਬਹੁਤ ਬੇਤਰਸੀ ਨਾਲ ਖਰਚ ਕੀਤਾ ਤੇ ਬੁਰਿਆਈਆਂ ਵਿਚ ਚਲਾਣਾ ਕਰ ਗਿਆ। ਸਤਿਗੁਰੂ ਜੀ ਦੇ ਬਚਨ ਸਤ ਹੋਏ ਕਿ ਅਜੀਤ ਸਿੰਘ ਦੇ ਮੋਹ ਨੇ ਮਾਤਾ ਜੀ ਦੇ ਹਿਰਦੇ ਨੂੰ ਬਹੁਤ ਕਸਟ ਪਹੁੰਚਾਇਆ।

Sri Satguru Jagjit Singh Ji eLibrary NamdhariElibrary@gmail.com

੯. ਬਹਾਦਰ ਸ਼ਾਹ ਨੇ ਸਤਿਗੁਰੂ ਦਾ ਉਪਦੇਸ਼ ਸਰਵਣ ਕਰਨਾ

ਬਹਾਦਰ ਸ਼ਾਹ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਮੋਤੀ ਬਾਗ ਵਿਚ ਆਇਆ। ਉਸ ਵੇਲੇ ਦੀਵਾਨ ਲਗਾ ਹੋਇਆ ਸੀ। ਸਤਿਗੁਰੂ ਜੀ ਬੈਠੇ ਹੋਏ ਉਪਦੇਸ਼ ਕਰ ਰਹੇ ਸਨ। ਉਸ ਵੇਲੇ ਉਪਦੇਸ਼ ਦਾ ਪ੍ਰਕਰਣ ਚਲ ਰਿਹਾ ਸੀ ਕਿ ਭਵਿਖਤ ਵਿਚ ਕੀ ਹੋਵੇਗਾ। ਕਲਜੁਗ ਦੇ ਜੀਵ ਕੈਸੇ ਹੋਣਗੇ, ਕੀ ਕੀ ਕਰਮ ਕਰਿਆ ਕਰਨਗੇ? ਸਮੇਂ ਕੈਸੇ ਆਉਣਗੇ ਆਦਿਕ, ਉਸ ਸਮੇਂ ਇਹਨਾਂ ਸੁਵਾਲਾਂ ਦਾ ਜਵਾਬ ਸਤਿਗੁਰੂ ਜੀ ਆਪਣੇ ਲਿਖੇ ਗ੍ਰੰਥ 'ਨਿਹਕਲੰਕੀ' ਦੀ ਕਵਿਤਾ ਪੜ੍ਹਕੇ ਸੁਣਾਈ ਜਾਂਦੇ ਸਨ। ਬਾਦਸ਼ਾਹ ਨਮਸ਼ਕਾਰ ਕਰਕੇ ਦੀਵਾਨ ਵਿਚ ਬੈਠ ਗਿਆ। ਉਹਦੇ ਵਜ਼ੀਰ ਸਲਾਹਕਾਰ ਵੀ ਬੈਠ ਗਏ। ਭਾਈ ਨੰਦ ਲਾਲ ਵੀ ਦੀਵਾਨ ਵਿਚ ਆ ਬੈਠਾ ਸੀ। ਸਾਹਿਬ ਦਸ ਰਹੇ ਸਨ—ਹੇ ਗੁਰਮੁਖ ਜਨੋ! ਸਮਾਂ ਐਸਾ ਆ ਰਿਹਾ ਹੈ ਜਦੋਂ—

ਸੁਤਾ ਪਿਤਾ ਤਨ ਰਮਤ ਨਿਸੰਕਾ। ਭਗਨੀ ਭਰਤਾ ਭ੍ਰਾਤ ਅਰ ਅੰਕਾ।
ਭ੍ਰਾਤ ਬਹਿਬਨ ਕਰਤ ਬਿਹਾਰਾ। ਇਸਤ੍ਰੀ ਤਜੀ ਸਗਲ ਸੰਸਾਰਾ ॥ ੩॥
ਸ਼ੰਕਰ ਬਰਣ ਪਰਜਾ ਸਭ ਹੋਈ। ਏਕ ਗਯਾਤ ਕੋ ਰਹਾ ਨ ਕੋਈ।
ਅਤਿ ਬਿਭਚਾਰ ਫਸੀ ਬਰ ਨਾਰੀ। ਧਰਮ ਰੀਤ ਕੀ ਪ੍ਰੀਤਿ ਬਿਸਾਰੀ ॥ ੪ ॥

ਹੇ ਭਾਈ! ਸਾਰੀਆਂ ਸ਼ਰਮਾਂ ਦੂਰ ਕਰਕੇ ਧੀ ਪਿਤਾ ਨਾਲ ਭੋਗ ਕਰੇਗੀ। ਭੈਣ ਤੇ ਭਰਾ ਇਕ ਦੂਸਰੇ ਨੂੰ ਘੁਟ ਘੁਟ ਕੇ ਮਿਲਣਗੇ ਵਾਸ਼ਨਾ ਦੇ ਸ਼ਿਕਾਰ ਹੋਕੇ ਮੰਦੇ ਕਰਮ ਕਰਨਗੇ। ਵਿਆਹੀਆਂ ਹੋਈਆਂ ਰੁਲਦੀਆਂ ਫਿਰਨਗੀਆਂ, ਸਾਰਾ ਜਗਤ ਮਿਲ-ਗੋਭਾ ਹੋ ਜਾਵੇਗਾ, ਆਪਣਾ ਗੋਤ, ਜਾਤ, ਵਰਨ ਤਿਆਗਕੇ ਸਭ ਥਾਂ ਸ਼ੰਕਰ ਵਰਨ ਹੋ ਜਾਵੇਗਾ। ਉੱਚੀ ਕੁਲ ਵਾਲੀਆਂ ਇਸਤ੍ਰੀਆਂ ਦੁਰਾਚਾਰੀ ਕਰਮ ਕਰਦੀਆਂ ਹੋਈਆਂ ਵੀਉਚੀਆਂ ਅਖਵਾਉਣਗੀਆਂ ਧਰਮ ਤੇ ਨੇਕ ਕਰਮ ਦੀ ਮਰਯਾਦਾ ਭੁਲ ਜਾਵੇਗੀ।

ਘਰ ਘਰ ਝੂਠ ਅਮੱਸਿਆ ਭਈ। ਸਾਚ ਕਲਾ ਸਸਿ ਕੀ ਦੁਰ ਗਈ ॥

Sri Satguru Jagjit Singh Ji eLibrary NamdhariElibrary@gmail.com

ਜਹ ਤਹ ਹੋਨ ਲਗੇ ਉਤਪਾਤਾ ॥ ਭੋਗਤ ਪੂਤ ਸੇਜ ਚੜਿ ਮਾਤਾ ॥੫॥
ਢੂਢਤ ਸਾਚ ਨ ਕਤਹੂੰ ਪਾਯਾ ॥ ਝੂਠ ਹੀ ਸੰਗ ਸਭੈ ਚਿਤ ਲਾਯਾ ॥
ਭਿੰਨ ਭਿੰਨ ਗ੍ਰਹ ਗ੍ਰਹ ਮਤ ਹੋਈ ॥ ਸਾਸਤ੍ਰ ਸਿਮਰਤ ਛੁਐ ਨ ਕੋਈ॥੬॥
ਹਿੰਦ ਵ ਤੁਰਕਾਕੋਈ ਨ ਰਹਿ ਹੈ ॥ ਭਿੰਨ ਭਿੰਨ ਘਰ ਘਰ ਮਤਿ ਗਹਿ ਹੈ ॥
ਏਕ ਏਕ ਕੇ ਪੰਥਨ ਚਲ ਹੈ ॥ ਏਕ ਏਕ ਕੀ ਬਾਤ ਉਥਲ ਹੈ ॥ ੭ ॥

ਹਰ ਇਕ ਘਰ ਵਿਚ ਮਸਿਆ ਦੀ ਰਾਤ ਵਰਗੇ ਹਨੇਰੇ ਵਾਂਗ ਝੂਠ ਛਾ ਜਾਵੇਗਾ। ਸਚ ਦਾ ਚੰਦਰਮਾਂ ਕਿਤੇ ਨਜਰ ਨਹੀਂ ਆਵੇਗਾ, ਸਚ ਦਾ ਅੰਤ ਹੋਵੇਗਾ ਤੇ ਝੂਠ ਦਾ ਪ੍ਰਕਾਸ। ਉਸ ਵੇਲੇ ਭਿਆਨਕ ਹਨੇਰੀਆਂ ਤੇ ਝੱਖੜ ਆਉਣਗੇ। ਐਸਾ ਸਮਾਂ ਆਵੇਗਾ ਕਿ ਮਾਤਾ ਦੀ ਸੇਜ ਉਤੇ ਪੁਤ੍ਰ ਦੰਗ ਰਲੀਆਂ ਮਾਣੇਗਾ, ਕੋਈ ਨਿੰਦ ਵਿਚਾਰ ਨਹੀਂ ਹੋਵੇਗੀ, ਇਖਲਾਕ ਦਾ ਅੰਤ ਹੋ ਜਾਵੇਗਾ ਲੋਕ ਸਚ ਨੂੰ ਲਭਣ ਵਾਸਤੇ ਤੁਰਨਗੇ, ਸਚ ਕਿਤੇ ਲਭਿਆਂ ਵੀ ਹਥ ਨਹੀਂ ਆਵੇਗਾ। ਐਸਾ ਉਪੱਦਰ ਹੋਵੇਗਾ, ਕਿਉਂਕਿ ਹਰ ਪਾਸੇ ਝੂਠ ਤੇ ਠੱਗੀ ਨਾਲ ਪ੍ਰੀਤ ਹੋਵੇਗੀ, ਹਰ ਘਰ ਤੇ ਹਰ ਟੱਬਰ ਵਿਚ ਆਪਣਾ ਮਤ ਹੋਵੇਗਾ, ਲੋਕ ਧਰਮੀ ਵੀ ਨਹੀਂ ਰਹਿਣਗੇ, ਪ੍ਰਾਚੀਨ ਵੇਦ ਤੇ ਸ਼ਾਸਤ੍ਰਾਂ ਦੀ ਮਹਾਨਤਾ ਉਡ ਜਾਵੇਗੀ, ਪੂਜਾ ਪਾਠ ਨਾ ਕੋਈ ਕਰੇਗਾ, ਨਾ ਕੋਈ ਹਿੰਦੂ ਤੇ ਨਾ ਕੋਈ ਮੁਸਲਮਾਨ ਰਹਿਣਗੇ ਹਰ ਇਕ ਵਖਰੇ ਰਾਹ ਤੁਰੇਗਾ ਇਕ ਬਚਨ ਆਖੇਗਾ ਤੇ ਦੂਸਰਾ ਉਸ ਦਾ ਝੂਠ ਸਿਧ ਕਰੇਗਾ। ਇਸ ਉਲਟਾ ਪੁਲਟੀ ਦਾ ਫਲ ਬਹੁਤ ਮਹਿੰਗਾ ਭੁਗਤਣਾ ਪਵੇਗਾ।

ਭਾਰਾ ਕ੍ਰਿਤ ਬਰਾ ਸਬ ਹੁਯ ਹੈ। ਧਰਮ ਕਰਮ ਪਰ ਚਲੈ ਨ ਕੁਯ ਹੈ।
ਘਰ ਘਰ ਅਉਰ ਅਉਰ ਮਤ ਹੋਈ। ਏਕ ਧਰਮ ਪਰ ਚਲੈ ਨ ਕੋਈ।

... ...

ਸੰਕਰ ਬਰਣ ਪੂਜਾ ਸਭ ਹੋਈ। ਛਤ੍ਰੀ ਜਗਤ ਨ ਦੇਖੀਐ ਕੋਈ।
ਏਕ ਏਕ ਐਸੋ ਮਤ ਕੈ ਹੈ। ਜਾਤੇ ਪ੍ਰਾਪਤ ਸੂਦ੍ਰਤਾ ਹੋਇ ਹੈ। ਹਿੰਦੂ
ਤੁਰਕ ਮਤ ਦੁਹੂੰ ਪ੍ਰਹਰਿ ਕਰ। ਚਲਿ ਹੈ ਭਿੰਨ ਭਿੰਨ ਮਤ ਘਰ ਘਰ।
ਏਕ ਏਕ ਕੇ ਮੰਤ ਨ ਗਹਿ ਹੈ। ਏਕ ਏਕ ਕੇ ਸੰਗ ਨ ਰਹਿ ਹੈ।

Sri Satguru Jagjit Singh Ji eLibrary NamdhariElibrary@gmail.com

ਆਪ ਆਪ ਪਾਰ ਬ੍ਰਹਮ ਕਹੈ ਹੈ। ਨੀਚ ਊਚ ਕੇ ਸੀਸ ਨ ਨੈ ਹੈ।
ਏਕ ਏਕ ਮਤ ਇਕ ਧਾਮਾ। ਘਰ ਘਰ ਹੋਇ ਬੈਠ ਹੈ ਰਾਮਾ।

ਸਾਰਿਆਂ ਦਾ ਧਰਮ ਕਰਮ ਇਕ ਸਮਾਨ ਹੋ ਜਾਵੇਗਾ ਕੋਈ ਛਤ੍ਰੀ ਜਾਂ ਬ੍ਰਾਹਮਣ ਨਹੀਂ ਲਭੇਗਾ, ਸਾਰੇ ਨੀਚ ਜਾਤੀਆਂ ਵਾਂਗ ਕਰਨਗੇ, ਹਿੰਦੂ ਤੇ ਤੁਰਕ ਦੋਵੇਂ ਆਪਣੇ ਧਰਮ ਛਡ ਕੇ ਤੀਸਰੇ ਪਾਸੇ (ਈਸਾਈ) ਜਾਂ ਹੋਰ ਵਲ ਹੋ ਜਾਣਗੇ। ਹਰ ਕੋਈ ਹਰਣਾਕਸ਼ ਤੇ ਰਾਵਣ ਵਾਂਗ ਆਪਣੇ ਆਪ ਨੂੰ ਰਬ ਅਖਵਾਵੇਗਾ। ਹਰ ਘਰ ਤੇ ਸ਼ਹਿਰ ਵਿਚ ਧਰਮਾਂ ਤੇ ਮਤਾਂ ਦੀ ਆਪੋ ਧਾਪ ਪਵੇਗੀ, ਸਾਰੇ ਰਾਮਾ ਅਵਤਾਰ ਹੋਣਗੇ। ਸਾਰੇ ਖ਼ੁਦਾ ਤੇ ਰਾਮ ਅਖਵਾਉਣਗੇ, ਪੁਰਾਣੀਆਂ ਪੁਸਤਕਾਂ ਦੀ ਕਦਰ ਨਹੀਂ ਹੋਵੇਗੀ।

ਪੜਿ ਹੈ ਕੋਈ ਨ ਭੂਲ ਪੁਰਾਨਾ। ਕੋਈ ਨ ਪਕਰੈ ਪਾਠ
ਕੁਰਾਨਾ। ਬੇਦ ਕਤੇਬ ਜਵਾਨ ਕਰਿ ਲਹਿ ਹੈ। ਤਾ ਕਹ ਰੋਬ
ਰਾਨ ਮੇ ਦੇਹਿ ਹੈ। ਚਲੀ ਪਾਪ ਕੀ ਜਗਤ ਕਹਾਨੀ। ਭਾਜਾ
ਧਰਮ ਛਾਡ ਰਾਜਧਾਨੀ। ਭਿੰਨ ਭਿੰਨ ਘਰ ਘਰ ਮਤ ਚਲਾ।
ਜਾਂ ਤੇ ਧਰਮ ਭਰਮ ਉਡ ਚਲਾ।

... ...

ਸੂਦ੍ਰ ਧਾਮ ਬਸਿ ਬ੍ਰਹਮਣੀ। ਬਈਸ ਨਾਰਿ ਹੋਇ ਹੈ ਛਤ੍ਰਨੀ।
ਖਸਿ ਹੈ ਛਤ੍ਰ ਧਾਮ ਬੈਸਾਨੀ। ਬ੍ਰਹਮਣ ਗ੍ਰਿਹ ਇਸਤ੍ਰੀ ਸੂਦ੍ਰਾਨੀ।

ਸਤਿਗੁਰੂ ਜੀ ਫੁਰਮਾਉਂਦੇ ਹਨ—'ਹੇ ਭਗਤ ਜਨੋਂ! ਸਚ ਜਾਣੋਂ ਕਲਜੁਗ ਦਾ ਐਸਾ ਉਲਟਾ ਪ੍ਰਭਾਵ ਹੋਵੇਗਾ ਕਿ ਸਾਰੀਆਂ ਰੀਤੀਆਂ ਪੁਠੀਆਂ ਹੋਣ ਲਗ ਪੈਣ ਗਈਆਂ। ਬ੍ਰਾਹਮਣ ਕੁਲ ਦੀਆਂ ਨਾਰੀਆਂ ਨੀਵੀਂ ਜਾਤ ਵਾਲਿਆਂ ਦੇ ਵਸਣਗੀਆਂ ਤੇ ਨੀਵੀਂ ਜਾਤ ਦੀਆਂ ਉਚੇ ਘਰ ਵਿਚ ਆ ਵਸਣਗੀਆਂ ਪਿਆਰ ਦੇ ਨਾਮ ਤੇ ਕੁਲ ਨਾਸ ਕਰਨਗੇ। ਐਸੀ ਹਾਲਤ ਹੋਵੇਗੀ।'

ਇਸ ਤਰ੍ਹਾਂ ਸਤਿਗੁਰੂ ਜੀ ਉਪਦੇਸ਼ ਕਰਦੇ ਰਹੇ ਭਵਿਖਤ ਦੀਆਂ ਗਲਾਂ ਸੁਣਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਉਸ ਦੇ ਮਨ ਫੁਰਨਾ ਫੁਰਿਆ ਕਿ ਚੰਗਾ ਹੈ ਕਿ ਜੇ ਸਤਿਗੁਰੂ ਜੀ ਮੇਰੇ ਬਾਰੇ ਕੁਝ ਭਵਿਖਤ ਦੀਆਂ ਗਲ੍ਹਾਂ ਦਸ

Sri Satguru Jagjit Singh Ji eLibrary NamdhariElibrary@gmail.com

ਦੇਣ, ਇਹ ਕਿਸੇ ਇਕਲਤਾ ਵਿਚ ਮੈਂ ਸਤਿਗੁਰੂ ਜੀ ਨੂੰ ਪੁਛਾਂਗਾ।

ਜਦ ਗੁਰੂ ਜੀ ਉਪਦੇਸ਼ ਕਰ ਚੁਕੇ ਤਾਂ ਬਹਾਦਰ ਸ਼ਾਹ ਬਾਦਸ਼ਾਹ ਨੇ ਸਤਿਗੁਰੂ ਜੀ ਅਗੋਂ ਬੇਨਤੀ ਕੀਤੀ—'ਮੇਰੀ ਅਜ ਇਛਾ ਹੈ ਕਿ ਜਮਨਾ ਦੀ ਸੈਰ ਕੀਤੀ ਜਾਵੇ, ਜਮਨਾ ਨਦੀ ਉਤੇ ਬੇੜੀ ਤਾਰਕੇ ਅਨੰਦ ਲਿਆ ਜਾਵੇ, ਨਾਲੇ ਮੱਛੀ ਦਾ ਸ਼ਿਕਾਰ ਹੋਵੇਗਾ, ਮੱਛੀ ਦੇ ਸ਼ਿਕਾਰ ਵਿਚ ਬਹੁਤ ਆਨੰਦ ਆਵੇਗਾ।

ਇਹ ਸੁਣਕੇ ਸਾਹਿਬਾਂ ਨੇ ਉੱਤਰ ਦਿਤਾ—'ਬਹੁਤ ਚੰਗੀ ਗਲ, ਚਲੋ ਅੱਜ ਜਮਨਾ ਦੀ ਸੈਰ ਕਰ ਲੈਂਦੇ ਹਾਂ।'

ਪ੍ਰਸਾਦ ਛਕਣ ਦੇ ਪਿਛੋਂ ਸਤਿਗੁਰੂ ਜੀ ਬਹਾਦਰ ਸ਼ਾਹ ਦੇ ਨਾਲ ਜਮਨਾ ਵਲ ਚਲੇ ਗਏ।

੧੦. ਭਾਗਾ ਵਾਲੀ ਜਮਨਾ ਜੀ

ਜਮਨਾ ਭਾਗਾਂ ਵਾਲੀ ਨਦੀ ਹੈ, ਹਰ ਇਕ ਅਵਤਾਰ ਇਸਦੇ ਜਲ ਵਿਚ ਇਸਨਾਨ ਕਰਕੇ ਇਸ ਨੂੰ ਭਾਗਾਂ ਵਾਲੀ ਕਰਦੇ ਰਹੇ ਹਨ। ਸ੍ਰੀ ਕ੍ਰਿਸ਼ਨ ਜੀ ਇਹਦੇ ਕਿਨਾਰੇ ਬਾਲ-ਲੀਲ੍ਹਾ ਕਰਦੇ ਰਹੇ। ਸਤਿਗੁਰੂ ਜੀ ਪਾਉਂਟਾ ਸਾਹਿਬ ਦੇ ਮੁਕਾਮ ਉਤੇ ਜਮਨਾ ਦੇ ਕਿਨਾਰੇ ਰਹੇ। ਆਪਣੇ ਚਰਨ-ਕਮਲ ਜਮਨਾ ਜਲ ਵਿਚ ਪਾ ਕੇ ਉਸ ਨੂੰ ਪਵਿਤ੍ਰ ਕਰਦੇ ਰਹੇ।

ਬਹਾਦਰ ਸ਼ਾਹ ਦੇ ਕਹਿਣ ਤੇ ਸਤਿਗੁਰੂ ਜੀ ਜਮਨਾ ਕਿਨਾਰੇ ਪੁਜੇ, ਉਥੇ ਵਡੀ ਸਾਰੀ ਬੇੜੀ ਸੀ। ਉਸ ਬੇੜੀ ਨੂੰ ਖੂਬ ਸਜਾਇਆ ਫਬਾਇਆ ਗਿਆ ਸੀ। ਮਲਾਹਾਂ ਤੋਂ ਬਿਨਾਂ ਹੋਰ ਕਿਸੇ ਪੁਰਸ਼ ਨੂੰ ਉਸ ਵਿਚ ਬੈਠਣ ਦੀ ਆਗਿਆ ਨਹੀਂ ਸੀ। ਸਤਿਗੁਰੂ ਜੀ ਜਦੋਂ ਬੇੜੀ ਵਿਚ ਬਿਰਾਜਮਾਨ ਹੋਏ ਤਾਂ ਜਮਨਾ ਬਹੁਤ ਪ੍ਰਸੰਨ ਹੋਈ। ਉਸ ਨੇ ਆਪਣੇ ਆਪ ਨੂੰ ਉਛਾਲਿਆ ਤੇ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ।

ਬਹਾਦਰ ਸ਼ਾਹ ਉਸ ਦਿਨ ਸਤਿਗੁਰੂ ਜੀ ਨਾਲ ਕਈ ਪ੍ਰਕਾਰ ਦੀਆਂ ਗਲਾਂ ਕਰਕੇ ਮਨ ਦੀ ਬੇਚੈਨੀ ਦੂਰ ਕਰਨਾ ਚਾਹੁੰਦਾ ਸੀ, ਉਸਨੇ ਇਕੱਲਤਾ ਦੇਖਕੇ ਸਾਹਿਬਾਂ ਨੂੰ ਪੁਛਿਆ—ਮੇਰੇ ਮਨ ਵਿਚ ਸ਼ੰਕੇ ਹਨ ਮੈਂ ਉਨ੍ਹਾਂ ਸ਼ੰਕਿਆਂ

Sri Satguru Jagjit Singh Ji eLibrary NamdhariElibrary@gmail.com

ਨੂੰ ਦੂਰ ਕਰਨਾ ਚਾਹੁੰਦਾ ਹਾਂ।'

'ਆਪ ਨੂੰ ਖੁਲ੍ਹ ਹੈ ਜੋ ਚਿਤ ਕਰੇ ਪੁਛੋ।' ਸਤਿਗੁਰੂ ਜੀ ਗੰਭੀਰਤਾ ਦੇ ਲਹਿਜੇ ਵਿਚ ਬੋਲੇ।

'ਆਪ ਹੁਣ ਕਿਧਰ ਨੂੰ ਜਾਣ ਦਾ ਖਿਆਲ ਕਰ ਰਹੇ ਹੋ।' ਬਹਾਦਰ ਸ਼ਾਹ ਦੀ ਪੁਛ ਸੀ।

'ਦੱਖਣ ਨੂੰ।' ਸਤਿਗੁਰੂ ਜੀ ਨੇ ਉੱਤਰ ਦਿਤਾ।

'ਕਿਸ ਵਾਸਤੇ ਦਖਣ ਜਾਣਾ ਚਾਹੁੰਦੇ ਹੋ।'

ਕੁਝ ਰੂਹਾਂ ਉਥੇ ਦੁਖੀ ਤੜਪ ਰਹੀਆਂ ਹਨ ਉਹ ਨਾਂ ਨੂੰ ਸ਼ਾਂਤੀ ਬਖਸ਼ਣ ਵਾਸਤੇ।

ਉਹ ਰੂਹਾਂ ਕਿਸ ਜਾਤੀ ਵਿਚੋਂ ਹਨ ?

ਇਹ ਅਸੀਂ ਕੀ ਦਸ ਸਕਦੇ ਹਾਂ।

ਕਿ ਮਰਹੱਟਿਆਂ ਤੇ ਰਾਜਪੂਤਾਂ ਨਾਲ ਕੋਈ ਗਲ ਬਾਤ ਤਾਂ ਨਾ ਕਰੋਗੇ ?

'ਕੈਸੀ ਗਲ ਬਾਤ ?'

'ਏਹੋ ਮੁਗਲ ਹਕੂਮਤ ਦੇ ਵਿਰੁਧ ਗਠ ਜੋੜ ਕਰਨ ਵਾਸਤੇ।'

'ਇਹ ਸ਼ੱਕ ਤੁਸਾਂ ਨੂੰ ਕਿਵੇਂ ਹੋਇਆ ?'

'ਐਵੇਂ ਹੀ !'

ਤੁਸੀਂ ਬਾਦਸ਼ਾਹ ਹੋ, ਅਜ ਅਸੀਂ ਸਚ ਆਖਦੇ ਹਾਂ ਕਿ ਰਾਜਪੂਤ ਮਰਹੱਟਿਆਂ ਨਾਲ ਗਠ ਜੋੜ ਕਰਨ ਦਾ ਵਿਚਾਰ ਕੋਈ ਨਹੀਂ ਪਰ ਜੇ ਬਾਦਸ਼ਾਹ ਨੇ ਵਜੀਰ ਖਾਂ ਵਰਗੇ ਪਾਂਬਰਾਂ ਨੂੰ ਸਜਾਵਾਂ ਨਾ ਦਿਤੀਆਂ ਤਾਂ ਅਸਾਂ ਦੇ ਸਿਖ ਜ਼ਰੂਰ ਇਟ ਦੇ ਨਾਲ ਇਟ ਖੜਕਾਉਣਗੇ। ਸਿੰਘ ਜਥੇਦਾਰਾਂ ਨੂੰ ਤੁਸੀਂ ਦਬਾਉਣ ਦਾ ਯਤਨ ਕਰੋਗੇ ਪਰ ਤੁਸਾਂ ਕੋਲੋਂ ਦਬਾਏ ਨਹੀਂ ਜਾਣਗੇ ?'

'ਕਿਉਂ ਮੇਰੇ ਕੋਲੋਂ ਸਿੰਘ ਦਬਾਏ ਨਹੀਂ ਜਾ ਸਕਣਗੇ ?'

'ਇਸ ਵਾਸਤੇ ਕਿ ਉਸ ਸਮੇਂ ਨੂੰ ਤੁਸੀਂ ਨਹੀਂ ਹੋਵੋਗੇ ?'

ਅਸਲ ਵਿਚ ਇਹੋ ਸਵਾਲ ਬਹਾਦਰ ਸ਼ਾਹ ਕਰਨਾ ਚਾਹੁੰਦਾ ਸੀ, ਓਹ ਆਪਣੇ ਅੰਤ ਬਾਰੇ ਪੁਛਣ ਵਾਸਤੇ ਕਾਹਲਾ ਸੀ, ਸਤਿਗੁਰੂ ਜੀ ਨੇ ਬਚਨ

Sri Satguru Jagjit Singh Ji eLibrary NamdhariElibrary@gmail.com

ਕੀਤਾ—'ਤੁਸਾਂ ਦਾ ਦਿਮਾਗ ਖਰਾਬ ਹੋ ਜਾਵੇਗਾ, ਤੁਸੀਂ ਉਸ ਸਿਲਸਿਲੇ ਵਿਚ ਲਾਹੌਰ ਸ਼ਹਿਰ ਵਿਚ ਵਫਾਤ ਪਾ ਜਾਵੋਗੇ, ਇਸ ਭਾਣੇ ਨੂੰ ਕੋਈ ਨਹੀਂ ਰੋਕ ਸਕਦਾ ਪਰ ਜਿੰਨਾਂ ਚਿਰ ਰਾਜ ਕਰੋਗੇ ਓਨਾਂ ਚਿਰ ਸੁਖ ਦਾ ਰਾਜ ਕਰੋਗੇ।'

ਸਤਿਗੁਰੂ ਜੀ ਨੇ ਨਿਰਭੈਤਾ ਨਾਲ ਸਭ ਕੁਝ ਦਸ ਦਿਤਾ। ਬਹਾਦਰ ਸ਼ਾਹ ਵੀ ਸੁਣਕੇ ਕ੍ਰੋਧਵਾਨ ਨਹੀਂ ਹੋਇਆ ਪਰ ਉਦਾਸ ਜਰੂਰ ਹੋਇਆ, ਇਸ ਦੇ ਪਿਛੋਂ ਮਛੀ ਦਾ ਸ਼ਿਕਾਰ ਹੰਦਾ ਰਿਹਾ।

੧੧. ਦਿਲੀ ਵਿਚ ਸਿਖੀ ਪ੍ਰਚਾਰ

ਦਿਲੀ ਵਿਚ ਬਾਦਸ਼ਾਹ ਲੋਧੀ ਵੇਲੇ ਸਤਿਗੁਰੂ ਜੀ ਨੇ ਸਿਖੀ ਦਾ ਬੀਜ ਬੀਜਿਆ ਸੀ ਬਹੁਤ ਸਾਰੇ ਹਿੰਦੂ ਘਰਾਣੇ ਗੁਰੂ ਨਾਨਕ ਦੇਵ ਜੀ ਦੇ ਸਿਖ ਸਨ। ਦੂਸਰੇ ਗੁਰੂ ਸਾਹਿਬਾਂ ਦੇ ਸਮੇਂ ਵੀ ਸਿਖੀ ਦਾ ਪ੍ਰਚਾਰ ਹੁੰਦਾ ਰਿਹਾ ਪਰ ਉਥੋਂ ਦੇ ਲੋਕ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਨਹੀਂ ਸਨ ਸਜੇ। ਬਹੁਤੇ ਹਕੂਮਤ ਪਾਸੋਂ ਡਰਦੇ ਸਨ। ਸਹਿਜਧਾਰੀ ਤਾਂ ਲੁਕ ਛਿਪ ਜਾਂਦਾ ਸੀ ਕਿਉਂਕਿ ਪਤਾ ਨਹੀਂ ਸੀ ਲਗਦਾ ਕੀ ਕਿਹੜੇ ਇਸ਼ਟ ਨੂੰ ਮੰਨਦਾ ਹੈ। ਸਹਿਜ ਧਾਰੀਆਂ ਵਿਚ ਸ਼ਰਧਾ ਪੁਜ ਕੇ ਸੀ। ਭਾਈ ਮਨੀ ਸਿੰਘ ਜੀ ਦੇ ਸਿਖੀ ਪ੍ਰਚਾਰ ਕਰਨ ਨਾਲ ਹੁਣ ਉਹ ਅੰਮ੍ਰਿਤ ਛਕਣ ਵਾਸਤੇ ਵੀ ਤਿਆਰ ਹੋ ਪਏ। ਔਰੰਗਜ਼ੇਬ ਦਾ ਡਰ ਉਹਨਾਂ ਨੂੰ ਰੋਕਦਾ ਸੀ।

ਬਹਾਦਰ ਸ਼ਾਹ ਦੇ ਸਮੇਂ ਜਦ ਉਹਨਾਂ ਦੇਖਿਆ ਕਿ ਬਹਾਦਰ ਸ਼ਾਹ ਤੇ ਤੇ ਸਤਿਗੁਰੂ ਜੀ ਦੀ ਚੰਗੀ ਮਿਤ੍ਰਤਾ ਹੈ ਤਾਂ ਉਹਨਾਂ ਦੇ ਹੌਂਸਲੇ ਵਧੇ। ਇਕ ਦਿਨ ਭਰੇ ਦੀਵਾਨ ਵਿਚ ਸਤਿਗੁਰੂ ਜੀ ਨੇ ਕਿਹਾ—'ਹੇ ਗੁਰਮੁਖ ਜਨੋਂ! ਬਹੁਤ ਚੰਗਾ ਹੋਵੇ ਤੁਸੀਂ ਅੰਮ੍ਰਿਤ ਛਕ ਕੇ ਸਿਖ ਬਣ ਜਾਵੋ। ਹੁਣ ਵੇਲਾ ਨਹੀਂ ਸਹਿਜਧਾਰੀ ਰਹੋ। ਸਤਿਗੁਰੂ ਨਾਨਕ ਦੇਵ ਦਾ ਮਿਸ਼ਨ ਸੀ ਕਿ ਪੁਰਸ਼ ਜਿਵੇਂ ਆਯਾ ਹੈ ਤਿਵੇਂ ਰਹੇ ਤੇ ਪ੍ਰਭੂ ਮਾਲਕ ਦਾ ਬਣਿਆ ਰਹੇ। ਹੁਣ ਤੁਸਾਂ ਨੂੰ ਕਿਸੇ ਦਾ ਡਰ ਨਹੀਂ। ਇਸ ਨੇਕ ਤੇ ਚੰਗੇ ਧਰਮ ਦੀ ਬਾਦਸ਼ਾਹ ਵਿਰੋਧਤਾ ਜ਼ਰੂਰ ਕਰਨਗੇ, ਪਰ ਸਿੰਘ ਵੀ ਤਕੜੇ ਹੋ ਜਾਣਗੇ, ਚਿੰਤਾ ਤੇ ਡਰ ਵਾਲੀ ਕੋਈ

Sri Satguru Jagjit Singh Ji eLibrary NamdhariElibrary@gmail.com

ਕਾਲ ਨਹੀਂ। ਜੀਵਨ ਸੁਖ ਦਾ ਹੋਵੇਗਾ। ਤੁਸੀ ਲੋਕ ਘਾਬਰੋ ਨਾ ਹੁਣ ਅਕਾਲ ਪੁਰਖ ਦਾ ਹੁਕਮ ਮੰਨੋਂ। ਅੰਮ੍ਰਿਤ ਪਾਨ ਕਰਕੇ ਸਿੰਘ ਸਜੋ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਬਹੁਤ ਸਾਰੇ ਸਹਿਜਧਾਰੀ ਸਿੰਘਾਂ ਤੇ ਸਤਿਗੁਰੂ ਜੀ ਦੇ ਪਰੇਮੀਆਂ ਤੇ ਗੁਰੂ ਘਰ ਦੇ ਸ਼ਰਧਾਲੂਆਂ ਦੇ ਦਿਲ ਧੜਕੇ। ਉਹਨਾਂ ਦੀ ਇਛਾ ਹੋਈ ਕਿ ਉਹ ਸਾਹਿਬਾਂ ਦੇ ਹਥੋਂ ਜ਼ਰੂਰ ਅੰਮ੍ਰਿਤ ਛਕ ਲੈਣ। ਬਹੁਤ ਸਾਰਿਆਂ ਨੇ ਵਾਰੀ ਵਾਰੀ ਉਠਕੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਸਾਰਿਆਂ ਇਹੋ ਕਿਹਾ—ਅਸੀਂ ਅੰਮ੍ਰਿਤ ਛਕਣ ਨੂੰ ਤਿਆਰ ਹਾਂ।'

ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ, ਅੰਮ੍ਰਿਤ ਪਾਨ ਕਰਨ ਵਾਲਿਆਂ ਦੀ ਫੌਜ ਹਾਜ਼ਰ ਹੋ ਗਈ। ਚਿਟੇ ਕਛਹਿਰੇ ਸਭ ਨੇ ਪਹਿਨੇ, ਗਾਤਰੇ ਕ੍ਰਿਪਾਨਾਂ ਅਤੇ ਦਸਤਾਰੇ ਸਜਾਇ। ਇਸਤ੍ਰੀਆਂ ਤੇ ਬਚੇ ਵੀ ਸਾਥ ਸਨ। ਢਾਈ ਸੌ ਤੋਂ ਉਪਰ ਸਿੰਘ ਨਿਕਲੇ, ਉਹਨਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਸਤਿਗੁਰੂ ਜੀ ਨੇ ਅੰਮ੍ਰਿਤ ਦੀ ਮਹਾਨਤਾ ਦਰਸਾਈ। ਖੁਲਾ ਬਿਆਨ ਕੀਤਾ। ਸਾਹਿਬਾਂ ਨੇ ਫੁਰਮਾਇਆ—'ਅੱਜ ਤੁਸਾਂ ਦਾ ਨਵਾਂ ਜਨਮ ਹੋਇਆ ਹੈ। ਅਜ ਤੋਂ ਤੁਸੀਂ ਸਾਰੇ 'ਖਾਲਸਾ' ਬਣ ਗਏ ਹੋ; ਹਰ ਇਕ ਸਿੰਘ ਅਖਵਾਏਗਾ। ਅੱਧਾ ਨਾਂ, ਨਾ ਸਿੰਘ ਸਦਵਾਉਣਾ ਅੱਧਾ ਨਾਂ ਸਿੰਘ ਵਾਸਤੇ ਸਦਣਾ ਮਾੜਾ ਹੈ। ਨਾਂ ਵੀ ਬਦਲੇ ਗਏ ਹਨ। ਖਾਲਸਾ ਜਗਤ ਦੇ ਵਿਚ ਰਹਿੰਦਾ ਹੋਇਆ ਵੀ ਜਗਤ ਤੋਂ ਨਿਆਰਾ ਹੈ। ਰਹਿਤ ਮਰਯਾਦਾ ਵਿਚ ਪੂਰੇ ਰਹਿਣਾ, ਜਿਹੜੇ ਰਹਿਤ ਮਰਯਾਦਾ ਵਿਚ ਪੂਰੇ ਰਹਿੰਦੇ ਹਨ ਓਹੋ ਹੀ ਸਿੰਘ ਹੁੰਦੇ ਹਨ। ਸਿੰਘ ਨਾਮ ਹੈ ਸ਼ੇਰ ਦਾ, ਸ਼ੇਰ ਜੰਗਲ ਵਿਚ ਫਿਰਦਾ, ਵੈਰੀ ਨੂੰ ਦੇਖਕੇ ਕਦੀ ਨਹੀਂ ਘਬਰਾਉਂਦਾ। ਏਸੇ ਤਰਾਂ ਤੁਸਾਂ ਵੀ ਨਹੀਂ ਘਬਰਾਉਣਾ ਸਦਾ ਚੜਦੀ ਕਲਾ ਵਿਚ ਰਹਿਣਾ! ਕੜਾ, ਕੰਘਾ; ਕਛਹਿਰਾ, ਕੇਸ ਤੇ ਕ੍ਰਿਪਾਨ ਇਹ 'ਪੰਜੇ ਕਕਾਰ ਜਾਨ ਵਾਂਗ ਸਾਂਭ ਕੇ ਰਖਣੇ। ਇਹ ਅਸਾਂ ਦੀਆਂ ਨਿਸ਼ਾਨੀਆਂ ਹਨ। ਜਿਨ੍ਹਾਂ ਕੋਲ ਪੰਜ ਕਰਾਰ ਹੋਇਆ ਕਰਨਗੇ ਓਹ ਅਸਾਂ ਦੇ ਦਰਸ਼ਨ ਕਰ ਲਿਆ ਕਰਨਗੇ। ਰੋਜ਼ ਉਹਨਾਂ ਨੂੰ ਅਸਾਂ ਦੇ ਦਰਸ਼ਨ ਹੋਇਆ ਕਰਨਗੇ ਜਿਹੜੇ ਪੰਜ ਕਰਾਰਾਂ ਦੀ ਨਖ਼ੇਧੀ ਕਰਨਗੇ ਓਹ ਅਸਾਂ ਨੂੰ ਨਰਾਜ਼ ਕਰਨਗੇ। ਸਿੰਘਾਂ ਦਾ ਭਾਈਚਾਰਾ ਵਖਰਾ,

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਦੀ ਰਹਿਣੀ ਸਹਿਣੀ ਵਖਰੀ ਤੇ ਸਿੰਘ ਕਹਿਣੀ ਕਰਣੀ ਵਿਚ ਪਕੇ ਹੋਣੇ ਚਾਹੀਦੇ ਹਨ। ਸਿੰਘ ਕਦੀ ਝੂਠ ਨਾ ਬੋਲੇ। ਓਹ ਸਦਾ ਸੱਚ ਤੇ ਪੂਰਾ ਤੋਲੇ। ਧਰਮ ਦੀ ਕਿਰਤ ਕਰੇ ਤੇ ਵੰਡ ਕੇ ਛਕੇ। ਤਨ ਮਨ ਤੇ ਧਨ ਸਭ ਕੁਝ ਗੁਰੂ ਦਾ ਸਮਝੇ।

ਇਸ ਤੋਂ ਅਗੇ ਸਤਿਗੁਰੂ ਜੀ ਨੇ ਕੇਸਾਂ ਦੀ ਮਹਾਨਤਾ ਦਸੀ, ਕੇਸਾਂ ਬਾਰੇ ਸਾਹਿਬਾਂ ਫੁਰਮਾਇਆ—'ਪ੍ਰਾਚੀਨ ਕਾਲ ਵਿਚ ਲੋਕਾਂ ਦੇ ਅਰੋਗ ਤੇ ਤਕੜੇ ਹੋਣ ਦਾ ਕਾਰਨ ਇਹ ਵੀ ਸੀ ਕਿ ਓਹ ਕੇਸ ਰਖਦੇ ਸਨ, ਕੇਸਾਂ ਵਿਚ ਮਹਾਨ ਸ਼ਕਤੀ ਹੈ। (ਨਵੀਂ ਸਾਇੰਸ ਦੀ ਖੋਜ ਅਨੁਸਾਰ ਬਿਜਲੀ ਸ਼ਕਤੀ ਹੈ) ਉਹ ਸ਼ਕਤੀ ਸਰੀਰ ਨੂੰ ਤਕੜਿਆਂ ਤੇ ਦਿਲ ਦੇ ਪੱਠਿਆਂ ਨੂੰ ਅਰੋਗ ਰਖਦੀ ਹੈ। ਜਿਹੜੇ ਕੇਸ ਕਟਾ ਦੇਂਦੇ ਹਨ ਉਹ ਕੁਦਰਤ ਦੇ ਅਸੂਲਾਂ ਦੀ ਉਲੰਘਣਾ ਕਰਦੇ ਹਨ ਇਹ ਨਹੀਂ ਕਰਨਾ ਚਾਹੀਦਾ।

ਦਸਰਾ ਵਡਾ ਕਰਮ ਹੈ ਸੇਵਾ ਤੇ ਨਾਮ ਜਪਣਾ। ਮਨਖ ਦਾ ਪਰਮ ਧਰਮ ਸੇਵਾ ਕਰਨਾ ਹੈ। ਸੇਵਾ ਦਾ ਫਲ ਚੰਗਾ ਮਿਲਦਾ ਹੈ ਸੇਵਾ ਦੇ ਨਾਲ ਦਾਨ ਹੁੰਦਾ ਹੈ। ਦਾਨ ਸਦਾ ਖਾਲਸੇ ਨੂੰ ਹੀ ਕਰਨਾ ਚਾਹੀਦਾ ਹੈ। ਖਾਲਸੇ ਤੋਂ ਬਿਨਾਂ ਦਾਨ ਦਾ ਕੋਈ ਅਧਿਕਾਰੀ ਨਹੀਂ। ਪੰਜਾਂ ਬਾਣੀਆਂ ਦਾ ਪਾਠ ਕਰਨਾ। ਪਾਠ ਤੋਂ ਬਿਨਾਂ ਸਵਾਸ ਸਵਾਸ ਵਾਹਿਗੁਰੂ ਦਾ ਭਜਨ ਕਰਨਾ। ਭਜਨ ਦਾ ਪ੍ਰਤਾਪ ਬਹੁਤ ਹੁੰਦਾ ਹੈ।

ਅੰਤ ਵਿਚ ਸਾਹਿਬਾਂ ਨੇ ਫੁਰਮਾਇਆ—ਜਿਹੜਾ ਸਿੰਘ ਮਰਯਾਦਾ ਦਾ ਪਾਲਨ ਕਰੇਗਾ, ਉਹ ਨਾ ਜਨਮ ਮਰਨ ਵਿਚ ਆਵੇਗਾ ਤੇ ਨਾ ਉਸ ਨੂੰ ਜਮਾਂ ਦਾ ਡਰ ਰਹੇਗਾ। ਓਹ ਸਦਾ ਅਮਰ ਤੇ ਮੁਕਤ ਰਹੇਗਾ। ਜਿਹੜਾ ਧਰਮ ਦੀ ਖਾਤਰ ਸ਼ਹੀਦ ਹੋਵੇਗਾ, ਓਹ ਸਿਧਾ ਵਾਹਿਗੁਰੂ ਦੀ ਗੋਦ ਵਿਚ ਪੁਜ ਕੇ ਸਹੀਦਾਂ ਸੰਤਾਂ ਦੇ ਮੰਡਲ ਵਿਚ ਉਚੇ ਅਸਥਾਨ ਤੇ ਬੈਠੇਗਾ। ਦੇਸ; ਧਰਮ ਕਰਮ, ਗਰੀਬਾਂ ਤੇ ਨਿਰਬਲਾਂ ਦੀ ਰਾਖੀ ਵਾਸਤੇ ਸਿੰਘਾਂ ਦਾ ਹਥ ਸਦਾ ਕ੍ਰਿਪਾਨ ਦੀ ਮੁਠ ਉਤੇ ਰਹਿਣਾ ਚਾਹੀਦਾ ਹੈ।

ਸਮਾਂ ਆਵੇਗਾ ਜਦੋਂ ਸਿੰਘਾਂ ਦੇ ਇਮਤਿਹਾਨ ਹੋਣਗੇ, ਜਦੋਂ ਸਿੰਘਾਂ ਦੇ

Sri Satguru Jagjit Singh Ji eLibrary NamdhariElibrary@gmail.com

ਸਿਰਾਂ ਦਾ ਮੁਲ ਪਵੇਗਾ ਉਸ ਸਮੇਂ ਵੀ ਅਸਾਂ ਦਾ ਸਿੰਘ ਨਹੀਂ ਡੋਲੇਗਾ ਸਦਾ ਨਿਰਭੈਤਾ ਨਾਲ ਧੌਣ ਉਚੀ ਕਰਕੇ ਤੁਰੇਗਾ ਹਰ ਗਲ ਸਮੇਂ ਸਿਰ ਹੁੰਦੀ ਹੈ। ਇਹ ਦਿਲੀ ਸਿਖੀ ਦਾ ਮੁਖ ਅਸਥਾਨ (ਕੇਂਦਰ) ਬਣੇਗਾ। ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿਖੀ ਨੂੰ ਪਾਲਦੀ ਰਹੇਗੀ। ਰਤਾ ਚਿੰਤਾ ਨਹੀਂ ਕਰਨੀ ਚਾਹੀਦੀ।'

ਇਸ ਤਰ੍ਹਾਂ ਉਪਦੇਸ਼ ਦੇ ਕੇ ਸਤਿਗੁਰੂ ਜੀ ਨੇ ਸਿੰਘਾਂ ਨੂੰ ਨਿਹਾਲ ਕੀਤਾ ਮੇਹਰ ਦੀ ਨਿਗਾਹ ਕਰਕੇ ਉਹਨਾ ਦਾ ਜਨਮ ਮਰਨ ਕਟਿਆ, ਉਹਨਾਂ ਨੇ ਜੇਹੜੇ ਤਾਰੇ ਉਹ ਅਮਰ ਹੋ ਗਏ, ਦਾਤੇ ਦੀਆਂ ਨਜ਼ਰਾਂ ਨੇ ਨਦਰਿ ਹੀ ਨਦਰਿ ਨਿਹਾਲ ਕਰ ਦਿਤਾ।

ਅੰਮ੍ਰਿਤ ਪ੍ਰਚਾਰ ਦੀ ਰਸਮ ਪਿਛੋਂ ਕੜਾਹ ਪ੍ਰਸ਼ਾਦ ਦੇ ਖੁਲੇ ਗਫੇ ਵੰਡੇ ਗਏ, ਸਾਰੀ ਸੰਗਤ ਨੂੰ ਰਜਾਕੇ ਪ੍ਰਸ਼ਾਦ ਛਕਾਯਾ 'ਅਕਾਲ ਅਕਾਲ !' ਦੇ ਜੈਕਾਰੇ ਛਡੇ ਸਾਰਾ ਦਿਨ ਰੌਣਕਾਂ ਰਹੀਆਂ, ਕਈਆ ਦੁਖੀ ਦੁਨੀਆਂਦਾਰਾਂ ਨੇ ਆਪਣੇ ਦੁਖਾਂ ਨੂੰ ਨਵਿਤ ਕਰਾਇਆ, ਉਨ੍ਹਾਂ ਮੂੰਹੋਂ ਮੰਗੀਆਂ ਮੁਰਾਦਾਂ ਪ੍ਰਾਪਤ ਕੀਤੀਆਂ ਇਉਂ ਸਾਹਿਬਾਂ ਨੇ ਦਿਲੀ ਦੀ ਸਿਖ ਸੰਗਤ ਨੂੰ ਨਿਹਾਲ ਕੀਤਾ।'

੧੨. ਕਾਜ਼ੀਆ ਦੀ ਈਰਖਾ

ਬਾਦਸ਼ਾਹ ਬਹਾਦਰ ਸ਼ਾਹ ਦੀ ਸਤਿਗੁਰੂ ਜੀ ਨਾਲ ਮਿਤ੍ਰਤਾ ਹੋਈ ਨੂੰ ਦੇਖ ਕੇ ਦਿਲੀ ਦੇ ਕਾਜ਼ੀ ਤੇ ਮੁਲਾਂ ਬਹੁਤ ਤੰਗ ਹੋਏ ਓਹ ਔਰੰਗਜ਼ੇਬ ਨੂੰ ਬੁਧੂ ਬਣਾ ਕੇ ਹਿੰਦੂਆਂ ਨੂੰ ਲੁਟਦੇ ਤੇ ਮਾਰਦੇ ਰਹੇ ਸਨ। ਹੁਣ ਉਹਨਾਂ ਦਾ ਦਾਅ ਨਹੀਂ ਸੀ ਲਗਦਾ, ਓਹ ਇਕੱਠੇ ਹੋ ਕੇ ਮਸਲਤਾ (ਸਲਾਹੀਂ) ਕਰਨ ਲਗੇ ਉਹਨਾਂ ਵਿਚੋਂ ਬਹੁਤਿਆਂ ਨੇ ਬਾਦਸ਼ਾਹ ਨੂੰ ਕਿਹਾ ਵੀ—ਜਹਾਂ ਪਨਾਹ ! ਪਿਛਲੇ ਬਾਦਸ਼ਾਹ ਦੀ ਤਰ੍ਹਾਂ ਇਸਲਾਮ ਨੂੰ ਵਧਾਉਣ ਦਾ ਜਤਨ ਕਰੋ, ਮੁਸਲਮਾਨਾਂ ਦੀ ਗਿਣਤੀ ਵਧਣੀ ਚਾਹੀਦੀ ਹੈ।

ਇਹ ਸੁਣ ਕੇ ਬਹਾਦਰ ਸ਼ਾਹ ਨੇ ਪੁਛਿਆ—ਗਿਣਤੀ ਕਿਵੇਂ ਵਧੇਗੀ।

ਕਾਜ਼ੀ—ਹਿੰਦੂਆਂ ਨੂੰ ਮੁਸਲਮਾਨ ਕਰਨ ਤੇ ਹਿੰਦੂਆਂ ਨਾਲ ਪਿਆਰ

Sri Satguru Jagjit Singh Ji eLibrary NamdhariElibrary@gmail.com

ਮੇਲ ਦਾ ਸਲੂਕ ਨਾ ਕਰੋ, ਉਹਨਾਂ ਨੂੰ ਤੰਗ ਕਰੋ, ਉਹ ਜ਼ਰੂਰ ਮੁਸਲਮਾਨ ਹੋ ਜਾਣਗੇ। ਤੁਸੀਂ ਹਿੰਦ ਦੇ ਪੀਰਾਂ ਨੂੰ ਕੋਲ ਰਖ ਰਹੇ ਹੋ ਉਹ ਆਪਣੇ ਮਤ ਦਾ ਪ੍ਰਚਾਰ ਕਰ ਰਿਹਾ ਹੈ। ਦਿਲੀ ਦੇ ਹਿੰਦੂ ਹੁਣ ਕਿਸੇ ਮੁਸਲਮਾਨ ਕਾਜ਼ੀ ਸਯਦ ਜਾਂ ਪੀਰ ਦਾ ਕੋਈ ਸਤਿਕਾਰ ਨਹੀਂ ਕਰਦੇ, ਇਹ ਵਤੀਰਾ ਤਾਂ ਇਸਲਾਮ ਵਾਸਤੇ ਇਕ ਮਹਾਨ ਖਤਰਾ ਬਣ ਜਾਵੇਗਾ। ਇਸ ਵਤੀਰੇ ਨੂੰ ਬਦਲੋ, ਆਪਣੇ ਪਿਤਾ ਵਾਂਗ ਇਸਲਾਮ ਦੀ ਸੇਵਾ ਕਰੋ।'

ਬਹਾਦਰ ਸ਼ਾਹ ਚੁਪ ਚਾਪ ਸਭ ਕੁਝ ਸੁਣਦਾ ਰਿਹਾ, ਜਦੋਂ ਕਾਜ਼ੀ ਮਨੋ-ਭਾਵਾਂ ਨੂੰ ਪ੍ਰਗਟ ਕਰ ਬੈਠਾ ਤਾਂ ਬਹਾਦਰ ਸ਼ਾਹ ਨੇ ਉਸ ਨੂੰ ਜਵਾਬ ਦਿਤਾ—'ਹਿੰਦ ਗੁਲਾਮ ਰਹਿ ਸਕਦਾ ਹੈ ਪਰ ਇਸ ਵਿਚੋਂ ਝਗੜੇ ਨਹੀਂ ਮੁਕ ਸਕਦੇ, ਕਿਉਂਕਿ ਤੁਸੀਂ ਲੋਕ ਬਾਦਸ਼ਾਹਾਂ ਨੂੰ ਕੁਰਾਹੇ ਪਾਉਂਦੇ ਹੋ। ਤੰਗ ਕਰਕੇ ਲੁਟ ਕੇ ਮਾਰ ਮਾਰ ਕੇ ਵਧਾਇਆ ਹੋਇਆ ਸਦੀਵੀ ਕਾਲ ਵਾਸਤੇ ਵਧਿਆ ਨਹੀਂ ਰਹਿ ਸਕਦਾ ਓਹ ਬਹੁਤ ਛੇਤੀ ਖਤਮ ਹੋ ਜਾਵੇਗਾ। ਹਿੰਦੂਆਂ ਨੂੰ ਦੁਸ਼ਮਣ ਬਣਾ ਕੇ ਮੁਗਲ ਬਾਦਸ਼ਾਹੀ ਨੇ ਦੁਝ ਖਟਿਆ ਨਹੀਂ ਗਵਾਇਆ ਹੈ। ਦੂਸਰੀ ਰਹੀ 'ਹਿੰਦ ਦੇ ਪੀਰ' ਦੀ ਗਲ, ਇਹਨਾਂ ਨੂੰ ਮੈਂ ਆਪਣੇ ਕੋਲ ਰਖ ਰਿਹਾ ਹਾਂ ਇਹਨਾਂ ਦੀ ਸਹਾਇਤਾ ਕਰਦਾ ਹਾਂ। ਇਹ ਸ਼ਭ ਕੁਝ ਮੇਰੇ ਨਿਜੀ ਜੀਵਨ ਨਾਲ ਸਬੰਧਤ ਮਾਮਲਾ ਹੈ। ਦੂਸਰਾ ਇਹ ਨਹੀਂ ਸੋਚ ਸਕਦਾ। ਮੈਂ ਬਹੁਤਾ ਸੋਚ ਸਕਦਾ ਹਾਂ ਕਿ ਮੈਂ ਕਿਉਂ ਉਹਨਾਂ ਨੂੰ ਕੋਲ ਰਖਣਾ ਹੈ। ਇਸ ਮਾਮਲੇ ਵਿਚ ਤੁਸੀਂ ਦਖਲ ਨਾ ਦੇਵੋ। ਇਸਲਾਮ ਵਧੇਗਾ ਪਿਆਰ ਨਾਲ ਤੇ ਚੰਗੇ ਅਮਲਾਂ ਨਾਲ, ਖੂਨ ਖਰਾਬੇ ਨਾਲ ਨਹੀਂ।

ਕਾਜ਼ੀ—'ਆਪ ਦੇ ਇਸ ਨਰਮ ਸੁਭਾ ਦਾ ਫਲ ਇਹ ਹੋਵੇਗਾ ਕਿ ਹਿੰਦੂ ਸਿਰ ਚੁਕ ਲੈਣਗੇ। ਮੁਗਲ ਹਕੂਮਤ ਨੂੰ ਨਸ਼ਟ ਕਰਨ ਵਾਸਤੇ ਦਲਾਂ ਦੇ ਦਲ ਉਠ ਖਲੋਣਗੇ। ਪੰਜਾਬ ਵਲੋਂ ਵੀ ਖਬਰਾਂ ਆ ਰਹੀਆਂ ਹਨ ਕਿ 'ਹਿੰਦ ਦਾ ਪੀਰ, ਦਿਲੀ ਬੈਠਾ ਹੈ ਪਰ ਓਹਦੇ ਸਿੰਘ ਸਰਹੰਦ ਲੁਟਣ ਦੀਆਂ ਸਲਾਹਾਂ ਕਰ ਰਹੇ ਹਨ। ਓਹ ਪੰਜਾਬ ਉਤੇ ਕਬਜ਼ਾ ਕਰ ਲੈਣਾ ਚਾਹੁੰਦੇ ਹਨ। ਸੂਬਾ ਸਰਹੰਦ ਵਜ਼ੀਰ ਖਾਂ ਵੀ ਰਾਤ ਦਾ ਦਿਲੀ ਪੁਜ ਗਿਆ ਹੈ ਓਹ ਸਾਰਾ ਹਾਲ

Sri Satguru Jagjit Singh Ji eLibrary NamdhariElibrary@gmail.com

ਆਪ ਨੂੰ ਦਸੇਗਾ। ਮੈਨੂੰ ਤਾਂ ਉਸ ਨੇ ਜੋ ਕੁਝ ਦਸਿਆ ਹੈ ਉਸ ਤੋਂ ਮੈਂ ਤਾਂ ਡਰ ਗਿਆ ਹਾਂ ਕਿ 'ਇਸਲਾਮ ਖਤਰੇ, ਵਿਚ ਹੈ। ਇਸ ਵੇਲੇ ਜਹਾਦ ਕਰਨਾ ਜ਼ਰੂਰੀ ਹੈ।'

ਕਾਜ਼ੀ ਦੀ ਇਸ ਗਲ ਦਾ ਉਤਰ ਬਾਦਸ਼ਾਹ ਨੇ ਇਉਂ ਦਿਤਾ- ਜੇਹੜਾ ਰਾਜ ਦੇ ਖਿਲਾਫ ਬਗਾਵਤ ਕਰੇਗਾ ਓਸਦਾ ਮੈਂ ਸਿਰ ਕੁਚਲ ਦੇਵਾਂਗਾ। ਬਾਗੀ ਸਦਾ ਰਾਜ ਦਾ ਦੁਸ਼ਮਣ ਹੁੰਦਾ ਹੈ ਤੇ ਉਸ ਨੂੰ ਸਜ਼ਾਇ ਮੌਤ ਦਿਤੀ ਜਾਂਦੀ ਹੈ। ਮੈਂ ਸਾਰੀਆਂ ਗਲਾਂ ਸਮਝਦਾ ਹਾਂ। ਬਾਕੀ ਰਹੀ ਵਜ਼ੀਰ ਖਾਂ ਦੀ ਗਲ ਓਹ ਝੂਠ ਬੋਲਦਾ ਹੈ। ਉਸ ਨੇ ਆਪ ਮਾੜੇ ਕਰਮ ਕੀਤੇ ਹਨ। 'ਹਿੰਦ ਦੇ ਪੀਰ' ਦੇ ਮਾਸੂਮ ਬਚਿਆਂ ਨੂੰ ਕੰਧ ਵਿਚ ਚਿਣਿਆ ਹੈ ਜ਼ਰੂਰੀ ਹੈ ਕਿ ਓਹ ਡਰਦਾ ਹੋਵੇ। ਮੌਤ ਤੇ ਸਜਾ ਤੋਂ ਡਰਦਾ ਹੋਇਆ ਉਹ 'ਹਿੰਦ ਦੇ ਪੀਰ' ਹਿੰਦੂਆਂ ਤੇ ਸਿਖਾ ਬਾਰੇ ਝੂਠੀਆਂ ਸਾਜਸ਼ਾਂ ਘੜ ਰਿਹਾ ਹੈ ਉਸ ਨਾਲ ਵੀ ਗਲ ਹੋ ਜਾਵੇਗੀ ਓਹ ਸਵੇਰੇ ਮੈਨੂੰ ਮਿਲੇ।'

ਹਛਾ ! ਬਾਦਸ਼ਾਹ ਸਲਾਮਤ ਦੀ ਮਰਜੀ! ਮੈਂ ਤਾਂ ਸੱਚੀਆਂ ਤੇ ਬਾਦਸ਼ਾਹ ਦੇ ਭਲੇ ਦੀਆਂ ਗਲਾਂ ਕਰਨ ਆਇਆ ਸਾਂ। ਹੋਰ ਮੇਰਾ ਕੋਈ ਮਨੋਰਥ ਨਹੀਂ। ਜੇ ਅਸਾਂ ਦੀ ਸਲਾਹ ਚੰਗੀ ਨਹੀਂ ਤਾਂ ਅਗੇ ਨੂੰ ਚੁਪ ਰਹਾਂਗੇ ਪਰ ਮੁਸਲਮਾਨਾਂ ਕਾਜ਼ੀਆਂ ਸੱਯਦਾਂ ਤੇ ਪੀਰਾਂ ਵਿਚ ਗੁਸੇ ਦੀ ਲਹਿਰ ਦੌੜ ਰਹੀ ਹੈ। ਉਹ ਸ਼ਰ੍ਹਾ ਨੂੰ ਕਾਇਮ ਰਖਣਾ ਚਾਹੁੰਦੇ ਹਨ। ਸਾਰੀਆਂ ਮਸੀਤਾਂ ਵਿਚ ਚਰਚਾ ਹੋ ਰਹੀ ਹੈ। ਇਹ ਵੀ ਪਤਾ ਹੈ ਕਿ ਪਰਸੋਂ (ਹਿੰਦ ਦੇ ਪੀਰ ਸਤਿਗੁਰੂ ਜੀ) ਨੇ ਸੈਂਕੜੇ ਹਿੰਦੂਆਂ ਨੂੰ ਆਬੇਹਯਾਤ (ਅੰਮ੍ਰਿਤ) ਪਿਲਾ ਕੇ ਹਥਿਆਰ ਦਿਤੇ ਹਨ ਤੇ ਗੈਰ ਮਤਾਂ ਨਾਲ ਲੜਨ ਦੀ ਸਿਖਿਆ ਦਿਤੀ ਹੈ। ਇਹ ਇਸਲਾਮ ਵਾਸਤੇ ਖਤਰਾ ਹੈ ਇਸ ਪੀਰ ਨੂੰ ਅਨੰਦਪੁਰ ਤੋਂ ਉਜਾੜਨ ਦਾ ਇਹੋ ਮਤਲਬ ਸੀ ਕਿ ਮੁਗਲ ਸਰਕਾਰ ਤੇ ਇਸਲਾਮ ਦੇ ਵਿਰੁਧ ਫੌਜ ਇਕੱਠੀ ਕਰ ਰਿਹਾ ਹੈ। ਕਈ ਲੜਾਈਆਂ ਵੀ ਲੜੀਆਂ ਹਨ। ਅਸਾਂ ਦੀ ਤਾਂ ਇਹ ਰਾਇ ਹੈ ਕਿ ਐਸੇ ਪੀਰ ਨੂੰ ਬੰਦੀ ਖਾਨੇ ਰਖਣਾ ਚਾਹੀਦਾ ਹੈ ਇਸ ਤਰ੍ਹਾਂ ਖੁਲ੍ਹਾ ਰਖਣਾ ਠੀਕ ਨਹੀਂ।'

ਕਾਜ਼ੀ ਇਉਂ ਈਰਖਾ ਦਾ ਭਾਂਬੜ ਬਾਲ ਕੇ ਤੁਰ ਗਿਆ, ਜਾਂਦਾ ਹੋਇਆ

Sri Satguru Jagjit Singh Ji eLibrary NamdhariElibrary@gmail.com

ਉਹ ਇਹ ਵੀ ਡਰ ਦੇ ਗਿਆ ਕਿ ਬਾਦਸ਼ਾਹ ਨੂੰ ਕਾਜ਼ੀ ਤੇ ਮੁਲਾਂ ਇਕੱਠੇ ਹੋਕੇ ਪੁਛਣਗੇ ਕਿ ਉਹ ਇਸਲਾਮ ਦੇ ਦੁਸਮਣ ਨਾਲ ਕਿਉਂ ਮੇਲ ਰਖ ਰਿਹਾ ਹੈ।'

ਬਾਦਸ਼ਾਹ ਸੋਚੀਂ ਪੈ ਗਿਆ ਉਹ ਜਾਣਦਾ ਸੀ ਕਿ ਮੁਗਲਾਂ ਦੀ ਬਾਦਸ਼ਾਹਤ ਸ਼ਰ੍ਹਾਂ ਦੀ ਗੁਲਾਮ ਹੈ ਇਸਦੇ ਚੌਗਿਰਦੇ ਸ਼ਰ੍ਹਾਂ ਦੀਆਂ ਤਿਖੀਆਂ ਛੁਰੀਆਂ ਸਨ। ਉਹ ਕਿਵੇਂ ਤੇ ਕੀ ਕੀ ਕਰੇ, ਦੂਸਰੇ ਹਥ ਹਿੰਦ ਦੇ ਪੀਰ ਸਤਿਗੁਰੂ ਜੀ ਨਾਲ ਵਿਗਾੜਨੀ ਠੀਕ ਨਹੀਂ, ਕਿਉਂਕਿ ਹਰ ਪਾਸੇ ਹਿੰਦੂ ਬਗਾਵਤ ਕਰਨ ਦੀ ਤਿਆਰੀ ਕਰ ਰਹੇ ਹਨ। ਰਾਜਾ ਅਜੀਤ ਸਿੰਘ ਜੈ ਸਿੰਘ ਵਰਗੇ ਜੋ ਹਮਾਇਤੀ ਹਨ ਜੇ ਇਹ ਵਿਗੜ ਬੈਠੇ ਤਾਂ ਹਨੇਰ ਆ ਜਾਵੇਗਾ ਕਿਸੇ ਪਾਸੇ ਜੋਗੇ ਨਹੀਂ ਰਹਾਂਗੇ, ਦੋ ਦੋ ਲਖ ਜਵਾਨ ਇਨ੍ਹਾਂ ਦੇ ਕੋਲ ਹੈ। ਇਹ ਪੀਰ ਕਰਾਮਾਤੀ ਹੈ। ਕਰਾਮਾਤ ਨਾਲ ਸਾਰੇ ਲੋਕਾਂ ਨੂੰ ਵਸ ਕਰੀ ਜਾਂਦਾ ਹੈ। ਆਜ਼ਮ ਨੂੰ ਕਰਾਮਾਤ ਨਾਲ ਹੀ ਹਰਾਇਆ ਤੇ ਮਰਵਾਇਆ ਹੈ। ਹੋਰ ਕੀ ਹੋ ਸਕਦਾ ਹੈ ਕੋਈ ਨਵਾਂ ਪੈਂਤੜਾ ਬਦਲੋ, ਕਾਜ਼ੀ ਲੋਕ ਮੂਰਖ ਹਨ। ਬੁਰਾ ਭਲਾ ਨਹੀਂ ਸੋਚਦੇ ਸ਼ਰ੍ਹਾ ਦੀ ਚੋਟ ਲਾਈ ਜਾਂਦੇ ਹਨ। ਇਹ ਨਹੀਂ ਖਿਆਲ ਕਰਦੇ ਕਿ ਸਾਰਾ ਮਾਮਲਾ ਕੀ ਹੈ? ਕਿਸ ਤਰ੍ਹਾਂ ਨਜਿਠਿਆ ਜਾਵੇਗਾ।

ਬਹਾਦਰ ਸ਼ਾਹ ਘਬਰਾ ਗਿਆ, ਉਸ ਨੂੰ ਸੁਝੇ ਨਾ ਕਿ ਉਹ ਕੀ ਕਰੇ। ਦਿਲ ਦੀ ਬੇਚੈਨੀ ਨੂੰ ਦੂਰ ਕਰਨ ਵਾਸਤੇ ਉਹ ਆਪਣੇ ਹਾਕਮਾਂ ਵਿਚੋਂ ਉਠ ਸਤਿਗੁਰੂ ਜੀ ਵਲ ਚਲਿਆ ਗਿਆ।

੧੩. ਜਵਾਹਰ ਸਿੰਘ ਦੀ ਕੰਨਿਆ ਦਾ ਪ੍ਰਸੰਗ

ਪਠਾਣਾਂ ਤੇ ਮੁਗਲਾਂ ਦੇ ਸਮੇਂ ਹਿੰਦ ਦੀ ਦਸ਼ਾ ਬਹੁਤ ਨਿਰਾਲੀ ਸੀ। ਨਾਰੀ ਦੀ ਜਵਾਨੀ ਤੇ ਸੁੰਦਰਤਾ ਲੁਕਾ ਕੇ ਰਖਣੀ ਪੈਂਦੀ ਸੀ; ਕਿਉਂਕਿ ਬਾਦਸ਼ਾਹ ਤਕ ਸਾਰੇ ਹੀ ਹੁਸਨ ਤੇ ਜਵਾਨੀ ਦੇ ਚੋਰ ਹੁੰਦੇ ਸੀ। ਹਿੰਦੂ ਤਾਂ ਵਿਸ਼ੇਸ਼ ਕਰਕੇ ਦਸਾਂ ਸਾਲਾਂ ਦੀ ਉਮਰ ਦੇ ਪਿਛੋਂ ਲੜਕੀਆਂ ਨੂੰ ਪੜਦੇ ਵਿਚ ਰਖਦੇ। ਅਮੀਰ ਘਰਾਂ ਦੀਆਂ ਜਾਈਆਂ ਕਿਉਂਕਿ ਬਹੁਤ ਸੁੰਦਰ ਹੁੰਦੀਆਂ ਇਸ ਕਰਕੇ ਉਹ ਘਰਾਂ ਵਿਚ ਨਜ਼ਰਬੰਦ ਹੋ ਜਾਂਦੀਆਂ ਉਨ੍ਹਾਂ ਦੀ ਨਜ਼ਰਬੰਦੀ

Sri Satguru Jagjit Singh Ji eLibrary NamdhariElibrary@gmail.com

ਬਹੁਤ ਹੀ ਸਖਤ ਹੁੰਦੀ ਸੀ ਏਸੇ ਸਮੇਂ ਤੋਂ ਹੀ ਹਿੰਦੂ ਇਸਤ੍ਰੀ ਜਾਤੀ ਵਿਚ ਪੜਦੇ ਦਾ ਰਵਾਜ ਪਿਆ, ਹਿੰਦੂ ਰਾਜ ਦੇ ਸਮੇਂ ਭਾਰਤ ਵਿਚ ਪੜਦਾ ਨਹੀਂ ਸੀ ਹੁੰਦਾ।

ਜਵਾਹਰ ਸਿੰਘ ਇਕ ਅਮੀਰ ਆਦਮੀ ਸੀ। ਵਾਹਿਗੁਰੂ ਦੀ ਕਿਰਪਾ ਨਾਲ ਉਸ ਕੋਲ ਕਿਸੇ ਗਲ ਦਾ ਘਾਟਾ ਨਹੀਂ ਸੀ। ਉਹਦੀ ਇਕ ਜਵਾਨ ਲੜਕੀ ਸੀ ਉਸਦੀ ਸ਼ਾਦੀ ਵਾਸਤੇ ਕੋਈ ਯੋਗ ਵਰ ਨਹੀਂ ਸੀ ਮਿਲਿਆ। ਅਜੇ ਉਹ ਅਨਵਿਆਹੀ ਸੀ। ਦੇਸ਼ ਦੇ ਰਵਾਜ ਅਨੁਸਾਰ ਉਸਨੂੰ ਪੜਦੇ ਵਿਚ ਰਖਿਆ ਜਾਂਦਾ ਸੀ। ਪਰ ਸਤਿਗੁਰੂ ਜੀ ਦੇ ਦਰਬਾਰ ਵਿਚ ਕਿਸੇ ਨੂੰ ਪੜਦਾ ਕਰਣ ਦੀ ਖੁਲ੍ਹ ਨਹੀਂ ਸੀ। ਐਵੇਂ ਸਾਰੇ ਖੁਲ੍ਹੇ ਮੂੰਹ ਬੈਠਕੇ ਵਾਹਿਗੁਰੂ ਦਾ ਸਿਮਰਨ ਕਰਦੇ ਸਨ। ਜਵਾਹਰ ਸਿੰਘ ਦੀ ਲੜਕੀ ਸਤਿਸੰਗ ਵਿਚ ਆਇਆ ਕਰਦੀ ਸੀ। ਉਹ ਬੜੀ ਨੇਕ ਪਵਿਤ੍ਰ ਦਿਲ ਦੇ ਭੁਗਤੀਭਾਵ ਵਾਲੀ ਕੰਨਿਆਂ ਸੀ। ਉਹ ਦੀਵਾਨ ਵਿਚ ਹਾਜ਼ਰ ਹੁੰਦੀ ਹਥ ਜੋੜ ਕੇ ਬੈਠੀ ਹੋਈ ਵ ਹਿਗੁਰੂ ਦੇ ਨਾਮ ਦਾ ਸਿਮਰਨ ਕਰਦੀ ਰਹਿੰਦੀ।

ਇਕ ਦਿਨ ਬਹਾਦਰ ਸ਼ਾਹ ਸਤਿਗੁਰੂ ਜੀ ਪਾਸ ਬੈਠਾ ਸੀ ਕਿ ਕੰਨਿਆਂ ਆਈ ਤੇ ਸਤਿਗੁਰੂ ਜੀ ਦੇ ਚਰਨਾਂ ਉਤੇ ਮਥਾ ਟੇਕਕੇ ਇਕ ਪਾਸੇ ਬੈਠ ਗਈ। ਉਹ ਆਪਣੇ ਧਿਆਨ ਸਿਮਰਨ ਕਰਨ ਲਗ ਗਈ। ਬਹਾਦਰ ਸ਼ਾਹ ਦੀਆਂ ਅੱਖਾਂ ਨੇ ਕੰਨਿਆਂ ਦਾ ਰੂਪ ਦੇਖਿਆ, ਅੱਖਾਂ ਰੂਪ ਨੂੰ ਦੇਖਣ ਤੋਂ ਨਾ ਹਟੀਆਂ, ਉਹ ਦੇਖਦੀਆਂ ਹੀ ਰਹੀਆਂ। ਮਨ ਹਥੋਂ ਚਲਿਆ ਗਿਆ। ਬਚਨ ਬਿਲਾਸ ਤਾਂ ਬਹਾਦਰ ਸ਼ਾਹ ਕਰਦਾ ਰਿਹਾ ਪਰ ਉਹਦਾ ਮਨ ਤੇ ਅੱਖਾਂ ਕੰਨਿਆਂ ਵਲ ਰਹੀਆਂ। ਕੰਨਿਆਂ ਭਰ ਜੋਬਨ ਤੇ ਹੀ, ਵੀਹ ਸਾਲ ਦੇ ਕਰੀਬ ਉਮਰ ਸੀ, ਐਸੀ ਸੁੰਦਰੀ ਉਸ ਸਮੇਂ ਸ਼ਾਇਦ ਹੀ ਸਾਰੇ ਦਿਲੀ ਸ਼ਹਿਰ ਵਿਚ ਹੋਵੇ।

ਅੰਤਰਜਾਮੀ ਸਤਿਗੁਰੂ ਜੀ ਬਹਾਦਰ ਸਾਹ ਦੇ ਮਨ ਦੀ ਦਸ਼ਾ ਨੂੰ ਤਾੜ ਗਏ, ਉਨ੍ਹਾਂ ਨੇ ਉਹਦੇ ਮਨ ਨੂੰ ਸੀਤਲ ਕਰਨ ਦਾ ਜਤਨ ਕੀਤਾ ਪਰ ਉਹ ਨਾ ਸਮਝ ਸਕਿਆ ਸਤਿਗੁਰੂ ਜੀ ਨੇ ਗਲ ਬਾਤ ਕਰਨ ਵਿਚ ਦਸਿਆ ਕਿ ਬਾਦਸ਼ਾਹ ਨੂੰ ਮਨ ਉਤੇ ਕਾਬੂ ਪਾਉਣਾ ਚਾਹੀਦਾ। ਉਸਨੂੰ ਘਰ ਜਾਂਦੀਆਂ ਨੂੰਹਾ ਧੀਆਂ ਤੇ ਇਸਤ੍ਰੀਆਂ ਵਲ ਮੰਦੇ ਚਿਤ ਨਾਲ ਨਹੀਂ ਤੱਕਣਾ ਚਾਹੀਦਾ।

Sri Satguru Jagjit Singh Ji eLibrary NamdhariElibrary@gmail.com

ਉਸ ਵੇਲੇ ਬਹਾਦਰ ਸ਼ਾਹ ਰਹਿ ਨਾ ਸਕਿਆ ਉਸ ਨੇ ਸਤਿਗੁਰੂ ਜੀ ਪਾਸੋਂ ਹੀ ਪੁਛ ਲਿਆ—'ਇਹ ਲੜਕੀ ਕਿਸ ਦੀ ਹੈ ?'

'ਜਵਾਹਰ ਸਿੰਘ ਦੀ ਬੇਟੀ ਹੈ ਬਹੁਤ ਨੇਕ ਤੇ ਚੰਡੀ ਸਮਾਨ।' ਸਤਿਗੁਰੂ ਜੀ ਦਾ ਬਚਨ ਸੀ।

'ਚੰਡੀ ਸਮਾਨ' ਦੇ ਅਰਥ ਬਹਾਦਰ ਸ਼ਾਹ ਨਾ ਸਮਝ ਸਕਿਆ, ਉਹ ਵੀ ਸਤਿਗੁਰੂ ਜੀ ਪਾਸੋਂ ਉਠ ਕੇ ਚਲਿਆ ਗਿਆ।

ਬਹਾਦਰ ਸ਼ਾਹ ਲਾਲ ਕਿਲੇ ਵਿਚ ਪੁਜ ਗਿਆ; ਉਹਦੀਆਂ ਆਪਣੀਆਂ ਨਾਰੀਆਂ ਬਹੁਤ ਸੁੰਦਰ ਸਨ, ਗੋਂਲੀਆਂ ਸਨ ਪਰ ਉਸ ਦਾ ਚਿਤ ਉਦਾਸ ਤੇ ਬੇਚੈਨ ਹੀ ਰਿਹਾ ਸੀ। ਉਸ ਨੇ ਆਪਣੇ ਆਦਮੀਆਂ ਨੂੰ ਕਿਹਾ ਕਿ ਪਾਲਕੀ ਲੈ ਜਾਵੋ ਤੇ ਜਵਾਹਰ ਸਿੰਘ ਦੇ ਘਰ ਪੁਜ ਕੇ ਉਥੋਂ ਉਹਦੀ ਕੰਨਿਆਂ ਪਾਲਕੀ ਵਿਚ ਬੈਠਾ ਲਿਆਵੋ, ਦੇਖੋ! ਦੇਰ ਨਾ ਕਰਨੀ, ਕਿਸੇ ਕੋਲੋਂ ਡਰਨਾ ਨਹੀਂ ਜਵਾਹਰ ਸਿੰਘ ਨੂੰ ਕਹਿ ਦੇਣਾ ਬਾਦਸ਼ਾਹ ਦਾ ਹੁਕਮ ਹੈ।

ਸਿਪਾਹੀ ਪਾਲਕੀ ਲੈ ਕੇ ਗਏ, ਉਸ ਵੇਲੇ ਏਸੇ ਤਰ੍ਹਾਂ ਦਾ ਚੰਦ੍ਰਾ ਰਵਾਜ ਸੀ, ਬਾਦਸ਼ਾਹ ਪਾਲਕੀ ਭੇਜਕੇ ਕਿਸੇ ਦੀ ਨੂੰਹ ਧੀ ਨੂੰ ਮੰਗਵਾ ਲੈਂਦਾ ਜੇ ਉਹ ਉਹਦਾ ਪੁਰਾ ਕਰਦੀ ਜਾਂ ਘਰ ਦੇ ਰੋਕਦੇ ਤਾਂ ਉਨ੍ਹਾਂ ਸਭ ਨੂੰ ਗ੍ਰਿਫਤਾਰ ਕਰ ਕੇ ਜੇਹਲ ਖਾਨੇ ਵਿਚ ਸੁਟਿਆ ਜਾਂਦਾ। ਬਾਦਸ਼ਾਹ ਐਸਾ ਹੋਣ ਕਰਕੇ ਹੀ ਛੋਟੇ ਛੋਟੇ ਹਾਕਮ ਵੀ ਐਸੇ ਹੀ ਦੁਰਾਚਾਰੀ ਤੇ ਪਾਪੀ ਹੋ ਚੁਕੇ ਸਨ। ਕੋਈ ਕਿਸੇ ਦੀ ਦਾਦ ਫਰਿਆਦ ਨਹੀਂ ਸੀ ਸੁਣਦਾ, ਸਾਰੇ ਹੀ ਮਾੜੇ ਪੁਰਸ਼ ਰਲੇ ਹੋਏ ਸਨ।

ਸਿਪਾਹੀ ਪਾਲਕੀ ਲੈਕੇ ਜਵਾਹਰ ਸਿੰਘ ਦੇ ਘਰ ਅਗੇ ਪੁਜੇ। ਉਸ ਵੇਲੇ ਸਤਿਗੁਰੂ ਜੀ ਵੀ ਸਮਾਧੀ ਲਾ ਕੇ ਬੈਠ ਗਏ, ਕਿਉਂਕਿ ਸਾਹਿਬਾਂ ਨੂੰ ਪਤਾ ਲਗ ਗਿਆ ਸੀ ਕਿ ਬਾਦਸ਼ਾਹ ਜ਼ਰੂਰ ਬੁਰਿਆਈ ਕਰੇਗਾ। ਇਹ ਬੁਰਿਆਈ ਕਰਨ ਤੇ ਤੁਲ ਗਿਆ ਹੈ ਇਸ ਨੂੰ ਸਿਖਿਆ ਦੇਣੀ ਹੀ ਠੀਕ ਹੈ। ਸਾਹਿਬ ਅੰਤਰ ਧਿਆਨ ਨਾਲ ਸਭ ਕੁਝ ਦੇਖਦੇ ਰਹੇ ਤੇ ਕੰਨਿਆਂ ਦੀ ਰਾਖੀ ਕਰਦੇ ਤੇ ਜਵਾਹਰ ਸਿੰਘ ਦੀ ਇਜ਼ਤ ਬਚਾਉਂਦੇ ਰਹੇ।

Sri Satguru Jagjit Singh Ji eLibrary NamdhariElibrary@gmail.com

ਪਾਲਕੀ ਵਾਲੇ ਜਵਾਹਰ ਸਿੰਘ ਦੇ ਮਕਾਨ ਅਰੇ ਪੁਜੇ ਤਾਂ ਅੱਖਾਂ ਤੋਂ ਅੰਨੇ ਹੋ ਗਏ, ਉਨ੍ਹਾਂ ਨੂੰ ਦਿਸਣੋਂ ਹਟ ਗਿਆ, ਜੇ ਮਾੜਾ ਜਿਹਾ ਦਿਸਦਾ ਵੀ ਤਾਂ ਇਉਂ ਮਾਲੂਮ ਹੁੰਦਾ ਜਿਵੇਂ ਸ਼ੇਰ ਦਰਵਾਜ਼ੇ ਅਰੇ ਖਲੋਤੇ ਹਨ। ਉਹ ਗਹਿਰੀਆਂ ਅੱਖਾਂ ਨਾਲ ਉਹਨਾਂ ਵਲ ਤੱਕ ਰਹੇ ਹਨ, ਜਰੂਰ ਖਾ ਜਾਣਗੇ। ਉਹਨਾਂ ਸਿਪਾਹੀਆਂ ਤੇ ਕਹਾਰਾਂ ਦੀ ਬੋਲਣ ਸ਼ਕਤੀ ਜਾਂਦੀ ਰਹੀ। ਉਹ ਨਾ ਅਵਾਜ਼ ਮਾਰ ਸਕਦੇ ਨਾ ਕੋਈ ਗਲ ਕਰ ਸਕਦੇ, ਉਹ ਬੁਤ ਬਣ ਕੇ ਖਲੋ ਗਏ ਉਨ੍ਹਾਂ ਨੂੰ ਖਲੋਤਿਆਂ ਦੇਖ ਕੇ ਹੈਰਾਨ ਹੋਏ। ਕਈਆਂ ਪੁਛਿਆ—'ਕਿਉਂ ਆਏ ਹੋ?' ਉਹ ਸੁਣ ਤਾਂ ਸਧ ਕੁਝ ਲੈਂਦੇ ਪਰ ਉਤਰ ਨਾ ਦੇ ਸਕਦੇ ਕਿ ਕਿਧਰ ਤੇ ਕਿਉਂ ਆਏ ਹਨ।

ਜਵਾਹਰ ਸਿੰਘ ਦੇ ਆਦਮੀਆਂ ਸੇਵਕਾਂ ਨੂੰ ਪਾਲਕੀ ਵੇਖ ਕੇ ਖਿਆਲ ਆਯਾ ਕਿਤੇ ਕੰਨਿਆਂ ਨੂੰ ਲੈਣ ਵਾਸਤੇ ਨਾ ਆਏ ਹੋਣ। ਉਨ੍ਹਾਂ ਨੇ ਹਵੇਲੀ ਦਾ ਬੂਹਾ ਬੰਦ ਕਰ ਦਿਤਾ, ਕੰਨਿਆਂ ਨੂੰ ਲੁਕਾ ਕੇ ਸਾਰਾ ਟੱਬਰ ਘਬਰਾ ਗਿਆ ਪਰ ਕਹਾਰਾਂ ਤੇ ਸਿਪਾਹੀਆਂ ਨੇ ਨਾ ਅਵਾਜ਼ ਦਿਤੀ ਤੇ ਨਾ ਹੀ ਕੁਝ ਪੁਛਿਆ ਉਹ ਪਿਛੇ ਮੁੜ ਪਏ। ਜਾਂ ਪਿਛੇ ਮੁੜੇ ਤਾਂ ਉਹਨਾਂ ਨੂੰ ਦਿਸਣ ਲਗਾ, ਪਰ ਜ਼ਬਾਨ ਨਾ ਖੁਲ੍ਹੀ ਉਹ ਹੋਰ ਪਿਛੇ ਆ ਗਏ, ਜਦੋਂ ਜਵਾਹਰ ਸਿੰਘ ਦੀ ਗਲੀ ਵਿਚੋਂ ਬਾਹਰ ਆ ਗਏ ਤਾਂ ਉਨ੍ਹਾਂ ਦੀ ਜ਼ਬਾਨ ਖੁਲ੍ਹੀ, ਅੱਖਾਂ ਸਾਫ ਹੋਈਆਂ ਉਹ ਝੱਟ ਪੱਟ ਕਿਲ੍ਹੇ ਵਲ ਤੁਰ ਪਏ। ਬਾਦਸ਼ਾਹ ਦੇ ਕੋਲ ਪੁਜਕੇ ਸਾਰੀ ਵਾਰਤਾ ਸੁਣਾ ਦਿਤੀ ਬਹਾਦਰ ਸ਼ਾਹ ਨੂੰ ਕਾਮ ਦੇਵਤਾ ਨੇ ਤੰਗ ਕੀਤਾ ਹੋਇਆ ਸੀ ਉਹ ਉਸ ਕੰਨਿਆਂ ਨੂੰ ਆਪਣੇ ਕੋਲ ਲਿਆਉਣਾ ਚਾਹੁੰਦਾ ਸੀ, ਉਹ ਸਿਪਾਹੀਆਂ ਤੇ ਕਹਾਰਾਂ ਦੇ ਗਲ ਪੈ ਗਿਆ। ਉਨ੍ਹਾਂ ਨੂੰ ਗਾਲਾਂ ਕੱਢੀਆਂ ਤੇ ਡਰਪੋਕ ਦਸਿਆ ਮੈਂ ਨਹੀਂ ਮੰਨ ਸਕਦਾ, ਐਸੀ ਗਲ ਕਿਵੇਂ ਹੋ ਸਕਦੀ ਹੈ ਮੈਂ ਕਈ ਲੜਕੀਆਂ ਮੰਗਵਾਈਆਂ, ਕਦੀ ਸਿਪਾਹੀ ਤੇ ਕਹਾਰ ਅੰਨੇ ਨਾ ਹੋਏ, ਜ਼ਰੂਰ ਤੁਸਾਂ ਦਾ ਫਰੇਬ ਹੈ। ਜਵਾਹਰ ਸਿੰਘ ਅਮੀਰ ਆਦਮੀ ਹੈ ਉਸ ਕੋਲੋਂ ਪੈਸੇ ਖਾ ਗਏ ਹੋ। ਮੈਂ ਤੁਸਾਂ ਨੂੰ ਮਾਰ ਸੁਟਾਂਗਾ। ਨਾਲਾਇਕ ਪਾਜ਼ੀ! ਬੇਸ਼ਰਮ ਕੁਤੇ, ਬਾਦਸ਼ਾਹ ਦੇ ਹੁਕਮ ਨੂੰ ਦੇਖਦਾ ਹਾਂ ਕੌਣ ਮੋੜ ਸਕਦਾ ਹੈ। ਜਿਹੜੇ ਪੰਜਾਂ ਪੀਰਾਂ

Sri Satguru Jagjit Singh Ji eLibrary NamdhariElibrary@gmail.com

ਦੀ ਉਸਨੂੰ ਥਾਪਨਾ ਹੈ।'

ਬਾਦਸ਼ਾਹ ਪਾਲਕੀ ਵਿਚ ਬੈਠਾ, ਇਕ ਪਾਲਕੀ ਹੋਰ ਮੰਗਵਾਈ ਨਾਲ ਦੂਸਰੇ ਸਿਪਾਹੀ ਲੈਕੇ ਤੁਰ ਪਿਆ ਕਿਲੇ ਵਿਚੋਂ ਨਿਕਲਦੇ ਨੂੰ ਨਿੱਛ ਵੱਜੀ, ਰਕਾਵਟ ਪਈ ਜਾਂ ਕਿਲੇ ਵਿਚੋਂ ਬਾਹਰ ਨਿਕਲਿਆ ਤਾਂ ਉਸਦੀ ਜ਼ਬਾਨ ਤਾਲੂ ਨਾਲ ਜੁੜ ਗਈ, ਉਹ ਕੁਝ ਬੋਲ ਨਾ ਸਕੇ ਉਸਨੇ ਕਹਾਰਾਂ ਨੂੰ ਰੋਕਿਆ ਪਰ ਉਹ ਨਾ ਰੁਕੇ। ਹਥ ਜ਼ੋਰ ਨਾਲ ਮਾਰਕੇ ਸਮਝਾਇਆ ਕਿ ਖਲੋ ਜਾਵੋ ਮੈਨੂੰ ਕੁਝ ਹੋ ਗਿਆ ਹੈ। ਕਹਾਰ ਖਲੋ ਗਏ। ਬਾਦਸਾਹ ਨੇ ਪਿਛੇ ਮੁੜਨ ਵਾਸਤੇ ਕਿਹਾ ਤਾਂ ਪਾਲਕੀ ਪਿਛਾਂਹ ਮੁੜੀ ਤਾਂ ਜਬਾਨ ਦੰਗੀ ਹੋ ਗਈ ਉਸ ਨੂੰ ਗਯਾਨ ਹੋ ਗਿਆ ਕਿ ਜ਼ਰੂਰ ਇਸ ਕੰਨਿਆਂ ਦੀ ਰਾਖੀ ਹਿੰਦ ਦਾ ਪੀਰ ਕਰਦਾ ਹੈ। ਉਹ ਬਹੁਤ ਸ਼ਰਮਿੰਦਾ ਹੋਇਆ ਜਾਂ ਕਿਲੇ ਵਿਚ ਆਇਆ ਤਾਂ ਉਸ ਨੂੰ ਕੰਨਯਾਂ ਗਈ ਪਰ ਜ਼ਬਾਨ ਦਾ ਤਾਲੂ ਨਾਲ ਲਗਣਾ ਚੇਤੇ ਰਹਿ ਗਿਆ। ਉਹ ਬਹੁਤ ਦੁਖੀ ਹੋਇਆ ਸਾਰਾ ਦਿਨ ਸੋਚਦਾ ਰਿਹਾ।

ਉਧਰ ਜਵਾਹਰ ਸਿੰਘ ਘਬਰਾਯਾ ਹੋਇਆ ਸਤਿਗੁਰੂ ਜੀ ਪਾਸ ਗਿਆ ਤੇ ਉਸਨੇ ਜਾਕੇ ਤਰਲੇ ਨਾਲ ਆਖਿਆ—ਮਹਾਰਾਜ! ਮੇਰੇ ਤੇ ਦਇਆ ਕਰੋ, ਅੱਜ ਬਾਦਸ਼ਾਹ ਦੀ ਪਾਲਕੀ ਮੇਰੇ ਬੂਹੇ ਅਗੇ ਆਈ ਸੀ ਉਹ ਪਾਲਕੀ ਕਹਿੰਦੇ ਨੇ ਮੇਰੀ ਲੜਕੀ ਨੂੰ ਲੈਣ ਵਾਸਤੇ ਆਈ ਸੀ, ਮੈਂ ਲੁਟਿਆ ਜਾਵਾਂਗਾ ਉਹ ਪਾਲਕੀ ਮੁੜਕੇ ਨਾ ਆਵੇ ਬਾਦਸ਼ਾਹ ਨੂੰ ਸਮਝਾਵੋ ਉਹ ਅਸਾਂ ਤੇ ਦਇਆ ਕਰੇ ਧਨ ਦੀ ਲੋੜ ਹੈ ਤਾਂ ਲੈ ਜਾਵੇ ਪਰ ਮੇਰੀ ਲੜਕੀ ਨੂੰ ਕੁਝ ਨਾ ਆਖੇ।

ਇਹ ਸੁਣਕੇ ਗੁਰੂ ਜੀ ਮੁਸਕ੍ਰਾ ਪਏ, ਸਾਹਿਬਾਂ ਨੇ ਕਿਹਾ—'ਕੰਨਿਆਂ ਤੇਰੀ ਜੋਹੈ ਇਹ ਪਾਲਕੀ ਮੁੜ ਗਈ ਚੰਗਾ ਹੋ ਗਿਆ, ਮੁੜਕੇ ਪਾਲਕੀ ਤੇਰੇ ਘਰ ਦੇ ਬੂਹੇ ਅਗੇ ਨਹੀਂ ਆਵੇਗੀ ਵਿਧਮਾਤਾ ਦੇ ਲੇਖ ਲਿਖੇ ਹੋਏ ਪਲਟੇ ਹਨ ਸੂਲੀ ਤੋਂ ਸੂਲ ਬਣੀ ਹੈ ਇਹ ਸਭ ਭਗਤੀ ਦਾ ਪ੍ਰਤਾਪ ਹੈ।'

'ਉਹ ਕਿਵੇਂ ਮਹਾਰਾਜ?' ਜਵਾਹਰ ਸਿੰਘ ਨੇ ਬੇਨਤੀ ਕੀਤੀ।

'ਪੂਰਬਲੇ ਜਨਮ ਦੇ ਕਾਰਨ ਐਸਾ ਬਾਦਸ਼ਾਹ ਨਾਲ ਸੰਜੋਗ ਸੀ ਪਰ ਕਿਉਂਕਿ ਕੰਨਿਆਂ ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋ

Sri Satguru Jagjit Singh Ji eLibrary NamdhariElibrary@gmail.com

ਗਈ, ਜਿਸ ਕਰਕੇ ਉਹਦੇ ਮਥੇ ਦੀ ਤੇਖਾ ਮਿਟ ਗਈ, ਹੁਣ ਦੇਸ ਨੂੰ ਕੋਈ ਖਤਰਾ ਨਹੀਂ ਬਾਦਸ਼ਾਹ ਨੇ ਮੰਦਾ ਚਿਤਵਿਆ ਸੀ, ਉਸਦਾ ਫਲ ਉਸਨੂੰ ਮਿਲ ਗਿਆ, ਜਾਓ ਬੇਫਿਕਰ ਹੋ ਕੇ ਘਰ ਬੈਠੋ। ਧਰਮ ਆਸਰੇ ਕੰਨਿਆਂ ਦੇ ਚੌਗਿਰਦੇ ਕੋਟ ਉਸਾਰਿਆ ਹੈ ਉਸਦੇ ਧਰਮ ਨੂੰ ਆਂਚ ਨਹੀਂ ਲਗੇਗੀ।'

ਇਸਤਰਾਂ ਸਤਿਗੁਰੂ ਜੀ ਨੇ ਪੂਰਨ ਸਿਖ ਦੀ ਕੰਨਿਆਂ ਦਾ ਧਰਮ ਰਖਿਆ, ਆਪਣੀ ਸ਼ਕਤੀ ਦੁਸ਼ਟਾਂ ਨੂੰ ਦਿਖਾਈ । ਬਾਦਸ਼ਾਹ ਉਸ ਦਿਨ ਸਤਿਗੁਰੂ ਜੀ ਪਾਸ ਆਇਆ ਹੀ ਨਾ ਉਹ ਮੰਦੇ ਕਰਮ ਚਿਤਵਨ ਤੇ ਉਹਦੇ ਹਿਰਦੇ ਨੇ ਹੀ ਉਸਨੂੰ ਲਾਹਨਤਾਂ ਪਾਈਆਂ।

੧੪. ਵਜ਼ੀਰ ਖਾ ਸਰਹੰਦ ਦਾ ਬਹਾਦਰ ਸ਼ਹ ਨੂੰ ਮਿਲਣਾ ਤੇ ਸਤਿਗੁਰੂ ਜੀ ਦੇ ਵਿਰੁਧ ਕਹਿਣਾ

ਵਜ਼ੀਰ ਖਾਂ ਸਰਹੰਦ ਨੂੰ ਪਤਾ ਲਗ ਗਿਆ ਕਿ ਨਵੇਂ ਬਾਦਸ਼ਾਹ ਤੇ ਸਤਿਗੁਰੂ ਜੀ ਦਾ ਮੇਲ ਹੋ ਗਿਆ ਹੈ। ਉਹ ਡਰ ਗਿਆ ਕਿਤੇ ਸਤਿਗੁਰੂ ਜੀ ਬਾਦਸ਼ਾਹ ਨੂੰ ਉਸ ਦੇ ਵਿਰੁਧ ਹੀ ਨਾ ਕਰ ਦੇਣ । ਉਹ ਆਪਣੇ ਬਚਾਓ ਵਾਸਤੇ ਬਾਦਸ਼ਾਹ ਦੇ ਕੰਨ ਭਰਨ ਤੇ ਆਪਣੇ ਆਪ ਨੂੰ ਵਫਾਦਾਰ ਅਖਵਾਉਣ ਬਦਲੇ ਸਰਹੰਦੋਂ ਤੁਰਕੇ ਦਿਲੀ ਪੁਜਾ। ਤੀਸਰੇ ਦਿਨ ਬਾਦਸ਼ਾਹ ਨਾਲ ਮੇਲ ਹੋਇਆ। ਉਸ ਸਮੇਂ ਵਜ਼ੀਰ ਖਾਂ ਨੇ ਹੋਰ ਰਾਜਸੀ ਮਾਮਲੇ ਬਿਆਨ ਕਰਨ ਦੇ ਪਿਛੋਂ ਇਹ ਆਖਿਆ—'ਪੰਜਾਬ ਵਿਚ ਫਿਰ ਬਗਾਵਤ ਦਾ ਖਤਰਾ ਹੈ। ਗੁਰੂ (ਜੀ) ਏਥੋਂ ਚਿੱਠੀਆਂ ਲਿਖ ਲਿਖ ਕੇ ਪੰਜਾਬ ਦੇ ਸਿਖਾਂ ਨੂੰ ਭੇਜ ਰਿਹਾ ਹੈ ਉਹ ਕੋਈ ਨਾ ਕੋਈ ਹੱਲਾ ਕਰਨ ਵਾਲੇ ਹਨ ਸਿਖੀ ਦਾ ਪ੍ਰਚਾਰ ਜ਼ੋਰਾਂ ਉਤੇ ਹੈ। ਬਾਦਸ਼ਾਹ ਸਲਾਮਤ ਪਾਸੋਂ ਡਰਦੇ ਹੋਏ ਕਾਜ਼ੀ ਤੇ ਮੁਲਾਂ ਉਨ੍ਹਾਂ ਦੀ ਵਿਰੋਧਤਾ ਨਹੀਂ ਕਰ ਰਹੇ। ਹਿੰਦੂ ਮੁਸਲਮਾਨਾਂ ਅਗੇ ਆਕੜਨ ਲਗ ਪਏ ਹਨ। ਇਹ ਹਿੰਦ ਦਾ ਪੀਰ ਬਹੁਤ ਚਲਦਾ ਪੁਰਜਾ ਹੈ। ਬਾਦਸ਼ਾਹ ਸਲਾਮਤ ਨੂੰ ਵਿਸਾਹ ਨਹੀਂ ਖਾਣਾ ਚਾਹੀਦਾ। ਚੰਗਾ ਹੈ ਜੇ ਨਜ਼ਰ ਬੰਦ ਨਹੀਂ ਕਰਨਾ ਤੇ ਦੱਖਣ ਵਲ ਤੋਰ ਦੇਣਾ ਚਾਹੀਦਾ ਹੈ। ਪੰਜਾਬ ਨਾ ਆਵੇ, ਮਸਾਂ ਮਸਾਂ ਅਨੰਦਪੁਰ ਖਾਲੀ

Sri Satguru Jagjit Singh Ji eLibrary NamdhariElibrary@gmail.com

ਕਰਵਾਇਆ ਹੈ । ਜੇ ਬਾਦਸ਼ਾਹ ਸਲਾਮਤ ਨੇ ਇਸ ਪਾਸੇ ਵਲ ਧਿਆਨ ਨਾ ਦਿਤਾ ਤਾਂ ਜ਼ਰੂਰ ਕਈ ਪਰਕਾਰ ਦੀਆਂ ਔਕੜਾਂ ਪੇਸ਼ ਆਉਣਗੀਆਂ । ਬੰਦਾ ਤਾਂ ਹਕੂਮਤ ਦਾ ਸੇਵਕ ਤੇ ਵਫਾਦਾਰ ਹੈ ਮੈਨੂੰ ਜਿਵੇਂ ਚਾਹੋ ਵਰਤੋ । ਇਕ ਲੱਖ ਫੌਜੀ ਮੇਰੇ ਪਾਸ ਹੈ ਸਾਰੇ ਜਾਨ ਬਾਜ਼ ਸਿਪਾਹੀ ਸਰਕਾਰ ਦੇ ਇਸ਼ਾਰੇ ਦੀ ਉਡੀਕ ਕਰ ਰਹੇ ਹਨ ।

ਬਾਦਸ਼ਾਹ ਸੋਚੀਂ ਪੈ ਗਿਆ ਇਕ ਪਾਸੇ ਹਿੰਦ ਦਾ ਪੀਰ ਵਲੀ ਹੈ, ਉਸ ਦੀਆਂ ਕਰਾਮਾਤਾਂ ਪ੍ਰਸਿਧ ਹਨ । ਦੂਸਰੇ ਪਾਸੇ ਪੰਜਾਬ ਦੇ ਹਾਕਮਾਂ ਨਾਲ ਵਿਗਾੜਨੀ ਵੀ ਔਖੀ ਹੈ । ਕੀ ਕੀਤਾ ਜਾਵੇ ਉਸ ਨੂੰ ਕੋਈ ਸਮਝ ਨਾ ਲਗੇ । ਸੋਚ ਸੋਚ ਕੇ ਬਾਦਸ਼ਾਹ ਨੇ ਕਿਹਾ—'ਬਸ ਠੀਕ ਹੈ' ਮੈ ਹਿੰਦ ਦੇ ਪੀਰ ਨੂੰ ਦੱਖਣ ਵਲ ਲੈ ਜਾਂਦਾ ਹਾਂ, ਤੁਸੀਂ ਪੰਜਾਬ ਦਾ ਬੰਦੋਬਸਤ ਕਰੋ । ਜਿਹੜਾ ਵੀ ਸਿਰ ਚੁਕੇ ਉਸ ਨਾਲ ਨਜਿਠੋ, ਦਬਾ ਦੇਵੋ, ਕਿਸੇ ਦਾ ਲਿਹਾਜ਼ ਨਾ ਕਰੋ । ਸ਼ਾਹੀ ਫੁਰਮਾਨ ਜਾਰੀ ਕਰ ਦਿਤਾ ਜਾਵੇਗਾ ਉਸ ਵਿਚ ਬਿਆਨ ਕਰਾਂਗੇ ਕਿ ਜੇਹੜਾ ਵੀ ਬਗਾਵਤ ਕਰਨ ਦਾ ਯਤਨ ਕਰੇਗਾ ਉਸ ਨਾਲ ਕੋਈ ਲਿਹਾਜ਼ ਨਹੀਂ ਹੋਵੇਗਾ । ਇਸ ਵਾਸਤੇ ਕੋਈ ਸੱਜਣ ਲੜਾਈ ਲੜਨ ਦਾ ਹੌਂਸਲਾ ਨਾ ਕਰੇ ਜਾਓ ਤੁਸੀਂ ਨਚਿੰਤ ਰਹੋ ।

ਇਹਨਾਂ ਬੋਲਾਂ ਨੂੰ ਸੁਣਕੇ ਵਜ਼ੀਰ ਖਾਂ ਦੇ ਸੰਸੇ ਦੂਰ ਹੋ ਗਏ ਉਸ ਨੇ ਜਿਹੜਾ ਖਤਰਾ ਅਨੁਭਵ ਕੀਤਾ ਸੀ ਸਤਿਗੁਰੂ ਜੀ ਬਾਦਸ਼ਾਹ ਪਾਸੋਂ ਉਸ ਨੂੰ ਸਜ਼ਾ ਦਿਵਾਉਣਗੇ ਉਹ ਦੂਰ ਹੋ ਗਿਆ । ਉਹ ਖੁਸ਼ੀ ਖੁਸ਼ੀ ਵਾਪਸ ਪੰਜਾਬ ਨੂੰ ਤੁਰ ਗਿਆ ।

੧੫. ਸਤਿਗੁਰੂ ਜੀ ਦੀ ਦਿਲੀ ਤੋਂ ਦਖਣ ਨੂੰ ਤਿਆਰੀ

ਬਾਦਸ਼ਾਹ ਬਹਾਦਰ ਸ਼ਾਹ ਨੂੰ ਦੱਖਣ ਵਲ ਜਾਣਾ ਪੈ ਗਿਆ, ਕਿਉਂਕਿ ਉਧਰ ਬਗਾਵਤਾਂ ਦਾ ਖਤਰਾ ਹੋਇਆ ਜਿਵੇਂ ਵਜ਼ੀਰ ਖਾਂ ਨੇ ਸਲਾਹ ਦਿਤੀ ਸੀ ਤੇ ਬਾਦਸ਼ਾਹ ਦੀ ਖੁਦ ਵੀ ਨੀਤੀ ਸੀ ਕਿ ਸਤਿਗੁਰੂ ਜੀ ਨੂੰ ਪੰਜਾਬ ਦੇ ਨੇੜੇ ਨਾ ਰਹਿਣ ਦਿਤਾ ਜਾਵੇ ਕਿਉਂਕਿ ਪੰਜਾਬੀ ਲੋਕ ਆਉਣੇ ਸ਼ੁਰੂ ਹੋ ਗਏ ਹਨ

Sri Satguru Jagjit Singh Ji eLibrary NamdhariElibrary@gmail.com

ਹੋ ਸਕਦਾ ਹੈ ਪੰਜਾਬ ਦੀ ਸੰਗਤ ਨੂੰ ਐਸੇ ਸੁਨੇਹੇ ਦਿਤੇ ਜਾਣ ਕਿ ਉਹ ਬਗਾਵਤ ਵਾਸਤੇ ਤਿਆਰ ਹੋ ਜਾਵੇ। ਜੇਕਰ ਬਗਾਵਤ ਹੋ ਗਈ ਤਾਂ ਰੋਕਣੀ ਔਖੀ ਹੋ ਜਾਵੇਗੀ। ਇਹ ਵਿਚਾਰ ਕੇ ਸਤਿਗੁਰੂ ਜੀ ਨੂੰ ਸੁਨੇਹਾ ਦੇ ਦਿਤਾ—'ਹਜ਼ੂਰ ! ਮੇਰੇ ਸਾਥ ਦੱਖਣ ਨੂੰ ਚੱਲਣ। ਸਾਹਿਬ ਪਹਿਲਾਂ ਹੀ ਦੱਖਣ ਨੂੰ ਜਾਣਾ ਚਾਹੁੰਦੇ ਸਨ ਇਸ ਕਰਕੇ ਸਾਹਿਬਾਂ ਹਾਂ ਕਰ ਦਿਤੀ।

ਜਦੋਂ ਸਤਿਗੁਰੂ ਜੀ ਨੇ ਤੁਰਨਾ ਸੀ ਉਸ ਵੇਲੇ ਪੰਜਾਬੀ ਸੰਗਤ ਦਰਸ਼ਨਾਂ ਵਾਸਤੇ ਆਈ ਹੋਈ ਸੀ। ਸਾਹਿਬਾਂ ਨੇ ਐਲਾਨ ਕਰ ਦਿਤਾ ਕਿ ਉਹ ਦੱਖਣ ਨੂੰ ਜਾ ਰਹੇ ਹਨ। ਇਸ ਐਲਾਨ ਨੂੰ ਸੁਣ ਕੇ ਸੰਗਤ ਬਹੁਤ ਬੇਹਬਲ ਹੋਈ, ਸੰਗਤ ਦੀ ਵਿਆਕੁਲਤਾ ਨੂੰ ਦੇਖਕੇ ਸਾਹਿਬਾਂ ਨੇ ਹੁਕਮ ਕੀਤਾ 'ਅਕਾਲ-ਪੁਰਖ ਦਾ ਭਾਣਾ ਮੰਨਣਾ ਚਾਹੀਦਾ ਹੈ। ਅਸੀਂ ਦੱਖਣ ਨੂੰ ਜਾ ਰਹੇ ਹਾਂ ਇਕ ਮਹਾਨ ਕਾਰਜ ਵਾਸਤੇ, ਪੰਜਾਬ ਤੇ ਦਿਲੀ ਵਾਸੀ ਸੰਗਤ ਘਬਰਾਵੇ ਨਾ। ਖਾਲਸਾ ਚੜਦੀਆਂ ਕਲਾਂ ਵਿਚ ਰਹੇਗਾ।'

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰਾਂ ਜੀ ਬਹੁਤ ਵਿਆਕੁਲ ਹੋਏ ਮਹਾਰਾਜ ਜੀ ਨੇ ਉਨ੍ਹਾਂ ਨੂੰ ਧੀਰਜ ਦਿਤੀ 'ਜੋ ਦਿਨ ਇਕਠੇ ਰਹਿਣੇ ਲਿਖੇ ਸੀ, ਉਹ ਇਕਠੇ ਰਹਿ ਲਏ ਜਿਹੜੇ ਵਿਛੋੜੇ ਦੇ ਸਨ, ਉਹ ਵਿਛੜ ਕੇ ਪੂਰੇ ਕਰ ਲਏ। ਜੀਵ ਵਾਹਿਗੁਰੂ ਦੇ ਹੁਕਮ ਨਾਲ ਚਲਦਾ ਹੈ। ਆਪਣੀ ਮਰਜ਼ੀ ਕੀਤੀ ਨਹੀਂ ਹੁੰਦੀ, ਅਸਾਂ ਦੇ ਜੀਵਨ ਦਾ ਨਿਸ਼ਾਨਾ ਪੰਥ ਨੂੰ ਚੱਲਤ ਕਰਨਾ ਹੈ। ਉਸ ਬਦਲੇ ਜੀਵਨ ਨੂੰ ਘੋਲ ਘੁਮਾ ਜਾਣਾ ਹੈ ਤੁਸੀਂ ਏਥੇ ਰਹੋ ਵਾਹਿਗੁਰੂ ਭਲਾ ਕਰੇਗਾ, ਭਾਣਾ ਮੰਨੋਂ ਜਦੋਂ ਮੇਲ ਦਾ ਹੁਕਮ ਹੋਵੇਗਾ ਮੇਲ ਹੋ ਜਾਵੇਗਾ ਨਹੀਂ ਤੇ ਅਕਾਲ ਪੁਰਖ ਦੇ ਕੋਲ ਜ਼ਰੂਰ ਮਿਲਾਂਗੇ; ਅਸੀਂ ਨਾਲ ਨਹੀਂ ਲਿਜਾ ਸਕਦੇ, ਐਸੇ ਹੁਕਮ ਨਹੀਂ। ਏਥੇ ਜਵਾਹਰ ਸਿੰਘ ਤੇ ਹੋਰ ਸੰਗਤ ਸੇਵਾ ਕਰਦੀ ਹੈ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ।'

ਇਸਤਰਾਂ ਸਭ ਨੂੰ ਧੀਰਜ ਦੇਕੇ ਸਤਿਗੁਰੂ ਜੀ ਦੱਖਣ ਨੂੰ ਤਿਆਰ ਹੋਏ, ਤੁਰਦਿਆਂ ਤੁਰਦਿਆਂ ਵੀ ਤਿੰਨ ਦਿਨ ਲਗ ਗਏ। ਸੰਗਤ ਦਾ ਪਿਆਰ ਰੋਕਾਂ ਪਾਉਂਦਾ ਰਿਹਾ। ਆਖਰ ਸਭ ਨੂੰ ਧੀਰਜ ਦਿਤੀ ਤੇ ਦਿਲੀ ਤੋਂ ਬਾਹਰ ਆਏ।

Sri Satguru Jagjit Singh Ji eLibrary NamdhariElibrary@gmail.com

ਸੰਗਤ ਨਾਲ ਆਈ ਛੇ ਕੋਹ ਤੋਂ ਸੰਗਤ ਮੁੜੀ, ਚੇਤ ਦਾ ਮਹੀਨਾ ਸੀ, ਬਹਾਰ ਦੇ ਦਿਨ ਉਸ ਵੇਲੇ ਗਰਮੀ ਬਹੁਤ ਨਹੀਂ ਸੀ ਪੈ ਰਹੀ ਤੇ ਠੰਢ ਤੁਰ ਗਈ ਸੀ, ਸਤਿਗੁਰੂ ਜੀ ਨੇ ਰੋਕ ਕੇ ਸਭ ਨੂੰ ਪਿਛੇ ਮੋੜਿਆ, ਥੋੜੇ ਜਿਹੇ ਸਿੰਘ ਨਾਲ ਲੈ ਅਗੇ ਤੁਰ ਪਏ। ਰਸਤਾ ਉਹੋ ਹੀ ਪਹਿਲੇ ਵਾਲਾ ਸੀ। ਮਥਰਾ ਆਗਰੇ ਨੂੰ ਹੀ ਜਾਣਾ ਸੀ ਬਾਦਸ਼ਾਹ ਕੁਝ ਦਿਨ ਪਹਿਲਾਂ ਤੁਰ ਗਿਆ, ਉਸ ਨੇ ਸਤਿਗੁਰੂ ਜੀ ਨੂੰ ਆਗਰੇ ਉਡੀਕਣਾ ਸੀ।

ਉਸ ਸਮੇਂ ਵਿਚ ਪੰਧ ਲੰਮਾ ਨਹੀਂ ਸੀ ਕੀਤਾ ਜਾਂਦਾ ਥੋਹੜਾ ਥੋਹੜਾ ਪੰਧ ਕਰਕੇ ਠਹਿਰਿਆ ਜਾਂਦਾ ਸੀ ਸਤਿਗੁਰੂ ਜੀ ਤਾਂ ਕਦੀ ਹੀ ਵੀਹ ਕੋਹ ਕਰਦੇ ਸਨ, ਨਹੀਂ ਤੇ ਘਟ ਪੰਧ ਕਰਕੇ ਹੀ ਰਸਤੇ ਵਿਚ ਡੇਰਾ ਲਾ ਦਿੰਦੇ ਸਨ। ਤਿਨੀਂ ਦਿਨੀਂ ਮਥਰਾ ਪੁਜੇ, ਮਥਰਾ ਦੇ ਪਾਂਡਿਆਂ ਨੇ ਬਹੁਤ ਸਤਿਕਾਰ ਕੀਤਾ, ਅਰੋ ਤੁਰ ਕੇ ਆਗਰੇ ਜਾ ਪੁਜੇ,ਆਗਰੇ ਵਿਚ ਬਾਦਸਾਹ ਨੂੰ ਜਦੋਂ ਪਤਾ ਲਗਾ ਉਸਦੀ ਮੇਹਨਤ ਸਫਲ ਹੋ ਗਈ ਹੈ ਤਾਂ ਉਹ ਬਹੁਤ ਖੁਸ ਹੋਯਾ ਉਸ ਨੇ ਸਤਿਗੁਰੂ ਜੀ ਦੇ ਦਰਸਨ ਦਾ ਪ੍ਰਬੰਧ ਕੀਤਾ, ਆਗਰੇ ਦੀ ਸੰਗਤ ਨੂੰ ਪਤਾ ਲਗਾ ਤਾਂ ਸੰਗਤ ਵਹੀਰਾਂ ਘਤ ਕੇ ਦਰਸਨਾਂ ਵਾਸਤੇ ਆਈ, ਸਤਿਗੁਰੂ ਜੀ ਦੇ ਦਰਬਾਰ ਵਿਚ ਰੌਣਕ ਹੀ ਰੌਣਕ ਹੋ ਗਈ।

੧੬. ਆਗਰੇ ਵਿਚ ਇਕ ਸਤੀ ਨੂੰ ਉਪਦੇਸ਼

ਦੁਪਹਿਰ ਦਾ ਦੀਵਾਨ ਲਗਾ ਹੋਇਆ ਸੀ ਸਿਖ ਸੰਗਤ ਦੀਵਾਨ ਵਿਚ ਬਿਰਾਜਮਾਨ ਸੀ, ਹਰ ਇਕ ਦੀ ਸੁਰਤ ਪਾਰਬ੍ਰਹਮ ਦੇ ਚਰਨਾਂ ਨਾਲ ਜੁੜੀ ਹੋਈ ਸੀ ਤੇ ਸਤਿਗੁਰੂ ਜੀ ਨਾਮ ਬਾਣੀ ਰੂਪ ਵਰਖਾ ਕਰੀ ਜਾ ਰਹੇ ਸਨ। ਸਵਰਗਪੁਰੀ ਦਾ ਨਜ਼ਾਰਾ ਸੀ, ਜਿਵੇਂ ਇੰਦਰ ਦੇ ਦਰਬਾਰ ਵਿਚ ਦੇਵਤੇ ਬੈਠੇ ਹੋਏ ਹੁੰਦੇ ਹਨ। ਉਸ ਸਮੇਂ ਅਚਾਨਕ ਥੋਹੜਾ ਜਿਹਾ ਰੌਲਾ ਸੁਣਾਈ ਦਿਤਾ। ਜਗਿਆਸੂਆਂ ਦੀਆਂ ਸੁਰਤਾਂ ਉਖੜ ਗਈਆਂ ਲਿਵ ਟੁਟ ਗਈ, ਅੱਖਾਂ ਆਪ ਮੁਹਾਰੀਆਂ ਹੀ ਖੁਲ੍ਹ ਗਈਆਂ, ਸਭ ਨੇ ਦੇਖਿਆ—'ਤਿੰਨ ਚਾਰ ਆਦਮੀ ਇਕ ਰੂਪਵਤੀ ਮੁਟਿਆਰ ਨੂੰ ਬਾਹੀਂ ਤੋਂ ਫੜਕੇ ਖਿਚੀ ਆਉਂਦੇ ਸਨ। ਜੋਬਨ ਮਤੀ

Sri Satguru Jagjit Singh Ji eLibrary NamdhariElibrary@gmail.com

ਨਾਰੀ ਨੇ ਸ਼ਿੰਗਾਰ ਕੀਤਾ ਹੋਇਆ ਸੀ, ਉਹ ਇਕੋ ਕਹੀ ਜਾਂਦੀ ਸੀ ਮੈਨੂੰ ਛਡ ਦੇਵੋ, ਮੈਂ ਨਹੀਂ ਰਹਿਣਾ। ਮੈਨੂੰ ਛਡ ਦੇਵੋ, ਮੇਰਾ ਪਤੀ ਨਾਲ ਪਿਆਰ ਹੈ।'

ਸਤਿਗੁਰੂ ਜੀ ਨੇ ਪੁਛਿਆ—'ਕਿਉਂ ਭਾਈ ! ਇਸ ਨੂੰ ਕਿਉਂ ਫੜਿਆ ਹੈ ? ਇਹ ਕਿਧਰ ਜਾਣਾ ਚਾਹੁੰਦੀ ਹੈ ?'

ਨਾਰੀ ਨੂੰ ਫੜਕੇ ਲਿਆਉਣ ਵਾਲਿਆਂ ਨੇ ਬੇਨਤੀ ਕੀਤੀ—'ਮਹਾਰਾਜ! ਇਸਦਾ ਪਤੀ ਚਲਾਣਾ ਕਰ ਗਿਆ ਹੈ। ਇਹ ਵੀ ਉਸਦੇ ਨਾਲ ਸੜਕੇ ਮਰਨਾ ਚਾਹੁੰਦੀ ਹੈ। ਅਸੀਂ ਰੋਕਦੇ ਹਾਂ ਕਿ ਮਰਨਾ ਚੰਗਾ ਨਹੀਂ ਮਹਾਰਾਜ ਇਸ ਦੀ ਰਖਿਆ ਕਰੋ।'

'ਇਸ ਨੂੰ ਛਡ ਦੇਵੋ !' ਸਤਿਗੁਰੂ ਜੀ ਨੇ ਫੁਰਮਾਇਆ ਉਸ ਇਸਤ੍ਰੀ ਨੂੰ ਛਡ ਦਿਤਾ, ਉਸਨੇ ਨੱਸਣ ਦਾ ਯਤਨ ਨਾ ਕੀਤਾ । ਉਹ ਹੌਲੀ ਜਿਹੀ ਹਿਲੀ, ਪਰ ਉਸਦੇ ਅੰਗਾਂ ਵਿਚੋਂ ਕਾਹਲ ਖਤਮ ਹੋ ਗਈ, ਸਤਿਗੁਰੂ ਜੀ ਦੀ ਨਿਗਾਹ ਨਾਲ ਹੀ ਉਸਦੇ ਮਨ ਤੇ ਐਸਾ ਅਸਰ ਪਿਆ ਕਿ ਉਹ ਭੁਲਣ ਲਗੀ ਕਿ ਉਸ ਨੇ ਮਰਨਾ ਹੈ। ਸਾਹਿਬਾਂ ਨੇ ਉਸ ਨੂੰ ਬਿਠਾ ਲਿਆ, ਫਿਰ ਉਪਦੇਸ਼ ਕੀਤਾ—'ਹੇ ਪੁਤਰੀ ! ਪਤੀ ਦੇ ਨਾਲ ਸੜਕੇ ਮਰਨਾ ਸਤੀ-ਪਨ ਨਹੀਂ ਇਹ ਤਾਂ ਆਤਮ ਹਤਿਆ ਹੈ। ਆਤਮ ਹਤਿਆ ਕਰਨ ਵਾਲਾ ਜਗਤ ਵਿਚ ਮਹਾਂ ਪਾਪੀ ਹੁੰਦਾ ਹੈ। ਉਹ ਨਾਰੀਆਂ ਸਤੀ ਹੁੰਦੀਆਂ ਹਨ, ਜੋ ਪਤੀ ਦੇ ਮਰਨ ਪਿਛੋਂ ਉਸ ਦੀ ਯਾਦ ਵਿਚ ਜੀਵਨ ਬਤੀਤ ਕਰਨ। ਵਿਛੜਨਾ ਤੇ ਮਿਲਣਾ ਇਹ ਵਾਹਿਗੁਰੂ ਦੇ ਭਾਣੇ ਨਾਲ ਹੈ। ਜੀਵਨ ਇਕੱਲਾ ਆਉਂਦਾ ਹੈ, ਇਕੱਲਾ ਹੀ ਜਾਂਦਾ ਹੈ। ਕਰਮਾਂ ਦਾ ਫਲ ਖਾਂਦਾ ਹੈ। ਜਿਵੇਂ ਵਿਧਮਾਤਾ ਨੇ ਲਿਖਿਆ ਹੁੰਦਾ ਹੈ, ਤਿਵੇਂ ਜਗਤ ਵਿਚ ਨਾਰੀ ਪੁਰਸ਼ ਮਿਲਦੇ ਹਨ। ਇਸ ਧਰਤੀ ਦਾ ਮੇਲ ਧਰਤੀ ਤੇ ਮੁਕ ਜਾਂਦਾ ਹੈ। ਪ੍ਰਲੋਕ ਦਾ ਮੇਲ ਪ੍ਰਲੋਕ ਵਿਚ ਹੇ ਦੇਵੀ ! ਸਤੀ ਹੋਣ ਦਾ ਵਿਚਾਰ ਤਿਆਗ ਦੇਹ, ਅੱਗ ਵਿਚ ਸੜ ਕੇ ਤੂੰ ਕਦੀ ਆਪਣੇ ਪਤੀ ਦੇ ਸਾਥ ਨਹੀਂ ਜਾਣਾ ਕਿਉਂਕਿ ਤੇਰਾ ਮੇਲ ਪਤੀ ਨਾਲ ਇਸ ਜਗਤ ਵਿਚ ਹੋਇਆ ਸੀ; ਜਿਸ ਵਸਤੂ (ਸਰੀਰ) ਨਾਲ ਮੇਲ ਹੋਇਆ, ਉਹ ਵਸਤੂ ਪੰਜ ਭੂਤਕ ਸੀ, ਉਸ ਸਰੀਰ ਨੂੰ ਅਗਨਿ ਦੇਵਤਾ ਨੇ ਸਾੜਕੇ ਮੁੜ ਪੰਜ ਤੱਤਾਂ

Sri Satguru Jagjit Singh Ji eLibrary NamdhariElibrary@gmail.com

ਵਿਚ ਮਿਲਾ ਦਿਤਾ। ਤੇਰਾ ਸਰੀਰ ਵੀ ਸਭਕੇ ਤਤਾਂ ਨਾਲ ਮਿਲ ਜਾਵੇਗਾ, ਹੋਂਦ ਖਤਮ ਹੋ ਗਈ ਜਦ ਹੋਂਦ ਮੁਕ ਗਈ ਤਾਂ ਮੇਲ ਕਿਸ ਵਸਤੂ ਨਾਲ ਹੋਣਾ ਹੈ ? ਬਾਕੀ ਰਹੀ ਆਤਮਾ ਦੀ ਗਲ, ਆਤਮਾ ਅਮਰ ਹੈ। ਇਹ ਮਰਦਾ ਨਹੀਂ ਪਰ ਮਾਤ ਲੋਕ ਵਿਚੋਂ ਜਦ ਆਤਮਾ ਪ੍ਰਲੋਕ ਗਮਨ ਕਰਦਾ ਹੈ ਤਾਂ ਉਸ ਨੂੰ ਮਾਤ ਲੋਕ ਦਾ ਗਿਆਨ ਨਹੀਂ ਰਹਿੰਦਾ। ਉਸ ਨੂੰ ਇਹ ਸਭ ਕੁਝ ਭੁਲ ਜਾਂਦਾ ਹੈ ਕਿ ਉਹ ਕਿਸੇ ਨਾਲ ਪਿਆਰ, ਵਿਹਾਰ ਆਦਿਕ ਕਰਦਾ ਸੀ ਉਹ ਤਾਂ ਬਸ ਇਕ ਆਪ ਹੀ ਰਹਿ ਜਾਂਦਾ ਹੈ ਤੇ ਉਹਦੇ ਸਾਥ ਓਹਦੇ ਕਰਮ ਹੁੰਦੇ ਹਨ। ਕਰਮਾਂ ਦੇ ਹਿਸਾਬ ਵੇਲੇ ਜਮਾਂ ਦੇ ਵਸ ਪੈਂਦਾ ਹੈ ਕਿਉਂਕਿ ਕਿਸੇ ਮਰਦ ਇਸਤ੍ਰੀ ਦੇ ਕਰਮ ਇਕੋ ਜਹੇ ਨਹੀਂ ਹੁੰਦੇ ਇਸ ਵਾਸਤੇ ਇਕਠੇ ਤਾਂ ਰਹਿ ਸਕਦੇ ਨਹੀਂ। ਕਰਮਾਂ ਦੇ ਕਾਰਨ ਜੀਵ ਆਤਮਾ ਨੂੰ ਨਰਕਾਂ ਵਿਚ ਜਾਂ ਸਵਰਗਾਂ ਵਿਚ ਜਾਣਾ ਪੈਂਦਾ ਹੈ। ਇਹ ਕੀ ਪਤਾ ਕਿ ਤੇਰੇ ਪਤੀ ਦੇ ਕਰਮ ਉਸ ਨੂੰ ਕਿਸ ਅਸਥਾਨ ਤੇ ਲੈ ਗਏ ਹਨ ! ਇਹ ਕੀ ਪਤਾ ਕਿ ਤੇਰੇ ਜੀਵ ਆਤਮਾ ਨੇ ਤੇਰੇ ਤਨ ਨੂੰ ਛਡਕੇ ਕਿਥੇ ਜਾਣਾ ਹੈ। ਕੋਈ ਗਿਆਨ ਰਹਿ ਸਕਦਾ ਹੈ ? ਕੀ ਇਹ ਤੈਨੂੰ ਗਿਆਨ ਹੈ ਕਿ ਤੂੰ ਕੋਈ ਮਾੜਾ ਕਰਮ ਨਹੀਂ ਕੀਤਾ ਤੇ ਜਿਥੇ ਤੇਰਾ ਪਤੀ ਗਿਆ ਹੈ ਉਥੇ ਤੂੰ ਜਾਵੇਂਗੀ ? ਜਾਂ ਕੀ ਤੇਰੇ ਪਤੀ ਤੇ ਤੇਰੇ ਕਰਮਾਂ ਦਾ ਫਲ ਇਕੋ ਹੀ ਹੈ।'

ਇਸਤ੍ਰੀ ਕੋਈ ਉਤਰ ਨਾ ਦੇ ਸਕੀ, ਉਹ ਤਾਂ ਪਤੀ ਦੇ ਸੁਭਾ, ਉਹਦੀ ਜਵਾਨੀ ਉਹਦੇ ਸੁੰਦਰ ਤਨ ਤੇ ਓਹਦੇ ਪਿਆਰ ਨੂੰ ਪਾਲਦੀ ਸੀ, ਜੀਵ ਆਤਮਾ ਦਾ ਤਾਂ ਉਸ ਨੂੰ ਗਿਆਨ ਹੀ ਨਹੀਂ ਸੀ ਉਹ ਤਾਂ ਰਾਤ ਦਿਨੇ ਉਹਨਾਂ ਚੀਜ਼ਾਂ ਦੀ ਉਪਾਸ਼ਕ ਸੀ, ਜਿਹੜੀਆਂ ਚੀਜ਼ਾਂ ਜਗਤ ਦੀਆਂ ਤੇ ਜਗਤ ਵਿਚ ਹੀ ਰਹਿ ਜਾਂਦੀਆਂ ਹਨ। ਉਸ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਓਸਦੇ ਪਤੀ ਜਾਂ ਓਸਦੇ ਸਹੁਰੇ ਦੀ ਦੌਲਤ ਮੇਹਨਤ ਦੀ ਕਮਾਈ ਸੀ ਕਿ ਪਾਪ ਦੀ ਕਮਾਈ ਸੀ ਉਹ ਘਬਰਾ ਗਈ ਚੁਪ ਰਹੀ ਉਸ ਨੂੰ ਔੜਿਆ ਹੀ ਕੁਝ ਨਾ ਕਿ ਓਹ ਕੀ ਉਤਰ ਦੇਵੇ।

ਸਤਿਗੁਰੂ ਜੀ ਬੋਲੇ—'ਹੇ ਦੇਵੀ ! ਮਰਨ ਦਾ ਵਿਚਾਰ ਛਡਕੇ ਜੀਉਂਦੀ

Sri Satguru Jagjit Singh Ji eLibrary NamdhariElibrary@gmail.com

ਰਹੋ, ਪਤੀ ਦੀਆਂ ਵਸਤੂਆਂ ਨਾਲ ਪਿਆਰ ਕਰਦੀ ਰਹੋ, ਉਸ ਦੀ ਅਮਾਨਤ ਬਣੀ ਰਹੋ, ਆਤਮਘਾਤ ਕਰਕੇ ਤੂੰ ਸਿਧੀ ਨਰਕਾਂ ਨੂੰ ਜਾਵੇਂਗੀ। ਪਤੀ ਦੀ ਰੂਹ ਨੂੰ ਸਰੋਂ ਦੁਖੀ ਕਰੇਂਗੀ ਵਾਹਿਗੁਰੂ ਦਾ ਸਿਮਰਨ ਕਰ । ਜੇ ਓਹਦੀ ਅਮਾਨਤ ਨਾ ਬਣੀ ਰਹਿ ਸਕੇਂ ? ਜੇ ਪ੍ਰਬਲ ਮਾਯਾ ਦੇ ਅਸਰ ਨਾਲ ਤੇਰਾ ਮਨ ਕਾਮ ਕ੍ਰੋਧ ਤੇ ਮੋਹ ਦਾ ਸ਼ਿਕਾਰ ਹੋ ਜਾਵੇ ਤਾਂ ਕਿਸੇ ਜੀਉਂਦੇ ਪੁਰਖ ਨੂੰ ਆਪਣਾ ਪਤੀ ਬਣਾ ਲਵੀਂ ਤੇ ਓਹਦੇ ਨਾਲ ਜੀਵਨ ਦੇ ਦਿਨ ਕੱਟੀਂ। ਇਸਤ੍ਰੀ ਉਹ ਵੇਲ ਹੈ ਜੋ ਮਰਦ ਆਸਰੇ ਤੋਂ ਬਿਨਾਂ ਸਮਾਜ ਵਿਚ ਦਿਨ ਨਹੀਂ ਕੱਟ ਸਕਦੀ। ਹੇ ਦੇਵੀ ! ਅਕਾਲ ਪੁਰਖ ਦਾ ਭਾਣਾਂ ਮੰਨਣਾ ਜ਼ਰੂਰੀ ਹੈ। ਮਰਨਾ ਸਭ ਨੇ ਹੈ ਕੋਈ ਅਜ ਮਰਦਾ ਹੈ ਕੋਈ ਕਲ । ਸਾਰੇ ਮਰਦੇ ਹਨ ਪਰ ਜੀਉਂਦਾ ਕੋਈ ਕੋਈ ਹੈ ਚੰਗੇ ਜੀਉਣ ਦਾ ਵਲ ਸਿਖਣਾ ਚਾਹੀਏ, ਨੇਕ ਪੁਰਸ਼ਾਂ ਦੀ ਸੰਗਤ ਕਰੀਏ ਧਰਮ ਕਿਰਤ ਕਰਦੇ ਹੋਏ ਧਰਮ ਦੇ ਅਸੂਲਾਂ ਦਾ ਪਾਲਨ ਕਰੀਏ। ਨੇਕ ਭਗਤੀ ਸੇਵਾ ਕਰਨਾ ਮਨੁਖ ਦਾ ਪ੍ਰਮ ਧਰਮ ਹੈ ਏਸੇ ਨੂੰ ਚੰਗਾ ਜੀਉਣਾ ਆਖਦੇ ਹਨ । ਡਰਕੇ ਦੁਨੀਆਂ ਦੀਆਂ ਔਕੜਾਂ ਦਾ ਮੁਕਾਬਲਾ ਨਾ ਕਰ ਸਕਣਾ । ਇਹ ਮਾਨਸਿਕ ਕਮਜ਼ੋਰੀ ਹੈ ਇਹ ਕਮਜ਼ੋਰੀ ਪਾਪ ਹੈ। ਹੇ ਪੁਤ੍ਰੀ ! ਮਰਕੇ ਮਹਾਂ ਪਾਪ ਨਾ ਕਰ। ਨਰਕਾਂ ਦੀ ਅੱਗ ਤੈਨੂੰ ਸਾੜਦੀ ਰਹੇਗੀ, ਤੇਰਾ ਹੁਲੀਆ ਵਿਗੜਿਆ ਰਹੇਗਾ। ਤੈਨੂੰ ਕੋਈ ਨਰਕਾਂ ਵਿਚੋਂ ਬਾਹਰ ਨਹੀਂ ਕਢ ਸਕੇਗਾ । ਬਸ ਇਹੋ ਹੀ ਤੇਰਾ ਧਰਮ ਹੈ ਕਿ ਪਤੀ ਦਾ ਸਸਕਾਰ ਕਰਕੇ ਉਸਦੀ ਆਤਮਾ ਦੀ ਸ਼ਾਂਤੀ ਵਾਸਤੇ ਵਾਹਿਗੁਰੂ ਅਗੇ ਅਰਦਾਸ ਕਰ ।'

ਜਿਵੇਂ ਸੀਤਲ ਜਲ ਅੱਗ ਨੂੰ ਠੰਢਿਆਂ ਕਰ ਦੇਂਦਾ ਹੈ ਏਸੇ ਤਰਾਂ ਗੁਰੂ ਜੀ ਦੇ ਉਪਦੇਸ਼ ਤੇ ਮੇਹਰ ਨੇ ਉਸ ਇਸਤ੍ਰੀ ਦੇ ਆਤਮਘਾਤ ਕਰਨ ਦੇ ਵਿਚਾਰ (ਜੋਸ਼) ਨੂੰ ਠੰਢਿਆਂ ਕਰ ਦਿਤਾ । ਓਹ ਸੰਗ ਮਰਮਰ ਦੀ ਮੂਰਤੀ ਬਣਕੇ ਇਕ ਬਰਫ ਦੀ ਢਿਗ ਹੋ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੀ ਰਹੀ। ਓਹਦੇ ਨੈਣਾਂ ਵਿਚੋਂ ਛਮ ਛਮ ਅੱਥਰੂ ਕਿਰਨ ਲਗ ਪਏ, ਓਹਦੀ ਜ਼ਬਾਨ ਤਾਲੂ ਨਾਲ ਜੁੜ ਗਈ, ਓਸਦੀ ਇਹ ਦਸ਼ਾ ਦੇਖਕੇ ਸਤਿਗੁਰੂ ਜੀ ਨੇ ਓਹਦੇ ਨਾਲ ਦੇ ਮਰਦਾਂ ਨੂੰ ਹੁਕਮ ਕੀਤਾ—'ਜਾਓ ! ਇਸਦੇ ਪਤੀ ਦੀ ਦੇਹ ਦਾ ਸਸਕਾਰ ਕਰੋ

Sri Satguru Jagjit Singh Ji eLibrary NamdhariElibrary@gmail.com

ਇਸ ਨੂੰ ਏਥੇ ਬੈਠੀ ਰਹਿਣ ਦੇਵੋ।'

ਸਤਿਗੁਰੂ ਜੀ ਦੇ ਬਚਨ ਸੁਣਕੇ ਸਾਰੇ ਚਲੇ ਗਏ; ਉਹ ਇਸਤ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠੀ ਰਹੀ, ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਸਾਹਿਬਾਂ ਨੇ ਉਹਦੇ ਨੈਣਾਂ ਵਿਚ ਅੰਮ੍ਰਿਤ ਦੇ ਛੱਟੇ ਮਾਰੇ। ਉਸ ਨੂੰ ਹੋਸ਼ ਵਿਚ ਲਿਆਂਦਾ ਤੇ ਘਰ ਨੂੰ ਤੋਰਿਆ, ਉਸ ਨੇ ਸਤੀ ਹੋਣ ਦੀ ਵਿਚਾਰ ਛੱਡ ਦਿਤੀ ਅਤੇ ਭਗਤੀ ਸਿਮਰਨ ਕਰਕੇ ਜੀਵਨ ਬਿਤਾਉਣ ਲਗੀ।

੧੭. ਸਤਿਗੁਰੂ ਜੀ ਦਾ ਆਗਰੇ ਨੂੰ ਕੂਚ

ਆਗਰੇ ਤੋਂ ਬਾਦਸ਼ਾਹ ਦੇ ਨਾਲ ਰਲਕੇ ਕੂਚ ਕੀਤਾ ਗਿਆ, ਇਕ ਹਿੰਦੁਸਤਾਨ ਦਾ ਬਾਦਸ਼ਾਹ, ਦੂਸਰਾ ਦੀਨ ਦੁਨੀਆਂ ਦਾ ਪਾਤਸ਼ਾਹ, ਪਹਿਲਾ ਜਗਤ ਦੇ ਰਾਜਿਆਂ ਨੂੰ ਡੰਨ ਦੇਂਦਾ ਜਾਂਦਾ ਸੀ। ਪਰਜਾ ਉਸ ਕੋਲੋਂ ਡਰਦੀ ਸੀ ਤੇ ਦੂਸਰਾ ਜਗਤ ਨਾਲ ਪਿਆਰ ਕਰਦਾ ਸੀ, ਗਰੀਬਾਂ ਤੇ ਮਜ਼ਲੂਮਾਂ ਦੀ ਰਖਿਆ ਕਰਦਾ ਸੀ ਨਿਥਾਵੇਂ ਨਪੁਤਰੇ, ਗਰੀਬ, ਮੁਕਤੀ ਦੇ ਚਾਹਵਾਨ ਸਾਰੇ ਦੂਸਰੇ ਪਾਤਿਸਾਹ (ਸਤਿਗੁਰੂ ਜੀ) ਦੀ ਸਰਨ ਆਉਂਦੇ ਸਨ। ਆਗਰੇ ਤੋਂ ਚਲਕੇ ਜੈਪੁਰ, ਜੌਨਪੁਰ, ਚਤੌੜ ਆਦਿਕ ਸ਼ਹਿਰਾਂ ਵਿਚ ਪਹੁੰਚੇ, ਬਾਦਸ਼ਾਹ ਨੇ ਸਾਰੇ ਰਾਜਿਆਂ ਪਾਸੋਂ ਸਤਿਗੁਰੂ ਜੀ ਦੀ ਪੂਜਾ ਕਰਵਾਈ। ਰਾਜਿਆਂ ਨੂੰ ਵੀ ਜਦੋਂ ਪਤਾ ਲਗਾ ਕਿ ਸਤਿਗੁਰੂ ਜੀ ਬ੍ਰਹਮ ਸ਼ਕਤੀ ਰਖਦੇ ਹਨ ਤਾਂ ਕਈਆਂ ਨੇ ਆਤਮਿਕ ਦੁਖਾਂ ਨੂੰ ਦੂਰ ਕੀਤਾ, ਬਹੁਤਿਆਂ ਨੇ ਦੀਖਸ਼ਾ ਪ੍ਰਾਪਤ ਕੀਤੀ।

ਚਲਦੇ ਚਲਦੇ ਜਦੋਂ ਚਤੌੜ ਪੁਜੇ ਤਾਂ ਏਥੇ ਇਕ ਘਟਨਾ ਇਉਂ ਵਾਪਰੀ—ਸਤਿਗੁਰੂ ਜੀ ਦੇ ਘੋੜਿਆਂ ਵਾਸਤੇ ਸਿੰਘ ਘਾਹ ਲੈਣ ਵਾਸਤੇ ਗਏ। ਘਾਹ ਦਾ ਉਥੋਂ ਦੇ ਰਾਜਪੂਤ ਰਾਜੇ ਨੇ ਜ਼ਖੀਰਾ ਇਕੱਠਾ ਕੀਤਾ ਹੋਇਆ ਸੀ, ਸਿੰਘ ਉਸੇ ਘਾਹ ਨੂੰ ਜਾ ਚੁਕਣ ਲਗੇ ਜਦੋਂ ਘਾਹ ਚੁਕਿਆ ਤਾਂ ਰਾਜੇ ਦੇ ਆਦਮੀਆਂ ਨੇ ਰੋਕਿਆ; ਸਿੰਘ ਨਾ ਰੁਕੇ ਰਾਜਪੂਤਾਂ ਤੇ ਸਿੰਘਾਂ ਦੇ ਵਿਚਾਲੇ ਲੜਾਈ ਹੋ ਪਈ। ਜਦ ਦੋਹਾਂ ਪਾਸਿਆਂ ਤੋਂ ਤੇਗ ਤੇ ਬੰਦੂਕ ਚੱਲਣੀ ਸ਼ੁਰੂ ਹੋਈ

Sri Satguru Jagjit Singh Ji eLibrary NamdhariElibrary@gmail.com

ਤਾਂ ਸਤਿਗੁਰੂ ਜੀ ਨੂੰ ਪਤਾ ਲਗਾ, ਉਨ੍ਹਾਂ ਨੇ ਭਾਈ ਮਾਨ ਸਿੰਘ ਜੀ ਨੂੰ ਸੁਲਾਹ ਕਰਾਉਣ ਤੇ ਲੜਾਈ ਰੋਕਣ ਵਾਸਤੇ ਭੇਜਿਆ। ਜਦੋ ਉਹ ਪੁਜੇ ਤਾਂ ਲੜਾਈ ਹੋ ਰਹੀ ਸੀ। ਉਹਨਾਂ ਨੇ ਆਖ ਵੇਖਕੇ ਲੜਾਈ ਬੰਦ ਕਰਾ ਦਿਤੀ ਪਰ ਅਜੇ ਝਗੜਾ ਹੋ ਹੀ ਰਿਹਾ ਸੀ ਕਿ ਕਿਸੇ ਤੁਰਕ ਨੇ ਗੋਲੀ ਮਾਰਕੇ ਮਾਨ ਸਿੰਘ ਨੂੰ ਸ਼ਹੀਦ ਕਰ ਦਿਤਾ। ਉਸ ਦੇ ਸ਼ਹੀਦ ਹੋਣ ਦੀ ਢਿਲ ਹੀ ਸੀ ਕਿ ਸਿੰਘਾਂ ਨੂੰ ਬਹੁਤ ਕਰੋਧ ਆ ਗਿਆ, ਕਰੋਧ ਕਰਕੇ ਸਿੰਘਾਂ ਨੇ ਕਈ ਰਾਜਪੂਤ ਤੇ ਕਈ ਤੁਰਕ ਝਟਕਾ ਦਿਤੇ ਲੜਾਈ ਵਧ ਗਈ।

ਬਾਦਸ਼ਾਹ ਬਹਾਦਰ ਸ਼ਾਹ ਨੂੰ ਲੜਾਈ ਦੀ ਖਬਰ ਮਿਲੀ। ਉਸ ਨੇ ਆਪਣੀ ਫੌਜ ਭੇਜੀ ਕਿ ਲੜਾਈ ਨੂੰ ਰੋਕਿਆ ਜਾਵੇ ਫੌਜ ਪੁਜੀ ਲੜਾਈ ਰੋਕੀ। ਫੌਜਦਾਰ ਨੇ ਸਾਰਾ ਹਾਲ ਮਾਲੂਮ ਕਰਕੇ ਜਿਹਨਾਂ ਤੁਰਕਾਂ ਨੇ ਭਾਈ ਮਾਨ ਸਿੰਘ ਨੂੰ ਸ਼ਹੀਦ ਕੀਤਾ ਸੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਉਹ ਸਾਰੇ ਗ੍ਰਿਫਤਾਰ ਕੀਤੇ ਹੋਏ ਤੁਰਕ ਸਤਿਗੁਰੂ ਜੀ ਵਲ ਭੇਜ ਦਿਤੇ

ਸਤਿਗੁਰੂ ਜੀ ਨੇ ਜਦੋਂ ਭਾਈ ਮਾਨ ਸਿੰਘ ਜੀ ਦੀ ਸ਼ਹੀਦੀ ਬਾਰੇ ਸੁਣਿਆ ਤਾਂ ਸਾਹਿਬਾਂ ਨੂੰ ਰੰਜ ਆਇਆ ਕਿਉਂਕਿ ਭਾਈ ਮਾਨ ਸਿੰਘ ਜੀ ਸਤਿਗੁਰੂ ਜੀ ਦੇ ਸਿਦਕੀ ਸ਼ਰਧਾਲੂ ਤੇ ਬਹਾਦਰ ਸਿੰਘ ਸਨ ਪਰ ਸਾਹਿਬਾਂ ਨੇ ਸਾਰੇ ਫੜੇ ਤੁਰਕਾਂ ਨੂੰ ਤੰਮੁਤਰ ਕਰ ਦਿਤਾ। ਉਨ੍ਹਾਂ ਨੇ ਕਿਸੇ ਨੂੰ ਸਜ਼ਾ ਦਿਵਾਉਣੀ ਮੁਨਾਸਬ ਨਾ ਸਮਝੀ, ਉਧਰੇ ਉਧਰੀ ਸਮਝੌਤਾ ਹੋ ਗਿਆ, ਭਾਈ ਮਾਨ ਸਿੰਘ ਜੀ ਦਾ ਤੇ ਹੋਰ ਸਿੰਘ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਇਸ ਵਾਰਤਾ ਦਾ ਜਦੋਂ ਚਤੌੜ ਦੇ ਰਾਜੇ ਨੂੰ ਪਤਾ ਲਗਾ ਤਾਂ ਉਹ ਵੀ ਸਤਿਗੁਰੂ ਜੀ ਦੇ ਪਾਸ ਆਇਆ, ਉਸ ਨੇ ਖਿਮਾਂ ਮੰਗੀ ਤੇ ਬਹੁਤ ਸਾਰਾ ਪਦਾਰਥ ਭੇਟਾ ਕੀਤਾ।

Sri Satguru Jagjit Singh Ji eLibrary NamdhariElibrary@gmail.com

੧੮. ਸਤਿਗੁਰੂ ਜੀ ਦੇ ਕੌਤਕ

ਸਤਿਗੁਰੂ ਜੀ ਦੇ ਕੌਤਕ ਬਹੁਤ ਹੀ ਨਿਰਾਲੇ ਸਨ। ਚੋਜੀ ਪ੍ਰੀਤਮ ਨਿਤ ਨਵੇਂ ਚੋਜ ਕਰਦੇ ਰਹਿੰਦੇ ਉਹਨਾਂ ਚੋਜਾਂ ਨੂੰ ਦੇਖਕੇ ਬਹਾਦਰ ਸ਼ਾਹ ਤੇ ਹੋਰ ਲੋਕ ਬਹੁਤ ਹਰਾਨ ਤੇ ਪ੍ਰਸੰਨ ਹੁੰਦ।

ਬਹਾਦਰ ਸ਼ਾਹ ਤੇ ਸਤਿਗੁਰੂ ਜੀ ਦਾ ਡੇਰਾ ਉਜੈਨ ਪੁਜ ਚੁਕਾ ਸੀ। ਉਜੈਨ ਮਹਾਰਾਜ ਬਿਕ੍ਰਮਾਜੀਤ ਦਾ ਸ਼ਹਿਰ ਹੈ। ਏਥੇ ਬਹੁਤ ਸਾਰੇ ਵੈਸ਼ਾਲ ਜੰਗਲ ਸਨ। ਬਹਾਦਰ ਸ਼ਾਹ ਨੇ ਸ਼ਿਕਾਰ ਖੇਡਣ ਦੀ ਸਲਾਹ ਕੀਤੀ ਸ਼ਿਕਾਰ ਜਾਣ ਤੋਂ ਪਹਿਲਾਂ ਐਵੇਂ ਚਰਚਾ ਹੋ ਪਈ ਕਿ ਸ਼ੇਰ ਦਾ ਸ਼ਿਕਾਰ ਤਲਵਾਰ ਨਾਲ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਨੇ ਫੁਰਮਾਇਆ ਕਿ ਇਹ ਕਿਹੜੀ ਵਡੀ ਗਲ ਹੈ ਸਭ ਕੁਝ ਹੋ ਜਾਵੇਗਾ ਤਲਵਾਰ ਨਾਲ ਸ਼ੇਰ ਮਾਰਿਆ ਜਾ ਸਕਦਾ ਹੈ।

ਦੂਸਰੇ ਰਾਜੇ ਤੇ ਸੂਰਮਿਆਂ ਨੂੰ ਨਾਲ ਲੈਕੇ ਸਤਿਗੁਰੂ ਜੀ ਤੇ ਬਹਾਦਰ ਸ਼ਾਹ ਇਕ ਵੈਸ਼ਾਲ ਜੰਗਲ ਵਿਚ ਪੁਜੇ ਜਿਥੇ ਸ਼ੇਰ ਤੇ ਸ਼ੇਰਨੀ ਰਹਿੰਦੇ ਸਨ। ਇਹ ਦੋਵੇਂ ਬਹੁਤ ਮਾਰ ਖੋਰੇ ਸਨ। ਕੋਈ ਸ਼ਿਕਾਰੀ ਹੌਂਸਲਾ ਨਹੀਂ ਸੀ ਕਰਦਾ ਕਿ ਇਹਨਾਂ ਨੂੰ ਮਾਰੇ।

ਸ਼ਿਕਾਰੀਆਂ ਦਾ ਕਾਫਲਾ ਜੰਗਲ ਵਿਚ ਪੁਜਾ ਤਾਂ ਸ਼ੇਰ ਦੀਆਂ ਭਬਕਾਂ ਦੂਰੋਂ ਹੀ ਸੁਣਾਈ ਦੇਣ ਲਗ ਪਈਆਂ। ਸਤਿਗੁਰੂ ਜੀ ਨੇ ਇੱਛਾ ਕੀਤੀ ਕਿ ਲੋਕਾਂ ਨੂੰ ਸਿੰਘਾਂ ਦਾ ਬਲ ਦਿਖਾਈਏ। ਉਨ੍ਹਾਂ ਨੇ ਆਪਣੇ ਸਿੰਘ ਭਾਈ ਰੋਸ਼ਨ ਸਿੰਘ ਨੂੰ ਹੁਕਮ ਕੀਤਾ ਕਿ ਉਹ ਸ਼ੇਰ ਨੂੰ ਮਾਰੇ। ਸਿੰਘ ਘੋੜੇ ਨੂੰ ਲੈ ਕੇ ਅਗੇ ਵਧਿਆ ਉਸਨੇ ਘੋੜੇ ਨੂੰ ਫੇਰਕੇ ਸ਼ੇਰ ਨੂੰ ਬਾਹਰ ਕਢਿਆ। ਜਦੋਂ ਸ਼ੇਰ ਆਪਣੇ ਘਰ ਵਿਚੋਂ ਨਿਕਲ ਕੇ ਬਾਹਰ ਆਇਆ ਤਾਂ ਸਿੰਘ ਘੋੜੇ ਉਤੋਂ ਉਤਰ ਬੈਠਾ। ਘੋੜੇ ਨੂੰ ਉਸਨੇ ਪਿਛੇ ਨਸਾ ਦਿਤਾ ਤੇ ਆਪ ਕ੍ਰਿਪਾਨ ਤੇ ਢਾਲ ਲੈ ਕੇ ਸ਼ੇਰ ਨਾਲ ਯੁਧ ਕਰਨ ਵਾਸਤੇ ਅਗੇ ਵਧਿਆ। ਸ਼ੇਰ ਵੀ ਕ੍ਰੋਧਵਾਨ ਹੋ ਕੇ ਅਗੋਂ ਆਇਆ। ਸ਼ੇਰ ਨੂੰ ਆਪਣੇ ਬਲ ਪੰਜਿਆਂ ਤੇ ਦੰਦਾਂ ਉਤੇ ਮਾਣ ਸੀ। ਸਿੰਘ ਨੇ ਸ਼ੇਰ ਦੀਆਂ ਅੱਖਾਂ ਵਿਚ ਅੱਖਾਂ ਪਾਈਆਂ ਧਿਆਨ ਨਾਲ ਤੱਕਿਆ ਤੇ ਸ਼ੇਰ

Sri Satguru Jagjit Singh Ji eLibrary NamdhariElibrary@gmail.com

ਨੂੰ ਵੰਗਾਰਿਆ ਕਿ ਉਹ ਉਸਤੇ ਹਮਲਾ ਕਰੇ। ਦੂਰ ਖਲੋਤੇ ਸਾਰੇ ਸ਼ਿਕਾਰੀ ਕੌਤਕ ਦੇਖਣ ਲਗੇ। ਰਾਜਪੂਤ ਕਹਿੰਦੇ ਹਨ ਇਹ ਪੁਰਸ਼ ਕਦੀ ਜੀਉਂਦਾ ਨਹੀਂ ਰਹੇਗਾ ਸ਼ੇਰ ਇਸ ਨੂੰ ਮਾਰ ਸੁਟੇਗਾ।

ਸ਼ੇਰ ਤੇ ਰੋਸ਼ਨ ਸਿੰਘ ਦਾ ਯੁਧ ਹੋਣਾ ਸੁਰੂ ਹੋਇਆ ਦੋਹਾਂ ਆਪਣੇ ਦਾਅ ਆਰੰਭੇ। ਸ਼ੇਰ ਉਛਲ ਕੇ ਪਿਆ ਤਾਂ ਸਿੰਘ ਨੇ ਢਾਲ ਨਾਲ ਰੋਕਿਆ। ਦੂਸਰਾ ਹੱਲਾ ਸ਼ੇਰ ਨੇ ਉਛਲ ਕੇ ਕੀਤਾ। ਸਿੰਘ ਨੇ ਢਾਲ ਤਾਂ ਪੰਜਿਆਂ ਤੇ ਦੰਦਾਂ ਅਗੇ ਕੀਤੀ ਅਤੇ ਆਪ ਗੋਡਿਆਂ ਭਾਰ ਹੋਕੇ ਸ਼ੇਰ ਦੇ ਸੀਨੇ ਵਿਚ ਕ੍ਰਿਪਾਨ ਖੋਭ ਦਿਤੀ। ਕ੍ਰਿਪਾਨ ਦੇ ਪੁਟਣ ਤੋਂ ਪਹਿਲਾਂ ਹੀ ਸ਼ੇਰ ਉਲਟਾ ਧਰਤੀ ਉਤੇ ਡਿਗ ਪਿਆ, ਸ਼ੇਰ ਦੇ ਭਾਰ ਨਾਲ ਕ੍ਰਿਪਾਨ ਟੁਟ ਗਈ।

ਸੇਰ ਨੂੰ ਮਰਿਆ ਦੇਖਕੇ ਬਾਦਸ਼ਾਹ ਦੇ ਤਾਂ ਹੋਸ਼ ਗੁੰਮ ਹੋ ਗਏ। ਉਸਦੇ ਮੁੰਹੋਂ ਨਿਕਲ ਗਿਆ—'ਐਨੇ ਬਲੀ ਤੇ ਦਲੇਰ ਸਿੰਘ? ਇਹ ਆਦਮੀ ਹਨ ਜਾਂ ਦਿਓ?' ਸਿਪਾਹੀਆਂ ਨੇ ਅੱਗੇ ਹੋ ਕੇ ਸ਼ੇਰ ਨੂੰ ਚੁਕਿਆ ਤੇ ਬਾਦਸ਼ਾਹ ਸਲਾਮਤ ਪਾਸ ਲਿਆਂਦਾ।

'ਆਪ ਦੇ ਸਿੰਘ ਬਹੁਤ ਬਲੀ ਹਨ। ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਆਖਿਆ।

'ਹੋਰ ਕੌਤਕ ਦੇਖੋ! ਹੁਣ ਸਿੰਘ ਸ਼ੇਰਨੀ ਨੂੰ ਜੀਉਂਦਾ ਫੜਕੇ ਆਪ ਦੇ ਪੇਸ਼ ਕਰੇਗਾ। ਇਹਨਾਂ ਸਿੰਘਾਂ ਦਾ ਹੀ ਅਸਾਂ ਨੂੰ ਮਾਣ ਹੈ। ਇਹ ਅਕਾਲ ਪੁਰਖ ਦੇ ਪੁਤ੍ਰ ਹਨ। ਇਹਨਾਂ ਦਾ ਜੀਵਨ ਜਗਤ ਭਲਾਈ ਵਾਸਤੇ ਕੁਰਬਾਨੀ ਤੇ ਧਰਮ ਕ੍ਰਿਤ ਵਾਸਤੇ ਹੈ।' ਸਤਿਗੁਰੂ ਜੀ ਦੇ ਬਚਨ ਸਨ।

ਬਹਾਦਰ ਸ਼ਾਹ ਦੇਖਦਾ ਰਿਹਾ। ਸਤਿਗੁਰੂ ਜੀ ਦਾ ਦੂਸਰਾ ਸਿੰਘ ਭਾਈ ਨਾਹਰ ਸਿੰਘ ਭੁਰਾ ਤੇ ਖੰਡਾ ਲੈ ਕੇ ਮੈਦਾਨ ਵਿਚ ਨਿਤਰਿਆ ਬਹੁਤ ਸੁੰਦਰ ਜਵਾਨ ਤੇ ਫੁਰਤੀਲੇ ਅੰਗਾਂ ਵਾਲਾ, ਉਸ ਨੇ ਜਾ ਕੇ ਸ਼ੇਰਨੀ ਨੂੰ ਲਲਕਾਰਿਆ, ਸ਼ੇਰਨੀ ਬੱਚਿਆਂ ਦੀ ਰਾਖੀ ਸੀ। ਸੇਰ ਦੇ ਮਰਨ ਦੀ ਚਿਲਕ ਸੁਣ ਕੇ ਓਹ ਆਪਣੇ (ਘੁਰਨੇ) ਵਿਚੋਂ ਬਾਹਰ ਆ ਗਈ। ਉਸ ਦੀਆਂ ਅੱਖਾਂ ਵਿਚ ਕਰੋਧ ਦੀ ਜਵਾਲਾ ਸੀ। ਉਸ ਨੇ ਪਤੀ ਦੇ ਖੂਨ ਦਾ ਬਦਲਾ ਲੈਣਾ ਸੀ

Sri Satguru Jagjit Singh Ji eLibrary NamdhariElibrary@gmail.com

ਓਹ ਅਗੇ ਵਧੀ। ਭਾਈ ਨਾਹਰ ਸਿੰਘ ਨੇ ਸ਼ੇਰਨੀ ਨੂੰ ਫੜਨ ਦਾ ਨਵਾਂ ਦਾਅ ਖੇਡਿਆ। ਉਸ ਨੇ ਭੂਰੇ ਦੀਆਂ ਦੋ ਕੰਨੀਆਂ ਪੈਰਾਂ ਦੇ ਠ ਦਬ ਲਈਆਂ ਤੇ ਦੋ ਉਪਰ ਡਾਂਗ ਵਿਚ ਅੜਾ ਕੇ ਭੂਰੇ ਨੂੰ ਤਾਣ ਲਿਆ। ਆਪ ਭੂਰੇ ਦੇ ਪਿਛਲੇ ਪਾਸੇ ਸੀ। ਜ਼ਦ ਸ਼ੇਰਨੀ ਆਈ ਤਾਂ ਉਸ ਆਉਂਦੀ ਨੇ ਉਛਲ ਕੇ ਹਮਲਾ ਕੀਤਾ ਸਿੰਘ ਨੇ ਭੂਰੇ ਦੀਆਂ ਕੰਨੀਆਂ ਛਡੀਆਂ। ਸ਼ੇਰਨੀ ਦੇ ਦੋਹਾਂ ਪੈਰਾਂ ਦੇ ਨੌਂਹ ਭੂਰੇ ਵਿਚ ਅੜ ਗਏ ਤੇ ਓਹਦੇ ਮੂੰਹ ਉਤੇ ਭੂਰਾ ਆ ਗਿਆ, ਸਿੰਘ ਨੇ ਅੱਖ ਦੀ ਫੌਰ ਵਿਚ ਖੰਡੇ ਦੀ ਹੁਝ ਨਾਲ ਸ਼ੇਰਨੀ ਨੂੰ ਦਬਾ ਕੇ ਭੂਰੇ ਦੀਆਂ ਦੂਸਰੀਆਂ ਕੰਨੀਆਂ ਫੜੀਆਂ ਤੇ ਸ਼ੇਰਨੀ ਨੂੰ ਪੰਡ ਵਾਂਗ ਭੂਰੇ ਵਿਚ ਵਲੇਟ ਲਿਆ, ਭੂਰੇ ਵਿਚ ਹੀ ਸ਼ੇਰਨੀ ਭਬਕਾਂ ਮਾਰਨ ਲਗੀ, ਉਸ ਵੇਲੇ ਓਹ ਸ਼ਾਇਦ ਰੋ ਰਹੀ ਸੀ ਕਿ ਉਹ ਕਾਬੂ ਹੋ ਗਈ, ਕੋਈ ਉਸਨੂੰ ਬਚਾਵੇ, ਓਹਦੇ ਬਚੇ ਪਿਛੇ ਸਨ।

ਸਿੰਘ ਨੇ ਪਹਿਲਾਂ ਡਾਂਗ ਨਾਲ ਸ਼ੇਰਨੀ ਦੇ ਹੰਕਾਰ ਨੂੰ ਤੋੜਿਆ ਫਿਰ ਚੁਕਕੇ ਬਾਦਸ਼ਾਹ ਦੇ ਕੋਲ ਲੈ ਆਇਆ, ਇਹ ਬਹਾਦਰੀ ਦੇਖਕੇ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਸ ਸਿੰਘ ਨੂੰ ਇਨਾਮ ਦਿਤਾ ਜਾਵੇ ਪਰ ਭਾਈ ਨਾਹਰ ਸਿੰਘ ਜੀ ਨੇ ਇਨਾਮ ਲੈਣ ਤੋਂ ਇਨਕਾਰ ਕਰਦਿਆਂ ਹੋਇਆਂ ਆਖਿਆ— 'ਮੈਨੂੰ ਇਨਾਮ ਦੀ ਲੋੜ ਨਹੀਂ ਮੇਰੇ ਸਤਿਗੁਰੂ ਜੀ ਨੇ ਮੈਨੂੰ ਬਹੁਤ ਕੁਝ ਬਖਸ਼ਿਆ ਹੈ। ਕਿਸੇ ਵਸਤੂ ਦੀ ਲੋੜ ਨਹੀਂ। ਰਿਧੀਆਂ ਸਿਧੀਆਂ ਬਖਸ਼ੀਆਂ ਹਨ। ਮਾਇਆ ਨਾਸ਼ਾਨੀ ਦੀ ਸਿੰਘਾਂ ਨੂੰ ਲੋੜ ਨਹੀਂ, ਇਹ ਤਾਂ ਸਿੰਘਾਂ ਦੀ ਚਰਨ ਸੇਵਕ ਹੈ।' ਇਹਨਾਂ ਦੇ ਤਿਆਗ ਦੇ ਬਚਨਾਂ ਨੂੰ ਸੁਣ ਕੇ ਬਹਾਦਰ ਸ਼ਾਹ ਦੀ ਪ੍ਰਸੰਨਤਾ ਵਿਚ ਹੋਰ ਵਾਧਾ ਹੋ ਗਿਆ।

ਰਾਜਪੂਤਾਂ ਤੇ ਮੁਗਲਾਂ ਨੂੰ ਤੀਰਾਂ ਦਾ ਬਹੁਤ ਅਭਿਮਾਨ ਸੀ, ਪਰ ਓਹਨਾਂ ਨੇ ਸੁਣਿਆਂ ਕਿ ਸਤਿਗੁਰੂ ਜੀ ਅਰਜਨ ਤੇ ਭੀਮ ਵਾਂਗ ਤੀਰ ਚਲਾਉਂਦੇ ਹਨ। ਉਨ੍ਹਾਂ ਨੇ ਸਾਹਿਬਾਂ ਅਗੇ ਬੇਨਤੀ ਕੀਤੀ ਕਿ ਖੁਲ੍ਹੀ ਥਾਂ ਤੇ ਤੀਰ ਚਲਾਏ ਜਾਣ, ਮੁਕਾਬਲੇ ਹੋਵੇ। ਬਹਾਦਰ ਸ਼ਾਹ ਨੂੰ ਚੰਗਾ ਸ਼ੁਗਲ ਸੁਝਿਆ, ਉਸਨੇ ਇਨਾਮੀ ਖੇਡਾਂ ਰਖ ਦਿਤੀਆਂ। ਦਰਿਆ ਦੇ ਕਿਨਾਰੇ ਖੁਲੇ ਮੈਦਾਨ ਵਿਚ ਜਾ ਬੈਠੇ,

Sri Satguru Jagjit Singh Ji eLibrary NamdhariElibrary@gmail.com

ਰਾਜਪੂਤ ਰਾਜੇ ਤੇ ਮੁਗਲ ਸੂਰਮੇ ਧਨੁਖ ਬਾਣ ਲੈ ਕੇ ਅਗੇ ਵਧੇ, ਸਾਰਿਆਂ ਨੇ ਤੀਰ ਚਲਾਏ ਬਹੁਤ ਦੂਰ ਤਕ ਤੀਰ ਗਏ ਸਨ ਸਭ ਤੋਂ ਪਿਛੋਂ ਸਤਿਗੁਰੂ ਜੀ ਨੇ ਧਨੁਖ ਫੜਿਆ ਤੇ ਤੀਰ ਛਡਿਆ। ਉਹ ਤੀਰ ਹਵਾ ਨੂੰ ਮਖੌਲ ਕਰਦਾ ਹੋਯਾ ਦੂਸਰਿਆਂ ਦੇ ਤੀਰ ਨਾਲੋਂ ਅੱਧ ਮੀਲ ਅਗੇ ਜਾ ਪਿਆ, ਸਾਰੇ ਜ਼ੋਰ ਲਾ ਲਾ ਥਕ ਗਏ, ਪਰ ਕਿਸੇ ਦਾ ਤੀਰ ਉਥੇ ਨਾ ਪੁਜਾ। ਪੁਜ ਸਕਦਾ ਵੀ ਨਹੀਂ ਸੀ, ਕਿਉਂਕਿ ਤੀਰ ਚਲਾਉਣ ਵਿਚ ਉਸ ਸਮੇਂ ਸਾਰੇ ਭਾਰਤ ਵਿਚ ਕੋਈ ਨਹੀਂ ਸੀ ਸਾਰੇ ਸ਼ਰਮਿੰਦੇ ਹੋਏ ਤੇ ਸਾਰਿਆਂ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ, ਸਾਹਿਬਾਂ ਨੇ ਉਹਨਾਂ ਨੂੰ ਉਪਦੇਸ਼ ਦਿਤਾ।

੧੬. ਸਤਿਗੁਰੂ ਜੀ ਤੇ ਬਹਾਦਰ ਸ਼ਾਹ ਦਾ ਅੱਡ ਹੋਣਾ

ਉਜੈਨ ਤੋਂ ਤੁਰਕੇ ਬਹਾਦਰ ਸ਼ਾਹ ਦਾ ਡੇਰਾ ਬੁਰਹਾਨ ਪੁਰ ਪੁਜਾ ਤਾਂ ਏਥੋਂ ਬਹਾਦਰ ਸ਼ਾਹ ਨਾਗਪੁਰ ਨੂੰ ਚਲਿਆ ਗਿਆ, ਬਹਾਦਰ ਸ਼ਾਹ ਦਾ ਮਨੋਰਥ ਪੂਰਾ ਹੋ ਗਿਆ ਸੀ, ਉਹ ਸਤਿਗੁਰੂ ਜੀ ਨੂੰ ਪੰਜਾਬ ਤੋ ਬਾਹਰ ਲਿਜਾਣਾ ਚਾਹੁੰਦਾ ਸੀ ਸੋ ਬਹੁਤ ਦੂਰ ਲੈ ਆਇਆ। ਹੁਣ ਲੋੜ ਮਹਿਸੂਸ ਨਾ ਹੋਈ ਕਿ ਗੁਰੂ ਜੀ ਨਾਲ ਰਹਿਣ, ਨਾ ਬਹਾਦਰ ਸ਼ਾਹ ਨੇ ਜ਼ੋਰ ਲਾਇਆ ਕਿ ਸਤਿਗੁਰੂ ਜੀ ਉਸ ਦੇ ਨਾਲ ਰੋਲ ਕੰਡਾ ਜਾਣ ਤੇ ਨਾ ਸਤਿਗੁਰੂ ਜੀ ਨੇ ਹੀ ਨਾਲ ਜਾਣ ਦੀ ਇਛਾ ਪ੍ਰਗਟ ਕੀਤੀ।

ਸਾਹਿਬਾਂ ਨੂੰ ਵੀ ਚੰਗੀ ਤਰਾਂ ਪਤਾ ਲਗ ਗਿਆ ਬਹਾਦਰ ਸ਼ਾਹ ਪੰਜਾਬ ਦੇ ਹਾਕਮਾਂ ਨੂੰ ਨਹੀਂ ਸੀ ਸੋਧ ਸਕਦਾ ਉਹ ਡਰਦਾ ਸੀ। ਇਸ ਵਾਸਤੇ ਕੋਈ ਲੋੜ ਨਹੀਂ ਸੋਧਣ ਵਾਸਤੇ ਕਹਿਣ ਦੀ, ਅਕਾਲ ਪੁਰਖ ਕੋਈ ਹੋਰ ਹੀ ਢੰਅ ਬਣਾਵੇਗਾ, ਤੇਰਾਂ ਮਹੀਨਿਆਂ ਪਿਛੋਂ ਬਹਾਦਰ ਸ਼ਾਹ ਤੇ ਸਤਿਗੁਰੂ ਜੀ ਇਕ ਦੂਸਰੇ ਤੋਂ ਅੱਡ ਹੋਏ, ਦੋਹਾਂ ਦੇ ਰਾਹ ਵਖਰੇ ਸਨ, ਜੀਵਨ ਨਿਸ਼ਾਨਾ ਵਖਰਾ ਸੀ ਇਹ ਮੇਲ ਕਿਵੇਂ ਰਹਿ ਸਕਦਾ ਸੀ।

ਬੁਰਹਾਨਪੁਰ ਕਦੀ ਸਤਿਗੁਰੂ ਨਾਨਕ ਦੇਵ ਜੀ ਆਏ ਸਨ, ਉਨ੍ਹਾਂ ਸਿੱਖੀ ਦੀ ਜਾਗ ਲਾਈ ਹੋਈ ਸੀ, ਇਕ ਆਲੀਸ਼ਾਨ ਧਰਮਸਾਲਾ ਬਣੀ ਹੋਈ

Sri Satguru Jagjit Singh Ji eLibrary NamdhariElibrary@gmail.com

ਸੀ, ਉਸ ਧਰਮਸਾਲਾ ਵਿਚ ਹਰ ਰੋਜ ਸਤਿਸੰਗ ਹੋਇਆ ਕਰਦਾ ਸੀ। ਉਥੋਂ ਦੇ ਸਤਸੰਗੀਆਂ ਨੂੰ ਪਤਾ ਲਗ ਗਿਆ ਕਿ ਸਤਿਗੁਰੂ ਨਾਨਕ ਜੀ ਦੇ ਦਸਵੇਂ ਰੂਪ ਏਥੇ ਆਏ ਹਨ। ਓਸੇ ਵੇਲੇ ਓਹ ਹੁਮ ਹੁਮਾ ਕੇ ਸਤਿਗੁਰੂ ਜੀ ਦੇ ਕੋਲ ਪੁਜੇ, ਦਰਸ਼ਨ ਕਰਕੇ ਨਿਹਾਲ ਹੋਏ। ਚਰਨ ਕਵਲਾਂ ਈ ਧੂੜੀ ਲੈ ਕੇ ਅਖਾਂ ਤੇ ਮਥੇ ਨੂੰ ਲਾਈ, ਹਿਰਦੇ ਨੂੰ ਸ਼ਾਂਤੀ ਆ ਗਈ ਉਹਨਾਂ ਨੂੰ ਏਹੋ ਹੀ ਨਜ਼ਰ ਆਯਾ ਕਿ ਸਤਿਗੁਰੂ ਜੀ ਪ੍ਰਤੱਖ ਸਤਿਗੁਰੂ ਨਾਨਕ ਦੇਵ ਜੀ ਦਾ ਰੂਪ ਹਨ। ਢੋਲਕੀਆਂ ਛੈਣਿਆਂ ਨਾਲ ਗੁਰੂ ਜਸ ਕਰਦੇ ਹੋਇ ਸਾਹਿਬਾਂ ਨੂੰ ਧਰਮਸਾਲਾ ਵਿਚ ਲੈ ਆਏ, (ਇਸ ਧਰਮਸਾਲਾ ਦਾ ਨਾਮ ਅੱਜ ਕਲ 'ਹਨੀ ਸਿੰਘ ਦਾ ਮੰਦਰ' ਅਖਵਾਉਂਦਾ ਹੈ (ਉਸ ਧਰਮਸਾਲਾ ਵਿਚ ਉਦਾਸੀ ਸਾਧੂ ਰਹਿੰਦਾ ਸੀ, ਉਹ ਚੰਗਾ ਧਰਮੀ ਨੇਮੀ ਤੇ ਭਜਨ ਬੰਦਗੀ ਵਾਲਾ ਬੰਦਾ ਸੀ। ਇਸ ਧਰਮਸਾਲਾ ਵਿਚ ਸਤਿਗੁਰੂ ਜੀ ਸਤਿਸੰਗੀਆਂ ਨੂੰ ਉਪਦੇਸ਼ ਕਰਦੇ ਰਹੇ।

੨੦. ਜੀਵਨਦਾਸ-ਜੋਗੀ ਨੇ ਸਤਿਗੁਰੂ ਜੀ ਪਾਸ ਆਣਾ

ਬੁਰਹਾਨਪੁਰ ਸ਼ਹਿਰ ਦੇ ਦੂਰ ਨਦੀ ਦੇ ਕਿਨਾਰੇ ਇਕ ਜੀਵਨਦਾਸ ਜੋਗੀ ਰਹਿੰਦਾ ਸੀ ਉਸਦੀ ਉਮਰ ਬਹੁਤ ਵਡੇਰੀ ਸੀ ਜਦ ਗੁਰੂ ਤੇਗ ਬਹਾਦਰ ਜੀ ਆਸਾਮ ਨੂੰ ਗਏ ਸਨ ਤਦ ਇਹ ਸਾਹਿਬਾਂ ਦੇ ਨਾਲ ਰਿਹਾ ਸੀ। ਜੋਗੀ ਰਾਜ ਹੋਣ ਦੇ ਨਾਲ ਨਾਲ ਇਹ ਚੰਗਾ ਉਪਦੇਸ਼ਕ ਸੀ, ਸਤਿਗੁਰਾਂ ਦੀ ਬਾਣੀ ਨਾਲ ਬਹੁਤ ਪਰੇਮ ਕਰਦਾ ਸੀ ਗੁਰੂ ਨਾਨਕ ਦੇਵ ਜੀ ਦੀ ਬਾਣੀ (ਜਪੁਜੀ ਸਾਹਿਬ) ਦੀਆਂ ਪਉੜੀਆਂ ਦੇ ਜਪ ਕਰਕੇ ਸਿਧੀ ਪ੍ਰਾਪਤ ਕੀਤੀ ਹੋਈ ਸੀ।

ਜੀਵਨ ਦਾਸ ਨੂੰ ਕਿਸੇ ਨੇ ਜਾ ਆਖਿਆ—'ਜੋਗੀ ਰਾਜ ਜੀ! ਇਕ ਮਹਾਂ ਪੁਰਖ ਆਏ ਹਨ, ਓਹਨਾਂ ਨੂੰ ਲੋਕ 'ਗੁਰੂ ਗੋਬਿੰਦ ਸਿੰਘ ਜੀ' ਆਖਦੇ ਹਨ ਤੇ ਕਹਿੰਦੇ ਹਨ ਕਿ ਆਪ ਗੁਰੂ ਨਾਨਕ ਦੇਵ ਜੀ ਦੀ ਗੁਰ ਗੱਦੀ ਦੇ ਵਾਰਸ ਹਨ। ਸੰਤ ਮਹਾਤਮਾ ਹੋਣ ਦੇ ਨਾਲ ਪਿਛਲੇ ਅਵਤਾਰਾਂ ਵਾਂਗ ਸਸਤ੍ਰ ਅਸਤ੍ਰ ਵੀ ਧਾਰਨ ਕਰਦੇ ਹਨ। ਥੋਹੜੇ ਜਿਹੇ ਯੋਧੇ ਓਹਨਾਂ ਦੇ ਨਾਲ ਹਨ ਓਹਨਾਂ ਦੀ ਮਹਿਮਾ ਬਹੁਤ ਹੈ। ਧਰਮਸਾਲਾ ਵਿਚ ਡੇਰਾ ਹੈ। ਸੈਂਕੜੇ ਜੀ ਆਉਂਦੇ ਤੇ

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕਰਕੇ ਜਾਂਦੇ ਹਨ।

ਇਹ ਬਚਨ ਸੁਣਦਿਆਂ ਜੋਗੀ ਰਾਜ ਦਾ ਸਰੀਰ ਰਤਾ ਕੁ ਕੰਬਿਆ, ਸੁਰਤ ਜਾਗੀ, ਸੁਰਤ ਨੇ ਲਭ ਲਿਆ—ਆਹ! ਓਹੋ ਪ੍ਰੀਤਮ ਆਯਾ ਹੈ ਜਿਸ ਦੇ ਦਰਸ਼ਨ ਕਰਨ ਦੀ ਇਛਾ ਸੀ; ਸਤਿਗੁਰੂ ਨਾਨਕ ਦੇਵ ਜੀ ਦਾ ਰੂਪ, ਨਹੀਂ ਨਹੀਂ ਉਨਾਂ ਦੀ ਪ੍ਰਤੱਖ ਰੂਹ ਕਲਜੁਗ ਦੇ ਅਵਤਾਰ, ਪਤਿਤ ਪਾਵਨ, ਦਾਤਾਰ, ਕਲਜੁਗ ਦੇ ਬੋਹਥ ਭਵ ਸਾਗਰ ਤੋਂ ਪਾਰ ਕਰਨ ਵਾਲੇ! ਮੈਂ ਹੁਣੇ ਚਲਦਾ ਹਾਂ ਦਰਸ਼ਨ ਕਰਕੇ ਦਿਲ ਦੀ ਬੇਚੈਨੀ ਦੂਰ ਕਰਦਾ ਹਾਂ। ਮੈਂ ਦੇਖ ਲਿਆ ਓਹੋ ਹਨ ਓਹੋ ਜਿਹਨਾਂ ਦੇ ਦਰਸ਼ਨ ਤਦੋਂ ਕਾਤੇ ਸਨ, ਜਦੋਂ ਆਪ ਬਾਲ ਰੂਪ ਵਿਚ ਪਟਨੇ ਸਨ। ਨਿਰਾ ਰੂਪ ਅਰੂਪ ਮਹਾਤਮਾ ਦੀ ਸ਼ਕਤੀ ਰੂਪਵਾਨ। ਜਿਹਨਾਂ ਦੇ ਪ੍ਰਗਟ ਸਮੇਂ ਦੇਵਤਿਆਂ ਨੇ ਖੁਸ਼ੀਆਂ ਮਨਾਈਆਂ ਸਨ, ਸਾਰਾ ਦੇਸ ਨਿਹਾਲ ਹੋ ਗਿਆ ਸੀ, ਦੁਸਟਾਂ ਪਾਪੀਆਂ ਤੇ ਜ਼ਾਲਮਾਂ ਦੇ ਹਿਰਦੇ ਕੰਬੇ ਸਨ। ਆ ਗਿਆ। ਮਾਹੀ ਪਿਆਰਾ ਪ੍ਰੀਤਮ।'

ਇਉਂ ਆਖਦਾ ਹੋਯਾ ਜੋਗੀਰਾਜ ਆਸਣ ਤੋਂ ਉਠਿਆ, ਉਸਨੇ ਕੁਟੀਆ ਦੇ ਕਵਾੜ ਬੰਦ ਕੀਤੇ ਆਸਣ ਨੂੰ ਇਕੱਠਿਆਂ ਨਹੀਂ ਕੀਤਾ, ਪਉਏ ਪਾਣ ਦਾ ਖਿਆਲ ਨਹੀਂ ਰਿਹਾ। ਝਟ ਪਟ ਬਹੁਤ ਕਾਹਲੀ ਨਾਲ ਓਹ ਸ਼ਹਿਰ ਨੂੰ ਨੱਠ ਉਠਿਆ, ਕਾਹਲੀ ੨ ਜਾ ਰਿਹਾ ਸੀ, ਸੁਰਤ ਗੁਰੂ ਜੀ ਦੇ ਚਰਨਾਂ ਨਾਲ ਜੁੜ ਗਈ ਸੀ, ਰਾਹ ਵਿਚ ਕਈ ਮਿਲੇ ਕਿਸੇ ਨਮਸਕਾਰ ਕੀਤੀ, ਕਿਸੇ ਕੋਈ ਬਚਨ ਕੀਤਾ। ਕਿਸੇ ਪੁਛਿਆ—'ਮਹਾਰਾਜ! ਕਿਧਰ ਪਧਾਰ ਰਹੇ ਹੋ ਪਰ ਜੋਗੀਰਾਜ ਨੇ ਕਿਸੇ ਨੂੰ ਕੋਈ ਉਤਰ ਨਾ ਦਿਤਾ। ਉਹ ਆਪਣੀ ਚਾਲੇ ਤੁਰਿਆ ਗਿਆ, ਓਹਦੀ ਜ਼ਬਾਨ ਆਖਦੀ ਜਾਂਦੀ ਸੀ—'ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ! ਮੇਰਾ ਪ੍ਰੀਤਮ! ਓਹ ਧਰਮਸਾਲਾ ਦੇ ਬੂਹੇ ਅਗੇ ਜਾ ਖਲੋਤਾ।

ਅੰਤ੍ਰਜਾਮੀ ਸਤਿਗੁਰੂ ਜੀ ਨੇ ਬ੍ਰਹਮ ਸ਼ਕਤੀ ਨਾਲ ਦੇਖਿਆ ਕਿ ਓਹਦਾ ਪਰੇਮੀ ਆ ਰਿਹਾ ਹੈ। ਪਿਆਰ ਨੂੰ ਪਿਆਰ ਮਿਲਣ ਵਾਸਤੇ ਉਠਦਾ ਹੈ ਅਗੇ ਹੋ ਕੇ ਮਿਲਦਾ ਹੈ। ਉਸ ਵੇਲੇ ਪਿਆਰੇ ਨੇ ਬੇਨਤੀ ਨੂੰ ਪ੍ਰਵਾਨ ਕੀਤਾ ਸਤਿਗੁਰੂ ਜੀ ਆਸਣ ਤੋਂ ਉਠ ਬੈਠੇ, ਸੰਗਤ ਹੈਰਾਨ ਸੀ ਕਿ ਸਾਹਿਬ ਕਿਧਰ ਨੂੰ ਚਲੇ

Sri Satguru Jagjit Singh Ji eLibrary NamdhariElibrary@gmail.com

ਹਨ, ਉਠ ਕੇ ਧਰਮਸਾਲਾ ਦੇ ਵੇਹੜੇ ਵਿਚ ਪੁਜੇ, ਉਥੇ ਜੋਗੀ ਰਾਜ ਨਾਲ ਮੇਲ ਹੋ ਗਿਆ।

ਬ੍ਰਿਧ ਜੋਗੀਰਾਜ ਸਤਿਗੁਰੂ ਜੀ ਦੇ ਚਰਨਾਂ ਪਰ ਡਿਗ ਪਿਆ ਡੰਡਵਤ ਕਰਕੇ ਲੰਮਾ ਪੈ ਗਿਆ, ਲੰਮਾ ਪੈ ਕੇ ਉਸਨੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਚਰਨ ਧੂੜ ਅੱਖਾਂ ਨਾਲ ਲਾਈ, ਮਥੇ ਨੂੰ ਚਰਨਾਂ ਉਪਰ ਰਖਿਆ ਬਸ ਫਿਰ ਕੀ ਸੀ, ਸਾਹਿਬਾਂ ਨੇ ਝੁਕ ਕੇ ਆਪਣੇ ਸੇਵਕ ਨੂੰ ਉਠਾ ਲਿਆ, ਉਪਰ ਉਠ ਕੇ ਗਲ-ਵਕੜੀ ਵਿਚ ਲਿਆ ਤੇ ਬੇਨਤੀ ਕੀਤੀ—'ਪ੍ਰਨਾਮ ਤਾਂ ਅਸਾਂ ਕਰਨਾ ਸੀ ਤੁਸੀਂ ਬਜ਼ੁਰਗ, ਮਹਾਂ ਜੋਗੀ, ਤੁਸਾਂ ਪਿਤਾ ਜੀ ਦੀ ਸੇਵਾ ਕੀਤੀ ਹੈ ਧੰਨ ਜਨਮ ਤੁਸਾਂ ਦਾ ਹੈ।' ਸਤਿਗੁਰੂ ਜੀ ਨੇ ਬਚਨ ਕੀਤਾ।

ਮੈਂ ਵਾਰੀ ! ਮੈਂ ਘੋਲੀ ਜਾਵਾਂ, ਇਨ੍ਹਾਂ ਬਚਨਾਂ ਤੋਂ; ਨਿੰਮ੍ਰਤਾ ਤੋਂ ਪਿਆਰ ਤੋਂ ਮੇਰੇ ਪ੍ਰੀਤਮਾ, ਮੈਂ ਤਾਂ ਦਰਸ਼ਨਾਂ ਵਾਸਤੇ ਤੜਪਦਾ ਸਾਂ ਉਡੀਕ ਕਰਦਾ ਸਾਂ ਮੇਰੇ ਧੰਨ ਭਾਗ ਅੱਜ ਦਰਸ਼ਨ ਹੋ ਗਏ।

ਸਤਿਗੁਰੂ ਜੀ ਜੋਗੀਰਾਜ ਨੂੰ ਦੀਵਾਨ ਵਿਚ ਲੈ ਗਏ, ਜੋਗੀ ਰਾਜ ਨੂੰ ਦਰਸ਼ਨ ਕਰਨ ਆਇਆਂ ਦੇਖਕੇ ਬੁਰਹਾਨਪੁਰ ਦੇ ਲੋਕ ਬਹੁਤ ਹੈਰਾਨ ਹੋਏ, ਐਡਾ ਵਡਾ ਜੋਗੀ ਜਿਨ੍ਹਾਂ ਦੇ ਦਰਸ਼ਨ ਕਰਨ ਆਇਆ ਹੈ ਇਹ ਜ਼ਰੂਰ ਕੋਈ ਵਡੇ ਮਹਾਂ ਪੁਰਖ ਹਨ। ਇਉਂ ਸਤਿਗੁਰੂ ਜੀ ਦੀ ਸੋਭਾ ਹੋਰ ਵਧ ਗਈ ਲੋਕ ਦਰਸ਼ਨ ਕਰਨ ਆਉਣ ਲਗੇ, ਸੇਵਾ ਵਧ ਚੜ੍ਹਕੇ ਹੋਣ ਲੱਗੀ, ਜੋਗੀ ਰਾਜ ਜੀ ਨੂੰ ਸਾਹਿਬਾਂ ਨੇ ਨਿਹਾਲ ਕਰ ਦਿਤਾ। ਉਹਨਾਂ ਦਾ ਜਨਮ ਮਰਨ ਦਾ ਗੇੜ ਕੱਟਕੇ ਜੀਵਨ ਮੁਕਤ ਕਰ ਦਿਤਾ, ਜੋਗੀ ਰਾਜ ਸੇਵਾ ਕਰਦਾ ਰਿਹਾ।

੨੧. ਜੈਤਰਾਮ ਨਾਲ ਬਚਨ ਬਿਲਾਸ

ਵਾਹਿਗੁਰੂ ਦੀ ਕ੍ਰਿਪਾ ਨਾਲ ਇਹ ਗੱਲ ਅਟੱਲ ਰਹੀ ਹੈ ਕਿ ਜਿਸੀ ਵੀ ਇਸਤ੍ਰੀ ਪੁਰਸ਼ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਲਏ ਉਹੋ ਹੀ ਸਦਾ ਵਾਸਤੇ ਸਤਿਗੁਰੂ ਜੀ ਦਾ ਹੋ ਗਿਆ, ਉਹ ਸਾਹਿਬਾਂ ਨੂੰ ਜੀਉਂਦੇ ਜੀ ਨਹੀਂ ਭੁਲਿਆ। ਜੇਤੂ ਰਾਮ ਦਾਦੂ ਦੇ ਡੇਰੇ ਦਾ ਮਹੰਤ ਸੀ, ਸਤਿਗੁਰੂ ਜੀ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਮਿਲਕੇ ਅਗੇ ਨਿਕਲ ਆਏ ਪਰ ਉਸਦਾ ਚਿਤ ਡੇਰੇ ਬੈਠਣ ਨੂੰ ਨਾ ਕੀਤਾ। ਉਹ ਸਾਹਿਬਾਂ ਦੇ ਪਿਛੇ ਆ ਗਿਆ, ਓਸ ਨੇ ਲਭਦਿਆਂ ਲਭਦਿਆਂ ਬੁਰਹਾਨ ਪੁਰ ਦੀ ਧਰਮਸਾਲਾਂ ਵਿਚ ਸਤਿਗੁਰੂ ਜੀ ਨੂੰ ਲਭ ਹੀ ਲਿਆ।

ਸਤਿਗੁਰੂ ਜੀ ਅਜੇ ਬਜ਼ੁਰਗ ਜੋਗੀ ਰਾਜ ਦੇ ਕੋਲ ਹੀ ਬੈਠੇ ਸਨ ਕਿ ਜੈਤਰਾਮ ਆ ਪੁਜਾ, ਉਸ ਨੇ ਨਮਸਕਾਰ ਕੀਤੀ। ਸਾਹਿਬਾਂ ਨੇ ਸੁਖ ਸਾਂਦ ਪੁਛੀ ਤੇ ਆਉਣ ਦਾ ਕਾਰਣ ਪੁਛਿਆ, ਉਸ ਪੁਛ ਦਾ ਉਤਰ ਓਸਨੇ ਇਉਂ ਦਿਤਾ—'ਮਹਾਰਾਜ ! ਆਇਆਂ ਹਾਂ ਆਪ ਦੇ ਦਰਸ਼ਨਾਂ ਵਾਸਤੇ ਬਿਨਾਂ ਦਰਸ਼ਨਾਂ ਤੋਂ ਹੋਰ ਕੋਈ ਇਛਾ ਨਹੀਂ ਨਾ ਮੈਂ ਗ੍ਰਿਹਸਤੀ ਹਾਂ ਨਾ ਸੁਦਾਗਰ ਤੇ ਨਾ ਹੀ ਰਾਜਾ। ਇਸ ਵਾਸਤੇ ਦੁਨੀਆਂ ਦੀ ਗਰਜ਼ ਕੋਈ ਨਹੀਂ ਇਹੋ ਇਛਾ ਹੈ ਕਿ ਭਜਨ ਕਰਦਿਆਂ ਹੋਇਆਂ ਮਾਤ ਲੋਕ ਨੂੰ ਛਡਿਆ ਜਾਵੇ ਪਰ ਆਪ ਜੀ ਦੇ ਦਰਸ਼ਨਾਂ ਦੀ ਤੜਪ ਏਥੇ ਲੈ ਆਈ ਹੈ। ਜਿਵੇਂ ਮਛਲੀ ਪਾਣੀ ਤੋਂ ਬਿਨਾਂ ਵਿਆਕੁਲ ਹੋ ਜਾਂਦੀ ਹੈ ਤਿਵੇਂ ਮੈਂ ਆਪ ਦੇ ਆਉਣ ਪਿਛੋਂ ਵਿਆਕੁਲ ਹੋ ਗਿਆ। ਦਇਆ ਕਰੋ, ਮੇਹਰ ਕਰੋ ! ਸ਼ਾਂਤੀ ਬਖਸੋ !'

ਸਤਿਗੁਰੂ ਜੀ ਨੇ ਜੈਤਰਾਮ ਨੂੰ ਸਤਿ ਮਾਰਗ ਨਿਰਲੇਪਤਾ ਦੇ ਸਮਦ੍ਰਿਸ਼ਟੀ ਅਤੇ ਭਜਨ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਇਸ ਦੇ ਪਿਛੋਂ ਬਚਨ ਬਿਲਾਸ ਹੁੰਦੇ ਰਹੇ। ਗਲਾਂ ਬਾਤਾਂ ਵਿਚ ਜੈਤਰਾਮ ਨੇ ਸਾਹਿਬਾਂ ਨੂੰ ਪੁਛਿਆ ਕਿ ਉਨ੍ਹਾਂ ਅਗੇ ਕਿਧਰ ਨੂੰ ਜਾਣਾ ਹੈ ? ਇਸ ਪੁਛ ਦਾ ਉਤਰ ਦੇਂਦਿਆਂ ਹੋਇਆਂ ਸਾਹਿਬਾਂ ਨੇ ਫੁਰਮਾਇਆ—'ਖਿਆਲ ਹੈ ਨਦੀ ਗੁਦਾਵਰੀ ਤੋਂ ਪਾਰ ਜਾਈਏ। ਦੱਖਣ ਦੇ ਜੋ ਤੀਰਥ ਹਨ ਉਨ੍ਹਾਂ ਨੂੰ ਭੀ ਦੇਖਾਂਗੇ। ਏਧਰ ਤੀਰਥ ਬਹੁਤ ਹਨ। ਸਤਿਗੁਰੂ ਨਾਨਕ ਦੇਵ ਜੀ ਵੀ ਏਧਰ ਆਏ ਸਨ, ਉਨ੍ਹਾਂ ਦਾ ਲਾਇਆ ਹੋਇਆ ਸਿਖੀ ਦਾ ਬਾਗ ਵੀ ਕਿਤੇ ਕਿਤੇ ਹੈ। ਜਿਸ ਬਾਗ ਨੂੰ ਸੁਣਿਆਂ ਹੈ ਉਦਾਸੀ ਸਾਧੂ ਪਾਲ ਰਹੇ ਹਨ ਚੰਦਨ ਦੇ ਬਨ ਦੇਖਣ ਦੀ ਵੀ ਇਛਾ ਹੈ। ਅਗੇ ਅਕਾਲ ਪੁਰਖ ਨੂੰ ਜੋ ਭਾਵੇ ਕਿਉਂਕਿ ਓਸ ਦੇ ਹੁਕਮ ਨਾਲ ਹੀ ਸਭ ਕੁਝ ਹੁੰਦਾ ਹੈ ਜੀਵ ਦੇ ਹਥ ਵਸ ਕੀ ਹੈ ? ਹਾਂ ਮਰਹੱਟਿਆਂ ਦੇ ਆਗੂ ਵੀ ਮਿਲਣਾ ਚਾਹੁੰਦੇ ਹਨ ਉਨ੍ਹਾਂ ਨਾਲ ਵੀ ਸ਼ਾਇਦ ਮੇਲ ਹੋ ਜਾਵੇ। ਮੁਗਲ ਬਾਦਸ਼ਾਹ ਦਿਲ ਦਾ

Sri Satguru Jagjit Singh Ji eLibrary NamdhariElibrary@gmail.com

ਖੋਟਾ ਨਿਕਲਿਆ ਹੈ। ਉਸਨੇ ਜੋ ਅਸਾਂ ਨਾਲ ਕੌਲ ਇਕਰਾਰ ਕੀਤੇ ਸਨ, ਓਹ ਪੂਰੇ ਨਹੀਂ ਕੀਤੇ ਖੋਟੀ ਨੀਤ ਨਾਲ ਏਧਰ ਆ ਗਿਆ। ਇਸ ਕੁਟਿਲਤਾ ਦਾ ਕੀਤਾ ਪਾਵੇਗਾ। ਸਮਾ ਆਉਣ ਵਾਲਾ ਹੈ, ਜਦੋਂ ਇਨ੍ਹਾਂ ਦੁਸ਼ਟਾਂ ਨੂੰ ਆਪਣੇ ਪਾਪ ਯਾਦ ਆਉਣਗੇ।

ਜੈਤਰਾਮ—'ਮਹਾਰਾਜ ! ਤੁਰਕ ਦਾ ਬਚਨ ਕਦੀ ਸਚਾ ਨਹੀਂ ਹੋ ਸਕਦਾ ਇਹ ਝੂਠੇ ਹਨ।'

ਸਤਿਗੁਰੂ ਜੀ—'ਸਾਰੀ ਕੌਮ ਝੂਠੀ ਨਹੀਂ, ਕਈ ਤੁਰਕ ਸਚੇ ਤੇ ਈਮਾਨ ਦਾਰ ਵੀ ਹਨ ਪਰ ਇਹ ਜੋ ਹਾਕਮ ਹਨ ਇਹ ਮਾੜੇ ਹਨ ਕਿਉਂਕਿ ਪਾਪ ਝੂਠ ਤੇ ਖ਼ੂਨ ਕਰਨਾ ਇਹਨਾਂ ਨੂੰ ਵਿਰਸੇ ਵਿਚ ਮਿਲਿਆ ਹੈ। ਖੈਰ, ਅਸੀਂ ਤਾਂ ਇਕੋ ਗਲ ਜਾਣਦੇ ਹਾਂ ਕਿ ਜੀਵ ਆਪਣੇ ਕੀਤੇ ਦਾ ਫਲ ਪਾਉਂਦੇ ਹਨ।

ਜੈਤਰਾਮ—ਹਾਂ ! ਜੇ ਦਖਣ ਵਿਚ ਦਰਿਆ ਗੋਦਾਵਰੀ ਦੇ ਕਿਨਾਰੇ ਵਸਦੇ ਨਗਰ ਨਦੇੜ ਵਲ ਜਾਵੋ ਤਾਂ ਇਕ ਗਲ ਦਾ ਖਿਆਲ ਰਖਣਾ।'

ਸਤਿਗੁਰੂ ਜੀ—ਕਿਸ ਗਲ ਦਾ ?

ਜੈਤਰਾਮ ਜੀ ! ਉਥੇ ਇਕ ਸਾਧੂ ਰਹਿੰਦਾ ਹੈ। ਨਰੈਣ ਦਾਸ ਵੈਸ਼ਨੋਂ ਸਾਧੂ ਦਾ ਚੇਲਾ ਉਸ ਨੂੰ ਲਛਮਣ ਦੇਵ ਕਹਿੰਦੇ ਹਨ। ਉਹ ਨਿਰਾਲਾ ਹੀ ਸਾਧੂ ਹੈ ਵਡੇ ਤੋਂ ਵਡੇ ਸਾਧੂ ਦੀ ਨਿਰਾਦਰੀ ਕਰ ਦਿੰਦਾ ਹੈ।

ਸਤਿਗੁਰੂ ਜੀ—ਕੀ ਕਰਦਾ ਹੈ ? ਕੀ ਆਖਦਾ ਹੈ ਸਾਧੂ ਸੰਤ ਨੂੰ ?

ਜੈਤਰਾਮ—ਮਹਾਰਾਜ ! ਮੈਂ ਹਡ ਬੀਤੀ ਦਸਦਾ ਹਾਂ ਸੁਣੀ ਸੁਣਾਈ ਗਲ ਤਾਂ ਕਿਸੇ ਵੇਲੇ ਝੂਠੀ ਵੀ ਹੋ ਸਕਦੀ ਹੈ ਕੁਝ ਦਿਨ ਹੋਏ ਮੈਂ ਗੋਦਾਵਰੀ ਵਲ ਗਿਆ ਸਾਂ। ਫਿਰਦਾ ਫਿਰਾਂਦਾ ਨਦੇੜ ਜਾ ਪੁਜਾ ਨਦੇੜ ਦੇ ਬਾਹਰ ਨਦੀ ਦੇ ਕਿਨਾਰੇ ਮਾਧੋ ਦਾਸ ਦਾ ਡੇਰਾ ਸੀ ਮੈਂ ਵੀ ਮੋਭਾ ਸੁਣਕੇ ਉਥੇ ਚਲਿਆ ਗਿਆ। ਪਹਿਲਾਂ ਓਸਨੇ ਮੇਰੀ ਬਹੁਤ ਸੇਵਾ ਕੀਤੀ ਭੋਜਨ ਖੁਵਾਯਾ ਸੁਖ ਸਾਂਦ ਪੁਛੀ ਤੇ ਅੰਤ ਮੈਨੂੰ ਓਸਨੇ ਆਪਣੇ ਮੰਜੇ ਉਤੇ ਬੈਠਾ ਦਿਤਾ। ਮੈਂ ਬੈਠਾ ਹੋਇਆ ਗਲਾਂ ਕਰ ਰਿਹਾ ਸਾਂ ਕਿ ਬਿਨਾ ਕਿਸੇ ਪੁਰਸ਼ ਦੇ ਹਥ ਲਾਉਣ ਦੇ ਓਹ ਮੰਜਾ ਉਲਟ ਪਿਆ ਤੇ ਮੈਂ ਮੰਜੇ ਦੇ ਹੇਠਾਂ ਆ ਗਿਆ। ਬੈਰਾਗੀ ਤੇ ਓਹਦੇ ਚੇਲੇ ਜ਼ੋਰ ਨਾਲ

Sri Satguru Jagjit Singh Ji eLibrary NamdhariElibrary@gmail.com

ਖਲੀ ਮਾਰ ਕੇ ਹਸੇ ਉਨ੍ਹਾਂ ਵਿਚੋਂ ਇਕ ਨੇ ਕਿਹਾ—ਕਿਸੇ ਸਚੇ ਗੁਰੂ ਦਾ ਦੇਲਾ ਹੈ। ਦੂਸਰੇ ਦੇ ਸ਼ਬਦ ਸਨ—ਸਾਧੂ ਸੰਤ ਕਾਹੂੰ ਹੈ ਐਵੇਂ ਪੇਟ ਭਰਨ ਦਾ ਵਸੀਲਾ ਬਣਾ ਛਡਿਆ ਹੈ। ਤੀਸਰੇ ਨੇ ਆਖਿਆ—ਅਜੇ ਬਾਲ ਉਮਰ ਹੈ ਇਹ ਕੀ ਜਾਣੇ ਜੋਗੀ ਦੀਆਂ ਸਿਧੀਆਂ ਸ਼ਕਤੀਆਂ ਨੂੰ। ਉਨ੍ਹਾਂ ਦੀਆਂ ਇਸ ਤ੍ਰੀਆਂ ਦੀਆਂ ਗਲਾਂ ਸੁਣਕੇ ਮੈਂ ਬਹੁਤ ਸ਼ਰਮਿੰਦਾ ਹੋਇਆ, ਮੈਂ ਜੋ ਭੋਜਨ ਖਾਧਾ ਸੀ ਓਹ ਵੀ ਮੈਨੂੰ ਨਾ ਪੁਛਿਆ ਮੈਂ ਤਾਂ ਮੰਜੇ ਹੇਠੋਂ ਨਿਕਲ ਕੇ ਬੈਰਾਗੀ ਨੂੰ ਬੁਰਾ ਭਲਾ ਕਹਿੰਦਾ ਹੋਇਆ ਬਾਹਰ ਆ ਗਿਆ। ਬਾਹਰ ਆ ਕੇ ਮੈਂ ਹੋਰ ਸਾਧੂਆਂ ਨਾਲ ਗਲ ਕੀਤੀ, ਉਹਨਾਂ ਵੀ ਕੰਨਾਂ ਉਤੇ ਹਥ ਧਰਕੇ ਕਿਹਾ—'ਭਲਾ ਹੋਇਆ ਜਾਨ ਬਚੀ ਉਥੇ ਤਾਂ ਜਾਨ ਦਾ ਵੀ ਡਰ ਰਹਿੰਦਾ ਹੈ। ਕਈ ਸਾਧੂ ਗਮ ਨਾਲ ਚਲਾਣਾ ਕਰ ਗਏ ਹਨ, ਕਿਉਂਕਿ ਉਸ ਬੈਰਾਗੀ ਕੋਲ ਬਹੁਤ ਸਾਰੇ ਬੀਰ ਵਸ ਕੀਤੇ ਹੋਏ ਹਨ। ਉਹਨਾਂ ਬੀਰਾ ਨਾਲ ਓਹ ਸਾਧੂਆਂ ਨੂੰ ਚੁਕਵਾ ਕੇ ਅਧ ਅਸਮਾਨ ਵਿਚ ਭੇਜ ਦਿੰਦਾ ਹੈ। ਕਦੀ ਨਦੀ ਵਿਚ ਸੁਟਵਾ ਕੇ ਗੋਤੇ ਦੇਂਦਾ ਹੈ ਡਰਦਾ ਓਹ ਕਿਸੇ ਕੋਲੋਂ ਨਹੀਂ ਇਕ ਮਹਾਂਬਲੀ ਹੈ ਦੂਸਰਾ ਉਸਨੇ ਰਿਧੀਆਂ ਸਿਧੀਆਂ ਪ੍ਰਾਪਤ ਕਰ ਲਈਆਂ ਹਨ। ਬੜੀ ਘੋਰ ਤਪਸਿਆ ਕੀਤੀ ਹੈ। ਮਹਾਰਾਜ! ਮੈਂ ਬਹੁਤ ਹੀ ਗਲਾਂ ਸੁਣੀਆਂ ਹਨ। ਮੈਂ ਇਹੋ ਸਲਾਹ ਦੇਂਦਾ ਹਾਂ ਕਿ ਓਧਰ ਨਾ ਜਾਇਓ।

ਜੈਤਰਾਮ ਦਾ ਲੰਮਾ ਵਖਿਆਨ ਸੁਣਕੇ ਸਤਿਗੁਰੂ ਜੀ ਮੁਸਕਰਾਏ—ਜੈਤਰਾਮ! ਇਉਂ ਪ੍ਰਤੀਤ ਹੁੰਦਾ ਹੈ ਕਿ ਅਸਾਂ ਉਥੇ ਜ਼ਰੂਰ ਜਾਣਾ ਹੈ। ਅਸੀਂ ਓਹ ਬੰਦੇ ਨੂੰ ਲੱਭ ਰਹੇ ਹਾਂ ਸ਼ਾਇਦ ਓਸੇ ਦੇ ਕਾਰਨ ਹੀ ਏਧਰ ਆਏ ਹਾਂ। ਉਹ ਕੁਰਾਹੇ ਜਾ ਰਿਹਾ ਹੈ ਜੀਵਨ ਸ਼ਕਤੀ ਨੂੰ ਐਵੇਂ ਗਵਾ ਰਿਹਾ ਹੈ, ਉਸ ਨੂੰ ਸਿਧੇ ਰਾਹ ਪਾਣਾ ਚਾਹੀਦਾ ਹੈ। ਚੰਗਾ ਹੋਇਆ ਤੁਸਾਂ ਦਸ ਦਿਤਾ ਅਸਾ ਦਾ ਵੀਚਾਰ ਸੀ, ਭਾਖਿਆ ਵਿਚ ਆਉਂਦਾ ਸੀ ਕਿ ਐਸਾ ਕੋਈ ਪੁਰਸ਼ ਹੈ ਓਹ ਅਸਾਂ ਦਾ ਚੇਲਾ ਬਣੇਗਾ ਓਹ ਅਸਾਂ ਦੇ ਬਹੁਤ ਕਾਰਜ ਕਰੇਗਾ। ਜ਼ੁਲਮ ਦਾ ਨਾਸ਼ ਕਰੇਗਾ। ਜੈਤਰਾਮ ਸਤਿਗੁਰੂ ਜੀ ਦੀ ਮਹਾਂ ਸ਼ਕਤੀ ਤੋਂ ਜਾਣੂ ਸੀ ਕਿ ਸਾਹਿਬ ਜੋ ਬਚਨ ਆਖ ਦੇਣ ਉਸ ਤੇ ਚੱਲਦੇ ਜ਼ਰੂਰ ਹਨ। ਬਚਨ ਪੂਰਾ ਕਰਨਾ

Sri Satguru Jagjit Singh Ji eLibrary NamdhariElibrary@gmail.com

ਆਪ ਦਾ ਪਰਮ ਧਰਮ ਹੈ। ਉਸ ਨੇ ਅਗੇ ਕੋਈ ਗਲ ਨਾ ਕੀਤੀ ਹੋਰ ਗਲਾਂ ਹੁੰਦੀਆਂ ਰਹੀਆਂ ਜੈਤਰਾਮ ਸਤਿਗੁਰੂ ਜੀ ਦੇ ਪਾਸ ਅਠ ਦਿਨ ਹੀ ਸਚੇ ਤਿਆਗ ਬਾਰੇ ਉਪਦੇਸ਼ ਸੁਣਦਾ ਰਿਹਾ। ਸਤਿਗੁਰੂ ਜੀ ਦਇਆ ਦੇ ਘਰ ਆਕੇ ਓਸ ਨੂੰ ਨਿਹਾਲ ਕਰਦੇ ਰਹੇ।

੨੨. ਸਤਿਗੁਰੂ ਜੀ ਨੇ ਦਖਣ ਦਾ ਦੌਰਾ ਕਰਨਾ

ਬੁਰਹਾਨਪੁਰ ਤੋਂ ਚਲਕੇ ਸਤਿਗੁਰੂ ਜੀ ਨਾਗਪੁਰ ਵਲ ਚਲੇ ਗਏ। ਉਸ ਤੋਂ ਅਗੇ ਦਖਣ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ। ਇਹ ਇਲਾਕਾ ਹੈਦਰਾਬਾਦ ਰਿਆਸਤ ਤੇ ਓਹਦੇ ਚੌਗਿਰਦੇ ਦਾ ਇਲਾਕਾ ਹੈ। ਦਰਿਆ ਗੋਦਾਵਰੀ ਹੈ ਹੈਦਰਾਬਾਦ ਰਿਆਸਤ ਦੇ ਵਿਚੋਂ ਦੀ ਜਾਦਾ ਹੈ। ਇਸ਼ ਦਰਿਆ ਦੀ ਪੂਜਾ ਗੰਗਾ ਦਰਿਆ ਵਾਂਗ ਹੈ ਇਹਦਾ ਜਲ ਵੀ ਨਿਰਮਲ ਹੁੰਦਾ ਹੈ।

ਨਾਗਪੁਰ ਦੇ ਵਿਚ ਬਹਾਦਰ ਸ਼ਾਹ ਤੇ ਸਤਿਗੁਰੂ ਜੀ ਦਾ ਮੇਲ ਇਕ ਵਾਰ ਹੋਇਆ ਸਤਿਗੁਰੂ ਜੀ ਨੇ ਏਥੇ ਬਹਾਦਰ ਸਾਹ ਨਾਲ ਖੁਲ੍ਹਕੇ ਗਲਾਂ ਕੀਤੀਆਂ। ਸਤਿਗੁਰੂ ਜੀ ਨੇ ਫੁਰਮਾਇਆ—'ਇਹ ਗਲ ਸਿਧ ਹੋ ਗਈ ਹੈ ਕਿ ਤੁਸੀਂ ਪੰਜਾਬ ਦੇ ਹਾਕਮਾਂ ਨੂੰ ਸਜਾ ਨਹੀਂ ਦੇ ਸਕਦੇ, ਕਿਉਂਕਿ ਉਹਨਾਂ ਪਾਸੋਂ ਡਰਦੇ ਹੋ।'

ਬਾਦਸ਼ਾਹ ਇਹ ਸੁਣਕੇ ਦੁਚਿਤਾ ਜਿਹਾ ਹੋ ਗਿਆ। ਸਤਿਗੁਰੂ ਜੀ ਨੇ ਓਸਦੇ ਮਨ ਦੀ ਸਹੀ ਹਾਲਤ ਨੂੰ ਬਿਆਨ ਕੀਤਾ ਸੀ ਉਹ ਵਜ਼ੀਰ ਖਾਂ ਸਰਹੰਦ ਨੂੰ ਸਜ਼ਾ ਨਹੀਂ ਸੀ ਦੇ ਸਕਦਾ ਫਿਰ ਵੀ ਓਹ ਓਪਰੇ ਮਨ ਹਸਦਾ ਹੋਇਆ ਬੋਲਿਆ—ਨਹੀਂ ਨਹੀਂ ! ਇਹ ਗਲ ਨਹੀਂ ਮੈਂ ਉਹਨਾਂ ਨੂੰ ਸਜ਼ਾ ਦੇਵਾਂਗਾ ਬਸ ਏਧਰੋਂ ਹੋ ਕੇ ਮੈਂ ਪੰਜਾਬ ਹੀ ਜਾ ਰਿਹਾ ਹਾਂ। ਦੇਖੋ ਨਾ ਆਪ ਓਥੇ ਗਿਆਂ ਤੋਂ ਬਿਨਾਂ ਸਜ਼ਾ ਕਿਵੇਂ ਦਿਤੀ ਜਾ ਸਕਦੀ ਹੈ ? ਜੇ ਐਵੇਂ ਸਜ਼ਾ ਦਿਤੀ ਜਾਵੇ ਤਾਂ ਨੁਕਸਾਨ ਹੁੰਦਾ ਹੈ। ਮੈਂ ਏਧਰ ਰੁਝਿਆ ਰਹਾਂ ਓਧਰ ਬਗਾਵਤ ਹੋ ਜਾਵੇ ਇਹ ਰਾਜਸੀ ਨੀਤੀ ਨਹੀਂ ਟੇਢੀ ਜਹੀ ਹੈ।

ਸਤਿਗੁਰੂ ਜੀ—'ਟੇਡੀ ਜਿਹੀ ਠੀਕ ਹੈ ! ਝੂਠ ਬੋਲਣ ਵਾਲੀ ਠੀਕ ਹੈ

Sri Satguru Jagjit Singh Ji eLibrary NamdhariElibrary@gmail.com

ਨਾ ਚਲੋ, ਤੁਸਾਂ ਦੀ ਮਰਜੀ ! ਵੈਸੇ ਅਸੀਂ ਹੁਣ ਸਚ ਦਸ ਦੇਂਦੇ ਹਾਂ ਕਿ ਅਸੀਂ ਛੇਤੀ ਸਚਖੰਡ ਨੂੰ ਜਾ ਰਹੇ ਹਾਂ। ਅਸੀਂ ਆਪਣਾ ਜਥੇਦਾਰ ਭੇਜਣਾ ਹੈ, ਜੋ ਧਰਮ ਦੇ ਦੁਸ਼ਮਣਾਂ ਨੂੰ ਚੁਣ ਚੁਣ ਕੇ ਉਹਨਾਂ ਦੇ ਪਾਪਾਂ ਦੀ ਸਜ਼ਾ ਦੇਵੇਗਾ, ਤੁਸਾਂ ਨੂੰ ਹੁਣ ਜਤਨ ਕਰਣ ਦੀ ਲੋੜ ਨਹੀਂ ਤੁਸਾਂ ਪੰਜਾਬ ਨਾ ਜਾਣਾ ਜਦੋਂ ਪੰਜਾਬ ਜਾਵੋਗੇ ਤਾਂ ਮੁੜਕੇ ਦਿਲੀ ਨਹੀਂ ਜਾਵੋਗੇ।'

ਹੈਂ ! ਇਹ ਕੀ ? ਬਹਾਦਰ ਸ਼ਾਹ ਨੇ ਹੈਰਾਨ ਹੋਕੇ ਪੁਛਿਆ—'ਇਹੋ ਅਕਾਲ ਪੁਰਖ ਦਾ ਹੁਕਮ ਹੈ। ਤੂੰ ਪੰਜਾਬ ਜਾਣਾ ਹੈ ਸ਼ੈਤਾਨਾਂ ਦੀ ਸਹਾਇਤਾ ਕਰਨ ਤੇ ਧਰਮੀਆਂ ਨੂੰ ਦਬਾਉਣ ਵਾਸਤੇ ਸ਼ੈਤਾਨ ਦੇ ਪੱਅ ਵਾਲਿਆਂ ਨੂੰ ਹਾਰ ਹੋਵੇਗੀ।' ਸਤਿਗੁਰੂ ਜੀ ਦਾ ਉਤਰ ਸੀ।

ਬਹਾਦਰ ਸ਼ਾਹ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ ਉਹ ਚੁਪ ਰਿਹਾ ਉਸਨੇ ਸੋਚਿਆ ਕਿ ਜੇ ਕੋਈ ਹੋਰ ਗਲ ਛੇੜੀ ਤਾਂ ਸਤਿਗੁਰੂ ਜੀ ਕਿਤੇ ਹੋਰ ਸਰਾਪ ਨਾ ਦੇ ਦੇਣ। ਉਸ ਸਮੇਂ ਦੇ ਲੋਕ ਸਰਾਪ ਤੋਂ ਬਹੁਤ ਡਰਦੇ ਸਨ। ਉਹ ਨਮਸ਼ਕਾਰ ਕਰਕੇ ਆਪਣੇ ਡੇਰੇ ਨੂੰ ਚਲਿਆ ਗਿਆ ਤੇ ਮੁੜ ਕੇ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਨਹੀਂ ਆਇਆ ਇਹ ਬਹਾਦਰ ਸ਼ਾਹ ਦੀ ਅੰਤਮ ਮੁਲਾਕਾਤ ਸੀ।

ਸਤਿਗੁਰੂ ਜੀ ਨਿਰਭੈ ਯੋਧੇ ਸਨ। ਸਾਰੀ ਆਯੂ ਵਿਚ ਕਦੀ ਕਿਸੇ ਹਾਲਤ ਵਿਚ ਨਾ ਘਬਰਾਏ ਤੇ ਨਾ ਡਰੇ ਸਨ। ਆਪ ਚੜ੍ਹਦੀ ਕਲਾ ਵਿਚ ਰਹਿੰਦੇ ਸੱਚੀ ਗਲ ਕੀਤੀ, ਬਾਦਸ਼ਾਹ ਗੁਸੇ ਹੋਇਆ ਘਬਰਾਇਆ, ਸਾਹਿਬ ਨੇ ਕੋਈ ਪਰਵਾਹ ਨਾ ਕੀਤੀ ਓਹ ਤਾਂ ਸਚ ਦੇ ਉਪਾਸਕ ਸਨ ਸੱਚ ਬੋਲਣ ਤੋਂ ਨਹੀਂ ਸਨ ਝਿਜਕਦੇ।

ਬਾਦਸ਼ਾਹ ਨੂੰ ਉਹਦੀ ਮੌਤ ਦਾ ਪੈਗਾਮ ਦੇ ਕੇ ਕਲਗੀਆਂ ਵਾਲੇ ਪਿਤਾ ਨਾਗਪੁਰ ਤੋਂ ਅਗੇ ਤੁਰੇ ਰਾਹ ਵਿਚ ਜਿਹੜਾ ਵੀ ਪੁਰਸ਼ ਆਇਆ, ਮਿਲਿਆ ਜਾਂ ਜਿਸਨੇ ਬੇਨਤੀ ਕੀਤੀ, ਉਸ ਨੂੰ ਨਿਹਾਲ ਕੀਤਾ। ਦੱਖਣ ਦੇ ਲੋਕ ਬਹੁਤ ਗਰੀਬ ਤੇ ਗੁਲਾਮੀ ਦੇ ਦਬੇ ਸਨ। ਉਧਰ ਜਾਤ ਪਾਤ ਉੱਚ ਨੀਚ ਦਾ ਬਹੁਤ ਸਵਾਲ ਸੀ, ਲੱਖਾਂ ਦੀ ਗਿਣਤੀ ਵਿਚ ਐਸੇ ਲੋਕ ਸਨ ਜਿਨ੍ਹਾਂ ਨੂੰ ਮਨੁਖ

Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਸਮਝਿਆ ਜਾਂਦਾ। ਮੁਸਲਮਾਨ ਹਾਕਮ ਲੁਟਦੇ ਤੇ ਵਗਾਰਾਂ ਲੈਂਦੇ ਸਨ ਉਚ ਜਾਤੀਆਂ ਵਾਲੇ ਨਫਰਤ ਕਰਦੇ ਸਨ। ਉਹਨਾਂ ਜਾਤੀਆਂ ਦੇ ਲੋਕਾਂ ਨੂੰ ਸਤਿਗੁਰੂ ਜੀ ਨੇ ਧੀਰਜ ਦਿਤੀ ਤੇ ਬਚਨ ਕੀਤਾ—ਉਹ ਸਮਾਂ ਦੂਰ ਨਹੀਂ ਜਦੋਂ ਤੁਸੀਂ ਉਠੋਗੇ, ਜਿਹਨਾਂ ਨੇ ਤੁਸਾਂ ਨੂੰ ਗੁਲਾਮ ਰਖਿਆ ਹੈ ਓਹੋ ਹੀ ਤੁਸਾਂ ਨੂੰ ਉਪਰ ਕਰਨਗੇ। ਵਾਹਿਗੁਰੂ ਨੂੰ ਚੇਤੇ ਕਰੋ ਹਿੰਮਤ ਕਰੋ ਹੌਂਸਲੇ ਨਾਲ ਉਠੋ ਤੇ ਆਪਣੇ ਪੈਰਾਂ ਉਤੇ ਆਪ ਖੜੇ ਹੋਵੋ।'

ਕਈਆ ਅਸਥਾਨਾਂ ਉਤੇ ਕਈਆਂ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਜਿਹੜੇ ਸਾਧੂ ਤੇ ਸੰਤ ਮਹਾਤਮਾਂ ਸਨ ਖਾਸ ਕਰਕੇ ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਉਹਨਾਂ ਨੂੰ ਸਤਿਗੁਰੂ ਜੀ ਨੇ ਉਪਦੇਸ਼ ਦਿਤਾ ਕਿ ਉਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਣ ਤੇ ਵਿਚਾਰਨ ਦੀ ਸੇਵਾ ਕਰਨ। ਸਿੰਘਾਂ ਨੂੰ ਸ਼ਸਤਰ ਅਸਤ੍ਰ ਧਾਰਨ ਕਰਨ ਦੀ ਸਿਖਿਆ ਦੇਣ। ਉਹਨਾਂ ਨੂੰ ਅਹਿੰਸਕ ਬਣਾ ਕੇ ਕਮਜੋਰ ਨਾ ਕਰਨ ਹਾਂ ਇਹ ਜ਼ਰੂਰ ਦਸਣ ਕਿ ਸ਼ਸਤਰਾਂ ਦੀ ਵਰਤੋਂ ਕਦੋਂ ਕਰਨੀ ? ਇਸਤਰੀ, ਮਜ਼ਲੂਮ ਤੇ ਧਰਮ ਦੀ ਰਾਖੀ ਵਾਸਤੇ ਹੀ ਸ਼ਸਤ੍ਰ ਅਸਤ੍ਰ ਦੀ ਵਰਤੋਂ ਕੀਤੀ ਜਾਂਦੀ ਹੈ।

ਬਹੁਤ ਸਾਰੇ ਇਲਾਕੇ ਵਿਚ ਫਿਰਦੇ ਹੋਏ ਅਨੇਕਾਂ ਮੰਦਰ, ਮੱਠ ਤੇ ਇਤਿਹਾਸਕ ਸ਼ਹਿਰ ਦੇਖਦੇ ਹੋਏ ਅੰਤ ਸਤਿਗੁਰੂ ਜੀ ਨਦੇੜ ਜਾ ਪੁਜੇ। ਨਦੇੜ ਸ਼ਹਿਰ ਤੇ ਉਥੋਂ ਦੀ ਧਰਤੀ ਆਪ ਨੂੰ ਬਹੁਤ ਸੁੰਦਰ ਤੇ ਸ਼ਾਂਤ ਵਾਯੂ ਮੰਡਲ ਵਾਲੀ ਪ੍ਰਤੀਤ ਹੋਈ। ਨਦੀ ਗੋਦਾਵਰੀ ਦੇ ਕਿਨਾਰੇ ਡੇਰੇ ਲਾ ਦਿਤੇ। ਹੁਕਮ ਦੀ ਖੇਡ ਸੀ, ਜਿਉਂ ਹੀ ਸਤਿਗੁਰੂ ਜੀ ਨੇ ਹੁਕਮ ਕੀਤਾ ਤਿਉਂ ਹੀ ਸਿੰਘਾਂ ਨੇ ਤੰਬੂ ਲਾ ਕੇ ਰਿਹਾਇਸ਼ ਦੇ ਸਾਰੇ ਪ੍ਰਬੰਧ ਮਕੰਮਲ ਕਰ ਦਿਤੇ। ਸ਼ਹਿਰ ਦੇ ਲੋਕਾਂ ਨੂੰ ਪਤਾ ਲਗਾ। ਸਾਧੂ ਬਿਰਤੀ ਵਾਲੇ ਲੋਕ ਆਏ ਤੇ ਪੁਛ ਗਿਛ ਕੀਤੀ ਜਦੋਂ ਪੂਰਾ ਪਤਾ ਲਗ ਗਿਆ ਤਾਂ ਨਮਸਕਾਰ ਕਰਕੇ ਨਿਹਾਲ ਹੋਏ। ਸੇਵਾ ਕਰਨ ਦੇ ਭਾਵ ਨਾਲ ਨਸਕੇ ਆਏ ਤੇ ਜੋ ਸਰਧਾ ਸੀ ਜਿੰਨੀ ਜਿੰਨੀ ਸਮਰਥਾ ਸੀ ਉਨੀ ਉਨੀ ਸੇਵਾ ਕੀਤੀ ਕਿਸੇ ਦੁਧ ਕਿਸੇ ਮਿਠਾ ਕਿਸੇ ਆਟਾ ਚਾਵਲ ਆਦਿਕ ਸਤਿਗੁਰੂ ਜੀ ਦੇ ਲੰਗਰ ਵਾਸਤੇ ਦਿਤੇ ਕਈਆਂ ਮਾਈਆਂ ਭਾਈਆਂ

Sri Satguru Jagjit Singh Ji eLibrary NamdhariElibrary@gmail.com

ਨੇ ਹਥੀਂ ਸੇਵਾ ਕਰਨੀ ਆਰੰਭ ਕੀਤੀ ਅਕਾਲ ਪੁਰਖ ਦੀ ਕਿਰਪਾ ਨਾਲ ਦੋ ਦਿਨ ਦੇ ਥੋਹੜੇ ਜਿਹੇ ਸਮੇਂ ਵਿਚ ਹੀ ਚੰਗੀਆਂ ਰੌਣਕਾਂ ਹੋ ਗਈਆਂ। ਸਤਿਗੁਰੂ ਜੀ ਦੇ ਤੰਬੂਆਂ ਵਾਲੀ ਥਾਂ ਇਕ ਨਵੀਂ ਹੀ ਗੁਰੂ ਕੀ ਨਗਰੀ ਜਾਪਣ ਲਗੀ ਦਰਸ਼ਨ ਕਰਨ ਵਾਲਿਆਂ ਦਾ ਤਾਂਤਾ ਬੱਝ ਗਿਆ ਜਿਹੜਾ ਆਉਂਦਾ ਉਹ ਮੁੜਦਾ ਹੋਇਆ—'ਧੰਨ ਸਤਿਗੁਰੂ ਜੀ ! ਸਤਿਨਾਮ ਵਾਹਿਗੁਰੂ' ਜਾਪ ਜਪਦਾ ਜਾਂਦਾ।

੨੩. ਸਤਿਗੁਰਾਂ ਨੇ ਲਛਮਣ ਦੇਵ ਬੈਰਾਗੀ* ਦੇ ਡੇਰੇ ਪਹੁੰਚਣਾ

ਇਕ ਦਿਨ ਸਤਿਗੁਰੂ ਜੀ ਵੀਹ ਕੁ ਮੀਲ ਸਿੰਘਾਂ ਦੇ ਨਾਲ ਗੋਦਾਵਰੀ ਦੇ ਕਿਨਾਰੇ ਸ਼ਿਕਾਰ ਖੇਡਣ ਚਲੇ ਗਏ। ਗੋਦਾਵਰੀ ਦੇ ਕਿਨਾਰੇ ਬਹੁਤ ਸੁੰਦਰ ਸੰਘਣੇ ਬਨ ਸਨ ਉਹਨਾਂ ਬਨਾਂ ਵਿਚ ਹਿਰਨ ਤੇ ਹੋਰ ਚੰਗੇ ਜਾਨਵਰਾਂ ਦਾ ਸਿਕਾਰ ਬਹੁਤ ਸੀ। ਚਲਦੇ ਚਲਦੇ ਸਾਹਿਬ ਐਸੀ ਥਾਂ ਪੁਜੇ ਜਿਹੜੀ ਥਾਂ ਪ੍ਰਾਚੀਨ ਕਾਲ ਦੇ ਆਸ਼੍ਰਮਾਂ ਵਰਗੀ ਸੀ ਬਹੁਤ ਸੁਹਾਵਣੀ ਥਾਂ ਕੇਲੇ ਸੰਗਤਰੇ ਮਾਲਟੇ ਆਦਿਕ ਦਰਖਤਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਬੂਟੇ ਸਨ। ਸਾਰੇ ਆਸ਼੍ਰਮ ਵਿਚ ਹਰਿਆਵਲ ਹੀ ਹਰਿਆਵਲ ਸੀ ਹਰਨ ਤੇ ਬਕਰੇ ਫਿਰ ਰਹੇ ਸਨ। ਬ੍ਰਿਛਾਂ ਉਤੇ ਪੰਛੀ ਕਲੋਲ ਕਰ ਰਹੇ ਸ਼ਨ।

ਸਿੰਘਾਂ ਦੇ ਸਾਥ ਸਤਿਗੁਰੂ ਜੀ ਉਸ ਆਸ਼੍ਰਮ ਵਿਚ ਦਾਖਲ ਹੋਏ ਉਸ ਸਮੇਂ ਆਸ਼੍ਰਮ ਦਾ ਵਾਰਸ ਆਸ਼੍ਰਮ ਵਿਚ ਨਹੀਂ ਸੀ ਸਿੰਘਾਂ ਦੇ ਪੁਛਣ ਤੇ ਪਤਾ ਲਗਾ ਕਿ ਓਹ ਆਸ਼੍ਰਮ ਲਛਮਣ ਦਾਸ ਬੈਰਾਗੀ ਦਾ ਸੀ, ਸਤਿਗੁਰੂ ਜੀ ਨੂੰ ਝਟ ਯਾਦ ਆ ਗਿਆ ਕਿ ਉਸੇ ਬੈਰਾਗੀ ਦਾ ਹੈ ਜਿਸ ਬਾਰੇ ਜੈਤਰਾਮ ਮਹੰਤ ਨੇ ਸਤਿਗੁਰੂ ਜੀ ਨੂੰ ਬੁਰਹਾਨਪੁਰ ਦਸਿਆ ਸੀ ਜੋਹੜਾ ਆਪਣੇ ਯੋਗ ਬਲ ਦੇ ਨਾਲ

---

*ਸੂਰਜ ਪ੍ਰਕਾਸ਼ ਤੇ ਹੋਰ ਗ੍ਰੰਥਾਂ ਵਿਚ ਬੰਦੇ ਬਹਾਦਰ ਦਾ ਨਾਮ ਮਾਧੋ ਦਾਸ ਵੀ ਲਿਖਿਆ ਹੈ। ਪਰ ਪਰੋਫੈਸਰ ਕਰਤਾਰ ਸਿੰਘ [ਜੀਵਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ) ਤੇ ਗਿਆਨੀ ਗਿਆਨ ਸਿੰਘ ਲਛਮਣ ਦੇਵ ਲਿਖਦੇ ਹਨ ਅਸਾਂ ਵੀ 'ਲਛਮਨ ਦੇਵ' ਹੀ ਲਿਖਿਆ ਹੈ।

Sri Satguru Jagjit Singh Ji eLibrary NamdhariElibrary@gmail.com

ਸਾਧੂਆਂ ਦੀ ਹਾਸੀ ਕਰਿਆ ਕਰਦਾ ਸੀ।

ਸਤਿਗੁਰੂ ਜੀ ਨੇ ਸਾਰਾ ਆਸ਼੍ਰਮ ਫਿਰਕੇ ਦੇਖਿਆ ਕੋਈ ਵੀਹ ਕੁ ਵਿਘੇ ਧਰਤੀ ਵਿਚ ਆਸ਼੍ਰਮ ਦਾ ਹਾਤਾ ਸੀ ਵਿਚਾਲੇ ਇਕ ਸੁੰਦਰ ਕੁਟੀਆ ਪਈ ਹੋਈ ਸੀ ਸਾਹਿਬ ਉਸ ਕੁਟੀਆ ਵਿਚ ਦਾਖਲ ਹੋ ਗਏ। ਸਾਹਿਬਾਂ ਨੇ ਦੇਖਿਆ ਕਿ ਕੁਟੀਆ ਵਿਚ ਸੁੰਦਰ ਪਲੰਘ ਡਿਠਾ ਪਿਆ ਹੈ। ਉਸ ਪਲੰਘ ਉਪਰ ਦੇ ਬਹੁਤ ਸੁੰਦਰ ਬਿਸਤਰਾ ਹੈ। ਸਾਹਿਬ ਵਾਹਿਗੁਰੂ ਦਾ ਨਾਮ ਲੈ ਕੇ ਉਸ ਉਪਰ ਬੈਠ ਗਏ ਤੇ ਚੋਹਾਂ ਪਾਵਿਆਂ ਵਿਚ ਸਾਹਿਬ ਨੇ ਚਾਰੇ ਤੀਰ ਗੱਡ ਦਿਤੇ। ਪਲੰਘ ਤੇ ਬੈਠਦੇ ਸਾਰ ਹੀ ਸਿੰਘਾਂ ਨੂੰ ਹੁਕਮ ਦਿਤਾ—'ਆਸ਼੍ਰਮ ਵਿਚ ਜੋ ਵਸਤੂ ਖਾਣ ਜੋਗ ਹੈ, ਉਹ ਫੜਕੇ ਖਾਵੋ, ਰਤਾ ਝਿਜਕ ਜਾਂ ਲਿਹਾਜ ਨਾ ਕਰੋ।'

ਸਤਿਗੁਰੂ ਜੀ ਦਾ ਹੁਕਮ ਪਾ ਕੇ ਸਿੰਘਾਂ ਨੇ ਆਸਰਮ ਦਾ ਕੋਨਾ ਕੋਨਾ ਖੋਜ ਸੁਟਿਆ। ਚਾਰ ਬਕਰੇ ਮਿਲੇ ਹੋਰ ਥੋੜੀਆਂ ਜਿਹੀਆਂ ਵਸਤੂਆਂ ਖਾਣ ਵਾਲੀਆਂ ਮਿਲੀਆਂ। ਸਿੰਘਾਂ ਨੇ ਉਹ ਵੀ ਬੋਚ ਲਈਆਂ। ਬਕਰਿਆਂ ਨੂੰ ਝਟਕਾ ਕਢਿਆ। ਲੰਗਰ ਵਿਚੋਂ ਬਰਤਨ ਲੈ ਕੇ ਬਕਰੇ ਦਾ ਮਾਸ ਰਿਝਣ। ਧਰ ਦਿਤਾ।

ਪਰ ਉਸ ਆਸ਼ਰਮ ਦੀ ਮਰਯਾਦਾ ਅਨੁਸਾਰ ਬਕਰਾਂ ਝਟਕਾਉਨਾ ਜਾਂ ਆਸ਼ਰਮ ਦੀ ਹਦ ਅੰਦਰ ਮਾਸ ਧਰਨਾ ਭਾਰੀ ਦੋਸ਼ ਸੀ। ਬੈਰਾਗੀ ਦੇ ਇਕ ਚੇਲੇ ਨੇ ਜਾਂ ਦੇਖਿਆ ਕਿ ਆਸ਼੍ਰਮ ਵਿਚੋਂ ਧੂੰਆਂ ਪਰਗਟ ਹੋਇਆ ਹੈ ਤਾਂ ਉਹ ਭਜਾ ਆਇਆ ਸਿੰਘਾਂ ਨੂੰ ਦੇਖਕੇ ਓਹ ਹੈਰਾਨ ਹੋਇਆ। ਵੈਸ਼ਨੋ ਲੰਗਰ ਵਿਚ ਮਾਸ ਰਿਝਦਾ ਦੇਖ ਕੇ ਉਹਦੇ ਸਿਰ ਪੈਰਾਂ ਨੂੰ ਅਗ ਲਗ ਗਈ। ਬਕਰਿਆਂ ਦੀਆਂ ਸਿਰੀਆਂ ਤੇ ਖਰੌੜੇ ਬਾਹਰ ਪਏ ਤਕ ਕੇ ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਰੌਲਾ ਪਾਇਆ—'ਇਹ ਕੀ ਹੋ ਰਿਹਾ ਹੈ? ਕਿਉਂ ਕੀਤਾ ਜਾ ਰਿਹਾ ਹੈ? ਤੁਸੀਂ ਕੌਣ ਹੈ? ਬਕਰਿਆਂ ਨੂੰ ਮਾਰਿਆ, ਮਾਸ ਧਰਿਆ ਭਾਰੀ ਪਾਪ ਕੀਤਾ ਹੈ। ਆਸ਼੍ਰਮ ਭ੍ਰਿਸ਼ਟਿਆ ਗਿਆ ਕਿਆ ਤੁਸੀ' ਮਲੇਛ ਹੋ? ਬੈਰਾਗੀ ਜੀ ਦਾ ਕਰੋਧ ਬੁਰਾ ਹੈ। ਤੁਸਾਂ ਨੂੰ ਸਾੜਕੇ ਸੁਆਹ ਕਰ ਦੇਵੇਗਾ। ਅਗ ਬੁਝਾ ਸੁਟੋ, ਆਸ਼ਰਮ ਵਿਚੋਂ ਨਿਕਲ ਜਾਵੋ।'

Sri Satguru Jagjit Singh Ji eLibrary NamdhariElibrary@gmail.com

ਚੇਲੇ ਦੀਆਂ ਐਸੀਆਂ ਗਲਾਂ ਸੁਣਕੇ ਸਿੰਘਾਂ ਨੂੰ ਜੋਸ਼ ਆ ਗਿਆ। ਉਹਨਾਂ ਨੇ ਉਸ ਨੂੰ ਧੌਣੋਂ ਫੜਕੇ ਆਸ਼ਰਮ ਤੋਂ ਬਾਹਰ ਕਢ ਦਿਤਾ। ਨਾਲ ਹੀ ਧਮਕੀ ਦਿਤੀ ਕਿ 'ਜੇ ਤੂੰ ਏਧਰ ਆਇਓਂ ਤਾਂ ਤੈਨੂੰ ਵੀ ਝਟਕਾ ਸੁਟਾਂਗੇ। ਜਾਹ ਬੈਰਾਗੀ ਨੂੰ ਸਦ ਕੇ ਲਿਆ।' ਚੇਲੇ ਦਾ ਲਹੂ ਸੁਕ ਗਿਆ। ਉਹ ਹੈਰਾਨੀ ਦੇ ਭੈ ਕਾਰਨ ਕੰਬਦਾ ਓਧਰ ਨੱਠ ਗਿਆ ਜਿਧਰ ਉਸ ਦਾ ਗੁਰ ਬੈਰਾਗੀ ਸੀ।

ਚੇਲਾ ਸਿਰ ਤੇ ਪੈਰ ਰੱਖੀ ਨੱਸਾ ਗਿਆ ਓਸਦਾ ਗੁਰੂ ਲਛਮਣ ਦੇਵ ਬੈਰਾਗੀ ਕੋਈ ਦੋ ਕੋਹ ਦੀ ਵਾਟ ਉਤੇ ਬੈਠਾ ਸੀ। ਓਹਦੇ ਚੇਲੇ ਉਹਦੇ ਨਾਲ ਸਨ। ਉਹ ਗੋਦਾਵਰੀ ਦੇ ਕਿਨਾਰੇ ਬੈਠੇ ਹੋਏ ਕਈ ਪਰਕਾਰ ਦੇ ਮਨ ਪਰਚਾਵੇ ਕਰ ਰਹੇ ਹਨ।

ਆਸ਼ਰਮ ਵਿਚੋਂ ਮਾਰ ਖਾ ਕੇ ਚੇਲਾ ਓਹਨਾਂ ਦੇ ਕੋਲ ਪੁਜਾ। ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ, ਉਸਨੇ ਕਾਹਲੀ ਨਾਲ ਅਸ਼ੁਧ ਵਾਕਾਂ ਤੇ ਸ਼ਬਦਾਂ ਵਿਚ ਦਸਣਾ ਆਰੰਭ ਕੀਤਾ—'ਆਸ਼ਰਮ ਵਿਚ ਕੋਈ ਆਇਆ ਏ ਬਕਰੇ.....ਬਕਰੇ ਮਾਰੇ ਨੇ, ਮਾਸ ਲੰਗਾਰ ਵਿਚ ਧਰਿਆ। ਅੱਗ...ਧੂੰਆਂ ਧੂੰਆਂ ਦੇਖੇ, ਸੋਨੂੰ ਮਾਰਿਆ ਪਲੰਘ ਉਤੇ ਬੈਠਾ ! ਬੈਠਾ ਕੋਈ...ਕੋਈ ਕੁਝ ਪਤਾ ਨਹੀਂ ਕੌਣ ਵੀਹ ਪੁਰਸ਼ ਪਾਸ। ਤਲਵਾਰਾਂ, ਨੇਜ਼ੇ, ਢਾਲਾਂ ਧਨੁਖ ਬਾਣ ਸਭ ਸ਼ਸਤਰ ਉਹਨਾਂ ਪਾਸ। ਬਚਾਓ ਚਲੋ ! ਆਸ਼ਰਮ ਭ੍ਰਿਸ਼ਟਿਆ ਗਿਆ। ਪਾਪ...ਉਪੱਦਰ... ਮਹਾਂ ਭਿਆਨਕ ਉਪੱਦਰ ਗੁਰਦੇਵ।'

ਬੈਰਾਗੀ ਤੇ ਓਹਦੇ ਚੇਲਿਆਂ ਨੇ ਉਚੀ ਥਾਂ ਖਲੋਕੇ ਵੇਖਿਆ, ਸਚ ਮੁਚ ਆਸ਼ਰਮ ਵਿਚੋਂ ਧੂਆਂ ਨਿਕਲ ਰਿਹਾ ਸੀ। ਉਹ ਸਾਰੇ ਕਰੋਧਵਾਨ ਹੋ ਗਏ। ਬੈਰਾਗੀ ਲਛਮਣ ਦੇਵ ਨੇ ਗੁਸੇ ਨਾਲ ਕੰਬਦਿਆਂ ਹੋਇਆਂ ਕਿਹਾ—'ਓਹ ਕੌਣ ਹੈ ਜਿਸਦੀ ਮੌਤ ਉਸਨੂੰ ਮੇਰੇ ਆਸ਼ਰਮ ਵਲ ਖਿਚ ਲਿਆਈ, ਓਹ ਕਾਲ ਦਾ ਗ੍ਰਾਸ ਬਨਣ ਵਾਸਤੇ ਆਇਆ। ਮੈਂ ਉਸਦੀ ਹੱਡੀ ਪਸਲੀ ਨਹੀਂ ਛਡਾਂਗਾ। ਹੁਣੇ ਬੀਰ ਸੱਦਦਾ ਹਾਂ ਪਲੰਘ ਸਮੇਤ ਏਥੇ ਮੰਗਵਾਉਂਦਾ ਹਾਂ। ਆਸ਼ਰਮ ਦੀ ਅਗ ਠੰਡੀ ਕਰਦਾ ਹਾਂ। ਆਹ ! ਆਉਣ ਵਾਲੇ ਨੇ ਆਸ਼ਰਮ ਦੀ ਮਰਯਾਦਾ

Sri Satguru Jagjit Singh Ji eLibrary NamdhariElibrary@gmail.com

ਭੰਗ ਕਰਕੇ ਪਾਪ ਕੀਤਾ। ਹਿੰਸਾ ਖ਼ੂਨ ਬਕਰੇ ਦਾ ਖ਼ੂਨ ਇਹ ਵੀ ਭਿਆਨਕ ਹਿੰਸਾ ਹੈ ਪਾਪ ਹੈ। ਜੀਵ ਹਤਿਆ ਕਰਨ ਵਾਲਾ ਨਹੀਂ ਬਚ ਸਕਦਾ। ਮੈਂ ਜ਼ਰੂਰ ਭਾਰੀ ਦੰਨ ਦੇਵਾਂਗਾ।'

ਬੋਲਦਿਆਂ ਬੋਲਦਿਆਂ ਕਰੋਧ ਦੇ ਵਲਵਲੇ ਨਾਲ ਬੈਰਾਗੀ ਦਾ ਗਲਾ ਰੁਕ ਗਿਆ। ਓਹ ਘਬਰਾ ਗਿਆ ਉਸਨੇ ਓਸੇ ਵੇਲੇ ਆਪਣੀ ਪੋਥੀ ਕੱਢੀ ਓਹ ਪੋਥੀ ਜੋ ਜੰਤ੍ਰ ਮੰਤ੍ਰ ਤੇ ਤੰਤ੍ਰ ਪੋਥੀ ਸੀ ਜਿਸ ਦੀਆਂ ਲਿਖਤਾਂ ਉਤੇ ਕਮਾਈ ਕਰਕੇ ਉਸਨੇ ਸ਼ਕਤੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ। ਉਸਨੇ ਮੰਤ੍ਰ ਪੜ੍ਹੇ। ਮੰਤ੍ਰ ਪੜ੍ਹਨ ਦੇ ਨਾਲ ਹੀ ਦੋ ਬਦਰੂਹਾਂ (ਬੀਰ) ਉਸਦੇ ਸਾਹਮਣੇ ਆਏ। ਉਹ ਉਸੇ ਨੂੰ ਹੀ ਦਿਸੇ। ਕਿਸੇ ਚੇਲੇ ਨੂੰ ਨਹੀਂ ਦਿਸੇ। ਬੈਰਾਗੀ ਨੇ ਉਹਨਾਂ ਬੀਰਾਂ ਨੂੰ ਹੁਕਮ ਦਿਤਾ–'ਜਾਉ! ਮੇਰੇ ਹੁਕਮ ਨਾਲ ਜਾਉ, ਜਿਹੜਾ ਮੇਰੇ ਪਲੰਘ ਤੇ ਬੈਠਾ ਹੈ ਉਸਨੂੰ ਪਲੰਘ ਸਮੇਤ ਚੁਕਕੇ ਮੇਰੇ ਕੋਲ ਲੈ ਆਓ ਓਹਦੇ ਆਦਮੀਆਂ ਨੂੰ ਮਾਰ ਕੁਟਕੇ ਬਾਹਰ ਕੱਢ ਦੇਵੋ। ਉਹਨਾਂ ਨੇ ਆਸ਼੍ਰਮ ਨੂੰ ਭ੍ਰਿਸ਼ਟ ਕਰ ਦਿਤਾ ਹੈ ਛੇਤੀ ਜਾਓ।'

ਇਹ ਬਚਨ ਸੁਣਕੇ ਬੀਰ (ਪਰੇਤ) ਇਕ ਦਮ ਅਲੋਪ ਹੋ ਗਏ। ਉਹ ਸਾਰੇ ਇਕੱਠੇ ਹੋ ਕੇ ਆਸ਼੍ਰਮ ਦੀ ਕੁਟੀਆ ਵਿਚ ਪੁਜੇ। ਜਦੋਂ ਜਾ ਕੇ ਉਹ ਸਿਖਾਂ ਨੂੰ ਮਾਰਨ ਕੁਟਣ ਲਗੇ ਤਾਂ ਉਹਨਾਂ ਦੀਆਂ ਬਾਹੀਂ ਵਿਚ ਬਲ ਨਾ ਰਿਹਾ। ਉਹ ਨਿਰਬਲ ਜਹੇ ਹੋਏ ਇਕ ਦੂਸਰੇ ਵਲ ਦੇਖਦੇ ਸਨ। ਉਨ੍ਹਾਂ ਦੀ ਵੇਖਣੀ ਤੋਂ ਅਨੁਭਵ ਹੁੰਦਾ ਸੀ ਕਿ ਉਨ੍ਹਾਂ ਸਾਹਮਣੇ ਉਹ ਕੁਝ ਨਹੀਂ ਕਰ ਸਕਦੇ। ਆਸ਼ਰਮ ਵਿਚ ਫਿਰਨ ਵਾਲੇ ਆਦਮੀ ਉਹਨਾਂ ਨਾਲੋਂ ਵਡੇ ਦਿਉ ਹਨ। ਉਹਨਾਂ ਦੇ ਸਾਹਮਣੇ ਉਹ ਕੁਝ ਨਹੀਂ ਕਰ ਸਕਦੇ। ਉਹ ਕੁਟੀਆ ਅੰਦਰ ਜਾ ਕੇ ਪਲੰਘ ਚੁਕਣ ਲਗੇ ਜਿਸ ਪਲੰਘ ਨੂੰ ਉਹ ਫੁਲ ਵਾਂਗ ਚੁਕ ਲਿਆ ਕਰਦੇ ਸਨ ਉਹ ਉਸ ਵੇਲੇ ਉਹਨਾਂ ਨੂੰ ਬਹੁਤ ਭਾਰਾ ਲਗਾ। ਭਾਰ ਕੀ ਉਹਨਾਂ ਪਾਸੋਂ ਹਿਲਿਆ ਹੀ ਨਹੀਂ ਸਗੋਂ ਜਦੋਂ ਉਹ ਚੁਕਣ ਲਗੇ ਸਨ ਤਦੋਂ ਸਤਿਗੁਰੂ ਜੀ 'ਸਤਿਨਾਮ ਵਾਹਿਗੁਰੂ' ਦਾ ਸਬਦ ਉਚਾਰਨ ਕਰਦੇ ਸਨ। ਜਿਉਂ ਹੀ ਸਾਹਿਬਾਂ ਦੀ ਜ਼ਬਾਨੋਂ ਸਤਿਨਾਮ ਵਾਹਿਗੁਰੂ ਸ਼ਬਦ ਨਿਕਲਦਾ ਸੀ ਤਿਉਂ

Sri Satguru Jagjit Singh Ji eLibrary NamdhariElibrary@gmail.com

ਹੀ ਬੀਰਾਂ ਦੇ ਸਿਰ ਵਿਚ ਪੱਥਰਾਂ ਵਾਂਗ ਕੋਈ ਭਾਰੀ ਵਸਤੂ ਵਜਦੀ ਸੀ ਉਸ ਵਸਤੂ ਦੀ ਸੱਟ ਝੱਲ ਨਹੀਂ ਸਨ ਸਕਦੇ ਉਹ ਹੈਰਾਨ ਸਨ ਕਿ ਹੁੰਦਾ ਕੀ ਹੈ। ਇਉਂ ਉਹ ਕਿੰਨਾਂ ਚਿਰ ਮਾਰ ਖਾਂਦੇ ਰਹੇ ਪਰ ਪਲੰਘ ਉਹਨਾਂ ਕੋਲੋਂ ਨਾ ਉਠਿਆ ਉਹ ਹਾਰ ਕੇ ਦਿਲ ਛਡ ਕੇ ਦੂਰ ਗਏ।

ਆਸ਼ਰਮ ਵਿਚੋਂ ਉਡਕੇ ਉਥੇ ਪੁਜੇ ਜਿਥੇ ਲਛਮਨ ਦੇਵ ਬੈਰਾਗੀ ਬੈਠਾ ਸੀ ਉਸ ਦੇ ਸਾਹਮਣੇ ਹੋ ਕੇ ਕਹਿਣ ਲਗੇ—'ਮਾਲਕ ! ਤੁਸਾਂ ਦੇ ਆਸ਼ਰਮ ਵਿਚ ਪਲੰਘ ਤੇ ਆਸਣ ਲਾਉਣ ਵਾਲਾ ਪੁਰਸ਼ ਕੋਈ ਮਾਮੂਲੀ ਪੁਰਸ਼ ਨਹੀਂ ਸਗੋਂ ਕੋਈ ਬਲੀ ਹੈ। ਅਸਾਂ ਕੋਲੋਂ ਕੁਝ ਨਹੀਂ ਬਣ ਸਕਿਆ।' ਮੰਜਾ ਤਾਂ ਹਿਲਿਆ ਹੀ ਨਹੀਂ ਉਹ ਧਰਤੀ ਦੇ ਨਾਲ ਜੁੜਿਆ ਹੋਇਆ ਹੈ ਸਗੋਂ ਜਿਉਂ ਹੀ ਅਸੀਂ ਮੰਜਾ ਚੁਕਣ ਲਗਦੇ ਹਾਂ ਤਿਉਂ ਹੀ ਅਸਾਂ ਦੇ ਸਿਰਾਂ ਵਿਚ ਸੱਟ ਵਜਦੀ ਹੈ। ਇਹ ਵੀ ਹੈਰਾਨੀ ਦੀ ਗਲ ਕਿ ਜਿਸ ਵਸਤੂ ਦੀ ਸੱਟ ਵਜਦੀ ਹੈ ਉਹ ਅਸਾਂ ਨੂੰ ਦਿਸਦੀ ਮੂਲ ਨਹੀਂ ਸੀ ਅਸੀਂ ਤਾਂ ਨਹੀਂ ਜਾ ਸਕਦੇ ਅਸਾਂ ਨੂੰ ਉਹ ਮਾਰ ਸੁਟਣਗੇ। ਉਹ ਅਸਾਂ ਨਾਲੋਂ ਬਲੀ ਹਨ। ਬਹੁਤ ਬਲੀ ਮਾਲਕ ! ਕੋਈ ਹੋਰ ਚਾਰਾ ਕਰੋ।'

ਲਛਮਣ ਦੇਵ ਨੂੰ ਆਪਣੇ ਕਾਲੇ ਇਲਮ ਉਤੇ ਮਾਣ ਸੀ ਉਸ ਨੂੰ ਉਸ ਪੋਥੀ ਉਤੇ ਮਾਣ ਸੀ ਜਿਹੜੀ ਪੋਥੀ ਦੇ ਮੰਤ੍ਰ ਉਸਨੇ ਸਾਧੇ ਸਨ। ਉਸਨੇ ਕਈ ਮੰਤ੍ਰ ਪੜ੍ਹਨੇ ਸ਼ੁਰੂ ਕੀਤੇ। ਉਸ ਨੇ ਇਕ ਮੰਤਰ ਨਾਲ ਕੁਟੀਆ ਨੂੰ ਹੀ ਅੱਗ ਲਾਉਣ ਦਾ ਜਤਨ ਕੀਤਾ ਪਰ ਉਹ ਇਸ ਕੰਮ ਵਿਚ ਵੀ ਫੇਹਲ ਹੋ ਗਿਆ, ਉਹਦਾ ਮੰਤ੍ਰ ਨਾ ਫੁਰਿਆ, ਨਾ ਧੂਆਂ ਨਿਕਲਿਆ ਤੇ ਨਾ ਅੱਗ ਦਿਸੀ, ਉਹ ਕਰੋਧ ਨਾਲ ਭਰਿਆ ਪੀਤਾ ਆਸ਼ਰਮ ਵਲ ਤੁਰਿਆ। ਰਾਹ ਵਿਚ ਆਉਂਦਾ ਹੋਇਆ ਕਰੋਧ ਨਾਲ ਕੰਬਦਾ ਆਉਂਦਾ ਸੀ ਮੁਕੀਆਂ ਨੂੰ ਵਟਦਾ ਕਚੀਚੀਆਂ ਨਾਲ ਦੰਦ ਪੀਂਹਦਾ ਹੋਇਆ ਨੱਸਾ ਔਂਦਾ ਸੀ, ਉਸ ਦੀ ਇਹ ਦਸ਼ਾ ਦੇਖ ਕੇ ਕੁਦਰਤ ਹੱਸ ਰਹੀ ਸੀ ਧਰਤੀ ਉਹਦੇ ਪੈਰਾਂ ਨੂੰ ਪਿਛੇ ਕਰ ਰਹੀ ਸੀ ਓਹ ਕਦਮ ਨਹੀਂ ਸੀ ਪੁਟ ਸਕਦਾ। ਉਸ ਦੀਆਂ ਲੱਤਾਂ ਫੁਲਦੀਆਂ ਜਾਂਦੀਆਂ ਸਨ ਉਹ ਚਲਦਾ ਚਲਦਾ ਆਸ਼ਰਮ ਦੇ ਨੇੜੇ ਆ ਪੁਜਾ ਨੇੜੇ ਪੁਜਣ ਤੇ ਓਹਦੀ ਹਾਲਤ

Sri Satguru Jagjit Singh Ji eLibrary NamdhariElibrary@gmail.com

ਹੋਰ ਖਰਾਬ ਹੋ ਗਈ।

ਲਛਮਣ ਦੇਵ ! ਹਨੇਰੇ ਵਿਚ ਨਾ ਫਿਰ, ਕ੍ਰੋਧ ਦਾ ਤਿਆਗ ਕਰ ਤੇਰਾ ਮਾਲਕ ਆਯਾ ਹੈ। ਇਹ ਗੈਬੀ ਆਵਾਜ਼ ਉਸ ਨੂੰ ਸੁਣਾਈ ਦਿਤੀ ਇਸ ਅਵਾਜ਼ ਨੂੰ ਸੁਣਕੇ ਓਹ ਬਹੁਤ ਹੀ ਹੈਰਾਨ ਹੋ ਗਿਆ। ਫਿਰ ਓਹ ਖਲੋ ਕੇ ਸੋਚਣ ਲਗਾ--ਇਹ ਕੌਣ ਹੈ ? ਕੌਣ ਮੈਨੂੰ ਰੋਕ ਰਿਹਾ ਹੈ ? ਅੱਜ ਮੇਰਾ ਕਿਉਂ ਦਿਲ ਡਰਦਾ ਹੈ ? ਮੈਂ ਤਾਂ ਕਿਸੇ ਦੀ ਪ੍ਰਵਾਹ ਨਹੀਂ ਸਾਂ ਕਰਦਾ। ਅੱਗ ਜਲ ਪ੍ਰਿਥਵੀ ਅਤੇ ਭੂਤ ਪਰੇਤ ਮੇਰਾ ਹੁਕਮ ਮੰਨਦੇ ਸਨ। ਅੱਜ ਕੀ ਹੋ ਗਿਆ ਅੱਜ ਸਾਰੇ ਮੇਰਾ ਸਾਥ ਕਿਉਂ ਛਡ ਗਏ ਹਨ ? ਕੀ ਮੈਂ ਅਜ ਕਿਸੇ ਮਹਾਨ ਸ਼ਕਤੀ ਦਾ ਦਾਸ ਹੋ ਰਿਹਾ ਹਾਂ ? ਕੁਝ ਸਮਝ ਨਹੀਂ ਲਗਦੀ, ਇਹ ਮਾਮਲਾ ਕੀ ਹੈ ?' ਇਸ ਤਰਾਂ ਵਿਚਾਰਦਾ ਹੋਇਆ ਓਹ ਆਸ਼ਰਮ ਦੇ ਨੇੜੇ ਪੁਜਾ, ਓਹਦੇ ਸਾਥੀ ਓਹਦੇ ਨਾਲ ਸਨ। ਉਸ ਨੇ ਸਾਥੀਆਂ ਵਲ ਦੇਖਿਆ ਕੁਝ ਚਿਰ ਦੇਖਕੇ ਹੁਕਮ ਕੀਤਾ--'ਮੈਂ ਆਖਦਾ ਹਾਂ, ਹੁਕਮ ਦੇ ਦਾ ਹਾਂ ਜਿਹੜਾ ਵੀ ਆਸ਼ਰਮ ਵਿਚ ਹੈ, ਓਸ ਨੂੰ ਫੜ ਲਵੋ। ਮਾਰ ਦੇਵੋ, ਕੁਟ ਸੁਟੋ, ਕਿਸੇ ਕੋਲੋਂ ਨਾ ਡਰੋ ਨਾ ਕਿਸੇ ਦੀ ਪਰਵਾਹ ਨਾ ਕਰੋ।

ਪਰ ਅਗੇ ਕੌਣ ਹੋਵੇ ? ਚੇਲੇ ਤਾਂ ਓਸੇ ਵੇਲੇ ਹੀ ਡਰ ਗਏ ਸਨ, ਜਦੋਂ ਲਛਮਣ ਦੇਵ ਜੀ ਨੇ ਕਿਹਾ ਸੀ--'ਮੇਰੇ ਬੀਰ ਹਾਰ ਗਏ, ਪਤਾ ਨਹੀਂ ਓਹ ਕੌਣ ਪੁਰਸ਼ ਹੈ ?' ਓਹ ਚੇਲੇ ਉਥੇ ਹੀ ਟਿਕੇ ਰਹੇ, ਓਹਨਾਂ ਦੇ ਪੈਰ ਨਹੀਂ ਹਿਲੇ, ਆਸ਼੍ਰਮ ਦੇ ਬੂਹੇ ਅਗੇ ਪੁਜਦਿਆਂ ਸਾਰ ਲਛਮਣ ਦੇਵ ਦੀਆਂ ਅੱਖਾਂ ਵਿਚੋਂ ਕਰੋਧ ਦੂਰ ਹੋ ਗਿਆ, ਓਹਦੇ ਮਨ ਨੂੰ ਕੁਝ ਧੀਰਜ ਹੋਈ ਤੇ ਤਨ ਵਿਚ ਜੋ ਕਰੋਧ ਦਾ ਜੋਸ਼ ਸੀ ਓਹ ਘਟ ਗਿਆ। ਓਸਦੇ ਮਨ ਵਿਚ ਫੁਰਨਾ ਫੁਰਿਆ--'ਜ਼ਰੂਰ ਕੋਈ ਮਹਾਨ ਸਕਤੀ ਰਖਣ ਵਾਲਾ ਪੁਰਸ਼ ਹੈ। ਕਿਤੇ ਭਗਵਾਨ ਹੀ ਮੇਰਾ ਇਮਤਿਹਾਨ ਲੈਣ ਨਾ ਆ ਗਿਆ ਹੋਵੇ, ਕਿਉਂ ਨਾ ਮੈਂ ਚਰਨ ਚਲ ਫੜਾਂ। ਜ਼ਰੂਰ, ਜ਼ਰੂਰ ਭਗਵਾਨ ਹੀ ਹੋਵੇਗਾ।' ਇਉਂ ਇਕ ਦਮ ਓਸਦੇ ਮਨ ਨੇ ਫੈਸਲਾ ਕਰ ਲਿਆ, ਕੁਦਰਤ ਦਾ ਅਸੂਲ ਹੈ ਸ਼ਕਤੀ ਅਗੇ ਹਰ ਕੋਈ ਸਿਰ ਨਿਵੌਂਦਾ ਹੈ, ਉਹ ਸਿਰ ਨੀਵਾਂ ਕਰਕੇ ਹੌਲੀ ਹੌਲੀ ਤੁਰ

Sri Satguru Jagjit Singh Ji eLibrary NamdhariElibrary@gmail.com

ਪਿਆ, ਕੁਟੀਆ ਦੇ ਬੂਹੇ ਅਗੇ ਜਾ ਪੁਜਾ। ਕੁਟੀਆ ਦੇ ਅੰਦਰ ਝਾਤ ਮਾਰੀ, ਨਿਰਾ ਨੂਰ ਨਜ਼ਰੀਂ ਆਇਆ, ਐਸਾ ਨੂਰ ਜਿਹੜਾ ਅਗੇ ਕਦੀ ਨਹੀਂ ਸੀ ਦੇਖਿਆ, ਰਬ ਦਾ ਨੂਰ, ਧਰਮ ਦੀ ਮੂਰਤਿ, ਬਹਾਦਰੀ ਤੇ ਮਹਾ ਸ਼ਕਤੀ ਦਾ ਬੁਤ, ਫਿਰ ਵਾਧਾ ਇਹ ਕਿ ਉਹ ਬੁਤ ਮੁਸਕ੍ਰਾਉਂਦਾ ਹੋਇਆ ਨਜ਼ਰ ਆਇਆ ਸੁਧ ਬੁਧ ਭੁਲ ਗਈ, ਕਾਹਲੀ ਨਾਲ ਲਛਮਣ ਦੇਵ ਅਗੇ ਹੋਇਆ ਤੇ ਗੁਰੂ ਜੀ ਦੇ ਕੰਵਲ ਚਰਨਾਂ ਉਪਰ ਜਾ ਡਿਗਾ। ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਨਾਲ ਸਰੀਰ ਤੇ ਆਤਮਾ ਪਵਿਤਰ ਹੋ ਗਈ, ਹੰਕਾਰ ਦੀ ਰੌ ਜੋ ਨਾੜੀ ਨਾੜੀ ਵਿਚ ਲਹੂ ਦੇ ਨਾਲ ਫਿਰਦੀ ਸੀ, ਉਹ ਰੁਕ ਗਈ ਨੈਣਾਂ ਵਿਚ ਜਲ ਆ ਗਿਆ, ਸਾਹਿਬਾਂ ਨੇ ਮੁਸਕਰਾਕੇ ਪੁਛਿਆ—ਕੌਣ ਹੈਂ।'

'ਜੀ, ਜੀ ਮੈਂ ਬੰਦਾ ਹਾਂ!' ਲਛਮਣ ਦੇਵ ਨੇ ਜਵਾਬ ਦਿਤਾ, ਹਥ ਜੋੜੇ ਤੇ ਧੌਣ ਉਪਰ ਚੁਕੀ, ਉਸ ਦੇ ਨੈਣਾਂ ਵਿਚ ਤਰਲਾ ਸੀ, ਮਹਾਬਲੀ ਦਾ ਹੁਲੀਆ ਹੀ ਵਿਗੜ ਗਿਆ ਓਹ ਮਾਸੂਮਾਂ ਤੇ ਸਾਊਆਂ ਵਾਂਗ ਗੰਭੀਰ ਹੋ ਗਿਆ। ਸਤਿਗੁਰੂ ਜੀ ਨੇ ਨੈਣਾਂ ਵਿਚ ਨੈਣ ਪਾਉਂਦਿਆਂ ਹੋਇਆਂ ਪੁਛਿਆ 'ਕਿਸ ਦਾ ਬੰਦਾ ਹੈ?'

ਆਪ ਦਾ! ਮੈਂ ਆਪ ਦਾ ਬੰਦਾ! ਜੋ ਹੁਕਮ ਕਰੋ ਸੋ ਕਰਾਂਗਾ। ਮੇਰੀਆਂ ਭੁਲਾਂ ਮੈਨੂੰ ਬਖਸ਼ੋ। ਮੈਂ ਆਪ ਦਾ ਨਿਮਾਣਾ ਸੇਵਕ ਬੰਦਾ, ਬੰਦਾ!

ਇਹ ਸੁਣਕੇ ਸਤਿਗੁਰੂ ਜੀ ਨ ਦੋਹਾਂ ਬਾਹੀਂ ਤੋਂ ਫੜਕੇ ਉਪਰ ਕੀਤਾ। ਇਕ ਪਾਸੇ ਮੰਜੇ ਉਤੇ ਬੈਠਾ ਲਿਆ। ਸਾਹਿਬਾਂ ਨੇ ਉਸ ਕੋਲੋਂ ਓਹਦੀ ਜ਼ਬਾਨੀ ਸਾਰੀ ਓਹਦੀ ਪਿਛਲੀ ਜੀਵਨ ਕਥਾ ਸੁਣੀ। ਜਦੋਂ ਸਾਰੀ ਜੀਵਨ ਕਥਾ ਸੁਣਾ ਚੁਕਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ—ਜੋ ਕੁਝ ਕੀਤਾ ਹੈ ਜੋ ਕੁਝ ਸਿਖਿਆ ਹੈ ਕੀ ਇਸ ਨਾਲ ਭਾਰਤ ਦੇ ਲੋਕਾਂ ਨੂੰ ਵੀ ਕੁਝ ਲਾਭ ਹੋਇਆ? ਵਾਹਿਗੁਰੂ ਦੀ ਕੀ ਸੇਵਾ ਕੀਤੀ, ਦੇਸ ਤੇ ਧਰਮ ਬਾਰੇ ਕੁਝ ਕੀਤਾ?

ਮੇਰੇ ਕੋਲੋਂ ਕਿਸੇ ਨੂੰ ਕੁਝ ਲਾਭ ਨਹੀਂ ਪੁਜਾ ਮੈਂ ਤਾਂ ਮੰਤ੍ਰਾਂ ਦੀ ਸਾਧਨਾ ਕਰਦਾ ਰਿਹਾ ਹਾਂ ਜੋ ਸ਼ਕਤੀਆਂ ਪ੍ਰਾਪਤ ਕੀਤੀਆਂ ਹਨ ਉਹਨਾਂ ਤੋਂ ਵੀ ਕਿਸੇ ਨੂੰ ਕੋਈ ਲਾਭ ਨਹੀਂ ਧਹੁੰਚਿਆ।' ਲਛਮਣ ਦੇਵ ਨੇ ਕੁਝ ਸ਼ਰਮਿੰਦਾ ਜਿਹਾ

Sri Satguru Jagjit Singh Ji eLibrary NamdhariElibrary@gmail.com

ਹੋਰ ਉਤਰ ਦਿਤਾ ।

'ਕੀ ਹੁਣ ਕੋਈ ਭੁਲਾਈ ਦਾ ਕੰਮ ਕਰਨਾ ਚਾਹੁੰਦਾ ਹੈਂ?' ਸਤਿਗੁਰੂ ਜੀ ਨੇ ਪੁਛਿਆ ।

ਜਿਵੇਂ ਹੁਕਮ ਹੋਵੇ ਮੈਂ ਆਪ ਦਾ ਬੰਦਾ ਹਾਂ । ਜੋ ਹੁਕਮ ਕਰੋ ਸੋ ਕਰਾਂਗਾ ।

'ਸੁਣ ! ਘੜੀ ਘੜੀ ਮੈਂ ਆਪ ਦਾ' ਆਖਦਾ ਹੈਂ, ਜਿਹੜੇ ਮੇਰੇ 'ਬੰਦੇ' ਬਣਦੇ ਹਨ ਉਨ੍ਹਾਂ ਨੂੰ ਬਹੁਤ ਘਾਲਣਾ ਘਾਲਣੀਆਂ ਪੈਂਦੀਆਂ ਹਨ । ਉਨ੍ਹਾਂ ਨੂੰ ਤਾਂ ਜਾਨ ਤੇ ਖੇਲ੍ਹਣਾ ਪੈਂਦਾ ਹੈ ਘਰ ਘਾਟ ਉਜਾੜਨਾ ਪੈਂਦਾ ਹੈ ।'

ਮੈਂ ਸਭ ਕੁਝ ਕਰਾਂਗਾ, ਘਰ ਘਾਟ, ਟੱਬਰ ਕੁਟੰਬ ਮੇਰਾ ਪਹਿਲਾਂ ਹੀ ਨਹੀਂ । ਮੈਂ ਸਿਰਫ ਦਮ ਦਾ ਦਮ ਹਾਂ । 'ਫਿਰ ਸੁਣ' ਸਤਿਗੁਰੂ ਜੀ ਫੁਰਮਾਯਾ— 'ਇਸ ਸਮੇਂ ਪੰਜਾਬ ਤੇ ਕਸ਼ਮੀਰ ਦੀ ਲੌਕਾਈ ਬਹੁਤ ਤੰਗ ਹੈ ਹਿੰਦੂ ਨੂੰ ਦੁਖ ਨਾਲ ਜੀਉਣ ਨਹੀਂ ਦਿਤਾ ਜਾਂਦਾ । ਅਸਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਦਿਲੀ ਵਿਚ ਸ਼ਹੀਦੀ ਪਾਈ ਓਹਨਾਂ ਦੇ ਸਿਖਾਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਗਈਆਂ । ਇਕ ਨੂੰ ਉਬਲਦੀ ਦੇਗ ਵਿਚ ਬੈਠਾਇਆ ਗਿਆ ਤੇ ਦੂਸਰੇ ਦੇ ਸਿਰ ਉਤੇ ਆਰਾ ਰਖ ਕੇ ਦੋ ਫਾੜ ਕੀਤਾ ਗਿਆ । ਸਤਿਗੁਰੂ ਜੀ ਪਿਛੋਂ ਅਸਾਂ ਧਰਮ ਪਰਚਾਰ ਕੀਤਾ ਖਾਲਸਾ ਪੰਥ ਦੀ ਸਾਜਨਾ ਕੀਤੀ ਜ਼ੁਲਮ ਨਾਲ ਟੱਕਰ ਲਈ ।'

ਇਸ ਤੋਂ ਅਗੇ ਸਾਹਿਬਾਂ ਨੇ ਸਾਰੀ ਕਥਾ ਬਿਆਨ ਕਰ ਦਿਤੀ । ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਵੀ ਬਿਆਨਕੀਤੀਆਂ।ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣ ਕੇ ਬੰਦੇ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ । ਉਸਨੇ ਕਿਹਾ—'ਮਹਾਰਾਜ ! ਮੈਨੂੰ ਖਿਮਾ ਕਰਨਾ ਮੈਂ ਆਪਣਾ ਵਤਨ ਛਡ ਕੇ ਆਪਣੇ ਵੀਰਾਂ ਤੇ ਭੈਣਾਂ ਨੂੰ ਕਸ਼ਟ ਦੀ ਜ਼ਿੰਦਗੀ ਭੋਗਦੇ ਹੋਏ ਛਡਕੇ ਏਥੇ ਦੂਰ ਦੇਸ ਵਿਚ ਆ ਬੈਠਾ । ਇਹ ਮੇਰੀ ਭੁਲ ਸੀ ਮੈਨੂੰ ਫੁਰਨਾਂ ਵੀ ਨਾ ਫੁਰਿਆ ਕਿ ਮੈਂ ਦੇਸ ਤੇ ਧਰਮ ਦੀ ਸੇਵਾ ਕਰਾਂ ਜਾਂ ਮੁਗਲ ਹਿੰਦੂ ਜਾਤੀ ਦਾ ਦੁਸ਼ਮਣ ਹੈ । ਮੈਂ ਤਾਂ ਇਹ ਸਮਝਦਾ ਰਿਹਾ ਅਸਾਂ ਸਾਧੂਆਂ ਦਾ ਧਰਮ ਹੀ ਨਹੀਂ ਰਾਜ ਨਾਲ ਟੱਕਰ ਲੈਣਾ । ਤਲਵਾਰ ਫੜਕੇ ਲੜਾਈ ਕਰਨੀ ਮੈਂ ਤਾਂ

Sri Satguru Jagjit Singh Ji eLibrary NamdhariElibrary@gmail.com

ਅਹਿੰਸਕ ਵਾਦੀ ਰਿਹਾ ਹਾਂ। ਰਾਜਪੂਤ ਲੜਦੇ ਰਹੇ ਹਨ। ਮੁਗਲ ਸਰਕਾਰ ਦੀਆਂ ਫੌਜਾਂ ਉਨ੍ਹਾਂ ਨਾਲ ਲੜਦੀਆਂ ਰਹੀਆਂ ਹਨ ਮੈਨੂੰ ਤਾਂ ਮੁਸਲਮਾਨਾਂ ਕਦੀ ਕੁਝ ਨਹੀਂ ਆਖਿਆ। ਉਫ ! ਮੇਰਾ ਵਤਨ ਐਨਾ ਦੁਖੀ ਹੈ। ਮਾਸੂਮਾਂ ਦਾ ਖੂਨ ਡੋਲ੍ਹਿਆ ਜਾਂਦਾ ਹੈ। ਨਾਰੀ ਜਾਤੀ ਦੀ ਨਿਰਾਦਰੀ ਹੋ ਰਹੀ ਹੈ ?

ਸਤਿਗੁਰੂ ਜੀ ਉਸਦੇ ਮਨ ਨੂੰ ਹੋਰ ਚੰਡਣਾ ਚਾਹੁੰਦੇ ਸਨ ! ਓਹਨਾਂ ਨੇ ਬਚਨ ਕੀਤਾ—ਇਕ ਤੂੰ ਹੀ ਨਹੀਂ ਭੁਲਿਆ ਰਿਹਾ ਸਗੋਂ ਇਸ ਵੈਸ਼ਾਲ ਦੇਸ਼ ਵਿਚ ਲਖਾਂ ਸਾਧੂ ਸੰਨਿਆਸੀ ਤਪੀ ਜਟਾਧਾਰੀ ਤੇ ਨਾਂਗੇ ਹਨ ਜਿਹੜੇ ਗ੍ਰਿਹਸਤੀ ਲੋਕਾਂ ਦੀ ਕਮਾਈ ਖਾਂਦੇ ਹਨ ਓਹਨਾਂ ਦੇ ਆਸਰੇ ਜੀਉਂਦੇ ਹਨ ਪਰ ਜਦੋਂ ਗ੍ਰਿਹਸਤੀਆਂ ਉਤੇ ਜ਼ੁਲਮ ਹੁੰਦੇ ਹਨ ਓਹਨਾ ਨਾਲ ਧੱਕਾ ਹੁੰਦਾ ਹੈ ਤਾਂ ਓਹ ਉਹਨਾਂ ਵਲ ਦੇਖਦੇ ਨਹੀਂ। ਬਹੁਤ ਜ਼ੁਲਮ ਕੋਲੋਂ ਡਰਕੇ ਦੂਰ ਨੱਸ ਜਾਂਦੇ ਹਨ। ਹਜ਼ਾਰਾਂ ਮੰਦਰ ਢਾਹ ਢੇਰੀ ਕੀਤੇ ਗਏ, ਹਜ਼ਾਰਾਂ ਲਖਾਂ ਦੇਵੀਆਂ ਤੇ ਇਸਤ੍ਰੀ ਮਰਦ ਖਾਕ ਵਿਚ ਰੋਲੇ ਗਏ, ਕੀ ਵੇਹਲੇ ਸਾਧੂਆਂ ਦਾ ਧਰਮ ਨਹੀਂ ਸੀ ਕਿ ਓਹ ਮਜ਼ਲੂਮਾਂ ਦੀ ਸਹਾਇਤਾ ਕਰਦੇ ? ਕੋਈ ਕੈਲਾਸ਼ ਨੂੰ ਤੁਰ ਗਿਆ ਹੈ, ਕੋਈ ਹਰਦੁਆਰ ਨੂੰ। ਮੈਦਾਨੀ ਤਪੇ ਵਿਚ ਕੋਈ ਜੋਗੀ ਸੰਨਿਆਸੀ ਨਜ਼ਰ ਨਹੀਂ ਆਉਂਦਾ। ਤੁਸਾਂ ਜਹੇ ਬੀਰਾਂ ਦੇ ਬਲ ਨਾਲ ਪਲੰਘ ਤੇ ਬੈਠਾ ਕੇ ਸਾਧੂਆਂ ਦਾ ਨਿਰਾਦਰ ਕਰਕੇ ਤਾਂ ਮਨ ਪ੍ਰਚਾਵਾ ਕਰਦੇ ਰਹੇ ਪਰ ਉਨ੍ਹਾਂ ਬੀਰਾਂ ਕੋਲੋਂ ਜ਼ਾਲਮਾਂ ਦਾ ਖਾਤਮਾ ਕਰਨ ਵਾਸਤੇ ਤਾਂ ਸਹਾਇਤਾ ਮੂਲ ਨਾ ਲਈ ? ਕੀ ਇਹ ਅਧਰਮ ਨਹੀਂ, ਅਕ੍ਰਿਤਘਣਤਾ ਨਹੀਂ ਕਿ। ਜਿਹੜਾ ਦੇਸ਼ ਜਿਹੜਾ ਧਰਮ ਜਿਹੜਾ ਸਮਾਜ ਸਾਨੂੰ ਜੀਵਨ ਦੇਵੇ ਅਸੀਂ ਉਸਦੀ ਸਹਾਇਤਾ ਨਾ ਕਰੀਏ ? ਅਸਾਂ ਨੂੰ ਅਭਿਮਾਨ ਨਹੀਂ ਫਿਰ ਵੀ ਆਖਦੇ ਹਾਂ ਕਿ ਜੋ ਕੁਝ ਕੋਲ ਰਹਿੰਦਾ ਹੈ, ਓਹ ਵੀ ਦੇਸ ਧਰਮ ਤੇ ਖਾਲਸਾ ਪੰਥ ਬਦਲੇ ਕੁਰਬਾਨ ਕੀਤਾ ਜਾਵੇਗਾ। ਪੁਰਖ ਜੀਉਂਦਾ ਹੈ ਲੋਕਾਂ ਬਦਲੇ, ਮਰਦਾ ਹੈ ਲੋਕਾਂ ਬਦਲੇ ਜੋ ਆਪਣੇ ਵਾਸਤੇ ਜੀਉਂਦਾ ਹੈ ਓਹ ਸਮਝੋ ਪਸ਼ੂ ਹੈ।

ਇਹ ਸੁਣਕੇ ਲਛਮਣ ਦੇਵ ਫਿਰ ਸਤਿਗੁਰੂ ਜੀ ਦੇ ਚਰਨਾਂ ਉਪਰ ਡਿਗ ਪਿਆ; ਓਹਦੇ ਚੇਲੇ ਦੇਖ ਕੇ ਹੈਰਾਨ ਸਨ ਕਿ ਓਹਨਾਂ ਦਾ ਬੈਰਾਗੀ ਗੁਰੂ ਕੀ

Sri Satguru Jagjit Singh Ji eLibrary NamdhariElibrary@gmail.com

ਖੇਡ ਕਰ ਰਿਹਾ। ਜਿਥੇ ਸਾਰਾ ਦਖਣ ਓਹਦੇ ਚਰਨਾਂ ਉਤੇ ਡਿਗਦਾ ਸੀ, ਜਿਥੇ ਸਾਧੂ ਜੋਗੀ ਲੋਕ ਓਹਦੇ ਕੋਲੋਂ ਭੇ ਖਾਂਦੇ ਸਨ ਕਿਥੇ ਹੁਣ ਓਹ ਆਪ ਕਿਸੇ ਦਾ ਚੇਲਾ ਬਣ ਰਿਹਾ ਹੈ। ਇਹੋ ਆਖੀ ਜਾਂਦਾ ਹੈ 'ਮੈਂ ਤੁਸਾਂ ਦਾ ਬੰਦਾ ! ਮੈਂ ਤੁਸਾਂ ਦਾ ਬੰਦਾ ! ਮੈਨੂੰ ਬਖਸ਼ੋ, ਦਾਤਾਰ ਬਖਸ਼ੋ ! ਵੇਲੇ ਸਿਰ ਰਾਹੇ ਪਾਉਣ ਆਏ ਹੋ। ਦੀਨ ਦਇਆਲ ਤੁਸਾਂ ਨੇ ਮੇਹਰ ਕੀਤੀ ਹੈ।' ਉਹ ਇਹ ਵੀ ਸੋਚਦੇ ਸਨ ਕਿ ਬੈਰਾਗੀ ਦੇ ਬੀਰਾਂ ਦੀ ਸ਼ਕਤੀ ਕਿਧਰ ਗਈ ! ਕੀ ਆਉਣ ਵਾਲਾ ਓਪਰਾ ਪੁਰਸ਼ ਬਹੁਤਾ ਕਰਾਮਾਤੀ ਤੇ ਵਡੇ ਬੀਰ ਰਖਣ ਵਾਲਾ ਹੈ।' ਇਹ ਸੋਚਦੇ ਸੋਚਦੇ ਓਹ ਸਤਿਗੁਰੂ ਜੀ ਦੇ ਚੇਹਰੇ ਵਲ ਦੇਖਣ ਲਗ ਪੈਂਦੇ । ਓਹ ਕਈ ਤਰਾਂ ਦੇ ਕਿਆਸ ਕਰਦੇ ਸਤਿਗੁਰੂ ਜੀ ਉਹਨਾਂ ਨੂੰ ਭਗਵਾਨ, ਵਿਸ਼ਨੂੰ ਜੀ ਨਜ਼ਰ ਆਉਂਦੇ। ਕਈ ਆਖਦੇ—'ਇਹ ਪੁਰਸ਼ ਨਹੀਂ ਜ਼ਰੂਰ ਬ੍ਰਹਮਾ ਜਾਂ ਸ਼ਿਵਜੀ ਦਾ ਅਵਤਾਰ ਹੈ ਨਹੀਂ ਪ੍ਰਤੱਖ ਰੂਪ ਹੈ।'

'ਬਸ ਮੈਨੂੰ ਹੁਕਮ ਕਰੋ, ਲਛਮਣ ਦੇਵ ਨੇ ਸਤਿਗੁਰੂ ਜੀ ਅਗੇ ਹਥ ਜੋੜ ਕੇ ਬੇਨਤੀ ਕੀਤੀ । ਤਦ ਸਤਿਗੁਰੂ ਜੀ ਨੇ ਫੁਰਮਾਇਆ—'ਦੇਖੋ ਸਚ ਮੁਚ ਤੂੰ ਅਸਾਂ ਦਾ ਬੰਦਾ ਬਣਨਾ ਹੈ ਤਾਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ, ਸਿੰਘ ਸਜਕੇ ਕੁਝ ਮੇਰੇ ਸਿੰਘਾਂ ਨੂੰ ਨਾਲ ਲੈ ਜਾਹ ਤੇ ਪੰਜਾਬ ਨੂੰ ਤੁਰ ਜਾਹ, ਫੌਜਦਾਰ ਬਣਕੇ ਇਸ ਸਾਧੂ ਪੁਣੇ ਦਾ ਤਿਆਗ ਕਰ ਦੇਹ ਵਾਹਿਗੁਰੂ ਤੇਹੀ ਸਹਾਇਤਾ ਕਰੇਗਾ। ਪੰਜਾਬ ਵਲ ਚਲਿਆ ਜਾਹ । ਪੰਜਾਬ ਦੇ ਵਿਚ ਜਿੰਨੇ ਧਰਮ ਦੇ ਵੈਰੀ ਹਨ ਉਹਨਾਂ ਦੀ ਸੋਧਨਾ ਕਰ। ਜੇ ਇਹ ਗਲਾਂ ਪ੍ਰਵਾਨ ਹਨ ਤਾਂ ਤੂੰ ਅਸਾ ਦਾ ਬੰਦਾ।'

ਮੈਨੂੰ ਪਰਵਾਨ ਹਨ ਮੈਂ ਤੁਸਾਂ ਦਾ ਬੰਦਾ ਹਾਂ ਆਤਮ ਦਮ ਤਕ ਹੀ ਬੰਦਾ ਰਹਾਂਗਾ।

ਉਸ ਘੜੀ ਤੋਂ ਲਛਮਣ ਦੇਵ ਨਾਮ ਤਾਂ ਖਤਮ ਹੋ ਗਿਆ ਤੇ ਬੈਰਾਗੀ ਦਾ ਨਾਮ, ਕਰਮ ਧਰਮ ਸਭ ਕੁਝ ਨਵਾਂ ਹੋ ਗਿਆ, ਉਸ ਘੜੀ ਤੋਂ ਲਛਮਣ ਦੇਣ ਦੀ ਥਾਂ ਉਸ ਨੂੰ 'ਬੰਦਾ' ਆਖਣ ਲਗ ਪਏ ਏਸੇ ਨਾਮ ਨਾਲ ਆਪ ਸਿਖ ਇਤਿਹਾਸ ਵਿਚ ਮਸ਼ਹੂਰ ਹਨ । 'ਬੰਦਾ ਬਹਾਦਰ' ਆਖ ਕੇ ਸਾਰੇ

Sri Satguru Jagjit Singh Ji eLibrary NamdhariElibrary@gmail.com

ਸਤਿਕਾਰਦੇ ਹਨ।

ਉਸ ਘੜੀ ਸਤਿਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਹੁਕਮ ਦਿਤਾ—ਸਿੰਘੋ! ਅੰਮ੍ਰਿਤ ਤਿਆਰ ਕਰੋ ਤੇ ਬੰਦੇ ਨੂੰ ਛਕਾਓ, ਇਹ ਹੁਣ ਸਤਿਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਬੰਦਾ ਹੋਇਆ। ਸਾਹਿਬਾਂ ਦੇ ਧਰਮ ਪੰਥ ਦਾ ਪਰਚਾਰ ਕਰੇਗਾ। ਦੇਰ ਨਾ ਹੋਵੇ ਸਮਾਂ ਇਸ ਬਹਾਦਰ ਯੋਧੇ ਦੀ ਉਡੀਕ ਕਰ ਰਿਹਾ ਹੈ। ਦੁਸ਼ਮਣ ਦੀਆਂ ਜੀਵਨ ਘੜੀਆਂ ਮੁਕੀਆਂ ਹੋਈਆਂ ਹਨ ਉਹਨਾਂ ਨੂੰ ਸਜ਼ਾ ਦੇਣੀ ਜ਼ਰੂਰੀ ਹੈ।

ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਉਸੇ ਵੇਲੇ ਹੋਣ ਲਗ ਪਈ, ਸਾਰੇ ਸਿੰਘ ਏਧਰ ਉਧਰ ਦੌੜ ਗਏ। ਅੰਮ੍ਰਿਤ ਛਕਾਉਣ ਦੀ ਸਮੱਗ੍ਰੀ ਤਿਆਰ ਕਰਨ ਲਗੇ। ਬੰਦੇ ਨੂੰ ਦੋ ਕਛਹਿਰੇ, ਕੁੜਤਾ, ਕ੍ਰਿਪਾਨ, ਗਾਤਰਾ ਤੇ ਵਡੀ ਕ੍ਰਿਪਾਨ ਦਿਤੀ ਗਈ ਕੰਘਾ ਤੇ ਕੜਾ ਬਖਸ਼ਿਆ ਗਿਆ। ਓਹਦੀ ਕੁਟੀਆ ਦੀ ਰਸਦ ਵਿਚੋਂ ਕੜਾਹ ਪ੍ਰਸ਼ਾਦ ਤਿਆਰ ਹੋਣ ਦਾ ਹੁਕਮ ਹੋਇਆ ਬੰਦੇ ਦੇ ਚੇਲੇ ਵੀ ਅੰਮ੍ਰਿਤ ਪਾਨ ਕਰਨ ਨੂੰ ਤਿਆਰ ਹੋਏ। ਉਨ੍ਹਾਂ ਨੇ ਵੀ ਬੈਰਾਗੀਆਂ ਵਾਲੇ ਲੀੜੇ ਲਾਹ ਸੁਟੇ ਤੇ ਸਿੰਘਾਂ ਵਾਲੇ ਪਹਿਨ ਲਏ। ਉਹ ਅਸਲ ਮਨੁਖ ਬਣਨਾ ਚਾਹੁੰਦੇ ਸਨ। ਓਹਨਾਂ ਨੂੰ ਹੁਣ ਹੀ ਗਿਆਨ ਹੋਇਆ ਸੀ ਕਿ ਉਹ ਅਸਲ ਵਿਚ ਕੀ ਹਨ? ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ। ਸਭ ਬਸਤਰ ਤੇ ਸ਼ਸਤਰ ਪਹਿਨ ਕੇ ਤਿਆਰ ਹੋ ਗਏ। ਪੰਜੇ ਕਕਾਰ ਧਾਰਨ ਕਰ ਲਏ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਤਿਆਰ ਕੀਤਾ ਗਿਆ। ਸਾਹਿਬਾਂ ਨੇ ਸਭ ਨੂੰ ਉਪਦੇਸ਼ ਕੀਤਾ ਹੁਕਮ ਦਿਤਾ ਕਿ ਪੰਜ ਕਕਾਰਾਂ ਸ਼ਸਤਰਾਂ ਤੇ ਸਿਖੀ ਜੀਵਨ ਤੇ ਧਰਮ ਦਾ ਕਿਵੇਂ ਸਤਿਕਾਰ ਕਰਨਾ ਹੈ। ਇਹ ਨਹੀਂ ਹੋ ਸਕਦਾ ਕਿ ਇਹਨਾਂ ਸਾਰੀਆਂ ਵਸਤੂਆਂ ਦੀ ਨਿਰਾਦਰੀ ਹੋਵੇ ਇਹ ਵਸਤੂ ਅਕਾਲ ਪੁਰਖ ਦੇ ਹੁਕਮ ਅਨੁਸਾਰ ਪਾਰਣ ਕੀਤੀਆਂ ਹਨ। ਸਾਹਿਬਾਂ ਇਹ ਵੀ ਕਿਹਾ ਅਕਾਲ ਪੁਰਖ ਦਾ ਭੈ ਰਖਣਾ ਉਸ ਦੀ ਪੂਜਾ ਕਰਨੀ, ਹਰ ਇਕ ਸਿਖ ਨੂੰ ਭਾਵੇਂ ਓਹ ਕਿਸੇ ਵੀ ਜਾਤ ਜਨਮ ਵਿਚੋਂ ਹੋਵੇ ਬਿਨਾਂ ਕਿਸੇ ਵਿਤਕਰੇ ਦੇ ਉਸਨੂੰ ਭਰਾ ਮੰਨਣਾ। ਧਰਮ ਦੀ ਰਾਖੀ ਕਰਨੀ ਗਊ ਗਰੀਬ ਦੀ

Sri Satguru Jagjit Singh Ji eLibrary NamdhariElibrary@gmail.com

ਸਹਾਇਤਾ ਕਰਨੀ, ਜ਼ੁਲਮ ਨਾਲ ਟੱਕਰ ਲੈਣੀ ਖਾਲਸਾ ਪੰਥ ਦੇ ਝੰਡੇ ਨੂੰ ਉਚਾ ਚੁਕਣਾ। ਧਰਮ ਰਾਜ ਕਾਇਮ ਕਰਨਾ ਆਦਿਕ। ਸਤਿਗੁਰੂ ਜੀ ਦੇ ਹੁਕਮਾਂ ਨੂੰ ਮੰਨਦਿਆਂ ਹੋਇਆਂ ਸਾਰਿਆਂ ਨੇ ਸਿਰ ਝੁਕਾ ਦਿਤਾ। ਸਾਹਿਬਾਂ ਨੇ ਆਪ ਆਪਣੇ ਕਵਲ ਹਥਾਂ ਨਾਲ ਬੰਦੇ ਤੇ ਹੋਰ ਉਸਦੇ ਸਾਥੀਆਂ ਨੂੰ ਅੰਮ੍ਰਿਤ ਛਕਾਇਆ, ਇਹ ਸ਼ੁਭ ਦਿਹਾੜਾ ਸਤੰਬਰ ੧੭੦੯ ਦੇ ਅੰਤਲੇ ਹਫਤੇ ਦਾ ਕੋਈ ਦਿਨ ਸੀ ਉਸ ਵੇਲੇ ਬਿ: ਸੰਮਤ ੧੭੬੫ ਸੀ, ਅੰਮ੍ਰਿਤ ਪਰਚਾਰ ਦੀ ਸਾਰੀ ਮਰਜਾਦਾ ਕਰਨ ਪਿਛੋਂ ਸਤਿਗੁਰੂ ਜੀ ਨੇ ਬੰਦੇ ਦਾ ਨਾਮ 'ਬੰਦਾ ਸਿੰਘ' ਰਖ ਦਿਤਾ। ਕਈਆਂ ਇਤਿਹਾਸਾਂ ਵਿਚ 'ਗੁਰਬਖਸ਼ ਸਿੰਘ' ਨਾਮ ਰਖਿਆ ਵੀ ਆਉਂਦਾ ਹੈ ਪਰ ਇਤਿਹਾਸਾਂ ਵਿਚ ਬੰਦੇ ਦੀਆਂ ਜੀਵਨ ਘਟਨਾਵਾਂ ਗੁਰਬਖਸ਼ ਨਾਮ ਦੀ ਪਰੋੜਤਾ ਨਹੀਂ ਕਰਦੀਆਂ ਹਨ। ਸਿਰਫ ਬੰਦਾ ਸਿੰਘ ਹੀ ਸਿਧ ਹੁੰਦਾ ਹੈ।

ਸਤਿਗੁਰੂ ਜੀ ਕੁਝ ਦਿਨ ਬੰਦਾ ਸਿੰਘ ਨਾਲ ਮਿਲਦੇ ਗਿਲਦੇ ਰਹੇ। ਇਕਠੇ ਸ਼ਿਕਾਰ ਜਾਂਦੇ ਤੇ ਵਿਚਾਰਾਂ ਕਰਦੇ। ਆਖਰ ਇਕ ਦਿਨ ਗੁਰੂ ਜੀ ਨੇ ਬੰਦਾ ਸਿੰਘ ਨੂੰ ਹੁਕਮ ਕੀਤਾ—'ਹੇ ਬੰਦਾ ਸਿੰਘ ! ਹੁਣ ਤੂੰ ਅਸਾਂ ਦਾ ਪੂਤੀ ਨਿਧ (ਜਥੇਦਾਰ ਬਣਕੇ) ਪੰਜਾਬ ਵਲ ਤੁਰ ਜਾਹ' ਤੁਰਕਾਂ ਦੀ ਸੋਧਨਾ ਕਰ, ਅਜ ਤੋਂ ਤੂੰ ਖਾਲਸਾ ਪੰਥ ਦਾ ਜਥੇਦਾਰ (ਮੁਖੀਆ) ਹੋਇਆ, ਸਾਰਾ ਪੰਥ ਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਲੇਵਾ ਤੇਰੀ ਮਦਦ ਕਰਨਗੇ ਤੇ ਤੇਰਾ ਸਤਿਕਾਰ ਕਰਨਗੇ, ਇਹ ਲੈ ਅਸਾਂ ਦੀ ਕ੍ਰਿਪਾਨ ! ਇਹ ਆਖਕੇ ਸਤਿਗੁਰੂ ਜੀ ਨੇ ਆਪਣੀ ਕ੍ਰਿਪਾਨ ਗਾਤਰੇ ਵਿਚੋਂ ਕੱਢ ਕੇ ਬੰਦਾ ਸਿੰਘ ਨੂੰ ਬਖਸ਼ ਦਿਤੀ। ਨਾਲ ਪੰਜ ਤੀਰ ਬਖਸ਼ੇ, ਤੀਰਾਂ ਬਾਰੇ ਸਾਹਿਬਾਂ ਨੇ ਕਿਹਾ—'ਇਹ ਤੀਰ ਉਸ ਵਕਤ ਛਡਣੇ ਜਦੋਂ ਬਹੁਤ ਭਾਰੀ ਬਣੇ, ਜਦੋਂ ਦੇਖੇ ਕਿ ਦੁਸ਼ਮਣ ਹੁਣ ਕੋਈ ਪੇਸ਼ ਨਹੀਂ ਜਾਣ ਦੇਂਦਾ। ਦੁਸ਼ਮਣਾ ਦਾ ਨਾਸ਼ ਕਰਕੇ ਇਹ ਤੀਰ ਮੁੜ ਤੁਸਾਂ ਕੋਲ ਆ ਜਾਇਆ ਕਰਨਗੇ।' ਇਸ ਤੋਂ ਅਗੇ ਇਉਂ ਹੁਕਮ ਦਿਤਾ—'ਸੁਣ ਬੰਦਾ ਸਿੰਘ ! ਇਨ੍ਹਾਂ ਗਲਾਂ ਵਲ ਵੀ ਖਿਆਲ ਰਖਣਾ—(ੳ) ਖਾਲਸਾ ਪੰਥ ਨਾਲ ਵਿਗਾੜਨੀ ਨਹੀਂ ਪੰਥ ਦੀ ਸਲਾਹ ਨਾਲ ਸਾਰੇ ਕਾਰਜ ਕਰਨੇ, ਜੇ ਖਾਲਸਾ ਪੰਥ ਦੀ ਬਹੁ-

Sri Satguru Jagjit Singh Ji eLibrary NamdhariElibrary@gmail.com

ਸੰਮਤੀ ਕਿਸੇ ਗਲੋਂ ਰੋਕੇ ਤਾਂ ਉਹਨੂੰ ਨਹੀਂ ਕਰਨਾ ਜਿਦ ਨਾਂ ਕਰਨੀ, ਖਾਲਸਾ ਪੰਥ ਨੂੰ ਮੇਰਾ ਰੂਪ ਸਮਝਣਾ। (ਅ) ਜੋ ਕੁਝ ਪ੍ਰਾਪਤ ਹੋਵੇ ਉਸ ਨੂੰ ਵੰਡ ਕੇ ਛਕਣਾ। ਸਿੰਘਾਂ ਦੀ ਸੇਵਾ ਕਰਨੀ। ਸਿੰਘ ਤੇਰੀ ਸੇਵਾ ਤੇ ਸਹਾਇਤਾ ਕਰਨਗੇ। (ਏ) ਜਤੀ ਰਹਿਣਾ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਕਿਤੇ ਕਾਮੀ ਨਾ ਬਣਨਾ ਵਿਵਾਹ ਨਾ ਕਰਾਉਣਾ ਤੇ ਪਰ ਨਾਰੀ ਨੂੰ ਮਾਂ, ਧੀ ਭੈਣ ਦੇ ਬਰਾਬਰ ਜਾਨਣਾ। ਦੁਸ਼ਮਨ ਦੀ ਧੀ ਭੈਣ ਦਾ ਸਤਿਕਾਰ ਕਰਨਾ। ਕਦੀ ਕਿਸੇ ਰੂਪਵਤੀ ਦੀ ਨਿਰਾਦਰੀ ਨਾ ਕਰਨੀ; ਜੇਕਰ ਇੰਦਰੀ ਨੂੰ ਵਸ ਰਖੇਂਗਾ ਤਾਂ ਜ਼ਰੂਰ ਤੇਰੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ। (ਸ) ਕਦੀ ਗੁਰੂ ਨਾ ਬਣੀਂ ਤੇ ਨਾ ਗਦੇਲਾ ਲਾ ਕੇ ਗੁਰੂ ਪਦਵੀ ਤੇ ਵਿਚਾਰ ਨਾਲ ਸੰਗਤ ਵਿਚ ਬੈਠੀਂ, ਆਪਣਾ ਪੰਥ ਨਾ ਚਲਾਈਂ। ਖੰਥ ਸਦਾ ਸਤਿਗੁਰੂ ਨਾਨਕ ਦੇਵ ਜੀ ਦਾ ਚਲੇ। ਸਿਖੀ ਦਾ ਪਰਚਾਰ ਕਰੀਂ। ਸਤਿਗੁਰੂ ਨਾਨਕ ਦੇਵ ਜੀ ਤੇਰੀ ਸਹਾਇਤਾ ਕਰਨਗੇ। ਇਹ ਗਲਾਂ ਹਨ ਇਹਨਾਂ ਨੂੰ ਭੁਲ ਕੇ ਨਾ ਵਿਸਾਰੀਂ, ਜੇ ਵਿਸਾਰੇਂਗਾ ਤਾਂ ਦੁਖ ਉਠਾਏਂਗਾ। ਹੁਕਮ ਨਾਲ ਸਾਰੇ ਕਾਰਜ ਹੁੰਦੇ ਹਨ ਤੇ ਹੁਕਮ ਹੀ ਮੰਨਣਾ ਚਾਹੀਦਾ ਹੈ।

ਇਹਨਾਂ ਹੁਕਮਾਂ ਨੂੰ ਸੁਣਕੇ ਬੰਦਾ ਸਿੰਘ ਨੇ ਸਤਿਗੁਰੂ ਜੀ ਅਗੇ ਇਉਂ ਬੇਨਤੀ ਕੀਤੀ—'ਮਹਾਰਾਜ' ਆਪ ਜੀ ਦੀ ਬਹੁਤ ਕ੍ਰਿਪਾ ਮੈਂ ਆਪ ਦੇ ਸਾਰੇ ਹੁਕਮਾਂ ਦੀ ਪਾਲਨਾਂ ਕਰਾਂਗਾ। ਰਾਜਸੀ ਸ਼ਕਤੀ ਪ੍ਰਾਪਤ ਕਰਕੇ ਵੀ ਕਦੀ ਕਾਰ ਨਹੀਂ ਕਰਾਂਗਾ, ਸਿਖੀ ਨੂੰ ਕੇਸਾਂ ਸਵਾਸਾਂ ਨਾਲ ਨਿਭਾਵਾਂਗਾ ਅਤੇ ਸਤਿਨਾਮ ਵਾਹਿਗੁਰੂ ਜੀ ਦੇ ਨਾਮ ਦਾ ਡੰਕਾ ਸਾਰੇ ਜਹਾਨ ਪਰ ਹੀ ਫਿਰਾਵਾਂਗਾ, ਬਸ ਆਪ ਦੀ ਮੇਹਰ ਦੀ ਨਿਗਾਹ ਦੀ ਲੋੜ ਹੈ। ਮੈਂ ਖਾਲਸਾ ਪੰਥ ਦਾ ਸੇਵਕ ਬਣ ਕੇ ਰਹਾਂਗਾ।'

ਸਤਿਗੁਰੂ ਜੀ ਨੇ ਇਸ ਦੇ ਪਿਛੋਂ ਆਪਣੇ ਪੰਜਾਂ ਸਿੰਘਾਂ ਨੂੰ ਬੰਦਾ ਸਿੰਘ ਦੇ ਨਾਲ ਜਾਣ ਵਾਸਤੇ ਕਿਹਾ, ਉਹ ਪੰਜ ਸਿੰਘ ਐਸੇ ਸਨ, ਜਿਹੜੇ ਧਰਮ, ਸ਼ਰਧਾ, ਬਲ ਤੇ ਤਿਆਗ ਵਿਚ ਪ੍ਰਬੀਨ ਸਨ। ਸਾਹਿਬਾਂ ਨੂੰ ਉਹਨਾਂ ਉਪਰ ਬਹੁਤ ਭਰੋਸਾ ਸੀ, ਸਾਹਿਬਾਂ ਨੇ ਇਨ੍ਹਾਂ ਪੰਜਾਂ ਨੂੰ ਕੋਲ ,ਸਦਿਆ-ਬਾਬਾ ਬਿਨੋਦ

Sri Satguru Jagjit Singh Ji eLibrary NamdhariElibrary@gmail.com

ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ ਤੇ ਭਾਈ ਬਿਜੈ ਸਿੰਘ। ਜਦੋਂ ਇਹ ਸਾਹਿਬਾਂ ਦੇ ਕੋਲ ਪੁਜੇ ਤਾਂ ਸਾਹਿਬਾਂ ਨੇ ਪੰਜਾਂ ਨੂੰ ਸੰਬੋਧਨ ਕਰਕੇ ਕਿਹਾ—'ਅਸਾਂ ਦੇ ਲਾਡਲੇ ਸਪੁਤਰੋ! ਅੱਜ ਤੁਸਾਂ ਨੂੰ ਪੰਜਾਬ ਵਲ ਤੋਰਦੇ ਹਾਂ। ਬੰਦਾ ਸਿੰਘ ਤੁਸਾਂ ਦਾ ਜਥੇਦਾਰ ਹੋਵੇਗਾ। ਇਸਦਾ ਹੁਕਮ ਓਸੇ ਤਰਾਂ ਮੰਨਣਾਂ ਜਿਵੇਂ ਅਸਾਂ ਦਾ ਮੰਨਦੇ ਰਹੇ ਹੋ, ਹੁਣ ਇਹਨਾਂ ਤੇ ਤੁਸਾਂ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਰਿਹਾ ਤੁਸੀ ਸਾਰੇ ਮੇਰਾ ਰੂਪ ਹੋ। ਇਹ ਲਓ ਨਿਸ਼ਾਨ ਸਾਹਿਬ ਤੇ ਨਗਾਰੇ ਹੁਣ ਤੁਸਾਂ ਨੇ ਰਾਜ ਕਾਇਮ ਕਰਨਾ ਹੈ। ਧਰਮ ਦਾ ਰਾਜ, ਜਿਸ ਦਾ ਨਾਮ 'ਖਾਲਸਾ ਰਾਜ' ਰਖਣਾ ਉਸ ਖਾਲਸਾ ਰਾਜ ਵਿਚ ਪਰਜਾ ਸੁਖੀ ਰਖਣੀ। ਜਾਤ ਜਨਮ ਤੇ ਧਰਮ ਫਿਰਕੇ ਦਾ ਵਿਤਕਰਾ ਕਰ ਕੇ ਪਰਜਾ ਦੇ ਕਿਸੇ ਅੰਗ ਨੂੰ ਦੁਖੀ ਨਹੀਂ ਕਰਨਾ ਜੇ ਪਰਜਾ ਦੁਖੀ ਹੋਵੇ ਤਾਂ ਰਾਜ ਦਾ ਕੁਝ ਲਾਭ ਨਹੀਂ। ਜੋ ਗੁਰਮਤਾ ਕਰਨਾ ਸੋ ਇਕਠੇ ਬੈਠਕੇ ਸਰਬ ਸੰਮਤੀ ਨਾਲ ਕਰਨਾ, ਜ਼ਾਲਮਾਂ ਦੀ ਸੋਧ ਕਰਨੀ, ਸਭ ਗੁਝ ਗੁਰੂ ਪੰਥ ਦਾ ਸਮਝਣਾ।'

ਐਸੀ ਸਿਖਿਆ ਦੇਣ ਪਿਛੋਂ ਸੋਚ ਕੇ ਵੀਹ ਸਿੰਘ ਹੋਰ ਤਿਆਰ ਕੀਤੇ ਜਿਨ੍ਹਾਂ ਵਿਚ ਕੁਝ ਬੰਦਾ ਸਿੰਘ ਦੇ ਚੇਲੇ ਵੀ ਸਨ, ਜਿਹੜੇ ਨਵੇਂ ਸਿੰਘ ਸਜੇ ਸਨ ਸਤਿਗੁਰੂ ਜੀ ਨੇ ਉਹਨਾਂ ਸਾਰਿਆਂ ਸਿੰਘਾਂ ਨੂੰ ਬੜੇ ਪਰੇਮ ਨਾਲ ਥਾਪੜਾ ਦੇ ਕੇ ਨਿਹਾਲ ਕੀਤਾ। ਜਥੇ ਨੂੰ ਤੋਰਨ ਦੀ ਤਿਆਰੀ ਹੋਈ ਤਿਆਰੀ ਸਮੇਂ ਬਾਬਾ ਬਿਨੋਦ ਸਿੰਘ ਜੀ ਨੇ ਬੇਨਤੀ ਕੀਤੀ—'ਮਹਾਰਾਜ! ਇਹ ਤਾਂ ਦਸੋ ਕਿ ਕਦੋਂ ਆਪ ਦਰਸ਼ਨ ਹੋਣਗੇ?' ਸਤਿਗੁਰੂ ਜੀ ਨੇ ਫੁਰਮਾਇਆ—'ਜਿਵੇਂ ਅਕਾਲ ਪੁਰਖ ਦਾ ਹੁਕਮ, ਹੁਕਮ ਦੀ ਖੇਡ ਹੈ। ਕੀ ਕਹਿ ਸਕਦੇ ਹਾਂ, ਹੋ ਸਕਦਾ ਹੈ ਕਿ ਇਕ ਦੂਸਰੇ ਨੂੰ ਨਾ ਹੀ ਮਿਲ ਸਕੀਏ, ਅਕਾਲ ਪੁਰਖ ਦੇ ਹੁਕਮ ਨਾਲ ਅਗੇ ਹੀ ਮੇਲੇ ਹੋਣ।'

ਇਹ ਸੁਣਕੇ ਸਿੰਘ ਬੈਰਾਗਵਾਨ ਹੋ ਗਏ। ਸਾਹਿਬਾਂ ਦੇ ਚਰਨਾਂ ਕੋਲੋਂ ਦੂਰ ਹੋਣ ਲਗਿਆਂ ਸਿੰਘਾਂ ਨੂੰ ਕਸ਼ਟ ਹੋਇਆ ਪਰ ਹੁਕਮ ਦੇ ਬੰਦੇ ਸਨ। ਓਸੇ ਵੇਲੇ ਹੁਕਮ ਮੰਨਿਆਂ, ਹੁਕਮ ਨੂੰ ਮੰਨ ਕੇ ਉਹਨਾਂ ਨੇ ਪੰਜਾਬ ਵਲ ਚੜ੍ਹਾਈ ਕੀਤੀ। ਉਸ ਵੇਲੇ ਸਤਿਗੁਰੂ ਜੀ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਕਿ

Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਨੂੰ ਫਤਹ ਪਰਾਪਤ ਹੋਵੇ, ਦੁਸ਼ਮਨਾਂ ਦਾ ਨਾਸ ਹੋਵੇ ਤੇ ਧਰਮ ਦਾ ਰਾਜ, ਸਾਰੀ ਪਰਜਾ ਸੁਖੀ ਵਸੇ।

ਮੁਗਲਾਂ ਦੀ ਨਕਲ ਨਹੀਂ ਕਰਨੀ ਮੁਗਲਾਂ ਦਾ ਰਾਜ ਮਾਨੁਖਤਾ ਨਾਲ ਵਿਤਕਰੇ ਵਾਲਾ ਹੈ। ਇਸ ਵਾਸਤੇ ਯਤਨ ਕਰਨਾ ਕਿ ਕਿਸੇ ਜੀਵ ਨਾਲ ਵਿਤਕਰਾ ਨਾ ਹੋਵੇ।

ਇਸਦੇ ਉਪਰੰਤ ਸਾਰੇ ਪੰਜਾਬ ਦੇ ਸਿੰਘਾਂ ਵਲ ਸਤਿਗੁਰੂ ਜੀ ਨੇ ਹੁਕਮਨਾਮੇ ਲਿਖੇ ਓਹਨਾਂ ਵਿਚ ਲਿਖਿਆ ਕਿ ਧਰਮ ਦੇ ਬਦਲੇ ਹਰ ਪ੍ਰਕਾਰ ਦੀ ਕੁਰਬਾਨੀ ਕਰੋ। ਜਥੇਦਾਰ ਬੰਦਾ ਸਿੰਘ ਅਸਾਂ ਦਾ ਰੂਪ ਹੈ। ਕੋਈ ਫਰਕ ਨਾ ਜਾਨਿਓਂ। ਇਸ ਤਰਾਂ ਸਤਿਗੁਰੂ ਜੀ ਨੇ ਬੰਦਾ ਸਿੰਘ ਤੇ ੨੫ ਸਿੰਘਾਂ ਨੂੰ ਨਦੀ ਗੋਦਾਵਰੀ ਦੇ ਕਿਨਾਰਿਓਂ ਭਾਦਰੋਂ ਦੇ ਮਹੀਨੇ ਸੰਮਤ ੧੭੬੫ ਬਿਕ੍ਰਮੀ ਵਿਚ ਤੋਰਿਆ। ਸਿੰਘ ਹਰਨਾਂ ਵਾਂਗ ਚੁਗੀਆਂ ਮਾਰਦੇ ਹੋਏ ਪੰਜਾਬ ਵਲ ਨੂੰ ਆਉਣ ਲਗੇ ਰਾਹ ਵਿਚ ਜੇਹੜਾ ਆਦਮੀ ਓਹਨਾਂ ਦੀ ਮਰਜੀ ਦਾ ਮਿਲਦਾ ਉਸਨੂੰ ਆਪਣੇ ਨਾਲ ਰਲਾ ਲੈਂਦੇ।

੨੪. ਸਤਿਗੁਰੁ ਜੀ ਦਾ ਗੋਦਾਵਰੀ ਨਦੀ ਦੇ ਕਿਨਾਰੇ ਰਹਿਣਾ

ਸਤਿਗੁਰੂ ਜੀ ਨੇ ਜਦੋਂ ਬੰਦਾ ਸਿੰਘ ਨੂੰ ਪੰਜਾਬ ਵਲ ਤੋਰ ਦਿਤਾ ਤਾਂ ਓਹਨਾਂ ਦੇ ਹਿਰਦੇ ਨੂੰ ਬਹੁਤ ਹੀ ਪਰਸੰਨਤਾ ਹੋਈ ਉਹਨਾਂ ਦੀ ਪਾਰਬ੍ਰਹਮੀ ਆਤਮਾਂ ਨੇ ਦੇਖ ਲਿਆ ਕਿ ਹੁਣ ਓਹਨਾਂ ਦਾ ਜੀਵਨ ਮਨੋਰਥ ਦਾ ਅੰਤ ਹੋ ਗਿਆ ਹੈ। ਅਕਾਲ ਪੁਰਖ ਵਲੋਂ ਜੇਹੜੇ ਹੁਕਮ ਲੈ ਕੇ ਆਏ ਸਨ, ਓਹਨਾਂ ਹੁਕਮਾਂ ਨੂੰ ਜਗਤ ਵਿਚ ਪਰਗਟ ਕਰ ਦਿਤਾ ਹੈ। ਸਾਹਿਬ ਉਸ ਵੇਲੇ ਬਸ, ਅਕਾਲ ਪੁਰਖ ਦੇ ਭਜਨ, ਅਕਾਲ ਪੁਰਖ ਦੀ ਉਸਤਤਿ ਗਾਉਣ, ਗੋਦਾਵਰੀ ਕਿਨਾਰੇ ਸ਼ਿਕਾਰ ਖੇਡਣ (ਜਿਥੇ ਹੁਣ ਗੁਰਦੁਵਾਰਾ ਸ਼ਿਕਾਰ ਘਾਟ ਹੈ) ਵਿਚ ਚਿਤ ਲਾਈ ਰੱਖਦੇ। ਕਦੀ ਕਦੀ ਦਰਬਾਰ ਲਾਉਂਦੇ ਤੇ ਸੰਗਤਾਂ ਨੂੰ ਸਤਿਗੁਰਾਂ ਦੀ ਬਾਣੀ ਪੜ੍ਹਕੇ ਸੁਣਾਉਂਦੇ ਅਤੇ ਅਰਥ ਭਾਵ ਸਮਝਾਉਂਦੇ ਭਾਈ ਮਨੀ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਮਾਤਾ ਸਾਹਿਬ ਕੌਰਾਂ ਨੂੰ ਸਾਥ ਲੈ ਕੇ ਨਦੇੜ ਪੁਜੇ ਹੋਏ ਸਨ।

ਭਾਈ ਮਨੀ ਸਿੰਘ ਜੀ ਗੁਰਬਾਣੀ ਨਾਲ ਬਹੁਤ ਪਰੇਮ ਕਰਦੇ ਸਨ ਉਨ੍ਹਾਂ ਨੇ ਗੁਰਬਾਣੀ ਨੂੰ ਪੜਨਾ ਤੇ ਵਿਚਾਰਨਾ ਆਰੰਭ ਦਿਤਾ ਸੀ। ਉਹ ਵੀ ਸਾਹਿਬਾਂ ਕੋਲੋਂ ਅਰਥ ਸੁਣਦੇ ਰਹਿੰਦੇ।

ਇਨੀਂ ਦਿਨੀਂ ਸਤਿਗੁਰੂ ਜੀ ਨੇ ਲੰਗਰ ਅੱਠ ਪਹਿਰਾ ਕਰ ਦਿਤਾ ਇਕ ਵੇਲੇ ਪ੍ਰਸ਼ਾਦ ਛਕਦੇ। ਬਹੁਤ ਥੋੜਾ ਭੋਜਨ ਕਰਦੇ ਥੋੜਾ ਸੌਂਦੇ। ਆਪਣੇ ਤੰਬੂ ਵਿਚ ਇਕਾਂਤ ਵਿਚ ਰਹਿੰਦੇ ਬਹੁਤ ਘਟ ਬਾਹਰ ਦੇ ਆਦਮੀਆਂ ਨੂੰ ਮਿਲਦੇ।

ਸਤਿਗੁਰੂ ਜੀ ਦੇ ਸ਼ਾਂਤਮਈ ਜੀਵਨ ਬਤੀਤ ਕਰਨ ਦੇ ਨਾਲ ਕਈਆਂ ਸਿੰਘਾਂ ਦਾ ਜੀਵਨ ਭੀ ਬ੍ਰਹਮਾਨੰਦ ਮਈ ਹੋ ਗਿਆ। ਓਹ ਭਜਨ ਵਿਚ ਲਗੇ ਹੋਏ ਵਾਹਿਗੁਰੂ ਦੇ ਚਰਨਾਂ ਨਾਲ ਲਿਵ ਜੋੜ ਰਖਦੇ। ਕੋਈ ਟਾਵਾਂ ਟਾਵਾਂ ਸਿੰਘ ਪੰਜਾਬ ਵਿਚੋਂ ਵੀ ਸਾਹਿਬਾਂ ਦੇ ਦਰਸ਼ਨ ਕਰਨ ਨੂੰ ਆ ਜਾਇਆ ਕਰਦਾ ਸੀ। ਗੋਦਾਵਰੀ ਦੇ ਕਿਨਾਰੇ ਨਵੀਂ ਹੀ ਨਗਰੀ ਵਸ ਗਈ ਜਿਸਦਾ ਨਾਮ ਅਜ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਹੈ। ਓਥੇ ਸਚਮੁਚ ਹੀ ਸਚਖੰਡ ਵਰਗੀਆਂ ਰੌਣਕਾਂ ਸਨ। ਹਰ ਪਾਸੇ ਸਿਮਰਨ ਦੀ ਧੁਨ ਉਤਪਨ ਹੁੰਦੀ ਰਹਿੰਦੀ ਸੀ ਸੰਤ ਸਰੂਪ ਸਿੰਘ ਦੇਵਤਿਆਂ ਵਾਂਗ ਚੌਂਕੜੇ ਮਾਰਕੇ ਬੈਠੇ ਰਹਿੰਦੇ। ਜੇਹੜਾ ਦਰਸ਼ਨ ਕਰਦਾ ਓਹੋ ਹੀ ਵਾਰੀ ਘੋਲੀ ਜਾਂਦਾ। ਬਨਾਸਪਤੀ ਹਵਾ ਸੂਰਜ ਕਿਰਨਾਂ ਸਭ 'ਧੰਨ ਸਤਿਗੁਰੂ ਜੀ ਧੰਨ ਸਤਿਗੁਰੂ ਜੀ !' ਸਤਿਕਾਰ ਦੀਆਂ ਅਵਾਜ਼ਾਂ ਦੇਂਦੇ ਸਨ। ਉਸ ਸਵਰਗਪੁਰੀ ਵਿਚ ਰਹਿੰਦੇ।

੨੫. ਨਗੀਨਾ ਘਾਟ ਦੀ ਕਥਾ

ਸਤਿਗੁਰ ਜੀ ਸ਼ਿਕਾਰ ਖੇਡਕੇ ਆਉਂਦੇ ਹੋਏ ਗੋਦਾਵਰੀ ਦੇ ਸੁੰਦਰ ਕਿਨਾਰੇ ਉਤੇ ਬੈਠ ਗਏ, ਓਥੇ ਬੈਠੇ ਹੋਏ ਕੁਦਰਤ ਦੇ ਨਜ਼ਾਰੇ ਵੇਖ ਰਹੇ ਸਨ ਕਿ ਇਕ ਗੁਰਦਿਤਾ ਨਾਮ ਦਾ ਸੁਦਾਗਰ ਓਥੇ ਸਤਿਗੁਰੂ ਜੀ ਨੂੰ ਆ ਮਿਲਿਆ ਓਹ ਦਰਸ਼ਨ ਕਰਨ ਵਾਸਤੇ ਆਇਆ ਸੀ ਤੇ ਉਸਦੇ ਕੋਲ ਇਕ ਨਗੀਨਾ

Sri Satguru Jagjit Singh Ji eLibrary NamdhariElibrary@gmail.com

ਸੀ, ਉਸਦੀ ਇਛਾ ਹੋਈ ਕਿ ਓਹ ਸਤਿਗੁਰੂ ਜੀ ਨੂੰ ਨਗੀਨਾ ਭੇਟ ਕਰੇ।

ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਕੇ ਉਸ ਨੇ ਨਗੀਨਾ ਸਾਹਿਬਾ ਦੇ ਅਗੇ ਪੇਸ਼ ਕੀਤਾ। ਸਾਹਿਬਾਂ ਨੇ ਨਗੀਨਾ ਫੜ ਲਿਆ। ਉਸ ਦੇ ਰੰਗਾਂ ਵਲ ਧਿਆਨ ਨਾਲ ਦੇਖਦੇ ਰਹੇ। ਦੇਖਦਿਆਂ ਦੇਖਦਿਆਂ ਸਾਹਿਬਾਂ ਦੇ ਚਿਤ ਐਸਾ ਫੁਰਨਾ ਫੁਰਿਆ ਓਹਨਾਂ ਨੇ ਨਗੀਨਾ ਇਕ ਢੀਂਮ ਦੀ ਤਰ੍ਹਾਂ ਵਗਾਹਕੇ ਗੋਦਾਵਰੀ ਦੇ ਜਲ ਵਿਚ ਸੁਟ ਦਿਤਾ। ਐਨ ਓਸੇ ਤਰ੍ਹਾਂ ਸੁਟਿਆ ਜਿਵੇਂ ਕੋਈ ਢੀਂਮ ਜਾਂ ਰੋੜਾ ਮੱਛੀ ਨੂੰ ਮਾਰੀਦਾ ਹੈ।

ਸਤਿਗੁਰੂ ਜੀ ਦਾ ਇਹ ਕੌਤਕ ਦੇਖਕੇ ਭਾਈ ਗੁਰਦਿਤਾ ਬਹੁਤ ਹੈਰਾਨ ਹੋਇਆ ਉਸਦੇ ਮਨ ਵਿਚ ਕਈ ਸ਼ੰਕੇ ਫੁਰੇ। ਅੰਤਰਜਾਮੀ ਸਤਿਗੁਰ ਜੀ ਸਭ ਕੁਝ ਤਾੜ ਗਏ, ਓਹਨਾਂ ਨੇ ਝੱਟ ਉਸਦੇ ਚਿਤ ਦਾ ਭਰਮ ਦੂਰ ਕਰਨ ਵਾਸਤੇ ਉਸਨੂੰ ਆਖਿਆ, ਸਤਿਗੁਰ ਨਾਨਕ ਦੇਵ ਜੀ ਦੇ ਚਰਨਾਂ ਨਾਲ ਪਰੇਮ ਕਰਨ ਵਾਲਿਆ ! ਰਤਾ ਨਦੀ ਵਿਚੋਂ ਨਗੀਨਾ ਤਾਂ ਫੜ ਜੋ ਅਸਾਂ ਸੁਟਿਆ ਹੈ।

ਇਹ ਸੁਣਕੇ ਗੁਰਦਿਤਾ ਝੱਟ ਉਠਿਆ ਤੇ ਲੀੜੇ ਲਾਹਕੇ ਨਦੀ ਵਿਚ ਵੜ ਗਿਆ। ਜਾਂ ਉਸਨੇ ਪਾਣੀ ਵਿਚ ਝਾਤ ਮਾਰੀ ਤਾਂ ਓਹ ਬਹੁਤ ਹੈਰਾਨ ਹੋਇਆ ਉਸਨੇ ਦੇਖਿਆ ਨਦੀ ਦੇ ਥਲੇ ਰੇਤ ਤੇ ਹੋਰ ਵਸਤੂਆਂ ਦੀ ਥਾਂ ਐਸੇ ਹਜ਼ਾਰਾਂ ਨਗੀਨੇ ਹਨ, ਜੈਸਾ ਨਗੀਨਾ ਉਸਨੇ ਸਤਿਗੁਰ ਜੀ ਦੀ ਭੇਟਾ ਕੀਤਾ ਸੀ ਓਹ ਪਛਾਣ ਹੀ ਨਾ ਸਕਿਆ। ਸਾਹਿਬਾਂ ਨੂੰ ਓਹ ਪੁਛਣ ਲਗਾ, 'ਮਹਾਰਾਜ ! ਹੇਠਾਂ ਤਾਂ ਹਜ਼ਾਰਾਂ ਨਗੀਨੇ ਹਨ ਕਿੰਨੇ ਕੁ ਚੁਕਾਂ ? ਸਤਿਗੁਰ ਜੀ ਨੇ ਕਿਹਾ, ਹੋਰ ਨਗੀਨੇ ਚੁਕਣ ਦਾ ਹੁਕਮ ਨਹੀਂ ਸਿਰਫ ਆਪਣਾ ਨਗੀਨਾ ਪਛਾਣਕੇ ਚੁਕ ਤੇ ਅਸਾਂ ਨੂੰ ਫੜਾ।'

ਗੁਰਦਿਤਾ ਹੈਰਾਨ ਹੋਦਿਆ ਉਸਨੂੰ ਪਛਾਣ ਹੀ ਨਾ ਆਵੇ ਕਿ ਕੇਹੜਾ ਉਸ ਦਾ ਨਗੀਨਾ ਹੈ। ਕੁਝ ਸਮਝਦਾਰ ਪੁਰਸ਼ ਸੀ, ਝਟ ਜਾਣ ਗਿਆ ਕਿ ਇਹ ਤਾਂ ਸਤਿਗੁਰੂ ਜੀ ਦੀ ਬ੍ਰਹਮ ਸ਼ਕਤੀ ਦੀ ਮਾਇਆ ਹੈ। ਓਹਨਾਂ ਨੇ ਖਿਲਾਰਾ ਖਿਲਾਰਿਆ ਹੈ। ਨਦੀ ਵਿਚੋਂ ਬਾਹਰ ਆ ਕੇ ਸਤਿਗੁਰ ਜੀ ਦੇ ਚਰਨਾਂ ਉਪਰ ਡਿਗ ਪਿਆ। ਭੁਲ ਬਖਸ਼ਾਉਣ ਲਗਾ, ਉਸਨੇ ਤਰਲੇ ਨਾਲ

Sri Satguru Jagjit Singh Ji eLibrary NamdhariElibrary@gmail.com

ਬੇਨਤੀ ਕੀਤੀ—'ਮਹਾਰਾਜ ਬਖਸ਼ੋ ! ਮੈਂ ਕੰਗਾਲ ਤੇ ਅਗਿਆਨੀ ਪੁਰਸ਼ ਨਹੀਂ ਜਾਣਦਾ ਸਾਂ ਕਿ ਆਪ ਪ੍ਰਤਾਪੀ ਹੋ ਮੇਰੇ ਮਨ ਅੰਦਰ ਜੋ ਫੁਰਨਾ ਫੁਰਿਆ ਸੀ, ਉਹ ਤੁਸਾਂ ਦੂਰ ਕਰ ਦਿਤਾ। ਮੇਰੇ ਧੰਨ ਭਾਗ ਮੈਂ ਵਾਰੀ ਜਾਵਾਂ। ਮੈਨੂੰ ਬਖਸ਼ਸ਼ ਕਰੋ, ਭਵਸਾਗਰ ਦਾ ਭੈ ਲਗਦਾ ਹੈ, ਉਸ ਤੋਂ ਪਾਰ ਹੋ ਜਾਵਾਂ। ਕਾਲ ਦਾ ਡਰ ਹਡਾਂ ਨੂੰ ਇਉਂ ਖਾਈ ਜਾਂਦਾ ਹੈ ਜਿਵੇਂ ਲਕੜੀ ਦਾ ਘੁਣ ਖਾਈ ਜਾਂਦਾ ਹੈ।

ਉਸਦਾ ਨਿਰਮਲ ਚਿਤ ਹੋਇਆ ਦੇਖਕੇ ਸਾਹਿਬਾਂ ਨੇ ਮੇਹਰ ਕੀਤੀ ਤੇ ਬਚਨ ਕੀਤਾ—'ਭਾਈ ਗੁਰਦਿਤੇ ? ਇਨ੍ਹਾਂ ਪਥਰ ਦੇ ਟੁਕੜਿਆਂ ਉਤੇ ਅਭਿਮਾਨ ਨਹੀਂ ਕਰਨਾ ਚਾਹੀਦਾ। ਸੱਚਾ ਨਗੀਨਾ ਵਾਹਿਗੁਰੂ ਦਾ ਸਿਮਰਨ ਹੈ ਜੋ ਭਵਸਾਗਰ ਤੋਂ ਪਾਰ ਕਰਦਾ ਹੈ, ਜਿਸਦੇ ਦਿਖਾਉਣ ਨਾਲ ਜਮ ਰਸਤੇ ਵਿਚੋਂ ਪਾਸੇ ਹਟ ਜਾਂਦੇ ਹਨ। ਇਹ ਪੱਥਰ ਦੇ ਨਗੀਨੇ ਮਨੁਖ ਨੂੰ ਨਰਕਾਂ ਵਲ ਖੜਦੇ ਹਨ। ਭਗਤ ਜੀਵਨ ਦੀ ਦੁਨੀਆਂ ਵਿਚ ਇਨਾਂ ਨਗੀਨਿਆਂ ਦੀ ਕੀਮਤ ਇਕ ਢੀਮ ਜਿੰਨੀ ਹੈ। ਸੁਮੇਰ ਤੇ ਪਰਬਤਾਂ ਦੀਆਂ ਹਿਕਾਂ ਵਿਚ ਲਖਾਂ ਕਰੋੜਾਂ ਨਗੀਨੇ ਹਨ, ਕੁਦਰਤ ਦਾ ਜ਼ਰਾ ਜ਼ਰਾ ਨਗੀਨਾ ਹੈ।

ਸਾਹਿਬਾਂ ਦਾ ਇਹ ਉਪਦੇਸ਼ ਸੁਣਕੇ ਗੁਰਦਿਤੇ ਨੂੰ ਗਿਆਨ ਹੋ ਗਿਆ, ਉਹ 'ਨਾਮਦਾਨ' ਨੂੰ ਪ੍ਰਾਪਤ ਕਰਕੇ ਨਿਹਾਲ ਹੋਕੇ ਆਪਣੇ ਰਾਹ ਪਿਆ। ਸਾਹਿਬ ਉਸ ਅਸਥਾਨ ਤੋਂ ਉਠਕੇ ਆਪਣੇ ਡੇਰੇ ਨੂੰ ਆ ਗਏ। ਅੱਜ ਉਸ ਘਾਟ ਤੇ ਨਗੀਨਾ ਘਾਟ ਗੁਰਦਵਾਰਾ ਹੈ। ਲਖਾਂ ਜੀਵ ਉਸ ਅਸਥਾਨ ਦੀ ਯਾਤਰਾ ਕਰਕੇ ਹਿਰਦੇ ਦੀ ਸ਼ਾਂਤੀ ਪ੍ਰਾਪਤ ਕਰ ਚੁਕੇ ਹਨ। ਉਹ ਮਾਯਾ ਨੂੰ ਨਾਗਨੀ ਸਮਝਦੇ ਤੇ ਵਾਹਿਗੁਰੂ ਦੇ ਨਾਮ ਨੂੰ ਬਹੁ ਮੁਲਾ ਨਗੀਨਾ ਮੰਨਣ ਲੱਗ ਪੈਂਦੇ ਹਨ। ਧੰਨ ਹਨ ਮੇਰੇ ਸਤਿਗੁਰੂ ਜੀ ਜਿਨਾਂ ਨੇ ਜਗਤ ਨੂੰ ਸਚਾ ਤਿਆਗ ਤੇ ਮੋਖਸ਼ ਦਾ ਰਸਤਾ ਦਸਿਆ, ਮੈਂ ਬਲਿਹਾਰ ਜਾਵਾਂ। ਮੈਂ ਬਲਿਹਾਰ ਜਾਵਾਂ।

੨੬.ਹੀਰਾ ਘਾਟ ਦੀ ਕਥਾ ਬਹਾਦਰ ਸ਼ਾਹ ਦਾ ਮਿਲਾਪ

ਬੰਦਾ ਸਿੰਘ ਬਹਾਦਰ ਸਤੰਬਰ ੧੭੦੮ ਦੇ ਅਖੀਰਲੇ ਹਫਤੇ ਪੰਜਾਬ ਨੂੰ ਤੁਰਿਆ ਪਰ ਅਜੇ ਆਗਰੇ ਤੋਂ ਅਗੇ ਦਿੱਲੀ ਦੇ ਲਾਗਿਉਂ ਪੰਜਾਬ ਵਲ ਹੋਣ

Sri Satguru Jagjit Singh Ji eLibrary NamdhariElibrary@gmail.com

ਹੀ ਲਗਾ ਸੀ ਕਿ ਬਾਦਸਾਹ ਨੂੰ ਖਬਰਾਂ ਪੁਜ ਗਈਆਂ ਕਿ ਸਤਿਗੁਰੂ ਗੋਬਿੰਦ ਸਿੰਘ ਦਾ ਭੇਜਿਆ ਹੋਇਆ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਆ ਰਿਹਾ ਹੈ। ਬਹੁਤ ਖਤਰੇ ਹਨ. ਇਸ ਡਾਕ ਦੇ ਪਿਛੋਂ ਹਲਕਾਰੇ ਪੁਜੇ ਕਿ ਪੰਜਾਬ ਵਿਚ ਤਬਾਹੀ ਦਾ ਮੁਢ ਬੱਝ ਗਿਆ। ਬੰਦਾ ਸਿੰਘ ਬਹਾਦਰ ਜਥੇਦਾਰ ਦਾ ਆਉਣਾ ਪੰਜਾਬ ਦੇ ਸਿਖ ਸਿਰ ਚੁਕ ਰਹੇ ਹਨ।

ਜਦੋਂ ਇਹ ਖਬਰਾਂ ਬਾਦਸ਼ਾਹ ਨੂੰ ਮਿਲੀਆਂ ਤਦੋਂ ਬਾਦਸ਼ਾਹ ਅਹਿਮਦ ਨਗਰ ਵਿਚ ਸੀ। ਬਾਦਸ਼ਾਹ ਨੂੰ ਬਹੁਤ ਹੈਰਾਨੀ ਹੋਈ ਤੇ ਕੁਝ ਸ਼ਰਮਿੰਦਗੀ ਵੀ ਕਿ ਉਸਨੇ ਸਤਿਗੁਰੂ ਜੀ ਨਾਲ ਜੋ ਬਚਨ ਕੀਤੇ ਸਨ, ਓਹ ਪੂਰੇ ਨਾ ਹੋਏ। ਸਤਿਗੁਰੂ ਜੀ ਨੂੰ ਧੋਖੇ ਵਿਚ ਰਖਣਾ ਔਖਾ ਤੇ ਮਹਾਂ ਪਾਪ ਸੀ। ਝੂਠ ਤੇ ਪਾਪ ਦਾ ਫਲ ਭੁਗਤਣਾ ਪਿਆ, ਉਸਨੂੰ ਇਹਵੀ ਡਰ ਹੋਇਆ ਕਿ ਜੇ ਓਹ (ਬਾਦਸ਼ਾਹ) ਪੰਜਾਬ ਨੂੰ ਗਿਆ ਤਾਂ ਉਸਦੀ ਮੌਤ ਹੋ ਜਾਵੇਗੀ ਕਿਉ ਕਿ ਸਤਿਗੁਰ ਜੀ ਦਾ ਬਚਨ ਹੈ। ਉਸਨੇ ਆਪਣੇ ਵਜ਼ੀਰ ਤੇ ਮੀਰ ਮੁਨਸ਼ੀ ਭਾਈ ਨੰਦ ਲਾਲ ਜੀ ਨਾਲ ਸਲਾਹ ਕੀਤੀ ਕਿ ਹੁਣ ਓਹ ਕੀ ਕਰਨ। ਉਸ ਸਮੇਂ ਬਾਦਸ਼ਾਹ ਨੂੰ ਮੀਰ ਮੁਨਸ਼ੀ ਭਾਈ ਨੰਦ ਲਾਲ ਜੀ ਨੇ ਬੜੀ ਦਲੇਰੀ ਨਾਲ ਸੱਚੀਆਂ ਗੱਲਾਂ ਆਖੀਆਂ ਉਸ ਨੇ ਕਿਹਾ—'ਬਾਦਸ਼ਾਹ ਸਲਾਮਤ ਨੇ ਵਡੀ ਭੁਲ ਕੀਤੀ ਹੈ ਜੋ ਸਤਿਗੁਰੂ ਜੀ ਦੇ ਆਖੇ ਨਹੀਂ ਲਗੇ। ਸਤਿਗੁਰੂ ਜੀ ਇਕ ਮਹਾਨ ਕਰਾਮਾਤੀ ਤੇ ਰਿਧੀਆਂ ਸਿਧੀਆਂ ਵਾਲੀ ਹਸਤੀ ਹਨ। ਜੇਕਰ ਓਹ ਚਾਹੁਣ ਤਾਂ ਸਾਰੀ ਮੁਗਲ ਸਰਕਾਰ ਨੂੰ ਕਰਾਮਾਤ ਨਾਲ ਹੀ ਤਬਾਹ ਕਰ ਸਕਦੇ ਹਨ। ਬਾਦਸ਼ਾਹ ਨਾਲੋਂ ਫਕੀਰ ਬਲੀ ਹੁੰਦਾ ਹੈ ਕਿਉਂਕਿ ਫਕੀਰ (ਸਚੇ ਸੰਤ) ਦੇ ਪਿਛੇ ਖੁਦਾ ਆਪ ਹੁੰਦਾ ਹੈ। ਸੋਨਾ, ਚਾਂਦੀ, ਧਰਤੀ, ਬਾਦਸ਼ਾਹੀ ਪ੍ਰਤਾਪ ਇਹ ਸਭ ਖੁਦਾ ਦੀ ਕਿਰਤ ਹੈ। ਹੁਣ ਜੇ ਕਰਤਾ ਹੀ ਵਿਰੁਧ ਹੋ ਜਾਵੇ ਤਾਂ ਕੀ ਬਚ ਸਕਦਾ ਹੈ? ਚੰਗਾ ਹੈ ਕਿ ਸਤਿਗੁਰੂ ਜੀ ਦੇ ਕੋਲ ਜਾਕੇ ਭੁਲ ਬਖਸ਼ਾਈ ਜਾਵੇ।

ਇਹ ਸੁਣਕੇ ਬਾਦਸ਼ਾਹ ਸੋਚੀਂ ਪੈ ਗਿਆ। ਉਸ ਨੇ ਇਹ ਫੈਸਲਾ ਕੀਤਾ ਕਿ ਓਹ ਜਰੂਰ ਇਕ ਵਾਰ ਸਤਿਗੁਰ ਜੀ ਦੇ ਪਾਸ ਜਾਵੇ ਪਰ ਪਹਿਲਾਂ ਭਾਈ ਨੰਦ ਲਾਲ ਨੂੰ ਭੇਜਕੇ ਪਤਾ ਲਵੇ ਕਿ ਆਇਆ ਸਤਿਗੁਰੂ ਜੀ ਬਾਦਸ਼ਾਹ

Sri Satguru Jagjit Singh Ji eLibrary NamdhariElibrary@gmail.com

ਨਾਲ ਮਿਲਨ ਨੂੰ ਤਿਆਰ ਵੀ ਹਨ ਕਿ ਨਹੀਂ। ਇਸ ਦਾ ਉਤਰ ਭਾਈ ਨੰਦ ਲਾਲ ਜੀ ਨੇ ਇਉਂ ਦਿਤਾ—'ਜਹਾਂ ਪਨਾਹ! ਸਤਿਗੁਰੂ ਜੀ ਐਸੇ ਨਹੀਂ ਕਿ ਆਪ ਨਾਲ ਮੁਲਾਕਾਤ ਨਾ ਕਰਨ ਉਹ ਬ੍ਰਹਮ ਗਿਆਨੀ ਨਿਰਵੈਰ ਆਤਮਾ ਹਨ ਉਹ ਜ਼ਰੂਰ ਮਿਲਨਗੇ। ਹੰਕਾਰ ਤਿਆਗ ਕੇ ਉਹਨਾਂ ਦੇ ਦਰਸ਼ਨ ਕਰਨ ਵਾਸਤੇ ਚਲੋ ਜ਼ਰੂਰ ਹਜ਼ੂਰ ਨੂੰ ਦਰਸ਼ਨ ਹੋਣਗੇ। ਐਸਾ ਕਦੀ ਨਹੀਂ ਹੋ ਸਕਦਾ ਕਿ ਹਜ਼ੂਰ ਦੇ ਨਾਲ ਮੁਲਾਕਾਤ ਨਾ ਹੋ ਸਕੇ।'

ਬਾਦਸ਼ਾਹ ਨੂੰ ਇਹ ਪਤਾ ਲਗ ਚੁਕਾ ਸੀ ਕਿ ਸਤਿਗੁਰੂ ਜੀ ਨਦੇੜ ਹਨ ਕਿਉਂਕਿ ਸਤਿਗੁਰ ਜੀ ਦੇ ਪਿਛੇ ਬਾਦਸ਼ਾਹ ਨੇ ਖੁਫੀਆ ਬੰਦੇ ਛਡੇ ਹੋਏ ਸਨ। ਸ਼ਾਇਦ ਬੰਦਾ ਸਿੰਘ ਬਹਾਦਰ ਦਾ ਪੰਜਾਬ ਨੂੰ ਜਾਣਾ ਵੀ ਬਾਦਸ਼ਾਹ ਨੂੰ ਉਹਨਾਂ ਬੰਦਿਆਂ ਹੀ ਦਸਿਆ ਹੋਵੇ।

ਆਖਰ ਬਾਦਸ਼ਾਹ ਤੇ ਭਾਈ ਨੰਦ ਲਾਲ ਜੀ ਅਹਿਮਦ ਨਗਰ ਤੋਂ ਨਦੇੜ ਨੂੰ ਤੁਰੇ। ਨਦੇੜ ਵਲ ਜਾਂਦਾ ਹੋਇਆ ਸਾਹੀ ਲਸ਼ਕਰ ਲੋਕਾਂ ਨੂੰ ਭੈ ਭੀਤ ਕਰੀ ਜਾਂਦਾ ਸੀ ਬਾਦਸ਼ਾਹ ਦੀ ਮਤ ਮਾਰੀ ਗਈ। ਖੁਦਾ ਦੇ ਪਰੇਮੀ ਸਚੇ ਪਾਤਸ਼ਾਹ ਅਵਤਾਰ ਕਲਗੀਆਂ ਵਾਲੇ ਪਿਤਾ ਨੂੰ ਉਹ ਸਾਹੀ ਹੰਕਾਰ ਨਾਲ ਮਿਲਣ ਚਲਿਆ ਇਸ ਤਰ੍ਹਾਂ ਮਿਲਿਆਂ ਉਸ ਨੂੰ ਕੀ ਲਾਭ ਹੋਣਾ ਸੀ? ਓਹ ਕੀ ਖਟ ਸਕਦਾ ਸੀ?'

ਬਾਦਸ਼ਾਹ ਨਦੇੜ ਨੇੜੇ ਪੁਜਾ ਨਗਰ ਤੋਂ ਬਾਹਰ ਹੀ ਡੇਰਾ ਲਾ ਦਿਤਾ ਡੇਰਾ ਬਾਹਰ ਕਰਕੇ ਸਤਿਗੁਰੂ ਜੀ ਵਲ ਭਾਈ ਨੰਦ ਲਾਲ ਨੂੰ ਭੇਜਿਆ, ਜਿਸ ਸਮੇਂ ਭਾਈ ਨੰਦ ਲਾਲ ਪੁਜਾ ਉਸ ਸਮੇਂ ਸਤਿਗੁਰੂ ਜੀ ਆਪਣੇ ਤੰਬੂ ਵਿਚ ਸਨ ਉਸ ਨੇ ਸਾਹਿਬਾਂ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਕੋਲ ਬੈਠਕੇ ਸੁਖ ਸਾਂਦ ਪੁਛੀ, ਸੁਖ ਸਾਂਦ ਦੀ ਰਸਮੀ ਕਾਰਵਾਈ ਤੋਂ ਪਿਛੋਂ ਸਤਿਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਆਉਣ ਦਾ ਕਾਰਨ ਪੁਛਿਆ ਉਸ ਨੇ ਉਤਰ ਦਿਤਾ—'ਬਾਦਸ਼ਾਹ ਸਲਾਮਤ ਆਪ ਦੇ ਦਰਸ਼ਨ ਕਰਨ ਵਾਸਤੇ ਨਦੇੜ ਆਏ ਹਨ। ਉਹ ਆਪ ਨੂੰ ਮਿਲਣਾ ਚਾਹੁੰਦੇ ਹਨ। ਮਿਲਣ ਤੇ ਦਰਸ਼ਨ ਕਰਨ ਦੀ ਆਗਿਆ ਬਖਸ਼ੋ, ਆਪ ਦੀ ਬਹੁਤ ਹੀ ਮੇਹਰਬਾਨੀ ਹੋਵੇਗੀ।'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਭਾਵੇਂ ਜਾਣੀ ਜਾਣ ਸਨ। ਉਨ੍ਹਾਂ ਨੂੰ ਸਾਰਾ ਪਤਾ ਲੱਗ ਗਿਆ ਸੀ ਕਿ ਬਾਦਸਾਹ ਉਨਾਂ ਨੂੰ ਕਿਉਂ ਮਿਲਣਾ ਚਾਹੁੰਦਾ ਹੈ ਫਿਰ ਵੀ ਉਨ੍ਹਾਂ ਨੇ ਪੁੱਛਿਆ—'ਅਸਾਂ ਫਕੀਰਾਂ ਨਾਲ ਬਾਦਸ਼ਾਹ ਨੂੰ ਮਿਲਣ ਦੀ ਕੀ ਲੋੜ ਪਈ? ਉਹ ਕਿਉਂ ਮਿਲਣਾ ਚਾਹੁੰਦੇ ਹਨ?'

ਭਾਈ ਨੰਦ ਲਾਲ ਨੇ ਉਤਰ ਦਿਤਾ—'ਮਹਾਰਾਜ! ਆਪ ਅੰਤਰਜਾਮੀ ਹੋ। ਆਪ ਦੇ ਕੋਲੋਂ ਕੋਈ ਗਲ ਗੁਪਤ ਨਹੀਂ ਰਖੀ ਜਾ ਸਕਦੀ। ਬਾਦਸ਼ਾਹ ਸਲਾਮਤ ਨੂੰ ਪਤਾ ਲਗਾ ਹੈ ਕਿ ਆਪ ਨੇ ਇਕ ਬੈਰਾਗੀ ਸਾਧੂ ਨੂੰ ਜਥੇਦਾਰ ਬਣਾਕੇ ਪੰਜਾਬ ਵਲ ਤੋਰਿਆਂ ਹੈ। ਉਹ ਪੰਜਾਬ ਵਿਚ ਪੁਜਕੇ ਮੁਗਲ ਸਰਕਾਰ ਦੇ ਵਿਰੁਧ ਲੜੇਗਾ। ਓਹ ਪਹੁੰਚ ਵੀ ਗਿਆ ਹੈ ਤੇ ਇਕ ਦੋ ਥਾਵਾਂ ਤੇ ਲੜਾਈਆਂ ਵੀ ਹੋਈਆਂ ਹਨ। ਓਹ ਹੁਣ ਸਰਹਿੰਦ ਵਲ ਜਾ ਰਿਹਾ ਹੈ।

ਸਤਿਗੁਰੂ ਜੀ ਨੇ ਪੁਛਿਆ' ਫਿਰ ਬਾਦਸ਼ਾਹ ਹੁਣ ਕੀ ਆਖਦਾ ਹੈ?

ਭਾਈ ਨੰਦ ਲਾਲ—ਬਾਦਸ਼ਾਹ ਦੀ ਇਛਾ ਹੈ ਕਿ ਪਹਿਲੇ ਦੀ ਤਰ੍ਹਾਂ ਪਿਆਰ ਬਣਿਆ ਰਹੇ। ਬਗਾਵਤ ਨਾ ਹੋਵੇ ਬਾਦਸ਼ਾਹ ਸਲਾਮਤ ਆਪ ਦਾ ਹੁਕਮ ਮੰਨਣ ਨੂੰ ਤਿਆਰ ਹੈ।

ਇਹ ਸੁਣਕੇ ਸਤਿਗੁਰੂ ਜੀ ਹਸ ਪਏ, ਓਹਨਾਂ ਨੇ ਹਸਦਿਆਂ ਹੋਇਆਂ ਫੁਰਮਾਇਆ—'ਵਾਹ ਓਹ ਜ਼ਰੂਰ ਅਸਾਂ ਦੇ ਹੁਕਮ ਮੰਨਣ ਨੂੰ ਤਿਆਰ ਹਨ ਕਿਉਂਕਿ ਅਗੇ ਓਹਨਾਂ ਹੁਕਮ ਮੰਨ ਜੁ ਲਿਆ! ਦੁਸ਼ਟਾਂ ਤੇ ਜਾਲਮਾਂ ਨੂੰ ਓਹਨਾਂ ਦੇ ਮੰਦੇ ਕਰਮਾਂ ਦੀ ਸਜ਼ਾ ਮਿਲਣੀ ਜ਼ਰੂਰੀ ਹੈ। ਬੰਦਾ ਸਿੰਘ ਬਹਾਦਰ ਗਿਆ ਹੈ। ਓਹ ਪੰਜਾਬ ਰਹੇਗਾ। ਸਰਹਿੰਦ ਨੂੰ ਉਜਾੜੇਗਾ, ਵਜੀਦ ਖਾਂ ਨੂੰ ਮਾਰੇਗਾ, ਉਹ ਨਹੀਂ ਮੁੜ ਸਕਦਾ ਅਸੀ ਬਾਦਸ਼ਾਹ ਦੇ ਮਥੇ ਨਹੀਂ ਲਗਣਾ ਚਾਹੁੰਦੇ। ਬਾਥਸ਼ਾਹ ਨੂੰ ਹੁਣ ਪਿਛੇ ਮੁੜ ਜਾਣਾ ਚਾਹੀਦਾ ਹੈ। ਕੁਝ ਲਾਭ ਨਹੀਂ ਇਸ ਮਾਮਲੇ ਬਾਰੇ ਅਸਾਂ ਨਾਲ ਗਲ ਕਰਨ ਦਾ।

ਭਾਈ ਨੰਦ ਲਾਲ ਨੇ ਸਤਿਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਚਲਿਆ ਗਿਆ, ਉਸਦੇ ਚੇਹਰੇ ਉਤੇ ਨਿਰਾਸਤਾ ਸੀ, ਓਹ ਤਾਂ ਚਾਹੁੰਦਾ ਸੀ ਕਿ ਬਾਦਸ਼ਾਹ ਤੇ ਸਤਿਗੁਰੂ ਜੀ ਦੇ ਵਿਚਾਲੇ ਪਿਆਰ ਬਣਿਆ ਰਹੇ,

Sri Satguru Jagjit Singh Ji eLibrary NamdhariElibrary@gmail.com

ਪਰ ਮੁਸਲਮਾਨ ਵਜ਼ੀਰ (ਮੰਤ੍ਰੀ) ਬਾਦਸ਼ਾਹ ਨੂੰ ਪੁਠੇ ਪਾਸੇ ਲਾ ਰਲਾ ਰਹੇ ਸਨ। ਓਹ ਮੇਲ ਨੂੰ ਕਾਇਮ ਨਹੀਂ ਸਨ ਰਹਿਣ ਦੇਂਦੇ। ਓਹਨਾਂ ਨੇ ਹੀ ਇਹ ਯਤਨ ਕੀਤਾ ਸੀ ਕਿ ਬਾਦਸ਼ਾਹ ਸਤਿਗੁਰ ਜੀ ਦੇ ਹੁਕਮਾਂ ਦੀ ਪਾਲਣਾ ਨਾ ਕਰੇ। ਓਹ ਜਿਵੇਂ ਹੋਵੇ ਸਤਿਗੁਰ ਜੀ ਨਾਲ ਵਿਗਾੜੇ ਪਰ ਮੁਸਲਮਾਨ ਹਾਕਮਾਂ ਨਾਲ ਨਾ ਵਿਗਾੜੇ। ਉਹਨਾਂ ਦੇ ਆਖੇ ਲਗਕੇ ਹੀ ਬਾਦਸ਼ਾਹ ਨੇ ਕੁਟਲਨੀਤੀ ਨਾਲ ਸਤਿਗੁਰ ਜੀ ਨੂੰ ਪੰਜਾਬੋਂ ਦੂਰ ਲਿਆਉਣ ਦਾ ਯਤਨ ਕੀਤਾ, ਭਾਵੇਂ ਕਿ ਸਾਹਿਬ ਆਪ ਵੀ ਆਉਣਾ ਚਾਹੁੰਦੇ ਸਨ।

ਭਾਈ ਨੰਦ ਲਾਲ ਨੇ ਬਾਦਸ਼ਾਹ ਨੂੰ ਸਾਰੀ ਗਲ ਜਾ ਦਸੀ, ਬਾਦਸ਼ਾਹ ਨੇ ਸੋਚਣ ਦੀ ਥਾਂ ਮਨ ਵਿਚ ਕ੍ਰੋਧ ਕੀਤਾ, ਕ੍ਰੋਧ ਕਰਕੇ ਉਸ ਨੇ ਆਪਣੇ ਜੀਵਨ ਬੇੜੇ ਨੂੰ ਗਰਕ ਕਰ ਲਿਆ ਓਹ ਨਰਕ ਦਾ ਭਾਗੀ ਹੋਣ ਲਗਾ। ਉਸ ਨੇ ਕਿਹਾ–'ਕੁਝ ਵੀ ਹੋਵੇ ਮੈਂ ਉਨ੍ਹਾਂ (ਸਤਿਗੁਰੂ) ਜੀ ਨੂੰ ਜ਼ਰੂਰ ਮਿਲਾਂਗਾ। ਮੈਂ ਦਿੱਲੀ ਪੁਜਕੇ ਪੰਜਾਬ ਵੀ ਜ਼ਰੂਰ ਜਾਵਾਂਗਾ ਭਾਵੇਂ ਮੇਰੀ ਮੌਤ ਹੋ ਜਾਵੇ। ਮੈਂ ਰਾਜ ਵਿਚ ਬਗਾਵਤ ਨਹੀਂ ਹੋਣ ਦੇਵਾਂਗਾ। ਓਹ ਕੌਣ ਹੈ ਬੰਦਾ ? ਜੇਹੜਾ ਮੁਗਲ ਫੌਜ ਨਾਲ ਟਕਰ ਲਵੇ ? ਮੁਗਲ ਫੌਜ ਪਹਾੜਾਂ ਨੂੰ ਚੀਰਨ ਤੇ ਦਰਿਆਵਾਂ ਨੂੰ ਪਾਰ ਕਰਨ ਵਾਲੀ ਹੈ। ਗਜ਼ਨੀ ਤੋਂ ਰਾਜ ਕੁਮਾਰੀ ਤਕ ਇਸਦੇ ਸਾਹਮਣੇ ਕੋਈ ਨਹੀਂ ਅੜਿਆ ਨਾ ਅੜ ਸਕਦਾ ਹੈ। ਬਸ ਮੈਂ ਤਾਂ ਇਹੋ ਕਹਾਂਗਾ ਕਿ ਹਿੰਦ ਦੇ ਪੀਰ ਨੇ ਬਹਾਦਰ ਸ਼ਾਹ ਦੀ ਮੁਲਾਕਾਤ ਨੂੰ ਰੋਕ ਕੇ ਰਾਹ ਵਿਚ ਕੰਡੇ ਬੀਜੇ ਹਨ। ਉਸ ਨੂੰ ਇਸ ਤਰਾਂ ਨਹੀਂ ਸੀ ਕਰਨਾ ਚਾਹੀਦਾ ਮੈਂ ਲਿਹਾਜ ਕਰਦਾ ਰਿਹਾ, ਮੈਂ ਕੈਦ ਕਰ ਸਕਦਾ ਸਾਂ, ਕਤਲ ਕਰ ਸਕਦਾ ਸਾਂ, ਪਰ–ਪਰ ਮੈਂ ਰਬ ਦਾ ਫਕੀਰ ਸਮਝਕੇ ਲਿਹਾਜ ਕਰਦਾ ਰਿਹਾ।

ਇਹ ਸੁਣਕੇ ਨੰਦ ਲਾਲ ਨੂੰ ਗੁਸਾ ਵੀ ਆਇਆ ਤੇ ਉਹ ਘਬਰਾ ਵੀ ਗਿਆ। ਉਸ ਨੇ ਕਾਹਲੀ ਨਾਲ ਬਾਦਸ਼ਾਹ ਨੂੰ ਟੋਕਣ ਦਾ ਯਤਨ ਕੀਤਾ, 'ਜਹਾਂ ਪਨਾਹ! ਬਸ ! ਦੇਖਿਓ ! ਜ਼ਬਾਨੋਂ ਕੋਈ ਹੋਰ ਨਾ ਕੱਢ ਦਿਓ। ਬਹੁਤ ਹੀ ਬੁਰਾ ਕੀਤਾ ਹੈ ਓਹ ਤਾਂ ਘਟ ਘਟ ਦੀ ਜਾਨਣਹਾਰ ਹਨ। ਇਹ ਗੱਲਾਂ ਓਹਨਾਂ ਸੁਣ ਲੈਣੀਆਂ ਹਨ। ਖੁਦਾ ਦੇਖਦਾ ਹੈ ਮੁਦਾ ਨਹੀਂ ਚਾਹੁੰਦਾ ਕੋਈ ਬੰਦਾ ਜਾਂ

Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਹੰਕਾਰ ਕਰੇ, ਹੰਕਾਰ ਬੁਰੀ ਬਲਾ ਹੈ। ਹਿੰਦ ਦਾ ਪੀਰ ! ਮਾਮੂਲੀ ਪੀਰ ਨਹੀਂ ਖੁਦਾ ਦੇ ਖਾਸ ਪਰਤੀਨਿਧ ਹਨ ਅੱਲਾ ਤਾਲਾ ਓਹਨਾਂ ਦੀਆਂ ਸਾਰੀਆਂ ਮੰਨ ਦਾ ਹੈ। ਕੁਝ ਨਾ ਕਹੋ। ਤੋਬਾ ਕਰੋ ਤੋਬਾ।'

ਬਾਦਸ਼ਾਹ ਭਾਈ ਨੰਦ ਲਾਲ ਦਾ ਬੜਾ ਸਤਕਾਰ ਕਰਦਾ ਸੀ, ਦੂਸਰੇ ਨੰਦ ਲਾਲ ਮੀਰ ਮੁਨਸ਼ੀ ਸੀ ਤੇ ਬਾਦਸ਼ਾਹ ਓਹਦੀਆਂ ਗਲਾਂ ਸੁਣਕੇ ਕੁਝ ਝੇਪ ਗਿਆ, ਓਹ ਘਬਰਾਇਆ ਤਾਂ ਨਹੀਂ ਪਰ ਚੁਪ ਹੋ ਗਿਆ। ਉਸ ਨੇ ਫੈਸਲਾ ਕਰ ਲਿਆ, ਉਹ ਜ਼ਰੂਰ ਹੀ ਸਤਿਗੁਰੂ ਜੀ ਨੂੰ ਮਿਲੇਗਾ। ਇਕ ਵਾਰ ਸਨਮੁਖ ਹੋ ਕੇ ਬਚਨ ਕਰੇਗਾ।

ਅਗਲੇ ਦਿਨ ਬਾਦਸ਼ਾਹ ਥੋੜੇ ਆਦਮੀਆਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਵਲ ਗਿਆ ਉਸ ਵੇਲੇ ਸਤਿਗੁਰੂ ਜੀ ਨਦੀ ਕਿਨਾਰੇ ਬਿਰਾਜਮਾਨ ਸਨ। ਸ਼ਿਕਾਰ ਖੇਡਕੇ ਆਉਂਦੇ ਹੋਏ ਓਥੇ ਰੁਕ ਗਏ ਸਨ। ਸਾਹਿਬ ਜਲ ਵਲ ਵੇਖ ਰਹੇ ਸਨ ਕਿ ਸੁਨੇਹਾ ਮਿਲਿਆ ਜੁ ਬਾਦਸ਼ਾਹ ਆਇਆ ਹੈ। ਸਾਹਿਬ ਸ਼ਾਂਤ ਚਿਤ ਰਹੇ, ਓਹਨਾਂ ਨੇ ਕੋਈ ਗਲ ਨਹੀਂ ਕੀਤੀ।

ਬਾਦਸ਼ਾਹ ਆਪਣੇ ਆਪ ਹੀ ਸਤਿਗੁਰੂ ਜੀ ਦੇ ਕੋਲ ਪੁਜ ਗਿਆ, ਸਾਹਿਬਾਂ ਨੇ ਬਾਦਸ਼ਾਹ ਨੂੰ ਬੈਠਣ ਵਾਸਤੇ ਆਖਿਆ, ਉਹ ਬੈਠ ਗਿਆ। ਬਾਦਸ਼ਾਹ ਨੇ ਕੁਝ ਤੋਹਫੇ ਤੇ ਇਕ ਕੀਮਤੀ ਹੀਰਾ ਸਤਿਗੁਰੂ ਜੀ ਦੀ ਭੇਟਾ ਕੀਤਾ। ਸਾਹਿਬਾਂ ਨੇ ਚੁਕ ਕੇ ਨਦੀ ਵਿਚ ਸੁਟ ਦਿਤਾ। ਇਹ ਦੇਖਕੇ ਬਾਦਸ਼ਾਹ ਕਰੋਧਵਾਨ ਹੋ ਗਿਆ, ਉਸਨੇ ਸਮਝਿਆ ਕਿ ਸਤਿਗੁਰੂ ਜੀ ਨੇ ਉਸਦਾ ਨਿਰਾਦਰ ਕੀਤਾ ਹੈ। ਕੀਮਤੀ ਹੀਰਾ ਨਦੀ ਵਿਚ ਸੁਟ ਦਿਤਾ ਹੈ, ਜਿਸ ਹੀਰੇ ਦੀ ਕੀਮਤ ਕਈ ਹਜ਼ਾਰ ਰੁਪੈ ਹੈ।

ਇਹ ਆਪ ਨੇ ਕੀ ਕੀਤਾ ? ਹੀਰਾ ਤਾਂ ਕੀਮਤੀ ਸੀ, ਅਸਾਂ ਨੂੰ ਮੁਸ਼ਕਲ ਨਾਲ ਹੱਥ ਆਇਆ ਸੀ, ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਆਖਿਆ।

'ਤੁਸੀਂ ਭੁਲਦੇ ਹੋ, ਓਹ ਪੱਥਰ ਹੈ ਪੱਥਰ ! ਜਿਸਦੀ ਅਸੀਂ ਕੋਈ ਕੀਮਤ ਨਹੀਂ ਸਮਝਦੇ। ਅਫਸੋਸ ਆਪ ਤੇ ਹੈ ਕਿ ਆਪ ਮਨੁਖ ਦਿਲਾਂ ਦੇ ਕੀਮਤੀ ਹੀਰਿਆਂ ਨੂੰ ਤਾਂ ਹਤੌੜਿਆਂ ਨਾਲ ਤੋੜ ਰਹੇ ਹੋ ਤੇ ਪੱਥਰਾਂ ਨੂੰ ਸੰਭਾਲ ਰਹੇ ਹੋ।'

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਜਦ ਇਹ ਗਲ ਕੀਤੀ ਤਾਂ ਓਹਨਾ ਦਾ ਚਿਹਰਾ ਬਹੁਤ ਹੀ ਨੂਰੋ ਨੂਰ ਹੋ ਗਿਆ। ਨੇਤਰਾਂ ਵਿਚ ਤੇਜ਼ੀ ਆਈ। ਐਸੀ ਤੇਜ਼ੀ ਜਿਵੇਂ ਜੋਤ ਜਾਗਦੀ ਹੁੰਦੀ ਹੈ।

ਬਾਦਸ਼ਾਹ ਸ਼ਰਮਿੰਦਾ ਹੋਇਆ ਪਰ ਉਸ ਨੇ ਇਹ ਵੀ ਕਿਹਾ—'ਹੀਰਾ ਨਹੀਂ ਸੀ ਸੁਟਣਾਂ ਚਾਹੀਦਾ ਸੀ ਇਹ ਬਹੁਤ ਕੀਮਤੀ ਹੀਰਾ ਸੀ।'

ਸਤਿਗੁਰੂ ਜੀ ਚੋਜੀ ਪ੍ਰੀਤਮ ਸਨ ਉਨ੍ਹਾਂ ਨੇ ਇਕ ਅਸਚਰਜ ਹੀ ਚੋਜ ਕੀਤਾ। ਬਾਦਸ਼ਾਹ ਨੂੰ ਕਿਹਾ—'ਹੇ ਬਾਦਸ਼ਾਹ! ਤੁਸਾਂ ਨੂੰ ਸ਼ਾਹੀ ਖਜ਼ਾਨੇ ਦਾ ਮਾਣ ਹੈ। ਇਹ ਖਿਆਲ ਕਰ ਰਹੇ ਹੋ ਕਿ ਤੁਸੀਂ ਹਿੰਦ ਦੇ ਬਾਦਸ਼ਾਹ ਹੋ। ਤਲਵਾਰ ਨਾਲ ਹਿੰਦ ਨੂੰ ਗੁਲਾਮ ਕਰਕੇ ਹਿੰਦੂਆਂ ਨੂੰ ਲੁਟਕੇ ਆਗਰੇ ਤੇ ਦਿਲੀ ਦੇ ਖਜ਼ਾਨਿਆਂ ਵਿਚ ਬਹੁਤ ਰੁਪਿਆ ਇਕੱਠਾ ਕੀਤਾ ਹੋਇਆ ਹੈ। ਪਰ ਕੁਦਰਤ ਕੋਲ ਤੁਸਾਂ ਦੇ ਖਜ਼ਾਨੇ ਨਾਲੋਂ ਵਡਾ ਖਜ਼ਾਨਾ ਹੈ। ਰਤਾ ਨਦੀ ਦੇ ਨਿਰਮਲ ਜਲ ਵਿਚ ਝਾਤ ਮਾਰੋ। ਦੇਖੋ! ਕਿੰਨੇ ਹੀਰੇ ਪੰਨੇ ਤੇ ਲਾਲ ਹਨ। ਇਹ ਸਾਰੇ ਕੁਦਰਤ ਦੀ ਹਿਕ ਵਿਚ ਹਨ। ਇਹ ਵੀ ਕੁਦਰਤ ਕੋਲੋਂ (ਧਰਤ) ਵਿਚੋਂ ਆਇਆ ਸੀ ਤਾਂ ਅਸਾਂ ਧਰਤੀ ਵਿਚ ਸੁਟ ਦਿਤਾ ਚਿੰਤਾ ਨਾ ਕਰੋ! ਲੋੜ ਹੈ ਤਾਂ ਚੁਕ ਲਵੋ।

ਬਾਦਸ਼ਾਹਾਂ ਦੇ ਦਿਲ ਲਾਲਚੀ ਹੁੰਦੇ ਹਨ। ਬਹਾਦਰ ਸ਼ਾਹ ਦੀ ਉਸ ਵੇਲੇ ਅਕਲ ਮਾਰੀ ਗਈ ਸੀ, ਓਹ ਸੋਚਦਾ ਸੀ ਕਿਵੇਂ ਉਸ ਪਾਸ ਬਹੁਤੀ ਮਾਇਆ ਆ ਜਾਵੇ, ਉਸ ਦਾ ਰਾਜ ਦੂਰ ਦੂਰ ਤਕ ਫੈਲੇ ਓਹ ਚਕਰਵਰਤੀ ਰਾਜਾ ਬਣੇ। ਉਸ ਨੇ ਨਦੀ ਨੇ ਜ਼ਲ ਵਿਚ ਝਾਤ ਮਾਰੀ। ਸਤਿਗੁਰੂ ਜੀ ਨੇ ਆਪਣੀ ਬ੍ਰਹਮ ਸ਼ਕਤੀ ਨਾਲ ਜਲ ਤਕਿਆ ਜਲ ਨਿਰਮਲ ਹੋ ਗਿਆ ਸ਼ੀਸ਼ੇ ਦੀ ਤਰਾਂ ਉਸ ਵਿਚੋਂ ਸਭ ਕੁਝ ਦਿੱਸਣ ਲੱਗਾ। ਬਹਾਦਰ ਸ਼ਾਹ ਹੈਰਾਨ ਹੋਇਆ ਕਿ ਉਸ ਵਿਚ ਸੱਚ ਮੁਚ ਹੀਰੇ ਪੰਨੇ ਹੀ ਸਨ। ਉਹ ਆਪਣਾ ਪਛਾਣ ਹੀ ਨਾ ਸਕਿਆ ਉਹ ਦੇਖਦਾ ਰਿਹਾ, ਰੱਜਕੇ ਹੀਰੇ ਦੇਖਦਾ ਰਿਹਾ।

ਸਤਿਗੁਰੂ ਜੀ ਨੇ ਬਚਨ ਕੀਤਾ—'ਹੀਰੇ ਲਾਲ ਸਭ ਧਰਤੀ ਦੀ ਕਿਰਤ ਧਰਤੀ ਤੇ ਰਹਿ ਜਾਂਦੇ ਹਨ। ਇਹ ਕਦੀ ਮਰਦੇ ਆਦਮੀ ਦੇ ਨਾਲ ਨਹੀਂ ਗਏ,

Sri Satguru Jagjit Singh Ji eLibrary NamdhariElibrary@gmail.com

ਕਰੋੜਾਂ ਹੀਰੇ ਜਿਨਾਂ ਇਕੱਠੇ ਕੀਤੇ ਓਹ ਧਰਤੀ ਤੇ ਹੀ ਛਡਕੇ ਤੁਰ ਗਏ। ਕਿਥੇ ਹੈ ਸ਼ਾਹ ਜਹਾਨ ? ਤਖਤੇ ਤਾਉਸ ਨੂੰ ਬਣਾਇਆ। ਤਾਜ ਮਹੱਲ ਨੂੰ ਉਸਾਰਿਆ ਕੀ ਉਹ ਇਨਾਂ ਨੂੰ ਨਾਲ ਲੈ ਗਿਆ ? ਮਨੁਖ ਨਾਲ ਲੈ ਜਾਂਦਾ ਹੈ ਆਪਣੇ ਮਾੜੇ ਚੰਗੇ ਕਰਮ। ਕਰਮਾਂ ਦਾ ਭਾਰ ਸਿਰ ਤੇ ਚੁਕਕੇ ਤੁਰਦਾ ਹੈ। ਜਮ ਉਸ ਨੂੰ ਪੁਛਦੇ ਹਨ ਤੇ ਧਰਮਰਾਜ ਹਿਸਾਬ ਲੈਂਦਾ ਹੈ। ਲਾਲਚ ਚੰਗਾ ਨਹੀਂ। ਮਨੁਖਤਾ ਨਾਲ ਪਿਆਰ ਕਰਨਾ ਚਾਹੀਏ। ਬਾਦਸ਼ਾਹ ਦੇ ਲਾਲ, ਪੰਨੇ ਹੀਰੇ ਉਸਦੀ ਪਰਜਾ ਦੇ ਦਿਲ ਹਨ। ਪਰਜਾ ਦੇ ਦਿਲਾਂ ਦੀ ਕਦਰ ਕਰਨੀ ਚਾਹੀਦੀ ਹੈ। ਕੁਝ ਲਾਭ ਨਹੀਂ ਪੱਥਰਾਂ ਦੀ ਕਦਰ ਕਰਨ ਦਾ।

ਚਾਹੀਦਾ ਤਾਂ ਇਹ ਸੀ ਕਿ ਬਾਦਸ਼ਾਹ ਸਤਿਗੁਰੂ ਜੀ ਦੀ ਪੈਰੀਂ ਪੈ ਜਾਂਦਾ ਪਰ ਉਸ ਵੇਲੇ ਉਸਦੀ ਬੁਧੀ ਭ੍ਰਿਸ਼ਟੀ ਹੋਈ ਸੀ ਉਸਨੇ ਕਾਹਲੀ ਨਾਲ ਕਿਹਾ—'ਇਹ ਕਰਾਮਾਤ ਹੈ। ਖੈਰ ਤੁਸਾਂ ਦੀ ਇਛਾ ! ਜੋ ਹੋਇਆ ਸੋ ਠੀਕ ਹੈ ਹੁਣ ਇਹ ਦਸੋ ਕਿ ਕੀ ਬੰਦਾ ਸਿੰਘ ਬਹਾਦਰ ਨਾਮ ਦੇ ਬੈਰਾਗੀ ਨੂੰ ਜੇਹੜਾ ਏਥੇ ਹੀ ਕਿਤੇ ਰਹਿੰਦਾ ਸੀ, ਪੰਜਾਬ ਨੂੰ ਭੇਜਿਆ ਹੈ ?'

'ਹਾਂ ! ਅਸਾਂ ਭੇਜਿਆ ਹੈ ਕਿ ਓਹ ਦੁਸ਼ਟਾਂ ਨੂੰ ਸੋਧੇ, ਤੁਸਾਂ ਨੇ ਗਲ ਨਹੀਂ ਮੰਨੀ ਤੁਸੀਂ ਲਿਹਾਜ ਪਾਲਦੇ ਰਹੇ। ਪਾਪੀਆਂ ਕੋਲੋਂ ਡਰਦੇ ਹੋ ਤੁਸਾਂ ਨੂੰ ਰਾਜ ਦਾ ਡਰ ਹੈ ਪਰ ਅਸਾਂ ਨੂੰ ਤੇ ਅਸਾਂ ਦੇ ਸਿਖਾਂ ਨੂੰ ਤਾਂ ਮੌਤ ਦਾ ਵੀ ਡਰ ਨਹੀਂ, ਜੇਹੜੇ ਧਰਮ ਦੇ ਤੇ ਮਨੁਖਾ ਦੇ ਦੁਸ਼ਮਨ ਹਨ ਉਨ੍ਹਾਂ ਨੂੰ ਭੰਨ ਦਿਤਾ ਜਾਵੇਗਾ ਉਨ੍ਹਾਂ ਨੂੰ ਖਿਮਾਂ ਨਹੀਂ ਕੀਤੀ ਜਾ ਸਕਦੀ।'

'ਮੈਂ ਆਖਦਾ ਹਾਂ ਉਸ ਨੂੰ ਵਾਪਸ ਮੰਗਵਾ ਲਵੋ, ਓਹ ਬਗਾਵਤ ਨਾ ਕਰੇ, ਮੈਂ ਆਪ ਸਾਰੇ ਦੋਸੀਆਂ ਨੂੰ ਸਜ਼ਾਵਾਂ ਦੇ ਦੇਵਾਂਗਾ ਚੁਣ ਚੁਣ ਕੇ ਸਾਰੇ ਦੋਸੀ ਤੁਸਾਂ ਦੇ ਪੇਸ ਕਰ ਦੇਵਾਂਗਾ !'

ਬਾਦਸਾਹ ਦੇ ਇਹ ਬਚਨ ਸੁਣਕੇ ਸਤਿਗੁਰੂ ਜੀ ਨੇ ਫੁਰਮਾਇਆ, 'ਜਿਵੇਂ ਅਕਾਲ ਪੁਰਖ ਦਾ ਭਾਣਾ ਹੈ ਤਿਵੇਂ ਹੋਕੇ ਰਹਿੰਦਾ ਹੈ। ਤੁਸਾਂ ਜੋ ਅਸਾਂ ਦੀ ਮਦਦ ਕਰਨੀ ਸੀ ਸੋ ਕਰ ਦਿਤੀ, ਤੁਸੀਂ ਫੌਜੀ ਬਲ ਦੇ ਅਭਿਮਾਨ ਵਿਚ ਖਲਕ (ਖੁਦਾ) ਨੂੰ ਭੁਲ ਗਏ ਹੋ। ਤੁਸਾਂ ਨੂੰ ਚੇਤਾ ਨਹੀਂ ਰਿਹਾ ਕਿ ਖੁਦਾ ਦੀ ਸਕਤੀ ਕੀ ਹੈ?'

Sri Satguru Jagjit Singh Ji eLibrary NamdhariElibrary@gmail.com

ਉਹ ਹਾਜ਼ਰ ਨਾਜ਼ਰ ਹੈ ਸਵਰਗ ਵਿਚ ਬੈਠਾ ਹੋਇਆ ਵੀ ਹਰ ਇਕ ਮਨੁਖ ਦੇ ਕੰਮਾਂ ਨੂੰ ਦੇਖਦਾ ਹੈ। ਤੁਸਾਂ ਅਸਾਂ ਨੂੰ ਟਾਲਣ ਦਾ ਯਤਨ ਕੀਤਾ। ਯਾਦ ਰਖੋ! ਇਹ ਮਾਮਲੇ, ਇਹ ਸੋਚਾਂ, ਇਹ ਸਲਾਹੀਂ ਹੁਣ ਤੁਸਾਂ ਨੂੰ ਬਹੁਤ ਮਹਿੰਗੀਆਂ ਪੈਣਗੀਆਂ ਖਲਕਤ ਦੀ ਕੂਕ ਪੁਕਾਰ ਦਰਗਾਹੇ ਪਹੁੰਚ ਗਈ ਹੈ।'

ਸਤਿਗੁਰੂ ਜੀ ਦੇ ਇਹਨਾਂ ਬਚਨਾਂ ਦਾ ਡੂੰਘਾ ਭਾਵ ਬਹਾਦਰ ਸ਼ਾਹ ਦੀ ਸਮਝ ਵਿਚ ਹੀ ਨਾ ਆਇਆ। ਉਹ ਸ਼ਾਂਤ ਰਹਿਣ ਦੀ ਥਾਂ ਸਗੋਂ ਕਰੋਧਵਾਨ ਹੋਣ ਲੱਗਾ। ਉਹ ਮੁਗਲ ਰਾਜ ਦੀ ਰਹਿੰਦੀ ਖੂੰਹਦੀ ਸ਼ਕਤੀ ਨੂੰ ਨਸ਼ਟ ਕਰਨ ਲੱਗਾ। ਮਨੁਖ ਤਦੋਂ ਮਰਦਾ ਹੈ ਜਦੋਂ ਉਸਦੇ ਮਾੜੇ ਦਿਨ ਆਉਂਦੇ ਹਨ ਤਾਂ ਉਸਨੂੰ ਪੰਜਾਂ ਦੋਸ਼ਾਂ ਹੰਕਾਰ ਮੋਹ ਲੋਭ ਕਾਮ ਤੇ ਕਰੋਧ ਵਿਚੋਂ ਕੋਈ ਦੋਸ਼ ਆ ਘੇਰਦਾ ਹੈ। ਸਤਿਗੁਰੂ ਜੀ ਨਾਲ ਤੱਤੇ ਹੋਣ ਨਾਲ ਬਾਦਸ਼ਾਹ ਨੂੰ ਲਾਭ ਤਾਂ ਕੁਝ ਹੋਣਾ ਹੀ ਨਹੀਂ ਸੀ ਇਹੋ ਸੀ ਕਿ ਉਹ ਸਰਾਪ ਲੈਂਦਾ ਪਰ ਸਤਿਗੁਰੂ ਜੀ ਸਰਾਪ ਨਹੀਂ ਸਨ ਦੇਣਾ ਚਾਹੁੰਦੇ। ਉਹਨਾਂ ਦੀ ਸ਼ਾਂਤੀ ਵਾਹਿਗੁਰੂ ਦੇ ਹਿਰਦੇ ਨੂੰ ਟੁੰਬਦੀ ਸੀ, ਉਸ ਵੇਲੇ ਵਾਹਿਗੁਰੂ ਆਪ ਹੀ ਦੋਸ਼ੀ ਨੂੰ ਸਜ਼ਾ ਦੇਂਦਾ ਸੀ।

ਬਹਾਦਰ ਸ਼ਾਹ ਜਿਸ ਨੂੰ ਤਖਤ ਦਿਵਾਉਣ ਵਾਸਤੇ ਸਤਿਗੁਰੂ ਜੀ ਨੇ ਅਰਦਾਸ ਕੀਤੀ ਸੀ, ਮਦਦ ਦਿਤੀ ਸੀ ਉਸ ਨੂੰ ਓਹ ਭੁਲ ਗਿਆ। ਉਹ ਕਰੋਧ ਨਾਲ ਗਰਮ ਹੋ ਕੇ ਬੋਲਿਆ, 'ਤੁਸੀਂ ਉਸਨੂੰ ਨਹੀਂ ਰੋਕਦੇ। ਤੁਸੀ ਨਹੀਂ ਰੋਕਣਾ? ਉਸ ਨੂੰ ਤੁਸਾਂ ਭੇਜਿਆ ਹੈ ਪਰ ਇਹ ਨਹੀਂ ਸੋਚਿਆ ਕਿ ਮੁਗਲ ਰਾਜ ਦੀ ਸ਼ਕਤੀ ਕਿੰਨੀ ਹੈ? ਮੁਗਲ ਲਸ਼ਕਰ ਜਿਧਰ ਚੜ੍ਹਦਾ ਹੈ ਓਧਰ ਰੁਖਾਂ ਦਾ ਟੁੰਡ ਮੁੰਡ ਨਹੀਂ ਛਡਦਾ, ਆਦਮੀ ਤਾਂ ਕੀ ਗਲ ਹਨ? ਬੰਦਾ ਸਿੰਘ ਕੌਣ ਵਿਚ ਰਾ ਹੈ। ਉਹ ਬਹੁਤਾ ਕਰੇ ਗਾ ਤਾਂ ਦੋ ਚਾਰ ਹਜ਼ਾਰ ਆਦਮੀ ਇਕੱਠੇ ਕਰ ਲਵੇਗਾ। ਮਨੁਖਾਂ ਦੀ ਏਨੀ ਗਿਣਤੀ ਮੁਗਲ ਰਾਜ ਦਾ ਕੁਝ ਨਹੀਂ ਵਿਗਾੜ ਸਕਦੀ। ਵਜ਼ੀਰ ਖਾਂ ਸਰਹਿੰਦ ਕੋਲ ਕਈ ਹਜ਼ਾਰ ਫੌਜ ਹੈ। ਬਾਕੀ ਮੈਂ ਉਧਰੇ ਜਾ ਰਿਹਾ ਹਾਂ। ਮੈਂ ਆਪ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਤੁਸਾਂ ਦੀ ਚਾਲ ਤੇ ਰੌਂਦ ਨੂੰ ਸਿਰੇ ਨਹੀਂ [redacted]ਚੜ੍ਹਨ ਦੇਵਾਂਗਾ। ਮੈਂ ਇਕ ਇਕ ਬਾਗੀ ਨੂੰ ਚੁਣ ਚੁਣ

Sri Satguru Jagjit Singh Ji eLibrary NamdhariElibrary@gmail.com

ਕੇ ਮਾਰਾਂਗਾ।' ਇਹ ਆਖਕੇ ਬਾਦਸ਼ਾਹ ਉਠ ਖਲੋਤਾ। ਓਹ ਤੁਰਨ ਲਗਾ ਤਾਂ ਸਤਿਗੁਰੂ ਜੀ ਨੇ ਉਸ ਨੂੰ ਨਿਡਰਤਾ ਨਾਲ ਕਿਹਾ-'ਬਾਦਸ਼ਾਹ! ਹੌਂਸਲਾ ਕਰ ਕਰੋਧ ਤੇ ਹੰਕਾਰ ਕਰਨਾ ਮਾੜਾ ਹੁੰਦਾ ਹੈ। ਇਹ ਮਨੁਖ ਦੀ ਅਕਲ ਮਾਰ ਦੇਂਦਾ ਹੈ। ਪਾਗਲ ਨਾ ਹੋ, ਪਾਗਲ ਪਨ ਤੈਨੂ ਕਰੇਗਾ। ਸ਼ਾਂਤ ਚਿਤ ਰਹੋ ਤੇ ਫਕੀਰਾਂ ਨਾਲ ਮੁਕਾਬਲਾ ਨਾ ਕਰ। ਪੰਜਾਬ ਨੂੰ ਨਾ ਜਾਵੀਂ ਜੇ ਜਾਵੇਂਗਾ ਤਾਂ ਵਾਪਸ ਜੀਉਂਦਾ ਨਹੀਂ ਆਵੇਂਗਾ। ਤੇਰੀ ਮੌਤ ਦੇ ਪਿਛੋਂ ਮੁਗਲ ਰਾਜ ਦਾ ਤਕਰੀਬਨ ਅੰਤ ਹੋ ਜਾਵੇਗਾ। ਪੂਦੇਸੀ ਹਮਲੇ ਕਰਨਗੇ। ਸਿੰਘ ਪੰਜਾਬ ਵਿਚ ਰਾਜ ਕਰਨਗੇ ਖਾਲਸਈ ਨਿਸ਼ਾਨ ਹਰ ਪਿੰਡ ਤੇ ਘਰ ਘਰ ਝੁਲੇਗਾ, ਅਕਾਲ ਪੁਰਖ ਦੇ ਭਾਣੇ ਨੂੰ ਕੋਈ ਨਹੀਂ ਰੋਕ ਸਕਦਾ ਉਸ ਦਾ ਭਾਣਾ ਹੋਕੇ ਰਹੇਗਾ।ਅਸਾਂ ਨੂੰ ਨਾ ਧਮਕੀਆਂ ਦਾ ਭੈ ਹੈ ਨਾ ਮੌਤ ਦਾ। ਅਸੀਂ ਤਾਂ ਅਕਾਲ ਪੁਰਖ ਤੇ ਭਰੋਸਾ ਕਰਦੇ ਹਾਂ। ਓਹਦੇ ਭਾਣੇ ਤੇ ਚਲਦੇ ਹਾਂ ਅਸਾਂ ਛੇਤੀ ਹੀ ਅਕਾਲ ਪੁਰਖ ਕੋਲ ਚਲੇ ਜਾਣਾ ਹੈ। ਅਸਾਂ ਦੀਆਂ ਰੋਂਦਾਂ ਕੋਈ ਨਹੀਂ ਹਨ ਸਭ ਰੋਂਦਾਂ ਅਕਾਲ ਪੁਰਖ ਦੀਆਂ ਹਨ। ਅਕਾਲ ਪੁਰਖ ਹੀ ਓਹਨਾਂ ਰੋਂਦਾਂ ਨੂੰ ਨੇਪਰੇ ਚਾਹੜੇਗਾ। ਜਾਓ! ਧੀਰਜ ਨਾਲ ਜਾਓ! ਖੁਦਾ ਨੂੰ ਚੇਤੇ ਰਖੋ।'

ਬਾਦਸ਼ਾਹ ਤੁਰ ਗਿਆ। ਉਸਦੇ ਮੱਥੇ ਉਤੇ ਤਿਊੜੀ ਸੀ। ਹਿਰਦੇ ਵਿਚ ਗੁਸਾ ਤੇ ਦਿਮਾਗ ਵਿਚ ਫਤੂਰ ਸੀ। ਸਤਿਗੁਰੂ ਜੀ ਦੇ ਕੋਲ ਖਲੋਤਿਆਂ ਨੇ ਦੇਖਿਆ ਨੰਦ ਲਾਲ ਨੇ ਜਾਚਿਆ ਸਭ ਨੇ ਕਿਹਾ-'ਬਾਦਸ਼ਾਹ ਨੇ ਭੁਲ ਕੀਤੀ ਹੈ। ਇਸ ਨੂੰ ਇਸ ਤਰ੍ਹਾਂ ਦੇ ਕੌੜੇ ਬਚਨ ਨਹੀਂ ਆਖਣੇ ਚਾਹੀਏ।' ਪਰ ਹਿੰਮਤ ਨਹੀਂ ਸੀ ਕਿਸੇ ਨੂੰ ਕਿ ਓਹ ਬਾਦਸ਼ਾਹ ਨੂੰ ਕੁਝ ਕਹਿਣ। ਸਤਿਗੁਰੂ ਜੀ ਬਾਦਸ਼ਾਹ ਦੇ ਗੁਸੇ ਕੋਲੋਂ ਘਬਰਾਏ ਨਹੀਂ ਸਗੋਂ ਮੁਸਕਰਾਉਂਦੇ ਰਹੇ। ਬਾਦਸ਼ਾਹ ਤੁਰ ਗਿਆ ਤਾਂ ਸਤਿਗੁਰੂ ਜੀ ਨੇ ਭਾਈ ਨੰਦ ਲਾਲ ਨੂੰ ਰੋਕ ਕੇ ਕਿਹਾ-'ਬਾਦਸ਼ਾਹ ਦਾ ਸਾਥ ਛਡ-ਦੇਵੀਂ।'

'ਸਤਿ ਬਚਨ ਜੀ ਆਖ ਕੇ ਭਾਈ ਨੰਦ ਲਾਲ ਜੀ ਚਲੇ ਗਏ ਓਹਨਾਂ ਨੇ ਦਸ ਦਿਨ ਪਿਛੋਂ ਬਾਦਸ਼ਾਹ ਪਾਸੋਂ ਛੁਟੀ ਲੈ ਲਈ ਤੇ ਕਿਸੇ ਗੁਪਤ ਅਸਥਾਨ ਤੇ ਜਾ ਭਗਤੀ ਕਰਨ ਲਗ ਪਏ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੨੭. ਸਤਿਗੁਰੂ ਜੀ ਦਾ ਸਿਖਾ ਨੂੰ ਉਪਦੇਸ਼

ਜਿਸ ਸਮੇਂ ਬਾਦਸ਼ਾਹ ਤੁਰ ਗਿਆ ਤਾਂ ਸਤਿਗੁਰੂ ਜੀ ਦੇ ਕੋਲ ਬੈਠੇ ਸਿੰਘਾਂ ਨੇ ਸੁਵਾਲ ਕੀਤਾ—'ਮਹਾਰਾਜ ! ਬਾਦਸ਼ਾਹ ਦੇ ਮਨ ਦੀ ਦਸ਼ਾ ਕੀ ਸੀ ? ਓਹ ਕੀ ਕਰਨਗੇ ? ਕੀ ਸਿਖਾ ਨੂੰ ਦੁਖ ਤਾਂ ਨਹੀਂ ਉਠਾਉਣਾ ਪਵੇਗਾ ?

ਸਿਖਾਂ ਦੀਆਂ ਇਹ ਗਲਾਂ ਸੁਣਕੇ ਸਾਹਿਬਾਂ ਨੇ ਕਿਹਾ—ਸਿੰਘੋ ! ਚਿੰਤਾ ਨਾ ਕਰੋ। ਅਕਾਲ ਪੁਰਖ ਦਾ ਭਾਣਾ ਜੋ ਵਰਤਣਾ ਹੈ ਉਹ ਸਿੰਘਾਂ ਦੇ ਹਕ ਦਾ ਵਰਤਣਾ ਹੈ। ਬਾਦਸ਼ਾਹ ਦਾ ਸਿਰ ਫਿਰਨ ਵਾਲਾ ਹੈ । ਇਹ ਦਿੱਲੀ ਪੁਜੇਗਾ ਉਨੇ ਚਿਰ ਨੂੰ ਅਸਾਡੇ ਸਿੰਘ ਸਰਹਿੰਦ ਮਾਰ ਲੈਣਗੇ, ਇਹ ਕਰੋਧ ਨਾਲ ਪੰਜਾਬ ਨੂੰ ਜਾਵੇਗਾ। ਲਾਹੌਰ ਜਾ ਕੇ ਪਾਗਲ ਹੋਕੇ ਮਰ ਜਾਵੇਗਾ । 'ਹਾਂ ! ਸਿੰਘਾਂ ਨੂੰ ਜ਼ਰੂਰ ਸ੍ਵੈ-ਸਤਕਾਰ ਵਾਸਤੇ ਹਿੰਮਤ ਕਰਨੀ ਪਵੇਗੀ।'

ਇਕ ਸਿੰਘ ਨੇ ਸੁਵਾਲ ਕੀਤਾ, ਮਹਾਰਾਜ ! ਧਰਮ ਦੇ ਰਾਜ ਵਿਚ ਕੀ ਕੁਝ ਹੋਣਾ ਚਾਹੀਦਾ ਹੈ ?

ਇਸਦਾ ਉਤਰ ਸਤਿਗੁਰੂ ਜੀ ਨੇ ਇਉਂ ਦਿਤਾ—'ਧਰਮ ਦੇ ਰਾਜ ਵਿਚ ਕਿਸੇ ਮਨੁਖ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ, ਸਾਰਿਆਂ ਨੂੰ ਵਾਹਿਗੁਰੂ ਦੇ ਪੁਤ੍ਰ ਸਮਝਕੇ ਸਮਾਨਤਾ ਦੇ ਲਾਭ ਪਹੁੰਚਣੇ ਚਾਹੀਦੇ ਹਨ ਤੰਗ ਕਰਕੇ ਤਲਵਾਰ ਦਿਖਾਕੇ ਭੁਖੇ ਮਾਰਕੇ ਇਸਤ੍ਰੀਆਂ ਦੀਆਂ ਨਿਰਾਦਰੀਆਂ ਕਰਕੇ ਕਿਸੇ ਨੂੰ ਆਪਣੇ ਧਰਮ ਵਿਚ ਸ਼ਾਮਲ ਨਹੀਂ ਕਰਨਾ ਚਾਹੀਦਾ ਜਿਵੇਂ ਮੁਸਲਮਾਨ ਕਰਦੇ ਹਨ । ਮੁਸਲਮਾਨ ਹਾਕਮਾਂ ਦਾ ਵਤੀਰਾ ਕਸਾਈਆਂ ਬੁਚੜਾ ਤੇ ਜ਼ਾਲਮਾਂ ਵਾਲਾ ਹੈ। ਹਰ ਇਕ ਦੇ ਧਾਰਮਿਕ ਗ੍ਰੰਥ ਤੇ ਪੂਜਨੀਕ ਅਸਥਾਨ ਦਾ ਸਤਕਾਰ ਕਰਨਾ ਚਾਹੀਦਾ ਹੈ। ਮਜ਼ਬੀ ਤਅੱਸਬ ਦਾ ਤਾਪ ਤਨ ਨੂੰ ਨਹੀਂ ਚੜ੍ਹਾਉਣਾ ਚਾਹੀਦਾ, ਜੇਹੜੇ ਇਸਤਰਾਂ ਕਰਦੇ ਹਨ ਓਹ ਮਾੜੀ ਕਰਦੇ ਹਨ। ਖਾਲਸਾ ਰਾਜ ਵਿਚ ਨਾ ਕਿਸੇ ਦੀ ਇਜਤ ਲੁਟੀ ਜਾਵੇਗੀ ਤੇ ਨਾ ਕਿਸੇ ਦੀ ਪੂੰਜੀ। ਸਾਰੇ ਨਿਰਭੈਤਾ, ਸਵੈ ਅਭਿਮਾਨ ਖੁਸ਼ਹਾਲੀ ਤੇ ਸੁਤੰਤ੍ਰਤਾ ਭਰੇ ਜੀਵਨ ਆਸਰੇ ਜੀਉਣਗੇ, ਪਰਜਾ ਬੜੀ ਸੁਖੀ ਹੋਵੇਗੀ।'

Sri Satguru Jagjit Singh Ji eLibrary NamdhariElibrary@gmail.com

ਇਕ ਸਿੰਘ—'ਮਹਾਰਾਜ ! ਖਾਲਸਾ ਧਰਮ ਤੇ ਪੰਥ ਵਿਚ ਵਾਧਾ ਕਿਸ ਤਰਾਂ ਹੋਵੇਗਾ ?'

ਸਤਿਗੁਰੂ ਜੀ—'ਸਿੰਘਾਂ ਦਾ ਵਾਧਾ ਹੋਵੇਗਾ। ਧਰਮ ਕਿਰਤ,ਨਾਮ ਜਪਨ ਮਿਲਕੇ ਚੰਗੇ ਕਰਮ ਕਰਨ ਅਤੇ ਲੋਕਾਂ ਦੀ ਸੇਵਾ ਕਰਨ ਨਾਲ ਅਕਾਲ ਪੁਰਖ ਐਸੀ ਬਰਕਤ ਪਾਵੇਗਾ ਕਿ ਲੋਕ ਆਪੇ ਹੀ ਖਾਲਸਾ ਪੰਥ ਵਿਚ ਸ਼ਾਮਲ ਹੁੰਦੇ ਜਾਣਗੇ। ਮੁਗਲ ਦਿਨੋਂ ਦਿਨ ਪਰਜਾ ਨੂੰ ਤੰਗ ਕਰਨਗੇ, ਸਿੰਘ ਪਰਜਾ ਦੀ ਰਾਖੀ ਕਰਨਗੇ।'

ਉਹੋ ਸਿੰਘ—'ਮਹਾਰਾਜ ! ਆਪ ਨੇ ਬੰਦਾ ਸਿੰਘ ਨੂੰ ਕਿਹਾ ਹੈ ਕਿ ਉਹ ਵਿਆਹ ਨਾ ਕਰਾਵੇ ! ਕੀ ਸਿੰਘ ਵਿਆਹ ਨਹੀਂ ਕਰਾਇਆ ਕਰਨਗੇ ?'

ਸਤਿਗੁਰੂ ਜੀ—ਹੇ ਗੁਰਮੁਖ ਜਨ ? ਸਿੰਘਾਂ ਜਾਂ ਸਿਖਾਂ ਵਿਚ ਗ੍ਰਿਹਸਤ ਧਰਮ-ਪ੍ਰਧਾਨ ਧਰਮ ਹੈ। ਸਿਖੀ ਉਦਾਸੀਆਂ ਤੇ ਸੰਨਿਆਸੀਆਂ, ਤਿਆਗੀਆਂ ਦਾ ਟਬਰ ਨਹੀਂ। ਗ੍ਰਿਹਸਤ, ਕਿਰਤ ਤੇ ਰਾਜ ਦੇ ਹੁੰਦਿਆਂ ਹੋਇਆਂ ਵੀ ਤਿਆਗੀ ਧਰਮ ਤਪੱਸਵੀ ਹੋਣਾ ਸਿਖੀ ਦਾ ਨਿਸ਼ਾਨਾ ਹੈ। ਬੰਦਾ ਸਿੰਘ ਨੂੰ ਇਸ ਕਰਕੇ ਵਰਜਿਆ ਹੈ ਕਿ ਉਹ ਜੁਧ ਕਰਨ ਵਾਸਤੇ ਜਾ ਰਿਹਾ ਹੈ। ਤਕੜੇ ਵੈਰੀ ਨਾਲ ਟਾਕਰਾ ਹੈ, ਕੀ ਪਤਾ ਇਹ ਜੁਧ ਕਿੰਨਾ ਚਿਰ ਰਹਿਣਾ ਹੈ ਜੁਧਾਂ ਦੇ ਸਮੇਂ ਵਿਆਹ ਨਹੀਂ ਕੀਤੇ ਜਾਂਦੇ। ਵਿਆਹ ਸ਼ਾਂਤੀ ਦੇ ਸਮੇਂ ਦੇ ਖੇਲ ਹਨ। ਦੂਸਰਾ ਬੰਦਾ ਸਿੰਘ ਜਥੇਦਾਰ। ਜੇ ਜਥੇਦਾਰ ਵਿਆਹ ਕਰੇਗਾ ਤਾਂ ਸਾਥੀ ਸਿੰਘ ਵੀ ਸ਼ਕਤੀ ਨੂੰ ਹਾਸਲ ਕਰਨ ਸਮੇਂ ਛੇਤੀ ਹੀ ਵਿਆਹ ਕਰਨਗੇ, ਟਬਰਦਾਰੀ ਵਿਚ ਰੁਝ ਜਾਣਗੇ। ਫਿਰ ਕਿਵੇਂ ਯੁਧ ਹੋਣਗੇ ਤੇ ਕਿਵੇਂ ਰਾਜ ਹੋਵੇਗਾ। ਸੂਰਮਿਆਂ ਵਿਚ ਜੇ ਲਿੰਗ ਵਾਸ਼ਨਾ ਵਧ ਜਾਵੇ, ਤਾਂ ਇਸਦਾ ਨਤੀਜਾ ਬਹੁਤ ਮਾੜਾ ਨਿਕਲਦਾ ਹੈ। ਸੈਨਕ ਫਿਰ ਪਰਾਈਆਂ ਬਹੂ ਬੇਟੀਆਂ ਵਲ ਦੇਖਣ ਲਗ ਪੈਂਦੇ ਹਨ। ਮੇਰਾ ਸਿੰਘ ਕਿਸੇ ਤੁਰਕਨੀ ਨਾਲ ਨਾ ਵਿਆਹ ਕਰੇਗਾ ਤੇ ਨਾ ਧਕੇ ਨਾਲ ਸੰਗ ਕਰੇਗਾ। ਬੰਦਾ ਸਿੰਘ ਨੂੰ ਲੜਾਈ ਲੜਨ ਬਦਲੇ ਰੋਕਿਆ ਹੈ। ਹੋਰ ਕੋਈ ਕਾਰਨ ਨਹੀਂ। ਸਿੰਘ ਵਿਆਹ ਕਰਨਗੇ ਜਿਵੇਂ ਪਿਛੇ ਕਰਦੇ ਆਏ ਹਨ। ਸੰਤਾਨ ਉਤਪਤੀ ਕਰਨਾ ਵਾਹਿਗੁਰੂ ਦੇ ਭਾਣੇ ਅਨੁਸਾਰ ਹੈ। ਇਹ ਕੋਈ ਐਸੀ

Sri Satguru Jagjit Singh Ji eLibrary NamdhariElibrary@gmail.com

ਗਲ ਨਹੀਂ।'

ਇਸ ਤਰ੍ਹਾਂ ਸਿੰਘ ਕਈ ਤਰ੍ਹਾਂ ਦੇ ਸਵਾਲ ਪੁਛਦੇ ਰਹੇ ਤੇ ਸਤਿਗੁਰੂ ਜੀ ਉਹਨਾਂ ਨੂੰ ਯੋਗ ਉਤਰ ਉਪਦੇਸ਼ ਦੀ ਸੂਰਤ ਵਿਚ ਬਖਸ਼ਦੇ ਰਹੇ। ਜਿਸ ਅਸਥਾਨ ਤੇ ਸਤਿਗੁਰੂ ਜੀ ਨਦੀ ਕਿਨਾਰੇ ਬੈਠੇ ਸਨ ਤੇ ਜਿਥੇ ਬਾਦਸ਼ਾਹ ਦਾ ਹੀਰਾ ਨਦੀ ਵਿਚ ਸੁਟਿਆ ਸੀ ਉਸ ਦਾ ਨਾਮ ਹੀਰਾ ਘਾਟ ਰਖਿਆ ਤੇ ਹੁਣ ਆਲੀਸ਼ਾਨ ਗੁਰਦੁਆਰਾ ਹੈ।

੨੮. ਬਹਾਦਰ ਸ਼ਾਹ ਦੀ ਬੇਈਮਾਨੀ

ਬਹਾਦਰ ਸ਼ਾਹ ਅਕ੍ਰਿਤਘਣ ਹੋ ਗਿਆ, ਓਹ ਸਤਿਗੁਰੂ ਜੀ ਦੇ ਉਪਕਾਰ ਭੁਲ ਗਿਆ। ਉਸ ਨੇ ਵਜ਼ੀਰ ਖਾਂ ਦੇ ਆਖੇ ਲਗ ਕੇ ਸਤਿਗੁਰੂ ਜੀ ਦਾ ਖੂਨ ਕਰਾਉਣ ਦੀ ਰੋਂਦ ਗੁੰਦਨੀ ਆਰੰਭ ਕਰ ਦਿਤੀ। ਉਸ ਨੇ ਇਸ ਵਿਉਂਤ ਨੂੰ ਸਿਰੇ ਚੜ੍ਹਾਉਣ ਵਾਸਤੇ ਕੋਈ ਐਸੇ ਬੰਦੇ ਲਭਣੇ ਆਰੰਭੇ ਜੋਹੜੇ ਆਪਣੀ ਜਾਨ ਤਲੀ ਤੇ ਰਖ ਕੇ ਸਤਿਗੁਰੂ ਜੀ ਨੂੰ ਕਤਲ ਕਰਨ। ਕਿਉਂਕਿ ਸਾਹਿਬਾਂ ਨੂੰ ਕਤਲ ਕਰਨ ਵਾਲੇ ਦਾ ਬਚ ਕੇ ਨਿਕਲ ਜਾਣਾ ਅਸੰਭਵ ਸੀ। ਗੁਰੂ ਜੀ ਸਦਾ ਸਸਤ੍ਰ ਧਾਰੀ ਰਹਿੰਦੇ ਸਨ ਤੇ ਓਹਨਾਂ ਦੇ ਨੇੜੇ ਸਿੰਘ ਸੂਰਮੇ ਖਲੋਤੇ ਪਹਿਰਾ ਦਿਆ ਕਰਦੇ ਸਨ ਕਿਉਂਕਿ ਸਿੰਘਾਂ ਨੂੰ ਪਹਿਲਾਂ ਹੀ ਖਿਆਲ ਰਹਿੰਦਾ ਸੀ ਕਿ ਤੁਰਕ ਕਿਤੇ ਕਿਸੇ ਪਰਕਾਰ ਦਾ ਧੋਖਾ ਨਾ ਕਰਨ। ਭਾਵੇਂ ਸਤਿਗੁਰੂ ਜੀ ਐਨੇ ਨਿਰਭੈ ਸਨ ਕਿ ਉਹ ਪਰਵਾਹ ਹੀ ਨਹੀਂ ਸਨ ਕਰਦੇ ਕਿ ਓਹਨਾਂ ਨੂੰ ਕੋਈ ਮਾਰੇ।

ਬਾਦਸ਼ਾਹ ਨੇ ਗੁਲ ਖਾਂ ਤੇ ਅਤਾਉਲਾ ਖਾਂ ਦੋਹਾਂ ਪਠਾਨ ਭਰਾਵਾਂ ਨੂੰ ਅੰਦਰ ਖਾਤੇ ਸਦਿਆ ਤੇ ਉਨ੍ਹਾਂ ਨੂੰ ਲਾਲਚ ਦੇਂਦਿਆਂ ਹੋਇਆਂ ਕਿਹਾ, 'ਦੇਖੋ! ਇਸਲਾਮ ਦੇ ਵਾਧੇ ਵਾਸਤੇ ਕਿਸੇ ਮੁਸਲਮਾਨ ਦਾ ਕਿਸੇ ਕਾਫਰ ਨੂੰ (ਸਭ ਜਾਏ ਚੰਦ੍ਰੀ ਜ਼ਬਾਨ ਜੋਹੜੀ ਮੇਰੇ ਕਲਗੀਆਂ ਵਾਲੇ ਪਿਤਾ ਨੂੰ ਕਾਫਰ ਆਖਦੀ ਸੀ) ਮਾਰਨਾ ਇਸਲਾਮ ਦੀ ਵਡੀ ਖਿਦਮਤ ਕਰਨਾ ਹੈ ਜੇ ਤੁਸੀਂ ਕਿਸੇ ਨਾ ਕਿਸੇ ਤਰ੍ਹਾਂ ਹਿੰਦ ਦੇ ਪੀਰ (ਸਤਿਗੁਰੂ ਜੀ) ਦਾ ਖੂਨ ਕਰ ਦੇਵੋ ਤਾਂ ਤੁਸਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਬਹੁਤ ਭਾਰੀ ਇਨਾਮ ਦਿਤਾ ਜਾਵੇਗਾ। ਨਾਲੇ ਤੁਸਾਂ ਨੂੰ ਪਤਾ ਹੈ ਕਿ ਪਠਾਣਾਂ ਨਾਲ ਤਾਂ ਇਸ ਹਿੰਦ ਦੇ ਪੀਰ ਦਾ ਖਾਸ ਵੈਰ ਹੈ।

ਬਾਦਸ਼ਾਹ ਦਾ ਇਹ ਹੁਕਮ ਸੁਣ ਕੇ ਉਹ ਦੋਵੇਂ ਪਠਾਣ ਭਰਾ ਘਾਬਰ ਗਏ। ਭਾਵੇਂ ਉਹ ਸਭ ਤੋਂ ਨਿਰਦਈ ਖੂਨੀ ਤੇ ਦੰਡਾਲ ਸਨ ਸਤਿਗੁਰੂ ਜੀ ਦਾ ਖੂਨ ਗੁਜ਼ਾਰਨ ਬਦਲੇ ਉਨ੍ਹਾਂ ਦਾ ਹੌਂਸਲਾ ਨਾ ਪਿਆ। ਉਨ੍ਹਾਂ ਵਿਚੋਂ ਅਤਾਉਲਾ ਨੇ ਕਿਹਾ—ਬਾਦਸ਼ਾਹ ਸਲਾਮਤ! ਹਜ਼ੂਰ ਦਾ ਹੁਕਮ ਟਾਲਣਾ ਵੀ ਮੌਤ ਨੂੰ ਸੱਦਾ ਦੇਣ ਹੈ ਤੇ ਹੁਕਮ ਨੂੰ ਪੂਰਿਆਂ ਕਰਨਾ ਵੀ ਸੱਪ ਦੇ ਮੂੰਹ ਹੱਥ ਦੇਣਾ ਹੈ। ਅਗੇ ਤੇ ਪਿਛੇ ਮੌਤ ਕੁਝ ਸਮਝ ਨਹੀਂ ਆਉਂਦਾ ਕਿ ਕੀ ਕੀਤਾ ਜਾਵੇ, ਹਿੰਦ ਦੇ ਪੀਰ ਇਕ ਵਲੀ ਹਨ। ਉਹਨਾਂ ਵਲ ਮਾੜੀ ਨਿਗਾਹ ਨਾਲ ਤਕੀਏ ਤਾਂ ਅੱਖਾਂ ਅੰਨੀਆਂ ਹੋ ਜਾਂਦੀਆਂ ਹਨ ਕਿ ਉਨ੍ਹਾਂ ਦਾ ਖੂਨ ਅਸਾਂ ਹਥੋਂ ਕਰਵਾ ਕੇ ਅਸਾਂ ਨੂੰ ਦੋਜ਼ਕ ਦੀ ਅੱਗ ਵਿਚ ਸੁਟਣਾ ਚਾਹੁੰਦੇ ਹੋ ? ਫਿਰ ਓਹਨਾਂ ਦੇ ਤੰਬੂ ਤਕ ਅਸਾਂ ਨੂੰ ਕੌਣ ਜਾਣ ਦੇਵੇਗਾ ? ਉਹ ਤਾਂ ਖੁਦ ਬਖੁਦ ਬਲੀ ਹਨ।'

ਬਹਾਦਰ ਸ਼ਾਹ ਉਸ ਪਿਉ ਤੇ ਬਾਬੇ ਦੀ ਅੰਸ਼ ਸੀ ਜੇਹੜੇ ਭਰਾਵਾਂ ਪੁਤ੍ਰਾਂ ਤੇ ਧੀਆਂ ਦਾ ਖੂਨ ਕਰਨ ਲਗੇ ਰਤਾ ਨਹੀਂ ਸਨ ਝਿਜਕਦੇ। ਜਿਨ੍ਹਾਂ ਨੇ ਕੁਤਿਆਂ ਵਾਂਗ ਰਬ ਦੇ ਬੰਦਿਆਂ ਨੂੰ ਮਾਰਿਆ, ਉਹ ਭਲਾ ਕਿਵੇਂ ਸਮਝਣ, ਗਰੀਬ ਪਠਾਣਾਂ ਦੇ ਇਹ ਲਫਜ਼ ਸੁਣ ਕੇ ਉਹ ਸਿਰ ਤੋਂ ਪੈਰਾਂ ਤਕ ਗਰਮ ਹੋ ਗਿਆ, ਉਸ ਨੇ ਉਸੇ ਵੇਲੇ ਬੜੇ ਰੋਹ ਨਾਲ ਹੁਕਮ ਕੀਤਾ—ਕੁਝ ਵੀ ਹੋਵੇ ਤੁਸਾਂ ਨੂੰ ਮੇਰਾ ਹੁਕਮ ਮੰਨਣਾ ਹੀ ਪਵੇਗਾ। ਮੈਂ ਜਿੰਨਾ ਚਿਰ ਹਿੰਦ ਦੇ ਪੀਰ ਨੂੰ ਮਰਵਾ ਨਹੀਂ ਲੈਂਦਾ ਮੈਨੂੰ ਨੀਂਦ ਨਹੀਂ ਆਉਂਦੀ।'

'ਜਿਵੇਂ ਹਜ਼ੂਰ ਦਾ ਹੁਕਮ ਤਿਵੇਂ ਕੀਤਾ ਜਾਵੇਗਾ।' ਇਹ ਆਖ ਕੇ ਦੋਵੇਂ ਭਰਾ ਬਾਦਸ਼ਾਹ ਦੇ ਤੰਬੂ ਵਿਚੋ ਬਾਹਰ ਆ ਗਏ। ਉਹ ਨਿੰਮੂ-ਝੂਣੇ ਸਨ ਅਗੇ ਪਿਛੇ ਉਹਨਾਂ ਨੂੰ ਮੌਤ ਦਿੱਸਦੀ ਸੀ, ਓਹ ਹੈਰਾਨ ਤੇ ਭੈ ਭੀਤ ਸਨ ਕਿ ਕੀ ਕਰਨ। ਇਨਾਮ! ਇਹ ਤਾਂ ਓਹਨਾਂ ਵਾਸਤੇ ਧੋਖਾ ਸੀ, ਉਹ ਸਤਿਗੁਰੂ ਜੀ ਦਾ ਖੂਨ ਕਰਕੇ ਕਿਵੇਂ ਬਚ ਕੇ ਆ ਸਕਦੇ ਸਨ ? ਬਸ ਖੂਨ ਦਾ ਬਦਲਾ ਖੂਨ ਹੁੰਦਾ ਹੈ। ਇਹ ਗਲ ਤਾਂ ਪੂਰੀ ਹੋ ਸਕਦੀ ਸੀ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਓਹ ਦੋਵੇਂ ਭਰਾ ਆਪਣੇ ਤੰਬੂ ਵਿਚ ਜਾ ਬੈਠੇ। ਓਹਨਾਂ ਦੇ ਢੰਗ ਉਡੇ ਹੋਏ ਦੇਖਦੇ ਓਹਨਾਂ ਦੇ ਸਾਥੀ ਨੇ ਪੁਛਿਆ—'ਕੀ ਮਾਮਲਾ ਹੈ ? ਬਾਦਸ਼ਾਹ ਸਲਾਮਤ ਨੇ ਤੁਸਾਂ ਨੂੰ ਸਦਿਆ ਸੀ ਕੀ ਆਖਿਆ ?'

ਗੁਲ ਖਾਂ ਨੇ ਕਿਹਾ—ਮਿਤ੍ਰ ! ਕੀ ਦਸੀਏ ! ਬਾਦਸ਼ਾਹ ਸਲਾਮਤ ਨੇ ਐਸਾ ਕੰਮ ਦਸਿਆ ਹੈ ਜੇਹੜਾ ਹੋਣਾ ਬਹਤ ਹੀ ਔਖਾ ਹੈ, ਨਾ ਦਸਣ ਵਾਲਾ ਹੈ, ਜ਼ਬਾਨ ਵੀ ਬੰਦ ਕੀਤੀ ਹੈ !

ਓਹਨਾਂ ਦਾ ਸਾਥੀ ਉਹਨਾਂ ਕੋਲ ਨਵਾਂ ਆਇਆਂ ਸੀ, ਓਹ ਬਹੁਤ ਹੈਰਾਨ ਹੋਇਆ ਉਸ ਨੇ ਕਿਹਾ—'ਮੈਂ ਨਬੀ ਰਸੂਲ ਦੀ ਕਸਮ ਖਾ ਕੇ ਆਖਦਾ ਹਾਂ ਕਿ ਜੇਕਰ ਤੁਸੀਂ ਮੈਨੂੰ ਪੂਰੀ ਗਲ ਦਸ ਦੇਵੋ ਤਾਂ ਮੈਂ ਕਿਸੇ ਨੂੰ ਨਹੀਂ ਦਸਾਂਗਾ ਤੇ ਤੁਸਾਂ ਦੀ ਸਹਾਇਤਾ ਕਰਾਂਗਾ ਭਾਵੇਂ ਮੇਰੀ ਜਾਨ ਚਲੀ ਜਾਵੇ ਭਰੋਸਾ ਵੀ ਕੋਈ ਚੀਜ਼ ਹੈ ਸਾਰੇ ਬੰਦੇ ਝੂਠੇ ਤੇ ਬੇਈਮਾਨ ਨਹੀਂ। ਤੁਸੀਂ ਚਿੰਤਾ ਨਾ ਕਰੋ ਤੇ ਦਸੋ ਕੀ ਗਲ ਹੈ। ਤੁਸਾਂ ਦੇ ਚੇਹਰਿਆਂ ਉਤੇ ਤਾਂ ਹਵਾਈਆਂ ਉਡੀਆਂ ਹੋਈਆਂ ਹਨ। ਗਲ ਕਰੋ ਮਾਮਲਾ ਕੀ ਹੈ।'

ਗੁਲ ਖਾਂ ਤਾਂ ਝਿਜਕਦਾ ਰਿਹਾ, ਪਰ ਅਤਾਉਲਾ ਨੇ ਸਾਰੀ ਗਲ ਦੱਸ ਦਿਤੀ ਉਦਾਸੀ ਦੇ ਭੇਤ ਨੂੰ ਸੁਣ ਕੇ ਉਹ ਪਠਾਣ ਬੱਚਾ ਉਛਲ ਪਿਆ ਉਸ ਨੇ ਕਿਹਾ--ਚਿੰਤਾ ਨਾ ਕਰੋ ਮੈਂ ਤੁਸਾਂ ਦੇ ਨਾਲ ਚਲਾਂਗਾ। ਮੈਂ ਇਸੇ ਮਕਸਦ ਵਾਸਤੇ ਸਰਹੰਦ ਤੋਂ ਆਇਆ ਹਾਂ, ਮੈਨੂੰ ਵਜ਼ੀਰ ਖਾਂ ਸੂਬਾ ਸਰਹੰਦ ਨੇ ਭੇਜਿਆ ਹੈ। ਮੈਂ ਬਹੁਤ ਮੁਸ਼ਕਲਾਂ ਨਾਲ ਆਇਆ ਹਾਂ ਤੇ ਆਖਰ ਉਸ ਦਾ ਹੁਕਮਨਾਮਾ ਬਾਦਸ਼ਾਹ ਨੂੰ ਦਿਖਾਲਕੇ ਫੌਜ ਵਿਚ ਰਿਹਾ ਹਾਂ,ਪਰ ਬਾਦਸ਼ਾਹ ਨੂੰ ਨਹੀਂ ਦਸਿਆ ਕਿ ਮੈਂ 'ਹਿੰਦ ਦੇ ਪੀਰ' ਨੂੰ ਕਤਲ ਕਰਨ ਵਾਸਤੇ ਆਇਆ ਹਾਂ। ਮੈਂ ਤੁਸਾਂ ਦੇ ਨਾਲ ਚਲਾਂਗਾ, ਤੁਸਾਂ ਬਾਹਰ ਖਲੋਣਾ ਮੈਂ ਖੁਦ ਤੰਬੂ ਵਿਚ ਜਾਕੇ ਖੰਜਰ ਨਾਲ ਵਾਰ ਕਰਾਂਗਾ। ਮੇਰਾ ਖੰਜਰ (ਛੁਰਾ) ਐਸਾ ਹੈ ਜੇਹੜਾ ਜਿਸ ਨੂੰ ਵੀ ਵੱਜਾ ਉਹੋ ਹੀ ਤੜਫ ਉਠਿਆ, ਮੇਰਾ ਹੱਥ ਨਹੀਂ ਥਿੜਕਦਾ, ਕੰਬਦਾ, ਦਿਲ ਪੱਥਰ ਦਾ ਹੈ। ਮੈਂ ਆਪਣੀ ਮਾਂ ਨੂੰ ਮਾਰ ਦਿਤਾ ਸੀ, ਫਿਰ ਵੀ ਨਹੀਂ ਸਾਂ ਰੋਇਆ ਕੰਬਿਆ ਤੇ ਥਿੜਕਿਆ। ਘਬਰਾਹਟ ਛਡੋ, ਰੱਜ ਕੇ ਪੀਵੋ (ਸ਼ਰਾਬ) ਤੇ ਹੱਸ

Sri Satguru Jagjit Singh Ji eLibrary NamdhariElibrary@gmail.com

ਹੱਸ ਕੇ ਦਿਲ ਖੁਸ਼ੀ ਕਰੋ। ਆਖੋ ਤਾਂ ਮੈਂ ਖੁਦ ਜਾਕੇ ਬਾਦਸ਼ਾਹ ਨੂੰ ਆਖਣ ਨੂੰ ਤਿਆਰ ਹਾਂ ਕਲ ਹੀ ਬਾਦਸ਼ਾਹ ਪਾਸੋਂ ਆਗਿਆ ਲੈਕੇ ਨਦੇੜ ਚਲੀਏ ਤੇ ਸਮੇਂ ਦੀ ਉਡੀਕ ਕਰੀਏ। ਬੱਸ ਜਦੋਂ ਦਾਅ ਲਗੇਗਾ, ਤਦੋਂ ਹੀ ਕੰਮ ਪਾਰ ਕਰ ਦੇਵਾਂਗੇ।'

ਉਸ ਪਠਾਣ ਬਚੇ ਦੀਆਂ ਐਸੀਆਂ ਗੱਲਾਂ ਸੁਣ ਕੇ ਦੋਹਾਂ ਭਰਾਵਾਂ ਨੂੰ ਕੁਝ ਹੌਂਸਲਾ ਹੋਇਆ, ਉਹਨਾਂ ਨੇ ਰੋਟੀ ਖਾਧੀ, ਸ਼ਰਾਬ ਪੀਤੀ ਤੇ ਸ਼ਰਾਬ ਦੇ ਨਸ਼ੇ ਵਿਚ ਉਸ ਨਾਲ ਗੱਲਾਂ ਕਰਦੇ ਰਹੇ।

ਸਵੇਰ ਹੋਈ, ਦੋਵੇਂ ਭਰਾ ਉਸ ਤੀਸਰੇ ਸਾਥੀ ਨੂੰ ਨਾਲ ਲੈਕੇ ਬਾਦਸ਼ਾਹ ਦੇ ਤੰਬੂ ਵਿਚ ਪੁਜੇ, ਅਗੇ ਬਹਾਦਰ ਸ਼ਾਹ ਪਲੰਘ ਤੇ ਉਬਾਸੀਆਂ ਲੈ ਰਿਹਾ ਸੀ। ਕਿਉਂਕਿ ਰਾਤ ਦੀ ਪੀਤੀ ਦਾ ਨਸ਼ਾ ਨਹੀਂ ਸੀ ਉਤਰਿਆ, ਅਰਦਲੀ ਨੇ ਜਦੋਂ ਸੁਨੇਹਾ ਦਿਤਾ ਤਾਂ ਉਸੇ ਵੇਲੇ ਬਹਾਦਰ ਸ਼ਾਹ ਨੇ ਉਹਨਾਂ ਨੂੰ ਅੰਦਰ ਸੱਦ ਲਿਆ। ਉਸ ਨੂੰ ਸਲਾਮ ਕਰਕੇ ਬੜੇ ਸਤਕਾਰ ਨਾਲ ਗੁਲ ਖਾਂ ਨੇ ਕਿਹਾ--'ਜਹਾਂ ਪਨਾਹ! ਇਹ ਗਭਰੂ ਪੰਜਾਬ ਤੋਂ ਆਇਆ ਹੈ। ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਭੇਜਿਆ ਹੈ। ਇਹ ਵੀ ਹਿੰਦ ਦੇ ਪੀਰ ਨੂੰ ਕਤਲ ਕਰਨ ਵਾਸਤੇ ਆਇਆ ਹੈ। ਇਹ ਵੀ ਅਸਾਂ ਦੇ ਸਾਥ ਚਲੇਗਾ, ਹੁਕਮ ਕਰੋ ਅਸੀਂ ਨਦੇੜ ਜਾਈਏ।'

'ਬਹੁਤ ਚੰਗਾ! ਬਹੁਤ ਚੰਗਾ, ਤਿੰਨੇ ਜਾਵੋ! ਬੱਸ ਕੰਮ ਕਰਕੇ ਮੁੜੋ, ਫੌਜਦਾਰ ਨਹੀਂ! ਸੂਬੇਦਾਰ ਬਣਾ ਦਿਤੇ ਜਾਵੋਗੇ।' ਇਉਂ ਆਖਦੇ ਹੋਏ ਬਾਦਸ਼ਾਹ ਨੇ ਬਹੁਤ ਸਾਰੀਆਂ ਸੋਨੇ ਦੀਆਂ ਅਸ਼ਰਫੀਆਂ ਉਹਨਾਂ ਅਗੇ ਸੁਟੀਆਂ ਤਾਂਕਿ ਤਿੰਨਾਂ ਨੂੰ ਲਾਲਚ ਦਾ ਤਾਪ ਚੜ੍ਹਾਇਆ ਜਾਵੇ। ਉਹਨਾਂ ਨੇ ਅਸ਼ਰਫੀਆਂ ਚੁਕ ਲਈਆਂ ਤੇ ਬਾਦਸ਼ਾਹ ਨੂੰ ਸਲਾਮ ਕਰਕੇ ਆਪਣੇ ਰਾਹ ਪੈ ਗਏ।

੭੯. ਇਕ ਸਿਖ ਦੀ ਸਾਖੀ

ਧੰਨ ਸਤਿਗੁਰਾਂ ਦੀ ਸਿਖੀ ਤੇ ਧੰਨ ਸਤਿਗੁਰੂ ਜੀ ਦੇ ਸਿਖ ਅੰਤ ਨਹੀਂ ਆਉਂਦਾ। ਨਾ ਇਹ ਹੀ ਗਿਣੇ ਜਾ ਸਕਦੇ ਹਨ ਕਿ ਸਤਿਗੁਰੂ ਜੀ ਨੇ ਕਿੰਨੇ ਤਾਰੇ ਤੇ ਨਾ ਸਿੰਘਾਂ ਦੇ ਪਿਆਰ ਦੀਆਂ ਕਥਾ ਕਹਾਣੀਆਂ ਹੀ ਮੁਕ ਸਕਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਦੁਪਹਿਰ ਦਾ ਵੇਲਾ ਸੀ ਗੋਦਾਵਰੀ ਦੇ ਨਿਰਮਲ ਜਲ ਦੇ ਕਿਨਾਰੇ ਸਤਿਗੁਰੂ ਬਿਰਾਜਮਾਨ ਸਨ। ਉਹਨਾਂ ਦੇ ਸਨਮੁਖ ਸਿੰਘ ਤੇ ਸਤਿਸੰਗੀ ਪੁਰਸ਼ ਬੈਠੇ ਹੋਏ ਸਨ। ਛੋਟਾ ਜੇਹਾ ਸਤਿਸੰਗੀ ਧਰਮ ਦਾ ਦਰਬਾਰ ਸੀ। ਸ਼ਾਂਤੀ, ਸਤਯ, ਨਿਰਵੈਰਤਾ, ਨਿਡਰਤਾ ਅਤੇ ਪ੍ਰੀਤ ਧੁਨ ਦਾ ਰਾਜ ਸੀ। ਜੇਹੜਾ ਦੂਰੋਂ ਆਉਂਦਾ ਸੀ। ਬਿਨਾਂ ਕਿਸੇ ਪੈਰ ਹਿਲਾਏ ਦੇ, ਖੜਕਾ ਕੀਤੇ ਦੇ, ਹੌਲੀ ਹੌਲੀ ਚਲਕੇ ਬੜੇ ਅਦਬ ਨਾਲ ਦੀਵਾਨ ਵਿਚ ਬੈਠ ਜਾਂਦਾ ਸੀ। ਜਿੰਨੇ ਜਗਿਆਸੂ ਦੀਵਾਨ ਵਿਚ ਸਨ ਸਾਰਿਆਂ ਦੀ ਸੁਰਤ ਪ੍ਰਭੂ ਚਰਨਾਂ ਨਾਲ ਜੁੜੀ ਹੋਈ ਸੀ ਅਡੋਲ ਬੈਠੇ ਹੋਏ—ਸਤਿਨਾਮੁ ਵਾਹਿਗੁਰੂ ਦੇ ਜਾਪ ਨੂੰ ਜਪਦੇ ਹੋਏ ਇਉਂ ਝੂਲ ਰਹੇ ਸਨ ਜਿਵੇਂ ਹਵਾ ਦੇ ਨਾਲ ਸਰੂ ਦਾ ਬੂਟਾ ਝੂਲਦਾ ਹੈ। ਪਰਮਾਰਥ ਦੀਆਂ ਗਲਾਂ ਸਨ। ਸਵਾਰਥ ਦਾ ਕਿਤੇ ਨਾਮ ਨਹੀਂ ਸੀ ਸਤਿਗੁਰੂ ਜੀ ਉਪਦੇਸ਼ ਕਰ ਰਹੇ ਸਨ।

ਹੇ ਜਗਿਆਸੂ ਜਨੋਂ ! ਮਨੁਖ ਜਨਮ ਨਿਰਮੋਲਕ ਹੈ ਇਸ ਦਾ ਇਕ ਇਕ ਸ੍ਵਾਸ ਭਗਤੀ ਸੇਵਾ ਨੇਕੀ ਤੇ ਧਰਮ ਕਿਰਤ ਤੋਂ ਬਿਨਾਂ ਵਿਅਰਥ ਨਹੀਂ ਗਵਾਉਣਾ ਚਾਹੀਦਾ। ਮੁੜਕੇ ਨਹੀਂ ਮਿਲਣਾ। ਜੀਵ ਚੌਰਾਸੀ ਦੇ ਗੇੜ ਵਿਚ ਘੁੰਮਦਾ ਫਿਰਦਾ ਰਹਿੰਦਾ ਹੈ ਪੂਰਬਲੇ ਕਰਮ ਹੋਣ ਤਾਂ ਹੀ ਇਹ ਜੀਵਨ ਆਰੰਭ ਪ੍ਰਾਪਤ ਹੁੰਦਾ ਹੈ।' ਗੁਰੂ ਜੀ ਨੇ ਸ਼ਸਤ੍ਰਾਂ—ਅਸਤ੍ਰਾਂ ਦਾ ਉਪਦੇਸ਼ ਵੀ ਦੇਣਾ ਕੀਤਾ ਸਾਰੇ ਸ਼ਸਤ੍ਰ ਸਾਹਿਬਾਂ ਨੂੰ ਇਕ ਥਾਂ ਰਖਾਏ ਹੋਏ ਸਨ ਓਹਨਾਂ ਨੂੰ ਧੂਪ ਦੇਕੇ ਜੋਤ ਜਗਾ ਕੇ ਸਤਕਾਰਿਆ ਜਾਂਦਾ ਸੀ, ਸਾਹਿਬ ਆਖਦੇ—ਸਿੰਘੋ ! ਆਉਣ ਵਾਲੇ ਸਮੇਂ ਵਿਚ ਹਰ ਇਕ ਸਿੰਘ ਦੀ ਸਹਾਇਤਾ ਸ਼ਸਤ੍ਰ (ਹਥਿਆਰ) ਅਸਾ ਦਾ ਰੂਪ ਹੋਕੇ ਕਰੇਗਾ। ਜੇਹੜਾ ਸਿੰਘ ਸ਼ਸਤ੍ਰਧਾਰੀ ਰੋਵੇਗਾ ਉਹੋ ਹੀ ਜੀਉਂਦਾ ਰਹੇਗਾ। ਉਹੋ ਹੀ ਕਿਸੇ ਦੀ ਸੇਵਾ ਕਰੇਗਾ।'

ਸਤਿਗੁਰੂ ਜੀ ਆਪਣੇ ਪਾਸ ਹੁਣ ਇਕੋ ਕ੍ਰਿਪਾਨ ਰਖਦੇ ਜੇਹੜੀ ਕ੍ਰਿਪਾਨ ਬਹੁਤ ਹੀ ਤੇਜ ਧਾਰ ਵਾਲੀ ਸੀ, ਓਹਦੇ ਨਾਲ ਤਕੜੇ ਪੁਰਖ ਦੇ ਦੋ ਟੋਟੇ ਇਕੋ ਵਾਰ ਕੀਤੇ ਜਾ ਸਕਦੇ ਸਨ ਉਹ ਕ੍ਰਿਪਾਨ ਕਿਸੇ ਸਿੰਘ ਨੇ ਪਰੇਮ ਭੇਟਾ ਕੀਤੀ ਸੀ।

Sri Satguru Jagjit Singh Ji eLibrary NamdhariElibrary@gmail.com

ਉਪਰਲੀ ਥਾਂ ਸਤਿਗੁਰੂ ਜੀ ਬਿਰਾਜਮਾਨ ਸਨ ਕਿ ਇਕ ਸਿਖ ਬਹੁਤ ਮੰਦੀ ਦਸ਼ਾ ਵਿਚ ਸਤਿਗੁਰੂ ਜੀ ਦੇ ਕੋਲ ਪੁਜਾ। ਉਹਦੇ ਬਸਤ੍ਰ ਲੀਰਾਂ ਲੀਰਾਂ ਹੋਏ ਹੋਏ ਸਨ, ਸਿਰ ਤੋਂ ਪੈਰਾਂ ਤਕ ਘੱਟਾ ਸੀ, ਉਹ ਬਹੁਤ ਹੀ ਕੰਗਾਲ ਲਗਦਾ ਸੀ ਉਸਨੂੰ ਦੇਖਕੇ ਸਾਹਿਬਾਂ ਦੇ ਨੈਣਾਂ ਵਿਚ ਪ੍ਰੇਮ ਦਾ ਉਛਾਲ ਆ ਗਿਆ, ਜਦੋਂ ਸਿਖ ਨੇ ਸਤਿਗੁਰੂ ਜੀ ਦੇ ਅਗੇ ਮੱਥਾ ਟੇਕਿਆ ਤਾਂ ਸਿਖ ਦੀਆਂ ਭੁਬਾਂ ਨਿਕਲ ਗਈਆਂ। ਸ਼ਾਂਤਮਈ ਦਾ ਵਾਯੂ ਮੰਡਲ ਭੰਗ ਹੋ ਗਿਆ, ਸਾਹਿਬਾਂ ਨੇ ਛੇਤੀ ਨ ਲ ਉਹਦਾ ਸਿਰ ਚੁਕ ਲਿਆ, ਉਹਨਾਂ ਨੇ ਪੁਛਿਆ—'ਕਿਉਂ ਪ੍ਰੇਮੀਆਂ ਕੀ ਗਲ ਹੈ ? ਤੈਨੂੰ ਕੀ ਦੁਖ ਹੈ ? ਉਸ ਸਿਖ ਨੇ ਆਪਣੀ ਜੀਵਨ ਕਥਾ ਇਉਂ ਦਸੀ—'ਮਹਾਰਾਜ ! ਮੈਨੂੰ ਬਖਸ਼ਣਾ ! ਮੇਰੇ ਵਸ ਦੀ ਗਲ ਨਹੀਂ ਰਹੀ ਮੈਂ ਰਾਹ ਵਿਚ ਲੁਟਿਆ ਗਿਆ ਮੈਂ ਆਪ ਦੀ ਭੇਟਾ ਕਰਨ ਵਾਸਤੇ ਬਹੁਤ ਸਾਰਾ ਪਦਾਰਥ ਲਿਆਇਆ ਸਾਂ ਪਰ ਤੁਰਕਾਂ ਨੇ ਲੁਟ ਲਿਆ।'

ਸਤਿਗੁਰੂ ਜੀ—'ਕੋਈ ਚਿੰਤਾ ਨਹੀਂ ! ਸਤਿਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਪ੍ਰੇਮ ਦੀ ਲੋੜ ਹੈ ਧਨ ਦੀ ਨਹੀਂ, ਕਿਥੋਂ ਆਇਆ ਹੈਂ ?

ਸਿਖ--'ਮੈਂ ਕਾਬਲ ਦਾ ਰਹਿਣ ਵਾਲਾ ਬਲਾਕੀ ਮਲ ਹਾਂ, ਮੇਰੇ ਪਿਤਾ ਜੀ ਤੇ ਬਾਬਾ ਜੀ ਗੁਰੂ ਘਰ ਦੇ ਸ਼ਰਧਾਲੂ ਸਿੱਖ ਸਨ, ਉਹ ਤਾਂ ਆਪਦੇ ਦਰਸ਼ਨ ਸ੍ਰੀ ਅਨੰਦਪੁਰ ਕਰ ਗਏ ਸਨ। ਪਰ ਮੈਂ ਮੰਦਭਾਗੀ ਦਰਸ਼ਨ ਕਰਨ ਨਾ ਆਇਆ, ਆਉਣ ਆਉਣ ਕਰਦਿਆਂ ਹੀ ਕਨਸੋਆਂ ਮਿਲੀਆਂ ਕਿ ਤੁਰਕਾਂ ਨੇ ਸਤਿਗੁਰਾਂ ਨਾਲ ਯੁਧ ਕਰਨਾ ਆਰੰਭ ਦਿਤਾ ਹੈ। ਜੁਧਾਂ ਦੇ ਪਿਛੋਂ ਪਤਾ ਲੱਗਾ ਆਪ ਨੇ ਅਨੰਦਪੁਰ ਤਾਂ ਛੱਡ ਦਿਤਾ। ਪਰ ਮੇਰੇ ਮਨ ਅੰਦਰ ਦਰਸ਼ਨ ਕਰਨ ਦੀ ਲਗਨ ਇਕ ਤੜਪ ਬਣ ਗਈ, ਮੈਂ ਰਾਤ ਦਿਨੇ ਉਡੀਕਾਂ ਕਰਨ ਲੱਗਾ ਕਿ ਕਦੋਂ ਦਰਸ਼ਨ ਕਰਾਂ। ਆਖਰ ਕੁਝ ਸਿੰਘ ਓਹਨਾਂ ਨੇ ਦਸਿਆ ਕਿ ਸਤਿਗੁਰੂ ਜੀ ਮਾਲਵੇ ਦੀ ਧਰਤੀ ਵਿਚ ਹਨ। ਤਲਵੰਡੀ ਸਾਬੋ ਨਗਰ ਵਿਚ, ਮੈਂ ਬਹੁਤ ਸਾਰਾ ਧਨ ਪਦਾਰਥ ਲੈਕੇ ਕਾਬਲੋਂ ਤੁਰ ਪਿਆ, ਮੰਜ਼ਲਾਂ ਕਟਦਾ ਕਟਦਾ ਤਲਵੰਡੀ ਪੁਜਾ ਤਾਂ ਉਥੇ ਆਪ ਦੇ ਦਰਸ਼ਨ ਨਾ ਹੋਏ, ਮੇਰੇ ਸਾਥੀ ਤਾਂ ਉਥੋਂ ਪਿਛੇ ਚਲੇ ਗਏ, ਪਰ ਮੈਂ ਲੋਕਾਂ ਤੋਂ ਲੋਂ ਪੁਛਦਾ ਹੋਇਆ ਕਿ ਆਪ ਕੇਹੜੇ

Sri Satguru Jagjit Singh Ji eLibrary NamdhariElibrary@gmail.com

ਕੇਹੜੇ ਰਾਹ ਆਏ, ਜਾਂ ਕਿਸ ਅਸਥਾਨ ਤੇ ਬਿਰਾਜਮਾਨ ਹੋ, ਪਤਾ ਕਰਦਾ ਹੋਇਆ ਤੁਰਿਆ ਆਇਆ। ਵਾਹਿਗੁਰੂ ਦੇ ਭਾਣੇ ਨੂੰ ਕੌਣ ਜਾਣੇ, ਮੈਨੂੰ ਰਾਹ ਵਿਚ ਤਿੰਨ ਵਾਰ ਡਾਕੂਆਂ ਨੇ ਲੁਟਿਆ ਤੇ ਕੁਟਿਆ, ਮੇਰੇ ਕੋਲ ਕੋਈ ਸਮਾਨ ਨਾ ਰਿਹਾ, ਉਦਾਲੇ ਲੀੜੇ ਰਹਿ ਗਏ ਉਹ ਵੀ ਪਾਟ ਗਏ ਜੁਤੀ ਟੁਟ ਗਈ, ਮੈਂ ਨੰਗੀ ਪੈਰੀਂ ਚਲਣਾ ਸ਼ੁਰੂ ਕਰ ਦਿਤਾ ਸੀ । ਦਿਲੀ ਆਗਲੇ ਤੋਂ ਤੁਰਦਾ ਤੁਰਦਾ ਪੁਜਾ ਹਾਂ, ਹੇ ਮਾਲਕ ! ਮੈਨੂੰ ਬਖਸ਼ੋ ! ਮੈਂ ਕੰਗਾਲ ਹੋ ਗਿਆ, ਮੈਂ ਆਪ ਦੀ ਭੇਟਾ ਕੁਝ ਨਾ ਕਰ ਸਕਿਆ ਅੱਜ ਖਾਲੀ ਹਥ ਆਪਦੇ ਦਰਸ਼ਨ ਕਰ ਰਿਹਾ ਹਾਂ, ਕਿੰਨਾ ਮੰਦ-ਭਾਗੀ ਹਾਂ।'

ਸਿਖ ਦੀ ਜੀਵਨ ਕਥਾ ਸੁਣਕੇ ਉਸ ਦੀ ਮਾੜੀ ਦਸ਼ਾ ਦੇਖਕੇ ਦੀਵਾਨ ਵਿਚ ਬੈਠੇ ਹੋਏ ਸਾਰੇ ਸਿੰਘਾਂ ਤੇ ਸ਼ਰਧਾਲੂਆਂ ਦੀਆਂ ਅੱਖਾਂ ਵਿਚ ਜਲ ਭਰ ਆਇਆ। ਉਸਨਾਂ ਦੀਆਂ ਜਬਾਨਾਂ ਤੋਂ ਮੱਲੋ ਮੱਲੀ ਨਿਕਲ ਗਿਆ—'ਧੰਨ ਸਤਿਗੁਰੂ ਜੀ ਦੇ ਸਿਖ ਤੇ ਧੰਨ ਧੰਨ ਸਤਿਗੁਰੂ ਜੀ ਦੀ ਸਿਖੀ ਵਾਲੋਂ ਨਿੱਕੀ, ਮਹਾਂ ਕਠਨ।

ਸਤਿਗੁਰੂ ਜੀ ਨੇ ਸਿਖ ਨੂੰ ਉਪਰ ਕਰਕੇ ਗਲ ਨਾਲ ਲਾਇਆ। ਨਿਹਾਲ ਕੀਤਾ ਵਰ ਦਿਤਾ—'ਤੇਰੇ ਉਦਾਲੇ ਇਹ ਬਹਤ੍ ਲੀਰਾਂ ਨਹੀਂ ਸਰੋਂ ਰੇਸ਼ਮ ਦੇ ਹਨ। ਰਾਹਾਂ ਦਾ ਘਟਾ (ਧੂੜ) ਨਹੀਂ ਕੇਸਰ ਹੈ ਤੂੰ ਕੰਗਾਲ ਨਹੀਂ ਸਰੋਂ ਸ਼ਾਹੂਕਾਰ ਹੈਂ, ਤੇਰਾ ਜਨਮ ਮਰਨ ਸੌਰ ਗਿਆ ਤੂੰ ਨਿਹਾਲ ਹੋਇਆ ਸਤਿਗੁਰੂ ਨਾਨਕ ਦੇਵ ਜੀ ਦੀ ਤੇਰੇ ਤੇ ਬਹੁਤ ਮੇਹਰ ਹੋਈ ਹੈ।'

ਇਸਤਰਾਂ ਬਚਨ ਕਰਕੇ ਸਿਦਕੀ ਸਿਖ ਦੇ ਬੇੜੇ ਤਾਰ ਦਿਤੇ ਗਏ। ਸਤਿਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਦਿਤਾ ਕਿ ਉਹ ਸਿਖ ਨੂੰ ਇਸ਼ਨਾਨ ਕਰਾਉਣ ਨਵਾਂ ਪੁਸ਼ਾਕਾ ਪਹਿਨਾਉਣ ਤੇ ਪ੍ਰਸ਼ਾਦ ਛਕਾਉਣ, ਬਾਕੀ ਬਚਨ ਬਿਲਾਸ ਫਿਰ ਕੀਤੇ ਜਾਣਗੇ।

ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਉਸੇ ਵੇਲੇ ਹੋ ਗਈ। ਭਾਈ ਸੰਤੋਖ ਸਿੰਘ ਜੀ ਸਿੰਘ ਨੂੰ ਨਾਲ ਲੈ ਗਏ ਤੇ ਜਾਕੇ ਇਸ਼ਨਾਨ ਕਰਾਇਆ ਤੇ ਨਵਾਂ ਪੁਸ਼ਾਕਾ ਪਹਿਨਾਇਆ। ਇਹ ਸਿਖ ਸਤਿਗੁਰੂ ਜੀ ਦੇ ਅਕਾਲ ਚਲਾਣੇ ਤਕ

Sri Satguru Jagjit Singh Ji eLibrary NamdhariElibrary@gmail.com

ਰਿਹਾ। ਪਿਛੋਂ ਆਪਣੇ ਦੇਸ਼ ਨੂੰ ਤੁਰ ਗਿਆ। ਸਤਿਗੁਰੂ ਜੀ ਦੇ ਬਚਨ ਸਚੇ ਹੋਏ ਉਹ ਸਿਖ ਬਹੁਤ ਹੀ ਅਮੀਰ ਹੋਇਆ ਤੇ ਗੁਰਸਿਖੀ ਨਾਲ ਪਰੇਮ ਕਰਦਾ ਰਿਹਾ।

੩੦. ਪਠਾਨ ਗੁਲ ਖਾ ਤੇ ਅਤਾਉਲਾ ਖਾ ਨਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਣਾ

ਸਤਿਗੁਰੂ ਜੀ ਅਕਾਲ ਉਸਤਤ ਗ੍ਰੰਥ ਦੀ ਬਾਣੀ ਪੜ੍ਹਕੇ ਸਿੰਘਾਂ ਨੂੰ ਸਮਝਾ ਰਹੇ ਸਨ ਕਿ ਤਿੰਨੇ ਪਠਾਣ ਸਤਿਗੁਰੂ ਜੀ ਦੀ ਹਜ਼ੂਰੀ ਵਿਚਆਏਉਹਨਾਂ ਨੇ ਬੜੀ ਨਿੰਮਰਤਾ ਨਾਲ ਸਤਿਗੁਰੂ ਜੀ ਦੇ ਚਰਨਾਂ ਉਪਰ ਨਿਮਸ਼ਕਾਰ ਕੀਤੀ। ਦੀਵਾਨ ਵਿਚ ਬੈਠ ਗਏ। ਉਹਨਾਂ ਦੀਆਂ ਅੱਖਾਂ ਸਨ ਕਿ ਉਹ ਜਾਚਣ ਕਿ ਸਤਿਗੁਰੂ ਜੀ ਦੇ ਕੋਲ ਕੌਣ ਕੌਣ ਰਹਿੰਦੇ ਹਨ ? ਉਹ ਕੀ ਕਰਦੇ ਹਨ ਸਤਿਗੁਰੂ ਜੀ ਦਾ ਖੂਨ ਕੀਤਾ ਵੀ ਜਾਏ ਤਾਂ ਕਿਧਰ ਨੂੰ ਨੱਸਣਾ ਹੋਇਆ ਤੇ ਕਿਧਰ ਜਾਣਾ ਹੋਇਆ। ਉਹ ਇਸ ਤਰਾਂ ਵਿਚਾਰਾਂ ਕਰ ਹੀ ਰਹੇ ਸਨ ਕਿ ਇਕ ਸਿੰਘ ਨੇ (ਸ਼ਾਇਦ ਪਠਾਣਾਂ ਨੂੰ ਦੇਖਕੇ ਹੀ) ਸੁਵਾਲ ਕੀਤਾ—'ਮਹਾਰਾਜ ! ਕੀ ਤੁਰਕ (ਮੁਸਲਮਾਨ) ਉਤੇ ਭਰੋਸਾ ਕਰਨਾ ਚਾਹੀਦਾ ਹੈ ?'

'ਤੁਰਕ ਉਤੇ ਭਰੋਸਾ ਨਹੀਂ ਕਰਨਾ ਚਾਹੀਦਾ। ਇਹ ਦੁਸ਼ਮਨੀ ਕਰਦੇ ਹਨ। ਕਿਉਂਕਿ ਇਹਨਾਂ ਨੂੰ ਇਸਲਾਮ ਦੇ ਨਾਮ ਉਤੇ ਸੁਧੂ ਬਣਾਇਆ ਜਾਂਦਾ ਹੈ। ਚਲਾਕੀ ਫਰੇਬ ਤੇ ਝੂਠ ਬੋਲਣ ਦੇ ਨਾਲ ਕਿਸੇ ਦਾ ਖੂਨ ਕਰਨਾ ਇਹਨਾਂ ਵਾਸਤੇ ਮਾਮੂਲੀ ਗਲ ਹੈ।'

ਤਿੰਨੇ ਪਠਾਣ ਕੁਝ ਸ਼ਰਮਿੰਦੇ ਜਿਹੇ ਹੋਏ ਪਰ ਉਹਨਾਂ ਦੀ ਮੋਢੀਂ ਖੂਨ ਚੜਿਆ ਹੋਇਆ ਸੀ। ਉਹਨਾਂ ਦਾ ਕਾਲ ਨੇੜੇ ਆ ਪੁਜਾ ਸੀ। ਨਿਡਰਤਾ ਨਾਲ ਉਹਨਾਂ ਵਿਚੋਂ ਇਕ ਬੋਲਿਆ—'ਇਹ ਗਲ ਨਹੀਂ ਮਹਾਰਾਜ ! ਸਾਰੇ ਤੁਰਕ ਬੇਈਮਾਨ ਨਹੀਂ। ਕਈ ਐਸੇ ਵੀ ਹਨ ਜੋਹੜੇ ਖੁਦਾ ਦਾ ਭੈ ਖਾਂਦੇ ਹਨ ਤੇ ਨੇਕ ਹਨ, ਕਦੀ ਝੂਠ ਨਹੀਂ ਬੋਲਦੇ,ਨਾ ਖੂਨ ਨਾਲ ਹੱਥ ਲਬੇੜਦੇ ਹੋਣਗੇ।'

ਸਤਿਗੁਰੂ ਜੀ—'ਹੱਛਾ ! ਜੋਹੜਾ ਕਰਦਾ ਹੈ, ਉਹ ਕਰਣੀ ਦਾ ਫਲ ਪਾ

Sri Satguru Jagjit Singh Ji eLibrary NamdhariElibrary@gmail.com

ਲੈਂਦਾ ਹੈ। ਵਾਹਿਗੁਰੂ ਹਾਜ਼ਰ ਨਾਜ਼ਰ ਹੈ ਇਕ ਹੱਥ ਦੇਹ ਇਕ ਹੱਥ ਲੈ ਵਾਲ। ਗਲ ਹੈ। ਰਤਾ ਜਿੰਨਾ ਹੁਦਾਰ ਨਹੀਂ ਹੁੰਦਾ। ਪਾਪੀ ਸਦਾ ਪਾਪ ਕਰਮ ਚਿਤਵਦੇ ਰਹਿੰਦੇ ਹਨ। ਉਹਨਾਂ ਨੂੰ ਪਾਪ ਦਾ ਫਲ ਮਿਲ ਜਾਂਦਾ ਹੈ। ਸਿੰਘਾਂ ਨੂੰ ਅਕਾਲ ਪੁਰਖ ਉਤੇ ਜਾਂ ਆਪਣੇ ਹਥਿਆਰਾਂ ਤੇ ਬਲ ਉਤੇ ਹੀ ਭਰੋਸਾ ਰਖਣਾ ਚਾਹੀਦਾ ਹੈ ਹੋਰ ਕਿਸੇ ਉਤੇ ਨਹੀਂ ਜੋਹੜਾ ਇਹਨਾਂ ਤਿੰਨਾਂ ਤੇ ਭਰੋਸਾ ਰਖਦਾ ਹੈ ਉਸਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਰਹਿੰਦਾ।

ਇਸੇ ਤਰਾਂ ਦੀਆਂ ਗਲਾਂ ਹੋ ਰਹੀਆਂ ਸਨ ਕਿ ਗੁਲ ਖਾਂ ਤੇ ਅਤਾਉਲਾ ਖਾਂ ਦਾ ਹਿਰਦਾ ਡੋਲ ਗਿਆ, ਉਹ ਪਹਿਲਾਂ ਹੀ ਸਤਿਗੁਰੂ ਜੀ ਦੀ ਕਰਾਮਾਤ (ਬ੍ਰਹਮ ਸ਼ਕਤੀ) ਉਤੇ ਭਰੋਸਾ ਰਖਦੇ ਸਨ ਓਹਨਾਂ ਨੂੰ ਖਿਆਲ ਆਇਆ ਕਿ ਅੰਤਰਯਾਮੀ ਸਤਿਗੁਰੂ ਜੀ ਉਹਨਾਂ ਦੇ ਮਨ ਦੀ ਭਾਵਨਾ ਦੇ ਭੇਤੀ ਹੋ ਰਹੇ ਹਨ। ਉਹ ਬੁਝ ਗਏ ਹਨ ਕਿ ਪਠਾਣਾਂ ਦੇ ਹਿਰਦਿਆਂ ਵਿਚ ਕੀ ਖਿਆਲ ਹੈ। ਉਹਨਾਂ ਦੇ ਮਥਿਆਂ ਉਤੇ ਤਰੇਲੀਆਂ ਆ ਗਈਆਂ। ਉਹ ਮੱਥਾ ਟੇਕਕੇ ਉਠ ਬੈਠੇ, ਦੋਹਾਂ ਦੇ ਉਠਣ ਤੇ ਤੀਸਰੇ ਨੂੰ ਆਪਣੇ ਆਪ ਉਠਣਾ ਪਿਆ, ਸਤਿਗੁਰੂ ਜੀ ਨੇ ਤਿੰਨਾਂ ਨੂੰ ਜਾਣ ਦੀ ਆਗਿਆ ਦੇ ਦਿਤੀ।

ਜਦੋਂ ਪਠਾਣ ਉਠਕੇ ਦੂਰ ਚਲੇ ਗਏ ਤਾਂ ਸਤਿਗੁਰੂ ਜੀ ਦੇ ਹਜ਼ੂਰੀਏ ਸਿੰਘ ਭਾਈ ਸੰਤੋਖ ਸਿੰਘ ਜੀ ਤੇ ਭਾਈ ਹਰਦਿਤ ਸਿੰਘ ਨੇ ਬੇਨਤੀ ਕੀਤੀ 'ਮਹਾਰਾਜ ! ਇਹ ਤਿੰਨੇ ਪਠਾਨ ਸੁਖ ਨਾਲ ਨਹੀਂ ਆਏ। ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਆਪ ਦੇ ਉਤੇ ਵਾਰ ਕਰਨ ਨੂੰ ਫਿਰਦੇ ਹਨ। ਜ਼ਰੂਰ ਕਿਸੇ ਦੁਸ਼ਮਨ ਨੇ ਇਹਨਾਂ ਨੂੰ ਲਾਲਚ ਦਿਤਾ ਹੈ ਇਹਨਾਂ ਦੀਆਂ ਅੱਖਾਂ ਮੈਲੀਆਂ ਸਨ ਤੇ ਮਥੇ ਉਤੇ ਤਰੇਲੀਆਂ ਆਈਆਂ ਓਹਨਾਂ ਦੇ ਮਨ ਦੀ ਹਾਲਤ ਨੂੰ ਪ੍ਰਗਟ ਕਰਦੀਆਂ ਸਨ।'

ਸਤਿਗੁਰੂ ਜੀ ਨੇ ਉਤਰ ਕੋਈ ਨਾ ਦਿਤਾ, ਸਾਹਿਬ ਸ਼ਾਂਤ ਚਿਤ ਰਹੇ, ਨਹੀਂ !' ਜਿਵੇਂ ਅਕਾਲ ਪੁਰਖ ਦਾ ਹੁਕਮ ਹੈ ਤਿਵੇਂ ਹੋਵੇਗਾ, ਅਸਾਂ ਦਾ ਤਨ ਮਨ ਧਨ ਖਾਲਸਾ ਪੰਥ ਦਾ ਹੈ ਪੰਥ ਦੇ ਬਦਲੇ ਸ਼ਹੀਦ ਹੋਣ ਦਾ ਹੁਕਮ ਹੈ ਤਾਂ ਕੋਈ ਰੋਕ ਨਹੀਂ ਸਕਦਾ। ਪਾਪੀ ਦਾ ਕੰਮ ਹੈ ਪਾਪ ਕਰਨਾ ਤੇ

Sri Satguru Jagjit Singh Ji eLibrary NamdhariElibrary@gmail.com

ਧਰਮੀ ਦਾ ਕੰਮ ਹੈ ਧਰਮ ਕਰਨਾ। ਬਾਕੀ ਰਹੀ ਮਨੁਖ ਜੀਵਨ ਦਾ ਅੰਤ। ਦੇਹ ਵਿਚੋਂ ਸਰੀਰ ਨੇ ਉਡਣਾਂ ਜ਼ਰੂਰ ਹੈ। ਕਿਸ ਬਹਾਨੇ ਨਾਲ ਉਡਣਾ ਹੈ ਇਹ ਤਾਂ ਪਤਾ ਕਰਤਾਰ ਨੂੰ ਹੋਵੇਗਾ, ਮਨੁਖ ਨੂੰ ਨਹੀਂ।'

ਇਸ ਦੇ ਪਿਛੋਂ ਸਤਿਗੁਰੂ ਜੀ ਆਪਣੇ ਤੰਬੂ ਵਲ ਚਲੇ ਗਏ।

੩੧. ਸਤਿਗੁਰੂ ਜੀ ਨੇ ਆਪਣੇ ਮਹਿਲਾ ਮਾਤਾ ਸਾਹਿਬ ਦੇਵਾਂ ਜੀ ਨੂੰ ਦਿਲੀ ਭੇਜਣਾ

ਸਤਿਗੁਰੂ ਜੀ ਨੇ ਅਨੁਭਵ ਕਰ ਲਿਆ ਕਿ ਚੋਲਾ ਛੱਡਣ ਦਾ ਸਮਾਂ ਆ ਪੁਜਾ ਹੈ ਜੋ ਹੋ ਸਕਦਾ ਹੈ ਥੋੜੇ ਦਿਨਾਂ ਵਿਚ ਹੀ ਸਾਹਿਬ ਅਕਾਲ ਪੁਰਖ ਦੀ ਰੋਦ ਵਿਚ ਜਾ ਬਿਰਾਜਨ। ਸਾਹਿਬਾਂ ਨੇ ਆਪਣੇ ਤੰਬੂ ਵਿਚ ਜਾਕੇ ਆਪਣੇ ਮਹਿਲ (ਧਰਮ ਪਤਨੀ) ਮਾਤਾ ਸਾਹਿਬ ਦੇਵਾਂ ਜੀ ਨੂੰ ਹੁਕਮ ਦਿਤਾ-'ਤੁਸਾਂ ਦਿਲੀਓਂ ਨਹੀਂ ਸੀ ਆਉਣਾ, ਜੇ ਆ ਗਏ ਤਾਂ ਹੁਣ ਭਾਈ ਮਨੀ ਸਿੰਘ ਨੂੰ ਨਾਲ ਲੈਕੇ ਵਾਪਸ ਚਲੇ ਜਾਵੋ। ਜੋਹੜਾ ਭਾਣਾ ਵਰਤਨ ਹੈ ਉਸ ਨੂੰ ਤੁਸਾਂ ਦੇਖ ਨਹੀਂ ਸਕਣਾ।'

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਮਾਤਾ ਜੀ ਨੇ ਇਉਂ ਬੇਨਤੀ ਕੀਤੀ-ਹੇ ਦਾਤਾ ! ਦਇਆ ਕਰੋ, ਕ੍ਰਿਪਾਲੂ ਸਵਾਮੀ ਜੀ ਕ੍ਰਿਪਾ ਕਰਕੇ ਆਪਣੇ ਚਰਨਾਂ ਵਿਚ ਦਾਸੀ ਨੂੰ ਇਥੇ ਰਹਿਣ ਦੇਵੋ, ਪਹਿਲਾਂ ਹੀ ਮੈਂ ਵਿਛੋੜੇ ਦੀ ਅੱਗ ਨਾਲ ਆਪਣੇ ਆਪ ਨੂੰ ਬਹੁਤ ਸਾੜਿਆ ਹੈ। ਲੰਮੇ ਲੰਮੇ ਵਿਛੋੜੇ ਅਕਾਲ ਪੁਰਖ ਨੇ ਪਾਏ, ਅਜ਼ੇ ਤਾਂ ਦਰਸ਼ਨ ਕਰਕੇ ਮਨ ਤ੍ਰਿਪਤਿਆ ਨਹੀਂ, ਅੱਖ ਦੀ ਪਿਆਸ ਮੱਠੀ ਨਹੀਂ ਹੋਈ, ਜਿਵੇਂ ਵੇਲ ਕਿਸੇ ਦਰਖਤ ਦੇ ਆਸਰੇ ਬਿਨਾਂ ਨਹੀਂ ਰਹਿ ਸਕਦੀ ਤਿਵੇਂ ਇਸਤ੍ਰੀ ਭਰਤੇ ਤੋਂ ਬਿਨਾਂ ਨਹੀਂ ਰਹਿ ਸਕਦੀ ਮੈਂ ਆਪ ਦੇ ਚਰਨਾਂ ਵਿਚ ਹੀ ਪ੍ਰਾਣ ਤਿਆਗਣਾ ਚਾਹੁੰਦੀ ਹਾਂ। ਆਪ ਤੋਂ ਬਿਨਾਂ ਮੇਰਾ ਕੋਈ ਨਹੀਂ। ਨਾ ਭੈਣ, ਨਾ ਭਾਈ, ਨਾ ਪੁਤ੍ਰ ਤੇ ਨਾ ਧੀ। ਮੈਂ ਕਿਸ ਆਸਰੇ ਦਿਲੀ ਜਾਕੇ ਦਿਨ ਕਟਨ ?'

Sri Satguru Jagjit Singh Ji eLibrary NamdhariElibrary@gmail.com

ਤੇਰਾ ਪੁਤ੍ਰ 'ਖਾਲਸਾ ਪੰਥ' ਹੈ ਪੰਥ ਤੇਰੀ ਅਮਰ ਨਿਸ਼ਾਨੀ ਰਹੇਗੀ।' ਧੀਰਜ ਦੇਂਦਿਆਂ ਹੋਇਆਂ ਸਤਿਗੁਰੂ ਜੀ ਨੇ ਬਚਨ ਕੀਤਾ-ਪੁਤ੍ਰ ਧੀਆਂ ਨਿਸ਼ਾਨੀ ਹੀ ਭਾਂ ਹੁੰਦੀਆਂ ਹਨ। ਅਸਾਂ ਦੀ ਝੋਲੀ ਵਿਚ ਖਾਲਸਾ ਪੰਥ ਨੂੰ ਪਾਇਆ ਹੈ। ਕਈਆਂ ਲੱਖਾਂ ਦੀ ਗਿਨਤੀ ਵਿਚ ਖਾਲਸਾ ਵਧੇਗਾ। ਸਾਰੇ ਸਿੰਘ ਤੁਸਾਂ ਦੇ ਪੁਤ੍ਰ ਅਖਵਾਉਣਗੇ, ਐਨੇ ਵਡੇ ਪ੍ਰਵਾਰ ਵਾਲੀ ਹੋਰ ਕੇਹੜੀ ਭਾਗਾਂ ਵਾਲੀ ਇਸਤ੍ਰੀ ਹੋ ਸਕਦੀ ਹੈ? ਭਾਈ ਮਨੀ ਸਿੰਘ ਨੂੰ ਸਾਥ ਲਵੋ ਤੇ ਦਿਲੀ ਮੁੜ ਜਾਵੋ। ਜੀਵਨ ਦੇ ਬਾਕੀ ਦਿਨ ਉਥੇ ਵਾਹਿਗੁਰੂ ਦਾ ਸਿਮਰਨ ਕਰਦਿਆਂ ਹੋਇਆਂ ਕਟਣੇ। ਵਾਹਿਗੁਰੂ ਦਾ ਸਿਮਰਨ ਜ਼ਰੂਰ ਹਿਰਦੇ ਨੂੰ ਸ਼ਾਂਤੀ ਬਖਸ਼ੇਗਾ, ਨਾਰੀ ਦਾਂ ਧਰਮ ਪਤੀ ਦੇ ਹੁਕਮ ਨੂੰ ਮੰਨਣਾ ਹੈ। ਏਸੇ ਵਿਚ ਹੀ ਨਾਰੀ ਨੂੰ ਮੁਕਤ ਤੈ ਬੈਕੁੰਠ ਪ੍ਰਾਪਤ ਹੁੰਦਾ ਹੈ।'

ਮਾਤਾ ਸਾਹਿਬ ਦੇਵਾਂ ਜੀ ਨੇ ਬੜੇ ਤਰਲੇ ਲਏ ਕਿ ਸਾਹਿਬ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੀ ਰਖਣ ਪਰ ਸਤਿਗੁਰੂ ਜੀ ਨੇ ਆਗਿਆ ਨਾ ਦਿਤੀ ਭਾਈ ਮਨੀ ਸਿੰਘ ਜੀ ਦੇ ਨਾਲ ਤੋਰ ਦਿਤਾ। ਮਾਤਾ ਉਦਾਸ ਚਿਤ ਦਿਲੀ ਨੂੰ ਤੁਰ ਆਏ। ਉਸ ਸਮੇਂ ਚਿਤ ਭਾਈ ਮਨੀ ਸਿੰਘ ਜੀ ਦਾ ਵੀ ਨਹੀਂ ਸੀ ਕਰਦਾ ਕਿ ਉਹ ਸਤਿਗੁਰੂ ਜੀ ਤੋਂ ਦੂਰ ਹੋਣ ਕਿਉਂਕਿ ਸਾਰਿਆਂ ਦੇ ਮਨ ਨੂੰ ਭੈਮਸਾ ਜਿਹਾ ਲਗ ਗਿਆ ਸੀ ਕਿ ਸਾਇਦ ਕੋਈ ਭਿਆਨਕ ਭਾਣਾ ਨਾ ਵਰਤ ਜਾਵੇ, ਅੰਤਰਜਾਮੀ ਸਤਿਗੁਰੂ ਜੀ ਘਟ ਘਟ ਦੀ ਜਾਨਣਹਾਰ ਸਨ। ਉਹ ਤਾਂ ਜ਼ਰੂਰ ਜਾਣ ਗਏ ਕਿ ਕੁਝ ਨਾ ਕੁਝ ਜ਼ਰੂਰ ਹੋਵੇਗਾ ਏਸੇ ਕਰਕੇ ਸ਼ਾਇਦ ਆਪ ਸੰਗੀਆਂ ਸਾਥੀਆਂ ਨੂੰ ਦੂਰ ਦੂਰ ਤੋਰ ਰਹੇ ਸਨ।

੩੨. ਪਠਾਣ ਬਚੇ ਨੇ ਸਤਿਗੁਰੂ ਜੀ ਤੇ ਵਾਰ ਕਰਨਾ

ਸਤਿਗੁਰੂ ਜੀ ਦੇ ਹਜ਼ੂਰ ਤਿੰਨੇ ਪਠਾਣ ਆਉਂਦੇ ਰਹੇ। ਸਿੰਘ ਉਹਨਾਂ ਦਾ ਖਿਆਲ ਰਖਣ ਲਗ ਪਏ, ਪਰ ਕਿਸੇ ਨੂੰ ਰਤਾ ਭਰਮ ਨਹੀਂ ਸੀ ਕਿ ਇਹ ਤਿੰਨੇ ਸਤਿਗੁਰੂ ਜੀ ਉਪਰ ਵਾਰ ਕਰਨ ਆਉਂਦੇ ਹਨ ਭਾਵ ਦਿਖਾਉਂਦੇ ਸਨ। ਸਤਿਗੁਰੂ ਜੀ ਉਹਨਾਂ ਨੂੰ ਦੇਖਕੇ ਮੁਸਕਰਾਉਂਦੇ ਰਹਿੰਦੇ। ਇਕ ਦਿਨ ਤ੍ਰਿਕਾਲਾਂ

Sri Satguru Jagjit Singh Ji eLibrary NamdhariElibrary@gmail.com

ਦਾ ਸਮਾਂ ਸੀ ਅਤੇ ਸਾਰੇ ਸਿੰਘ ਕੰਮੀ-ਧੰਧੀਂ ਲਗੇ ਹੋਏ ਸਨ । ਜੋਹੜੇ ਵੇਹਲੇ ਸਨ ਉਹ ਰਹਿਰਾਸ ਦੇ ਪਾਠ ਸੁਣਨ ਨਾਲ ਚਿਤ ਲਾਈ ਬੈਠੇ ਸਨ। ਸਤਿਗੁਰੂ ਜੀ ਤੰਬੂ ਵਿਚ ਸਨ। ਸਾਹਿਬ ਮਨ ਦੀ ਮੌਜ ਨਾਲ ਪਲੰਘ ਤੇ ਲੇਟੇ ਹੋਏ ਵਾਹਿਗੁਰੂ ਦੇ ਭਾਣਿਆਂ ਦਾ ਵਿਚਾਰ ਕਰ ਰਹੇ ਸਨ। ਉਹਨਾ ਨੂੰ ਵੀ ਕੋਈ ਚਿਤ ਚੇਤਾ ਨਹੀਂ ਸੀ ਕਿ ਕੋਈ ਭਾਣਾ ਹੁਣੇ ਵਰਤ ਜਾਣਾ ਹੈ। ਕਿਉਂ ਸਤਿਗੁਰੂ ਜੀ ਸਦਾ ਨਿਰਭੈਤਾ ਨਾਲ ਰਹਿੰਦੇ ਤੇ ਸੋਚਦੇ ਸਨ।

ਹਾਂ, ਉਸ ਵੇਲੇ ਦੁਸ਼ਮਨ ਦੇ ਭੇਜੇ ਹੋਏ ਤਿੰਨੇ ਪਠਾਣ ਆਏ, ਉਹ ਲੁਕ ਕੇ ਆਏ, ਕਿਸੇ ਸਿੰਘ ਨੇ ਉਨ੍ਹਾਂ ਨੂੰ ਆਉਂਦਿਆਂ ਨਾ ਦੇਖਿਆ, ਰੁਲ ਖਾ ਤੇ ਅਤਾਉਲਾ ਤਾਂ ਬਾਹਰ ਖਲੋਤੇ ਰਹੇ, ਪਰ ਉਹ ਤੀਸਰਾ ਪਨਾਨ ਅੰਦਰ ਤੰਬੂ ਵਿਚ ਦਾਖਲ ਹੋਇਆ, ਉਹ ਦਾਖਲ ਹੋਇਆ ਤੰਬੂ ਦੇ ਪਛਾੜੀ ਦੀ, ਕਿਉਂਕਿ ਅਗਲੇ ਪਾਸੇ ਪਹਿਰਾ ਸੀ।

ਸਤਿਗੁਰੂ ਜੀ ਵੱਖੀ ਪਰਨੇ ਲੇਟੇ ਹੋਏ ਸਨ, ਸੁਰਤ ਕਿਸੇ ਵਿਚਾਰ ਨਾਲ ਜੁੜੀ ਹੋਈ ਸੀ ਦਬੇ ਪੈਰ ਪਠਾਣ ਬੱਚਾ ਅੰਦਰ ਗਿਆ। ਉਸ ਨੇ ਤੰਬੂ ਵਿਚ ਨਿਗਾਹ ਫੇਰੀ, ਚਮਕਦੀ ਕਟਾਰ (ਛੁਰੇ ਵਰਗੀ) ਉਹਦੇ ਹੱਥ ਵਿਚ ਸੀ, ਉਸ ਨੇ ਜਾਂਦਿਆਂ ਹੀ ਅੱਖ ਦੇ ਫੋਰ ਵਿਚ ਸਾਹਿਬਾਂ ਤੇ ਵਾਰ ਕਰ ਦਿਤਾ, ਕਟਾਰ ਵਖੀ ਵਿਚ ਖੋਭ ਦਿਤੀ, ਪਹਿਲੇ ਵਾਰ ਦੇ ਪਿਛੋਂ ਦੂਸਰਾ ਵਾਰ ਕੀਤਾ ਉਸ ਵਾਰ ਕਰਨ ਤਕ ਸਤਿਗੁਰੂ ਜੀ ਸੰਭਲ ਗਏ। ਸਾਹਿਬਾਂ ਨੇ ਆਪਣੀ ਪੀੜ, ਜ਼ਖਮ, ਲਹੂ ਕਿਸੇ ਚੀਜ਼ ਦਾ ਵਿਚਾਰ ਨਾਂ ਕੀਤਾ. ਸ੍ਰੀ ਸਾਹਿਬ ਚੁਕ ਕੇ ਪਠਾਣ-ਬੱਚੇ ਉਤੇ ਐਸਾ ਵਾਰ ਕੀਤਾ ਕਿ ਇਕੋ ਵਾਰ ਨਾਲ ਉਸ ਦੇ ਦੋ ਟੋਟੇ ਕਰ ਦਿਤੇ। ਦੋ ਟੋਟੇ ਕਰਨ ਪਿਛੋਂ ਆਪਣੇ ਜ਼ਖਮਾਂ ਨੂੰ ਕਪੜੇ ਨਾਲ ਘੁਟ ਕੇ ਸਤਿਗੁਰੂ ਜੀ ਨੇ ਬਾਹਰ ਅਵਾਜ਼ ਦਿਤੀ—'ਕੋਈ ਹੈ?'

ਸਤਿਗੁਰੂ ਜੀ ਦੀ ਅਵਾਜ਼ ਸੁਣਕੇ ਸੇਵਾਦਾਰ ਅੰਦਰ ਆਇਆ।ਸਾਹਿਬਾਂ ਦੀ ਤਲਵਾਰ ਲਹੂ ਨਾਲ ਰੰਗੀ ਦੇਖਕੇ ਤੇ ਸਾਹਿਬਾਂ ਦਾ ਇਸ਼ਾਰਾ ਦੇਖਕੇ ਹੈਰਾਨ ਹੋਇਆ ਉਸਨੇ ਬਾਹਰ ਨਿਕਲਕੇ ਰੌਲਾ ਪਾ ਦਿਤਾ। ਉਸ ਰੌਲੇ ਨੂੰ ਸੁਣਕੇ ਰੁਲ ਖਾਂ ਤੇ ਅਤਾਉਲਾ ਨੱਸ ਉਠੇ। ਸਤਿਗੁਰੂ ਜੀ ਦੇ ਦਲੇਰ ਸਿੰਘਾਂ ਨੇ ਬਾਜ਼ ਵਾਂਗ

Sri Satguru Jagjit Singh Ji eLibrary NamdhariElibrary@gmail.com

ਉਛਲ ਕੁਦ ਕੇ ਓਹਨਾਂ ਨੂੰ ਫੜ ਲਿਆ ਲੜਾਈ ਹੋਈ ਉਸ ਲੜਾਈ ਵਿਚ ਦੋਵੇਂ ਦੁਸ਼ਟ ਮਾਰੇ ਗਏ। ਦੋਹਾਂ ਨੇ ਕੀਤੀ ਦਾ ਫਲ ਪਾ ਲਿਆ। ਉਹਨਾਂ ਦੁਸ਼ਟਾਂ ਦੀਆਂ ਰੂਹਾਂ ਨੂੰ ਨਰਕਾਂ ਵਲ ਲਿਜਾਣ ਵਾਸਤੇ ਉਸੇ ਵੇਲੇ ਨਰਕਾਂ ਦੇ ਦੂਤ ਆ ਪੁਜੇ। ਉਹਨਾਂ ਕੁਟ ਕੁਟ ਕੇ ਭੁਗਤ ਸੁਵਾਰੀ ਤੇ ਫਿਰ ਲੈ ਤੁਰੇ ਮਹਾਂ ਭਿਆਨਕ ਨਰਕਾਂ ਦੀ ਅੱਗ ਵੱਲੇ।

ਦੋਹ ਪਠਾਣਾਂ ਨੂੰ ਸੋਧ ਕੇ ਸਿੰਘ ਸਤਿਗੁਰੂ ਜੀ ਵਲ ਮੁੜੇ, ਉਹਨਾਂ ਨੇ ਸਤਿਗੁਰੂ ਜੀ ਨੂੰ ਦੇਖਿਆ ਜ਼ਖਮ ਡੂੰਘੇ ਸਨ। ਬਹੁਤ ਡੂੰਘੇ ਜ਼ਖਮ ਦੇਖਕੇ ਸਿੰਘ ਘਬਰਾ ਗਏ। ਉਹਨਾਂ ਦੀ ਘਬਰਾਹਟ ਨੂੰ ਦੂਰ ਕਰਨ ਵਾਸਤੇ ਸਤਿਗੁਰੂ ਜੀ ਨੇ ਹੌਂਸਲਾ ਦਿਤਾ। ਸਾਹਿਬਾਂ ਨੇ ਬਚਨ ਕੀਤਾ—'ਕੋਈ ਚਿੰਤਾ ਨਾ ਕਰੋ। ਅਕਾਲ ਪੁਰਖ ਦਾ ਭਾਣਾ ਜਿਵੇਂ ਹੈ, ਤਿਵੇਂ ਹੋਕੇ ਰਹਿਣਾ ਹੈ। ਬਸ ਤੁਸੀ ਜਰਾਹ (ਮਲ੍ਹਮ ਪਟੀ) ਕਰਨ ਵਾਲੇ ਨੂੰ ਸਦੋ। ਜਦ ਜ਼ਖਮ (ਘਾਉ) ਸੀਤਾ ਜਾਵੇਗਾ ਤਾਂ ਅਸੀਂ ਠੀਕ ਹੋ ਜਾਵਾਂਗੇ, ਭਾਣਾ ਅਮਿਟ ਹੈ। ਹੋਣੀ ਹੋਕੇ ਰਹਿੰਦੀ ਹੈ। ਇਸ ਪਠਾਣ ਦੀ ਲੋਥ ਨੂੰ ਬਾਹਰ ਲੈ ਜਾਵੋ। ਸਿੰਘਾਂ ਨੇ ਦੇਖਿਆ ਕਿ ਤੰਬੂ ਦੀ ਨੁਕਰੇ ਪਠਾਣ ਦੇ ਦੋ ਡੱਕਰੇ (ਟੋਟੇ) ਪਏ ਸਨ ਅਤੇ ਲਾਗੇ ਲਹੂ ਦੀ ਛਪੜੀ ਲਗੀ ਹੋਈ ਸੀ। ਸਿੰਘਾਂ ਨੇ ਝੱਟ ਪੱਟ ਚੁਕ ਕੇ ਬਾਹਰ ਜਾ ਸੁਟਿਆ ਤੇ ਲਹੂ ਨੂੰ ਤੰਬੂ ਵਿਚੋਂ ਸਾਫ ਕੀਤਾ। ਏਨੇ ਚਿਰ ਨੂੰ ਜਰਾਹ ਆ ਪੁਜਾ। ਉਸ ਨੇ ਸਤਿਗੁਰੂ ਜੀ ਦੇ ਜ਼ਖਮਾਂ ਨੂੰ ਮਲ੍ਹਮ ਲਾ ਕੇ ਪੱਟੀ ਬੰਨ੍ਹੀ ਸਤਿਗੁਰੂ ਜੀ ਨੇ ਪੀੜ ਮਹਿਸੂਸ ਨਹੀਂ ਕੀਤੀ ਮੁਸਕਰਾਉਂਦੇ ਹੋਏ ਸਿੰਘਾਂ ਨਾਲ ਬਚਨ ਕਰਦੇ ਰਹੇ।

ਲਹੂ ਤਾਂ ਬੰਦ ਹੋ ਗਿਆ ਪਰ ਘਾਉ ਐਨਾ ਵੱਡਾ ਸੀ ਜਿਸਦਾ ਸਿਉਣਾ ਬਹੁਤ ਕਠਨ ਸੀ। ਜਰਾਹ ਦਾ ਵਿਚਾਰ ਕੁਝ ਹੋਰ ਸੀ ਪਰ ਉਹ ਚੁਪ ਸੀ, ਮਨ ਦੀ ਦ੍ਰਿਸ਼ਟੀ-ਕੋਨ ਉਹ ਪ੍ਰਗਟ ਨਹੀਂ ਸੀ ਕਰ ਸਕਦਾ ਕਿਉਂਕਿ ਸਤਿਗੁਰੂ ਜ ਹੌਂਸਲਾ ਦੇਈ ਜਾਂਦੇ ਸਨ ਕਿ ਉਹਨਾਂ ਨੂੰ ਕੋਈ ਤਕਲੀਫ ਨਹੀਂ ਉਹ ਤਕੜੇ ਹੋ ਜਾਣਗੇ।

Sri Satguru Jagjit Singh Ji eLibrary NamdhariElibrary@gmail.com

੩੩. ਜਖਮਾਂ ਤੇ ਤੋਪਿਆਂ ਦਾ ਟੁਟਣਾ

ਖੂਨ ਬਹੁਤ ਵਗਣ ਦੇ ਕਾਰਨ ਸਤਿਗੁਰੂ ਜੀ ਦਾ ਰੰਗ ਪੀਲਾ ਹੋ ਗਿਆ ਪਰ ਚੇਹਰੇ ਉਤੇ ਖੇੜਾ ਤੇ ਬੁਲ੍ਹਾਂ ਤੋਂ ਮੁਸਕਰਾਹਟ ਦੂਰ ਨਾ ਹੋਈ, ਸਿੰਘ ਕੋਲ ਬੈਠੇ ਰਹਿਣ ਲਗੇ ਉਹਨਾਂ ਨੂੰ ਖਾਣਾ ਪੀਣਾ ਬਿਲਕੁਲ ਨਹੀਂ ਸੀ. ਸੁਝਦਾ। ਉਹ ਤਾਂ ਬਹੁਤ ਹੀ ਉਦਾਸ ਸਨ ਕਿਉਂਕਿ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਹੀ ਉਹ ਜੀਉਂਦੇ ਸਨ ਓਹ ਘੜੀ ਘੜੀ ਘੜੀ ਸਾਹਿਬਾਂ ਨੂੰ ਪੁਛਦੇ ਸਨ—ਹੁਣ ਕੀ ਹੋਵੇਗਾ ? ਕੀ ਬਣੇਗਾ ? ਅਸੀਂ ਕੀ ਕਰਾਂਗੇ ?

ਐਸੇ ਸਵਾਲਾਂ ਦਾ ਸਾਹਿਬ ਉੱਤਰ ਦੇਂਦੇ—ਗੁਰੂ ਘਰ ਦੇ ਪਰੇਮੀਓਂ ! ਚਿੰਤਾ ਨਾ ਕਰੋ ! ਅਕਾਲ ਪੁਰਖ ਤੁਸਾਂ ਦੀ ਸਹਾਇਤਾ ਕਰਦਾ ਰਹੇਗਾ ਅਸੀਂ ਤਾਂ ਸਦਾ ਸਿੰਘਾਂ ਦੇ ਅੰਗ ਸੰਗ ਰਹਾਂਗੇ। ਤੁਸਾਂ ਚੜ੍ਹਦੀਆਂ ਕਲਾ ਵਿਚ ਰਹਿਣਾ ਹੈ ਜੋ ਅਕਾਲ ਪੁਰਖ ਦਾ ਭਾਣਾ ਹੈ ਉਹ ਹੋਕੇ ਹੀ ਰਹਿੰਦਾ ਹੈ।'

ਕੀ ਤੁਰਕ ਦਾ ਭਰੋਸਾ ਕੀਤਾ ਜਾ ਸਕਦਾ ਹੈ ?'

ਸਤਿਗੁਰੂ ਜੀ ਚੁਪ ਰਹੇ ਉਹਨਾਂ ਸੋਚਕੇ ਉੱਤਰ ਦਿਤਾ—ਹਾਂ ! ਅਸੀਂ ਸਾਰੀ ਤੁਰਕ ਜਾਤੀ (ਮੁਸਲਮਾਨਾਂ) ਨੂੰ ਬੇਈਮਾਨ ਨਹੀਂ ਸਮਝਦੇ ਹਨ। ਐਸੇ ਅਕ੍ਰਿਤਘਣ ਦੇਸ਼-ਧਰੋਹੀ ਲਾਲਚੀ ਤੇ ਵਿਕ ਜਾਣ ਵਾਲੇ ਬੰਦੇ ਹਰ ਇਕ ਕੌਮ ਵਿਚ ਸਦਾ ਹੁੰਦੇ ਹਨ। ਇਹਨਾਂ ਪਠਾਣਾਂ ਨੇ ਜੋ ਕਰਮ ਕੀਤਾ ਹੈ ਇਹ ਲਾਲਚ ਵਿਚ ਆਕੇ ਕੀਤਾ ਹੈ ਪਰ ਉਹਨਾਂ ਦੀ ਵੀ ਜਾਨ ਗਈ। ਉਹ ਜੀਉਂਦੇ ਜੀ ਧਨ ਪ੍ਰਾਪਤ ਨਾ ਕਰ ਸਕੇ। ਬਸ ਉਹਨਾਂ ਨੂੰ ਮੌਤ ਦਾ ਇਨਾਮ ਮਿਲ ਗਿਆ। ਨਾ ਦੀਨ ਮਿਲਿਆ ਨਾ ਦੁਨੀਆਂ ਮਿਲੀ। ਸਿਧੇ ਹੀ ਨਰਕ ਕੁੰਡ ਵਲ ਚਲੇ ਗਏ। ਤਿੰਨਾ ਦਾ ਕਾਲ ਨੇੜੇ ਆਇਆ ਹੋਇਆ ਸੀ। ਵਿਧ ਮਾਤਾ ਨੇ ਉਹਨਾਂ ਦੀ ਮੌਤ ਏਸੇ ਤਰ੍ਹਾਂ ਲਿਖੀ ਸੀ ਸੋ ਪੂਰੀ ਹੋ ਗਈ। ਅਸਾ ਨੂੰ ਉਨ੍ਹਾਂ ਹਥੋਂ ਸ਼ਹੀਦ ਹੋਣਾ ਹੋਵੇਗਾ। ਇਹ ਚੰਗੀ ਗਲ ਹੈ ਮੁਗਲ ਰਾਜ ਦੀਆਂ ਜੜ੍ਹਾਂ ਪੁਟਣ ਵਾਸਤੇ ਸ਼ਾਇਦ ਸਾਡੀ ਲੋੜ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਸਿਖੀ ਦੀ ਫੁਲਵਾੜੀ ਨੂੰ ਮਹਿਕਾਉਣ ਵਾਸਤੇ ਅਤੇ ਖਾਲਸਾ ਪੰਥ ਦੇ ਬਾਗ ਅਸਾਂ ਦੇ

Sri Satguru Jagjit Singh Ji eLibrary NamdhariElibrary@gmail.com

ਖੂਨ ਦੀ ਲੋੜ ਹੋਵੇਗੀ। ਜੀਵਨ ਅੰਸ ਉਹ ਹੀ ਚੰਗਾ ਹੈ ਜੋਹੜਾ ਵਤਨ ਤੇ ਧਰਮ ਬਦਲੇ ਸ਼ਹੀਦ ਹੁੰਦਾ ਹੈ। ਉਹ ਸਵਰਗਾਂ ਨੂੰ ਜਾਂਦਾ ਹੈ। ਉਸਦਾਂ ਜੀਵਨ ਸਫਲ ਹੁੰਦਾ ਹੈ ਦਾਦਾ, ਪਿਤਾਂ ਪੁਤ੍ਰਾਂ, ਮਾਤਾ ਜੀ ਤੇ ਆਪਣੇ ਆਪ ਦੀ ਕੁਰਬਾਨੀ ਦੇਕੇ ਵੀ ਅਸਾਂ ਦੀ ਅਜੇ ਰੀਝ ਨਹੀਂ ਲਥੀ, ਹੋਰ ਪ੍ਰਵਾਰ ਹੁੰਦਾ ਤਾਂ ਉਹ ਵੀ ਸ਼ਹੀਦ ਕਰਾ ਦੇਣਾ ਸੀ। ਸਿੱਖੋ ! ਸ਼ਹੀਦੀਆਂ ਨਾਲ ਸਿਖੀ ਦੀ ਰੂਹ ਕਦੀਂ ਨਹੀਂ ਮਰ ਸਕਦੀ। ਉਹ ਵਧੇਗੀ, ਜਰੂਰ ਵਧੇਗੀ, ਮੁਗਲ ਰਾਜ ਦਾ ਅੰਤ ਹੋ ਜਾਵੇਗਾ ਸ਼ਾਹ ਪਾਗਲ ਹੋਕੇ ਮਰੇਗਾ ਬੇਈਮਾਨ ਨੇ ਅਸਾਂ ਨਾਲ ਧੋਖਾ ਕੀਤਾ ਹੈ। ਕੌਲ ਇਕਰਾਰ ਕਰਕੇ ਭੁਲਿਆ ਹੈ। ਅਸਾਂ ਨੇੜੇ ਲਿਆਉਣ ਦਾ ਯਤਨ ਕੀਤਾ ਸੀ ਪਰ ਉਹ ਦੂਰ ਚਲਿਆ ਗਿਆ। ਉਹ ਬੇਈਮਾਨ ਜਿਨ੍ਹਾਂ ਹਾਕਮਾਂ ਪਾਸੋਂ ਡਰਦਾ ਰਿਹਾ ਹੈ ਉਹ ਜ਼ਰੂਰ ਹੀ ਮਾਰੇ ਜਾਣਗੇ।

ਇਸ ਤਰਾਂ ਬਚਨ ਕਰਦੇ ਕਰਦੇ ਸਤਿਗੁਰੂ ਜੀ ਉਪਰ ਉਠੇ, ਉਹਨਾਂ ਦਾ ਚਿਤ ਕੀਤਾ ਕਿ ਮੰਜੇ ਤੋਂ ਉਠਕੇ ਉਹ ਬਾਹਰ ਫਿਰਨ, ਜਿਉਂ ਹੀ ਸਾਹਿਬ ਮੰਜੇ ਤੋਂ ਉਠੇ ਤਿਉਂ ਹੀ ਜ਼ਖਮਾਂ ਦੇ ਤੋਪੇ ਟੁਟ ਗਏ। ਤੋਪੇ ਟੁਟਣ ਦੇ ਨਾਲ ਲਹੂ ਦੀ ਫੁਹਾਰ ਚਲ ਪਈ ਉਸਨੂੰ ਦੇਖਕੇ ਸਿੰਘਾਂ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਹਨਾਂ ਨੇ ਝਟ ਪਟ ਸਤਿਗੁਰੂ ਜੀ ਨੂੰ ਮੰਜੇ ਉਤੇ ਲਿਟਾ ਦਿਤਾਂ ਤੇ ਹੁਕਮ ਕੀਤਾ ਕਿ ਜਰਾਹ ਛੇਤੀ ਆਵੇ ਜਰਾਹ ਆਇਆ ਜਖਮ ਦੁਬਾਰਾ ਸਿਉਂ ਦਿਤੇ ਗਏ। ਪੂਰਾ ਦਿਨ ਸਾਹਿਬਾਂ ਨੂੰ ਬਹੋਸ਼ੀ ਰਹੀ। ਇਸ ਸਮੇਂ ਸਤਿਗੁਰੂ ਜੀ ਦੇ ਸ਼ਰਧਾਲੂ ਪਿਆਰਿਆਂ ਤੇ ਸਿਦਕੀ ਸਿੰਘਾਂ ਨੇ ਇਕ ਚਿਤ ਹੋਕੇ ਅਰਦਾਸ ਕੀਤੀ, ਅਰਦਾਸ ਪੂਰੀ ਹੋਣ ਤੇ ਸਾਹਿਬਾਂ ਨੂੰ ਹੋਸ਼ ਆਈ। ਸਿੰਘਾਂ ਨੇ ਖੁਸ਼ੀ ਮਨਾਈ ਤੇ ਕੜਾਹ ਪ੍ਰਸਾਦ ਦੇ ਗਫੇ ਵੰਡੇ। ਖੁਅਸ਼ੀਂ ਮਨਾਈਆਂ ਗਈਆਂ। ਵੈਦ ਰਾਜਾਂ ਤੇ ਜਰਾਹਾਂ ਅਤੇ, ਅਕਾਲ ਪੁਰਖ ਦੀ ਸਹਾਇਤਾ ਨਾਲ ਸਤਿਗੁਰੂ ਜੀ ਬਚਨ ਬਿਲਾਸ ਕਰਨ ਜੋਗੇ ਹੋ ਗਏ ਸਨ।

ਹੁਣ ਸਾਹਿਬਾਂ ਗੁਪਤ ਹਾਲ ਨਹੀਂ ਰਖਿਆ ਉਹਨਾਂ ਨੇ ਸਾਰੇ ਸਿੰਘਾਂ ਨੂੰ ਆਪਣੇ ਪਾਸ ਸਦਿਆ ਤੇ ਇਉਂ ਬਚਨ ਕੀਤਾ--ਸਿੰਘੋ ! ਦੁਣ ਅਸਾਂ ਦੇ ਜਾਣ ਦਾ ਸਮਾਂ ਨੇੜੇ ਆ ਪੁਜਾ ਹੈ। ਵਾਹਿਗੁਰੂ ਨੂੰ ਜਾਕੇ ਮਿਲਣਾ ਹੈ। ਜਿਥੋਂ ਆਏ

Sri Satguru Jagjit Singh Ji eLibrary NamdhariElibrary@gmail.com

ਮੁੜ ਉਥੇ ਹੀ ਜਾਣਾ ਹੈ ਕਿਉਂਕਿ ਜੀਵਨ ਭੋਗਣ ਦੇ ਜਿੰਨੇ ਦਿਨ ਲਿਖੇ ਸਨ ਸੋ ਪੂਰੇ ਹੋ ਗਏ। ਜਿਵੇਂ ਜਿਵੇਂ ਭਾਣਾ ਸੀ ਤਿਵੇਂ ਤਿਵੇਂ ਸੇਵਾ ਕਰ ਲਈ ਤੇ ਧਰਮ, ਕਰਮ, ਗਿਆਨ ਤੇ ਸਤਜ ਦਾ ਉਪਦੇਸ਼ ਦਿਤਾ ! ਹੁਣ ਅਸਾਂ ਤੁਸਾਂ ਕੋਲੋਂ, ਦੇਸ਼ ਕੋਲੋਂ ਤੇ ਖਾਲਸਾ ਪੰਥ ਕੋਲੋਂ ਦੂਰ ਜਾਨਾ ਹੈ। ਤੁਸਾਂ ਚਿੰਤਾਂ ਨਾ ਕਰਨੀ, ਦੇਸ਼ ਜਾਕੇ ਸਾਰੇ ਹਾਲ ਦਸ ਦੇਣੇ।'

ਸਾਹਿਬਾਂ ਦੀ ਪਵਿਤ੍ਰ ਜ਼ਬਾਨ ਤੋਂ ਨਿਕਲੇ ਹੋਏ ਸਾਰੇ ਸ਼ਬਦ ਸਾਰੇ ਹੀ ਸਤਜ ਰੂਪ ਹੁੰਦੇ ਸਨ ਇਸ ਕਰਕੇ ਸਿੰਘ ਸੁਨ ਕੇ ਬਹੁਤ ਹੈਰਾਨ ਹੋਏ। ਉਨ੍ਹਾਂ ਦੇ ਸਾਹ ਉਤਾਂਹ ਹੀ ਰਹਿ ਗਏ ਤੇ ਉਹ ਘਬਰਾ ਗਏ। ਕਈਆਂ ਦੇ ਨੇਤ੍ਰਾਂ ਵਿਚ ਜਲ ਆ ਗਿਆ ਅਤੇ ਤਾਂ ਵੀ ਇਕ ਸਿੰਘ ਚੁਪ ਨਾ ਰਹਿ ਸਕਿਆ ਉਸ ਨੇ ਬੇਨਤੀ ਕੀਤੀ—'ਮਹਾਰਾਜ ? ਇਹ ਕੀ ਕੌਤਕ ਹੈ? ਆਪ ਕੀ ਆਖ ਰਹੇ ਹੋ? ਕੀ ਹੁਣ ਅਸਾਂ ਨੂੰ ਛੱਡਕੇ ਤੁਰ ਜਾਵੋਗੇ? ਦੂਰ ਚਲੇ ਜਾਵੋਗੇ ਬਹੁਤ ਹੀ ਦੂਰ?'

ਦੂਸਰੇ ਨੇ ਪੁਛਿਆ—'ਹੇ ਦਾਤਾ ! ਅਸਾਂ ਨੂੰ ਇਹ ਦਸੋ, ਹੁਣ ਗੁਰੂ ਕੌਣ ਹੋਵੇਗਾ ? ਲੋਕਾਈ ਕਿਸ ਦੀ ਚਰਨੀਂ ਲਗੇਗੀ ? ਕੌਣ ਸੁਣੇਗਾ ਫਰਿਆਦਾ ਨੂੰ ?' ਤੀਸਰਾ ਸਿੰਘ ਕੁਰਲਾਇਆ—'ਅਸਾਂ ਨੂੰ ਵੀ ਸਾਥ ਹੀ ਲੈ ਚਲੋ ! ਹੇ ਕਲਗੀਧਰ ਪਿਤਾ ! ਆਪ ਦੇ ਪਿਛੋਂ ਅਸਾਂ ਦਾ ਜੀਉਂਦੇ ਰਹਿਣਾ ਬਹੁਤ ਕਠਨ ਹੈ। ਅਸੀਂ ਤਾਂ ਆਪ ਦੇ ਦਰਸ਼ਨ ਕਰਕੇ ਜੀਉਂਦੇ ਹਾਂ ਅਸਾਂ ਦਾ ਕੌਣ ਆਸਰਾ ਹੈ?

ਇਹਨਾਂ ਸਾਰੀਆਂ ਗਲਾਂ ਨੂੰ ਸੁਣ ਕੇ ਸਤਿਗੁਰੂ ਜੀ ਮੇਹਰ ਦੇ ਘਰ ਆਏ, ਉਹਨਾਂ ਨੇ ਉਪਦੇਸ਼ ਕੀਤਾ।

੩੪, ਸਤਿਗੁਰ ਜੀ ਦਾ ਅੰਤਮ ਉਪਦੇਸ਼

ਸਤਿਗੁਰੂ ਜੀ ਦੇ ਸ਼ਰਧਾਲੂਆਂ ਤੇ ਸਿੰਘ ਨੂੰ ਜਿਸ ਵੇਲੇ ਪਤਾ ਲਗਾ, ਕਿ ਸਤਿਗੁਰੂ ਜੀ ਪ੍ਰਲੋਕ ਗਮਨ ਕਰਨ ਵਾਲੇ ਹਨ। ਇਕ ਪਠਾਣ ਨੇ ਸਾਹਿਬ ਨੂੰ ਜਖਮੀ ਕਰ ਦਿਤਾ ਅਤੇ ਸਾਹਿਬਾਂ ਨੇ ਇਹ ਹੁਕਮ ਵੀ ਦੇ ਦਿਤਾ ਹੈ ਕਿ ਉਹ ਜਾ ਰਹੇ ਹਨ। ਅਕਾਲ ਪੁਰਖ ਦਾ ਹੁਕਮ ਬਸ ਅੱਜ ਕਲ ਆਉਣ ਵਾਲ ਹੈ। ਤਾਂ ਬਹੁਤ ਸਾਰੇ ਲੋਕ ਸਾਹਿਬਾਂ ਦੇ ਦਰਸ਼ਨ ਕਰਨ ਵਾਸਤੇ ਆਏ, ਇਸ

Sri Satguru Jagjit Singh Ji eLibrary NamdhariElibrary@gmail.com

ਤਰਾਂ ਵਾਹਵਾ ਇਕ ਭੀੜ ਹੋ ਗਈ, ਉਸ ਦਿਨ ਸੋਮਵਾਰ ਕਤਕ ਸੁਦੀ ੨(ਦੂਜ) ਸੀ।

ਉਹ ਭੀੜ ਨੂੰ ਦੇਖਕੇ ਸਾਹਿਬ ਉਠਕੇ ਬੈਠ ਗਏ। ਲੰਮੇ ਤੇ ਉਚੇ ਸਿਰਹਾਣਿਆਂ ਦਾ ਆਸਰਾ ਦਿਤਾ ਗਿਆ, ਸਾਹਿਬਾਂ ਨੇ ਸਾਰੀ ਸੰਗਤ ਵਲ ਦੇਖਿਆ ਤੇ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅੰਮ੍ਰਿਤ ਕਟੋਰੇ ਵਲ ਹੋਏ ਨੈਣਾਂ ਵਲ ਤਕਿਆ, ਜਿਨ੍ਹਾਂ ਦੀ ਚਮਕ ਬਹੁਤ ਹੀ ਤੇਜ ਸੀ ਮੇਹਰਾਂ ਦਾ ਮੀਂਹ ਵਰ੍ਹ ਰਿਹਾ ਸੀ. ਸਾਹਿਬਾਂ ਨੇ ਬਚਨ ਕੀਤਾ ਸਿੰਘੋ!' ਅਕਾਲ ਪੁਰਖ ਦਾ ਸਿਮਰਨ ਕਰਿਆ ਕਰਨਾ, ਦੇਹ ਛੱਡ ਰਹੇ ਹਾਂ ਪਰ ਆਤਮਾਂ (ਰੂਹ) ਤੁਸਾਂ ਦੇ ਕੋਲ ਰਿਹਾ ਕਰੇਗੀ। ਅਸਾਂ ਦੇ ਪਿਛੋਂ ਦੇਹ ਧਾਰੀ ਗੁਰੂ ਕੋਈ ਨਹੀਂ ਹੋਵੇਗਾ, ਪੰਜ ਪਿਆਰੇ. ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿਚ 'ਖਾਲਸਾ ਪੰਥ' ਹੋਣਗੇ ਇਕ ਇਨ੍ਹਾਂ ਜਾਂ ਸਾਰੇ ਸਿੰਘਾਂ ਦਾ ਜਥੇਦਾਰ ਹੋਵੇਗਾ, ਜਿਸਦੀ ਚੋਣ ਸਿੰਘ ਆਪ ਕਰਿਆ ਕਰਨਗੇ, ਆਪਣਾ ਜਥੇਦਾਰ ਚੁਣਕੇ ਫਿਰ ਉਹ ਆਪ ਹੀ ਉਸਦਾ ਹੁਕਮ ਮੰਨਿਆਂ ਕਰਨਗੇ। ਹੁਕਮ ਮੰਨੇਗਾ ਜੇਹੜਾ ਉਹੋ ਹੀ ਪੂਰਨ ਪਦ ਪ੍ਰਾਪਤ ਹੋਵੇਗਾ, ਜੋ ਮਰਯਾਦਾ ਕਰਨੀ ਉਹ ਗੁਰਮਤਿ ਅਨੁਸਾਰ ਕਰਨੀ। ਕੜਾਹ ਪ੍ਰਸ਼ਾਦ ਕਰਕੇ ਪੰਜ ਪਿਆਰਿਆਂ ਦੀ ਹਜੂਰੀ ਵਿਚ ਕਿਸੇ ਕੰਮ ਨੂੰ ਅਰੰਭ ਕਰਨਾ। ਖਾਲਸਾ ਮੇਰਾ ਰੂਪ ਹੈ ਮੇਰਾ ਤਨ ਤੇ ਧਨ ਹੈ ਜਾਨ ਹੈ। ਬਸ ਖਾਲਸਾ ਪੰਥ ਅਮਰ ਰਹੇਗਾ!' ਇਉਂ ਆਖਦੇ ਹੋਏ ਸਤਿਗੁਰੂ ਜੀ ਸ਼ਾਂਤ ਹੋ ਗਏ. ਪਿਆਰੇ ਸਿੰਘ ਉਹਨਾ ਵਲ ਦੇਖ ਦੇਖ ਕੇ ਬੜੇ ਹੈਰਾਨ ਹੁੰਦੇ ਸਨ, ਸਾਹਿਬਾਂ ਨੇ ਚੁਪ ਨੂੰ ਤੋੜਕੇ ਐਲਾਨ ਕੀਤਾ—ਸਿੰਘੋ! ਅੰਮ੍ਰਿਤ ਪ੍ਰਚਾਰ ਕਰੀ ਜਾਣਾ। ਦਸੀਆਂ ਕੁਰਹਿਤਾਂ ਦਾ ਤਿਆਗ ਕਰਨਾ, ਪੰਜਾਂ ਕਕਾਰਾਂ ਨੂੰ ਧਾਰਨ ਕਰੀ ਰਖਣਾ। ਤੇਗ ਦਾ ਤੇ ਅਕਾਲ ਪੁਰਖ ਦਾ ਆਸਰਾ ਲੈਣਾ, ਮੈਦਾਨੇ ਜੰਗ ਤੋਂ ਨਾ ਡਰਨਾ, ਮਜ਼ਲੂਮਾਂ, ਨਾਰੀਆਂ ਤੇ ਧਰਮ ਦੇਸ਼ ਦੀ ਸੁਤੰਤ੍ਰਤਾ ਨੂੰ ਬਚਾਉਣ ਵਾਸਤੇ ਆਪਣੀ ਜਾਨ ਤਕ ਵਾਰ ਦੇਣੀ। ਜੋ ਕੁਝ ਸੋ ਵਾਹਿਗੁਰੂ ਦਾ ਹੈ ਬੰਦੇ ਦਾ ਕੁਝ ਨਹੀਂ। ਅਕਾਲ ਪੁਰਖ ਤੇ ਭਰੋਸਾ ਰਖਣਾ, ਸਤਿਨਾਮੁ ਵਾਹਿਗੁਰੂ ਦਾ ਸਿਮਰਨ ਕਰੀ ਜਾਣਾ। ਮਸਾਣਾਂ ਮੜ੍ਹੀ ਦੀ ਪੂਜਾ ਨਾ ਕਰਨੀ। ਅਸਾਂ ਪਿਛੋਂ ਅਸਾਂ ਦੀ ਯਾਦ ਕਾਇਮ ਨਾ ਕਰਨੀ। ਅਸੀਂ ਪ੍ਰਮੇਸ਼ਰ ਨਹੀਂ ਵਾਹਿਗੁਰੂ ਦੇ

Sri Satguru Jagjit Singh Ji eLibrary NamdhariElibrary@gmail.com

ਸੇਵਕ ਹਾਂ। ਸੇਵਕ ਦੀਆਂ ਯਾਦਗਾਰਾਂ ਤਿਆਰ ਨਹੀਂ ਹੁੰਦੀਆਂ।'

ਇਨ੍ਹਾਂ ਬਚਨਾਂ ਦੇ ਪਿਛੋਂ ਬਹੁਤ ਸਾਰੇ ਸਿੰਘਾਂ ਨੇ ਹੋਰ ਬਚਨ ਕੀਤੇ ਕਈਆਂ ਨੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਦੇ ਸੁਵਾਲ ਕੀਤੇ। ਸਾਹਿਬਾਂ ਨੇ ਕਿਸੇ ਨੂੰ ਨਰਾਜ ਨਹੀਂ ਕੀਤਾ। ਸਭ ਨੂੰ ਨਿਹਾਲ ਕੀਤਾ ਜੋ ਕੁਝ ਕਿਸੇ ਨੇ ਮੰਗਿਆ ਉਹੋ ਹੀ ਕੁਝ ਸਤਿਗੁਰੂ ਜੀ ਨੇ ਅਕਾਲ ਪੁਰਖ ਪਾਸੋਂ ਉਸ ਦੀ ਝੋਲੀ ਪਵਾ ਕੇ ਬੱਸ ਕੀਤੀ, ਪਰ ਸਭ ਨੂੰ ਦੁਖ ਤਾਂ ਇਹ ਸੀ ਕਿ ਸਤਿਗੁਰੂ ਜੀ ਵਿਛੜ ਰਹੇ ਹਨ। ਹੁਣ ਦੇ ਗਏ ਫਿਰ ਨਹੀਂ ਆਉਣਗੇ। ਰੂਪ ਦੇ ਰੂਪ ਦਿਲਾਂ ਵਿਚ ਕੋਲ ਰਹਿਣਗੇ। ਇਸ ਨਾਲ ਕਲਜੁਗੀ ਜੀਵਾਂ ਦੀ ਤਸਲੀ ਨਹੀਂ ਸੀ ਹੁੰਦੀ। ਉਹ ਤਾ ਪੁਤੱਖ ਦੇਖਣ ਦੇ ਆਦੀ ਹੋ ਚੁਕੇ ਸਨ। ਸਤਿਗੁਰੂ ਨਾਨਕ ਦੇਵ ਜੀ ਤੋਂ ਲਗ ਕੇ ਦਸਮ ਪਾਤਸ਼ਾਹ ਤਕ ਦੇਹ ਧਾਰੀ ਗੁਰੂ ਚਲੇ ਆਏ ਭੋਲੇਭਾਲੇ ਨੇ ਕ ਉਹਨਾਂ ਤੇ ਸ਼ਰਧਾ ਰਖਦੇ ਸਨ। ਹੁਣ ਕਿਵੇਂ ਮੰਨਣ ਕਿ ਅਗੇ ਨੂੰ ਦੇਹਧਾਰੀ ਗੁਰੂ ਨਹੀਂ ਹੋਵੇਗਾ ? ਦੇਹ ਧਾਰੀ ਗੁਰੂ ਤੋਂ ਬਿਨਾਂ ਕਿਵੇਂ ਉਹਨਾਂ ਨੂੰ ਆਤਿਮਕ ਸੁਖ ਦੀ ਪ੍ਰਾਪਤੀਹੋਵੇਗੀ ? ਉਹਨਾਂ ਦੇ ਲੋਕਾਂ ਨੂੰ ਉਸੇਵੇਲੇ ਸਮਝਾਉਣਾ ਵੀਕਠਣ ਸੀ ਸਤਿਗੁਰੂ ਜੀ ਨੇ ਭਾਵੇਂ ਬਹੁਤ ਯਤਨ ਕੀਤਾ ਕਿ ਸਿੰਘ ਉਹਨਾ ਦੇ ਪਿਛੋਂ ਨਾ ਵਿਆਕੁਲ ਹੋਣ ਤੇ ਨਾ ਥਾਂ ਥਾ ਗੁਰੂ ਬਣਾਂਦੇ ਰਹਿਣ। ਬਹੁਤ ਗੁਰੂਆਂ ਦਾ ਇਕ ਕਾਲ ਵਿਚ ਹੋਣਾ ਲੜਾਈ ਝਗੜੇ ਦਾ ਕਾਰਨ ਬਣ ਸਕਦਾ ਹੈ। ਸਤਿਗੁਰੂ ਜੀ ਤਾਂ ਸਾਰੀ ਬ੍ਰਹਮ, ਆਤਮਿਕ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਸੋਹਣ ਨਾਲ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਬਖਸ਼ ਦਿਤੀ ਸੀ। ਖਾਲਸਾ ਪੰਥ ਸਤਿਗੁਰੂ ਜੀ ਦਾ ਨਾਦੀ ਪੁਤ੍ਰ ਹੈ। ਸਾਹਿਬ ਬਾਪ ਬਣ ਕੇ ਸਦਾ ਪੁਤ੍ਰਾਂ ਦੀ ਰਾਖੀ ਕਰਦੇ ਹਨ।

੩੫. ਸਤਿਗੁਰੂ ਜੀ ਦਾ ਜੋਤੀ ਜੋਤ ਸਮਾਉਣਾ

ਆਖਰ ਉਹ ਦਿਨ ਆ ਪੁਜਾ ਜੋਹੜਾ ਹਰ ਇਕ ਤੇ ਆਉਂਦਾ ਹੈ। ਜਿਸ ਨੇ ਵੀ ਮਾਂ ਦੇ ਪੇਟ ਤੋਂ ਜਨਮ ਲਿਆ ਹੈ ਉਸ ਨੇ ਦੇਹ. ਸਰੀਰ ਛੱਡ ਕੇ ਜਰੂਰ ਜਾਣਾ ਹੈ। ਵਾਹਿਗੁਰੂ ਦੇ ਭਾਣੇ ਅੰਦਰ ਜੋਹੜੇ ਵੀ ਦਿਨ ਲਿਖੇ ਹੁੰਦੇ ਨੇ

Sri Satguru Jagjit Singh Ji eLibrary NamdhariElibrary@gmail.com

ਮਾਤ ਲੋਕ ਵਿਚ ਉਹ ਪੂਰੇ ਕਰਨੇ ਪੈਂਦੇ ਹਨ।

ਅੰਤ ਸਮਾਂ ਜਾਣ ਕੇ ਸਾਹਿਬਾਂ ਨੇ ਕਤਕ ਸੁਦੀ ੫ (੧੭੬੫) ਨੂੰ ਹਜ਼ੂਰੀ ਸਿੰਘਾਂ ਨੂੰ ਆਪਣੇ ਕੋਲ ਸਦਿਆ । ਕੋਲ ਸੱਦ ਕੇ ਸਿਰਹਾਣਿਆਂ ਦੀ ਢੋ ਲਾਕੇ ਸਤਿਗੁਰੂ ਜੀ ਬਿਰਾਜੇ ਦੇ ਅੰਤਲੇ ਹੁਕਮ ਕੀਤੇ—'ਸਿੰਘੋ ਅਸਾਂ ਹੁਣ ਫਤਹ ਰਾਜਾ ਜਾਣੀ ਹੈ। ਤੁਸਾਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਅਸਾਂ ਪਿਛੋਂ ਇਹ ਸਿੰਘਾਂ ਸਹਿਜਧਾਰੀਆਂ ਤੇ ਗੁਰੂ ਪੰਥੀਆਂ ਦੇ ਗੁਰੂ ਹੋਏ। ਇਸ ਦਾ ਪ੍ਰਕਾਸ਼ ਕਰਕੇ ਦੀਵਾਨ ਕਰਿਆ ਕਰਨਾ। ਏਸੇ ਦੇ ਅਗੇ ਨਿਮਸ਼ਕਾਰ ਕਰਨੀ ਤੇ ਗੁਰਮਤੇ ਕਰਨੇ । ਪੰਜਾਬ ਜਾਕੇ ਸਿੰਘਾਂ ਨੂੰ ਦਸ ਦੇਣਾ। ਏਥੇ ਇਕ ਸਿੰਘ ਤੋਂ ਬਿਨਾ ਕਿਸੇ ਨਾ ਰਹਿਣਾ । ਪੰਜਾਬ ਜਾਕੇ ਖਾਲਸਾ ਪੰਥ ਦੀ ਸੇਵਾ ਕਰਨੀ ਅਕਾਲ ਪੁਰਖ ਤੁਸਾਂ ਦੀ ਸਹਾਇਤਾ ਕਰਿਆ ਕਰੇਗਾ।'

ਇਉਂ ਥੋੜੇ ਜਿਹੇ ਬਚਨ ਕਰਕੇ ਸਤਿਗੁਰੂ ਜੀ ਸ਼ਾਂਤ ਚਿਤ ਹੋਕੇ ਬਚਾਜੇ ਰਹੇ ਬਹੁਤਾ ਕੁਝ ਆਖਿਆ ਨਾ ਜਾ ਸਕਿਆ। ਸਿੰਘ ਦਰਸ਼ਨ ਕਰ ਕਰਕੇ ਵਿਆਕੁਲ ਹੋ ਰਹੇ ਸਨ। ਹਰ ਕੋਈ ਯਤਨ ਕਰਦਾ ਹੈ ਕਿ ਉਹ ਸਬਰ ਸੰਤੋਖ ਨਾਲ ਚੁਪ ਰਹੇ ਵਾਹਿਗੁਰੂ ਦਾ ਹੁਕਮ ਮੰਨੇ ਪਰ ਸਤਿਗੁਰੂ ਜੀ ਨਾਲ ਜੋਹੜੀ ਪ੍ਰੀਤੀ ਸੀ ਉਹ ਸਬਰ ਨਹੀਂ ਸੀ ਕਰਨ ਦੇਂਦੀ । ਉਹ ਪ੍ਰੀਤ ਤਾਂ ਮਲੋਮਲੀ ਹਿਰਦੇ ਨੂੰ ਤੜਾਵਾਂ ਪਾਉਂਦੀ ਸੀ । ਸਤਿਗੁਰੂ ਜੀ ਦਾ ਚੇਹਰਾ ਦੇਖਕੇ ਸਾਰੇ ਜੀਉਂਦੇ ਸਨ । ਵਿਛੋੜਦੇ ਨਹੀਂ ਸੀ ਸਨ ਝਲਣਾ ਪਰੂ ਫਿਰ ਕੁਵੇਲੇ ਦਾ ਵਿਛੋੜਾ ? ਸਤਿਗੁਰੂ ਦੀ ਆਜੂ ਕੋਈ ਬਹੁਤੀ ਨਹੀਂ ਸੀ ਹੋਈ। ਸਿਰਫ ੪੨ ਕੁ ਸਾਲ ਹੀ ਸੀ। ੪੨ ਸਾਲ ਆਜੂ ਤਾਂ ਮਸਾਂ ਜੁਵਾਨੀ ਦੀ ਉਮਰ ਹੁੰਦੀ ਹੈ । ਜਵਾਨੀ ਦੀ ਉਮਰ ਵਿਚ ਐਸੇ ਮਹਾਨ ਆਜੂ ਦਾ ਜ਼ਨਤਾ ਕੋਲੋਂ ਵਿਛੜ ਜਾਣਾ ਕੁਦਰਤੀ ਤੋਰ ਦੁਖ ਦਾ ਕਾਰਨ ਹੈ । ਭਾਵੇਂ ਸਾਹਿਬਾਂ ਨੇ ਸਿੰਘਾਂ ਨੂੰ ਬਹੁਤ ਧੀਰਜ ਦਿਤੀ ਕਿ ਸਤਿਗੁਰੂ ਜੀ ਦੀ ਬਖਸ਼ੀ ਹੋਈ ਸਿਖੀ ਦੀ ਰੂਹ ਅਤੇ ਆਤਮਕ ਸ਼ਕਤੀ ਅਮਰ ਹੈ। ਉਹ ਸਦਾ ਕੰਮ ਕਰਦੀ ਰਹੇਗੀ ਚਿੰਤਾ ਨਾ ਕਰੋ, ਫਿਰ ਵੀ ਸਿੰਘ ਧੀਰਜ ਨਹੀਂ ਸਨ ਕਰਦੇ।

Sri Satguru Jagjit Singh Ji eLibrary NamdhariElibrary@gmail.com

ਹਾਂ ਰਾਤ ਆ ਗਈ ਜਿਵੇਂ ਗੁਰਪ੍ਰਨਾਲੀ ਕਵੀ ਗੁਲਾਬ ਸਿੰਘ ਵਿਚ ਲਿਖਿਆ ਹੈ—

ਕਾਤਿਕ ਸੁਦੀਓ ਪੰਚ ਵੀਰਵਾਰ ਦੋਪਹਿਰ,
ਰਾਤ ਗਏ ਟਿਕੇ ਹੁੰ ਬੱਤੀ ਸਾਲ ਧਾਰੀਐ॥
ਯਾਰਾਂ ਮਾਸ ਪਾਛੇ, ਆਪ ਇਸ਼ਨਾਨ ਕਰਿ,
ਅਰ ਕਮਰ ਸਜਾਕੇ ਪੁਰ ਮੈਂ 'ਨਦੇੜ' ਭਾਰੀਐ॥
ਗੋਦਾਂਵਰੀ ਤਟ ਪਰ, ਸ਼ਬਦ ਗੁਰੋਂ ਕਾ ਜੀਕਾ,
ਕੀਰਤ ਸੁਣੈ ਗੁਣੇ ਭੈ ਸਵਾਰੀਐ।
'ਗੁਰੂ ਗ੍ਰੰਥ ਸਾਹਿਬ' ਕੇ ਅਗੇ ਟਿਕੇ ਨਾ ਨਰੇਲ ਰਾਖਿ,
ਮੱਥਾ ਟੇਕ ਕਰਿ ਬੇਨਤੀ ਬਿਦਾਰੀਐ।

ਦੋਪਿਹਰ ਰਾਤ ਚਲੀ ਗਈ ਸੀ, ਉਸ ਵੇਲੇ ਸਤਿਗੁਰੂ ਜੀ ਇਕਲੇ ਤੰਬੂ ਵਿਚ ਸਨ, ਸਵੇਰ ਤੋਂ ਹੀ ਬਸਤ੍ਰ ਸ਼ਸਤ੍ਰ ਸੁਵਾਰ ਲਏ ਸਨ। ਤਿਆਰੀ ਕੀਤੀ ਹੋਈ ਸੀ ਲਿਵ ਅਕਾਲ ਪੁਰਖ ਦੇ ਚਰਨਾਂ ਨਾਲ ਜੁੜੀ ਹੋਈ ਸੀ ਆਉਣ ਜਾਣ ਦੀਆਂ ਵਿਚਾਰਾਂ ਹੋ ਰਹੀਆਂ ਸਨ। ਅਕਾਲ ਪੁਰਖ ਦੇ ਨਾਲ ਜਿਸ ਸਮੇਂ ਅੰਤਮ ਫੈਸਲਾ ਹੋ ਗਿਆ, ਜਦੋਂ ਉਹ ਘੜੀ ਆ ਪੁਜੀ, ਜਿਸ ਵੇਲੇ ਪੁਸ਼ਪ ਵਿਮਾਨ ਆਤਮਾਂ ਦੇ ਚੜ੍ਹਨ ਵਾਸਤੇ ਦੇਵਤੇ ਲੈ ਆਏ, ਉਸ ਸਮੇਂ ਸਤਿਗੁਰੂ ਜੀ ਨੇ ਸਿੰਘਾਂ ਨੂੰ ਅਵਾਜ਼ ਦਿਤੀ—'ਕੋਈ ਹੈ?'

ਉਸ ਵੇਲੇ ਹੈਸਨ ਸਾਰੇ, 'ਕੋਈ ਹੈ ਸੁਣਕੇ ਕਾਹਲੀ ਨਾਲ ਤੰਬੂ ਅੰਦਰ ਗਏ। ਮਾਹੀ ਤੁਰ ਰਿਹਾ ਹੋਵੇ, ਫਿਰ ਭਲਾ ਨੀਂਦ ਕਿਸ ਨੂੰ? ਨੀਂਦ ਦਾ ਤਾਂ ਕਿਸੇ ਨੂੰ ਚਿਤ ਚੇਤਾ ਨਹੀਂ ਸੀ ਜਦੋਂ ਸਾਰੇ ਸਿੰਘ ਅੰਦਰ ਆ ਪੁਜੇ ਤਾਂ ਸਤਿਗੁਰੂ ਜੀ ਨੇ ਸਭ ਵਲ ਦੇਖਿਆ। ਹਥ ਦਾ ਇਸ਼ਾਰਾ ਕੀਤਾ ਕਿ ਸਿੰਘ ਸਾਰੇ ਬਿਰਾਜ ਜਾਣ ਸਭ ਬੈਠ ਗਏ ਸਾਰਿਆਂ ਅੱਖਾਂ ਸਾਹਿਬ ਦੇ ਚੇਹਰੇ ਉਤੇ ਗੱਡੀਆਂ ਸਨ, ਸਾਹਿਬ ਬੁਹਤ ਕਮਜੋਰ ਸਨ। ਉਸ ਵੇਲੇ ਹੌਲੀ ਜਿਹਾ ਸਾਹਿਬਾਂ ਨੇ ਬਚਨ ਕੀਤਾ—'ਸਿੰਘੋ! ਹੁਣ ਅਸੀਂ ਜਾ ਰਹੇ ਹਾਂ ਜਿਵੇਂ ਮਰਯਾਦਾਹੈ ਸ਼ਸਤ੍ਰਾਂ ਦੀ ਪੂਜਾ ਕਰਨੀ, ਦੁਸ਼ਮਣਾਂ ਦਾਵਿਸਾਹ ਨਾ ਖਾਣਾ, ਧਰਮ ਤੇ ਪੰਥ ਨਾ ਛਡਣਾ—ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਨਾਨਕ ਦੇਵ ਜੀ ਸਹਾਈ ਹੋਣਰੇ 'ਵਾਹਿਗੁਰੂ ਜੀ ਕਾ ਖਾਲਸਾ. ਵਾਹਿਗੁਰੂ ਜੀ ਕੀ ਫਤਹ ।'

ਫਤਹ ਬੁਲਾਉਣ ਦੇ ਨਾਂਲ ਹੀ ਸਤਿਗੁਰੂ ਜੀ ਦੇ ਨੇਤ੍ਰ ਮੁੰਦੇ ਗਏ ਤੇ ਅਮਰ ਤੇ ਮਹਾਨ ਆਤਮਾਪੰਜ ਭੌਤਕ ਸਰੀਰ ਨੂੰ ਛਡ ਕੇ ਚਲੀ, ਗਈ, ਉਸ ਅਕਾਲ ਪੁਰਖ ਦੇ ਹੁਕਮ ਵਿਚ ਉਸੇ ਪਾਸ ਜਿਸ ਨੇ ਪਹਿਲਾਂ ਜਗਤ ਉਤੇ ਭੇਜਿਆ ਸੀ ਕਤਕ ਸੁਦੀ ਪ-ਏ ਸੰਨਤ ੧੭੬੫ ਬਿਕ੍ਰਮੀ ਮੁਤਾਬਿਕ ੧੭੦੮ ਈਸਵੀ ਮਹੀਨਾ ਅਕ੍ਤੂਬਰ ਉਹ ਦਿਹਾੜਾ ਸੀ ਸਾਹਿਬਾਂ ਦਾ ਸਰੀਰ ਧਰਤੀ ਤੇ ਆਤਲੋਕ ਵਿਚ ਰਹਿ ਗਿਆ ਤੇ ਆਤਮਾ ਪ੍ਰਲੋਕ (ਬ੍ਰਹਮ ਲੋਕ) ਵਿਚ ਜਾ ਪੁਜੀ।

ਉਸੇ ਵੇਲੇ ਸਿੰਘ ਵੈਰਾਗੀ ਹੋ ਗਏ ਵੈਰਾਗ ਠਲਿਆ ਨਹੀਂ ਸੀ ਜਾਂਦਾ। ਸਤਿਗੁਰੂ ਜੀ ਦੇ ਤਨ ਨੂੰ ਦੇਖ ਦੇਖ ਕੇ ਵਿਆਕੁਲ ਹੁੰਦੇ ਸਨ। ਕੁਝ ਜੋਹੜੇ ਧੀਰਜ ਵਾਲੇ ਸਨ ਉਹ ਨੈਣਾਂ ਵਿਚੋਂ ਜਲ ਕੇਰਦੇ ਹੋਏ 'ਵਾਹਿਗੁਰੂ ! ਵਾਹਿਗੁਰੂ ! ਸ਼ਬਦ ਦਾ ਉਚਾਰਨ ਕਰੀ ਜਾਂਦੇ ਸਨ ।

ਉਸੇ ਵੇਲੇ ਚੰਦਨ ਦੀਆਂ ਲੱਕੜਾਂ ਇਕਠੀਆਂ ਕਰਨੀਆਂ ਸ਼ੁਰੂ ਕੀਤੀਆਂ। ਸੁੰਦਰ ਚਿਖਾ ਤਿਆਰ ਕਰਕੇ ਦਿਨ ਚੜੇ ਇਸ਼ਨਾਨ ਕਰਾਕੇ ਪੁਸ਼ਾਕੇ ਹੋਰ ਨਵੇਂ ਪਹਿਨਾ ਕੇ ਸ਼ਸਤ੍ਰ-ਅਸਤ੍ਰ ਲਾਕੇ ਸਾਹਿਬਾਂ ਨੂੰ ਚਿਖਾ ਉਤੇ ਰਖਿਆ ਤੇ ਅਗਿਨ ਦੇਵਤਾ ਦੀ ਸੇਵਾ ਕੀਤੀ। ਇਹ ਕੌਤਕ ਅਬਚਲ ਨਗਰ ਵਿਚ ਹੋਇਆ, ਜਿਸ ਨੂੰ ਹਜੂਰ ਸਾਹਿਬ ਆਖਿਆ ਜਾਂਦਾ ਹੈ। ਇਉਂ ਸਾਹਿਬਾਂ ਦੇ ਜੀਵਨ ਨਾਟਕ ਦਾ ਅੰਤ ਹੋਇਆ । ਉਹ ਜੀਵਨ ਜੋਹੜਾ ਜਗਤ ਜੀਵਾਂ ਮਹਾਨ ਮਹਾਨ ਤੇ ਸਦੀਵੀ ਕਾਲ ਲਈ ਬਚਨ ਵਾਲਾ ਚਾਨਣ-ਮੁਨਾਰਾ ਸੀ।

ਕਈ ਸ਼ਰਧਾਲੂਆਂ ਦਾ ਇਹ ਵੀ ਵਿਚਾਰ ਹੈ ਕਿ ਸਿੰਘਾਂ ਪਾਸੋਂ ਸਤਿਗੁਰੂ ਜੀ ਨੇ ਚੰਦਨ ਦੀ ਚਿਖਾ ਤਿਆਰ ਕਰਵਾ ਲਈ । ਜਦੋਂ ਚਿਖਾ ਤਿਆਰ ਹੋ ਗਈ ਤਾਂ ਸਾਹਿਬ ਸਾਰਿਆਂ ਨੂੰ ਫਤਹ ਬੁਲਾ ਕੇ ਆਪ ਚਿਖਾ ਉਤੇ ਜਾ ਬਿਰਾਜੇ ਸਨ। ਉਹਨਾਂ ਦੇ ਬਿਰਾਜਮਾਨ ਪਿਛੋਂ ਅਕਾਲ ਪੁਰਖ ਦੇ ਹੁਕਮ ਨਾਲ ਆਪਣੇ ਆਪ ਹੀ ਚਿਖਾ ਨੂੰ ਅੱਗ ਲਗ ਗਈ ਸੀ। ਜਿਵੇਂ ਕਵੀ ਗੁਲਾਬ ਸਿੰਘ ਜੀ ਨੇ ਲਿਖਿਆ—

Sri Satguru Jagjit Singh Ji eLibrary NamdhariElibrary@gmail.com

'ਗੁਰੂ ਗ੍ਰੰਥ ਸਾਹਿਬ' ਨੂੰ ਗੁਰਿਆਈ ਦੇਇ ਕਰ ਅਰਦਾਸ ਕਰ ਅਰੁ ਭਲੀ ਕਰ ਹੈ। ਲੈਕੇ 'ਖਾਲਸੇ' ਤੇ ਖ਼ੁਸ਼ੀ, ਚੰਦਨ ਕੀ ਚਿਖਾ ਪਰ, ਆਪ ਚਲਿ ਆ ਥਿਰਾਜੇ ਦਾਹ ਠੌਰ ਧਰੀ ਹੈ। ਅਰੁ ਜੁਗ-ਬਲ ਕਰਿ ਪ੍ਰਗਟਾਇਆ ਪਾਰਕ ਕੋ, ਦਾਹ ਨਿਜ ਤਨ ਕੀਆ, ਨਾਮ ਲੀਆ ਹਰੀ ਹੈ। ਚਿਖਾ ਕੇ ਗਿਰਦ ਲੱਗੀ ਭਈ ਥੀ ਕਨਾਤੈਂ ਭਾਂਤੈ, ਵਰਤਾਂਣੇ ਸਮੇ, ਪਰੇਮ ਸੰਗ ਜਰੀ ਹੈ। ਕਰ ਦੀਆ ਬਾਹਰ ਥਾ ਸਭ ਕੋ ਸੁ ਨੇਹੋ ਤੁਮੈਂ ਉਮਰ ਸ਼ਰੀਰ ਸਾਚੀ ਹੂੰ ਕੀ ਸੁਨ ਲੀਜੀਐ। ਬਰਖ ਚਤਾਲੀ ਨਵ ਮਾਸ, ਚਵੀ-ਚਾਰ ਦਿਨ, ਹੂੰ ਕੀ, ਅਬ ਹੂੰ 'ਨਦੇੜ' ਸ਼ਹਿਰ ਸੁਨੀਜੀਐ। ਗੋਦਾਵਰੀ ਕੇ ਨਿਕਟ ਅਬਚਲ ਨਗਰ ਹੈ ਗੁਰ ਅਸਥਾਨ ਪ੍ਰਸਿਧ ਸੋ ਸੁਨੀਜੀਐ। ਜਪੀਜੀਐ ਐ ਜੀਜੀਐ ਤੋ ਕੀਜੀਐ ॥ (ਰੁਰਪ੍ਰਨਾਲੀ ਵਿਚੋਂ)

ਸਾਹਿਬਾਂ ਨੇ ਸਾਚੀ ਉਮਰ ੪੨ ਸਾਲ ਨੌ ਮਹੀਨੇ ਚਵੀ ਦਿਨ ਭੋਗ ਤੇ ਬੱਤੀ ਵਰ੍ਹੇ ਤੇ ਯਾਰਾਂ ਮਹੀਨੇ ਪਾਤਸ਼ਾਹੀ ਕੀਤੀ। ਆਪ ਦਾ ਜਨਮ ਪਟਨੇ ਸਾਹਿਬ ਬਿਹਾਰ ਵਿਚ ਹੋਇਆ, ਖੇਡੇ, ਪਲੇ ਤੇ ਜੁਵਾਨ ਹੋਏ ਅਨੰਦਪੁਰ ਸਾਹਿਬ, ਓਥੇ ਹੀ ਜ਼ਾਲਮਾਂ ਦੇ ਨਾਸ ਕਰਨ ਵਾਸਤੇ 'ਖਾਲਸਾ' ਪੰਥ ਸਾਜਿਆ ਤੇ ਅੰਤਮ ਦਿਨ ਗੋਦਾਵਰੀ ਨਦੀ ਕਿਨਾਰੇ ਅਬਚਲ ਨਗਰ ਗੁਜਾਰੇ ਜੋ ਹੈਦਰਾਬਾਦ ਦਖਣ ਵਿਚ ਹੈ ਤੇ ਜਿਥੇ ਸਾਹਿਬਾਂ ਦੀ ਯਾਦ ਵਿਚ ਆਲੀਸ਼ਾਨ ਗੁਰਦੁਵਾਰੇ ਹਨ। ਧੰਨ ਧੰਨ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀਆਂ ਵਾਲੇ ਪਿਤਾ ਤੋਂ ਸਦਾ ਬਲਿਹਾਰੇ ਜਾਈਏ।

੪੫. ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਗੋਬਿੰਦ ਸਿੰਘ ਜੀ

ਸਿੱਖੀ ਦੇ ਗੁਪਤ ਦੁਸ਼ਮਨਾਂ ਨੇ ਕੋਈ ੪੦ ਕੁ ਸਾਲ ਤੋਂ ਇਹ ਪ੍ਰਚਾਰ ਕਰਨਾ ਅਰੰਭ ਕੀਤਾ ਹੋਇਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਗੋਬਿੰਦ ਜੀ ਦੀ ਸਿੱਖੀ ਵਿਚ ਫਰਕ ਹੈ। ਬਹੁਤ ਸਿੱਖ ਜਿਵੇਂ--ਨਾਮਧਾਰੀਏ ਨਿਰਮਲੇ. ਉਦਾਸੀ ਤੇ ਸਹਿਜਧਾਰੀ ਸਿੱਖ ਇਹ ਆਖਣ ਲਗ ਪਏ ਹਨ ਕਿ ਉਹ ਸਤਿਗੁਰੂ ਨਾਨਕ ਦੇਵ ਜੀ ਦੇ ਸਿੱਖ ਹਨ ਜਿਨ੍ਹਾਂ ਸਤਿਗੁਰੂ ਨੇ ਸ਼ਾਂਤੀ ਦਾ

Sri Satguru Jagjit Singh Ji eLibrary NamdhariElibrary@gmail.com

ਪ੍ਰਚਾਰ ਕੀਤਾ ਹੈ, ਤਲਵਾਰ ਦੀ ਵਰਤੋਂ ਨਹੀਂ ਕੀਤੀ ਤੇ ਨਾ 'ਸਿੰਘ ਰਹਿਤਾਂ' ਦਸੀਆਂ ਹਨ। 'ਸਤਿ ਕਰਤਾਰ ਤੇ ਸਤਿਨਾਮੁ ਦਾ ਨਾਮ ਜਪਾਇਆ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਮਰਯਾਦਾ ਦੇ ਉਲਟ ਹਿੰਸਾ ਦਾ ਪ੍ਰਚਾਰ ਕੀਤਾ। ਸ਼ਕਤੀ ਦੀ ਵਰਤੋਂ ਭਗਤੀ ਵਾਲਿਆਂ ਨੂੰ ਨਹੀਂ ਕਰਨੀ ਚਾਹੀਦੀ ਆਦਿਕ।

ਸਤਿਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ ਦੀ ਨੀਂਹ ਰਖੀ ਸੀ। ਉਹਨਾਂ ਦਾ ਨਿਸ਼ਾਨਾ ਸੀ ਕਿ ਸੰਸਾਰ ਤੇ ਧਰਮ ਵਧੇ ਫੁਲੇ, ਮਨੁਖਤਾ ਸੁਖੀ ਤੇ ਸ਼ਾਂਤ ਹੋਵੇ। ਮਨੁਖਾਂ ਵਿਚ ਪ੍ਰਸਪਰ ਪਿਆਰ ਵਧੇ ਤੇ ਇਹ ਜਗਤ ਚੰਗਾ ਲਗੇ। ਵਾਹਿਗੁਰੂ ਤੇ ਮਨੁਖ ਦੇ ਸਬੰਧ ਚੰਗੇ ਹੋਣ। ਮਨੁਖਾਂ ਜਨਮ ਨੂੰ ਪ੍ਰਾਪਤ ਕਰਕੇ ਜੀਵਾਂ ਦਾ ਧਰਮ ਹੈ ਕਿ ਉਹ ਕਰਤਾਰ ਦਾ ਸਿਮਰਨ ਕਰਨ ਕਰਤੇ ਨੂੰ ਯਾਦ ਰਖਣ। ਜਿਵੇਂ ਸਾਹਿਬਾਂ ਨੇ ਬਾਬਰ ਦੇ ਪ੍ਰਥਾਏ ਉਸੇ ਵੇਲੇ ਦੀ ਹਕੂਮਤ ਪ੍ਰਥਾਏ ਬਹੁਤ ਸਾਰੇ ਸ਼ਬਦ ਉਚਾਰਕੇ ਦਸਿਆ ਕਿ ਵਰਤਮਾਨ ਸਰਕਾਰ ਪਰਜਾ ਨੂੰ ਲੁਟਦੀ ਕੁਟਦੀ ਤੇ ਤੰਗ ਕਰਕੇ ਧਰਮ ਤੋਂ ਰੋਕਦੀ ਹੈ।

ਦਸਾਂ ਹੀ ਪਾਤਸ਼ਾਹੀਆਂ ਨੇ ਆਪਣੇ ਆਪਣੇ ਸਮੇਂ ਸਿਖੀ ਜੀਵਨ ਨੂੰ ਪੂਰਿਆਂ ਕੀਤਾ। ਜੇ ਸਤਿਗੁਰੂ ਨਾਨਕ ਦੇਵ ਜੀ ਨੇ ਭੁਲੇ ਜੀਵਾਂ ਨੂੰ ਨਾਮ ਦਾਨ ਬਖਸ਼ਕੇ ਕਰਤਾ ਯਾਦ ਕਰਾਇਆ ਤੇ ਧਰਮਸਾਲਾ ਵਿਚ ਸੰਗਤ ਦਾ ਮੁਢ ਬੰਨਿਆਂ ਤਾਂ ਸਤਿਗੁਰੂ ਅੰਗਦ ਦੇਵ ਜੀ ਨੇ ਸੇਵਾ ਤੇ ਭਗਤੀ ਕਰਨੀ ਸਿਖਾਈ, ਗੁਰਮੁਖੀ ਅੱਖਰਾਂ ਦਾ ਪ੍ਰਚਾਰ ਕਰਕੇ ਸਿੱਖੀ ਸਮਾਜ ਦੀ ਨੀਂਹ ਰਖੀ ਤੇ ਸ੍ਰੀ ਗੋਇੰਦਵਾਲ ਦੇ ਸ਼ਹਿਰ ਨੂੰ ਸਤਿਗੁਰੂ ਅਮਰਦਾਸਜੀਪਾਸੋਂ ਤਿਆਰ ਕਰਵਾਇਆ। ਸਤਿਗੁਰੂ ਅਮਰਦਾਸ ਜੀ ਨੇ ਸੇਵਾ, ਭਗਤੀ ਦੇ ਨਾਲ ਗੁਰੂ ਦਾ ਸਾਂਝਾ ਲੰਗਰ ਜਾਰੀ ਕੀਤਾ, ਨਿਕੇ ਵਡੇ, ਉਚ ਨੀਚ, ਰਾਜੇ ਤੇ ਕੰਗਾਲ ਸਾਰੇ ਇਕ ਪੰਗਤ ਵਿਚ ਬੈਠਕੇ ਪ੍ਰਸ਼ਾਦ ਛਕਣ। ਕੋਈ ਕਿਸੇ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਨਾ ਕਰੇ। ਚਾਰ ਵਰਨ ਨੂੰ ਇਕਤ੍ਰ ਕਰਕੇ ਮਨੁਖਤਾ ਦੀ ਸਫ ਤੇ ਲਿਆਂਦਾ। ਪਿਛੇ ਰਿਹਾਂ ਹੈ ਖੁਸ਼ੀ ਹੋਈ, ਸਤਿਗੁਰੂ ਰਾਮਦਾਸ ਜੀ ਨੇ ਸੰਸਾਰ ਸ਼ਾਂਤੀ ਮਨੁਖ ਪਿਆਰ ਤੇ ਮਨੁਖ ਭਲੇ ਵਾਸਤੇ ਅੰਮ੍ਰਿਤਸਰ ਨਾਮ ਸ਼ਹਿਰ ਦੀ ਨੀਂਹ ਰਖੀ

Sri Satguru Jagjit Singh Ji eLibrary NamdhariElibrary@gmail.com

ਤੇ ਅੰਮ੍ਰਿਤ ਸਰੋਵਰ ਨੂੰ ਪ੍ਰਗਟ ਕੀਤਾ। ਸਾਹਿਬਾਂ ਨੇਗੁਰੂਦੇਲੰਗਰਵਿਚਵਾਧਾਕੀਤਾ ਪ੍ਰਚਾਰ ਵਾਸਤੇ ਮੰਜੀਆਂ ਕਾਇਮ ਕੀਤੀਆਂ ਤੇ ਸਿਖੀਨੂੰਦੂਰ ਦੂਰ ਤਕ ਪ੍ਰਚਾਰਿਆ ਸਤਿਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਅਤੇ ਜ਼ੁਲਮ ਦੇ ਖਿਲਾਫ ਅਵਾਜ਼ ਉਠਾਈ ਤੇ ਤੱਤੀਆਂ ਲੋਹਾਂ ਤੇ ਬੈਠਕੇ ਸ਼ਹੀਦੀ ਪ੍ਰਾਪਤ ਕਰਕੇ ਸਿਖੀ ਨੂੰ ਬਚਾਇਆ, ਸਤਿਗੁਰੂ ਹਰਿ ਗੋਬਿੰਦ ਸਾਹਿਬ ਨੇ ਭਗਤੀ ਦੇ ਨਾਲ ਸ਼ਕਤੀ ਬਖਸ਼ੀ। ਅਕਾਲ ਤਖਤ ਸਾਹਿਬ ਨੂੰ ਰਚਕੇ ਰਾਜਸੀ ਬਲ ਦੀ ਨੀਂਹ ਰਖੀ, ਕਿਉਂਕਿ ਰਾਜਸੀ ਬਲ ਤੋਂ ਬਿਨਾਂ ਧਰਮ ਜੀਊਂਦਾ ਨਹੀਂ ਰਹਿ ਸਕਦਾ । ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਪਿਆਰ ਤੇ ਸ਼ਾਂਤੀ ਦਾ ਉਪਦੇਸ਼ ਦਿਤਾ। ਨਾਵੇਂ ਪਾਤਸ਼ਾਹ ਨੂੰ ਧਰਮ ਦੀ ਰਖਿਆ ਬਦਲੇ ਸ਼ਾਂਤਮਈ ਸਤਿਆਗ੍ਰਹਿ ਕਰਕੇ ਸ਼ਹੀਦੀ ਪ੍ਰਾਪਤ ਕਰਨੀ ਪਈ, ਪਰ ਦਸਵੇਂ ਪਾਤਸ਼ਾਹ ਨੇ ਜਾਚਿਆ ਕਿ ਸ਼ਾਂਤਮਈ ਸਤਿਆਗ੍ਰਹਿ ਮੁਗਲ ਹਕੂਮਤ ਨੂੰ ਸਿਧੇ ਰਾਹ ਨਹੀਂ ਤੋਰ ਸਕਦਾ, ਉਹਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਅਸਲੀ ਰੂਪ ਵਿਚ ਲਿਆ ਕੇ ਤੇ ਭਗਤੀ ਸ਼ਕਤੀ ਨੂੰ ਇਕਤ੍ਰ ਕੀਤਾ। ਪਹਿਲਾਂ ਜਾਂ ਨਿਰੀ ਭਗਤੀ ਹੁੰਦੀ ਸੀ ਤੇ ਜਾਂ ਸ਼ਕਤੀ, ਭਗਤੀ ਆਪਣੀ ਰਾਖੀ ਨਹੀਂ ਸੀ ਕਰ ਸਕਦੀ ਤੇ ਸ਼ਕਤੀ ਜੀਵਾਂ ਉਤੇ ਤਰਸ ਕਰਨਾ ਨਹੀਂ ਸੀ ਜਾਣਦੀ। ਚੰਗੇਜ਼, ਮਹਿਮੂਦ ਨਾਦਰ ਤੇ ਨੀਰੋ ਨੂੰ ਨਾਰੀ. ਨਿਰਬਲ ਪੁਰਸ਼ ਗਰੀਬ ਤੇ ਮਜ਼ਲੂਮ ਉਤੇ ਤਰਸ ਨਹੀਂ ਸੀ ਆਉਂਦਾ ਕਿਉਂਕਿ ਉਹ ਸ਼ਕਤੀ ਦੇ ਪੁਜਾਰੀ ਸਨ। ਸਿੱਧ, ਸੱਤ, ਦੇਵੀ ਪੂਜ, ਪੰਡਤ ਆਪਣੇ ਮੰਦਰਾਂ ਦੇਵਤਿਆਂ ਤੇ ਆਪਣੀਆਂ ਬਹੂ-ਬੇਟੀਆਂ ਦੀ ਇੱਜ਼ਤ ਦੀ ਰਾਖੀ ਨਹੀਂ ਸੀ ਕਰ ਸਕੇ ਤੇ ਮੁਗਲਾਂ ਦੇ ਜ਼ੁਲਮ ਤੋਂ ਡਰਦੇ ਹੋਏ, ਹਿਮਾਲੀਆ ਪਰਬਤ ਦੀਆਂ ਗੁਫਾ ਵਿਚ ਜਾ ਲੁਕੇ ਸਨ। ਸਤਿਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਚੱਕੀ ਪੀਸੀ ਸੀ ਤੇ ਉਸਨੂੰ ਜ਼ੁਲਮ ਕਰਨ ਤੋਂ ਰੋਕਿਆ ਸੀ ਤਾਂ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਨੂੰ ਧਾਰਨ ਕਰਕੇ ਤੇ ਉਸ ਉਤੇ ਅਮਲ ਕਮਾਇਆਂ ਹੋਇਆਂ ਮੁਗਲਾਂ ਨੂੰ ਹਿੰਦ ਵਿਚੋਂ ਖਤਮਕੀਤਾ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਸਲ ਖਾਲਸਾ ਰਾਜ ਸੀ ਪਰ ਸਿਖ ਧਰਮ ਦੇ ਦੁਸ਼ਮਨਾਂ ਅਤੇ ਪ੍ਰਦੇਸੀ ਲੁਟੇਰੇ ਅੰਗਰੇਜ਼ਾਂ ਨੇ ਉਸ ਰਾਜ ਦਾ ਅੰਤ

Sri Satguru Jagjit Singh Ji eLibrary NamdhariElibrary@gmail.com

ਕਰ ਦਿਤਾ। ਸਿੰਘੋ ! ਭੁਲੇਖੇ ਵਿਚ ਨਾ ਆਓ ! ਦੁਨੀਆ ਦੇ ਜੀਵੋ ਸਿੱਖੀ ਖਾਲਸਾ ਪੰਥ ਇਕ ਐਸਾ ਧਰਮ ਹੈ ਜੋ ਕਲਿਆਨਕਾਰੀ ਜੀਵਨ ਦਾ ਸਹੀ ਰਾਹ ਦਸਦਾ ਹੈ। ਜਿਸ ਕਰਕੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਤਿਆਰ ਕੀਤੇ ਅੰਮ੍ਰਿਤ ਨੂੰ ਛਕੋ ਤੇ ਪੂਰਨ ਸਿੰਘ ਹੋ ਕੇ ਸੰਸਾਰ ਨੂੰ ਸੁਖੀ ਕਰੋ।

ਹੋਨਾਂ ਮੈਂ ਇਕ ਰਹਿਤਨਾਮੇ ਦੀ ਨਕਲ ਦੇਂਦਾ ਹਾਂ, ਜਿਸਨੂੰ ਪੜ੍ਹਕੇ ਕਿ ਸਿੰਘ ਕਿਵੇਂ ਜੀਵਨ ਜੀਅ ਤਕੜੇ ਤੇ ਹੌਂਸਲੇ ਵਾਲੇ ਰਹਿੰਦੇ ਸਨ—

ਪ੍ਰਥਮ ਰਹਿਤ ਜਹਿ ਜਾਨ ਖੰਡੇ ਕੀ ਪਾਹੁਲ ਛਕੇ ॥
ਸੋਈ ਸਿੰਘ ਪ੍ਰਧਾਨ ਅਵਰ ਨ ਪਾਹਲੁ ਜੋ ਲਏ ॥
ਦਸ ਨਖ ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮੈਂ ਆਵੈ।
ਤਿਸ ਗੁਰ ਦਸੌਂਧ ਜੋ ਦੇਈ। ਸਿੰਘ ਸੁਜੱਸ ਬਹੁ ਜਗਿ ਮਹਿ ਲੇਈ।
ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।
ਆਪਣੀ ਇਸਤ੍ਰੀ ਸੇ ਰਤ ਹੋਈ। ਰਹਿਤਵਾਨ ਗੁਰੂ ਕਾ ਸਿੰਘ ਸੋਈ।
ਕੱਛ ਕ੍ਰਿਪਾਨ ਨ ਕਬਹੂੰ ਤਿਆਗੇ। ਸਨਮੁਖ ਲਰੈ, ਨਾ ਰਣ ਤੇ ਭਾਗੇ।
ਹੁਠਾ, ਹੁੱਕਾ, ਚਰਸ ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ।
ਇਨ ਕੀ ਓਰ ਨਾ ਕਬਹੂੰ ਦੇਖੇ। ਰਹਿਤਵੰਤ ਸੋ ਸਿੰਘ ਵਿਸੇਖੈ।
ਸ਼ਸਤ੍ਰ ਹੀਨ ਇਹ ਕਬਹੂੰ ਨ ਹੋਈ। ਰਹਿਣ ਵੰਤ ਖਾਲਸ ਹੈ ਸੋਈ।

ਪਰ ਨਾਰੀ ਜੂਆ ਅਸੱਤ, ਚੋਰੀ ਮਦਿਰਾ ਜਾਨ।
ਪਾਂਚ ਐਬ ਜੋ ਜਗਤ ਮੈਂ, ਤਜੈ ਸੁ ਸਿੰਘ ਸੁਜਾਨ।

[ਰਹਿਤਨਾਮਾ ਭਾਈ ਦੇਸਾ ਸਿੰਘ ਜੀ]

ਭਾਈ ਨੰਦ ਲਾਲ ਜੀ ਦੇ ਤਨਖਾਹ ਨਾਮੇ ਦੀ ਲਿਖਤ ਵਿਚੋਂ—

ਨੰਦ ਲਾਲ ਤੁਮ ਬਚ ਸੁਨੋ ਸਿਖ ਕਰਮ ਹੈ ਏਹ ॥
ਨਾਮ ਦਾਨ ਇਸ਼ਨਾਨ ਬਿਨ ਕਰੇ ਨ ਅਨਸਿਉ ਨੇਹ ॥
ਪ੍ਰਾਤਕਾਲ ਸਤਸੰਗ ਨ ਜਾਵੈ ॥ ਤਨਖਾਹਦਾਰ ਵਹ ਵਡਾ ਕਹਾਵੈ ॥
ਸਤਸੰਗ ਜਾਇਕਰ ਚਿਤ ਭੁਲਾਵੈ ॥ ਹਰਿਯਸ ਸੁਨਤੈ ਬਾਤਚਲਾਵੈ ॥
ਨਿਰਧਨ ਦੇਖ ਨ ਪਾਸ ਬਠਾਵੈ ॥ ਸੋ ਤਨਖਾਹੀ ਮੂਲ ਕਹਾਵੈ ॥

Sri Satguru Jagjit Singh Ji eLibrary NamdhariElibrary@gmail.com

ਮਾਇ ਭੈਣ ਜੋ ਆਵੈ ਸੰਗਤਿ ॥ ਦ੍ਰਿਸਟਿ ਬੁਰੀ ਦੇਖੈ ਤਿਸ ਪੰਗਤਿ ॥
ਸਿਖ ਹੋਇ ਜੇ ਕਰੇ ਕਰੋਧ ॥ ਕੰਨਿਆ ਮੂਲ ਨ ਦੇਵੈ ਸੋਧ ॥
ਧੀਅ ਭੈਣ ਕਾ ਪੈਸਾ ਖਾਇ ॥ ਗੋਬਿੰਦ ਸਿੰਘ ਧੱਕੇ ਜਮ ਲਾਇ ॥
ਮਾਲ ਅਤਿਥਿ ਕਾ ਬਲ ਕਰ ਛਲੈ ॥ ਜਪ ਤਪ ਤਾਂਕੋ ਕਛੂ ਨ ਫਲੈ ॥
ਦਸਵੰਧ ਗੁਰੂ ਨਾ ਦੇਵਈ. ਝੂਠ ਬੋਲ ਜੋ ਖਾਹਿ ॥
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸਕਾ ਕਛੁ ਨ ਬਸਾਹਿ ॥ ॥
ਕਰੈ ਬਚਨ ਜੋ ਪਾਲੈ ਨਾਹੀ ॥ ਗੋਬਿੰਦ ਸਿੰਘ ਤਿਸ ਠੌਰ ਨ ਆਹੀ ॥
ਲੈ ਤੁਰਕਨ ਤੇ ਮਾਸ ਜੋ ਖਾਵੇ ॥ ਬਿਨ ਗੁਰ ਸ਼ਬਦ ਬਚਨ ਜੋ ਗਾਵੈ
ਅਰ ਦਾਸ ਬਿਨਾ ਜੋ ਕਾਜ ਸਿਧਾਵੈ ॥ ਭੇਟ ਕੀਏ ਬਿਨ ਕਛੁ ਮੁਖ ਪਾਵੈ ॥
ਤਿਆਗੀ ਵਸਤ ਗ੍ਰਹਿਣ ਜੋ ਕਰੈ ॥ ਬਿਨ ਤ੍ਰਿਯ ਅਪਨੀ ਸੇਜਸੁ ਧਰੈ ॥
ਅਤਿਥਿ ਦੇਖਿ ਨਹਿ ਦੇਵੈ ਦਾਨ ॥ ਸੋ ਨਹਿ ਪਾਵੈ ਦਰਗਹਿ ਮਾਨ ॥
ਕਥਾ ਕੀਰਤਨ ਮਨ ਨਹਿ ਲਾਵੈ ॥ ਸੰਤ ਸਿਖ ਕਉ ਬੁਰਾ ਅਲਾਵੈ ॥
ਨਿੰਦਾ ਜੂਆ ਹਿਰੇ ਜੁ ਮਾਲ ॥ ਮਹਾਂ ਦੁਖਾਵੈ ਤਿਸ ਕੋ ਕਾਲ ॥
ਵਾਹਿਗੁਰੂ ਬਿਨ ਕਹੇ ਜੁ ਪਾਵੈ ॥ ਵੈਸ਼ਨਵਾ ਦਵਾਰੇ ਸਿੱਖ ਜੁ ਜਾਵੈ ॥
ਪਰ ਇਸਤ੍ਰੀ ਸਿਉ ਨੇਹ ਲਗਾਵੈ ॥ ਗੋਬਿੰਦ ਸਿੰਘ ਵਹ ਸਿੱਖ ਨ ਭਾਵੈ ॥
ਖਾਲਸਾ ਸੋਇ ਜੋ ਦੁਸ਼ਟ ਤਿਆਗੇ ॥ ਖਾਲਸਾ ਸੋਇ ਲੜੇ ਹੂੰ ਆਗੈ ॥
ਖਾਲਸਾ ਸੋਇ ਨਿੰਦਾ ਤਿਆਗੇ । ਖਾਲਸਾ ਸੋਇ ਨਾਮ ਰਤਿ ਲਾਗੈ ॥
ਖਾਲਸਾ ਸੋਇ ਗੁਰੂ ਹਿਤ ਲਾਵੈ । ਖਾਲਸਾ ਸੋਇ ਸਾਰ ਮੁਹਿ ਖਾਵੈ ॥
ਖਾਲਸਾ ਸੋਇ ਨਿਰਧਨ ਕੋ ਪਾਲੇ ॥ ਖਾਲਸਾ ਸੋਇ ਦੁਸ਼ਟ ਕੋ ਗਾਲੈ ॥
ਖਾਲਸਾ ਸੋਇ ਜੋ ਚੜੇ ਤੁਰੰਗ ॥ ਖਾਲਸਾ ਸੋਇ ਕਰੇ ਨਿਤ ਜੰਗ ॥
ਖਲਿਕ ਖਾਲਿਕ ਕੀ ਜਾਣਿਕੈ ਖਲਕ ਦੁਖਾਵੈ ਨਾਹਿ ॥
ਖਲਕ ਦੁਖੈ ਜੋ ਨੰਦ ਜੀ ਖਾਲਿਕ ਕੋਪੈ ਤਾਹਿ ॥

ਵਾਹਿਗੁਰੂ ਕੀ ਖਾਲਸਾ; ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

ਸਾਖੀ ਪਰੈਸ ਬਜਾਰ ਗੁਰੂ ਕੀ ਸਰਾਏ ਅੰਮ੍ਰਿਤਸਰ ਵਿਚ ਛਪਿਆ ।
ਪ੍ਰਿੰਟਰ-ਗਿ:ਗੁਰਚਰਨ ਸਿੰਘ 'ਸਾਖੀ'

Sri Satguru Jagjit Singh Ji eLibrary NamdhariElibrary@gmail.com

ਸਿਖ ਪੰਥ ਵਿਚ ਮੰਨੇ ਪ੍ਰਮੰਨੇ

ਸ੍ਰਦਾਰ ਬੁਧ ਸ਼ਿੰਘ ਜੀ ਦੇ ਗੁਰਮਤ ਪ੍ਰੈਸ

ਵਿਖੇ ਛਪੇ ਹੋਏ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਛਪ ਕੇ ਤਿਆਰ ਹੋ ਗਏ ਹਨ ਜੋ ਕਿ ਲਗਾਂ ਮਾਤਰਾਂ ਤਕ ਸੁਧ ਹਨ।

ਰਿਐਤੀ ਭੇਟਾ ਵਡੀ ਬੀੜ ਪੰਨਾ ੧੪੩੦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਾਲ

ਵੇਲ ਅੱਖਰ ਵਖੋ ਵੱਖ ਸੁਨੈਹਰੀ ਜਿਲਦ ੮੫)

" ਲਾਲ ਨੀਲੀ ਵੇਲ ਵਧੀਆ ਕਾਗਜ਼ ੯੦)

" ਸਪੈਸ਼ਲ ਦੋਰੰਗੀ ਵੇਲ ੧੦੧

ਵਧੀਆਂ ਦੋਰੰਗੀ ਵੇਲ ਔਫਸੈਟ ਸਪੈਸ਼ਲ ੧੧੦)

" ਹਰੀ ਗਰਾਉਂਡ ਔਫਸੈਟ ਸਪੈਸ਼ਲ ੧੧੭)

ਸ੍ਰੀ ਗੁਰੂ ਗਰੰਥ ਸਾਹਿਬ ਜੀ ਦਰਮਿਆਨਾ ਸਾਈਜ਼ ਪੰਨਾ ੧੪੩੦ (ਪਦ ਛੇਦ) ਵਖੋ ਵਖ ਅੱਖਰਾਂ ਤੇ ਜੁੜਵੇਂ ਅੱਖਰਾਂ ਵਿਚ ਇਸ ਬੀੜ ਦਾ ਸਾਈਜ਼ ਦਰਮਿਆਨਾ ਹੋਣ ਕਰਕੇ ਮਾਈਆਂ, ਬੀਬੀਆਂ, ਬੱਚੇ, ਬੁਢੇ, ਅਸਾਨੀ ਨਾਲ ਪ੍ਰਕਾਸ਼ ਕਰਕੇ ਪਾਠ ਕਰ ਸਕਦੇ ਹਨ, ਬੀੜ ਦੇ ਅਖਰ ਵਖੋ ਵਖ ਹੋਣ ਕਰਕੇ ਥੋੜ੍ਹਾਂ ਗੁਰਮੁਖੀ ਪੜ੍ਹਿਆ ਹੋਇਆ ਵੀ ਸਾਫ ਅਤੇ ਸ਼ੁਧ ਪਾਠ ਕਰ ਸਕਦਾ ਹੈ। ਘਰਾਂ ਵਿਚ ਪਾਠ ਕਰਨ ਵਾਸਤੇ ਅਤੀ ਸੁੰਦਰ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਆਰਟ ਪੇਪਰ ਵਧੀਆ ਹਰੀ ਗਰਾਉਂਡ ੭੦}

" " " " ਦੋ ਰੰਗੀ ਵੇਲ ੭੫)

" " " " ਲਾਲ ਆਰਟ ਪੇਪਰ ਹਰੀ ਗਰਾਉਂਡ ੭੦)

" " ਲਾਲ ਵੇਲ ੬੦ਤੇ੫੫)

ਪਤਾ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸ਼੍ਰੋਮਣੀ ਸੰਪ੍ਰਦਾਈ ਟਕਸਾਲ ਦੇ ਸਟੀਕ ਗ੍ਰੰਥ

ਸ੍ਰੀ ਮਾਨ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਸ਼ਿਸ਼ ਸ੍ਰੀ ਮਾਨ ਵਿਦਿਆ ਮਾਰਤੰਡ, ਗਿਆਨੀ ਕ੍ਰਿਪਾਲ ਸਿੰਘ ਜੀ ਦੀ ਅਲੌਕਿਕ ਕਲਮ ਤੋਂ ਲਿਖੀਆਂ ਹੋਈਆਂ ਪੁਸਤਕਾਂ :—

ਸ੍ਰੀ ਅਮੀਰ ਭੰਡਾਰ ਅਰਥਾਤ ਸ੍ਰੀ ਜਪੁਜੀ ਸਾਹਿਬ ਸਟੀਕ

ਰਹਿਰਾਸ, ਕੀਰਤਨ ਸੋਹਿਲਾ ਉਥਾਨਕਾ ਪ੍ਰਮਾਣ ਤੇ ੧੨੨ ਸ਼ਾਖੀਆਂ ਸਹਿਤ ਕਥਾ ਤੇ ਮਹਾਤਮ ਸਮੇਤ, ਸੰਪ੍ਰਦਾਈ ਟੀਕਾ ਕਪੜਾ ਜਿਲਦ ਭੇਟਾ ੨੨) ਸਾਦਾ ੨੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਸੈਂਚੀ ਪਹਿਲੀ)

ਜਪੁਜੀ ਸਾਹਿਬ, ਰਹਿਰਾਸ ਕੀਰਤਨ ਸੋਹਿਲਾ ਭੇਟਾ ੨੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਸੈਂਚੀ ਦੂਜੀ)

ਜਿਸ ਵਿਚ ਸ੍ਰੀ ਰਾਗ—ਮਾਝ ਰਾਗ ਦਾ ਮੁਕਮਲ ਟੀਕਾ ਹੈ। ਭੇਟਾ ੩੨)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਸੈਂਚੀ ਤੀਸਰੀ)

ਜਿਸ ਵਿਚ ਗਉੜੀ ਰਾਗ ਦਾ ਮੁਕੰਮਲ ਟੀਕਾ ਹੈ। ਭੇਟਾ ੩੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਸੈਂਚੀ ਚੌਥੀ)

ਰਾਗ ਆਸਾ, ਗੁਜਰੀ ਤੇ ਦੇਵ ਗੰਧਾਰੀ ਹੈ। ਭੇਟਾ ੩੫)

ਸ੍ਰੀ ਆਸਾ ਜੀ ਦੀ ਵਾਰ

ਦਾ ਛਕੇ ਛੰਦ ਨੌਧੁਨਾ; ਸ੍ਰਤੇ ਬਲਵੰਡ ਦੀ ਵਾਰ ਅਰਥਾਤ ਟਿਕੇ ਦੀ ਵਾਰ ਉਥਾਨਕਾਂ ਪ੍ਰਮਾਣਾਂ ਤੇ ਸਾਖੀਆਂ ਸਹਿਤ ਸੰਖ੍ਰੇਪਾਤ੍ਮਕ ਟੀਕਾ। ਭੇਟਾ ੧੦)

ਜ਼ਫ਼ਰਨਾਮਹ ਸਟੀਕ

ਸ੍ਰੀ ਦਸਮ ਪਾਤਸ਼ਾਹ ਜੀ ਦੀ ਔਰੰਗਜ਼ੇਬ ਵੱਲ ਫਤਹ ਦੀ ਚਿੱਠੀ ਸਮੇਤ ਸ਼ਾਰਾਂ ਹਕਾਯਤਾਂ ਦਾ ਠੇਠ ਪੰਜਾਬੀ ਬੋਲੀ ਵਿਚ ਸੰਪ੍ਰਦਾਈ ਟੀਕਾ। ਭੇਟਾ ੧੦)

ਅਨੰਦ ਸਾਗਰ :- ਅਰਥਾਤ

ਅਨੰਦ ਸਾਹਿਬ, ਰਾਮਕਲੀ ਸੱਦ ਸਹੰਸਰ ਨਾਮਾ, ਅਲਹ ਅਗਮ ਖੁਦਾਈ ਬੰਦੇ ਦਾ ਵਿਸਥਾਰ ਪੂਰਬਕ ਵਿਚਾਰ ਉਥ੍ਯਾਨਕਾਂ ਪ੍ਰਮਾਨਾਂ, ਸਾਖੀਆਂ ਸੰਯੁਕਤ ਸੰਪ੍ਰਦਾਈ ਟੀਕਾ। ਭੇਟਾ ੮)

ਸ੍ਰੀ ਅਮੀਰ ਸਿਧਾਂਤ ਅਰਥਾਤ ਸੰਪ੍ਰਦਾਈ ਭਗਤ-ਬਾਣੀ ਸਟੀਕ

ਪਹਿਲਾ ਭਾਗ—ਸ੍ਰੀ ਰਾਗ ਤੋਂ ਲੈ ਕੇ ਗੌਂਡ ਰਾਗ ਤਕ ਭੇਟਾ ੨੫)
ਦੂਜਾ ਭਾਗ—ਰਾਮਕਲੀ ਤੋਂ ਲੈ ਕੇ ਚਉਬੋਲੇ ਤਕ ਭੇਟਾ ੨੨)
ਤੀਜਾ ਭਾਗ—ਰਾਮਕਲੀ ਤੋਂ ਲੈ ਕੇ ਰਾਗ ਮਾਲਾ ਤਕ ਦਸਾਂ ਗੁਰੂਆਂ ਦੀ ਬੰਸਾਵਲੀ ਭੇਟਾ ੨੫)

ਮੰਗਾਉਣ ਦਾ ਪਤਾ—ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋਃ

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com